
ਆਤਮ ਮਾਰਗ ਪਬਲੀਕੇਸ਼ਨ
ਅੰਮ੍ਰਿਤ
ਦੇ ਛਿੱਟੇ

# ਅੰਮ੍ਰਿਤ ਦੇ ਛਿੱਟੇ

- : ਕਰਤਾ :-
**ਸੰਤ ਬਾਬਾ ਵਰਿਆਮ ਸਿੰਘ ਜੀ**
**ਰਤਵਾੜਾ ਸਾਹਿਬ**

ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ
ਰਿਲੀਜ਼ ਕੀਤਾ ਜਾ ਰਿਹਾ ਹੈ।
**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**
**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ
ਸੰਪਰਕ ਕੀਤਾ ਸਕਦਾ ਹੈ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ** (ਨੇੜੇ ਚੰਡੀਗੜ੍ਹ)
**ਸੰਪਰਕ ਨੰ: ਦਫਤਰ-94172-14391, 79**

# ਦੋ ਸ਼ਬਦ

'ਅੰਮ੍ਰਿਤ ਦੇ ਛਿੱਟੇ' ਪੁਸਤਕ ਬਣ ਕੇ ਤਿਆਰ ਹੋਈ ਹੈ। ਜਿਸ ਵਿੱਚ ਨਿਰਾ ਅੰਮ੍ਰਿਤ ਹੀ ਅੰਮ੍ਰਿਤ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਨੇਤਰਾਂ ਵਿਚੋਂ, ਉਨ੍ਹਾਂ ਦੇ ਮੁੱਖ ਵਿੱਚੋਂ, ਉਨ੍ਹਾਂ ਦੇ ਹੱਥ ਦੀ ਹਥੇਲੀ ਵਿਚੋਂ ਉਨ੍ਹਾਂ ਦੇ ਚਰਨਾਂ ਦੀ ਤਲੀ ਵਿਚੋਂ ਅੰਮ੍ਰਿਤ ਝਰਦਾ ਹੈ। ਸੰਤ ਮਹਾਰਾਜ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਅਤੇ ਮੁੱਖ ਤੋਂ ਜੋ ਅੰਮ੍ਰਿਤ ਰੂਪ ਪ੍ਰਵਚਨ ਆਏ ਉਹ ਕਲਯੁਗੀ ਜੀਵਾਂ ਦੇ ਉਧਾਰ ਵਾਸਤੇ ਆਏ ਹਨ। ਜਿਹੜਾ ਵੀ ਜਗਿਆਸੂ ਇਸ ਪੁਸਤਕ 'ਅੰਮ੍ਰਿਤ ਦੇ ਛਿੱਟੇ' ਨੂੰ ਪੜ੍ਹੇਗਾ ਉਸ ਦਾ ਉਧਾਰ ਹੋਣਾ ਸੁਨਿਸਚਿਤ ਹੈ। ਮਹਾਂਪੁਰਖਾਂ ਨੇ ਆਪਣੇ ਡੂੰਘੇ ਅਨੁਭਵ ਵਿਚੋਂ ਇਤਿਹਾਸ ਦੀ ਪੜਚੋਲ ਕਰਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਾਇਟ ਵਿਚ, ਗੁਰਮਤਿ ਦੇ ਦਾਇਰੇ ਵਿਚ ਰਹਿ ਕੇ ਇਹ ਅੰਮ੍ਰਿਤ ਰੂਪੀ ਪ੍ਰਵਚਨ ਬਖਸ਼ਿਸ਼ ਕੀਤੇ ਹਨ। ਜਦੋਂ ਵੀ ਆਪ ਜੀ ਦੀਵਾਨ ਲਗਾਉਂਦੇ ਇਕ ਵਾਰ ਆਪਣੇ ਪਵਿੱਤਰ ਹੱਥਾਂ ਦੀਆਂ ਉਂਗਲਾ ਹਰਮੋਨੀਅਮ ਦੀਆਂ ਸੁਰਾਂ ਤੇ ਰੱਖਦੇ ਇਕ ਦਮ ਸਮਾਧੀ ਦੇ ਅੰਦਰ ਕਿਸੇ ਅਕਿਹ ਆਤਮਿਕ ਸ਼ਕਤੀ ਨਾਲ ਜੁੜ ਜਾਂਦੇ ਫੇਰ ਨਾਂ ਤਾਂ ਸਰੋਤੇ 3-3 4-4 ਘੰਟੇ ਅੱਖ ਖੋਲ੍ਹਦੇ ਨਾ ਆਪ ਜੀ, ਨੇਤਰ ਬੰਦ ਕਰਕੇ ਆਪਣੇ ਹਿਰਦੇ ਦੇ ਡੂੰਘੇ ਅੰਮ੍ਰਿਤ ਸਰੋਵਰ ਵਿੱਚੋਂ ਲਗਾਤਾਰ ਕਿਸੇ ਝਰਨੇ ਦੀ ਤਰ੍ਹਾਂ ਪ੍ਰਵਚਨ ਚਲਦੇ ਰਹਿੰਦੇ। ਉਹ ਪ੍ਰਵਚਨ ਆਪ ਜੀ ਨੇ 1980-82 ਤੋਂ ਆਪਣੀ ਦੇਖ-ਰੇਖ ਅੰਦਰ ਰਿਕਾਰਡ ਕਰਵਾ ਦਿਤੇ। ਜਿਹੜੇ ਅੱਜ ਇਲੈਕਟ੍ਰੋਨਿਕਸ ਮੀਡੀਏ ਦੇ ਯੁਗ ਅੰਦਰ ਪੂਰੇ ਸੰਸਾਰ ਵਿੱਚ ਬੈਠੇ ਜਗਿਆਸੂਆਂ ਤੱਕ ਪਹੁੰਚ ਰਹੇ ਹਨ। ਆਪ ਜੀ ਵਲੋਂ ਪ੍ਰਕਾਸ਼ਿਤ 'ਆਤਮ ਮਾਰਗ' ਆਪਣਾ ਰੂਹਾਨੀ ਸਫਰ ਤਹਿ ਕਰਦਾ ਹੋਇਆ 28 ਸਾਲ ਪੂਰੇ ਕਰ ਚੁੱਕਾ ਹੈ। ਜਿਸ ਵਿੱਚ ਨਿਰੰਤਰ ਰੂਹਾਨੀ ਸੂਝ ਨਾਲ ਭਰਭੂਰ ਸੁਲਝੇ ਹੋਏ ਮਹਾਂਪੁਰਖਾਂ ਦੇ ਪ੍ਰਵਚਨ ਛਪ ਕੇ ਪੂਰੇ ਸੰਸਾਰ ਅੰਦਰ ਨਿਰੰਤਰ ਪਹੁੰਚ ਰਹੇ ਹਨ। ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਅੰਦਰ ਜਿਹੜੇ ਪ੍ਰਵਚਨ ਮਹਾਂਪੁਰਖ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਹੁੰਦੇ ਹਨ। ਉਨ੍ਹਾਂ ਦੀ ਪੁਸਤਕ ਤਿਆਰ ਕਰਕੇ ਜਗਿਆਸੂਆਂ ਤੱਕ ਪਹੁੰਚਾ ਦਿਤੀ ਜਾਂਦੀ ਹੈ। ਇਹ ਪੁਸਤਕ 'ਅੰਮ੍ਰਿਤ ਦੇ ਛਿੱਟੇ' ਬਣ ਕੇ ਤਿਆਰ ਹੋ ਚੁਕੀ ਹੈ ਜਿਸ ਦੇ ਹਰ ਲੇਖ ਨੂੰ ਗਹੂ ਨਾਲ ਪੜ੍ਹ ਕੇ ਉਸ ਦਾ ਤੱਤ ਨਿਚੋੜ ਹੇਠ ਲਿਖੇ ਪਹਿਰਿਆਂ ਦੇ ਅੰਦਰ ਅੰਕਿਤ ਕਰਨ ਦੀ ਕੋਸ਼ਿਸ਼ ਦਾਸ ਵੱਲੋਂ ਕੀਤੀ ਹੈ ਤਾਂ ਜੋ ਦੋ ਸ਼ਬਦ ਪੜ੍ਹਨ ਵਾਲੇ ਜਗਿਆਸੂ ਨੂੰ ਥੋੜਾ ਸਮਝ ਆ ਸਕੇ ਕਿ ਇਸ ਪੁਸਤਕ ਦੇ ਸਾਰੇ ਲੇਖਾਂ ਦੇ ਅੰਦਰ ਮਹਾਂਪੁਰਖਾਂ ਨੇ ਕਿਹੜੇ ਗੁਰਮਤਿ ਦੇ ਸਿਧਾਂਤ ਦਰਸਾਏ ਹਨ।

ਪਹਿਲੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਦੱਸਿਆ ਹੈ? ਕਿ ਵਾਹਿਗੁਰੂ ਜੀ ਨੂੰ ਮਿਲਣ ਦੀ ਵਾਰੀ ਕਿਵੇਂ ਸੰਭਾਲੀ ਜਾ ਸਕਦੀ ਹੈ? ਸਮਾਜ ਵਿੱਚ ਨਾਰੀ ਦਾ ਅਸਥਾਨ ਕੀ ਹੋਣਾ ਚਾਹੀਦਾ ਹੈ? ਨਾਮ ਨੂੰ ਭੁੱਲ ਕੇ ਕਿਵੇਂ

ਬੰਦਾ ਆਪਣਾ ਜਨਮ ਬੇਅਰਥ ਕਰ ਲੈਂਦਾ ਹੈ? ਮਨੁੱਖ ਨੂੰ ਸ਼ੇਰ ਦ੍ਰਿਸ਼ਟੀ ਕਿਵੇਂ ਪ੍ਰਾਪਤ ਹੋਵੇ? ਕੁੱਤਾ ਦ੍ਰਿਸ਼ਟੀ ਕੀ ਹੈ? ਮਾਇਆ ਵਿਚ ਰਹਿ ਕੇ ਹੀ ਕਿਵੇਂ ਰੂਹਾਨੀ ਸੂਝ ਪ੍ਰਾਪਤ ਹੋਵੇ। ਗੁਰੂ ਨਾਨਕ ਸਾਹਿਬ ਭਵਜਲ ਤਰਨ ਲਈ ਸੰਸਾਰ ਤੇ ਕਿਹੜਾ ਮਾਰਗ ਲੈ ਕੇ ਆਏ? ਸੰਸਾਰ ਅੰਦਰ ਕਿਹੜੀਆਂ ਮਾਵਾਂ ਨੂੰ ਦਰਗਾਹ ਵਿੱਚ ਉਲਾਂਭੇ ਮਿਲਦੇ ਹਨ ਅਤੇ ਕਿਹੜੀਆਂ ਨੂੰ ਧੰਨ ਧੰਨ ਕਿਹਾ ਜਾਂਦਾ ਹੈ। ਬਾਬੇ ਫਰੀਦ ਦੀ ਮਾਤਾ? ਬਾਬਾ ਫਰੀਦ ਜੀ ਦੀ ਤਪੱਸਿਆ ਦਾ ਜਿਕਰ ਕਰਦੇ ਹੋਏ ਮਹਾਂਪੁਰਖਾਂ ਨੇ ਇਸ ਦੀਵਾਨ ਵਿੱਚ ਸਾਰਾ ਦੱਸਿਆ ਹੈ ਕਿ ਵਾਹਿਗੁਰੂ ਜੀ ਦੀ ਪ੍ਰਾਪਤੀ ਵਾਸਤੇ ਬਾਬੇ ਫਰੀਦ ਜੀ ਨੇ ਕਿਵੇਂ ਜਫਰ ਜਾਲੇ ਜੰਗਲਾਂ ਵਿੱਚ ਰਹਿ ਕੇ ਘੋਰ ਤਪੱਸਿਆ ਕੀਤੀ ਪੁਠੇ ਲਟਕਦੇ ਰਹੇ। ਅਖੀਰ ਪੂਰੇ ਗੁਰੂ ਦੀ ਸ਼ਰਨ ਵਿੱਚ ਜਾ ਕੇ 12 ਸਾਲ ਸੇਵਾ ਕੀਤੀ ਤੇ ਗੁਰੂ ਦਾ ਮਨ ਕਿਵੇਂ ਪ੍ਰਸੰਨ ਕਰ ਲਿਆ। ਗੁਰੂ ਨੇ ਪ੍ਰਸੰਨ ਹੋ ਕੇ ਕਿਹੜਾ ਉਪਦੇਸ਼ ਬਾਬੇ ਫਰੀਦ ਨੂੰ ਸੁਣਾਇਆ। ਇਹ ਸਾਰਾ ਬਿਰਤਾਂਤ ਇਸ ਲੇਖ ਵਿੱਚ ਪੜ੍ਹਨ ਨੂੰ ਮਿਲਦਾ ਹੈ।

ਦੂਜੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਦਸਿਆ ਹੈ ਕਿ ਮਨੁੱਖ ਨੂੰ ਕਰਮ ਕਿਵੇਂ ਬੰਨ੍ਹ ਲੈਂਦਾ ਹੈ? ਕਿਸ ਪਰਿਵਾਰ ਵਿੱਚ ਜਨਮ ਮਿਲਦਾ ਹੈ? ਯੋਗ ਭ੍ਰਿਸ਼ਟ ਕਿਸ ਨੂੰ ਕਹਿੰਦੇ ਹਨ? ਬੰਦੇ ਦੀ ਕਿਰਤ ਕਿਵੇਂ ਕੰਮ ਕਰਦੀ ਹੈ? ਹਉਮੈਂ ਦੀ ਕੰਧ ਕਿਵੇਂ ਅਤੇ ਕੌਣ ਤੋੜਦਾ ਹੈ? ਪੀਰ ਬੁੱਧੂਸ਼ਾਹ ਸੰਡੌਰੇ ਵਾਲੇ ਦਾ ਇਕ ਰਹਿੰਦਾ ਰੂਹਾਨੀ ਕਦਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਵੇਂ ਟਪਾਇਆ ਉਹ ਸਾਰੇ ਪ੍ਰਵਚਨ ਜੋ ਹੋਏ ਉਹ ਇਸ ਲੇਖ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਸਿਹਤ ਉਲੀਕੇ ਹਨ? ਮਾਇਆ ਨੇ ਆਪਣਾ ਸਿਕਾ ਕਿਵੇਂ ਇਸ ਸੰਸਾਰ ਦੇ ਅੰਦਰ ਜਮਾਇਆ ਹੋਇਆ ਹੈ? ਰਾਜਾ ਜਨਕ ਜੀ ਨੂੰ ਮਹਾਤਮਾ ਅਸ਼ਟਾਵਕਰ ਰਾਹੀਂ ਕਿਵੇਂ ਗਿਆਨ ਪ੍ਰਾਪਤ ਹੋਇਆ? ਗੋਰਖ ਨਾਥ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਕਿਹੜੇ ਪ੍ਰਵਚਨ ਹੋਏ। ਮਹਾਤਮਾ ਸਰਮੱਦ ਫਕੀਰ ਜੀ ਨੇ ਸਬਰ ਤੇ ਸ਼ੁਕਰ ਦੇ ਅਰਥ ਕਿਵੇਂ ਸਮਝਾਏ? ਦਿਬਯ ਦ੍ਰਿਸ਼ਟੀ ਕਿਵੇਂ ਅਤੇ ਕਿਹੜੇ ਪੁਰਖ ਦੀ ਖੁਲ੍ਹਦੀ ਹੈ? ਗੁਰੂ ਘਰ ਵਿੱਚ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਨੂੰ ਕਿਵੇਂ ਗਿਆਨ ਕਰਾ ਕੇ ਭਵਜਲ ਤਰਨ ਦਾ ਜਹਾਜ ਬਣਾਇਆ?

ਤੀਜੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਸ਼ੁਰਆਤ ਵਿੱਚ ਪਿਆਰ ਦੀ ਗੱਲ ਕੀਤੀ ਹੈ? ਵਾਹਿਗੁਰੂ ਜੀ ਪਿਆਰ ਰੂਪ ਹੋ ਕੇ ਕਿਵੇਂ ਸੰਸਾਰ ਅੰਦਰ ਪਸਰੇ ਹੋਏ ਹਨ? ਪਿਆਰ ਭਾਵ ਵਿੱਚ ਆ ਕੇ ਕਿਵੇਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਵਸ ਆ ਜਾਂਦਾ ਹੈ? ਅਗਲੀ ਗੱਲ ਮਹਾਂਪੁਰਖਾਂ ਨੇ ਇਸਲਾਮ ਅਤੇ ਹੋਰ ਮਜ਼ਬੀ ਰਸਤਿਆਂ ਨਾਲ ਗੁਰਮਤਿ ਦਾ ਰਸਤਾ ਸਾਡੇ ਗੁਰੂਆਂ ਪੀਰਾਂ ਦੁਆਰਾ ਦਰਸਾਏ ਰਸਤੇ ਵਿੱਚ ਕੀ ਫਰਕ ਹੈ? ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰੇ ਸਿੱਖ ਭਾਈ ਘਨੀਆ ਜੀ ਦੇ ਜੀਵਨ ਬਾਰੇ ਮਹਾਂਪੁਰਖਾਂ ਨੇ ਪ੍ਰਵਚਨ ਦਿਤੇ ਹਨ ਕਿ ਕਿਵੇਂ ਆਤਮ ਉਡਾਰੀ ਦੀ ਆਖਰੀ ਮੰਜਲ ਤੇ ਜਾ ਕੇ ਗੁਰਸਿੱਖ ਆਤਮ ਪਰਾਤਮ ਨੂੰ

ਇਕ ਕਰਕੇ ਅਭੇਦ ਅਵਸਥਾ ਵਿੱਚ ਹੁੰਦਾ ਹੋਇਆ ਇਸ ਸੰਸਾਰ ਦੀ ਸੇਵਾ ਕਰਦਾ ਹੈ? ਗੁਰੂ ਘਰ ਦੇ ਅੰਦਰ ਬੇਅੰਤ ਦਿਬਯ ਸ਼ਕਤੀਆਂ ਕਿਵੇਂ ਗੁਰੂਆਂ ਅਤੇ ਗੁਰਸਿੱਖਾਂ ਵਿੱਚ ਸਹਿਜ ਸੁਭਾਅ ਕੰਮ ਕਰਦੀਆਂ ਹਨ? ਸਾਡੇ ਸਰੀਰ ਵਿੱਚ ਅੰਮ੍ਰਿਤ ਕਿਹੜੀ ਜਗ੍ਹਾਂ ਪਿਆ ਹੈ ਜਿਸ ਨੂੰ ਪੀ ਕੇ ਇਹ ਜੀਵ ਆਤਮਾ 'ਆਤਮ ਦਰਸ਼ੀ' ਅਤੇ ਅਮਰ ਹੋ ਜਾਂਦਾ ਹੈ? ਇਹ ਕਿਵੇਂ ਪੀਆ ਜਾਂਦਾ ਹੈ ਅਤੇ ਕਿਵੇਂ ਮਿਲਦਾ ਹੈ? ਕਿਹੜੀਆਂ ਰਹਿਤਾਂ ਰੱਖਣ ਨਾਲ ਮਿਲਦਾ ਹੈ? ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਵੇਲੇ ਕਿਹੜੀ ਕਿਰਿਆ ਕੀਤੀ ਜਿਸ ਨਾਲ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਬ੍ਰਹਮੁ ਗਿਆਨ ਦੀ ਅਵਸਥਾ ਤੱਕ ਪਹੁੰਚਾ ਦਿਤਾ? ਅੰਮ੍ਰਿਤ ਛਕਾਉਣ ਵੇਲੇ ਮਿਲਿਆ 'ਵਾਹਿਗੁਰੂ' ਮੰਤਰ ਕਿਵੇਂ ਰਸਨਾਂ ਨਾਲ, ਸਵਾਸ ਨਾਲ ਜਪਣਾ ਹੈ ਇਹ ਸਾਰਾ ਪਰੋਸੈਸ ਮਹਾਂਪੁਰਖਾਂ ਨੇ ਦੱਸਿਆ ਹੈ? ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਵੇਂ ਅਨੰਦਪੁਰ ਛੱਡਿਆ, ਨਾਲ ਰਹਿੰਦੇ ਸਿੰਘਾਂ ਨੂੰ ਕਿਵੇਂ ਪਰਖਿਆ, ਚਮਕੌਰ ਸਾਹਿਬ ਦੀ ਜੰਗ, ਮਾਛੀਵਾੜੇ ਪਹੁੰਚਣਾ, ਰਾਏ ਕੱਲੇ ਕੋਲ ਪਹੁੰਚਣਾ, ਜਿਨ੍ਹਾਂ ਸਿੰਘਾਂ ਨੇ ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਦੇ ਸਰੀਰ ਨੂੰ ਸਸਕਾਰ ਕਰਨ ਦੀ ਸੇਵਾ ਕੀਤੀ ਉਨ੍ਹਾਂ ਨੂੰ ਨਿਵਾਜਣਾ, ਨਾਦੇੜ ਸ੍ਰੀ ਹਜ਼ੂਰ ਸਾਹਿਬ ਵਿਖੇ ਪਹੁੰਚਣਾ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਦੇਣੀ, ਸੱਚਖੰਡ ਨੂੰ ਚਾਲੇ ਪਾਏ। ਬਹੁਤ ਵਿਸਥਾਰ ਨਾਲ ਮਹਾਂਪੁਰਖਾਂ ਨੇ ਇਸ ਲੇਖ ਦੇ ਅੰਦਰ ਗੁਰਸਿੱਖੀ ਸਿਧਾਂਤਾਂ ਨੂੰ ਉਜਾਗਰ ਕੀਤਾ ਹੈ। ਪੜ੍ਹਨ ਨਾਲ ਸਿੱਖੀ ਸਿਧਾਂਤਾਂ ਦੀ ਸਮਝ ਆ ਜਾਂਦੀ ਅਤੇ ਸੱਚ ਅਚਾਰ ਦਾ ਜੀਵਨ ਜਿਉਣ ਦੀ ਜਾਚ ਪ੍ਰਾਪਤ ਹੁੰਦੀ ਹੈ।

ਚੌਥੇ ਲੇਖ ਵਿੱਚ ਮਹਾਂਪੁਰਖਾਂ ਨੇ ਭਗਤ ਰਵਿਦਾਸ ਜੀ ਦੇ ਜੀਵਨ ਦੇ ਕੁਝ ਅੰਸ਼ ਵਿਚਾਰੇ ਹਨ। ਜਿਸ ਨੂੰ ਪੜ੍ਹ ਕੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਕਿ ਭਗਤ ਆਪਣੇ ਆਪ ਨੂੰ ਇਸ ਸੰਸਾਰ ਵਿੱਚ ਕਿਵੇਂ ਛੁਪਾ ਕੇ ਰੱਖਦੇ ਹਨ। ਪਰ ਵਾਹਿਗੁਰੂ ਜੀ ਉਨ੍ਹਾਂ ਦੀ ਮਹਿਮਾਂ ਨੂੰ ਸੰਸਾਰ ਵਿੱਚ ਕਿਵੇਂ ਪਰਗਟ ਕਰ ਦਿੰਦਾ ਹੈ। ਉਚੀ ਜਾਤ ਦੇ ਬ੍ਰਹਾਮਣਾ ਦਾ ਕਿਵੇਂ ਮਾਣ ਤੋੜ ਕੇ ਵਾਹਿਗੁਰੂ ਜੀ ਨੇ ਆਪਣੇ ਭਗਤ ਦੀ ਵਡਿਆਈ ਸੰਸਾਰ ਵਿੱਚ ਕਰਵਾਈ ਅਤੇ ਜੁਗਾਂ ਜੁਗਾਂਤਰਾਂ ਤੋਂ ਕਰਵਾਉਂਦਾ ਆ ਰਿਹਾ ਹੈ। ਗੁਰੂ ਘਰ ਵਿੱਚ ਭਾਈ ਘਨਈਆ ਜੀ, ਭਾਈ ਗੜ੍ਹਈਆ ਜੀ ਦੀਆਂ ਮਿਸਾਲਾਂ ਦੇ ਕੇ ਸਮਝਾਇਆ ਹੈ ਕਿ ਜੀਵਨ ਮੁਕਤ ਜੋ ਪੁਰਸ਼ ਹੁੰਦੇ ਹਨ ਉਹ ਮਾਇਆ ਤੋਂ ਕਿਵੇਂ ਉਪਰ ਲਿਜਾ ਕੇ ਆਪਣਾ ਜੀਵਨ ਇਸ ਸੰਸਾਰ ਵਿੱਚ ਜਿਉਂਦੇ ਹਨ।

ਪੰਜਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਸਤਿਸੰਗ ਅਤੇ ਸਾਧੂਆਂ ਦੀ ਸੰਗਤ ਦੀ ਮਹਾਨਤਾ? ਜੀਵ ਆਪਣੇ ਅਸਲੀ ਆਤਮ ਤੱਤ ਤੋਂ ਗਿਰ ਕੇ ਪ੍ਰਕ੍ਰਿਤੀ ਵਿੱਚ ਫਸ ਗਿਆ ਅਤੇ ਕਰਮ ਜਾਲ ਸ਼ੁਰੂ ਹੋ ਗਿਆ? ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਦੀ ਅਰੰਭਤਾ ਵਿੱਚ 1 ਅੱਖਰ ਦਾ ਸਹੀ ਅਰਥ ਕੀ ਹੈ? ਕੀ

ਕੀਤੇ ਕਰਮ ਦਾ ਫਲ ਅਵਸ਼ ਭੁਗਤਣਾ ਹੀ ਪਵੇਗਾ? ਉਹ ਕਿਹੜੀ ਬੁੱਧੀ-ਸਿਧੀ ਹੈ ਜਿਸ ਨਾਲ ਸਾਨੂੰ ਇਹ ਗਿਆਨ ਹੋਵੇ ਕਿ ਅਸੀਂ ਪਿਛੇ ਲੰਘ ਚੁਕੇ ਸਮੇਂ ਵਿੱਚ ਕੀ ਸੀ ਹੁਣ ਕੀ ਹਾਂ ਆਉਣ ਵਾਲੇ ਸਮੇਂ ਵਿਚ ਕੀ ਹੋਵਾਂਗੇ। ਪਿਛਲੇ ਜਨਮਾਂ ਦਾ ਕਿੰਨਾ ਕੁ ਸਫਰ ਕਰ ਕੇ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ? ਵਾਹਿਗੁਰੂ ਜੀ ਕਿਸ ਤਰ੍ਹਾਂ ਚੇਤਨ ਰੂਪ ਹੋ ਕੇ ਸਾਡੇ ਸਾਰਿਆਂ ਅੰਦਰ ਕੰਮ ਕਰ ਰਹੇ ਹਨ? ਵਾਹਿਗੁਰੂ ਜੀ ਅਤੇ ਜੀਵ ਵਿਚਾਲੇ ਕਿਹੜੀ ਦੀਵਾਰ ਹੈ ਜਿਹੜੀ ਓਸ ਨੂੰ ਮਿਲਣ ਨਹੀਂ ਦਿੰਦੀ? ਬੰਦੇ ਦੀਆਂ 10 ਅਵਸਥਾ ਕਿਹੜੀਆਂ ਹਨ ਜਿਨ੍ਹਾਂ ਵਿੱਚ ਪੈ ਕੇ ਜਨਮ ਬਰਬਾਦ ਕਰ ਕੇ ਤੁਰ ਜਾਂਦਾ ਹੈ? ਕੀ ਇਹ ਜੀਵ ਮਰਨ ਤੋਂ ਬਾਅਦ ਵੀ ਜਿਉਂਦਾ ਰਹਿੰਦਾ ਹੈ? ਕਿਹੜੇ ਰਸ ਹਨ ਜਿਨ੍ਹਾਂ ਵਿੱਚ ਪੈ ਕੇ ਬੰਦਾ ਆਪਣਾ ਮਾਨਸ ਜਨਮ ਬਰਬਾਦ ਕਰ ਲੈਂਦਾ ਹੈ? ਸਿਆਣਾ ਕੌਣ ਹੈ? ਉਹ ਕਿਹੜੀ ਸ਼ਕਤੀ ਹੈ ਜਿਹੜੀ ਇਸ ਜੀਵ ਨੂੰ ਆਪਣਾ ਆਪਾ ਚੀਨਣ ਨਹੀਂ ਦਿੰਦੀ? ਮਨੁੱਖ ਨੂੰ ਕਿੰਨਾਂ ਘਾਟਾ ਪੈਂਦਾ ਹੈ ਇਸ ਸੰਸਾਰ ਵਿੱਚ ਆ ਕੇ ਜਿਹੜੀ ਦਰਗਾਹ ਵਿੱਚੋਂ ਪੂੰਜੀ ਲੈ ਕੇ ਆਇਆ ਸੀ ਕਿਵੇਂ ਮੋਹ ਮਾਇਆ ਦੇ ਅਧੀਨ ਹੋ ਕੇ ਹਾਰ ਕੇ ਕੰਗਾਲ ਹੋ ਕੇ ਇਥੋਂ ਤੁਰ ਪੈਂਦਾ ਹੈ? ਮਨੁੱਖੀ ਅੰਗਾਂ ਦੀ ਮਹਾਨਤਾ? ਗੁਰੂ ਦੀ ਸ਼ਰਨੀ ਆਇਆ ਤੇ ਗੁਰੂ ਦੇ ਚਰਨਾਂ ਨਾਲ ਨਤਮਸਤਕ ਹੋਣ ਨਾਲ ਕਿਵੇਂ ਸਾਡੇ ਕਰਮ ਬਦਲ ਜਾਂਦੇਂ ਹਨ ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੀਰ ਸਲਾਰ ਦੀਨ ਨੂੰ ਸਮਝਾ ਰਹੇ ਹਨ? ਸਤਿਸੰਗ ਵਿਚ ਆਉਣ ਨਾਲ ਕਿਵੇਂ ਬੰਦਾ ਪਾਪਾਂ ਤੋਂ ਹਟ ਜਾਂਦਾਂ ਹੈ ਤੇ ਬਿਰਤੀ ਹੰਸਾ ਵਰਗੀ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰੂ ਦੀ ਬਾਣੀ ਕਿਵੇਂ ਰੋਗ ਕੱਟ ਦਿੰਦੀ ਹੈ? ਇਕ ਵਾਰੀ ਇਕ ਚਿੱਤ ਹੋ ਕੇ ਨਾਮ ਨੂੰ ਧਿਆਉਣ ਦਾ ਕਿੰਨ ਫਲ ਹੈ? ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਨੇ ਕਿਵੇਂ ਇਕ ਪਿੰਡ ਵਿਚੋਂ ਭੂਤ ਕੱਢੇ? ਸਰੀਰ ਦੀ ਤੰਦਰੁਸਤੀ ਕਿਵੇਂ ਰਹਿ ਸਕਦੀ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਮਹਾਂਪੁਰਖਾਂ ਨੇ ਇਸ ਲੇਖ ਵਿੱਚ ਦਿਤੇ ਹਨ ਜਿਹੜਾ ਵੀ ਇਸ ਇਕ ਲੇਖ ਨੂੰ ਵੀਚਾਰ ਕੇ ਪੜ੍ਹੇਗਾ ਅਤੇ ਕਮਾਵੇਗਾ ਉਸ ਦਾ ਜਨਮ ਮਰਨ ਇੱਕ ਜਨਮ ਵਿੱਚ ਸਮਾਪਤ ਹੋ ਜਾਣਾ ਸੁਭਾਵਿਕ ਹੈ।

ਛੇਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਪ੍ਰਕ੍ਰਿਤੀ ਅੰਦਰ ਦਰਖਤਾਂ ਦੀ ਮਹਾਨਤਾ ਦਰਸਾਈ ਹੈ ਕਿ ਮਨੁੱਖ ਕਿਵੇਂ ਇਸ ਕੁਦਰਤ ਨਾਲ ਓਤ ਪੋਤ ਹੈ? ਸਾਡਾ ਪਲੈਨੇਟ ਧਰਤੀ ਨੂੰ ਵਾਹਿਗੁਰੂ ਜੀ ਨੇ ਕਿਵੇਂ ਬ੍ਰਹਿਮੰਡ ਦੇ ਅੰਦਰ ਟਿਕਾਇਆ ਹੋਇਆ ਹੈ? ਇਸ ਨੂੰ ਸਹੀ ਰੱਖਣ ਲਈ ਵਾਹਿਗੁਰੂ ਜੀ ਨੇ ਕਿਵੇਂ ਸੂਰਜ, ਚੰਦਰਮਾਂ ਤਾਰੇ, ਗ੍ਰਹਿ ਲਗਾਏ ਹੋਏ ਹਨ? ਮਾਇਆ ਕਿਸ ਨੂੰ ਕਹਿੰਦੇ ਹਨ? ਤ੍ਰਿਸ਼ਨਾ ਰੂਪ ਮਾਇਆ ਨੇ ਕਿਵੇਂ ਭੁਲੇਖਾ ਪਾ ਕੇ ਜੀਵ ਨੂੰ ਭਰਮ ਵਿੱਚ ਪਾਇਆ ਹੋਇਆ ਹੈ? ਗੁਰੂ ਕੋਲ ਕਿਹੜੇ ਤਾਲੇ ਦੀ ਚਾਬੀ ਹੈ ਜਿਸ ਨੂੰ ਲਾ ਕੇ ਖਜਾਨਾਂ ਪ੍ਰਾਪਤ ਹੋਣਾ ਹੈ? ਸੁੰਨ ਸਮਾਧ ਤੱਕ ਕਿਵੇਂ ਪਹੁੰਚਣਾ ਹੈ? ਨਾਮ ਦੇ ਮੰਡਲ ਤੱਕ ਕਿਵੇਂ ਪਹੁੰਚਿਆ ਜਾ ਸਕਦਾ ਹੈ? ਗੁਰੂ ਨੂੰ ਦਿਤਾ ਦਾਨ ਕਿੰਨਾ ਫਲਦਾ ਹੈ? ਬ੍ਰਹਮ੍ਗਿਆਨ ਮਹਾਂਪੁਰਖਾਂ ਨੂੰ ਭੇਟਾ ਕੀਤਾ

ਦਾਨ ਕਿੰਨੇ ਗੁਣਾ ਫਲਦਾ ਹੈ? ਵਾਹਿਗੁਰੂ ਰਸਨਾ ਨਾਲ ਕਹਿਣ ਦਾ ਕਿੰਨਾ ਫਲ ਹੈ? ਕੰਠ ਨਾਲ ਕਿੰਨਾ ਫਲ ਹੈ? ਸਵਾਸ ਨਾਲ ਕਿੰਨਾ ਫਲ ਹੈ? ਦਸਮ ਦੁਆਰ ਵਿੱਚ ਕਿੰਨਾ ਫਲ ਹੈ? ਆਗਿਆ ਚੱਕਰ ਵਿੱਚ ਕਿੰਨਾ ਹੈ? ਅਨਹਦ ਸ਼ਬਦ ਦੀ ਮਦਦ ਨਾਲ ਕਿੰਨਾ ਫਲ ਹੈ? ਜਦੋ ਨਾਮ ਦੇ ਮੰਡਲ ਵਿੱਚ 'ਵਾਹਿਗੁਰੂ' ਦਾ ਉਚਾਰਨ ਹੁੰਦਾ ਹੈ ਤਾਂ ਇਸ ਦਾ ਕਿੰਨਾ ਫਲ ਹੈ? ਰਾਜੇ ਜਨਕ ਜੀ ਨੇ ਸੱਚਖੰਡ ਜਾਂਦੇ ਸਮੇਂ ਕਿਵੇਂ ਨਰਕ ਕੁੰਡ ਖਾਲੀ ਕੀਤੇ? ਕਿਹੜੇ ਨਾਮ ਦਾ ਉਚਾਰਨ ਕੀਤਾ?

ਸੱਤਵੇਂ ਲੇਖ ਵਿੱਚ ਮਹਾਂਪੁਰਖ ਦੱਸ ਰਹੇ ਹਨ ਕਿ ਮਾਨਸ ਦੇਹੀ ਕਿੰਨੀ ਮੁਸਕਲ ਨਾਲ ਪ੍ਰਾਪਤ ਹੋਈ ਹੈ? ਕਿੰਨੇ ਕਿਸਮ ਦੀਆਂ ਜੂਨਾਂ ਵਿਚੀਂ ਅਸੀਂ ਲੰਘ ਕੇ ਮਨੁੱਖ ਬਣੇ ਹਾਂ? ਜਿਹੜੀਆਂ ਜੂਨੀਆਂ ਮਨੁੱਖ ਤੋਂ ਬਗੈਰ ਪ੍ਰਾਪਤ ਹੋਈਆਂ ਉਨ੍ਹਾਂ ਵਿੱਚ ਸਾਡਾ ਆਪਣਾ ਕੋਈ ਹੱਕ ਨਹੀਂ ਸੀ ਕਿ ਜਿਉਂਦੇ ਰਹੀਏ? ਕਿੰਨੇ ਸਵਰਗ ਹਨ? ਉਨ੍ਹਾਂ ਵਿੱਚ ਕਿੰਨ੍ਹਾਂ ਸੁਖ ਹੈ? ਨਰਕ ਕਿੰਨੇ ਹਨ ਜਿਨ੍ਹਾਂ ਵਿੱਚ ਮਨੁੱਖ ਮਾੜੇ ਕਰਮਾਂ ਦਾ ਦੁਖ ਭੋਗਦਾ ਹੈ? ਯੋਗ ਭਰਿਸ਼ਟ ਕੌਣ ਹੁੰਦੇ ਹਨ? ਤੀਸਰੀ ਅੱਖ ਕਿਵੇਂ ਮਹਾਂਪੁਰਖਾਂ ਨੂੰ ਮਿਲ ਕੇ ਖੋਲ੍ਹੀ ਜਾ ਸਕਦੀ ਹੈ? ਕਿਹੜੇ ਮੰਤਰ ਦੀ ਚਾਬੀ ਲਗਦੀ ਹੈ ਜਿਸ ਨਾਲ ਅੰਦਰਲਾ ਦਰਵਾਜਾ ਖੁਲ੍ਹ ਜਾਂਦਾ ਹੈ? ਪੰਜ ਤੱਤਾਂ ਵਿੱਚੋਂ ਕਿਹੜੇ ਤੱਤ ਨੇ ਜਵਾਨਤ ਲਈ ਸੀ, ਇਸ ਜੀਵ ਨੂੰ ਵਾਗਿਹੁਰੂ ਯਾਦ ਕਰਾਉਣ ਦੀ? ਸਤਿਸੰਗ ਦਾ ਕਿੰਨਾ ਫਲ ਹੈ? ਤਪ ਕਰਨ ਦਾ ਕਿੰਨਾ ਫਲ ਹੈ? ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਨੇ ਹੋਤੀਮਰਦਾਨ ਕਲਪਾਣੀ ਨਦੀ ਵਿੱਚ ਕਿਵੇਂ ਤਪ ਕੀਤਾ? ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਸਾਹਿਬ ਨੇ ਕਿਵੇਂ ਬੰਨੂ ਪਹਾੜ ਤੇ ਤਪ ਕੀਤਾ? ਬੰਦਾ ਨਾਮ ਨੂੰ ਭੁਲ ਕਿਉਂ ਜਾਂਦਾ ਹੈ? ਭੁੱਲ ਕਿਉਂ ਪੈ ਜਾਂਦੀ ਹੈ? ਪੜਿਆ ਹੋਇਆ ਮੂਰਖ ਕਿਵੇਂ ਹੋ ਸਕਦਾ ਹੈ? ਤੰਮਾਕੂੰ ਪੀਣ ਵਾਲੇ ਦੇ ਹੱਥੋਂ ਲੈ ਕੇ ਖਾਦਿਆਂ ਕਿੰਨਾਂ ਦੋਸ਼ ਲਗਦਾ ਹੈ? ਜਿਹਨੂੰ ਮੰਤਰ ਦੀ ਪ੍ਰਾਪਤੀ ਨਹੀਂ ਹੋਈ ਉਸ ਦਾ ਕੀ ਹਾਲ ਹੁੰਦਾ ਹੈ? ਕੌਲਫੁਲ ਕੀ ਹੈ? ਇਸ ਵਿੱਚ ਅੰਮ੍ਰਿਤ ਕਿਵੇਂ ਭਰ ਸਕਦਾ ਹੈ? ਇਹ ਸਿੱਧਾ ਕਿਵੇਂ ਹੁੰਦਾ ਹੈ? ਇਹ ਸਰੀਰ ਵਿੱਚ ਕਿਹੜੀ ਜਗ੍ਹਾਂ ਤੇ ਹੈ? ਮਾਨਸ ਦੇਹੀ ਦੇਵਤਿਆਂ ਨਾਲੋਂ ਕਿਉਂ ਸਰੇਸ਼ਟ ਹੈ? ਗੁਰੂ ਦੇ ਬਣ ਜਾਣ ਨਾਲ ਕਿੰਨੀ ਗ੍ਰੰਟੀ ਮਿਲ ਜਾਂਦੀ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਲੈਣ ਲਈ ਆਪ ਜੀ ਮਹਾਂਪੁਰਖਾਂ ਦੀ ਇਸ ਕਿਰਤ ਨੂੰ ਬਹੁਤ ਧਿਆਨ ਨਾਲ ਇਕਾਂਤ ਵਿੱਚ ਪੜ੍ਹੋ ਜੀ।

ਅੱਠਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਇਹ ਜੋ ਵਾਰੀ ਆਈ ਹੈ ਵਾਹਿਗੁਰੂ ਜੀ ਨੂੰ ਮਿਲਣ ਦੀ ਇਸ ਨੂੰ ਸੰਭਾਲ ਲੈਣਾ ਚਾਹੀਦਾ ਹੈ। ਨਹੀਂ ਤਾਂ ਨਖਿੱਧ ਜੂਨੀਆਂ ਵਿੱਚ ਘੁੰਮਣਾ ਪੈਣਾ ਹੈ। ਵਾਹਿਗੁਰੂ ਜੀ ਦੀ ਨਦਰਿ ਪਿਆਰ ਵਾਲੀ ਨਦਰ ਤੋਂ ਬਗੈਰ ਪਾਰ ਉਤਾਰਾ ਨਹੀਂ ਹੁੰਦਾ। ਯੋਗ ਨਾਲ ਅਸੀਂ ਸਿਰਫ ਸੁਰਤਿ ਤੇ ਸਰੀਰ ਨੂੰ ਨਰੋਆ ਕਰ ਸਕਦੇ ਹਾਂ । ਪਰ ਵਾਹਿਗੁਰੂ ਜੀ ਦੀ ਨਦਰ ਦਾ ਜੋ ਕ੍ਰਿਸ਼ਮਾਂ ਹੈ ਉਸ ਤੋਂ ਵਗੈਰ ਪਿਆਰ ਵਾਲੇ ਮੰਡਲ ਵਿੱਚ ਨਹੀਂ ਪਹੁੰਚਿਆ ਜਾ ਸਕਦਾ। ਵਾਹਿਗੁਰੂ ਜੀ

ਗਰੀਬ ਨਵਾਜ਼ ਹਨ ਦੁਆਪਰ ਯੁੱਗ ਵਿੱਚ ਕ੍ਰਿਸ਼ਨ ਅਵਤਾਰ ਸਮੇਂ ਉਹ ਪਿਆਰ ਵਿੱਚ ਆ ਕੇ ਬਿਦਰ ਦਾਸੀ ਪੁਤਰ ਦੇ ਘਰ ਰਾਤ ਕੱਟ ਲਈ ਰਾਜ ਮਹਿਲਾਂ ਵਿੱਚ ਨਹੀਂ ਗਏ। ਅਨੇਕਾਂ ਪਿਆਰ ਵਾਲੀਆਂ ਕਥਾਂ ਹਨ ਜਿਨ੍ਹਾਂ ਨੂੰ ਵਾਹਿਗੁਰੂ ਜੀ ਨੇ ਪ੍ਰਤੱਖ ਰੂਪ ਵਿੱਚ ਦਰਸ਼ਨ ਵੀ ਦਿਤੇ ਅਤੇ ਰੱਖਿਆ ਵੀ ਕਰੀ ਹੈ ਮਹਾਂਪੁਰਖਾਂ ਦੀ ਇਸ ਕਿਰਤ ਨੂੰ ਪੜ੍ਹ ਕੇ ਵਾਹਿਗੁਰੂ ਜੀ ਪ੍ਰਤੀ ਪਿਆਰ ਜਾਗਦਾ ਹੈ ਉਸ ਦੇ ਸੁਭਾਵ ਦਾ ਪਤਾ ਲਗਦਾ ਹੈ ਕਿ ਉਹ ਕੋਈ ਸੱਤਵੇਂ ਅਸਮਾਨ ਪਰ ਨਹੀਂ ਰਹਿੰਦਾ ਹੈ ਉਸ ਨੂੰ ਪਿਆਰ ਨਾਲ ਹਾਕ ਮਾਰੋ ਉਹ ਆ ਜਾਂਦਾ ਹੈ।

ਨੌਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਗੁਰੂ ਤੇ ਗੁਰੂ ਦੇ ਬਚਨ ਤੇ ਪ੍ਰਤੀਤ ਤੋਂ ਬਿਨਾਂ ਸਾਡਾ ਕੁਝ ਬਣਦਾ ਨਹੀਂ? ਕਾਲ ਦਾ ਕੋਈ ਭਰੋਸਾ ਨਹੀਂ ਪਤਾ ਨਹੀਂ ਕਿਹੜੇ ਸਮੇਂ ਜਾਲ ਪੈ ਜਾਵੇ ਬੰਦੇ ਤੇ? ਧਰਮ ਕਿਥੋਂ ਪੈਦਾ ਹੁੰਦਾ ਹੈ? ਭਗਤੀ ਕਰਨ ਲਈ ਕਿਹੜੇ ਵੱਡੇ ਗੁਣ ਇਨਸਾਨ ਦੇ ਅੰਦਰ ਚਾਹੀਦੇ ਹਨ? ਆਮ ਗ੍ਰਿਹਸਥੀ ਬੰਦੇ ਦੀਆਂ ਲੋੜਾਂ ਕਿਵੇਂ ਪੂਰੀਆਂ ਹੋ ਸਕਦੀਆਂ ਹਨ? ਵਾਹਿਗੁਰੂ ਜੀ ਦੀ ਬੰਨ੍ਹੀ ਹੋਈ ਨੂੰ ਭਗਤ ਕਿਵੇਂ ਛਡਾ ਦਿੰਦੇ ਹਨ? ਫਿਕਾ ਬੋਲਣਾ ਗੁਰਸਿਖੀ ਅੰਦਰ ਮਨ੍ਹਾਂ ਹੈ। ਅੰਮ੍ਰਿਤ ਕਿਥੇ ਪਿਆ ਹੈ? ਗੁਰਸਿੱਖ ਲਈ ਸ਼ਬਦ ਦਾ ਅਭਿਆਸ ਕਿੰਨਾ ਜਰੂਰੀ ਹੈ? ਗੁਰੂ ਸਿੱਖ ਦੀ ਪੈਜ ਕਿਵੇਂ ਰੱਖਦਾ ਹੈ। ਗੁਰੂ ਨਾਨਕ ਸਾਹਿਬ ਕੌਣ ਸੀ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਇਸ ਲੇਖ ਅੰਦਰ ਮਹਾਂਪੁਰਖਾਂ ਨੇ ਪੁਰਾਤਨ ਗੁਰਸਿੱਖ ਅਤੇ ਗੁਰੂਆਂ ਦੀਆਂ ਮਿਸਾਲਾਂ ਦੇ ਕੇ ਬਹੁਤ ਵਿਸਥਾਰ ਨਾਲ ਜਗਿਆਸੂ ਨੂੰ ਸਮਝਾਇਆ ਹੈ। ਪੂਰਾ ਲੇਖ ਪੜ੍ਹਨ ਵਿਚਾਰਨ ਨਾਲ ਸਾਡੀ ਗੁਰੂ ਪ੍ਰਤੀ ਪ੍ਰਤੀਤ ਭਰੋਸਾ ਜਾਗਦਾ ਹੈ। ਕਿ ਗੁਰੂ ਸਾਡੇ ਹਰ ਸਮੇਂ ਨਾਲ ਹੈ। ਹਰ ਸਵਾਸ ਦੀ ਸੰਭਾਲਣਾ ਕਰ ਰਿਹਾ ਹੈ।

ਦੱਸਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਰਸਨਾ ਦੁਆਰਾ ਦੱਸਿਆ ਕਿ ਕੀਤੇ ਕਰਮਾਂ ਦਾ ਹਿਸਾਬ ਕਿਤਾਬ ਹੋਣਾ ਹੀ ਹੋਣਾ ਹੁੰਦਾ ਹੈ? ਕੀਤਾ ਹੋਇਆ ਇਕ ਵੀ ਕਰਮ ਇਹੋ ਜਿਹਾ ਨਹੀਂ ਜਿਸ ਦਾ ਸਾਨੂੰ ਲੇਖਾ ਨਾ ਦੇਣਾ ਪਵੇ? ਮਹਾਂਪੁਰਖਾਂ ਦੇ ਹਿਸਾਬ ਨਾਲ ਬੰਦਾ ਜਦੋਂ ਸੰਸਾਰ ਵਿੱਚ ਆਉਂਦਾ ਹੈ ਉਸ ਦੇ ਨਾਲ ਸੰਚਿਤ ਕਰਮ, ਪ੍ਰਲਬਧ ਕਰਮ, ਕਿਰਿਆ ਮਾਨ ਕਰਮ, ਤਿੰਨ ਤਰ੍ਹਾਂ ਦੇ ਕਰਮਾਂ ਵਿੱਚ ਸੰਚਿਤ ਕਰਮ ਇਕ ਜਿਵੇਂ ਕਮਰਾ ਭਰਿਆ ਪਿਆ ਹੈ ਉਸ ਤਰ੍ਹਾਂ ਸਾਡਾ ਅੰਤਿਸ਼ ਕਰਣ ਭਰਿਆ ਪਿਆ ਹੈ ਕਰਮਾਂ ਦੇ ਨਾਲ, ਪ੍ਰਾਲਬਧ ਕਰਮ ਅਸੀਂ ਭੋਗ ਰਹੇ ਹੁੰਦੇ ਹਾਂ ਅਤੇ ਕਿਰਿਆ ਮਾਨ ਕਰਮ ਅਸੀਂ ਜੋ ਚੰਗੇ ਮਾੜੇ ਕਰਮ ਹਰ ਰੋਜ ਕਰ ਰਹੇ ਹੁੰਦੇ ਹਾਂ। ਇਸ ਲੇਖ ਅੰਦਰ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਰਸਨਾਂ ਤੋਂ ਅਨੇਕਾਂ ਉਦਾਹਰਣਾ ਦੇ ਕੇ ਸਮਝਾਇਆ ਹੈ ਕਿ ਕਰਮ ਸਾਨੂੰ ਭੋਗਣੇ ਹੀ ਪੈਣਗੇ ਪਰ ਜੇ ਅਸੀਂ ਕਿਸੇ ਮਹਾਂਪੁਰਖ ਦੀ ਜਾਂ ਗੁਰੂ ਦੀ ਸ਼ਰਨ ਵਿੱਚ ਰਹਿੰਦੇ ਹਾਂ ਤਾਂ ਇਨ੍ਹਾਂ ਕਰਮਾਂ ਨੂੰ ਮਹਾਂਪੁਰਖ ਨਰਮ ਕਰ ਦਿੰਦੇ ਹਨ। ਕੋਈ ਰਮਜ ਵੀ ਮਾਰ ਦਿੰਦੇ ਹਨ ਜੇ ਬੰਦਾ ਸਮਝ ਜਾਵੇ ਫੇਰ ਕਰਮ ਭੋਗਣ ਤੋਂ ਬਚ ਵੀ ਜਾਂਦਾ ਹੈ। ਜਿਆਦਾਤਰ ਸਾਨੂੰ ਕੀਤੇ ਕਰਮਾ

ਦਾ ਹਿਸਾਬ ਦੇਣਾ ਹੀ ਪੈਂਦਾ ਹੈ। ਇਨ੍ਹਾਂ ਸਾਰੇ ਕੀਤੇ ਕਰਮਾਂ ਦਾ ਨਬੇੜਾ ਕਿਵੇਂ ਹੋਵੇ? ਅਸੀਂ ਆਤਮ ਦਰਸ਼ੀ ਕਿਵੇਂ ਹੋਣਾ ਹੈ, ਆਤਮ ਤੱਤ ਤੱਕ ਕਿਵੇਂ ਪਹੁੰਚਣਾ ਹੈ ਇਸ ਲੇਖ ਅੰਦਰ ਮਹਾਂਪੁਰਖਾਂ ਨੇ ਪੂਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ।

ਗਿਆਰਵੇਂ ਲੇਖ ਵਿੱਚ ਮਹਾਂਪੁਰਖ ਦੱਸ ਰਹੇ ਹਨ ਕਿ ਸਾਨੂੰ ਪੂਰਨ ਪੁਰਖ, ਪੂਰਨ ਬ੍ਰਹਮੁ ਗਿਆਨੀ ਮਹਾਂਪੁਰਖ, ਬ੍ਰਹਮੁ ਦ੍ਰਿਸ਼ਟਾ, ਬ੍ਰਹਮੁ ਵਕਤਾ, ਬ੍ਰਹਮੁ ਨਿਸ਼ਟਾ ਮਹਾਂਪੁਰਖ ਨਾ ਮਿਲਣ ਕਰਕੇ ਅਸੀਂ ਕਿਸੇ ਨਾ ਕਿਸੇ ਪਖੰਡੀ ਸਾਧ ਅੜਿਕੇ ਆ ਜਾਂਦੇ ਹਾਂ। ਜਿਸ ਨਾਲ ਸਾਡਾ ਜਨਮ ਬਰਬਾਦ ਹੋ ਜਾਂਦਾ ਹੈ? ਇਸ ਦਿਖਦੇ ਸੰਸਾਰ ਅੰਦਰ ਪਖੰਡ ਬਹੁਤ ਹੈ? ਜਿਸ ਨਾਲ ਸਾਡੇ ਜਨਮਾਂ ਦੇ ਜਨਮ ਬਰਬਾਦ ਹੁੰਦੇ ਤੁਰੇ ਜਾ ਰਹੇ ਹਨ? ਮਾਇਆ ਕੀ ਹੈ? ਇਸ ਦੇ ਅੰਦਰ ਅਸੀਂ ਕਿਵੇਂ ਭੁਲੇ ਫਿਰਦੇ ਹਾਂ? ਪ੍ਰਕ੍ਰਿਤੀ ਦੇ ਅੰਦਰ ਸਾਡੀ ਸੁਰਤ ਕਿਵੇਂ ਆਪਣੇ ਆਪੇ ਨੂੰ ਭੁੱਲ ਕੇ ਟਕਰਾਂ ਮਾਰ ਰਹੀ ਹੈ? ਅਸਲੀਅਤ ਨੂੰ ਨਾ ਪਛਾਣਨ ਕਰਕੇ ਅਸੀਂ ਆਪਣੇ ਨਿਸ਼ਾਨੇ ਤੇ ਕਿਵੇਂ ਪਹੁੰਚੀਏ? ਸੱਜਣ ਠੱਗ ਜੋ ਕਿ ਬਿਲਕੁਲ ਪੂਰੇ ਪਖੰਡ ਨਾਲ ਹਰ ਕਿਸੇ ਰਾਹੀ ਨੂੰ ਆਪਣੇ ਪ੍ਰਭਾਵ ਥੱਲੇ ਲਿਆ ਕੇ ਲੁਟਦਾ ਤੇ ਹੱਤਿਆ ਕਰ ਦਿੰਦਾ ਸੀ ਉਸ ਨੂੰ ਗੁਰੂ ਨਾਨਕ ਸਾਹਿਬ ਮਿਲੇ ਤੇ ਸਾਰਾ ਜੀਵਨ ਉਲਟ ਕਰ ਦਿਤਾ ਭਾਈ ਸਜਣ ਬਣਾ ਕੇ ਮੰਜੀ ਥਾਪ ਦਿਤੀ, ਨਾਮ ਦੀ ਦਾਤ ਦੇ ਕੇ ਅਸਲੀ ਸੱਜਣ ਬਣਾ ਦਿਤਾ। ਸੇਵਾ ਕਰਨ ਅਤੇ ਸਿਮਰਨ ਕਰਨ ਵਿੱਚ ਕੀ ਭੇਤ ਹੈ? ਨਿੰਦੀਆ ਦਾ ਕਿੰਨਾ ਫਲ ਮਿਲਦਾ ਹੈ? ਸਾਦੀ ਰੋਟੀ ਕੀ ਕਰਦੀ ਹੈ? ਹੇਰਾ ਸ਼ਿਕਾਰ ਕਰ ਕੇ ਲਿਆ ਕੇ ਖਾਣ ਨਾਲ ਕੀ ਹੁੰਦਾ ਹੈ? ਸੱਜਣ ਠੱਗ ਦੇ ਸਾਰੇ ਅਵਗੁਣ ਗੁਰੂ ਨਾਨਕ ਸਾਹਿਬ ਜੀ ਨੇ ਕਿਵੇਂ ਅੰਦਰੋਂ ਕੱਢੇ ਇਸ ਸਾਰੇ ਲੇਖ ਅੰਦਰ ਮਹਾਂਪੁਰਖਾਂ ਨੇ ਬਹੁਤ ਖੋਲ੍ਹ ਕੇ ਲਿਖਿਆ ਹੈ ਕਿ ਅਸੀਂ ਵੀ ਨਿਰੋਲ ਸਚਾਈ ਵਾਲਾ ਜੀਵਨ ਅਪਣਾ ਲਈਏ ਤਾਂ ਐਸੇ ਹੀ ਜਨਮ ਵਿੱਚ ਉਧਾਰ ਹੋਣਾ ਸੁਨਿਸਚਿਤ ਹੈ।

ਬਾਰ੍ਹਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਦਿਤੇ ਗਏ ਬਲੀਦਾਨ ਦੀ ਦਾਸਤਾਨ ਬਿਆਨ ਕੀਤੀ ਹੈ। ਕਿਵੇਂ ਔਰੰਗਜ਼ੇਬ ਸਾਰੇ ਭਾਰਤ ਨੂੰ ਇਸਲਾਮਿਕ ਦੇਸ਼ ਬਣਾਉਣਾ ਚਾਹੁੰਦਾ ਸੀ। ਪਿਛਲੇ ਸਮਿਆਂ ਦੇ ਅੰਦਰ ਭਾਰਤ ਦੇਸ਼ ਦੀ ਲੁਟ ਅਤੇ ਇਸਲਾਮਿਕ ਰਾਜਿਆਂ ਵੱਲੋਂ ਲੋਕਾਂ ਦੀ ਹੱਤਿਆ ਮਜ਼੍ਹਬ ਦੇ ਨਾਮ ਕਿਵੇਂ ਕੀਤੀਆਂ ਗਈਆਂ। ਮਜ਼੍ਹਬ ਨੂੰ ਰਾਜ ਨਾਲ ਮਿਲਾ ਕੇ ਕਟੜ ਇਸਲਾਮਿਕ ਰਾਜੇ ਕਿਵੇਂ ਭਾਰਤ ਦੇਸ਼ ਦੀ ਸੰਸਕ੍ਰਿਤੀ ਅਤੇ ਧਾਰਮਿਕ ਪੁਸਤਕਾ ਨੂੰ ਖਤਮ ਕਰਕੇ ਇਸਲਾਮਿਕ ਰਾਜ ਕਾਇਮ ਕਰਨਾਂ ਚਾਹੁੰਦੇ ਸਨ। ਕੱਟੜਤਾ ਦੀ ਹੱਦ ਕਿਥੇ ਤੱਕ ਹੈ। ਧਰਮ ਕੀ ਹੈ। ਮਜ਼੍ਹਬ ਕੀ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਵੇਂ ਹਿੰਦੂ ਧਰਮ ਨੂੰ ਆਪਣੇ ਸਰੀਰ ਦਾ ਬਲੀਦਾਨ ਦੇ ਕੇ ਬਚਾ ਲਿਆ। ਇਸ ਸਾਰੀ ਵਾਰਤਾ ਨੂੰ ਪੜ੍ਹਨ ਨਾਲ ਸਾਡੇ ਅੰਦਰ ਗਿਆਨ ਦੇ ਚਕਸ਼ੂ ਖੁਲ੍ਹ ਜਾਂਦੇ ਹਨ। ਗੁਰੂ ਘਰ ਦੀ ਉਚਤਾ

ਬਾਰੇ ਗਿਆਨ ਹੋ ਜਾਂਦਾ ਹੈ। ਗੁਰੂ ਘਰ ਦੀ ਵਿਲੱਖਣਤਾ ਕੀ ਹੈ। ਸਾਰੀਆਂ ਸ਼ਕਤੀਆਂ ਦੇ ਮਾਲਿਕ ਹੁੰਦੇ ਹੋਏ ਕਿਵੇਂ ਭਾਣੇ ਦੇ ਅੰਦਰ ਸੰਸਾਰ ਵਿੱਚ ਰਹਿਣਾ ਹੈ। ਵਾਹਿਗੁਰੂ ਜੀ ਦੇ ਇਲਾਹੀ ਹੁਕਮ ਦੇ ਅੰਦਰ ਕਿਵੇਂ ਸਰੀਰ ਦਾ ਪ੍ਰਿਤਿਆਗ ਕਰਨਾ ਹੈ।

ਤੇਰਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਉਣ ਤੋਂ ਪਹਿਲਾਂ ਦੇ ਹਾਲਾਤ ਵਰਣਨ ਕੀਤੇ ਹਨ। ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਕਿਥੇ ਕਿਥੇ ਗਏ। ਆਪ ਜੀ ਓਸ ਸਮੇਂ ਦੇ ਬਹੁਤ ਸੁਲਝੇ ਹੋਏ ਸ਼ਕਤੀਆਂ ਦੇ ਮਾਲਕ ਜੋ ਕਲਜੁਗ ਦੀ ਮਾਰ ਤੋਂ ਡਰਦੇ ਪਹਾੜਾਂ ਦੀਆਂ ਕੰਦਰਾਂ ਵਿੱਚ ਰਹਿੰਦੇ ਸਨ ਜਿਥੇ ਕਿਸੇ ਆਮ ਬੰਦੇ ਪਹੁੰਚ ਨਹੀਂ ਸੀ ਜਿਨ੍ਹਾਂ ਨੂੰ ਸਿੱਧ ਕਿਹਾ ਹੈ। ਉਨ੍ਹਾਂ ਕੋਲ ਗੁਰੂ ਨਾਨਕ ਸਾਹਿਬ ਪਹੁੰਚਦੇ ਹਨ ਤੇ ਉਨ੍ਹਾਂ ਨੂੰ ਉਪਦੇਸ਼ ਕਰਕੇ ਸੰਸਾਰ ਦੇ ਅੰਦਰ ਰਹਿਣ ਦੀ ਤਾਗੀਦ ਕਰਦੇ ਹਨ। ਸੁਰਤਿ ਨੂੰ ਸ਼ਬਦ ਨਾਲ ਜੋੜਨ ਦੇ ਭੇਦ ਕੀ ਹਨ? ਕਿਹੜੀ ਸੁਰਤ ਹੈ ਸਾਡੇ ਅੰਦਰ ਜਿਹੜੀ ਸ਼ਬਦ ਨੂੰ ਫੜਦੀ ਹੈ? ਗੁਰੂ ਨਾਨਕ ਸਾਹਿਬ ਕਲਯੁਗ ਵਿੱਚ ਕੀ ਲੈ ਕੇ ਆਏ? ਪਹਿਲਾਂ ਕਿਹੋ ਜਿਹੇ ਸਰੀਰ ਹੁੰਦੇ ਸਨ ਪਰ ਹੁਣ ਕਿਹੋ ਜਿਹੇ ਹਨ ? ਇਕ ਆਮ ਬੰਦਾ ਆਪਣੇ ਕਾਰੋਬਾਰ ਕਰਦਾ ਗਰਿਹਸਤ ਵਿੱਚ ਰਹਿ ਕੇ ਕਿਵੇਂ ਪਾਰ ਲੰਘ ਸਕਦਾ ਹੈ? ਕਲਿਯੁਗ ਵਿੱਚ ਨਾਨਕ ਨਾਮ ਸੁਖਾਲਾ ਕਿਵੇਂ ਹੈ? ਗੁਰੂ ਨਾਨਕ ਸਾਹਿਬ ਬਗਦਾਦ ਦੇ ਪੀਰ ਨੂੰ ਮਿਲੇ ਜੋ ਬਚਨ ਹੋਏ ਜੋ ਓਸ ਪੀਰ ਨਾਲ ਪਵ੍ਚਨ ਹੋਏ ਇਸ ਲੇਖ ਅੰਦਰ ਬਹੁਤ ਵਿਸਥਾਰ ਨਾਲ ਬਿਆਨ ਕੀਤੇ ਹਨ। ਆਪ ਜੀ ਅਚਲ ਬਟਾਲੇ ਸਿਧਾਂ ਨਾਲ ਜੋ ਪ੍ਰਵਚਨ ਹੋਏ ਓਹ ਵੀ ਏਸ ਲੇਖ ਅੰਦਰ ਹਨ ? ਆਪ ਜੀ ਇਸਲਾਮਿਕ ਅਸਥਾਨ ਮੱਕੇ ਪਹੁੰਚਦੇ ਹਨ ਓਥੇ ਜੋ ਵਿਚਾਰ ਹੋਈ ਓਹ ਏਸ ਲੇਖ ਦੇ ਅੰਦਰ ਮਹਾਂਪੁਰਖਾਂ ਨੇ ਬਹੁਤ ਪਿਆਰ ਨਾਲ ਬਿਆਨ ਕੀਤੀ ਹੈ। ਗੁਰੂ ਨਾਨਕ ਦਾ ਉਪਦੇਸ਼ ਕੀ ਹੈ? ਬਾਬੇ ਨੇ ਸਾਰੀ ਦੁਨੀਆਂ ਵਿੱਚ ਕਿਹੜੇ ਨਾਮ ਦਾ ਚੱਕਰ ਚਲਾਇਆ ਅਤੇ ਸਾਰੀ ਦੁਨੀਆਂ ਨੂੰ ਆਪ ਜੀ ਸ਼ਬਦ ਦੇ ਜੋਰ ਨਾਲ ਜਿਤਿਆ? ਬਹੁਤ ਵਿਸਥਾਰ ਸਹਿਤ ਮਹਾਂਪੁਰਖਾਂ ਨੇ ਆਪਣੇ ਅਨੁਭਵ ਇਸ ਲੇਖ ਅੰਦਰ ਸਾਡੇ ਭਲੇ ਲਈ ਸ਼ਾਂਝੇ ਕੀਤੇ ਹਨ ਇਸ ਨੂੰ ਪੜ੍ਹਨ ਵਿਚਾਰਨ ਨਾਲ ਸਾਡੇ ਅੰਦਰ ਦੀਆਂ ਪਈਆਂ ਹੋਈਆਂ ਸ਼ਕਤੀਆਂ ਦਾ ਸਾਨੂੰ ਪਤਾ ਲਗਦਾ ਹੈ ਅਤੇ ਨਾਮ ਨਾਲ ਜੁੜਨ ਦੀਆਂ ਵਿਧੀਆਂ ਸੁਰਤਿ ਸ਼ਬਦ ਮਾਰਗ ਦਾ ਅਭਿਆਸ, ਵਾਹਿਗੁਰੂ ਮੰਤਰ ਦਾ ਅਭਿਆਸ ਸਾਰੀ ਵਿਆਖਿਆ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਕਮਾਈ ਹੋਈ ਰਸਨਾ ਤੋਂ ਕੀਤੀ ਹੈ।

ਚੌਦਵੇਂ ਲੇਖ ਵਿੱਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਨਾਲ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਰਿਵਾਰ ਦਾ ਸਾਕਾ ਬਿਆਨ ਕੀਤਾ ਹੈ। ਜਿਸ ਵਿੱਚ ਪਹਿਲਾਂ ਦੱਸਿਆ ਹੈ। ਕਿ ਗੁਰੂ ਇੱਕ ਅਲੌਕਿਕ ਸ਼ਕਤੀ ਹੈ। ਸਾਡੇ ਮਨਾਂ ਵਿੱਚ ਕਈ ਤਰਾਂ ਦੇ ਵਹਿਮ ਪੈ ਜਾਂਦੇ ਹਨ। ਜੋ ਗੁਰੂ ਹੈ ਉਹ ਇਨ੍ਹਾਂ ਵਹਿਮਾਂ ਭਰਮਾਂ, ਜਾਤ-ਪਾਤ, ਮਜ੍ਹਬਾਂ ਤੋਂ ਉਪਰ ਹੋ ਕੇ ਕਿਰਿਆ ਅਗੰਮ ਦੀ ਕਿਰਿਆ ਕਰਦਾ ਹੈ। ਹਰ ਇਕ ਮਜ੍ਹਬ ਵਿੱਚ

ਸਾਰੇ ਚੰਗੇ ਬੰਦੇ ਨਹੀਂ ਹੁੰਦੇ ਅਤੇ ਸਾਰੇ ਮਾੜੇ ਨਹੀਂ ਹੁੰਦੇ। ਔਖੀ ਘੜੀ ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਰਿਵਾਰ ਤੇ ਦਮਨ ਚਕਰ ਔਰੰਗਜੇਬ ਨੇ ਚਲਾਇਆ। ਜਿਆਦਾ ਤਰ ਇਸਲਾਮਕ ਪੀਰਾਂ ਨੇ ਹੀ ਸਾਥ ਨਿਭਾਇਆ ਆਪ ਜੀ ਜਦੋਂ ਸਰਸਾ ਪਾਰ ਕਰਕੇ ਰੋਪੜ ਪਹੁੰਚਦੇ ਹਨ ਅੱਗੇ ਰੋਪੜ ਆ ਕੇ ਭਾਈ ਬਚਿੱਤਰ ਸਿੰਘ ਜੀ ਬਹੁਤ ਬੁਰੀ ਤਰ੍ਹਾਂ ਜਖਮੀ ਹਾਲਤ ਵਿੱਚ ਨਿਹੰਗ ਖਾਨ ਦੇ ਘਰ ਛੱਡ ਕੇ ਜਾਂਦੇ ਹਨ। ਅੱਗੇ ਜਦੋਂ ਮਾਛੀਵਾੜੇ ਦੇ ਜੰਗਲਾਂ ਵਿੱਚ ਸਾਰੀ ਫੌਜ ਦਾ ਘੇਰਾ ਪਿਆ ਉਥੇ ਵੀ ਆਪ ਜੀ ਦਾ ਸਾਥ ਗਨੀ ਖਾਂ, ਨਬੀ ਖਾਂ ਅਤੇ ਸਲੋਹ ਵਾਲਾ ਪੀਰਾਂ ਨੇ ਸਾਥ ਨਿਭਾਇਆ ਉਚ ਦੇ ਪੀਰ ਦਾ ਖਿਤਾਬ ਦੇ ਕੇ ਉਥੋਂ ਮਾਛੀਵਾੜੇ ਵਿੱਚੋਂ ਨਿਕਲ ਕੇ ਰਾਏ ਕੱਲੇ ਕੋਲ ਪਹੁੰਚਦੇ ਹਨ। ਸਬੁੱਧੀਜੀਵੀਆਂ ਦੇ ਪਾਏ ਹੋਏ ਭਰਮ ਭੁਲੇਖਿਆਂ ਵਿਚੋਂ ਨਿਕਲਣ ਲਈ ਇਸ ਲੇਖ ਨੂੰ ਪੜ੍ਹਨਾ ਜਰੂਰੀ ਹੈ। ਪੀਰ ਬੁੱਧੂਸ਼ਾਹ ਦਾ ਗੁਰੂ ਪਿਆਰ । ਚਮਕੌਰ ਸਾਹਿਬ ਦੀ ਜੰਗ, ਪੌਉਂਟਾ ਸਾਹਿਬ ਦੀ ਜੰਗ, ਸਰਹੰਦ ਵਿੱਚ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ, ਇਹ ਸਾਰਾ ਸ਼ਹੀਦੀ ਸਾਕਾ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਰਸਨਾਂ ਤੋਂ ਬਿਆਨ ਕੀਤਾ ਹੈ।

ਮਹਾਂਪੁਰਖ ਅਪਣੀ ਪੰਦਰਵੀਂ ਕਿਰਤ ਦੇ ਅੰਦਰ 'ਲਾਲ ਰੰਗ' ਦਾ ਜਿਕਰ ਕਰਦੇ ਹੋਏ ਬਿਆਨ ਕਰਦੇ ਹਨ ਕਿ ਇਹ ਭਾਗਾਂ ਵਾਲਿਆਂ ਨੂੰ ਲਗਦਾ ਹੈ ਨਾਮ ਦਾ ਰੰਗ ਅਨੇਕਾਂ ਉਦਾਹਰਾਣਾ ਦੇ ਕੇ ਸਮਝਾਇਆ ਹੈ। ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਨੇਕਾਂ ਉਦਾਹਰਣਾ ਦਿਤੀਆਂ ਹਨ ਜਿਨ੍ਹਾਂ ਨੂੰ ਨਾਮ ਦਾ ਰੰਗ ਲੱਗਿਆ ਫੇਰ ਭਾਵੇਂ ਆਰਿਆਂ ਨਾਲ ਚੀਰ ਦਿਤੇ ਪਰ ਇਹ ਰੰਗ ਨਾ ਉਤਰਿਆ। ਬੜੀ ਔਖੀ ਮਿਲੀ ਹੈ ਮਾਨਸ ਦੇਹੀ? ਹੁਣ ਕੀ ਸੰਭਾਲਣ ਦਾ ਵੇਲਾ ਆ ਗਿਆ ਹੈ? ਇਹ ਸਮਾਂ ਬਹੁਤ ਮੁਸ਼ਕਿਲ ਨਾਲ ਪ੍ਰਾਪਤ ਹੋਇਆ ਹੈ? ਇਨ੍ਹਾਂ ਸਾਰੇ ਸਵਾਲਾਂ ਦੀ ਵਿਆਖਿਆ ਮਹਾਂਪੁਰਖਾਂ ਨੇ ਬਹੁਤ ਖੋਲ੍ਹ ਖੋਲ੍ਹ ਕੇ ਕੀਤੀ। ਗੁਰਮਤਿ ਦੇ ਗੁਰੂ ਘਰ ਦੇ ਗੁਰ ਸਿੱਖੀ ਦੇ ਸਿਧਾਂਤ ਸਹਿਜ ਨਾਲ ਹੀ ਸਮਝ ਆ ਜਾਂਦੇ ਹਨ। ਜਿਨ੍ਹਾਂ ਤੇ ਚਲ ਕੇ ਅਸੀਂ ਆਪਣਾ ਮਾਣਸ ਜਨਮ ਸਫਲਾ ਕਰ ਸਕਦੇ ਹਾਂ।

ਮਹਾਂਪੁਰਖ ਆਪਣੀ ਸੋਲ੍ਹਵੀਂ ਕਿਰਤ ਵਿੱਚ ਦੱਸ ਰਹੇ ਹਨ ਕਿ ਸੰਸਾਰ ਦੁਖੀ ਕਿਉਂ ਹੈ? ਸੁਖੀ ਰਹਿਣ ਵਾਸਤੇ ਗੁਰੂ ਘਰ ਦੇ ਅੰਦਰ ਕਿਹੜੇ ਉਪਾਅ ਹਨ? ਭਗਤਾਂ ਦੀ ਬੰਨ੍ਹੀ ਹੋਈ ਨੂੰ ਰੱਬ ਕਿਉਂ ਨਹੀਂ ਛਡਾਉਂਦਾ? ਦਾਨ ਦੇਣ ਨਾਲ ਦਲਿਦਰ ਕਿਵੇਂ ਦੂਰ ਹੋ ਜਾਂਦਾ ਹੈ? ਗੁਰੂ ਘਰ ਵਿੱਚ ਦਾਨ ਕਿਵੇਂ ਦਿਤਾ ਜਾਂਦਾ ਹੈ? ਭਾਈ ਗੁਰਦਾਸ ਜੀ ਨੇ ਦਾਨ ਦੇਣ ਦੀ ਕਿਹੜੀ ਵਿਧੀ ਦੱਸੀ ਹੈ? ਗੁਰੂ ਘਰ ਅੰਦਰ ਫਿਕਾ ਬੋਲਣ ਦਾ ਕੀ ਫਲ ਹੈ? ਫਿਕਾ ਬੋਲਣ ਨਾਲ ਕਿੰਨਾ ਦੁਖ ਪਾਉਣਾ ਪੈਂਦਾ ਹੈ? ਅਰਦਾਸ ਕਿਵੇਂ ਕੰਮ ਕਰਦੀ ਹੈ? ਅਨੇਕਾਂ ਗੁਰੂਆਂ ਦੀਆਂ ਸਾਧੂ ਸੰਤਾਂ ਅਤੇ ਪੀਰਾਂ ਪੈਗੰਬਰਾਂ

ਦੀਆਂ ਉਦਾਹਰਣਾ ਦੇ ਕੇ ਮਹਾਂਪੁਰਖਾਂ ਨੇ ਇਸ ਲੇਖ ਦੇ ਅੰਦਰ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ।

ਸਮਾਂ ਆਪਣੀ ਚਾਲ ਨਾਲ ਤੁਰਿਆ ਜਾ ਰਿਹਾ ਹੈ। ਅਨੰਤ ਕਾਲ ਤੋਂ ਜੁਗਾਂ ਜੁਗਾਂਤਰਾਂ ਤੋਂ ਇਸ ਦੀ ਚਾਲ ਚਲ ਰਹੀ ਹੈ। ਚਾਰ ਜੁਗ ਹਨ ਜੋ ਘੁੰਮ ਕੇ ਆਪਣੀ ਆਪਣੀ ਆਯੂ ਅਨੁਸਾਰ ਫੇਰ ਆ ਜਾਂਦੇ ਹਨ। ਹਰ ਇਕ ਯੁਗ ਦੇ ਅੰਦਰ ਵਾਹਿਗੁਰੂ ਜੀ ਦੇ ਭਗਤ ਆਉਂਦੇ ਹਨ। ਇਸ ਪ੍ਰਾਣੀ ਪਰਾਣ ਧਾਰੀ ਨੂੰ ਵਾਹਿਗੁਰੂ ਜੀ ਦੇ ਰਸਤੇ ਤੇ ਤੋਰਦੇ ਆ ਰਹੇ ਹਨ।

ਸੰਤ ਮਹਾਰਾਜ ਰਤਵਾੜਾ ਸਾਹਿਬ ਦੀ ਇਹ ਪੁਸਤਕ ਉਨ੍ਹਾਂ ਦੇ ਜੀਵਨ 7ਸਾਥੀ ਸੰਤ ਮਾਤਾ ਰਣਜੀਤ ਕੌਰ ਜੀ ਦੇ 104ਵੇਂ ਜਨਮ ਦਿਹਾੜੇ 8 ਅਗਸਤ 2022 ਨੂੰ ਸਮਰਪਿਤ ਹੈ। ਭਾਈ ਮਨਜੀਤ ਸਿੰਘ ਅਮਰੀਕਾ ਤੋਂ ਵੈਬਸਾਇਟ ਚਲਾ ਰਹੇ ਹਨ www.ratwarasahib.com ਦੇ ਉਤੇ ਪੀ.ਡੀ.ਐਫ. ਫਾਰਮੇਟ ਵਿੱਚ 628 ਪੇਜਾਂ ਦੀ ਕਿਤਾਬ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

ਮਿਤੀ 26.07.2022

ਗੁਰਿੰਦਰ ਸਿੰਘ
ਸੇਵਾਦਾਰ
ਅਦਾਰਾ 'ਆਤਮ ਮਾਰਗ'
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਰਤਵਾੜਾ ਸਾਹਿਬ

# ਤੱਤਕਾਰ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਰੂਹਾਨੀਅਤ ਦਾ ਮਾਰਗ ਭਾਗ 1 | 14 |
| 2. | ਰੂਹਾਨੀਅਤ ਦਾ ਮਾਰਗ ਭਾਗ 2 | 49 |
| 3. | ਨੂਰ ਦਰ ਹਰ ਚਸ਼ਮ<br>ਗੁਰੂ ਗੋਬਿੰਦ ਸਿੰਘ | 89 |
| 4. | ਭਗਤ ਰਵਿਦਾਸ ਜੀ | 123 |
| 5. | ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ | 135 |
| 6. | ਬਿਨੁ ਬੂਝੇ ਪਸੁ ਢੋਰ | 177 |
| 7. | ਸਾਧਸੰਗਤਿ | 219 |
| 8. | ਭਾਉ ਭਗਤਿ | 255 |
| 9. | ਗੁਰ ਕੀ ਪਰਤੀਤਿ | 284 |
| 10. | ਕਰਮਾਂ ਸੰਦੜਾ ਖੇਤ | 318 |
| 11. | ਭੇਖ ਦਿਖਾਏ ਜਗਤ ਕਉ | 355 |
| 12. | ਧਰਮ ਹੇਤ ਸਾਕਾ ਜਿਨ ਕੀਆ | 397 |
| 13. | ਸ੍ਰੀ ਗੁਰੂ ਨਾਨਕ ਦੇਵ ਜੀ | 441 |
| 14. | ਮਹਾਨ ਸ਼ਹੀਦੀ ਸਾਕਾ | 475 |
| 15. | ਲਾਲ ਰੰਗੁ | 508 |
| 16. | ਨਾਨਕ ਕਹਤ ਮਿਲਨ ਕੀ ਬਰੀਆ | 547 |
| 17. | ਜਉ ਸੁਖ ਕਉ ਚਾਹੈ ਸਦਾ | 587 |

# 1

## ਰੂਹਾਨੀਅਤ ਦਾ ਮਾਰਗ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*

*ਅੰਗ- 827*

ਸਾਧਸੰਗਤ ਜੀ! ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ।' ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਸੋ ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ

ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ ਦੇ ਵਿਚ ਧਾਰਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਦੇ ਨਾਲ ਬਾਣੀ ਦੀ ਵਿਚਾਰ ਕਰਾਂਗੇ, ਉਸ ਵੇਲੇ ਸਾਨੂੰ ਸਤਿਸੰਗ 'ਚ ਆਉਣ ਦਾ ਪੂਰਾ-ਪੂਰਾ ਲਾਭ ਪ੍ਰਾਪਤ ਹੋਏਗਾ। ਸਤਿਸੰਗ ਇਕ ਚਾਟਸਾਲ ਹੋਇਆ ਕਰਦੀ ਹੈ, ਜਿਹਨੂੰ ਸਕੂਲ ਕਹਿੰਦੇ ਨੇ, ਵਿਦਿਆਲਿਆ ਕਹਿੰਦੇ ਨੇ। ਇਸ ਦੀ ਪ੍ਰਾਪਤੀ ਤੋਂ ਬਗੈਰ ਆਦਮੀ ਤਰਿਆ ਨਹੀਂ ਕਰਦਾ। ਸਭ ਤੋਂ ਵੱਡਾ ਸਾਧਨ ਸਤਿਸੰਗ ਹੋਇਆ ਕਰਦਾ ਹੈ। ਜੋ ਮੁੱਖ ਦਰਵਾਜ਼ਾ ਹੈ। ਚਾਰ ਗੇਟ ਮਹਾਂਪੁਰਸ਼ਾਂ ਨੇ ਗਿਣੇ ਨੇ ਪ੍ਰਮੇਸ਼ਰ ਦੇ ਦੁਆਰੇ ਦੇ, ਜਿਨ੍ਹਾਂ 'ਚੋਂ ਵੱਡਾ ਗੇਟ ਜਿਹਦੇ 'ਚੋਂ ਦਾਖਲ ਹੋਈਦਾ ਹੈ, ਉਹ ਸਤਿਸੰਗ ਹੈ। ਇਹ ਸਤਿਸੰਗ ਭਾਗਾਂ ਤੋਂ ਬਿਨਾਂ ਲੱਭਿਆ ਨਹੀਂ ਕਰਦਾ। ਪੁੰਨ ਕਰਮ ਜਾਗਣ ਤਾਂ ਸਤਿਸੰਗ ਪ੍ਰਾਪਤ ਹੁੰਦਾ ਹੈ। ਸੋ ਇਕ ਦਿਨ ਪਹਿਲਾਂ ਮੈਂ ਜੋ ਬੇਨਤੀ ਕਰ ਰਿਹਾ ਸੀ ਬੜੇ ਵਿਸਥਾਰ ਦੇ ਨਾਲ ਵਿਚਾਰ ਕੀਤੀ ਸੀ ਕਿ ਆਦਮੀ ਬੜੀਆਂ ਹੀ ਜੂਨੀਆਂ 'ਚੋਂ ਲੰਘ ਕੇ ਮਨੁੱਖ ਜੂਨੀ ਵਿਚ ਆਉਂਦਾ ਹੈ-

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*** ***ਅੰਗ - 12***

ਉਹ ਵਾਰੀ ਮਿਲ ਗਈ ਇਸ ਨੂੰ, ਜਿਹਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋਣਾ ਹੈ। ਇਕ ਤਾਂ ਉਹ ਨੇ ਜਿਹੜੇ ਵਾਰੀ ਗੁਆ ਬੈਠਦੇ ਨੇ। ਨਹਿਰ ਦੀ ਵਾਰੀ ਹੋਵੇ, ਧਾਨਾਂ ਦੇ ਵਿਚ ਤਰੇੜਾਂ ਫਟ ਚੁੱਕੀਆਂ ਹੋਣ ਤੇ ਜੇ ਕੋਈ ਖਾਲ੍ਹਾ ਸੰਵਾਰਨ ਤੋਂ ਬਾਅਦ ਉਥੇ ਨਸ਼ਾ ਲੈ ਕੇ ਸੌਂ ਜਾਵੇ ਤਾਂ ਜਿਹੜਾ ਅਗਲੀ ਵਾਰੀ ਵਾਲਾ ਹੈ ਉਹਨੇ ਤਾਂ ਪਾਣੀ ਆਪਣੇ ਹਿਸਾਬ ਨਾਲ ਕੱਟ ਲੈਣਾ ਹੈ। ਜੇ ਪਹਿਲਾਂ ਅਗਲੇ ਨਾਲ ਲੜੇ ਫੇਰ ਉਹਦੀ ਗਲਤੀ ਹੈ, ਭਾਈ ਪਿਆਰਿਆ! ਤੂੰ ਆਪਣੀ ਵਾਰੀ ਸੰਭਾਲਦਾ ਅਸੀਂ ਤਾਂ ਆਪਣੇ ਸਮੇਂ 'ਤੇ ਕੱਟੀ ਹੈ। ਪਹਿਲਾਂ ਪਾਣੀ ਤੇਰਾ ਕਿੱਥੇ ਪੈਂਦਾ ਰਿਹਾ, ਸਾਨੂੰ ਕੋਈ ਪਤਾ ਨਹੀਂ। ਸੋ ਇਸੇ ਤਰ੍ਹਾਂ ਦੇ ਨਾਲ ਸਾਡੀ ਵਾਰੀ ਆ ਗਈ ਵਾਹਿਗੁਰੂ ਨੂੰ ਮਿਲਣ ਦੀ। ਜੇ ਤਾਂ ਇਹਦੇ 'ਚੋਂ ਨਿਕਲ ਗਏ ਤਾਂ, ਤਾਂ ਸਭ ਕੁਛ ਜਿੱਤ ਲਿਆ ਫਤਹਿ ਕਰ ਲਿਆ। ਜੇ ਇਹਦੇ ਵਿਚ ਫਸੇ ਰਹਿ ਗਏ ਫੇਰ ਕੁਛ ਨਹੀਂ ਹੈ। ਬੜਾ ਭਾਰਾ ਭੁਲੇਖਾ ਹੈ ਆਦਮੀ ਦੇ ਮਨ ਦੇ ਅੰਦਰ ਕਿਉਂਕਿ ਇਕ ਪਾਸੇ ਮਾਇਆ ਦਾ ਬਹੁਤ ਵੱਡਾ ਖਲਾਰਾ ਹੈ, ਚਮਕ ਹੈ, ਦਮਕ ਹੈ, ਬੜਾ ਕੁਛ ਏਸਨੂੰ ਪ੍ਰਤੀਤ ਦਿੰਦਾ ਹੈ। ਇਕ ਪਾਸੇ ਉਹ ਰਸਤਾ ਹੈ ਜਿਹੜਾ ਨਜ਼ਰ ਆਉਂਦਾ ਨਹੀਂ ਹੈ। ਲੇਕਿਨ ਉਹਦੇ ਬਗੈਰ ਛੁਟਕਾਰਾ ਹੁੰਦਾ ਨਹੀਂ ਹੈ। ਦੇਖਣ ਨੂੰ ਕੋਈ ਚੀਜ਼ ਨਹੀਂ ਨਜ਼ਰ ਆਉਂਦੀ। ਲੇਕਿਨ ਉਸ ਤੋਂ ਬਗੈਰ ਛੁਟਦਾ ਵੀ ਨਹੀਂ ਹੈ। ਉਹ ਇਕ ਮਾਰਗ ਹੈ ਜਿਸ ਤਰ੍ਹਾਂ ਤੁਸੀਂ ਹੁਣੇ ਸੁਣਦੇ ਸੀ ਕਿ ਆਪਣਾ ਕੁਛ ਵੀ ਨਾ ਸਮਝੋ। ਉਹ ਨਿਰਲੇਪਤਾ ਦਾ ਮਾਰਗ ਹੈ, ਵੈਰਾਗ ਦਾ, ਵਿਵੇਕ ਦਾ। ਜਿਉਂਦਾ ਬੰਦਾ ਉਸੇ ਤਰ੍ਹਾਂ ਹੈ, ਜਿਵੇਂ ਉਹ ਜਿਉਂਦਾ ਹੈ, ਜਿਵੇਂ ਇਹ ਜਿਉਂਦਾ ਹੈ। ਇਹਦੇ ਵਿਚ ਵੀ ਕੋਈ ਆਦਮੀ ਐਸਾ ਨਹੀਂ ਹੈ, ਜਿਹੜਾ ਆਲਸੀ ਹੋ ਕੇ ਕਿਸੇ ਕੋਨੇ 'ਚ

ਬਹਿ ਜਾਵੇ। ਕੰਮ ਦੋਵੇਂ ਕਰਦੇ ਨੇ। ਲੇਕਿਨ ਮਨ ਦੇ ਅੰਦਰੋਂ ਫਰਕ ਹੈ ਦੋਹਾਂ ਦਾ। ਗੁਰੂ ਮਹਾਰਾਜ ਦਾ ਸਿਧਾਂਤ ਇਹ ਨਹੀਂ ਕਿ ਘਰ-ਬਾਰ ਛੱਡ ਕੇ ਚਲੇ ਜਾਓ। ਕਿਉਂਕਿ ਗੁਰੂ ਮਹਾਰਾਜ ਤੋਂ ਪਹਿਲਾਂ ਇਹ ਪ੍ਰਬਲ ਸਿਧਾਂਤ ਸੀ ਕਿ ਘਰ-ਬਾਰ ਛੱਡ ਦਿਓ, ਬਾਲ-ਬੱਚੇ ਛੱਡ ਦਿਓ, ਕਿਸੇ ਨਾਲ ਮਿਲੋ-ਜੁਲੋ ਨਾ। ਸੁਸਾਇਟੀ ਦੇ ਦੁੱਖਾਂ ਤੋਂ ਪਰ੍ਹੇ ਹੋ ਜਾਓ। ਲੇਕਿਨ ਗੁਰੂ ਮਹਾਰਾਜ ਨੇ ਕਿਹਾ ਇਹ ਰਸਤਾ ਨਹੀਂ ਭਾਈ। ਜਦੋਂ ਗੁਰੂ ਮਹਾਰਾਜ ਦੀ ਵਿਚਾਰ ਹੋਈ ਸਿੱਧਾਂ-ਨਾਥਾਂ ਨਾਲ ਇਸ ਮਸਲੇ ਦੇ ਉਤੇ ਜਾਂ ਉਨ੍ਹਾਂ ਸਾਧੂਆਂ ਨਾਲ ਮੇਲ ਹੋਇਆ ਜਿਹੜੇ ਘਰ-ਬਾਰ ਛੱਡ ਕੇ ਗ੍ਰਹਿਸਤੀ ਨੂੰ ਹੱਦ ਤੋਂ ਜ਼ਿਆਦਾ ਨੀਵਾਂ ਸਮਝਦੇ ਸੀ ਜਾਂ ਉਨ੍ਹਾਂ ਨਾਲ ਹੋਇਆ ਜਿਹੜੇ ਬੀਬੀਆਂ ਨੂੰ ਐਨਾ ਨੀਵਾਂ ਲੈ ਜਾਂਦੇ ਸੀ ਕਿ ਇਹ ਤਾਂ ਹੈ ਹੀ ਬੰਧਨ ਦਾ ਰੂਪ, ਇਹ ਮਾਇਆ ਦਾ ਰੂਪ ਹੈ। ਜੇ ਬੀਬੀਆਂ ਮਾਇਆ ਦਾ ਰੂਪ ਨੇ, ਫੇਰ ਬੀਬੀਆਂ ਵਾਸਤੇ ਆਦਮੀ ਵੀ ਮਾਇਆ ਦਾ ਰੂਪ ਹੋਏ। ਆਦਮੀ ਨੇ ਆਪਣੇ ਆਪ ਨੂੰ ਉੱਚਾ ਖਿੱਚ ਲਿਆ। ਮਹਾਰਾਜ ਕਹਿੰਦੇ, ਕਿਉਂ ਪਿਆਰਿਓ! ਕਿਉਂ ਤੁਸੀਂ ਗਲਤ ਗੱਲਾਂ ਕਰਦੇ ਹੋ। ਇਹ ਜਿਹੋ ਜਿਹੀ ਤੁਹਾਡੀ ਸੁਰਤ ਹੈ, ਉਹੋ ਜਿਹੀ ਬੀਬੀਆਂ ਦੀ ਸੁਰਤ ਹੈ, ਇਨ੍ਹਾਂ ਨੂੰ ਵੀ ਅਧਿਕਾਰ ਹੈ ਕਿ ਪ੍ਰਮੇਸ਼ਰ ਨੂੰ ਮਿਲ ਲੈਣ। ਜਿਹੋ ਜਿਹਾ ਤੁਹਾਨੂੰ ਉਹੋ ਜਿਹਾ ਇਨ੍ਹਾਂ ਨੂੰ। ਘਰ-ਬਾਰ ਛੱਡ ਕੇ ਤੁਸੀਂ ਫੇਰ ਇਨ੍ਹਾਂ ਦੇ ਅੱਗੇ ਹੱਥ ਅੱਡਦੇ ਹੋਂ। ਕਹਿੰਦੇ, ਗੋਰਖਨਾਥ! ਜੁਗਤ ਦੀ ਲੋੜ ਹੈ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ 2 ॥* *ਅੰਗ - 522*

ਜੁਗਤੀ ਦੀ ਲੋੜ ਹੈ, ਮਨ ਨੂੰ ਸੇਧ ਦੀ ਲੋੜ ਹੈ। ਦੋ ਤਰ੍ਹਾਂ ਦੇ ਮਨੁੱਖ ਨੇ। ਪੈਸਾ ਦੋਵੇਂ ਕਮਾਉਂਦੇ ਨੇ, ਇਕਨਾਂ ਨੂੰ ਪਤਾ ਹੈ ਕਿ ਅਸੀਂ ਪੈਸੇ ਦੀ ਸਹੀ ਵਰਤੋਂ ਕੀ ਕਰਨੀ ਹੈ, ਇਕਨਾ ਨੂੰ ਪਤਾ ਨਹੀਂ ਹੈ। ਉਹ ਉਹਦੇ ਵਿਚ ਮਸਤ ਹੋ ਜਾਂਦੇ ਨੇ। ਜ਼ਮੀਨ ਬਣਾ ਲਈ, ਹੋਰ ਮੁਰੱਬੇ ਬਣਾ ਲਏ, ਹੋਰ ਏਕੜਾਂ ਦੇ ਏਕੜ ਖਰੀਦ ਲਏ, ਬੇਅੰਤ ਬਿਜਨਸ ਹੈ ਆਲੇ-ਦੁਆਲੇ, ਪੈਟਰੋਲ ਪੰਪ ਲਾ ਲਏ, ਸ਼ਹਿਰ ਦੇ ਵਿਚ ਜਾਇਦਾਦਾਂ ਬਣਾ ਲਈਆਂ। ਉਹਦੇ ਵਿਚ ਹੀ ਮਸਤ ਹੋ ਗਏ। ਮਹਾਰਾਜ ਕਹਿੰਦੇ, ਜਿਹੜਾ ਮਸਤ ਹੋਣਾ ਹੈ ਨਾ, ਇਹੀ ਗੱਲ ਮਾੜੀ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ।*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ 1 ॥*
*ਅੰਗ - 14*

ਖਤਰਾ ਇਸ ਗੱਲ ਦਾ ਹੈ ਕਿ ਇਹਦੇ ਵਿਚ ਆਦਮੀ ਦੀ ਸੁਰਤੀ ਐਨੀ ਡੂੰਘੀ ਨਾ ਚਲੀ ਜਾਵੇ ਕਿ ਨਾਮ ਨੂੰ ਹੀ ਭੁੱਲ ਜਾਵੇ। ਨਾਮ ਦੇ ਮੁਕਾਬਲੇ ਦੇ ਉਤੇ ਜੋ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ ਜਿਹਦਾ ਜਿਥੋਂ ਤੱਕ ਧਰਤੀ ਹੈ ਉਥੇ ਤੱਕ ਰਾਜ ਹੋਵੇ। ਇਕ ਪਾਸੇ ਨਾਮ ਹੈ, ਨਾਮ ਦਾ ਮੁਕਾਬਲਾ ਕਰ ਹੀ ਨਹੀਂ ਸਕਦਾ। ਕੋਈ ਕੀਮਤ ਪਾ ਹੀ ਨਹੀਂ ਸਕਦਾ। ਕਹਿੰਦੇ ਨੇ ਜਿਹੜੀ ਚੀਜ਼ ਨਾਮ ਨੂੰ ਭੁਲਾਉਂਦੀ ਹੈ ਉਹ ਚੀਜ਼ ਬੰਧਨ ਹੈ।

ਕਹਿੰਦੇ ਨੇ ਕਿ ਕੀ ਫੇਰ ਉਹਨੂੰ ਛੱਡ ਦੇਵੇ?

ਕਹਿੰਦੇ, ਛੱਡਦਾ ਤਾਂ ਨਹੀਂ ਹੈ, ਨਾ ਛੱਡਣਾ ਹੈ ਪਰ ਐਨਾ ਤਕੜਾ ਹੋ ਜਾਣਾ ਹੈ ਕਿ ਉਹਦੇ ਵਿਚ ਰਹਿੰਦਾ ਹੋਇਆ, ਗ੍ਰਹਿਸਤ 'ਚ ਰਹਿੰਦਾ ਹੋਇਆ, ਵਪਾਰ ਕਰਦਾ ਹੋਇਆ, ਖੇਤੀਬਾੜੀ ਕਰਦਾ ਹੋਇਆ, ਬੱਚਿਆਂ ਦੇ ਵਿਚ ਪਿਆਰ ਮਾਣਦਾ ਹੋਇਆ, ਆਪਣੇ ਨਿਸ਼ਾਨੇ ਨੂੰ ਨਾ ਭੁੱਲੇ, ਸ਼ੇਰ ਵਾਲੀ ਦ੍ਰਿਸ਼ਟੀ ਰੱਖੇ। ਇਕ ਕੁੱਤੇ ਵਾਲੀ ਦ੍ਰਿਸ਼ਟੀ ਹੁੰਦੀ ਹੈ ਇਕ ਸ਼ੇਰ ਵਾਲੀ।

ਗੁਰੂ ਨਾਨਕ ਪਾਤਸ਼ਾਹ ਨੇ ਇਕ ਪਹਾੜ ਦੇ ਰਾਜੇ ਨੂੰ ਦੱਸਿਆ ਸੀ ਕਿ ਰਾਜਨ! ਰਾਜ ਬੁਰਾ ਨਹੀਂ ਪਰ ਦ੍ਰਿਸ਼ਟੀ ਸ਼ੇਰ ਵਾਲੀ ਰੱਖ, ਕੁੱਤੇ ਵਾਲੀ ਨਾ ਰੱਖ।

ਕਹਿੰਦਾ, ਸੱਚੇ ਪਾਤਸ਼ਾਹ! ਮੇਰੀ ਸਮਝ 'ਚ ਨਹੀਂ ਆਇਆ? ਕੂਕਰ ਦੀ ਦ੍ਰਿਸ਼ਟੀ ਕੀ ਹੁੰਦੀ ਹੈ?

ਕਹਿੰਦੇ, ਕੂਕਰ ਦੇ ਇੱਟ ਮਾਰੋ, ਉਹ ਇੱਟ ਵਲ ਨੂੰ ਨੱਠ ਕੇ ਜਾਂਦਾ ਹੈ। ਮਾਰਨ ਵਾਲੇ ਨੂੰ ਨਹੀਂ ਦੇਖਦਾ। ਸ਼ੇਰ ਜਿਹੜਾ ਹੈ ਮਚਾਨ (ਉੱਚੀ ਥਾਂ) 'ਚ ਬੈਠ ਕੇ ਗੋਲੀ ਚਲਾ ਦਿਓ, ਦੂਰੋਂ ਦੇਖਦਾ ਹੈ ਕਿ ਕੀਹਨੇ ਚਲਾਈ ਹੈ, ਉਥੇ ਆ ਕੇ ਫੜਦਾ ਹੈ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਜਿੰਨਾਂ ਪਸਾਰਾ ਹੈ, ਮਾਇਆ ਹੈ। ਕੁੱਤਾ ਦ੍ਰਿਸ਼ਟੀ ਤਾਂ ਹੈ ਇਸ ਪਸਾਰੇ ਵਿਚ ਪਰਚੇ ਰਹਿਣਾ। ਮੇਰੇ ਬੱਚੇ, ਮੇਰੀ ਜ਼ਮੀਨ, ਮੇਰਾ ਘਰ, ਮੇਰਾ ਭਾਈਚਾਰਾ, ਮੇਰਾ-ਮੇਰਾ ਕਰਦਾ ਹੀ ਫਸਿਆ ਰਹਿੰਦਾ ਹੈ। ਜਿਹੜਾ ਸ਼ੇਰ ਦ੍ਰਿਸ਼ਟੀ ਵਾਲਾ ਹੈ ਉਹ ਕਹਿੰਦਾ ਹੈ ਨਹੀਂ, ਇਹ ਸਾਰਿਆਂ ਦੇ ਪਿੱਛੇ ਜਿਹੜੀ ਸਭ ਤੋਂ ਕੀਮਤੀ ਚੀਜ਼ ਹੈ ਉਹ ਹੈ ਵਾਹਿਗੁਰੂ। ਮੇਰਾ ਵਾਹਿਗੁਰੂ ਹੈ। ਵਸਤੂਆਂ ਉਤੇ ਨਹੀਂ ਨਿਗ੍ਹਾ ਰੱਖਣੀ, ਇਹਨੂੰ ਬਣਾਉਣ ਵਾਲੇ ਉਤੇ ਨਿਗ੍ਹਾ ਰੱਖਣੀ ਹੈ। ਸੋ ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ – ***'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥'*** ਪਹਿਲਾਂ ਤਾਂ ਮੋਤੀਆਂ ਨਾਲ ਮੰਦਰ ਤੁਸੀਂ ਦੇਖੇ ਨਹੀਂ। ਰਤਨ ਲੱਗੇ ਹੋਣ ਕਰੋੜਾਂ ਰੁਪਏ ਦੇ, ਇਹ ਵੀ ਨਹੀਂ ਦੇਖਿਆ, ***'ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥'*** ਐਨੀਆਂ ਸੁਗੰਧੀਆਂ ਹੋਣ, ਮੀਲਾਂ 'ਤੇ ਬੰਦਾ ਜਾਂਦਾ ਦੇਖ ਲਵੇ ਕਿ ਫਲਾਣੇ ਥਾਂ ਤੋਂ ਸੁਗੰਧੀ ਆ ਰਹੀ ਹੈ। ਮਹਾਰਾਜ ਕਹਿੰਦੇ, ਦੇਖੋ ਇਹਦੇ 'ਚ ਖਤਰਾ ਇਹ ਹ੍ਹੈ ਕਿ ਕਿਤੇ ਭੁੱਲ ਨਾ ਜਾਈਂ। ਨਾਮ ਨੂੰ ਨਾ ਭੁੱਲ ਜਾਈਂ। ਦੂਜੇ ਪਾਸੇ ਭੋਗੀ ਬੰਦਿਆਂ ਦਾ ਜ਼ਿਕਰ ਕਰਦੇ

ਨੇ, ਮਹਾਰਾਜ ਕਹਿੰਦੇ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥*

*ਅੰਗ - 14*

ਝਿਲਮਿਲ-ਝਿਲਮਿਲ ਕਰਦੇ ਹੋਣ ਪਲੰਘ -

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ 2 ॥*

*ਅੰਗ - 14*

ਦੂਸਰੇ ਪਾਸੇ ਸੰਤਾਂ ਨੂੰ, ਸਾਧਾਂ ਨੂੰ ਖਬਰਦਾਰ ਕਰਦੇ ਨੇ। ਕਿਉਂਕਿ ਸਾਧੂ, ਸੰਤ ਅਸੀਂ ਬੜੀ ਛੇਤੀ ਨਾਂ ਧਰ ਲੈਂਦੇ ਹਾਂ ਕਿ ਫਲਾਣੇ ਸੰਤ.......। ਬਹੁਤ ਔਖਾ ਹੈ ਸੰਤ ਦਾ ਪਦ, ਸੰਤ ਤਾਂ ਇਕ ਅੱਧਾ ਹੀ ਹੁੰਦਾ ਹੈ। ਉਹਦੇ ਅਤੇ ਵਾਹਿਗੁਰੂ ਦੇ ਵਿਚ ਕੋਈ ਫਰਕ ਨਹੀਂ ਹੁੰਦਾ। ਪਹਿਲਾਂ ਪੂਰੇ ਵਿਸਥਾਰ 'ਤੇ ਇਸ ਬਾਰੇ ਵਿਚਾਰ ਹੋ ਚੁੱਕੀ ਹੈ। ਮਹਾਰਾਜ ਕਹਿੰਦੇ, ਜਿਹੜੇ ਰਿੱਧੀਆਂ-ਸਿੱਧੀਆਂ ਸ਼ਕਤੀਆਂ ਵਾਲੇ ਨੇ, ਇਨ੍ਹਾਂ ਨੂੰ ਥੋੜ੍ਹੀ ਤਾੜਨਾ ਕਰਦੇ ਨੇ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ- 14*

ਲੋਕ ਤਾਂਤੇ ਬੰਨ੍ਹ ਕੇ ਤੁਰੇ ਆਉਣ ਕਿ ਉਹਦੇ ਕੋਲ ਆਹ ਸ਼ਕਤੀ ਹੈ, ਉਹਦੇ ਕੋਲ ਆਹ ਸ਼ਕਤੀ ਹੈ। ਮਹਾਰਾਜ ਕਹਿੰਦੇ, ਦੇਖ ਸ਼ਕਤੀਆਂ ਨੂੰ ਅਸੀਂ ਮਾੜਾ ਨਹੀਂ ਕਹਿੰਦੇ। ਪਰ ਇਹਦੇ ਵਿਚ ਖਪ ਜਾਣਾ, ਪ੍ਰਮੇਸ਼ਰ ਨੂੰ ਭੁੱਲ ਜਾਣਾ ਬਿਲਕੁਲ ਮਾੜੀ ਚੀਜ਼ ਹੈ।

ਚੌਥੀ ਥਾਂ 'ਤੇ ਮਹਾਰਾਜ ਰਾਜਸੀ ਸ਼ਕਤੀ ਨੂੰ ਕਹਿੰਦੇ ਨੇ ਕਿ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥4॥1 ॥*

*ਅੰਗ- 14*

ਸੋ ਅਸਲੀ ਚੀਜ਼ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੋ ਪ੍ਰਮੇਸ਼ਰ ਦਾ ਨਾਮ ਸਾਰੀ ਸ੍ਰਿਸ਼ਟੀ 'ਚ ਰਮਿਆ ਹੋਇਆ, ਤੇਰੇ ਅੰਦਰ ਵੀ ਉਹਦੀ ਧੁਨ ਹਰ ਵਕਤ ਚਲਦੀ ਹੈ। ਉਹਨੂੰ ਨਾ ਕਿਤੇ ਭੁੱਲ ਜਾਈਂ। ਕਿਉਂਕਿ ਮਾਇਆ ਦਾ ਅਸਰ ਹੈ, ਮਾਇਆ ਦੇ ਵਿਚ ਜਿਹਦਾ ਮਨ ਭੁੱਲ ਗਿਆ, ਉਹਨੂੰ ਅੰਦਰ ਨਾਮ ਧੁਨ ਨਹੀਂ ਸੁਣਾਈ ਦਿੰਦੀ-

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥* *ਅੰਗ- 313*

ਸੋ ਮਹਾਰਾਜ ਕਹਿੰਦੇ, ਗੋਰਖਨਾਥ! ਗ੍ਰਹਿਸਤ ਦੀਆਂ ਚੀਜ਼ਾਂ ਨੂੰ ਅਸੀਂ ਮਾੜਾ ਨਹੀਂ ਕਹਿੰਦੇ। ਉਹਦੇ ਵਿਚ ਜੀਵ ਜਦੋਂ ਫਸ ਜਾਂਦਾ ਹੈ, ਉਹਨੂੰ ਮਾੜਾ ਕਹਿੰਦੇ ਹਾਂ। ਫਸਣਾ ਮਾੜੀ ਚੀਜ਼ ਹੈ।

ਕਹਿਣ ਲੱਗਿਆ, (ਗੁਰੂ) ਨਾਨਕ! ਤੁਹਾਡਾ ਵੀ ਅਜੀਬ ਫਲਸਫਾ ਹੈ ਜਦ ਆਦਮੀ ਉਹਦੇ ਵਿਚ ਰਹਿੰਦਾ ਹੋਵੇ, ਫੇਰ ਫਸੇ ਕਿਉਂ ਨਾ? ਕੋਈ ਤਰੀਕਾ ਹੈ? ਤੁਹਾਡੇ ਕੋਲ ਕਿਹੜੀ ਚੀਜ਼ ਹੈ ਜਿਹਦੇ ਨਾਲ ਤੁਸੀਂ ਫਸੇ ਹੋਏ ਸੰਸਾਰ ਨੂੰ ਕੱਢੋਂਗੇ।

ਮਹਾਰਾਜ ਕਹਿੰਦੇ, ਦੇਖ, ਜੇ ਸੰਸਾਰ ਛੱਡ ਵੀ ਦੇਈਏ, ਤਾਂ ਵੀ ਆਦਮੀ ਦੀ ਪਕੜ ਨਹੀਂ ਹਟਿਆ ਕਰਦੀ। ਸਾਧੂ ਬਣ ਗਿਆ, ਦੋ ਚੋਲੇ ਨੇ, ਇਕ ਚੋਲਾ ਕਿਸੇ ਨੇ ਚੁੱਕ ਲਿਆ, ਜਿਹੋ ਜਿਹਾ ਗ੍ਰਹਿਸਤੀ ਨੂੰ ਚੋਰੀ ਹੋਣ ਦਾ ਦੁੱਖ ਲੱਗੇਗਾ, ਉਹੋ ਜਿਹਾ ਇਹਨੂੰ ਲੱਗੇਗਾ। ਉਹਦਾ ਮਾਣ ਹੁੰਦਾ ਹੈ, ਕਿਸੇ ਨੇ ਬੇ-ਮਾਣ (ਨਿਰਾਦਰ) ਕਰ ਦਿਤਾ, ਜਿਹੋ ਜਿਹਾ ਗ੍ਰਹਿਸਤੀ ਨੂੰ ਦੁੱਖ ਲੱਗੇਗਾ, ਉਹੋ ਜਿਹਾ ਇਹਨੂੰ ਲੱਗੇਗਾ।

ਕਹਿੰਦੇ, ਗੋਰਖਨਾਥ! ਮਾਇਆ ਨਹੀਂ ਛੱਡੀ ਜਾ ਸਕਦੀ। ਮਾਇਆ 'ਚ ਤਾਂ ਚਾਹੇ ਘਰ-ਬਾਰ ਛੱਡ ਦੇ ਤਾਂ ਵੀ ਰਹਿਣਾ ਪੈਂਦਾ ਹੈ। ਚਾਹੇ ਘਰ-ਬਾਰ ਵਿਚ ਰਹਿ ਤਾਂ ਵੀ ਰਹਿਣਾ ਪੈਂਦਾ ਹੈ। ਗੱਲ ਅਸਲ 'ਚ ਇਹ ਹੈ ਕਿ ਪ੍ਰਮੇਸ਼ਰ ਦੀ ਸੋਝੀ ਹੋਣੀ ਚਾਹੀਦੀ ਹੈ।

ਕਹਿਣ ਲੱਗੇ, ਹੇ ਨਾਨਕ! ਤੁਸੀਂ ਕਿਸ ਤਰ੍ਹਾਂ ਦੇ ਨਾਲ ਭੁੱਲੇ ਹੋਏ ਸੰਸਾਰ ਨੂੰ ਤਾਰੋਗੇ? ਇਕ ਬੜਾ ਤਜਰਬਾ ਤੁਸੀਂ ਉਹ ਕਰ ਰਹੇ ਹੋਂ, ਜਿਹੜਾ ਪਹਿਲੇ ਆਚਾਰੀਆਂ ਨੇ ਕਰ-ਕਰ ਕੇ ਛੱਡਿਆ ਹੋਇਆ ਹੈ। ਤੁਹਾਡੇ ਕੋਲ ਕਿਹੜੀ ਚੀਜ਼ ਹੈ?

ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਸ਼ਬਦ ਹੈ, ਅੰਦਰ ਆਦਮੀ ਦੀ ਸੁਰਤ ਹੈ, ਸੁਰਤ ਨੂੰ ਅਸੀਂ ਸ਼ਬਦ ਦੇ ਨਾਲ ਜੋੜ ਦੇਵਾਂਗੇ। ਉਹ ਸ਼ਬਦ ਜਿਹੜਾ ਹੈ ਉਹ ਅਕਾਲ ਪੁਰਖ ਦੇ ਦਰ ਤੋਂ ਆਉਂਦਾ ਹੈ, ਸ਼ਬਦ ਨੇ ਸੁਰਤ ਨੂੰ ਫੜ ਕੇ ਜਿਵੇਂ ਬਾਜ ਆਪਣੇ ਸ਼ਿਕਾਰ ਨੂੰ ਪੰਜਿਆਂ 'ਚ ਫੜ ਕੇ ਲੈ ਕੇ ਉੱਡ ਜਾਂਦਾ ਹੈ, ਇਸ ਤਰ੍ਹਾਂ ਸ਼ਬਦ ਨੇ ਸੁਰਤ ਨੂੰ ਫੜ ਲੈਣਾ ਹੈ। ਅਸੀਂ ਸ਼ਬਦ ਸੁਰਤ ਦਾ ਮਾਰਗ ਲਿਆਂਦਾ ਹੈ। ਤਿਆਗ ਦਾ ਮਾਰਗ ਨਹੀਂ ਲਿਆਂਦਾ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਕਹਿੰਦੇ –

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ 1 ॥***

***ਅੰਗ- 14***

ਅਸਲੀ ਚੀਜ਼ ਨਾਮ ਹੈ। ਸੋ ਗੁਰੂ ਮਹਾਰਾਜ ਦਾ ਮਾਰਗ ਜਿਸਨੂੰ ਅਸੀਂ ਅਪਨਾਉਣਾ ਹੈ ਉਹ ਇਹ ਹੈ, ਆਪਾਂ ਸਾਰੇ ਜਿੰਨੇ ਬੈਠੇ ਹਾਂ, ਤਿਆਗੀ ਨਹੀਂ ਹੈਗੇ, ਘਰ-ਬਾਰ ਨੇ, ਖੇਤੀਆਂ, ਨੌਕਰੀਆਂ-ਚਾਕਰੀਆਂ,

ਵਣਜ ਵਪਾਰ ਕਰਦੇ ਹਾਂ। ਬਈ ਇਹ ਕਰਦੇ ਹੋਏ ਅਸੀਂ ਆਪਣੀ ਵਾਰੀ ਕਿਵੇਂ ਲੈ ਲਈਏ? ਵਾਰੀ ਹੈ -

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - 12***

ਮਹਾਰਾਜ ਕਹਿੰਦੇ, ਇਹਦੇ ਮੁਕਾਬਲੇ ਦੇ ਉਤੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ - 12***

worthless (ਫਜ਼ੂਲ) ਕੰਮ ਨੇ, ਜਿਹੜੇ ਬਾਕੀ ਤੂੰ ਕਰ ਰਿਹਾ ਹੈਂ, ਕੋਈ ਕੀਮਤ ਨਹੀਂ ਉਨ੍ਹਾਂ ਦੀ। ਉਹਦੇ ਵਿਚ ਹੀ ਭੁੱਲ ਗਿਆ ਤੂੰ? ਕਿੰਨੀ ਜ਼ਮੀਨ ਬਣਾ ਲਈ? ਦਸ ਮੁਰੱਬੇ, ਵੀਹ ਮੁਰੱਬੇ, ਸੌ ਮੁਰੱਬਾ, ਭੁੱਲ ਗਿਆ ਐਨੇ 'ਚ? ਇਹਨੂੰ ਕਿੱਥੇ ਲੈ ਜਾਏਂਗਾ ਚੁੱਕ ਕੇ, ਤੇਰੇ ਨਾਲ ਚਲੀ ਜਾਊਗੀ? ਇਹ ਤਾਂ ਇਥੇ ਹੀ ਰਹਿ ਜਾਣੀ ਹੈ। ਅੱਜ ਤੂੰ ਮਾਲਕ ਹੈਂ, ਕੱਲ੍ਹ ਨੂੰ ਕੋਈ ਹੋਰ ਮਾਲਕ ਹੈ, ਅਰਬਾਂ ਸਾਲ ਤੋਂ ਧਰਤੀ ਬਣੀ ਹੋਈ ਹੈ, 4 ਅਰਬ 32 ਕਰੋੜ ਸਾਲ ਉਮਰ ਹੈ ਧਰਤੀ ਦੀ। ਇਹਦੇ ਉਤੇ ਤਾਂ ਆਉਂਦੇ ਹੀ ਰਹਿਣੇ ਨੇ, ਕਦੇ ਕੋਈ ਆ ਗਏ, ਕਦੇ ਕੋਈ ਆ ਗਏ। ਅਸੀਂ ਵਿਚ ਅਨਾਜ ਬੀਜਦੇ ਰਹਿਣਾ ਹੈ। ਕਦੇ ਬੰਜਰ ਬਣ ਜਾਂਦੀ ਹੈ, ਕਦੇ ਜੰਗਲ ਬਣ ਜਾਂਦੇ ਨੇ। ਕਦੇ ਆਹ ਜਿੱਥੇ ਆਬਾਦੀ ਹੈ ਉਥੇ ਬੜੇ ਸਮੁੰਦਰ ਗਹਿਰੇ ਬਣ ਜਾਂਦੇ ਨੇ, ਸਮੁੰਦਰਾਂ ਦੇ ਵਿਚ ਆਬਾਦੀਆਂ ਬਣ ਜਾਂਦੀਆਂ ਨੇ। ਇਹਦੇ ਵਿਚ ਕਿਉਂ ਫਸ ਗਿਆ। ਤੇਰੀ ਤਾਂ ਵਾਰੀ ਆਈ ਸੀ ਪ੍ਰਮੇਸ਼ਰ ਨੂੰ ਮਿਲਣ ਨੂੰ। ਇਹਦੇ ਵਿਚ ਉਲਝ ਕੇ ਸੰਸਾਰ ਤੋਂ ਖਾਲੀ ਹੱਥ ਚਲਿਆ ਗਿਆ। ਸੋ ਮਹਾਰਾਜ ਖਬਰਦਾਰ ਕਰਦੇ ਨੇ ਕਿ ਪਿਆਰਿਓ! ਦੇਖਿਓ! ਵਾਰੀ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੋਈ ਹੈ ਤੇ ਕਿਤੇ ਐਸਾ ਨਾ ਹੋਵੇ ਵਾਰੀ ਖੁੰਝ ਜਾਵੇ।

***ਧਾਰਨਾ - ਕਿਤੇ ਵਾਰੀ ਨਾ ਗਵਾ ਲਈਂ,***
***ਮਿਲ ਲੈ ਰਾਮ ਪਿਆਰੇ ਨੂੰ।***

ਹੁਣ ਵਾਰੀ ਆ ਗਈ ਆਪਣੀ, ਵਾਰੀ ਕਿਸ ਚੀਜ਼ ਦੀ ਹੈ? ਪ੍ਰਮੇਸ਼ਰ ਨੂੰ ਮਿਲ ਲਈਏ।

***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- 176***

ਦੋ ਰਸਤੇ ਵੱਡੇ ਨੇ ਜਿਨ੍ਹਾਂ ਦੇ ਉਤੇ ਆਪਾਂ ਵਿਚਾਰ ਕਰਨੀ ਹੈ ਕਿ ਕੋਈ ਤਰੀਕਾ ਹੈ? ਪਹਿਲਾਂ ਤਾਂ ਸਾਨੂੰ ਇਹ ਪਤਾ ਹੋਵੇ ਕਿ ਪ੍ਰਮੇਸ਼ਰ ਕਿੱਥੇ ਰਹਿੰਦਾ ਹੈ। ਫੇਰ ਉਹਦੇ ਰਸਤੇ ਦਾ ਪਤਾ ਹੋਵੇ। ਜਿੰਨਾਂ ਚਿਰ ਤੱਕ ਰਾਹ ਨਹੀਂ ਪਤਾ ਹੈ, ਓਨੀ ਦੇਰ ਤੱਕ ਨਹੀਂ ਮਿਲਦਾ। ਇਹਦੇ ਵਿਚ ਦੋ ਖਿਆਲ ਨੇ। ਇਕ ਖਿਆਲ ਤਾਂ ਇਹ ਹੈ ਕਿ ਰੱਬ ਸਾਡੇ ਤੋਂ ਲਾਂਭੇ ਹੋ ਕੇ ਬੈਠਾ ਹੈ, ਸੱਤਵੇਂ ਅਸਮਾਨ ਦੇ ਉਤੇ ਰਹਿੰਦਾ ਹੈ, ਦੂਰ ਰਹਿੰਦਾ ਹੈ ਸਾਡੇ ਤੋਂ। ਉਹ ਸਾਡੇ ਨਾਲ ਗੱਲ ਸਿੱਧੀ ਨਹੀਂ ਕਰਦਾ। ਗੱਲ ਕਰਨ ਵਾਸਤੇ ਉਹਨੇ ਖਾਸ ਫਰਿਸ਼ਤੇ ਰੱਖੇ ਹੋਏ ਨੇ। ਉਹ ਫਰਿਸ਼ਤਿਆਂ ਨੂੰ ਸੁਨੇਹਾ ਦਿੰਦਾ ਹੈ,

ਉਹਦੀ ਮਾਰਫਤ ਆਪਣੀ ਦੁਨੀਆਂ ਨਾਲ ਗੱਲ ਕਰਦਾ ਹੈ। ਇਕ ਖਿਆਲ ਐਸਾ ਹੈ ਕਿ ਰੱਬ ਨਾਲ ਰਹਿੰਦਾ ਹੈ, ਹਰ ਵੇਲੇ, ਕਿਤੇ ਵੀ ਦੂਰ ਨਹੀਂ ਜਾਂਦਾ। ਸੋ ਉਹਦੇ ਵਾਸਤੇ ਇਹ ਹੈ ਕਿ ਪ੍ਰਮੇਸ਼ਰ ਦੇ ਵਾਸਤੇ ਦੁੱਖ ਸਹੇ ਜਾਣ, ਕਰੜੇ ਤਪ ਕੀਤੇ ਜਾਣ। ਹੱਠ ਦੇ ਨਾਲ ਧੁੱਪਾਂ ਸਹੀਆਂ ਜਾਣ, ਪਾਣੀਆਂ ਦੇ ਵਿਚ ਬੈਠਿਆ ਜਾਵੇ, ਜਲ ਧਾਰੇ ਕੀਤੇ ਜਾਣ, ਭੁੱਖੇ ਰਿਹਾ ਜਾਵੇ। ਪੁੱਠੇ ਲਟਕਿਆ ਜਾਵੇ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤਾਂ ਨਹੀਂ ਮਿਲਣਾ –

*ਮਨਹਠਿ ਭੇਖ ਕਰਿ ਭਰਮਦੇ ਦੂਖੁ ਪਾਇਆ ਦੂਜੈ ਭਾਇ ॥*

*ਅੰਗ– 593*

ਇਹਦੇ ਨਾਲ ਦ੍ਵੈਤ ਦੂਰ ਨਹੀਂ ਹੁੰਦੀ, ਦੁਖ ਸਰੀਰ ਨੇ ਪ੍ਰਾਪਤ ਕਰਿਆ।

*ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥*

*ਅੰਗ – 39*

ਵੱਡੇ-ਵੱਡੇ ਬੰਦੇ ਉਪਾਅ ਕਰਕੇ ਥੱਕ ਗਏ ਲੇਕਿਨ ਰੱਬ ਨਾ ਮਿਲਿਆ –

*ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥*

*ਅੰਗ – 40*

ਦੂਜੇ ਜਿਹੜੇ ਅਕਲ ਦੀਆਂ ਗੱਲਾਂ ਕਰ ਰਹੇ ਨੇ ਕਿ ਰੱਬ ਇਥੇ ਹੈ, ਉਥੇ ਹੈ, ਮਹਾਰਾਜ ਕਹਿੰਦੇ ਇਸ ਤਰ੍ਹਾਂ ਨਹੀਂ। 'ਮਨਿ ਕੋਰੈ ਰੰਗੁ ਨ ਹੋਇ॥' ਸੋ ਇਸ ਤਰ੍ਹਾਂ ਦੇ ਨਾਲ ਰਾਜਾ ਜਿਹੜਾ ਹੈ ਆਪਣਾ ਮਨ ਹੈ, ਇਹ ਪ੍ਰਮੇਸ਼ਰ ਦੇ ਨਾਲ ਜੁੜ ਨਹੀਂ ਸਕਦਾ, ਮਿਲ ਨਹੀਂ ਸਕਦਾ। ਕਿਉਂਕਿ ਹੱਠ ਜਿਹੜਾ ਹੈ, ਮਹਾਰਾਜ ਕਹਿੰਦੇ, ਵੱਡੇ-ਵੱਡੇ ਹਠ ਕਰਕੇ ਹਾਰ ਗਏ, ਥੱਕ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਸਾਰੇ ਭਗਤਾਂ ਦੀ ਬਾਣੀ ਹੈ। ਇਹ ਬਾਣੀ ਪ੍ਰਵਾਨ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਚੜ੍ਹੀ ਹੈ, ਉਨ੍ਹਾਂ ਦੀ ਜਿਨ੍ਹਾਂ ਨੂੰ ਪ੍ਰਮੇਸ਼ਰ ਮਿਲ ਗਿਆ। ਉਨ੍ਹਾਂ ਦੇ ਵਿਚੋਂ ਇਕ ਇਸਲਾਮ ਨਾਲ ਸਬੰਧ ਰੱਖਣ ਵਾਲੇ ਬਾਬਾ ਫਰੀਦ ਸ਼ਕਰਗੰਜ ਜਿਸਨੂੰ ਕਹਿੰਦੇ ਸੀ ਤੇ ਈਰਾਨ ਦੇ ਰਹਿਣ ਵਾਲੇ ਸੀ, ਪੈਗੰਬਰ ਦੇ ਖਾਨਦਾਨ ਦੇ ਨਾਲ ਬੜਾ ਨੇੜੇ ਦਾ ਸਬੰਧ ਸੀ ਇਨ੍ਹਾਂ ਦਾ। ਬੜੇ ਰੱਬ ਦੇ ਪਿਆਰ ਕਰਨ ਵਾਲੇ, ਇਹ ਭਾਰਤ ਵਰਸ਼ ਵਿਚ ਆ ਗਏ। ਇਥੇ ਉਨ੍ਹਾਂ ਦੀ ਜੋ ਮਾਤਾ ਸੀ ਉਹ ਬਹੁਤ ਭਜਨ ਬੰਦਗੀ ਕਰਦੀ ਸੀ। ਉਹਦੇ ਮਨ ਵਿਚ ਇਹ ਖਿਆਲ ਸੀ ਕਿ ਮੇਰੀ ਕੁੱਖ ਤੋਂ ਕੋਈ ਐਸਾ ਬੱਚਾ ਜਨਮ ਨਾ ਲੈ ਲਵੇ, ਜਿਹੜਾ ਮੈਨੂੰ ਉਲਾਂਭੇ ਦਿਵਾਵੇ। ਕਿਉਂਕਿ ਸਾਰੇ ਧਰਮਾਂ ਦੇ ਅੰਦਰ ਮਾਂ ਨੂੰ ਉਲਾਭਾਂ ਬਹੁਤ ਜ਼ਬਰਦਸਤ ਮਿਲਦਾ ਹੈ। ਪੜ੍ਹ ਲਓ ਇਸ ਤਰ੍ਹਾਂ ਦੇ ਨਾਲ–

*ਧਾਰਨਾ – ਜੇ ਤੂੰ ਭਗਤ ਪੁੱਤਰ ਨਹੀਂ ਸੀ ਜੰਮਣਾ,*
*ਵਿਧਵਾ ਹੋ ਜਾਂਦੀ।*

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*

***ਬਿਧਵਾ ਕਸ ਨ ਭਈ ਮਹਤਾਰੀ ॥ 1 ॥ ਅੰਗ - 328***

ਜਿਸ ਕੁੱਲ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਨਾ ਪੈਦਾ ਹੋਵੇ, ਕਹਿੰਦੇ ਉਹ ਕੁਲ ਜਿਹੜੀ ਹੈ, ਨਿਰਾਰਥਕ ਹੈ, ਧੰਨਤਾ ਦੇ ਯੋਗ ਨਹੀਂ, ਪ੍ਰਵਾਨ ਨਹੀਂ ਹੈ। ਢੱਕ ਤੇ ਪਲਾਸ ਕੰਮ ਨਹੀਂ ਆਉਂਦੇ, ਇਹੋ ਜਿਹੀ ਕੁਲ ਹੋਇਆ ਕਰਦੀ ਹੈ। ਜਿਸ ਕੁਲ ਦੇ ਵਿਚ ਇਕ ਪ੍ਰਮੇਸ਼ਰ ਦਾ ਪਿਆਰਾ ਆ ਜਾਵੇ, ਉਹ ਕੁਲ ਤਰ ਜਾਇਆ ਕਰਦੀ ਹੈ। ਉਹਦੇ ਨੇੜੇ ਦੇ ਰਿਸ਼ਤੇਦਾਰ 24 ਕੁਲਾਂ ਦਾਦਕਿਆਂ ਦੀਆਂ, 20 ਕੁਲਾਂ ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ, 12 ਕੁਲਾਂ ਜਿੱਥੇ ਲੜਕੇ ਲੜਕੀ ਵਿਆਹੇ ਹੋਏ ਨੇ ਤੇ 10 ਕੁਲਾਂ ਜਿੱਥੇ ਭੈਣ ਵਿਆਹੀ ਹੋਈ ਹੈ ਤੇ ਅੱਠ ਕੁਲਾਂ ਜਿੱਥੇ ਮਾਸੀ ਹੁੰਦੀ ਹੈ। ਨੌਂ ਕੁਲਾਂ ਜਿਥੇ ਭੂਆ ਹੁੰਦੀ ਹੈ। 101 ਕੁਲ ਦਾ ਉਧਾਰ ਇਕ ਕੁਲ ਦੇ ਅੰਦਰ ਜੋ ਬ੍ਰਹਮਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਾ ਮਹਾਂਪੁਰਸ਼ ਆ ਜਾਵੇ, ਜਿਹਨੂੰ ਬ੍ਰਹਮਗਿਆਨੀ ਕਹਿੰਦੇ ਨੇ, 101 ਕੁਲਾਂ ਦਾ ਉਧਾਰ ਕਰ ਦਿੰਦਾ ਹੈ। ਇਹਦੇ ਮੁਕਾਬਲੇ ਦੇ ਅੰਦਰ ਜਿਸ ਕੁਲ ਦੇ ਅੰਦਰ ਸ਼ਰਾਬ ਪੀਣ ਵਾਲਾ ਆ ਜਾਵੇ, ਉਹ ਸੱਤ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਭੰਗ ਪੀਣ ਵਾਲਾ ਆ ਜਾਵੇ, ਉਹ ਆਪਣੇ ਤਨ ਦਾ ਨਾਸ਼ ਕਰ ਲੈਂਦਾ ਹੈ। ਤਮਾਕੂ ਖਾਣ ਤੇ ਪੀਣ ਵਾਲਾ ਆ ਜਾਵੇ 101 ਕੁਲ ਦਾ ਨਾਸ਼ ਕਰਦਾ ਹੈ, ਨਿੰਦਿਆ ਕਰਨ ਵਾਲਾ ਆ ਜਾਵੇ, ਕੁਲਾਂ ਨਾਸ਼ ਹੋਣ ਦੀ ਗਿਣਤੀ ਮਿਣਤੀ ਹੀ ਨਹੀਂ ਰਹਿੰਦੀ।

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ***
***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।***

ਕਹਿੰਦੇ ਜਿਹੜਾ ਤਮਾਕੂ ਦੀ ਭੋਰਾ ਕੁ ਵੀ ਵਰਤੋਂ ਕਰਦਾ ਹੈ, ਦੇਵਤੇ, ਫਰਿਸ਼ਤੇ ਉਸ ਥਾਂ ਦੇ ਉਤੇ ਨਹੀਂ ਆਇਆ ਕਰਦੇ, ਛੱਡ ਜਾਂਦੇ ਨੇ। ਜਿਹੜੇ ਸਾਡੇ ਬਜ਼ੁਰਗ ਸਵਰਗਾਂ 'ਚ ਬੈਠੇ ਹੋਏ ਸਾਡੇ ਵਲ ਚੰਗੀ ਨਿਗ੍ਹਾ ਰਖਦੇ ਨੇ, ਕਿਉਂਕਿ ਬਜ਼ੁਰਗ ਦੋਵੇਂ ਨਿਗ੍ਹਾ ਰਖਦੇ ਨੇ, ਮਾੜੀ ਨਿਗ੍ਹਾ ਵੀ ਬਜ਼ੁਰਗਾਂ ਦੀ ਹਰ ਵਕਤ ਰਹਿੰਦੀ ਹੈ, ਚੰਗੀ ਵੀ ਰਹਿੰਦੀ ਹੈ। ਜਿਹੜੇ ਸਵਰਗਾਂ 'ਚ ਚਲੇ ਗਏ, ਪੁੰਨ ਦਾਨ ਕਰਕੇ, ਨੇਕ ਕਮਾਈਆਂ ਕਰਕੇ, ਨਾਮ ਜਪ ਕੇ, ਸੇਵਾ ਕਰਕੇ, ਜਿਨ੍ਹਾਂ ਦੀ ਅਜੇ ਮੁਕਤੀ ਨਹੀਂ ਹੋਈ, ਅਜੇ ਤੱਕ ਹਉਮੈ ਦਾ ਨਾਸ਼ ਨਹੀਂ ਹੋਇਆ। ਉਨ੍ਹਾਂ ਨੂੰ ਸਵਰਗ ਮਿਲਿਆ ਕਰਦਾ ਹੈ ਜਾਂ ਮੁੜ ਕੇ ਮਨੁੱਖ ਜਾਮਾ ਮਿਲਿਆ ਕਰਦਾ ਹੈ। ਬਹੁਤ ਸੋਹਣੇ ਥਾਂ ਆ ਜਾਇਆ ਕਰਦੇ ਨੇ। ਉਹ ਜਿਹੜੇ ਸਵਰਗਾਂ 'ਚ ਬੈਠੇ ਨੇ ਉਨ੍ਹਾਂ ਦਾ ਸਬੰਧ ਸਾਡੇ ਨਾਲ ਜੁੜਿਆ ਰਹਿੰਦਾ ਹੈ, ਪਰਿਵਾਰ ਵਲ ਨਿਗ੍ਹਾ ਰਖਦੇ ਨੇ, ਉਨ੍ਹਾਂ 'ਚ ਸ਼ਕਤੀ ਸਾਡੇ ਨਾਲੋਂ ਜ਼ਿਆਦਾ ਹੋਣ ਕਰਕੇ, ਸਾਡੇ ਉਤੇ ਔਕੜਾਂ ਆਉਂਦੀਆਂ ਨੇ, ਉਹ ਰੋਕ ਦਿੰਦੇ ਨੇ। ਵਿਘਨਾਂ ਤੋਂ ਬਚਾ ਦਿੰਦੇ ਨੇ। ਜੇ ਉਸੇ ਕੁਲ ਵਿਚ ਕੋਈ ਤਮਾਕੂ ਪੀਣ ਵਾਲਾ ਆ ਜਾਵੇ। ਉਹ ਉਸੇ ਵੇਲੇ

ਆ ਜਾਂਦੇ ਨੇ, ਉਸੇ ਵੇਲੇ ਬੇਦਾਵਾ ਦੇ ਦਿੰਦੇ ਨੇ ਕਿ ਸਾਡਾ ਕੋਈ ਤੁਅੱਲਕ ਨਹੀਂ ਇਹਦੇ ਨਾਲ। ਦੂਸਰੇ ਪਾਸੇ ਜਿਹੜੇ ਬਜ਼ੁਰਗ ਭੂਤ ਪ੍ਰੇਤ ਬਣ ਜਾਂਦੇ ਨੇ, ਉਹ ਕੌੜੀ ਨਿਗ੍ਹਾ ਰਖਦੇ ਨੇ, ਆਪਣੇ ਪਰਿਵਾਰ 'ਤੇ, ਨਾਲ ਉਨ੍ਹਾਂ ਨੂੰ ਕਹਿੰਦੇ ਨੇ ਕਿ ਸਾਡੀ ਗਤੀ ਕਰਾਓ। ਭਾਈ! ਤੁਸੀਂ ਜੀਉਂਦੇ-ਜੀਉਂਦੇ ਹੀ ਕਰ ਲੈਂਦੇ, ਜਦੋਂ ਸਾਧੂ, ਸੰਤ ਹਾਕਾਂ ਮਾਰਦੇ ਸੀ। ਉਸ ਵੇਲੇ ਕਿੱਥੇ ਗਏ ਹੋਏ ਸੀ? ਜਦ ਤਾਂ ਸੁਣਿਆ ਨਹੀਂ, ਮੈਂ ਜੀ ਆਪਣਾ ਪੋਤਾ ਮਾਰ ਦਿਤਾ ਜੀ, ਮੈਂ ਆਪਣੇ ਪੁੱਤਰ ਦੀਆਂ ਮੱਝਾਂ ਮਾਰ ਦਿਤੀਆਂ, ਬਲਦ ਮਾਰ ਦਿਤੇ, ਮੈਂ ਐਕਸੀਡੈਂਟ ਕਰਾ ਦਿਤਾ, ਮੈਂ ਫਲਾਣਾ ਕਰਾ ਦਿਤਾ, ਇਹੋ ਜਿਹੀਆਂ ਗੱਲਾਂ ਉਨ੍ਹਾ ਦੇ ਮੂੰਹ ਤੋਂ ਸੁਣੀਆਂ ਜਾਂਦੀਆਂ ਨੇ। ਉਹ ਕਰੋਪ ਦੀ ਨਿਗ੍ਹਾ 'ਚ ਰਹਿੰਦੇ ਨੇ।

ਇਕ ਮਾਈ ਆਈ ਮੇਰੇ ਕੋਲ, ਇਕ ਬੀਬੀ ਸੀ ਕੋਈ ਪੜ੍ਹੀ ਲਿਖੀ, ਗੌਰਮਿੰਟ ਸਰਵਿਸ 'ਚ ਲੱਗੀ ਹੋਈ, ਉਹਦੇ ਵਿਚ ਬੋਲਣ ਲੱਗ ਗਈ। ਮੈਂ ਕਿਹਾ, ਮਾਈ! ਤੂੰ ਇਹਨੂੰ ਕਿਉਂ ਤੰਗ ਕਰਦੀ ਹੈਂ। ਕਹਿੰਦੇ, ਬਾਬਾ ਜੀ! ਤੰਗ ਨਾ ਕਰਾਂ, ਮੈਂ ਇਹਦੀ ਪੜਦਾਦੀ ਸੱਸ ਹਾਂ। ਨਾ ਮੇਰੇ ਪੁੱਤਰਾਂ ਨੇ, ਨਾ ਪੋਤਿਆਂ ਨੇ ਮੇਰੀ ਗਤੀ ਨਹੀਂ ਕਰਾਈ। ਮੈਂ ਦੁਖੀ ਹੁੰਦੀ ਫਿਰਦੀ ਹਾਂ, ਮੈਂ ਕਿਹਾ ਫੇਰ? ਕਹਿੰਦੀ ਮੈਂ ਤਿੰਨ ਪੋਤੇ ਮਾਰ ਚੁੱਕੀ ਹਾਂ ਹੁਣ ਤੱਕ। ਇਨ੍ਹਾਂ ਨੂੰ ਕਹਿੰਦੀ ਸੁੱਝਦਾ ਹੀ ਨਹੀਂ। ਇਹਨੂੰ ਮੈਂ ਹੀ ਲੈ ਕੇ ਆਈ ਹਾਂ। ਮੈਂ ਕਿਹਾ, ਕਮਾਲ ਹੈ, ਤੇਰੇ ਵੇਲੇ ਕੋਈ ਸਾਧੂ, ਮਹਾਂਪੁਰਸ਼, ਸੰਤ ਨਹੀਂ ਸੀ? ਕੋਈ ਸਤਿਸੰਗ ਨਹੀਂ ਸੀ ਹੁੰਦਾ? ਕਹਿੰਦੀ, ਹੁੰਦੇ ਸੀ, ਅਸੀਂ ਜਾਂਦੇ ਹੀ ਨਹੀਂ ਸੀ। ਫੇਰ ਮੈਂ ਕਿਹਾ, ਹੁਣ ਇਹਦੇ ਮਗਰ ਕਿਉਂ ਪਈ ਹੈਂ?

ਖੈਰ, ਐਸੀਆਂ ਬਾਤਾਂ ਆਮ ਹੀ ਸੁਣਨ, ਦੇਖਣ 'ਚ ਆਉਂਦੀਆਂ ਨੇ। ਸੋ ਦੇਵਤੇ ਤੇ ਪਿੱਤਰ ਛੱਡ ਜਾਂਦੇ ਨੇ। ਕਿਉਂ? ਕਹਿੰਦੇ, ਤਮਾਕੂ ਵਾਲੇ ਦੇ ਹੱਥੋਂ ਪਾਣੀ ਲੈ ਕੇ ਪੀਣਾ, ਜਿਹੋ ਜਿਹੀ ਸ਼ਰਾਬ ਪੀ ਲਈ, ਉਹੋ ਜਿਹਾ ਪਾਣੀ ਪੀ ਲਿਆ। ਤਾਂ ਫੇਰ ਸ਼ਰਾਬ ਵਾਲਾ ਤਾਂ ਬਹੁਤਾ ਹੀ ਮਾੜਾ ਹੋਇਆ। ਕਹਿੰਦੇ, ਸ਼ਰਾਬ ਵਾਲਾ ਜਿਹੜਾ ਹੈ, ਸੱਤ ਕੁਲਾਂ ਦਾ ਨਾਸ਼ ਕਰਦੀ ਹੈ ਸ਼ਰਾਬ। ਸੌ ਕੁਲ ਦਾ ਨਾਸ਼ ਕਰਦਾ ਹੈ ਤਮਾਕੂ ਵਰਤਣ ਵਾਲਾ। ਕਹਿੰਦੇ ਨਿੰਦਕ ਤੇ ਤਮਾਕੂ ਪੀਣ ਵਾਲਾ ਤੇ ਸ਼ਰਾਬ ਪੀਣ ਵਾਲਾ, ਮਾਤਾ! ਪੁੱਤਰ ਪੈਦਾ ਕਰਦੀ ਹੈਂ, ਤੈਨੂੰ ਤਾਂ ਉਲਾਂਭਾ ਮਿਲਦਾ ਹੈ। 'ਜਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥' ਵਿਧਵਾ ਕਿਉਂ ਨਾ ਹੋ ਗਈ। ਦੂਜੇ ਪਾਸੇ ਜਿਹੜੀਆਂ ਮਾਵਾਂ ਪ੍ਰਮੇਸ਼ਰ ਦੇ ਲੜ ਲਾਉਂਦੀਆਂ ਨੇ, ਰੱਬ ਦੀ ਭਗਤੀ ਪੁੱਤਰਾਂ ਨੂੰ ਦਸਦੀਆਂ ਨੇ ਕਰਨ ਵਾਸਤੇ, ਸਤਿਸੰਗ 'ਚ ਲੈ ਕੇ ਜਾਂਦੀਆਂ ਨੇ, ਚੰਗੀ ਸਿੱਖ ਮੱਤ ਦਿੰਦੀਆਂ ਨੇ। ਉਨ੍ਹਾਂ ਬਾਰੇ ਕੀ ਹੈ? ਕਹਿੰਦੇ –

***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ 2 ॥***

***ਅੰਗ – 488***

ਉਹ ਮਾਵਾਂ ਧੰਨ ਨੇ, ਇਥੇ ਵੀ ਧੰਨ, ਦਰਗਾਹ ਵਿਚ ਵੀ ਉਨ੍ਹਾਂ ਨੂੰ ਧੰਨ-ਧੰਨ ਕਹਿੰਦੇ ਨੇ। ਕੁਲਾਂ ਦਾ ਉਧਾਰ ਕਰ ਦਿੰਦੀ ਹੈ ਮਾਤਾ। ਐਸਾ ਪੁੱਤਰ ਆਇਆ, ਜਿਸ ਨੇ ਸਾਰੀਆਂ ਕੁੱਲਾਂ ਦਾ ਉਧਾਰ ਕਰ ਦਿਤਾ। ਸੋ ਇਨ੍ਹਾਂ ਗੱਲਾਂ ਨੂੰ ਬਾਬਾ ਫਰੀਦ ਦੀ ਮਾਤਾ ਅੱਛੀ ਤਰ੍ਹਾਂ ਜਾਣਦੀ ਸੀ। ਉਹ ਕਹਿੰਦੀ ਸੀ, ਐਸਾ ਬੱਚਾ ਮੇਰੀ ਕੁੱਖ ਤੋਂ ਜਨਮ ਨਾਂਹ ਲਵੇ, ਜਿਹੜਾ ਨਾਸਤਕ ਹੋਵੇ, ਬੇਮੁਖ ਹੋਵੇ। ਪ੍ਰਮੇਸ਼ਰ ਨੂੰ ਮੰਨਣ ਵਾਲਾ ਨਾ ਹੋਵੇ। ਉਸ ਦੇ ਤਿੰਨ ਪੁੱਤਰ ਸੀ, ਛੋਟਾ ਸੀ ਬਾਬਾ ਫਰੀਦ, ਪੰਜ ਸਾਲ ਦੀ ਉਮਰ ਵਿਚ ਸਾਰਾ ਕੁਰਾਨ ਸ਼ਰੀਫ ਯਾਦ ਕਰਵਾ ਦਿਤਾ। ਐਸਾ ਦਿਮਾਗ ਸੀ, ਜ਼ਿਹਨ ਸੀ ਉਹਦਾ ਕਿਉਂਕਿ ਬਹੁਤ ਬੱਚੇ ਐਸੇ ਹੁੰਦੇ ਨੇ ਕਿ ਜਿਨ੍ਹਾਂ ਦੇ ਇੱਕ ਵਾਰੀ ਪੜ੍ਹੀ ਹੋਈ ਗੱਲ ਮੁੜ ਨਹੀਂ ਭੁੱਲਦੀ।

ਸਾਡੇ ਹੀ ਭਾਰਤ ਦੇ ਅੰਦਰ ਇਕ ਲਾਲਾ ਹਰਦਿਆਲ ਹੁੰਦਾ ਸੀ, ਕਿਤਾਬ ਪੜ੍ਹ ਲੈਣੀ, ਸਾਰੀ ਯਾਦ ਹੋ ਜਾਣੀ। ਮੈਂ ਅਮਰੀਕਾ 'ਚ ਦੇਖਿਆ ਇਕ ਬੱਚਾ ਭਾਰਤ ਦਾ ਸੀ, ਉਹਦੇ ਅੰਗ੍ਰੇਜ਼ੀ ਦੀ ਡਿਕਸ਼ਨਰੀ ਸਾਰੀ ਹੀ ਜ਼ੁਬਾਨੀ ਯਾਦ। ਫਸਟ ਆਇਆ ਅਮਰੀਕਾ ਦੇ ਵਿਚ ਸਪੈਲਿੰਗਾਂ ਦੇ ਵਿਚ। ਸਾਰੀਆਂ ਯੂਨੀਵਰਸਿਟੀਆਂ ਚਿੱਠੀਆਂ ਲਿਖਣ ਉਹਨੂੰ ਕਿ ਅਸੀਂ ਪੜ੍ਹਾਈ ਮੁਫਤ ਕਰਾਵਾਂਗੇ ਇਹਨੂੰ। ਕੰਪਿਉਟਰਾਂ ਵਰਗੇ ਦਿਮਾਗ ਨੇ।

ਗੁਰੂ ਅੱਠਵੇਂ ਪਾਤਸ਼ਾਹ ਮਹਾਰਾਜ ਦੇ ਬੇਅੰਤ ਬਾਣੀ ਯਾਦ ਸੀ ਅਰ ਐਨੇ ਅਰਥਾਂ ਦੀ ਸੋਝੀ ਸੀ ਪੰਜ ਸਾਲ ਦੀ ਉਮਰ 'ਚ ਆਪ ਨੂੰ। ਇਕ ਵਾਰੀ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਦੇ ਹਜ਼ੂਰ ਬੇਨਤੀ ਹੋਈ ਕਿ ਮਹਾਰਾਜ! ਦੋਵੇਂ ਸਾਹਿਬਜ਼ਾਦੇ ਆਪ ਦੇ ਬੜੇ ਲਾਇਕ ਲਗਦੇ ਨੇ। ਕ੍ਰਿਪਾ ਕਰਕੇ ਸਾਨੂੰ ਇਹ ਤਾਂ ਦੱਸੋ ਕਿ ਗੁਰਗੱਦੀ ਦੇ ਕਾਬਲ ਕਿਹੜਾ ਹੈ। ਦੋਹਾਂ ਵਿਚੋਂ ਜ਼ਿਆਦਾ ਪ੍ਰਮੇਸ਼ਰ ਦੇ ਨੇੜੇ ਕਿਹੜਾ ਹੈ? ਮਹਾਰਾਜ ਕਹਿੰਦੇ, ਛੋਟਾ ਹੈ। ਵੱਡਾ ਨਹੀਂ ਹੈ। ਕਹਿੰਦੇ, ਨਿਸ਼ਾਨੀ? ਕਹਿੰਦੇ, ਜਿਸ ਪਲੰਘ 'ਤੇ ਬੈਠ ਕੇ, ਜਿਸ ਚੌਂਕੀ 'ਤੇ ਬੈਠ ਕੇ ਇਹ ਬੰਦਗੀ ਕਰਦੇ ਹੋਣਗੇ। ਤੁਸੀਂ ਸੂਈ ਲੈ ਕੇ ਉਹਦੇ ਪਾਵਿਆਂ 'ਚ ਖੋਭ ਦਿਉ। ਜਿਹਦੇ ਪਾਵੇ 'ਚ ਖੁੱਭ ਗਈ, ਸਮਝ ਜਾਓ, ਲੱਕੜੀ ਵੀ ਨਰਮ ਕਰ ਦਿਤੀ ਉਸ ਨੇ। ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੀ ਚੌਂਕੀ 'ਚ ਜਾ ਕੇ ਸੂਈ ਖੋਭੀ, ਇਸ ਤਰ੍ਹਾਂ ਚਲੀ ਗਈ ਜਿਵੇਂ ਮੋਮ 'ਚ ਜਾਂਦੀ ਹੈ। ਮਹਾਰਾਜ ਨੇ ਇਕ ਹੋਰ ਗੱਲ ਕਹੀ ਕਿ ਉਹਦੇ ਸੂਈ ਚੋਭ ਕੇ ਦੇਖ ਲਓ, ਜਦੋਂ ਬੰਦਗੀ ਕਰਦੇ ਹੋਣ। ਇਨ੍ਹਾਂ ਨੂੰ ਕੋਈ ਪਤਾ ਨਹੀਂ ਹੁੰਦਾ।

ਸੋ ਇਸ ਤਰ੍ਹਾਂ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਗੱਦੀ 'ਤੇ ਬੈਠਣ ਤੋਂ ਪਹਿਲਾਂ-ਪਹਿਲਾਂ, ਸਾਰਾ ਹੀ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਯਾਦ ਸੀ। ਉਹ ਤਾਂ ਆਪਾਂ ਇਸ ਤਰ੍ਹਾਂ ਕਹਿ ਦੇਵਾਂਗੇ ਕਿ ਉਹ ਧੁਰ ਤੋਂ ਆਏ ਹੋਇਆਂ ਦੀਆਂ ਨਿਸ਼ਾਨੀਆਂ ਨੇ। ਬਾਬਾ ਫਰੀਦ ਦੇ ਸਾਰਾ ਕੁਰਾਨ ਸਰੀਫ ਜ਼ੁਬਾਨੀ ਯਾਦ ਸੀ। ਮਾਤਾ ਪੰਜ ਨਮਾਜ਼ਾਂ ਪੜ੍ਹਿਆ ਕਰਦੀ ਸੀ, ਜ਼ਕਾਤ

ਦਿੰਦੀ ਸੀ। ਰੋਜ਼ੇ ਰਖਦੀ ਸੀ, ਹੋਰ ਵੀ ਅਨੇਕ  ਕਰਮ ਕਰਦੀ ਸੀ।

ਇਕ ਵਾਰੀ ਬਾਬਾ ਫਰੀਦ ਜੀ, ਮਾਤਾ ਦੇ ਨਾਲ ਛੋਟਾ ਬੱਚਾ ਪਿਆ। ਰਾਤ ਨੂੰ ਚੋਰ ਆ ਗਿਆ। ਬਾਬਾ ਜੀ ਨੇ ਕਿਹਾ, ਮਾਂ, ਕਹਿੰਦੇ ਚੋਰ ਹੈ। ਕਹਿੰਦੀ ਕੋਈ ਗੱਲ ਨਹੀਂ ਆਪਣਾ ਕੁਛ ਨਹੀਂ ਲਿਜਾ ਸਕਦਾ ਇਹ। ਚੋਰ ਨੇ ਸਮਾਨ ਬੰਨ੍ਹ ਲਿਆ। ਮੁੜ ਕੇ ਦਰਵਾਜ਼ਾ ਨਾ ਲੱਭੇ, ਅੰਨਾ ਹੋ ਗਿਆ। ਦੀਵਾਰ ਦੇ ਨਾਲ ਲੱਗ ਕੇ ਬੈਠ ਗਿਆ, ਦਿਨ ਚੜ੍ਹ ਗਿਆ। ਬਾਬਾ ਫਰੀਦ ਵੀ ਉਠ ਖੜ੍ਹੇ ਤੇ ਚੋਰ ਉਥੇ ਬੈਠਾ ਹੈ। ਮਾਤਾ ਜੀ ਕਹਿਣ ਲੱਗੇ, ਕੀ ਗੱਲ ਭਾਈ! ਤੂੰ ਇਥੇ ਬੈਠਾ ਹੈ, ਸਮਾਨ ਬੰਨ੍ਹੀਂ? ਕਹਿਣ ਲੱਗਿਆ, ਮਾਤਾ! ਮੇਰੇ 'ਤੇ ਕ੍ਰਿਪਾ ਕਰ, ਮੈਂ ਭੁੱਲ ਕੇ ਆ ਗਿਆ ਤੇਰੇ ਘਰ, ਮੈਂ ਤਾਂ ਅੰਨ੍ਹਾ ਹੋ ਗਿਆ। ਹੁਣ ਮੈਨੂੰ ਦਿਸਦਾ ਨਹੀਂ, ਮੈਨੂੰ ਕੋਈ ਰਸਤਾ ਦਿਖਾ ਦਿਓ, ਮੇਰੀਆਂ ਅੱਖਾਂ ਠੀਕ ਕਰ ਦਿਓ।

ਉਸ ਵੇਲੇ ਬਾਬਾ ਫਰੀਦ ਦੇ ਮਨ 'ਤੇ ਬੜਾ ਗਹਿਰਾ ਅਸਰ ਹੋਇਆ। ਉਹਦੇ ਮਨ ਵਿਚ ਪ੍ਰਤੀਤ ਆ ਗਈ, ਮਾਤਾ ਦੇ ਬਚਨ 'ਤੇ ਕਿ ਮੇਰੀ ਮਾਤਾ ਜਿਹੜੀ ਹੈ ਉਹ ਬਹੁਤ ਉੱਚੀ ਹੈ। ਉਹਦੇ ਬਚਨ ਦੇ ਉਤੇ ਪ੍ਰਤੀਤ ਆ ਗਈ। ਪ੍ਰਤੀਤ ਵੱਡੀ ਚੀਜ਼ ਹੈ। ਗੁਰੂ ਦੇ ਉਤੇ ਪ੍ਰਤੀਤ, ਮਹਾਂਪੁਰਸ਼ਾਂ 'ਤੇ ਪ੍ਰਤੀਤ ਇਹ ਤਾਰ ਦਿਆ ਕਰਦੀ ਹੈ, ਭਜਨ ਕਰਨ ਵਿਚ ਸਹਾਇਤਾ ਕਰਿਆ ਕਰਦੀ ਹੈ -

***ਧਾਰਨਾ - ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ।***

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- 283***

ਭਰੋਸਾ, ਪ੍ਰਤੀਤ, ਯਕੀਨ, faith ਇਕੋ ਚੀਜ਼ ਦੇ ਨਾਮ ਨੇ। ਜਿੰਨਾਂ ਚਿਰ ਹਿਰਦੇ 'ਚ ਪ੍ਰਤੀਤ ਨਹੀਂ ਆਉਂਦੀ, ਓਨਾਂ ਚਿਰ ਇਸ ਰੂਹਾਨੀ ਰਸਤੇ 'ਤੇ ਚੱਲ ਹੀ ਨਹੀਂ ਸਕਦਾ, ਰੂਹਾਨੀ ਰਾਹ 'ਤੇ। ਤਰਕ ਵਾਲਾ ਨਹੀਂ ਚਲਿਆ ਕਰਦਾ। ਪ੍ਰਤੀਤ, ਭਰੋਸੇ ਵਾਲਿਆਂ ਦੇ ਬੇੜੇ ਪਾਰ ਹੋ ਜਾਇਆ ਕਰਦੇ ਨੇ। ਸੋ ਸਭ ਤੋਂ ਪਹਿਲਾਂ ਪ੍ਰਤੀਤ ਵਾਹਿਗੁਰੂ ਦੇ ਉਤੇ ਹੋਣੀ  ਚਾਹੀਦੀ ਹੈ। ਜਿੰਨਾਂ ਚਿਰ ਵਾਹਿਗੁਰੂ 'ਤੇ ਪ੍ਰਤੀਤ ਨਹੀਂ ਆਉਂਦੀ, ਓਨਾਂ ਚਿਰ ਵਾਹਿਗੁਰੂ ਨਾਲ ਪਿਆਰ ਹੀ ਨਹੀਂ ਪੈਂਦਾ, ਨਾ ਸਾਨੂੰ ਸਮਝ ਪੈਂਦੀ ਹੈ ਕਿ ਰੱਬ ਹੈ ਕੀ? ਕਿੱਥੇ ਰਹਿੰਦਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਜੇ ਇਸ ਮਾਰਗ ਉਤੇ ਚਲਣਾ ਹੈ ਪਹਿਲਾਂ ਰੱਬ ਦੇ ਉਤੇ ਭਰੋਸਾ ਲਿਆ ਕਿ ਰੱਬ ਹੈਗਾ। ਉਹ ਸਰਬ ਕਲਾ ਸਮਰੱਥ ਹੈ। ਰਾਜ਼ਕ ਹੈ, ਸਭ ਦੇ ਦੁਖ ਦੂਰ ਕਰਦਾ ਹੈ, ਉਹ ਨਾਲ ਰਹਿੰਦਾ ਹੈ-

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ 2 ॥*

***ਅੰਗ- 677***

ਜਿੰਨਾਂ ਚਿਰ ਪ੍ਰਤੀਤ ਹਿਰਦੇ 'ਚ ਨਹੀਂ ਆਉਂਦੀ, ਮਹਾਰਾਜ ਕਹਿੰਦੇ ਇਹ ਤਾਂ -

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥* ***ਅੰਗ- 734***

ਬੜੀ ਵੱਡੀ ਬਾਤ ਕਹਿ ਦਿਤੀ ਮਹਾਰਾਜ ਨੇ। ਕਿਉਂਕਿ ਸਾਨੂੰ ਤਾਂ ਪ੍ਰਤੀਤ ਆਉਂਦੀ ਹੀ ਨਹੀਂ ਕਿ ਰੱਬ ਸਾਡੇ ਨਾਲ ਹੈ। ਜੇ ਆ ਜਾਵੇ ਤਾਂ ਫੇਰ ਸਾਡਾ ਰਸਤਾ ਥੋੜ੍ਹਾ ਜਿਹਾ ਰਹਿ ਜਾਵੇ, ਇਕ ਮਾੜਾ ਜਿਹੜਾ ਖਾਲਾ ਸਮਝ ਲਓ, ਖਾਲੇ ਤੋਂ ਹੀ ਪਾਰ ਛਾਲ ਮਾਰਨੀ ਹੈ। ਫੇਰ ਤਾਂ ਐਨਾ ਕੁ ਰਹਿ ਜਾਵੇ। ਆਹੀ ਚੀਜ਼ ਨਹੀਂ ਸਾਡੇ ਹਿਰਦੇ 'ਚ ਆਉਂਦੀ ਪ੍ਰਮੇਸ਼ਰ ਦੀ-ਪਰਤੀਤ। ਦੂਜੀ ਪ੍ਰਤੀਤ ਹੋਇਆ ਕਰਦੀ ਹੈ-ਗੁਰੂ ਦੀ ਪ੍ਰਤੀਤ, ਤੀਸਰੀ ਪ੍ਰਤੀਤ ਹੋਇਆ ਕਰਦੀ ਹੈ-ਸਤਿ ਸ਼ਾਸਤਰ ਦੀ, ਚੌਥੀ ਪ੍ਰਤੀਤ ਹੋਇਆ ਕਰਦੀ ਹੈ-ਨਾਮ ਦੀ। ਮੰਤ੍ਰ ਦੀ, ਜੋ ਗੁਰੂ ਨੇ ਮੰਤ੍ਰ ਦਿਤਾ ਹੈ। ਪੰਜਵੀਂ ਪ੍ਰਤੀਤ ਹੋਇਆ ਕਰਦੀ ਹੈ, ਨਾਮ ਦੀ ਮਹਿਮਾ ਦੀ। ਗੁਰੂ ਦੀ ਪ੍ਰਤੀਤ, ਪ੍ਰਮੇਸ਼ਰ ਦੀ ਪ੍ਰਤੀਤ ਤਾਂ ਇਹ ਹੈ ਸਾਧਸੰਗਤ ਜੀ, ਕਿ ਅੰਦਰ ਬਾਹਰ ਮੇਰੇ ਓਹੀ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥* ***ਅੰਗ- 293***

ਆਉਂਦੀ ਹੈ ਸਾਡੇ ਮਨ 'ਚ? ਨਾ ਅਸੀਂ ਤਾਂ ਭੁੱਲੇ ਹੀ ਰਹਿੰਦੇ ਹਾਂ ਰੱਬ ਨੂੰ ਕਿ ਕਿੱਥੇ ਰਹਿੰਦਾ ਹੈ, ਕੀ ਹੈਗਾ ਵੀ ਕਿ ਨਹੀਂ ਵੀ ਹੈਗਾ। ਆਹ ਪ੍ਰਤੀਤ ਨਹੀਂ ਆਉਂਦੀ, ਜੇ ਆਹ ਪ੍ਰਤੀਤ ਆ ਜਾਵੇ ਫੇਰ ਕੋਈ ਗਲਤੀ ਹੁੰਦੀ ਹੀ ਨਹੀਂ ਕਿ ਉਹ ਤਾਂ ਹਰ ਥਾਂ ਦੇਖਦਾ ਹੈ।

ਇਕ ਵਾਰੀ ਇਕ ਮਹਾਤਮਾ ਦੇ ਦੋ ਚੇਲੇ ਸੀ। ਦੋਹਾਂ ਨੂੰ ਹੀ ਸੰਗਤਾਂ ਚਾਹੁੰਦੀਆਂ ਸੀ। ਉਨ੍ਹਾਂ ਨੇ ਕਿਹਾ ਕਿ ਜੇ ਮੈਂ ਇਕ ਨੂੰ ਦੇ ਦਿਤੀ ਗੱਦੀ, ਬਿਨਾਂ ਪਰਖ ਕੀਤੇ ਤੋਂ ਤਾਂ ਸੰਗਤਾਂ ਵਿਚ ਦੋ ਧੜੇ ਬਣ ਜਾਣਗੇ। ਉਹ ਕਹਿਣਗੇ ਜੀ ਇਹ ਵੀ ਕਾਬਲ ਹੈ, ਉਹ ਵੀ ਕਾਬਲ ਹੈ। ਆਮ ਤੌਰ 'ਤੇ ਮਹਾਤਮਾ ਦੇ ਪਿਛੋਂ ਧੜੇ ਬਣਦੇ ਹੁੰਦੇ ਨੇ। ਸਾਰੇ ਹੀ ਕਹਿੰਦੇ ਹੁੰਦੇ ਨੇ ਕਿ ਜੀ, ਮੈਂ ਅਸਲੀ ਹਾਂ, ਮੈਂ ਅਸਲੀ ਹਾਂ। ਸੋ ਜਿਹੜੇ ਸਿਆਣੇ ਮਹਾਤਮਾ ਨੇ ਉਹ ਆਪਣੇ ਸਰੀਰ ਦੇ ਹੁੰਦੇ-ਹੁੰਦੇ ਕਹਿ ਜਾਂਦੇ ਨੇ ਕਿ ਭਾਈ! ਆਹ ਰਾਹ

ਦਿਖਾਊ ਤੁਹਾਨੂੰ ਸਹੀ। ਪਤਾ ਹੁੰਦਾ ਹੈ ਉਨ੍ਹਾਂ ਨੂੰ ਕਿ ਆਹ ਭੁੱਲ-ਭੁਲਾਈਆਂ 'ਚ ਪਾ ਦੇਵੇਗਾ, ਆਹ ਰਾਹ ਦਿਖਾ ਦਊ।

ਉਹਦੇ ਵਿਚ ਉਨ੍ਹਾਂ ਨੇ ਪਰਖ ਕਰਨ ਵਾਸਤੇ ਦੋ ਕਬੂਤਰ ਮੰਗਾ ਲਏ। ਸਾਰਿਆਂ ਦੇ ਸਾਮ੍ਹਣੇ ਕਿਹਾ ਕਿ ਭਾਈ! ਮੈਂ ਗੱਦੀ ਦੇਣੀ ਹੈ, ਉਹਨੂੰ, ਜਿਹੜਾ ਆਹ ਕਬੂਤਰ ਮਾਰ ਕੇ ਮੈਨੂੰ ਪਹਿਲਾਂ ਲਿਆ ਦੇਵੇਗਾ। ਕਹਿੰਦੇ, ਪਰ ਮਾਰੇ ਉਥੇ ਜਿੱਥੇ ਕੋਈ ਦੇਖਦਾ ਨਾ ਹੋਵੇ। ਇਕ ਨੇ ਤਾਂ ਫੜਿਆ, ਫੜ ਕੇ ਨੱਠਿਆ ਹੀ ਗਿਆ। ਕੋਠੇ ਦੇ ਪਿਛਲੇ ਪਾਸੇ ਗਿਆ, ਗਰਦਨ ਮਰੋੜ ਕੇ, ਨੱਠਿਆ-ਨੱਠਿਆ ਹੀ ਆਇਆ, ਸਾਹ ਚੜ੍ਹਿਆ ਹੋਇਆ ਹੈ, ਕਹਿੰਦਾ, ਲਓ ਮਹਾਰਾਜ। ਦੂਜਾ ਅਜੇ ਸਲਾਹ ਹੀ ਕਰਦਾ ਸੀ ਕਿ ਕਿੱਥੇ ਜਾਵਾਂ? ਦੂਜਾ ਕੋਠੇ ਦੇ ਮਗਰ ਗਿਆ, ਉਹਦੇ ਪਿੱਛੇ ਗੰਨਾ ਬੀਜਿਆ ਹੋਇਆ ਸੀ, ਗੰਨੇ ਦੇ ਉਤੇ ਟਿੱਡੀਆਂ ਫਿਰਦੀਆਂ ਸੀ, ਉਹਨੇ ਕਿਹਾ ਕਿ ਆਹ ਦੇਖਦੀਆਂ ਨੇ। ਉਥੋਂ ਅਗਾਂਹਾਂ ਜੰਗਲ 'ਚ ਚਲਿਆ ਗਿਆ, ਜੰਗਲ 'ਚ ਗਿਆ ਤਾਂ ਦਰਖਤਾਂ ਦੇ ਉਤੇ ਬੈਠੇ ਸੀ ਪੰਛੀ। ਉਹਨੇ ਕਿਹਾ ਇਥੇ ਇਹ ਦੇਖਦੇ ਨੇ। ਅਗਾਂਹਾਂ ਇਕ ਡੂੰਘਾ ਟੋਆ ਪੁੱਟਿਆ ਹੋਇਆ ਸੀ ਉਹ ਟੋਏ 'ਚ ਚਲਿਆ ਗਿਆ, ਕਹਿੰਦਾ ਇਥੇ ਮੈਂ ਦੇਖਦਾ, ਇਹ ਮੈਨੂੰ ਦੇਖਦਾ ਹੈ। ਇਹਨੇ ਉਤੇ ਕੱਪੜਾ ਲੈ ਕੇ ਬੁੱਕਲ ਮਾਰ ਲਈ। ਬੁੱਕਲ ਮਾਰ ਕੇ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ। ਕਹਿੰਦਾ, ਲੈ ਬਈ ਹੁਣ ਨਹੀਂ ਕੋਈ ਦੇਖਦਾ ਹੋਣਾ, ਹੁਣ ਗਰਦਨ ਮਰੋੜ ਦਿੰਦੇ ਹਾਂ। ਖਿਆਲ ਆਇਆ, ਕਿ ਨਹੀਂ ਇਥੇ ਤਾਂ ਰੱਬ ਦੇਖ ਰਿਹਾ ਹੈ, ਰੱਬ ਤਾਂ ਹਰ ਥਾਂ ਦੇਖ ਰਿਹਾ, ਕਿਹੜਾ ਥਾਉਂ ਹੈ ਜਿੱਥੇ ਰੱਬ ਨਹੀਂ ਦੇਖਦਾ। ਉਸ ਨੇ ਜਿੰਦਾ ਕਬੂਤਰ ਲਿਆ ਕੇ ਮਹਾਤਮਾ ਨੂੰ ਦੇ ਦਿਤਾ, ਕਹਿੰਦਾ, ਮਹਾਰਾਜ! ਮੈਨੂੰ ਗੱਦੀ ਦੀ ਲੋੜ ਨਹੀਂ, ਮੈਨੂੰ ਤਾਂ ਦੁਨੀਆਂ 'ਚ ਲੱਭਿਆ ਹੀ ਨਹੀਂ ਉਹ ਥਾਂ ਜਿੱਥੇ ਕੋਈ ਨਾ ਦੇਖਦਾ ਹੋਵੇ। ਕਹਿੰਦੇ, ਪਿਆਰਿਆ! ਅਸੀਂ ਤਾਂ ਇਥੇ ਬੈਠੇ ਸੀ? ਕਹਿੰਦਾ ਮਹਾਰਾਜ! ਗੰਨੇ ਦੇ ਵਿਚ ਜਿਹੜੀਆਂ ਟਿੱਡੀਆਂ ਜਿਹੀਆਂ ਹੁੰਦੀਆਂ ਨੇ ਉਹ ਦੇਖਦੀਆਂ ਸੀ, ਜੰਗਲ ਦੇ ਵਿਚ ਪੰਛੀ ਦੇਖਦੇ ਸੀ, ਟੋਏ ਦੇ ਵਿਚ ਇਹ ਮੈਨੂੰ ਦੇਖਦਾ ਸੀ, ਮੈਂ ਇਹਨੂੰ ਦੇਖਦਾ ਸੀ। ਮੈਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ, ਪਰ ਰੱਬ ਦੇਖਦਾ ਸੀ। ਹੁਣ ਰੱਬ ਤਾਂ ਹਰ ਥਾਂ ਦੇ ਉਤੇ ਹੈ, ਮੈਨੂੰ ਕੋਈ ਥਾਂ ਨਹੀਂ ਲੱਭੀ। ਇਸ ਕਰਕੇ ਫੜੋ ਕਬੂਤਰ। ਇਹ ਇਕ ਗੱਲ ਸਮਝਾਉਣ ਵਾਸਤੇ ਹੈ ਕਿ ਪ੍ਰਮੇਸ਼ਰ ਦੇ ਉਤੇ ਐਸਾ ਨਿਸ਼ਚਾ ਕਿ ਮੈਨੂੰ ਤਾਂ ਉਹ ਹਰ ਥਾਂ ਦੇਖਦਾ ਹੈ, ਮੈਂ ਕਿੱਥੇ ਲੁੱਕ ਕੇ ਪਾਪ ਕਰ ਲਵਾਂਗਾ। ਕਿੱਥੇ ਲੁੱਕ ਕੇ ਬੇਈਮਾਨੀ ਕਰ ਲਵਾਂਗਾ। ਉਹ ਤਾਂ ਨਾਲ ਹੀ ਹੈ।

ਦੂਸਰਾ ਹੋਇਆ ਕਰਦਾ ਹੈ ਗੁਰੂ 'ਤੇ ਭਰੋਸਾ।

ਗੁਰੂ ਅੰਗਦ ਸਾਹਿਬ ਪਾਤਸ਼ਾਹ ਜੀ ਨੇ ਭਾਈ ਬਾਲਾ ਜੀ ਨੂੰ ਪੁੱਛਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ, ਸੱਤਾਂ ਦੀਪਾਂ, ਨੌਆਂ ਖੰਡਾਂ, ਜਿਥੇ ਤੱਕ ਪ੍ਰਿਥਵੀ ਸੀ, ਨਾਲ ਰਹੇ ਤੇ ਅਨੇਕਾਂ ਕੌਤਕ ਤੁਸੀਂ ਦੇਖੇ। ਤੁਸੀਂ

ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਸੀ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਪੂਰਨ ਸੰਤ ਸੀਗੇ। ਮਹਾਰਾਜ ਕਹਿੰਦੇ, ਚੰਗਾ ਭਾਈ! ਤੂੰ ਸੰਤ ਹੋਇਆ। ਬਾਬਾ ਬੁੱਢਾ ਜੀ! ਤੁਸੀਂ ਵੀ ਅੱਠ ਸਾਲ ਦੀ ਉਮਰ 'ਚ ਆ ਗਏ ਸੀਗੇ। ਬੜੇ ਕੌਤਕ ਗੁਰੂ ਨਾਨਕ ਪਾਤਸ਼ਾਹ ਦੇ ਦੇਖੇ ਨੇ ਆਪ ਨੇ ਤੇ ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਸੀ। ਕਹਿੰਦੇ, ਸੱਚੇ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ।

ਅੱਛਾ! ਭਾਈ ਤੂੰ ਬ੍ਰਹਮਗਿਆਨੀ ਹੋਇਆ। ਭਾਈ ਮਨਸੁਖ ਨੂੰ ਪੁੱਛਿਆ, ਭਾਈ ਭਗੀਰਥ ਨੂੰ ਪੁੱਛਿਆ, ਭਾਈ ਸਧਾਰਣ ਨੂੰ ਪੁੱਛਿਆ, ਹੋਰ ਅਨੇਕਾਂ ਸਿੱਖਾਂ ਨੂੰ ਪੁੱਛਿਆ, ਇਹੀ ਕਹਿੰਦੇ ਸੀ ਜੀ ਉਹ ਤਾਂ ਪੂਰੇ ਸੀਗੇ, ਜੀ ਪੂਰੇ ਸਾਧੂ ਸੀਗੇ। ਅਖੀਰ ਸਾਰਿਆਂ ਨੇ ਰਲ ਕੇ ਪੁੱਛਿਆ ਕਿ ਸੱਚੇ ਪਾਤਸ਼ਾਹ! ਤੁਸੀਂ ਕੀ ਸਮਝਦੇ ਸੀ? ਉਸ ਵੇਲੇ ਮਹਾਰਾਜ ਬੜੇ ਗੰਭੀਰ ਹੋ ਗਏ। ਨੇਤਰਾਂ ਦੇ ਕੋਇਆਂ 'ਚੋਂ ਦੋ ਕਤਰੇ ਪਾਣੀ ਦੇ ਹੇਠਾਂ ਨੂੰ ਤੁਰ ਪਏ, ਕਾਫੀ ਸਮੇਂ ਤੋਂ ਬਾਅਦ ਆਪ ਬੋਲੇ, ਪਿਆਰਿਓ! ਗੁਰੂ ਨਾਨਕ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ- 1395***

ਉਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ ਸਰੀਰ ਵਿਚ ਪ੍ਰਗਟ ਹੋ ਗਿਆ ਸੀ। ਉਹ ਪੂਰਨ ਗੁਰੂ ਪ੍ਰਮੇਸ਼ਰ ਸੀਗੇ। ਪਾਰਬ੍ਰਹਮ ਸੀ। ਉਸ ਵੇਲੇ ਸਾਰਿਆਂ ਨੇ ਸੀਸ ਨਿਵਾ ਦਿਤਾ ਕਿ ਪਾਤਸ਼ਾਹ! ਤੁਸੀਂ ਇਸੇ ਕਰਕੇ ਪਾਰਬ੍ਰਹਮ ਦਾ ਰੂਪ ਬਣ ਗਏ।

ਚਾਰ ਭਰੋਸੇ ਹੁੰਦੇ ਨੇ ਗੁਰੂ 'ਤੇ। ਪਹਿਲਾ ਹੁੰਦਾ ਹੈ, ਮੇਰਾ ਗੁਰੂ ਚੰਗਾ ਸੰਤ ਹੈ। ਦੂਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਵਧੀਆ ਸੰਤ ਹੈ। ਤੀਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਰੱਬ ਵਰਗਾ ਹੈ। ਚੌਥਾ ਇਹ ਹੁੰਦੈ ਕਿ ਉਹ ਤਾਂ ਹੈ ਹੀ ਪ੍ਰਮੇਸ਼ਰ। ਸੋ ਜਿੰਨਾਂ ਵੱਡਾ ਭਰੋਸਾ, ਓਨੀਂ ਵੱਡੀ ਪ੍ਰਾਪਤੀ। ਸੋ ਇਹ ਗੁਰੂ ਦੇ ਉਤੇ ਭਰੋਸਾ ਹੁੰਦਾ ਹੈ। ਤੀਸਰਾ ਭਰੋਸਾ ਹੋਇਆ ਕਰਦਾ ਹੈ - ਸਤਿ ਸ਼ਾਸਤਰ 'ਤੇ। ਸਤਿ ਸ਼ਾਸਤਰ ਹੈ ਗੁਰੂ ਦੀ ਬਾਣੀ। ਇਸ ਬਾਣੀ ਦੇ ਉਤੇ ਕਿਸੇ ਗੱਲ ਦੇ ਉਤੇ ਕਿੰਤੂ ਨਾ ਕਰਨਾ। ਪੂਰਾ ਭਰੋਸਾ ਰੱਖਣਾ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਦੇ ਹਜ਼ੂਰ ਇਕ ਸਿੱਖ ਆਇਆ, ਭੋਗ ਪੈਣ ਤੋਂ ਪਹਿਲਾਂ ਚਲਿਆ ਗਿਆ। ਦੂਜੀ ਵਾਰੀ ਆਇਆ, ਫੇਰ ਅਰਦਾਸ ਹੁੰਦੇ ਹੀ ਨੱਠ ਗਿਆ। ਤੀਸਰੀ ਵਾਰ ਆਇਆ, ਫੇਰ ਨੱਠ ਗਿਆ। ਚੌਥੀ ਵਾਰੀ ਜਦੋਂ ਆਇਆ ਤਾਂ ਮਹਾਰਾਜ ਨੇ ਕਿਹਾ ਕਿ ਇਹਨੂੰ ਜਾਣ ਨਾ ਦਿਓ।

ਦੀਵਾਨ ਦੀ ਸਮਾਪਤੀ ਹੋਈ ਸਿੱਖ ਨੂੰ ਰੋਕ ਲਿਆ। ਕਹਿੰਦੇ, ਕਿਉਂ ਬਈ ਸਿੱਖਾ! ਤੂੰ ਐਨੀ ਕਾਹਲੀ ਕਰਦਾ ਹੈਂ? ਤੇ ਘਰ ਨੂੰ ਕਿਉਂ ਨਠ

ਜਾਂਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ ਘਰ ਮੇਰਾ ਦੂਰ ਹੈ ਤੇ ਮੈਂ ਗਰੀਬ ਮਜ਼ਦੂਰ ਹਾਂ। ਓਨੀਂ ਕੁ ਕਮਾਈ ਕਰਦਾ ਹਾਂ, ਪਰਿਵਾਰ ਮੇਰਾ ਵੱਡਾ ਹੈ। ਮਹੀਨੇ ਭਰ ਦੇ ਵਿਚ ਕੁਛ ਜੋੜ ਕੇ ਦੇ ਕੇ ਆਉਂਦਾ ਹਾਂ ਕਿ ਮੈਂ ਅੱਜ ਚਲੇ ਜਾਣਾ ਹੈ, ਕਲ੍ਹ ਨੂੰ ਆਊਂਗਾ, ਦੋ ਦਿਨ ਜੋਗਾ, ਖਾਣ ਪੀਣ ਦਾ ਉਨ੍ਹਾਂ ਨੂੰ ਮੈਂ ਦੇ ਆਉਂਦਾ ਹਾਂ। ਇਸ ਕਰਕੇ ਸੱਚੇ ਪਾਤਸ਼ਾਹ! ਜੇ ਮੈਂ ਇਕ ਦਿਨ ਰੁਕ ਜਾਵਾਂ, ਤੀਜੇ ਦਿਨ ਤਾਂ ਸਾਰੇ ਹੀ ਭੁੱਖੇ ਰਹਿਣਗੇ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਬਾਣੀ ਦੀ ਵਿਚਾਰ ਹੈ? ਕਹਿੰਦਾ, ਮਹਾਰਾਜ! ਮੇਰੇ ਤਾਂ ਬਾਣੀ ਬਹੁਤ ਯਾਦ ਹੈ। ਮੇਰਾ ਤਾਂ ਜਿਹੜਾ ਨਿਤਨੇਮ ਹੈ ਓਹੀ 10-15 ਬਾਣੀਆਂ ਦਾ ਹੈ। ਕਹਿੰਦੇ, ਬਾਣੀ ਨੂੰ ਪੜ੍ਹੀ ਜਾਂਦਾ ਹੈਂ ਕਿ ਇਹਦੀ ਵਿਚਾਰ ਵੀ ਕਰਦਾ ਹੈ? ਕਹਿੰਦਾ, ਮਹਾਰਾਜ! ਮੈਂ ਕਥਾ ਵੀ ਕਰਦਾ ਹਾਂ। ਕਹਿੰਦੇ, ਕਥਾ ਹੀ ਕਰਦਾ ਹੈ ਕਿ ਬਾਣੀ ਨੂੰ ਮੰਨਦਾ ਵੀ ਹੈਂ? ਕਹਿੰਦਾ, ਮੰਨਦਾ ਹਾਂ।

ਮਹਾਰਾਜ ਕਹਿੰਦੇ, ਕਦੇ 'ਰਹਿਰਾਸ ਸਾਹਿਬ' ਦੇ ਅੰਦਰ ਇਸ ਤੁਕ ਦਾ ਵਿਚਾਰ ਕੀਤਾ ਹੈ? -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

ਕਹਿਣ ਲੱਗੇ, ਕਿਉਂ ਬਈ ਪਿਆਰਿਆ! ਇਹ ਤੁੱਕ ਤੂੰ ਕਦੇ ਵਿਚਾਰੀ ਹੈ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- 10***

ਕਹਿੰਦਾ, ਮਹਾਰਾਜ! ਮੈਂ ਤਾਂ ਚੰਗੀ ਤਰ੍ਹਾਂ ਅਰਥ ਜਾਣਦਾ ਹਾਂ। ਬਈ ਪੱਥਰ ਦੇ ਵਿਚ ਜਿਹੜਾ ਕੀੜਾ ਹੁੰਦਾ ਹੈ, ਜਿੱਥੇ ਰਸਤਾ ਨਹੀਂ ਹੈ, ਉਥੇ ਵੀ ਉਹਦੀ ਖੁਰਾਕ ਰੱਖੀ ਹੁੰਦੀ ਹੈ ਰੱਬ ਨੇ। ਕਹਿੰਦੇ, ਫੇਰ ਤੂੰ ਨਹੀਂ ਮੰਨਦਾ? ਕਹਿੰਦਾ, ਮਹਾਰਾਜ! ਹੱਥ ਪੈਰ ਤਾਂ ਹਿਲਾਉਣੇ ਹੀ ਪੈਂਦੇ ਨੇ।

ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ, ਇਕ ਤਾਂ ਉਹ ਸਿੱਖ ਨੇ ਜਿਹੜੇ ਭੇਖ ਨੂੰ ਦੇਖ ਕੇ, ਦੇਖਾ-ਦੇਖੀ ਦੀ ਸਿੱਖੀ ਧਾਰ ਲੈਂਦੇ ਨੇ। ਉਹਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਦੂਸਰੀ ਜੋ ਸਿੱਖੀ ਹੈ ਉਹ ਹੈ ਹਿਰਸ ਦੀ ਸਿੱਖੀ। ਤੀਸਰੀ ਭੇਖ ਦੀ ਸਿੱਖੀ ਹੈ। ਭੇਖ ਸੋਹਣਾ ਲੱਗਿਆ ਕਿਸੇ ਦਾ, ਕਿਸੇ ਦੀ ਪਾਈ ਕ੍ਰਿਪਾਨ ਵਧੀਆ ਲੱਗੀ, ਸੋਹਣਾ ਸਜਦਾ ਫਬਦਾ ਹੈ, ਕਹਿੰਦਾ ਹੈ ਆਪਾਂ ਵੀ ਇਹੋ ਜਿਹੀ ਪਾ ਲਈਏ। ਦੇਖਾ-ਦੇਖੀ ਦੀ ਸਿੱਖੀ 'ਚ ਕਿ ਮੈਨੂੰ ਇਹ ਕਹਿਣ ਨਾ ਕਿ ਨਿਗੁਰਾ ਤੁਰਿਆ ਫਿਰਦਾ ਹੈ। ਸਿੱਖੀ ਧਾਰਨ ਕਰ ਲਈ।

ਤੀਸਰੀ ਹੈ ਕਿ ਫਲਾਣਾ ਬੰਦਾ ਫਲਾਣੇ ਧਰਮ ਨਾਲ ਸਬੰਧ ਰਖਦਾ ਹੈ ਇਹ ਲੋਕ ਮੇਰੇ ਆਲੇ-ਦੁਆਲੇ ਦੇ ਜਿਹੜੇ ਨੇ, ਫਲਾਣੇ ਨੂੰ ਮੰਨਣ ਵਾਲੇ ਨੇ, ਆਪ ਵੀ ਉਹਨੂੰ ਜਾ ਕੇ ਮੰਨ ਲੈਣਾ। ਸਿੱਖੀ ਧਾਰ ਲੈਣੀ ਵਣਜ ਵਪਾਰ ਵਾਸਤੇ, ਕਾਰਜ ਵਾਸਤੇ। ਚੌਥੀ ਹੋਇਆ ਕਰਦੀ ਹੈ ਸਿਦਕ ਦੀ ਸਿੱਖੀ। ਪੰਜਵੀਂ ਹੋਇਆ ਕਰਦੀ ਹੈ ਭਾਵਨਾ ਦੀ ਸਿੱਖੀ। ਭਾਵਨਾ ਦੀ ਸਿੱਖੀ ਹੁੰਦੀ ਹੈ ਕਿ ਗੁਰੂ ਮੇਰਾ ਪ੍ਰਮੇਸ਼ਰ ਹੈ, ਪਿਆਰ ਉਹਦੇ ਨਾਲ ਹੁੰਦਾ ਹੈ। ਸਿਦਕ ਦੀ ਸਿੱਖੀ ਹੁੰਦੀ ਹੈ ਕਿ ਗੁਰੂ ਦੇ ਬਚਨ ਉਤੇ ਵੱਡੀ ਤੋਂ ਵੱਡੀ ਕੁਰਬਾਨੀ ਦੇ ਦੇਣੀ।

ਕਹਿੰਦੇ, ਸੱਚੇ ਪਾਤਸ਼ਾਹ! ਪਤਾ ਕਿਵੇਂ ਲੱਗੇ ਕਿ ਕਿਹੜਾ ਕਿੱਥੇ ਖੇਡਦਾ ਹੈ।

ਮਹਾਰਾਜ ਕਹਿੰਦੇ, ਦੱਸ ਦਿੰਦੇ ਹਾਂ।

ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਹੈ। ਮਹਾਰਾਜ ਨੇ ਹੁਕਮ ਕਰ ਦਿਤਾ ਕਿ ਸਾਡੀ ਆਗਿਆ ਬਿਨਾਂ ਕੋਈ ਨਾ ਜਾਵੇ। ਉਸ ਵੇਲੇ ਸ੍ਰੀ ਅਨੰਦਪੁਰ ਸਾਹਿਬ ਪਹਿਰੇ ਲੱਗ ਗਏ। ਹਰ ਬੰਦੇ ਨੂੰ ਬਾਹਰ ਜਾਣ ਤੋਂ ਰੋਕ ਲਾ ਦਿਤੀ ਗਈ। ਪੰਜ ਸੱਤ ਦਿਨ ਜਦੋਂ ਲੰਘੇ। ਕੋਈ ਕਹਿੰਦਾ, ਬੜਾ ਮਾੜਾ ਕੰਮ ਹੋਇਆ, ਮੈਂ ਤਾਂ ਪੜੌਸੀਆਂ ਨੂੰ ਪਸ਼ੂ ਸੰਭਾਲ ਕੇ ਆਇਆ ਸੀ। ਕੋਈ ਕਹਿੰਦਾ, ਸਾਡੀ ਤਾਂ ਕਣਕ ਵੱਢਣ ਵਾਲੀ ਸੀ, ਮੈਂ ਤਾਂ ਨੱਠ ਕੇ ਜਾ ਕੇ ਕਣਕ ਨੂੰ ਹੱਥ ਲਾਉਣਾ ਸੀ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਅਖੀਰ ਜਿਹੜਾ ਜਾਂਦਾ ਹੈ ਰੋਕ ਦਿੰਦੇ ਨੇ, ਹਫਤਾ ਲੰਘ ਗਿਆ। ਹਫਤੇ ਦੇ ਬਾਅਦ ਇਨ੍ਹਾਂ ਨੂੰ ਇਸ ਤਰ੍ਹਾਂ ਹੋ ਗਿਆ ਕਿ ਮਹਾਰਾਜ ਨੂੰ ਪਤਾ ਨਹੀਂ। ਕੀ ਜਿੱਦ ਪਈ ਹੋਈ ਹੈ ਸਾਨੂੰ ਜਾਣ ਨਹੀਂ ਦਿੰਦੇ, ਨਾ ਚੋਰੀ ਆਉਣ ਦਿੰਦੇ ਨੇ ਇਹ ਗੱਲ ਕਿਸੇ ਦੀ ਸਮਝ 'ਚ ਨਹੀਂ ਆ ਰਹੀ। ਅਖੀਰ ਇਕ ਬੰਦਾ ਕਹਿਣ ਲੱਗਿਆ ਕਿ ਮੈਨੂੰ ਪਤਾ ਹੈ ਜੁਗਤੀ ਦਾ ਪਰ ਮੇਰਾ ਸਾਥ ਜੇ ਦੇਵੋਂ। ਕਹਿੰਦੇ, ਦੱਸੋ?

ਕਹਿੰਦਾ ਮੈਂ ਸਾਹ ਖਿੱਚ ਲੈਂਦਾ ਹੁੰਦਾ ਹਾਂ। ਬਿਲਕੁਲ ਮੇਰੇ ਦਿਲ 'ਤੇ ਹੱਥ ਧਰ ਕੇ ਦੇਖ ਲਿਓ, ਜਿਹੋ ਜਿਹਾ ਮਰਿਆ ਹੋਇਆ ਉਹੋ ਜਿਹਾ ਮੈਂ ਤੇ ਮੈਂ ਖਿੱਚਾਂਗਾ ਸਾਹ ਤੇ ਤੁਸੀਂ ਮੈਨੂੰ ਅਰਥੀ 'ਤੇ ਪਾ ਕੇ, ਗੁਰੂ ਸਾਹਿਬ ਦੇ ਸਾਮ੍ਹਣੇ ਦੀ ਸ਼ਬਦ ਪੜ੍ਹਦੇ ਲੰਘਿਓ। ਬਹਾਨਾ ਬਣਾ ਲਿਆ, ਗੱਲਾਂ ਬਣਾ ਲਈਆਂ। ਅਰਥੀ 'ਤੇ ਪਾ ਲਿਆ। ਚੁੱਕੀਂ ਜਾਂਦੇ ਨੇ। ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ। ਦੇਖੋ ਕਿੰਨੀ ਬੇਵਿਸ਼ਵਾਸ਼ੀ ਹੈ, ਗੁਰੂ ਮਹਾਰਾਜ ਨੂੰ ਮਨੁੱਖ ਸਮਝਦੇ ਨੇ। ਗੁਰੂ ਤਾਂ ਹੁੰਦਾ ਹੈ –

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ।***

ਅੰਦਰਲੀਆਂ ਗੱਲਾਂ ਸਾਰੀਆਂ ਹੀ ਜਾਣਦਾ ਹੈ। ਉਸ ਵੇਲੇ ਲਈਂ ਜਾਂਦੇ ਨੇ ਅਰਥੀ 'ਤੇ, ਡੇਢ-ਦੋ ਸੌ ਬੰਦਾ ਪਿੱਛੇ ਹੋ ਗਿਆ। ਸ਼ਬਦ ਪੜ੍ਹਦੇ ਜਾਂਦੇ ਨੇ –

*ਨਾਂਗੇ ਆਵਨੁ ਨਾਂਗੇ ਜਾਨਾ ॥*
*ਕੋਇ ਨ ਰਹਿਹੈ ਰਾਜਾ ਰਾਨਾ ॥ 1 ॥7* *ਅੰਗ - 1158*

ਮਹਾਰਾਜ ਕਹਿੰਦੇ, ਇਹ ਸ਼ਬਦ ਇਸ ਤਰ੍ਹਾਂ ਕਿਉਂ ਪੜ੍ਹਦੇ ਜਾਂਦੇ ਨੇ। ਕੀ ਗੱਲ ਇਹ ਕੀ ਚੁੱਕਿਆ ਹੈ?

ਕਹਿਣ ਲੱਗੇ ਕਿ ਮਹਾਰਾਜ! ਇਕ ਗੁਰਸਿੱਖ ਪਿਆਰਾ, ਛੋਟੇ-ਛੋਟੇ ਬੱਚੇ ਸੀ ਪਿੱਛੇ, ਮਾਂ-ਬਾਪ ਜਿਹੜੇ ਸੀ ਉਹ ਬਹੁਤ ਬੁੱਢੇ ਸੀ। ਕਾਰੋਬਾਰ ਚਲਦਾ ਨਹੀਂ ਸੀ ਇਥੇ ਦਰਸ਼ਨ ਕਰਨ ਆਇਆ, ਚੜ੍ਹਾਈ ਕਰ ਗਿਆ।

ਕਹਿੰਦੇ, ਹੁਣ?

ਕਹਿਣ ਲੱਗੇ, ਇਹਦੇ ਪਿੰਡ ਨੂੰ ਲਈਂ ਜਾਂਦੇ ਨੇ ਕਿ ਉਥੇ ਸਸਕਾਰ ਕਰਾਂਗੇ ਪਰਿਵਾਰ ਦੇ ਸਾਮ੍ਹਣੇ ਜਾ ਕੇ।

ਮਹਾਰਾਜ ਕਹਿਣ ਲੱਗੇ, ਐਨਾ ਬੋਝ ਚੁੱਕੀਂ ਜਾਣਗੇ ਮੋਢਿਆਂ 'ਤੇ, ਸਸਕਾਰ ਹੀ ਕਰਨਾ ਹੈ, ਅਸੀਓਂ ਕਰ ਦਿੰਦੇ ਹਾਂ ਆਪਣੇ ਸਾਮ੍ਹਣੇ।

ਉਥੇ ਫੂਸ ਪਿਆ ਸੀ। ਮਹਾਰਾਜ ਕਹਿੰਦੇ, ਆਹ ਫੂਸ ਇਕੱਠਾ ਕਰੋ, ਅਰਥੀ ਰੱਖ ਦਿਓ, ਜਾਓ ਲੰਗਰ 'ਚੋਂ ਲੈ ਕੇ ਆਓ ਅੱਗ। ਅੱਗ ਆ ਗਈ। ਮਹਾਰਾਜ ਕਹਿੰਦੇ, ਜਿੱਧਰ ਹਵਾ ਸੀ ਉਲਟੇ ਪਾਸੇ ਲਵਾ ਦਿਤੀ ਅੱਗ ਕਿ ਕਿਤੇ ਜਲ ਵੀ ਨਾ ਜਾਵੇ। ਉਹ ਜਦੋਂ ਫੂਸ ਦੀ ਚਿੜ-ਚਿੜ ਹੋਣ ਲੱਗੀ, ਉਹਨੇ ਕਿਹਾ ਕਿ ਹੁਣ ਤਾਂ ਕੋਈ ਤਰੀਕਾ ਹੀ ਨਹੀਂ ਹੈ, ਹੁਣ ਤਾਂ ਜਲ ਜਾਵਾਂਗਾ ਜੇ ਮੈਂ ਹੋਰ ਪਿਆ ਰਿਹਾ। ਝਟਕਾ ਮਾਰਿਆ, ਰੱਸੀਆਂ ਜਿਹੀਆਂ ਤੋੜ ਦਿਤੀਆਂ ਤੇ ਵਿਚੋਂ ਉੱਠ ਕੇ ਨੱਠ ਲਿਆ, ਦੌੜਿਆ ਹੀ ਜਾਂਦਾ ਹੈ। ਗੁਰੂ ਮਹਾਰਾਜ ਵੀ ਬਹੁਤ ਮੁਸਕਰਾਏ, ਤਾੜੀ ਮਾਰੀ ਕਹਿਣ ਲੱਗੇ ਗੁਰਸਿੱਖੋ! ਤੁਸੀਂ ਤਾਂ ਸਸਕਾਰ ਕਰਨਾ ਸੀ, ਔਹ ਦੇਖੋ ਤੁਹਾਡਾ ਮੁਰਦਾ ਸਣੇ ਦੇਹ ਸਚਖੰਡ ਨੂੰ ਨੱਠਿਆ ਜਾ ਰਿਹਾ ਹੈ। ਕਹਿੰਦੇ, ਲਿਆਓ ਫੜ ਕੇ। ਬਿਠਾਲ ਲਿਆ ਸਾਰਿਆਂ ਨੂੰ। ਕਹਿੰਦੇ, ਕਿਉਂ ਬਈ ਤੁਹਾਡਾ ਗੁਰੂ ਨਾਲ ਕੀ ਸਬੰਧ ਹੋਇਆ? ਕਹਿੰਦੇ, ਸਾਧਸੰਗਤ ਜੀ! ਆਹ ਤਿੰਨ ਤਰ੍ਹਾਂ ਦੀ ਸਿੱਖੀ ਦੇ ਬੰਦੇ ਨੇ। ਭੇਖ ਵਾਲੇ, ਦੇਖਾ-ਦੇਖੀ ਵਾਲੇ, ਹਿਰਸ ਵਾਲੇ। ਸਿਦਕ ਵਾਲੇ ਤੇ ਭਾਵਨੀ ਵਾਲੇ ਨਹੀਂ ਐਸੀਆਂ ਗੱਲਾਂ ਕਰਦੇ। ਸਿਦਕ ਵਾਲੇ ਨੂੰ ਗੁਰੂ ਦੇ ਬਚਨ ਉਤੇ ਪੂਰਾ ਵਿਸ਼ਵਾਸ਼ ਹੁੰਦਾ ਹੈ। ਜੋ ਗੁਰੂ ਕਹਿੰਦਾ ਹੈ ਉਹ ਕਰਦੇ ਨੇ। ਬਾਕੀ ਤਾਂ ਐਵੇਂ ਨੇ, ਸਾਰੇ ਸਿੱਖ ਨਹੀਂ ਹੋਇਆ ਕਰਦੇ। ਸਾਨੂੰ ਭੁਲੇਖਾ ਪੈਣ ਲੱਗ ਗਿਆ ਕਿ ਜਿਹਨੇ ਦਾੜ੍ਹੀ ਰੱਖ ਲਈ, ਕੇਸ ਰੱਖ ਲਏ ਇਹ ਸਿੱਖ ਹੈ। ਸਿੱਖ ਤਾਂ ਓਨੀਂ ਦੇਰ ਬਣਦਾ ਹੀ ਨਹੀਂ ਜਦੋਂ ਤੱਕ ਸਮਰੱਥ ਗੁਰੂ ਤੋਂ ਮੰਤਰ ਨਾ ਲਿਆ ਜਾਵੇ। ਗੁਰੂ ਘਰ ਦੇ ਅੰਦਰ ਗੁਰੂ ਦਸ਼ਮੇਸ਼ ਪਿਤਾ ਦਾ, ਗੁਰੂ ਨਾਨਕ ਦਾ ਸਿੱਖ ਓਹੀ ਹੈ ਜਿਹਨੇ ਪੰਜ ਪਿਆਰਿਆਂ ਤੋਂ ਆ ਕੇ ਅੰਮ੍ਰਿਤ ਛਕ ਲਿਆ 'ਤੇ ਨਾਮ ਲੈ ਲਿਆ। ਦਾਖਲ ਹੋ ਗਿਆ, ਉਹਨੂੰ ਸਿੱਖੀ 'ਚ ਦਾਖਲਾ ਮਿਲਦਾ ਹੈ। ਫੇਰ ਸਿੱਖੀ ਕਮਾਉਣੀ ਤਾਂ ਔਖੀ ਹੈ। ਸਿੱਖੀ ਦੀ ਕਮਾਈ ਤਾਂ ਅਗਾਂਹਾਂ ਸ਼ੁਰੂ ਹੋਣੀ ਹੈ, ਪਹਿਲਾਂ ਦਾਖਲਾ ਹੈ। ਨਾਮ ਦੇਣਾ ਹੈ ਪੰਜ ਪਿਆਰਿਆਂ ਨੇ ਉਸ

ਤੋਂ ਅੱਗੇ ਕਮਾਈ ਚੱਲਣੀ ਹੈ। ਜੇ ਸਿੱਖ ਅੰਮ੍ਰਿਤ ਛਕ ਕੇ ਉਥੇ ਹੀ ਟਿਕ ਗਿਆ। ਫੇਰ ਉਹਨੇ ਅਗਾਂਹਾਂ ਤਾਂ ਤਿਆਰੀ ਨਾ ਕਰੀ, ਐਨਾ ਕੁ ਤਾਂ ਹੋ ਗਿਆ ਕਿ ਨਿਗੁਰਾ ਨਾ ਰਿਹਾ। ਚੱਲਣਾ ਤਾਂ ਅਗਾਂਹਾਂ ਸੀ ਹੋਰ ਅੱਗੇ। ਇਥੇ ਹੀ ਰੁਕ ਗਿਆ। ਮਹਾਰਾਜ ਕਹਿੰਦੇ, ਸਾਰੇ ਐਸੇ ਨੇ, ਆਪਾਂ ਵੀ ਜਾਣਦੇ ਹਾਂ ਕਿ ਗੁਰੂ ਨਾਲ ਜੁੜੇ ਨਹੀਂ ਹਾਂ, ਸਿੱਖੀ ਦੇ ਠੇਕੇਦਾਰ ਬਣੇ ਫਿਰਦੇ ਹਾਂ।

ਜਦੋਂ ਮੈਂ ਚੰਡੀਗੜ੍ਹ ਗਿਆ, ਕਮੇਟੀਆਂ ਬੈਠੀਆਂ ਸੀ। ਮੈਂ ਕਿਹਾ ਤੁਸੀਂ ਕਿੰਨਿਆਂ ਨੇ ਅੰਮ੍ਰਿਤ ਛਕਿਆ ਹੋਇਆ ਹੈ। ਕੋਈ ਵੀ ਨਾ ਉਠਿਆ। ਮੈਂ ਕਿਹਾ, ਤੁਸੀਂ ਸਾਰੇ ਹੀ ਨਿਗੁਰੇ ਤੇ ਗੁਰਦੁਆਰੇ ਦਾ ਪ੍ਰਬੰਧ ਕਰ ਰਹੇ ਹੋਂ? ਤੁਹਾਡਾ ਹੱਕ ਕੀ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ, ਉਨ੍ਹਾਂ ਦਾ ਜਿਨ੍ਹਾਂ ਨੇ ਅੰਮ੍ਰਿਤ ਛਕ ਲਿਆ, ਗੁਰੂ ਧਾਰਨ ਕਰ ਲਿਆ। ਮੱਥੇ ਟੇਕਣ ਨਾਲ ਤਾਂ ਗੁਰੂ ਨਹੀਂ ਬਣਦਾ। ਬਿਆਸਾ ਚੱਲੇ ਜਾਓ, ਮੱਥੇ ਟੇਕੀ ਜਾਓ। ਜਦੋਂ ਤੱਕ ਰਾਧਾ ਸੁਆਮੀਆਂ ਦਾ ਨਾਮ ਨਹੀਂ ਲੈਂਦੇ ਤਦ ਤੱਕ ਰਾਧਾ ਸੁਆਮੀ ਕਿਵੇਂ ਬਣ ਜਾਓਗੇ। ਉਹ ਤਾਂ ਉਹੀ ਬਣੇਗਾ ਜਿਹਨੇ ਉਨ੍ਹਾਂ ਦਾ ਨਾਮ ਲੈ ਲਿਆ। ਨਾਮਧਾਰੀ ਓਹੀ ਬਣੇਗਾ, ਜਿਹਨੇ ਉਨ੍ਹਾਂ ਤੋਂ ਨਾਮ ਲੈ ਲਿਆ। ਇਸ ਤਰ੍ਹਾਂ ਦੇ ਨਾਲ ਸਾਰੇ ਨੀਵੀਆਂ ਪਾ ਗਏ। ਮੈਂ ਕਿਹਾ, ਅੰਮ੍ਰਿਤ ਛਕੋ। ਸਾਰਿਆਂ ਨੇ ਛਕ ਲਿਆ, ਸਾਰੇ ਗੁਰਦਵਾਰਿਆਂ ਦੀਆਂ ਬੰਦਿਆਂ ਦੀਆਂ ਕਮੇਟੀਆਂ ਤੇ ਹੋਰ, 4500 ਬੰਦੇ ਨੂੰ ਉਥੇ ਅੰਮ੍ਰਿਤ ਛਕਾਇਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਆ! ਤੈਨੂੰ ਵਿਸ਼ਵਾਸ਼ ਤਾਂ ਹੈ ਨਹੀਂ। ਬਾਣੀ ਦੇ ਤੂੰ ਅਰਥ ਕਰਦਾ ਹੈਂ।

ਮਹਾਰਾਜ! ਹੱਥ ਪੈਰ ਤਾਂ ਮਾਰਨੇ ਪੈਂਦੇ ਹੀ ਨੇ, ਆਪ ਹੀ ਕਹਿੰਦੇ ਹੋਂ ਕਿ ਤੁਕ ਤਾਂ ਠੀਕ ਕਹਿੰਦੀ ਹੈ, ਮਨੁੱਖ ਦਾ ਵੀ ਕੋਈ ਫਰਜ਼ ਬਣਦਾ ਹੈ। ਕਹਿੰਦੇ, ਫੇਰ ਫਰਜ਼ ਫੁਰਜ਼ ਨਹੀਂ, ਗੁਰੂ ਦੀ ਬਾਣੀ 'ਤੇ ਤਾਂ 100% ਵਿਸ਼ਵਾਸ਼ ਕਰਨਾ ਪੈਂਦਾ ਹੈ।

ਚੰਗਾ ਆਹ ਸਾਡੀ ਚਿੱਠੀ ਲੈ ਜਾ। ਗੁਰਸਿੱਖਾਂ ਦਾ ਕੋਈ ਨਗਰ ਸੀ। ਸਰਦਾਰ ਨੂੰ ਚਿੱਠੀ ਲਿਖ ਦਿਤੀ ਕਿ ਆਹ ਜਿਹੜਾ ਬੰਦਾ ਹੈ, ਜਿਸਨੂੰ ਚਿੱਠੀ ਦਿਤੀ ਹੈ ਇਹਨੂੰ ਨੌਂ ਮਹੀਨੇ ਨਹੀਂ ਜਾਣ ਦੇਣਾ। ਇਸ ਤੋਂ ਗੁਰਦੁਆਰੇ 'ਚ ਕਥਾ ਕਰਾਓ। ਪਹਿਰਾ ਲਾ ਕੇ ਰੱਖੋ, ਦੇਖਿਓ ਚਲਿਆ ਨਾ ਜਾਵੇ, ਚੌਕਸੀ ਵਰਤਿਓ। ਚਿੱਠੀ ਪੜ੍ਹ ਕੇ ਸੁਣਾ ਦਿਤੀ ਕਿ ਗੁਰਸਿੱਖਾ! ਤੇਰੇ ਵਾਸਤੇ ਹੁਕਮ ਨੌਂ ਮਹੀਨੇ ਰਹਿਣ ਦਾ ਹੈ। ਜੇ ਤਾਂ ਤੂੰ ਭਲੀਭਾਂਤ ਰਹਿਣਾ ਹੈ ਤਾਂ, ਤਾਂ ਬਹੁਤ ਵਧੀਆ ਹੈ। ਨਹੀਂ ਤਾਂ ਪਿਆਰਿਆ! ਰਾਤ ਨੂੰ ਅਸੀਂ ਤੈਨੂੰ ਬੰਦ ਕਰ ਦਿਆ ਕਰਾਂਗੇ, ਪਹਿਰੇ ਤੇਰੇ 'ਤੇ ਲੱਗੇ ਹੋਏ ਨੇ ਦਿਨ ਵਿਚ। ਜਾ ਤੂੰ ਸਕਦਾ ਨਹੀਂ ਕਿਤੇ ਵੀ। ਹਰ ਵਕਤ ਪਹਿਰਾ ਤੇਰੇ ਨਾਲ ਰਹਿਣਾ ਹੈ। ਇਹਦੇ ਵਿਚ ਲਿਖਿਆ ਹੋਇਆ ਹੈ ਕਿ ਕਥਾ ਕਰੇਗਾ ਇਹ, ਕਥਾ ਸੁਣੋ ਇਸ ਤੋਂ।

ਕਹਿਣ ਲੱਗਾ, ਵਾਹਵਾ ਗੁਰੂ ਹੈ, ਮੇਰੇ ਬੱਚਿਆਂ ਨੂੰ ਹੀ ਮਾਰਨ ਨੂੰ

ਤਿਆਰ ਹੋ ਗਿਆ। ਇਹ ਕਾਹਦਾ ਗੁਰੂ ਹੋਇਆ? ਉਹ ਕਹਿੰਦਾ, ਹੁਣ ਤਾਂ ਤੂੰ ਕੁਛ ਕਹੀ ਜਾਹ।

ਖੈਰ, ਉਸ ਥਾਂ 'ਤੇ ਇਹਨੇ ਰਹਿਣਾ ਸ਼ੁਰੂ ਕਰ ਦਿਤਾ, ਉਦਾਸ ਰਿਹਾ ਕਰੇ ਕਿ ਮੇਰੇ ਤਾਂ ਬੱਚੇ ਮਰ ਗਏ ਹੋਣੇ ਨੇ ਭੁੱਖੇ। ਮੇਰਾ ਤਾਂ ਪਿੰਡ ਜਿਹੜਾ ਹੈ ਉਹ ਮਜ਼ਦੂਰੀ ਮਸਾਂ ਦਿੰਦਾ ਹੈ। ਉਨ੍ਹਾਂ ਨੂੰ ਕਿਹੜਾ ਦੇਵੇਗਾ?

ਉਧਰਲੇ ਪਾਸੇ ਕੀ ਹੋਇਆ, ਜਦੋਂ ਦੇਖਿਆ ਕਿ ਸਿੱਖ ਆਇਆ ਨਹੀਂ ਹੈ।

ਕਹਿਣ ਲੱਗੇ, ਇਨ੍ਹਾਂ ਦੇ ਤਾਂ ਪ੍ਰਸ਼ਾਦ ਪਾਣੀ ਵੀ ਨਹੀਂ, ਇਕ ਬੋਰੀ ਕਣਕ ਦੀ ਕਰ ਲਈਏ ਇਕੱਠੀ। ਉਹਦੇ ਨਾਲ ਗੁਜ਼ਾਰਾ ਚਲਦਾ ਗਿਆ। ਲੜਕੀ ਜੁਆਨ ਸੀ ਕਹਿਣ ਲੱਗੀ, ਬੇਬੇ! ਕਿੰਨੀ ਕੁ ਦੇਰ ਤੱਕ ਆਪਾਂ ਇਸ ਤਰ੍ਹਾਂ ਕਰਾਂਗੇ। ਬਾਪੂ ਤਾਂ ਲੱਗ ਗਿਆ ਸੇਵਾ ਕਰਨ ਗੁਰੂ ਘਰ ਦੀ ਤੇ ਆਪਾਂ ਕੋਈ ਕੰਮ ਕਰੀਏ ਕਿਸੇ ਦਾ। ਚਾਰ ਪੈਸੇ ਲਿਆਵਾਂਗੇ ਆਪੇ ਗੁਜ਼ਾਰਾ ਹੋ ਜਾਇਆ ਕਰੇਗਾ। ਉਹ ਵੱਡੇ ਸਰਦਾਰ ਦੇ, ਉਸ ਪਿੰਡ ਦਾ ਜਿਹੜਾ ਚੌਧਰੀ ਸੀ ਉਹਦੇ ਕੋਲ ਗਈਆਂ। ਉਹ ਬੀਬੀ ਕਹਿਣ ਲੱਗੀ, ਸਾਡੇ ਘਰ ਬੜਾ ਕੰਮ ਹੈ, ਵਿਆਹ ਹੈ ਸਾਡੀ ਲੜਕੀ ਦਾ ਤੇ ਤੁਸੀਂ ਅਨਾਜ ਠੀਕ ਕਰੋ। ਦਾਲਾਂ ਵਗੈਰਾ ਸਾਫ ਕਰੋ, ਘਰ ਲਿਪੋ, ਹੋਰ ਸਫਾਈ ਕਰੋ। ਹੋਰ ਬੜੇ ਕੰਮਾਂ ਦੀ ਲੋੜ ਹੈ, ਦੋਵੇਂ ਜਣੀਆਂ ਲੱਗ ਜਾਓ।

ਇਕ ਦੋ ਦਿਨ ਕੰਮ ਕਰਨ ਤੋਂ ਬਾਅਦ, ਘਰ ਲਿੱਪਣ ਵਾਸਤੇ ਮਿੱਟੀ ਲੈਣ ਗਈਆਂ ਤੇ ਉਥੇ ਜਾ ਕੇ ਜਦੋਂ ਕਹੀ ਮਾਰੀ, ਥੋੜ੍ਹੀ ਜਿਹੀ ਮਿੱਟੀ ਪੁੱਟੀ, ਖੜਕਾ ਹੋਇਆ, ਲੜਕੀ ਕਹਿੰਦੀ, ਬੇਬੇ ਕੁਛ ਖੜਕਦਾ ਹੈ। ਕਹਿੰਦੀ, ਹੌਲੀ-ਹੌਲੀ ਕੱਢ ਲੈ। ਜਦੋਂ ਕੱਢਿਆ ਤਾਂ ਇਕ ਗਾਗਰ ਨਿਕਲ ਆਈ। ਮੋਹਰਾਂ ਦੀ ਭਰੀ ਹੋਈ ਸੋਨੇ ਦੀ। ਚੁੱਕ ਕੇ ਲੈ ਆਈਆਂ। ਲਿਆ ਕੇ ਕਹਿਣ ਲੱਗੀ, ਬੀਬੀ! ਆਹ ਸਾਨੂੰ ਲੱਭੀ ਹੈ। ਉਹ ਕਹਿੰਦੀ, ਦੇਖੋ, ਤੁਹਾਡੇ ਤੋਂ ਕੋਈ ਚੋਰ ਚਕਾਰ ਲੈ ਜਾਏਗਾ। ਤੁਹਾਨੂੰ ਖਰਚਣਾ ਨਹੀਂ ਆਉਂਦਾ, ਮੈਂ ਖਰਚਾਂਗੀ ਇਹਨੂੰ। ਉਹਨੇ ਸੱਤ-ਅੱਠ ਖੂਹਾਂ ਦੀ ਜ਼ਮੀਨ ਲੈ ਕੇ ਦੇ ਦਿਤੀ। ਡੰਗਰ ਲੈ ਦਿਤੇ ਤੇ ਨਾਲ ਉਸ ਨੇ ਮਿਹਨਤ ਕਰਕੇ ਕਿਹਾ ਘਰ ਪਾ ਲਓ ਵਧੀਆ। ਬੇਅੰਤ ਧਨ ਮਿਲ ਗਿਆ। ਦੋ ਮੰਜ਼ਲਾਂ ਘਰ ਪਾ ਲਿਆ, ਦੂਰੋਂ ਹੀ ਨਜ਼ਰ ਆਵੇ। ਕਾਰੋਬਾਰ ਚੱਲ ਪਿਆ। ਉਸ ਤੋਂ ਬਾਅਦ ਜਦੋਂ ਨੌਂ ਮਹੀਨੇ ਲੰਘੇ ਤਾਂ ਉਹਨੇ ਸਿਰੋਪਾਉ ਦਿਤਾ ਕਿ ਲੈ ਬਈ ਗੁਰਸਿੱਖਾ! ਤੂੰ ਸਾਡੇ ਨਾਲ ਗੁੱਸੇ ਨਾ ਹੋਈਂ, ਅਸੀਂ ਤਾਂ ਗੁਰੂ ਦਾ ਹੁਕਮ ਮੰਨਿਆ ਹੈ ਤੇ ਹੁਣ ਤੂੰ ਜਾ ਸਕਦਾ ਹੈਂ, ਜਿੱਥੇ ਤੇਰਾ ਜੀਅ ਕਰਦਾ ਹੈ। ਅਸੀਂ ਤਾਂ ਸਲਾਹ ਦਿੰਦੇ ਹਾਂ ਕਿ ਤੂੰ ਆਪਣੇ ਘਰ ਜਾਹ।

ਕਹਿੰਦਾ, ਘਰ ਉਥੇ ਕੌਣ ਹੋਣਾ, ਉਹ ਤਾਂ ਮਰ-ਮੁਰ ਚੁੱਕੇ ਹੋਣੇ ਨੇ ਸਾਰੇ। ਕਿਸੇ ਨੇ ਸਸਕਾਰ ਵੀ ਨਹੀਂ ਕਰਿਆ ਹੋਣਾ। ਮੈਂ ਜਾਣਦਾ ਹਾਂ ਆਪਣੇ ਪਿੰਡ ਨੂੰ, ਸਾਡਾ ਪਿੰਡ ਕਿਹੋ ਜਿਹਾ ਹੈ। ਉਹ ਤਾਂ ਮਨਮੁਖ ਲੋਕ ਨੇ, ਉਹ ਕਿਸੇ ਨੂੰ ਨਹੀਂ ਮੰਨਦੇ।

ਕਹਿੰਦੇ, ਤੂੰ ਜਾ ਕੇ ਤਾਂ ਦੇਖ ਲੈ।

ਜਿਸ ਵਕਤ ਆਇਆ, ਕੀ ਦੇਖਦਾ ਹੈ, ਉਹ ਕੱਚੀ ਕੋਠੜੀ ਦੀ ਥਾਂ 'ਤੇ, ਦੋ-ਮੰਜ਼ਲਾ ਘਰ ਬਣਿਆ ਹੋਇਆ ਹੈ। ਕਹਿੰਦਾ, ਲੈ ਬਈ ਘਰਵਾਲੀ ਵੀ ਮਰ ਗਈ, ਬੱਚੇ ਵੀ ਮਰ ਗਏ ਤੇ ਮੇਰਾ ਤਾਂ ਥਾਉਂ ਵੀ ਰੋਕ ਲਿਆ। ਇਸ ਇਰਾਦੇ ਨਾਲ ਕਿ ਕੀਹਨੇ ਰੋਕਿਆ ਹੈ, ਪੁੱਛਣ ਵਾਸਤੇ ਅਗਾਂਹਾਂ ਵਧਿਆ ਤਾਂ ਬੱਚਾ ਖੇਲ੍ਹਦਾ ਹੈ। ਕਹਿੰਦਾ, ਬੱਚਾ ਤਾਂ ਮੇਰਾ ਹੈਗਾ। ਬੱਚਾ ਪੌੜੀਆਂ ਚੜ੍ਹਨ ਲੱਗ ਗਿਆ, ਕੋਠੇ ਵਲ ਨੂੰ। ਇਹ ਵੀ ਨੱਠ ਕੇ ਗਿਆ ਪਿੱਛੇ ਕਿ ਪਤਾ ਕਰਾਂ ਬੱਚੇ ਤੋਂ ਕਿ ਮਾਂ ਕਿੱਥੇ ਹੈ? ਬਾਕੀ ਪਰਿਵਾਰ ਕਿੱਥੇ ਹੈ? ਇਹ ਪੌੜੀਆਂ ਚੜ੍ਹਦਾ ਹੈ, ਬੱਚਾ ਚੜ੍ਹ ਗਿਆ। ਇਹ ਵੀ ਦਰਵਾਜ਼ੇ 'ਤੇ ਪਹੁੰਚ ਗਿਆ, ਬੱਚਾ ਮਾਂ ਕੋਲ ਪਹੁੰਚ ਗਿਆ। ਉੱਚੀ-ਉੱਚੀ ਬੋਲਦਾ ਹੈ, ਸਾਹ ਚੜ੍ਹਿਆ ਹੋਇਆ ਹੈ, ਕਹਿੰਦਾ, ਬੇਬੇ! ਬੇਬੇ! ਬਾਪੂ ਫੇਰ ਆ ਗਿਆ, ਹੁਣ ਆਪਾਂ ਫੇਰ ਭੁੱਖੇ ਮਰਾਂਗੇ।

ਉਹ ਕਹਿਣ ਲੱਗੀ, ਤੂੰ ਕੀ ਛੁੱਟੀ ਲੈ ਕੇ ਆਇਆ ਹੈਂ?

ਕਹਿੰਦਾ, ਮੈਂ ਛੁੱਟੀ ਕਿੱਥੇ, ਮੈਂ ਤਾਂ ਕੈਦ ਸੀ ਨੌਂ ਮਹੀਨੇ ਵਾਸਤੇ, ਫਲਾਣੇ ਪਿੰਡ 'ਚ। ਸਾਰੀ ਗੱਲ ਦੱਸੀ। ਕਹਿੰਦੀ, ਜਾਹ ਤੂੰ ਗੁਰੂ ਦੀ ਸੇਵਾ ਕਰ। ਆਹ ਦੇਖ ਤਾਂ ਗੁਰੂ ਨੇ ਕੀ ਕੁਛ ਦੇ ਦਿਤਾ ਤੇਰੇ ਪਿੱਛੋਂ, ਤੈਨੂੰ ਭਰੋਸਾ ਨਹੀਂ ਹੈ?

ਵਾਪਸ ਆ ਗਿਆ। ਮਹਾਰਾਜ ਕਹਿੰਦੇ, ਕਿਉਂ ਬਈ ਗੁਰਸਿੱਖਾ! ਫੇਰ ਸਮਝ ਉਸ ਬਾਣੀ ਨੂੰ, ਫੇਰ ਸੁਣਾ ਸਾਨੂੰ। ਕਹਿੰਦਾ, ਮਹਾਰਾਜ ਮੈਂ ਕੀ ਸੁਣਾਉਣੀ ਹੈ। ਬਾਣੀ ਤਾਂ ਸਤਿ-ਸਤਿ ਹੈ। ਸਤਿ ਕਰਕੇ ਮੰਨੋ, ਜਿਹੜਾ ਸਤਿ ਕਰਕੇ ਮੰਨੇਗਾ, ਉਹਨੂੰ ਫਲ ਮਿਲੇਗਾ।

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ 1 ॥***

***ਅੰਗ- 669***

ਸੋ ਤੀਸਰਾ ਭਰੋਸਾ ਹੋਇਆ ਕਰਦਾ ਹੈ, ਗੁਰੂ ਦੇ ਬਚਨਾਂ 'ਤੇ। ਜਿਹਨੂੰ ਬਾਣੀ ਕਹਿੰਦੇ ਨੇ। ਸਤਿ ਸ਼ਾਸਤਰ 'ਤੇ।

ਚੌਥਾ ਹੋਇਆ ਕਰਦਾ ਹੈ, ਮੰਤਰ 'ਤੇ ਭਰੋਸਾ। ਜਿਹੜਾ ਮੰਤਰ ਗੁਰੂ ਨੇ ਦਿਤਾ, ਉਹ ਤਾਰ ਜਾਏਗਾ। ਇਹ ਨਹੀਂ ਕਿ ਸਾਡੇ ਵਾਲਾ ਮੰਤਰ ਕਮਜ਼ੋਰ ਹੈ, ਹੁਣ ਫਲਾਣਾ ਮੰਤਰ ਲਈਏ। ਉਹ ਤੇਜ਼ੀ ਨਾਲ ਕੰਮ ਕਰੇਗਾ। ਕੰਮ ਤਾਂ ਤੁਹਾਡੇ ਭਰੋਸੇ ਨੇ ਕਰਨਾ ਹੈ। ਜੋ ਮੰਤਰ ਮਿਲ ਗਿਆ, ਉਹਦੇ ਉਤੇ ਭਰੋਸਾ ਲਿਆਓ। ਉਸੇ ਨੇ ਤਾਰ ਦੇਣਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਬਾਬੇ ਫਰੀਦ ਦਾ ਰੱਬ ਉਤੇ ਵੀ ਭਰੋਸਾ ਹੋ ਗਿਆ। ਮਾਂ ਦੇ ਬਚਨਾਂ 'ਤੇ ਵੀ ਭਰੋਸਾ ਹੋ ਗਿਆ। ਕੁਰਾਨ ਸ਼ਰੀਫ 'ਤੇ ਵੀ ਭਰੋਸਾ ਹੋ ਗਿਆ। ਪ੍ਰਤੀਤ ਹੋ ਗਈ।

ਮਾਂ ਕਹਿਣ ਲੱਗੀ, ਬੇਟਾ! ਨਮਾਜ਼ਾਂ ਤਾਂ ਤੂੰ ਪੜ੍ਹਦਾ ਹੈਂ, ਪਰ ਤੂੰ ਤੱਸਬੀ (ਮਾਲਾ) ਫੇਰਿਆ ਕਰ, ਅੱਲਾਹ ਦੇ ਨਾਮ ਦੀ। ਕਹਿੰਦਾ, ਮਾਤਾ! ਅੱਲਾਹ ਕੀ ਦੇਵੇਗਾ ਫੇਰ ਮੈਨੂੰ? ਬੱਚਾ ਸੀ ਪੰਜ ਸਾਲ ਦਾ। ਉਹ ਸ਼ੱਕਰ ਖਾਂਦਾ ਹੁੰਦਾ ਸੀ। ਜਿਥੋਂ ਇਹਦਾ ਨਾਉਂ ਸ਼ੱਕਰਗੰਜ ਪਿਆ। ਉਹ ਕਹਿੰਦੀ, ਉਹ ਸ਼ੱਕਰ ਦਿਆ ਕਰੇਗਾ। ਤੂੰ ਅੱਖਾਂ ਮੀਚ ਕੇ ਬੈਠੀਂ, ਤੂੰ ਅੱਖ ਨਹੀਂ ਖੋਲ੍ਹਣੀ। ਆਹ ਜਿਹੜਾ ਆਸਣ ਹੈ ਨਾ ਤੇਰੇ ਥੱਲੇ, ਇਹਦੇ ਹੇਠਾਂ ਦੇਖ ਲਿਆ ਕਰੀਂ, ਇਥੇ ਸ਼ੱਕਰ ਪਈ ਹੋਇਆ ਕਰੇਗੀ।

ਸੋ ਜਿਸ ਵਕਤ ਮਾਂ ਨੇ ਬਿਠਾ ਦੇਣਾ, ਉਸ ਵੇਲੇ ਤੁਰਦੀ-ਫਿਰਦੀ ਨੇ ਇਕ ਪੁੜੀ ਰੱਖ ਦੇਣੀ ਸ਼ੱਕਰ ਦੀ ਭਰ ਕੇ। ਜਦੋਂ ਉਹਨੇ ਆਪਣਾ ਆਸਣ ਚੁੱਕਣਾ, ਉਸੇ ਵੇਲੇ ਉਹਨੂੰ ਪੁੜੀ ਮਿਲ ਜਾਣੀ। ਭਰੋਸਾ 100% ਹੋ ਗਿਆ।

ਇਕ ਦਿਨ ਮਾਤਾ ਬਾਹਰ ਗਈ ਹੋਈ ਸੀ। ਸਮੇਂ 'ਤੇ ਆਈ ਨਾ ਘਰ। ਜਦੋਂ ਆਈ, ਬਾਬਾ ਫਰੀਦ ਖੇਲ੍ਹਦਾ ਫਿਰਦਾ ਹੈ।

ਕਹਿੰਦੀ, ਫਰੀਦਾ! ਅੱਜ ਤੂੰ ਤੱਸਬੀ ਫੇਰੀ?

ਕਹਿੰਦਾ, ਹਾਂ ਮਾਤਾ, ਮੈਂ ਖੂੰਡੀ ਨਾਲ ਲਾਹ ਲਈ ਸੀ ਤੱਸਬੀ, ਕਿੱਲੀ ਤੋਂ ਤੇ ਆਸਣ ਵੀ ਮੈਂ ਚੁੱਕ ਲਿਆ ਸੀ।

ਕਹਿੰਦੀ, ਫੇਰ ਸ਼ੱਕਰ?

ਉਂਗਲੀ ਫੜ ਲਈ ਮਾਂ ਦੀ, ਕਹਿੰਦਾ, ਆ ਤੈਨੂੰ ਦਿਖਾਵਾਂ।

ਸਾਰੇ ਭਾਂਡੇ ਭਰੇ ਪਏ ਨੇ। ਕਹਿੰਦਾ, ਮਾਤਾ! ਅੱਜ ਤਾਂ ਐਨੀ ਸ਼ੱਕਰ, ਮੇਰਾ ਆਸਣ ਸਾਰਾ ਹੀ ਸ਼ੱਕਰ ਦਾ ਬਣ ਗਿਆ। ਉਸ ਦਿਨ ਤੋਂ ਉਹਦਾ ਨਾਉਂ ਸ਼ੱਕਰਗੰਜ ਪੈ ਗਿਆ।

ਮਾਂ ਨੇ ਸਮਝ ਲਿਆ ਕਿ ਇਹਦਾ ਸ਼ਬਦ 'ਤੇ ਭਰੋਸਾ ਹੈ, ਸ਼ਬਦ ਸਿੱਧ ਹੋ ਗਿਆ। ਫੇਰ ਪਰਖਿਆ।

ਕਹਿੰਦੀ, ਫਰੀਦਾ! ਅੱਜ ਆਪਣੇ ਘਰ ਰਾਸ਼ਨ ਨਹੀਂ, ਇੱਕ ਡੰਗ ਦਾ ਰਾਸ਼ਨ ਮੰਗੀ ਤੂੰ ਅੱਲਾਹ ਤੋਂ, ਤੱਸਬੀ ਫੇਰ ਕੇ।

ਤੱਸਬੀ ਫੇਰੀ, ਉਸ ਤੋਂ ਬਾਅਦ ਕਹਿੰਦਾ, ਹੇ ਅੱਲਾਹ ਤਾਲਾਹ, ਇੱਕ ਡੰਗ ਦਾ ਰਾਸ਼ਨ ਸਾਡੇ ਘਰ ਚਾਹੀਦਾ ਹੈ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ, ਗੱਡਾ ਭਰਿਆ ਹੋਇਆ ਆ ਗਿਆ। ਉਹ ਬੋਰੀਆਂ, ਰੱਖਣ ਲੱਗ ਗਏ। ਕਹਿੰਦੇ, ਫਰੀਦਾ! ਕਿੱਥੇ ਰੱਖੀਏ?

ਉਹ ਕਹਿੰਦਾ, ਇਹ ਤਾਂ ਤੁਸੀਂ ਕਿਸੇ ਹੋਰ ਦੇ ਘਰ ਰੱਖਣੀ ਹੋਣੀ ਹੈ। ਮੈਂ ਤਾਂ ਇਕ ਡੰਗ ਦਾ ਰਾਸ਼ਨ ਮੰਗਿਆ ਹੈ।

ਉਹ ਕਹਿੰਦਾ, ਤੂੰ ਇਹ ਤਾਂ ਨਹੀਂ ਕਿਹਾ ਕਿ ਸਾਡੇ ਇਕ ਡੰਗ ਦਾ, ਇਹ ਤਾਂ ਰੱਬ ਦਾ ਡੰਗ ਹੈ। ਜਿੱਡਾ ਵੱਡਾ ਰੱਬ, ਓਡਾ ਹੀ ਉਹਦਾ ਡੰਗ। ਲਿਆ ਕੇ ਘਰ ਭਰ ਦਿਤਾ।

ਮਾਤਾ ਆਈ, ਕਹਿੰਦੀ, ਫਰੀਦਾ! ਰਾਸ਼ਨ ਮੰਗਿਆ?

ਕਹਿੰਦਾ, ਮਾਂ! ਥਾਉਂ ਹੀਂ ਨਹੀਂ ਘਰ 'ਚ ਲੰਘਣ ਨੂੰ, ਰਾਸ਼ਨ ਹੀ ਰਾਸ਼ਨ ਹੋਇਆ ਪਿਆ ਹੈ। ਮਾਂ ਨੇ ਸਮਝ ਲਿਆ ਕਿ ਬੱਚਾ ਜਿਹੜਾ ਹੈ, ਇਹਦਾ ਸ਼ਬਦ ਜਿਹੜਾ ਹੈ ਉਹ ਸਿੱਧ ਹੋ ਚੁੱਕਿਆ ਹੈ। ਉਸ ਵੇਲੇ ਬਾਬਾ ਫਰੀਦ ਨੂੰ ਸਾਧੂ-ਸੰਤਾਂ ਕੋਲ ਭੇਜਦੀ ਰਹੀ। 18 ਸਾਲ ਦਾ ਹੋ ਗਿਆ।

ਇਕ ਦਿਨ ਮਾਂ ਨੇ ਕਿਹਾ ਕਿ ਬੇਟਾ! ਦੇਖ, ਰੱਬ ਮਿਲਣਾ ਬੜਾ ਔਖਾ ਹੈ। ਰੱਬ ਦੇ ਮਿਲਣ ਵਾਸਤੇ ਸਾਨੂੰ ਇਹ ਦੇਹ ਪ੍ਰਾਪਤ ਹੋਈ ਹੈ। ਜੇ ਰੱਬ ਨੂੰ ਨਾ ਮਿਲੇ, ਇਹ ਦੇਹ ਬਿਰਥਾ ਚਲੀ ਜਾਣੀ ਹੈ। ਫਰੀਦਾ! ਮੇਰੀ ਕੁੱਖ ਨੂੰ ਵੀ ਦਾਗ ਲੱਗੇਗਾ। ਤੂੰ ਜਾਹ, ਜੰਗਲਾਂ ਦੇ ਅੰਦਰ, ਜਾ ਕੇ ਤਪ ਕਰ। ਤਪੱਸਿਆ ਕਰਕੇ, ਰੱਬ ਨੂੰ ਪ੍ਰਸੰਨ ਕਰ। ਰੱਬ ਤੇਰੇ ਉਤੇ ਰੀਝ ਜਾਏਗਾ ਤੇ ਤੈਨੂੰ ਦਰਸ਼ਨ ਦੇਵੇਗਾ। ਜਿੰਨਾਂ ਕੁ ਮਾਂ ਜਾਣਦੀ ਸੀ, ਓਨੀ ਕੁ ਮਾਂ ਨੇ ਗੱਲ ਕਰ ਦਿਤੀ ਤੇ ਜਿਸ ਵਕਤ ਬਾਬਾ ਫਰੀਦ ਤੁਰਨ ਵਾਸਤੇ ਤਿਆਰ ਹੋਇਆ, ਕਹਿੰਦੀ, ਫਰੀਦਾ! ਤਿੰਨ ਬਚਨ ਮੰਨੀ ਮੇਰੇ ਬੇਟਾ! ਕਹਿਣ ਲੱਗਿਆ, ਦੱਸੋ ਮਾਂ ਜੀ! ਕਿਹੜਾ-ਕਿਹੜਾ ਬਚਨ ਮੰਨਾਂ?

ਕਹਿੰਦੀ, ਇੱਕ ਤਾਂ ਤੂੰ ਕਿਲ੍ਹੇ 'ਚ ਰਹੀਂ। ਦੂਸਰਾ ਮਖਮਲ ਦੇ ਗਦੈਲਿਆਂ 'ਤੇ ਸੌਈਂ। ਤੀਸਰਾ ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਈਂ।

ਹੈਰਾਨ ਹੋ ਗਿਆ, ਕਹਿੰਦਾ ਮਾਤਾ! ਭੇਜਦੀ ਹੈਂ ਮੈਨੂੰ ਜੰਗਲਾਂ 'ਚ, ਜਿੱਥੇ ਰੋਟੀ ਮਿਲਣੀ ਮੁਸ਼ਕਲ ਹੈ ਤੇ ਤੂੰ ਕਹਿੰਦੀ ਹੈਂ ਛੱਤੀ ਪ੍ਰਕਾਰ ਦੇ ਭੋਜਨ ਖਾਈਂ। ਉਥੇ ਪੈਣ ਨੂੰ ਮਿਲਣਾ ਕੁਛ ਕਿ ਨਹੀਂ ਮਿਲਣਾ। ਭੁੰਜੇ ਹੀ ਪੈਣਾ ਹੈ, ਕੀੜੇ ਲੜਨੇ ਨੇ ਸੁੱਤੇ ਪਏ ਦੇ। ਉਥੇ ਤੂੰ ਕਹਿੰਦੀ ਹੈਂ, ਗਦੇਲਿਆਂ 'ਤੇ ਪੈਣ ਵਾਸਤੇ। ਖਾਣ ਨੂੰ ਪਤਾ ਨਹੀਂ ਕਿਹੋ ਜਿਹਾ ਮਿਲਣਾ ਹੈ ਕਿ ਨਹੀਂ ਮਿਲਣਾ। ਮਾਤਾ! ਇਹ ਬਚਨ ਮੈਂ ਤੇਰੇ ਕਿਵੇਂ ਕਮਾਵਾਂਗਾ।

ਮਾਤਾ ਕਹਿਣ ਲੱਗੀ, ਬੇਟਾ! ਜਿਨ੍ਹਾਂ ਲੋਕਾਂ 'ਚ ਤੂੰ ਜਾਣਾ ਹੈ, ਉਨ੍ਹਾਂ ਨੇ ਖੋਲ੍ਹ ਕੇ ਗੱਲ ਨਹੀਂ ਕਰਨੀ। ਲੰਮੇ ਚੌੜੇ ਭਾਸ਼ਣ ਨਹੀਂ ਦੇਣੇ। ਉਨ੍ਹਾਂ ਨੇ ਰਮਜ਼ ਮਾਰਨੀ ਹੈ, ਸਮਝਣਾ ਤੇਰਾ ਕੰਮ ਹੈ।

ਕਹਿੰਦੀ, ਮੈਂ ਤਾਂ ਤੈਨੂੰ ਰਮਜ਼ ਮਾਰੀ ਹੈ। ਸਮਝ ਲੈ।

ਕਹਿਣ ਲੱਗਿਆ, ਮਾਂ! ਮੇਰੀ ਸਮਝ ਤੋਂ ਪਰ੍ਹੇ ਹੈ ਗੱਲ।

ਸਮਝਾ ਦੇ ਮੈਨੂੰ, ਮਾਂ!

ਕਹਿਣ ਲੱਗੀ, ਦੇਖ, ਜਿੱਥੇ ਸਾਧੂ ਲੋਕ ਭਜਨ ਕਰਦੇ ਹੋਣਗੇ, ਤਪ ਕਰਦੇ ਹੋਣਗੇ, ਉਨ੍ਹਾਂ ਦੇ ਵਿਚ ਰਹੀਂ, ਇਕੱਲਾ ਨਾ ਰਹੀਂ, ਇਕੱਲੇ ਨੂੰ ਮਾਇਆ ਪੈ ਜਾਏਗੀ। ਜਿਹੜਾ ਸਤਿਸੰਗ ਹੈ, ਸਤਿਸੰਗੀਆਂ ਦੇ ਨਾਲ ਮਿਲ ਕੇ ਚੱਲਣਾ ਹੈ ਇਹ ਕਿਲ੍ਹਾ ਹੋਇਆ ਕਰਦਾ ਹੈ।

ਦੂਸਰਾ ਪ੍ਰਸ਼ਾਦਾ ਪਾਣੀ ਓਸ ਵੇਲੇ ਛਕੀਂ, ਜਦੋਂ ਹੱਦ ਤੋਂ ਜ਼ਿਆਦਾ ਭੁੱਖ ਲਗ ਜਾਏ। ਰੁੱਖੀ ਮਿੱਸੀ, ਤੈਨੂੰ 36 ਪ੍ਰਕਾਰ ਦੇ ਭੋਜਨਾਂ ਵਰਗੀ ਲੱਗੇਗੀ। ਸੌਈਂ ਓਸ ਵੇਲੇ, ਜਿਸ ਵਕਤ ਇਹ ਲੱਗੇ ਤੈਨੂੰ ਕਿ ਹੁਣ ਨਹੀਂ

ਮੈਂ ਜਾਗਦਾ ਰਹਿ ਸਕਦਾ। ਉਸ ਵੇਲੇ ਚਾਹੇ ਡਲ੍ਹਿਆਂ 'ਤੇ ਪੈ ਜਾਈਂ, ਤੈਨੂੰ ਉਹ ਗਦੇਲਿਆਂ ਤੋਂ ਵੀ ਵਧੀਆ ਲੱਗਣਗੇ।

ਸੋ ਤਪ ਕਰਨ ਵਾਸਤੇ ਚਲਿਆ ਗਿਆ। ਬੜੇ ਔਖੇ ਤਪ ਕਰਨੇ ਸ਼ੁਰੂ ਕਰ ਦਿਤੇ। ਰਾਤ ਭਰ ਖੜ੍ਹਾ ਰਹਿੰਦਾ ਹੈ।

ਸੋ ਇਸ ਤਰ੍ਹਾਂ ਕਰਦੇ-ਕਰਦੇ ਇਕ ਦਿਨ ਖੜ੍ਹਾ ਹੈ ਤੇ ਇਕ ਲੁਹਾਰ ਉਥੇ ਆ ਗਿਆ। ਉਹਦੇ ਸਿਰ 'ਤੇ ਘੜਾ ਹੈ, ਮੋਢੇ ਦੇ ਉਤੇ ਕੁਹਾੜਾ ਚੁੱਕਿਆ ਹੋਇਆ ਹੈ। ਉਹ ਕੋਲੇ ਬਣਾਉਣ ਵਾਸਤੇ ਲੱਕੜੀ ਭਾਲਦਾ ਫਿਰਦਾ ਸੀ। ਉਹਨੇ ਕਿਹਾ ਕਿ ਆਹ ਲੱਕੜੀ ਸੁੱਕੀ ਹੋਈ ਜੰਗਲ 'ਚ ਖੜ੍ਹੀ ਹੈ, ਪੂਰੀ ਤਰ੍ਹਾਂ ਦਿਸਦਾ ਨਹੀਂ ਹੈ। ਮਟਕ ਚਾਨਣਾ ਜਿਹਾ ਹੋਇਆ-ਹੋਇਆ ਹੈ ਤੇ ਲੱਕੜੀ ਸਮਝ ਕੇ ਫਰੀਦ ਦੇ ਉਸ ਨੇ ਮੋਢੇ ਦੇ ਉਤੇ ਕੁਹਾੜੇ ਦਾ ਪੀਨ ਮਾਰਿਆ। ਉਹ ਜ਼ੋਰ ਨਾਲ ਲੱਗਿਆ, ਉਹ ਸਹਿਜ ਵਿਚ ਖੜ੍ਹਾ ਸੀ, ਧੱਕਾ ਖਾ ਕੇ ਕਾਫੀ ਦੂਰ ਜਾਂਦਾ-ਜਾਦਾ ਗਿਰਨ ਤੋਂ ਬਚ ਗਿਆ। ਉਸ ਵੇਲੇ ਕ੍ਰੋਧ ਨਹੀਂ ਕਰਿਆ, ਸਮਝ ਲਿਆ ਕਿ ਇਹ ਵੀ ਕੁਛ ਭਾਲਦਾ ਫਿਰਦਾ ਹੈ। ਮੈਂ ਵੀ ਕੁਛ ਭਾਲਦਾ ਫਿਰਦਾ ਹਾਂ। ਉਸ ਵੇਲੇ ਉਹਨੂੰ ਸੰਬੋਧਨ ਕਰਕੇ ਕਹਿਣ ਲੱਗਿਆ, ਵੀਰਾ! ਤੇਰੀ ਤਲਾਸ਼ ਹੋਰ ਹੈ, ਮੇਰੀ ਤਲਾਸ਼ ਹੋਰ ਹੈ।

***ਧਾਰਨਾ - ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾ,***
***ਤੈਨੂੰ ਭਾਲ ਕੋਲਿਆਂ ਦੀ।***

12 ਸਾਲ ਤਪ ਕਰਨ ਤੋਂ ਬਾਅਦ ਬਹੁਤ ਹੱਠ ਦੇ ਨਾਲ, ਸਰੀਰ ਕ੍ਰਿਸ਼ ਹੋ ਗਿਆ, ਕਮਜ਼ੋਰ ਹੋ ਗਿਆ। ਉਸ ਵੇਲੇ ਖਿਆਲ ਆਇਆ ਕਿ 12 ਸਾਲ ਲੰਘ ਗਏ। ਮਾਂ ਨੂੰ ਮੈਂ ਪੁੱਛਾਂ ਕਿ ਅਜੇ ਮੈਨੂੰ ਹੋਰ ਕਿੰਨਾ ਕੁ ਤਪ ਕਰਨਾ ਪਏਗਾ, ਰੱਬ ਮਿਲਣ ਵਾਸਤੇ। ਅਜੇ ਤਾਂ ਕੋਈ ਗੱਲ ਬਣੀ ਨਹੀਂ ਹੈ। ਸੋ ਵਾਪਸ ਆਉਂਦਾ ਹੈ, ਆਉਂਦਾ-ਆਉਂਦਾ ਇਕ ਦਰਖਤ ਦੇ ਥੱਲੇ ਬੈਠ ਜਾਂਦਾ ਹੈ।

ਜਿਹੜਾ ਤਪ ਕਰਦਾ ਹੈ ਬੰਦਾ, ਉਹਦੇ 'ਚ ਸਤੋ ਗੁਣ ਨਹੀਂ ਰਿਹਾ ਕਰਦਾ, ਤਮੋ ਗੁਣ ਵਧ ਜਾਇਆ ਕਰਦਾ ਹੈ, ਕ੍ਰੋਧ ਵਧ ਜਾਂਦਾ ਹੈ, ਉਹ ਵਰ ਨਹੀਂ ਦੇ ਸਕਦਾ, ਸਰਾਪ ਦੇ ਸਕਦਾ ਹੈ। ਬਾਬਾ ਫਰੀਦ ਬੈਠਾ ਹੈ, ਉਥੇ ਚਿੜੀਆਂ, ਚੀਂ-ਚੀਂ ਕਰਦੀਆਂ ਨੇ। ਇਹਨੂੰ ਚੰਗੀਆਂ ਨਾ ਲੱਗੀਆਂ, ਉਤੇ ਨੂੰ ਦੇਖਿਆ, ਕਹਿੰਦਾ, ਮਰ ਵੰਞੋ ਚਿੜੀਓ। ਸਾਰੀਆਂ ਹੀ ਚਿੜੀਆਂ ਹੇਠਾਂ ਗਿਰ ਗਈਆਂ। ਦੇਖਦਾ ਹੈ ਕਿ ਇਹ ਤਾਂ ਢੇਰ ਲੱਗ ਗਿਆ। ਇਨ੍ਹਾਂ ਵਿਚਾਰੀਆਂ ਨੇ ਕੀ ਕਰਿਆ ਸੀ। ਕਹਿਣ ਲੱਗਾ, ਜੀਅ ਵੰਞੋ। ਉਹ ਸਾਰੀਆਂ ਹੀ ਜਿਉਂਦੀਆਂ ਹੋ ਗਈਆਂ। ਖੁਸ਼ ਹੋ ਗਿਆ ਕਿ ਮੈਨੂੰ ਤਾਂ ਬੜੀ ਤਾਕਤ ਮਿਲ ਗਈ। ਮੈਂ ਇਕ ਗੱਲ ਕਹਿ ਕੇ ਮਾਰ ਸਕਦਾ ਹਾਂ, ਇਕ ਗੱਲ ਕਹਿ ਕੇ ਮਰੇ ਹੋਏ ਨੂੰ ਜਿਉਂਦਾ ਕਰ ਸਕਦਾ ਹਾਂ। ਐਡੀ ਤਾਕਤ? ਬਹੁਤ ਜ਼ਿਆਦਾ ਮਨ ਦੇ ਅੰਦਰ ਖੁਸ਼ੀ ਹੀ ਖੁਸ਼ੀ ਹੋ ਗਈ। ਉਸ ਵੇਲੇ ਅੱਠ-ਦਸ ਮੀਲ ਲੰਘ ਕੇ ਅੱਗੇ ਆਇਆ ਤਾਂ ਉਥੇ ਪਿਆਸ ਲੱਗੀ। ਗਰਮੀ ਦਾ ਮਹੀਨਾ ਹੈ, ਇਕ ਲੜਕੀ ਖੂਹ ਦੇ ਉਤੇ 22 ਕੁ ਸਾਲ ਦੀ,

ਪਾਣੀ ਖਿਚਦੀ ਹੈ, ਡੋਲ੍ਹ ਦਿੰਦੀ ਹੈ। ਪਾਣੀ ਕੱਢ ਲੈਂਦੀ ਹੈ, ਡੋਲ੍ਹੀ ਜਾਂਦੀ ਹੈ। ਇਹਨੇ ਕਿਹਾ ਕਿ ਲੜਕੀ! ਦਰਵੇਸ਼ ਕੋ ਪਾਣੀ ਪਿਲਾਓ। ਲੜਕੀ ਨੇ ਧਿਆਨ ਨਾਲ ਦੇਖਿਆ, ਐਸੀ ਨਿਗ੍ਹਾ ਨਾਲ ਦੇਖਿਆ ਕਿ ਸਭ ਕੁਛ ਜਾਣ ਗਈ। ਕਹਿੰਦੀ, ਓਥੇ ਬਹਿ ਜਾ ਦਰਵੇਸ਼ ਸਾਂਈ ਜੇ ਪਾਣੀ ਪੀਣਾ ਹੈ।

ਇਹਨੂੰ ਪਿਆਸ ਲੱਗੀ ਹੋਈ ਸੀ, ਇਹਨੇ ਦੇਖਿਆ ਕਿ ਮੈਨੂੰ ਪਾਣੀ ਨਹੀਂ ਪਿਲਾਉਂਦੀ, ਮੇਰੇ 'ਚ ਐਨੀ ਤਾਕਤ ਹੈ, ਜੇ ਮੈਂ ਕਹਿ ਦੇਵਾਂ ਮਰ ਜਾ, ਇਹ ਮਰ ਜਾਏਗੀ। ਇਹਨੂੰ ਨਹੀਂ ਪਤਾ ਕਿ ਮੇਰੇ 'ਚ ਐਨੀ ਤਾਕਤ ਹੈ। ਮੈਨੂੰ ਪਾਣੀ ਨਹੀਂ ਪਿਲਾਉਂਦੀ। ਉਹ ਪਰ੍ਹੇ ਹੋ ਕੇ ਬਹਿ ਗਿਆ। ਉਥੇ ਬੈਠੇ ਨੇ ਥੋੜ੍ਹੀ ਦੇਰ ਬਾਅਦ ਇਹਨੇ ਫੇਰ ਕਿਹਾ ਕਿ ਓ ਲੜਕੀ! ਦਰਵੇਸ਼ ਕੋ ਪਾਣੀ ਪਿਲਾਓ। ਕਹਿੰਦੀ, ਬਾਬਾ! ਬੈਠਾ ਰਹਿ, ਤੈਨੂੰ ਕਹਿ ਦਿਤਾ ਬੈਠਾ ਰਹਿ। ਇਹ ਚਿੜੀਆਂ ਨਹੀਂ ਹਨ ਕਿ ਤੂੰ ਮਾਰ ਦੇਵੇਂਗਾ ਤੇ ਫੇਰ ਜਿਉਂਦੀਆਂ ਕਰ ਦੇਵੇਂਗਾ।

ਸਾਰੀ ਹੀ ਪਿਆਸ ਲਹਿ ਗਈ। ਐਨੇ ਨੂੰ ਕੋਈ ਰਾਹੀ ਆਇਆ, ਕਹਿਣ ਲੱਗਿਆ ਕਿ ਬੀਬਾ! ਪਾਣੀ ਪੀਣਾ ਹੈ?

ਕਹਿਣ ਲੱਗੀ, ਆ ਜਾ ਵੀਰ ਜੀ! ਪੀ ਲੈ।

ਹੁਣ ਇਹਦੇ ਮਨ 'ਚ ਹੋਇਆ ਕਿ ਮੈਨੂੰ ਪਾਣੀ ਨਹੀਂ ਪਿਲਾਉਂਦੀ, ਹੋਰਾਂ ਨੂੰ ਪਿਲਾਈ ਜਾਂਦੀ ਹੈ। ਐਨੇ ਨੂੰ ਲੜਕੀ ਨੇ ਪਾਣੀ ਦਾ ਆਖਰੀ ਦਾ ਡੋਲ੍ਹ ਭਰਿਆ। ਕਹਿਣ ਲੱਗੀ, ਆਓ ਦਰਵੇਸ਼ ਸਾਂਈਂ ਪਾਣੀ ਪੀਓ।

ਕਹਿਣ ਲੱਗਿਆ, ਬੀਬਾ! ਹੁਣ ਮੇਰੀ ਪਿਆਸ ਬੁੱਝ ਗਈ। ਮੈਂ ਪਾਣੀ ਤਾਂ ਪੀਵਾਂਗਾ ਜੇ ਮੇਰੇ ਸਵਾਲਾਂ ਦਾ ਜਵਾਬ ਦੇਵੇਂਗੀ? ਕਹਿਣ ਲੱਗੀ, ਪੁੱਛ ਕੀ ਸਵਾਲ ਹੈ ਤੇਰਾ? ਕਹਿਣ ਲੱਗਿਆ, ਤੂੰ ਬਾਕੀਆਂ ਨੂੰ ਪਾਣੀ ਪਿਲਾਈ ਗਈ, ਮੈਨੂੰ ਕਿਉਂ ਨਹੀਂ ਪਿਲਾਇਆ। ਕਹਿਣ ਲੱਗੀ, ਫਰੀਦਾ! ਮੈਂ ਦੇਖਦੀ ਸੀ ਕਿ ਤੂੰ ਅੱਖਾਂ ਵਾਲਾ ਹੈਂ। ਪਰ ਮੈਂ ਕੀ ਜਾਣਾ, ਤੂੰ ਤਾਂ ਅੰਨਾ ਹੈਂ। ਇਹ ਜਿਹੜੇ ਮੇਰੇ ਕੋਲ ਆਉਂਦੇ ਸੀ ਇਹ ਅੰਨੇ ਸੀ। ਪਿਆਸ ਸੀ, ਮੈਂ ਇਨ੍ਹਾਂ ਨੂੰ ਪਾਣੀ ਪਿਲਾਈ ਜਾਂਦੀ ਸੀ। ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਮੈਂ ਪਾਣੀ ਕਿਉਂ ਡੋਲ੍ਹੀ ਜਾਂਦੀ ਹਾਂ। ਤੂੰ ਬਾਰ੍ਹਾਂ ਸਾਲ ਤਪ ਕਰਕੇ ਆਇਆ ਹੈਂ, ਤੈਨੂੰ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਪਾਣੀ ਕਿਉਂ ਡੋਲ੍ਹੀ ਜਾਂਦੀ ਹਾਂ। ਕਹਿੰਦੀ, ਮੇਰਾ ਤੈਨੂੰ ਪਾਣੀ ਨਾ ਪਿਲਾਉਣ ਦਾ ਕਾਰਨ ਇਹ ਸੀ ਕਿ ਮੇਰੀ ਭੈਣ ਸਤਿਸੰਗ 'ਤੇ ਗਈ ਸੀ। 20 ਕੋਹ ਦੇ ਉਤੇ ਉਹਦਾ ਘਰ ਹੈ, ਉਹਨੂੰ ਅੱਗ ਲੱਗ ਗਈ ਅਚਾਨਕ। ਕਹਿੰਦੀ, ਮੈਂ ਉਹਦੇ ਘਰ ਦੀ ਅੱਗ ਬੁਝਾਈ ਹੈ।

ਦੇਖਣ ਚਲਿਆ ਗਿਆ, ਤਸੱਲੀ ਕਰਕੇ ਫੇਰ ਆ ਗਿਆ। ਕਹਿਣ ਲੱਗਿਆ, ਬੀਬਾ! ਮੈਂ ਤੇਰੇ ਨਾਲ ਬੈਠ ਕੇ ਗੱਲ ਕਰਨੀ ਚਾਹੁੰਦਾ ਹਾਂ।

ਬਾਤਚੀਤ ਕਰੀ, ਕਹਿੰਦਾ ਤੂੰ ਜੰਗਲਾਂ 'ਚ ਨਹੀਂ ਗਈ। ਤੂੰ ਕੋਈ ਤਪ ਨਹੀਂ ਸਾਧਿਆ, ਵਧੀਆ ਕੱਪੜੇ ਪਾਉਂਦੀ ਹੈਂ, ਵਧੀਆ ਘਰ 'ਚ ਰਹਿੰਦੀ ਹੈਂ। ਗ੍ਰਹਿਸਤੀਆਂ ਦਾ ਤੇਰਾ ਜੀਵਨ ਹੈ। ਤੇਰੀ ਉਮਰ ਵੀ ਬੜੀ

ਛੋਟੀ ਹੈ। ਤੂੰ ਐਨੀ ਸ਼ਕਤੀ ਕਿੱਥੋਂ ਪ੍ਰਾਪਤ ਕਰ ਲਈ।

ਉਹ ਕਹਿਣ ਲੱਗੀ, ਦਰਵੇਸ਼ ਸਾਂਈ! ਸਾਡੇ ਬੀਬੀਆਂ ਦਾ ਧਰਮ ਹੋਰ ਹੈ। ਤੁਹਾਡਾ ਮਰਦਾਂ ਦਾ ਧਰਮ ਹੋਰ ਹੈ। ਸਾਡੇ ਵਾਸਤੇ ਪਿਆਰ ਲਈ ਸਾਨੂੰ ਸਾਡਾ ਪਤੀ ਸਾਥੀ ਦਿਤਾ ਹੈ। ਸਾਡਾ ਓਹੀ ਸੰਤ ਹੈ, ਓਹੀ ਸਾਧ ਹੈ, ਓਹੀ ਸਾਡਾ ਰੱਬ ਹੈ। ਮੈਂ ਪਤੀਵਰਤਾ ਇਸਤ੍ਰੀ ਹਾਂ। ਸਤਿਕਾਰ ਕਰਦੇ ਹਾਂ ਅਸੀਂ ਸਾਧੂ-ਸੰਤਾਂ ਦਾ ਲੇਕਿਨ ਪਤੀ ਸਾਡਾ ਪ੍ਰਮੇਸ਼ਰ ਦਾ ਦਰਜਾ ਰਖਦਾ ਹੈ। ਸੋ ਇਸ ਭਾਵਨਾ ਦੇ ਵਿਚੋਂ ਮੇਰੇ ਵਿਚ ਇਹ ਸ਼ਕਤੀ ਸਹਿਜ-ਸੁਭਾਅ ਆ ਗਈ।

ਗੁਰੂ ਮਹਾਰਾਜ ਕਾਰ ਸੇਵਾ ਕਰਾ ਰਹੇ ਨੇ ਤੇ ਉਥੇ ਇਕ ਬੀਬੀ ਆਉਂਦੀ ਹੈ, ਦਿਨ ਭਰ ਕੰਮ ਕਰਦੀ ਹੈ। ਉਹਦੇ ਜਾਣ ਵੇਲੇ ਨਹੀਂ ਪਤਾ ਲਗਦਾ, ਆਉਣ ਵੇਲੇ ਨਹੀਂ ਪਤਾ ਲਗਦਾ। ਉਹ ਟੋਕਰੀਆਂ ਸੁਟਦੀ-ਸੁਟਦੀ, ਕਾਰ-ਸੇਵਾ ਕਰਦੀ-ਕਰਦੀ ਥੋੜ੍ਹੀ ਜਿਹੀ ਦੇਰ ਬਾਅਦ ਹਵਾ 'ਚ ਦੋਵੇਂ ਹੱਥ ਹਿਲਾਉਂਦੀ ਹੈ, ਫੇਰ ਧੱਕਾ ਮਾਰਦੀ ਹੈ।

ਗੁਰੂ ਮਹਾਰਾਜ ਕੋਲ ਸਿੱਖ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਇਕ ਬੀਬੀ ਆਉਂਦੀ ਹੈ। ਨਾ ਆਉਂਦੀ ਦਾ ਪਤਾ ਲਗਦਾ ਹੈ, ਨਾ ਜਾਂਦੀ ਦਾ ਪਤਾ ਲਗਦਾ ਹੈ। ਨਾ ਇਹ ਪਤਾ ਲਗਦਾ ਹੈ ਕਿ ਉਹ ਕੀ ਕਰਦੀ ਹੈ। ਥੋੜ੍ਹੀ ਦੇਰ ਬਾਅਦ ਹੱਥ ਜਿਹੇ ਮਾਰਦੀ ਹੈ ਹਵਾ 'ਚ।

ਮਹਾਰਾਜ ਜੀ ਨੇ ਕਿਹਾ ਕਿ ਅੱਜ ਰੋਕ ਲਓ। ਸੁਨੇਹਾ ਦੇ ਦਿਤਾ ਕਿ ਗੁਰੂ ਮਹਾਰਾਜ ਨੂੰ ਮਿਲ ਕੇ ਜਾਇਓ। ਮਹਾਰਾਜ ਨੇ ਰੋਕ ਲਿਆ, ਉਥੇ ਹੀ ਪ੍ਰਕਰਮਾ 'ਚ ਬੈਠ ਗਈ, ਸਾਰੀ ਸੰਗਤ ਆ ਕੇ।

ਕਹਿਣ ਲੱਗੇ, ਬੇਟਾ! ਤੂੰ ਕਿਥੋਂ ਆਉਂਦੀ ਹੈਂ, ਕਿੱਥੇ ਚਲੀ ਜਾਂਦੀ ਹੈ ਤੇ ਇਸ ਤਰ੍ਹਾਂ ਹਵਾ 'ਚ ਹੱਥ ਕਿਉਂ ਮਾਰਦੀ ਹੈਂ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਤੁਸੀਂ ਤਾਂ ਘਟ-ਘਟ ਦੇ ਜਾਨਣਹਾਰ ਹੋ, ਅੰਤਰਜਾਮੀ ਹੋਂ। ਸਭ ਕੁਛ ਜਾਣਦੇ ਹੋਂ, ਮੈਂ ਤੁਹਾਨੂੰ ਕੀ ਦੱਸਾਂ?

ਕਹਿੰਦੇ ਨਹੀਂ, ਸੰਗਤ ਨੂੰ ਦੱਸੋ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਮੇਰੇ ਜਿਹੜੇ ਸਹੁਰਾ ਪਿਤਾ ਜੀ ਨੇ, ਉਨ੍ਹਾਂ ਕੋਲ ਗੁਰੂ ਨਾਨਕ ਪਾਤਸ਼ਾਹ ਸਾਡੇ ਘਰ ਰਹੇ ਸੀ ਕਾਫੀ ਦੇਰ। ਉਨ੍ਹਾਂ ਨੂੰ ਉਨ੍ਹਾਂ ਨੇ ਨਾਮ ਦਿਤਾ। ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਹੁਕਮ ਦਿਤਾ। ਉਨ੍ਹਾਂ ਦੇ ਜਿਹੜੇ ਪੁੱਤਰ ਨੇ ਉਹ ਵੀ ਪੂਰਨ ਮਹਾਤਮਾ ਨੇ, ਸਾਧੂ ਨੇ। ਸੱਚੇ ਪਾਤਸ਼ਾਹ! ਮੈਂ ਉਹਦੀ ਸੇਵਾ ਕੀਤੀ, ਉਹਦੀ ਸੇਵਾ ਤੋਂ ਮੈਨੂੰ ਇਹ ਫਲ ਪ੍ਰਾਪਤ ਹੋ ਗਿਆ ਕਿ ਮੈਂ ਜਿੱਥੇ ਜੀਅ ਚਾਹਾਂ ਉਥੇ ਜਾ ਸਕਦੀ ਹਾਂ। ਮੇਰਾ ਪਤੀ ਧਰਮ ਜਿਹੜਾ ਸੀ ਉਹ ਫਲ ਦੇ ਗਿਆ, ਪੂਰਾ ਹੋ ਗਿਆ। ਸੱਚੇ ਪਾਤਸ਼ਾਹ! ਇਥੇ ਜਦੋਂ ਕਾਰ-ਸੇਵਾ ਸ਼ੁਰੂ ਹੋਈ, ਸਾਰੇ ਸੁਨੇਹੇ ਗਏ। ਤਾਂ ਮੇਰਾ ਬੱਚਾ ਹੈ ਛੋਟਾ ਤੇ ਮੈਂ ਆਪਣੇ ਪਤੀ ਤੋਂ ਆਗਿਆ ਲਈ ਕਿ ਆਗਿਆ ਦੇਵੋ ਕਿ ਮੈਂ ਸੇਵਾ ਕਰ

ਆਵਾਂ। ਉਹ ਕਹਿੰਦੇ, ਜਾਓ। ਬੱਚੇ ਨੂੰ ਵੀ ਸੰਭਾਲਣਾ ਹੈ।

ਕਹਿਣ ਲੱਗੀ ਕਿ ਮੈਂ ਕਿਹਾ ਕਿ ਮੈਨੂੰ ਦੂਜੀ ਆਗਿਆ ਦੇਵੋ ਕਿ ਮੈਂ ਸ਼ਕਤੀ ਵਰਤ ਕੇ ਚਲੀ ਜਾਇਆ ਕਰਾਂ। ਕਹਿੰਦੀ ਉਨ੍ਹਾਂ ਨੇ ਮੈਨੂੰ ਆਗਿਆ ਦੇ ਦਿਤੀ ਕਿ ਜਾਹ, ਨੇਕ ਕੰਮ ਹੈ, ਦਿਖਾਈਂ ਨਾ ਕਿਸੇ ਨੂੰ, ਆਪਣਾ ਕਾਰਜ ਸਿੱਧ ਕਰੀਂ ਤੇ ਵਾਪਸ ਆ ਜਾਇਆ ਕਰੀਂ। ਮੇਰੇ ਪਤੀ ਦੇਵ ਕਹਿੰਦੀ ਕੰਮ ਕਰਨ ਚਲੇ ਜਾਂਦੇ ਸੀ। ਮੈਂ ਬੱਚੇ ਨੂੰ ਦੁੱਧ ਚੁੰਘਾ ਕੇ, ਝੂਲੇ 'ਚ ਪਾ ਆਉਂਦੀ ਹਾਂ ਤੇ ਉਸ ਤੋਂ ਬਾਅਦ ਸੱਚੇ ਪਾਤਸ਼ਾਹ, ਇਕ ਪੈਰ ਪੁੱਟਣਾ ਤੇ ਮੈਂ ਦਰਬਾਰ ਸਾਹਿਬ ਆ ਜਾਂਦੀ ਹਾਂ। ਇਥੇ ਮੈਂ ਸੇਵਾ ਕਰਦੀ ਹਾਂ, ਬੱਚਾ ਮੈਨੂੰ ਦਿਸਦਾ ਹੈ, ਉਹ ਜਦੋਂ ਦੇਖਦੀ ਹਾਂ ਕਿ ਜਾਗ ਨਾ ਪਵੇ, ਉਸਨੂੰ ਮੈਂ ਝੂਟਾ ਦੇ ਦਿੰਦੀ ਹਾਂ। ਸੋ ਉਸ ਤੋਂ ਬਾਅਦ ਮੈਂ ਸੱਚੇ ਪਾਤਸ਼ਾਹ! ਮੈਂ ਚਲੀ ਜਾਂਦੀ ਹਾਂ।

ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਪਤੀਵਰਤਾ ਧਰਮ ਦੇ ਵਿਚ ਕਿੰਨੀ ਵੱਡੀ ਸ਼ਕਤੀ ਹੈ। ਇਹੀ ਬੀਬੀ ਜਦੋਂ ਗੁਰੂ ਛੇਵੇਂ ਪਾਤਸ਼ਾਹ ਜਹਾਂਗੀਰ ਨੇ ਬੁਲਾਏ, (ਦਿੱਲੀ ਜਿੱਥੇ ਹੁਣ ਗੁਰਦਵਾਰਾ ਮਜਨੂੰ ਕਾ ਟਿੱਲਾ ਹੈ।) ਸਾਰੇ ਸੂਫੀ ਪੀਰ, 12 ਪੀਰ ਆਏ ਗੁਰੂ ਮਹਾਰਾਜ 'ਤੇ ਸਵਾਲ ਕਰਨ ਵਾਸਤੇ, ਉਸ ਵੇਲੇ ਬੀਬੀ ਜਮੁਨਾ ਦੇ ਪਾਣੀਆਂ 'ਤੇ ਉਤਰੀ ਅਸਮਾਨਾਂ 'ਚੋਂ, ਸਾਰੇ ਬਚਨ ਕੀਤੇ ਉਸ ਨੇ। ਉਸ ਤੋਂ ਬਾਅਦ ਉਹ ਦੇਖਦੇ-ਦੇਖਦੇ ਚਲੀ ਗਈ, ਸਾਰਿਆਂ ਨੇ ਸਿਜਦਾ ਕਰ ਦਿਤਾ, ਕਿ ਜਿਸ ਸਿੱਖ ਬੀਬੀ ਦੇ ਵਿਚ ਐਨੀ ਤਾਕਤ ਹੈ, ਉਹਦੇ ਗੁਰੂ ਨਾਲ ਕਿਹੜੀ ਗੱਲ ਕਰੀਏ? ਜਾ ਕੇ ਜਹਾਂਗੀਰ ਨੂੰ ਕਹਿ ਦਿਤਾ ਕਿ ਜਹਾਂਗੀਰ! ਦੇਖੀਂ ਗਲਤੀ ਨਾ ਖਾ ਲਈਂ। ਗੁਰੂ ਹਰਿਗੋਬਿੰਦ ਸਾਹਿਬ ਦੇ ਭੁਲੇਖੇ 'ਚ ਨਾ ਪੈ ਜਾਈਂ ਕਿ ਦੋ ਤਲਵਾਰਾਂ ਪਹਿਨੀਆਂ ਹੋਈਆਂ ਨੇ ਤੇ ਕਲਗੀ ਲੱਗੀ ਹੋਈ ਹੈ, ਉਹ ਤਾਂ ਪੂਰਾ ਪੀਰ ਹੈ। ਉਹਦੇ ਤਾਂ ਸਿੱਖਾਂ 'ਚ ਐਨੀ ਤਾਕਤ ਹੈ।

ਸੋ ਇਸ ਤਰ੍ਹਾਂ ਬਾਬਾ ਫਰੀਦ ਨੇ ਜਦੋਂ ਇਹ ਗੱਲ ਸੁਣੀ, ਸਾਰਾ ਹੀ ਜਿਹੜਾ ਬੜਾ ਭਾਰਾ ਅਭਿਮਾਨ ਸੀ, ਮੇਰੇ 'ਚ ਸ਼ਕਤੀਆਂ ਆ ਗਈਆਂ, ਕੁਛ ਨਾ ਰਿਹਾ। ਮੇਰੇ 'ਚ ਤਾਂ ਆਹ ਕੁੜੀ ਜਿੰਨੀਆਂ ਤਾਕਤਾਂ ਨੇ। ਘਰ ਆ ਗਿਆ। ਮਾਂ ਨੂੰ ਮਿਲਿਆ। ਮਾਂ ਨੂੰ ਦੱਸਿਆ। ਕਹਿਣ ਲੱਗੀ, ਫਰੀਦਾ! ਕੁਛ ਨਹੀਂ ਬਣਿਆ। ਤੂੰ ਜਾਹ ਦੁਬਾਰਾ। ਦੁਬਾਰਾ ਚਲਿਆ ਜਾਂਦਾ ਹੈ, ਮਨ ਦੇ ਉਤੇ ਸੱਟ ਖਾ ਲਈ ਕਿ ਮੇਰਾ ਤਾਂ ਬਣਿਆ ਕੁਛ ਨਹੀਂ। ਇਸ ਤੋਂ ਵੀ ਜ਼ਿਆਦਾ ਘੋਰ ਤਪਸਿਆ ਕਰਨ ਲੱਗ ਗਿਆ। ਵੈਰਾਗ ਆ ਗਿਆ, ਹਰ ਵਕਤ ਨੇਤਰਾਂ 'ਚੋਂ ਜਲ ਜਾਈ ਜਾਂਦਾ ਹੈ। ਹਰ ਵਕਤ ਅਰਦਾਸਾਂ ਕਰਦਾ ਰਹਿੰਦਾ ਹੈ। ਹੇ ਅੱਲਾਹ ਤਾਲਾ! ਮੈਂ ਤੇਰਾ ਭੇਤ ਨਹੀਂ ਜਾਣਦਾ। ਮੈਂ ਕੀ ਜਾਣਾ, ਤੈਨੂੰ ਕਿਵੇਂ ਮਿਲਿਆ ਜਾਂਦਾ ਹੈ। ਇਸ ਤਰ੍ਹਾਂ ਵੈਰਾਗ ਦੇ ਸ਼ਬਦ ਪੜ੍ਹਦਾ ਹੈ -

***ਧਾਰਨਾ - ਸਾਰ ਨਾ ਜਾਣੀ, ਤੈਂ ਸਾਹਿਬ ਕੀ।***
***ਜੋਬਨ ਖੋਏ ਪਾਛੈ ਪਛਤਾਣੀ।***

ਜਿਵੇਂ ਬਉਲਾ ਹੋ ਜਾਂਦਾ ਹੈ ਆਦਮੀ, ਇਸ ਤਰ੍ਹਾਂ ਹੇ ਪ੍ਰਭੂ! ਹੇ ਅੱਲਾਹ ਤਾਲਾ ਮੈਂ ਤੇਰੀ ਖੋਜ ਕਰਦਾ ਫਿਰਦਾ ਹਾਂ -

*ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥*
*ਬਾਵਲਿ ਹੋਈ ਸੋ ਸਹੁ ਲੋਰਉ ॥*
*ਤੈ ਸਹਿ ਮਨ ਮਹਿ ਕੀਆ ਰੋਸੁ ॥*
*ਮੁਝੁ ਅਵਗਨ ਸਹ ਨਾਹੀ ਦੋਸੁ ॥* *ਅੰਗ- 794*

ਮੇਰੇ ਵਿਚ ਹੀ ਦੋਸ਼ ਨੇ, ਉਹਦੇ ਵਿਚ ਤਾਂ ਕੋਈ ਦੋਸ਼ ਨਹੀਂ ਹੈ। ਮੇਰੀ ਹੀ ਕਿਸਮਤ ਮਾੜੀ ਹੈ, ਮੇਰੇ ਹੀ ਪਾਪ ਨੇ ਜਿਹੜੇ ਮਿਲਣ ਨਹੀਂ ਦਿੰਦੇ -

*ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥*
*ਜੋਬਨੁ ਖੋਇ ਪਾਛੈ ਪਛੁਤਾਨੀ ॥ 1 ॥ ਰਹਾਉ ॥* *ਅੰਗ- 794*

ਬਹੁਤ ਵੈਰਾਗ ਆ ਗਿਆ, ਵੈਰਾਗ ਤੋਂ ਬਗੈਰ ਨਹੀਂ ਚੜ੍ਹਿਆ ਜਾ ਸਕਦਾ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨ ॥36 ॥* *ਅੰਗ - 1379*

ਐਨੇ ਨੂੰ ਆਵਾਜ਼ ਆਉਂਦੀ ਹੈ, ਚੇਤ ਦਾ ਮਹੀਨਾ ਹੈ, ਬਹੁਤ ਪਿਆਰੀ ਆਵਾਜ਼ ਕੋਇਲ ਦੀ ਆ ਰਹੀ ਹੈ। ਦਿਲ ਨੂੰ ਖਿੱਚ ਪਈ ਕਿ ਇਹ ਵੀ ਕਿਸੇ ਦੇ ਵੈਰਾਗ ਵਿਚ ਐਸੀ ਬਿਰਹੁੰ ਭਰੀ ਬੋਲੀ ਬੋਲ ਰਹੀ ਹੈ। ਉਥੇ ਜਾ ਕੇ ਕੀ ਦੇਖਦਾ ਹੈ ਕਿ ਇਹਦਾ ਤਾਂ ਰੰਗ ਕਾਲਾ ਹੋਇਆ ਪਿਆ ਹੈ। ਬਹੁਤ ਕਾਲੀ ਹੈ। ਕੁਦਰਤੀ ਸਵਾਲ ਕਰ ਦਿਤਾ ਕਿ ਕੋਇਲ! ਮੈਨੂੰ ਦਸ ਸਕਦੀ ਹੈਂ ਕਿ ਤੇਰਾ ਰੰਗ ਕਿਉਂ ਕਾਲਾ ਹੋ ਗਿਆ? ਇਸ ਤਰ੍ਹਾਂ ਦੇ ਨਾਲ ਸਵਾਲ ਕਰਦਾ ਹੈ -

*ਧਾਰਨਾ - ਦੱਸੀਂ ਕੋਇਲੇ! ਰੰਗ ਕਾਲਾ ਕਾਹਤੋਂ ਹੋ ਗਿਆ।*

*ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅੰਗ- 794*

ਸਵਾਲ ਕਰਦਾ ਹੈ? ਐ ਕੋਇਲ! ਤੈਨੂੰ ਕਿਹੜਾ ਦੁੱਖ ਲੱਗਿਆ ਜਿਹਦੇ ਨਾਲ ਤੇਰਾ ਰੰਗ ਕਾਲਾ ਹੋ ਗਿਆ? ਕੀ ਤੈਨੂੰ ਵੀ ਕਿਸੇ ਦੇ ਪਿਆਰ ਦੀ ਖਿੱਚ ਹੈ?

ਕਹਿਣ ਲੱਗੀ, ਫਰੀਦਾ! ਅੱਲਾਹ ਤਾਲਾ ਨੇ, ਪ੍ਰਭੂ ਨੇ ਜਦੋਂ ਰਚਨਾ ਰਚੀ ਹੈ, ਸਾਰੇ ਜੋੜੇ ਬਣਾਏ ਨੇ। ਜਿੰਨੇ ਪੰਛੀ ਦੇਖੇਂਗਾ ਤੂੰ ਸਾਰੇ ਜੋੜਿਆਂ ਦੇ ਜੋੜੇ ਬੈਠੇ ਹੋਣਗੇ, ਪਰ ਮੇਰੀ ਇਕ ਕਿਸਮਤ ਹੈ ਕਿ ਮੈਨੂੰ ਜੋੜਾ ਨਹੀਂ ਮਿਲ ਸਕਿਆ, ਤੇ ਮੈਂ ਉਸ ਦੇ ਪਿਆਰ ਦੇ ਵਿਛੋੜੇ ਵਿਚ ਐਸਾ ਰੰਗ ਕਰ ਬੈਠੀਂ ਹਾਂ -

*ਧਾਰਨਾ - ਜਾਲੀ ਪਿਆਰਿਆ, ਮੈਂ ਤਾਂ ਪ੍ਰੀਤਮ ਦੇ ਵਿਯੋਗ ਨੇ।*

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ਅੰਗ - 794*

ਮੈਂ ਹਮੇਸ਼ਾਂ ਹੀ ਕੂਕਾਂ ਮਾਰਦੀ ਰਹਿੰਦੀ ਹਾਂ, ਮੇਰੇ ਬਿਰਹੈ ਦੀਆਂ ਆਵਾਜ਼ਾਂ ਕੋਈ ਸੁਣਦਾ ਨਹੀਂ ਹੈ। ਮੈਨੂੰ ਮੇਰਾ ਪਿਆਰਾ ਨਹੀਂ ਮਿਲ ਸਕਿਆ, ਇਸ ਕਰਕੇ ਇਸ ਬਿਰਹੇ ਦੇ ਵਿਚ ਮੇਰਾ ਰੰਗ ਜਲ ਗਿਆ, ਮੈਂ ਜਲ ਗਈ।

ਸੋ ਇਹ ਅਵਸਥਾ ਵੈਰਾਗ ਦੀ ਅਤਿ ਦੀ ਹੋਇਆ ਕਰਦੀ ਹੈ। ਇਹਨੂੰ ਕੋਈ ਸਮਝ ਨਹੀਂ ਸਕਦਾ। ਲੋਕਾਂ ਦੇ ਭਾਣੇ ਤਾਂ ਇਹ ਗੀਤ ਹੁੰਦੇ ਨੇ, ਪਰ ਇਹ ਗੀਤ ਨਹੀਂ ਹੁੰਦੇ ਨੇ, ਇਹ ਤਾਂ ਅਣੀਆਂ ਵਾਲੇ ਤੀਰ ਹੋਇਆ ਕਰਦੇ ਨੇ –

*ਧਾਰਨਾ – ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦਾ।*

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ 1 ॥* *ਅੰਗ – 327*

ਜਿਵੇਂ ਅਣੀਆਂ ਵਾਲੇ ਤੀਰ ਹੁੰਦੇ ਨੇ ਇਸ ਤਰ੍ਹਾਂ ਭਗਤੀ ਰਾਮ ਦੀ ਜਿਹੜੀ ਹੈ ਉਹ ਹੋਇਆ ਕਰਦੀ ਹੈ। ਜਿਹਨੂੰ ਲਗ ਜਾਵੇ, ਦੂਸਰੇ ਨੂੰ ਨਹੀਂ ਪਤਾ ਲਗਦਾ। ਦੂਜੇ ਦਾ ਹਿਰਦਾ ਮੁਰਦਾ ਹੋਇਆ ਕਰਦਾ ਹੈ। ਜਿਹਦੇ ਹਿਰਦੇ ਦੇ ਵਿਚ ਮਾਇਆ ਦੀ ਅੱਗ ਦੇ ਸੇਕ ਨੇ ਹਿਰਦੇ ਦੀ ਭੂਮੀ ਜਲਾ ਦਿਤੀ, ਉਥੇ ਵੈਰਾਗ ਦੀ ਅੰਸ ਪੈਦਾ ਨਹੀਂ ਹੋਇਆ ਕਰਦੀ, ਉਹ ਨਾ ਇਸ ਗੱਲ ਨੂੰ ਸਮਝ ਸਕਦਾ ਹੈ।

ਸੋ ਐਸਾ ਵੈਰਾਗ ਤੇ ਘੋਰ ਤਪ ਕਰ ਰਿਹਾ ਹੈ। ਪੁੱਠਾ ਲਟਕਦਾ ਰਹਿੰਦਾ ਹੈ, ਕਮਜ਼ੋਰ ਹੋ ਗਿਆ ਬਿਲਕੁਲ, ਸਰੀਰ ਦੇਖਣ ਵਾਸਤੇ ਹੀ ਰਹਿ ਗਿਆ ਕਿ ਇਕ ਢਾਂਚਾ ਜਿਹਾ ਹੈ। ਲੇਕਿਨ ਨੇਤਰਾਂ ਦੇ ਵਿਚੋਂ ਹੰਝੂ ਜਾਂਦੇ ਨੇ। ਬਾਰ-ਬਾਰ ਆਪਣੇ ਭਾਗਾਂ ਨੂੰ ਚੈਕ ਕਰਦੇ ਨੇ ਕਿ ਮੇਰੇ ਤੋਂ ਕੀ ਕਸੂਰ ਹੋ ਗਿਆ? ਅਜੇ ਤੱਕ ਵੀ ਪ੍ਰਮੇਸ਼ਰ ਨਹੀਂ ਬਹੁੜਿਆ।

*ਧਾਰਨਾ – ਪਿਆਰੇ ਜੀ ਅਜੇ ਵੀ ਨਾ ਰੱਬ ਬਹੁੜਿਆ,*
*ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ।*

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥*

*ਅੰਗ– 1382*

ਇਹੋ ਜਿਹੇ ਮੇਰੇ ਭਾਗ? ਮੈਂ ਤਾਂ ਸੁਣਦਾ ਹਾਂ ਕਿ ਫਲਾਣੇ ਪੀਰ ਨੂੰ ਇਸ ਤਰ੍ਹਾਂ ਮਿਲ ਗਿਆ, ਫਲਾਣੇ ਭਗਤ ਨੂੰ ਛੇਤੀ ਮਿਲ ਗਿਆ। ਧੰਨੇ ਨੂੰ ਤਾਂ ਕੁਛ ਕਰਨਾ ਹੀ ਨਾ ਪਿਆ। ਦੋ-ਚਾਰ ਘੰਟੇ ਦੀ ਮਿਹਨਤ ਕਰੀ ਹੈ ਤੇ ਆ ਕੇ ਉਹਦੇ ਪ੍ਰਸ਼ਾਦੇ ਛਕ ਲਏ। ਮੇਰਾ ਕੀ ਹੋਇਆ? ਮੈਨੂੰ ਤਾਂ ਪ੍ਰਮੇਸ਼ਰ ਨਹੀਂ ਮਿਲਿਆ, ਬੜਾ ਅਫਸੋਸ ਆਉਂਦਾ ਹੈ। ਹੋਰ ਘੋਰ ਤਪਸਿਆ ਕਰਦਾ ਹੈ, ਐਨੀ ਸਰੀਰ ਦੇ ਵਿਚੋਂ ਹਰਕਤ ਹਟ ਗਈ ਕਿ ਕਾਵਾਂ ਨੇ ਮੁਰਦਾ ਸਮਝ ਕੇ, ਤਨ ਚੂੰਡਣਾ ਸ਼ੁਰੂ ਕਰ ਦਿਤਾ। ਉਸ ਵੇਲੇ ਮੱਥੇ ਦੇ ਉਤੇ ਕਾਂ ਬੈਠ ਜਾਂਦਾ ਹੈ ਤੇ ਅੱਖ ਨੂੰ ਦੇਖਣ ਵਾਸਤੇ ਕਿ ਇਹ ਜਿਉਂਦਾ ਹੈ ਕਿ ਮਰ ਗਿਆ? ਠੁੰਗਾਂ ਮਾਰਨ ਨੂੰ ਤਿਆਰ ਹੋ ਗਿਆ ਅੱਖ 'ਤੇ। ਉਸ ਵੇਲੇ

ਬਾਬੇ ਫਰੀਦ ਨੇ ਹੱਥ ਹਿਲਾਇਆ, ਕਹਿਣ ਲੱਗਿਆ, ਕਾਵਾਂ -

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ 91 ॥*

*ਅੰਗ- 1382*

ਮੈਂ ਬਾਕੀ ਮਾਸ ਖਾਂਦੇ ਨੂੰ ਤਾਂ ਤੁਹਾਨੂੰ ਰੋਕਿਆ ਨਹੀਂ ਹੈ, ਹੁਣ ਮੇਰੀ ਜਿਹੜੀ ਬੇਨਤੀ ਹੈ ਉਹ ਮੰਨ ਲਓ -

*ਧਾਰਨਾ - ਓ ਕਾਗਾ, ਇਹ ਦੋਏ ਨੈਣਾਂ ਮਤ ਛੇੜਿਓ,*
*ਮੈਨੂੰ ਪਿਰ ਦੀ ਆਸ।*

ਫੇਰ ਮੈਂ ਕਾਹਦੇ ਨਾਲ ਰੱਬ ਦੇ ਦਰਸ਼ਨ ਕਰਾਂਗਾ, ਜੇ ਮੇਰੀਆਂ ਅੱਖਾਂ ਹੀ ਤੁਸੀਂ ਖਾ ਲਈਆਂ। ਐਸੀ ਘੋਰ ਤਪਸਿਆ, ਕਿਤੇ ਸੁਣਨ ਵਾਸਤੇ ਬਹੁਤ ਘੱਟ ਆਉਂਦੀ ਹੈ। ਤਪਸਿਆ ਤਾਂ ਹੋਰ ਵੀ ਬੇਅੰਤ ਮਹਾਤਮਾਵਾਂ ਨੇ ਕੀਤੀਆਂ ਹਨ। ਬਾਬੇ ਫਰੀਦ ਨੇ ਵੀ ਕਰੀ। ਉਸ ਵੇਲੇ ਸਰੀਰ ਦਾ ਹਾਲ ਦਸਦੇ ਨੇ ਕਿ -

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥ 119 ॥*

*ਅੰਗ - 1384*

ਜੇ ਮੈਂ ਚਲਦਾ-ਚਲਦਾ ਥੱਕ ਜਾਵਾਂ ਤੇ ਫੇਰ ਮੈਂ ਸਿਰ ਦੇ ਭਾਰ ਹੋ ਕੇ ਚੱਲਾਂ, ਪਰ ਮੈਨੂੰ ਕੋਈ ਰੱਬ ਮਿਲਾ ਤਾਂ ਦਿਓ। ਮੈਂ ਉਹਦੀ ਤਲਾਸ਼ ਦੇ ਵਿਚ 24 ਸਾਲ ਲਾ ਦਿਤੇ। ਨਮਾਜ਼ਾਂ ਮੈਂ ਪੜ੍ਹੀਆਂ, ਰੋਜ਼ੇ ਮੈਂ ਰੱਖੇ, ਜ਼ਕਾਤ ਮੈਂ ਦਿੰਦਾ ਰਿਹਾ, ਸਾਰੇ ਕੰਮ ਕਰੇ। ਹੇ ਪ੍ਰਭੂ! ਤੂੰ ਕਿਉਂ ਨਹੀਂ ਮਿਲਦਾ? ਐਸੀ ਜੋ ਉਸ ਦੀ ਕੂਕ ਸੀ ਸਾਰੇ ਜੰਗਲਾਂ, ਵਣਾਂ ਦੇ ਵਿਚ ਫੈਲ ਗਈ। ਮਹਾਤਮਾ ਆਏ। ਆ ਕੇ ਕਹਿਣ ਲੱਗੇ, ਫਰੀਦਾ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥120॥*

*ਅੰਗ- 1384*

ਸਿਰ ਨੇ ਕੀ ਕਸੂਰ ਕਰ ਦਿਤਾ, ਪੈਰਾਂ ਨੇ ਕੀ ਕਸੂਰ ਕਰ ਦਿਤਾ, ਸਰੀਰ ਨੇ ਕਿਹੜਾ ਕਸੂਰ ਕਰ ਦਿਤਾ। ਇਹਨੂੰ ਕਿਉਂ ਜਾਲਦਾ ਹੈਂ? ਜਾਲ ਨਾ ਪਿਆਰਿਆ। ਠੀਕ ਹੈ -

*ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ ॥ ਅੰਗ - 1318*

ਜਿਹਨੂੰ ਤੂੰ ਟੋਲ੍ਹਦਾ ਫਿਰਦਾ ਹੈਂ ਉਹ ਤਾਂ ਤੇਰੇ ਨਾਲ ਹੈ, ਤੂੰ ਬਾਹਰ ਕਿਉਂ ਟੋਲ੍ਹਦਾ ਹੈਂ।

ਕਿਸੇ ਗੁਰਮੁਖ ਦੀ ਸ਼ਰਨ 'ਚ ਜਾਹ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ 1 ॥*

*ਅੰਗ- 684*

ਤੇਰੇ ਅੰਦਰ ਵਸਦਾ ਹੈ, ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਪਿਆਰੇ ਜੰਗਲਾਂ ਦੇ ਵਿਚ ਕਾਹਨੂੰ ਢੂੰਢਦੈਂ,*
*ਖੋਜ ਮਨ ਆਪਣੇ ਨੂੰ।*

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ 19 ॥***

***ਅੰਗ – 1378***

ਐਨਾ ਤਪ ਕਰਿਆ ਹੈ ਤੂੰ, ਸਰੀਰ ਗਾਲ ਲਿਆ, ਕਾਵਾਂ ਨੇ ਜ਼ਖਮੀ ਕਰ ਦਿਤਾ ਮਾਸ ਖਾ ਕੇ। ਪਿਆਰਿਆ! ਤੇਰੀ ਤਲਾਸ਼ ਵਿਚ ਫਰਕ ਸੀ। ਜਿਹਨੂੰ ਤੂੰ ਟੋਲ੍ਹਦਾ ਫਿਰਦਾ ਹੈਂ ਉਹਨੇ ਬਾਹਰੋਂ ਨਹੀਂ ਆਉਣਾ, ਉਹ ਤਾਂ ਤੇਰੇ ਅੰਦਰ ਵਸਦਾ ਹੈ।

***ਕਾਹੇ ਰੇ ਬਨ ਖੋਜਨ ਜਾਈ ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ 1 ॥***
***ਰਹਾਉ ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥***

***ਅੰਗ– 684***

ਜਿਵੇਂ ਫੁੱਲ ਦੇ ਅੰਦਰ ਖੁਸ਼ਬੂ ਵਸਦੀ ਹੈ ਤੇ ਸ਼ੀਸ਼ੇ ਦੇ ਅੰਦਰ ਪਰਛਾਵਾਂ ਆਪਣਾ ਨਜ਼ਰ ਆਉਂਦਾ ਹੈ –

***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ 1 ॥***

***ਅੰਗ– 684***

ਘਟ ਦੀ ਖੋਜ ਕਰ ਪਿਆਰਿਆ! ਇਸ ਤਰ੍ਹਾਂ ਰੱਬ ਤੇਰੇ ਅੰਦਰ ਵਸਦਾ ਹੈ –

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥2॥1॥***

***ਅੰਗ– 684***

ਤੈਨੂੰ ਤੱਤ ਦੀ ਗੱਲ ਦਸਦੇ ਹਾਂ ਕਿ ਬਾਹਰ ਵੀ ਓਹੀ ਹੈ, ਅੰਦਰ ਵੀ ਓਹੀ ਹੈ। ਜਾਹ, ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ। ਰੱਬ ਨਹੀਂ ਦਿਸਿਆ ਕਰਦਾ ਕਿਉਂਕਿ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ 3 ॥*** ***ਅੰਗ – 205***

ਪਿਆਰਿਆ! ਪੜਦਾ ਪੈ ਗਿਆ ਹਉਮੈ ਦਾ, ਹਉਮੈ ਦੇ ਪੜ੍ਹਦੇ ਨੂੰ ਗੁਰੂ ਤੋਂ ਬਗੈਰ ਕੋਈ ਦੂਰ ਨਹੀਂ ਕਰ ਸਕਦਾ। ਇਹਨੂੰ ਦੂਰ ਕਰਨ ਦੀ ਚਾਬੀ ਗੁਰੂ ਕੋਲ ਹੈ। ਜਿੰਨੇ ਜੀਅ ਕਰਦਾ ਹੈ ਉਪਾਅ ਕਰ ਲੈ, ਜਦੋਂ ਤੱਕ ਤੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਨਹੀਂ ਆਉਂਦਾ। ਰੱਬ ਨਾ ਮਿਲੇਗਾ ਕਦੇ ਵੀ। ਚਾਹੇ ਅੰਦਰ ਰਹਿੰਦਾ ਹੈ, ਨਾਲ ਰਹਿੰਦਾ ਹੈ। ਕਿਉਂ ਨਹੀਂ

ਮਿਲਦਾ? ਕਿਉਂਕਿ ਉਸ ਨਾਲੋਂ ਵਿਛੜੇ ਨੂੰ ਮੁੱਦਤਾਂ ਹੋ ਗਈਆਂ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ 1 ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ 2 ॥* **ਅੰਗ- 1033**

ਕਹਿੰਦੇ, ਉਥੇ ਤਾਂ ਪੱਥਰ ਦੇ ਦਰਵਾਜ਼ੇ ਜਿਹੜੇ ਸਖਤ ਨੇ ਉਹ ਬੰਦ ਹੋ ਗਏ। ਉਹ ਨਹੀਂ ਖੁਲ੍ਹਣਗੇ ਤਾਂ -

*.........ਗੁਰ ਸਬਦੀ ਖੋਲਾਇਦਾ ॥ 2 ॥* **ਅੰਗ - 1033**

ਗੁਰੂ ਕੋਲ ਜਾਹ ਤੇ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਕਰ। ਇਸ ਸ਼ਬਦ ਨੇ ਤੈਨੂੰ ਪ੍ਰਮੇਸ਼ਰ ਦੇ ਸ਼ਬਦ ਨਾਲ ਮਿਲਾ ਦੇਣਾ ਹੈ। ਸ਼ਬਦ ਨੇ ਸ਼ਬਦ ਨਾਲ ਮਿਲਾਉਣਾ ਹੈ ਤੈਨੂੰ। ਇਸ ਤਰ੍ਹਾਂ ਨਹੀਂ ਮਿਲਣਾ। ਜਿਹੜਾ ਤੂੰ ਕਰਦਾ ਹੈਂ, ਤੂੰ ਬਾਹਰ ਢੂੰਡੀ ਜਾਹ। ਚਾਹੇ ਕਰੋੜ ਜਨਮ ਲੈ ਕੇ ਢੂੰਡੀ ਜਾਹ। ਰੱਬ ਨਹੀਂ ਮਿਲੇਗਾ, ਬਾਹਰੋਂ ਕਦੇ ਵੀ। ਜਦੋਂ ਰੱਬ ਨੇ ਮਿਲਣਾ ਹੈ, ਅੰਦਰੋਂ ਮਿਲਣਾ ਹੈ। ਇਹ ਤਾਂ ਐਸੇ ਦਰਵਾਜ਼ੇ ਬੰਦ ਹੋ ਗਏ ਨੇ। ਇਹਨੂੰ ਕੋਈ ਤਰੀਕਾ ਨਹੀਂ, ਨਾ ਤੀਰਥ ਯਾਤਰਾ, ਨਾ ਕੋਈ ਦਾਨ ਪੁੰਨ, ਨਾ ਪੁੱਠੇ ਲਟਕ ਕੇ, ਨਾ ਪਾਣੀਆਂ 'ਚ ਖੜ੍ਹ ਕੇ, ਨਾ ਜਲ ਧਾਰੇ ਕਰਕੇ, ਨਾ ਅਗਨੀਆਂ 'ਚ ਬੈਠ ਕੇ, ਨਾ ਰੋੜ੍ਹਾਂ 'ਤੇ ਪੈ ਕੇ, ਨਹੀਂ ਇਹ ਦਰਵਾਜ਼ਾ ਖੁਲ੍ਹਿਆ ਕਰਦਾ। ਇਹ ਤਾਂ ਦਰਵਾਜ਼ੇ ਖੁਲ੍ਹਣ ਦੀ ਗੱਲ ਹੈ। ਕੁੰਜੀ ਹੋਵੇ ਤਾਂ ਦਰਵਾਜ਼ਾ ਖੁਲ੍ਹਦਾ ਹੈ। ਇਸ ਤਰ੍ਹਾਂ ਪੜ੍ਹੋ ਸਾਰੇ -

*ਧਾਰਨਾ - ਨਹੀਂਓ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,*
*ਕੁੰਜੀ ਹੱਥ ਸਤਿਗੁਰ ਦੇ।*

ਕੁੰਜੀ ਹੈ ਗੁਰੂ ਕੋਲ ਗੁਰੂ ਦੇ ਸ਼ਬਦ ਦੀ।

*ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ 7 ॥*

**ਅੰਗ - 124**

ਪਿਆਰਿਆ! ਕਿਸੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ। ਉਹਨੇ ਤੈਨੂੰ ਸ਼ਬਦ ਦੀ ਚਾਬੀ ਦੇਣੀ ਹੈ। ਆਹ ਤਪ ਕਰਿਆਂ 'ਤੇ ਹਠ ਕਰਿਆਂ 'ਤੇ ਰੱਬ ਨਹੀਂ ਮਿਲਿਆ ਕਰਦਾ। ਇਹ ਤਾਂ ਚਾਬੀ ਨਾਲ ਹੀ ਤਾਲਾ ਖੁਲ੍ਹਣਾ ਹੈ। ਬਹੁਤ ਸਖਤ ਤਾਲਾ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

**ਅੰਗ- 954**

ਉਨ੍ਹਾਂ ਤੋਂ ਸ਼ਬਦ ਦੀ ਦਾਤ ਲੈ, ਫੇਰ ਜਾ ਕੇ ਖੁਲ੍ਹੇਗਾ। ਸਾਡੇ ਮਨ ਵਿਚ ਆਉਂਦਾ ਹੈ ਕਿ ਅਸੀਂ ਤਾਂ ਸ਼ਬਦ ਲੈ ਲਿਆ। ਸਾਡਾ ਦਰਵਾਜ਼ਾ ਕਿਉਂ ਨਹੀਂ ਖੁਲ੍ਹਦਾ। ਮਹਾਰਾਜ ਕਹਿੰਦੇ, ਤੂੰ ਸੰਤਾਂ ਦੀ ਸੰਗਤ ਕਰ। ਉਹ ਮੇਰੇ ਪਿਆਰੇ ਨੇ, ਮੇਰੀ ਬਾਤ ਕਰਦੇ ਨੇ। ਉਹ ਤੈਨੂੰ ਜੁਗਤੀ ਦਸ ਦੇਣਗੇ। ਢੰਗ ਦਸ ਦੇਣਗੇ। ਉਨ੍ਹਾਂ ਦੀ ਸੰਗਤ 'ਚ ਰਹਿ ਕੇ ਇਹ ਦਰਵਾਜ਼ਾ ਖੁਲ੍ਹ ਜਾਏਗਾ –

***ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥***
***ਅੰਗ– 877***

ਆਸਾ ਤੇ ਅੰਦੇਸਾ ਦੇ ਬਜਰ ਕਪਾਟ ਜੜ੍ਹੇ ਹੋਏ ਨੇ–

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥ 2 ॥*** ***ਅੰਗ– 877***

ਮਾਇਆ ਦੀ ਜਿਹੜੀ ਖਾਈ ਹੈ, ਜਿੰਨਾਂ ਪਾਣੀ ਡੂੰਘਾ ਹੈ ਕਹਿੰਦੇ ਇਸ ਤਰ੍ਹਾਂ ਡੂੰਘੇ ਪਾਣੀ ਜਿੰਨੀ ਹੈ। ਕਹਿੰਦੇ, ਇਸ ਤਰ੍ਹਾਂ ਮਾਇਆ ਦੀ ਖਾਈ ਪੁੱਟੀ ਹੋਈ ਹੈ ਤੇ ਅਗਿਆਨ ਦੇ ਪਾਣੀ ਨਾਲ ਭਰੀ ਹੋਈ ਹੈ ਅਵਿਦਿਆ ਦੇ ਪਾਣੀ ਨਾਲ ਤੇ ਸਤਿ ਦੇ ਆਸਣ ਪੁਰਸ਼ ਰਹਿੰਦਾ ਹੈ। ਆਲੇ-ਦੁਆਲੇ ਘੇਰਾ ਅਵਿਦਿਆ ਤੇ ਅਗਿਆਨ ਨੇ ਪਾਇਆ ਹੋਇਆ ਹੈ। ਇਹ ਨਹੀਂ ਦੂਰ ਹੋਣਾ, ਜਦੋਂ ਤੱਕ ਤੂੰ ਪੂਰਨ ਪੁਰਖਾਂ ਦੀ ਸੰਗਤ ਵਿਚ ਨਾ ਜਾਏਂਗਾ। ਸੋ ਇਹ ਘਾਟ ਸਾਡੇ ਵਿਚ ਹੋਣ ਕਰਕੇ, ਅਸੀਂ ਚਲਦੇ ਨਹੀਂ ਹਾਂ। ਨਿਗੁਰੇਪਨ ਦੀ ਲਾਹਨਤ ਤਾਂ ਅਸੀਂ ਲਾਹ ਦਿਤੀ, ਅੰਮ੍ਰਿਤ ਛਕ ਕੇ। ਅਗਾਂਹਾਂ ਤਾਂ ਨਹੀਂ ਤੁਰ ਰਹੇ। ਨਾ ਸ਼ੌਂਕ ਹੈ ਰੱਬ ਦੇ ਮਿਲਣ ਦਾ। ਜਿਨ੍ਹਾਂ ਨੂੰ ਸ਼ੌਂਕ ਹੋਇਆ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਔਖਾ ਤਾਂ ਨਹੀਂ ਹੈ। ਬਾਲ-ਬੱਚਿਆਂ 'ਚੋਂ ਕੋਈ ਨਹੀਂ ਕੱਢਦਾ, ਕੋਈ ਨਹੀਂ ਕਹਿੰਦਾ ਕਿ ਕੰਮ-ਕਾਰ, ਖੇਤੀ ਛੱਡ ਦਿਓ, ਉਹ ਤਾਂ ਜੁਗਤ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*** ***ਅੰਗ– 305***

ਸਿੱਧਾ ਜਿਹਾ ਹੀ ਹਿਸਾਬ ਹੈ, ਅੰਮ੍ਰਿਤ ਵੇਲੇ ਉੱਠੇ, ਉੱਠ ਕੇ ਨਾਮ ਦਾ ਧਿਆਨ ਕਰੇ –

***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਅੰਗ– 305***

ਮਨ ਨੂੰ ਨਾਮ ਦੇ ਸਰੋਵਰ, ਅੰਮ੍ਰਿਤ ਦੇ ਵਿਚ ਇਸ਼ਨਾਨ ਕਰਾਉਣ ਦਾ ਫੁਰਮਾਨ ਹੈ, ਗੁਰੂ ਸਾਹਿਬ ਦਾ ਰੋਜ਼ ਦਾ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਗ- 644*

ਆਹ ਸਰੀਰ ਦੇ ਵਿਚ ਹੀ ਅੰਮ੍ਰਿਤ ਹੈ, ਜਿਹਦੇ 'ਚ ਅਸੀਂ ਰੋਜ਼ ਹੀ ਇਸ਼ਨਾਨ ਕਰਾਉਣਾ ਹੈ। ਪਾਣੀ ਨਾਲ ਤਾਂ ਇਸ਼ਨਾਨ ਕਰ ਲੈਂਦੇ ਹਾਂ ਲੇਕਿਨ ਮਨ ਦਾ ਇਸ਼ਨਾਨ ਨਹੀਂ ਕਰਾ ਸਕੇ। ਉਹ ਕਿਉਂ ਨਹੀਂ ਕਰਾ ਸਕੇ ਕਿਉਂਕਿ ਜੁਗਤ ਨਹੀਂ ਪਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤਾਂ ਸਭ ਜੁਗਤਾਂ ਦੱਸੀਆਂ ਹੋਈਆਂ ਨੇ। ਸਾਧੂ, ਸੰਤਾਂ, ਗੁਰਸਿੱਖਾਂ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਨੇ ਕਿ ਤੁਸੀਂ ਇਹ ਜੁਗਤ ਦੱਸੋ। ਦੱਸੋ ਰੱਬ ਦਾ ਰਾਹ, ਉਮਰ ਬੀਤਦੀ ਜਾਂਦੀ ਹੈ ਸਾਰਿਆਂ ਦੀ। ਉਹ ਆਪਣੇ ਪਿੱਛੇ ਤਾਂ ਕੋਈ ਨਹੀਂ ਲਾਉਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿੱਛੇ ਲਾ ਕੇ ਗੁਰੂ ਤੋਂ ਹੀ ਲੈਂਦੇ ਨੇ ਸ਼ਾਬਾਸ਼ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- 306*

ਕਹਿੰਦੇ, ਡਿਊਟੀ ਲਾਈ ਹੋਈ ਹੈ ਗੁਰਸਿੱਖਾਂ ਦੀ ਤੇ ਉਨ੍ਹਾਂ ਦੀ ਪਦਵੀ ਕਿੰਨੀ ਹੈ, ਮੈਂ ਧੂੜ ਮੰਗਦਾ ਹਾਂ ਉਨ੍ਹਾਂ ਦੀ ਜਿਹੜੇ ਇਸ ਰਸਤੇ 'ਤੇ ਚਲਾਉਂਦੇ ਨੇ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ - 305*

ਜਨਮਾਂ-ਜਨਮਾਂ ਦੇ ਕੀਤੇ ਹੋਏ ਕਰਮਾਂ ਦਾ ਨਾਸ਼ ਹੋ ਜਾਏਗਾ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - 651*

ਉਹ ਜਿਹੜਾ ਮੰਤਰ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥*
*ਅੰਗ- 4*

ਉਹ ਮੈਲ ਲਹਿ ਜਾਏਗੀ, ਸਭ ਪਾਪ ਖਤਮ ਹੋ ਜਾਣਗੇ-

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*

***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- 305***

ਉਹਨੂੰ ਜੀਵ ਤੇ ਬ੍ਰਹਮ ਦੀ ਏਕਤਾ ਦਾ ਉਪਦੇਸ਼ ਦੇ ਕੇ, ਆਤਮ ਸਾਖਸ਼ਾਤ ਕਰਾ ਕੇ ਬ੍ਰਹਮ ਦੇ ਵਿਚ ਲੀਨ ਕਰਾ ਦਿੰਦਾ ਹੈ, ਸਮਰੱਥ ਗੁਰੂ ਜਿਹੜਾ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ- 1291***

ਮਹਾਰਾਜ ਕਹਿੰਦੇ, ਫੇਰ ਉਹ ਆਪ ਵੀ ਨਾਮ ਜਪਦਾ ਹੈ, ਦੂਸਰਿਆਂ ਨੂੰ ਵੀ ਨਾਮ ਜਪਾਉਂਦਾ ਹੈ। ਉਹਦਾ ਜੀਵਨ ਵੱਖਰਾ ਹੋਇਆ ਕਰਦਾ ਹੈ। ਉਹਦੀ ਬੋਲ-ਚਾਲ, ਰਹਿਤ, ਸਭ ਵੱਖਰੀ ਹੋ ਜਾਂਦੀ ਹੈ। ਰਹਿੰਦਾ ਦੁਨੀਆਂ 'ਚ ਹੈ, ਦੁਨੀਆਂ 'ਚ ਰਹਿੰਦਾ ਹੈ ਕਮਲ ਦੇ ਫੁੱਲ ਵਾਂਗੂੰ, ਨਾ ਕੋਈ ਉਹਦਾ ਵੈਰੀ ਹੁੰਦਾ ਹੈ, ਨਾ ਕੋਈ ਆਪਣਾ, ਨਾ ਕੋਈ ਬੇਗਾਨਾ। ਸਭ ਪ੍ਰਮੇਸ਼ਰ ਦਾ ਰੂਪ ਨਜ਼ਰ ਆਉਂਦਾ ਹੈ, ਦੂਜਾ ਨਹੀਂ ਨਜ਼ਰ ਆਉਂਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਰਸਤਾ ਜਿਹੜਾ ਹੈ, ਇਹ ਮੈਂ ਪਹਿਲਾਂ ਜਿਹੜਾ ਜ਼ਿਕਰ ਕਰਿਆ ਹੈ ਲੰਮਾ-ਚੌੜਾ, ਉਹ ਸੀਗਾ -

***ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥***
***ਅੰਗ- 40***

ਬਾਬਾ ਫਰੀਦ ਜਿੰਨਾਂ ਤਾਂ ਅਸੀਂ ਕਰ ਹੀ ਨਹੀਂ ਸਕਦੇ। ਸੋਚਣਾ ਵੀ ਮੁਸ਼ਕਲ ਹੈ -

***ਸਹਸ ਸਿਆਣਪ ਕਰਿ ਰਹੇ***
***ਮਨਿ ਕੋਰੈ ਰੰਗੁ ਨ ਹੋਇ ॥ ਅੰਗ- 40***

ਜਿੰਨਾਂ ਚਿਰ ਪੂਰੇ ਗੁਰੂ ਦੇ ਨਾਲ ਸੰਪਰਕ ਨਹੀਂ ਹੁੰਦਾ, ਜੁਗਤੀ ਨਹੀਂ ਆਉਂਦੀ, ਅੰਦਰ ਖੋਜ ਨਹੀਂ ਹੁੰਦੀ, ਅੰਦਰ ਜਾ ਨਹੀਂ ਸਕਦਾ -

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥ ਅੰਗ - 1033***

ਨੌਂ ਘਰਾਂ ਦੇ ਵਿਚੋਂ ਲੰਘ ਕੇ ਦਸਵੇਂ ਦੇ ਵਿਚ ਜਿੰਨੀ ਦੇਰ ਤੱਕ ਦਾਖਲ ਨਹੀਂ ਹੁੰਦਾ, ਓਨੀਂ ਦੇਰ ਤੱਕ ਜਾ ਕੇ ਰੱਬ ਦੇ ਦਰਵਾਜ਼ੇ ਨੂੰ ਖੜਕਾਇਆ ਨਹੀਂ ਜਾਂਦਾ, ਕਿਉਂਕਿ-

***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥3 ॥***
***ਅੰਗ- 1033***

ਜਦੋਂ ਅਸੀਂ ਵਾਹਿਗੁਰੂ-ਵਾਹਿਗੁਰੂ ਦਾ ਮੰਤਰ ਕਰਕੇ, ਉਹਦਾ ਦਰਵਾਜ਼ਾ ਖੜਕਾਉਂਦੇ ਹਾਂ, ਸੰਤਾਂ ਦੀ ਮਦਦ ਦੇ ਨਾਲ, ਗੁਰਸਿੱਖਾਂ ਦੀ ਮਦਦ ਦੇ ਨਾਲ, ਜੁਗਤੀ ਦੇ ਨਾਲ ਰੱਬ ਦਾ ਦਰਵਾਜ਼ਾ ਖੁਲ੍ਹ ਜਾਂਦਾ ਹੈ। ਫੇਰ ਕਹਿੰਦੇ ਘਰ ਵਿਚ ਹੀ ਲੱਭ ਗਿਆ ਉਹ। ਇਹਦੇ ਅੰਦਰੋਂ ਹੀ ਲੱਭ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇਕ ਜੋ ਰਸਤਾ ਹੈ ਮਨਹਠਿ ਦਾ, ਉਹਦਾ ਮੈਂ ਜ਼ਿਕਰ ਕਰਿਆ ਹੈ। ਅਗਲੇ ਦੀਵਾਨ ਵਿਚ, ਕਿਸ ਤਰ੍ਹਾਂ ਦੇ ਨਾਲ ***'ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ***

***ਬਰੀਆ ॥ ' (ਅੰਗ-12)*** ਗੋਬਿੰਦ ਤੱਕ ਸਾਡੀ ਰੁਸਵਾਈ ਕਿਵੇਂ ਹੋ ਸਕਦੀ ਹੈ, ਕਿਵੇਂ ਪਹੁੰਚਿਆ ਜਾ ਸਕਦਾ ਹੈ, ਕਿਹੋ ਜਿਹਾ ਜੀਵਨ, ਕਿਹੋ ਜਿਹੀ ਸੋਚ, ਕਿੰਨੀ ਕੁਰਬਾਨੀ ਸਾਨੂੰ ਕਰਨੀ ਪੈਂਦੀ ਹੈ। ਉਹਦਾ ਜ਼ਿਕਰ ਮਹਾਰਾਜ ਨੇ ਹੁਕਮ ਕਰਿਆ ਤਾਂ ਅਗਲੇ ਦੀਵਾਨ ਵਿਚ ਜ਼ਿਕਰ ਕਰਾਂਗੇ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 2

## ਰੂਹਾਨੀਅਤ ਦਾ ਮਾਰਗ
## (ਭਾਗ-੨)

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਏਕੋ ਕਹੀਐ ਨਾਨਕਾ-ਏਕੋ ਕਹੀਐ ਨਾਨਕਾ।*
*ਦੂਜਾ ਕਾਹੇ ਕੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ 2 ॥*

*ਅੰਗ - 1291*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ 2 ॥*

*ਅੰਗ- 537*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਕਾਰੋਬਾਰ ਸੰਕੋਚਦੇ ਹੋਏ, ਗੁਰੂ ਦਰਬਾਰ ਵਿਚ ਪਹੁੰਚੇ ਹੋ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਐਸੀ ਬਖਸ਼ਿਸ਼ ਹੋਈ ਕਿ ਬੇਅੰਤ ਜੀਵਾਂ ਦੇ ਪੁੰਨ ਕਰਮਾਂ ਦੇ ਜਾਗਣ ਦੇ ਨਾਲ ਜਦੋਂ ਪੁੰਨ ਕਰਮਾਂ ਨੂੰ ਆਪਣਾ ਫਲ ਦੇਣ ਦਾ ਉੱਤਮ ਸਮਾਂ ਆਇਆ। ਸਤਿਸੰਗ ਦੀ ਪ੍ਰਾਪਤੀ ਹੋਈ ਹੈ। ਐਸਾ ਮਹਾਂਪੁਰਸ਼ਾਂ ਦਾ, ਗੁਰੂ ਮਹਾਰਾਜ ਦਾ, ਵੇਦਾਂ ਦਾ, ਸ਼ਾਸਤਰਾਂ ਦਾ, ਕੁਰਾਨ ਸ਼ਰੀਫ ਦਾ, ਸਾਰੇ ਧਰਮ ਗ੍ਰੰਥਾਂ ਦਾ ਮੱਤ ਹੈ ਕਿ ਉੱਤਮ ਭਾਗ ਜਦੋਂ ਬਣ ਜਾਣ ਜੀਵ ਦੇ ਉਸ ਵੇਲੇ ਉਸ ਨੂੰ ਸਤਿਸੰਗ ਪ੍ਰਾਪਤ ਹੁੰਦਾ ਹੈ। ਸਤਿਸੰਗ ਕੀ ਹੁੰਦਾ ਹੈ? ਬੰਦਿਆਂ ਦਾ ਇਕੱਠੇ ਹੋ ਜਾਣਾ। ਕੋਈ ਰੌਣਕ ਮੇਲਾ ਲਾ ਲੈਣਾ। ਇਧਰਲੀਆਂ-ਉਧਰਲੀਆਂ ਗੱਲਾਂ ਸੁਣ ਲੈਣੀਆਂ ਕੀ ਇਹਨੂੰ ਸਤਿਸੰਗ ਕਹਿੰਦੇ ਨੇ? ਮਹਾਰਾਜ ਕਹਿੰਦੇ ਨਹੀਂ ਪਿਆਰਿਓ!-

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥*** ***ਅੰਗ- 72***

ਜਿਸ ਥਾਂ ਦੇ ਉਤੇ ਨਾਮ ਦੀ ਬਾਤ ਚਲਦੀ ਹੋਵੇ। ਇਹ ਜੀਵ ਕਿਸ ਤਰ੍ਹਾਂ ਵਾਹਿਗੁਰੂ ਨਾਲ ਮਿਲ ਸਕਦਾ ਹੈ। ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਹੋਵੇ। ਪ੍ਰਮੇਸ਼ਰ ਦੇ ਪਿਆਰਿਆਂ ਦੀ ਕੋਈ ਕਥਾ ਚਲਦੀ ਹੋਵੇ, ਗੁਰੂਆਂ ਦੀ ਕਥਾ ਚਲਦੀ ਹੋਵੇ। ਉਸ ਥਾਂ ਦੇ ਉਤੇ ਸਤਿ ਦੇ ਨਾਲ ਜੁੜਨ ਵਾਲਾ ਜੋ ਮਾਹੌਲ ਹੈ, ਉਸ ਨੂੰ ਸਤਿਸੰਗ ਕਹਿੰਦੇ ਨੇ। ਮੇਰੇ ਤੋਂ ਪਹਿਲਾਂ ਵਿਸਥਾਰ ਦੇ ਨਾਲ ਆਪ ਨੇ ਇਨ੍ਹਾਂ ਗੱਲਾਂ ਨੂੰ ਸਰਵਣ ਕੀਤਾ। ਉਹਦੇ ਵਿਚ ਆਪਾਂ ਸਾਰੇ ਇਕੱਠੇ ਹੋਏ ਹਾਂ। ਪਿਛਲੇ ਚਾਰ ਦਿਨਾਂ ਤੋਂ ਬਹੁਤ ਲੰਮੀ-ਚੌੜੀ ਵਿਚਾਰ ਚਲਦੀ ਰਹੀ ਹੈ। ਜਿਹੜੇ ਪ੍ਰੇਮੀ ਰੋਜ਼ ਆਉਂਦੇ ਰਹੇ ਨੇ, ਜਿਨ੍ਹਾਂ ਨੇ ਥੋੜ੍ਹਾ ਬਿਰਤੀ ਨੂੰ ਇਕਾਗਰ ਕਰਕੇ ਸੁਣਨ ਦਾ ਯਤਨ ਕੀਤਾ ਹੈ ਅਤੇ ਜਿਨ੍ਹਾਂ ਨੂੰ ਇਹ ਸ਼ੌਂਕ ਹੈ ਕਿ ਕਿਤੇ ਮਾਨਸ ਜਨਮ ਬਿਰਥਾ ਨਾ ਲੰਘ ਜਾਵੇ। ਉਨ੍ਹਾਂ ਦੀ ਭਟਕਣਾ ਨੂੰ ਹਟਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਸਿਧਾਂਤ ਹੈ ਉਸ ਦੇ ਉਤੇ ਆਪਾਂ ਵਿਚਾਰਾਂ ਕੀਤੀਆਂ ਨੇ। ਉਹ ਇਹ ਹੈ ਕਿ ਸੰਖੇਪ ਦੇ ਵਿਚ ਜੇ ਮੈਂ ਬੇਨਤੀ ਕਰਾਂ, ਕਿ ਸਾਡਾ ਜੋ ਪਰਮ ਮਨੋਰਥ ਹੈ ਸੰਸਾਰ 'ਤੇ ਆਉਣ ਦਾ। 'ਪਰਮ' ਅੱਖਰ ਮੈਂ ਇਸ ਕਰਕੇ ਵਰਤਦਾ ਹਾਂ, ਕਿਉਂਕਿ ਹੋਰ ਮਨੋਰਥ ਜਿਹੜੇ ਨੇ ਉਹ ਮਹਾਰਾਜ ਨੇ ਗਿਣੇ ਨਹੀਂ ਹਨ। ਉਨ੍ਹਾਂ ਨੂੰ worthless (ਫਜ਼ੂਲ) ਕਿਹਾ ਹੈ। ਕਿਉਂਕਿ ਮੇਰੇ ਤੋਂ ਪਹਿਲਾਂ ਤੁਸੀਂ ਸੁਣ ਰਹੇ ਸੀ ਇਥੇ ਕਿ ਇਹ ਜੋ ਕ੍ਰਿਆ ਚੱਲ ਰਹੀ ਹੈ ਉਹ ਹੁਕਮ ਦੀ ਚੱਲ ਰਹੀ ਹੈ। ਹੁਕਮ ਕੀ ਹੁੰਦਾ? ਜੇ ਤਾਂ ਹੁਕਮ ਦੀ ਪਛਾਣ ਆ ਜਾਵੇ। ਤਾਂ, ਤਾਂ ਉਸੇ ਵੇਲੇ ਵਾਹਿਗੁਰੂ ਦਾ ਗਿਆਨ ਹਿਰਦੇ 'ਚ ਵਸ ਕੇ, ਜੋਤ ਜਗ ਪੈਂਦੀ ਹੈ ਅਤੇ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਉਹ ਪ੍ਰਮੇਸ਼ਰ ਬਣ ਜਾਂਦਾ ਹੈ। ਜੀਵ ਨਹੀਂ ਰਹਿੰਦਾ। ਜਿਹਨੇ ਹੁਕਮ ਦੀ ਪਛਾਣ ਕਰ ਲਈ ਉਸ ਨੇ ਵਾਹਿਗੁਰੂ ਨੂੰ ਜਾਣ ਲਿਆ। ਸੋ ਉਹ ਹੁਕਮ ਜਿਹੜਾ ਹੈ ਜਿਹਦੇ ਨਾਲ ਅਸੀਂ ਬੰਨ੍ਹੇ ਹੋਏ ਤੁਰਦੇ ਹਾਂ, ਉਹ ਹੁਕਮ ਦੇ ਅੰਦਰ ਕਰਮ ਸ਼ਕਤੀਸ਼ਾਲੀ ਸਾਨੂੰ ਲਈਂ ਫਿਰਦੇ ਨੇ। ਜਿਹੋ ਜਿਹੇ ਅਸੀਂ ਕਰਮ ਕਰੇ ਨੇ ਉਹੋ ਜਿਹੇ ਭੋਗਣ ਵਾਸਤੇ ਸਾਡਾ ਮਾਹੌਲ, ਸਾਡਾ ਆਲਾ-

ਦੁਆਲਾ ਸਾਨੂੰ ਮਿਲਦਾ ਹੀ ਰਹਿਣਾ ਹੈ। ਉਨ੍ਹਾਂ ਦੇ ਵਿਚ ਹੀ ਸਾਡੀ ਪਰਾਲਬਧ ਆਉਂਦੀ ਹੈ। ਜੋ ਅਸੀਂ ਇਥੇ ਆ ਕੇ ਖਾਣਾ-ਪੀਣਾ ਹੈ, ਪਹਿਨਣਾ, ਰਹਿਣਾ ਹੈ, ਇਹ ਕੁਝ ਲੇਖ ਵੱਡੇ ਨੇ ਜਿਵੇਂ ਅਖਬਾਰਾਂ ਦੀਆਂ ਸੁਰਖੀਆਂ ਹੁੰਦੀਆਂ ਨੇ। ਪਹਿਲਾਂ ਤਾਂ ਜੀਵ ਜਦੋਂ ਜਨਮ ਵਲ ਤੁਰਦਾ ਉਹਦੇ ਮੱਥੇ 'ਚ ਲਿਖਿਆ ਜਾਂਦਾ ਹੈ ਕਿ ਇਸ ਤਾਰੀਖ ਨੂੰ ਜਾ ਕੇ, ਐਨੇ ਵਜੇ ਇਸ ਨਛੱਤਰ 'ਤੇ, ਇਸ ਘੜੀ 'ਤੇ, ਇਸ ਗ੍ਰਹਿ ਦੇ ਵਿਚ ਇਹਦਾ ਦੁਨੀਆਂ ਦੇ ਵਿਚ ਜਨਮ ਹੋਵੇਗਾ। ਮਾਤਾ ਦੇ ਪੇਟ ਦੀ ਬਾਤ ਨਹੀਂ ਹੈ। ਉਸ ਵੇਲੇ ਰਾਖੀ ਪ੍ਰਭੂ ਆਪ ਕਰਦਾ ਹੈ। ਜਿੱਥੋਂ ਜੀਵ ਫੇਰ ਫਲ ਭੋਗਣ ਲਗਦਾ ਹੈ ਉਹ ਸਮਾਂ ਲਿਖ ਦਿਤਾ ਜਾਂਦਾ ਹੈ। ਕਈਆਂ ਜੀਵਾਂ ਦੇ ਐਸਾ ਵੀ ਸਮਾਂ ਲਿਖਿਆ ਜਾਂਦਾ ਹੈ ਕਿ ਮਾਤਾ ਦੇ ਪੇਟ ਵਿਚ ਆਉਂਦੇ ਨੇ, ਖਤਮ ਹੋ ਕੇ ਤੁਰ ਜਾਂਦੇ ਨੇ। ਉਹ -

***ਕਈ ਜਨਮ ਗਰਭ ਹਿਰਿ ਖਰਿਆ ॥ ਅੰਗ- 176***

ਕੋਈ ਐਸੇ ਕਰਮ ਮਾੜੇ ਕੀਤੇ ਹੁੰਦੇ ਨੇ ਉਨ੍ਹਾਂ ਨੇ, ਵਾਰੀ ਤਾਂ ਆ ਜਾਂਦੀ ਹੈ, ਲੇਕਿਨ ਬਗੈਰ ਵਾਰੀ ਭੋਗੇ 'ਤੇ, ਧੱਕਾ ਪੈਂਦਾ ਹੈ, ਦੂਜੇ ਪਾਸੇ ਫੇਰ ਚਲੇ ਜਾਂਦੇ ਨੇ। ਪਰ ਜਿਹੜੇ ਸੰਸਾਰੀ ਜੀਵ, ਆਪਾਂ ਲੋਕ ਬੈਠੇ ਹਾਂ, ਸਾਡੇ ਮੱਥੇ 'ਤੇ -

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥***

***ਅੰਗ- 74***

ਉਹ ਲੇਖ ਕੋਲ ਲੈ ਕੇ ਆਏ ਹਾਂ ਅਸੀਂ, ਉਹ ਹੈ ਦੁਖ ਤੇ ਸੁੱਖ ਦੀ, ਕਰਮ ਦੀ ਕਿ ਕਿਹੜੀ ਤਰੀਕ ਨੂੰ ਇਹਨੇ ਜਾਣਾ ਹੈ। ਕਿੱਥੇ ਜਾ ਕੇ ਇਹਨੇ ਸਰੀਰ ਛੱਡਣਾ ਹੈ, ਕਿਹੜਾ ਕਾਰਨ ਹੋਏਗਾ, ਕਿਹੜਾ ਸਮਾਂ ਹੋਏਗਾ। ਦੂਸਰਾ ਹੁੰਦਾ ਹੈ ਜੀਵਨ ਵਿਚ ਪੈਣ ਤੋਂ ਬਾਅਦ ਇਹਨੇ ਖਾਣਾ-ਪੀਣਾ ਕੀ ਹੈ। ਇਹਨੂੰ ਰਿਸ਼ਤੇਦਾਰ ਕਿਹੜੇ ਮਿਲਣੇ ਨੇ, ਕਿੰਨੇ ਸੁਖ ਦੇਣ ਵਾਲੇ ਮਿਲਣੇ ਨੇ, ਕਿੰਨੇ ਦੁੱਖ ਦੇਣ ਵਾਲੇ ਮਿਲਣੇ ਨੇ। ਕਿੰਨਿਆਂ ਨੇ ਛਲ ਕਪਟ ਕਰਨੇ ਨੇ। ਕਿੰਨਿਆਂ ਨੇ ਧੋਖੇ ਕਰਨੇ ਨੇ, ਕਿੰਨਿਆਂ ਨੇ ਮਦਦ ਕਰਨੀ ਹੈ ਤੇ ਮਿੱਤਰ ਕਿੰਨੇ ਮਿਲਣੇ ਨੇ। ਐਸਾ ਸਾਰਾ ਹੀ ਜਿਹੜਾ ਹੈ ਉਹਦੇ ਵਿਚ ਅੰਕਿਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਇਸ ਗੱਲ ਨੂੰ ਸਮਝ ਕੇ ਦੋਸ਼ ਨਾ ਦੇ ਕਿਸੇ ਨੂੰ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥21॥***

***ਅੰਗ- 433***

ਐਵੇਂ ਲੋਕਾਂ ਨੂੰ ਮਾੜਾ-ਮਾੜਾ ਕਹੀਂ ਜਾਂਦਾ ਹੈਂ ਤੇ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਤੈਨੂੰ ਮਿਲ ਗਿਆ।

ਤੀਸਰਾ ਹੋਇਆ ਕਰਦਾ ਹੈ, ਗੁਰੂ ਦਾ ਮਿਲ ਜਾਣਾ। ਇਹ ਪੁੰਨ ਕਰਮ ਬਹੁਤ ਕੀਤੇ ਹੋਣ ਤਾਂ ਗੁਰੂ ਮਿਲਦਾ ਹੈ। ਇਹਨੂੰ ਸਾਰੀ ਚੀਜ਼ ਨੂੰ ਹੁਕਮ ਤਾਂ ਕਹਿੰਦੇ ਹਾਂ ਕਿਉਂਕਿ ਇਹ ਆਪਾ-ਧਾਪੀ ਵਿਚ ਕੋਈ ਗੱਲ ਨਹੀਂ ਹੁੰਦੀ। ਸਾਰੀ ਪ੍ਰਬੰਧ ਵਿਚ ਗਠੀ ਹੋਈ ਬਾਤ ਹੈ। ਉਹ ਕਰਮਾਂ ਦੇ

ਨਾਲ ਬੰਨ੍ਹੀ ਹੋਈ ਹੈ। ਹੁਣ ਇਹਦੇ 'ਚ ਇਹ ਹੁੰਦਾ ਹੈ ਕਿ ਬੰਦੇ ਨੂੰ ਕੋਈ ਸੁਤੰਤਰਤਾ ਹੈ ਕਿ ਨਹੀਂ ਹੈ। ਮਹਾਰਾਜ ਕਹਿੰਦੇ, ਕਰਮ ਕਰਨ ਦੀ ਸੁਤੰਤਰਤਾ ਹੈ ਇਹਨੂੰ। ਉਹਦੇ ਬਾਰੇ ਸਾਨੂੰ ਉਪਦੇਸ਼ ਦਿੰਦੇ ਨੇ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

***ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥***

***ਅੰਗ - 469***

ਉਹ ਜਿਹੜੇ ਅਸੀਂ ਕਰਮ ਕਰਨੇ ਨੇ, ਉਨ੍ਹਾਂ ਵਾਸਤੇ ਸਾਨੂੰ ਪ੍ਰਮੇਸ਼ਰ ਨੇ ਬੁੱਧੀ ਪ੍ਰਦਾਨ ਕਰ ਦਿਤੀ ਕਿ ਇਸ ਬੁੱਧੀ ਨੂੰ ਵਰਤ ਕੇ ਚਾਹੇ ਤਾਂ ਚੰਗੇ ਕਰਮ ਕਰ ਲਈਂ, ਚਾਹੇ ਮਾੜੇ ਕਰ ਲਈਂ। ਤੂੰ ਚੰਗਿਆਂ ਨਾਲ ਵੀ ਬੰਨ੍ਹ ਹੋਣੈ ਤੇ ਮਾੜਿਆਂ ਨਾਲ ਵੀ ਬੰਨ੍ਹ ਹੋਣੈ। ਚੰਗਿਆਂ ਦਾ ਫਲ ਤੈਨੂੰ ਸਵਰਗ ਆਦਿ ਸੁਖ ਮਿਲੇਗਾ। ਮਾੜਿਆਂ ਕਰਮਾਂ ਦਾ ਫਲ ਦੁਖ ਮਿਲੇਗਾ। ਸੋ ਉਹ ਜਿਹੜੇ ਕਰਮ ਨੇ ਕੀਤੇ ਹੋਏ ਉਹ ਫੇਰ ਹੁਕਮ ਦੀ ਕਿਰਿਆ 'ਚ ਆ ਜਾਂਦੇ ਨੇ। ਉਨ੍ਹਾਂ ਦਾ ਫਲ ਫੇਰ ਹੁਕਮ ਭੁਗਤਾਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਇਹਦਾ ਅਸਲੀ ਕੰਮ ਹੈ ਉਹ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - 12***

ਪਿਛਲੇ ਜਪ, ਪਿਛਲੇ ਤਪ, ਪਿਛਲੇ ਜਨਮ ਦਾ ਮਿਲਾਪ, ਸਾਧੂਆਂ ਦੀ ਸੇਵਾ, ਸੰਗਤਾਂ ਦੀ ਸੇਵਾ। ਚੱਲਿਆ ਤਾਂ ਮਿਲਣ ਵਾਸਤੇ ਸੀ ਲੇਕਿਨ ਵਿਚਾਲੇ ਰਹਿ ਗਿਆ, ਉਹਨੂੰ ਯੋਗ ਭ੍ਰਿਸ਼ਟ ਕਹਿੰਦੇ ਨੇ। ਯੋਗ ਭ੍ਰਿਸ਼ਟ ਬੰਦੇ ਦਾ ਬਚਪਨ ਜਦ ਹੁੰਦਾ ਹੈ ਉਸ ਵੇਲੇ ਕੋਈ ਮਹਾਤਮਾ ਮਿਲ ਜਾਂਦਾ ਹੈ। ਪੂਰਨ ਪੁਰਸ਼ਾਂ ਦਾ ਸੰਗ ਹੋ ਜਾਂਦਾ ਹੈ। ਗੁਰਮੁਖ ਦਾ ਮਿਲਾਪ ਹੋ ਜਾਂਦਾ ਹੈ, ਗੁਰੂ ਦਾ ਮਿਲਾਪ ਉਹਨੂੰ ਬਚਪਨ 'ਚ ਹੋ ਜਾਂਦਾ ਹੈ। ਪੰਜ-ਚਾਰ ਸਾਲ ਦੇ ਨੂੰ, ਕਿਉਂਕਿ ਪਿਛਲੇ ਪੰਜ-ਦਸ ਜਨਮ ਉਹਦੇ ਜੱਦੋ-ਜਹਿਦ ਕਰਦੇ ਦੇ ਲੰਘ ਗਏ। ਉਹ ਫੇਰ ਲਿਖਿਆ ਜਾਂਦਾ ਹੈ, ਉਹਦੀ ਜੱਦੋ-ਜਹਿਦ ਦਾ ਕਿ ਇਹਨੂੰ ਗੁਰੂ ਮਿਲੇਗਾ ਪੂਰਾ -

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ- 450***

ਸੋ ਹੁਣ ਜਿਹੜਾ ਅਸੀਂ ਅੱਜ ਦੀ ਵਿਚਾਰ ਕਰਨੀ ਹੈ, ਉਹ ਤਾਂ ਹੈ ਕਿ ਅਸੀਂ ਕਿਵੇਂ ਵਰਤਦੇ ਹਾਂ, ਕਿਵੇਂ ਸਾਡੇ ਨਾਲ ਚਲਦਾ ਹੈ ਕੰਮ। ਕਿਉਂਕਿ ਇਹਦੇ ਵਿਚ ਗਲਤੀ ਨਾਲ ਜਿਵੇਂ ਭਾਈ ਗੁਰਪਾਲ ਸਿੰਘ ਉਹ ਦੱਸ ਰਹੇ ਸੀ ਕਿ ਕਈ ਹਿੰਡੀ ਆਦਮੀ ਕਹਿ ਦਿੰਦੇ ਰਹੇ ਸੀ ਕਿ ਹੁਕਮ ਹੈ ਵਾਹਿਗੁਰੂ ਦਾ, ਹੁਕਮ ਭਾਈ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਜਿਹੜਾ ਹੈ, ਉਹ ਕਿਸੇ ਮਰਿਆਦਾ ਦੇ ਅਨੁਸਾਰ, ਕਿਸੇ ਕਾਨੂੰਨ ਦੇ ਅਨੁਸਾਰ ਤੈਨੂੰ ਪ੍ਰਾਪਤ ਹੋ ਰਿਹਾ ਹੈ। ਪਹਿਲਾਂ ਤੂੰ ਕਰਮ ਐਸੇ ਕਰੇ ਸੀ, ਉਹ ਇਹ ਕਹਿ ਕਿ ਮੇਰੇ ਕਰਮਾਂ ਦਾ ਫਲ ਮੈਨੂੰ ਭੁਗਤਾਇਆ ਜਾ ਰਿਹਾ ਹੈ-ਹੁਕਮ ਦੇ ਰਾਹੀਂ। ਹੁਕਮ ਤਾਂ ਐਸਾ ਹੈ ਕਿ ਉਹਦੇ ਵਿਚੀਂ ਨਿਕਲ ਨਹੀਂ ਸਕਦਾ, ਕੋਈ ਬੰਦਾ। ਕੋਈ ਉਥੇ ਵਕਾਲਤ ਨਹੀਂ ਚਲਦੀ, ਕੋਈ ਚਲਾਕੀ ਨਹੀਂ

ਚਲਦੀ। ਉਹਨੇ ਤਾਂ ਆਪਣੇ ਹਿਸਾਬ ਨਾਲ ਵਰਤਣਾ ਹੀ ਵਰਤਣਾ ਹੈ। ਸੋ ਇਹ ਜੋ ਸਾਡਾ ਜਨਮ ਹੈ ਇਹਦੇ 'ਚ ਅਸੀਂ ਕੀ ਕਰਨਾ ਹੈ, ਸਾਨੂੰ ਕੀ ਅਵਸਰ ਪ੍ਰਮੇਸ਼ਰ ਨੇ ਦਿਤੀ ਹੈ ਕਰਨ ਵਾਸਤੇ। ਉਹ ਇਹ ਹੈ ਕਿ ਅਸੀਂ ਹਉਮੈ ਦੇ ਬੰਨ੍ਹੇ ਹੋਏ ਜੀਵ ਹਾਂ। ਹਉਮੈ ਨੂੰ ਤੋੜਨ ਦਾ ਇਲਾਜ ਹਉਮੈ ਹੀ ਹੋਇਆ ਕਰਦਾ ਹੈ –

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਅੰਗ– 466***

ਦਾਰੂ ਵੀ ਇਹਦੇ ਵਿਚ ਹੀ ਹੈ ਹਉਮੈ ਦੇ। ਹਉਮੈ ਦਾਰੂ ਬਣ ਕੇ ਜਿਵੇਂ ਸੁਪਨੇ ਦੇ ਵਿਚ ਕੋਈ ਬੰਦਾ, ਇਕ ਕਹਾਣੀ ਮਹਾਂਪੁਰਸ਼ ਸੁਣਾਇਆ ਕਰਦੇ ਸੀ ਕਿ ਕੋਈ ਰਾਜਾ ਸੀ ਸੁਪਨੇ ਵਿਚ ਉਹਦਾ ਰਾਜ ਜਾਂਦਾ ਰਿਹਾ। ਬਹੁਤ ਬੇਇੱਜ਼ਤੀ ਹੋਈ। ਸੱਤਵੀਂ ਅਟਾਰੀ 'ਤੇ ਪਿਆ ਹੈ, ਆਲੇ-ਦੁਆਲੇ ਫੌਜਾਂ ਪਹਿਰੇ 'ਤੇ ਲੱਗੀਆਂ ਹੋਈਆਂ ਨੇ। ਰਾਤ ਨੂੰ ਸੁਪਨਾ ਆਇਆ, ਸੁਪਨੇ ਦੇ ਵਿਚ ਉਹਦਾ ਰਾਜ ਜਾਂਦਾ ਰਿਹਾ। ਅਗਾਹਾਂ ਜਾ ਕੇ ਬੜਾ ਦੁਖੀ ਹੋਇਆ। ਇਕ ਗਿੱਦੜੀ ਨੇ ਵੱਢ ਖਾਧਾ। ਨਾਲ ਦੇ ਬੰਦੇ ਨੇ ਕਿਹਾ ਕਿ ਜੇ ਤੂੰ ਹੁਣ ਆਪਣਾ ਘਾਉ ਨਾ ਠੀਕ ਕਰਾਇਆ, ਦਵਾਈ ਨਾ ਪੁਆਈ, ਤਾਂ ਤੂੰ ਹਲਕ ਜਾਏਂਗਾ। ਉਸ ਵੇਲੇ ਇਕ ਘਵੱਈਏ ਦੇ ਕੋਲ ਗਿਆ, ਉਹ ਕਹਿਣ ਲੱਗਿਆ ਕਿ ਮੈਂ ਤਾਂ ਐਨੇ ਪੈਸੇ ਲਵਾਂਗਾ। ਉਹ ਕਹਿੰਦਾ, ਮੈਂ ਤਾਂ ਫਲਾਣਾ ਰਾਜਾ ਹਾਂ। ਉਹ ਕਹਿੰਦਾ, ਮੈਂ ਨਹੀਂ ਜਾਣਦਾ, ਰਾਜੇ-ਰੂਜੇ ਨੂੰ। ਐਨੇ ਪੈਸੇ ਲਿਆ। ਉਹ ਪੈਸੇ ਮੰਗਦਾ ਫਿਰਦਾ ਹੈ ਉਹਨੂੰ ਮਿਲਦੇ ਨਹੀਂ। ਉਹਨੂੰ ਮਹਾਤਮਾ ਮਿਲ ਗਏ। ਉਨ੍ਹਾਂ ਮਹਾਤਮਾ ਨੇ ਉਹਦੀ ਦੀਨ ਹਾਲਤ ਦੇਖ ਕੇ ਦਵਾਈ ਦੇ ਕੇ ਉਹਨੂੰ ਰਾਜ਼ੀ ਕਰ ਦਿਤਾ। ਜਦੋਂ ਉਹਨੂੰ ਜਾਗ ਆ ਗਈ। ਉਹ ਦੇਖਦਾ ਹੈ ਸੁਪਨਾ ਕਿ ਮੇਰੇ ਤਾਂ ਆਲੇ-ਦੁਆਲੇ ਸਭ ਪਹਿਰੇ ਉਵੇਂ ਹੀ ਖੜ੍ਹੇ ਨੇ। ਗਿੱਦੜੀ ਇਥੇ ਕਿਥੋਂ ਆ ਗਈ, ਕਿਵੇਂ ਵੱਢ ਦਿਤਾ ਉਹਨੇ। ਨਾ ਇਥੇ ਕੋਈ ਜੰਗਲ, ਨਾ ਕੋਈ ਫੌਜ। ਮੈਂ ਤਾਂ ਉਵੇਂ ਜਿਵੇਂ ਹੀ ਹਾਂ।

ਸੋ ਉਹਦੇ 'ਚ ਮਹਾਤਮਾ ਇਹ ਦ੍ਰਿਸ਼ਟਾਂਤ ਲੈਂਦੇ ਨੇ ਕਿ ਇਹ ਜੀਵ ਜਿਹੜਾ ਹੈ, ਪਰਮ ਜੋਤ ਦਾ ਅੰਸ, ਇਹ ਹਉਮੈ ਦੀ ਨੀਂਦ ਦੇ ਵਿਚ ਸੌਂ ਗਿਆ। ਸੁੱਤੇ ਪਏ ਨੂੰ ਮਾਇਆ ਨੇ ਵੱਢ ਖਾਧਾ। ਇਹ ਨਾਮ ਨੂੰ ਭੁੱਲ ਕੇ ਹਲਕ ਗਿਆ –

***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥***
***ਅੰਗ– 644***
***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥***
***ਅੰਗ– 644***

ਸ਼ਬਦ ਤੋਂ ਬਗੈਰ ਜਗ ਕਹਿੰਦੇ ਹਲਕਿਆ ਹੋਇਆ ਹੈ। ਬਿਰਥਾ ਜਨਮ ਗਵਾ ਰਿਹਾ ਹੈ।

ਸੋ ਇਹਦੇ ਵਿਚ ਜਿਹੜਾ ਸੁਪਨੇ ਦਾ ਵੈਦ ਸੀ ਉਹਨੇ ਸੁਪਨੇ ਦੇ ਵਿਚ ਰਾਜੇ ਦੇ ਜ਼ਖਮ ਨੂੰ ਠੀਕ ਕਰ ਦਿਤਾ। ਇਵੇਂ ਜਿਵੇਂ ਜਿਹੜੀ ਸਾਨੂੰ ਨੀਂਦ ਹਉਮੈ ਵਿਚ ਪਈ ਹੋਈ ਹੈ। ਇਹ ਹਉਮੈ ਦੇ ਨੁਸਖੇ ਨੇ ਸਾਨੂੰ ਰਾਜ਼ੀ ਕਰਨਾ ਹੈ। ਉਹ ਹੈ –

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਅੰਗ- 466*

ਗੁਰੂ ਦਾ ਜਿਹੜਾ ਪੰਜ ਪਿਆਰਿਆਂ ਨੇ ਸ਼ਬਦ ਦਿਤਾ ਹੈ ਉਹਦੀ ਕਮਾਈ ਕਰੇ। ਸੋ ਮੈਂ ਬੇਨਤੀ ਕਰਦਾ ਸੀ ਕਿ ਸਾਡਾ ਜੋ ਪਰਮ ਮਨੋਰਥ ਹੈ। ਸਾਰੇ ਜੀਵਨ ਦੇ ਮਨੋਰਥਾਂ ਨੂੰ ਛੱਡ ਕੇ ਉਹ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥* *ਅੰਗ- 12*

ਜਿਹੜੇ ਬਾਕੀ ਕੰਮ ਨੇ ਇਹ worthless (ਫਜ਼ੂਲ) ਗਿਣ ਦਿਤੇ ਮਹਾਰਾਜ ਨੇ। ਜਾਇਦਾਦਾਂ ਬਣਾਉਣੀਆਂ, ਵੱਡੇ-ਵੱਡੇ ਨਾਂ ਖੱਟਣੇ, ਉਹ ਤਾਂ ਪਰਾਲਬਧ ਤੇਰੀ ਹੈਗੀ, ਉਹਦੇ ਮੁਤਾਬਿਕ ਹੀ ਹੋਣਾ ਹੈ। ਉਸ ਤੋਂ ਬਗੈਰ ਨਹੀਂ ਹੋਇਆ ਕਰਦਾ, ਨਾ ਘਟਦਾ ਹੈ ਨਾ ਵਧਦਾ ਹੈ। ਇਧਰ ਤਾਂ ਨਾਂਹ ਦੇ ਤੂੰ ਧਿਆਨ, ਇਹ ਤਾਂ ਤੇਰੇ ਤੋਂ ਜ਼ਬਰਦਸਤੀ ਕਰਾ ਲੈਣਾ ਹੈ -

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥* *ਅੰਗ- 653*

ਕਿਰਤ ਮਾਰਦੀ ਹੈ ਧੱਕਾ ਕਿ ਅਰਬ ਦੇਸ਼ਾਂ 'ਚ ਚੱਲ। ਅਮਰੀਕਾ ਵਾਸਤੇ ਜ਼ਮੀਨ ਗਹਿਣੇ ਕਰ। ਫਲਾਣੇ ਥਾਂ ਜਾਹ। ਤੇਰੇ ਨੰਬਰ ਬਣਦੇ ਨੇ ਆਸਟਰੇਲੀਆ ਚਲੇ ਜਾਹ। ਉਹ ਕਿਰਤ ਧੱਕਾ ਮਾਰ ਰਹੀ ਹੈ। ਅਸਲੀ ਕੰਮ ਜਿਹੜਾ ਸਾਡੇ ਕਰਨ ਵਾਲਾ ਹੈ ਉਹ ਵਾਹਿਗੁਰੂ ਨੂੰ ਮਿਲਣਾ। ਉਹ ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਇਸ ਗੱਲ ਨੂੰ ਹਿਰਦੇ 'ਚ ਵਸਾ ਲਵੇ। ਬਾਕੀਆਂ ਦੇ ਨਹੀਂ ਵਸਦੀ ਕਿਉਂਕਿ ਉਨ੍ਹਾਂ ਦੇ ਪੁੰਨ ਕਰਮ ਬਣੇ ਨਹੀਂ ਅਜੇ, ਗੱਲ ਸਮਝਣ ਜੋਗੇ। ਸੋ ਉਨ੍ਹਾਂ ਦੇ ਵਿਚੋਂ ਬੇਨਤੀ ਕੀਤੀ ਸੀ ਕਿ ਬੱਚਾ ਜਿਸ ਦਾ ਨਾਂ ਫਰੀਦ ਸੀ। ਉਹਨੇ ਬਹੁਤ ਘੋਰ ਤਪਸਿਆ ਕਰੀ, ਕਾਰਨ ਕੀ ਸੀ? ਪ੍ਰਾਪਤੀ ਫੇਰ ਵੀ ਨਾ ਹੋਈ। 12 ਸਾਲ ਪਹਿਲਾਂ ਰਿਹਾ, 12 ਸਾਲ ਬਾਅਦ 'ਚ ਰਿਹਾ। ਕਿਉਂਕਿ ਉਹਨੂੰ ਇਹ ਨਹੀਂ ਸੀ ਪਤਾ ਕਿ ਵਾਹਿਗੁਰੂ ਨੂੰ ਮਿਲੀਦਾ ਕਿਵੇਂ ਹੈ? ਇਰਾਦਾ ਦ੍ਰਿੜ੍ਹ ਸੀ, ਬੰਦਾ ਬੜਾ ਤਕੜਾ ਸੀ। ਐਵੇਂ ਤਾਂ ਨਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆ ਕੇ ਗੁਰੂ ਬਣ ਕੇ ਸਾਡੇ ਸੀਸ ਝੁਕਵਾਉਂਦੇ। ਵਿਚਾਰਿਆ ਕਰੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਕਿੰਨੇ ਮਹਾਤਮਾ ਨੇ ਜਿਨ੍ਹਾਂ ਨੂੰ ਅਸੀਂ ਸੀਸ ਨਿਵਾਉਂਦੇ ਹਾਂ। ਇਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਾਂ। ਇਹ ਨਹੀਂ ਕਿ ਕਬੀਰ ਸਾਹਿਬ ਦੀ, ਰਵਿਦਾਸ ਜੀ ਦੀ ਬਾਣੀ ਕੱਢ ਦਿਓ ਇਹ ਤਾਂ ਨਹੀਂ ਅਸੀਂ ਮੰਨਦੇ। ਬਾਕੀ ਗੁਰੂਆਂ ਦੀ ਮੰਨਾਂਗੇ। ਇਹ ਸ਼ਬਦ ਹੈ, ਸ਼ਬਦ ਗੁਰੂ ਮੁੱਢ ਤੋਂ ਤੁਰਿਆ ਆਇਆ ਹੈ।

ਸੋ ਇਸ ਕਰਕੇ ਬਾਬਾ ਫਰੀਦ ਜੀ ਜੋ ਇਸ ਪਦਵੀ 'ਤੇ ਪਹੁੰਚ ਗਏ ਕਿ ਸਿੱਖ ਜਗਤ ਕੀ, ਸਾਰਾ ਸੰਸਾਰ ਉਨ੍ਹਾਂ ਨੂੰ ਸੀਸ ਨਿਵਾਉਂਦਾ ਹੈ। ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਕਰਕੇ ਸੀ। ਸਿਥਲ ਇਰਾਦਾ ਨਹੀਂ ਸੀ। ਸੋ ਆਪ ਨੇ 24 ਸਾਲ ਉਹ ਤਪਸਿਆ ਕਰੀ ਕਿ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ 90 ॥***

***ਅੰਗ- 1382***

ਪੁੱਠੇ ਲਟਕਦੇ ਨੇ, ਬਹੁਤ ਪਿੰਜਰ ਸੁਕਾ ਲਿਆ। ਕੇਵਲ ਦੇਖਣ ਮਾਤਰ ਹੈ ਕਿ ਬੰਦਾ, ਸਾਹ ਚਲਦਾ ਹੈ ਇਹਦੇ 'ਚ। ਉਸ ਵੇਲੇ ਕੋਈ ਦਿਆਲੂ ਮਹਾਂਪੁਰਸ਼ ਅਵਾਜ਼ ਦਿੰਦੇ ਨੇ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ 19 ॥***

***ਅੰਗ- 1378***

ਕਾਹਨੂੰ ਜੰਗਲਾਂ 'ਚ ਫਿਰਦਾ ਹੈਂ, ਜੰਗਲਾਂ ਦੇ ਕੰਡੇ ਮੋੜਦਾ। ਰੱਬ ਤਾਂ ਤੇਰੇ ਅੰਦਰ ਵਸਦਾ ਹੈ। ਤੈਨੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਣਾ ਪਵੇਗਾ। ਕਿਉਂਕਿ ਪੂਰਾ ਗੁਰੂ ਨਹੀਂ ਸੰਸਾਰ 'ਤੇ ਮਿਲਦਾ, ਕੋਈ ਵਿਰਲਾ ਹੈ। ਜੋ ਬਚਨ ਹੁੰਦਾ ਹੈ ਸਾਰਿਆਂ ਵਾਸਤੇ ਸਾਂਝਾ ਹੁੰਦਾ ਹੈ। ਚਾਰ ਕਿਸਮ ਦੇ ਗੁਰੂ ਹੁੰਦੇ ਨੇ - ਸਮਰੱਥ ਗੁਰੂ ਹੋਇਆ ਕਰਦਾ, ਪੰਡਤ ਗੁਰੂ, ਅੰਨ੍ਹਾ ਗੁਰੂ ਤੇ ਇਕ ਕੱਚਾ ਗੁਰੂ ਹੁੰਦਾ ਹੈ। ਪਿਛਲੇ ਤਿੰਨਾਂ ਤੋਂ ਤਾਂ ਨਹੀਂ ਕੁਛ ਵੀ ਬਣਿਆ ਕਰਦਾ। ਜਿਹੜਾ ਅਨੁਭਵੀ ਮਹਾਂਪੁਰਸ਼ ਹੁੰਦਾ ਹੈ, ਉਹ ਕਿਸੇ ਰਸਤੇ ਦੀ ਸੋਝੀ ਦਿੰਦਾ ਹੈ। ਕਿਉਂਕਿ ਆਪ ਉਹਨੇ ਦੇਖਿਆ ਹੁੰਦਾ ਹੈ, ਦੂਸਰੇ ਨੂੰ ਦਿਖਾ ਦਿੰਦਾ ਹੈ। ਪਰ ਉਹਦਾ ਜੀਵਨ ਕਿਹੋ ਜਿਹਾ ਹੁੰਦਾ ਹੈ, ਉਹਦੇ ਬਾਰੇ ਅਸੀਂ ਵਿਚਾਰ ਕਰਨੀ ਹੈ। ਫਰੀਦ ਨੂੰ ਆਵਾਜ਼ ਆਈ, ਫਰੀਦਾ! ਕਾਹਨੂੰ ਜੰਗਲਾਂ 'ਚ ਢੂੰਡਦੈਂ, ਇਹ ਤਾਂ ਗੱਲ ਵਿਚੋਂ ਹੋਰ ਹੀ ਹੈ। ਤੂੰ ਮੁਰਸ਼ਦ-ਏ-ਕਾਮਲ ਕੋਲ ਜਾਹ। ਉਹ ਤੈਨੂੰ ਸਮਝਾ ਦੇਵੇਗਾ। ਰੱਬ ਤਾਂ ਅੰਦਰ ਹੀ ਹੈ ਤੇਰੇ ਪਰ ਇਕ ਪ੍ਰਮੇਸ਼ਰ ਦੀ ਸ਼ਕਤੀ ਹੈ ਜਿਹਨੂੰ ਹਉਮੈ ਕਹਿੰਦੇ ਨੇ। ਉਹ ਤੈਨੂੰ ਦਿੱਸਣ ਨਹੀਂ ਦਿੰਦੀ। ਉਹਨੂੰ ਕੋਈ ਸੰਸਾਰ ਦੇ ਅੰਦਰ ਤੋੜਨ ਨੂੰ ਸਮਰੱਥ ਨਹੀਂ ਹੈ। ਕੇਵਲ ਗੁਰੂ ਹੈ ਜਿਹੜਾ ਹਉਮੈ ਦੀ ਕੰਧ ਤੋੜ ਦੇਵੇ ਤੇ ਨਾਲ ਰਹਿੰਦਾ ਪ੍ਰਮੇਸ਼ਰ ਦਿਖਾ ਦੇਵੇ -

***ਧਾਰਨਾ - ਕੰਧ ਹਉਮੈ ਦੀ ਦਿੱਸਣ ਨਾ ਦੇਵੇ,***
***ਅੰਦਰ ਤੇਰੇ ਰੱਬ ਵਸਦਾ।***
***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ ॥***

***ਅੰਗ- 1263***

ਇਕੱਠੇ ਰਹਿੰਦੇ ਨੇ ਦੋਵੇਂ, ਪ੍ਰਮੇਸ਼ਰ ਵੀ ਤੇ ਆਹ ਜੀਵ ਵੀ। ਲੇਕਿਨ ਵਿਚਾਲੇ ਇਕ ਪੜਦਾ ਪੈ ਗਿਆ। ਮਾੜਾ ਜਿਹਾ ਪੜਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ 3 ॥***

***ਅੰਗ- 624***

ਕਹਿੰਦੇ, ਬਹੁਤ ਬਰੀਕ ਪੜਦਾ ਪੈ ਗਿਆ, ਰੱਬ ਦੇ ਅਰ ਸਾਡੇ ਵਿਚਾਲੇ। ਇਕ ਥਾਂ ਹੋਰ ਮਹਾਰਾਜ ਦਸਦੇ ਹਨ ਕਿ ਬਾਹਰ ਨਾ ਢੂੰਡੋ –

***ਮਨ ਮਹਿ ਆਪਿ ਮਨ ਅਪੁਨੇ ਮਾਹਿ ॥***
***ਨਾਨਕ ਕੀਮਤਿ ਕਹਨੁ ਨ ਜਾਇ ॥ 7 ॥ ਅੰਗ- 279***

ਆਹ ਮਨ ਦੇ ਵਿਚ ਵਾਹਿਗੁਰੂ ਹੈ, ਜਿਹੜਾ ਮਨ ਹੈ ਇਹ ਵਾਹਿਗੁਰੂ ਵਿਚ ਹੈ। ਬਿਲਕੁਲ ਕੋਲ-ਕੋਲ ਨੇ ਦੋਵੇਂ। ਖਪਣ ਦੀ ਲੋੜ ਨਹੀਂ ਹੈ, ਕੁਛ ਕਰਨ ਦੀ ਲੋੜ ਨਹੀਂ। ਸਿਰਫ ਗੱਲ ਸਮਝਣ ਦੀ ਤੇ ਸਾਧਨ ਦੀ ਲੋੜ ਹੈ। ਉਂਝ ਨਹੀਂ ਹੁੰਦਾ, ਜਿੰਨਾ ਜੀਅ ਕਰਦਾ ਹੈ ਕੋਈ ਜ਼ੋਰ ਲਾ ਲਓ, ਨਹੀਂ ਹੋਇਆ ਕਰਦਾ, ਵੱਡੇ-ਵੱਡੇ ਹਾਰ ਗਏ –***'ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥ '*** ਪੂਰਾ ਗੁਰੂ ਮਿਲ ਜਾਵੇ, ਸਮਰੱਥ ਗੁਰੂ, ਤਾਂ, ਤਾਂ ਗੱਲ ਬਣਦੀ ਹੈ ਜੇ ਨਹੀਂ ਮਿਲਦਾ, ਫੇਰ ਨਹੀਂ। ਫੇਰ ਲਾਰੇ-ਲੱਪੇ ਬਹੁਤ ਨੇ, ਲੰਮੇ ਚੱਕਰ 'ਚ ਪਾ ਦਿਓ ਜੀ ਉਹਨੂੰ। ਆਪ ਨੂੰ ਵੀ ਪਤਾ ਨਹੀਂ ਹੈ, ਉਹਨੂੰ ਵੀ ਪਾਈ ਜਾਂਦਾ ਹੈ। ਇਕ ਗੱਲ ਤਾਂ ਚੰਗੀ ਹੈ ਕਿ ਚਲੋ ਭਜਨ ਬੰਦਗੀ ਕਰਾਈ ਜਾਂਦੇ ਨੇ। ਲੇਕਿਨ ਕਿਨਾਰੇ ਨਹੀਂ ਪਹੁੰਚਾ ਸਕਦਾ, ਸਮਰੱਥ ਗੁਰੂ ਤੋਂ ਬਗੈਰ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਪਾਉਂਟਾ ਸਾਹਿਬ ਗਏ ਹੋਏ ਨੇ। ਮਹਾਂ ਪਵਿੱਤਰ ਭੂਮੀ ਹੈ ਜਿੱਥੇ ਗੁਰੂ ਮਹਾਰਾਜ ਨੇ ਪੰਜ ਸਾਲ ਤੋਂ ਉਤੇ ਦਾ ਸਮਾਂ ਉਸ ਥਾਂ ਦੇ ਉਤੇ ਬੜਾ ਲਿਟਰੇਚਰ ਤਿਆਰ ਕਰਿਆ ਸਾਡੇ ਵਾਸਤੇ। ਇਕ ਤਪੋ ਭੂਮੀ ਹੈ, ਬੜਾ ਭਾਰਾ ਯੁੱਧ ਉਸ ਥਾਂ ਦੇ ਉਤੇ ਜਿੱਤਿਆ ਗਿਆ ਹੈ। ਸੋ ਉਥੇ ਜਿਸ ਵਕਤ ਪਤਾ ਲੱਗਿਆ, ਪੀਰ ਬੁੱਧੂਸ਼ਾਹ ਨੂੰ ਸਢੌਰੇ ਵਾਲੇ ਨੂੰ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਥੇ ਆਏ ਹੋਏ ਨੇ। ਉਸ ਨੇ ਬੜੇ ਤਪ ਕਰੇ ਸੀ, ਬੜੇ ਜੌਹਦ ਕਰੇ ਸੀ। ਲੰਮਿਆਂ ਸਮਿਆਂ ਤੱਕ ਪੁੱਠਾ ਲਟਕਦਾ ਸੀ। ਭੁੱਖਾ ਰਿਹਾ, ਕਿੰਨੇ ਵਾਰੀ ਹੱਜ ਕਰਨ ਵਾਸਤੇ ਕਾਹਬਾ ਸ਼ਰੀਫ ਜਾਂਦਾ ਰਿਹਾ। ਲੇਕਿਨ ਅੰਦਰੋਂ ਇਮਾਨਦਾਰ ਸੀ। ਅੰਦਰੋਂ ਨਹੀਂ ਸੀ ਕਹਿੰਦਾ ਕਿ ਮੈਨੂੰ ਰੱਬ ਮਿਲ ਗਿਆ।

ਹੁਣ ਤਾਂ ਰਿਵਾਜ ਹੀ ਇਹ ਹੈ ਕਿ ਮੈਨੂੰ ਮਿਲ ਗਿਆ, ਕੋਈ ਵੀ ਨਹੀਂ ਕਹਿੰਦਾ ਕਿ ਮੈਨੂੰ ਮਿਲਿਆ ਨਹੀਂ ਹੈ। ਉਹ ਕਹਿੰਦਾ ਸੀ ਕਿ ਮੈਨੂੰ ਮਿਲਿਆ ਨਹੀਂ ਹੈ। ਐਨੇ ਤਪ ਕਰੇ, ਐਨੇ ਜਪ ਕਰੇ, ਐਨੇ ਪੁੰਨ ਕਰੇ, ਐਨੀ ਤੀਰਥਾਂ ਦੀ ਯਾਤਰਾ ਕਰੀ, ਹੱਜ ਕੀਤੇ। ਉਹ ਜਿਹੜੀ ਸ਼ਾਂਤੀ ਹੈ, ਪਰਮ ਸ਼ਾਂਤੀ ਉਹ ਤਾਂ ਮੈਨੂੰ ਮਿਲੀ ਨਹੀਂ ਹੈ। ਅਜੇ ਮਨ ਕਦੇ ਉੱਚਾ ਹੁੰਦਾ ਹੈ, ਕਦੇ ਨੀਚਾ ਹੁੰਦਾ ਹੈ। ਕਦੇ ਕ੍ਰੋਧ ਵਿਚ ਆ ਜਾਂਦਾ ਹੈ, ਕਦੇ ਖੇੜਿਆਂ 'ਚ ਆ ਜਾਂਦਾ ਹੈ –

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ 2 ॥***
***ਅੰਗ- 876***

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਕ ਸਲੋਕ ਉਹਦੇ ਅੰਦਰ ਹਰ ਵਕਤ ਚਲਦਾ ਰਹਿੰਦਾ ਸੀ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ- 550***

ਕਿ ਇਕ ਤਾਂ ਉਹ ਹੈ ਜਿਹੜਾ ਦੌੜਿਆ ਫਿਰਦਾ ਹੈ। ਜਿਹੜਾ ਕਹਿੰਦਾ ਹੈ ਮੈਂ ਕਰਦਾ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ ਤੇ ਮੇਰਾ ਨਾਉਂ ਜੀਵ ਆਤਮਾ ਹੈ। ਇਕ ਕਹਿੰਦੇ ਉਹ ਰਹਿੰਦਾ ਹੈ ਜਿਹੜਾ ਕਿਤੇ ਆਉਂਦਾ ਹੀ ਨਹੀਂ, ਪਰਮ ਅਨੰਦ 'ਚ ਰਹਿੰਦਾ ਹੈ। '***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*** ' ਨਾ ਉਡਾਰੀਆਂ ਮਰਦਾ ਹੈ। ਇਕ ਉਹ ਹੈ ਜਿਹੜਾ ਉਡਾਰੀਆਂ ਮਾਰ-ਮਾਰ ਕੇ ਫਸੀ ਜਾਂਦਾ ਹੈ -

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥***

***ਅੰਗ- 66***

ਉਡਾਰੀਆਂ ਮਾਰਦਾ ਹੈ, ਚਾਹੇ ਚੰਗਾ ਬੰਦਾ ਹੈ, ਚਾਹੇ ਮਾੜਾ ਹੈ। ਉਡਾਰੀਆਂ ਸਾਰੇ ਮਾਰਦੇ ਨੇ। ਜਿੰਨਾਂ ਹਉਮੈ ਦੇ ਵਿਚ ਕੰਮ ਕਰ ਰਿਹਾ ਹੈ, ਉਹ ਸਾਰੀਆਂ ਉਡਾਰੀਆਂ ਹੀ ਨੇ। ਉਹਦਾ ਨਤੀਜਾ ਕੀ ਹੁੰਦਾ ਹੈ, ਜਿੰਨੀਆਂ ਉਡਾਰੀਆਂ ਮਾਰੇਗਾ, ਓਨਾਂ ਹੀ ਦੁੱਖ ਵਧੇਗਾ -

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥***

***ਅੰਗ- 50***

ਮਾਇਆ ਨੇ ਚੋਗਾ ਪਾ ਦਿਤਾ ਧੀਆਂ ਦਾ, ਪੁੱਤਰਾਂ ਦਾ, ਜ਼ਮੀਨ ਦਾ, ਜਾਇਦਾਦ ਦਾ, ਦੋਸਤਾਂ, ਪ੍ਰਭਤਾ ਦਾ ਬੇਅੰਤ ਕਿਸਮ ਦੇ ਸੁੱਖਾਂ ਦਾ ਚੋਗਾ ਪਾ ਦਿਤਾ। ਜੀਵ ਫਸ ਗਿਆ ਜਾਲ ਦੇ ਵਿਚ। ਕਹਿੰਦੇ, ਹੁਣ ਰੋਂਦਾ ਹੈ, ਨਿਕਲ ਨਹੀਂ ਹੁੰਦਾ ਇਸ ਤੋਂ। ਦਝਦਾ ਹੈ, ਵਿਰਲਾਪ ਕਰਦਾ ਹੈ, ਨਿਕਲ ਨਹੀਂ ਸਕਦਾ। ਸੋ ਉਸ ਵੇਲੇ ਐਸੇ ਵਿਚਾਰ ਉਹਦੇ ਮਨ ਵਿਚ ਆਉਂਦੇ ਨੇ ਕਿ ਮਨਾ! ਬਣਿਆ ਕੁਛ ਨਹੀਂ ਪੀਰ ਹਾਂ, ਬੇਅੰਤ ਮੇਰੇ ਮੁਰੀਦ ਨੇ। 700 ਤਾਂ ਮੁਰੀਦ ਸੀ ਉਹਦਾ ਗੁਰੂ ਮਹਾਰਾਜ ਵਲ ਹੋ ਕੇ ਹੀ ਯੁੱਧ ਕਰਿਆ ਸੀ। ਵੱਡਾ ਜਗੀਰਦਾਰ ਸੀ, ਇਹ ਨਹੀਂ ਕਿ ਕੋਈ ਗਰੀਬ ਆਦਮੀ ਸੀ। ਦੋ ਲੰਗਰ ਹਰ ਵਕਤ ਚਲਾਉਂਦਾ ਸੀ, ਹਿੰਦੂਆਂ ਵਾਸਤੇ ਵੱਖਰਾ ਲੰਗਰ, ਇਸਲਾਮ ਵਾਲਿਆਂ ਵਾਸਤੇ ਵੱਖਰਾ ਲੰਗਰ। ਦੋਹਾਂ ਹੀ ਕੌਮਾਂ ਨੂੰ ਇਕੋ ਜਿਹਾ ਸਮਝਦਾ ਸੀ, ਸਮਦ੍ਰਿਸ਼ਟੀ ਰਖਦਾ ਸੀ। ਲੇਕਿਨ ਅਜੇ ਅੰਦਰੋਂ ਪ੍ਰਕਾਸ਼ ਨਹੀਂ ਸੀ ਹੋਇਆ। ਉਸ ਵੇਲੇ ਖਿਆਲ ਹੋਇਆ ਕਿ ਮੈਨੂੰ ਵੀ ਜਿਹੜੇ ਕਾਬਲ ਸਾਧੂ ਮਿਲੇ ਨੇ ਉਹ ਇਹ ਗੱਲ ਕਹਿੰਦੇ ਨੇ ਕਿ ਮੁਰਸ਼ਦ-ਏ-ਕਾਮਲ ਤੋਂ ਬਗੈਰ ਨਹੀਂ ਰਸਤਾ ਲੱਭਿਆ ਕਰਦਾ। ਹੋਵੇ ਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਹੀ ਮੁਰਸ਼ਦ-ਏ-ਕਾਮਲ ਹੋਣ।

ਉਸ ਵੇਲੇ ਵਿਚਾਰ ਕੇ ਗੁਰੂ ਦਸਵੇਂ ਪਾਤਸ਼ਾਹ ਵਲ ਨੂੰ ਚੱਲਿਆ। ਲੇਕਿਨ ਨਾਲ ਦੋ-ਤਿੰਨ ਸੌ ਮੁਰੀਦ ਵੀ ਨਾਲ ਤਿਆਰ ਹੋ ਗਿਆ। ਉਸ ਵੇਲੇ ਗੁਰੂ ਮਹਾਰਾਜ ਦੇ ਜਦੋਂ ਨੇੜੇ ਪਹੁੰਚਿਆ, ਪਾਉਂਟਾ ਸਾਹਿਬ, ਦੀਵਾਨ

ਲੱਗਿਆ ਹੋਇਆ ਹੈ ਤੇ ਉਹਦੇ ਵਿਚ ਇਹਨੂੰ ਦੂਰੋਂ ਹੀ ਐਨਾ ਪਿਆਰ ਆਇਆ ਹਿਰਦੇ ਵਿਚ ਕਿ ਮੈਂ ਤਾਂ ਗੁਰੂ ਸਾਹਿਬ ਦੇ ਚਰਨ ਫੜ ਕੇ ਛੱਡਣੇ ਹੀ ਨਹੀਂ ਹੈਗੇ। ਜਦੋਂ ਤੱਕ ਮੈਨੂੰ ਉਹ ਪ੍ਰਮੇਸ਼ਰ ਮਿਲਾ ਨਹੀਂ ਦਿੰਦੇ, ਮੈਂ ਨਹੀਂ ਛੱਡਣੇ। ਲੇਕਿਨ ਜਦੋਂ ਥੋੜ੍ਹਾ ਜਿਹਾ ਅਗਾਹਾਂ ਗਿਆ, ਮਹਾਰਾਜ ਦੇ ਰੂਪ ਨੇ ਖਿੱਚ ਪਾਈ ਕਿ ਹੈ ਤਾਂ ਕਾਮਲ। ਨਾਲ ਸੰਸਾ ਹੋ ਗਿਆ, ਸੰਸਾ ਵੈਰੀ ਹੁੰਦਾ ਹੈ ਬੰਦੇ ਦਾ, ਬਹੁਤ ਜ਼ਬਰਦਸਤ। ਬਾਹਰਲੇ ਵੈਰੀ ਕੁਛ ਨਹੀਂ ਕਰਦੇ। ਸੰਸੇ ਵਰਗਾ ਵੈਰੀ ਦੁਨੀਆਂ 'ਚ ਕੋਈ ਨਹੀਂ। ਇਹ ਭਰਮ ਪਾ ਰੱਖਦਾ ਹੈ, ਪ੍ਰਮੇਸ਼ਰ ਨਾਲੋਂ ਤੋੜ ਰਖਦਾ ਹੈ, ਸਭ ਤੋਂ ਵੱਡਾ ਵੈਰੀ ਇਹੀ ਹੋਇਆ ਕਰਦਾ ਹੈ। ਪੈ ਗਿਆ ਸੰਸਾ ਕਿ ਇਹ ਤਾਂ ਛੋਟੀ ਉਮਰ ਦਾ ਹੈ, ਵੀਹ ਕੁ ਸਾਲ ਦਾ, ਦਾੜ੍ਹਾ ਅਜੇ ਆਉਣ ਹੀ ਲੱਗਾ ਹੈ, ਮੈਂ ਬਜ਼ੁਰਗ ਹਾਂ। ਦਾੜ੍ਹੀ 'ਤੇ ਹੱਥ ਫੇਰਿਆ ਕਿ ਮੈਂ ਤਾਂ ਵੱਡਾ ਬਹੁਤ ਹਾਂ, ਚਿਲ੍ਹੇ ਕੱਟ ਲਏ ਬੇਅੰਤ ਸਾਧਨ ਕਰ ਲਏ। ਯੋਗ ਸਾਧਨਾ ਕਰ ਲਈਆਂ, ਕਾਹਬੇ ਜਾ ਆਇਆ, ਦਾਨ ਮੈਂ ਕਰਦਾ ਹਾਂ, ਨੇਕ ਕੰਮ ਸਾਰੇ ਮੈਂ ਕਰਦਾ ਹਾਂ। ਮੈਂ ਜੇ ਇਹਦੇ ਚਰਨੀਂ ਪੈ ਗਿਆ, ਮੇਰੇ ਮੁਰੀਦ ਕਹਿਣਗੇ ਕਿ ਇਹ ਤਾ ਹਦੋਂ ਗਲਤ ਗੱਲ ਹੈ। ਇਨ੍ਹਾਂ ਨੇ ਤਾਂ ਤਰਕ ਕਰਨੀ ਹੈ ਕਿ ਕਾਫਰ ਦੇ ਪੈਰੀਂ ਮੋਮਨ ਪੈ ਗਿਆ। ਐਸੇ ਖਿਆਲ ਅੰਦਰੋਂ ਸ਼ੁਰੂ ਹੋਣ ਦੇ ਨਾਲ ਤਾਰ ਟੁੱਟੀ, ਜਿਹੜੀ ਸ਼ਰਧਾ ਬਣਾਈ ਸੀ ਘਟ ਗਈ। ਗੁਰੂ ਸਾਹਿਬ ਕੋਲ ਜਾ ਪਹੁੰਚਿਆ।

ਮਹਾਰਾਜ ਜੀ ਨੂੰ ਨਮਸ਼ਕਾਰ ਕਰਨ ਦੀ ਬਜਾਏ, ਹੱਥ ਵਧਾਇਆ। ਮਹਾਰਾਜ ਨੇ ਦੋ ਉਂਗਲਾਂ ਅੱਗੇ ਕਰਕੇ ਕਿਹਾ ਆਓ ਪੀਰ ਜੀ! ਕਿਸ ਤਰ੍ਹਾਂ ਦਰਸ਼ਨ ਦਿਤੇ? ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਆਹ ਜਦੋਂ ਮੈਂ ਸਲੋਕ ਪੜ੍ਹਦਾ ਹਾਂ - ***'ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥'*** ਉਸ ਵੇਲੇ ਮੈਨੂੰ ਪਤਾ ਨਹੀਂ ਲਗਦਾ ਕਿ ਇਹਦੇ ਅਰਥ ਕੀ ਨੇ? ਉਸ ਵੇਲੇ ਕਹਿਣ ਲੱਗਿਆ, ਮੈਂ ਆਪ ਦੇ ਪਾਸ ਇਸ ਸ਼ੰਕੇ ਨੂੰ ਨਵਿਰਤ ਕਰਨ ਵਾਸਤੇ ਪਹੁੰਚਿਆਂ ਤੇ ਮੇਰਾ ਸਵਾਲ ਇਹ ਹੈ ਕਿ ਜੀਵ ਔਰ ਖੁਦਾ ਕਾ, ਰੂਹ ਔਰ ਖੁਦਾ ਕਾ ਮੇਲ ਕੈਸੇ? ਕਿਉਂਕਿ ਇਹਦੇ ਅੰਦਰ ਦੋ ਰਹਿੰਦੇ ਨੇ। ਇਕ ਤਾਂ ਉਹ ਹੈ ਜਿਹੜਾ ਸਾਖੀ ਹੈ, ਉਹ ਕਰਦਾ ਨਹੀਂ, ਭੋਗਦਾ ਨਹੀਂ, ਕਿਸੇ 'ਚ ਲਪਾਇਮਾਨ ਨਹੀਂ ਹੁੰਦਾ। ਉਹ ਪਰਮ ਅਨੰਦ 'ਚ ਰਹਿੰਦਾ ਹੈ। ਇਕ ਉਹ ਹੈ ਜਿਹੜਾ ਇਹਦੇ 'ਚ ਪ੍ਰਕਾਸ਼ ਕਰਕੇ ਆਪਣੇ ਆਪ ਨੂੰ ਸੁਖੀ ਕਰਤਾ, ਭੋਗਤਾ, ਸ਼ੋਕਵਾਨ, ਪ੍ਰਲੋਕ 'ਚ ਆਉਣ-ਜਾਣ ਵਾਲਾ, ਖੁਸ਼ ਹੋ ਜਾਣ ਵਾਲਾ, ਗਮੀ ਵਿਚ ਆ ਜਾਣ ਵਾਲਾ, ਇਕ ਇਹ ਸਮਝਦਾ ਹੈ। ਇਨ੍ਹਾਂ ਦੋਹਾਂ ਦੇ ਵਿਚ ਮੈਨੂੰ ਭੇਦ ਪੈ ਗਿਆ, ਬੜਾ ਜ਼ਬਰਦਸਤ ਤੇ ਮੈਨੂੰ ਹੁਣ ਪਤਾ ਨਹੀਂ ਲਗਦਾ ਕਿ ਜੀਵ ਔਰ ਅੱਲਾ ਕਾ ਮੇਲ ਕੈਸੇ ਹੋਏ। ਕਹਿੰਦਾ, ਆਪ ਕ੍ਰਿਪਾ ਕਰਕੇ ਮੇਰੇ ਕੋ ਬਤਾਓ।

ਮਹਾਰਾਜ ਜੀ ਨੇ ਸਹਿਜ ਸੁਭਾਅ ਹੀ ਬੋਲ ਦਿਤਾ ਕਿ ਯੇਹ ਮੇਲ ਐਸੇ 'ਰਾਤ ਔਰ ਦਿਨ ਕਾ ਜੈਸੇ।' ਹੁਣ ਸੋਚਣ ਲੱਗ ਗਿਆ ਕਿ ਦਿਨ

ਦਾ ਤੇ ਰਾਤ ਦਾ? ਇਹ ਤਾਂ ਦੋਵੇਂ ਇਕੱਠੇ ਹੀ ਨਹੀਂ ਹੁੰਦੇ ਕਦੇ। ਮੇਲ ਤਾਂ ਉਹ ਹੁੰਦੈ ਜਿਹੜੇ ਦੋਵੇਂ ਇਕੱਠੇ ਹੋ ਜਾਣ। ਜਿਹੜਾ ਇਕ ਚਲਿਆ ਜਾਵੇ, ਇਕ ਆਇਆ ਹੈ ਉਹਦਾ ਮੇਲ ਤਾਂ ਹੋਇਆ ਨਾ। ਉਹ ਤਾਂ ਗੈਰ-ਹਾਜ਼ਰ ਹੋ ਗਿਆ ਉਹਦੇ ਆਉਣ 'ਤੇ। ਸੋਚੀ ਜਾਂਦਾ ਹੈ, ਮਹਾਰਾਜ ਕਹਿੰਦੇ ਹਾਂ, ਹੁਣ ਕਹਿ ਨਹੀਂ ਸਕਦਾ ਕਿ ਮੈਂ ਸਮਝਿਆ ਨਹੀਂ ਹਾਂ। ਕਹਿਣ ਲੱਗਿਆ, ਮਹਾਰਾਜ! ਮੈਂ ਆਪ ਕਾ ਮਤਲਬ ਨਹੀਂ ਸਮਝਾ? ਮੈਨੇ ਯੇ ਪੂਛਾ ਥਾ ਕਿ ਖ਼ੁਦਾ ਕਾ ਔਰ ਰੂਹ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਮੈਨੇ ਬੀ ਤੋ ਠੀਕ ਹੀ ਬਤਾਇਆ ਥਾ, ਦਿਨ ਕਾ ਔਰ ਰਾਤ ਕਾ ਜੈਸੇ। ਹੁਣ ਹੋਰ ਸੋਚਣ ਲੱਗ ਗਿਆ ਕਿ ਦਿਨ ਤੇ ਰਾਤ ਤਾਂ ਕਦੇ ਇਕੱਠੇ ਹੀ ਨਹੀਂ ਹੁੰਦੇ। ਕਹਿੰਦਾ, ਮਹਾਰਾਜ! ਮੈਂ ਤਾਂ ਜੋ ਗੱਲ ਕਹੀ ਹੈ ਨਾ, ਉਹ ਮੇਲ ਕੀ ਬਾਤ ਕਹੀ ਹੈ। ਰੂਹ ਕਾ ਔਰ ਖ਼ੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਸੱਚ ਕਾ ਔਰ ਝੂਠ ਕਾ ਜੈਸੇ।

ਹੁਣ ਫੇਰ ਅੱਗੇ ਚੱਕਰ 'ਚ ਪੈ ਗਿਆ ਕਿ ਸੱਚ ਤੇ ਝੂਠ ਤਾਂ ਦੋ ਇਕੱਠੇ ਹੁੰਦੇ ਹੀ ਨਹੀਂ ਹਨ। ਅਖੀਰ ਕਹਿਣਾ ਪਿਆ, ਕਹਿਣ ਲੱਗਿਆ, ਗੁਰੂ ਜੀ! ਮੈਂ ਮਤਲਬ ਨਹੀਂ ਸਮਝਿਆ। ਮੇਰੇ ਦਿਮਾਗ 'ਚ ਨਹੀਂ ਬੈਠ ਸਕੀ ਅਜੇ ਕਿ ਰਾਤ ਕਾ ਔਰ ਦਿਨ ਕਾ ਤੋ ਮੇਲ ਹੋਤਾ ਹੀ ਨਹੀਂ। ਮਹਾਰਾਜ ਕਹਿੰਦੇ, ਦਿਨ ਚੜ੍ਹ ਜਾਵੇ, ਰਾਤ ਜਾਂਦੀ ਰਹਿੰਦੀ ਹੈ। ਜਦੋਂ ਖ਼ੁਦਾ ਦਾ ਦਰਸ਼ਨ ਹੁੰਦਾ ਹੈ ਤਾਂ ਇਹ ਝੂਠੀ ਮੈਂ ਮਰ ਜਾਂਦੀ ਹੈ। ਇਹ ਨਹੀਂ ਰਹਿੰਦੀ। ਕਹਿੰਦਾ, ਫੇਰ ਜੀਵ ਕਾ ਔਰ ਖ਼ੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਜੀਵ ਭਾਵ ਹੈ ਨਾ ਜਿਹੜਾ, ਮੈਂ ਬਣੇ ਹੋਏ ਹਾਂ, ਮੈਂ ਫਲਾਣਾ ਸਿੰਘ, ਆਹ ਗੱਲ ਜੜ੍ਹਾਂ ਤੋਂ ਹੀ ਝੂਠੀ ਹੈ। ਗੱਲ ਸਮਝੋ ਮਹਾਰਾਜ ਕਿੱਥੇ ਲੈ ਕੇ ਚਲੇ ਗਏ, ਜੇ ਤਾਂ ਗੱਲ ਕੋਈ ਸਮਝ ਜਾਵੇ, ਇਸ ਵੇਲੇ ਇਥੇ ਹੀ ਬੈਠੇ ਨੂੰ ਬ੍ਰਹਮਗਿਆਨ ਹੋ ਜਾਵੇ। ਕੁਛ ਕਰਨ ਦੀ ਉਹਨੂੰ ਲੋੜ ਨਹੀਂ ਹੈ, ਕਿਸੇ ਕਿਸਮ ਦੀ ਵੀ। ਲੇਕਿਨ ਸਮਝੇ ਕਿਹੜਾ, ਇਹ ਕੋਈ ਮਾਮੂਲੀ ਗੱਲ ਥੋੜ੍ਹਾ ਹੈ, ਇਸ ਗੱਲ ਨੂੰ ਸਮਝ ਲੈਣਾ। ਉਹ ਕਹਿੰਦੇ, ਜਿਹੜੀ 'ਮੈਂ' ਹੈ ਨਾ ਜੀਵ ਭਾਵ ਇਹ ਹੈ ਹੀ ਕੂੜ। ਇਹ ਕੇਵਲ ਵਾਹਿਗੁਰੂ ਦੀ ਸੱਤਾ ਕਰਕੇ ਪ੍ਰਤੀਤ ਹੋ ਰਿਹਾ ਹੈ, ਉਹਦੀ ਸੱਤਾ ਕਰਕੇ ਇਹ ਹਉਮੈ ਦਾ ਭਾਵ ਅੰਦਰ ਪੈਦਾ ਹੋ ਗਿਆ, ਉਹ ਕਹਿੰਦਾ ਕਿ ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ। ਕਹਿੰਦੇ, ਬੁੱਧੂਸ਼ਾਹ! ਇਹਦਾ ਨਾਉਂ ਤਾਂ ਹੈਗਾ ਜੀਵ ਆਤਮਾ, ਜਿਹੜੀ ਸੱਚੀ 'ਮੈਂ' ਹੈ ਉਹਦਾ ਨਾਉਂ ਹੈ 'ਆਤਮਾ', ਉਹ ਆਤਮਾ ਤੇ ਪ੍ਰਮਾਤਮਾ ਦਾ ਕਦੇ ਵਿਛੋੜਾ ਨਹੀਂ ਹੁੰਦਾ, ਉਹ ਸਦਾ ਹੀ ਮਿਲੇ ਰਹਿੰਦੇ ਨੇ। ਇਹ ਜਿਹੜਾ ਆਤਮਾ ਦੇ ਵਿਚ ਕਲਪਣਾ ਕੀਤੀ ਹੈ ਜੀਵ ਦੀ ਇਹ ਹਉਮੈ ਕਰਕੇ, ਇਹ ਬਿਲਕੁਲ ਕੂੜੀ ਹੈ, ਮਿਸਾਲ ਨਾਲ ਤੈਨੂੰ ਦਸਦੇ ਹਾਂ ਕਿ ਹਨ੍ਹੇਰੇ ਵਿਚ ਜਿਵੇਂ ਰੱਸੀ ਪਈ ਹੁੰਦੀ ਹੈ, ਉਹਦੇ 'ਚ ਕਲਪਣਾ ਹੋ ਜਾਂਦੀ ਹੈ ਕਿ ਸੱਪ ਪਿਆ ਹੈ। ਸਾਰੇ ਹੀ ਜਾਣਦੇ ਹਾਂ, ਜਿੰਨੇ ਆਪਾਂ ਬੈਠੇ ਹਾਂ। ਭੁਲੇਖਾ ਪੈ ਜਾਂਦਾ ਹੈ ਕਿ ਸੱਪ ਪਿਆ ਹੈ। ਕਹਿੰਦੇ, ਉਹਦੇ ਵਿਚ ਕੇਵਲ ਭਾਵਨਾ ਹੋਈ, ਰੱਸੀ ਵਿਚ ਕਦੇ ਸੱਪ ਆ ਹੀ ਨਹੀਂ ਸਕਦਾ। ਕਦੇ ਰੱਸੀ ਵੀ ਸੱਪ ਬਣੀ ਹੈ ਤੇ ਉਹ ਤਾਂ ਇਕ ਭੁਲੇਖਾ ਪੈ

ਗਿਆ। ਹਉਮੈ ਨੇ ਭੁਲੇਖਾ ਪਾ ਦਿਤਾ, ਪੜਦਾ ਪਾ ਦਿਤਾ ਤੇ ਉਹ ਭੁਲੇਖੇ ਦੇ ਵਿਚ ਸੱਪ ਬਣਾ ਦਿਤਾ, ਜੀਵ ਬਣਾ ਦਿਤਾ, ਰੂਹ ਬਣਾ ਦਿਤੀ। ਕਹਿੰਦੇ, ਸਾਖੀ ਸਤਿ ਹੈ, ਸਤਿ ਸਾਖੀ ਦਾ ਹਰ ਵਕਤ ਮੇਲ ਹੀ ਰਹਿੰਦਾ ਹੈ, ਕਦੇ ਵਿਛੋੜਾ ਹੀ ਨਹੀਂ ਹੁੰਦਾ-

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

***ਅੰਗ- 846***

ਕਹਿਣ ਲੱਗਿਆ, ਮਹਾਰਾਜ! ਜਿਹੜਾ 'ਮੈਂ' ਹੈ ਫਿਰ ਇਹ ਝੂਠਾ?

ਮਹਾਰਾਜ ਕਹਿੰਦੇ, ਇਹ ਭਰਮ ਪੈ ਗਿਆ ਤੈਨੂੰ ਲੰਮੇ ਸਮੇਂ ਤੋਂ। ਪੰਜ ਭਰਮ ਪੈ ਗਏ ਤੇਰੇ ਅੰਦਰ। ਲੰਮੇ ਸਮੇਂ ਦਾ ਅਧਿਆਸ ਹੈ ਜੋ ਉਹ ਪੱਕ ਗਿਆ। ਇਕ ਮਿਸਾਲ ਦੇ ਨਾਲ ਗੱਲ ਸਮਝ ਪੈਂਦੀ ਹੈ ਕਿ ਅਧਿਆਸ ਕਿਸਨੂੰ ਕਹਿੰਦੇ ਨੇ। ਰਾਜਾ ਜਨਕ ਸਿੰਘਾਸ਼ਨ 'ਤੇ ਬੈਠਾ ਹੈ। ਗਰਮੀ ਦਾ ਮਹੀਨਾ ਹੈ, ਬਾਹਰ ਖਸ ਦੀਆਂ ਟੱਟੀਆਂ ਲਾਈਆਂ ਹੋਈਆਂ ਨੇ ਤੇ ਗਿੱਲੀਆਂ ਕਰ-ਕਰ ਕੇ, ਸ਼ੋਰੇ ਵਗੈਰਾ ਰੱਖ-ਰੱਖ ਕੇ ਕਰ ਦਿਤੀ ਜਿਵੇਂ ਬਰਫ ਹੁੰਦੀ ਹੈ, ਦਰਬਾਰ ਲੱਗਿਆ ਹੋਇਆ ਹੈ। ਉਥੇ ਉਹਨੂੰ ਥੋੜ੍ਹਾ ਜਿਹਾ ਚਿਰ ਊਂਘ ਆ ਗਈ, ਨੀਂਦ ਆ ਗਈ। ਉਹਦੇ 'ਚ ਕੀ ਦੇਖਦਾ ਹੈ ਕਿਸੇ ਰਾਜੇ ਨੇ ਹਮਲਾ ਕਰ ਦਿਤਾ, ਲੜਾਈ ਬੜੀ ਜ਼ਬਰਦਸਤ ਹੋਈ। ਉਸ ਤੋਂ ਬਾਅਦ ਰਾਜੇ ਨੇ ਫੌਜਾਂ ਨੂੰ ਹਾਰ ਦੇ ਦਿਤੀ ਤੇ ਮਹਿਲਾਂ 'ਚ ਆ ਗਿਆ। ਉਥੇ ਆ ਕੇ ਇਹਨੂੰ ਫੜ ਲਿਆ ਤੇ ਫੜ ਕੇ ਕਿਹਾ ਕਿ ਇਹਨੂੰ ਸਾਰੇ ਬੰਦੇ ਇੱਟਾਂ ਮਾਰੋ। ਇੱਟਾਂ ਮਾਰ ਕੇ ਕੱਢੋ, ਇਹਦੀ ਬੇਇਜ਼ਤੀ ਕਰਕੇ। ਕੱਪੜੇ ਉਹਦੇ ਲਾਹ ਲਏ, ਉਸ ਤੋਂ ਬਾਅਦ ਉਸਦੀ ਬਹੁਤ ਬੇਇਜ਼ਤੀ ਕਰੀ। ਇੱਟਾਂ ਵੱਟੇ ਮਾਰ ਕੇ ਉਹਨੂੰ ਕੱਢ ਦਿਤਾ, ਦੁਖੀ ਹੁੰਦਾ ਤਿੰਨ ਦਿਨਾਂ ਦੇ ਅੰਦਰ, ਗਰਮੀ ਦੇ ਵਿਚ ਨੰਗੇ ਪੈਰੀਂ ਰੇਤੇ 'ਤੇ ਚਲਦਾ ਹੈ, ਕਦੇ ਚੱਲਿਆ ਨਹੀਂ ਸੀ, ਚੀਕਾਂ ਮਾਰਦਾ ਜਾਂਦਾ ਹੈ। ਹੱਦ ਤੋਂ ਜ਼ਿਆਦਾ ਦੁੱਖ ਪਾਉਣ ਤੋਂ ਬਾਅਦ ਦੂਸਰੇ ਰਾਜ 'ਚ ਗਿਆ। ਉਥੇ ਇਕ ਬੇਰੀ ਦਾ ਮੁੱਢ ਸੀ ਉਸ 'ਤੇ ਬਹਿ ਗਿਆ। ਖ਼ੂਨ ਲੱਗਿਆ ਹੋਇਆ, ਕਈ ਕਤਰੇ ਉਹਦੇ ਬੇਰੀ ਦੇ ਮੁੱਢ 'ਤੇ ਪੈ ਗਏ। ਉਸ ਤੋਂ ਬਾਅਦ ਉਥੇ ਕੋਈ ਬੰਦਾ ਆਇਆ ਕਹਿਣ ਲੱਗਿਆ, ਭਾਈ! ਤੂੰ ਇਸ ਤਰ੍ਹਾਂ ਬੈਠਾਂ ਹੈਂ, ਕਹਿਣ ਲੱਗਿਆ, ਮੇਰਾ ਹਾਲ ਆਹ ਹੋ ਗਿਆ, ਮੈਂ ਤਾਂ ਰਾਜਾ ਜਨਕ ਹਾਂ। ਮੈਨੂੰ ਬੜੀ ਭੁੱਖ ਲੱਗੀ ਹੋਈ ਹੈ ਕ੍ਰਿਪਾ ਕਰ। ਕਹਿੰਦਾ, ਦੇਖ ਔਹ ਸਾਮ੍ਹਣੇ ਸ਼ੇਤਰ ਹੈ, ਉਥੇ ਚਲਿਆ ਜਾਹ, ਲੰਗਰ 'ਚ ਜਾ ਕੇ ਖੜ੍ਹ ਜਾ, ਉਥੇ ਪ੍ਰਸ਼ਾਦਾ ਵੰਡਿਆ ਜਾ ਰਿਹਾ ਹੈ। ਉਥੇ ਖੜ੍ਹ ਗਿਆ, ਜਦੋਂ ਇਹਦੀ ਵਾਰੀ ਆਈ, ਉਹ ਖਿੱਚੜੀ ਦੇ ਰਹੇ ਸੀ। ਕਹਿੰਦੇ, ਭਾਈ ਗੁਰਮੁਖਾ! ਬਰਤਨ ਤਾਂ ਲਿਆ। ਬਰਤਨ ਨਾ ਲਿਆਇਆ। ਕਹਿੰਦਾ ਮੇਰੇ ਕੋਲ ਤਾਂ ਹੈ ਨਹੀਂ। ਕਹਿੰਦੇ, ਜਾਹ ਜਾ ਕੇ ਲੈ ਕੇ ਆ। ਕਾਹਦੇ 'ਚ ਪਾਈਏ ਖਿੱਚੜੀ ਗਰਮ ਹੈ। ਇਹ ਕੌਡੀਆਂ ਮੰਗਣ ਲੱਗ ਗਿਆ। 19 ਕੌਡੀਆਂ ਮਿਲੀਆਂ। ਉਹਦਾ ਇਕ ਕਸੋਰਾ ਲੈ ਲਿਆ। ਕਸੋਰਾ ਲੈ ਕੇ ਜਦੋਂ ਉਥੇ ਪਹੁੰਚਿਆ, ਸਭ ਕੁਛ ਵਰਤ ਚੁੱਕਿਆ

ਸੀ, ਉਨ੍ਹਾਂ ਨੇ ਖੁਰਚਣ ਪਾ ਦਿਤੀ। ਕਹਿੰਦੇ, ਜਾਹ ਉਥੋਂ ਘਿਉ ਲੈ-ਲੈ, ਉਹਦੇ ਬਿਨਾਂ ਨਹੀਂ ਲੰਘਣੀ। ਉਥੇ ਜਾ ਕੇ ਘਿਉ ਲੈਣ ਲੱਗਿਆ ਨਾਲ ਦੇ ਥਾਂ। ਉਹਦਾ ਹੱਥ ਹਿੱਲ ਗਿਆ। ਡੁੱਲ੍ਹ ਗਿਆ ਉਹਨੇ ਬਹੁਤ ਹੀ ਇਹਦੇ ਨਾਲ ਕੁਪੱਤ ਕੀਤੀ। ਬਹੁਤ ਗਾਲ੍ਹਾਂ ਕੱਢੀਆਂ ਕਿ ਤੂੰ ਕਿਹੋ ਜਿਹਾ ਬੰਦਾ ਹੈਂ। ਘਿਉ ਪੈਰਾਂ 'ਚ ਡੋਲ੍ਹ ਦਿਤਾ। ਇਹਨੇ ਬਹੁਤ ਤਰਲੇ ਕੀਤੇ। ਉਸ ਤੋਂ ਬਾਅਦ ਇਹਨੂੰ ਘਿਉ ਥੋੜ੍ਹਾ ਜਿਹਾ ਮਿਲਿਆ, ਕਹਿੰਦਾ, ਇਥੇ ਨਾ ਬੈਠ, ਫੇਰ ਬੈਠਣ ਲੱਗਿਆ, ਕਹਿੰਦਾ ਅੱਗੇ ਚੱਲ। ਕਿਉਂਕਿ ਹਾਲਤ ਵਿਗੜੀ ਪਈ ਸੀ। ਕੇਸ ਖਿੰਡੇ ਪਏ, ਦਾੜ੍ਹਾ ਖਿੰਡਿਆ ਹੋਇਆ, ਬੁਰਾ ਹਾਲ, ਜ਼ਖਮ ਸਰੀਰ ਦੇ ਉਤੇ। ਉਹ ਅੱਗੇ ਚਲਿਆ ਗਿਆ। ਰਸਤੇ ਦੇ ਨੇੜੇ ਬੈਠ ਕੇ, ਜਦੋਂ ਮੂੰਹ 'ਚ ਪਾਉਣ ਲੱਗਿਆ, ਦੋ ਸਾਂਢ ਭਿੜਦੇ, ਵਿਚ ਫੇਰ ਦੇ ਆ ਗਿਆ ਤੇ ਜਦੋਂ ਵਿਚ ਆਇਆ, ਜਾਗ ਆ ਗਈ। ਜਾਗ ਆਈ ਤਾਂ ਤਖਤ 'ਤੇ ਬੈਠਾ ਹੈ। ਉਸ ਵੇਲੇ ਰਿਟਾਈਰਿੰਗ ਰੂਮ 'ਚ ਚਲਾ ਗਿਆ, ਸਭਾ ਬਰਖਾਸਤ ਕਰ ਦਿਤੀ। ਚਾਰ ਵਜੇ ਤੱਕ ਨਿਕਲਿਆ ਹੀ ਨਾ। ਕਿਸੇ ਨੂੰ ਨਾ ਮਿਲਿਆ। ਨਾ ਰਾਣੀਆਂ ਨੂੰ, ਨਾ ਕਿਸੇ ਵਜ਼ੀਰ ਨੂੰ, ਨਾ ਕੋਈ ਹੁਕਮ। ਸਭ ਹੈਰਾਨ ਹੋ ਗਏ ਕਿ ਹੋ ਕੀ ਗਿਆ ਇਹਨੂੰ। ਉਸ ਵੇਲੇ ਘੋੜੇ 'ਤੇ ਚੜ੍ਹਿਆ ਸਾਢੇ ਕੁ ਚਾਰ ਵਜੇ, ਜਾ ਕੇ ਜੰਗਲ ਵਿਚ ਦੇਖਣ ਲੱਗ ਗਿਆ ਕਿ ਇਥੇ ਇੱਟ ਮਾਰੀ ਸੀ, ਇੱਥੇ ਮਾਰੀ ਸੀ ਤੇ ਇਸ ਮੁੱਢ 'ਤੇ ਮੈਂ ਬੈਠਾ ਸੀ, ਉਹ ਸ਼ੇਤਰ ਚਲਦਾ ਹੈ, ਉਹ ਬਿਲਕੁਲ ਸਹੀ ਦਿੱਸਿਆ ਇਹਨੂੰ। ਉਵੇਂ ਇੱਟਾਂ ਈਆਂ ਦਿਸੀਆਂ। ਉਵੇਂ ਮੁੱਢ 'ਤੇ ਗਿਆ, ਉਸੇ ਤਰ੍ਹਾਂ ਲੰਗਰ ਚਲਦਾ ਨਜ਼ਰ ਆਇਆ। ਹੁਣ ਪੱਕਾ ਭਰਮ ਪੈ ਗਿਆ। ਹੁਣ ਇਹਨੂੰ ਇਸ ਤਰ੍ਹਾਂ ਨਹੀਂ ਪਤਾ ਲਗਦਾ ਕਿ ਆਹ ਸੁਪਨਾ ਹੈ ਕਿ ਔਹ ਸੁਪਨਾ ਹੈ। ਦੋਵੇਂ ਸੁਪਨੇ ਹੀ ਬਣਾ ਲਏ, ਪੱਕਾ ਭਰਮ ਪੈ ਗਿਆ, ਬੇਅੰਤ ਸਾਧੂ ਮਹਾਤਮਾ ਬੁਲਾ ਲਏ ਸਾਰੇ ਭਾਰਤ ਵਰਸ਼ ਦੇ। ਉਨ੍ਹਾਂ ਨੂੰ ਇੱਕੋ ਹੀ ਗੱਲ ਕਹੀ ਜਾਂਦਾ ਹੈ ਕਿ ਮੇਰੇ ਸਵਾਲ ਦਾ ਜਵਾਬ ਦਿਓ-ਇਹ ਸਤਿ ਹੈ ਜਾਂ ਉਹ ਸਤਿ, ਅਖੀਰ ਜਦੋਂ ਨਾ ਜਵਾਬ ਦਿਤਾ ਗਿਆ ਅੱਠ ਸਾਲ, ਤਾਂ ਇੱਕ ਛੋਟਾ ਬੱਚਾ ਜੋ ਬ੍ਰਹਮਗਿਆਨੀ ਸੀ ਉਹ ਆਇਆ, ਉਹਨੇ ਕਿਹਾ ਰਾਜਨ! ਮੈਂ ਦੇਵਾਂਗਾ ਜਵਾਬ। ਉਹ ਜਵਾਬ ਦੇਣ ਵਾਸਤੇ, ਸਭਾ ਦੇ ਵਿਚ ਸਾਧੂ ਜਿਹੜੇ ਰੱਖੇ ਹੋਏ ਸੀ, ਅੱਠ ਸਾਲ ਤੋਂ ਘਰ ਨਹੀਂ ਸੀ ਜਾਣ ਦਿਤੇ ਕਿ ਮੇਰੇ ਸਵਾਲ ਦਾ ਜਵਾਬ ਦੇ ਕੇ ਜਾ ਸਕਦੇ ਹੋਂ। ਸੇਵਾ ਬਹੁਤ ਕਰਦਾ ਸੀ, ਖਰਚਾ ਬਹੁਤ ਦਿੰਦਾ ਸੀ। ਉਹ ਸਾਰੀ ਸਭਾ ਦੇ ਵਿਚ ਜਿਸ ਵਕਤ ਇਹ ਬੱਚਾ ਸਭ ਤੋਂ ਪਿੱਛੋਂ ਚੜ੍ਹਨ ਲੱਗਿਆ, ਇਹਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ ਤੇ ਅਸ਼ਟਾਵਕਰ, ਅੱਠ ਵਲਾਂ ਵਾਲਾ ਬੱਚਾ ਇਹਦਾ ਨਾਉਂ ਪੈ ਗਿਆ। ਇਹ ਜਦੋਂ ਚੜ੍ਹ ਰਿਹਾ ਹੈ ਤਾਂ ਇਹਦੇ ਸਰੀਰ ਦੀ ਹਾਲਤ, ਅੱਖਾਂ ਕਿਸੇ ਪਾਸੇ ਨੂੰ ਝਾਕਦੀਆਂ ਨੇ, ਮੂੰਹ ਕਿਸੇ ਪਾਸੇ ਨੂੰ ਹੈ, ਮੋਢੇ ਕਿਸੇ ਪਾਸੇ ਨੂੰ ਨੇ, ਗੋਡੇ ਕਿਧਰੇ ਨੂੰ ਨੇ, ਪੈਰ ਕਿਧਰੇ ਧਰਦਾ ਹੈ, ਰੱਖ ਕਿਤੇ ਹੋ ਜਾਂਦਾ ਹੈ। ਉਹ ਸਾਰੇ ਹੀ ਹੱਸ ਪਏ ਇਹਨੂੰ ਦੇਖ ਕੇ। ਇਹ ਵੀ ਹੱਸ ਪਿਆ। ਉਹ ਕਹਿਣ ਲੱਗੇ ਕਿ ਰਾਜਨ! ਇਹ ਬੱਚਾ ਸਾਡੀ ਬੇਇਜ਼ਤੀ ਕਰ ਰਿਹਾ ਹੈ। ਸਾਨੂੰ ਚਿੜਾ ਰਿਹਾ ਹੈ ਤੇ ਕੋਹਝੇ ਸ਼ਬਦ ਵਰਤ ਰਿਹਾ ਹੈ। ਇਹਨੂੰ ਬੰਦ ਕਰੋ।

ਰਾਜਾ ਜਨਕ ਕਹਿਣ ਲੱਗਿਆ, ਬਾਲ ਬ੍ਰਹਮਚਾਰੀ! ਇਹ ਵੱਡੇ-ਵੱਡੇ ਧੁਰੰਦਰ ਸਾਧੂ ਨੇ, ਵੱਡੇ-ਵੱਡੇ ਮਹਾਂਪੁਰਸ਼, ਵੱਡੇ ਵਿਦਵਾਨਾਂ ਦੀ ਸਭਾ ਹੈ। ਇਨ੍ਹਾਂ ਤੇ ਤੁਹਾਨੂੰ ਹੱਸਣਾ ਨਹੀਂ ਸੀ ਚਾਹੀਦਾ।

ਕਹਿਣ ਲੱਗਿਆ, ਰਾਜਨ! ਮੈਂ ਤਾਂ ਇਨ੍ਹਾਂ ਦੀ ਬੁੱਧੀ ਦੇਖ ਕੇ ਹੱਸਿਆ ਹਾਂ। ਇਹ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਨੇ। ਮੇਰੇ ਚੰਮ ਨੂੰ ਦੇਖ ਕੇ ਹੱਸੇ ਨੇ। ਇਹ ਤਾਂ ਚੰਮ ਦੇ ਵਪਾਰੀ ਨੇ। ਇਨ੍ਹਾਂ ਨੂੰ ਨਹੀਂ ਇਸ ਗੱਲ ਦਾ ਗਿਆਨ ਕਿ ਮੇਰੀ ਆਤਮਾ 'ਚ ਕੋਈ ਵਲ ਨਹੀਂ। ਜੇ ਗੰਨਾ ਵਿੰਗਾ ਹੋਵੇ, ਉਹਦਾ ਰਸ ਤਾਂ ਵਿੰਗਾ ਨਹੀਂ ਹੁੰਦਾ। ਰਸ ਤਾਂ ਉਹੋ ਜਿਹਾ ਹੀ ਹੁੰਦੈ। ਜੇ ਫਲ ਟੇਡਾ-ਮੇਢਾ ਹੈ ਉਹਦਾ ਜੂਸ ਤਾਂ ਉਹੋ ਜਿਹਾ ਹੀ ਹੈ। ਜੇ ਮੇਰੇ ਸਰੀਰ 'ਚ ਵਲ ਨੇ ਤਾਂ ਮੇਰੀ ਆਤਮਾ ਤਾਂ ਓਹੀ ਹੈ, ਉਸ ਵਿਚ ਤਾਂ ਕੋਈ ਵਲ ਨਹੀਂ। ਇਨ੍ਹਾਂ 'ਚ ਆਤਮ ਦਰਸ਼ੀ ਪੁਰਸ਼ ਕੋਈ ਨਾ ਹੋਣ ਕਾਰਨ ਤੇਰੇ ਸਵਾਲ ਦਾ ਜਵਾਬ ਕੋਈ ਨਹੀਂ ਦੇ ਸਕਿਆ। ਬਹਿ ਜਾ ਮੈਂ ਜਵਾਬ ਦਿੰਦਾ ਹਾਂ। ਸਭ ਨੇ ਨੀਵੀਆਂ ਪਾ ਲਈਆਂ। ਉਸ ਵੇਲੇ ਸਵਾਲ ਕਰਿਆ, ਕਹਿੰਦਾ, ਰਾਜਨ! ਕਰੋ ਸਵਾਲ?

ਰਾਜੇ ਨੇ ਕਿਹਾ, ਇਹ ਸੱਚਾ ਕਿ ਔਹ ਸੱਚਾ?

ਅਸ਼ਟਾਵਕਰ ਨੇ ਕਿਹਾ, ਦੋਵੇਂ ਝੂਠੇ।

ਚੁੱਪ ਕਰ ਗਏ ਸਾਰੇ ਕਿਸੇ ਦੀ ਸਮਝ 'ਚ ਨਹੀਂ ਆਇਆ। ਅਸ਼ਟਾਵਕਰ ਕਹਿਣ ਲੱਗਿਆ ਕਿ ਤੂੰ ਗੱਲ ਖੋਲ੍ਹ ਕੇ ਕਰ ਜੇ ਖੋਲ੍ਹ ਕੇ ਜਵਾਬ ਲੈਣਾ ਹੈ।

ਰਾਜਾ ਜਨਕ ਫੇਰ ਚੁੱਪ ਕਰ ਗਿਆ।

ਅਸ਼ਟਾਵਕਰ ਕਹਿਣ ਲੱਗਿਆ, ਸਭਾ ਜਨੋ! ਇਸ ਰਾਜੇ ਨੂੰ ਭੈੜਾ ਸੁਪਨਾ ਆਇਆ ਤਖਤ 'ਤੇ ਬੈਠੇ ਨੂੰ ਤੇ ਉਹਦੇ ਵਿਚ ਇਹਨੇ ਆਪਣਾ ਬਹੁਤ ਬੁਰਾ ਹਾਲ ਦੇਖਿਆ। ਉਹ ਜਿਹੜਾ ਸੁਪਨਾ ਸੀ ਇਹਦੇ ਦਿਮਾਗ ਦੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਇਹਨੂੰ ਹੁਣ ਇਹ ਨਹੀਂ ਪਤਾ ਲਗਦਾ ਕਿ ਆਹ ਸੱਚਾ ਕਿ ਔਹ ਸੱਚਾ ਹੈ।

ਜੇ ਕਿਸੇ ਦਾ ਦਿਮਾਗ ਹਿੱਲ ਜਾਵੇ, ਉਹਨੂੰ ਪਤਾ ਹੀ ਨਹੀਂ। ਇਕ ਵਾਰੀ ਮੈਂ ਇਕ ਪਿੰਡ ਦੇ ਵਿਚ ਗਿਆ। ਪਹਿਲਾਂ ਵੀ ਜਾਂਦਾ ਹੁੰਦਾ ਸੀ। ਉਥੇ ਇਕ ਮਿਲਣ ਵਾਲਾ ਸੀ, ਮੈਂ ਮਿਲਣ ਚਲਿਆ ਗਿਆ। ਉਹ ਕਮਲਾ ਹੋਇਆ-ਹੋਇਆ, ਸੰਗਲਾਂ ਨਾਲ ਬੰਨ੍ਹਿਆ ਹੋਇਆ। ਮੈਨੂੰ ਕਹਿਣ ਲੱਗਿਆ, ਚੰਗਾ ਤੂੰ ਆ ਗਿਆ, ਬਹੁਤ ਵਧੀਆ ਗੱਲ ਹੈ। ਇਸ ਤਰ੍ਹਾਂ ਕਰ ਮੇਰੀ ਬੇਗਮ ਹੈ ਅੰਦਰ ਤੇ ਮੇਰੇ ਨੌਕਰਾਂ ਨੂੰ ਕਹਿ ਉਥੋਂ ਸੋਫਾ ਸੈੱਟ ਲਿਆਉਣ ਤੇ ਆਪਾਂ ਇਥੇ ਬੈਠਾਂਗੇ। ਐਨੇ ਨੂੰ ਇਕ ਬੰਦਾ ਆਇਆ, ਉਥੇ ਥੇਹ ਸੀ ਉਥੋਂ ਮਿੱਟੀ ਚੁੱਕਣ ਲੱਗ ਗਿਆ, ਉਹਨੂੰ ਗਾਲ੍ਹਾਂ ਕੱਢਣ ਲੱਗ ਗਿਆ, ਕਹਿੰਦਾ ਤੂੰ ਮੇਰੇ ਕਿਲ੍ਹੇ ਦੀਆਂ ਜੜ੍ਹਾਂ ਪੁੱਟਦਾ ਹੈਂ। ਕਹਿੰਦਾ ਇਹਨੂੰ ਹਟਾਓ, ਮੇਰੇ ਸਿਪਾਹੀਆਂ ਨੂੰ ਜਾ ਕੇ, ਖਬਰ ਕਰ ਦੇ ਇਕ ਵਾਰੀ। ਹੁਣੇ ਇਹਨੂੰ ਹੱਥਕੜੀਆਂ ਲਾ ਕੇ ਲੈ ਜਾਣਗੇ। ਮੈਂ ਕਿਹਾ, ਚੰਗਾ ਭਲਾ ਬੰਦਾ ਹੈ।

ਮੇਰੇਨਾਲ ਅੱਧੀਆਂ ਗੱਲਾਂ ਸਹੀ ਕਰਦਾ ਹੈ, ਅੱਧੀਆਂ ਦੂਸਰੀ ਤਰ੍ਹਾਂ ਕਰਦਾ ਹੈ। ਇਹਦੇ ਦਿਮਾਗ 'ਚ ਫਰਕ ਪੈ ਗਿਆ। ਉਹ ਸੀ ਬਹੁਤ ਗਰੀਬ ਲੇਕਿਨ ਆਪਣੇ ਆਪ ਨੂੰ ਇਸ ਤਰ੍ਹਾਂ ਸਮਝਦਾ ਸੀ ਕਿ ਮੈਂ ਰਾਜਾ ਹਾਂ ਇਥੇ ਦਾ। ਦਿਮਾਗ ਦੀ ਹੀ ਗੱਲ ਹੈ। ਜਦੋਂ ਦਿਮਾਗ ਹਿੱਲ ਜਾਂਦਾ ਹੈ, ਕਿੰਨਿਆਂ ਨੇ ਦੇਖਿਆ ਹੈ, ਉਸ ਵੇਲੇ ਓਹੀ ਬੰਦਾ ਊਲ-ਜਲੂਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ। ਉਸ ਤੋਂ ਹੀ ਅਸੀਂ ਡਰਨ ਲੱਗ ਜਾਂਦੇ ਹਾਂ ਕਿ ਇਹ ਤਾਂ ਹੋ ਗਿਆ ਕਮਲਾ। ਸੋ ਕਹਿਣ ਲੱਗਿਆ, ਸਭਾ ਜਨੋ! ਇਸ ਨੂੰ ਸੁਪਨੇ ਦਾ ਐਨਾ ਅਸਰ ਪਿਆ ਕਿ ਉਸ ਭਿਆਨਕ ਸੁਪਨੇ ਨੂੰ ਦੇਖ ਕੇ, ਉਹਦੇ 'ਚੋਂ ਨਿਕਲ ਨਹੀਂ ਸਕਿਆ। ਇਸ ਕਰਕੇ ਇਹੀ ਸਵਾਲ ਕਰਦਾ ਰਿਹਾ ਕਿ ਔਹ ਸੁਪਨਾ ਸੱਚਾ ਹੈ ਜਾਂ ਜਿਹੜਾ ਮੈਂ ਤੁਹਾਡੇ 'ਚ ਬੈਠਾ ਹਾਂ ਇਹ ਸੱਚਾ ਹੈ ਤੇ ਮੈਂ ਜਵਾਬ ਦਿਤਾ ਹੈ ਕਿ ਰਾਜਨ! ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ। ਇਸ ਕਰਕੇ ਦੋਵੇਂ ਝੂਠੇ ਨੇ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ- 808***

ਸੁਪਨੇ ਤੋਂ ਵੱਧ ਮਹਾਨਤਾ ਨਹੀਂ ਹੈ। ਜਿਹੜੇ ਚਲੇ ਗਏ ਪੁੱਛੋ। ਸੁਪਨਾ ਨਾ ਹੁੰਦਾ ਤਾਂ ਮਾਂ-ਬਾਪ ਇਥੇ ਹੀ ਨਾ ਰਹਿੰਦੇ। ਉਹ ਚਲੇ ਗਏ, ਆਪਾਂ ਚਲੇ ਜਾਣਾ ਹੈ, ਫੇਰ ਸੁਪਨਾ ਹੀ ਹੈ ਹੋਰ ਹੈ ਕੀ ਇਹ। ਸਤਿ ਹੁੰਦਾ ਤਾਂ ਅਸੀਂ ਇਥੇ ਰਹਿੰਦੇ -

***ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥***

***ਅੰਗ- 482***

ਸੋ ਉਸ ਵੇਲੇ ਉਹਦਾ ਭਰਮ ਨਵਿਰਤ ਕਰਿਆ ਕਿ ਰਾਜਨ! ਇਹ ਵੀ ਸੁਪਨਾ ਹੈ, ਉਹ ਵੀ ਸੁਪਨਾ ਹੈ ਜਿਹੜਾ ਰਾਤ ਨੂੰ ਆਉਂਦਾ ਹੈ। ਬਾਕੀ ਸਤਿ ਅਵਸਥਾ ਜਿਹੜੀ ਹੈ ਉਹ ਹੋਰ ਹੈ। ਇਸੇ ਤਰ੍ਹਾਂ ਦੇ ਨਾਲ ਜਿਹੜੇ ਜੀਵ ਲੋਕ ਅਸੀਂ ਹਾਂ, ਆਪਣੇ ਉਤੇ ਹਉਮੈ ਦਾ, ਮਾਇਆ ਦਾ ਅਸਰ ਹੋਣ ਕਰਕੇ, ਅਸਲੀਅਤ ਸਾਨੂੰ ਦਿੱਸਣ ਤੋਂ ਹੱਟ ਗਈ। ਨਕਲ ਪੈ ਗਈ, ਰੱਸੀ ਦੇ ਵਿਚ ਸਾਨੂੰ, ਭਰਮ ਹੋ ਗਿਆ ਕਿ ਇਹ ਸੱਪ ਹੈ। ਦਰਅਸਲ ਸੱਪ ਨਹੀਂ ਹੈ। ਰੜ੍ਹੇ ਮੈਦਾਨ ਦੇ ਵਿਚ ਭਰਮ ਹੋ ਗਿਆ ਕਿ ਉਹ ਪਾਣੀ ਦਾ ਦਰਿਆ ਚਲਦਾ ਹੈ ਦਰਅਸਲ ਚਲਦਾ ਨਹੀਂ। ਜਦੋਂ ਮਹਾਰਾਜ ਨੇ ਕਿਹਾ ਕਿ ਬੁੱਧੂਸ਼ਾਹ! ਇਹ ਆਤਮਾ ਸਾਖੀ ਦੇ ਵਿਚ ਆਹ ਜਿਹੜੀ ਰੂਹ ਹੈ ਜਿਹਨੂੰ 'ਮੈਂ' ਕਹਿੰਦਾ ਹੈਂ। ਤੈਨੂੰ ਹੁਣ ਤੇਰੇ ਵਾਲੀ 'ਮੈਂ' ਇਹ ਝੂਠਾ ਭਾਵ ਹੈ। ਇਹ ਸਤਿ ਨਹੀਂ ਹੈ। ਇਹ ਕੇਵਲ ਭਰਮ ਮਾਤਰ ਨਜ਼ਰ ਆਉਂਦਾ ਹੈ ਹਉਮੈ ਕਰਕੇ ਨਜ਼ਰ ਆਉਂਦਾ ਹੈ। ਜੋ ਸਤਿ ਹੈ ਉਹ ਆਤਮਾ ਹੈ। ਆਤਮਾ ਦਾ ਤੇ ਸਾਖੀ ਸਤਿ ਤੇ ਸਾਖੀ ਬ੍ਰਹਮ ਕਦੇ ਵੀ ਦੂਰ ਨਹੀਂ ਹੁੰਦੇ, ਦੋਵੇਂ ਮਿਲੇ ਹੋਏ ਨੇ, ਇੱਕੋ ਹੀ ਰੂਪ ਨੇ-

***ਆਤਮਾ ਪਰਾਤਮਾ ਏਕੋ ਕਰੈ ॥ ਅੰਗ- 661***

ਕਹਿਣ ਲੱਗਿਆ, ਮਹਾਰਾਜ! ਜੀਵ ਫੇਰ ਸਤਿ ਨਹੀਂ ਹੈ। ਮਹਾਰਾਜ ਕਹਿੰਦੇ ਭਰਮ ਕਰਕੇ, ਲੰਮੇ ਅਧਿਆਸ ਕਰਕੇ ਕੂੜੀ 'ਮੈਂ' ਨੇ ਸਤਿ ਨੂੰ ਢਕ ਲਿਆ। ਜਿਵੇਂ ਟੋਭੇ ਦੇ ਵਿਚ ਬੂਰ ਆ ਜਾਏ, ਪਾਣੀ ਨੂੰ ਢਕ ਲੈਂਦਾ ਹੈ। ਅਮਰ ਬੇਲ ਦਰਖਤਾਂ ਦੇ ਉਤੇ ਬਗੈਰ ਜੜ੍ਹ ਤੋਂ ਹੁੰਦੀ ਹੈ, ਦਰੱਖਤ ਨੂੰ

ਢਕ ਲੈਂਦੀ ਹੈ। ਕਹਿੰਦੇ ਇਸੇ ਤਰ੍ਹਾਂ ਇਹਦਾ ਜਿਹੜਾ ਭਰਮ ਹੈ ਇਹ ਗੁਰੂ ਤੋਂ ਬਗੈਰ ਨਹੀਂ ਜਾਇਆ ਕਰਦਾ। ਹਉਮੈ ਕਰਕੇ ਇਹ ਭਰਮ ਦੂਰ ਨਹੀਂ ਹੁੰਦਾ। ਫੇਰ ਕਹਿਣ ਲੱਗਿਆ, ਮਹਾਰਾਜ! ਫੇਰ ਸੱਚ ਦਾ ਪ੍ਰਕਾਸ਼ ਕਿਵੇਂ ਹੋਵੇ?

ਮਹਾਰਾਜ ਕਹਿੰਦੇ, ਹਉਮੈਂ ਨੂੰ ਛੱਡ ਦੇ।

ਕਹਿੰਦਾ, ਮਹਾਰਾਜ! ਮੈਂ ਤਾਂ ਹਉਮੈ ਛੱਡਣ ਵਾਸਤੇ ਵਰਤ ਵੀ ਕਰੇ, ਚਾਲੀਸੇ ਕੱਟੇ, ਹੱਜ ਕਾਹਬੇ ਜਾਂਦਾ ਰਿਹਾ, ਦਾਨ ਦਿਤੇ, ਸਾਧਨ ਕਰੇ, ਬੜੇ ਕੀਰਤਨ ਕਰਾਏ।

ਮਹਾਰਾਜ ਕਹਿੰਦੇ, ਇਹ ਤਾਂ ਹੋਰ ਸੰਗਲ ਵਲੇਟ ਲਏ ਤੂੰ।

ਫੇਰ ਕਹਿਣ ਲੱਗਿਆ, ਮਹਾਰਾਜ! ਕੋਈ ਇਲਾਜ ਤਾਂ ਦੱਸੋ?

ਮਹਾਰਾਜ ਕਹਿੰਦੇ, ਸਤਿਸੰਗ! ਹੋਰ ਇਲਾਜ ਇਹਦਾ ਕੋਈ ਨਹੀਂ।

ਕਹਿਣ ਲੱਗਿਆ, ਮੈਂ ਸਤਿਸੰਗ 'ਚ ਆਇਆ ਤਾਂ ਹਾਂ।

ਕਹਿੰਦੇ, ਆਇਆ ਤਾਂ ਹੈਂ ਪਰ ਝੂਠ ਦੀ ਸੰਜੋਅ ਪਹਿਨ ਕੇ ਆਇਆ ਹੈਂ ਕਿ ਮੈਂ ਪੀਰ ਹਾਂ, ਇਹ ਵੀਹ ਸਾਲ ਦਾ। ਜੇ ਮੈਂ ਇਹਦੀ ਚਰਨੀਂ ਲੱਗ ਗਿਆ, ਮੇਰੇ ਚੇਲੇ ਕੀ ਕਹਿਣਗੇ। ਕਿਉਂ ਬੁੱਧੂ ਸ਼ਾਹ! ਝੂਠ ਦੀ ਸੰਜੋਅ ਪਹਿਨ ਕੇ ਆਇਆ ਹੈਂ ਨਾ, ਝੂਠ ਦਾ ਬੁਰਕਾ ਓਢ ਕੇ ਆਇਆ ਹੈਂ। ਸਤਿਸੰਗ 'ਚ ਜਿਵੇਂ ਆਉਣਾ ਚਾਹੀਦਾ ਹੈ ਉਸ ਤਰ੍ਹਾਂ ਨਹੀਂ ਆਇਆ। ਫੇਰ ਕਹਿੰਦਾ, ਮਹਾਰਾਜ! ਪੜਦਾ ਹਟੇ ਕਿਵੇਂ?

ਕਹਿੰਦੇ, ਚੋਲਾ ਲਾਹ ਦੇ ਝੂਠ ਦਾ। ਗੱਲ ਕਹਿਣ ਦੀ ਦੇਰ ਸੀ, ਉਸੇ ਵੇਲੇ ਵਜਦ 'ਚ ਆ ਗਿਆ, ਗੱਲ ਸਮਝ 'ਚ ਆ ਗਈ। ਨੱਚਣਾ ਸ਼ੁਰੂ ਕਰ ਦਿਤਾ। ਨੱਚੀ ਜਾਂਦਾ ਹੈ, ਅਖੀਰ ਗੁਰੂ ਮਹਾਰਾਜ ਦੇ ਜਦੋਂ ਨੇੜੇ ਆਇਆ, ਮਹਾਰਾਜ ਨੇ ਅੱਗੇ ਹੱਥ ਕਰਿਆ ਤੇ ਹੱਥ ਫੜ ਲਿਆ। ਹੱਥ ਫੜਨ ਦੀ ਦੇਰ ਸੀ ਉਹ ਜਿਹੜੀ ਗੁਰੂ ਕਿਰਿਆ ਕਰਦਾ ਹੈ, ਉਹ ਹੁੰਦਾ ਹੈ ਜੀਵ ਤੇ ਬ੍ਰਹਮ ਨੂੰ ਪ੍ਰੈਕਟੀਕਲੀ ਇਕ ਕਰ ਦੇਣਾ, ਜੋੜ ਦੇਣਾ। ਉਹ ਗੁਰੂ ਮਹਾਰਾਜ ਨੇ ਉਸ ਵੇਲੇ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ ਉਸ ਨੂੰ, ਨਾਲ ਮਿਲਾ ਦਿਤਾ। ਗੁਰੂ ਤੋਂ ਬਗੈਰ ਇਹ ਬਾਤ ਨਹੀਂ ਹੋਇਆ ਕਰਦੀ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ 1 ॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*

*ਅੰਗ– 560*

ਇਹ ਗੁਰੂ ਦਾ ਸ਼ਬਦ ਜਿਹੜਾ ਹੈ ਇਹ ਅੰਦਰਲੇ ਬਜਰ ਕਪਾਟਾਂ ਨੂੰ ਖੋਲ੍ਹਣ ਦੀ ਸਮਰੱਥਾ ਰਖਦਾ ਹੈ, ਹੋਰ ਕੋਈ ਚੀਜ਼ ਨਹੀਂ ਹੈ ਜਿਹੜੀ ਇਹਨੂੰ ਖੋਲ੍ਹ ਦੇਵੇ। ਇਸ ਸਰੀਰ ਦੀ ਬਣਤਰ ਬਾਰੇ ਇਸ ਤਰ੍ਹਾਂ ਮਹਾਰਾਜ

ਫੁਰਮਾਉਂਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥15 ॥*
*ਅੰਗ- 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਰਹਾਉ॥*
*ਅੰਗ- 947*

ਮਹਾਰਾਜ ਕਹਿਣ ਲੱਗੇ, ਬੁੱਧੂਸ਼ਾਹ! ਵਾਹਿਗੁਰੂ ਇਹਦੇ ਅੰਦਰ ਹੀ ਹੈ। ਲੇਕਿਨ ਪੜਦਾ ਹਉਮੈ ਦਾ ਪੈ ਗਿਆ। ਹਉਮੈ ਨੇ ਇਕ ਨਕਲੀ ਚੀਜ਼ ਖੜ੍ਹੀ ਕਰ ਦਿਤੀ। ਉਹ ਜਿਹੜੀ ਸੱਤਾ ਦੇ ਨਾਲ ਨਕਲੀ ਹੋ ਗਈ, ਉਹ ਜੰਮਦੀ ਹੈ, ਮਰਦੀ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਅੰਗ- 466*

ਜਦੋਂ ਤੱਕ ਅੰਦਰ 'ਨਾਮ' ਨਹੀਂ ਪ੍ਰਗਟ ਹੁੰਦਾ ਓਨੀ ਦੇਰ ਤੱਕ ਹਉਮੈ ਦੀ ਸਮਝ ਨਹੀਂ ਆਉਂਦੀ।

*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਿਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥*
*ਅੰਗ- 560*

ਕਹਿਣ ਲੱਗੇ, ਬੁੱਧੂ ਸ਼ਾਹ! ਇਹ ਸਾਰਾ ਜੋ ਕੁਛ ਦੇਖ ਰਿਹਾ ਹੈਂ ਇਹ ਹੁਕਮ 'ਚ ਹੋ ਰਿਹਾ ਹੈ।

ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਫੌਜਾਂ ਨੂੰ ਟਰੇਨਿੰਗ ਦੇ ਰਹੇ ਹੋਂ, ਹਥਿਆਰ ਬਣਾ ਰਹੇ ਹੋਂ?

ਮਹਾਰਾਜ ਕਹਿੰਦੇ, ਅਸੀਂ ਕੁਛ ਨਹੀਂ ਕਰ ਰਹੇ, ਜੋ ਕੁਛ ਹੋ ਰਿਹਾ ਅਗੰਮੀ ਖੇਡ ਹੋ ਰਹੀ ਹੈ। ਜਿਵੇਂ ਤੂੰ ਦੇਖਦਾ ਹੈਂ, ਇਵੇਂ ਅਸੀਂ ਦੇਖਦੇ ਹਾਂ। ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਇਸ ਸਵਾਲ ਦਾ ਜਵਾਬ ਸਾਡੇ 'ਨਿਤਨੇਮ' ਦੀ ਪਹਿਲੀ ਪਉੜੀ 'ਚ ਦੇ ਦਿਤਾ।

ਵਿਚਾਰ ਕੇ ਪੜ੍ਹੋ 'ਜਪੁਜੀ ਸਾਹਿਬ। ਕਿਉਂਕਿ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- 148*

ਮੇਰੇ ਤੋਂ ਪਹਿਲਾਂ ਦੀਵਾਨ ਵਿਚ ਭਾਈ ਗੁਰਪਾਲ ਸਿੰਘ ਓਹਨੀਂ ਦਸਦੇ ਸੀ ਕਿ ਪੜ੍ਹ ਕੇ ਨਹੀਂ ਕੁਛ ਬਣਨਾ ਇਹ ਤਾਂ ਬੁੱਝਣਾ ਪੈਣਾ ਹੈ। ਅੰਦਰਲੀ ਖੋਜ ਕਰਨੀ ਪੈਣੀ ਹੈ ਤਾਂ ਜਾ ਕੇ ਕਿਤੇ ਗੱਲ ਬਣਨੀ ਹੈ। ਪੜ੍ਹਨ ਨੂੰ ਤਾਂ ਸਾਰੀ ਦੁਨੀਆਂ ਹੀ ਪੜ੍ਹਦੀ ਹੈ।

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*

*ਅੰਗ - 641*

ਜਦੋਂ ਤੱਕ ਵਿਵੇਕ ਬੁੱਧੀ ਅੰਦਰ ਪੈਦਾ ਨਹੀਂ ਹੁੰਦੀ ਓਨੀਂ ਦੇਰ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ।

ਗੁਰੂ ਨਾਨਕ ਸਾਹਿਬ ਨੂੰ ਗੋਰਖ ਨੇ ਪੁੱਛਿਆ, ਹੇ ਗੁਰੂ ਨਾਨਕ! ਇਹ ਜਿਹੜੀ ਤੂੰ ਕਹਿੰਦਾ ਹੈਂ ਕਿ ਝੂਠ ਦੀ ਕੰਧ ਬਣ ਗਈ। ਇਹ ਟੁੱਟੇ ਕਿਵੇਂ ਫੇਰ? 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥' ਕਿਵੇਂ ਇਹ ਜੀਵ ਪ੍ਰਮੇਸ਼ਰ ਬਣੇ। ਮਹਾਰਾਜ ਕਹਿੰਦੇ, ਇਹ ਤਾਂ ਪ੍ਰਮੇਸ਼ਰ ਹੀ ਹੈ, ਬਣਨਾ ਕਿਵੇਂ ਹੈ, ਬਣਦੀ ਤਾਂ ਉਹ ਚੀਜ਼ ਹੁੰਦੀ ਹੈ, ਜਿਹੜੀ ਪਹਿਲਾਂ ਹੋਵੇ ਨਾ ਫੇਰ ਹੋਵੇ। ਇਹ ਜਿਹੜਾ ਜੀਵ ਹੈ ਇਹ ਹੈ ਝੂਠਾ। ਜਿਹੜਾ ਝੂਠ ਹੈ ਉਹ ਹੁੰਦਾ ਹੀ ਨਹੀਂ। ਜਿਵੇਂ ਰੱਸੀ ਵਿਚ ਸੱਪ ਝੂਠਾ ਹੈ, ਸੱਪ ਹੁੰਦਾ ਹੈ ਕਦੇ ਰੱਸੀ 'ਚ? ਉਹ ਕਹਿੰਦੇ ਕੇਵਲ ਭਰਮ ਮਾਤਰ ਨਾਲ ਦਿਸਦਾ ਹੈ। ਕਹਿਣ ਲੱਗਿਆ, ਹੇ ਨਾਨਕ! ਫੇਰ ਇਹਦਾ ਇਲਾਜ? ਕਹਿੰਦੇ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ' ਇਹ ਹੁਕਮ ਦੀ ਖੇਡ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬਗੈਰ ਗੁਰੂ ਤੋਂ ਪ੍ਰਮੇਸ਼ਰ ਨੂੰ ਕੋਈ ਨਹੀਂ ਮਿਲਾ ਸਕਦਾ ਕਿਉਂਕਿ ਇਹਦੇ ਅੰਦਰ ਹਉਮੈ ਬੜਾ ਮਜ਼ਬੂਤ ਕਿਲ੍ਹਾ ਹੈ–

*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ ॥ ਰਹਾਉ ॥*
*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥*
*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ ॥ 2 ॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥*

*ਅੰਗ - 560*

ਜਿਹੜੇ ਕਹਿੰਦੇ ਸੀ ਨਾ ਕਿ ਅਸੀਂ ਤਾਂ ਜੀ ਹੁਕਮ 'ਚ ਹੀ ਮਾਸ ਖਾਂਦੇ ਹਾਂ, ਹੁਕਮ 'ਚ ਹੀ ਸ਼ਰਾਬ ਪੀਂਦੇ ਹਾਂ, ਹੁਕਮ ਨੂੰ ਬੁੱਝ ਤਾਂ ਲੈ। ਜੇ ਹੁਕਮ ਬੁੱਝ ਲਿਆ ਤਾਂ, ਤਾਂ ਫੇਰ ਪ੍ਰਮੇਸ਼ਰ ਮਿਲ ਜਾਂਦੈ ਉਸੇ ਵੇਲੇ। ਕਹਿੰਦੇ –

*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥*

*ਅੰਗ– 560*

ਇਹ ਦੁਖ-ਸੁਖ ਜਿਹੜਾ ਮਹਿਸੂਸ ਹੋ ਜਾਣਾ ਇਹ ਹਉਮੈ ਦੇ (ਦਾਇਰੇ) sphere ਦੀ ਗੱਲ ਹੈ। ਮਹਾਰਾਜ ਕਹਿੰਦੇ, ਇਹ ਭੁੱਲ ਜਾ –

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥*

*ਅੰਗ- 1168*

ਪ੍ਰਮੇਸ਼ਰ ਦੇ ਵਿਚ ਜੀਵ ਆਤਮਾ, ਇਹ ਜਿਹੜੀ ਹਉਮੈ ਤੇ ਆਤਮਾ, ਆਤਮਾ ਦੇ ਵਿਚ ਹੀ ਹੈ, ਦੋਵੇਂ ਅੱਡ ਨਹੀਂ ਹਨ। ਕਹਿੰਦੇ, ਇਹਦੀ ਵਿਚਾਰ ਕਰ, ਹਉਮੈ ਨੂੰ ਮਾਰ ਲੈ। ਭੁੱਲ ਜਾ, ਤੇਰੀ ਸੁਰਤਿ ਹੈ ਕਿ ਮੈਂ ਹਾਂ। ਮੇਰੇ ਬਾਲ ਬੱਚੇ ਨੇ, ਮੇਰੀ ਜ਼ਮੀਨ ਹੈ, ਮੇਰੀ ਜਾਇਦਾਦ ਹੈ, ਮੈਂ ਫਲਾਣਾ ਹਾਂ, ਉਹ ਜਿਹੜੀ 'ਮੈਂ' ਹੈ, ਇਹ ਭਾਵ 'ਮੈਂ' ਦਾ, ਇਕ ਤਾਂ ਹੁੰਦਾ ਹੈ ਹੰਕਾਰ। ਹੰਕਾਰ ਹੋਰ ਚੀਜ਼ ਹੁੰਦੀ ਹੈ, ਹੰਕਾਰੀ ਹੁੰਦਾ ਹੈ, ਅਭਿਮਾਨੀ ਬੰਦਾ ਕਿਸੇ ਨੂੰ ਕੁਛ ਗਿਣਿਆ ਨਹੀਂ ਕਰਦਾ। ਮੈਂ ਹੀ ਹਾਂ, ਜੋ ਕੁਛ ਹਾਂ। ਇਹ ਜਿਹੜੀ ਹਉਮੈ ਹੈ ਇਹ ਤਾਂ ਨਾਮ ਜਪਣ ਵਾਲਿਆਂ 'ਚ, ਭਗਤੀ ਕਰਨ ਵਾਲਿਆਂ ਵਿਚ, ਸਾਰਿਆਂ ਵਿਚ ਹੁੰਦੀ ਹੈ। 'ਮੈਂ' ਨੂੰ ਅੱਡ ਸਮਝਣਾ ਇਹ ਹਉਮੈ ਹੋਇਆ ਕਰਦੀ ਹੈ। ਸੋ ਇਸ ਕਰਕੇ ਮਹਾਰਾਜ ਕਹਿੰਦੇ, ਪਿਆਰਿਆ !

*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥*

*ਅੰਗ- 560*

ਜਿੰਨਾਂ ਚਿਰ ਹਉਮੈ ਹੈ ਓਨੀਂ ਦੇਰ ਤੱਕ ਨਾਮ ਨਹੀਂ ਮਨ 'ਚ ਵਸਦਾ। ਇਹਨੂੰ ਮਾਰਦਾ ਕੀ ਹੈ, ਸ਼ਬਦ ਮਾਰਦਾ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*

ਇਹਨੂੰ ਮਾਰਨ ਵਾਸਤੇ ਹਉਮੈ ਦਾ ਹੀ ਹਥਿਆਰ ਵਰਤਣਾ ਪੈਂਦੈ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*

*ਅੰਗ - 466*

ਸੋ ਮਹਾਰਾਜ ਕਹਿੰਦੇ -

*ਨਾਨਕ ਸਤਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥*

*ਅੰਗ- 560*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸੱਚ ਦਾ ਪ੍ਰਕਾਸ਼ ਅੰਦਰ ਹੋ ਜਾਂਦਾ ਹੈ ਉਸ ਵੇਲੇ ਹਉਮੈ ਨਾਸ਼ ਹੋ ਕੇ ਇਸ ਤਰ੍ਹਾਂ ਲਗਦਾ ਹੈ ਕਿ ਰੱਸੀ ਵਿਚ ਤਾਂ ਸੱਪ ਹੈ ਹੀ ਨਹੀਂ ਸੀ, ਐਵੇਂ ਸਮਝਦੇ ਰਹੇ। ਸੋ ਬਾਬਾ ਫਰੀਦ ਨੂੰ ਆਵਾਜ਼ ਆਈ, ਫਰੀਦਾ! ਮੁਰਸ਼ਦ-ਦੇ-ਕਾਮਲ ਦੀ ਸ਼ਰਨ ਵਿਚ ਜਿੰਨਾਂ ਚਿਰ ਤੂੰ ਨਹੀਂ ਜਾਂਦਾ, ਗੱਲ ਨਹੀਂ ਬਣਦੀ ਓਨੀਂ ਦੇਰ ਤੱਕ। ਜਾਹ, ਕਿਸੇ ਮੁਰਸ਼ਦੇ ਕਾਮਲ ਦੀ ਤਲਾਸ਼ ਕਰ। ਉਸ ਵੇਲੇ ਹੱਠ ਦੇ ਸਾਧਨ ਛੱਡ ਦਿਤੇ। ਕਿਉਂਕਿ ਹੱਠ ਕਰਕੇ ਤਾਂ ਹਾਰ ਗਿਆ ਨਾ। ਕਹਿੰਦੇ ਸਭ ਥੱਕ ਗਏ,

ਲੇਕਿਨ ਕਿਸੇ ਨੂੰ ਮਿਲਿਆ ਨਹੀਂ ਮਨ ਹਠ ਕਰਕੇ। ਹੁਣ ਰਸਤਾ ਦੱਸ ਦਿਤਾ ਕਿ ਜਿੰਨਾਂ ਚਿਰ ਤੂੰ ਗੁਰੂ ਧਾਰਨ ਨਹੀਂ ਕਰਦਾ, ਓਨੀਂ ਦੇਰ ਤੱਕ ਰਾਹ ਨਹੀਂ ਲੱਭਣਾ। ਜਾਹ ਕਿਸੇ ਗੁਰੂ ਦੀ ਤਲਾਸ਼ ਕਰ। ਉਸ ਵੇਲੇ ਪਤਾ ਲੱਗਿਆ ਕਿ ਅਜਮੇਰ ਸ਼ਰੀਫ ਦੇ ਵਿਚ, ਬੁਖਤਿਆਰ ਕਾਕੀ ਜੋ ਖੁਆਜਾ ਬੁਖਤਿਆਰ ਕਾਕੀ, ਮਉੂਦੀਨ ਦੇ ਮੁਰੀਦ ਤੋਂ ਹੁਣ ਪੀਰ ਬਣੇ ਹੋਏ ਨੇ ਉਹ ਮੁਰਸ਼ਦੇ ਕਾਮਲ ਹੈ। ਉਥੇ ਜਦੋਂ ਚਲਿਆ ਗਿਆ, ਲੇਕਿਨ ਅੰਦਰ ਹਉਮੈ ਬੜੀ ਹੈ, ਕਿਉਂਕਿ ਅੰਦਰ ਸ਼ਕਤੀਆਂ ਬਹੁਤ ਆ ਗਈਆਂ।

ਇਕ ਮਹਾਤਮਾ ਬਹੁਤ ਪੂਰਨ ਹੁੰਦਾ ਹੈ ਤੇ ਉਹਦਾ ਚੇਲਾ ਕਈ ਵਾਰੀ ਬਹੁਤ ਗੱਲਾਂ ਜਾਣ ਜਾਂਦਾ ਹੈ। ਉਸ ਤੋਂ ਬੋਲਣਾ ਵੀ ਸੋਹਣਾ ਲਗ ਜਾਂਦਾ ਹੈ ਉਸ ਤੋਂ (ਕਲਾ) art ਵਿਚ ਵੀ ਵਧੀਆ ਹੁੰਦਾ ਹੈ, ਉਹ ਉਹਨੂੰ ਹੇਠਾਂ ਸੁੱਟਣਾ ਚਾਹੁੰਦਾ ਹੈ ਲੇਕਿਨ ਉਹਨੂੰ ਪਤਾ ਨਹੀਂ ਹੈ ਕਿ ਗੁਰੂ, ਗੁਰੂ ਹੀ ਹੋਇਆ ਕਰਦਾ ਹੈ ਤੇ ਉਹ ਹਉਮੈ ਦੇ ਵਿਚ ਫੇਲ੍ਹ ਹੋ ਰਿਹਾ ਹੁੰਦਾ ਹੈ ਇਸ ਵੇਲੇ। ਬਾਬਾ ਫਰੀਦ ਦੇ ਵਿਚ ਸ਼ਕਤੀਆਂ ਬੜੀਆਂ ਸੀ। ਇਹ ਜਿਸ ਵਕਤ ਗਿਆ ਉਥੇ ਤਾਂ ਕੀ ਦੇਖਦਾ ਹੈ, ਬੁਖਤਿਆਰ ਕਾਕੀ ਬੱਚਿਆਂ ਦੇ ਨਾਲ ਖੇਡ ਰਿਹਾ ਹੈ। ਸਫੈਦ ਦਾਹੜਾ ਹੈ ਉਸਦਾ, ਚਿਹਰਾ-ਮੁਹਰਾ ਬਹੁਤ ਸੋਹਣਾ ਹੈ, ਬੱਚਿਆਂ ਦੇ ਨਾਲ ਗੇਂਦ ਨਾਲ ਖੇਲ੍ਹ ਰਿਹਾ ਹੈ। ਜਿਵੇਂ ਗੁਰੂ ਅੰਗਦ ਸਾਹਿਬ ਮਹਾਰਾਜ ਬੱਚਿਆਂ ਦੀ ਖੇਲ੍ਹ ਦੇਖਿਆ ਕਰਦੇ ਸੀ ਬੈਠ ਕੇ, ਹਾਕੀ ਖਲ੍ਹਾਇਆ ਕਰਦੇ ਸੀ, ਘੋਲ ਕਰਾਇਆ ਕਰਦੇ ਸੀ, ਦੌੜਾਂ ਕਰਾਇਆ ਕਰਦੇ ਸੀ, ਆਪ ਬੈਠੇ ਦੇਖੀ ਜਾਂਦੇ ਹੁੰਦੇ। ਮੌਜ ਹੈ, ਕੀ ਪਤਾ ਇਹਦੇ ਵਿਚ ਕੀ ਭੇਤ ਹੈ। ਜਿਸ ਵਕਤ ਖਵਾਜਾ ਨੇ ਗੇਂਦ ਉਪਰ ਨੂੰ ਮਾਰੀ, ਬਾਬੇ ਫਰੀਦ ਨੇ ਉਤੇ ਨੂੰ ਦੇਖ ਕੇ ਗੇਂਦ ਉਤੇ ਹੀ ਰੋਕ ਦਿਤੀ ਕਿ ਇਹਨੂੰ ਪਤਾ ਲਗ ਜਾਵੇ ਕਿ ਮੈਂ ਆਇਆ ਹਾਂ। 'ਮੈਂ' ਨਾਲ ਲੈ ਕੇ ਗਿਆ। ਝੂਠ ਦਾ ਚੋਲਾ ਪਹਿਨ ਕੇ ਗਿਆ, ਕੂੜ ਦਾ। ਉਸ ਨੇ ਦੇਖਿਆ ਕਿ ਗੇਂਦ ਨਹੀਂ ਥੱਲੇ ਆਈ ਉੱਤੇ ਹੀ ਖੜ੍ਹੀ ਹੈ, ਆਲੇ-ਦੁਆਲੇ ਦੇਖਿਆ, ਇਕ ਦਮ ਜਾਣ ਗਏ ਕਿ ਆਹ ਜਿਹੜਾ ਬੰਦਾ ਆਇਆ ਹੈ, ਇਸ ਬੰਦੇ ਨੇ ਆਹ ਗੱਲ ਕਰੀ ਹੈ। ਗੇਂਦ ਥੱਲੇ ਆ ਗਈ। ਫੇਰ ਬੰਦ ਹੋ ਗਈ। ਇਹ ਜਾ ਕੇ ਸਿਜਦਾ ਕਰਕੇ ਕਹਿਣ ਲੱਗਿਆ, ਪੀਰ ਜੀ! ਮੈਂ ਆਪ ਦਾ ਮੁਰੀਦ ਬਣਨ ਵਾਸਤੇ ਆਇਆ ਹਾਂ, ਮੈਂ ਆਪ ਨੂੰ ਗੁਰੂ ਧਾਰਨ ਕਰਨ ਵਾਸਤੇ ਆਇਆ ਹਾਂ। ਮੇਰਾ ਨਾਉਂ ਫਰੀਦ ਹੈ, ਮੈਂ 24 ਸਾਲ, ਬੜੇ ਤਪ ਕੀਤੇ ਨੇ, ਜ਼ੋਹਦ ਕਰੇ ਨੇ। ਉਹ ਕਹਿੰਦੇ, ਫਰੀਦਾ! ਤੂੰ ਤਾਂ ਮੁਰੀਦ ਬਣਨ ਨਹੀਂ ਆਇਆ, ਤੂੰ ਮੇਰਾ ਪੀਰ ਬਣਨ ਆਇਆ ਹੈਂ। ਜਾਹ, ਕਹਿੰਦੇ ਇਹ ਨਹੀਂ ਤਰੀਕਾ ਹੁੰਦਾ। ਤਰੀਕਾ ਸਿੱਖ ਕੇ ਆ। ਵਾਪਸ ਚਲਿਆ ਗਿਆ, ਗੱਲ ਦੱਸੀ ਸਿਆਣਿਆਂ ਨੂੰ, ਉਹ ਕਹਿੰਦੇ ਕਿ ਉਨ੍ਹਾਂ ਕੋਲ ਤਾਂ ਨੀਵੇਂ ਹੋ ਕੇ ਜਾਈਦਾ ਹੈ। ਇਹ ਤਰੀਕਾ ਹੀ ਨਹੀਂ ਹੈ ਉਨ੍ਹਾਂ ਕੋਲ ਜਾਣ ਦਾ, ਜੋ ਤਰੀਕਾ ਹੈ ਉਹ ਸਮਝ ਤੂੰ -

***ਧਾਰਨਾ- ਮਰਨਾ ਕਬੂਲ ਲੈ ਜੀਵਨ ਦੀ ਛੱਡ ਦੇ ਆਸਾ।***

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - 1102*

ਕਹਿਣ ਲੱਗੇ, ਫਰੀਦਾ! ਮਹਾਂਪੁਰਸ਼ਾਂ, ਪੀਰਾਂ ਦੇ ਕੋਲ ਇਸ ਤਰ੍ਹਾਂ ਨਹੀਂ ਜਾਈਦਾ, ਅਭਿਮਾਨ ਨਾਲ ਲੈ ਕੇ। ਕੁਛ ਨਹੀਂ ਮਿਲਿਆ ਕਰਦਾ ਅਭਿਮਾਨੀ ਬੰਦੇ ਨੂੰ। ਉਥੇ ਤਾਂ ਨਿਮਰਤਾ ਦੇ ਨਾਲ ਜਾਈਦਾ ਹੈ ਤੇ ਆਪਣੀ ਜਿਹੜੀ ਹਉਮੈ ਹੈ, ਇਹਨੂੰ ਪਹਿਲਾਂ ਮਰਨਾ ਕਬੂਲ ਕਰ ਲੈ ਕਿ ਮੈਂ ਤਾਂ ਇਹ ਹਉਮੈ ਖਤਮ ਕਰਨੀ ਹੈ ਤਾਂ ਗੁਰੂ ਪੀਰਾਂ ਨਾਲ ਮੇਲ ਹੁੰਦਾ ਹੈ, ਨਹੀਂ ਤਾਂ ਨਹੀਂ ਹੁੰਦਾ। ਜੇ ਮੈਂ ਬਣ ਕੇ ਜਾਓ, ਉਹ ਪੁਛਦੇ ਹੀ ਨਹੀਂ ਹਨ। ਫਿਰੀ ਜਾਓ 'ਮੈਂ' ਨੂੰ ਲੈ ਕੇ। ਦੁਨੀਆਂ ਹੀ ਫਿਰਦੀ ਹੈ। ਫੇਰ ਚਲਿਆ ਗਿਆ, ਫੇਰ ਕੀ ਦੇਖਦਾ ਹੈ ਕਿ ਉਹਦਾ ਪੀਰ ਜਿਹੜਾ ਹੈ, ਸੁੱਕੇ ਹੋਏ ਦਰਖਤ ਥੱਲੇ ਬੈਠਾ ਹੈ। ਗਰਮੀ ਦਾ ਮਹੀਨਾ ਹੈ ਤੇ ਬਾਬੇ ਫਰੀਦ ਨੇ ਕਿਹਾ ਕਿ ਮੈਂ ਸੇਵਾ ਕਰਾਂ, ਨਿਗ੍ਹਾ ਕੀਤੀ, ਦਰਖਤ ਹਰਾ ਕਰ ਦਿਤਾ। ਥੋੜ੍ਹੀ ਦੇਰ ਬਾਅਦ ਉਹਨੇ ਦੇਖਿਆ ਕਿ ਇਹ ਕੌਣ ਆ ਗਿਆ ਦਰਖਤ ਹਰਾ ਕਰਨ ਵਾਲਾ, ਉਪਰ ਨੂੰ ਨਿਗ੍ਹਾ ਕਰੀ ਉਹ ਫੇਰ ਡੁੰਡ ਬਣਾ ਦਿਤਾ। ਇਹਨੇ ਸਿਜਦਾ ਕਰ ਦਿਤਾ। ਕਹਿੰਦਾ, ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ ਤੇ ਮੈਨੂੰ ਮੁਰੀਦ ਬਣਾਓ। ਕ੍ਰਿਪਾ ਕਰੋ, ਮੈਂ ਭੁੱਲਿਆ ਹੋਇਆ ਹਾਂ, ਤਪੀਆ ਬੰਦਾ ਹਾਂ। ਮੈਨੂੰ ਨਹੀਂ ਪਤਾ ਹੈ।

ਕਹਿੰਦੇ, ਫਰੀਦਾ! ਜੇ ਕੁਛ ਬਣਨਾ ਹੈਂ ਨਾ ਤੂੰ, ਇਹਦੇ ਲਈ ਤਾਂ ਮੁਰਦਾ ਬਣਨਾ ਪੈਂਦਾ ਹੈ। ਮਰਨਾ ਪੈਂਦਾ ਹੈ। ਇਸ ਤਰ੍ਹਾਂ ਨੂੰ ਹੁੰਦਾ ਕਿ ਤੂੰ ਸ਼ਕਤੀਆਂ ਲੈ ਕੇ ਆ ਜਾਵੇਂ, ਬਣ ਕੇ ਆਏਂਗਾ ਤੇਰਾ ਕੁਛ ਨਹੀਂ ਬਣਨਾ। ਮੁਰੀਦ ਦੀ ਜਿਹੜੀ ਬਣਨ ਦੀ ਸਿਫਤ ਹੈ ਉਹਨੂੰ ਸਮਝ ਲੈ -

*ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ 3/18*

ਕਿੰਨੀਆਂ ਰਹਿਤਾਂ ਦਸ ਦਿਤੀਆਂ ਕਿ ਪਹਿਲਾਂ ਤਾਂ ਜਿਉਂਦਾ ਹੀ ਮਰੇ, ਗੁਰੂ ਨੂੰ ਤਾਂ ਪ੍ਰਵਾਨ ਹੁੰਦਾ ਹੈ, ਨਹੀਂ ਤਾਂ ਨਹੀਂ ਹੁੰਦਾ। ਜੇ ਉਹਦੇ 'ਚ 'ਮੈਂ' ਹੈ ਫੇਰ ਗੁਰੂ ਨਾਲ ਮੇਲ ਨਹੀਂ ਹੁੰਦਾ ਕਦੇ ਵੀ। ਸਿੱਖ ਅੱਡ

ਰਹੇਗਾ, ਗੁਰੂ ਅੱਡ ਰਹੇਗਾ। ਜਿਹੜੇ ਸਿੱਖ ਨੇ ਆਪਣਾ ਆਪ ਗੁਰੂ 'ਚ ਲੀਨ ਕਰ ਦਿਤਾ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੂਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ ॥*

***ਅੰਗ – 757***

ਤਾਂ ਫੇਰ ਗੁਰੂ ਨਾਲ ਮੇਲ ਹੋ ਜਾਂਦਾ ਹੈ, ਨਹੀਂ ਤਾਂ ਗੁਰੂ ਨਾਲ ਮੇਲ ਨਹੀਂ ਹੋਇਆ ਕਰਦਾ। ਜੇ 'ਮੈਂ' ਵੀ ਬਚਦੀ ਹੈ। ਦੂਜਾ ਹੈ ਸਬਰ, ਕਿੰਨੀਆਂ ਹੀ ਤਕਲੀਫਾਂ ਆ ਜਾਣ, ਸ਼ਕਤੀ ਨਾ ਵਰਤੇ। ਦੂਜਿਆਂ ਨੂੰ ਸ਼ਕਤੀ ਨਾ ਦਿਖਾਵੇ। ਸਰਮੱਦ ਜੇਲ੍ਹ ਖਾਨੇ 'ਚ ਸੀ। ਬੜਾ ਉੱਚ ਕੋਟੀ ਦਾ ਮਹਾਂਪੁਰਸ਼ ਸੀਗਾ ਤੇ ਈਰਾਨ ਦੇ ਰਾਜੇ ਨੂੰ ਐਸਾ ਖਿਆਲ ਆਇਆ ਕਿ 'ਸਬਰ' ਦਾ ਮਤਲਬ ਕੀ ਹੋ ਸਕਦਾ ਹੈ, ਸ਼ੁਕਰ ਦਾ ਮਾਇਨਾ ਕੀ ਹੋ ਸਕਦਾ। ਬੜਿਆਂ ਨੇ ਸਮਝਾਇਆ, ਪਰ ਜਦ ਨਾ ਸਮਝਿਆ ਤਾਂ ਦੱਸਿਆ ਕਿ ਸਰਮੱਦ ਦੱਸ ਸਕਦਾ ਹੈ।

ਆਪਣੇ ਦੂਤ ਨੂੰ ਕਿਹਾ ਕਿ ਮੈਨੂੰ ਮਾਇਨੇ ਪੁੱਛ ਕੇ ਦਸ ਸਬਰ ਦੇ ਅਤੇ ਸ਼ੁਕਰ ਦੇ, ਉਹ ਉਥੇ ਪਹੁੰਚ ਜਾਂਦਾ ਹੈ ਤੇ ਸਰਮੱਦ ਨੇ ਕਿਹਾ ਕਿ ਦੇਖ ਭਾਈ, ਜੇਲ੍ਹ ਖਾਨੇ 'ਚ ਆਏ ਨੂੰ ਬੜੀ ਦੇਰ ਹੋ ਗਈ ਤੇ ਤੂੰ ਕੱਲ੍ਹ ਨੂੰ ਆ ਜਾਈਂ। ਨਾਲ ਮਸ਼ਕ ਲਿਆਈਂ, ਦੋ ਗਜ਼ ਕੱਪੜਾ ਲਿਆਈਂ। ਜਿਸ ਵਕਤ ਉਹ ਆਇਆ ਸਾਰੇ ਹੀ ਦਰਵਾਜ਼ੇ ਖੋਲ੍ਹ ਦਿਤੇ। ਆਪਣੀ ਸ਼ਕਤੀ ਦੇ ਨਾਲ। ਉਹ ਹੈਰਾਨ ਹੋ ਗਿਆ ਕਿ ਦਰਵਾਜ਼ੇ ਆਪਣੇ ਆਪ ਖੁਲ੍ਹਦੇ ਤੁਰੇ ਜਾ ਰਹੇ ਨੇ। ਅੰਦਰ ਚਲਿਆ ਗਿਆ, ਮੁੜ ਕੇ ਤਾਲੇ ਫੇਰ ਲਗ ਗਏ। ਇਸ਼ਨਾਨ ਕਰਿਆ, ਇਸ਼ਨਾਨ ਕਰਨ ਤੋਂ ਬਾਅਦ ਜਲਾਦ ਆ ਗਿਆ, ਤਾਲੇ ਖੋਲ੍ਹੇ ਸੱਤ, ਉਸ ਤੋਂ ਬਾਅਦ ਹੰਟਰ ਹੱਥ ਵਿਚ ਹੈ, ਸਰਮੱਦ ਜਾ ਕੇ ਬੈਠ ਗਿਆ। 101 ਕੋਰੜਾ ਰੋਜ਼ ਲਗਦਾ ਸੀ। ਉਹ ਕੋਰੜਾ ਮਾਰਦਾ ਹੈ ਪੂਰੇ ਜ਼ੋਰ ਨਾਲ, ਸੁਰਮੱਦ ਹੱਥ ਦੀ ਉਂਗਲੀ ਉਪਰ ਨੂੰ ਕਰਕੇ ਹਿਲਾਈ ਜਾਂਦਾ ਹੈ। ਜਦੋਂ ਪੰਜਾਹ ਲਗ ਗਏ, ਉਸ ਵੇਲੇ ਉਹ ਦਮ ਲੈਣ ਲਗ ਗਿਆ। ਇਹ ਕਹਿਣ ਲੱਗੇ ਦੂਤ ਨੂੰ ਕਿ ਭਾਈ! ਤੇਰੇ ਸਮਝ 'ਚ ਆਇਆ ਕਿ ਨਹੀਂ? ਕਹਿੰਦਾ, ਨਾ ਮਹਾਰਾਜ! ਮੇਰੇ ਨਹੀਂ ਆਇਆ। ਕਹਿੰਦਾ, ਮੈਨੂੰ ਤਾਂ ਇਸ ਤਰ੍ਹਾਂ ਲੱਗਿਆ ਕਿ ਤੁਸੀਂ ਉਂਗਲੀ ਕਿਉਂ ਹਿਲਾ ਰਹੇ ਸੀ? ਕਹਿੰਦੇ, ਹੁਣ ਦੱਸਾਂਗਾ ਕਿ ਮੈਂ ਉਂਗਲੀ ਕਿਉਂ ਹਿਲਾ ਰਿਹਾ ਸੀ। ਐਨੇ ਨੂੰ ਜਲਾਦ ਫੇਰ ਆ ਗਿਆ। ਇਹਨੇ ਉਸ ਦੀ ਅੱਖ ਖੋਲ੍ਹ ਦਿਤੀ। ਦਿੱਬਯ ਦ੍ਰਿਸ਼ਟੀ ਖੋਲ੍ਹ ਦਿਤੀ। ਕੀ ਦੇਖਦਾ ਹੈ, ਬੇਅੰਤ ਅਸਮਾਨੀ ਸ਼ਕਤੀਆਂ, ਫਰਿਸ਼ਤੇ ਬੇਨਤੀਆਂ ਕਰਦੇ ਨੇ ਕਿ ਸਰਮੱਦ ਸਾਨੂੰ ਆਗਿਆ ਕਰ, ਅਸੀਂ ਇਸ ਰਾਜੇ ਦਾ ਰਾਜ ਗਰਕ ਕਰ ਦੇਈਏ। ਇਹ ਉਂਗਲੀ ਹਿਲਾਈ ਜਾਂਦਾ ਹੈ, ਨਾਂਹ ਵਿਚ। 51 ਕੋਰੜੇ ਫੇਰ ਖਾ ਲਏ। ਕਹਿੰਦਾ, ਸਮਝ 'ਚ ਆਇਆ?

ਕਹਿੰਦਾ, ਮਹਾਰਾਜ! ਮੈਂ ਅਜੇ ਵੀ ਨਹੀਂ ਸਮਝਿਆ।

ਕਹਿੰਦਾ, ਮੈਂ ਹੋਰ ਕਿਵੇਂ ਸਮਝਾਵਾਂ? ਐਨੀਆਂ ਸ਼ਕਤੀਆਂ ਦਾ ਮਾਲਕ

ਹਾਂ, ਜੇ ਇਕ ਫੁਰਨਾ, ਕਰਾਂ ਰਾਜ ਦਾ ਖਾਤਮਾ ਕਰ ਦੇਵਾਂ। ਸਭ ਸ਼ਕਤੀਆਂ ਕੋਲ ਸਮੇਟ ਕੇ ਬੈਠਾ ਹਾਂ। ਸਬਰ ਵਿਚ ਬੈਠਾ ਹਾਂ। ਮੈਂ ਨਹੀਂ ਕੁਛ ਕਰ ਰਿਹਾ, ਕੋਰੜੇ ਖਾਈ ਜਾਂਦਾ ਹਾਂ। ਐਨੇ ਨੂੰ ਪਾਣੀ ਆ ਗਿਆ। ਇਹਨੂੰ ਰੋਜ਼ ਇਕ ਪਿਆਲਾ ਨਮਕ ਵਾਲਾ ਪਾਣੀ ਦਿੰਦੇ ਸੀ। ਕੌੜਾ ਕਰਕੇ। ਇਹਨੇ ਪਾਣੀ ਪੀਤਾ, ਪਾਣੀ ਪੀਣ ਤੋਂ ਬਾਅਦ ਕਹਿੰਦਾ, ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਮੈਨੂੰ ਯਾਦ ਰਖਦਾ ਹੈਂ। ਮੈਨੂੰ ਵੀ ਪਾਣੀ ਭੇਜਦਾ ਹੈਂ। ਕਹਿੰਦੇ, ਸਮਝਿਆ ਮੇਰਾ ਮਤਲਬ?

ਦਿੱਬਯ ਦ੍ਰਿਸ਼ਟੀ ਦੇ ਦਿਤੀ। ਕੀ ਦੇਖਦਾ ਹੈ, ਸਾਰੇ ਫਰਿਸ਼ਤੇ ਬੇਨਤੀਆਂ ਕਰਦੇ ਨੇ ਕਿ ਮਹਾਰਾਜ! ਕੁਛ ਛਕ ਲਓ, ਕੋਈ ਜਲ ਲੈ ਲਓ ਸਾਡੇ ਤੋਂ। ਕਹਿੰਦਾ, ਨਹੀਂ ਇਹਨੂੰ ਸ਼ੁਕਰ ਕਹਿੰਦੇ ਨੇ, ਸਾਰੀਆਂ ਸ਼ਕਤੀਆਂ ਦਾ ਮਾਲਕ ਹੋਵੇ, ਫੇਰ ਫੁਰਨਾ ਨਾ ਕਰਨਾ। ਜੋ ਪਰਾਲਬਧ ਮੁਤਾਬਿਕ ਆ ਗਿਆ, ਉਹਨੂੰ ਅੰਗੀਕਾਰ ਕਰਨਾ। 'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।' ਤੀਸਰਾ ਹੋਇਆ ਕਰਦਾ ਹੈ 'ਸਹੀਦੁ' ਸੱਚ ਦੀ ਗੱਲ ਦੇ ਉਤੇ ਆਪਣਾ ਆਪ ਵਾਰ ਦੇਣਾ। ਉਹਦੀ ਗਵਾਹੀ ਦੇ ਦੇਣੀ ਕਿ ਇਹ ਸੱਚ ਹੈ। ਸੱਚਾ ਬੰਦਾ ਸ਼ਹਾਦਤ ਪ੍ਰਾਪਤ ਕਰ ਸਕਦਾ ਹੈ, ਝੂਠਾ ਨਹੀਂ ਕਰ ਸਕਿਆ ਕਰਦਾ। 'ਗੋਲਾ ਮੁਲ ਖਰੀਦੁ ਕਾਰੇ ਜੋਵਣਾ।' ਆਪਣਾ ਹੱਕ ਹੀ ਕੋਈ ਨਾ ਰੱਖਣਾ, ਜੋ ਗੁਲਾਮ ਦਾ ਹੁੰਦਾ ਹੈ। ਮੈਂ ਤਾਂ ਗੁਲਾਮ ਹਾਂ। ਐਸੇ ਗੁਲਾਮ ਹੁੰਦੇ ਨੇ, ਘਰਾਂ ਦੇ ਮਾਲਕ, ਬਾਦਸ਼ਾਹੀਆਂ ਦੇ ਮਾਲਕ ਹੁੰਦੇ ਨੇ। ਲੇਕਿਨ ਆਪਣੇ ਮਾਲਕ ਦਾ ਸਭ ਕੁਛ ਸਮਝਦੇ ਹੋਏ, ਆਪ ਕੁਛ ਨਹੀਂ ਕਰਦੇ। ਕਹਿੰਦੇ, ਇਸ ਤਰ੍ਹਾਂ ਗੁਲਾਮ ਬਣ ਕੇ ਰਹੇ। ***'ਗੋਲਾ ਮੁਲ ਖਰੀਦੁ ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ। ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ ਪੁਗ ਖਲੋਵਣਾ।'***

ਕਹਿਣ ਲੱਗੇ, ਫਰੀਦਾ! ਜੇ ਤੂੰ ਮੁਰੀਦ ਬਣਨਾ ਹੈ ਪਿਆਰਿਆ! ਆਹ ਆਪਣਾ ਜਿਹੜਾ ਮੇਰੇ ਕੋਲ ਹੈ ਕਿ ਮੇਰੇ ਕੋਲ ਰਿਧੀਆਂ-ਸਿਧੀਆਂ ਨੇ, ਮੈਂ ਤਪ ਕਰੇ ਨੇ, ਪਹਿਲਾਂ ਇਨ੍ਹਾਂ ਨੂੰ ਛੱਡ ਦੇ। ਸੋ ਉਸ ਵੇਲੇ ਬਾਬਾ ਫਰੀਦ ਸੇਵਾ ਦੇ ਵਿਚ ਪ੍ਰਵਾਨ ਕਰ ਲਿਆ ਗਿਆ। ਆਪ ਸੱਚਮੁੱਚ ਮੁਰਦੇ ਦੀ ਤਰ੍ਹਾਂ ਸੇਵਾ ਕਰ ਰਹੇ ਨੇ। ਚੌਦਾਂ ਸਾਲ ਲੰਘ ਗਏ, ਜਲ ਢੋਂਦੇ ਨੇ, ਝਾੜੂ ਦਿੰਦੇ ਨੇ, ਬਰਤਨ ਮਾਂਜਦੇ ਨੇ, ਲੰਗਰ ਤਿਆਰ ਕਰਦੇ ਨੇ, ਮੁਰਸ਼ਦ ਦਾ ਇਸ਼ਨਾਨ ਕਰਾਉਂਦੇ ਨੇ ਗਰਮ ਪਾਣੀ ਕਰਕੇ। ਦਿਨ ਰਾਤ ਸੇਵਾ ਕਰਦਾ ਹੈ, ਜੋ ਸਮਾਂ ਮਿਲਦਾ ਹੈ ਉਹਦੇ ਵਿਚ ਇਬਾਦਤ ਕਰਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਅੱਜ ਚੌਦਾਂ ਸਾਲ ਲੰਘ ਗਏ। ਮੁਰਸ਼ਦ ਨੇ ਦੇਖਿਆ ਕਿ ਹੁਣ ਇਹਦਾ ਟੈਸਟ ਲਈਏ। ਟੈਸਟ ਵਿਚ ਜੇ ਪਾਸ ਹੋ ਗਿਆ, ਜਿਸ ਚੀਜ਼ ਨੂੰ ਲੈਣ ਵਾਸਤੇ ਆਇਆ ਹੈ, ਉਹ ਚੀਜ਼ ਇਹਦੇ ਹਵਾਲੇ ਕਰ ਦੇਈਏ। ਉਸ ਵੇਲੇ ਉਸ ਨੇ ਕਸਵੱਟੀ ਲਾ ਦਿਤੀ। ਕਸਵੱਟੀ ਇਮਤਿਹਾਨ ਨੂੰ ਕਹਿੰਦੇ ਨੇ,

ਰੂਹਾਨੀ ਸਕੂਲ ਦੇ ਅੰਦਰ ਜਦੋਂ ਗੁਰੂ ਸਮਰੱਥ, ਕਿਸੇ ਨੂੰ ਪਾਸ ਕਰਕੇ ਡਿਗਰੀ ਦੇਣ ਲਗਦਾ ਹੈ ਤਾਂ, ਪਹਿਲਾਂ ਇਮਤਿਹਾਨ ਲੈਂਦਾ ਹੈ। ਭਾਈ ਮੰਝ ਦੇ ਉਤੇ ਕਿੱਡੀ ਕਸਵੱਟੀ ਲਾ ਦਿਤੀ। ਭਾਈ ਮੰਝ ਨੂੰ ਘਰ ਭੇਜ ਦਿਤਾ। ਸ਼ਰੀਕਾਂ ਨੇ ਸਾਰਾ ਕੁਛ ਖੋਹ ਲਿਆ। ਜ਼ਮੀਨ ਵੀ ਖੋਹ ਲਈ, ਪਸ਼ੂ ਮਰ ਗਏ, ਹੋਰ ਸਭ ਕੁਛ ਖੋਹ ਲਿਆ, ਚੌਧਰ ਵੀ ਖੋਹ ਲਈ, ਅਖੀਰ ਗਰੀਬ ਹੋ ਕੇ ਕੋਈ ਚੀਜ਼ ਨਾਲ ਨਹੀਂ ਸੀ, ਸਿਰਫ ਘਰਵਾਲੀ ਸੀ, ਲੜਕੀ ਸੀ, ਤੇ ਆਪ ਸੀ, ਦੂਰ ਦੇ ਪਿੰਡ ਜਾ ਕੇ ਝੌਂਪੜੀ ਪਾ ਕੇ ਰਹਿਣ ਲੱਗ ਗਿਆ। ਚੌਧਰੀ ਇਲਾਕੇ ਦਾ ਤੇ ਉਥੇ ਜਾ ਕੇ ਘਾਹ ਖੋਦਦਾ ਰੋਜ਼, ਰੋਜ਼ ਖੋਦ ਕੇ ਲਿਆਉਂਦਾ ਹੈ। ਅੱਧਾ ਗੁਰੂ ਸਾਹਿਬ ਵਾਸਤੇ ਬਚਾ ਕੇ ਰਖਦਾ ਹੈ, ਦੋ ਪੈਸੇ ਦੇ ਨਾਲ ਗੁਜ਼ਾਰਾ ਕਰਦਾ ਹੈ। ਇਸ ਤਰ੍ਹਾਂ ਕਰਦੇ-ਕਰਦੇ ਸਮਾਂ ਲੰਘ ਗਿਆ, ਤਾਂ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਮੇਵੜੇ ਨੂੰ ਭੇਜਿਆ ਕਿ ਭਾਈ ਗੁਰਮੁਖਾ! ਆਪਣਾ ਇਕ ਸਿੱਖ ਜਿਹਦਾ ਨਾਉਂ ਭਾਈ ਮੰਝ ਹੈ, ਫਲਾਣੇ ਪਿੰਡ ਵਿਚ ਰਹਿੰਦਾ ਹੈ, ਮਜ਼ਦੂਰੀ ਕਰਦਾ ਹੈ, ਉਥੇ ਸਾਡਾ ਹੁਕਮਨਾਮਾ ਲੈ ਜਾ। ਮੇਵੜਾ ਉਥੇ ਹੁਕਮਨਾਮਾ ਲੈ ਕੇ ਜਾਂਦਾ ਹੈ। ਜਾ ਕੇ ਸਾਰੀ ਰਾਤ ਬਚਨ ਬਿਲਾਸ ਹੁੰਦੇ ਰਹੇ ਤੇ ਜਦੋਂ ਸਵੇਰ ਹੋਈ, ਉਸ ਵੇਲੇ ਉਹਨੇ ਹੁਕਮਨਾਮਾ ਦੇਣ ਵਾਸਤੇ ਜਦੋਂ ਗੱਲ ਕਰੀ, ਕਹਿਣ ਲੱਗਿਆ, ਭਾਈ ਮੰਝ ਗੁਰੂ ਮਹਾਰਾਜ ਨੇ ਹੁਕਮਨਾਮਾ ਦਿਤਾ ਹੈ ਪਰ ਨਾਲ ਸ਼ਰਤ ਇਹ ਲਾਈ ਹੈ ਕਿ ਵੀਹ ਰੁਪਈਏ ਇਹਦੀ ਦਰਸ਼ਨ ਭੇਟ ਦੇ। ਉਸ ਵੇਲੇ ਇਕ ਰੁਪਈਏ ਦੇ ਸਾਢੇ ਚਾਰ ਮਣ ਛੋਲੇ ਆਇਆ ਕਰਦੇ ਸੀ। ਅੱਜ ਦੇ ਬਾਰ੍ਹਾਂ ਹਜ਼ਾਰ ਰੁਪਏ ਦੇ ਬਰਾਬਰ ਵੀਹ ਰੁਪਈਏ ਸੀ। ਇਕ ਮਜ਼ਦੂਰ ਨੂੰ ਦੇਣੇ ਕਿੰਨੇ ਔਖੇ ਸੀ। ਕੋਈ ਸਾਧਨ ਨਾ ਬਣਦਾ ਦੇਖ ਕੇ ਲੜਕੀ ਨੇ ਕਿਹਾ ਕਿ ਪਿਤਾ ਜੀ! ਘਬਰਾਓ ਨਾ ਤੁਸੀਂ, ਗੁਰੂ ਮਹਾਰਾਜ ਦਾ ਜੋ ਹੁਕਮਨਾਮਾ ਹੈ ਉਹ ਲੈ ਲੈਣਾ ਹੈ ਤੁਸੀਂ, ਮੈਨੂੰ ਬੰਧੂਆਂ ਮਜ਼ਦੂਰੀ ਕਰ ਦਿਓ। ਵੀਹ ਰੁਪਏ ਲੈ ਆਓ ਤੇ ਬੰਧੂਆਂ ਕਰਕੇ ਮੈਨੂੰ ਉਨ੍ਹਾਂ ਦੇ ਹਵਾਲੇ ਕਰ ਦਿਓ। ਜਦੋਂ ਤੱਕ ਪੈਸੇ ਨਹੀਂ ਉਤਰਦੇ ਉਸ ਵੇਲੇ ਤੱਕ ਮੈਂ ਉਨ੍ਹਾਂ ਦੀ ਸੇਵਾ ਕਰਾਂਗੀ।

ਮਾਂ ਨੇ ਵੀ ਇਹ ਗੱਲ ਮੰਨ ਲਈ। ਉਸ ਵੇਲੇ ਕਿੰਨਾਂ ਔਖਾ ਸਵਾਲ ਸੀ, ਲੜਕੀ ਨੂੰ ਜਾ ਕੇ ਬੰਧੂਆ ਕਰਕੇ, ਸੇਵਾ ਵਾਸਤੇ ਦੇ ਆਏ, ਵੀਹ ਰੁਪਏ ਜਾ ਕੇ ਦੇ ਦਿਤੇ। ਫੇਰ ਸਮਾਂ ਲੰਘ ਗਿਆ, ਉਸ ਵੇਲੇ ਫੇਰ ਮਹਾਰਾਜ ਨੇ ਹੁਕਮਨਾਮਾ ਭੇਜ ਦਿਤਾ। ਨਾਲ ਇਹੀ ਸਵਾਲ ਕਰ ਦਿਤਾ। ਜਦੋਂ ਫੇਰ ਹੁਕਮਨਾਮਾ ਲੈਣ ਲੱਗੇ ਤਾਂ ਮੇਵੜੇ ਨੇ ਕਿਹਾ ਕਿ ਭਾਈ! ਵੀਹ ਰੁਪਈਏ ਲਿਆ। ਵੀਹ ਰੁਪਈਏ ਕਿਥੋਂ ਆਉਣੇ ਸੀ? ਘਰਵਾਲੀ ਨੇ ਕਿਹਾ ਕਿ ਮੈਨੂੰ ਬੰਧੂਆਂ ਕਰ ਦਿਓ। ਮੈਂ ਸੇਵਾ ਕਰਾਂਗੀ, ਤੁਸੀਂ ਵੀਹ ਰੁਪਈਏ ਲੈ ਕੇ ਗੁਰੂ ਦਾ ਹੁਕਮ ਨਾ ਮੋੜੋ। ਉਸ ਵੇਲੇ ਵੀਹ ਰੁਪਏ ਲਿਆਂਦੇ। ਬਹੁਤ ਔਖੀ ਗੱਲ ਹੈ, ਸਾਧਸੰਗਤ ਜੀ। ਦੁਨੀਆਂ ਗੱਲਾਂ ਵਾਲੀ ਤਾਂ ਬੇਅੰਤ ਹੈ। ਲੇਕਿਨ ਜਿਹੜਾ ਕੋਈ ਨਿਭਾ ਦੇਵੇ ਉਹ ਕੋਈ ਵਿਰਲਾ-ਵਿਰਲਾ ਹੁੰਦਾ ਹੈ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ – ਗੱਲਾਂ ਵਾਲੀ ਦੁਨੀਆਂ ਬਹੁਤੀ,*
*ਚਾਕਰ ਕੋਈ-ਕੋਈ ਹੈ।*

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥ 1 ॥*

*ਅੰਗ – 474*

ਅਸੀਂ ਤਾਂ ਬੜੇ ਵੱਡੇ ਸਿੱਖ ਹਾਂ, ਸਾਨੂੰ ਤਾਂ ਸਾਰੀ ਦੁਨੀਆਂ ਮੰਨਦੀ ਹੈ, ਆਹ ਨੀਂ ਸਿੱਖੀ 'ਚ ਭਾਉਂਦਾ। ਉਸ ਮੌਕੇ ਪਤਾ ਲਗਦਾ ਹੈ ਜਿਸ ਵਕਤ ਕਸਵੱਟੀ ਲਗਦੀ ਹੈ। ਘਰਵਾਲੀ ਬੰਧੂਆ ਬਣਾ ਦਿਤੀ, ਵੀਹ ਰੁਪਏ ਲਏ, ਚਿੱਠੀ 'ਚ ਲਿਖਿਆ ਹੋਇਆ ਸੀ ਕਿ ਭਾਈ ਮੰਝ! ਚਿੱਠੀ ਦੇਖਦੇ ਸਾਰ ਸਾਡੇ ਕੋਲ ਆ ਜਾਓ। ਕੋਲ ਚਲਿਆ ਜਾਂਦਾ ਹੈ, ਸੇਵਾ ਕਰਦਾ ਹੈ ਦਿਨ ਰਾਤ। ਕਈ ਮਹੀਨੇ ਲੰਘ ਗਏ, ਨਾ ਗੁਰੂ ਮਹਾਰਾਜ ਨੇ ਬੁਲਾਇਆ, ਨਾ ਪੁੱਛਿਆ ਕਿ ਤੂੰ ਆ ਗਿਆ ਭਾਈ? ਕੋਈ ਗੱਲ ਨਹੀਂ ਕਰੀ। ਸਭ ਕੁਛ ਜਾਣਦੇ ਨੇ।

ਇਕ ਵਾਰੀ ਮਹਾਰਾਜ ਜੀ ਨੇ ਪੁੱਛਿਆ ਕਿ ਭਾਈ ਮੰਝ ਜਿਹੜਾ ਇਥੇ ਆਇਆ ਹੈ, ਉਹ ਕੀ ਕਰਦਾ ਹੁੰਦਾ ਹੈ? ਕਹਿੰਦੇ, ਮਹਾਰਾਜ! ਉਹ ਤਾਂ ਦਿਨ ਰਾਤ ਸੇਵਾ 'ਚ ਰਹਿੰਦਾ ਹੈ। ਕਦੇ ਵੀ ਵਿਹਲਾ ਨਹੀਂ ਹੁੰਦਾ। ਸਾਰੀ ਸੇਵਾ ਕਰਦਾ ਹੈ, ਝਾੜੂ ਦਿੰਦਾ ਰਹਿੰਦੈ, ਬਰਤਨ ਮਾਂਜਦਾ ਰਹਿੰਦੈ, ਲੰਗਰ ਤਿਆਰ ਕਰਦੈ, ਲੱਕੜੀਆਂ ਲਿਆਉਂਦੈ, ਹੋਰ ਅਨੇਕਾਂ ਸੇਵਾਵਾਂ ਕਰਦੈ।

ਮਹਾਰਾਜ ਜੀ ਨੇ ਪੁੱਛਿਆ, ਕਿ ਰੋਟੀ ਕਿੱਥੋਂ ਖਾਂਦਾ ਹੈ? ਕਹਿੰਦੇ, ਰੋਟੀ ਤਾਂ ਲੰਗਰ 'ਚੋਂ ਖਾਂਦਾ ਹੈ। ਕਹਿੰਦੇ, ਫੇਰ ਤਾਂ ਮਜ਼ਦੂਰ ਹੋਇਆ। ਮਜੂਰੀ ਕਰਦੈ, ਲੰਗਰ ਦੇ ਪ੍ਰਸ਼ਾਦੇ ਛਕਦਾ ਹੈ। ਉਹਨੂੰ ਕਹਿ ਦਿਓ ਕਿ ਲੰਗਰ 'ਚੋਂ ਨੀਂ ਪ੍ਰਸ਼ਾਦਾ ਮਿਲਣਾ।

ਹੁਣ ਕਿੱਡੀ ਕਸਵੱਟੀ ਲੱਗ ਗਈ, ਜ਼ਮੀਨ ਜਾਇਦਾਦ ਜਾਂਦੀ ਰਹੀ। ਖੋਹ ਲਈ ਸਾਰੀ ਸ਼ਰੀਕਾਂ ਨੇ। ਲੜਕੀ ਕਿਤੇ ਬੰਧੂਆ ਹੋ ਗਈ। ਘਰਵਾਲੀ ਕਿਤੇ ਹੋ ਗਈ, ਚੌਧਰ ਖਤਮ ਹੋ ਗਈ, ਮਾਣ-ਇੱਜ਼ਤ ਜਿਹੜਾ ਸੀ ਉਨ੍ਹਾਂ ਦਾ ਭਾਈਚਾਰੇ 'ਚ ਉਹ ਖਤਮ। ਉਸ ਤੋਂ ਬਾਅਦ ਗੁਰੂ ਸਾਹਿਬ ਕੋਲ ਆਇਆ, ਗੁਰੂ ਮਹਾਰਾਜ ਨੇ ਪੁੱਛਿਆ ਨਹੀਂ। ਅੱਜ ਲੰਗਰ ਦੇ ਵਿਚ ਬੈਠਾ ਹੈ, ਪੰਗਤ 'ਚ ਪ੍ਰਸ਼ਾਦੇ ਵਰਤਾਏ ਜਾ ਰਹੇ ਹਨ। ਸਾਰਿਆਂ ਨੂੰ ਪ੍ਰਸ਼ਾਦੇ ਮਿਲ ਗਏ। ਜਦ ਆਈ ਵਾਰੀ ਭਾਈ ਮੰਝ ਦੀ, ਲਾਂਗਰੀ ਸਿੱਖ ਨੇ ਥਾਲੀ ਨਾ ਰੱਖੀ ਅੱਗੇ। ਦੂਜੇ ਅੱਗੇ ਰੱਖ ਦਿਤੀ। ਜਦੋਂ ਪ੍ਰਸ਼ਾਦਿਆਂ ਵਾਲਾ ਆਇਆ, ਇਹਨੇ ਹੱਥ ਵਧਾਇਆ ਪ੍ਰਸ਼ਾਦੇ ਲੈਣ ਵਾਸਤੇ ਕਿ ਹੱਥ 'ਤੇ ਰੱਖ ਦੇ। ਉਹ ਕਹਿੰਦਾ, ਭਾਈ ਮੰਝ! ਤੇਰੇ ਵਾਸਤੇ ਹੁਕਮ ਨਹੀਂ ਹੈ, ਗੁਰੂ ਮਹਾਰਾਜ ਦਾ ਕਿ ਤੂੰ ਪ੍ਰਸ਼ਾਦਾ ਲੰਗਰ 'ਚੋਂ ਛਕੇਂ। ਉੱਠ ਪੰਗਤ 'ਚੋਂ। ਉਸ

ਵੇਲੇ ਕਿਹੋ ਜਿਹਾ ਹਾਲ ਆਦਮੀ 'ਤੇ ਬੀਤਦਾ ਹੈ ਕਿ ਮੈਂ ਸਭ ਕੁਛ ਬਰਬਾਦ ਕਰ ਦਿਤਾ ਤੇ ਮੈਨੂੰ ਤਾਂ ਲੰਗਰ 'ਚੋਂ ਪ੍ਰਸ਼ਾਦਾ ਵੀ ਛਕਣਾ ਨਸੀਬ ਨਹੀਂ। ਦਿਨ ਰਾਤ ਮੈਂ ਸੇਵਾ ਕਰਦਾ ਹਾਂ। ਉਸ ਵੇਲੇ ਨਮਸ਼ਕਾਰ ਕਰ ਦਿਤੀ, ਕਹਿੰਦੇ ਧੰਨ ਹੈਂ ਪ੍ਰੇਮੀਆਂ! ਤੈਂ ਗੁਰੂ ਮਹਾਰਾਜ ਦਾ ਸੁਨੇਹਾ ਦਿਤਾ। ਮੇਰੇ ਸਤਿਗੁਰੂ ਦੇ ਮੈਂ ਯਾਦ ਤਾਂ ਹਾਂ ਨਾ। ਧੰਨ ਹੈ, ਠੀਕ ਹੈ ਪ੍ਰਸ਼ਾਦਾ ਨਾ ਦਿਓ। ਉਸ ਦਿਨ ਤੋਂ ਪ੍ਰਸ਼ਾਦਾ ਲੰਗਰ 'ਚੋਂ ਛਕਣਾ ਛੱਡ ਦਿਤਾ। ਕਿਸੇ ਨੇ ਲਿਆ ਕੇ ਦੇ ਦੇਣਾ ਛਕ ਲੈਣਾ, ਨਹੀਂ ਤਾਂ ਉਸੇ ਤਰ੍ਹਾਂ ਪਾਣੀ ਪੀ ਕੇ ਗੁਜ਼ਾਰਾ ਕਰ ਲੈਣਾ।

ਅਖੀਰ ਇਕ ਦਿਨ ਮਹਾਰਾਜ ਨੇ ਹੋਰ ਕਸਵੱਟੀ ਤੇਜ਼ ਕਰ ਦਿਤੀ। ਉਸ ਵੇਲੇ ਕਾਲੀ ਬੋਲੀ ਹਨ੍ਹੇਰੀ ਚੱਲ ਰਹੀ ਹੈ। ਲੱਕੜਾਂ ਇਸ ਨੇ ਸਿਰ 'ਤੇ ਚੁੱਕੀਆਂ ਹੋਈਆਂ ਨੇ, ਚੁੱਕਣ ਤੋਂ ਬਾਅਦ ਜੰਗਲ 'ਚ ਰਸਤਾ ਭੁੱਲ ਗਿਆ। ਅੰਨ੍ਹੇ ਖੂਹ ਦੇ ਵਿਚ ਜਾ ਕੇ ਗਿਰ ਗਿਆ। ਉਥੇ ਵੀ ਗੈਰ-ਹਾਜ਼ਰੀ ਨਹੀਂ ਦਿਖਾਈ। ਭੱਰਾ ਚੁੱਕ ਕੇ ਸਿਰ 'ਤੇ ਰੱਖ ਲਿਆ। ਆਵਾਜ਼ ਮੂੰਹ 'ਚੋਂ ਨਿਕਲਦੀ ਹੈ 'ਸਤਿਨਾਮੁ ਵਾਹਿਗੁਰੂ'-'ਸਤਿਨਾਮੁ ਵਾਹਿਗੁਰੂ'।

ਗੁਰੂ ਮਹਾਰਾਜ ਪੰਜਵੇਂ ਪਾਤਸ਼ਾਹ ਨੇੜੇ ਦੇ ਪਿੰਡ ਵਿਚ ਗਏ ਹੋਏ ਨੇ। ਇੱਕ ਦਮ ਤਖਤ ਤੋਂ ਉਠਦੇ ਨੇ, ਉਠਦੇ ਹੀ ਹਾਕ ਮਾਰਦੇ ਨੇ ਕਿ ਪਿਆਰਿਓ! ਲੱਜਾਂ ਲੈ ਕੇ ਆਓ ਛੇਤੀ, ਜਲਦੀ ਲਿਆਓ ਲੱਜਾਂ। ਸੇਵਾਦਾਰ ਕਹਿੰਦੇ, ਸੱਚੇ ਪਾਤਸ਼ਾਹ! ਜੋੜਾ ਪਹਿਨ ਲਓ। ਮਹਾਰਾਜ ਜੀ ਦੌੜੇ ਜਾਂਦੇ ਨੇ। ਘੋੜੇ ਵਾਲਾ ਸੇਵਾਦਾਰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਘੋੜੇ 'ਤੇ ਚੜ੍ਹ ਜਾਓ।

"ਨਹੀਂ।"

ਉਸੇ ਤਰ੍ਹਾਂ ਦੇ ਨਾਲ ਦੌੜਦੇ-ਦੌੜਦੇ ਖੂਹ ਦੇ ਕੰਢੇ ਜਾ ਕੇ ਫੇਰ ਨਹੀਂ ਭਾਈ ਮੰਝ ਨੂੰ ਬੁਲਾਇਆ, ਪਿੱਛੇ ਹਟ ਕੇ ਖੜ੍ਹ ਗਏ। ਸੇਵਾਦਾਰ ਆ ਗਏ।

ਕਹਿੰਦੇ, "ਪੁੱਛੋ ਕੌਣ ਹੈ?"

ਕਹਿੰਦੇ, ਓ ਪ੍ਰੇਮੀਆਂ! ਤੂੰ ਕੌਣ ਹੈਂ?

ਕਹਿੰਦਾ, "ਮੈਂ ਗੁਰੂ ਅਰਜਨ ਪਾਤਸ਼ਾਹ ਦਾ ਗਰੀਬੜਾ ਜਿਹਾ ਸਿੱਖ ਹਾਂ।"

ਕਹਿੰਦੇ, ਲੱਜ ਸੁੱਟਦੇ ਹਾਂ, ਤੂੰ ਬਾਹਰ ਆ ਜਾ।

ਕਹਿੰਦਾ, ਨਾ, ਜੇ ਮੈਨੂੰ ਕੱਢਣਾ ਹੈ ਤਾਂ ਪਹਿਲਾਂ ਲੰਗਰ ਦਾ ਭੱਰਾ ਕੱਢੋ ਕਿਉਂਕਿ ਮੇਰੇ ਸਿਰ 'ਤੇ ਹੈ।

ਖੂਹ ਦੇ ਪਾਣੀ 'ਚ ਭੱਰਾ ਚੁੱਕੀਂ ਖੜ੍ਹਾ ਰਿਹਾ।

ਕਹਿਣ ਲੱਗਿਆ, ਸੁੱਕੀਆਂ ਹਨ ਲੱਕੜਾਂ, ਭੱਰਾ ਕੱਢੋ ਪਹਿਲਾਂ।

ਉਸ ਵੇਲੇ ਭੱਰਾ ਵੀ ਕੱਢਿਆ ਤੇ ਭਾਈ ਮੰਝ ਨੂੰ ਵੀ ਕੱਢਿਆ। ਜਿਸ ਵਕਤ ਭਾਈ ਮੰਝ ਨੇ ਗੁਰੂ ਮਹਾਰਾਜ ਨੂੰ ਦੇਖਿਆ, ਗੁਰੂ ਮਹਾਰਾਜ ਨੇ ਭਾਈ ਮੰਝ ਨੂੰ ਦੇਖਿਆ, ਉਸ ਵੇਲੇ ਭਾਈ ਮੰਝ ਤੋਂ ਰੁਕ ਨਾ ਹੋਇਆ, ਨੇਤਰਾਂ 'ਚੋਂ ਐਨਾ ਵੈਰਾਗ ਚੱਲਿਆ, ਬੋਲ ਵੀ ਨਾ ਹੋਵੇ। ਉਸ ਵੇਲੇ ਗੁਰੂ ਮਹਾਰਾਜ ਨੇ ਜਾ ਕੇ ਬੁੱਕਲ 'ਚ ਲੈ ਲਿਆ। ਕਹਿੰਦੇ, ਧੰਨ ਭਾਈ ਮੰਝ! ਧੰਨ! –

*ਮੰਝ ਪਿਆਰਾ ਗੁਰੂ ਨੋ,*
*ਗੁਰੂ ਮੰਝ ਪਿਆਰਾ।*
*ਮੰਝ ਗੁਰੂ ਕਾ ਬੋਹਿਥਾ,*
*ਜਗ ਲੰਘਣਹਾਰਾ।*

ਉਸ ਵੇਲੇ ਮਹਾਰਾਜ ਨੇ ਕਿਹਾ, "ਭਾਈ ਮੰਝ! ਮੰਗ ਕੀ ਮੰਗਦੈਂ?"

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੇਰਾ 'ਨਾਮ' ਉਹ ਚਲਦਾ ਰਹੇ ਸੱਚੇ ਪਾਤਸ਼ਾਹ, ਉਸ ਤੋਂ ਵਿਛੜਾਂ ਨਾ।

ਕਹਿੰਦੇ, "ਨਹੀਂ ਹੋਰ ਮੰਗ।"

ਅਖੀਰ ਜਦੋਂ ਬਾਰ-ਬਾਰ ਕਿਹਾ, ਭਾਈ ਮੰਝ ਕਹਿੰਦਾ ਸੱਚੇ ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਸਿੱਖ ਗਰੀਬ ਹੈ, ਸਿੱਖ ਦਾ ਨਿਹਚਾ ਐਨਾ ਕਰੜਾ ਨਹੀਂ ਪਾਤਸ਼ਾਹ! ਤੁਸੀਂ ਕਸਵੱਟੀ ਲਾਉਣ ਤੋਂ ਬਿਨਾਂ ਪਾਸ ਕਰ ਦਿਓ। ਸਿੱਖ ਨੇ ਕਸਵੱਟੀ ਨਹੀਂ ਸਹਿ ਸਕਣੀ।

ਮਹਾਰਾਜ ਕਹਿੰਦੇ, ਭਾਈ ਮੰਝ! ਬਾਰ੍ਹਾਂ ਵੰਨ੍ਹੀ ਦਾ ਸੋਨਾ ਬਣਾਉਣ ਵਾਸਤੇ, ਬਾਰ-ਬਾਰ ਤਾਓ ਦੇਣੇ ਪੈਂਦੇ ਨੇ, ਬਾਰ-ਬਾਰ ਤਾਓ ਦੇ ਕੇ ਸੋਨੇ ਦੀ ਮੈਲ ਕੱਢਣੀ ਪੈਂਦੀ ਹੈ। ਜਦੋਂ ਸੋਨਾ ਪਵਿੱਤਰ ਹੋ ਗਿਆ, ਉਸ ਵੇਲੇ ਵਾਹਵਾ-ਵਾਹਵਾ ਕਰਨਗੇ। ਸਾਰੇ ਉਸ ਨੂੰ ਕਹਿਣਗੇ, ਬਾਰ੍ਹਾਂ ਵੰਨੀਂ ਦਾ ਸੋਨਾ ਹੋ ਗਿਆ। ਸੋ ਅਸੀਂ ਤਾਂ ਸਿੱਖ ਨੂੰ ਸੋਨਾ ਬਣਾਉਣ ਵਾਸਤੇ ਕਸਵੱਟੀ ਲਾਉਂਦੇ ਹਾਂ। ਲੇਕਿਨ ਕਸਵੱਟੀ ਸਹਿਣੀ ਬੜੀ ਔਖੀ ਹੈ ਸਾਧਸੰਗਤ ਜੀ –

*ਧਾਰਨਾ – ਜਦੋਂ ਲਗਦੀ ਐ ਰਾਮ ਕਸਉਟੀ,*
*ਪਾਸ ਹੁੰਦੇ ਮਰਜੀਵੜੇ।*
*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*

*ਅੰਗ – 948*

ਕਸਵੱਟੀ ਨੂੰ ਸਹਿਣਾ ਬਹੁਤ ਮੁਸ਼ਕਲ ਹੁੰਦਾ ਹੈ ਲੇਕਿਨ ਗੁਰੂ ਟੈਸਟ ਲੈਂਦੇ ਨੇ ਕਿ ਇਹ ਪੱਕਾ ਵੀ ਹੋ ਗਿਆ। ਕੱਚਾ ਤਾਂ ਨਹੀਂ ਰਿਹਾ। ਭਾਗਾਂ ਵਾਲੇ ਨੇ ਜਿਨ੍ਹਾਂ 'ਤੇ ਗੁਰੂ ਦੀ ਕ੍ਰਿਪਾ ਹੋਵੇ ਤੇ ਉਹ ਪਾਸ ਹੋ ਜਾਂਦੇ ਨੇ।

ਇਕ ਮਹਾਂਪੁਰਸ਼ ਹੋਏ ਨੇ, ਬਾਬੇ ਫਰੀਦ ਤੋਂ ਤੀਸਰੇ ਥਾਂ 'ਤੇ, ਉਨ੍ਹਾਂ ਦਾ ਨਾਉਂ ਨਿਜ਼ਾਮੂਦੀਨ ਅਉਲੀਆ ਸੀ, ਜਿਨ੍ਹਾਂ ਦੇ ਨਾਮ 'ਤੇ ਅੱਜ ਸਟੇਸ਼ਨ

ਹੈ, ਜਿਥੋਂ ਦੱਖਣ ਨੂੰ ਗੱਡੀਆਂ ਚਲਦੀਆਂ ਨੇ। ਆਪ ਦੇ ਕੋਲ ਬਹੁਤ ਸਾਰੇ ਮੁਰੀਦ ਸੀ ਤੇ ਇਕ ਉਨ੍ਹਾਂ ਦੇ ਵਿਚੋਂ ਅਮੀਰ ਖੁਸਰੋ ਜੋ ਰਾਜ ਕਵੀ ਸੀ, ਬਹੁਤ ਸਾਰੇ ਰਾਜਿਆਂ ਦੇ ਨਾਲ ਰਿਹਾ, ਉਹ ਵੀ ਬਹੁਤ ਸ਼ਰਧਾਲੂ ਸੀ। ਬਦਾਈਂਊ ਦਾ ਰਹਿਣ ਵਾਲਾ ਸੀ। ਜਦੋਂ ਰਿਟਾਇਰ ਹੋਇਆ ਉਸ ਵੇਲੇ ਬਹੁਤ ਸਮਾਨ ਉਹਦੇ ਕੋਲ ਸੀ। ਜਿਹੜੇ ਨਜ਼ਰਾਨੇ ਮਿਲੇ ਹੋਏ ਸੀ ਰਾਜਿਆਂ ਤੋਂ। ਬਹੁਤ ਸਾਰੇ ਊਠ ਭਰ ਕੇ ਸਮਾਨ ਦੇ ਨਾਲ ਘਰ ਨੂੰ ਜਿਸ ਵਕਤ ਆਇਆ, ਪੀਰ ਰੁਕਸਤੀ ਲੈ ਕੇ। ਤਾਂ ਰਸਤੇ ਵਿਚ ਜਾਂਦਾ ਹੈ ਓਧਰ ਇਕ ਕੌਤਕ ਵਰਤਿਆ ਕਿ ਬਦਾਈਊਂ ਦਾ ਹੀ ਗਰੀਬ ਬੰਦਾ, ਨਜ਼ਾਮੂਦੀਨ ਆਉਲੀਏ ਕੋਲ ਚਲਿਆ ਗਿਆ ਤੇ ਜਾ ਕੇ ਕਹਿਣ ਲੱਗਿਆ ਕਿ ਅਉਲੀਆ ਮੈਂ ਗਰੀਬ ਬੰਦਾ ਹਾਂ। ਮੇਰੇ 'ਤੇ ਕ੍ਰਿਪਾ ਕਰ, ਮੇਰੀ ਲੜਕੀ ਦੀ ਸ਼ਾਦੀ ਹੈ, ਮੇਰੇ ਕੋਲ ਤਾਂ ਇਕ ਪੈਸਾ ਵੀ ਨਹੀਂ ਹੈ, ਮੈਂ ਪੈਦਲ ਚੱਲ ਕੇ ਆਇਆ ਹਾਂ। ਉਹ ਕਹਿੰਦਾ, ਦੇਖ ਬਈ ਪਿਆਰਿਆ! ਪੈਸੇ ਵਗੈਰਾ ਤਾਂ ਅਸੀਂ ਜਮ੍ਹਾਂ ਨਹੀਂ ਕਰਦੇ ਹੁੰਦੇ। ਜੋ ਆ ਜਾਂਦਾ ਹੈ ਉਸੇ ਵੇਲੇ ਲਾ ਦਿੰਦੇ ਹਾਂ, ਨਾ ਅਸੀਂ ਪੱਲੇ ਬੰਨ੍ਹਦੇ ਹਾਂ। ਸਾਰਾ ਹੀ ਖਰਚ ਦਿੰਦੇ ਹਾਂ ਜੋ ਆਉਂਦਾ ਹੈ। ਰਾਜਿਆਂ ਨੂੰ ਅਸੀਂ ਇਥੇ ਵੜਨ ਨਹੀਂ ਦਿੰਦੇ, ਗਰੀਬ ਜਨਤਾ ਸਾਡੇ ਕੋਲ ਆਉਂਦੀ ਹੈ। ਕੱਲ੍ਹ ਨੂੰ ਜੋ ਚੜ੍ਹਾਵਾ ਆਏਗਾ ਤੂੰ ਲੈ ਲਈਂ। ਕਹਿੰਦਾ ਠੀਕ ਹੈ ਜੀ।

ਦੂਸਰਾ ਦਿਨ ਆਇਆ, ਕੋਈ ਚੜ੍ਹਾਵਾ ਹੀ ਨਾ ਆਇਆ। ਉਸ ਵੇਲੇ ਕਹਿਣ ਲੱਗਿਆ, ਪੀਰ ਜੀ! ਮੇਰੀ ਲੜਕੀ ਦੀ ਸ਼ਾਦੀ ਬਹੁਤ ਛੇਤੀ ਹੈ, ਕ੍ਰਿਪਾ ਕਰੋ ਕਿਸੇ ਤੋਂ ਲੈ ਕੇ ਦੇ ਦਿਓ।

ਕਹਿੰਦੇ, ਨਾ ਭਾਈ! ਸਾਧੂ-ਸੰਤ ਉਧਾਰਾਂ 'ਚ ਨਹੀਂ ਪੈਂਦੇ ਹੁੰਦੇ। ਬਦਨਾਮੀ ਹੁੰਦੀ ਹੈ ਉਧਾਰ ਨਾ ਮੋੜੋ ਜੇ। ਇਸ ਤਰ੍ਹਾਂ ਕਰ, ਮੇਰੇ ਕੋਲ ਹੋਰ ਤਾਂ ਕੁਛ ਨਹੀਂ, ਮੇਰੇ ਪੈਰਾਂ ਦਾ ਜੋੜਾ ਹੈ ਇਹ ਲੈ ਜਾ ਤੂੰ। ਤੇਰੇ ਕਿਸੇ ਕੰਮ ਆ ਜਾਏਗਾ।

ਜੋੜਾ ਲਾਹ ਦਿਤਾ।

ਆਪ ਨੰਗੇ ਪੈਰੀਂ ਹੋ ਗਏ।

ਜੋੜਾ ਲੈ ਕੇ ਵਾਪਸ ਤੁਰ ਬਦਾਇਊਂ ਨੂੰ ਜਦੋਂ ਰਾਹ ਵਿਚ ਆਇਆ, ਉਥੇ ਅਮੀਰ ਖੁਸਰੋ ਨਾਲ ਮੇਲ ਹੋ ਗਿਆ ਤੇ ਇਹ ਕਹਿਣ ਲੱਗਿਆ, ਮੈਂ ਵੀ ਬਦਾਇਊਂ ਜਾਣਾ ਹੈ, ਕਾਫਲਾ ਜਾ ਰਿਹਾ ਹੈ, ਉਹਦੇ ਵਿਚ ਰਲ ਗਿਆ। ਇਕ ਦਿਨ ਗੱਲ ਕਰੀ ਕਹਿੰਦਾ, ਜਿਹੜਾ ਪੀਰ ਹੈ ਨਾ ਨਿਜ਼ਾਮੂਦੀਨ ਚਲਾਕ ਬੜਾ ਹੈ ਇਹ।

ਗੁਰੂ ਦੀ ਬੁਰਾਈ ਕਦੇ ਵੀ ਸੇਵਕ ਨਹੀਂ ਸੁਣਿਆ ਕਰਦਾ। ਗੁਰੂ ਦੀ ਮਾੜੀ ਬਾਤ ਤਾਂ ਕਦੇ ਸੁਣੇ ਹੀ ਨਾ। ਗੁਰੂ ਦੀ ਬਾਤ ਸੁਣਨ ਨਾਲੋਂ ਤਾਂ ਮਰ ਜਾਣਾ ਅੱਛਾ ਹੁੰਦਾ ਹੈ। ਸੋ ਜਿਸ ਵਕਤ ਇਹ ਗੱਲ ਕਰੀ, ਉਸ ਵਕਤ

ਕਹਿਣ ਲੱਗੇ ਕਿ ਤੈਨੂੰ ਕੀ ਤਕਲੀਫ ਹੋਈ ਉਸ ਮੁਰਸ਼ਦ ਤੋਂ। ਕਹਿਣ ਲੱਗਿਆ ਕਿ ਮੈਂ ਇਸ ਤਰ੍ਹਾਂ ਦੇ ਨਾਲ ਗਿਆ ਸੀ ਉਹਦੇ ਕੋਲ। ਉਹ ਚੜ੍ਹਾਵਾ ਆਪਣੀ ਸ਼ਕਤੀ ਨਾਲ ਚੜ੍ਹਨ ਨਾ ਦਿਤਾ ਤੇ ਮੈਨੂੰ ਆਹ ਜੁੱਤੀ ਦੇ ਦਿਤੀ।

ਜੁੱਤੀ ਦਿਖਾ ਦਿਤੀ।

ਜੁੱਤੀ ਲਈ, ਅਮੀਰ ਖੁਸਰੋ ਨੇ, ਅੱਖਾਂ ਨਾਲ ਲਾਈ, ਮਸਤਕ ਨਾਲ ਲਾਈ, ਸਿਰ 'ਤੇ ਰੱਖ ਲਈ। ਕਹਿੰਦਾ, ਓਏ ਤੈਨੂੰ ਤਾਂ ਬੇਮੁੱਲੀ ਦਾਤ ਮਿਲ ਗਈ ਤੇ ਖੁਸ਼ੀ ਨਾਲ ਪੀਰ ਨੇ ਦਿਤੀ ਹੈ ਤੂੰ ਤਾਂ ਨਾ-ਸ਼ੁਕਰਾ ਹੈਂ।

ਕਹਿੰਦਾ, ਕਿੰਨੇ ਦੀ ਹੈ? ਦੋ ਚਾਰ ਪੈਸੇ ਦੀ ਹੋਣੀ ਹੈ? ਆਨੇ ਦੀ ਹੋਣੀ, ਦੁਆਨੀ ਦੀ ਹੋਣੀ। ਐਨੇ ਦੀ ਵੱਧ ਤੋਂ ਵੱਧ ਹੋਣੀ ਹੈ।

ਜਦ ਦੋ ਰੁਪਏ ਦੀ ਗਊ ਆਉਂਦੀ ਸੀ ਉਨ੍ਹਾਂ ਦਿਨਾਂ 'ਚ।

ਉਹ ਕਹਿੰਦਾ ਫੇਰ ਮੈਨੂੰ ਦੇ-ਦੇ, ਮੈਂ ਮੁੱਲ ਪਾ ਦਿੰਦਾਂ।

ਕਹਿੰਦਾ, ਪਾ ਦੇ, ਲੈ-ਲੈ ਜੁੱਤੀ।

ਕਹਿੰਦਾ, ਸਾਰੀ ਜ਼ਿੰਦਗੀ ਦਾ ਖੱਟਿਆ ਹੋਇਆ ਧਨ, ਊਠਾਂ 'ਤੇ ਲੱਦੇ ਹੋਏ ਸੋਨੇ ਚਾਂਦੀ ਦੇ ਬਰਤਨ, ਇਹ ਸਾਰੇ ਲੈ-ਲੈ ਤੇ ਕ੍ਰਿਪਾ ਕਰਕੇ ਮੈਨੂੰ ਜੋੜਾ ਦੇ-ਦੇ। ਕਹਿਣ ਲੱਗਿਆ, ਪਿਆਰਿਆ, ਮੁੱਲ ਪੂਰਾ ਨਹੀਂ ਹੈ, ਫੇਰ ਵੀ ਅਧੂਰਾ ਹੀ ਹੈ। ਸਾਰੀ ਜ਼ਿੰਦਗੀ ਦੀ ਕਮਾਈ ਦੇ ਦਿਤੀ।

ਇਹ ਕੋਈ ਖੇਡਾਂ ਨਹੀਂ ਹੋਇਆ ਕਰਦੀਆਂ। ਸਿੱਖ ਬਣਨਾ, ਮੁਰੀਦ ਬਣਨਾ ਬਹੁਤ ਮੁਸ਼ਕਲ ਹੈ। ਇਹਦੇ ਵਿਚ ਗਿਣਤੀ ਮਿਣਤੀ ਨਹੀਂ ਹੁੰਦੀ -

***ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥***

***ਅੰਗ- 474***

ਲੇਖਿਆਂ ਵਾਲੇ ਆਸ਼ਕ ਨਹੀਂ ਹੁੰਦੇ -

***ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥***
***ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ ਅੰਗ - 474***

ਸਲਾਮ ਤੇ ਜਵਾਬ ਦੇਣ ਵਾਲੇ ਸਿੱਖ ਨਹੀਂ ਹੋਇਆ ਕਰਦੇ। ਆਸ਼ਕ ਓਹੀ ਹੁੰਦਾ ਹੈ ਜਿਹੜਾ ਸਿਰ ਲਾਹ ਕੇ ਦੇ ਦੇਵੇ। ਆਪਣਾ ਆਪਾ ਦੇ ਦੇਵੇ। ਆਪਣਾ ਸਰੀਰ ਵੇਚ ਦੇਵੇ। ਕਹਿੰਦੇ, ਉਹ ਹੁੰਦਾ ਹੈ। ਦੂਜਾ ਤਾਂ ਹੁੰਦਾ ਹੀ ਨਹੀਂ। ਉਹ ਤਾਂ ਗੱਲਾਂ ਵਾਲੇ ਬੰਦੇ ਨੇ।

ਜੋੜਾ ਲੈ ਕੇ ਅਮੀਰ ਖੁਸਰੋ ਦਿੱਲੀ ਵਾਪਸ ਚਲਿਆ ਗਿਆ। ਉਥੇ ਜਾ ਕੇ ਅਉਲੀਏ ਨੇ ਪੁਛਿਆ, ਖੁਸਰੋ! ਤੈਨੂੰ ਛੁੱਟੀ ਦਿਤੀ ਸੀ ਘਰ ਜਾਣ ਦੀ, ਤੂੰ ਰਾਹ 'ਚੋਂ ਮੁੜ ਆਇਆ। ਕਹਿਣ ਲੱਗਿਆ, ਪੀਰ ਜੀ! ਮੇਰੇ ਤੋਂ ਬੜੀ ਭਾਰੀ ਭੁੱਲ ਹੋਈ। ਤੁਸੀਂ ਮੇਰੇ 'ਤੇ ਬੜੀ ਕ੍ਰਿਪਾ ਕਰੀ, ਆਪਣਾ ਜੋੜਾ ਭੇਜ ਕੇ ਮੈਨੂੰ ਵਾਪਸ ਬੁਲਾ ਲਿਆ।

ਹੁਣ ਕਿੰਨਾ ਪੀਰ ਖੁਸ਼ ਹੋਇਆ ਹੋਣਾ। ਤਿਆਗ ਕਿੰਨਾ ਜ਼ਬਰਦਸਤ ਹੈ। ਸਾਰੀ ਜ਼ਿੰਦਗੀ ਦੀ ਕਮਾਈ ਦੇ ਦਿਤੀ। ਪੀਰ ਦੇ ਜੋੜੇ ਬਦਲੇ। ਭਾਈ ਨੰਦ ਲਾਲ ਕਹਿੰਦੇ ਨੇ ਕਿ ਗੁਰੂ ਦਸ਼ਮੇਸ਼ ਪਿਤਾ ਜੀ ਦੇ ਇਕ ਰੋਮ ਦੇ ਬਦਲੇ ਦੋ ਜਹਾਨ ਮੁੱਲ ਦੇਣਾ ਵੀ ਸਸਤਾ ਹੀ ਹੈ -

***ਦੀਨ ਦੁਨੀਆ, ਦਰ ਕਮੰਦੇ, ਆਂ ਪਰੀ ਰੁਖਸਾਰਿ ਮਾ।***
***ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰਿ ਮਾ।***

ਉਸ ਵੇਲੇ ਪੀਰ ਨੇ ਜਾਣ ਦੀ ਤਿਆਰੀ ਕਰ ਲਈ ਤੇ ਕਿ ਕੀਹਨੂੰ ਸੰਭਾਲ ਕੇ ਜਾਈਏ। ਉਸ ਵੇਲੇ 32 ਚੇਲੇ ਸੀ ਇਕ ਤੋਂ ਇਕ ਚੜ੍ਹਦਾ। ਕਹਿਣ ਲੱਗੇ ਪਿਆਰਿਓ! ਆਪਾਂ ਕਦੇ ਦਿੱਲੀ ਨਹੀਂ ਦੇਖੀ। ਹੁਣ ਦਿੱਲੀ ਦੇਖਣੀ ਹੈ। ਦਿੱਲੀ 'ਚ ਵੜ ਗਏ, ਜਾ ਕੇ ਵੇਸਵਾਵਾਂ ਦੇ ਬਜ਼ਾਰ 'ਚ ਚਲੇ ਗਏ। ਅਧਰਮ ਬਜ਼ਾਰ 'ਚ। ਸਾਰੇ ਹੈਰਾਨ ਹੋ ਗਏ ਕਿ ਪੀਰ ਜੀ ਕਿਤੇ ਹੋਰ ਤਾਂ ਚਲਦੇ। ਵਧੀਆ-ਵਧੀਆ ਬਜ਼ਾਰ ਨੇ ਆਹ ਕਿਹੜੇ ਬਜ਼ਾਰ 'ਚ ਵੜ ਗਏ। ਦੇਖਦੇ-ਦੇਖਦੇ ਇਕ ਵੇਸਵਾ ਜੁਆਨ ਜਿਹੀ ਹੈ ਉਥੇ ਜਾ ਕੇ ਠਹਿਰ ਗਏ, ਪੌੜੀਆਂ ਚੜ੍ਹ ਕੇ ਉਹਦੇ ਕੋਲ ਚਲੇ ਗਏ। ਜਾ ਕੇ ਐਸੀ ਦ੍ਰਿਸ਼ਟੀ ਕਰੀ, ਸੁਰਤ ਬਦਲ ਦਿਤੀ ਉਹਦੀ। ਜਿਸ ਤਰ੍ਹਾਂ ਬਾਬਾ ਭਾਗ ਸਿੰਘ ਜੀ ਗਏ ਸੀ 22 ਸਾਲ ਦੀ ਉਮਰ 'ਚ, ਸੁਰਤ ਬਦਲ ਦਿਤੀ ਸੀ ਉਹਦੀ ਦ੍ਰਿਸ਼ਟੀ ਦੇ ਨਾਲ। ਕਹਿਣ ਲੱਗੇ, ਬੇਟੀ! ਮੈਨੂੰ ਤੇਰੇ ਤੱਕ ਕੰਮ ਹੈ ਬੜਾ ਜ਼ਬਰਦਸਤ ਤੂੰ ਕਰ ਸਕਦੀ ਹੈਂ।

ਕਹਿੰਦੀ, ਦੱਸੋ, ਅੱਬਾ ਜਾਨ! ਜੋ ਕਹੋਗੇ ਮੈਂ ਕਰਾਂਗੀ।

ਕਹਿਣ ਲੱਗੇ, ਆਹ ਮੇਰੇ 32 ਚੇਲੇ ਨੇ ਇਨ੍ਹਾਂ ਨੂੰ ਨਠਾ ਸਕਦੀ ਹੈਂ? ਕੋਈ ਐਹੋ ਜਿਹਾ ਡਰਾਮਾ ਰਚ, ਕੋਈ ਐਹੋ ਜਿਹਾ ਜਾਲ ਰਚ ਜਿਹਦੇ ਨਾਲ ਇਹ ਸਾਰੇ ਨੱਠ ਜਾਣ। ਕਹਿੰਦੀ, ਇਹ ਤਾਂ ਮਾਮੂਲੀ ਗੱਲ ਹੈ, ਮੇਰੇ ਵਾਸਤੇ। ਪਰ ਮੇਰੀ ਗੁਸਤਾਖੀ ਮੁਆਫ ਕਰਿਓ।

ਕਹਿੰਦੇ, ਠੀਕ ਹੈ।

ਕਹਿਣ ਲੱਗੀ, ਤੁਸੀਂ ਅੰਦਰ ਜਾ ਕੇ ਆਰਾਮ ਨਾਲ ਬੈਠ ਜਾਓ। ਮੈਂ ਜਾਣਾ ਜਾਂ ਇਹ ਬੰਦੇ, ਸਵੇਰੇ ਤੱਕ ਇਕ ਨਹੀਂ ਰਹੇਗਾ ਇਥੇ। ਉਸ ਵੇਲੇ ਜਾਂਦੀ ਹੈ ਬਾਹਰ, ਬਾਹਰ ਜਾ ਕੇ ਉਨ੍ਹਾਂ ਨੂੰ ਸੁਣਾ ਕੇ ਕਹਿੰਦੀ ਹੈ ਕਿ ਅਉਲੀਆ ਨੇ ਤਾਂ ਇਹ ਗੱਲ ਕਹਿ ਦਿਤੀ ਕਿ ਮੈਂ ਤਾਂ ਹੁਣ ਇਥੇ ਹੀ ਰਿਹਾ ਕਰਾਂਗਾ। ਮੈਂ ਹੀ ਸੇਵਾ ਕਰਿਆ ਕਰਾਂਗੀ। ਬਾਕੀ ਬੰਦੇ ਆਉਂਦੇ ਨੇ, ਰੋਕ ਦਿਓ ਸਾਰਿਆਂ ਨੂੰ। ਜਾਓ ਜਾ ਕੇ ਇਹਦੇ ਵਾਸਤੇ ਸ਼ਰਾਬ ਲੈ ਕੇ ਆਓ। ਮੂੰਹ ਉਡ ਗਿਆ ਚੇਲਿਆਂ ਦਾ ਕਿ ਆਹ ਕੀ ਪੀਰ ਜੀ ਕਰਨ ਲਗ ਗਏ। ਇਕ ਵਾਰੀ ਆ ਗਿਆ, ਦੂਜੀ ਵਾਰੀ ਫੇਰ ਭੇਜ ਦਿਤੇ, ਜਾਓ ਹੋਰ ਲਿਆਓ। 15-16 ਖਿਸਕ ਗਏ ਕਿ ਐਵੇਂ ਭੁਲੇਖੇ 'ਚ ਰਹੇ, ਇਹ ਤਾਂ ਪੀਰ ਬਿਲਕੁਲ ਕੱਚਾ ਪੀਰ ਹੈ। ਉਸ ਤੋਂ ਬਾਅਦ ਬਾਰ-ਬਾਰ ਕਰੀ ਜਾਂਦੀ ਹੈ ਰਾਤ ਦੇ ਦਸ ਵਜ ਗਏ। ਜਾ ਕੇ ਕਹਿਣ ਲੱਗੀ, ਹਜ਼ੂਰ!

ਦੋ ਰਹਿ ਗਏ ਨੇ, ਬਾਕੀ ਤਾਂ ਖਿਸਕ ਗਏ ਸਾਰੇ। ਕਹਿੰਦੇ, ਇਨ੍ਹਾਂ ਨੂੰ ਵੀ ਨਠਾਓ।

ਚਾਰ ਵਜੇ ਰਿਪੋਰਟ ਦਿਤੀ ਕਿ ਇਕ ਚਲਿਆ ਗਿਆ, ਇਕ ਰਹਿ ਗਿਆ ਉਹ ਨਹੀਂ ਜਾਂਦਾ।

ਕਹਿੰਦੇ, ਉਹਨੂੰ ਕਿਸੇ ਤਰੀਕੇ ਨਾਲ ਕੱਢੋ।

ਕਹਿਣ ਲੱਗੀ, ਹਜ਼ੂਰ! ਹੁਣ ਤਾਂ ਹੱਥ ਚੁੱਕਣਾ ਪੈਣਾ ਹੈ। ਮਾਰਨਾ ਪੈਣੈ, ਕੁੱਟਣਾ ਪੈਣੈ।

ਕਹਿੰਦੇ, ਕੁੱਟੋ।

ਉਸ ਵੇਲੇ ਜਿਹੜੇ ਨੌਕਰ ਸੀ ਉਹ ਕੁੱਟਣ ਲੱਗ ਗਏ, ਕਹਿੰਦੇ ਜਾਂਦਾ ਹੈਂ ਜਾਂ ਨਹੀਂ?

ਜਾਂਦਾ ਨੀਂ ਹੈ, ਜਿਥੇ ਤੱਕ ਧੱਕੇ ਦਿੰਦੇ ਨੇ, ਉਥੇ ਫੇਰ ਖੜ੍ਹ ਜਾਂਦਾ ਹੈ। ਜਦੋਂ ਉਹ ਵਾਪਸ ਆ ਜਾਂਦੇ ਨੇ, ਫੇਰ ਆ ਜਾਂਦਾ ਹੈ। ਇਸ ਤੋਂ ਬਾਅਦ ਫੇਰ ਰਿਪੋਰਟ ਦਿਤੀ ਕਿ ਮਹਾਰਾਜ! ਉਹ ਨਹੀਂ ਜਾਂਦਾ।

ਕਹਿੰਦੇ, ਪੈਰਾਂ ਤੋਂ ਖਿੱਚ ਕੇ ਸੁੱਟ ਆਓ। ਕੁੱਤੇ ਵਾਂਗਣ ਧੂਹ ਕੇ ਸੁੱਟ ਆਂਦਾ। ਫੇਰ ਆ ਗਿਆ, ਜ਼ਖਮੀ ਹੋ ਗਿਆ।

ਕਹਿੰਦੇ, ਉਹ ਨਹੀਂ ਜਾਂਦਾ ਮਹਾਰਾਜ।

ਉਸ ਵੇਲੇ ਪੀਰ ਬਾਹਰ ਆ ਗਿਆ। ਕਹਿਣ ਲੱਗਿਆ, ਉਹ ਖੁਸਰੋ! ਜਿਥੇ 31 ਗਏ ਤੂੰ ਕਿਉਂ ਨਾ ਗਿਆ।

ਉਸ ਵੇਲੇ ਉਹਨੇ ਜਵਾਬ ਦਿਤਾ, ਕਹਿਣ ਲੱਗਿਆ, ਪੀਰ ਜੀ! ਜਿਨ੍ਹਾਂ ਦਾ ਕੋਈ ਥਾਂ ਸੀ, ਉਹ ਚਲੇ ਗਏ। ਪੀਰ ਜੀ! ਮੇਰਾ ਤਾਂ ਕੋਈ ਥਾਂ ਹੀ ਨਹੀਂ ਹੈ। ਮੈਨੂੰ ਦੱਸੋ ਮੈਂ ਜਾਵਾਂ ਕਿੱਥੇ? ਜੇ ਮੇਰਾ ਕੋਈ ਥਾਂ ਤੁਹਾਡੇ ਚਰਨਾਂ ਤੋਂ ਬਗੈਰ ਹੋਵੇ ਤਾਂ, ਤਾਂ ਮੈਂ ਚਲਿਆ ਜਾਵਾਂ। ਮੇਰਾ ਤਾਂ ਸੰਸਾਰ ਦੇ ਵਿਚ ਤੇਰੇ ਬਗੈਰ ਹੋਰ ਹੈ ਕੋਈ ਨਹੀਂ –

*ਧਾਰਨਾ – ਕੋਈ ਕਿਸੇ ਦਾ, ਕਿਸੇ ਦਾ ਹੈ ਕੋਈ।*
*ਮੇਰਾ ਤੂੰ ਹੈਂ ਏਕੋ ਮਾਲਕਾ।*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*

*ਅੰਗ– 792*

*ਦੋਹਰਾ॥ ਸਗਲ ਦੁਆਰ ਕੋਉ ਛਾਡਿਕੈ।*
*ਗਹਿਓ ਤੁਹਾਰੋ ਦੁਆਰ।*
*ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।*

ਕਹਿਣ ਲੱਗੇ, ਮੁਰਸ਼ਦ ਜਿਨ੍ਹਾਂ ਦਾ ਕੋਈ ਥਾਂ ਸੀ ਦੁਨੀਆਂ 'ਚ ਉਹ ਚਲੇ ਗਏ। ਮੈਨੂੰ ਤਾਂ ਤੇਰੇ ਚਰਨਾਂ ਤੋਂ ਬਗੈਰ ਹੋਰ ਕੋਈ ਥਾਂ ਨਹੀਂ, ਦਸ

ਮੈਂ ਕਿੱਥੇ ਜਾਵਾਂ?

ਉਸ ਵੇਲੇ ਉਤਰੇ ਬੁੱਕਲ 'ਚ ਲੈ ਲਿਆ। ਨੇਤਰਾਂ 'ਚੋਂ ਪੀਰ ਦੇ ਜਲ ਜਾਂਦਾ ਹੈ। ਐਨਾ ਪਿਆਰ ਕੀਤਾ, ਕਹਿਣ ਲੱਗਿਆ, ਖੁਸਰੋ! ਤੇਰੇ 'ਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਹਿ ਗਿਆ। ਬ੍ਰਹਮਗਿਆਨ ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਬਖਸ਼ ਦਿਤੇ।

ਸੋ ਇਹ ਕਸਵੱਟੀ ਹੈ, ਜਦੋਂ ਕਸਵੱਟੀ ਲਗ ਜਾਂਦੀ ਹੈ ਉਹਦੇ 'ਚੋਂ ਪਾਸ ਹੋ ਜਾਂਦਾ ਹੈ, ਫੇਰ ਗੁਰੂ ਸਭ ਕੁਛ ਦੇ ਦਿੰਦਾ ਹੈ। ਆਪਣੇ ਕੋਲ ਕੁਛ ਨਹੀਂ ਰਖਦਾ।

ਉਸ ਵੇਲੇ ਬਾਬਾ ਫਰੀਦ 'ਤੇ ਕਸਵੱਟੀ ਲਗ ਗਈ। ਬਾਰਿਸ਼ ਪੈਣ ਲੱਗ ਗਈ। ਸਰਦੀਆਂ ਦਾ ਮਹੀਨਾ ਹੈ। ਛਾਛੜੇ ਦਾ ਮੀਂਹ ਪੈਂਦਾ ਹੈ, ਹਵਾ ਠੱਕਾ ਚਲਦਾ ਹੈ ਬਹੁਤ। ਐਨੇ ਜ਼ੋਰ ਦਾ ਛਰਾਟਾ ਅੰਦਰ ਆਇਆ, ਵਰਾਂਡੇ 'ਚ ਜਿਥੇ ਅੱਗ ਰੱਖੀ ਹੋਈ ਸੀ ਅੱਗ ਬੁਝ ਗਈ। ਬਾਬਾ ਫਰੀਦ ਆਪਣੇ ਨੇਮ ਨਾਲ ਉਠਿਆ ਕਿ ਮੈਂ ਮੁਰਸ਼ਦ ਦਾ ਇਸ਼ਨਾਨ ਕਰਾਵਾਂ। ਜਦੋਂ ਹੱਥ ਮਾਰਿਆ ਅੱਗ ਕੋਲ, ਉਹ ਗਿੱਲੀ ਸੁਆਹ। ਉਸ ਵੇਲੇ ਧਰਤੀ ਨਿਕਲ ਗਈ ਪੈਰਾਂ ਥੱਲੋਂ। ਚੱਕਰ ਆ ਗਿਆ। ਕਹਿਣ ਲੱਗਿਆ, ਐਨੇ ਭਾਗ ਹਾਰ ਗਏ ਮੇਰੇ ਤੇ ਚੌਵੀਂ ਸਾਲ ਤੇ ਚੌਦਾਂ ਸਾਲ, 38 ਸਾਲ ਦੀ ਜੋ ਮਿਹਨਤ ਹੈ, ਅੱਜ ਜੇ ਪੀਰ ਦਾ ਇਸ਼ਨਾਨ ਨਾ ਮੈਂ ਕਰਾ ਸਕਿਆ। ਸਾਰੀ ਜ਼ੀਰੋ ਬਣ ਜਾਣੀ ਹੈ, ਕੁਛ ਨਹੀਂ ਰਹਿਣਾ। ਜੇ ਪੀਰ ਨਰਾਜ਼ ਹੋ ਗਿਆ, ਗਿਆ ਆਇਆ ਸਭ ਕੁਛ -

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥***

***ਅੰਗ - 1422***

ਹੱਦ ਤੋਂ ਜ਼ਿਆਦਾ ਔਖੀ ਹੈ, ਉਸ ਵੇਲੇ ਇਰਾਦਾ ਕਰਿਆ ਕਿ ਮੈਂ ਸ਼ਹਿਰ ਜਾਵਾਂ ਤੇ ਅੱਗ ਲੈ ਕੇ ਆਵਾਂ। ਉਸ ਵਕਤ ਬੜੇ ਮਨ ਵਿਚ ਖਿਆਲ ਆਉਂਦੇ ਨੇ। ਮੀਂਹ ਪੈ ਰਿਹਾ ਹੈ, ਸ਼ਹਿਰ ਦੂਰ ਹੈ, ਬਾਹਰ ਹੈ ਡੇਰਾ। ਉਸ ਵੇਲੇ ਸਾਰੇ ਫੈਸਲੇ ਕਰਕੇ -

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥***

***ਅੰਗ - 1379***

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਭਿੱਜ ਭਾਵੇਂ ਜਾਵੇ ਕੰਬਲੀ।***

ਫੈਸਲਾ ਕਰ ਲਿਆ, ਮੀਂਹ ਪੈਂਦੇ 'ਚ ਸ਼ਹਿਰ 'ਚ ਜਾ ਪਹੁੰਚਦੇ ਨੇ। ਹਨ੍ਹੇਰ ਘੁੱਪ ਹੈ ਗਲੀਆਂ ਦੇ ਅੰਦਰ। ਇਕ ਦਰਵਾਜ਼ੇ ਦੀਆਂ ਚੀਥਾਂ 'ਚੋਂ ਕੁਝ ਚਾਨਣਾ ਨਜ਼ਰ ਆਇਆ। ਜਾ ਕੇ ਦਸਤਕ ਦਿਤੀ। ਅੰਦਰੋਂ ਆਵਾਜ਼ ਆਈ ਕੌਣ? ਪਤਾ ਲੱਗ ਗਿਆ ਕਿ ਕੋਈ ਬੀਬੀ ਬੋਲਦੀ ਹੈ। ਕਹਿਣ ਲੱਗਿਆ, ਬੇਟੀ! ਮੈਂ ਫਰੀਦ ਹਾਂ, ਪੀਰ ਜੀ ਦਾ ਅਧਨਾ ਜਿਹਾ ਮੁਰੀਦ,

ਮੈਨੂੰ ਕੰਮ ਹੈ ਬੇਟੀ ਤੇਰੇ ਤੱਕ।

ਸਖਤ ਹੋ ਗਈ। ਕਹਿਣ ਲੱਗੀ, ਫਰੀਦਾ! ਇਹ ਜਗ੍ਹਾ ਪੀਰਾਂ ਮੁਰੀਦਾਂ ਦੀ ਨਹੀਂ ਹੈ। ਇਹ ਤਾਂ ਨਰਕਾਂ ਦਾ ਜਿਹਨੇ ਟਿਕਟ ਲੈਣਾ ਹੋਵੇ -

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥***

***ਅੰਗ - 642***

ਇਥੇ ਤਾਂ ਤੂੰ ਵੇਸਵਾ ਦੇ ਘਰ ਮੂਹਰੇ ਖੜ੍ਹਾ ਹੈਂ ਤੂੰ, ਤੇਰਾ ਸਾਡੇ ਨਾਲ ਕੀ ਕੰਮ? ਮੈਂ ਕਿਸੇ ਦੀ ਬੇਟੀ ਨੀਂ। ਕਹਿਣ ਲੱਗਿਆ, ਬੇਟਾ! ਮੇਰੀ ਗੱਲ ਸੁਣ।

ਇਕ ਦਮ ਆਈ ਬੜੇ ਕ੍ਰੋਧ ਦੇ ਅੰਦਰ। ਕਹਿਣ ਲੱਗੀ, ਕੀ ਗੱਲ ਹੈ? ਤੂੰ ਤੰਗ ਕਰਦਾ ਹੈਂ ਸੌਣ ਨਹੀਂ ਦਿੰਦਾ? ਕਹਿਣ ਲੱਗਿਆ, ਇਸ ਵੇਲੇ ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ, ਅੱਗ ਬੁੱਝ ਚੁੱਕੀ ਹੈ। ਕ੍ਰਿਪਾ ਕਰਕੇ ਮੈਨੂੰ ਇਕ ਅੱਗ ਦਾ ਕੋਲਾ ਦੇ-ਦੇ। ਮੈਂ ਅੱਗ ਜਾ ਕੇ ਜਲਾ ਲਵਾਂ।

ਉਸ ਵੇਲੇ ਕਹਿਣ ਲੱਗੀ, ਆਹ ਮੀਂਹ ਪੈਂਦੇ 'ਚ, ਜੇ ਠਹਿਰ ਕੇ ਨ੍ਹਾਹ ਲਊਗਾ ਤਾਂ ਕੀ ਫਰਕ ਪੈਂਦੈ। ਕਹਿੰਦਾ, ਨਹੀਂ ਬੀਬੀ! ਸਾਡੇ ਨੇਮ ਹੋਇਆ ਕਰਦੇ ਨੇ। ਸਾਡਾ ਨੇਮ ਟੁੱਟ ਗਿਆ, ਸਭ ਕੁਛ ਜਾਂਦਾ ਰਹੇਗਾ। ਇਕ ਗਲਤੀ ਕਰ ਲਈਏ, ਸਾਰਾ ਕੁਛ ਹੀ ਜਾਂਦਾ ਰਿਹਾ। ਸੋ ਇਹ ਪੀਰਾਂ ਤੇ ਮੁਰੀਦਾਂ ਦਾ ਮਾਮਲਾ ਹੈ ਤੂੰ ਕ੍ਰਿਪਾ ਕਰ ਮੈਨੂੰ ਅੱਗ ਦੇ ਦੇ।

ਕਹਿਣ ਲੱਗੀ, ਫੇਰ ਅੱਗ ਮੁਫਤ ਤਾਂ ਮਿਲਣੀ ਨਹੀਂ ਨਾ?

ਕਹਿਣ ਲੱਗਿਆ -

***ਤਨ ਗੰਦਗੀ ਦੀ ਹੈ ਕੋਠੜੀ,***
***ਹਰਿ ਹੀਰਿਆਂ ਦੀ ਖਾਨ।***
***ਸਿਰ ਦਿਤਿਆ ਜੇ ਹਰਿ ਮਿਲੇ***
***ਤਾਂ ਵੀ ਸਸਤਾ ਜਾਣ।***

ਕਹਿੰਦੇ, ਬੇਟੀ! ਜੇ ਮੇਰਾ ਸਿਰ ਵੀ ਤੂੰ ਲੈਣਾ ਚਾਹੇਂ ਉਹ ਵੀ ਮੈਂ ਦੇਣ ਨੂੰ ਤਿਆਰ ਹਾਂ।

ਕਹਿੰਦੀ, ਮੈਨੂੰ ਇੱਕ ਅੰਗ ਦੇ ਸਰੀਰ ਦਾ।

ਹੁਕਮ ਕਰ।

ਕਹਿਣ ਲੱਗੀ, ਅੱਖ ਦਾ ਡੇਲ੍ਹਾ ਕੱਢ ਦੇ। ਛੁਰੀ ਮੰਗਾ ਲਈ ਤੇ ਪਲੇਟ ਮੰਗਾ ਲਈ। ਅੱਗੇ ਅੱਖ ਕਰ ਦਿਤੀ। ਕਹਿੰਦੀ, ਮੈਂ ਨਹੀਂ ਕੱਢਣਾ, ਆਪੇ ਕੱਢ।

ਬੜਾ ਔਖਾ ਹੈ ਸਾਧਸੰਗਤ ਜੀ! ਬਚਨ ਕਰ ਲੈਣੇ ਸੁਖਾਲੇ ਨੇ। ਲੇਕਿਨ ਐਸਾ ਫੁਰਮਾਨ ਹੈ -

*ਧਾਰਨਾ - ਡੇਰਾ ਨੀਂ ਜਿੰਦੇ, ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- 1412*

ਉਸ ਵੇਲੇ ਬਾਬਾ ਫਰੀਦ ਨੇ ਝਟਕਾ ਮਾਰਿਆ, ਡੇਲ੍ਹਾ ਕੱਢ ਕੇ ਪਲੇਟ 'ਚ ਰੱਖ ਦਿਤਾ। ਦਸਤਾਰ ਪਾੜ੍ਹੀ ਪਾੜ ਕੇ ਅੱਖ ਦੇ ਉਤੇ ਬੰਨ੍ਹ ਲਈ। ਅੱਗ ਲੈ ਲਈ ਤੇ ਲੈ ਕੇ ਆ ਕੇ, ਮੁਰਸ਼ਦ ਦਾ ਇਸ਼ਨਾਨ ਕਰਾਇਆ। ਕੋਈ ਗੱਲ ਨਹੀਂ ਕਰੀ ਕਿ ਮਹਾਰਾਜ! ਮੈਂ ਅੱਜ ਬਹੁਤ ਔਖਾ ਹੋ ਕੇ ਆਪ ਦਾ ਇਸ਼ਨਾਨ ਕਰਾਇਆ। ਜਾਣਦਾ ਹੈ ਕਿ ਅੰਤਰਜਾਮੀ ਨੇ, ਸਭ ਗੱਲ ਜਾਣਦੇ ਨੇ। ਮੇਰੇ ਨਾਲ ਰਹਿੰਦੇ ਨੇ, ਮੈਨੂੰ ਹਰ ਵਕਤ ਦੇਖਦੇ ਨੇ। ਜਿਹਨੂੰ ਐਨੀ presence ਹੋਵੇ ਆਪਣੇ ਗੁਰੂ ਦੇ ਉਤੇ, ਉਹ ਚੜ੍ਹਾਈ ਚੜ੍ਹਦਾ ਹੈ, ਦੂਜਾ ਨਹੀਂ ਚੜ੍ਹਦਾ ਹੁੰਦਾ। ਦੂਜਾ ਰਹਿ ਜਾਂਦੈ।

ਸੋ ਜਿਸ ਵਕਤ ਦਿਨ ਚੜ੍ਹ ਗਿਆ, ਉਸ ਵੇਲੇ ਪੀਰ ਨੇ ਕਿਹਾ ਕਿ ਫਰੀਦ ਕਿੱਥੇ ਹੈ? ਬਾਕੀ ਸਾਰੇ ਨਜ਼ਰ ਆਉਂਦੇ ਨੇ?

ਕਹਿੰਦੇ, ਮਹਾਰਾਜ! ਬੈਠਾ ਹੈ ਉਹ।

ਮੁਰਸ਼ਦ ਨੇ ਕਿਹਾ ਕਿ ਬੁਲਾਓ ਉਸ ਨੂੰ?

ਬੁਲਾਇਆ ਤਾਂ ਉਸ ਵੇਲੇ ਸਵਾਲ ਕੀਤਾ, ਕਹਿੰਦੇ, ਫਰੀਦਾ! ਅੱਖ ਬੰਨ੍ਹੀਂ ਐ ਬਈ?

ਜੇ ਅੱਖ ਦੁਖਦੀ ਹੋਵੇ ਤਾਂ ਪੰਜਾਬੀ 'ਚ ਕਹਿੰਦੇ ਨੇ ਕਿ ਮੇਰੀ ਅੱਖ ਆਈ ਹੋਈ ਹੈ।

ਕਹਿੰਦਾ, ਪੀਰ ਜੀ! ਅੱਖ ਆਈ ਹੋਈ ਹੈ।

ਕਹਿੰਦੇ, ਫੇਰ ਖੋਲ੍ਹ ਦੇ ਪੱਟੀ ਆਈਆਂ ਅੱਖਾਂ ਨੂੰ ਨਹੀਂ ਬੰਨ੍ਹੀਦਾ ਹੁੰਦਾ, ਗਈਆਂ ਨੂੰ ਬੰਨ੍ਹੀਂਦਾ ਹੁੰਦੈ।

ਪੱਟੀ ਖੋਲ੍ਹ ਦਿਤੀ। ਕੀ ਦੇਖਦੇ ਨੇ, ਉਸੇ ਤਰ੍ਹਾਂ ਡੇਲ੍ਹਾ ਮਿਲ ਗਿਆ। ਐਨਾ ਹੀ ਨਹੀਂ ਕਰਿਆ, ਉਸ ਵੇਲੇ ਮੁਰਸ਼ਦ 'ਨੇ ਉੱਠ ਕੇ ਜੱਫੀ 'ਚ ਲੈ ਲਿਆ ਫਰੀਦ ਨੂੰ। ਆਪਣੀ ਸਾਰੀ ਸ਼ਕਤੀ, ਰਿੱਧੀਆਂ-ਸਿੱਧੀਆਂ, ਪੂਰਨ ਬ੍ਰਹਮਗਿਆਨ ਸਾਰਾ ਹੀ ਉਸ ਨੂੰ ਜਣਾ ਦਿਤਾ। ਉਸ ਵੇਲੇ ਐਸੀ ਅਵਸਥਾ ਹੋ ਗਈ, ਦਿੱਬਯ ਦ੍ਰਿਸ਼ਟੀ ਖੁੱਲ੍ਹ ਗਈ। ਉਹ ਅੱਖ ਮਿਲ ਗਈ -

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- 407*

ਐਸੀ ਉਸ ਨੂੰ ਦ੍ਰਿਸ਼ਟੀ ਪ੍ਰਾਪਤ ਹੋ ਗਈ। ਜਿਹੜਾ ਵਾਹਿਗੁਰੂ ਕਿਸੇ ਨੂੰ ਦਿਸਦਾ ਨਹੀਂ ਹੈ, ਉਹ ਉਹਨੂੰ ਦਿਖਾ ਦਿਤਾ –

*ਧਾਰਨਾ – ਅੱਖਾਂ ਨਾਲ ਓ ਵੇਖ ਲਿਆ,*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ।*

ਉਹ ਪ੍ਰਭੂ ਜਿਹੜਾ ਨਾਲ ਰਹਿੰਦਾ ਹੋਇਆ, ਕਿਸੇ ਨੂੰ ਨਹੀਂ ਦਿਸਦਾ, ਨਾ ਦੇਵੀਆਂ ਨੂੰ, ਨਾ ਦੇਵਤਿਆਂ ਨੂੰ –

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*

*ਅੰਗ– 7*

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ– 922*

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥ 1 ॥*

*ਅੰਗ – 293*

ਹਨ੍ਹੇਰਾ ਦੂਰ ਹੋ ਗਿਆ, ਪ੍ਰਕਾਸ਼ ਦੇ ਵਿਚ ਦਿਸਦਾ ਕੀ ਹੈ? ਜਿੱਧਰ ਦੇਖਦਾ ਹੈ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ–

*ਤੂੰ ਆਦਿ ਪੁਰਖੁ ਅਪਰੰਪਰੁ ਕਰਤਾ*
*ਤੇਰਾ ਪਾਰੁ ਨ ਪਾਇਆ ਜਾਇ ਜੀਉ ॥*
*ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ*
*ਸਭ ਮਹਿ ਰਹਿਆ ਸਮਾਇ ਜੀਉ ॥ ਅੰਗ – 448*

ਹਰੇਕ ਘਟ ਦੇ ਵਿਚ ਓਹੀ ਪ੍ਰਮੇਸ਼ਰ ਵਿਆਪਦਾ ਨਜ਼ਰ ਕਰਾ ਦਿਤਾ, ਗੁਰੂ ਨੇ। ਗੁਰੂ ਤੋਂ ਬਗੈਰ ਇਹ ਗੱਲ ਨਹੀਂ ਹੁੰਦੀ। ਗੁਰੂ ਦਾ ਕੰਮ ਹੁੰਦਾ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ – 1291*

ਗੁਰੂ ਉਹ ਹੁੰਦੈ ਜਿਹੜਾ ਆਹ ਸਰੀਰ ਦੇ ਘਰ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ।

*ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਅੰਗ– 279*
*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਅੰਗ – 286*

ਖੋਜਦੇ-ਖੋਜਦੇ ਤੱਤ ਦੇ ਵਿਚ ਪਹੁੰਚਦੇ ਹਾਂ ਕਿ ਐਹ ਸਰੀਰ ਦੇ ਵਿਚ ਵਾਹਿਗੁਰੂ ਰਹਿੰਦੈ। ਸੋ ਉਹ ਪ੍ਰਮੇਸ਼ਰ ਦਿਖਾ ਦੇਣਾ ਗੁਰੂ ਦਾ ਕੰਮ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

***ਅੰਗ- 1291***

ਉਹ ਸੁਲਤਾਨ ਨੂੰ ਜਦੋਂ ਦੇਖਦਾ ਹੈ ਸਾਮ੍ਹਣੇ, ਉਸ ਵੇਲੇ ਇਕ ਗੱਲ ਹੁੰਦੀ ਹੈ, 'ਮੈਂ' ਮਰ ਜਾਂਦੀ ਹੈ ਬਿਲਕੁਲ, ਆਪ ਨਹੀਂ ਰਹਿੰਦਾ।

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*

***ਅੰਗ- 1375***

ਦੋ ਨਹੀਂ ਰਹਿੰਦੇ, ਇਕੋ ਹੀ ਹੋ ਜਾਂਦਾ ਹੈ।

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥*

***ਅੰਗ- 1369***

ਉਹ ਟੋਲ੍ਹਣ ਗਿਆ ਸੀ ਰੱਬ ਨੂੰ ਤੇ ਜਦੋਂ ਰੱਬ ਦਿਸਿਆ 'ਮੈਂ' ਰਹੀ ਨਾ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥* ***ਅੰਗ- 657***

'ਮੈਂ' ਮਰ ਗਈ, ਹੁਣ ਰੱਬ ਹੀ ਰਹਿ ਗਿਆ। ਜੋ ਸੱਚ ਸੀ ਉਹ ਪ੍ਰਕਾਸ਼ ਹੋ ਗਿਆ। ਲੇਕਿਨ ਮਾਇਆ ਦੇ ਅਸਰ ਕਰਕੇ ਸਾਧਸੰਗਤ ਜੀ, ਸਾਨੂੰ ਪ੍ਰਤੱਖ ਵਰਤਦਾ ਵਾਹਿਗੁਰੂ ਨਜ਼ਰ ਨਹੀਂ ਆਉਂਦਾ। ਇਹ ਗੁਰੂ ਦਾ ਕੰਮ ਹੈ ਕਿ ਸਾਡੀ ਹਉਮੈ ਦੀ ਮੈਲ ਨੂੰ ਕੱਟ ਦੇਵੇ ਤੇ ਸਾਨੂੰ ਪ੍ਰਮੇਸ਼ਰ ਨਜ਼ਰ ਆ ਜਾਵੇ, ਅਸੀਂ ਉਹ ਪ੍ਰਾਪਤੀ ਕਰ ਲਈਏ, ਜਿਹਦੇ ਵਾਸਤੇ ਇਹ ਮਨੁੱਖ ਸਰੀਰ ਮਿਲਿਆ। ਹੁਣ ਇਹ ਹੈ ਕਿ ਗੁਰੂ ਤਾਂ ਅਸੀਂ ਧਾਰਨ ਕਰ ਲਿਆ। 'ਨਾਮ' ਲੈ ਲਿਆ ਪੰਜ ਪਿਆਰਿਆਂ ਤੋਂ। ਅਗਾਂਹਾਂ ਕੀ ਹੋਣਾ ਚਾਹੀਦਾ ਹੈ? ਅਗਾਹਾਂ ਹੈ ਕਿ ਪੰਜ ਪਿਆਰੇ ਜਿਹੜੇ ਸੋਝੀ ਵਾਲੇ ਕਹਿੰਦੇ ਕਿ ਪਿਆਰਿਆਂ ਤੂੰ ਹੁਣ ਨਾਮ ਜਪੀਂ, ਜੇ ਤਾਂ ਲਗਨ ਹੈ ਉਸ ਵੇਲੇ ਤੋਂ ਹੀ ਜਪਣਾ ਸ਼ੁਰੂ ਕਰ ਦੇ, ਫੇਰ ਨਾ ਛੱਡ। ਨਾ ਤਾਂ ਇਹ ਕੰਮਾਂ ਨੂੰ ਰੁਕਾਵਟ ਪਾਉਂਦਾ ਹੈ -

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

***ਅੰਗ- 1376***

ਮੋਟਰ ਚਲਦੀ ਹੈ, ਉਹਦੀ ਧੁਨ ਦੇ ਨਾਲ ਅਸੀਂ ਨਾਮ ਜਪ ਸਕਦੇ ਹਾਂ, ਟਰੈਕਟਰ ਚਲਦਾ ਹੈ ਉਹ ਧੁਕ-ਧੁਕ ਕਰਦਾ ਹੈ ਅਸੀਂ ਉਹਦੇ ਨਾਲ

ਵਾਹਿਗੁਰੂ-ਵਾਹਿਗੁਰੂ ਕਰੀ ਜਾਓ। ਸਾਇਕਲ 'ਤੇ ਜਾਂਦੇ ਹਾਂ, ਸੱਜੇ ਪੈਰ ਨਾਲ ਸਤਿਨਾਮੁ ਕਹੀ ਜਾਓ, ਖੱਬੇ ਨਾਲ ਵਾਹਿਗੁਰੂ ਕਹੀ ਜਾਓ। ਬੈਠ ਕੇ ਭਜਨ ਕਰਦੇ ਹਾਂ। ਅੰਦਰ ਨੂੰ ਸਾਹ ਜਾਂਦਾ ਹੈ ਸਤਿਨਾਮੁ ਕਹੋ, ਬਾਹਰ ਨੂੰ ਆਉਂਦਾ ਹੈ ਵਾਹਿਗੁਰੂ ਕਹੋ ਜਾਂ ਅੰਦਰ ਨੂੰ ਆਉਂਦਾ 'ਵਾਹਿ' ਕਹੋ, ਬਾਹਰ ਨੂੰ ਸਵਾਸ ਆਉਂਦਾ 'ਗੁਰੂ' ਕਹੋ। ਇਸ ਤਰ੍ਹਾਂ ਜਪਦਿਆਂ-ਜਪਦਿਆਂ ਸੁਰਤੀ ਚੜ੍ਹ ਜਾਂਦੀ ਹੈ। ਜਿਉਂ-ਜਿਉਂ ਸੁਰਤੀ ਚੜ੍ਹਦੀ ਹੈ ਤਿਉਂ-ਤਿਉਂ ਫੇਰ ਅਨੰਦ ਆਉਂਦਾ ਹੈ। ਹੌਲੀ-ਹੌਲੀ ਉਸ ਜਗ੍ਹਾ 'ਤੇ ਪਹੁੰਚ ਜਾਂਦਾ ਹੈ ਜਿੱਥੇ ਜਾ ਕੇ ਸੰਤ ਦੀ ਲੋੜ ਪੈਂਦੀ ਹੈ, ਪੂਰਨ ਮਹਾਤਮਾ ਪ੍ਰਮੇਸ਼ਰ ਆਪ ਭੇਜ ਦਿੰਦਾ ਹੈ। ਉਹ ਦਸ ਦਿੰਦਾ ਹੈ, ਅਗਲਾ ਭੇਤ ਖੋਲ੍ਹ ਦਿੰਦਾ ਹੈ ਕਿ ਦੇਖ ਪਿਆਰਿਆ! ਇਥੇ ਇਹ ਭੇਤ ਹੈ, ਇਹ ਭੇਤ ਦੀ ਗੱਲ ਤੈਨੂੰ ਦਸ ਦਿੰਦੇ ਹਾਂ। ਪਰ ਦਸਦਾ ਉਹਨੂੰ ਹੈ ਜਿਹੜਾ ਬਿਲਕੁਲ ਕਾਬਲ ਹੋਵੇ, ਜਿਉਂਦਾ ਮਰ ਜਾਵੇ, ਨਹੀਂ ਤਾਂ ਇਹ ਭੇਤ ਦੱਸਣ ਵਾਲਾ ਨਹੀਂ ਹੁੰਦਾ। ਕਿਉਂਕਿ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ 2***

***ਅੰਗ - 1365***

ਚਾਰ ਵਾਰੀ ਕਹਿ ਦਿਤਾ। ਉਹ ਭੇਤ ਨਹੀਂ ਖੋਲ੍ਹਦੇ। ਇਸ ਕਰਕੇ ਸਾਨੂੰ ਕਮਾਈ ਕਰਨ ਦੀ ਲੋੜ ਹੈ, ਬੰਦਗੀ ਕਰਨ ਦੀ ਲੋੜ ਹੈ। ਅਗਲਾ ਕੰਮ ਗੁਰੂ ਦੇ ਹੱਥ ਵਿਚ ਹੈ। ਸੋ ਇਸ ਤਰ੍ਹਾਂ ਹੌਲੀ-ਹੌਲੀ ਨਾਮ ਜਪਦੇ-ਜਪਦੇ ਜੇ ਭਲਾ ਇਸ ਜਨਮ 'ਚ ਨਾ ਵੀ ਮਿਲੇ, ਅਗਲਾ ਜਨਮ ਮਿਲੇਗਾ, ਨਾਲ ਉਸੇ ਵੇਲੇ ਪ੍ਰਮੇਸ਼ਰ ਇੰਤਜ਼ਾਮ ਕਰ ਦਿੰਦਾ ਹੈ, ਸਤਿਪੁਰਸ਼ਾਂ ਦਾ ਮਿਲਾਪ ਕਰਾ ਦਿੰਦਾ ਹੈ। ਉਹ ਰਸਤੇ 'ਤੇ ਪਾਉਣਾ ਸ਼ੁਰੂ ਕਰ ਦਿੰਦੇ ਨੇ। ਲੇਕਿਨ ਇਹ ਰਸਤਾ ਤਹਿ ਕਰਨ ਵਾਸਤੇ ਇਕ ਮਿੰਟ ਵੀ ਲਗ ਸਕਦਾ ਹੈ, ਹਜ਼ਾਰ ਜਨਮ ਵੀ ਲਗ ਸਕਦਾ ਹੈ। ਇਹ ਮਨ ਦੀ ਬਾਤ ਹੈ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***

***ਅੰਗ- 342***

ਮਨ ਨੂੰ ਮਨਾਓ, ਜੇ ਮਨ ਮੰਨ ਜਾਵੇ -

***ਮੰਨੇ ਕੀ ਗਤਿ ਕਹੀ ਨ ਜਾਇ ॥***
***ਜੇ ਕੋ ਕਹੈ ਪਿਛੈ ਪਛੁਤਾਇ ॥*** ***ਅੰਗ - 3***

ਅਕਲ ਗੱਲ ਇਹ ਹੈ ਕਿ ਇਹ ਸ੍ਰਿਸ਼ਟੀ ਹੈ, ਇਹਦੇ 'ਚ ਚੰਗੇ ਵੀ ਨੇ, ਮਾੜੇ ਵੀ ਨੇ, ਆਪਣੇ ਨੇ, ਬੇਗਾਨੇ ਵੀ ਨੇ, ਸੁਖ ਦੇਣ ਵਾਲੇ ਨੇ, ਦੁਖ ਦੇਣ ਵਾਲੇ ਵੀ ਨੇ। ਇਹ ਤਾਂ ਗੱਲ ਹੈਗੀ ਸੁੱਚੀ ਕਿ ਆਪੇ ਹੀ ਖੇਲ੍ਹ ਕਰਦਾ ਹੈ -

***ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*

*ਅੰਗ- 463*

ਉਹ ਆਪੇ ਹੀ ਖੇਲ੍ਹ ਕਰਦਾ ਹੈ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਇਸ ਨਿਸਚੇ 'ਤੇ ਜਦੋਂ ਅਸੀਂ ਪਹੁੰਚ ਜਾਣਾ ਹੈ ਨਾ, ਉਸ ਵੇਲੇ ਪਹਿਲਾ ਇਹ ਹੁੰਦਾ ਹੈ ਕਿ 'ਮੈਂ' ਮਰ ਜਾਂਦੀ ਹੈ। 'ਮੈਂ' ਰਹਿੰਦੀ ਹੀ ਨਹੀਂ। ਗੱਲਬਾਤ ਵਾਸਤੇ 'ਮੈਂ' ਚਲਦੀ ਹੈ, ਦਰਅਸਲ ਉਹ ਹੁੰਦਾ ਨਹੀਂ ਹੈ। ਉਹਨੂੰ ਸਮਝ ਆ ਜਾਂਦੀ ਹੈ –

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥*
*ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥*

*ਅੰਗ – 930*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ – 846*

ਪਰ ਇਹ ਮੈਂ ਓਨੀਂ ਦੇਰ ਤੱਕ ਨਹੀਂ ਮਰਦੀ, ਜਦੋਂ ਤੱਕ ਸਮਰੱਥ ਗੁਰੂ ਤੋਂ ਨਾਮ ਲੈ ਕੇ ਉਹਦਾ ਸਾਧਨ ਕਰ-ਕਰ ਕੇ –

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*

*ਅੰਗ- 466*

ਗੁਰੂ ਦੇ ਸ਼ਬਦ ਦੀ ਕਮਾਈ ਕਰੋ। ਬੰਦਗੀ ਕਰੋ। ਜਿੱਥੇ ਹੋਰ ਕੰਮ ਕਰਦੇ ਹਾਂ, ਉਥੇ ਇਹ ਵੀ ਕਰੋ। ਕਿਉਂਕਿ ਇਸ ਤੋਂ ਬਗੈਰ ਬਾਕੀ ਕੰਮ ਕਿਸੇ ਕੰਮ ਨਹੀਂ ਹਨ, ਉਹ ਨਾਲ ਨਹੀਂ ਜਾਂਦੇ। ਇਹ ਨਾਲ ਜਾਂਦਾ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- 264*

ਸੋ ਇਸ ਨਾਮ ਨੂੰ ਲੈ ਕੇ ਪੰਜ ਪਿਆਰਿਆਂ ਤੋਂ ਨਾਮ ਲੈ ਲਿਆ, ਫੇਰ ਨਾ ਭਟਕੋ ਕਿ ਮੈਂ ਓਧਰ ਜਾਵਾਂ ਜਾਂ ਏਧਰ ਜਾਵਾਂ। ਇਸੇ ਸ਼ਬਦ ਨੇ ਸ਼ਬਦ ਦੇ ਨਾਲ ਮਿਲਾ ਦੇਣਾ ਹੈ। ਉਹ ਸ਼ਬਦ ਤੁਹਾਡੇ ਅੰਦਰ ਚਲ ਰਿਹਾ ਹੈ ਸਭ ਦੇ। ਲੇਕਿਨ 'ਨਾਮ' ਦੀ ਕਮਾਈ ਨਾ ਹੋਣ ਕਰਕੇ ਇਹ ਮੋਟੇ ਕੰਨਾਂ ਨੂੰ ਸੁਣਦਾ ਨਹੀਂ ਹੈ, ਜਦੋਂ ਦਿੱਬਯ ਕੰਨ ਪ੍ਰਕਾਸ਼ ਹੋ ਗਏ, ਉਸ ਵੇਲੇ ਉਹ ਧੁਨ ਪ੍ਰਕਾਸ਼ ਹੁੰਦੀ ਹੈ – *'ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ*

***ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥'*** ਐਨੀ ਹੈਰਾਨੀ ਕਰਨ ਵਾਲੀ ਹੈ। ਵਿਸਮਾਦ ਹੀ ਵਿਸਮਾਦ ਹੈ, ਖੇੜਾ ਹੀ ਖੇੜਾ ਹੈ। ***'ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥'*** ਅੰਦਰ ਹੀ ਵਾਹਿਗੁਰੂ ਦਿਸ ਜਾਂਦਾ ਹੈ। ਜਦੋਂ ਵਾਹਿਗੁਰੂ ਦਿਸਿਆ ਮੈਂ ਮਰ ਗਈ, ਫੇਰ ਪਤਾ ਹੀ ਨਹੀਂ ਲਗਦਾ ਕਿ ਮੈਂ ਵਾਹਿਗੁਰੂ ਹਾਂ, ਵਾਹਿਗੁਰੂ ਮੈਂ ਹਾਂ। ਕਿਉਂਕਿ ਮੈਂ ਜਿਹੜੀ ਸੀ ਰੁਕਾਵਟ ਖਤਮ ਹੋ ਗਈ। ਅਸਲੀਅਤ ਆ ਕੇ ਗੱਲ ਖੁਲ੍ਹ ਗਈ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥*** ***ਅੰਗ- 657***

ਸਮੁੰਦਰ 'ਤੇ ਲਹਿਰਾਂ ਉਠਦੀਆਂ ਸੀ। ਲਹਿਰ ਜਦੋਂ ਕੰਢੇ 'ਤੇ ਆ ਗਈ ਫੇਰ ਉਹਦਾ ਵਜੂਦ ਖਤਮ ਹੋ ਗਿਆ, ਸਮੁੰਦਰ ਨਾਲ ਸਮੁੰਦਰ ਹੀ ਬਣ ਗਈ -

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥*** ***ਅੰਗ- 278***

ਸੋ ਭਗਤੀ ਭਾਵ ਤੋਂ ਬਿਨਾਂ ਨਹੀਂ ਪ੍ਰਾਪਤ ਹੁੰਦੀ। ਸੋ ਸੰਸਾਰ 'ਚ ਵਰਤਣ ਵੈਰਾਗ, ਪਕੜ ਵਿਚ ਨਹੀਂ ਰਹਿਣਾ, ਪਕੜਾਂ ਫੜ ਲੈਣਗੀਆਂ, ਮੁੜ ਕੇ ਇਥੇ ਭੂਤ ਪ੍ਰੇਤ ਬਣਾ ਦੇਣਗੇ। ਠੀਕ ਹੈ, ਸੰਸਾਰ ਦੇ ਨਿਰਬਾਹ ਵਾਸਤੇ ਤਿੰਨ ਚੀਜ਼ਾਂ ਦੀ ਲੋੜ ਹੈ, ਕੁੱਲੀ, ਜੁਲੀ, ਗੁੱਲੀ ਉਹ ਵਾਹਿਗੁਰੂ ਨੇ ਦੇਣੀ ਹੀ ਦੇਣੀ ਹੈ। ਵੈਰਾਗ ਵਿਚ ਰਹੋ, ਪਕੜ ਵਿਚ ਨਾ ਰਹੋ। ਮੁੱਖ ਭਗਤੀ, ਸਾਧਨ ਭਗਤੀ ਦਾ ਕਰਨਾ ਹੈ ਤੇ ਨਿਸ਼ਚੇ ਵਿਚ ਗਿਆਨ ਰੱਖਣਾ ਹੈ। ਇਹ ਤਿੰਨ ਫਾਰਮੂਲੇ ਨੇ ਜਿਹਦੇ ਹਿਸਾਬ ਨਾਲ ਅਸੀਂ ਸੰਸਾਰ ਦੇ ਉਤੇ ਆਹ ਜੀਵਨ ਬਸਰ ਕਰਨਾ ਹੈ, ਅੰਦਰੋਂ ਜਾਗਦੇ ਰਹਿਣਾ ਹੈ, ਬਾਹਰੋਂ ਹੁਕਮ ਦੀ ਕ੍ਰਿਆ ਦੇ ਵਿਚ ਜਿਵੇਂ ਵਾੜ 'ਤੇ ਪਿਆ ਹੋਇਆ ਹੀ, ਸੱਪ ਦੀ ਕੁੰਜ ਜਿਹੜੀ ਹੈ ਹਿੱਲੀ ਜਾਂਦੀ ਹੈ, ਇਸ ਤਰ੍ਹਾਂ ਪਰਾਲਬਧ ਦੇ ਵਸ ਕਦੇ ਓਧਰ ਜਾਹ, ਕਦੇ ਓਧਰ ਜਾਹ, ਉਹ ਤਾਂ ਸਰੀਰ ਨੇ ਕਰਨਾ ਹੀ ਕਰਨਾ ਹੈ। ਲੇਕਿਨ ਅੰਦਰ ਗਿਆਨ ਪਰਪੱਕ ਹੋਣਾ ਚਾਹੀਦਾ ਹੈ। ਦੀਵਾ ਬਲਣਾ ਚਾਹੀਦਾ ਹੈ। ਜਦੋਂ ਦੀਵਾ ਬਲਣਾ ਹੈ। 'ਦੀਵਾ ਬਲੇ ਅੰਧੇਰਾ ਜਾਇ।'

***ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥***
***ਅੰਗ - 483***

ਸੋ -

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***

***ਅੰਗ- 1291***

ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਪ੍ਰਗਟ ਹੋ ਗਿਆ। ਉਸ ਵੇਲੇ ਮਹਾਰਾਜ ਕਹਿੰਦੇ ਨੇ ਹੁਣ -

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***

***ਅੰਗ- 1291***

ਅਨੰਦ ਹੀ ਅਨੰਦ ਹੋ ਗਿਆ, ਹੁਣ ਨਹੀਂ ਮਨ ਦੌੜਦਾ, ਉਸ ਅਨੰਦ ਦੇ ਵਿਚ ਲੀਨ ਹੋ ਜਾਂਦਾ ਹੈ।

ਜਿਹੜਾ ਅਸਲੀ ਘਰ ਹੈ ਉਹ ਸਾਨੂੰ ਲੱਭ ਗਿਆ। ਸ਼ਬਦ ਦੀ ਖੋਜ ਕਰਕੇ ਇਸ ਘਰ ਦੀ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਅਸੀਂ ਉਹਦੇ ਦਾਸ ਹਾਂ ਜਿਹੜਾ ਇਸ ਘਰ ਦਾ ਵਾਸੀ ਬਣ ਗਿਆ। ਇਹ ਘਰ ਹੈ ਆਪਣਾ ਜਿਹਨੂੰ ਥਿਰ ਘਰ, ਸੋ ਘਰ, ਜਿਹਨੂੰ 'ਸੋ ਦਰੁ ਕੇਹਾ' ਕਹਿੰਦੇ ਨੇ। ਸੋ ਇਹ ਪ੍ਰਾਪਤੀ ਕਰਨਾ ਸਾਡਾ ਪਰਮ ਮਨੋਰਥ ਹੈ। ਪੰਜ ਦਿਨਾਂ ਦੇ ਅੰਦਰ ਬੜੇ ਤਰੀਕਿਆਂ ਦੇ ਨਾਲ ਇਸ ਨਿਸ਼ਾਨੇ ਨੂੰ ਸਾਮ੍ਹਣੇ ਰੱਖ ਕੇ ਬੇਅੰਤ ਕਿਸਮ ਦੀਆਂ ਉਦਾਹਰਣਾਂ ਦੇ ਕੇ ਬਚਨ ਕੀਤੇ ਨੇ। ਇਹਦੇ ਉਤੇ ਭਾਗਾਂ ਵਾਲਿਓ ਲੱਗ ਜਾਓ ਜਿਸ ਤੋਂ ਲੱਗਿਆ ਜਾਂਦੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

'

# 3

# ਨੂਰ ਦਰ ਹਰ ਚਸ਼ਮ

## ਗੁਰੂ ਗੋਬਿੰਦ ਸਿੰਘ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਖੇਲੇ ਸੁਆਮੀ ਮੇਰਾ, ਨਿਰਗੁਣ ਹੋ ਕੇ,*
*ਸਰਗੁਣ ਹੋ ਕੇ।*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - 290*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਨਾਨਕ ਸਾਹਿਬ ਦੇ ਚਰਨਾਂ ਦਾ ਧਿਆਨ ਧਰਦੇ ਹੋਏ, ਸੁਰਤੀ ਨੂੰ ਇਕਾਗਰ ਕਰਕੇ ਗੱਜ ਕੇ ਬੋਲੋ 'ਸਤਿਨਾਮੁ ਸ੍ਰੀ ਵਾਹਿਗੁਰੂ।'

ਅੱਜ ਇਸ ਪੰਡਾਲ ਦਾ ਛੇਵਾਂ ਦੀਵਾਨ ਹੈ, ਆਖਰੀ ਦੀਵਾਨ ਹੈ। ਪੰਜ ਦਿਨ ਪਹਿਲਾਂ ਬਹੁਤ ਵਿਚਾਰਾਂ ਕੀਤੀਆਂ ਹਨ, ਬਹੁਤ ਸੰਗਤ ਦਰਸ਼ਨ ਦੇ ਰਹੀ ਹੈ, ਦੂਰ-ਦਰਾਜ਼ ਤੋਂ ਸੰਗਤ ਆਈ ਹੋਈ ਹੈ। ਜ਼ਿਲਾ ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ, ਫਰੀਦਕੋਟ, ਜਲੰਧਰ ਤੋਂ ਬੇਅੰਤ ਸੰਗਤ ਹੈ। ਬਹਿਰਾਮ ਵਗੈਰਾ ਦੇ ਇਲਾਕਿਆਂ ਤੋਂ, ਏਧਰ ਪਟਿਆਲੇ ਤੱਕ, ਰਾਜਪੁਰਾ, ਪਾਉਂਟਾ ਸਾਹਿਬ, ਹੋਰ ਕਈ ਥਾਵਾਂ ਤੋਂ ਮੇਰੇ ਯਾਦ ਨਹੀਂ ਆ ਰਿਹਾ, ਸੰਗਤ ਦੇ ਮੈਂ ਦਰਸ਼ਨ ਕਰ ਰਿਹਾ ਹਾਂ। ਕੀ ਖਿੱਚ ਹੈ ਜਿਹਦੇ ਕਰਕੇ ਇਥੇ ਸਾਰੇ ਪਹੁੰਚ ਰਹੇ ਨੇ। ਐਡੀ ਦੂਰ ਤਾਂ ਸੰਦੇਸ਼ੇ ਦਿਤੇ ਨਹੀਂ ਸੀਗੇ, ਇਹ ਤਾਂ

ਵੱਡਾ ਸਮਾਗਮ ਜਿਵੇਂ ਰਤਵਾੜਾ ਸਾਹਿਬ ਹੁੰਦੈ, ਉਸ ਤਰ੍ਹਾਂ ਦਾ ਰੂਪ ਧਾਰ ਲਿਆ ਇਸ ਨੇ। ਇਹ ਕੋਈ ਗੁਰੂ ਮਹਾਰਾਜ ਦਾ ਖੇਲ੍ਹ ਹੋ ਰਿਹਾ ਹੈ, ਕਿਉਂਕਿ ਪ੍ਰੇਰਨਾ ਕਰਨ ਵਾਲੇ ਉਹ ਨੇ ਤੇ ਉਨ੍ਹਾਂ ਨੇ ਪਰੇਰ ਕੇ ਸਾਰਿਆਂ ਨੂੰ ਇੱਥੇ ਭੇਜਿਆ ਹੈ। ਅਸੀਂ ਵੀ ਦਰਸ਼ਨ ਕਰ ਰਹੇ ਹਾਂ, ਤੁਸੀਂ ਦਰਸ਼ਨ ਦੇ ਰਹੇ ਹੋਂ।

ਰਤਵਾੜਾ ਸਾਹਿਬ ਦੀਵਾਨ 'ਚ ਮੈਂ ਇਕ ਬੇਨਤੀ ਕਰੀ ਸੀ, ਉਹ ਬਹੁਤ ਭਾਵੁਕ ਬਣ ਗਈ ਸੀ। ਉਹ ਇਹ ਸੀ ਕਿ ਮੈਂ ਕਿਹਾ ਕਿ ਅੱਜ ਨਿਗ੍ਹਾ ਮਾਰ ਕੇ ਦੇਖੋ, ਸੰਗਤ ਦੇ ਵਿਚ ਵਾਹਿਗੁਰੂ ਦੇ ਦਰਸ਼ਨ ਹੋ ਰਹੇ ਨੇ। ਗੁਰੂ ਦੇ ਦਰਸ਼ਨ ਹੋ ਰਹੇ ਹਨ। ਇਹ ਪਤਾ ਨਹੀਂ ਕੀ ਗੱਲ ਸੀ, ਉਸ ਤੋਂ ਬਾਅਦ ਮੈਂ ਸ਼ਬਦ ਪੜ੍ਹਨਾ ਸੀ, ਪੜ੍ਹਿਆ ਇਕ ਧਾਰਨਾ। ਪ੍ਰਸੰਗ ਚਲਦਾ ਸੀ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਵਾਹਿਗੁਰੂ ਜੀ ਨੇ ਸਾਨੂੰ ਖਾਲੀ ਨਾ ਮੋੜਿਆ। ਇਕ ਐਸੀ ਅੰਦਰ ਹੀ ਅੰਦਰ ਜਿਵੇਂ ਇਕ ਬਿਜਲੀ ਦੀ ਲਹਿਰ ਚਲਦੀ ਹੈ, ਜਿੱਥੇ ਤੱਕ ਵੀ ਸੰਗਤ ਸੀ, ਚਾਹੇ ਉਹ ਸਟਾਲ 'ਤੇ ਕਿਤਾਬਾਂ ਲੈਂਦੇ ਸੀ, ਚਾਹੇ ਉਹ ਲੰਗਰ 'ਚ ਪ੍ਰਸ਼ਾਦੇ ਛਕਦੇ ਸੀ, ਇਕ ਐਸੀ ਭਾਵਨਾ ਹੋਈ ਪਿਆਰ ਦੀ ਕਿ ਸਾਰਿਆਂ ਦੇ ਨੇਤਰਾਂ 'ਚ ਜਲ ਆ ਗਿਆ। ਧਾਰਨਾ ਕੋਈ ਨਾ ਪੜ੍ਹੇ, ਜਦੋਂ ਮੈਂ ਦੇਖਿਆ, ਮੇਰੇ 'ਤੇ ਵੀ ਓਹੀ ਅਸਰ ਹੋ ਗਿਆ ਤੇ ਮੇਰੇ ਤਾਂ ਐਨਾ ਜ਼ੋਰ ਦੀ ਲੱਗਿਆ ਮੈਂ ਬੋਲ ਹੀ ਨਹੀਂ ਸਕਿਆ ਉਸ ਤੋਂ ਬਾਅਦ। ਮੇਰੇ ਪਿੱਛੇ ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਬੈਠੇ ਸੀ, ਉਨ੍ਹਾਂ ਦਾ ਹਾਲ ਦੇਖੋ ਉਹ ਉੱਚੀ-ਉੱਚੀ ਰੋਣ ਤੇ ਨਾਲ ਸੀਗੇ, ਵੇਦ ਭਾਰਤੀ ਜੀ, ਸੰਨਿਆਸੀ ਸੀ, ਉਹ ਵੀ ਭਾਵੁਕ ਹੋ ਗਏ। ਸੰਗਤ ਦੇ ਵਿਚ ਵਾਹਿਗੁਰੂ ਨੇ ਇਕ ਝਲਕ ਦਿਖਾ ਦਿਤੀ ਪਿਆਰ ਦੀ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਵਾਹਿਗੁਰੂ ਪਿਆਰ ਦਾ ਰੂਪ ਧਾਰ ਕੇ ਸੰਸਾਰ ਦੇ ਵਿਚ ਫੈਲਿਆ ਹੋਇਐ। ਪਿਆਰ ਜਿਹੜਾ ਹੈ ਉਹ ਖਿੱਚ ਹੈ। ਖਿੱਚ ਹਰੇਕ ਦੇ ਹਿਰਦੇ 'ਚ ਪੈ ਗਈ, ਨਤੀਜਾ ਕੀ ਹੋਇਆ, ਕੋਈ ਵੀ ਅੱਖ ਐਸੀ ਨਾ ਰਹੀ ਜਿਹੜੀ ਸੁੱਕੀ ਰਹਿ ਜਾਏ। ਜਦੋਂ ਮੈਂ ਗੱਡੀ 'ਚ ਗਿਆ, ਮੈਂ ਕੀ ਦੇਖਦਾ ਹਾਂ, ਸਕਿਉਰਟੀ ਵਾਲੇ ਉਥੇ ਪੁਲਿਸ ਦੇ ਆਏ ਸੀ, ਐਸ.ਪੀ ਉਨ੍ਹਾਂ ਸਾਰਿਆਂ ਦੇ ਹੱਥਾਂ 'ਚ ਰੁਮਾਲ, ਅੱਖਾਂ 'ਚੋਂ ਹੰਝੂ ਪੂੰਝੀ ਜਾਣ। ਉਹ ਕਹਿਣ ਲੱਗੇ, ਪਤਾ ਨਹੀਂ ਸਾਨੂੰ ਕੀ ਹੋ ਗਿਆ, ਅਸੀਂ ਤਾਂ ਐਨੇ ਸਖਤ ਦਿਲ ਹਾਂ, ਸਾਡੇ ਤਾਂ ਭਾਵ ਨੇੜੇ ਵੀ ਨਹੀਂ ਆਉਂਦੇ। ਸਿਪਾਹੀ ਅੱਖਾਂ ਰੁਮਾਲਾਂ ਨਾਲ ਪੂੰਝ ਰਹੇ ਨੇ। ਜਿਹੜਾ ਮਹਾਰਾਜ ਨੇ ਕਿਹਾ ਹੈ ਨਾ ਕਿ –

***ਮਿਲਿ ਸਤਸੰਗਤਿ ਖੋਜੁ ਦਸਾਈ***
***ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ – 94***

ਉਸ ਉਹਦਾ ਲਿਸ਼ਕਾਰਾ ਵੱਜ ਗਿਆ ਸਾਰਿਆਂ ਦੇ ਹਿਰਦਿਆਂ 'ਚ। ਹੁਣ ਵੀ ਜਿਹੜਾ ਇਥੇ ਐਨਾ ਇਕੱਠ ਹੋ ਰਿਹਾ, ਬਹੁਤ ਦੂਰ-ਦੂਰ ਤੋਂ ਆਪੇ ਹੀ ਸੰਗਤ ਆਈ ਹੋਈ ਹੈ। ਪਿਛਲੇ ਦੀਵਾਨ 'ਚ ਗੁਰੂ ਦਸ਼ਮੇਸ਼

ਪਿਤਾ ਦੀ ਵਿਚਾਰ ਚੱਲੀ ਸੀ ਸਿੱਖ ਦਾ ਗੁਰੂ ਨੂੰ ਕਿੰਨਾ ਪਿਆਰ ਹੈ। ਸਿੱਖ ਨੇ ਬਚਨ ਕਹਿ ਦਿਤਾ, ਉਹਨੂੰ ਪਾਣੀ ਨਾ ਪਿਲਾਇਆ। ਸਿੱਖ ਨੇ ਤਾਂ ਯਥਾਰਥ ਗੱਲ ਕਹੀ ਸੀ, ਕੋਈ ਸਰਾਪ ਨਹੀਂ ਸੀ ਦਿਤਾ। ਕਿਉਂਕਿ ਜਿਹੜਾ ਵਾਹਿਗੁਰੂ ਦਾ ਮਿਲਾਪ ਹੈ, ਉਹ ਗੁਰੂ ਤੋਂ ਬਗੈਰ ਨਹੀਂ ਹੁੰਦਾ। ਮਨ ਹੱਠ ਕਰਕੇ ਸਾਰੇ ਹਾਰ ਚੁੱਕੇ ਸੀ, ਬਾਬਾ ਫਰੀਦ 24 ਸਾਲ ਤਪ ਕਰੀ ਗਿਆ, ਰੱਬ ਦਾ ਕਿਤੇ ਨਾਮ-ਨਿਸ਼ਾਨ ਵੀ ਨੇੜੇ-ਤੇੜੇ ਨਹੀਂ ਸੀ।

ਉਹਨੇ ਕਿਹਾ ਗੁਰੂ ਤੋਂ ਪ੍ਰਮੇਸ਼ਰ ਮਿਲਦਾ ਹੈ, ਇਸ ਤਰ੍ਹਾਂ ਨਹੀਂ ਦਰਸ਼ਨ ਦੇਣ ਲੱਗਾ, ਜਿਵੇਂ ਤੂੰ ਕਰ ਰਿਹਾ ਹੈਂ। ਸੋ ਜਿਸ ਵਕਤ ਉਹਨੂੰ ਸਮਝ ਆਈ, ਗੁਰੂ ਦੇ ਕੋਲ ਆਇਆ, ਕਾਮਯਾਬ ਹੋ ਗਿਆ ਤੇ ਪ੍ਰਮੇਸ਼ਰ ਦਾ ਮਿਲਾਪ ਹੋ ਗਿਆ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਨਸਾਨ ਨੂੰ ਜੋ ਰੂਹਾਨੀ ਰੂਪ ਰੇਖਾ ਜੋ ਦਿਤੀ ਹੈ, ਉਹਦੇ ਵਿਚ ਮਹਾਰਾਜ ਨੇ ਕਿਹਾ ਹੈ ਕਿ ਕਰਮ ਬਹੁਤ ਜ਼ਿਆਦਾ ਪ੍ਰਧਾਨ ਹੈ। ਚੁੱਪ ਕਰਕੇ ਨਹੀਂ ਬੈਠਣਾ, ਜੇ ਪ੍ਰਮੇਸ਼ਰ ਮਿਲ ਜਾਵੇ, ਦੋਵੇਂ ਤਰੀਕੇ ਨੇ, ਪਹਿਲੇ ਜੋ ਮਹਾਂਪੁਰਸ਼ ਹੋਏ ਨੇ, ਉਨ੍ਹਾਂ ਵਿਚੋਂ ਬਹੁਤੇ ਇਹ ਕਰਦੇ ਨੇ ਕਿ ਪ੍ਰਮੇਸ਼ਰ ਦੇ ਦਰਸ਼ਨ ਹੋ ਕੇ ਹੁਣ ਸਰੀਰ ਨੂੰ ਰੱਖਣ ਦਾ ਕੋਈ ਫਾਇਦਾ ਨਹੀਂ ਹੈ। ਜੋ ਜਾਨਣਾ ਸੀ ਜਾਣ ਲਿਆ, ਜਿੱਥੇ ਪਹੁੰਚਣਾ ਸੀ ਪਹੁੰਚ ਲਏ। ਹੁਣ ਵਾਧੂ ਕਾਹਨੂੰ ਲਈਂ ਫਿਰਨਾ ਹੈ। ਉਹ ਸਮਾਧੀ ਲਾ ਕੇ ਸਰੀਰ ਛੱਡ ਜਾਇਆ ਕਰਦੇ ਸੀ ਆਪਣੀ ਮਰਜ਼ੀ ਨਾਲ।

ਪਰ ਗੁਰਮਤਿ ਵਿਚ ਅੱਧੀ ਤੁੱਕ ਹੈ ਜਿਹਨੂੰ ਆਪਾਂ ਵਿਚਾਰਨਾ ਹੈ ਉਹ ਹੈ ***'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥' (ਅੰਗ-62)*** ਵਾਹਿਗੁਰੂ ਦੀ ਪ੍ਰਾਪਤੀ ਤੋਂ ਹੇਠਾਂ ਨੇ ਸਭ ਗੱਲਾਂ ਜਿੰਨੀਆਂ ਦੁਨੀਆਂ ਭਰ ਦੀਆਂ ਨੇ। ਇਸ ਤੋਂ ਉਪਰ ਹੈ ਉਹ ਜੀਵਨ ਜਿਹੜਾ ਸੱਚ ਦੀ ਪ੍ਰਾਪਤੀ ਕਰਨ ਤੋਂ ਬਾਅਦ ਗੁਜ਼ਾਰਿਆ ਜਾ ਸਕਦਾ ਹੈ। ਵਿਦਵਾਨ ਪੁਰਸ਼ ਬੈਠੇ ਨੇ, ਜਾਣਦੇ ਨੇ, ਸੱਤ ਭੂਮਿਕਾ ਦੱਸੀਆਂ ਨੇ ਰੂਹਾਨੀਅਤ ਦੀਆਂ। ਇਸਲਾਮ ਦੇ ਵਿਚ ਸਾਢੇ ਪੰਜ ਨੇ। ਸਾਡੇ ਧਰਮ ਖੰਡ ਹੈ, ਗਿਆਨ ਖੰਡ, ਸਰਮ ਖੰਡ ਹੈ, ਕਰਮ ਖੰਡ ਹੈ, ਫੇਰ ਸੱਚਖੰਡ ਹੈ। ਇਹ ਪੰਜਾਂ ਅਵਸਥਾਵਾਂ ਦੇ ਵਿਚੋਂ ਅਸੀਂ ਲੰਘਦੇ ਹਾਂ। ਉਨ੍ਹਾਂ ਦੀਆਂ ਸੱਤ ਸੀ, ਲੇਕਿਨ ਗੁਰੂ ਸਾਹਿਬ ਨੇ ਸੰਖੇਪ ਕਰ ਦਿਤਾ। ਇਸਲਾਮ ਵਾਲਿਆਂ ਦੀ ਛੇ ਸੀ - ਪਹਿਲੀ ਖੋਜ ਦੀ ਸੀ, ਦੂਸਰੀ ਮੰਜ਼ਲ ਜੋ ਸੀ ਉਹ ਪਿਆਰ ਦੀ ਸੀ, ਮੰਜ਼ਲ-ਏ-ਇਸ਼ਕ, ਤੀਸਰੀ ਮਾਰਫਤ, ਚੌਥੀ ਸੀ ਲਿਵ ਦੀ, ਪੰਜਵੀਂ ਸੀ ਵਹਿਦੀਅਤ। ਪ੍ਰਮੇਸ਼ਰ ਨਾਲ ਆਤਮ ਚਿੰਤਨ ਕਰਕੇ ਇੱਕ ਹੋ ਜਾਣਾ। ਛੇਵੀਂ ਸੀ ਜਿਹੜੀ ਮੁਰਸ਼ਦ ਤੋਂ ਬਗੈਰ ਨਹੀਂ ਹੋਇਆ ਕਰਦੀ। ਇਥੇ ਵੀ ਮਹਾਰਾਜ ਨੇ ਕਿਹਾ -

***ਨਾਨਕ ਨਦਰੀ ਨਦਰਿ ਨਿਹਾਲ ॥*** ***ਅੰਗ - 8***

ਜਿਹੜੀ ਆਖਰੀ ਮੰਜ਼ਲ ਸਚਖੰਡ ਦੀ ਹੈ ਉਹ ਨਦਰ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ। ਪੂਰਨ ਸਤਿਗੁਰੂ ਹੋਵੇ ਤਾਂ ਅਗਾਂਹਾਂ ਲੰਘਾ ਸਕਦਾ ਹੈ। ਗੱਲਾਂ ਸਾਰਿਆਂ ਦੀਆਂ ਇੱਕੋ ਹੀ ਨੇ ਲੇਕਿਨ ਜਿਹੜਾ ਸਾਡਾ ਪਹਿਲਾਂ

ਭਾਰਤੀ ਵਿਰਸਾ ਹੈ ਉਹਦੇ 'ਚ ਪੰਜਵੀਂ ਭੂਮਿਕਾ ਤੋਂ ਅਗਾਂਹਾਂ ਇਹ ਸਮਝਿਆ ਜਾਂਦਾ ਸੀ ਕਿ ਇਸ ਸਰੀਰ ਦਾ ਕੋਈ ਕੰਮ ਨਹੀਂ ਹੈ, ਲੋੜ ਨਹੀਂ ਹੈ। ਕਿਉਂਕਿ ਮਨੋ ਨਾਸ਼ ਹੋ ਜਾਂਦਾ ਸੀ, ਵਾਸ਼ਨਾਵਾਂ ਖਤਮ ਹੋ ਜਾਂਦੀਆਂ ਸੀ, ਤੱਤ੍ਵ ਗਿਆਨ ਹੋ ਜਾਂਦਾ ਸੀ। ਇਹਨੂੰ ਪੰਜਵੀਂ ਭੂਮਿਕਾ ਕਹਿੰਦੇ ਨੇ। ਛੇਵੀਂ ਦੇ ਵਿਚ ਪਦਾਰਥ ਭਾਵਨਾ ਗਾਇਬ ਹੋ ਜਾਂਦੀ ਸੀ। ਪ੍ਰਮੇਸ਼ਰ ਹੀ ਨਜ਼ਰ ਆਉਂਦਾ ਸੀ ਹੋਰ ਨਹੀਂ ਸੀ ਕੁਛ ਨਜ਼ਰ ਆਉਂਦਾ, ਸੱਤਵੀਂ ਵਿਚ ਥੋੜ੍ਹੇ ਦਿਨ ਸਰੀਰ ਰਹਿੰਦਾ ਹੁੰਦਾ ਸੀ, ਬਹੁਤਾ ਨਹੀਂ ਸੀ ਰਹਿੰਦਾ ਹੁੰਦਾ। ਪਰ ਗੁਰੂ ਮਹਾਰਾਜ ਨੇ ਜੋ ਗੁਰਮਤਿ ਦਾ ਮਾਰਗ ਦਿਤਾ ਹੈ, ਉਹ ਇਹ ਹੈ ਕਿ ਅਸਲੀ ਕੰਮ ਇਸ ਨੇ ਜਦ ਕਰਨਾ ਹੈ ਜਦ ਇਹਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਏਗੀ। ਪਹਿਲਾਂ ਤਾਂ ਇਹ ਹਨ੍ਹੇਰੇ ਵੀ ਹੈ ਆਪ ਵੀ ਤੇ ਇਹਦਾ ਉਪਦੇਸ਼ ਵੀ ਹਨ੍ਹੇਰੇ ਵਿਚ ਹੈ। ਜਦੋਂ ਇਹਨੂੰ ਸੋਝੀ ਆ ਗਈ, ਪ੍ਰਮੇਸ਼ਰ ਦੀ ਪ੍ਰਾਪਤੀ ਕਰ ਲਈ ਉਸ ਵੇਲੇ ਇਹਦਾ ਆਚਾਰ ਸੱਚ ਦਾ ਹੋਇਆ ਕਰਦਾ ਹੈ। ਗੁਰੂ ਘਰ ਦੇ ਅੰਦਰ ਬੇਅੰਤ ਸਾਖੀਆਂ ਐਸੀਆਂ ਆਉਂਦੀਆਂ ਨੇ, ਕੁਛ ਨਹੀਂ। ਮਹਾਂਪੁਰਸ਼ਾਂ ਦੇ ਜੀਵਨ ਇਸੇ ਤਰ੍ਹਾਂ ਦੇ ਨੇ। ਕਿਸੇ ਵੀ ਤੱਤ ਬੇਤੇ ਮਹਾਂਪੁਰਸ਼ ਦਾ ਜੀਵਨ ਲੈ ਲਓ, ਰਲਦਾ-ਮਿਲਦਾ ਹੋਇਆ ਕਰਦੈ।

ਗੁਰੂ ਦਸਵੇਂ ਮਹਾਰਾਜ ਨੇ ਆਪ ਹੀ ਕਿਹਾ ਸੀ ਕਿ ਮੇਰਾ ਸੰਸਾਰ 'ਤੇ ਆਉਣਾ -

***ਮੈ ਹੋ ਪਰਮ ਪੁਰਖ ਕੋ ਦਾਸਾ॥***
***ਦੇਖਨ ਆਯੋ ਜਗਤ ਤਮਾਸਾ॥ ਅਕਾਲ ਪੁਰਖ ਬਾਚ॥ਚੌਪਈ॥***

ਪੂਰਨ ਸ਼ਕਤੀਆਂ ਦੇ ਮਾਲਕ ਸੀ। ਕੁਛ ਵੀ ਕਰ ਸਕਦੇ ਸੀ, ਸਭ ਭਾਣਾ ਵਰਤਾਅ ਸਕਦੇ ਸੀ। ਪਰ ਉਨ੍ਹਾਂ ਨੇ ਮਨੁੱਖ ਜਿੰਨਾਂ ਹੀ ਤਾਣ ਵਰਤਿਆ, ਬਾਕੀ ਵਰਤਿਆ ਨਹੀਂ ਹੈ। ਉਸੇ ਤਰ੍ਹਾਂ ਦਾ ਨਾਟ ਕਰਿਆ, ਉਸੇ ਤਰ੍ਹਾਂ ਦੀ ਸਾਨੂੰ ਜੁਰੱਅਤ ਦਿਤੀ, ਉਸੇ ਤਰ੍ਹਾਂ ਸਾਨੂੰ ਸਵੈਮਾਨ ਨਾਲ ਜੀਉਣ ਦਾ ਸੰਦੇਸ਼ ਦਿਤਾ ਕਿ ਤੁਸੀਂ ਜੀਉਣਾ ਕਿਵੇਂ ਹੈ। ਇਕ ਇਹ ਹੈ ਕਿ ਜਿਹੜੇ ਪਹੁੰਚ ਗਏ ਉਹ ਚੁੱਪ ਕਰ ਗਏ। ਕਹਿੰਦੇ ਜੀ ਸਮਾਧੀ ਲੈ ਲਈ, ਦੂਜੇ ਕਹਿੰਦੇ ਜੀ ਉਹ ਤਾਂ ਹਰ ਵਕਤ ਹੀ ਆਪਣੇ ਧਿਆਨ 'ਚ ਰਹਿੰਦੇ ਨੇ, ਇਹ ਗੁਰੂ ਨੇ ਪ੍ਰਵਾਨ ਨਹੀਂ ਕੀਤੀ। ਗੁਰੂ ਮਹਾਰਾਜ ਨੇ ਕਿਹਾ ਹੈ ਕਿ -

***ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥***
***ਅੰਗ - 661***

ਸੰਸਾਰ 'ਤੇ ਆਖਰੀ ਸਵਾਸ ਤੱਕ ਕੁਛ ਨਾ ਕੁਛ ਕਰਦੇ ਹੀ ਰਹੋ। ਜਿਹੜਾ ਕਰਨਗੇ ਉਹ ਸਤਿ ਦਾ ਹੋਏਗਾ। ਉਹਨੂੰ ਪ੍ਰਵਾਨਗੀ ਦਿਤੀ ਹੈ ਮਹਾਰਾਜ ਜੀ ਨੇ। ਬੜਾ ਭਾਰੀ ਯੁੱਧ ਲੱਗਿਆ ਹੋਇਆ ਸੀ, ਤਿੰਨ ਮਹੀਨੇ ਹੋ ਚੁੱਕੇ ਸੀ ਘੇਰਾ ਪਏ ਨੂੰ। ਜਿਹੜੇ ਦੁਸ਼ਮਣ ਦੇ ਮੋਰਚੇ ਸੀ, ਉਹ ਮੋਰਚਿਆਂ 'ਚ ਬੈਠ ਕੇ ਲੜਾਈ ਕਰਦੇ ਸੀਗੇ, ਬਾਹਰ ਨਹੀਂ ਸੀ ਆਉਂਦੇ। ਤਿੰਨ ਮਹੀਨੇ ਲੰਘ ਚੁੱਕੇ ਸੀ ਤੇ ਉਨ੍ਹਾਂ ਦੀ ਸਪਲਾਈ ਲਾਈਨ ਟੁੱਟੀ ਹੀ ਰਹਿੰਦੀ

ਸੀ ਹਮੇਸ਼ਾ ਹੀ। ਇਹ ਨਹੀਂ ਕਿ ਉਨ੍ਹਾਂ ਨੂੰ ਵਕਤ ਸਿਰ ਪ੍ਰਸ਼ਾਦਾ ਮਿਲ ਜਾਏ, ਵਕਤ ਸਿਰ ਪਾਣੀ ਮਿਲ ਜਾਏ, ਪਿਆਸੇ ਰਹਿਣਾ ਉਨ੍ਹਾਂ ਨੇ। ਇਧਰਲੇ ਪਾਸਿਓਂ ਵੀ ਬੜਾ ਤਕੜਾ ਹੱਲਾ ਹੁੰਦਾ, ਮੋਰਚਿਆਂ 'ਚ ਆ ਕੇ ਹੱਲਾ ਕਰਨਾ, ਨਠਾ ਦੇਣੇ। ਤਿੰਨ ਮਹੀਨੇ ਹੋ ਗਏ, ਲਗਾਤਾਰ ਇਸ ਯੁੱਧ ਨੂੰ ਹੁੰਦੇ ਨੂੰ ਤੇ ਅੱਜ ਗੁਰੂ ਮਹਾਰਾਜ ਦੇ ਕੋਲ ਇਕ ਸ਼ਿਕਾਇਤ ਹੋਈ, ਕਹਿਣ ਲੱਗੇ, ਸੱਚੇ ਪਾਤਸ਼ਾਹ! ਇਕ ਸਿੱਖ ਹੈ, ਆਪਣੇ ਖਾਲਸਾ ਫੌਜ ਦੇ ਅੰਦਰ, ਉਹਨੂੰ ਅਸੀਂ ਵੀ ਬਹੁਤ ਵਾਰੀ ਵਰਜਿਆ ਹੈ, ਆਪ ਦੇ ਵਰਜਣ ਦੀ ਲੋੜ ਹੈ।

ਕਹਿੰਦੇ, ਉਹ ਕੀ ਕਰਦਾ ਹੈ?

ਕਹਿੰਦੇ, ਜੀ ਉਹ ਪਾਣੀ ਸਾਰਿਆਂ ਨੂੰ ਪਿਲਾਈ ਜਾਂਦਾ ਹੈ, ਮਸ਼ਕ ਭਰ ਲੈਂਦੈ, ਸਵੇਰ ਤੋਂ ਹੀ ਪਿਲਾਉਣਾ ਸ਼ੁਰੂ ਕਰ ਦਿੰਦੈ, ਉਹ ਜਿਹੜੇ ਸਾਡੇ ਨਾਲ ਲੜਦੇ ਨੇ ਉਨ੍ਹਾਂ ਨੂੰ ਪਾਣੀ ਦੀ ਪ੍ਰਾਪਤੀ ਕਿਤੋਂ ਦੀ ਹੁੰਦੀ ਨਹੀਂ ਹੈ। ਉਹ ਪਿਆਸੇ ਮਰ ਕੇ ਬਹੁਤ ਦੁਖੀ ਹੁੰਦੇ ਨੇ, ਇਹ ਜਾ ਕੇ ਪਾਣੀ ਪਿਲਾਈ ਜਾਂਦਾ ਹੈ ਉਨ੍ਹਾਂ ਨੂੰ। ਅਸੀਂ ਹਟਾਉਂਦੇ ਹਾਂ ਕਿ ਨਾ ਘਨੱਈਆ ਨਾ, ਪਾਣੀ ਨਾ ਇਨ੍ਹਾਂ ਨੂੰ ਦੇ, ਭੁੱਖੇ-ਤਿਹਾਏ ਮਰ ਰਹੇ ਨੇ, ਆਪੇ ਨੱਠ ਜਾਣਗੇ।

ਮਹਾਰਾਜ! ਯੁੱਧ ਦੇ ਅਸੂਲਾਂ ਤੋਂ ਵੀ ਖਿਲਾਫ ਹੈ ਇਹ ਗੱਲ ਤੇ ਇਹ ਉਨ੍ਹਾਂ ਨੂੰ ਪਾਣੀ ਪਿਲਾਈ ਜਾਂਦਾ ਹੈ, ਕੀ ਪਤਾ ਪ੍ਰਸ਼ਾਦੇ ਵੀ ਦਿੰਦਾ ਹੋਵੇ। ਆਪ ਕ੍ਰਿਪਾ ਕਰਕੇ ਉਨ੍ਹਾਂ ਨੂੰ ਕਹੋ।

ਉਸ ਵੇਲੇ ਗੁਰੂ ਮਹਾਰਾਜ ਨੇ ਸਿੰਘ ਭੇਜੇ ਕਿ ਜਾਓ ਜਾ ਕੇ ਭਾਈ ਘਨੱਈਏ ਨੂੰ ਬੁਲਾ ਕੇ ਲਿਆਓ। ਜਾਣਦੇ ਤਾਂ ਸਭ ਕੁਛ ਸੀਗੇ, ਇਹ ਤਾਂ ਨਹੀਂ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕੁਛ।

ਮੈਂ ਤਾਂ ਪ੍ਰਮੇਸ਼ਰ ਤੇ ਗੁਰੂ ਸਾਹਿਬ 'ਚ ਕੋਈ ਫਰਕ ਨਹੀਂ ਸਮਝਦਾ, ਉਹ ਤਾਂ ਇਕ ਨਾਟਕ ਸੀਗਾ। ਨਾਟਕ ਦੇ ਵਿਚ ਜੋ ਨਾਟਕ ਕਰਦਾ ਹੈ, ਉਹ ਨਾਟਕ ਦੇ ਅਸੂਲ ਹੁੰਦੇ ਨੇ, ਉਨ੍ਹਾਂ ਦੇ ਮੁਤਾਬਿਕ ਹੀ ਕਰਦਾ ਹੈ।

ਉਥੇ ਗਏ ਤਾਂ ਡੇਰੇ ਤੋਂ ਪਤਾ ਲੱਗਿਆ ਕਿ ਭਾਈ ਘਨੱਈਆ ਜੀ ਤਾਂ ਆਏ ਹੀ ਨਹੀਂ, ਉਹ ਤਾਂ ਬਹੁਤ ਲੇਟ ਆਉਂਦੇ ਨੇ। ਕਹਿੰਦੇ, ਯੁੱਧ ਤਾਂ ਬੰਦ ਹੋ ਗਿਆ। ਕਿਉਂਕਿ ਸ਼ਾਮ ਨੂੰ ਜਦੋਂ ਬਿਗਲ ਵੱਜ ਜਾਂਦੇ ਸੀ, ਉਸ ਵੇਲੇ ਯੁੱਧ ਬੰਦ ਹੋ ਕੇ ਜਿੰਨੇ ਜ਼ਖਮੀ ਹੁੰਦੇ, ਉਨ੍ਹਾਂ ਨੂੰ ਸੰਭਾਲਦੇ ਸੀ। ਆਪਣੇ-ਆਪਣੇ ਬੰਦੇ ਚੁੱਕਦੇ ਸੀ, ਕੁਛ ਐਸੇ ਥੋੜ੍ਹੇ ਨਿਯਮ ਵੀ ਸੀਗੇ।

ਕਹਿਣ ਲੱਗੇ, ਉਹ ਤਾਂ ਆਏ ਨਹੀਂ, ਉਥੇ ਹੀ ਹੋਣੇ ਮੈਦਾਨ-ਏ-ਜੰਗ 'ਚ। ਹਨ੍ਹੇਰਾ ਸੀਗਾ, ਉਥੇ ਸਿੰਘ ਚਲੇ ਗਏ, ਉਥੇ ਇਕ ਗੱਲ ਹੋ ਰਹੀ ਸੀ, ਚੁੱਪ-ਚਾਂਦ ਹੋਈ ਪਈ ਸੀ, ਉਥੇ ਉਨ੍ਹਾਂ ਨੇ ਸੁਣੀ। ਜਿਹੜਾ ਜ਼ਖਮੀ ਹੋਇਆ-ਹੋਇਆ ਗਿਰਿਆ ਪਿਆ ਸੀ, ਜਿਸ ਦਾ ਸਿਰ ਚੁੱਕ ਕੇ ਭਾਈ ਘਨੱਈਏ ਨੇ ਆਪਣੇ ਪੱਟ 'ਤੇ ਰੱਖਿਆ ਹੋਇਆ ਸੀ, ਉਹਦੀ ਦੰਦਲ ਖੋਲ੍ਹੀ, ਮੂੰਹ ਵਿਚ ਪਾਣੀ ਪਾਇਆ ਉਹਦੇ। ਪਾਣੀ ਪਾਉਂਦੇ ਨੇ ਹੀ ਉਸ ਨੇ

ਕਿਹਾ ਕਿ ਕੌਣ?

ਕੌਣ ਕਹਿਣ ਦਾ ਮਤਲਬ ਸੀ ਕਿ ਮੈਂ ਵੱਡਾ ਜਰਨੈਲ ਹਾਂ ਫੌਜ ਦਾ। ਉਸ ਦਾ ਨਾਂ ਮੁਗਲ ਖਾਨ ਸੀ, ਰੋਪੜ ਦੇ ਰਹਿਣ ਵਾਲਾ ਸੀ। ਉਹ ਅੱਜ ਪਾਨ ਦਾ ਬੀੜਾ ਚੁੱਕ ਕੇ ਆਇਆ ਸੀ ਕਿ ਮੈਂ ਜਾਂ ਤਾਂ ਗੁਰੂ ਗੋਬਿੰਦ ਸਿੰਘ ਨੂੰ ਅੱਜ ਸ਼ਹੀਦ ਕਰ ਦਊਂਗਾ ਤੇ ਜਾਂ ਮੈਂ ਗ੍ਰਿਫਤਾਰ ਕਰ ਲਊਂਗਾ। ਜੰਗ ਦਾ ਖਾਤਮਾ ਕਰਕੇ ਹੀ ਆਵਾਂਗਾ ਅੱਜ। ਜ਼ਖਮੀ ਹੋ ਗਿਆ, ਜ਼ਖਮੀ ਹੋ ਕੇ ਗਿਰਿਆ ਜਦ, ਬੇਹੋਸ਼ ਪਿਆ ਰਿਹਾ। ਭਾਈ ਘਨੱਈਏ ਨੇ ਪਾਣੀ ਪਾ ਕੇ ਉਸ ਦੇ ਮੂੰਹ 'ਚ ਹੋਸ਼ ਵਿਚ ਲੈ ਆਂਦੇ।

ਉਹਨੇ ਕਿਹਾ ਕਿ ਮੈਨੂੰ ਜਾਣਦਾ ਹੈਂ ਮੈਂ ਕੌਣ ਹਾਂ?

ਭਾਈ ਘਨੱਈਏ ਨੇ ਕਿਹਾ ਮੈਂ ਤਾਂ ਸਾਰੀਆਂ ਦੁਨੀਆਂ ਨੂੰ ਇਹ ਜਾਣਦਾ ਹਾਂ ਕਿ ਇਥੇ ਪ੍ਰਮੇਸ਼ਰ ਹੈ ਹੋਰ ਕੋਈ ਹੈ ਨਹੀਂ -

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥  ਅੰਗ - 272***

ਬ੍ਰਹਮਗਿਆਨੀ ਸਰੀਰ ਨਹੀਂ ਕਦੇ ਵੀ ਦੇਖੇਗਾ, ਉਹ ਹਰੇਕ ਦੇ ਅੰਦਰ ਆਤਮਾ ਦੇਖੇਗਾ। ਆਤਮਾ ਆਪਣੇ ਅੰਦਰ ਵੀ ਓਹੀ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
***ਅੰਗ- 846***

ਉਹ ਦੂਜਾ ਨਹੀਂ ਦੇਖਦੇ, ਮਹਾਰਾਜ ਕਹਿੰਦੇ, ਬ੍ਰਹਮਗਿਆਨੀ ਗੱਲਾਂ ਦਾ ਗਿਆਨੀ ਨਹੀਂ ਹੋਇਆ ਕਰਦਾ, ਪ੍ਰੈਕਟੀਕਲ ਹੋਇਆ ਕਰਦਾ ਹੈ।

ਕਹਿਣ ਲੱਗੇ, ਕਿੱਥੇ ਰਹਿੰਦਾ ਹੈਂ? ਕਹਿੰਦਾ, ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨਾਂ 'ਚ ਰਹਿੰਦਾ ਹਾਂ।

ਕਹਿਣ ਲੱਗਿਆ, ਘਨੱਈਆ! ਤੈਨੂੰ ਪਤਾ ਹੈਂ ਕਿ ਤੂੰ ਕੀਹਨੂੰ ਪਾਣੀ ਪਿਲਾ ਰਿਹਾ ਹੈਂ? ਮੈਂ ਉਹ ਜਰਨੈਲ ਹਾਂ ਜਿਹਨੇ ਅੱਜ ਤਹੱਈਆ ਕੀਤਾ ਸੀ ਕਿ ਮੈਂ ਗੁਰੂ ਗੋਬਿੰਦ ਸਿੰਘ ਨੂੰ ਜੀਊਂਦਾ ਗ੍ਰਿਫਤਾਰ ਕਰਾਂਗਾ ਜਾਂ ਸ਼ਹੀਦ ਕਰ ਦੇਵਾਂਗਾ। ਕੀ ਇਹ ਗੱਲ ਸੁਣ ਕੇ ਤੇਰੇ ਅੰਦਰ ਮੇਰੇ ਲਈ ਬੁਰੀ ਭਾਵਨਾ ਨਹੀਂ ਪੈਦਾ ਹੁੰਦੀ, ਵੈਰ ਦੀ ਭਾਵਨਾ ਨਹੀਂ ਤੈਨੂੰ ਪੈਦਾ ਹੁੰਦੀ। ਤੈਨੂੰ ਮੈਂ ਬੇਗਾਨਾ ਨਹੀਂ ਲੱਗ ਰਿਹਾ?

ਭਾਈ ਘਨੱਈਆ ਕਹਿਣ ਲੱਗੇ, ਮੇਰੇ ਗੁਰੂ ਨੇ ਮੈਨੂੰ ਇਹ ਨਹੀਂ ਸਿਖਾਇਆ।

ਕਹਿਣ ਲੱਗਾ, ਤੇਰੇ ਗੁਰੂ ਨੇ ਕੀ ਸਿਖਾਇਆ?

ਕਹਿੰਦੇ, ਮੇਰੇ ਗੁਰੂ ਨੇ ਇਹ ਸਿਖਾਇਆ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਸੰਸਾਰ ਦੇ ਅੰਦਰ ਹੋਰ ਕੋਈ ਹੈ ਨਹੀਂ-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥* *ਅੰਗ- 1291*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥* *ਜਾਪੁ ਸਾਹਿਬ*

ਮੇਰਾ ਸਤਿਗੁਰੂ ਤਾਂ ਇਹ ਕਹਿੰਦਾ ਹੈ ਕਿ ਇਕ ਪ੍ਰਮੇਸ਼ਰ ਏਕੰਕਾਰ ਨੇ ਅਨੇਕ ਰੂਪ ਧਾਰਨ ਕਰ ਲਏ। ਉਹ ਖੇਲ੍ਹ ਦੇ ਵਿਚ ਪਿਆ ਹੋਇਆ ਖੇਲ੍ਹ ਖੇਲ੍ਹਦਾ ਹੈ। ਜਦੋਂ ਉਹ ਖਤਮ ਕਰ ਦਿੰਦੈ -

*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥* *ਅੰਗ - 736*

ਉਸ ਵੇਲੇ ਇਥੇ ਏਕੰਕਾਰ ਹੀ ਹੋਏਗਾ ਹੋਰ ਕੋਈ ਨਹੀਂ। ਸੋ ਇਸ ਤਰ੍ਹਾਂ ਮੁਗਲ ਖਾਨ ਜੀ ਅਸੀਂ ਤਾਂ ਆਤਮਾ ਦੇਖਦੇ ਹਾਂ।

ਕਹਿੰਦਾ, ਤੁਹਾਨੂੰ ਵੈਰ ਨਹੀਂ ਕਿਸੇ ਨਾਲ?

ਕਹਿੰਦਾ, ਨਾ ਸਾਨੂੰ ਨਹੀਂ ਕੋਈ ਵੈਰੀ ਨਜ਼ਰ ਆਉਂਦਾ।

*ਧਾਰਨਾ - ਨਾ ਦਿਸੈ ਬਿਗਾਨਾ ਜੀ,*
*ਨਾ ਕੋਈ ਬੈਰੀ-ਨਾ ਕੋਈ ਬੈਰੀ।*

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*
*ਅੰਗ- 1299*

ਮੇਰਾ ਗੁਰੂ ਦਸਦਾ ਹੈ ਕਿ ਇਥੇ ਵੈਰ ਨਾ ਕਰੋ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥* *ਅੰਗ - 259*

ਤੇਰੇ ਅੰਦਰ ਅੱਲਾਹ ਦਾ ਨਿਵਾਸ ਹੈ, ਇਸ ਕਰਕੇ ਸਾਡਾ ਵੈਰ ਅੱਲਾਹ ਨਾਲ ਤਾਂ ਹੋ ਨਹੀਂ ਨਾ ਸਕਦਾ। ਸਰੀਰ ਤੇਰਾ ਛਿਨ ਭੰਗਰ ਹੈ ਹੁਣ ਹੈਗਾ ਫੇਰ ਹੈ ਨਹੀਂ। ਇਸ ਕਰਕੇ ਸਾਡੇ ਗੁਰੂ ਦੀ ਤਾਲੀਮ ਹੈ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦੇਖੋ।

ਹੈਰਾਨ ਹੋ ਗਿਆ। ਕਹਿਣ ਲੱਗਿਆ, ਗੁਰੂ ਵੀ ਇਸ ਤਰ੍ਹਾਂ ਹੀ ਨੇ?

ਕਹਿਣ ਲੱਗਿਆ, ਹਾਂ ਗੁਰੂਆਂ ਤੋਂ ਤਾਂ ਅਸੀਂ ਸਿੱਖਿਆ ਲਈ ਹੈ।

ਫੇਰ ਤਾਂ ਕਹਿੰਦਾ, ਧਿਰਕਾਰ ਹੈ ਸਾਡੇ। ਇਹੋ ਜਿਹੇ ਆਰਫ, ਦੇਵਤਾ, ਫਰਿਸ਼ਤਾ ਗੁਰੂ ਦੇ ਉਤੇ ਅਸੀਂ ਫੌਜਾਂ ਚਾੜ੍ਹ-ਚਾੜ੍ਹ ਕੇ ਲਿਆਉਂਦੇ ਹਾਂ। ਘਨੱਈਆ! ਤੂੰ ਮੈਨੂੰ ਪਾਣੀ ਹੀ ਨੀਂ ਪਿਲਾਇਆ ਤੂੰ ਮੇਰੇ ਨੇਤਰ ਖੋਲ੍ਹ ਦਿਤੇ। ਮੇਰੇ ਅੰਦਰੋਂ ਵੈਰ ਭਾਵ ਸਾਰਾ ਹੀ ਖਤਮ ਕਰ ਦਿਤਾ, ਸਾਫ ਕਰ ਦਿਤਾ ਤੇਰੇ ਪਾਣੀ ਨੇ। ਮੈਂ ਰਿਣੀ ਹਾਂ ਤੇਰਾ। ਮੈਂ ਰਾਜ਼ੀ ਹੋਵਾਂਗਾ, ਤੇਰੇ

ਦਰਸ਼ਨ ਕਰਾਂਗਾ।

ਓਧਰਲੇ ਪਾਸੇ ਐਨੇ ਨੂੰ ਸਿੰਘ ਆ ਗਏ, ਉਨ੍ਹਾਂ ਨੇ ਆ ਕੇ ਕਿਹਾ ਕਿ ਘਨੱਈਆ! ਤੈਨੂੰ ਗੁਰੂ ਸਾਹਿਬ ਬੁਲਾ ਰਹੇ ਨੇ।

ਮਹਾਰਾਜ ਜੀ ਦੇ ਕੋਲ ਆ ਜਾਂਦੇ ਨੇ।

ਮਹਾਰਾਜ ਨੇ ਕਿਹਾ ਸ਼ਿਕਾਇਤ ਹੈ ਤੇਰੀ, ਖਾਲਸੇ ਦਾ ਇਹ ਕਹਿਣੈ ਕਿ ਤੂੰ ਪਾਣੀ ਪਿਲਾਉਂਦੈ ਉਨ੍ਹਾਂ ਨੂੰ ਜਿਹੜੇ ਆਪਣੇ ਨਾਲ ਲੜਾਈ ਕਰਦੇ ਨੇ?

ਕਹਿਣ ਲੱਗਿਆ, ਪਾਤਸ਼ਾਹ! ਕੀਹਨਾਂ ਨੂੰ ਵੈਰੀ ਕਹਿੰਦੇ ਨੇ, ਵੈਰੀ ਤਾਂ ਕੋਈ ਹੈ ਹੀ ਨੀਂ ਸੰਸਾਰ 'ਚ।

ਤੂੰ ਪਾਣੀ ਕੀਹਨੂੰ ਪਿਲਾਉਂਦੈ?

ਕਹਿਣ ਲੱਗਿਆ, ਪਾਤਸ਼ਾਹ! ਜਿਸ ਵਕਤ ਤੋਂ ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ। ਉਸ ਵੇਲੇ ਤੋਂ ਮੈਂ ਤੁਹਾਨੂੰ ਪਾਣੀ ਪਿਲਾ ਰਿਹਾ ਹਾਂ। ਪਹਿਲਾਂ ਤਾਂ ਮੈਨੂੰ ਦਿਸਦੇ ਸੀ ਸਾਰੇ, ਚੰਗੇ ਵੀ ਮੰਦੇ ਵੀ। ਪਰ ਜਦੋਂ ਤੂੰ ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ, ਉਸ ਵੇਲੇ ਤੋਂ ਹੁਣ ਮੈਨੂੰ ਦੂਜਾ ਦਿਸਦਾ ਨਹੀਂ। ਬੇਗਾਨਾ ਨਹੀਂ ਕੋਈ ਦਿਸਦਾ, ਇਸ ਕਰਕੇ ਜਿਹੜਾ ਮੈਂ ਪਾਣੀ ਪਿਲਾਉਂਨਾ ਉਹ ਤੁਹਾਨੂੰ ਹੀ ਪਿਲਾਉਂਦਾ –

***ਧਾਰਨਾ– ਸਾਹਿਬਾ! ਤੈਨੂੰ ਪਾਣੀ ਪਿਲਾਵਾਂ,***
***ਹੋਰ ਦਿਸਦਾ ਕੋਈ ਨਾ।***
***ਤੂੰ ਹੀ–ਤੂੰ ਹੀ ਮੋਹਿਨਾ,***
***ਹੋਰ ਦਿਸਦਾ ਕੋਈ ਨਾ।***

ਪਾਤਸ਼ਾਹ! ਜਦੋਂ ਅੱਖਾਂ ਬੰਦ ਸੀ, ਉਸ ਵੇਲੇ ਆਪਣੇ ਵੀ ਦਿਸਦੇ ਸੀ, ਬੇਗਾਨੇ ਵੀ ਦਿਸਦੇ ਸੀ। ਜਦੋਂ ਤੋਂ ਤੂੰ ਗਿਆਨ ਅੰਜਨ ਮੇਰੇ ਨੇਤਰਾਂ 'ਚ ਪਾ ਦਿਤਾ, ਚਾਨਣਾ ਹੋ ਗਿਆ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥***
***ਅੰਗ– 293***

ਫੇਰ ਮੈਨੂੰ ਦਿਸਿਆ ਕੀ?

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***
***ਜੈਸੀ ਆਗਿਆ ਤੈਸਾ ਕਰਮੁ ॥***
***ਪਉਣ ਪਾਣੀ ਬੈਸੰਤਰ ਮਾਹਿ ॥***
***ਚਾਰਿ ਕੁੰਟ ਦਹ ਦਿਸੇ ਸਮਾਹਿ ॥***
***ਤਿਸ ਤੇ ਭਿੰਨ ਨਹੀ ਕੋ ਠਾਉ ॥***

***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*** ***ਅੰਗ - 294***

ਜਦੋਂ ਤੋਂ ਤੁਸੀਂ ਗਿਆਨ ਦਾ 'ਅੰਜਨੁ' ਪਾ ਦਿਤਾ ਅੱਖਾਂ ਖੋਲ੍ਹ ਦਿਤੀਆਂ –

***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਅੰਗ- 407***

ਮੈਂ ਤਾਂ ਤੁਹਾਡਾ ਉਪਦੇਸ਼ ਪਾਤਸ਼ਾਹ! ਪੱਕੀ ਤਰ੍ਹਾਂ ਨਾਲ ਧਾਰਨ ਕਰਿਆ ਹੋਇਆ ਹੈ। ਤੁਹਾਡੇ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ ਹੈ –

***ਧਾਰਨਾ – ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ।***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।***

ਜਦੋਂ ਗੁਰੂ ਨੇ ਨਵੀਂ ਅੱਖ ਖੋਲ੍ਹੀ, ਮੈਂ ਕੀ ਦੇਖਿਆ –***'ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥'*** ਹੇ ਗੁਰੂ ਕਲਗੀਧਰ ਪਾਤਸ਼ਾਹ! ਤੇਰੇ ਬਗੈਰ ਤਾਂ ਮੈਨੂੰ ਹੋਰ ਨਜ਼ਰ ਹੀ ਨਹੀਂ ਆਉਂਦਾ, ਮੈਂ ਤੁਹਾਨੂੰ ਹੀ ਪਾਣੀ ਪਿਲਾਉਂਦਾ, ਤੁਹਾਡੇ ਹੀ ਨਾਲ ਰਹਿੰਦਾਂ, ਤੁਹਾਨੂੰ ਹੀ ਹਰ ਥਾਂ ਦੇਖਦਾ ਹਾਂ, ਮੈਂ ਕਰਾਂ ਕੀ?

***ਮੋਕਉ ਤਉ ਇਮਹੀ ਦ੍ਰਿਸਟਾਵੈ।***
***ਤੁਧ ਬਿਨ ਦੂਸਰ ਨਜਰ ਨ ਆਵੈ।***

ਦੂਸਰੇ ਨੂੰ ਮੈਂ ਕਦੇ ਪਾਣੀ ਪਿਲਾਇਆ ਹੀ ਨਹੀਂ, ਤੁਹਾਨੂੰ ਹੀ ਪਾਣੀ ਪਿਲਾਇਐ। ਇਥੇ ਇਕੋ ਹੀ ਪ੍ਰਮੇਸ਼ਰ ਹੈ, ਅਨੇਕ ਰੂਪ ਧਾਰਨ ਕਰੇ ਹੋਏ ਨੇ–

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***

***ਤ੍ਵਪ੍ਰਸਾਦਿ ਕਬਿੱਤ***

ਮਹਾਰਾਜ ਨੇ ਉੱਠ ਕੇ ਬੁੱਕਲ 'ਚ ਲੈ ਲਿਆ ਭਾਈ ਘਨੱਈਆ ਨੂੰ। ਕਹਿਣ ਲੱਗੇ, ਘਨੱਈਆ, ਨਿਹਾਲ! ਨਿਹਾਲ!! ਨਿਹਾਲ!!!

ਕਹਿੰਦੇ, ਖਾਲਸਾ ਜੀ, ਇਹਨੇ ਉਹ ਪਦ ਪ੍ਰਾਪਤ ਕਰ ਲਿਆ, ਜਿੱਥੇ ਸਿੱਖੀ ਨੇ ਸਭ ਕੁਛ ਪ੍ਰਾਪਤ ਕਰ ਲੈਣੈ। ਜਿੱਥੇ ਸਿੱਖ ਨੇ ਪ੍ਰਮੇਸ਼ਰ ਬਣ ਜਾਣੈ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***
***ਅੰਗ - 1375***

ਆਪ ਦੇ ਅੰਦਰ ਵੀ ਓਹੀ ਦਿਸਦੈ, ਬਾਹਰ ਵੀ ਓਹੀ ਦਿਸਦੈ। ਇਕੋ ਹੀ ਨਜ਼ਰ ਆ ਜਾਂਦੈ। ਮਹਾਰਾਜ ਕਹਿੰਦੇ, ਗੱਲੀਂ ਨਹੀਂ ਹੁੰਦਾ –

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥***

***ਅੰਗ – 930***

ਇਹ ਤਾਂ ਸਿਞਾਣ ਕਰਨੀ ਪੈਂਦੀ ਹੈ ਕਿ ਬਿਰਤੀ ਇਹੋ ਜਿਹੀ ਹੋਵੇ। ਹੁਣ ਇਹ ਜਿਹੜੀ ਦੱਸੀ ਹੈ ਬਿਰਤੀ ਇਹ ਗੁਰਸਿੱਖ ਦੀ ਬਿਰਤੀ ਹੈ। ਉਹਨੇ ਪਰਉਪਕਾਰ ਹੀ ਕਰਨਾ ਹੈ, ਚਾਹੇ ਉਹਦਾ ਜੀਵਨ ਲੈ ਲਓ, ਚਾਹੇ ਕੁਛ ਕਰ ਲਓ। ਕਿਉਂਕਿ ਦੂਸਰਾ ਲਗਦਾ ਨਹੀਂ ਹੈ ਉਨ੍ਹਾਂ ਕੋਈ। ਇਕੋ ਹੀ ਨਜ਼ਰ ਆਉਂਦਾ ਹੈ।

ਸੋ ਇਹ ਗੁਰੂ ਮਹਾਰਾਜ ਦੇ ਉਪਦੇਸ਼ ਨੇ, ਜਿਹੜੇ ਸਾਨੂੰ ਉੱਚਾ ਕਰ ਗਏ। ਗੁਰੂ ਮਹਾਰਾਜ ਨੇ ਜਦੋਂ ਅੰਮ੍ਰਿਤ ਛਕਾਇਆ, ਸਾਰਿਆਂ ਨੂੰ ਪਤਾ ਹੈ ਕਿ ਪੰਜ ਸੀਸ ਮੰਗੇ। ਉਹਦੇ ਵਿਚ ਥੋੜ੍ਹਾ ਜਿਹਾ ਭੁਲੇਖਾ ਹੈ, ਉਹ ਇਹ ਹੈ ਕਿ ਜਿਹੜੇ ਸ਼ਰਧਾ 'ਚ ਕਮਜ਼ੋਰ ਬੰਦੇ ਨੇ ਉਹ ਸਾਡੇ ਮਨਾਂ 'ਚ ਭੁਲੇਖਾ ਪਾ ਦਿੰਦੇ ਨੇ। ਇਕ ਤਾਂ ਜਿਹੜੇ ਪੜ੍ਹੇ ਹੋਏ ਨੇ ਉਹ ਕਹਿੰਦੇ ਨੇ ਕਿ ਸਾਡੀ ਕਿਤਾਬ ਕਿਸੇ ਨੇ ਪੜ੍ਹਨੀ ਹੈ? ਜੇ ਅਸੀਂ ਇਹ ਗੱਲ ਲਿਖ ਦਿਤੀ, ਮੰਨਣੀ ਨਹੀਂ ਕਿਸੇ ਨੇ। ਉਹ ਗੱਲ ਲਿਖੋ ਜਿਹੜੀ ਦੂਜੇ ਮੰਨਣ। ਸਾਨੂੰ ਕੀ ਲੋੜ ਹੈ, ਮੰਨਣ ਨਾ ਮੰਨਣ ਅਸੀਂ ਤਾਂ ਅਸਲ ਦਸਣੇ ਨੇ। ਗੁਰੂ ਮਹਾਰਾਜ ਨੇ ਜਦੋਂ ਆਵਾਜ਼ ਦਿਤੀ, ਇਹ ਨਹੀਂ ਕਿ ਹਾਂ ਜੀ ਇਕ ਆਵਾਜ਼ ਦਿਤੀ, ਦੂਜੀ ਦਿਤੀ, ਫੇਰ ਤੀਜੀ ਦਿਤੀ, ਫੇਰ ਸਿੱਖੀ ਕਾਹਦੀ ਹੋਈ 200 ਸਾਲ 'ਚ? ਫੇਰ ਤਾਂ ਕਹਿ-ਕਹਿ ਕੇ ਸੀਸ ਲਏ। ਇਹ ਨਹੀਂ ਸੀ ਸਾਧਸੰਗਤ ਜੀ ਹਾਲ। ਉਸ ਵੇਲੇ ਪੂਰਨ ਬ੍ਰਹਮਗਿਆਨੀ ਸੀਗੇ, ਗੁਰੂ ਨਾਨਕ ਸਾਹਿਬ ਤੋਂ ਸਿੱਖੀ ਚੱਲ ਕੇ ਦਸ ਜਾਮਿਆਂ 'ਚ ਦੋ ਸੌ ਸਾਲ 'ਚ, ਐਨੀ ਕਮਜ਼ੋਰ ਨਹੀਂ ਹੋ ਸਕਦੀ ਕਿ ਦੇਹ ਅਧਿਆਸ ਵੀ ਨਾ ਟੁੱਟਿਆ। ਮਹਾਰਾਜ ਆਵਾਜ਼ ਮਾਰਦੇ ਨੇ, ਭਾਈ ਦਇਆ ਸਿੰਘ ਉਨ੍ਹਾਂ ਦੇ ਪਾਸ ਆ ਗਿਆ, ਇਕ ਦਮ। ਸਾਰਿਆਂ ਦੇ ਸਾਮ੍ਹਣੇ ਸੀਸ ਉਹਦਾ ਲਾਹ ਦਿਤਾ। ਦੂਜੇ ਦਾ ਤੀਸਰੇ ਦਾ, ਚੌਥੇ ਦਾ, ਪੰਜਵੇਂ ਦਾ। ਉਥੇ ਇਕ ਔਰੰਗਜ਼ੇਬ ਦਾ ਜਸੂਸ ਬੈਠਾ ਸੀ, ਉਹ ਕਾਫੀ ਦੇਰ ਦਾ ਓਥੇ ਸੀ, ਉਹ ਪਹਿਲਾਂ ਬ੍ਰਾਹਮਣ ਹੁੰਦਾ ਸੀ, ਉਸ ਤੋਂ ਬਾਅਦ ਉਹ ਮੁਸਲਮਾਨ ਬਣ ਗਿਆ ਸੀ, ਅਬੁੱਲ ਤਰਾਨੀ ਸੀ ਉਹਦਾ ਨਾਉਂ ਗੋਲਕੰਡੇ ਦੇ ਰਹਿਣ ਵਾਲਾ ਸੀ, ਦੱਖਣ ਵਿਚ। ਉਹ ਭੇਜ ਦਿਤਾ ਸੀ ਕਿ ਤੂੰ ਬ੍ਰਾਹਮਣ ਹੈਂ, ਵੇਦਾਂ ਦੀ ਗੱਲ ਵੀ ਜਾਣਦੈਂ, ਗੁਰੂ ਗੋਬਿੰਦ ਸਿੰਘ ਜੀ ਦਾ ਭੇਤ ਮੈਨੂੰ ਦਿਆ ਕਰ ਨੇ। ਉਹ ਕਹਿੰਦਾ, ਜਦੋਂ ਪਹਿਲਾ ਸੀਸ ਲਾਹਿਆ ਮੈਂ ਤਾਂ ਡਰ ਗਿਆ, ਮੈਂ ਬੈਠਾ ਨੇੜੇ ਹੀ ਸੀ। ਜਦੋਂ ਦੂਜੇ, ਤੀਜੇ, ਚੌਥੇ ਪੰਜਵੇਂ ਦਾ, ਮੈਂ ਤਾਂ ਕਹਿੰਦਾ ਨੱਠਣ ਨੂੰ ਤਿਆਰ ਹੋ ਗਿਆ ਕਿ ਨੱਠ ਚੱਲੋ, ਜੇ ਥੱਲੇ ਆ ਗਏ ਆਪਣੀ ਵੀ ਵਾਰੀ ਆ ਜਾਣੀ ਹੈ ਕਿ ਇਹ ਤਾਂ ਵੱਢੀ ਜਾਂਦੇ ਨੇ ਬੰਦੇ। ਪਰ ਮੈਂ ਰਿਪੋਰਟ ਦੇਣੀ ਸੀ, ਮੈਂ ਕਿਹਾ ਮੇਰੇ ਮੂਹਰੇ ਕਾਫੀ ਨੇ ਅਜੇ। ਕਹਿੰਦਾ, ਮੈਂ ਹੈਰਾਨ ਹੋ ਗਿਆ, ਸ੍ਰੀ ਸਾਹਿਬ ਰੱਖ

ਦਿਤੀ, ਸੀਸ ਆਪਣੇ ਹੱਥ ਨਾਲ ਹੀ ਚੁੱਕ ਕੇ ਜੋੜ ਦਿਤੇ, ਕੋਈ ਕਲਾਮ ਪੜ੍ਹੀ, ਉਹ ਪਾਣੀ ਲਿਆ, ਉਹਨਾਂ 'ਤੇ ਛਿੱਟਾਂ ਮਾਰੀਆਂ, ਜਿਹਦੇ ਉਤੇ ਮਾਰਦੇ ਉਹ ਉੱਠ ਕੇ ਖੜ੍ਹਾ ਹੋ ਕੇ ਕਹਿੰਦਾ, 'ਵਾਹਿਗੁਰੂ ਜੀ ਖਾਲਸਾ ਵਾਹਿਗੁਰੂ ਜੀ ਕੀ ਫਤਿਹ।' ਇਕ ਇਤਿਹਾਸਕਾਰ ਹੋਇਆ ਹੈ ਬਖਸ਼ੀ ਸਿੰਘ, ਉਹਨੇ ਆਪਣੇ ਇਤਿਹਾਸ 'ਚ ਲਿਖਿਆ ਹੈ। ਅਸੀਂ ਜੇ ਭਲਾਂ ਉਹਦੀ ਗੱਲ ਨਾ ਮੰਨੀਏ, ਆਪ ਵਿਚਾਰ ਕਰਕੇ ਦੇਖੀਏ।

ਬਾਬਾ ਅਟੱਲ ਹਾਕੀ (ਖਿਦੋ ਖੂੰਡੀ) ਖੇਡਦੇ ਨੇ, ਪਿੱਤ ਰਹਿ ਗਈ ਮੋਹਨ ਦੇ। ਰਾਤ ਨੂੰ ਮੋਹਨ ਦੇ ਸੱਪ ਲੜ ਗਿਆ। ਉਹ ਮਰ ਗਿਆ। ਮਰਿਆ ਹੋਇਆ, ਸਵੇਰੇ ਵਾਰੀ ਦੇਣ ਨਾ ਆਇਆ। ਉਹ ਨਾ ਆਇਆ ਤਾਂ ਬਾਬਾ ਜੀ ਨੇ ਕਿਹਾ ਕਿ ਉਹਨੂੰ ਲਿਆਓ। ਘਰ ਦੇ ਕਹਿੰਦੇ, ਉਹ ਤਾਂ ਉਨ੍ਹਾਂ ਦਾ ਬੁਲਾਇਆ ਹੀ ਬੋਲੇਗਾ, ਸਾਡਾ ਬੁਲਾਇਆ ਤਾਂ ਬੋਲਦਾ ਨੀਂ, ਪਤਾ ਨੀਂ ਨੀਂਦ ਬਹੁਤੀ ਚੜ੍ਹ ਗਈ ਇਹਨੂੰ।

ਬਾਬਾ ਜੀ ਆਏ, ਕਹਿੰਦੇ ਵਾਰੀ ਦੇਣ ਦਾ ਮਾਰਿਆ ਸੌਂ ਗਿਆ। ਖੂੰਡੀ ਪਾਈ ਗਲ 'ਚ ਉਠਾਲ ਕੇ ਬਿਠਾਲ ਦਿਤਾ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੂੰ ਪਤਾ ਲੱਗਿਆ ਕਿ miss use ਗਲਤ ਵਰਤ ਲਈ ਇਨ੍ਹਾਂ ਨੇ ਤਾਕਤ। ਪੋਤਾ ਸੀ ਬੜਾ ਪਿਆਰਾ, ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਦੇਖ ਇਹ ਤੂੰ ਗੱਲ ਗਲਤ ਕਰੀ। ਇਹ ਮੁਗਲਾਂ ਦਾ ਰਾਜ ਹੈ, ਇਨ੍ਹਾਂ ਨੇ ਮਰੇ ਹੋਏ ਸਾਰੇ ਇਥੇ ਲਿਆ-ਲਿਆ ਕੇ ਸੁੱਟੀ ਜਾਇਆ ਕਰਨੇ ਨੇ। ਕਿੰਨਿਆਂ ਕੁ ਨੂੰ ਜਿਉਂਦੇ ਕਰ ਦਿਓਂਗੇ? ਵਾਹਿਗੁਰੂ ਦੇ ਨੇਮ ਵਿਚ ਦਖਲ ਦਿੰਦੇ ਹੋਂ ਤੁਸੀਂ?

ਬਾਬਾ ਅਟੱਲ ਜੀ ਨੂੰ ਸਰੀਰ ਛੱਡਣਾ ਪਿਆ।

ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ ਜਦੋਂ ਗੁਰੂ ਮਹਾਰਾਜ ਗਏ, ਉਥੇ ਕਮਰਕੱਸਾ ਉਤਾਰ ਦਿਤਾ ਕਿ ਹੁਣ ਨਹੀਂ ਅਸੀਂ ਯੁੱਧ ਕਰਨਾ। ਉਥੇ ਇਕ ਦਿਨ ਸ਼ਿਕਾਰ ਤੇ ਗਏ, ਉਥੇ ਕਿਹਾ ਕਿ ਇਥੇ ਇਕ ਚੀਤਾ ਆਇਆ ਹੋਇਆ ਹੈ। ਉਹ ਜੰਗਲ ਘਣਾ ਸੀ ਕੀ ਦੇਖਦੇ ਨੇ ਇਕ ਗਊ ਸੀ ਚਿਤਮ-ਚਿੱਤੀ ਉਹ ਪੂਰੀ ਤਰ੍ਹਾਂ ਪਛਾਣੀ ਨਾ ਗਈ, ਉਨ੍ਹਾਂ ਨੇ ਬਾਣ ਮਾਰਿਆ, ਤੇ ਉਹ ਮਰ ਗਈ। (ਇਸ ਦੇ ਨਾਮ ਤੇ ਜਿੰਦਵੜੀ ਪਿੰਡ ਪੈਂਦਾ ਜਿਥੇ ਬਾਬਾ ਜੀ ਨੇ ਮਰੀ ਗਊ ਜਿਉਂਦੀ ਕਿਤੀ ਅਤੇ ਗੁਰਦੁਆਰਾ ਸਾਹਿਬ ਸਸ਼ੋਭਿਤ ਹਨ। ਇਸ ਤੋਂ ਦੋ ਕਿਲੋਮੀਟਰ ਅੱਗੇ ਜਾ ਕੇ ਪਿੰਡ ਪੈਂਦਾ ਹੈ ਰਾਮਗੜ੍ਹ ਬੇਲਾ ਉਥੇ ਸ੍ਰੀ ਮਾਨ ਸੰਤ ਬਾਬ ਹਰਪਾਲ ਸਿੰਘ ਜੀ ਦੁਆਰਾ ਸਤਲੁਜ ਦਰਿਆ ਦੇ ਕੰਢੇ ਬਹੁਤ ਪਿਆਰਾ ਅਸਥਾਨ ਵਸਾਇਆ ਗਿਆ ਹੈ ਜਿਸ ਸੰਤ ਮਾਤਾ ਰਣਜੀਤ ਕੌਰ ਜੀ ਦੇ ਨਾਮ ਤੇ ਹਸਪਤਾਲ ਚਲ ਰਹੇ ਹਨ ਅਤੇ 24 ਘੰਟੇ ਲੰਗਰ ਰਿਹਾਇਸ਼ ਦਾ ਪ੍ਰਬੰਧ ਹੈ) ਮਰੀ ਗਈ ਤਾਂ ਪਹਾੜੀਏ ਆ ਗਏ ਇਕੱਠੇ ਹੋ ਕੇ, ਕਹਿੰਦੇ ਸਾਡੀ ਗਊ ਮਾਰ ਦਿਤੀ। ਇਕ ਤਾਂ ਗਊ ਮਾਰਨ ਦਾ ਬੜਾ ਭਾਰੀ ਦੋਸ਼। ਕਹਿੰਦੇ, ਅਸੀਂ ਤਾਂ ਰਾਜੇ ਕੋਲ ਫਰਿਆਦ ਕਰਾਂਗੇ, ਬਹੁਤ ਉਨ੍ਹਾਂ ਨੇ ਕਿਹਾ ਕਿ ਗਊਆਂ ਚਾਰ ਲੈ

ਲਓ, ਪੰਜ ਲੈ ਲਓ, ਦਸ ਲੈ ਲਓ, ਮੈਂ ਮੁੱਲ ਦੇ ਦਿੰਦਾ ਹਾਂ, ਪਰ ਪਤਾ ਸੀ, ਬਾਬੇ ਅਟੱਲ ਨੂੰ ਜਾਣਾ ਪਿਆ। ਉਸ ਵੇਲੇ ਉਹ ਨਹੀਂ ਮੰਨੇ, ਅਖੀਰ ਉਨ੍ਹਾਂ ਨੇ 'ਵਾਹਿਗੁਰੂ' ਕਹਿ ਛਿੱਟਾ ਮਾਰਿਆ, ਗਊ ਉੱਠ ਕੇ ਖੜ੍ਹੀ ਹੋ ਗਈ।

ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ ਭਾਈ ਜੀਵਨ ਜੀ ਹੋਏ ਨੇ, ਭਾਈ ਗੌਂਰੇ ਦੇ ਛੋਟੇ ਭਰਾ। ਜਿਹੜਾ ਉਨ੍ਹਾਂ ਦਾ ਭਰਾ ਸੀ ਉਹ ਥੋੜ੍ਹਾ ਗੁਰੂ ਮਹਾਰਾਜ ਨਾਲ ਖਾਰ ਖਾਂਦਾ ਸੀ। ਕੋਈ ਬ੍ਰਾਹਮਣ ਦਾ ਲੜਕਾ ਮਰ ਗਿਆ। ਕਹਿੰਦਾ, ਲੈ ਗੁਰੂ ਸਾਹਿਬ ਕੋਲ ਲੈ ਜਾ ਉਹ ਰਾਜ਼ੀ ਕਰ ਦੇਣਗੇ। ਤੂੰ ਐਂ ਕਰ, ਥੋੜ੍ਹਾ ਜਿਹਾ ਹੱਠ ਕਰੀਂ। ਗੁਰੂ ਮਹਾਰਾਜ ਜੀ ਕੋਲ ਲੈ ਗਿਆ। ਉਥੇ ਮਸੰਦ ਵੀ ਕਹਿਣ ਲੱਗ ਗਏ ਕਿ ਮਹਾਰਾਜ! ਵਿਚਾਰੇ ਦਾ ਬੱਚਾ ਜੀਉਂਦਾ ਕਰ ਦਿਓ। ਉਹਨੇ ਕਿਹਾ ਕਿ ਮੈਂ ਤਾਂ ਚਿਖਾ ਦੇ ਵਿਚ ਜਲ ਜਾਣਾ ਹੈ, ਆਪਣੇ ਪੁੱਤਰ ਨਾਲ ਹੀ। ਮਹਾਰਾਜ! ਬਦਨਾਮੀ ਬਹੁਤ ਹੋਏਗੀ। ਧੀਰਮੱਲ ਦੇ ਮਸੰਦਾਂ ਨੇ ਇਹ ਗੱਲ ਚੁੱਕ ਲੈਣੀ ਹੈ। ਮਹਾਰਾਜ ਕਹਿੰਦੇ, ਇਹ ਠੀਕ ਨਹੀਂ ਹੈ ਗੱਲ, ਜੀਉਂਦਾ ਤਾਂ ਅਸੀਂ ਹਜ਼ਾਰ ਬੰਦਾ ਕਰ ਦੇਈਏ, ਲੱਖ ਕਰ ਦੇਈਏ। ਵਾਹਿਗੁਰੂ ਦੀ ਨੇਤ ਦੇ ਵਿਚ ਦਖਲ ਦੇਣਾ ਚੰਗਾ ਨਹੀਂ ਹੁੰਦਾ। ਉਸ ਵੇਲੇ ਬਹੁਤ ਜ਼ਿਆਦਾ ਜਦ ਜ਼ੋਰ ਪਾਇਆ, ਮਹਾਰਾਜ ਕਹਿੰਦੇ ਚੰਗਾ, ਇਸ ਤਰ੍ਹਾਂ ਕਰ ਲੈਂਦੇ ਹਾਂ ਕਿ ਕੋਈ ਇਹਦੀ ਥਾਂ ਜਾਓ, ਜੀਉਂਦਾ ਹੋ ਜਾਏਗਾ। ਇਹ ਤਾਂ ਗੁਰੂ ਘਰ 'ਚ ਪ੍ਰਵਾਨ ਹੈਗਾ ਕਿ ਅਰਦਾਸ ਕਰਕੇ ਜਾ ਸਕਦੈ।

ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੈਤੋਂ ਗਏ ਹੋਏ ਸੀ, ਉਥੇ ਉਨ੍ਹਾਂ ਦਾ ਇਕ ਪ੍ਰੇਮੀ ਸੀ ਖੱਤਰੀ, ਉਹਦੀ ਘਰਵਾਲੀ ਬਿਮਾਰ ਹੋ ਗਈ। ਪਿਆਰ ਉਹਨੂੰ ਬਹੁਤ ਸੀ। ਉਹਨੇ ਆ ਕੇ ਬਾਬਾ ਜੀ ਦੇ ਚਰਨ ਫੜੇ ਕਿ ਬਾਬਾ ਜੀ ਕ੍ਰਿਪਾ ਕਰੋ, ਮੇਰਾ ਤਾਂ ਘਰ ਹੀ ਉੱਜੜ ਜਾਏਗਾ, ਬਰਬਾਦ ਹੋ ਜਾਏਗਾ। ਸਾਹਾਂ 'ਤੇ ਪਈ ਹੈ।

ਬਾਬਾ ਜੀ ਕਹਿੰਦੇ, ਭਾਈ ਜੋ ਮਰਿਆਦਾ ਚਲੀ ਆ ਰਹੀ ਹੈ, ਉਹ ਤਾਂ ਅਸੀਂ ਕਰ ਸਕਦੇ ਹਾਂ, ਉਸ ਤੋਂ ਵੱਧ ਨਹੀਂ ਜਾ ਸਕਦੇ। ਕਹਿੰਦੇ, ਹੁਕਮ ਕਰੋ। ਕਹਿੰਦੇ, ਚੱਲ।

ਆਪ ਉਹਦੀ ਪੈਂਦ ਵੱਲ ਖੜ੍ਹੇ ਹੋ ਗਏ। ਕਹਿੰਦੇ, ਵੀਹ ਸਾਲ ਦੀ ਉਮਰ ਤੇਰੀ ਬਚਦੀ ਹੈ, ਚੱਲ ਦੋਹਾਂ ਦੀ ਬਰਾਬਰ ਕਰ ਦਿੰਦੇ ਹਾਂ। ਦਸ ਸਾਲ ਤੂੰ ਦੇ-ਦੇ, ਇਕੱਠੇ ਹੀ ਚੜ੍ਹਾਈ ਕਰ ਜਾਓਂਗੇ, ਦਸ ਸਾਲ ਬਾਅਦ। ਬਾਬਾ ਜੀ ਨੇ ਅਰਦਾਸ ਕਰ ਦਿਤੀ ਕਿ ਸੱਚੇ ਪਾਤਸ਼ਾਹ! ਇਹ ਆਪਣੀ ਦਸ ਸਾਲ ਦੀ ਆਯੂ ਇਹਨੂੰ ਦਿੰਦੈ, ਇਹਦੇ 'ਤੇ ਕ੍ਰਿਪਾ ਕਰੋ। ਤੁਹਾਡਾ ਪ੍ਰੇਮੀ ਹੈ, ਬਾਣੀ ਪੜ੍ਹਦਾ ਹੈ, ਨਿਤਨੇਮ ਕਰਦੈ, ਦਾਨ ਕਰਦਾ, ਹੋਰ ਸੰਗਤ ਦੀ ਸੇਵਾ ਕਰਦੈ, ਜਿਹੜੀ ਉਹਦੀ ਘਰਵਾਲੀ ਖੱਤਰਾਣੀ ਸੀ ਉਹ ਰਾਜ਼ੀ ਹੋ ਗਈ।

ਰਾੜਾ ਸਾਹਿਬ ਵਾਲੀ ਸੰਪਰਦਾ ਦੇ ਸੰਤਾਂ 'ਚ ਬੜੀਆਂ ਤਾਕਤਾਂ ਸੀ। ਬਹੁਤ ਜ਼ਿਆਦਾ ਸੀ, ਥੋੜੀਆਂ ਨਹੀਂ ਸੀ, ਜ਼ਬਤ ਕਰਕੇ ਰਖਦੇ ਸੀ। ਦਿਖਾਉਂਦੇ ਹੀ ਨਹੀਂ ਸੀ। ਕਿਉਂਕਿ –

***ਨਾਟਕ ਚੇਟਕ ਕੀਏ ਕੁਕਾਜਾ॥***
***ਪ੍ਰਭ ਲੋਗਨ ਕਹ ਆਵਤ ਲਾਜਾ॥***

ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਗੁਰੂ ਤੇਗ ਬਹਾਦਰ ਸਾਹਿਬ ਨੂੰ ਕੋਈ ਸ਼ਕਤੀ ਦਿਖਾਉਣੀ ਚਾਹੀਦੀ ਸੀ, ਔਰੰਗਜ਼ੇਬ ਦਾ ਮੂੰਹ ਮੁੜਦਾ।

ਮਹਾਰਾਜ ਕਹਿੰਦੇ, ਸ਼ਕਤੀ ਤਾਂ ਉਨ੍ਹਾਂ ਪਾਸ ਬਹੁਤ ਸੀ। ਭਾਈ ਮਤੀ ਦਾਸ ਨੇ ਕਹਿ ਦਿਤਾ ਸੀ, ਇਕ ਸਿੱਖ ਨੇ ਕਹਿ ਦਿਤਾ, ਉਹ ਸਿੱਖ ਗੁਰੂ ਮਹਾਰਾਜ ਕੋਲ ਆ ਗਿਆ। ਮਹਾਰਾਜ ਉਸ ਵਕਤ ਪਿੰਜਰੇ 'ਚ ਸੀਗੇ। ਕਹਿਣ ਲੱਗਿਆ, ਮਹਾਰਾਜ! ਤੁਸੀਂ ਤਕਲੀਫ ਝਲਦੇ ਹੋਂ ਤੇ ਮੈਂ ਦੇਖ ਨਹੀਂ ਸਕਦਾ ਤੇ ਮੈਨੂੰ ਹੁਕਮ ਦੇਵੋ, ਮੈਂ ਲਾਹੌਰ ਤੇ ਦਿੱਲੀ ਨੂੰ ਹੱਥਾਂ 'ਤੇ ਚੁੱਕ ਕੇ, ਛੈਣੇ ਵਾਂਗੂੰ ਵਜਾ ਦੇਵਾਂ। ਅਰ ਇਹ ਬਾਦਸ਼ਾਹੀ ਖਤਮ ਹੀ ਕਰ ਦੇਵਾਂ। ਇਹਦਾ ਖਾਨਦਾਨ ਹੀ ਖਤਮ ਕਰ ਦੇਵਾਂ।

ਮਹਾਰਾਜ ਕਹਿੰਦੇ, ਬੜੀ ਸ਼ਕਤੀ ਹੈ ਤੇਰੇ 'ਚ? ਇਹ ਕਿੱਥੋਂ ਆਈ? ਕਹਿੰਦਾ, ਮੈਨੂੰ ਨਹੀਂ ਪਤਾ ਮਹਾਰਾਜ, ਮੇਰੇ 'ਚ ਆ ਗਈ। ਮਹਾਰਾਜ ਕਹਿੰਦੇ, ਰਾਤ ਅਸੀਂ ਜਿਹੜੇ ਗੰਨੇ ਚੂਪੇ ਸੀ, ਉਹ ਛਿਲਕ ਚੂਪਿਆ ਸੀ? ਕਹਿੰਦਾ, ਮੈਨੂੰ ਨਹੀਂ ਪਤਾ ਮਹਾਰਾਜ। ਮੈਂ ਗੰਨੇ ਤੋਂ ਹੀ ਅਣਜਾਣ ਹਾਂ। ਉਹ ਛਿਲਕ ਆ ਕੇ ਤੁਸੀਂ ਬਾਹਰ ਮਾਰਦੇ ਸੀ ਜ਼ੋਰ ਦੀ, ਮੇਰੇ ਹੱਥ ਆ ਗਏ, ਉਹ ਮਿੱਠੇ ਸੀ, ਮੈਂ ਚੂਪ ਲਏ। ਮਹਾਰਾਜ ਕਹਿੰਦੇ, ਫੇਰ ਆਈ ਨਾ ਤੇਰੇ 'ਚ ਸ਼ਕਤੀ? ਕਹਿੰਦਾ, ਹਾਂ ਜੀ। ਉਰੇ ਆ, ਕਹਿੰਦੇ, ਸਾਡੇ ਕੋਲ। ਨੇੜੇ ਆਇਆ ਤਾਂ ਮਹਾਰਾਜ ਨੇ ਬਾਂਹ ਫੜ ਲਈ, ਕਹਿੰਦੇ ਜਾਹ ਵਜਾ ਦੇ ਛੈਣੇ। ਖੜ੍ਹਾ ਹੈ ਚੁੱਪ ਕਰਿਆ। ਕਹਿੰਦੇ, ਵਜਾਉਂਦਾ ਨਹੀਂ ਹੈਂ? ਕਹਿੰਦਾ, ਮਹਾਰਾਜ! ਮੇਰੀ ਤਾਂ ਸ਼ਕਤੀ ਹੀ ਖਿੱਚ ਲਈ ਤੁਸੀਂ ਸਾਰੀ। ਰਹਿਣ ਹੀ ਨਹੀਂ ਦਿਤੀ। ਕਹਿੰਦੇ, ਪ੍ਰੇਮੀਆਂ! ਛਿਲਕ ਚੂਪ ਕੇ ਤੇਰੇ 'ਚ ਜੇ ਐਨਾ ਜੋਸ਼ ਆ ਗਿਆ, ਝੱਲਿਆ ਨਹੀਂ ਜਾਂਦਾ। ਫੇਰ ਜਿਹਦੇ ਗੰਨੇ ਚੂਪੇ ਹੋਣੇ ਉਹਦੇ 'ਚ ਕੀ ਸ਼ਕਤੀ ਨਹੀਂ ਹੋਏਗੀ?

ਉਹ ਇਕ ਦਰਿਆ ਵਹਿ ਰਿਹਾ ਹੈ ਸ਼ਕਤੀਆਂ ਦਾ। ਤੈਨੂੰ ਇਕ ਗਿਲਾਸ ਮਿਲ ਗਿਆ ਉਹਦੇ 'ਚੋਂ ਤਾਂ ਤੇਰੇ ਤੋਂ ਜਰ ਨਹੀਂ ਹੁੰਦਾ। ਅਸੀਂ ਸਾਰਾ ਕੁਛ ਹੀ ਕਰ ਸਕਦੇ ਹਾਂ, ਕੁਛ ਵੀ ਨਹੀਂ ਹੋਣ ਦਿੰਦੇ। ਲੇਕਿਨ ਇਸੇ ਤਰ੍ਹਾਂ ਹੀ ਕਰਨਾ ਹੈ, ਇਹ ਸਾਡੀ ਆਪਣੀ ਹੀ ਰਜ਼ਾ ਹੈ ਜਿਸ ਤਰ੍ਹਾਂ ਅਸੀਂ ਕਰ ਰਹੇ ਹਾਂ। ਸੋ ਗੁਰੂ ਘਰ ਉਤੇ ਇਹ ਗੱਲ ਕਰਨੀ, ਸਾਡੇ ਲਿਖਾਰੀ ਡਰ ਜਾਂਦੇ ਨੇ। ਮੈਂ ਤਾਂ ਤੁਹਾਨੂੰ ਬਹੁਤ ਸਾਰੀਆਂ ਗੱਲਾਂ ਸੁਣਾਂ ਦਊਂ, ਸਾਰਾ ਸਮਾਂ ਇਥੇ ਹੀ ਲੰਘ ਜਾਏਗਾ ਕਿ ਕਿਸ ਤਰ੍ਹਾਂ ਦੇ ਨਾਲ ਹੁੰਦੈ।

ਭਾਈ ਜੀਵਨ ਉੱਠਿਆ, ਉੱਠ ਕੇ ਜਾ ਕੇ ਉਹਨੇ ਅਰਦਾਸ ਕਰੀ। ਬ੍ਰਾਹਮਣ ਦਾ ਲੜਕਾ ਜੀਉਂਦਾ ਹੋ ਗਿਆ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਮੇਰਾ ਕਿਹੜਾ ਪਿਆਰਾ ਪੁੱਤਰ ਗਿਆ ਹੈ? ਕਹਿੰਦੇ, ਜੀਵਨ ਬੈਠਾ ਸੀ ਇਥੇ, ਬਰਾੜ। ਕਹਿਣ ਲੱਗੇ, ਤੁਹਾਨੂੰ ਤਾਂਹੀ ਚੈਨ ਆਈ ਨਾ, ਤੁਸੀਂ ਮੇਰੇ ਪਿਆਰੇ ਪੁੱਤਰ ਦੀ ਬਲੀ ਦੇ ਦਿਤੀ। ਬ੍ਰਾਹਮਣ ਦਾ ਪੁੱਤਰ ਤੁਸੀਂ ਰਾਜ਼ੀ ਕਰ ਦਿਤਾ।

ਇਹ ਜਿਹੜੀ ਚੀਜ਼ ਹੈ ਗੁਰੂ ਦਸਵੇਂ ਪਾਤਸ਼ਾਹ ਦੀ ਜਦੋਂ ਇਥੇ ਆਉਂਦੇ ਹਾਂ, ਅਸੀਂ ਕਹਿੰਦੇ ਹਾਂ ਕਿ ਨਾ ਗੁਰੂ ਸਾਹਿਬ 'ਚ ਤਾਕਤ ਹੀ ਨਹੀਂ ਸੀ। ਕਿੰਨਾਂ ਨਾਸਤਕ ਲਿਖਾਰੀ ਲਿਖਦੇ ਨੇ ਸਾਡੇ ਇਤਿਹਾਸਾਂ 'ਚ। ਜਿੱਥੇ ਆ ਕੇ ਤੁਹਾਨੂੰ ਪੂਰੀ ਸ਼ਰਧਾ ਆਉਂਦੀ ਹੈ, ਉਥੇ ਆ ਕੇ ਟਕੋਰ ਮਾਰਦੇ ਨੇ। ਲਿਖ ਦਿੰਦੇ ਨੇ ਕਿ ਜੀ ਗੁਰੂ ਸਾਹਿਬ ਨੇ ਬੱਕਰੇ ਵੱਢੇ। ਗੁਰੂ ਦਸਵੇਂ ਪਾਤਸ਼ਾਹ ਇਹੋ ਜਿਹੇ ਸੀ ਨਾਟਕ ਚੇਟਕ ਕਰਨ ਵਾਲੇ? ਉਹ ਤਾਂ ਇਕ ਨਿਗ੍ਹਾ ਦੇ ਨਾਲ ਸਭ ਕੁਛ ਕਰ ਸਕਦੇ ਸੀ। ਜਦੋਂ ਸਿੰਘਾਂ ਨੇ ਕਿਹਾ ਕਿ ਮਹਾਰਾਜ ਹੁਣ ਤਾਂ ਤੁਸੀਂ ਸ਼ਕਤੀ ਦਿਖਾਲੋ, ਘੇਰਾ ਵੱਡਾ ਪੈ ਗਿਆ। ਮਹਾਰਾਜ ਨੇ ਉਨ੍ਹਾਂ ਦਾ ਭਰਮ ਦੂਰ ਕਰਨ ਵਾਸਤੇ, ਕਮਾਣ 'ਤੇ ਤੀਰ ਚਾੜ ਲਿਆ। ਨਾਲ ਨੇਤਰ ਦੇ ਦਿਤੇ, ਹੱਥ ਬੰਨ੍ਹੀਂ ਖੜ੍ਹੀਆ ਨੇ ਅਸਮਾਨੀ ਸ਼ਕਤੀਆਂ ਕਿ ਸੱਚੇ ਪਾਤਸ਼ਾਹ! ਰਹਿਮ ਕਰੋ, ਰਹਿਮ ਕਰੋ।

ਕਹਿੰਦੇ, ਕਿਉਂ ਬਈ, ਇੱਕੋ ਬਾਣ ਨਾਲ ਅਸੀਂ ਸਾਰੀਆਂ ਫੌਜਾਂ ਖਤਮ ਕਰ ਦੇਵਾਂਗੇ। ਪਹਿਲਾਂ ਕਰਦੇ ਆਏ ਨੇ, ਪਾਂਡਵਾਂ ਦਾ ਜਦੋਂ ਯੁੱਧ ਹੋਇਆ, ਇੱਕ-ਇੱਕ ਬਾਣ ਦੇ ਨਾਲ ਦਸ-ਦਸ ਹਜ਼ਾਰ ਮਾਰਦੇ ਸੀ ਉਹ। ਹੁਣ ਕਿਹੜਾ ਉਹ ਵਿਦਿਆ ਲੁੱਕ ਗਈ। ਪਰ ਇਹ ਕਲਜੁਗ ਹੈ ਇਹਦੇ ਵਿਚ ਇਹ ਚੀਜ਼ਾਂ ਨਹੀਂ ਚਲਾਉਣੀਆਂ ਅਸੀਂ। ਆਪਣੇ ਗੁਰਸਿੱਖਾਂ ਨੂੰ ਮਦਾਰੀਆਂ ਦੀ ਜਮਾਤ ਨਹੀਂ ਬਣਾਉਣੀ। ਇਨ੍ਹਾਂ ਨੂੰ ਸਾਬਰ ਬਣਾਇਆ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਸ਼ਕਤੀਆਂ ਦੇ ਮਾਲਕ ਹੁੰਦੇ ਹੋਏ, ਗੁਪਤ ਕਰਕੇ ਰੱਖੇ। ਜਰ ਜਾਓ ਦੂਸਰੇ ਦੀ ਬਾਤ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਪ ਦੀ ਮੌਜ ਹੈ। ਮਹਾਰਾਜ ਜੀ ਨੇ ਉਹ ਤੀਰ ਅੰਬ 'ਚ ਮਾਰਿਆ, ਹੁਣ ਤੱਕ ਤੁਸੀਂ ਦੇਖ ਲਓ, ਅੰਬ ਹੁੰਦੇ ਨੇ, ਤੀਰ ਦਾ ਨਿਸ਼ਾਨ ਪਿਆ ਹੋਇਆ ਅੱਜ ਤੱਕ।

ਲਿਖਾਰੀ ਗੁਰੂ ਮਹਾਰਾਜ ਬਾਰੇ ਉਲਟਾ ਲਿਖੀ ਜਾਣ ਅਸੀਂ ਨਹੀਂ ਮੰਨਦੇ, ਸਾਡਾ ਤਾਂ ਗੁਰੂ ਸਰਬ ਕਲਾ ਸਮਰੱਥ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***

*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - 442*

ਸਵਾਮੀ ਰਾਮ ਜੀ ਦੀ ਆਪਣੇ ਇਕ ਕਿਤਾਬ ਮਿਲਦੀ ਹੈ, 'ਹਿਮਾਲਿਆ ਦੇ ਸੰਤਾਂ ਸੰਗ ਨਿਵਾਸ' ਉਹਦੇ 'ਚ ਉਹ ਲਿਖਦੇ ਨੇ ਕਿ ਮੈਂ ਵੇਦਾਂਤ ਪੜ੍ਹਾ ਰਿਹਾ ਸੀ, ਵਿਦਿਆਰਥੀਆਂ ਨੂੰ। ਇਕ ਸਵਾਮੀ ਆ ਗਿਆ, ਮੌਤ ਦਾ ਪ੍ਰਕਰਣ ਚੱਲ ਰਿਹਾ ਸੀ। ਜਦੋਂ ਮੈਂ ਪੜ੍ਹਾਵਾਂ ਉਹ ਉੱਚੀ-ਉੱਚੀ ਹੱਸ ਪਏ ਤਾੜੀ ਮਾਰ ਕੇ। ਮੈਂ ਕਿਹਾ ਇਹ ਸਵਾਮੀ ਨੂੰ ਪਤਾ ਹੀ ਨਹੀਂ ਕਿ ਮੈਂ ਇਸ ਵੇਲੇ ਪੜ੍ਹਾ ਰਿਹਾ ਹਾਂ ਤੇ ਇਹ ਮਖੌਲ ਕਰ ਰਿਹੈ।

ਜਦੋਂ ਮੈਂ ਪੜ੍ਹਾ ਹਟਿਆ, ਛੇਤੀ ਜਮਾਤ ਖਤਮ ਕਰ ਦਿਤੀ। ਸਵਾਮੀ ਮੇਰੇ ਕੋਲ ਆ ਗਿਆ, ਮੈਂ ਕਿਹਾ ਸਵਾਮੀ ਜੀ! ਤੁਸੀਂ ਹਸਦੇ ਕਿਉਂ ਸੀ? ਕਹਿੰਦੇ, ਤੇਰੇ ਅਣਜਾਣਪੁਣੇ 'ਤੇ ਹੱਸ ਰਿਹਾ ਸੀ। ਮੈਂ ਕਿਹਾ, ਮੇਰਾ ਅਣਜਾਣਪੁਣਾ ਕਿਹੜੀ ਗੱਲ ਦਾ ਹੈ? ਕਹਿੰਦੇ, ਤੈਨੂੰ ਪਤਾ ਹੀ ਨਹੀਂ ਮੌਤ ਕੀ ਹੁੰਦੀ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਇਹ ਤਾਂ ਗੱਲ ਹੀ ਹੋਰ ਤਰ੍ਹਾਂ ਕਰੀ ਜਾਂਦੈ।

ਮੈਂ ਕਿਹਾ, ਤੁਹਾਨੂੰ ਪਤੈ?

ਕਹਿੰਦੇ, ਹਾਂ। ਕਹਿੰਦੇ, ਕੋਈ ਚੀਜ਼ ਲਿਆ ਚੁੱਕ ਕੇ। ਨੇੜੇ ਇਕ ਕੀੜਾ ਜਿਹਾ ਜਾਂਦਾ ਸੀ। ਕਹਿੰਦੇ ਉਹ ਚੁੱਕ ਲਿਆ। ਮੈਂ ਲੈ ਆਇਆ।

ਕਹਿੰਦੇ, ਚਾਕੂ ਦੇ।

ਚਾਕੂ ਦੇ ਦਿਤਾ, ਚਾਕੂ ਦੇ ਨਾਲ ਵਿਚਾਲਿਓਂ ਵੱਢ ਦਿਤਾ।

ਇਕ ਏਧਰ ਸੁੱਟ ਦਿਤਾ ਤੇ ਇਕ ਦੂਜੇ ਪਾਸੇ ਸੁੱਟ ਦਿਤਾ।

ਕਹਿੰਦੇ, ਤੂੰ ਆਰਾਮ ਕਰ ਥੋੜ੍ਹੀ ਦੇਰ।

ਕਹਿੰਦੇ, ਮੈਂ ਦੇਖਿਆ, ਏਧਰਲਾ ਹਿੱਸਾ ਕੀੜੇ ਦਾ ਏਧਰੋਂ ਆ ਰਿਹਾ, ਦੂਸਰਾ ਓਧਰੋਂ ਆ ਰਿਹੈ। ਦੋਨੋਂ ਹਿੱਸੇ ਜੁੜ ਗਏ। ਆਰਾਮ ਨਾਲ ਹੀ ਉਹ ਕੀੜਾ ਫੇਰ ਤੁਰ ਪਿਆ। ਕਹਿੰਦਾ, ਆਹ ਚੀਜ਼ ਹੈ। ਉਨ੍ਹਾਂ ਨੇ ਅਗਾਂਹਾਂ ਤਾਂ ਨਹੀਂ ਗੱਲ ਖੋਲ੍ਹੀ। ਐਨਾ ਹੀ ਬਹੁਤ ਹੈ ਆਪਾਂ ਨੂੰ ਜਿੰਨਾਂ ਕੁ ਉਨ੍ਹਾਂ ਨੇ ਕਰਿਆ। ਅੱਜ ਦੇ ਸਵਾਮੀ ਜੇ ਇਹ ਗੱਲ ਕਰ ਸਕਦੇ ਨੇ ਫੇਰ ਕੀ ਗੁਰੂ ਸਾਹਿਬ ਵੇਲੇ ਇਹ ਗੱਲਾਂ ਨਹੀਂ ਸੀ ਹੁੰਦੀਆਂ? ਕਿਉਂ ਸਾਨੂੰ ਭੁਲੇਖਿਆਂ 'ਚ ਪਾਇਆ ਜਾਂਦੈ। ਕਿਉਂ ਇਹ ਗੱਲਾਂ ਕਰਦੇ ਨੇ।

ਉਹ ਜਸੂਸ ਲਿਖਦਾ ਹੈ ਕਿ ਮੈਨੂੰ ਇਹ ਨਹੀਂ ਪਤਾ ਕਿ ਕੀਹਦਾ ਸੀਸ ਕੀਹਦੇ ਨਾਲ ਲੱਗਿਆ, ਪਰ ਉੱਠ ਕੇ ਖੜ੍ਹੇ ਹੋ ਗਏ ਪੰਜੋ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕੀਤਾ ਕਿ ਪਿਆਰਿਓ! ਅਸੀਂ ਬ੍ਰਹਮਗਿਆਨ ਦਾ ਅੰਮ੍ਰਿਤ ਦੇ ਰਹੇ ਹਾਂ, ਉਹ ਪੀਵੋ ਤੁਸੀਂ। ਉਹਦੇ ਨਾਲ ਤੁਸੀਂ ਅਮਰ ਹੋ ਜਾਓਗੇ। ਜਿਹੜਾ ਵੀ ਪੀ ਲਏਗਾ, ਉਹਨੂੰ ਦੁਬਾਰਾ ਜਨਮ 'ਚ ਨਹੀਂ ਆਉਣਾ ਪੈਣਾ। ਇਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ – ਪੀਵਹੁ ਪਾਹੁਲ ਖੰਡੇਧਾਰ,*
*ਹੋਵੇ ਜਨਮ ਸੁਹੇਲਾ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*(ਦੂਜਾ) ਭਾਈ ਗੁਰਦਾਸ ਸਿੰਘ*

ਐਸਾ ਅੰਮ੍ਰਿਤ ਤਿਆਰ ਕੀਤਾ ਕਿ ਬਾਹਰਲਾ ਅੰਮ੍ਰਿਤ ਤੇ ਅੰਦਰਲਾ ਅੰਮ੍ਰਿਤ ਦੋਵੇਂ ਇਕੱਠੇ ਕਰ ਦਿਤੇ। ਇਹ ਗੱਲ ਸਮਝਣ ਵਾਲੀ ਹੈ। ਸਾਨੂੰ ਪਤਾ ਹੈ ਕਿ ਇਹ ਧਰਤੀ 'ਚ ਪਾਣੀ ਹੈ। ਕਿਸਾਨ ਦੇ ਮਨ 'ਚ ਆਇਆ ਕਿ ਮੈਂ ਟਿਊਬਵੈੱਲ ਲਾ ਲਵਾਂ। ਟਿਊਬਵੈੱਲ ਲਾ ਲਿਆ, ਪਾਣੀ ਆ ਗਿਆ ਤੇ ਉਹਦੇ ਵਿਚ ਫਿਲਟਰ ਪਾ ਦਿਤਾ, ਉਹਦੇ 'ਚ ਰਿਫਲੈਕਸ ਵਾਲਵ ਪਾ ਦਿਤਾ, ਮੋਟਰ ਫਿੱਟ ਪਾ ਦਿਤੀ, ਉਸ ਤੋਂ ਬਾਅਦ ਥੋੜ੍ਹਾ ਜਿਹਾ ਅਣਜਾਣ ਸੀ, ਉਸਨੇ ਮੋਟਰ ਦਾ ਬਟਨ ਦੱਬ ਦਿਤਾ, ਪਾਣੀ ਨਹੀਂ ਆ ਰਿਹਾ। ਫੇਰ ਦੱਬ ਦਿਤਾ ਫੇਰ ਵੀ ਨਹੀਂ ਆ ਰਿਹਾ, ਹੈਰਾਨ ਹੋ ਗਿਆ। ਜੋਤਸ਼ੀਆਂ ਕੋਲ ਜਾਂਦੈ। ਮੈਂ ਦੇਖਦਾਂ ਕਿ ਮੇਰੇ ਕੋਲ ਵੀ ਕਈ ਆਉਂਦੇ ਨੇ ਕਿ ਜੀ ਸਾਡੇ ਟਿਊਬਵੈੱਲ ਨੇ ਪਾਣੀ ਨਹੀਂ ਦਿਤਾ। ਮੈਂ ਕਿਹਾ, ਪਾਣੀ ਤਾਂ ਨਹੀਂ ਦਿਤਾ, ਤੁਹਾਡਾ ਰਿਫਲੈਕਸ ਵਾਲਵ ਢਿੱਲਾ ਰਹਿ ਗਿਆ। ਉਹ ਹਵਾ ਲੈ ਰਿਹਾ ਉਥੋਂ। ਪਾਣੀ ਆਏਗਾ ਤਾਂ ਜਦ ਪਹਿਲਾਂ ਨਾਲ (ਡਲੀਵਰੀ ਪਾਈਪ) ਨੂੰ ਭਰੋ ਸਾਰੀ ਪਾਣੀ ਨਾਲ। ਸਾਰੇ ਜਾਣਦੇ ਹੋਂ ਤੁਸੀਂ, ਕਿਉਂਕਿ ਬਟਨ ਦੱਬਿਆ, ਜਿੰਨਾਂ ਡੂੰਘਾ ਪਾਣੀ ਉਤੇ ਹੈ, ਜਿੰਨਾਂ ਨਾਲ (ਪਾਈਪ ਦਾ) ਦਾ, ਓਨੀਂ ਹੇਠਲੀ ਡੂੰਘਿਆਈ ਤੱਕ ਉਹਨੇ ਪਾਣੀ ਖਿੱਚਣਾ ਹੈ, ਵੱਧ ਨਹੀਂ ਖਿੱਚ ਸਕਦਾ। ਉਹਨੇ ਓਨਾਂ ਪਾਣੀ ਖਿੱਚ ਲਿਆ, 15 ਫੁੱਟ ਨਾਲ ਖਾਲੀ ਰਹਿ ਗਈ ਤੁਹਾਡੀ, ਮੁੜ ਕੇ ਫੇਰ 15 ਫੁੱਟ ਦਾ ਪਾਣੀ ਪਾਓ। ਜਦੋਂ ਪਾਣੀ ਰਿਫਲੈਕਸ ਵਾਲਵ ਨਾਲ ਆ ਲੱਗਿਆ। ਫੇਰ ਜਦੋਂ ਬਟਨ ਦੱਬੋਂਗੇ ਉਸੇ ਵੇਲੇ ਚੱਲ ਪਏਗਾ। ਹੁਣ ਇਹ ਤਾਂ ਹੈਗਾ ਇਕ ਦੁਨਿਆਵੀ ਦ੍ਰਿਸ਼ਟਾਂਤ। ਸਾਡੇ ਅੰਦਰ ਹੈਗਾ ਅੰਮ੍ਰਿਤ ਦਾ ਪਿਆਲਾ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥* *ਅੰਗ– 644*

ਉਹ ਅੰਮ੍ਰਿਤ ਕੀ ਹੈ, ਮਹਾਰਾਜ ਕਹਿੰਦੇ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* *ਅੰਗ – 538*

ਗੁਰੂ ਦੀ ਮੱਤ ਧਾਰਨ ਕਰਕੇ ਅੰਦਰਲੇ ਅੰਮ੍ਰਿਤ ਤੱਕ ਅਸੀਂ ਪਹੁੰਚ

ਸਕਦੇ ਹਾਂ। ਜੇ ਪਹੁੰਚੇ ਫੇਰ ਕੀ ਹੋਏਗਾ –

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- 538*

ਇਹ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ, ਇਹਨੂੰ ਕੋਈ ਬਦਲ ਨਹੀਂ ਸਕਦਾ। ਲਿਖਾਰੀ ਕੁਛ ਲਿਖੀ ਜਾਣ। ਅਸੀਂ ਤਾਂ ਗੁਰੂ ਮਹਾਰਾਜ ਦੇ ਬਚਨਾਂ ਨਾਲ ਜਾਣਾ ਹੈ। ਮਹਾਰਾਜ ਕਹਿੰਦੇ, ਦੋ ਕੰਮ ਕਰਦੈ। ਇਹ ਸੰਸਾਰ ਹਉਮੈ ਕਰਕੇ ਵੱਖਰਾ ਨਜ਼ਰ ਆਉਂਦਾ ਹੈ, ਜੇ ਹਉਮੈ ਦਾ ਪੜਦਾ ਲਹਿ ਜਾਵੇ ਫੇਰ ਇਹ ਸਾਰਾ ਹੀ ਪ੍ਰਮੇਸ਼ਰ ਦਾ ਰੂਪ ਨਜ਼ਰ ਆਉਣ ਲਗ ਜਾਂਦਾ ਹੈ।

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ – 922*

ਕਿਉਂਕਿ ਲਹਿ ਗਿਆ ਮੂਹਰਿਓਂ ਮੋਤੀਆਂ ਬਿੰਦ, ਜਦੋਂ ਮੋਤੀਆ ਆਉਂਦੈ, ਉਸ ਵੇਲੇ ਦਿਸਦਾ ਹੀ ਨਹੀਂ ਕੁਛ। ਸਾਰੇ ਕਹੀ ਜਾਣਗੇ ਫਲਾਣੀ ਚੀਜ਼ ਹੈ, ਫਲਾਣੀ ਚੀਜ਼ ਹੈ, ਉਹਨੂੰ ਦਿਸਦਾ ਹੀ ਨਹੀਂ। ਜਦੋਂ ਡਾਕਟਰ ਨੇ ਉਹ ਲਾਹ ਦਿਤਾ ਉਸੇ ਵੇਲੇ ਦਿਸਣ ਲਗ ਜਾਂਦਾ ਹੈ। ਜਦੋਂ ਗੁਰੂ ਡਾਕਟਰ ਨੇ ਬ੍ਰਹਮਗਿਆਨ ਦੀ ਦਵਾਈ ਪਾ ਦਿਤੀ, ਉਸ ਵੇਲੇ ਮੋਤੀਆ ਬਿੰਦ ਜਿਹੜਾ ਵੱਖਰਾ-ਵੱਖਰਾ ਦੇਖਣਾ ਹੈ, ਉਹ ਲਹਿ ਜਾਂਦੈ। ਫੇਰ ਕੀ ਦੇਖਦਾ ਹੈ, ਫੇਰ ਇੱਕੋ ਹੀ ਦੇਖਦਾ ਹੈ –

*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥*

*ਅੰਗ- 922*

ਹੁਣ ਅਸੀਂ ਤਾਂ ਅੰਨ੍ਹੇ ਨੇਤਰਾਂ ਵਾਲੇ ਹੀ ਬੈਠੇ ਹਾਂ ਸਾਰੇ। ਜਦੋਂ ਦਿਬ ਦ੍ਰਿਸ਼ਟ ਹੋ ਗਈ ਇਥੇ ਵਾਹਿਗੁਰੂ ਦੇ ਹੀ ਹੁਲਾਰੇ ਆਉਣਗੇ ਸਾਰਿਆਂ ਨੂੰ। ਦੂਸਰਾ ਨਹੀਂ ਇਥੇ ਨਜ਼ਰ ਆਉਂਦਾ। ਸੋ **ਅੰਮ੍ਰਿਤ ਜਿਹੜਾ ਸੀਗਾ, ਗੁਰੂ ਦਸਵੇਂ ਪਾਤਸ਼ਾਹ ਨੇ ਕੇਵਲ ਅੰਮ੍ਰਿਤ ਨਹੀਂ ਸੀ ਛਕਾਇਆ ਕਿ ਪੰਜ ਘੁੱਟਾਂ ਪਿਲਾ ਦਿਤੀਆਂ, ਉਹ ਤਾਂ ਇਕ ਕਿਰਿਆ ਸੀ। ਉਹ ਬਾਹਰੋਂ ਸੰਚਾਰ ਕੀਤਾ ਸੀ। ਵਾਹਿਗੁਰੂ ਮੰਤਰ ਦਿਤਾ। ਉਹਦੇ ਨਾਲ ਉਨ੍ਹਾਂ ਨੇ ਜਿਹੜੇ ਅਗਲੇ ਬਚਨ ਕਹੇ ਉਹ ਘੱਟ ਹੀ ਲਿਖੇ ਹੋਏ ਨੇ, ਉਹ ਮਹਾਂਪੁਰਸ਼ਾਂ ਰਾਹੀਂ ਸੀਨੇ-ਬਸੀਨੇ ਆਉਂਦੇ ਨੇ। ਉਸ ਵੇਲੇ ਬ੍ਰਹਮ ਗਿਆਨ ਦੇ ਦਿਤਾ ਅਤੇ ਉਸ ਦਾ ਜੀਵ ਭਾਵ ਖਤਮ**

ਕਰਕੇ, ਆਤਮ ਭਾਵ 'ਚ ਲੈ ਗਏ, ਵਾਹਿਗੁਰੂ ਬਣਾ ਦਿਤਾ ਉਹਨੂੰ। ਜਦੋਂ ਉਹ ਹੁਣ ਪੰਜ ਵਾਹਿਗੁਰੂ ਹੋ ਗਏ, ਹੁਣ ਪਰਮਾਣੀਕ ਸਬੂਤ ਚਾਹੀਦਾ ਸੀ। ਸਬੂਤ ਗੁਰੂ ਮਹਾਰਾਜ ਜੀ ਕਹਿੰਦੇ ਕਿ ਇਨ੍ਹਾਂ ਦੇ ਹੱਥੋਂ ਮੈਂ ਛਕਦਾਂ ਹਾਂ, ਹੁਣ ਤਾਂ ਇਹ ਵਾਹਿਗੁਰੂ ਦਾ ਰੂਪ ਹੋ ਗਏ ਹੋ ਗਏ ਪੰਜੋ। ਇਨ੍ਹਾਂ ਨੂੰ ਤੇ ਮੈਨੂੰ ਦੋਹਾਂ ਨੂੰ ਆਪਸ ਵਿਚ ਵੱਖਰੇ-ਵੱਖਰੇ ਨਾ ਜਾਣਿਓਂ, ਇਹ ਮੇਰਾ ਹੀ ਰੂਪ ਨੇ ਸਾਰੇ। ਉੱਚੀ ਕਿਹਾ ਮਹਾਰਾਜ ਨੇ ਕਿ ਸਾਧਸੰਗਤ ਜੀ! ਸੁਣੋ। ਇਹ ਜਿਹੜੇ ਪੰਜ ਨੇ, ਜੋ ਗੁਰੂ 'ਚ ਤਾਕਤ ਹੈ ਇਨ੍ਹਾਂ ਪੰਜਾਂ 'ਚ ਉਹ ਤਾਕਤ ਹੈ। ਇਹ ਮੇਰਾ ਰੂਪ ਬਣ ਚੁੱਕੇ ਨੇ ਤੇ ਬ੍ਰਹਮਗਿਆਨ ਦੀ ਅਵਸਥਾ ਇਨ੍ਹਾਂ ਨੂੰ ਪ੍ਰਾਪਤ ਹੋ ਚੁੱਕੀ ਹੈ। ਹੁਣ ਇਹ ਪ੍ਰਮੇਸ਼ਰ ਰੂਪ ਦੇ ਵਿਚ ਨੇ ਅਸੀਂ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਾਂਗੇ, ਫੇਰ ਮਹਾਰਾਜ ਨੇ ਉਨ੍ਹਾਂ ਤੋਂ ਅੰਮ੍ਰਿਤੁ ਮੰਗਿਆ ਕਿ ਹੁਣ ਮੈਨੂੰ ਛਕਾਓ। ਉਹ ਸਾਡਾ ਜਿਹੜਾ ਭਰਮ ਸੀ ਉਹਨੂੰ ਲਾਹੁਣ ਵਾਸਤੇ ਗੁਰੂ ਮਹਾਰਾਜ ਨੇ - 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'। ਸੋ ਇਸ ਤਰ੍ਹਾਂ ਦੇ ਨਾਲ ਇਕ ਐਸੀ ਚੀਜ਼ ਲਿਆ ਦਿਤੀ, ਪਹਿਲਾਂ ਨਾ ਤਪ ਕਰਨ ਦੀ ਲੋੜ, ਨਾ ਜਪ ਕਰਨ ਦੀ ਲੋੜ ਉਹਦੇ ਤਾਂ ਹੁਣ ਪੰਜ ਪਿਆਰਿਆਂ ਦੀ ਹੈ ਚੋਣ ਕਿ ਜਿਹੜਾ ਆ ਰਿਹੈ ਕੀ ਅਧਿਕਾਰੀ ਹੈ। ਕਿਸੇ ਦੇ ਕਹੇ ਕਹਾਏ ਤੇ ਅੰਮ੍ਰਿਤ ਛਕਣ ਜਾ ਰਿਹੈ ਉਹ ਤਾਂ ਨਾ ਅੰਮ੍ਰਿਤ ਛਕੇ ਉਹ ਚੰਗਾ ਹੈ। ਕਿਉਂਕਿ ਉਹਨੇ ਬੇਮੁਖ ਹੋ ਜਾਣੈ, ਬੇਮੁਖੀ ਦਾ ਹੋਰ ਦੋਸ਼ ਲਗਣੈ। ਪਹਿਲਾਂ ਆਪਣੇ ਆਪ ਨੂੰ ਤਿਆਰ ਕਰੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੂੰ ਮੈਂ ਦੇਖਿਆ, ਜਦ ਕਿਸੇ ਨੇ ਕਹਿਣਾ ਕਿ ਜੀ ਮੈਨੂੰ ਅੰਮ੍ਰਿਤ ਛਕਾ ਦਿਓ, ਕਹਿਣਾ ਛੇ ਮਹੀਨੇ ਤੂੰ ਮੂਲਮੰਤ੍ਰ ਦੀਆਂ ਮਾਲਾਂ ਕਰ 33 ਰੋਜ਼ ਦੀਆਂ। ਸਵਾ ਮਹੀਨੇ 'ਚ ਸਵਾ ਲੱਖ ਹੋ ਜਾਇਆ ਕਰਦੀ ਹੈ। ਉਹ ਛੇ ਮਹੀਨੇ ਕਰਾਈ ਜਾਣੀਆਂ। ਉਸ ਤੋਂ ਬਾਅਦ ਉਹਦੀ ਬਿਰਤੀ ਦੇਖਣੀ ਕਿ ਇਹਦੀ ਬਿਰਤੀ ਅੰਮ੍ਰਿਤ ਨੂੰ ਸਾਂਭ ਲਏਗੀ। ਇਹਦੀ ਝੋਲੀ ਦੇ ਵਿਚ ਪ੍ਰਮੇਸ਼ਰ ਦਾ 'ਨਾਮ' ਪੈਣੈ। ਕੀ ਇਹ ਜਪ ਵੀ ਲਏਗਾ? ਫੇਰ ਅੰਮ੍ਰਿਤ ਛਕਾਉਂਦੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸਿਰਫ 101 ਬੰਦੇ ਨੂੰ ਇਸ ਰਸਤੇ ਪਾਇਆ। ਅਰ ਉਹ 101 ਹੀ ਬ੍ਰਹਮਗਿਆਨੀ ਹੋਇਆ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਜੀ ਨੇ ਜਿਹੜਾ ਅੰਮ੍ਰਿਤ ਸੀ, ਉਹ ਬ੍ਰਹਮਗਿਆਨ ਤਕ ਲੈ ਜਾਂਦਾ ਸੀ। ਦੂਜਾ ਨਹੀਂ ਸੀ ਉਥੇ ਰਹਿੰਦਾ। ਉਸ ਤੋਂ ਬਾਅਦ ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਜਿਹੜਾ ਜਾਪ ਕਰਨਾ ਹੈ, ਉਹਦੇ ਬਾਰੇ ਪਹਿਲਾਂ ਸਮਝ ਲਓ। ਉਹ ਇਹ ਹੈ ਉਹਦੇ ਬਹੁਤ ਤਰੀਕੇ ਨੇ। ਪਹਿਲਾਂ ਮਾਲਾ

**ਦੀ ਮਦਦ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਪੈਂਦੈ। ਉਸ ਤੋਂ ਬਾਅਦ ਸਵਾਸ ਨਾਲ ਹੋਣਾ ਸ਼ੁਰੂ ਹੋ ਜਾਂਦੈ। ਸਵਾਸ ਦੇ ਦੋ ਹਿੱਸੇ ਕਰ ਲਓ। 'ਵਾਹਿ' ਅੰਦਰ ਨੂੰ ਕਰ ਲਓ, 'ਗੁਰੂ' ਬਾਹਰ ਨੂੰ ਕਰ ਲਓ। 'ਰਤਵਾੜਾ ਸਾਹਿਬ' ਸਮਾਗਮ ਦੌਰਾਨ ਆਖਰੀ ਦਿਨ ਮੈਂ ਦਸ ਦਿੰਦਾ ਹੁੰਦਾ ਕਿ ਤੁਸੀਂ ਇਹ ਤਰੀਕਾ ਅਪਣਾਅ ਲਓ, ਇਹਦੇ ਨਾਲ ਤੁਹਾਡੀ ਬਿਰਤੀ ਟਿਕਣ ਲਗ ਜਾਏਗੀ।**

**'ਵਾਹਿ.....................ਗੁਰੂ।'**

**'ਵਾਹਿ.....................ਗੁਰੂ।'**

**'ਵਾਹਿ.....................ਗੁਰੂ।'**

**'ਵਾਹਿ.....................ਗੁਰੂ।'**

**'ਵਾਹਿ.....................ਗੁਰੂ।'**

ਇਸੇ ਅਵਾਜ਼ ਨੂੰ ਦੋ ਮਿੰਟ ਅੰਦਰ ਸੁਣੋ। ਇਸ ਤਰ੍ਹਾਂ ਦੇ ਨਾਲ ਸਵਾਸ ਦਾ ਨਾਮ ਹੋਇਆ ਕਰਦਾ ਹੈ। ਚੁੱਪ ਕਰਕੇ, ਨਾ ਕਿਸੇ ਨੂੰ ਪਤਾ ਲਗਦਾ, ਨਾ ਜੀਭ ਹਿੱਲੇ, ਨਾ ਕੁਛ ਹੋਰ ਹੋਵੇ, ਸਿਰਫ ਸੁਣਨਾ ਹੀ ਹੈ। ਇਹਦੇ ਨਾਲ ਕੀ ਹੋਏਗਾ? ਇਕ ਚੀਜ਼ ਦਾ ਧਿਆਨ ਰੱਖਣਾ ਪੈਂਦਾ ਹੈ, ਮਨ ਜਿਹੜਾ ਹੈ ਨਾ ਛੇਤੀ ਚਲਿਆ ਜਾਂਦਾ ਹੈ ਬਾਹਰ, ਛਾਲ ਮਾਰਦਾ ਹੈ। ਜਾਂ ਤਾਂ ਕੋਈ ਟੇਪ ਲੈ ਲਓ, ਜਾਂ ਫੇਰ ਆਪ ਹੀ ਬੋਲ ਲਈਦੈ, ਪੰਜ ਕੁ ਮਿੰਟ ਬਾਅਦ ਫੇਰ ਕਹਿ ਦਿਓ, ਦੋ ਤਿੰਨ ਵਾਰ ਫੇਰ ਕਹਿ ਲਓ। ਜਦੋਂ ਕਹਿਣ ਦੀ ਆਦਤ ਪੈ ਗਈ, ਅੰਦਰ ਸੁਣਨਾ ਸ਼ੁਰੂ ਕਰ ਦਿਤਾ। ਫੇਰ ਅਗਾਂਹਾਂ ਦੀਆਂ ਅਵਸਥਾਵਾਂ ਆਪੇ ਹੀ ਆ ਜਾਇਆ ਕਰਦੀਆਂ ਨੇ। ਉਹ ਬਹੁਤ ਕਮਾਲ ਦੀਆਂ ਨੇ ਆਦਮੀ ਝੂੰਮਣ ਲਗ ਜਾਂਦਾ ਹੈ ਆਪੇ ਹੀ, ਐਸੀ ਚੀਜ਼ ਆਉਂਦੀ ਹੈ। ਉਹਦੇ 'ਚ ਇਕ ਚੀਜ਼ ਮਹਾਰਾਜ ਨੇ ਕਹੀ ਹੈ ਕਿ ਇਕੱਲਾ ਅੱਖਰ ਨਾ ਤੁਸੀਂ ਬੋਲਿਓ –

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ – 491***

ਉਹ ਇਹ ਹੈ ਕਿ ਨਿਸ਼ਚੇ ਵਿਚ ਆਓ ਕਿ ਵਾਹਿਗੁਰੂ ਇਥੇ ਸਾਰੇ ਪਰੀਪੂਰਨ ਹੈ, ਸਾਨੂੰ ਦਿਸਦਾ ਨਹੀਂ ਹੈ। ਦਿਸਦਾ ਤਾਂ ਬਹੁਤ ਕੁਛ ਨਹੀਂ, ਆਕਸੀਜਨ ਦਿਸਦੀ ਹੈ? ਆਕਸੀਜਨ ਦੇ ਸਹਾਰੇ ਅਸੀਂ ਜੀਉਂਦੇ ਹਾਂ। ਆਹ ਬ੍ਰਹਿਮੰਡ ਵਾਹਿਗੁਰੂ ਦੇ ਕਰਕੇ ਹੀ ਜੀਉਂਦਾ ਹੈ ਨਹੀਂ ਤਾਂ ਇਹ ਸਾਰਾ ਹੀ ਖਤਮ ਹੋ ਜਾਏ। ਉਹ ਵਾਹਿਗੁਰੂ ਪਰੀਪੂਰਨ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਚਲੋ ਜੇ ਉਹ ਅੱਖਾਂ ਸਾਨੂੰ ਮਿਲੀਆਂ ਨਹੀਂ, ਇਨ੍ਹਾਂ ਅੱਖਾਂ ਨਾਲ ਦਿਸਦਾ ਨਹੀਂ, ਨਿਸ਼ਚਾ ਤਾਂ ਕਰ ਲਈਏ ਕਿ ਵਾਹਿਗੁਰੂ ਹੈ। ਉਹ ਜਦੋਂ ਵਾਹਿਗੁਰੂ ਕਹਿਣਾ ਹੈ, ਉਹ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿਣੈ –

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***

***ਅੰਗ – 612***

ਮੈਨੂੰ ਦੇਖਦਾ ਵੀ ਹੈ, ਮੇਰੀਆਂ ਗੱਲਾਂ ਸੁਣਦਾ ਵੀ ਹੈ, ਮੇਰੇ ਨਾਲ ਰਹਿੰਦਾ ਹੈ, ਪਰ ਮੈਂ ਕਮਲਾ ਉਹਨੂੰ ਦੂਰ ਜਾਣਦਾ ਹਾਂ ਕਿ ਦੂਰ ਹੈ। ਜਦੋਂ ਇਹ ਨਾਮ ਜਪਣਾ ਹੈ, ਇਹਦਾ ਮਤਲਬ ਇਹ ਹੈ ਅਸੀਂ ਭੁੱਲ ਦੂਰ ਕਰਨੀ ਹੈ, ਜਿਹੜੀ ਖਾਈ ਪਈ ਹੋਈ ਹੈ ਭੁੱਲ ਦੀ। ਇਹਦੇ ਉਤੇ ਪੁਲ ਬਣਾ ਰਹੇ ਹਾਂ ਅਸੀਂ 'ਯਾਦ' ਦਾ। ਉਸ ਵੇਲੇ ਉਹਨੂੰ ਯਾਦ ਰੱਖੋ, ਸੁੱਕਾ ਹੀ 'ਵਾਹਿਗੁਰੂ–ਵਾਹਿਗੁਰੂ' ਨਾ ਕਹੋ। ਇਹਦਾ ਫਲ ਬੜਾ ਧੀਰਜ ਵਾਲਾ ਹੈ। ਜਿਹੜਾ ਮੈਂ ਦੱਸਿਆ ਹੈ, ਇਹ ਇਕ ਵਾਰੀ ਕਹਿ ਲਓ ਤੇ ਜਿਹੜਾ ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ ਕਹਿਣਾ ਹੈ ਇਹ ਸੌ ਵਾਰੀ ਕਹਿ ਲਓ, ਇਕੋ ਬਰਾਬਰ ਹੋ ਜਾਇਆ ਕਰਦਾ ਹੈ। ਇਸ ਤੋਂ ਅੱਗੇ ਦੀਆਂ ਫੇਰ ਜੁਗਤੀਆਂ ਨੇ। ਸੰਤ ਮਹਾਰਾਜ ਜੀ ਬਥੇਰਾ ਦਸਦੇ ਹੁੰਦੇ ਸੀ ਦੀਵਾਨਾਂ 'ਚ, ਕਿਸੇ ਦੀ ਸਮਝ 'ਚ ਆਉਂਦਾ ਸੀ, ਕਿਸੇ ਦੇ ਨਹੀਂ ਆਉਂਦਾ ਸੀ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਤੁਸੀਂ ਉਸ ਨਿਰੰਕਾਰ ਦਾ ਜਾਪ ਕਰੋ, ਉਹਨੂੰ ਹਾਜ਼ਰ ਨਾਜ਼ਰ ਜਾਣ ਕੇ ਕਰੋ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜਪੌ ਖਾਲਸਾ, ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਐ ਖਾਲਸਾ ਜੀ! ਤੁਹਾਡੇ ਅੰਦਰ ਪ੍ਰਮੇਸ਼ਰ ਦਾ ਨਾਮ ਪ੍ਰਵੇਸ਼ ਕਰ ਗਿਆ, ਪ੍ਰਗਟ ਹੋ ਗਿਆ ਅੰਦਰੋਂ, ਵਸ ਗਿਆ ਹਿਰਦੇ ਦੇ ਅੰਦਰ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥***

***ਅੰਗ– 649***

ਇਹ ਐਵੇਂ ਨਹੀਂ ਹੈ ਕਿ ਕੋਈ ਅੱਖਰ ਰਟੀ ਜਾਣੈ, ਇਹਦੇ ਨਾਲ

ਤੁਹਾਡੇ 'ਚ ਸਾਰੀਆਂ ਤਾਕਤਾਂ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥***

***ਅੰਗ- 611***

ਅਰੋਗਤਾ ਆਏਗੀ, ਸਾਰੀਆਂ ਇੱਛਾਂ ਪੂਰੀਆਂ ਹੋ ਜਾਣਗੀਆਂ। ਸੋ ਐਸੀ ਤੁਹਾਨੂੰ ਅਸੀਂ ਚੀਜ਼ ਦਿਤੀ ਹੈ, ਇਹਨੂੰ ਭੁੱਲਣਾ ਨਾ। ਜਿੰਨਾਂ ਚਿਰ ਤੁਸੀਂ 'ਨਾਮ' ਦੇ ਲੜ ਲੱਗੇ ਰਹੋਂਗੇ। ਹੋਰ ਗੱਲਾਂ 'ਚ ਨਹੀਂ ਪਵੋਂਗੇ ਪਿਆਰਿਓ! ਓਨਾਂ ਚਿਰ ਜੋ ਮੇਰਾ ਤੇਜ ਹੈ, ਉਹ ਤੁਹਾਡੇ ਨਾਲ ਰਹੇਗਾ।

***ਧਾਰਨਾ - ਦਿਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ।***

***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥ (ਸਰਬ ਲੋਹ ਗ੍ਰੰਥ 'ਚੋਂ)***

ਜਦੋਂ ਤਕ ਇਹ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਕਰੇਗਾ, ਭਜਨ ਬੰਦਗੀ ਕਰੇਗਾ, ਉੱਚਾ ਚਰਿੱਤਰ ਰੱਖੇਗਾ, ਪ੍ਰਮੇਸ਼ਰ ਨਾਲ ਜੁੜ ਕੇ ਰਹੇਗਾ ਤੇ ਗੁਰਮਤਿ ਦਾ ਧਾਰਨੀ ਰਹੇਗਾ। ਉਸ ਵੇਲੇ ਤੱਕ ਮੇਰਾ ਤੇਜ਼ ਇਹਦੇ ਵਿਚ ਪ੍ਰਵੇਸ਼ ਕਰਿਆ ਰਹੇਗਾ। ਕੋਈ ਕਮੀ ਨਹੀਂ ਹੋਏਗੀ। ਕਿਸੇ ਥਾਂ ਤੋਂ ਇਹ ਥੁੜ੍ਹੇਗਾ ਨਹੀਂ -

***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ 'ਚੋਂ)***

ਜਦੋਂ ਇਹ ਫੇਰ ਮੜ੍ਹੀਆਂ ਮਸਾਣੀਆਂ ਨੂੰ ਮੱਥੇ ਟੇਕਣ ਲਗ ਗਿਆ, ਸੂਰਜ ਚੰਦ ਨੂੰ ਟੇਕਣ ਲੱਗ ਗਿਆ, ਹੋਰ-ਹੋਰ ਕੋਈ ਕਰਮ-ਕਾਂਡਾਂ 'ਚ ਪੈ ਗਿਆ। ਫੇਰ ਇਹ ਮੇਰੇ 'ਚੋਂ ਨਿਕਲ ਗਿਆ, ਫੇਰ ਮੈਂ ਇਹਦੀ ਪਰਤੀਤ ਨਹੀਂ ਕਰਨੀ। ਖਾਲਸਾ ਉਹ ਹੈ ਜਿਹੜਾ ਹਰ ਵਕਤ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜੇ ਹੀ ਉੱਤਮ ਉਪਦੇਸ਼ ਦਿਤੇ। ਹਰ ਥਾਂ ਦੇ ਉਤੇ ਮਹਾਰਾਜ ਜੀ ਨੇ ਸਾਨੂੰ ਸਾਵਧਾਨ ਕਰਿਆ।

ਇਕ ਦਿਨ ਬਹੁਤ ਵੱਡਾ ਸ਼ੇਰ ਮਾਰ ਕੇ ਲਿਆਂਦਾ। ਮਹਾਰਾਜ ਕਹਿੰਦੇ, ਇਹਦੀ ਖਲ ਜ਼ਰਾ ਬੜੀ ਸਾਂਭ ਕੇ ਲਾਹਿਓ। ਉਹਨਾਂ ਦੀਆਂ ਹਦਾਇਤਾਂ ਦੇ ਮੁਤਾਬਿਕ ਲਾਹੀ ਤੇ ਕਿਹਾ ਭਾਈ ਬਚਿੱਤਰ ਸਿੰਘ ਨੂੰ ਕਿ ਇਕ ਗਧਾ ਫੜ ਕੇ ਉਹਦੇ ਉਤੇ ਚਾੜ੍ਹ ਦਿਉ। ਖੱਲ੍ਹ ਉਹਦੇ ਉਤੇ ਚਾੜ੍ਹ ਦਿਤੀ, ਚੰਗਾ ਪਲਿਆ ਹੋਇਆ ਗਧਾ ਸੀ। ਖੇਤਾਂ 'ਚ ਛੱਡ ਦਿਤਾ, ਹੁਣ ਮੌਜ ਬਣ ਗਈ ਉਹਨੂੰ। ਨਾ ਉਹਦੇ ਕੋਈ ਨੇੜੇ ਜਾਵੇ, ਨਾ ਉਹ ਘਰ ਜਾਵੇ, ਉਥੇ ਫਸਲਾਂ ਖਾਈ ਜਾਂਦਾ ਸੀ।

ਗੁਰੂ ਮਹਾਰਾਜ ਕੋਲ ਆਏ ਲੋਕ ਕਿ ਮਹਾਰਾਜ! ਖੇਤਾਂ 'ਚ ਜਾਣਾ ਹੀ ਬੰਦ ਹੋ ਗਿਆ ਸਾਨੂੰ ਤਾਂ, ਉਥੇ ਤਾਂ ਸ਼ੇਰ ਫਿਰਦੈ ਬਹੁਤ ਵੱਡਾ। ਮਹਾਰਾਜ ਕਹਿੰਦੇ, ਇਕੱਠੇ ਹੋ ਕੇ ਮਾਰ ਲਓ। ਕਹਿੰਦੇ, ਸੱਚੇ ਪਾਤਸ਼ਾਹ! ਐਡੇ ਸ਼ੇਰ ਦੇ ਅੱਗੇ ਤਾਂ ਜਾਣਾ ਹੀ ਔਖਾ ਹੈ। ਜਿਹਦੇ 'ਤੇ ਕੁੱਦ ਗਿਆ

ਉਹ ਤਾਂ ਫੇਰ ਹੈ ਨਹੀਂ ਬੰਦਾ। ਫੇਰ ਉਹ ਇਹੋ ਜਿਹਾ ਜਾਨਵਰ ਹੈ ਉਹ ਛੇਤੀ-ਛੇਤੀ ਕਾਬੂ ਵੀ ਨਹੀਂ ਆਉਂਦਾ ਕਿ ਡੰਡਾ ਵੀ ਖਾ ਲਵੇ। ਆਪ ਹੀ ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ। ਥੋੜ੍ਹੇ ਦਿਨਾਂ ਤੋਂ ਬਾਅਦ ਉਹ ਜਿਹੜਾ ਘੁਮਿਆਰ ਸੀ ਜਿਹਦਾ ਗਧਾ ਖੋਇਆ ਸੀ, ਉਹ ਆਪਣੇ ਗਧੇ ਲੈ ਕੇ ਓਧਰ ਨੂੰ ਚੱਲ ਪਿਆ, ਖਾਂਦਾ-ਖਾਂਦਾ ਉਹ ਵੀ ਨੇੜੇ ਨੂੰ ਆ ਗਿਆ। ਗਧਿਆਂ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਸਾਡਾ ਹੀ ਭਾਈ ਹੈ। ਉਹ ਬੋਲਣ ਲੱਗ ਗਏ ਹਿਚਕੂੰ-ਹਿਚਕੂੰ ਉਹ ਵੀ ਲੱਗ ਗਿਆ ਕਰਨ। ਘੁਮਿਆਰ ਨੇ ਦੇਖਿਆ ਇਹ ਤਾਂ ਮੇਰਾ ਹੀ ਗਧਾ ਹੈ ਜਿਹੜਾ ਗੁਆਚਿਆ ਹੈ। ਜਾ ਕੇ ਬੇਫਿਕਰ ਹੋ ਕੇ ਕੰਨ ਤੋਂ ਫੜ ਲਿਆ। ਪੰਜ-ਸੱਤ ਡੰਡੇ ਮਾਰੇ, ਕਹਿੰਦਾ, ਫਸਲਾਂ ਖਾ-ਖਾ ਤਕੜਾ ਹੋ ਗਿਆ, ਮਹਾਰਾਜ ਕੋਲ ਖੱਲ੍ਹ ਲਾਹ ਕੇ, ਲਿਆ ਕੇ ਦੇ ਦਿਤੀ ਕਿ ਉਨ੍ਹਾਂ ਦਾ ਹੀ ਕੌਤਕ ਹੈ ਕੋਈ। ਬੜਾ ਹੀ ਹਾਸਾ ਪਿਆ।

ਉਹ ਕਹਿੰਦੇ, ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੋਇਆ। **ਮਹਾਰਾਜ ਕਹਿੰਦੇ, ਦੇਖੋ, ਅਸੀਂ ਤੁਹਾਨੂੰ ਨਿਰਭੈ ਬਣਾਇਐ, ਪ੍ਰਮੇਸ਼ਰ ਤੁਹਾਡੇ ਹਰ ਵਕਤ ਤੁਹਾਡੇ ਅੰਦਰ ਵਸਾਇਐ, ਜਿਹੜਾ ਨਿਰਭਉ ਹੈ। ਤੁਸੀਂ ਸੱਚ ਦੇ ਉਤੇ ਜੀਵਨ ਗੁਜ਼ਾਰਨੈ, ਡਰਨਾ ਨਹੀਂ ਕਿਸੇ ਤੋਂ। ਪਰ ਪਿਆਰਿਓ! ਹੈ ਤਾਂ ਗਧਾ, ਪਰ ਉਤੇ ਚਾੜ੍ਹੀ ਹੋਈ ਖੱਲ੍ਹ, ਕਾਫੀ ਦਿਨ ਪਰੇਸ਼ਾਨ ਰਹੇ ਸਾਰੇ। ਜੇ ਨਾ ਬੋਲਦਾ ਬੋਲੀ, ਆਪਣੇ ਭਾਈਆਂ ਵਾਲੀ, ਕਹਿੰਦੇ ਅਜੇ ਵੀ ਇਹਦਾ ਪਤਾ ਨਹੀਂ ਸੀ ਲੱਗਣਾ। ਦਹਿਸ਼ਤ ਹੋਈ ਪਈ ਸੀ ਸਾਰਿਆਂ ਨੂੰ। ਕਹਿੰਦੇ, ਜਿਸ ਵਕਤ ਤੁਹਾਡੇ ਵਿਚੋਂ ਖਾਲਸਾਪੁਣ ਨਿਕਲ ਜਾਏਗਾ, ਕੇਵਲ ਸ਼ਕਲ ਸੂਰਤ ਰਹਿ ਜਾਏਗੀ ਕਿ ਆਹ ਸਿੱਖ ਹੈ ਜੀ, ਇਹੋ ਜਿਹਾ ਹੋਣਾ ਚਾਹੀਦਾ ਹੈ ਜੀ, ਉਤਲੇ-ਉਤਲੇ ਭੇਖ ਵਿਚ ਆ ਜਾਓਂਗੇ, ਉਦੋਂ ਅੰਦਰਲੇ ਪਾਸੇ ਵਾਲਾ ਜੀਵਨ ਖਤਮ ਹੋ ਜਾਏਗਾ। ਉਸ ਵੇਲੇ ਤੁਹਾਡੇ 'ਤੇ ਹੱਲਾ ਹੋ ਜਾਏਗਾ, ਕ੍ਰੋਧ ਦਾ ਵੀ, ਲੋਭ ਦਾ ਵੀ, ਕਾਮ ਦਾ ਵੀ, ਵੈਰ ਭਾਵ ਦਾ, ਸਭ ਕੁਛ ਜਾਂਦਾ ਰਹੇਗਾ। ਤੁਹਾਡਾ ਫੇਰ ਇਤਬਾਰ ਨਹੀਂ ਰਹਿਣਾ ਕਿਸੇ ਨੂੰ ਤੇ ਏਸ ਕੌਤਕ ਦੇ ਨਾਲ ਅਸੀਂ ਤੁਹਾਨੂੰ ਸਦਾ ਹੀ ਚੜ੍ਹਦੀ ਕਲਾ ਵਾਲਾ ਬਣਾ ਕੇ ਰੱਖਣਾ ਹੈ।**

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬਹੁਤ ਗੱਲਾਂ ਸਮਝਾਈਆਂ, ਬੜੇ ਯੁੱਧ ਹੋਏ। ਸਾਰੇ ਸੁਣਦੇ ਰਹਿੰਦੇ ਹਾਂ ਆਪਾਂ। ਇਕ ਬੜਾ ਭਾਰੀ ਭੁਲੇਖਾ ਪਿਆ ਹੋਇਆ ਹੈ, ਉਹ ਭੁਲੇਖਾ ਇਹ ਹੈ ਕਿ ਇਤਿਹਾਸ 'ਚ ਆਉਂਦੈ, ਸ਼ਾਇਦ ਸੂਰਜ ਪ੍ਰਕਾਸ਼ ਵਿਚ ਵੀ ਹੋਵੇ, ਮੈਂ ਕਿੰਨੇ ਹੀ ਇਤਿਹਾਸ ਪੜ੍ਹੇ ਨੇ, ਇਹਦੇ 'ਚ ਵੀ ਲਿਖਿਆ ਹੈ। ਜਿਸ ਵਕਤ ਉਨ੍ਹਾਂ ਨੇ ਹਮਲਾ ਕਰ ਦਿਤਾ ਕਸਮਾਂ ਤੋੜ ਕੇ ਪਹਾੜੀਆਂ ਨੇ ਤੇ ਮੁਗਲਾਂ ਨੇ, ਉਸ ਵੇਲੇ ਭੀਮ ਚੰਦ ਦੀ ਵੀ ਫੌਜ ਸੀ, ਸਾਰਿਆਂ ਪਹਾੜੀਆਂ ਦੀ ਫੌਜ ਸੀ ਜਿਨ੍ਹਾਂ ਨੇ ਗੁਰੂ ਸਾਹਿਬ ਤੇ ਹੱਲਾ ਕਰਿਆ। ਉਸ ਵੇਲੇ ਸਿੰਘਾਂ ਨੇ ਕਿਹਾ ਸੱਚੇ ਪਾਤਸ਼ਾਹ! ਇਹ ਕੀ ਹੋਇਆ, ਹੱਲਾ ਕਰ ਦਿਤਾ ਇਨ੍ਹਾਂ ਨੇ। ਮਹਾਰਾਜ ਨੇ ਕਿਹਾ ਕਿ ਰਾਜੇ ਦਾ

ਕੋਈ ਇਤਬਾਰ ਨਹੀਂ ਹੁੰਦਾ। ਅਹਿਦਨਾਮੇ ਦੋਵੇਂ ਪਾਸੇ ਤਾਕਤਾਂ ਹੋਣ ਤਾਂ ਨਿਭਦਾ ਹੈ, ਜਦੋਂ ਇਕ ਪਾਸੇ ਘਟ ਜਾਂਦੀ ਹੈ, ਅਹਿਦਨਾਮਾ ਟੁੱਟ ਜਾਇਆ ਕਰਦਾ ਹੈ। ਅੰਗਰੇਜ਼ਾਂ ਨੇ ਜਦੋਂ ਤੋੜਿਆ ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਪਾਟ ਗਏ ਆਪਸ ਵਿਚ ਕਿ ਇਹਦੇ ਬਾਰੇ ਤਾਂ ਸਰਕਾਰਾਂ ਦੀਆਂ ਚਿੱਠੀਆਂ ਆਉਂਦੀਆਂ ਨੇ ਮੇਰੇ ਕੋਲ ਕਿ ਥੋੜ੍ਹੀ ਜਿਹੀ ਤਾਕਤ ਇਨ੍ਹਾਂ ਦੀ ਘੱਟ ਕਰ ਦਿਓ। ਉਸ ਵੇਲੇ ਸਾਡੇ ਅਹਿਦਨਾਮੇ ਦਾ ਕੀ ਮਤਲਬ ਰਹਿ ਗਿਆ। ਫੇਰ ਉਹ ਤੋੜ ਕੇ ਲੰਘ ਆਏ ਸਤਿਲੁਜ ਦੀ ਹੱਦ। ਸਿੱਧਾ ਹੀ ਲਾਹੌਰ ਗਿਆ ਦੂਜੀ ਲੜਾਈ 'ਤੇ। ਜਾ ਕੇ ਦਲੀਪ ਸਿੰਘ ਨੂੰ ਲਾਹ ਦਿਤਾ, ਕਿੱਥੇ ਗਈਆਂ ਉਹ ਸਾਰੀਆਂ ਸ਼ਰਤਾਂ। ਮਹਾਰਾਜ ਨੇ ਕਿਹਾ ਕਿ ਰਾਜਸੀ ਜਿਹਦੀ ਸ਼ਕਤੀ ਹੁੰਦੀ ਹੈ, ਉਹਦੇ 'ਚ ਬਚਨ ਨਹੀਂ ਕੋਈ ਵੀ ਮਾਇਨੇ ਰੱਖਿਆ ਕਰਦਾ। ਉਹਦੇ 'ਚ ਹੁੰਦਾ ਹੈ ਦੇਸ਼ ਦਾ ਹਿਤ। ਬਚਨ ਕੋਈ ਲਗਾਮ ਨਹੀਂ ਕਿ ਜਿਹੜੀ ਰੋਕ ਲਏਗੀ ਆਦਮੀ ਨੂੰ। ਲਿਖਿਆ ਹੋਇਆ ਕਾਗਜ਼ ਕੋਈ ਐਟਮ ਬੰਬ ਨਹੀਂ ਕਿ ਜਿਹੜਾ ਲੰਘ ਨਹੀਂ ਹੁੰਦਾ। ਸਮੇਂ ਦੇ ਮੁਤਾਬਿਕ ਉਹਨੇ ਬਦਲ ਜਾਣੈ, ਆਪਣਾ ਸਭ ਕੁਛ ਦੇਖ ਕੇ। ਇਸ ਕਰਕੇ ਕਦੇ ਵੀ ਇਸ ਗੱਲ ਦਾ ਇਤਬਾਰ ਨਾ ਕਰੋ। ਤਾਕਤ ਹੋਏਗੀ ਤਾਂ ਅਹਿਦਨਾਮਾ ਨਿਭਦਾ ਹੈ, ਨਹੀਂ ਹੋਏਗੀ ਤਾਂ ਨਹੀਂ ਨਿਭਦਾ। ਇਸ ਕਰਕੇ ਰਾਜਿਆਂ ਦਾ ਕੋਈ ਇਤਬਾਰ ਨਹੀਂ।

ਹੋਇਆ ਕੀ ਇਹ ਗੱਲ ਚੱਲ ਪਈ ਕਿ ਮੁਸਲਮਾਨ ਦਾ ਕੋਈ ਇਤਬਾਰ ਨਹੀਂ।

ਸਿੱਖੀ ਦੀ ਬੁਨਿਆਦ ਜਿਹੜੀ ਹੈ ਜੇ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਨਾਲ ਰਬਾਬ ਨਾ ਚੁੱਕਦਾ ਤਾਂ ਕੀ ਬਾਣੀ ਨਹੀਂ ਸੀ ਆਉਣੀ। ਬਾਣੀ ਆ ਜਾਣੀ ਸੀ, ਇਸ ਤਰ੍ਹਾਂ ਨਹੀਂ ਸੀ। ਮਹਾਰਾਜ ਕਹਿੰਦੇ ਸੀ, ਮਰਦਾਨਿਆਂ! ਰਬਾਬ ਸੁਰ ਕਰ ਆਸਾ ਰਾਗ 'ਚ, ਬਾਣੀ ਆ ਰਹੀ ਹੈ। ਸੂਹੀ ਰਾਗ 'ਚ ਸੁਰ ਕਰ, ਬਾਣੀ ਆ ਰਹੀ ਹੈ। ਰਬਾਬ ਮੁਸਲਮਾਨ ਨੇ ਹੀ ਵਜਾਈ, ਸਾਰੀ ਜ਼ਿੰਦਗੀ ਰਿਹਾ ਗੁਰੂ ਨਾਨਕ ਸਾਹਿਬ ਨਾਲ, ਘਰ ਦਾ, ਬੱਚਿਆਂ ਦਾ ਨਹੀਂ ਉਹਨੇ ਧਿਆਨ ਦਿਤਾ। ਫੇਰ ਸਾਥੀ ਕੌਣ ਹੋਇਆ?

ਸਭ ਤੋਂ ਪਹਿਲਾਂ ਗੁਰੂ ਪੈਗੰਬਰ ਐਲਾਨ ਕਰਨ ਵਾਲਾ ਘੜਾਮ ਪੀਰ ਸੀ, ਭੀਖਣ ਸ਼ਾਹ। ਉਹਨੇ ਟੈਸਟ ਲਿਆ ਤੇ ਨਮਾਜ਼ ਓਧਰ ਨੂੰ ਮੂੰਹ ਕਰਕੇ ਪੜ੍ਹੀ। ਕਹਿਣ ਲੱਗਿਆ, ਪੈਗੰਬਰ ਆ ਗਿਆ। ਇਸਲਾਮ ਵਿਚ ਇਹ ਹੈ ਕਿ ਆਖਰੀ ਪੈਗੰਬਰ ਮੁਹੰਮਦ ਸਾਹਿਬ ਤੋਂ ਬਾਅਦ ਹੁਣ ਨਹੀਂ ਆਉਣਾ। ਪਰ ਉਹਨੇ ਕਹਿ ਦਿਤਾ, ਬੰਧਨ ਤੋੜ ਦਿਤੇ, ਸੂਫੀ ਸੀਗਾ। ਉਸ ਤੋਂ ਬਾਅਦ ਘੜਾਮ ਦੇ ਪੀਰ ਨੇ ਸਿਜਦਾ ਕਰਿਆ। ਕਹਿੰਦੇ, ਸਿਜਦਾ ਕਰਦੇ ਓਂ। ਕਹਿੰਦੇ, ਇਹ ਉਥੇ ਦਰਗਾਹ ਦੇ ਵਿਚ ਮੈਨੂੰ ਨਜ਼ਰ ਆ ਰਹੇ। ਇਹ ਤਾਂ ਆਏ ਨੇ ਸੰਸਾਰ ਦਾ ਉਧਾਰ ਕਰਨ। ਜਦ ਬੱਚੇ ਸੀ ਦਸ਼ਮੇਸ਼ ਪਿਤਾ ਜੀ। ਫੇਰ ਗੁਰੂ ਮਹਾਰਾਜ ਦਾ ਜਦੋਂ ਯੁੱਧ ਹੋਇਆ, ਭੰਗਾਣੀ ਦਾ, ਪਾਉਂਟਾ ਸਾਹਿਬ ਕੋਲ ਉਸ ਵੇਲੇ ਹੋਇਆ ਕੀ, ਜਿਹੜਾ ਮਿੱਤਰ ਸੀ ਫਤਿਹ ਸ਼ਾਹ

ਗੁਰੂ ਸਾਹਿਬ ਨੇ ਸਵਾ ਲੱਖ ਦਾ ਤੰਬੋਲ ਭੇਜਿਆ ਸੀ, ਸੁਗਾਤਾਂ ਭੇਜੀਆਂ ਸੀ ਉਹਦੀ ਲੜਕੀ ਦੀ ਸ਼ਾਦੀ ਵਾਸਤੇ। ਮਿੱਤਰਤਾ ਕਾਇਮ ਕਰਾਈ ਸੀ ਨਾਹਨ ਵਾਲੇ ਦੀ ਅਰ ਉਹਦੀ। ਘਰ ਦਾ ਬੰਦਾ ਸੀ। ਐਡੇ ਸਬੰਧ ਉਸ ਨਾਲ ਹੁੰਦੇ ਹੋਏ, ਭੀਮ ਚੰਦ ਦੇ ਕਹਿਣ 'ਤੇ ਵਿਗੜਿਆ, ਅਰ ਆ ਕੇ ਮਹਾਰਾਜ 'ਤੇ ਹੱਲਾ ਕਰਿਆ। ਉਸ ਵੇਲੇ ਜਿਹੜੇ ਮਹਾਰਾਜ ਦੀ ਫੌਜ 'ਚ ਪਠਾਣ ਸੀ, ਉਹ ਲਾਲਚ 'ਚ ਆ ਕੇ ਓਧਰ ਹੋ ਗਏ, ਫੇਰ ਨਾਲ ਨਿਭਿਆ ਕੌਣ?

ਪੀਰ ਬੁੱਧੂਸ਼ਾਹ 700 ਮੁਰੀਦ ਲੈ ਕੇ ਆਇਆ। ਅਰ ਗੁਰੂ ਮਹਾਰਾਜ ਨੇ ਦੇਖਿਆ ਕਿ ਇਸ ਵਿੰਗ 'ਤੇ ਕੌਣ ਲੜ ਰਿਹੈ। ਬਹੁਤ ਜ਼ਿਆਦਾ ਇਥੇ ਭਾਜੜ ਪੈ ਰਹੀ ਹੈ। ਸਖਤ ਲੜਾਈ ਹੋ ਰਹੀ ਹੈ। ਉਹ ਕਹਿਣ ਲੱਗੇ ਜੀ, ਪੀਰ ਬੁੱਧੂ ਸ਼ਾਹ 700 ਮੁਰੀਦ ਲੈ ਆਇਆ ਆਪਣੇ।

ਸਰਸਾ ਪਾਰ ਕਰਦੇ ਸਾਰ ਗੁਰੂ ਮਹਾਰਾਜ ਨਿਹੰਗ ਖਾਂ ਦੇ ਕਿਲੇ ਵਿਚ ਆਏ। ਉਥੇ ਆ ਕੇ ਉਹਨੇ ਕਿਹਾ ਕਿ ਮਹਾਰਾਜ ਮੈਂ ਕਿਲੇ ਦੇ ਦਰਵਾਜ਼ੇ ਬੰਦ ਕਰ ਦਿੰਦਾ ਹਾਂ। ਇਥੇ ਰਹੋ। ਮਹਾਰਾਜ ਨੇ ਕਿਹਾ, ਨਹੀਂ ਇਥੇ ਨਹੀਂ ਰਹਿਣਾ। ਭਾਈ ਬਚਿੱਤਰ ਸਿੰਘ ਜ਼ਖਮੀ ਹੋਏ-ਹੋਏ ਨੇ, ਇਹ ਰਾਜ਼ੀ ਹੋ ਗਏ ਤਾਂ ਠੀਕ ਹੈ, ਨਾ ਰਾਜ਼ੀ ਹੋਏ ਭਾਣਾ ਵਰਤ ਗਿਆ ਤਾਂ ਸਸਕਾਰ ਕਰ ਦਿਓ। ਉਸ ਵੇਲੇ ਮਹਾਰਾਜ ਨਿਹੰਗ ਖਾਨ ਦੇ ਕਿਲ੍ਹੇ 'ਚ ਆਏ। ਉਸ ਤੋਂ ਬਾਅਦ ਜਦੋਂ ਮਾਛੀਵਾੜੇ 'ਤੋਂ ਨਿਕਲਦੇ ਨੇ ਤਾਂ ਤਿੰਨ ਤਾਂ ਸੀਗੇ ਪੀਰ ਮੌਲਵੀ ਜਿਨ੍ਹਾਂ ਨੇ ਕਿਹਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ। ਉਸੇ ਵੇਲੇ ਇਸ ਤੋਂ ਵਧੀਆ ਮੌਕਾ ਉਨ੍ਹਾਂ ਕੋਲ ਕਿਹੜਾ ਸੀ, ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਾਉਣ ਦਾ। ਪਰ ਨਹੀਂ ਐਸਾ ਉਨ੍ਹਾਂ ਨੇ ਕਰਿਆ। ਦੋ ਚਾਰਪਾਈ ਚੁੱਕਣ ਵਾਲੇ ਸੀ, ਗਨੀ ਖਾਂ ਤੇ ਨਬੀ ਖਾਂ, ਉਸ ਤੋਂ ਬਾਅਦ ਮਹਾਰਾਜ ਗਏ ਰਾਏ ਕੱਲੇ ਕੋਲ ਗਏ। ਉਹ ਵੀ ਮੁਸਲਮਾਨ ਸੀ। ਉਹਨੂੰ ਸਰਹੰਦ ਦੇ ਨਵਾਬ ਦੀ ਚਿੱਠੀ ਆਈ ਕਿ ਇਸ ਵੇਲੇ ਤੋਂ ਚੰਗਾ ਮੌਕਾ ਨਹੀਂ ਮਿਲਣਾ। ਤੂੰ ਹੁਣ ਗੁਰੂ ਗੋਬਿੰਦ ਸਿੰਘ ਜੀ ਨੂੰ ਕੈਦ ਕਰਾ ਦੇ। ਉਹ ਕਹਿਣ ਲੱਗਿਆ, ਨਵਾਬ ਸਾਹਿਬ! ਗੁਰੂ ਗੋਬਿੰਦ ਸਿੰਘ ਮੇਰੇ ਪੀਰ ਨੇ, ਪੀਰਾਂ ਦੇ ਵਾਸਤੇ ਮੁਰੀਦ ਜਿਵੇਂ ਲੜ ਕੇ ਟੁਕੜੇ-ਟੁਕੜੇ ਹੋ ਜਾਂਦੇ ਨੇ, ਜਦ ਤਕ ਮੇਰੀ ਰਿਆਸਤ ਦਾ ਇਕ ਵੀ ਬੰਦਾ ਹੈ, ਉਸ ਵੇਲੇ ਤੱਕ ਇਨ੍ਹਾਂ ਵਲ ਕੋਈ ਬੰਦਾ ਦੇਖ ਨਹੀਂ ਸਕਦਾ। ਇਹ ਮਿੱਤਰਤਾ ਹੀ ਹੋਈ ਉਨ੍ਹਾਂ ਦੀ ਗੁਰੂ ਸਾਹਿਬ ਨਾਲ।

ਗੁਰੂ ਸਾਹਿਬ ਲਿਖਦੇ ਨੇ -

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*

*ਅਕਾਲ ਉਸਤਤਿ*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸਵੇਂ ਪਾਤਸ਼ਾਹ ਨੂੰ ਸਮਝਣਾ ਬਹੁਤ

ਮੁਸ਼ਕਲ ਹੈ ਜਾਂ ਉਨ੍ਹਾਂ ਦੀ ਬਾਣੀ ਦੇ ਹਿਸਾਬ ਨਾਲ ਪੜ੍ਹੋ। ਜਾਂ ਉਨ੍ਹਾਂ ਕਰਤੱਬ ਨਾਲ ਪੜ੍ਹੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੇਕ ਲੈ ਕੇ ਜਦੋਂ ਗੁਰੂ ਦਸਵੇਂ ਪਾਤਸ਼ਾਹ ਨੂੰ ਵਾਚਦੇ ਹਾਂ ਉਸ ਵੇਲੇ ਸਾਡੇ ਅਸਲੀ ਗੱਲ ਸਮਝ 'ਚ ਆਉਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਕਿਲ੍ਹੇ 'ਚੋਂ ਨਿਕਲ ਜਾਂਦੇ ਨੇ, ਇਥੋਂ ਹੌਲੀ-ਹੌਲੀ ਚਲਦੇ-ਚਲਦੇ ਮਾਲਵੇ 'ਚ ਪਹੁੰਚ ਗਏ। ਮਾਲਵੇ ਵਿਚ ਪਹੁੰਚ ਕੇ ਉਸ ਵੇਲੇ ਇਕ ਦਿਨ ਕੁਝ ਗੱਡੇ ਆਏ ਰਾਸ਼ਨ ਦੇ। ਜਿਨ੍ਹਾਂ ਨੇ ਲਿਆ ਕੇ ਰੱਖੇ, ਜਿਸ ਵਕਤ ਉਹ ਨਮਸ਼ਕਾਰ ਕਰਨ ਆਏ ਉਸ ਵੇਲੇ ਭਾਈ ਰਾਮ ਸਿੰਘ ਤੇ ਭਾਈ ਤਿਲੋਕ ਸਿੰਘ ਉਥੇ ਦੇ ਰਹਿਣ ਵਾਲੇ ਸੀਗੇ। ਜਿਨ੍ਹਾਂ ਨੂੰ ਗੁਰੂ ਸਤਵੇਂ ਪਾਤਸ਼ਾਹ ਨੇ ਵਰ ਦਿਤਾ ਸੀ, ਜਿਸ ਵਕਤ ਲਿਆ ਕੇ ਇਕ ਸਿੰਘ ਨੇ ਦੱਸਿਆ ਕਿ ਇਹ ਉਹ ਨੇ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਿਆ। ਇਨ੍ਹਾਂ ਨੂੰ ਪੁੱਛੋ, ਸਾਰੀ ਸੰਗਤ ਸੁਣਨਾ ਚਾਹੁੰਦੀ ਹੈ। ਉਸ ਵੇਲੇ ਮਹਾਰਾਜ ਨੇ ਆਵਾਜ਼ ਦਿਤੀ ਕਿ ਭਾਈ ਤਿਲੋਕ ਸਿੰਘ, ਭਾਈ ਰਾਮ ਸਿੰਘ! ਕਿਵੇਂ ਹੋਈ? ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਸਰਹੰਦ ਸੀ, ਜਿਸ ਵਕਤ ਉਥੇ ਯੁੱਧ ਹੋਇਆ, ਚਮਕੌਰ ਸਾਹਿਬ ਦਾ। ਅਸੀਂ ਲੰਗੋਟੀਆਂ ਪਾ ਲਈਆਂ, ਕੇਸ ਖੋਲ੍ਹ ਲਏ, ਇਹਨੇ ਮੇਰੇ ਸਿਰ 'ਚ ਸੁਆਹ ਪਾ ਦਿਤੀ, ਮੈਂ ਇਹਦੇ ਪਾ ਦਿਤੀ। ਜਦੋਂ ਨੇੜੇ ਗਏ ਕਮਲਿਆਂ ਵਾਂਗਣ ਲੱਗ ਗਏ। ਇਕ ਦੂਜੇ ਨਾਲ ਕਦੇ ਲੜ ਪੈਂਦੇ ਸੀ, ਕਦੇ ਘੁਲ ਪੈਂਦੇ ਸੀ। ਕਹਿੰਦੇ, ਉਹ ਵੀ ਢੋਂਦੇ ਸੀਗੇ ਆਪਣੇ ਮੁਰਦਿਆਂ ਨੂੰ, ਅਸੀਂ ਵੀ ਘੜੀਸਣ ਲੱਗ ਗਏ ਨਾਲ ਹੀ। ਨਿਗ੍ਹਾ ਸਾਡੀ ਇਸ ਗੱਲ ਦੇ ਉਤੇ ਸੀ ਕਿ ਸਾਹਿਬਜ਼ਾਦੇ ਨਜ਼ਰ ਆ ਜਾਣ। ਇਕ ਥਾਂ ਅਸੀਂ ਦੇਖਿਆ ਕਿ ਕੁਛ ਸਿੰਘਾਂ ਨੂੰ ਸਸਕਾਰ ਕਰਨ ਦਾ ਯਤਨ ਕੀਤਾ ਗਿਆ, ਲੇਕਿਨ ਵਿਚਾਲੇ ਰਹਿ ਗਏ। ਕਹਿੰਦੇ, ਅਸੀਂ ਨੱਠ-ਨੱਠ ਕੇ ਉਨ੍ਹਾਂ ਦਾ ਕੰਮ ਕਰਦੇ ਰਹੇ। ਉਹ ਕਹਿੰਦੇ, ਆਹ ਕਮਲੇ ਬੜੇ ਕੰਮ ਕਰ ਰਹੇ ਨੇ। ਕਹਿੰਦਾ, ਵਿਚੋਂ ਅਸੀਂ ਨਿਗ੍ਹਾ ਰਖਦੇ ਸੀ। ਲਕੜੀ ਜਿਹੜੀ ਮਿਲਣੀ ਚੁੱਕ ਕੇ ਇੱਕ ਥਾਂ ਸੁੱਟ ਆਉਣੀ, ਉਨ੍ਹਾਂ ਦੇ ਨੋਟਿਸ 'ਚ ਨਹੀਂ ਆਇਆ ਕਿ ਇਹ ਕੰਮ ਕੀ ਕਰ ਰਹੇ ਨੇ?

ਕਹਿੰਦੇ ਸ਼ਾਮ ਹੋ ਗਈ, ਉਸ ਵੇਲੇ ਅਸੀਂ ਅਰਦਾਸ ਕਰੀ ਕਿ ਹੇ ਗੁਰੂ ਕਲਗੀਧਰ ਪਾਤਸ਼ਾਹ ਸਾਨੂੰ ਉਹ ਨੇਤਰ ਦੇਹ। ਜਿਨ੍ਹਾਂ ਦੇ ਨਾਲ ਸਾਹਿਬਜ਼ਾਦਿਆਂ ਦੇ ਸਰੀਰ ਦਾ ਦਰਸ਼ਨ ਹੋ ਜਾਏ। ਕਹਿੰਦੇ ਅਸੀਂ ਕੀ ਦੇਖਦੇ ਹਾਂ ਕੁਛ ਝਾਫੇ ਰਾਤ ਨੂੰ ਹਵਾ ਬਹੁਤ ਚੱਲੀ ਸੀ, ਕੁਛ ਵਾੜ ਉਡ ਕੇ ਆ ਕੇ ਇਕ ਥਾਉਂ 'ਤੇ ਪਏ ਤੇ ਉਡਾਰ ਦਾ ਰੇਤਾ ਪਿਆ, ਉਥੇ ਹੇਠਲੇ ਪਾਸੇ ਅਸੀਂ ਦੇਖਿਆ ਤਾਂ ਸਾਹਿਬਜ਼ਾਦੇ ਪਏ। ਪੂਰੇ ਜੋਸ਼ ਵਿਚ ਸੀਗੇ ਅਸੀਂ, ਜਦੋਂ ਅਸੀਂ ਉਨ੍ਹਾਂ ਦੇ ਸਰੀਰ ਰਾਤ ਨੂੰ ਕੱਢੇ ਪਹਿਲਾਂ ਅਸੀਂ ਬਹਾਨੇ ਵਗੈਰਾ ਕਰਦੇ ਰਹੇ। ਕਹਿੰਦੇ, ਉਹ ਆਪਣਾ ਮਸਤ ਹੋ ਕੇ ਸ਼ਰਾਬਾਂ ਵਗੈਰਾ ਪੀਣ ਲੱਗ ਗਏ। ਕਹਿੰਦੇ, ਅਸੀਂ ਲੱਕੜੀਆਂ ਇਕੱਠੀਆਂ ਕਰੀਆਂ। ਮੌਕਾ ਪਾ ਕੇ ਸਸਕਾਰ ਕਰ ਦਿਤਾ ਤੇ ਸੁਆਹ ਅਸੀਂ ਰੱਖ ਆਏ ਹਾਂ ਪਾ ਕੇ

ਮੱਟਾਂ 'ਚ। ਮਹਾਰਾਜ ਪ੍ਰਸੰਨ ਹੋ ਗਏ। ਕਹਿਣ ਲੱਗੇ, ਪਿਆਰਿਓ! ਤੁਹਾਡੀ ਸੇਵਾ ਪ੍ਰਵਾਨ ਹੋ ਗਈ। ਮੰਗੋ ਤੁਸੀਂ ਜੋ ਮੰਗਣਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਰਾਮ ਸਿੰਘ, ਭਾਈ ਤਿਲੋਕ ਸਿੰਘ! ਤੁਸੀਂ ਉਹ ਸੇਵਾ ਕਰੀ ਹੈ ਜਿਹਦੇ ਨਾਲ ਗੁਰੂ ਪ੍ਰਸੰਨ ਹੋ ਗਿਆ।

*ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ।*
*ਸ੍ਰੀ ਮੁਖ ਤੇ ਭਾਖਯੋ ਤਿਸ ਕਾਲਾ।*
*'ਰਾਮਾ ਸਿੰਘ ਤਿਲੋਕ ਸਿੰਘ ਸੁਨਿ!*
*ਜਾਚ ਲੇਹੁ ਹਮ ਤੇ ਬਾਂਛਤ ਮਨ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115*

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*

*ਅੰਗ- 314*

ਦੱਸੋ ਕੀ ਚਾਹੀਦਾ ਹੈ, ਅਸੀਂ ਤੁਹਾਨੂੰ ਦਿਵਾਉਂਦੇ ਹਾਂ ਗੁਰੂ ਘਰ 'ਚੋਂ। ਉਸ ਵੇਲੇ ਉਨ੍ਹਾਂ ਨੇ ਕਿਹਾ ਸੱਚੇ ਪਾਤਸ਼ਾਹ! ਹਾਲੇ ਤੱਕ ਅਸੀਂ ਰਾਹਕ ਚੱਲ ਰਹੇ ਹਾਂ, ਸਾਡਾ ਆਪਣਾ ਕੋਈ ਟਿਕਾਣਾ ਨਹੀਂ ਤੇ ਕ੍ਰਿਪਾ ਕਰੋ ਸਾਨੂੰ ਕੋਈ ਵਸਣ ਦਾ ਥਾਂ ਆਪ ਦਿਓ। ਮਹਾਰਾਜ ਕਹਿੰਦੇ, ਪਿਆਰਿਓ! ਵਸਣ ਦਾ ਥਾਂ! ਤੁਸੀਂ ਤਾਂ ਗੁਰੂ ਨੂੰ ਪ੍ਰਸੰਨ ਕਰ ਲਿਆ। ਵਸਣ ਦਾ ਟਿਕਾਣਾ ਦੁਨੀਆਂ ਮੰਗਿਆ ਕਰੇਗੀ ਤੁਹਾਡੇ ਤੋਂ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਬਖਸ਼ੀ ਮਾਲਕਾ! ਕਿਤੇ ਰਹਿਣ ਦਾ ਟਿਕਾਣਾ।*

ਪਾਤਸ਼ਾਹ! ਕੋਈ ਥਾਂ ਨਹੀਂ ਹੈ ਰਹਿਣ ਦਾ। ਆਪ ਕ੍ਰਿਪਾ ਕਰੋ ਕਿਤੇ ਸਾਡੇ ਪੈਰ ਲੱਗ ਜਾਣ। ਮਹਾਰਾਜ ਜੀ ਕਹਿਣ ਲੱਗੇ –

*ਦਯਾ ਸਿੰਧੁ ਸੁਨਿ ਧੀਰਜ ਦੀਨਿ।*
*ਤੁਮ ਤੌਂ ਦੇਸ ਸਕਲ ਹੀ ਲੀਨਿ।*
*ਐਸੇ ਪਾਇ ਤੁਮਾਰੇ ਜਮੈਂ।*
*ਭੂਪਨ ਭੂਪ ਦੇਸ਼ ਗਨ ਨਮੈਂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115*

ਤੁਸੀਂ ਛੋਟਾ ਜਿਹਾ ਟਿਕਾਣਾ ਕੀ ਮੰਗਦੇ ਓਂ, ਤੁਸੀਂ ਤਾਂ ਟਿਕਾਣਾ ਦੇਣ ਵਾਲੇ ਬਣ ਜਾਓਗੇ। ਸਾਰਾ ਹੀ ਦੇਸ਼ ਲੈ ਲਿਆ ਤੁਸੀਂ –

*ਧਾਰਨਾ – ਤੁਸੀਂ ਰਾਜ ਕਰੋਂਗੇ ਇਸ ਜਗ 'ਤੇ,*
*ਸੇਵਾ ਕੀਤੀ ਲੇਖੇ ਪੈ ਗਈ।*

ਸੋ ਇਸ ਤਰ੍ਹਾਂ ਬਰਕਤਾਂ ਦਿੰਦੇ ਹੋਏ ਗੁਰੂ ਮਹਾਰਾਜ ਨੌਂ ਮਹੀਨੇ ਤੋਂ ਰਹਿ ਰਹੇ ਸੀ ਦਮਦਮੇ ਸਾਹਿਬ। ਅੱਜ ਮਹਾਰਾਜ ਨੇ ਸਾਰਿਆਂ ਨੂੰ ਕਿਹਾ ਕਿ ਭਾਈ! ਅਸੀਂ ਦੱਖਣ ਵਿਚ ਜਾਣਾ ਹੈ। ਉਥੇ ਕਾਰਜ ਹੈ ਸਾਨੂੰ ਸਾਡੇ ਨਾਲ ਚੱਲੋ। ਉਸ ਵੇਲੇ ਜਿਹੜੇ ਮਾਲਵੇ ਦੇ ਮੁਖੀ-ਮੁਖੀ ਸਿੰਘ ਸੀਗੇ। ਭਾਈ

ਡੱਲਾ ਸਿੰਘ, ਦੂਜੇ ਰਾਮ ਸਿੰਘ, ਦੂਸਰਾ ਤਿਲੋਕ ਸਿੰਘ, ਫਤਿਹ ਸਿੰਘ, ਹੋਰ ਘਰਬਾਰੀ ਸਿੰਘ, ਦਰਬਾਰੀ ਸਿੰਘ, ਦੀਵਾਨੇ, ਇਹ ਸਾਰੇ ਦੇ ਸਾਰੇ ਤਿਆਰ ਹੋ ਗਏ। ਉਸ ਵੇਲੇ ਰਾਮ ਸਿੰਘ ਨੇ ਕਿਹਾ ਮਹਾਰਾਜ! ਸਾਡੇ ਜ਼ਮੀਨ-ਜਾਇਦਾਦ ਬਹੁਤ ਜ਼ਿਆਦਾ ਹੈ। ਅਸੀਂ ਦੋਵੇਂ ਭਰਾ ਇਥੇ ਹਾਂ ਇਕ ਭਰਾ ਨਾਲ ਚਲਦਾ ਹੈ ਤੁਹਾਡੇ। ਫਤਹਿ ਸਿੰਘ ਨੂੰ ਛੁੱਟੀ ਦੇ ਦਿਓ। ਮਹਾਰਾਜ ਕਹਿੰਦੇ ਤੂੰ? ਕਹਿੰਦਾ, ਮੈਂ ਤਾਂ ਅਖੀਰ ਤੱਕ ਜਾਊਂਗਾ। ਕਿਉਂ ਭਾਈ ਡੱਲਾ ਸਿੰਘ? ਕਹਿੰਦਾ, ਜੀ ਇਹ ਤਾਂ ਕੱਚੇ ਪਿੱਲੇ ਨੇ ਜਿਹੜੇ ਜਾਣ ਤੋਂ ਕਤਰਾਉਂਦੇ ਨੇ। ਨਾਲ ਚੱਲਾਂਗੇ ਅਸੀਂ। ਗੁਰੂ ਮਹਾਰਾਜ ਨੇ ਤਿਆਰੀ ਕਰ ਲਈ, ਦੋ ਤਿੰਨ ਮੰਜ਼ਲਾਂ ਜਿਸ ਵਕਤ ਗਏ ਤਾਂ ਘਰਬਾਰੀ ਸਿੰਘ ਤੇ ਦਰਬਾਰੀ ਸਿੰਘ ਦੀ ਪਾਰਟੀ ਸਾਰੇ ਉਸ ਦੇ ਨਾਲ ਦੇ ਬੰਦੇ ਨੱਠ ਗਏ ਰਾਤ ਨੂੰ। ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਉਹ ਤਾਂ ਦੌੜ ਗਏ ਰਾਤ। ਦੂਜੇ ਦਿਨ ਦੂਜੇ ਚਲੇ ਗਏ, ਰੋਜ਼ ਹੀ ਨੱਠਣੇ ਸ਼ੁਰੂ ਹੋ ਗਏ। ਡੱਲੇ ਨੂੰ ਕਿਹਾ, ਕਹਿੰਦੇ, ਡੱਲਾ ਸਿੰਘਾ! ਤੇਰੀ ਕੀ ਮਰਜ਼ੀ ਹੈ। ਕਹਿੰਦਾ, ਨਾ ਮਹਾਰਾਜ ਮੈਂ ਤੁਹਾਡੇ ਨਾਲ ਨਿਭਾਂਗਾ। ਰਾਤ ਨੂੰ ਸਲਾਹ ਹੋ ਗਈ, ਮਨ ਡੋਲ ਗਿਆ।

ਇਥੇ ਇਕ ਗੱਲ ਵਿਚਾਰਨ ਵਾਲੀ ਹੈ। ਗੁਰੂ ਦਸ਼ਮੇਸ਼ ਵਰਗਾ ਗੁਰੂ ਹੋਵੇ, ਆਪਣਾ ਸਾਰਾ ਪਰਿਵਾਰ ਵਾਰ ਆਇਆ ਹੋਵੇ ਸਾਡੇ ਵਾਸਤੇ। ਅਸੀਂ ਉਹਦੇ ਸਾਥੀ ਹੋਈਏ ਤੇ ਅਜੇ ਕਿਤੇ ਗਏ ਨੀਂ, ਦੋ ਮੰਜ਼ਲਾਂ, ਤਿੰਨ ਮੰਜ਼ਲਾਂ ਪਾਰ ਕਰੀਆਂ ਨੇ, ਤਿੰਨ ਦਿਨ ਘਰੋਂ ਬਾਹਰ ਹੋਏ ਹਾਂ। ਤਿੰਨ ਦਿਨ 'ਚ ਘਰ ਯਾਦ ਗਿਆ, ਨੱਠਣਾ ਸ਼ੁਰੂ ਕਰ ਦਿਤਾ ਗੁਰੂ ਸਾਹਿਬ ਕੋਲ। ਕਹਿੰਦੇ, ਡੱਲਾ ਸਿੰਘ! ਤੂੰ ਵੀ ਆਪਣੀ ਮਰਜ਼ੀ ਦਸ ਦੇ। ਕਹਿੰਦਾ, ਨਾ ਮਹਾਰਾਜ ਮੈਂ ਤਾਂ ਤੁਹਾਡੇ ਨਾਲ ਰਹਾਂਗਾ। ਉਸ ਵੇਲੇ ਰਾਤ ਨੂੰ ਸਾਰੇ ਆਪਣੇ ਜਵਾਨ ਤਿਆਰ ਕਰ ਲਏ ਤੇ ਗੁਰੂ ਮਹਾਰਾਜ ਦੇ ਪਲੰਘ ਦੇ ਨਾਲ ਖੰਡਾ, ਦੋ ਹਜ਼ਾਰ ਦਾ ਸੀ ਉਸ ਵੇਲੇ ਦੀ ਕੀਮਤ ਦਾ ਸੀ, ਹੀਰੇ ਲੱਗੇ ਹੋਏ ਸੀ, ਜੜਾਊ ਕੜੇ ਮਹਾਰਾਜ ਨੇ ਦਿਤੇ ਸੀ, ਦੋਵੇਂ ਕੜੇ ਲਾਹ ਕੇ ਸਰ੍ਹਾਣੇ ਧਰ ਦਿਤੇ, ਮੰਜੇ ਦੇ ਨਾਲ ਖੰਡਾ ਖੜ੍ਹਾਅ ਦਿਤਾ। ਮੱਥਾ ਟੇਕਿਆ, ਚੁੱਪ ਕਰਕੇ ਬੰਦੇ ਪਹਿਲਾਂ ਹੀ ਬਾਹਰ ਕੱਢੇ ਹੋਏ ਸੀ, ਤੁਰ ਗਿਆ। ਮਹਾਰਾਜ ਨੇ ਅਵਾਜ਼ ਦਿਤੀ, ਪਹਿਰੇ ਤੇ ਵੀ ਓਹੀ ਹੁੰਦਾ ਸੀ।

ਕਹਿੰਦੇ, ਡੱਲ ਸਿੰਘਾ!

ਉਥੇ ਇਕ ਫਕੀਰ ਸੀ, ਮੁਸਲਮਾਨ ਸੀ ਉਹ। ਨਾਲ ਹੀ ਤੁਰਿਆ ਜਾਂਦਾ ਸੀ। ਉਹ ਕਹਿੰਦਾ ਗੁਰੂ ਜੀ! 'ਨਾ ਡੱਲਾ ਨਾ ਮੱਲਾ, ਰਹਿ ਗਿਆ ਗੁਰੂ ਕੱਲਾ।'

ਮਹਾਰਾਜ ਕਹਿੰਦੇ, ਫਕੀਰ! 'ਗੁਰੂ ਨਾਲ ਸਦਾ ਹੀ ਅੱਲਾ, ਗੁਰੂ ਕਦੇ ਨਾ ਕੱਲਾ।'

ਕਿੰਨੀ ਚੜ੍ਹਦੀ ਕਲਾ ਦੇਖੋ ਤੁਸੀਂ ਗੁਰੂ ਜੀ ਦੀ। ਸਾਥੀ ਨੱਠੇ ਜਾ ਰਹੇ ਨੇ ਤੇ ਮਹਾਰਾਜ ਦਾ ਮਨੋਬਲ ਦੇਖੋ ਕਿੰਨਾ ਹੈ। ਅਗਲੇ ਦਿਨ ਜਿਹੜਾ

ਸੀਗਾ ਰਾਮ ਸਿੰਘ, ਇਹ ਵੀ ਚਲਿਆ ਗਿਆ। ਕਹਿੰਦੇ ਰਾਮ ਸਿੰਘ ਵੀ ਚਲਿਆ ਗਿਆ। ਮਹਾਰਾਜ ਕਹਿੰਦੇ, ਉਹਦੇ ਨਾਲ ਸਾਂਝ ਸੀਗੀ ਸਾਡੀ ਪੁਰਾਣੀ। ਕਿਉਂਕਿ ਚੌਥੇ ਪਾਤਸ਼ਾਹ ਨੇ ਆਪਣਾ ਪੁੱਤਰ ਇਨ੍ਹਾਂ ਦੇ ਘਰ ਭਾਈ ਭਗਤੂ ਭੇਜਿਆ ਸੀ। ਉਹਦੀ ਉਲਾਦ ਹੈ। ਕਹਿੰਦੇ, ਉਹਨੂੰ ਮੋੜ ਲਿਆਓ।

ਪਿੱਛੇ ਘੋੜ ਸਵਾਰ ਗਏ, ਕਹਿੰਦੇ ਅੱਠ-ਸੱਤ ਮੀਲ 'ਤੇ ਰੋਕ ਲਿਆ ਤੇ ਕਿਹਾ ਕਿ ਗੁਰੂ ਸਾਹਿਬ ਨੇ ਕਿਹੈ ਕਿ ਤੂੰ ਮੁੜ ਆ।

ਕਹਿੰਦਾ, ਮੈਂ ਤਾਂ ਮੁੜ ਨਹੀਂ ਸਕਦਾ। ਗੁਰੂ ਮਹਾਰਾਜ ਨੇ ਦੂਸਰੀ ਵਾਰੀ ਫੇਰ ਭੇਜਿਆ, ਉਹ ਫੇਰ ਨਾ ਮੁੜਿਆ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਕਰੋ, ਸਾਡਾ ਰੁਮਾਲ ਲੈ ਜਾਓ। ਲਕੀਰ ਕੱਢ ਦਿਓ ਉਹਦੇ ਮੂਹਰੇ, ਕਹਿ ਦਿਓ ਕਿ ਦਸਤਾਰ ਹੈ ਉਨ੍ਹਾਂ ਦੀ, ਇਹਨੂੰ ਲੰਘ ਕੇ ਜਾਣੈ ਤਾਂ ਚਲਿਆ ਜਾਹ। ਘੋੜੇ 'ਤੇ ਬੈਠਾ ਸੀ ਅੱਡੀ ਮਾਰੀ ਪਾਰ ਨਿਕਲ ਗਿਆ। ਜਿਹੜਾ ਸਭ ਤੋਂ ਵਿਸ਼ਵਾਸ਼ ਵਾਲਾ ਬੰਦਾ ਸੀ।

ਈਸਾ ਜੀ ਨਾਲ ਇਵੇਂ ਜਿਵੇਂ ਹੋਈ ਸੀ, ਪਿਤਰਸ ਸੀਗਾ, ਸੱਤ ਦਰਵਾਜ਼ਿਆਂ 'ਚ ਬੰਦ ਸੀਗਾ। ਤਾਲੇ ਤੋੜ ਕੇ ਆਪਣੀ ਸ਼ਕਤੀ ਨਾਲ ਉਹਨੂੰ ਬਾਹਰ ਕੱਢਿਆ ਸੀ। ਜਦੋਂ ਗਵਾਹੀਆਂ ਹੋਣ ਲੱਗੀਆਂ ਉਨ੍ਹਾਂ ਦੇ ਖਿਲਾਫ, ਪਿਤਰਸ ਨੂੰ ਪੁੱਛਿਆ ਕਿ ਤੂੰ ਇਨ੍ਹਾਂ ਨੂੰ ਜਾਣਦੈਂ। ਉਹ ਕਹਿੰਦਾ, ਮੈਨੂੰ ਤਾਂ ਪਤਾ ਨਹੀਂ ਮੈਂ ਤਾਂ ਰਾਤ ਆਇਆਂ। ਯਾਨਿ ਉਹਨੇ ਵੀ ਛੱਡ ਦਿਤਾ ਸਾਥ। ਜਦੋਂ ਇਸ ਤਰ੍ਹਾਂ ਹੋਇਆ ਤਾਂ ਉਹ ਕਹਿਣ ਲੱਗੇ ਕਿ ਹੁਣ ਤਾਂ ਜਿਨ੍ਹਾਂ ਨੇ ਵਿਸ਼ਵਾਸ਼ ਸੀ ਉਨ੍ਹਾਂ ਬੰਦਿਆਂ ਨੇ ਜਵਾਬ ਦੇ ਦਿਤਾ, ਹੁਣ ਜਿਹੜਾ ਕੁਛ ਹੋਣੈ ਠੀਕ ਹੈ।

ਇਵੇਂ ਜਿਵੇਂ ਜੂਲੀਅਸ ਸੀਜ਼ਰ ਸੀਗਾ, ਉਹਦਾ ਇਕ ਜਰਨੈਲ ਸੀ ਬੜੇ ਹੀ ਵਿਸ਼ਵਾਸ਼ ਵਾਲਾ। ਜਿਸ ਵਕਤ ਜੂਲੀਅਟ ਸੀਜ਼ਰ ਨੂੰ ਮਾਰਨ ਦੀ ਸਕੀਮ ਬਣਾਈ, ਸੱਤ ਜਰਨੈਲ ਜਿਹੜੇ ਵੱਡੇ ਸੀ ਉਨ੍ਹਾਂ ਨੇ ਉਹਨੂੰ ਮਾਰਨ ਦੀ ਸਕੀਮ ਬਣਾ ਲਈ। ਜਦੋਂ ਰਾਤ ਨੂੰ ਆ ਕੇ ਘੇਰ ਲਿਆ ਤਾਂ ਕੀ ਦੇਖਦਾ ਹੈ ਕਿ ਜਿਹੜਾ ਮੇਰੇ ਸਭ ਤੋਂ ਵਿਸ਼ਵਾਸ਼ ਵਾਲਾ ਬੰਦਾ ਹੈ ਉਹ ਵੀ ਉਨ੍ਹਾਂ 'ਚ ਖੜ੍ਹੈ। ਪਹਿਲਾਂ ਤਾਂ ਉਹਨੇ ਹਿੰਮਤ ਕਰੀ ਕਿ ਮੈਂ ਯੁੱਧ ਕਰਾਂਗਾ। ਉਸ ਤੋਂ ਬਾਅਦ ਉਹ ਕਹਿਣ ਲੱਗਿਆ ਕਿ ਜੇ ਤੂੰ ਵੀ ਇਨ੍ਹਾਂ ਦੇ ਨਾਲ ਰਲ ਗਿਆ, ਹੁਣ ਤਾਂ ਫੇਰ ਕੋਈ ਵੀ ਨਹੀਂ। ਆਹ ਮੈਂ ਰਖਦਾਂ ਹਥਿਆਰ ਤੇ ਮਾਰਿਆ ਗਿਆ ਉਥੇ।

ਸਾਥੀ ਸਾਥ ਛੱਡ ਦੇਵੇ, ਔਖੇ ਵੇਲੇ ਕੋਈ ਹਾਅ ਦਾ ਨਾਹਰਾ ਨਾ ਮਾਰੇ। ਆਦਮੀ ਦੇ ਮਨੋ ਬਲ 'ਤੇ ਬਹੁਤ ਅਸਰ ਪਿਆ ਕਰਦਾ ਹੈ।

ਉਸ ਵੇਲੇ ਗੁਰੂ ਮਹਾਰਾਜ ਨੇ ਪਰਵਾਹ ਨਹੀਂ ਕਰੀ ਉਥੋਂ ਚੱਲੇ, ਬਹਾਦਰਸ਼ਾਹ ਨੂੰ ਰਾਜ ਦਿਵਾਇਆ। ਉਸ ਤੋਂ ਬਾਅਦ ਅੱਜ ਨਾਂਦੇੜ ਪਹੁੰਚ ਜਾਂਦੇ ਨੇ। ਉਥੇ ਸਿੰਘ ਹੈਗੇ, ਪੁਰਾਣੇ ਸਿੰਘ ਨੇ। ਜਿਹੜੇ ਨਵੇਂ ਰੱਖੇ ਸੀ

ਉਹ ਤਾਂ ਸਾਰੇ ਹੀ ਤੁਰ ਗਏ ਸੀ। ਤਿੰਨ ਸੌ ਸਿੰਘ ਰਹਿ ਗਿਆ ਸੀ ਮਹਾਰਾਜ ਨਾਲ। ਉਸ ਵੇਲੇ ਮਹਾਰਾਜ ਜਦੋਂ ਪ੍ਰਸ਼ਾਦਾ ਛਕ ਕੇ ਹਟੇ, ਬਿਰਾਜਮਾਨ ਹੋਏ। ਉਸ ਵੇਲੇ ਆਵਾਜ਼ ਆਈ ਮਾਰੂ ਦੇ ਸ਼ਬਦਾਂ ਦੀ –

*ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ।*

ਮਹਾਰਾਜ ਜੀ ਕਹਿਣ ਲੱਗੇ ਕਿ ਕੀ ਗੱਲ ਹੋਈ ਬਈ? ਕਹਿੰਦੇ, ਮਹਾਰਾਜ! ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ। ਕਹਿੰਦੇ, ਬਿਨਾਂ ਦੱਸੇ ਹੀ?

ਬੁਲਾ ਕੇ ਲਿਆਓ।

ਉਸ ਵੇਲੇ ਸਿੰਘ ਗਿਆ, ਜਾ ਕੇ ਕਿਹਾ, ਭਾਈ ਦਇਆ ਸਿੰਘ ਜੀ, ਗੁਰੂ ਮਹਾਰਾਜ ਦਾ ਹੁਕਮ ਹੈ ਕਿ ਤੁਸੀਂ ਮਿਲ ਕੇ ਜਾਓ।

ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਕੇ ਬੈਠ ਗਏ ਉਹ। ਮਹਾਰਾਜ ਜੀ ਕੋਲ ਆ ਕੇ ਬੜਾ ਹੀ ਵੈਰਾਗ ਕਰਿਆ।

ਭਾਈ ਦਇਆ ਸਿੰਘਾ! ਆਪਾਂ ਬਚਪਨ ਤੋਂ ਇਕੱਠੇ ਹਾਂ, ਜੋ ਵੀ ਜ਼ਰੂਰੀ ਕੰਮ ਹੁੰਦਾ ਅਸੀਂ ਤੁਹਾਡੇ ਨਾਲ ਸਲਾਹ ਕਰਦੇ ਸੀ। ਚਿੱਠੀ ਦੇ ਕੇ ਔਰੰਗਜ਼ੇਬ ਕੋਲ ਭੇਜਿਆ, ਤਾਂ ਵੀ ਤੁਹਾਨੂੰ ਭੇਜਿਆ ਤੇ ਹੁਣ ਜਾਣ ਵੇਲੇ ਦੱਸਿਆ ਹੀ ਨਾ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਏਧਰ ਵੀ ਤੁਸੀਂ ਹੋਂ ਤੇ ਓਧਰ ਵੀ ਤੁਸੀਂ ਹੋਂ। ਤੁਹਾਡਾ ਹੁਕਮ ਆ ਗਿਆ ਸੀ ਕਿ ਜਲਦੀ ਆ ਜਾ। ਇਸ ਕਰਕੇ ਮੈਂ ਚਲਿਆ ਗਿਆ।

ਹੁਕਮ?

ਆਪ ਨੇ ਕਿਹਾ ਕਿ ਜਾਓ, ਪਰ ਸਾਡਾ ਇਕ ਸੁਨੇਹਾ ਲੈ ਜਾਓ ਨਾਲ ਜਿਹੜਾ ਅਸੀਂ ਮਾਛੀਵਾੜੇ ਵੀ ਦਿਤਾ ਸੀ, ਇਸ ਤਰ੍ਹਾਂ ਪੜ੍ਹ ਲਓ ਸਾਰੇ –

*ਧਾਰਨਾ – ਹਾਲ ਮੁਰੀਦਾਂ ਦਾ ਕਹਿਣਾ।*
*ਮਿੱਤ੍ਰ ਪਿਆਰੇ ਨੂੰ ਕਹਿਣਾ।*
*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਪੰਜਰੁ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ,*
*ਭਠ ਖੇੜਿਆਂ ਦਾ ਰਹਣਾ॥* *ਖਿਆਲ ਪਾਤਸ਼ਾਹੀ 10*

ਅੱਛਾ ਭਾਈ ਖੁਸ਼ੀਆਂ ਨੇ ਤੁਸੀਂ ਜਾ ਸਕਦੇ ਹੋਂ। ਭਾਈ ਦਇਆ

ਸਿੰਘ ਜੀ ਗਏ, ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, ਲੰਮੇ ਪਏ, ਸਰੀਰ ਛੱਡ ਦਿਤਾ। ਜਿਸ ਤਰ੍ਹਾਂ ਦੇ ਨਾਲ ਸੱਪ ਕੁੰਜ ਛੱਡ ਜਾਇਆ ਕਰਦੈ।

***ਧਾਰਨਾ – ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ ਗੁਰਮੁਖ ਪਿਆਰਾ।***

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ – 932***

ਸਰੀਰ ਛੱਡਣ ਤੋਂ ਬਾਅਦ ਜੇ ਉਹ ਚਾਹੇ ਉੱਠ ਖੜ੍ਹਦੈ, ਭਾਈ ਦਇਆ ਸਿੰਘ ਚਾਹੁੰਦੇ, ਉਠ ਖੜ੍ਹਦੇ। ਜਾਣਾ ਚਾਹੁੰਦੇ ਉਹ ਚਲੇ ਜਾਂਦੈ।

ਗੁਰੂ ਮਹਾਰਾਜ ਨੇ ਕਿਹਾ ਕਿ ਭਾਈ ਦਇਆ ਸਿੰਘ ਅਸੀਂ ਵੀ ਤੇਰੇ ਪਿੱਛੇ ਹੀ ਆ ਰਹੇ ਹਾਂ। 20 ਦਿਨ ਬਾਅਦ ਮਹਾਰਾਜ ਚਲੇ ਗਏ ਫੇਰ।

ਗੁਰੂ ਸਾਹਿਬ ਨੇ ਇਕ ਦਿਨ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪੰਜ ਸਿੰਘ ਖੜ੍ਹੇ ਕਰਕੇ ਤਾਬੇ, ਪ੍ਰਕਰਮਾ ਕਰਕੇ, ਨਾਰੀਅਲ ਲੈ ਕੇ ਮੱਥਾ ਟੇਕ ਦਿਤਾ।

ਇਸ ਵਾਸਤੇ ਮੈਂ ਕਹਿੰਦਾ ਹੁੰਦਾਂ ਹਾਂ ਕਿ ਜੇ ਸਭ ਤੋਂ ਵੱਡੇ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ। ਜਿਹਦੇ ਅੱਗੇ ਗੁਰੂ ਦਸ਼ਮੇਸ਼ ਪਿਤਾ ਵੀ ਨਿਵੇ। ਸ਼ਬਦ ਗੁਰੂ ਹੈ, ਬ੍ਰਹਮ ਹੈ ਇਹ, ਵਾਹਿਗੁਰੂ ਹੈ, ਇਹਨੂੰ ਸਮਝਣ ਨੂੰ ਬੜੀ ਦੇਰ ਲੱਗੇਗੀ ਆਪਾਂ ਨੂੰ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਕੀ। ਇਹ ਜਿਹੜਾ ਕੁਛ ਸਾਨੂੰ ਦਿਸਦਾ ਹੈ ਉਹ ਨਹੀਂ ਹੈ, ਇਹਦੇ ਅੰਦਰ ਜਿਹੜਾ ਸ਼ਬਦ ਹੈ ਉਹ ਬ੍ਰਹਮ ਹੈ, ਵਾਹਿਗੁਰੂ ਹੈ, ਕਿਉਂਕਿ ਸ਼ਬਦ ਤੋਂ ਰਚਨਾ ਹੋਈ ਹੈ ਸਾਰੀ। ਸ਼ਬਦ ਹੀ ਸਾਡਾ ਗੁਰੂ ਹੈ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥' (ਅੰਗ-943) ਉਸ ਵੇਲੇ ਮਹਾਰਾਜ ਜੀ ਨੇ ਸਾਰਿਆਂ ਨੂੰ ਮੁਖਾਤਬ ਕਰਕੇ ਇਸ ਤਰ੍ਹਾਂ ਫੁਰਮਾਨ ਕੀਤਾ –

***ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥***
***ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥***
***ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥***
***ਜੋ ਪ੍ਰਭ ਕੋ ਮਿਲਬੋ ਚੈ, ਖੋਜ ਸ਼ਬਦ ਮੈਂ ਲੇਹ॥ ਦੋਹਰਾ***

ਇਹ ਪੰਥ ਮੈਂ ਜਿਹੜਾ ਨਵਾਂ ਚਲਾਇਐ, ਇਹ ਹੁਕਮ ਵਾਹਿਗੁਰੂ ਦਾ ਹੋਇਆ ਸੀ। ਵਾਹਿਗੁਰੂ ਨੇ ਮੈਨੂੰ ਕਿਹਾ ਸੀ–

***ਮੈ ਅਪੁਨਾ ਸੁਤ ਤੋਹਿ ਨਿਵਾਜਾ॥***
***ਪੰਥ ਪ੍ਰਚੁਰ ਕਰਬੇ ਕਉ ਸਾਜਾ॥***
***ਜਾਹਿ ਤਹਾ ਤੈ ਧਰਮੁ ਚਲਾਇ॥***
***ਕਬੁਧਿ ਕਰਨ ਤੇ ਲੋਕ ਹਟਾਇ॥***

***ਅਕਾਲ ਪੁਰਖ ਬਾਚ॥ ਚੌਪਈ॥***

ਜਿਹੜੀ ਕੁਬੁੱਧੀ ਪਈ ਹੋਈ ਹੈ ਲੋਕਾਂ 'ਚ ਇਹਨੂੰ ਖਤਮ ਕਰ ਦਿਓ। ਉਨ੍ਹਾਂ ਨੂੰ ਗਿਆਨ ਦੇ ਦਿਓ, ਪੂਰੀ ਤਰ੍ਹਾਂ ਦਸ ਦਿਓ ਕਿ ਕੀ ਕਰਨੈ ਉਨ੍ਹਾਂ ਨੇ। ਹੁਣ ਉਲਝਣ ਬਾਜ਼ੀਆਂ 'ਚੋਂ ਕੱਢ ਦਿਓ ਉਨ੍ਹਾਂ ਨੂੰ। ਕਹਿੰਦੇ, ਹੁਣ ਇਸ ਕਰਕੇ ਉਨ੍ਹਾਂ ਦੇ ਹੁਕਮ ਦੇ ਵਿਚ ਪੰਥ ਚਲਾਇਐ।

ਹੁਣ ਦੇਹ ਵਾਲਾ ਗੁਰੂ ਜਿਹੜਾ ਹੈ ਉਹ ਚਲਣਾ ਨਹੀਂ ਕਲਜੁਗ ਦੇ ਵਿਚ। ਹਰ ਬੰਦੇ ਨੇ ਕਹਿਣੈ ਕਿ ਮੇਰਾ ਆਹ ਹੋ ਗਿਆ, ਆਹ ਗਿਆ। ਗੁਰੂ ਕੀਹਦੀ-ਕੀਹਦੀ ਖੁਆਇਸ਼ ਪੂਰੀ ਕਰੀ ਜਾਏਗਾ। ਹਰ ਥਾਂ ਦੇ ਉਤੇ ਗੁਰੂ ਹੀ ਗੁਰੂ ਨਜ਼ਰ ਆਉਣਗੇ। ਕੰਮ ਨਹੀਂ ਚੱਲਣਾ ਕਿਸੇ ਦਾ।

***ਘਰਿ ਘਰਿ ਹੋਇ ਬਹੈਂਗੇ ਰਾਮਾ॥***
***ਤਿਨ ਤੇ ਸਰੈ ਨ ਕਛੂਐ ਕਾਮਾ॥***

***ਸੌ ਸਾਖੀ - ਲਿਖਾਰੀ ਸਾਹਿਬ ਸਿੰਘ ਜੀ***

ਸੋ ਇਸ ਕਰਕੇ ਸ਼ਬਦ ਗੁਰੂ ਦੇ ਮੈਂ ਤੁਹਾਨੂੰ ਲੜ ਲਾਉਂਦਾ। ਦੂਸਰੇ ਦਿਨ ਮਹਾਰਾਜ ਜੀ ਨੇ ਸਵੇਰ ਵੇਲੇ ਹੀ ਚੰਦਨ, ਪੰਜ ਹਜ਼ਾਰ ਦਾ ਲਿਖਿਆ ਹੋਇਆ, ਪੰਜ ਹਜ਼ਾਰ ਦਾ ਮੰਗਾਇਆ। ਚਿਖਾ ਤਿਆਰ ਕਰ ਲਈ ਸਾਰਾ ਦਿਨ ਉਪਦੇਸ਼ ਦਿੰਦੇ ਰਹੇ। ਆਪ ਦੇ ਜ਼ਖਮ ਹੋ ਗਿਆ ਸੀ, ਆਪ ਨੇ ਦੁਬਾਰਾ ਬੰਨ੍ਹਾਇਆ ਨਹੀਂ, ਕੌਤਕ ਹੀ ਉਨ੍ਹਾਂ ਨੇ ਐਸਾ ਕਰਿਆ ਸੀ ਉਨ੍ਹਾਂ ਨੇ ਜਾਣ ਦਾ। ਉਸ ਵੇਲੇ ਸਿੰਘਾਂ ਨੇ ਬਹੁਤ ਸਵਾਲ ਕਰੇ ਕਿ ਮਹਾਰਾਜ! ਸਾਡਾ ਬਣੇਗਾ ਕੀ? ਮਹਾਰਾਜ ਕਹਿਣ ਲੱਗੇ ਕਿ ਅਸੀਂ ਕਿਤੇ ਚੱਲੇ ਹਾਂ? ਗੁਰੂ ਕਦੇ ਕਿਤੇ ਜਾਂਦਾ ਹੁੰਦੈ?

ਪ੍ਰਤੱਖ ਸਮਝਾਉਣ ਵਾਸਤੇ ਮਹਾਰਾਜ ਨੇ, ਜਿਸ ਵਕਤ ਕਨਾਤ ਵਿਚ ਗਏ ਤਾਂ ਵੈਰਾਗ ਛੁਟ ਗਿਆ ਸਿੰਘਾਂ ਦਾ, ਕੋਈ ਸੂਰਮਾ ਇਹੋ ਜਿਹਾ ਨਾ ਰਿਹਾ ਜਿਹੜਾ ਨਾ ਵੈਰਾਗ 'ਚ ਹੋਵੇ। ਬੇਨਤੀਆਂ ਹੁੰਦੀਆਂ ਨੇ ਇਸ ਤਰ੍ਹਾਂ ਪੜ੍ਹੋ ਪਿਆਰ ਨਾਲ -

***ਧਾਰਨਾ - ਝੱਲਿਆ ਨੀਂ ਜਾਣਾ ਸਾਹਿਬਾ,***
***ਤੇਰਾ ਵਿਛੋੜਾ।***

***ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥***
***ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥***

***ਅੰਗ- 1100***

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- 83***

ਐਸੇ ਭਾਵ ਦਾ ਜਦੋਂ ਕਰੁਣਾ ਰਸ ਛਾ ਗਿਆ, ਸਾਰੇ ਸਿੰਘਾਂ ਦੇ ਨੇਤਰਾਂ 'ਚੋਂ ਜਲ ਜਾ ਰਿਹੈ। ਮਹਾਰਾਜ ਦੁਬਾਰਾ ਵਾਪਸ ਆ ਗਏ। ਕਨਾਤ 'ਚੋਂ ਨਿਕਲ ਆਏ। ਉਸ ਵੇਲੇ ਜਥੇਦਾਰ ਸੰਤੋਖ ਸਿੰਘ ਮੁਖੀ ਸੀਗੇ। ਭਾਈ ਦਇਆ ਸਿੰਘ ਜੀ ਤਾਂ ਚੜ੍ਹਾਈ ਕਰ ਗਏ ਸੀ। ਉਸ ਨੇ ਜੱਫਾ ਪਾ ਲਿਆ

ਮਹਾਰਾਜ ਦੇ ਚਰਨਾਂ ਨੂੰ, ਮਹਾਰਾਜ ਮੈਂ ਤੁਹਾਨੂੰ ਜਾਣ ਹੀ ਨਹੀਂ ਦੇਣਾ, ਬਾਹਾਂ ਕੱਟ ਦਿਓ ਮੇਰੀਆਂ, ਤਾਂ ਮੈਂ ਜਾਣ ਦਊਂ। ਉਹ ਹੈਰਾਨ ਹੋ ਗਿਆ, ਉਸ ਨੇ ਜੱਫਾ ਪਾਇਆ ਮਹਾਰਾਜ ਦੇ ਚਰਨਾਂ ਨੂੰ ਬਾਹਾਂ ਛਾਤੀ ਨਾਲ ਹੀ ਆ ਲੱਗੀਆਂ ਮੁੜ ਕੇ। ਹੈਰਾਨ ਹੋ ਗਿਆ ਇਹ ਕੀ ਹੋਇਆ? ਫੇਰ ਪਾਇਆ, ਫੇਰ ਇਸੇ ਤਰ੍ਹਾਂ ਹੋਇਆ। ਤਿੰਨ ਵਾਰੀ ਕਰਿਆ ਉਹਨੇ। ਮਹਾਰਾਜ ਮੁਸਕਰਾ ਰਹੇ ਨੇ। ਦੂਸਰੇ ਸਿੰਘ ਵੀ ਇਸ ਤਰ੍ਹਾਂ ਕਰਿਆ, ਬਾਬਾ ਦੀਪ ਸਿੰਘ ਉਥੇ ਸੀ, ਸਾਰਿਆਂ ਨੇ ਵਾਰੀ-ਵਾਰੀ, ਤਿੰਨ ਚਾਰ ਨੇ ਕਰਿਆ, ਹੱਥ 'ਚ ਹੀ ਨਾ ਆਏ ਮਹਾਰਾਜ।

ਮਹਾਰਾਜ ਕਹਿਣ ਲੱਗੇ, ਖਾਲਸਾ ਜੀ! ਇਸ ਸਰੀਰ ਨਾਲ ਮੈਂ ਤੁਹਾਡੇ 'ਚ ਰਹੂੰਗਾ, ਦਿਸਣਾ ਨਹੀਂ ਹੈ।

***ਪੰਥ ਖਾਲਸਾ ਖੇਤੀ ਮੇਰੀ, ਕਰਹੁੰ ਸੰਭਾਲ ਮੈਂ ਤਿਸ ਕੇਰੀ।***

ਮੈਂ ਇਹਦੀ ਸੰਭਾਲ ਕਰਾਂਗਾ। ਦਿਸਣਾ ਨਹੀਂ ਹੈ ਮੈਂ। ਇਹ ਮੇਰਾ ਸਰੂਪ ਹੈ ਜਿਹਦੇ 'ਚ ਅਸੀਂ ਰਹਿੰਦੇ ਹਾਂ। ਆਹ ਜਿਹੜਾ ਤੁਹਾਡੇ ਕੋਲ ਸੀ ਉਹ ਤਾਂ ਮਾਇਆ ਦਾ ਸਰੀਰ ਧਾਰ ਕੇ ਕੌਤਕ ਕਰੇ ਸੀ। ਨਾਟਕ ਕਰਿਆ ਸੀ। ਪੰਥ ਖਾਲਸਾ ਮੇਰੀ ਖੇਤੀ ਹੈ। ਜੇ ਤੁਸੀਂ ਰਹੋਂਗੇ, ਬੰਦਗੀ ਕਰੋਂਗੇ, ਨਾਮ ਜਪੋਂਗੇ, ਰਹਿਤਾਂ ਵਿਚ ਪੱਕੇ ਰਹੋਂਗੇ, ਫੇਰ ਮੈਂ ਤੁਹਾਡੇ ਨਾਲ ਸਦਾ ਹੀ ਜੁੜਿਆ ਰਹਾਂਗਾ। ਜੇ ਤੁਸੀਂ ਮੈਨੂੰ ਛੱਡ ਦਿਓਂਗੇ, ਤੁਹਾਡੀ ਮਰਜ਼ੀ ਹੈ। ਆਪ ਛੱਡ ਦੇਣਾ, ਮੈਂ ਤਾਂ ਨਹੀਂ ਛੱਡਦਾ। ਉਸ ਵਕਤ ਗੁਰੂ ਮਹਾਰਾਜ ਜਿਸ ਵਕਤ ਦੁਬਾਰਾ ਕਨਾਤ 'ਚ ਜਾਣ ਲੱਗੇ, ਕਿਉਂਕਿ ਕਨਾਤ ਤਾਣੀ ਹੋਈ ਸੀ, ਕਿਉਂ ਤਾਣੀ ਹੋਈ ਸੀ ਇਸ ਬਾਰੇ ਨਹੀਂ ਕੁਛ ਕਹਿ ਸਕਦੇ। ਸਾਨੂੰ ਕੀ ਪਤਾ ਮਾਲਕ ਦੀ ਕੀ ਮੌਜ ਸੀ। ਉਸ ਵੇਲੇ ਆਵਾਜ਼ ਆਈ ਐਸੀ -

***ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ।***

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥***
***ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥***

***ਅੰਗ - 439***

ਉਸ ਤੋਂ ਬਾਅਦ ਕੀ ਦੇਖਦੇ ਨੇ, ਮਹਾਰਾਜ ਨੇ ਯੋਗ ਮਾਇਆ ਨਾਲ ਅਗਨ ਪ੍ਰਚੰਡ ਕਰ ਲਈ।

ਕਈ ਪ੍ਰੇਮੀਆਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ, ਆਹ ਈਟਾ ਯੂ.ਪੀ ਵਿਚ ਹੈ। ਉਥੇ ਇਕ ਨਿਹੰਗ ਸਾਧੂ ਸਿੰਘ ਰਹਿੰਦਾ ਸੀ, 110 ਸਾਲ ਦਾ ਸੀ। ਉਹਨੇ ਆਖਰੀ ਦਿਨ ਕਿਹਾ ਕਿ ਅੱਜ ਮੇਰਾ ਅੰਨ ਪਾਣੀ ਇਥੋਂ ਖਤਮ ਹੋ ਗਿਆ। ਅੱਜ ਮੈਂ ਚਲੇ ਜਾਣਾ। ਇਕ ਬਿਜਨਸਮੈਨ ਸੀ ਸਿੰਘ, ਉਹ ਸੇਵਾ ਕਰਦਾ ਸੀ। ਉਹਨੇ ਲੜਕਾ ਭੇਜ ਦਿਤਾ ਆਪਣਾ ਕਿ ਜਾਹ ਤੂੰ

ਪ੍ਰਸ਼ਾਦਾ ਛਕਾ ਆ। ਰੋਜ਼ ਹੀ ਛਕਾਉਂਦੇ ਸੀ। ਉਹ ਕਹਿੰਦਾ, ਕਾਕਾ ਬਰਤਨ ਲੈ ਜਾਈਂ। ਉਹ ਜਦੋਂ ਬਰਤਨ ਲੈਣ ਵਾਸਤੇ ਆਇਆ, ਕੀ ਦੇਖਦਾ ਹੈ ਨਿਹੰਗ ਸਿੰਘ ਬੈਠੇ ਨੇ ਸਫ 'ਤੇ ਸਰੀਰ ਦੇ ਵਿਚੋਂ ਅੱਗ ਨਿਕਲ ਰਹੀ ਹੈ। ਉਹਨੇ ਆ ਕੇ ਆਪਣੇ ਪਿਉ ਨੂੰ ਦੱਸਿਆ ਕਿ ਅੱਗ ਨਿਕਲ ਰਹੀ ਹੈ ਉਨ੍ਹਾਂ ਦੇ ਸਰੀਰ 'ਚੋਂ ਤਾਂ। ਲੋਕ ਇਕੱਠੇ ਹੋ ਗਏ ਸਾਰੇ ਕਿ ਇਹ ਕੀ ਹੋਇਆ। ਇਕੱਲਾ-ਇਕੱਲਾ ਅੰਗ ਅੱਗ 'ਚ ਜਲਦਾ ਤੁਰਿਆ ਜਾ ਰਿਹਾ ਹੈ, ਬਾਂਹ ਜਲ ਰਹੀ ਹੈ, ਲੱਤ ਜਲ ਰਹੀ ਹੈ। ਕੱਪੜਾ ਕੋਈ ਨਹੀਂ ਜਲ ਰਿਹਾ। ਐਸ.ਪੀ ਨੂੰ ਪਤਾ ਲੱਗਿਆ ਉਹ ਆ ਗਿਆ, ਡੀ. ਸੀ ਨੂੰ ਪਤਾ ਲੱਗਿਆ ਉਹ ਆ ਗਿਆ, ਸਾਇੰਸ ਦਾ ਉਥੇ ਕਾਲਜ ਸੀ ਸਾਰੇ ਪ੍ਰੋਫੈਸਰ ਆ ਗਏ। ਦੇਖੀ ਜਾਂਦੇ ਨੇ। ਡੀ.ਸੀ ਹੱਥ ਲਾਉਣ ਲੱਗਿਆ, ਅੱਗ ਇਕ ਦਮ ਆਈ ਉਹਦੇ ਵਲ। ਉਹ ਪਾਸੇ ਹੱਟ ਗਿਆ। ਉਸ ਤੋਂ ਬਾਅਦ ਇਕ ਮਾਈ ਆਈ, ਪਤਾ ਉਹਨੂੰ ਕੀ ਸੀ, ਉਹਨੇ ਨੱਠ ਕੇ ਆ ਕੇ ਜਿਹੜਾ ਪੈਰ ਰਹਿ ਗਿਆ ਸੀ, ਪੈਰ ਦੇ ਉਤੇ ਮੱਥਾ ਲਾ ਦਿਤਾ। ਜਦੋਂ ਮੱਥਾ ਲਾਇਆ, ਅੱਗ ਬੁਝ ਗਈ। ਪੈਰ ਇਕੱਲਾ ਰਹਿ ਗਿਆ। ਫੇਰ ਤਿੰਨਾਂ ਹੀ ਜਾਤੀਆਂ ਨੇ, ਹਿੰਦੂ, ਮੁਸਲਮਾਨ, ਸਿੱਖਾਂ ਨੇ ਇਕੱਠੇ ਹੋ ਕੇ ਉਦੋਂ ਪੈਰ ਦਾ ਜਲੂਸ ਕੱਢ ਕੇ, ਸ਼ਮਸ਼ਾਨ ਭੂਮੀ 'ਚ ਜਾ ਕੇ ਸਸਕਾਰ ਕਰਿਆ ਸੀ।

ਉਸ ਨੂੰ ਕਹਿੰਦੇ ਨੇ, ਯੋਗ ਅਗਨ। ਯੋਗੀ ਚਿਖਾ 'ਚ ਨਹੀਂ ਬੈਠਦੇ, ਆਪਣੇ ਆਪ ਹੀ ਭਸਮ ਹੋ ਜਾਂਦੇ ਨੇ।

ਮਹਾਰਾਜ ਪਹਿਲਾਂ ਜਦੋਂ ਬੈਠੇ ਅੱਗ ਜਦੋਂ ਲੱਗੀ ਚਿਖਾ ਨੂੰ, ਗੁਰੂ ਮਹਾਰਾਜ ਨੂੰ ਕੁਛ ਵੀ ਨਹੀਂ ਹੋਇਆ, ਪੂਰੇ ਸ਼ਸਤਰ ਪਾਏ ਹੋਏ ਨੇ, ਅੱਗ ਲੱਗ ਹੀ ਨੀਂ ਰਹੀ, ਉਵੇਂ ਜਿਵੇਂ ਬੈਠੇ ਨੇ। ਉਸ ਤੋਂ ਬਾਅਦ ਜਦੋਂ ਦੇਖਦੇ ਨੇ, ਉਹ ਨਜ਼ਰ ਨਹੀਂ ਆਏ।

ਐਨੇ ਨੂੰ ਅਫਸੋਸ 'ਚ ਬੈਠੇ ਨੇ ਦਸ ਵੱਜ ਗਏ ਰਾਤ ਦੇ ਤੇ ਜਿਹੜਾ ਪਹਿਰੇਦਾਰ ਸੀਗਾ ਤਬੇਲੇ ਦਾ, ਘੋੜਿਆਂ ਦਾ, ਕਹਿਣ ਲੱਗਿਆ, ਕਮੈਤ ਘੋੜਾ ਜਿਹੜਾ ਮਹਾਰਾਜ ਜੀ ਦੀ ਸਵਾਰੀ ਦਾ ਸੀ ਉਹ ਤਾਂ ਪਤਾ ਹੀ ਨਹੀਂ ਕਿੱਧਰ ਚਲਿਆ ਗਿਆ। ਤਾਲੇ ਲੱਗੇ ਹੋਏ ਨੇ ਮੈਂ ਨਹੀਂ ਕਹਿ ਸਕਦਾ ਕਿ ਕਿੱਥੇ ਗਿਆ।

ਇਸ ਤਰ੍ਹਾਂ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਹੁਕਮ 'ਚ ਆਏ ਸੀ ਅਕਾਲ ਪੁਰਖ ਨੇ ਭੇਜੇ ਸੀ। ਉਹ ਆਪਣੇ ਦੇਸ਼ 'ਚ ਸਾਨੂੰ ਤਿਆਰ-ਬਰ-ਤਿਆਰ ਕਰਕੇ, ਜੀਵਨ ਦਾ ਰਾਹ ਦਸ ਕੇ, ਜੀਉਣ ਦੀ ਜੁਗਤੀ ਦਸ ਕੇ, ਸਵਾਏਮਾਨ ਦੇ ਨਾਲ ਜੀਵਨ ਗੁਜ਼ਾਰਨ ਦੀ ਗੱਲ ਦਸ ਕੇ, ਉਹ ਅਲੋਪ ਹੋ ਗਏ, ਗਏ ਕਿਤੇ ਨਹੀਂ ਹੈਗੇ। ਉਹ ਸਿੱਖ ਦੀ ਸੰਭਾਲ ਕਰਦੇ ਨੇ। ਸਿੱਖ

ਕਦੋਂ ਟੁੱਟਦਾ ਹੈ ਗੁਰੂ ਨਾਲੋਂ ਜਦੋਂ ਗੁਰੂ ਤੋਂ ਬੇਮੁਖ ਹੋ ਕੇ ਸ਼ਰਾਬਾਂ ਪੀਣ ਲਗ ਜਾਏ, ਰਹਿਤਾਂ ਤੋਂ ਕੁਰਹਿਤਾਂ 'ਚ ਪੈ ਜਾਏ, ਗਲਤ ਗੱਲਾਂ ਕਰਨ ਲਗ ਜਾਏ, ਚੁਗਲੀਆਂ ਕਰਨ ਲਗ ਜਾਏ, ਲੜਾਈਆਂ ਕਰਨ ਲਗ ਜਾਏ। ਫੇਰ ਗੁਰੂ ਪਾਸੇ ਹਟ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਵਿਚਾਰਾਂ ਕੀਤੀਆਂ ਨੇ, ਗੁਰੂ ਮਹਾਰਾਜ ਸਾਡੇ ਉਪਰ ਵੀ ਕ੍ਰਿਪਾ ਕਰਨ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# 4

# ਭਗਤ ਰਵਿਦਾਸ ਜੀ

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ਅੰਗ - 487*

ਭਗਤ ਕਬੀਰ ਜੀ ਨੇ ਬੁਣਨਾ-ਤਣਨਾ ਤਿਆਗ ਦਿੱਤਾ ਤੇ ਜਦੋਂ ਪ੍ਰਮੇਸ਼ਰ ਦਾ ਨਾਮ ਜਪਿਆ, ਗੁਣੀ ਗਹੀਰਾ ਹੋ ਗਿਆ ਤੇ ਫੇਰ ਮਿਸਾਲ ਦਿੰਦੇ ਨੇ ਰਵਿਦਾਸ ਜੀ ਦੀ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ਅੰਗ - 487*

ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਤਿਨ ਤਿਆਗੀ ਮਾਇਆ,*
*ਰਵਿਦਾਸ ਢੁਵੰਤਾ ਢੋਰ ਨੀਤਿ।*

ਆਪ ਦਾ ਜੋ ਜੀਵਨ ਸੀ ਬਚਪਨ ਤੋਂ ਹੀ ਬਹੁਤ ਜ਼ਿਆਦਾ ਬੰਦਗੀ ਕਰਨ ਵਾਲਾ ਸੀ। ਮਾਇਆ ਦਾ ਪੂਰੀ ਤਰ੍ਹਾਂ ਨਾਲ ਤਿਆਗ ਸੀ, ਭਾਵੇਂ ਕਿੰਨੀ ਵਾਰੀ ਹੋਇਆ।

ਇੱਕ ਵਾਰੀ ਜਦੋਂ ਆਪਣਾ ਆਸਣ ਚੁੱਕਿਆ ਕਰਨ, ਉਥੇ ਮੋਹਰਾਂ ਪਈਆਂ ਹੋਇਆ ਕਰਨ। ਆਪ ਚੁੱਕ ਕੇ ਆਲ੍ਹੇ ਵਿੱਚ ਧਰ ਦਿਆ ਕਰਨ। ਲੇਕਿਨ ਆਪ ਦਾ ਜਿਹੜਾ ਖਰਚਾ ਸੀ, ਸਾਧੂ ਮਹਾਂਪੁਰਸ਼ਾਂ ਨੂੰ ਪ੍ਰਸ਼ਾਦੇ ਵੀ ਛਕਾਉਣੇ, ਜੋੜੇ ਵੀ ਲੈ ਕੇ ਦੇਣੇ, ਜੋੜੇ ਗੰਢਣੇ, ਨਵੇਂ ਜੋੜੇ ਬਣਾ ਕੇ ਦੇਣੇ। ਉਹ ਐਨਾ ਨਹੀਂ ਸੀ ਬਹੁਤਾ, ਪ੍ਰਭੂ ਨੇ ਮਾਇਆ ਦੇਣੀ ਸ਼ੁਰੂ ਕਰ ਦਿੱਤੀ, ਆਪ ਨੇ ਵਰਤੀ ਨਾ। ਅਕਾਸ਼ਬਾਣੀ ਹੋਈ ਰਵਿਦਾਸ ਇਹ ਤਾਂ ਮੈਂ ਤੇਰੇ ਖਰਚ ਕਰਨ ਵਾਸਤੇ ਦਿੰਦਾ ਹਾਂ। ਕਹਿੰਦੇ, ਨਾ ਪ੍ਰਭੂ! ਮੈਨੂੰ ਮਾਇਆ ਦੀ ਲੋੜ ਨਹੀਂ।

ਇੱਕ ਵਾਰੀ ਐਸਾ ਹੋਇਆ ਕਿ ਇੱਕ ਸਾਧੂ ਆਇਆ, ਉਹਨੇ ਜੋੜਾ ਗੰਢਾਇਆ ਉਨ੍ਹਾਂ ਤੋਂ। ਮੰਗਦੇ ਹੀ ਨਹੀਂ ਸੀ ਕਿਸੇ ਤੋਂ ਪੈਸਾ। ਜੋੜਾ ਦੇ ਦਿੱਤਾ। ਉਸ ਵੇਲੇ ਉਹ ਕਹਿਣ ਲੱਗੇ, ਰਵਿਦਾਸ ਜੀ! ਆਹ ਮੈਨੂੰ ਰੰਬੀ ਫੜਾਓ ਜ਼ਰਾ ਮੈਨੂੰ ਤੁਸੀਂ। ਰੰਬੀ ਲੈ ਲਈ, ਆਰ ਲੈ ਲਈ, ਪਾਰਸ

ਕੱਢਿਆ ਜੇਬ ਵਿੱਚੋਂ, ਉਹਦੇ ਉਤੇ ਫੇਰ ਦਿੱਤਾ। ਰਵਿਦਾਸ ਜੀ ਨੇ ਜਦੋਂ ਦੇਖਿਆ, ਕਹਿੰਦੇ ਸੰਤੋ! ਇਹ ਤੁਸੀਂ ਕੀ ਕਰ ਦਿੱਤਾ? ਲੋਹਾ ਤਾਂ ਸੈਂਕੜੇ ਗੁਣਾਂ ਤਕੜਾ ਹੁੰਦਾ ਹੈ, ਸੋਨੇ ਤੋਂ। ਹੁਣ ਦੱਸੋ, ਮੈਂ ਚਮੜਾ ਕਾਹਦੇ ਨਾਲ ਕੱਟਿਆ ਕਰਾਂਗਾ? ਤੁਸੀਂ ਇਹ ਸੋਨੇ ਦੇ ਬਣਾ ਦਿੱਤੇ। ਕਹਿੰਦੇ, ਰਵਿਦਾਸ ਜੀ! ਇਹਨੂੰ ਵੇਚ ਕੇ, ਜਿੰਨੀਆਂ ਜੀ ਕਰਦਾ ਹੈ, ਲੈ ਲਓ ਤੁਸੀਂ ਇਹ। ਰੰਬੀਆਂ ਵੀ ਲੈ ਲਓ, ਆਰਾ ਵੀ ਲੈ ਲਓ। ਕਹਿੰਦੇ ਨਹੀਂ, ਆਪਣੇ ਕੋਲ ਹੋਰ ਸੀ, ਉਹ ਰੱਖ ਦਿੱਤੀ ਤੇ ਉਹਦੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਸਾਧੂ ਕਹਿਣ ਲੱਗਿਆ ਕਿ ਦੇਖ, ਇਹਦਾ ਨਾਉਂ ਪਾਰਸ ਹੈ, ਮਾੜਾ ਜਿਹਾ ਸੋਨੇ ਨੂੰ ਲਾ ਦੇ, ਸੋਨਾ ਬਣਾ ਦਿੰਦਾ ਹੈ। ਮੈਂ ਜਾਣਾ ਹੈ ਤੀਰਥ ਯਾਤਰਾ ਕਰਨ, ਕਿਤੇ ਮੇਰੇ ਤੋਂ ਗੁਆਚ ਨਾ ਜਾਵੇ। ਆਹ ਲੈ ਮੈਂ ਤੈਨੂੰ ਦਿੰਦਾ ਹਾਂ, ਤੂੰ ਆਪਣਾ ਕੰਮ ਚਲਾਈਂ ਜਾਈਂ। ਕਾਹਨੂੰ ਐਵੇਂ ਬਹੁਤੀ ਮਿਹਨਤ ਕਰਦਾ ਹੈਂ, ਸਾਧੂਆਂ ਨੂੰ ਪ੍ਰਸ਼ਾਦੇ ਵੀ ਛਕਾਉਣੇ ਨੇ, ਰਹਿਣ ਨੂੰ ਵੀ ਥਾਉਂ ਚਾਹੀਦੇ ਨੇ ਉਨ੍ਹਾਂ ਨੂੰ ਤੇ ਹੁਣ ਤੇਰੇ ਕੋਲ ਸਾਧੂਆਂ ਨੇ ਆਉਣਾ ਹੀ ਆਉਣਾ ਹੈ, ਤੂੰ ਉਨ੍ਹਾਂ ਦੀ ਸੇਵਾ ਦਾ ਵੀ ਧਿਆਨ ਰੱਖ। ਕੋਈ ਮੰਦਰ ਬਣਾ ਜਿਥੇ ਪੂਜਾ ਪਾਠ ਵੀ ਹੋ ਸਕੇ। ਜਗ੍ਹਾ ਲੈ ਖੁਲ੍ਹੀ ਜਿਥੇ ਸਰ੍ਹਾਏਂ ਵੀ ਬਣ ਸਕੇ। ਕਹਿੰਦੇ ਨਹੀਂ ਸੰਤ ਜੀ, ਮੈਂ ਤਾਂ ਇੱਥੇ ਬਹੁਤ ਮੌਜ ਵਿੱਚ ਹਾਂ, ਐਵੇਂ ਅਲਸੇਟਾ ਮੇਰੇ ਗਲ ਵਿੱਚ ਪੈ ਜਾਏਗਾ, ਇਹ ਤਾਂ ਲਹਿਣਾ ਹੀ ਨਹੀਂ। ਕਹਿੰਦਾ, ਆਹ ਲੈ ਲਓ ਪਾਰਸ ਵਰਤ ਲੈਣਾ, ਕਹਿੰਦੇ, ਰੱਖ ਦਿਓ। ਲੀਰ ਵਿੱਚ ਵਲੇਟ ਕੇ ਉਹਨੇ ਛੱਪਰ ਵਿਚ ਛੁਪਾ ਕੇ ਕਹਿਣ ਲੱਗਿਆ, ਦੇਖਿਓ ਕਿਤੇ ਕਿਸੇ ਦੇ ਹੱਥ ਵਿੱਚ ਨਾ ਆ ਜਾਏ। ਤੁਸੀਂ ਵਰਤ ਲੈਣਾ। ਸਾਲ ਤੋਂ ਬਾਅਦ ਜਦੋਂ ਵਾਪਸ ਮੁੜ ਕੇ ਆਉਂਦਾ ਹੈ, ਕੀ ਦੇਖਦਾ ਹੇ, ਉਹ ਜਿਹੜੀ ਛਪਰੀ ਨਵੀਂ-ਨਵੀਂ ਬਣਾਈ ਸੀ, ਉਹ ਪੁਰਾਣੀ ਹੋਈ-ਹੋਈ ਸੀ। ਵਿਚੋਂ-ਵਿਚੋਂ, ਕਿਤੋਂ-ਕਿਤੋਂ ਟੁੱਟੀ ਹੋਈ ਤੇ ਰੌਸ਼ਨੀ ਅੰਦਰ ਆਉਂਦੀ ਸੀ। ਆ ਕੇ ਕਹਿਣ ਲੱਗਿਆ, ਰਵਿਦਾਸ ਜੀ! ਪਾਰਸ ਗੁੰਮ ਹੋ ਗਿਆ? ਕਹਿੰਦੇ ਨਹੀਂ, ਕਹਿੰਦੇ ਕਿੱਥੇ ਹੈ? ਕਹਿੰਦੇ ਸਾਨੂੰ ਤਾਂ ਪਤਾ ਨਹੀਂ ਜਿੱਥੋਂ ਤੁਸੀਂ ਰੱਖ ਗਏ ਸੀ, ਉਥੋਂ ਚੁੱਕ ਲਓ। ਗਿਆ ਜਦ ਦੇਖਿਆ ਤਾਂ ਪਾਰਸ ਓਵੇਂ ਜਿਵੇਂ ਲੀਰ ਵਿੱਚ ਪਿਆ ਹੈ। ਕਹਿੰਦੇ, ਤੁਸੀਂ ਕੰਮ ਕਿਉਂ ਨਹੀਂ ਲਿਆ ਇਸ ਤੋਂ। ਆਪ ਨੇ ਕਿਹਾ ਕਿ ਲੋੜ ਹੀ ਨਹੀਂ ਪੈਂਦੀ ਸਾਨੂੰ। ਸੋ ਮਾਇਆ ਤਿਆਗਣੀ ਬਹੁਤ ਔਖੀ ਹੈ ਸਾਧਸੰਗਤ ਜੀ। ਆਹ ਮੈਂ ਤਾਂ ਖਰੀਆਂ-ਖਰੀਆਂ ਦੇ ਲੇਖ ਵਿੱਚ ਲਿਖਿਆ ਸੀ -

***ਸੰਤ ਰਹਤ ਸੁਨਹੁ ਮੇਰੇ ਭਾਈ ॥***
***ਉਆ ਕੀ ਮਹਿਮਾ ਕਥਨੁ ਨ ਜਾਈ ॥ ਅੰਗ - 392***

ਸਾਧੂ ਮਾਇਆ ਦੇ ਪਿੱਛੇ ਪਏ ਹੋਏ ਦੌੜੇ ਹੀ ਫਿਰਦੇ ਨੇ, ਮੈਨੂੰ ਇੱਥੋਂ ਮਿਲ ਜਾਏ, ਆਹ ਮਿਲ ਜਾਏ। ਜਿਵੇਂ ਕਪਾਹ ਚੁਗੀਦੀ ਹੈ ਨਾ, ਗਾਹਲੇ ਚੁਗੀਦੇ ਨੇ ਨੱਠ ਕੇ ਪਹਿਲਾਂ ਜਾਂਦੇ ਨੇ ਕਿ ਪਹਿਲਾਂ-ਪਹਿਲਾਂ ਚੁਗ ਲਿਆਈਏ, ਦੂਜੇ ਰਹਿ ਜਾਂਦੇ ਨੇ ਪਿਛੋਂ ਜਾਣ ਵਾਲੇ। ਐਸਾ ਕੁਦਰਤ ਨੇ ਕਰ ਦਿੱਤਾ।

ਇੱਕ ਵਾਰੀ ਦਾ ਜ਼ਿਕਰ ਆਉਂਦਾ ਹੈ ਕਿ ਕਬੀਰ ਸਾਹਿਬ ਦਾ ਇੱਕ ਅਮੀਰ ਚੇਲਾ ਸੀਗਾ, ਪਠਾਣ ਸੀ। ਚੰਗਾ ਕਾਰੋਬਾਰ ਚਲਦਾ ਸੀ ਉਸ ਦਾ, ਚੰਗਾ ਜ਼ੋਰ ਵਾਲਾ ਸੀ ਕਾਸ਼ੀ ਵਿੱਚ। ਦਰਸ਼ਨ ਕਰਨ ਜਾਂਦਾ ਹੈ ਕਿ ਮੈਂ ਕਬੀਰ ਸਾਹਿਬ ਦਾ ਚੇਲਾ ਹਾਂ, ਦਰਸ਼ਨ ਮੈਂ ਕਰਨੇ ਹਨ ਰਵਿਦਾਸ ਜੀ ਦੇ, ਸਾਧੂ ਦੇ ਕੋਲ ਕਦੇ ਖਾਲੀ ਹੱਥ ਜਾਈਦਾ ਨਹੀਂ। ਖਾਲੀ ਹੱਥ ਵਾਲਾ ਖਾਲੀ ਹੱਥ ਆਉਂਦਾ ਹੈ, ਭੇਟਾ ਲੈ ਕੇ ਜਿਹੜਾ ਸ਼ਰਧਾ ਦੀ ਜਾਂਦਾ ਹੈ। ਜਿਹੋ ਜਿਹੀ ਭੇਟਾ, ਜਿਹੋ ਜਿਹੀ ਉਹਦੀ ਸ਼ਰਧਾ ਹੁੰਦੀ ਹੈ, ਉਹੋ ਜਿਹਾ ਹੀ ਫਲ ਮਿਲ ਜਾਇਆ ਕਰਦਾ ਹੈ। ਉਹਦੇ ਘਰ ਵਿੱਚ ਇੱਕ ਹੀਰਾ ਪਿਆ ਸੀ, ਖਾਨਦਾਨੀ ਹੀਰਾ। ਇਹਨੇ ਕਿਹਾ ਕਿ ਚਲੋ ਮੈਂ ਉਨ੍ਹਾਂ ਦੀ ਇਹ ਭੇਟਾ ਕਰਾਂਗਾ, ਇਹਦੇ ਵਿੱਚ ਮੇਰੇ ਗੁਰੂ ਦੀ ਵੀ ਮਹਿਮਾ ਹੋਏਗੀ, ਕਬੀਰ ਸਾਹਿਬ ਦੀ ਕਿ ਇਹਦੇ ਚੇਲੇ ਮਾਇਆ ਦੇ ਤਿਆਗੀ ਨੇ ਤੇ ਵੱਡੀ ਤੋਂ ਵੱਡੀ ਭੇਟਾ ਵੀ ਦੇ ਸਕਦੇ ਨੇ। ਰਵਿਦਾਸ ਜੀ ਦੇ ਚਲਿਆ ਗਿਆ ਜਾ ਕੇ ਨਮਸਕਾਰ ਕਰੀ। ਬੋਰੀ 'ਤੇ ਬੈਠੇ ਨੇ ਤੇ ਜੋੜਾ ਗੰਢ ਰਹੇ ਨੇ। ਜਾ ਕੇ ਹੱਥ ਦੇ ਵਿੱਚ ਹੀਰਾ ਲੈ ਲਿਆ ਕਹਿੰਦਾ ਭਗਤ ਜੀ! ਮੇਰੇ ਗੁਰੂ ਨੇ ਕਬੀਰ ਜੀ, ਉਨ੍ਹਾਂ ਨੇ ਮੈਨੂੰ ਪ੍ਰੇਰਨਾ ਕੀਤੀ ਹੈ ਕਿ ਮੈਂ ਆਪ ਦੇ ਦਰਸ਼ਨ ਕਰਾਂ। ਸਾਧੂਆਂ ਦੇ ਕੋਲ ਖਾਲੀ ਹੱਥ ਆਈਦਾ ਨਹੀਂ। ਆਹ ਸਾਡਾ ਖਾਨਦਾਨੀ ਹੀਰਾ ਹੈ ਬਹੁਤ ਕੀਮਤੀ ਹੈ, ਇਹ ਮੈਂ ਤੁਹਾਨੂੰ ਭੇਟਾ ਕਰਦਾ ਹਾਂ। ਉਨ੍ਹਾਂ ਨੇ ਜਵਾਬ ਹੀ ਨਾ ਦਿੱਤਾ, ਦੁਬਾਰਾ ਫੇਰ ਕਿਹਾ, ਤੀਜੀ ਵਾਰੀ ਫੇਰ ਕਿਹਾ, ਕਹਿੰਦੇ ਚੰਗਾ ਲਿਆ ਫੜਾ। ਫੜਿਆ, ਦੇਖਿਆ ਵੀ ਨਹੀਂ ਉਹਦੇ ਵਲ, ਤੇ ਜਿੱਥੇ ਪੱਚਰਾਂ ਕੱਟ-ਕੱਟ ਕੇ ਸਿੱਟਦੇ ਹੁੰਦੇ ਜੋੜਿਆਂ ਦੀਆਂ, ਉਹਦੇ ਵਿੱਚ ਸੁੱਟ ਦਿਤਾ। ਉਹ ਛੋਟੀ ਜਿਹੀ ਗਿੱਠ ਕੁ ਡੂੰਘੀ ਬਣਾਈ ਹੋਈ ਸੀ ਤੇ ਉਹਦੇ ਵਿੱਚ ਸੁੱਟ ਦਿੱਤਾ। ਇਹਦੇ ਮਨ ਵਿੱਚ ਸ਼ੱਕ ਆ ਗਿਆ ਕਿ ਇਹਦੀ ਤਾਂ ਇਨ੍ਹਾਂ ਨੇ ਸਫਾਈ ਕਰਨੀ ਹੈ ਕੱਲ੍ਹ ਨੂੰ ਕਿਤੇ ਬਾਹਰ ਨਾ ਸੁੱਟ ਦੇਣ। ਉਹ ਤਾਂ ਹਜ਼ਾਰਾਂ ਰੁਪਿਆਂ ਦਾ ਹੀਰਾ ਹੈ। ਉਹ ਬੁਝੇ ਜਿਹੇ ਦਿਲ ਨਾਲ ਕਬੀਰ ਸਾਹਿਬ ਕੋਲ ਆ ਗਏ। ਕਬੀਰ ਸਾਹਿਬ ਕੋਲ ਆਇਆ, ਕਹਿੰਦੇ ਖਾਨ ਸਾਹਿਬ! ਸੰਤਾਂ ਨੂੰ ਮਿਲ ਕੇ ਤਾਂ ਖੁਸ਼ੀਆਂ ਚੜ੍ਹੀਆਂ ਹੁੰਦੀਆਂ ਨੇ, ਲਾਲੀਆਂ ਚੜ੍ਹੀਆਂ ਹੁੰਦੀਆਂ ਨੇ, ਤੂੰ ਉਦਾਸ ਕਿਉਂ ਹੋ ਗਿਆ। ਅਸਲੀ ਗੱਲ ਦੱਸ। ਕਹਿੰਦਾ ਮਹਾਰਾਜ! ਮੈਂ ਤੁਹਾਡੇ ਹੁਕਮ ਦੇ ਮੁਤਾਬਿਕ ਗਿਆ। ਤੁਹਾਡੇ ਗੁਰਭਾਈ ਨੇ ਤੇ ਮੈਂ ਕਿਹਾ ਜੇ ਮੈਂ ਛੋਟੀ ਭੇਟਾ ਕਰੀ, ਤੁਹਾਡੀ ਬਦਨਾਮੀ ਨਾ ਹੋਵੇ, ਮੈਂ ਸਭ ਤੋਂ ਕੀਮਤੀ ਹੀਰਾ ਜਿਹੜਾ ਤੁਹਾਡੇ ਚਰਨਾਂ ਵਿੱਚ ਵੀ ਨਹੀਂ ਕਦੇ ਭੇਟਾ ਕਰਿਆ। ਉਹ ਮੈਂ ਉਨ੍ਹਾਂ ਕੋਲ ਲੈ ਗਿਆ। ਕਹਿੰਦੇ ਫੇਰ? ਕਹਿੰਦਾ, ਮੈਂ ਤਿੰਨ ਚਾਰ ਵਾਰੀ ਦੱਸਿਆ, ਉਨ੍ਹਾਂ ਨੇ ਧਿਆਨ ਹੀ ਨਾ ਦਿੱਤਾ। ਕਹਿੰਦੇ, ਚੰਗੀ ਤਰ੍ਹਾਂ ਦੱਸ ਦੇਣਾ ਸੀ, ਕਹਿੰਦਾ ਮੈਂ ਤਾਂ ਚੰਗੀ ਤਰ੍ਹਾਂ ਹੀ ਦੱਸਿਆ ਸੀ।

ਫੇਰ ਉਨ੍ਹਾਂ ਨੇ ਕੀ ਕਰਿਆ?

ਕਹਿੰਦਾ, ਕਰਨਾ ਕੀ ਸੀ, ਜਿਥੇ ਚਮੜਾ ਕੱਟ-ਕੱਟ ਕੇ ਸੁੱਟ ਰਹੇ ਸੀ, ਉਥੇ ਹੀ ਉਨ੍ਹਾਂ ਨੇ ਉਹ ਸੁੱਟ ਦਿੱਤਾ। ਕਹਿੰਦੇ, ਫੇਰ ਤਾਂ ਆਪਾਂ ਨੂੰ

ਜਾਣਾ ਚਾਹੀਦਾ ਹੈ। ਕਹਿੰਦਾ, ਹਾਂ ਮਹਾਰਾਜ! ਕਿਤੇ ਸਵੇਰੇ ਸਾਫ ਕਰਨ ਵੇਲੇ ਸੁੱਟ ਹੀ ਨਾ ਦੇਣ। ਕੋਈ ਆਦਮੀ ਆ ਕੇ ਨਾ ਚੁੱਕ ਲਵੇ। ਪਰ ਕਹਿੰਦੇ ਖਾਨ ਸਾਹਿਬ! ਇੱਕ ਗੱਲ ਅਸੀਂ ਤੈਨੂੰ ਦਸਦੇ ਹਾਂ, ਤੂੰ ਤਾਂ ਹੁਣ ਭੇਟਾ ਕਰ ਦਿੱਤਾ ਨਾ, ਉਹ ਚਾਹੇ ਸੁੱਟਣ ਚਾਹੇ ਕੰਮ ਲੈਣ। ਕਹਿੰਦਾ, ਨਹੀਂ ਮਹਾਰਾਜ! ਉਹ ਤਾਂ ਕੀਮਤੀ ਬਹੁਤ ਹੈ। ਉਹ ਤਾਂ ਮੈਂ ਦਿੱਤਾ ਹੀ ਤਾਂ ਹੈ ਕਿ ਕੋਈ ਮਕਾਨ ਬਣਾ ਲੈਣਗੇ। ਕੁਛ ਹੋਰ ਕੋਈ ਖਰਚਾ ਕਰ ਲੈਣਗੇ। ਮੇਰਾ ਵੀ ਧਨ ਸਫਲਾ ਹੋ ਜਾਏਗਾ। ਕਬੀਰ ਸਾਹਿਬ ਕਹਿਣ ਲੱਗੇ, ਤੇਰੇ ਵਲੋਂ ਤਾਂ ਸਫਲਾ ਹੋ ਗਿਆ, ਹੁਣ ਉਹ ਜਾਨਣ ਉਨ੍ਹਾਂ ਦਾ ਕੰਮ। ਮੋਹ ਹੈ ਅੰਦਰ ਦਾਨ ਦੇਣ ਤੋਂ ਬਾਅਦ ਵੀ। ਗੱਲ ਅਸਲੀ ਸਮਝ ਵਿੱਚ ਨਹੀਂ ਆਈ। ਕਬੀਰ ਸਾਹਿਬ ਜੁਗਤ ਨਾਲ ਸਮਝਾਉਣਾ ਚਾਹੁੰਦੇ ਨੇ। ਕਿਉਂਕਿ ਮਹਾਂਪੁਰਸ਼ਾਂ ਕੋਲ ਜੁਗਤ ਹੁੰਦੀ ਹੈ।

ਭਾਈ ਘਨ੍ਹਈਆ ਜੀ ਬੰਨੂ ਪਹਾੜ ਤੇ ਦੋ ਸੌ ਘੜਾ ਰੋਜ਼ ਭਰ ਕੇ ਪਹਾੜੀ ਦੇ ਉਤੇ ਲੈ ਜਾਂਦੇ ਸੀ। ਉਥੇ ਸਾਰਾ ਦਿਨ ਬੈਠੇ, ਪਠਾਣ ਲੰਘਦੇ ਸੀ, ਕਬਾਇਲੀ ਲੰਘਦੇ ਸੀ, ਉਨ੍ਹਾਂ ਨੂੰ ਪਾਣੀ ਪਿਲਾਈ ਜਾਣਾ। ਬੜੀ ਉੱਚੀ ਪਹਾੜੀ ਸੀ, ਥੱਲਿਓਂ ਨਦੀ 'ਚੋਂ ਭਰ ਕੇ ਲੈ ਜਾਣਾ। ਇਹ ਜਿਹੜਾ ਸੀ ਮੁਗਲ ਖਾਨ, ਜਿਸਨੂੰ ਭਾਈ ਘਨਈਆਂ ਜੀ ਨੇ ਜੰਗ ਯੁੱਧ ਵਿੱਚ ਅਨੰਦਪੁਰ ਸਾਹਿਬ ਪਾਣੀ ਪਿਲਾਇਆ ਸੀ, ਉਸ ਸਮੇਂ ਜਦ ਗੁਰੂ ਮਹਾਰਾਜ ਨੇ ਭਾਈ ਘਨ੍ਹਈਏ ਨੂੰ ਕਿਹਾ ਕਿ ਭਾਈ ਘਨ੍ਹਈਆ ਤੇਰਾ ਮੇਰਾ ਹੁਣ ਕੋਈ ਫਰਕ ਨਹੀਂ। ਹੁਣ ਤੂੰ ਖੁਲ੍ਹਾ ਵਿਚਰ। ਭਾਈ ਘਨਈਆ ਇੱਥੇ ਆ ਗਏ ਬੰਨੂ ਪਹਾੜ ਵਿੱਚ, ਕਬਾਇਲੀ ਇਲਾਕੇ 'ਚ। ਉਥੇ ਪਾਣੀ ਪਿਲਾਂਦੇ ਰਹੇ। ਉਨ੍ਹਾਂ ਨੂੰ ਡਰ ਤਾਂ ਹੈ ਨਹੀਂ ਸੀ ਕਿਸੇ ਦਾ, ਕਿਉਂਕਿ ਉਹ ਤਾਂ ਇੱਕੋ ਪ੍ਰਮੇਸ਼ਰ ਦੇਖਦੇ ਸੀ ਸਾਰਿਆਂ 'ਚ। ਇਹ ਖਾਨ ਰੋਪੜ ਵਾਲਾ ਪੁਛਦਾ-ਪੁਛਾਂਦਾ ਉਥੇ ਪਹੁੰਚ ਗਿਆ, ਅੱਗੇ ਕੀ ਦੇਖਦਾ ਹੈ, ਭਾਈ ਘਨਈਆ ਜੀ ਨਦੀ ਦੇ ਕਿਨਾਰੇ ਸਮਾਧੀ ਸਥਿਤ ਬੈਠੇ ਨੇ। ਬੜੀ ਦੇਰ ਬੈਠਾ ਰਿਹਾ, ਜਦੋਂ ਨੇਤਰ ਖੋਲ੍ਹੇ, ਨਮਸ਼ਕਾਰ ਕਰੀ, ਪਰੀਚਾ ਦਿੱਤਾ ਕਿ ਮਹਾਰਾਜ! ਮੈਂ ਓਹੀ ਮੁਗਲ ਖਾਨ ਹਾਂ, ਜਿਹੜਾ ਬੇਹੋਸ਼ ਪਿਆ ਸੀ ਤੇ ਤੁਸੀਂ ਜਲ ਮੇਰੇ ਮੂੰਹ ਵਿੱਚ ਪਾਇਆ ਤੇ ਮੇਰੇ ਅੰਦਰੋਂ ਸਾਰੇ ਵੈਰ ਕੱਢ ਦਿੱਤੇ। ਹੁਣ ਤਾਂ ਮੈਂ ਤੁਹਾਡੀ ਸ਼ਰਨ ਆਇਆ ਹਾਂ, ਕ੍ਰਿਪਾ ਕਰੋ। ਇਹ ਕਹਿ ਕੇ ਇੱਕ ਪਾਰਸ ਭੇਟਾ ਕਰ ਦਿੱਤਾ ਕਿ ਸਾਡੇ ਖਾਨਦਾਨ ਵਿੱਚ ਪਾਰਸ ਹੈ, ਸਾਨੂੰ ਕੰਮ ਕਰਨ ਦੀ ਕਦੇ ਲੋੜ ਨਹੀਂ ਪੈਂਦੀ, ਐਵੇਂ ਦਿਖਾਵੇ ਮਾਤਰ ਅਸੀਂ ਕੰਮ ਕਰਦੇ ਹਾਂ। ਮਹਾਰਾਜ! ਇਹ ਸੋਨੇ ਬਣਾ ਦਿੰਦਾ ਹੈ, ਲੋਹੇ ਦਾ ਟੁਕੜਾ ਚੁੱਕ ਲਿਆ ਉਸੇ ਵਕਤ ਸੋਨਾ ਬਣਾ ਦਿੱਤਾ। ਇਹਦੇ ਨਾਲ ਤੁਸੀਂ ਇੱਥੇ ਬਣਾ ਲਓ। ਹੋਰ ਲਿਆਓ, ਹੋਰ ਪੈਸੇ ਬਣਾ ਦਿੰਦਾ ਹਾਂ। ਇਹ ਮੈਂ ਤੁਹਾਡੀ ਭੇਟਾ ਕਰਦਾ ਹਾਂ। ਭਾਈ ਘਨ੍ਹਈਆ ਕਹਿੰਦੇ, ਖਾਨ ਸਾਹਿਬ! ਸਾਨੂੰ ਤਾਂ ਇਹਦੀ ਲੋੜ ਨਹੀਂ ਹੈ। ਅੱਠ-ਦੱਸ ਵਾਰੀ ਕਿਹਾ ਕਿ ਮਹਾਰਾਜ! ਮੈਂ ਭੇਟਾ ਉੱਤਮ ਲੈ ਕੇ ਆਇਆ ਹਾਂ, ਤੁਹਾਡੇ ਕੰਮ ਆਏਗੀ। ਕਹਿੰਦੇ ਸਾਡੇ ਕਿਸੇ ਕੰਮ ਨਹੀਂ ਹੈ। ਅਸੀਂ ਕੀ ਕਰਨੇ ਨੇ ਪਾਰਸ ਵਗੈਰਾ। ਸਾਡੇ ਕੋਲ ਤਾਂ ਬਹੁਤ ਵੱਡੀ

ਚੀਜ਼ ਹੈ, ਖਰਬਾਂ ਗੁਣਾਂ ਜ਼ਿਆਦਾ। ਪਾਰਸ ਉਹਦੇ ਮੂਹਰੇ ਕੀ ਮਤਲਬ ਰੱਖਦਾ ਹੈ। ਗੱਲ ਸਮਝ ਵਿੱਚ ਨਾ ਆਈ ਉਸਦੇ। ਅਖੀਰ ਕਹਿੰਦੇ ਲਿਆ ਫੇਰ, ਸਾਡਾ ਹੋਇਆ ਨਾ ਹੁਣ? ਕਹਿੰਦਾ, ਹਾਂ ਜੀ। ਤੈਨੂੰ ਤਾਂ ਨਹੀਂ ਇਤਰਾਜ਼ ਕਿਸੇ ਗੱਲ ਦਾ? ਜੇ ਮੈਂ ਇਹਨੂੰ ਭੰਨ, ਤੋੜ ਦੇਵਾਂ। ਕਹਿੰਦਾ, ਨਹੀਂ ਮਹਾਰਾਜ! ਭੰਨਣਾ ਤੋੜਨਾ ਕਾਹਨੂੰ ਹੈ, ਇਹ ਤਾਂ ਨਾਯਾਬ ਵਸਤੂ ਹੈ, ਮਿਲਦੀ ਨਹੀਂ। ਤੁਸੀਂ ਆਪਣੇ ਖਰਚ ਚਲਾਓ ਇਹਦੇ ਨਾਲ। ਭਾਈ ਘਨ੍ਹਈਆ ਨੇ ਨੇ ਪਾਰਸ ਨਦੀ ਵਿੱਚ ਵਗਾਹ ਕੇ ਮਾਰਿਆ। ਇਹ ਰੋਣ ਲੱਗ ਗਿਆ, ਕਹਿੰਦੇ ਕੀ ਗੱਲ ਰੋਂਦਾ ਹੈਂ, ਦਾਨ ਦੇ ਕੇ ਫੇਰ ਰੋਂਦਾ ਹੈਂ। ਤੇਰੀ ਮਮਤਾ ਸੀ ਇਹਦੇ ਵਿੱਚ? ਕਹਿੰਦਾ, ਮਹਾਰਾਜ! ਕਿਸੇ ਕੰਮ ਆਉਂਦਾ ਤਾਂ ਖੁਸ਼ੀ ਬਹੁਤ ਹੋਣੀ ਸੀ। ਕਹਿੰਦੇ ਕੰਮ ਤਾਂ ਆਉਂਦਾ, ਤੇਰਾ ਦਾਨ ਨਹੀਂ ਸੀ ਲਗਣਾ, ਕਿਉਂਕਿ ਤੂੰ ਬੰਨ੍ਹਿਆ ਗਿਆ ਦਾਨ ਦੇ ਨਾਲ। ਹਰ ਵਕਤ ਤੂੰ ਕਹਿਣਾ ਸੀ ਕਿ ਇਹ ਮੈਂ ਦਿੱਤਾ ਉਨ੍ਹਾਂ ਨੂੰ। ਮਹਾਤਮਾ ਦੀ ਮੌਜ ਹੁੰਦੀ ਹੈ।

ਇੱਥੇ ਸੰਤ ਪਿਆਰਾ ਸਿੰਘ ਹੁੰਦੇ, ਚਮਕੌਰ ਸਾਹਿਬ। ਉਹ ਸੇਵਾ ਕਰਾ ਰਹੇ ਸੀ, ਇੱਕ ਲੈਫਟੀਨੈਂਟ ਸੀ, ਉਹਨੇ ਆ ਕੇ ਚੁਬਾਰਾ ਬਣਾ ਦਿੱਤਾ, ਠੀਕ ਹੈ ਉਨ੍ਹਾਂ ਨੇ ਸੇਵਾ ਕਰਾ ਲਈ। ਇੱਕ ਦਿਨ ਸੰਗਤ ਖੜ੍ਹੀ ਉਹਦੇ ਪਿੰਡ ਦੀ, ਉਹ ਉਂਗਲੀਆਂ ਕਰ-ਕਰ ਕੇ ਕਹਿੰਦਾ ਹੈ ਕਿ ਆਹ ਚੁਬਾਰਾ ਮੈਂ ਬਣਵਾਇਆ ਹੈ। ਬਾਬਾ ਪਿਆਰਾ ਸਿੰਘ ਗਏ, ਦੱਸ-ਬਾਰ੍ਹਾਂ ਬੰਦੇ ਲੈ ਆਏ, ਇਹ ਮੱਥਾ ਟੇਕਣ ਚਲਿਆ ਗਿਆ, ਫੇਰ ਲੰਗਰ ਵਲ ਨੂੰ ਚਲਿਆ ਗਿਆ, ਜਦ ਮੁੜ ਕੇ ਆਇਆ ਕੀ ਦੇਖਦਾ ਹੈ ਚੁਬਾਰੇ ਦੀ ਛੱਤ, ਕੰਧਾਂ ਵਗੈਰਾ ਸਭ ਢਾਹ ਦਿੱਤੀਆਂ। ਸੰਤ ਕਹਿੰਦੇ ਇਹਦੀਆਂ ਇੱਟਾਂ ਸਾਰੀ ਕੰਧ ਦੇ ਉਤੇ ਚਿਣ ਦਿਓ। ਕਹਿੰਦੇ ਬਾਬਾ ਜੀ! ਮਤਲਬ ਨਹੀਂ ਸਾਡੇ ਸਮਝ ਵਿੱਚ ਆਇਆ? ਕਹਿੰਦੇ, ਮਤਲਬ ਗੁਰਮੁਖ ਪਿਆਰੇ ਨੇ ਦਾਨ ਦਿੱਤਾ ਸੀ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥***

***ਅੰਗ - 1428***

ਨਿਹਫਲ ਹੋ ਰਿਹਾ ਸੀ, ਦਾਨ ਤਾਂ ਅਸੀਂ ਉਹਦਾ ਸਫਲ ਕਰਨਾ ਹੈ ਪਰ ਉਹਨੂੰ ਨਹੀਂ ਪਤਾ ਲਗਣਾ ਕਿ ਕਿਹੜੀ ਇੱਟ ਮੇਰੀ ਹੈ। ਕਿਹੜੀ ਦੂਜੀ ਹੈ। ਮੌਜ ਹੈ ਮਹਾਤਮਾ ਦੀ। ਕੋਈ ਕਹਿ ਨਹੀਂ ਸਕਦਾ ਹੁੰਦਾ, ਗੱਲਾਂ ਸਮਝ ਵਿੱਚ ਨਹੀਂ ਆਉਂਦੀਆਂ ਕਿ ਕਿਉਂ ਸੰਤ ਐਉਂ ਕਰਦੇ ਨੇ। ਉਹ ਕਹਿੰਦੇ ਮੁਗਲ ਖਾਨ ਤੂੰ ਤਾਂ ਸਾਨੂੰ ਦੇ ਦਿੱਤਾ ਸੀ। ਕਹਿੰਦਾ, ਮਹਾਰਾਜ! ਜੇ ਤੁਸੀਂ ਨਹੀਂ ਸੀ ਲੈਣਾ, ਤਾਂ ਮੇਰੇ ਕੋਲ ਰਹਿਣ ਦੇਣਾ ਸੀ, ਮੈਨੂੰ ਮੋੜ ਦੇਣਾ ਸੀ। ਕਹਿੰਦੇ, ਚਾਹੀਦਾ ਹੈ? ਕਹਿੰਦਾ ਹਾਂ। ਹੱਥ ਕਰ ਦਿੱਤਾ ਅੱਗੇ ਨੂੰ ਨਦੀ ਦੋ ਹਿੱਸੇ ਵਗਣ ਲਗ ਗਈ, ਵਿਚਾਲੇ ਉੱਚਾ ਥਾਉਂ ਸੀ, ਜਾਹ ਕਹਿੰਦੇ ਪਛਾਣ ਲਿਆ, ਜਿਹੜਾ ਤੇਰਾ ਹੈ ਤੂੰ ਚੁੱਕ ਲਿਆ। ਲੈ ਜਾ ਇੱਥੋਂ ਨਿਸ਼ਾਨੀ ਕੋਈ। ਲੋਹੇ ਦੇ ਟੁਕੜੇ-ਟੁਕੜੇ ਕਰਕੇ, ਛੋਟੇ-ਛੋਟੇ ਲੈ ਗਿਆ।

ਜਿਹੜੇ ਪੱਥਰ ਨਾਲ ਲਾਵੇ ਸੋਨਾ ਬਣਾ ਦੇਵੇ। ਇਹਦੀ ਤਾਂ ਨਿੱਕੀ ਜਿਹੀ ਪੱਥਰੀ ਸੀ, ਉਹ ਵੱਡੇ-ਵੱਡੇ ਪੱਥਰ ਸੀ। ਅਕਲ 'ਚ ਆ ਗਈ ਗੱਲ ਕਿ ਹੈਂ ਮੈਂ ਤਾਂ ਇੱਕ ਪਾਰਸ ਦੀ ਗੱਲ ਕਰਦਾ ਹਾਂ ਇਹਦੀ ਤਾਂ ਨਿਗ੍ਹਾ ਐਸੀ ਹੈ ਜਿਧਰ ਨੂੰ ਦੇਖ ਲਵੇ ਪਾਰਸ ਹੀ ਪਾਰਸ ਹੋ ਜਾਂਦਾ ਹੈ। ਇਹ ਤਾਂ ਸਾਰੀਆਂ ਜਿਹੜੀਆਂ ਚੀਜ਼ਾਂ ਨੇ ਸਮਝ ਤੋਂ ਬਾਹਰ ਨੇ। ਮਹਾਰਾਜ ਉਸ ਨੂੰ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਦਾਸੀ ਹੋ ਕੇ ਕਾਰ ਕਮਾਵੇ,***
***ਮਾਇਆ ਸਾਧੂਆਂ ਦੀ।***

ਦੁਨੀਆਂ ਸਾਰੀ ਖਾ ਲਈ।

***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ ॥***
***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ॥ ਅੰਗ - 643***

ਦੁਨੀਆਂ ਦੌੜੀ ਫਿਰਦੀ ਹੈ ਮਾਇਆ ਦੇ ਪਿੱਛੇ। ਸਾਧੂ ਠੇਡੇ ਮਾਰਦੇ ਨੇ। ਬੇਨਤੀਆਂ ਕਰਦੀ ਹੈ ਹੱਥ ਜੋੜ ਕੇ -

***ਗਿਆਨੀ ਕੀ ਹੋਇ ਵਰਤੀ ਦਾਸਿ ॥***
***ਕਰ ਜੋੜੇ ਸੇਵਾ ਕਰੇ ਅਰਦਾਸਿ ॥***
***ਜੋ ਤੂੰ ਕਹਹਿ ਸੁ ਕਾਰ ਕਮਾਵਾ ॥***
***ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ਅੰਗ - 370***

ਹੱਥ ਜੋੜ ਕੇ ਸੇਵਾ ਕਰਦੀ ਹੈ, ਬਾਕੀ ਦੁਨੀਆਂ ਨੂੰ ਤਾਂ ਮੈਂ ਖਾ ਲਿਆ ਪਰ ਗੁਰਮੁਖਾਂ ਦੇ ਮੈਂ ਨੇੜੇ ਨਹੀਂ ਆ ਸਕਦੀ, ਮੇਰਾ ਵੀ ਭਲਾ ਕਰ ਦਿਓ।

ਭਾਈ ਗੜ੍ਹੀਆ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਬੁਲਾਇਆ ਕਿ ਭਾਈ ਗੜ੍ਹੀਆ! ਕਸ਼ਮੀਰ ਤੋਂ ਦਸਵੰਧ ਨਹੀਂ ਆਇਆ, ਤੂੰ ਜਾਹ ਜਾ ਕੇ ਕਈ ਸਾਲ ਦਾ ਦਸਵੰਧ ਹੈ, ਸੰਗਤਾਂ ਭੇਟ ਕਰਨਗੀਆਂ, ਲੈ ਆਈਂ। ਭਾਈ ਗੜ੍ਹੀਆ ਜਾਂਦਾ-ਜਾਂਦਾ ਗੁਜਰਾਤ ਠਹਿਰਿਆ, ਪੀਰ ਦੌਲੇ ਸ਼ਾਹ ਨੂੰ ਪਤਾ ਲੱਗਿਆ ਜੋ ਉਥੇ ਦਾ ਵੱਡਾ ਪੀਰ ਸੀ। ਬੜੀ ਸ਼ਰਧਾ ਪੂਰਵਕ ਉਨ੍ਹਾਂ ਨੂੰ ਆਪਣੇ ਤਕੀਏ (ਟਿਕਾਣੇ) 'ਚ ਲੈ ਗਿਆ। ਤਕੀਆ ਕਹਿੰਦੇ ਨੇ ਜਿੱਥੇ ਪੀਰ ਰਹਿੰਦੇ ਹੁੰਦੇ ਨੇ। 'ਟਿਕਾਣਾ' ਸਿੰਧ 'ਚ ਕਹਿੰਦੇ ਨੇ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ। ਉਥੇ ਲਿਜਾ ਕੇ ਕਹਿਣ ਲੱਗਿਆ ਕਿ ਭਾਈ ਗੜ੍ਹੀਆ! ਬੜੀ ਦੇਰ ਤੋਂ ਮੈਂ ਸੁਖਮਨੀ ਸਾਹਿਬ ਨਹੀਂ ਸੁਣਿਆ, ਮੇਰੀ ਆਸਾ ਹੈ ਕਿ ਤੁਸੀਂ ਹਫਤਾ ਰਹੋ ਤੇ ਸੁਖਮਨੀ ਸਾਹਿਬ ਰੋਜ਼ ਸੁਣਾਓ, ਭਾਈ ਗੜ੍ਹੀਆ ਰਹੇ ਤੇ ਸੁਖਮਨੀ ਸਾਹਿਬ ਸੁਣਾਉਂਦੇ ਰਹੇ। ਬੜਾ ਆਦਰ ਕਰਿਆ, ਸਤਿਕਾਰ ਕਰਿਆ। ਜਦੋਂ ਛੱਡਣ ਜਾਣ ਲੱਗੇ, ਕਸ਼ਮੀਰ ਨੂੰ ਜਾਣ ਲੱਗੇ, ਰਸਤੇ 'ਚ ਗੁਜਰਾਤ ਲੰਘ ਗਏ, ਕੱਚਾ ਰਾਹ ਆ ਗਿਆ ਤਾਂ ਉਥੇ ਉਨ੍ਹਾਂ ਦੇ ਪੈਰ ਵਿੱਚ ਛਿੱਤਰ ਪਾਏ ਹੋਏ ਸੀ ਪੈਰਾਂ 'ਚ, ਉਹ ਛਿੱਤਰ ਕੱਚੀ ਮਿੱਟੀ ਨਾਲ ਭਰ ਜਾਇਆ ਕਰੇ, ਉਤੇ ਨੂੰ ਮਾਰਿਆ ਕਰੇ। ਪਿੱਛੇ ਸਾਰਾ

ਕੁੜਤਾ ਭਰ ਗਿਆ। ਕਮੀਜ਼ ਵਲ ਨਿਗ੍ਹਾ ਮਾਰੀ, ਕਮੀਜ਼ ਫਟਿਆ ਹੋਇਆ, ਟਾਕੀਆਂ ਲਾਈਆਂ ਹੋਈਆਂ। ਮਨ 'ਚ ਖਿਆਲ ਆ ਗਿਆ ਕਿ ਗੁਰੂ ਘਰ ਦੇ ਵਿੱਚ ਬੇਅੰਤ ਸਿੱਖ ਨੇ, ਸਾਰਿਆਂ ਨੂੰ ਕਿਹੜਾ ਕੱਪੜਾ ਦੇਵੇ, ਵਿਚਾਰੇ ਟਾਕੀਆਂ ਲਾ-ਲਾ ਗੁਜ਼ਾਰਾ ਕਰਦੇ ਨੇ ਤੇ ਜੋੜੇ ਜਿਹੜੇ ਨੇ ਇਹ ਵੀ ਨਹੀਂ ਮਿਲਦੇ ਹੋਣੇ। ਇਸ ਕਰਕੇ ਫਿੱਡੇ ਜੋੜੇ ਪਾਈ ਫਿਰਦੇ ਨੇ। ਕਹਿਣ ਲੱਗੇ, ਗੁਰਸਿੱਖਾ! ਮੈਂ ਤੇਰੀ ਕੀ ਸੇਵਾ ਕਰਾਂ, ਤੂੰ ਮੈਨੂੰ ਨਿਹਾਲ ਕਰ ਦਿੱਤਾ, ਸੁਖਮਨੀ ਸਾਹਿਬ ਸੁਣਾ ਕੇ। ਚੰਗਾ ਆਹ ਇੱਕ ਡਲਾ ਪਿਆ ਹੈ, ਇਹ ਚੁੱਕ ਲੈ। ਭਾਈ ਗੜ੍ਹੀਏ ਨੇ ਜਦ ਦੇਖਿਆ, ਉਹ ਮਿੱਟੀ ਦਾ ਵੱਡਾ ਸਾਰਾ ਠੇਲ੍ਹਾ ਸੀ, ਉਹ ਸੋਨੇ ਦਾ ਬਣਿਆ ਪਿਆ ਹੈ। ਖਿਆਲ ਆ ਗਿਆ ਕਿ ਇਹ ਮੈਨੂੰ ਗਰੀਬ ਸਮਝਦਾ ਹੈ। ਇਸ ਕਰਕੇ ਸੋਨਾ ਦੇਣਾ ਚਾਹੁੰਦਾ ਹੈ। ਦੋ ਚਾਰ ਕਿਲੋ ਦਾ ਹੋਣਾ ਹੈ ਡਲਾ। ਕਹਿਣ ਲੱਗੇ, ਪੀਰ ਜੀ! ਕਿਹੜੇ ਡਲੇ ਦੀ ਗੱਲ ਕਰਦੇ ਓਂ ਤੁਸੀਂ, ਜਿਸ ਵਕਤ ਪੀਰ ਨੇ ਗਰਦਨ ਮਰੋੜ ਕੇ ਦੇਖਿਆ, ਹੈਰਾਨ ਰਹਿ ਗਿਆ ਕਿ ਇਹ ਤਾਂ ਸਾਰਾ ਖੇਤ ਹੀ ਸੋਨੇ ਦਾ ਬਣਿਆ ਪਿਆ ਹੈ। ਚਰਨਾਂ 'ਤੇ ਹੱਥ ਲਾ ਦਿੱਤਾ ਕਿ ਗੁਰਸਿੱਖਾ! ਐਨੀਆਂ ਸ਼ਕਤੀਆਂ ਦੇ ਮਾਲਕ, ਐਨੀਆਂ ਬਰਕਤਾਂ ਵਾਲੇ ਹੁੰਦੇ ਹੋਏ ਫੇਰ ਤੁਸੀਂ ਗਰੀਬੀ ਦੇ ਵਿੱਚ ਗੁਜ਼ਰ ਰਹੇ ਓਂ। ਕਹਿੰਦੇ, ਇਹ ਤਾਂ ਮੌਜ ਹੈ ਸਾਡੀ।

***ਧਾਰਨਾ -*** ***ਹਰਿ ਸੋ ਹੀਰਾ ਛਾਡਿ ਕੈ***
***ਕਰਹਿ ਆਨ ਕੀ ਆਸ ॥***
***ਤੇ ਨਰ ਦੋਜਕ ਜਾਹਿਗੇ***
***ਸਤਿ ਭਾਖੈ ਰਵਿਦਾਸ ॥***

ਕਹਿਣ ਲੱਗੇ, ਖਾਨ ਸਾਹਿਬ! ਇਹ ਕੱਚ ਦੇ ਟੁਕੜਿਆਂ ਦੀ ਕੀ ਗੱਲ ਕਰਦਾ ਹੈਂ, ਹੀਰਾ ਤਾਂ ਤੂੰ ਆਪਣੇ ਮੁਰਸ਼ਦ ਤੋਂ ਲੈ। ਇਹਦੇ ਕੋਲ ਨਾਮ ਹੈ, ਨਾਮ ਦੇ ਨਾਲ ਜਿਧਰ ਦੇਖੇਂਗਾ, ਦੌਲਤ ਹੀ ਦੌਲਤ ਹੋ ਜਾਏਗੀ, ਪਿਛੇ ਲੱਗੀ ਫਿਰੇਗੀ। ਕਾਹਨੂੰ ਤੂੰ ਹੀਰਿਆਂ ਦੇ ਚੱਕਰ 'ਚ ਪਿਆ ਹੈਂ। ਇਵੇਂ ਹੀ ਭਾਈ ਘਨ੍ਹਈਏ ਨੇ ਕਿਹਾ, ਖਾਨ ਸਾਹਿਬ! ਜਿਹੜੀ ਚੀਜ਼ ਤੂੰ ਮੰਗਦਾ ਹੈਂ ਉਹ ਪ੍ਰਮੇਸ਼ਰ ਦਾ ਨਾਮ ਹੈ। ਭਾਈ ਘਨ੍ਹਈਏ ਨੇ ਨਾਮ ਦੀ ਦਾਤ ਦਿੱਤੀ ਤੇ ਮੁਗਲ ਖਾਨ ਦੀ ਕਈ ਪੁਸ਼ਤ ਤੱਕ ਪੀੜੀ ਚਲਦੀ ਰਹੀ। 1924 ਵਿੱਚ ਗੰਗਾ ਦੇ ਵਿੱਚ ਇੱਕ ਬਹੁਤ ਵੱਡਾ ਹੜ੍ਹ ਆਇਆ ਸੀ। ਉਹ ਐਨਾ ਉੱਚਾ ਚੜ੍ਹਿਆ ਕਿ ਇਨ੍ਹਾਂ ਦੀਆਂ ਸਾਰੀਆਂ ਛੱਪਰੀਆਂ, ਮਕਾਨ ਰੋੜ੍ਹ ਕੇ ਲੈ ਗਿਆ ਤੇ ਜਿਹੜਾ ਉਸ ਵੇਲੇ ਦਾ ਪੀਰ ਸੀ ਉਹ ਵੀ ਵਿਚ ਹੀ ਰੁੜ੍ਹ ਗਿਆ। ਨਾਮ ਦੀ ਗੱਲ ਹੈ, ਨਾਮ ਵੱਡੀ ਚੀਜ਼ ਹੈ, ਸਾਰਿਆਂ ਤੋਂ। ਸੋ ਮਹਾਰਾਜ ਕਹਿੰਦੇ -

***ਰਵਿਦਾਸੁ ਢੁਵੰਤਾ ਢੋਰ ਨੀਤਿ***
***ਤਿਨਿ ਤਿਆਗੀ ਮਾਇਆ ॥***
***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥***

***ਅੰਗ - 487***

ਜਦੋਂ ਮਹਿਮਾ ਫੈਲੀ ਰਵਿਦਾਸ ਜੀ ਦੀ, ਸਾਰੇ ਭਾਰਤ ਵਰਸ਼ ਵਿੱਚ ਫੈਲ ਗਈ ਕਿਉਂਕਿ ਹਰੀ ਦਾ ਜਿਹੜਾ ਭਗਤ ਹੈ ਉਹ ਪ੍ਰਗਟ ਹੁੰਦਾ ਹੈ, ਛੁਪਦਾ ਨਹੀਂ ਹੈ, ਵਾਹਿਗੁਰੂ ਛੁਪਣ ਹੀ ਨਹੀਂ ਦਿੰਦਾ, ਜ਼ੋਰ ਲਾ ਲਏ ਸੰਤ, ਕਦੇ ਨਹੀਂ ਛੁਪਣ ਦਿੰਦਾ, ਉਹਦਾ ਕੰਮ ਹੀ ਇਹੀ ਹੈ। ਦੋ ਤਰੀਕੇ ਹੁੰਦੇ ਨੇ, ਇਕ ਸਹਿਜ ਸੁਭਾਅ ਪ੍ਰਗਟ ਕਰ ਦਿੰਦਾ ਹੈ, ਇੱਕ ਉਹਨੂੰ ਪਹਿਲਾਂ ਸੰਕਟ ਵਿੱਚ ਪਾ ਦਿੰਦਾ ਹੈ, ਫੇਰ ਉਹਨੂੰ ਆਪੇ ਹੀ ਰੱਖ ਲੈਂਦਾ ਹੈ। ਦੂਜਿਆਂ ਦੀ ਹਾਰ ਹੋ ਜਾਂਦੀ ਹੈ, ਫੇਰ ਉਹ ਪ੍ਰਗਟ ਕਰ ਦਿੰਦਾ ਹੈ।

ਸੋ ਰਵਿਦਾਸ ਜੀ ਦੀ ਜਦ ਮਹਿਮਾ ਫੈਲੀ, ਰਾਜਸਥਾਨ 'ਚ ਚਿਤੌੜ ਦੇ ਰਾਜੇ ਦੇ ਘਰ ਰਾਣੀ ਝਾਲੀ ਸੀ, ਉਹ ਬੜੀ ਲਗਨ ਵਾਲੀ ਸੀ, ਮੀਰਾ ਬਾਈ ਵਾਂਗੂੰ ਉਹਨੂੰ ਬਹੁਤ ਪਿਆਰ ਸੀ। ਉਹ ਗੁਰੂ ਦੀ ਤਲਾਸ਼ ਵਿੱਚ ਚਲਦੀ-ਚਲਦੀ ਕਾਸ਼ੀ ਆ ਗਈ, ਕਿਉਂਕਿ ਉਹਨੂੰ ਨਿਸ਼ਚੇਪੂਰਵਕ ਪਤਾ ਲਗ ਗਿਆ ਸੀ ਕਿ 'ਨਿਗੁਰੇ ਕਾ ਹੈ ਨਾਉਂ ਬੁਰਾ'। ਮੁਰਸ਼ਦ ਤੋਂ ਬਗੈਰ ਭਗਤੀ ਕਿਸੇ ਕੰਮ ਨਹੀਂ ਹੈ। ਮੁਰਸ਼ਦ ਭਾਲਦੀ ਹੈ, ਪੰਡਤਾਂ ਦੇ ਵਿੱਚ ਦੇਖਿਆ ਲੇਕਿਨ ਉਹਦੀ ਤਸੱਲੀ ਨਾ ਹੋਈ, ਅਚਾਨਕ ਰਵਿਦਾਸ ਜੀ ਦੇ ਚਲੀ ਗਈ। ਜਾਤ ਦੇਖ ਕੇ ਮਨ ਵਿੱਚ ਭਰਮ ਪੈ ਗਿਆ। ਲੇਕਿਨ ਜਦ ਬਚਨ ਸੁਣੇ ਤਾਂ ਉਹਨੇ ਕਿਹਾ ਕਿ ਜਾਤ ਦਾ ਕੀ ਹੈ, ਬਚਨ ਦੇਖੋ ਬ੍ਰਹਮਗਿਆਨ ਦੇ, ਕਾਟ ਕਰਦੇ ਜਾਂਦੇ ਨੇ ਅੰਦਰ ਨੂੰ ਸ਼ਾਂਤੀ ਹੁੰਦੀ ਜਾਂਦੀ ਹੈ। ਉਸ ਵੇਲੇ ਬੇਨਤੀ ਕਰਕੇ ਨਾਮ ਦੀ ਦਾਤ ਲੈ ਲਈ ਉਨ੍ਹਾਂ ਤੋਂ, ਤੇ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਸਮਝ ਕੇ ਪੂਜਣਾ ਸ਼ੁਰੂ ਕਰ ਦਿੱਤਾ। ਵਾਪਸ ਆ ਗਈ, ਜਿੰਨੇ ਲਿਆਈ ਸੀ ਓਥੋਂ ਵਸਤਰ ਵਗੈਰਾ, ਮਾਇਆ, ਰਵਿਦਾਸ ਜੀ ਦੇ ਚਰਨਾਂ 'ਚ ਭੇਟਾ ਕਰ ਦਿੱਤਾ। ਬ੍ਰਾਹਮਣਾਂ ਨੂੰ ਬੜੀ ਆਸ ਸੀ ਕਿ ਰਾਣੀ ਆਈ ਹੈ ਚਿਤੌੜਗੜ੍ਹ ਦੀ, ਮਾਲਾ ਮਾਲ ਕਰ ਜਾਏਗੀ। ਲੇਕਿਨ ਹੈਰਾਨ ਹੋ ਗਏ ਕਿ ਉਹ ਤਾਂ ਰਵਿਦਾਸ ਜੀ ਨੂੰ ਸਾਰਾ ਕੁਛ ਭੇਟਾ ਕਰ ਆਈ। ਗੁੱਡਾ ਬੰਨ੍ਹ ਲਿਆ ਉਨ੍ਹਾਂ ਨੇ ਕਿ ਚਮਾਰ ਨੂੰ ਗੁਰੂ ਬਣਾ ਲਿਆ। ਉਨ੍ਹਾਂ ਦਿਨਾਂ ਵਿੱਚ ਜਾਤ ਦਾ ਹੱਦ ਤੋਂ ਜ਼ਿਆਦਾ ਜ਼ੋਰ ਸੀ। ਨਿੰਦਿਆ ਚਲ ਪਈ, ਬਹੁਤ ਨਿੰਦਿਆ ਹੋਈ ਰਾਣੀ ਦੀ। ਉਹਨੇ ਪਰਵਾਹ ਨਾ ਕਰੀ ਕਿਉਂਕਿ ਨਿੰਦਕਾਂ ਦਾ ਕੰਮ ਨਿੰਦਾ ਕਰਨਾ ਹੁੰਦਾ ਹੈ।

***ਧਾਰਨਾ - ਨਿੰਦਿਆ ਕਰਦੇ ਨੇ ਨਿੰਦਕ ਨਕਾਰੇ,***
***ਗੁਰਮੁਖ ਤੇਰਾ ਨਾਮ ਜਪਦੇ।***

ਨਿੰਦਕਾ ਦਾ ਕੰਮ ਹੈ ਨਿੰਦਾ ਕਰਨਾ।

***ਜਿਨ੍ਾ ਅੰਤਰਿ ਗੁਰਮੁਖਿ ਪ੍ਰੀਤਿ ਹੈ***
***ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥***
***ਤਿਨ੍ ਕੀ ਨਿੰਦਾ ਕੋਈ ਕਿਆ ਕਰੇ***
***ਜਿਨ੍ ਹਰਿ ਨਾਮੁ ਪਿਆਰਾ ॥***
***ਜਿਨ ਹਰਿ ਸੇਤੀ ਮਨੁ ਮਾਨਿਆ***
***ਸਭ ਦੁਸਟ ਝਖ ਮਾਰਾ ॥***
***ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥***

***ਅੰਗ - 451***

ਮੂਰਖ ਨੇ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ – 755*

ਰਾਣੇ ਨੂੰ ਜਾ ਕੇ ਸ਼ਿਕਾਇਤ ਕਰੀ ਕਿ ਦੇਖੋ ਜੀ, ਬ੍ਰਾਹਮਣ ਐਡੇ-ਐਡੇ, ਰਿਸ਼ੀ-ਮੁਨੀ ਭਾਰਤਵਰਸ਼ ਦੇ ਉਨ੍ਹਾਂ ਨੂੰ ਗੁਰੂ ਨਹੀਂ ਬਣਾਇਆ, ਚਮਾਰ ਨੂੰ ਗੁਰੂ ਬਣਾ ਲਿਆ। ਰਾਣੇ ਨੇ ਆ ਕੇ ਪੁੱਛਿਆ, ਉਹ ਕਹਿੰਦੀ ਜੀ ਇਹ ਤਾਂ ਸਾਰਾ ਫੋਕਾ ਮਹਿਕਮਾ ਹੈ, ਕੁਛ ਨਹੀਂ ਹੈ ਇਨ੍ਹਾਂ ਕੋਲ। ਮਾਨਸ ਜਨਮ ਬਾਰ-ਬਾਰ ਹੱਥ ਨਹੀਂ ਆਉਂਦਾ, ਉਹ ਸਮਰੱਥ ਗੁਰੂ ਨੇ, ਤੁਸੀਂ ਦੇਖ ਲਓ ਆਪ ਜਾ ਕੇ ਤੇ ਇਨ੍ਹਾਂ ਲੋਕਾਂ ਨੂੰ ਭੁੱਖ ਹੈ, ਦੱਛਣਾ ਦੀ, ਪੁੱਛ ਲਓ ਇਨ੍ਹਾਂ ਨੂੰ। ਰਾਣੇ ਨੇ ਪੁੱਛਿਆ ਕਿ ਤੁਸੀਂ ਦੱਛਣਾ ਦਾ ਰੌਲਾ ਪਾਉਂਦੇ ਓਂ। ਕਹਿੰਦੇ, ਹਾਂ ਜੀ, ਸਾਡੀ ਦੱਛਣਾ ਤਾਂ ਗਈ ਜੇ ਉਹਨੂੰ ਗੁਰੂ ਬਣਾ ਲਿਆ। ਕਹਿੰਦੇ, ਨਹੀਂ ਤੁਹਾਡੀ ਦੱਛਣਾ ਅਸੀਂ ਸਾਰੀ ਦੇਵਾਂਗੇ। ਉਸੇ ਵੇਲੇ ਦੱਛਣਾ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸੈਂਕੜੇ ਹਜ਼ਾਰਾਂ ਆ ਗਏ, ਸਾਰਿਆਂ ਨੂੰ ਰਜਾ ਦਿੱਤਾ। ਪੁੱਛਿਆ, ਹੁਣ ਤਾਂ ਨਹੀਂ ਇਤਰਾਜ਼? ਕਹਿੰਦੇ, ਹੁਣ ਸਾਨੂੰ ਕੋਈ ਇਤਰਾਜ਼ ਨਹੀਂ। ਉਸ ਤੋਂ ਬਾਅਦ ਰਾਣੀ ਝਾਲੀ ਨੇ ਕਿਹਾ ਕਿ ਮੈਂ ਗੁਰੂ ਯੱਗ ਕਰਾਂਗੀ, ਗੁਰੂ ਨੂੰ ਬੁਲਾ ਕੇ ਯੱਗ ਕਰਾਂ ਵੱਡਾ। ਰਵਿਦਾਸ ਜੀ ਦੇ ਕੋਲ ਗਈ, ਜਾ ਕੇ ਬੇਨਤੀ ਕਰੀ, ਬੜੀ ਮੁਸ਼ਕਲ ਨਾਲ ਮਨਾਇਆ, ਕਹਿਣ ਲੱਗੇ, ਬੀਬਾ! ਤੁਸੀਂ ਓਂ ਰਾਜਪੂਤ, ਬ੍ਰਾਹਮਣ ਲੋਕ ਤਾਂ ਪਹਿਲਾਂ ਹੀ ਖਹਿੜਾ ਨਹੀਂ ਛੱਡਦੇ। ਤੁਹਾਡੇ ਵੀ ਬਰਖਿਲਾਫ ਹੋ ਜਾਣਗੇ, ਕੀ ਫਾਇਦਾ ਹੈ, ਸਾਡੀ ਖੁਸ਼ੀ ਹੈ ਤੇਰੇ 'ਤੇ। ਕਹਿੰਦੀ ਨਹੀਂ ਮਹਾਰਾਜ। ਅਖੀਰ ਮਜ਼ਬੂਰ ਕਰਕੇ ਲੈ ਜਾਂਦੀ ਹੈ। ਉਥੇ ਜਦ ਗਏ ਤਾਂ ਰਾਣੇ ਨੇ ਨਿਮੰਤਰਣ ਪੱਤਰ ਦੇ ਦਿੱਤੇ। ਸਾਰੇ ਵੱਡੇ-ਵੱਡੇ ਬ੍ਰਾਹਮਣਾਂ ਨੂੰ। ਦੂਰ-ਦਰਾਜ਼ ਸਾਰੇ ਰਾਜਸਥਾਨ, ਸਾਰੇ ਭਾਰਤ-ਵਰਸ਼ ਵਿੱਚ ਵੀ ਦੇ ਦਿੱਤੇ। ਇਕੱਠੇ ਹੋ ਗਏ ਕਿ ਰਾਜਾ ਹੈ ਬੜੀ ਦੱਛਣਾ ਮਿਲੇਗੀ। ਬੜੇ ਦੁਸ਼ਾਲੇ ਮਿਲਣਗੇ, ਵਸਤਰ ਮਿਲਣਗੇ, ਇਕੱਠ ਹੋ ਗਿਆ ਬਹੁਤ ਤੇ ਜਦ ਰਵਿਦਾਸ ਜੀ ਆਏ, ਕਹਿਣ ਲੱਗੇ, ਰਵਿਦਾਸ ਜੀ ਆ ਗਏ, ਇਹ ਤਾਂ ਉਲਟਾ ਹੀ ਕੰਮ ਹੋ ਗਿਆ। ਉਸ ਤੋਂ ਬਾਅਦ ਯੱਗ ਜਿਹੜਾ ਸੀ ਤਿਆਰ ਹੋ ਗਿਆ। ਵਿਧੀਪੂਰਵਕ ਬ੍ਰਾਹਮਣਾਂ ਨੇ ਖਾਣੇ ਬਣਾਏ, ਉਸ ਤੋਂ ਬਾਅਦ ਜਦ ਵਰਤਾਉਣ ਲੱਗੇ ਤਾਂ ਉਨ੍ਹਾਂ ਨੇ ਗੁਰੂ ਪੂਜਾ ਕਰਨ ਵਾਸਤੇ ਸਾਰੀ ਸਭਾ ਦੇ ਵਿੱਚ ਰਵਿਦਾਸ ਜੀ ਨੂੰ ਬੁਲਾ ਲਿਆ, ਉਚੇ ਤਖਤ 'ਤੇ ਬਿਠਾਇਆ, ਉਸੇ ਵੇਲੇ ਉਠ ਕੇ ਤੁਰਨ ਲੱਗ ਗਏ, ਕਹਿਣ ਲੱਗੇ, ਤੁਸੀਂ ਕਿਉਂ ਜਾ ਰਹੇ ਓਂ? ਕਹਿੰਦੇ, ਦੇਖੋ ਮਰਿਆਦਾ ਭੰਗ ਹੋ ਗਈ। ਸਤਿਜੁਗ, ਤ੍ਰੇਤਾ, ਦੁਆਪਰ ਦੇ ਵਿੱਚ ਹਮੇਸ਼ਾ ਕੋਈ ਮਹਾਂ-ਮੁਨੀ ਬ੍ਰਾਹਮਣ ਤਖਤ 'ਤੇ ਬੈਠਦਾ ਸੀ, ਤੁਸੀਂ ਹੁਣ ਇਹਨੂੰ ਬਿਠਾ ਦਿੱਤਾ। ਇਹਦੀ ਜਾਤ ਛੋਟੀ ਹੈ। ਅਸੀਂ ਕਿਸ ਤਰ੍ਹਾਂ ਦੇ ਨਾਲ ਇਸ ਸਭਾ ਵਿੱਚ ਬੈਠ ਸਕਦੇ ਹਾਂ, ਜਿਥੇ ਮਰਿਆਦਾ ਤੋੜ ਦਿੱਤੀ ਜਾਵੇ। ਰਵਿਦਾਸ ਜੀ ਕਹਿਣ ਲੱਗੇ, ਰਾਣਾ ਸਾਹਿਬ! ਐਉਂ ਨਾ ਕਰੋ, ਅਸੀਂ ਆਰਾਮ ਨਾਲ ਆਪਣੇ ਕਮਰੇ ਵਿੱਚ ਬੈਠਦੇ ਹਾਂ, ਇਨ੍ਹਾਂ ਨੇ ਹਟਣਾ ਨਹੀਂ ਹਿੰਡੀ ਲੋਕ ਨੇ,

ਜਿੱਦੀ ਨੇ। ਤੁਹਾਡਾ ਯੱਗ ਸਾਰਾ ਪਿਆ ਰਹਿ ਜਾਏਗਾ। ਤੁਸੀਂ ਐਉਂ ਕਰੋ, ਤੁਸੀਂ ਇਨ੍ਹਾਂ ਨੂੰ ਪ੍ਰਸ਼ਾਦਾ ਛਕਾ ਦਿਓ, ਬਾਅਦ ਵਿੱਚ ਅਸੀਂ ਛਕ ਲਵਾਂਗੇ। ਕਹਿੰਦੇ ਮਹਾਰਾਜ! ਗੁਰੂ ਪੂਜਾ ਪਹਿਲਾਂ ਚਾਹੀਦੀ ਹੈ। ਕਹਿੰਦੇ ਸਾਡੇ ਵਲੋਂ ਛੁੱਟੀ ਹੈ, ਹਾਲਾਤ ਹੀ ਜਦ ਇਹੋ ਜਿਹੇ ਭੈੜੇ ਹੋ ਗਏ ਤੇ ਤੁਸੀਂ ਇਸ ਗੱਲ ਦੀ ਚਿੰਤਾ ਨਾ ਕਰੋ। ਅਖੀਰ ਰਾਣੀ ਝਾਲੀ ਨੇ ਤੇ ਉਸੇ ਘਰਵਾਲੇ ਰਾਣਾ ਨੇ ਕਿਹਾ ਕਿ ਚੰਗਾ, ਬ੍ਰਾਹਮਣ ਦੇਵਤਾ! ਗੁਰੂ ਜੀ ਇਸ ਗੱਲ ਨੂੰ ਮੰਨ ਗਏ ਨੇ ਕਿ ਅਸੀਂ ਬਾਅਦ ਵਿੱਚ ਛਕ ਲਵਾਂਗੇ, ਇਨ੍ਹਾਂ ਉੱਚੀ ਜਾਤੀਆਂ ਨੂੰ ਪਹਿਲਾਂ ਛਕਾ ਲਓ। ਪੰਗਤਾਂ ਲਗ ਗਈਆਂ। ਲੰਗਰ ਵਰਤਾਉਣੇ ਸ਼ੁਰੂ ਹੋ ਗਏ, ਹੁਣ ਵਾਹਿਗੁਰੂ-

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥ ਅੰਗ -451***

ਉਹ ਕਦੇ ਭਗਤ ਨੂੰ ਛੋਟਾ ਨਹੀਂ ਹੋਣ ਦਿੰਦਾ। ਇਹ ਉਹਦੇ ਵਿੱਚ ਕੁਦਰਤੀ ਆਪਣੇ ਭਗਤਾਂ ਦਾ ਪਿਆਰ ਹੋਣ ਕਰਕੇ, ਭਗਤਾਂ ਦੀ ਮਹਿਮਾ ਹੀ ਮਹਿਮਾ ਕਰਾਉਂਦਾ ਹੈ। ਛੋਟੀ ਗੱਲ ਨਹੀਂ ਹੋਣ ਦਿੰਦਾ। ਉਸ ਵੇਲੇ ਪ੍ਰਮੇਸ਼ਰ ਜੀ ਹਾਜ਼ਰ ਹੋ ਜਾਂਦੇ ਨੇ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,***
***ਬੰਨੇ ਹੋਏ ਸੱਚੇ ਪਿਆਰ ਦੇ।***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥ ਅੰਗ - 403***

ਕਹਿਣ ਲੱਗੇ, ਮੇਰੇ ਪਿਆਰੇ ਦਾ, ਮੇਰੇ ਭਗਤ ਦਾ ਐਨਾ ਨਿਰਾਦਰ, ਇਹ ਜਾਤ ਅਭਿਮਾਨੀ ਭੁੱਲ ਗਏ ਪ੍ਰਮੇਸ਼ਰ ਨੂੰ, ਉਹਦੀ ਸ਼ਕਤੀ ਨੂੰ ਭੁੱਲ ਗਏ? ਐਨੇ ਕਰਮਕਾਂਡ ਵਿੱਚ ਮਸਤ ਹੋ ਗਏ। ਕਹਿੰਦੇ, ਕੋਈ ਨਾ, ਪੰਗਤਾਂ ਲਗ ਗਈਆਂ। ਛੱਤੀ ਪ੍ਰਕਾਰ ਦੇ ਭੋਜਨ ਥਾਲਾਂ 'ਚ ਪੈਣੇ ਸ਼ੁਰੂ ਹੋ ਗਏ। ਉਸ ਵੇਲੇ ਰਾਣੇ ਨੇ, ਜੋ ਦੇਖ ਰਿਹਾ ਸੀ, ਗਲ 'ਚ ਪੱਲਾ ਪਾਇਆ ਹੋਇਆ ਹੈ, ਦੋਵੇਂ ਹੱਥ ਬੰਨ੍ਹ ਕੇ ਕਿਹਾ, ਬ੍ਰਾਹਮਣ ਦੇਵਤਾ ਜੀ! ਤੁਸੀਂ ਰਿਸ਼ੀਆਂ-ਮੁਨੀਆਂ ਦੇ ਨੁਮਾਇੰਦੇ ਓਂ, ਸਾਡਾ ਯੱਗ ਸੰਪੂਰਨ ਹੋਵੇ ਤੇ ਤੁਸੀਂ ਹੁਣ ਭੋਜਨ ਛਕੋ। ਜਦ ਬੁਰਕੀ ਤੋੜਨ ਵਾਸਤੇ ਹੱਥ ਅੱਗੇ ਵਧਾਇਆ, ਨਾਲ ਕੀ ਦੇਖਦੇ ਨੇ ਕਿ ਇੱਕ ਹੱਥ ਹੋਰ ਨਾਲ ਵਧ ਗਿਆ। ਉਹਨੇ ਪਹਿਲਾਂ ਬੁਰਕੀ ਤੋੜ ਲਈ, ਇਹ ਅਜੇ ਸੋਚਦੇ ਹੀ ਨੇ। ਦੇਖਣ ਲੱਗ ਗਏ, ਕਹਿਣ ਲੱਗੇ ਇਹ ਤਾਂ ਬੜਾ ਮਾੜਾ ਕੰਮ ਹੋਇਆ। ਇਹ ਤਾਂ ਰਵਿਦਾਸ ਜੀ ਮੇਰੇ ਨਾਲ ਹੀ ਬੈਠ ਗਿਆ -

***ਧਾਰਨਾ - ਹਰਿ ਜੀ ਧਾਰ ਕੇ ਰੂਪ ਰਵਿਦਾਸ ਦਾ,***
***ਪੰਗਤਾਂ ਦੇ ਵਿੱਚ ਬੈਠ ਗਏ।***

ਕਹਿਣ ਲੱਗੇ, ਤੁਸੀਂ ਛਕਦੇ ਕਿਉਂ ਨਹੀਂ? ਪਹਿਲਾ ਬ੍ਰਾਹਮਣ ਬੋਲਿਆ ਕਿ ਰਾਜਨ! ਅਸੀਂ ਕਿਵੇਂ ਛਕੀਏ, ਰਵਿਦਾਸ ਜੀ ਨੂੰ ਤੁਸੀਂ ਮਨ੍ਹਾ ਕੀਤਾ ਸੀ, ਉਹ ਤਾਂ ਮੇਰੇ ਨਾਲ ਬੈਠੇ ਮੇਰੀ ਹੀ ਥਾਲੀ 'ਚੋਂ ਬੁਰਕੀ ਤੋੜਦੇ ਨੇ। ਮੈਂ ਖਾਵਾਂ ਕਿਵੇਂ? ਰਾਣਾ ਕਹਿਣ ਲੱਗੇ, ਮਹਾਂਪੁਰਸ਼ੋ! ਤੁਹਾਨੂੰ ਕੋਈ ਭੁਲੇਖਾ

ਲਗ ਗਿਆ। ਔਹ ਦੇਖੋ ਸਾਹਮਣੇ ਰਵਿਦਾਸ ਜੀ ਸਾਰਿਆਂ ਦਾ ਦਰਸ਼ਨ ਕਰ ਰਹੇ ਨੇ। ਖੁਲ੍ਹੇ ਦਰਵਾਜ਼ੇ ਨੇ ਆਹ ਸਾਮ੍ਹਣੇ ਬੈਠੇ ਨੇ। ਸਾਰੇ ਦੇਖਣ ਲੱਗ ਗਏ, ਹੈਰਾਨ ਹੋ ਗਏ, ਕਹਿੰਦੇ ਉਹ ਤਾਂ ਉਹ ਬੈਠੇ ਨੇ ਤੁਸੀਂ ਛਕਦੇ ਕਿਉਂ ਨਹੀਂ ਓਂ। ਕਹਿੰਦੇ, ਜੇ ਭਲਾ ਬੈਠ ਵੀ ਗਏ ਤਾਂ ਇੱਕ ਦੇ ਨਾਲ ਬੈਠ ਗਏ ਤੁਸੀਂ। ਤੁਸੀਂ ਹੁਣ ਮੰਨ ਲਓ ਏਸ ਗੱਲ ਨੂੰ ਕਿ ਉਹ ਤਾਂ ਸਾਮ੍ਹਣੇ ਬੈਠੇ ਨੇ। ਕਹਿੰਦੇ, ਬੈਠੇ ਤਾਂ ਓਹੀ ਨੇ ਸਾਮ੍ਹਣੇ। ਫੇਰ ਤੇਰੇ ਨਾਲ ਕੌਣ ਆ ਬੈਠਿਆ। ਐਨੇ ਨੂੰ ਦੂਜਾ ਬ੍ਰਾਹਮਣ ਕਹਿੰਦਾ ਇਹਦੇ ਨਾਲ ਹੀ ਨਹੀਂ ਮੇਰੇ ਨਾਲ ਵੀ ਬੈਠੇ ਨੇ। ਤੀਜਾ ਕਹਿੰਦਾ, ਮੇਰੇ ਨਾਲ ਵੀ ਨੇ। ਸਾਰੀ ਪੰਗਤ ਲੱਗੀ ਹੋਈ ਸੀ ਬਹੁਤ ਵੱਡੀ, ਕਹਿੰਦੇ ਰਾਣਾ ਜੀ! ਹੁਣ ਕੀ ਕਹੀਏ, ਕੁਝ ਕਹਿਆ ਨਹੀਂ ਜਾ ਸਕਦਾ। ਸਿਆਣੇ-ਸਿਆਣੇ ਬ੍ਰਾਹਮਣ ਉਠੇ, ਕਹਿੰਦੇ ਦੇਖੋ, ਇਹ ਪ੍ਰਮੇਸ਼ਰ ਦਾ ਕੌਤਕ ਵਰਤ ਰਿਹਾ ਹੈ। ਆਪਾਂ ਜਾਤ ਦੇ ਅਭਿਮਾਨੀ ਹੋ ਕੇ ਰਵਿਦਾਸ ਜੀ ਨੂੰ ਔਹ ਬਿਠਾ ਦਿੱਤਾ। ਕਹਿੰਦੇ, ਹਾਂ ਔਹ ਬੈਠੇ ਨੇ। ਪਰ ਭਗਵਾਨ ਨੇ ਰੂਪ ਧਾਰ ਲਏ ਹਜ਼ਾਰਾਂ ਹੀ, ਹਰੇਕ ਦੇ ਨਾਲ ਬੈਠ ਗਏ, ਹੁਣ ਦੱਸੋ ਕੀ ਕਰੀਏ? ਉਸ ਵੇਲੇ ਕਹਿਣ ਲੱਗੇ, ਮਹਾਰਾਜ! ਰਵਿਦਾਸ ਜੀ ਨੂੰ ਲਿਆਓ ਤੇ ਇੱਥੇ ਉੱਚੇ ਪਲੰਘ 'ਤੇ ਬਿਠਾਓ। ਪ੍ਰਸ਼ਾਦਾ ਉਨ੍ਹਾਂ ਨੂੰ ਛਕਾਓ, ਫੇਰ ਅਸੀਂ ਛਕਾਂਗੇ। ਰਵਿਦਾਸ ਜੀ ਨੂੰ ਲਿਆਂਦਾ ਗਿਆ, ਪ੍ਰਸ਼ਾਦਾ ਦਿੱਤਾ ਅਤੇ ਜਿਸ ਵਕਤ ਪ੍ਰਸ਼ਾਦਾ ਰਵਿਦਾਸ ਜੀ ਖਾਣ ਲੱਗੇ ਸਾਰਿਆਂ ਦੀਆਂ ਥਾਲੀਆਂ ਦੇ ਨਾਲੋਂ ਰਵਿਦਾਸ ਜੀ ਗਾਇਬ ਹੋ ਗਏ। ਸੋ ਮਹਾਰਾਜ ਕਹਿੰਦੇ, ਐਸੀਆਂ ਕਰਨੀਆਂ –

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*

***ਅੰਗ – 487***

ਰਵਿਦਾਸ ਜੀ ਕਹਿੰਦੇ, ਹੇ ਪ੍ਰਭੂ –

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ 1 ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ ॥* ***ਅੰਗ – 1106***

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਦੇ ਕੋਲ ਨਾਮ ਦਾ ਧਨ ਹੈ –

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

***ਅੰਗ – 134***

ਤੇ ਜਿਹੜੇ ਨਾਮ ਜਪਣ ਵਾਲੇ ਪ੍ਰਮੇਸ਼ਰ ਨੇ ਆਪਣੇ ਬਣਾ ਲਏ, ਜਿਨ੍ਹਾਂ ਨੂੰ ਪ੍ਰਵਾਨ ਕਰ ਲਿਆ, ਉਨ੍ਹਾਂ ਦੀ ਧੰਨ-ਧੰਨ ਤਾਂ ਹੋਣੀ ਹੀ ਸਾਧਸੰਗਤ ਜੀ। ਜਿਹੜੇ ਰਾਮ ਦੇ ਬਣ ਗਏ, ਐਸ ਤਰ੍ਹਾਂ ਪੜ੍ਹ ਲਓ ਸਾਰੇ ਪਿਆਰ ਨਾਲ –

***ਧਾਰਨਾ - ਧੰਨ ਧੰਨ ਬਈ ਜਗਤ 'ਤੇ ਹੋਵੇ,***
***ਰਾਮ ਦੇ ਪਿਆਰਿਆਂ ਦੀ।***

ਜਿਹੜੇ ਆਪਣੇ ਬਣਾ ਲਏ -

***ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥***

***ਅੰਗ - 134***

ਇੱਥੇ ਵੀ ਧੰਨ-ਧੰਨ, ਦਰਗਾਹ ਵਿੱਚ ਵੀ ਧੰਨ-ਧੰਨ, ਮਹਾਰਾਜ ਕਹਿੰਦੇ ਇਹ ਦਾਤ ਹੈ ਗੁਰੂ ਦੀ। ਕੋਈ ਧੱਕੇ ਨਾਲ, ਜ਼ੋਰ ਨਾਲ ਨਹੀਂ ਲੈ ਸਕਦਾ। ਗੁਰੂ ਜਿਸਨੂੰ ਦਿੰਦਾ ਹੈ, ਉਹਨੂੰ ਪ੍ਰਾਪਤ ਹੁੰਦੀ ਹੈ ਇਹ ਦਾਤ -

***ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥***

***ਅੰਗ - 134***

ਜੇ ਧੱਕੇ ਨਾਲ ਹੀ ਚੀਜ਼ ਮਿਲ ਜਾਵੇ ਤਾਂ ਦੁਨੀਆਂ ਚੌਰਾਸੀ ਦੇ ਚੱਕਰ ਵਿੱਚ ਕਿਉਂ ਘੁੰਮੇਟਣੀਆਂ ਖਾਵੇ। ਇਹ ਮਿਲਦੀ ਹੈ ਸਾਧੂਆਂ ਦੀ ਸੰਗਤ ਕਰਕੇ।

***ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਅੰਗ - 134***

ਉਹ ਪਿਆਰ ਦਾ ਰੰਗ ਮਾਣਦੇ ਨੇ ਜਿਨ੍ਹਾਂ ਨੇ ਸੰਗਤ ਸਾਧੂਆਂ ਦੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਕੀਤੀ। ਉਹ ਪ੍ਰਵਾਨ ਰੂਹਾਂ ਬਣ ਗਈਆਂ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।*

# 5

## ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਤੁਧ ਬਿਨ ਅਵਰ ਨ ਕੋਈ ਸਾਹਿਬਾ,*
*ਤੁਧ ਬਿਨ ਅਵਰ ਨਾ ਕੋਈ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

*ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥*
*ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥ 1 ॥*
*ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ ॥*
*ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥1 ॥ਰਹਾਉ॥*
*ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ ॥*
*ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥ 2 ॥*
*ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥*

***ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥ 3 ॥***
***ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ ॥***
***ਨਾਨਕ ਦਰਸ ਪਿਆਸ ਲੋਚਾ ਪੂਰੀਐ ॥ ਅੰਗ - 378***

ਸਾਧਸੰਗਤ ਜੀ! ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਉਨ੍ਹਾਂ ਦੀ ਕ੍ਰਿਪਾ ਦੇ ਨਾਲ ਬੈਠੇ ਹਾਂ ਕਿਉਂਕਿ ਇਸ ਰਸਤੇ 'ਤੇ ਚੱਲਣਾ ਬਹੁਤ ਮੁਸ਼ਕਲ ਹੈ। ਔਖੇ ਤੋਂ ਔਖਾ ਆਦਮੀ ਕੰਮ ਕਰ ਸਕਦਾ ਹੈ। ਆਪਣੀ ਹਿੰਮਤ ਦੇ ਨਾਲ ਵੱਡੀਆਂ-ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ ਪਰ ਦੋ ਚੀਜ਼ਾਂ ਪਾਰਬ੍ਰਹਮ ਪ੍ਰਮੇਸ਼ਰ ਨੇ ਆਪਣੇ ਹੱਥ ਵਿਚ ਰੱਖੀਆਂ ਹੋਈਆਂ ਨੇ। ਇਕ ਤਾਂ ਹਰੀ ਦਾ ਕੀਰਤਨ ਦੂਸਰਾ ਸਾਧੂਆਂ ਦੀ ਸੰਗਤ। ਇਹ ਪਿੱਛੇ ਕੋਈ ਕੀਤਾ ਹੋਇਆ ਪੁੰਨ ਕਰਮ ਜਾਗ ਪਵੇ ਤਾਂ ਇਹ ਪ੍ਰਾਪਤ ਹੋਇਆ ਕਰਦੀ ਹੈ। ਸੋ ਜੋ ਆਪਾਂ ਨੂੰ ਥੋੜ੍ਹਾ ਜਿਹਾ ਸਮਾਂ ਮਿਲਿਆ ਹੈ, ਗੁਰੂ ਦਾ ਜਸ ਕਰਨਾ ਹੈ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ। ਵਿਚਾਰ ਕੇ ਨਿਰਣਾ ਕਰੋ, ਉਸ ਤੋਂ ਬਾਅਦ ਮੰਨ ਲਓ। ਮੰਨਣ ਤੋਂ ਬਾਅਦ ਫੇਰ ਉਹਦੇ ਉਤੇ ਆਪਣਾ ਜੀਵਨ ਬਤੀਤ ਕਰੋ। ਇਸ ਤਰ੍ਹਾਂ ਕਰਦਿਆਂ ਇਸ ਸੰਸਾਰ ਦਾ ਜੋ ਚੱਕਰ ਹੈ, ਬਾਰ-ਬਾਰ ਸਾਡੇ ਗਲ ਪੈਂਦਾ ਹੈ। ਉਸ ਤੋਂ ਅਸੀਂ ਛੁੱਟ ਜਾਵਾਂਗੇ ਕਿਉਂਕਿ ਵਾਹਿਗੁਰੂ ਜੀ ਨੇ ਇਹ ਸੰਸਾਰ ਆਪਣੇ ਆਪ ਤੋਂ ਆਪੇ ਹੀ ਬਣਾਇਆ ਹੈ। ਬਹੁਤ ਸਾਰੇ ਮੱਤ ਸੰਸਾਰ 'ਚ ਐਸੇ ਵੀ ਹਨ, ਭਾਰਤ ਵਰਸ਼ ਵਿਚ, ਜਿਨ੍ਹਾਂ ਦਾ ਇਹ ਖਿਆਲ ਹੈ ਕਿ ਤਿੰਨ ਚੀਜ਼ਾਂ ਇਥੇ ਸਨ, ਇਕ ਤਾਂ ਈਸ਼ਵਰ ਸੀ ਤੇ ਇਕ ਇਹ ਪ੍ਰਕ੍ਰਿਤੀ ਜਿਹਨੂੰ ਮਾਇਆ ਕਹਿੰਦੇ ਹਾਂ, ਜੜ੍ਹ ਕਹਿੰਦੇ ਹਾਂ, matter ਕਹਿੰਦੇ ਹਾਂ ਅੰਗ੍ਰੇਜ਼ੀ ਦੇ ਵਿਚ; ਇਹ ਸੀਗੀ। ਤੀਸਰਾ ਇਥੇ ਜੀਵ ਸੀ ਜਿਹੜਾ ਆਪਾਂ ਆਪਣੇ ਆਪ ਨੂੰ ਗਲਤੀ ਨਾਲ ਸਰੀਰ ਮੰਨਦੇ ਹਾਂ ਪਰ ਇਹ 'ਮੈਂ' ਜੀਵ ਆਤਮਾ ਹੈ। ਇਹ ਤਿੰਨੋਂ ਹੀ ਘੁੰਮਦੇ ਫਿਰਦੇ ਨੇ। ਵਾਹਿਗੁਰੂ ਦਾ ਪ੍ਰਕਾਸ਼ ਹੁੰਦੈ ਪ੍ਰਕ੍ਰਿਤੀ 'ਚ, ਪ੍ਰਕ੍ਰਿਤੀ ਫੜ ਲੈਂਦੀ ਹੈ ਜੀਵ ਨੂੰ, ਜੀਵ ਜਿਹੜਾ ਹੈ ਮੁੜ ਕੇ ਇਹ ਵਿਸ਼ੇ-ਵਿਕਾਰਾਂ 'ਚ ਪੈ ਕੇ ਪ੍ਰਕ੍ਰਿਤੀ ਵੱਲ ਨੂੰ ਖਿੱਚਿਆ ਜਾਂਦਾ ਹੈ, ਵਾਹਿਗੁਰੂ ਵੱਲ ਨੂੰ ਨਹੀਂ ਖਿੱਚ ਹੁੰਦਾ। ਮਾਇਆ (matter) ਦੀਆਂ ਚੀਜ਼ਾਂ ਦੇ ਨਾਲ ਇਹਦਾ ਮੋਹ ਪੈਂਦੈ। ਇਸ ਪਾਸੇ ਨੂੰ ਜ਼ਿਆਦਾ ਖਿਆਲ ਹੋਣ ਦੇ ਨਾਲ, ਇਹ ਕਰਮ ਕਰ ਲੈਂਦੈ। ਕਰਮ ਕਰਨ ਦੇ ਨਾਲ ਕਰਮ ਇਹਨੂੰ ਫੜ ਲੈਂਦੇ ਨੇ, ਚੱਕਰ ਸ਼ੁਰੂ ਹੋ ਜਾਂਦੈ। ਇਹ ਸਾਰਾ ਜਿੰਨਾਂ ਚੱਕਰ ਹੈ, ਕਰਮਾਂ ਦਾ ਚੱਕਰ ਹੈ। ਜੇ ਆਪਾਂ ਪਿਛਾਂਹ ਨੂੰ ਮੁੜ ਲਈਏ ਆਪਣੇ ਆਪ ਨੂੰ ਜਿਵੇਂ reverse gear ਲਗ ਜਾਂਦੈ ਗੱਡੀਆਂ ਨੂੰ, ਤਾਂ ਅਸੀਂ ਆਪਣੀ ਪਿਛਾਂਹ ਨੂੰ ਪਰਤ ਜਾ **(back to source)** ਸਕਦੇ ਹਾਂ। ਜਿੱਥੋਂ ਵਿਛੜੇ ਸੀ ਉਥੇ ਜਾ ਸਕਦੇ ਹਾਂ। ਗੁਰੂ ਮਹਾਰਾਜ ਦਾ ਇਹ ਮੱਤ ਹੈ ਕਿ ਨਾ ਪ੍ਰਕ੍ਰਿਤੀ ਸੀ ਤੇ ਨਾ ਜੀਵ ਸੀ। ਕੇਵਲ ਵਾਹਿਗੁਰੂ ਜੀ ਆਪ ਹੀ ਆਪ ਸੀ, ਹੋਰ ਕੋਈ ਚੀਜ਼ ਨਹੀਂ ਸੀ। ਉਨ੍ਹਾਂ ਨੇ ਆਪਣੇ ਆਪ ਨੂੰ ਜਦੋਂ ਸਾਕਾਰ ਕਰਿਆ, ਤਾਂ ਉਸ ਦਾ

ਨਾਮ ਏਕੰਕਾਰ ਹੋਇਆ, ਸੰਸਾਰ ਦੇ ਅੰਦਰ ਤੇ ਗੁਰੂ ਨਾਨਕ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰ '1', ਏਕਾ ਲਿਖ ਦਿਤਾ। 'ਏਕਾ' ਗਿਣਤੀ ਨਹੀਂ ਹੈ, ਏਕਾ ਇਕ ਹਸਤੀ ਹੈ, ਜਿਸ ਦਾ ਨਾਮ ਏਕੰਕਾਰ ਹੈ। ਏਕੰਕਾਰ ਤੋਂ ਆਪ ਹੀ ਸ਼ਬਦ ਪ੍ਰਗਟ ਕਰਿਆ–

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*

*ਅੰਗ - 463*

ਓਸ ਸ਼ਬਦ ਤੋਂ ਸ੍ਰਿਸ਼ਟੀ ਦੀ ਰਚਨਾ ਹੋ ਗਈ, ਰਚਨਾ ਹੋਣ ਦੇ ਨਾਲ ਹਉਮੈ ਤੱਤ ਦਾ ਸਭ ਤੋਂ ਪਹਿਲਾਂ ਪ੍ਰਕਾਸ਼ ਹੋਣ ਦੇ ਨਾਲ ਕੁੱਲ ਜਿੰਨੇ ਜੀਵ ਸੀ ਸਭ ਨੂੰ ਆਪਣੇ ਆਪ ਦਾ ਗਿਆਨ ਹੋ ਗਿਆ ਕਿ ਮੈਂ ਹਾਂ ਕੁਛ ਚੀਜ਼। ਉਹ ਹਉਮੈ ਦੇ ਵਿਚ ਜਿਹੜਾ ਵਾਹਿਗੁਰੂ ਸੀ ਅਖੰਡ ਜੋਤੀ, ਉਹ ਜਦੋਂ ਜੀਵ ਦੇ ਵਿਚ ਪ੍ਰਕਾਸ਼ ਹੋਇਆ, ਇਹ ਸਾਰਿਆਂ ਦਾ ਖਿਆਲ ਹੋ ਗਿਆ ਕਿ ਮੈਂ ਹਾਂ, ਮੈਂ ਹਾਂ। ਉਸ ਮੈਂ ਨੇ ਵੱਖਰਾ-ਵੱਖਰਾ ਦਿੱਸਣ ਲਾ ਦਿਤਾ ਪਰ ਸੀ ਤਾਂ ਅਖੰਡ ਜੋਤੀ। ਲੇਕਿਨ ਵਿਚਾਲੇ ਹਉਮੈ ਦਾ ਕ੍ਰਿਸ਼ਮਾ ਆਉਣ ਦੇ ਨਾਲ ਇਹ ਸੰਸਾਰ ਵੰਡਿਆ ਗਿਆ। ਉੱਚੇ-ਨੀਵੇਂ, ਚੰਗੇ ਮਾੜੇ, ਘਾਟੇ-ਵਾਧੇ ਇਹ ਸਾਰੀਆਂ ਚੀਜ਼ਾਂ ਪੈਦਾ ਹੋ ਗਈਆਂ। ਉਹਦੇ ਨਾਲ ਇਹ ਜੀਵ ਕਰਮ ਕਰਨ ਲੱਗ ਗਿਆ। ਕਰਦਾ ਫਸ ਗਿਆ। ਫਸਣ ਤੋਂ ਬਾਅਦ ਉਹਨੂੰ ਭੋਗਣ ਵਾਸਤੇ, ਇਹਨੂੰ ਬਾਰ-ਬਾਰ ਜੰਮਣਾ ਮਰਨਾ ਪੈਂਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਅੰਗ - 466*

ਬਾਰ-ਬਾਰ ਜੂਨੀਆਂ 'ਚ ਘੁੰਮਦਾ ਹੈ, ਜੇ ਇਹ ਗੱਲ ਸਾਡੇ ਸਮਝ 'ਚ ਆ ਜਾਵੇ, ਜਿੰਨੀ ਮੈਂ ਹੁਣ ਬੇਨਤੀ ਕਰੀ ਹੈ ਤਾਂ ਅਸੀਂ ਸਾਰੀ ਗੱਲ ਸਮਝਣ ਦੇ ਵਾਸਤੇ ਤਿਆਰ ਹੋ ਸਕਦੇ ਹਾਂ, ਕਿਉਂਕਿ ਹਉਮੈ ਦੇ ਬੰਨ੍ਹੇ ਹੋਏ ਅਸੀਂ ਬਾਰ-ਬਾਰ ਜੰਮਦੇ ਹਾਂ, ਬਾਰ-ਬਾਰ ਮਰਦੇ ਹਾਂ। ਹਉਮੈ ਜੋ ਅਸੀਂ ਕਰਮ ਕਰਦੇ ਹਾਂ ਉਹਨੂੰ ਫੜ ਲੈਂਦੀ ਹੈ। ਕਰਮ ਕੀਤਾ ਹੋਇਆ ਫਲ ਦੇਵੇਗਾ, ਅਵੱਸ਼ ਦੇਵੇਗਾ। ਕੋਈ ਕਰਮ ਐਸਾ ਨਹੀਂ ਜਿਹੜਾ ਫਲ ਨਾ ਦੇਵੇ। ਜਦੋਂ ਦੁਬਾਰਾ ਇਹ ਕਰਮ ਪਰਾਲਬਧ 'ਚ ਰਲ ਕੇ ਆਵੇਗਾ। ਉਸ ਵੇਲੇ ਸਾਨੂੰ ਭੋਗਣਾ ਪਵੇਗਾ -

*ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਸੋ ਇਹ ਜੋ ਸਾਨੂੰ ਮਾਨਸ ਜਨਮ ਮਿਲਿਆ ਹੈ, ਮੁੱਢ ਤੋਂ ਹੀ ਅਸੀਂ ਮਨੁੱਖ ਨਹੀਂ ਹਾਂ, ਨਾ ਸਾਡਾ ਸਫਰ ਹੁਣ ਤੋਂ ਸ਼ੁਰੂ ਹੋਇਐ। ਗੁਰੂ ਮਹਾਰਾਜ ਫੁਰਮਾਉਂਦੇ ਨੇ ਕਿ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*

*ਅੰਗ - 999*

ਤੈਨੂੰ ਪਤਾ ਹੈ ਕਿ ਤੂੰ ਕੌਣ ਹੈਂ ਕਿੱਥੋਂ ਆਇਆ ਹੈਂ? ਅਸੀਂ ਨਹੀਂ

ਦੱਸ ਸਕਦੇ, ਸਾਨੂੰ ਤਾਂ ਐਨਾ ਹੀ ਪਤਾ ਹੈ ਕਿ ਮਾਂ-ਬਾਪ ਨੇ ਸਾਨੂੰ ਦੱਸਿਆ ਕਿ ਫਲਾਣੇ ਦਿਨ ਫਲਾਣੇ ਥਾਂ ਦੇ ਉਤੇ ਤੂੰ ਪੈਦਾ ਹੋਇਆ, ਤੇਰਾ ਜਨਮ ਹੋਇਆ, ਉਸ ਤੋਂ ਪਹਿਲਾਂ ਅਸੀਂ ਕਿੱਥੇ ਸੀ? ਉਹਦਾ ਸਾਨੂੰ ਗਿਆਨ ਨਹੀਂ ਹੈ। ਕਿਸੇ ਤਰੀਕੇ ਨਾਲ ਸਾਨੂੰ ਗਿਆਨ ਨਹੀਂ ਹੋ ਸਕਦਾ। ਜਦੋਂ ਤੱਕ ਸਾਡੇ ਅੰਦਰ ਉਹ ਸੋਝੀ ਪੈਦਾ ਨਹੀਂ ਹੁੰਦੀ ਜਿਹੜੀ ਲੰਘ ਚੁੱਕੇ ਨੂੰ ਵੀ ਜਾਣਦੀ ਹੈ, ਆਉਣ ਵਾਲੇ ਨੂੰ ਵੀ ਜਾਣਦੀ ਹੈ, ਹੁਣ ਵਾਲੇ ਸਮੇਂ ਨੂੰ ਵੀ ਜਾਣਦੀ ਹੈ। ਉਹ ਇਕ ਬੁੱਧ ਹੁੰਦੀ ਹੈ ਆਦਮੀ ਦੇ ਅੰਦਰ, ਉਹਨੂੰ ਉਨਮਨ ਕਹਿੰਦੇ ਨੇ ਜਾਂ ਸਿੱਧ ਕਹਿੰਦੇ ਨੇ, ਸੁੱਧ ਕਹਿੰਦੇ ਨੇ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ- 8*

ਉਹ ਇਕ ਬੁੱਧੀ ਹੈ ਆਦਮੀ ਦੇ ਅੰਦਰ, ਪਰ ਉਹ ਵਿਕਸਤ ਨਹੀਂ ਹੁੰਦੀ, ਕਿਸੇ-ਕਿਸੇ ਦੇ ਅੰਦਰ ਵਿਕਸਤ ਹੁੰਦੀ ਹੈ, ਉਹਦੇ ਵਿਚ ਇਹ ਸ਼ਕਤੀ ਹੁੰਦੀ ਹੈ ਜੇ ਉਹ ਵਿਕਸਤ ਹੋ ਜਾਵੇ ਤਾਂ ਹਜ਼ਾਰ ਸਾਲ ਜਿਹੜਾ ਸਾਨੂੰ ਪਹਿਲਾਂ ਲੰਘ ਗਿਆ, ਉਸ ਸਮੇਂ ਨੂੰ ਖਿੱਚ ਕੇ ਵਰਤਮਾਨ 'ਚ ਬਦਲ ਦਿੰਦੀ ਹੈ, ਜਿਹੜਾ ਲੰਘਿਆ ਹੋਇਆ ਹੈ ਉਹ ਹੁਣ 'ਚ ਲਿਆ ਦੇਵੇਗੀ। ਇਨ੍ਹਾਂ ਅੱਖਾਂ ਨਾਲ ਹੀ ਦਿੱਸਣ ਲਗ ਜਾਏਗਾ ਕਿ ਮੈਂ ਕੀ ਕਰਿਆ ਸੀ, ਕੀ ਸੀਗਾ, ਕਿਸ ਤਰ੍ਹਾਂ ਮੇਰੇ ਨਾਲ ਹੋਇਆ ਸੀ। ਉਹ ਨਾ ਹੋਣ ਕਰਕੇ ਸਾਨੂੰ ਕੇਵਲ ਇਸੇ ਜਨਮ ਦਾ ਪਤਾ ਹੈ, ਬਾਕੀ ਦਾ ਨਹੀਂ। ਮਹਾਰਾਜ ਕਹਿੰਦੇ, ਤੈਨੂੰ ਪਤੈ ਕਿ ਤੂੰ ਕੌਣ ਹੈਂ, ਕਿੱਥੋਂ ਆਇਐਂ? 'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥ ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥' ਬਹੁਤ ਵੱਡਾ ਹੁਸ਼ਿਆਰ ਹੈਂ ਤੂੰ, ਕਹਿੰਦੈ ਕਿ ਮੈਂ ਵੱਡੀ ਪੜ੍ਹਾਈ ਕਰੀ ਹੈ। ਬੜੇ ਗ੍ਰੰਥ ਪੜ੍ਹੇ ਨੇ, ਬਹੁਤ ਕੁਛ ਮੈਂ ਜਾਣਦਾ ਹਾਂ, ਕਹਿੰਦੇ ਤੈਨੂੰ ਐਨਾ ਤਾਂ ਪਤਾ ਨਹੀਂ ਹੈ ਕਿ ਤੂੰ ਆਇਆ ਕਿਥੋਂ ਹੈਂ? ਜਦੋਂ ਅਸੀਂ ਗੁਰੂ ਮਹਾਰਾਜ ਨੂੰ ਪੁੱਛਦੇ ਹਾਂ ਕਿ ਸੱਚੇ ਪਾਤਸ਼ਾਹ! ਤੁਸੀਂ ਦੱਸ ਦਿਓ ਸਾਨੂੰ ਕਿ ਅਸੀਂ ਕਿੱਥੋਂ ਆਏ ਹਾਂ? ਮਹਾਰਾਜ ਕਹਿੰਦੇ ਇਕ ਤੂੰ ਨਹੀਂ, ਸਾਰਾ ਸੰਸਾਰ ਜਿਸ ਥਾਂ ਤੋਂ ਆਇਐ, ਜਿਸ ਤਰ੍ਹਾਂ ਦੇ ਨਾਲ ਇਹ ਮਨੁੱਖਾ ਦੇਹੀ ਪ੍ਰਾਪਤ ਕਰੀ ਐ, ਉਹ ਥੋੜ੍ਹੇ ਜਿਹੇ ਅੱਖਰਾਂ ਦੇ ਨਾਲ ਇਸ ਤਰ੍ਹਾਂ ਵਰਣਨ ਕੀਤਾ ਜਾ ਸਕਦੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ 1 ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥* *ਅੰਗ- 176*

ਜੋ ਚੌਰਾਸੀ ਲੱਖ ਜੂਨ ਨਜ਼ਰ ਆਉਂਦੀ ਹੈ, ਇਹਦੇ ਵਿਚੋਂ ਤੂੰ ਹੁੰਦਾ ਹੋਇਆ, ਕਿੰਨੇ-ਕਿੰਨੇ ਜਨਮ ਤੂੰ ਕੀੜੇ-ਪਤੰਗੇ ਬਣਦਾ ਰਿਹਾ। ਕਿੰਨੇ ਜਨਮ ਤੂੰ ਦਰਖਤ ਵੀ ਬਣਦਾ ਰਿਹਾ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ਅੰਗ- 156***

ਪਸ਼ੂ ਵੀ ਬਣਦਾ ਰਿਹਾ, ਪੇਟ ਦੇ ਭਾਰ ਤੁਰਨ ਵਾਲਾ ਜੀਵ ਵੀ ਬਣਦਾ ਰਿਹਾ। ਫੰਗਾਂ ਦੇ ਨਾਲ ਉਡਣ ਵਾਲਾ ਵੀ ਬਣਦਾ ਰਿਹਾ। ਬਹੁਤ ਦੇਰ ਲੰਘ ਗਈ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਅੰਗ- 631***

ਇਕ ਯੁੱਗ ਨਹੀਂ ਦੋ ਯੁੱਗ ਨਹੀਂ, ਮਹਾਰਾਜ ਕਹਿੰਦੇ, ਬਹੁਤ ਯੁੱਗ ਲੰਘ ਗਏ ਤੈਨੂੰ, ਬਹੁਤ ਸਮਾਂ ਲੰਘਣ ਤੋਂ ਬਾਅਦ ਮਨੁੱਖ ਦੀ ਦੇਹ ਤੈਨੂੰ ਪ੍ਰਾਪਤ ਹੋਈ ਹੈ -

***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***
***ਅੰਗ- 631***

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- 12***

ਇਹ ਗੱਲ ਜਿਹੜੀ ਸਾਨੂੰ ਗੁਰੂ ਮਹਾਰਾਜ ਕਹਿੰਦੇ ਨੇ ਰੋਜ਼, ਅਸੀਂ ਗੰਭੀਰਤਾ ਨਾਲ ਨਹੀਂ ਪੜ੍ਹਦੇ, ਉਤੋਂ-ਉਤੋਂ ਪੜ੍ਹ ਲੈਂਦੇ ਹਾਂ, ਜੇ ਕਿਤੇ ਸਹੀ ਤਰੀਕੇ ਨਾਲ ਪੜ੍ਹ ਲਈਏ, ਕੰਬ ਜਾਈਏ ਅਸੀਂ ਕਿ ਹੈਂ ਇਹ ਤਾਂ ਗੱਲ ਅਸੀਂ ਭੁੱਲੇ ਹੀ ਰਹਿੰਦੇ ਹਾਂ। ਮਹਾਰਾਜ ਕਹਿੰਦੇ, ਦੇਹ ਤਾਂ ਤੈਨੂੰ ਮਿਲ ਗਈ ਮਨੁੱਖ ਦੀ। ਤੂੰ ਪ੍ਰਮੇਸ਼ਰ ਦਾ ਨਾਮ ਜਪਣਾ ਹੈ ਤੇ ਵਾਹਿਗੁਰੂ ਨੂੰ ਮਿਲਣਾ ਹੈ। ਵਾਹਿਗੁਰੂ ਕੋਈ ਬਾਹਰ ਨਹੀਂ ਰਹਿੰਦਾ, ਜੰਗਲਾਂ 'ਚ ਨਹੀਂ ਰਹਿੰਦਾ, ਅਸਮਾਨਾਂ 'ਚ ਨਹੀਂ ਰਹਿੰਦਾ, ਪਹਾੜਾਂ 'ਚ ਨਹੀਂ ਰਹਿੰਦਾ, ਤਾਰਿਆਂ-ਸਿਤਾਰਿਆਂ 'ਚ ਨਹੀਂ ਰਹਿੰਦਾ, ਸੱਤਵੇਂ ਅਸਮਾਨ 'ਚ ਨਹੀਂ ਰਹਿੰਦਾ, ਨਾ ਕੋਈ ਲੱਖਵੇਂ ਅਸਮਾਨ 'ਚ ਰਹਿੰਦੈ, ਕਹਿੰਦੇ ਹਰੇਕ ਦੇ ਅੰਦਰ ਰਹਿੰਦੈ।

ਕਈ ਪ੍ਰੇਮੀਆਂ ਨੂੰ ਇਹ ਖਿਆਲ ਹੋ ਜਾਂਦੈ ਕਿ ਵਾਹਿਗੁਰੂ ਇੱਕ ਹੈ, ਹਰੇਕ 'ਚ ਕਿਵੇਂ ਰਹਿ ਸਕਦੈ, ਦੁਨੀਆਂ ਦੇ ਵਿਚ ਬਹੁਤ ਮਿਸਾਲਾਂ ਨੇ ਜਿਹਦੇ ਨਾਲ ਥੋੜ੍ਹੀ ਜਿਹੀ ਸਾਡੇ ਸਮਝ 'ਚ ਆ ਸਕਦੀ ਹੈ।

ਪਾਣੀ ਦਾ ਹਜ਼ਾਰ ਬਰਤਨ ਭਰ ਕੇ, ਹਨ੍ਹੇਰੀ ਰਾਤ ਦੇ ਵਿਚ, ਜਦੋਂ ਚੰਦ ਪੂਰੇ ਜੋਬਨ 'ਤੇ ਹੋਵੇ, ਉਸ ਵੇਲੇ ਰੱਖ ਦਿਓ। ਹਰੇਕ ਬਰਤਨ ਦੇ ਵਿਚ ਤੁਹਾਨੂੰ ਚੰਦਰਮਾ ਨਜ਼ਰ ਆਏਗਾ। ਇੱਕ ਸ਼ੀਸ਼ਾ ਲੈ ਕੇ ਉਹਦੇ ਕਰੋੜ ਟੁਕੜੇ ਕਰਕੇ ਰੱਖ ਦਿਓ, ਛੋਟੇ ਤੋਂ ਛੋਟਾ ਚੁੱਕ ਕੇ ਦੇਖ ਲਓ, ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਏਗਾ। ਇਹਨੂੰ ਬਿੰਬ ਤੇ ਪ੍ਰਤੀਬਿੰਬ ਕਹਿੰਦੇ ਨੇ, ਇਹ ਤਾਂ ਹੈਗੇ ਜੜ੍ਹ, ਇਹ ਕੋਈ ਕੰਮ ਨਹੀਂ ਕਰ ਸਕਦੇ, ਲੇਕਿਨ ਵਾਹਿਗੁਰੂ

ਜੀ ਜਿਹੜੇ ਹੈਗੇ, ਚੇਤਨ ਹੋਣ ਕਰਕੇ, ਹਰੇਕ ਦੇ ਅੰਦਰ ਪੂਰੇ ਹੀ ਨੇ। ਸਾਡਾ ਅੰਦਰ ਕੋਈ ਛੋਟਾ ਨਹੀਂ ਹੈ, ਇਹਦੇ ਵਿਚ ਖੰਡ-ਮੰਡਲ, ਬ੍ਰਹਿਮੰਡ ਸਾਰੇ ਆ ਜਾਂਦੇ ਨੇ -

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- 695***

ਆਹ ਜਿਹੜਾ ਮਨੁੱਖ ਦਾ ਦਿਮਾਗ ਹੈ, ਇਹ ਬਹੁਤ ਵੱਡਾ ਹੈ, ਬੇਅੰਤ ਜਾਣਕਾਰੀ ਇਹਦੇ 'ਚ ਭਰੀ ਪਈ ਹੈ, ਬੇਅੰਤ ਚੀਜ਼ਾਂ ਇਹਦੇ 'ਚ ਭਰੀਆਂ ਪਈਆ ਨੇ, ਬੇਅੰਤ ਗੁਣ ਹਨ, ਬੇਅੰਤ ਅਵਗੁਣ ਹਨ, ਇਸੇ ਤਰ੍ਹਾਂ ਇਹਦੇ ਵਿਚ ਹੀ ਪ੍ਰਮੇਸ਼ਰ ਹੈ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥***
***ਅੰਗ - 1033***

ਸੋ ਜਿਹੜਾ ਥਾਉਂ ਹੈ ਨਿਰਮਲ ਥਾਂ, ਵਾਹਿਗੁਰੂ ਨੇ ਆਪਣਾ-ਆਪ ਉਪਾਅ ਕੇ ਸਰੀਰ 'ਚ ਰੱਖਿਆ ਹੈ -

***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਅੰਗ - 1033***

ਬੇਅੰਤ ਕੀਮਤੀ ਚੀਜ਼ਾਂ ਇਹਦੇ ਵਿਚ ਪਈਆਂ ਨੇ, ਬੇਅੰਤ ਦਿਮਾਗੀ ਸ਼ਕਤੀਆਂ ਇਹਦੇ ਵਿਚ ਪਈਆਂ ਨੇ, ਇਥੇ ਬੈਠਾ ਆਦਮੀ ਹਜ਼ਾਰਾਂ ਮੀਲ 'ਤੇ ਦੇਖ ਸਕਦੈ। ਐਸਾ ਵੀ ਹੋ ਸਕਦੈ ਕਿ ਇਥੇ ਬੈਠਾ ਹੀ ਹਜ਼ਾਰਾਂ ਮੀਲ 'ਤੇ ਫੋਰਨ ਪਹੁੰਚ ਸਕਦੈ। ਸਾਧਨਾ ਦੀ ਬਾਤ ਹੈ ਸਾਰੀ, ਮਹਾਰਾਜ ਕਹਿੰਦੇ ਉਹ ਸਭ ਪਈਆਂ ਨੇ, ਲੇਕਿਨ -

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਅੰਗ- 1033***

ਐਸਾ ਦਰਵਾਜ਼ਾ ਬੰਦ ਹੈ ਜਿਹੜਾ ਖੁੱਲ੍ਹ ਨਹੀਂ ਸਕਦਾ, ਕਿਸੇ ਤਰੀਕੇ ਨਾਲ। ਜਿੰਨਾਂ ਚਿਰ ਗੁਰੂ ਦੇ ਕੋਲ ਜਾ ਕੇ ਸ਼ਬਦ ਨਹੀਂ ਲੈਂਦਾ, ਮੰਤਰ ਨਹੀਂ ਲੈਂਦਾ, ਓਨਾ ਚਿਰ ਨਹੀਂ ਇਹ ਖੁੱਲ੍ਹਦਾ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***
***ਅੰਗ - 205***

ਕਿੰਨੇ ਹੀ ਉਪਾਅ ਕਰ ਲਏ ਨਹੀਂ ਮਿਲਦਾ, ਜਿੰਨਾ ਚਿਰ ਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ, ਚਾਬੀ ਨਹੀਂ ਲੈਂਦਾ, ਚਾਬੀ ਤੋਂ ਬਗੈਰ ਖੁੱਲ੍ਹਿਆ ਨਹੀਂ ਕਰਦਾ ਤੇ ਜਿਸ ਵਕਤ -

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***
***ਅੰਗ - 1033***

ਵਾਹਿਗੁਰੂ ਦਾ ਘਰ ਇਸ ਸਰੀਰ ਦੇ ਅੰਦਰ ਹੈ, ਮਹਾਰਾਜ ਕਹਿੰਦੇ ਇਹਨੂੰ ਤਾਂ ਮਿਲਣੈ, ਥੋੜ੍ਹਾ ਜਿਹਾ ਫਰਕ ਹੈ ਤੇਰਾ ਤੇ ਮੇਰਾ, ਜਿੰਨਾ ਚਿਰ ਤੇਰੇ ਅੰਦਰ 'ਮੈਂ' ਹੈ ਤੂੰ ਮਿਲ ਨਹੀਂ ਸਕਦਾ। ਕਿਉਂਕਿ ਉਹਨੇ ਦੀਵਾਰ ਬਣਾ ਦਿਤੀ–

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ - 624*

ਸੋ ਐਨਾ ਹੀ ਫਰਕ ਹੈ ਸਾਧਸੰਗਤ ਜੀ, ਕੋਈ ਬਹੁਤਾ ਫਰਕ ਨਹੀਂ ਹੈ, ਜੇ ਕੋਈ ਵਿਚਾਰ ਕਰਕੇ ਦੇਖੇ, ਮੈਂ ਤੇ ਤੂੰ ਦਾ ਹੈ, ਮੈਂ ਨੂੰ ਮਾਰਨੈ, ਤੂੰ ਨੇ ਪ੍ਰਗਟ ਹੋ ਜਾਣੈ। ਇਹਨੇ ਆਪੇ ਹੀ ਬਦਲ ਕੇ ਪ੍ਰਮੇਸ਼ਰ ਹੀ ਬਣ ਜਾਣੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*

*ਅੰਗ - 1375*

ਲੇਕਿਨ ਇਹ ਜੀਵ ਬਣ ਕੇ ਆਪਣਾ ਜਨਮ ਬਰਬਾਦ ਕਰ ਰਿਹੈ, ਏਸ ਪਾਸੇ ਨੂੰ ਆਉਂਦਾ ਨਹੀਂ, ਬੜੀ ਮੁਸ਼ਕਲ ਦੇ ਨਾਲ ਮਨੁੱਖ ਦੀ ਦੇਹ ਪ੍ਰਾਪਤ ਹੋਈ ਹੈ ਤੇ ਬੇਅੰਤ ਕੀਮਤੀ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਆ! ਏਸ ਦੇਹ ਨੂੰ ਐਵੇਂ ਨਾ ਸਮਝ, ਬਹੁਤ ਕੀਮਤੀ ਤੈਨੂੰ ਪ੍ਰਾਪਤ ਹੋਈ ਹੈ। ਲੇਕਿਨ ਵਿਸ਼ੇ ਵਿਕਾਰਾਂ ਦੇ ਵਿਚ ਪੈ ਕੇ ਮਾਇਆ ਦੇ ਨਾਲ ਤੂੰ ਮੋਹ ਲਾ ਕੇ, ਬਿਨਸਣ ਵਾਲੀਆਂ ਚੀਜ਼ਾਂ ਦੇ ਨਾਲ ਤੂੰ ਰਚ ਕੇ, ਆਪਣਾ ਸਮਾਂ ਤੂੰ ਨਸ਼ਟ ਕਰ ਰਿਹਾ ਹੈਂ। ਜਿਹੜੇ ਕੰਮ ਨੂੰ ਆਇਆ ਸੀ –

*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ– 176*

ਉਹਦੇ ਵਲ ਤੇਰਾ 1% ਵੀ ਧਿਆਨ ਨਾ ਹੋਣ ਕਰਕੇ, ਬਾਹਰਲੀਆਂ ਗੱਲਾਂ 'ਚ ਤੂੰ ਐਵੇਂ ਭੁੱਲਿਆ ਰਹਿੰਨੈਂ। ਸਾਰਾ ਦਿਨ ਭੁੱਲਿਆ ਰਹਿੰਦੈਂ, ਕੋਈ ਵਿਰਲਾ ਬੰਦਾ ਹੈ ਜਿਹਨੂੰ ਇਹ ਗੱਲ ਯਾਦ ਰਹੇ। ਬਾਕੀ ਸੰਸਾਰ ਭੁੱਲਦੈ, ਸੰਸਾਰ 'ਚ ਆਉਂਦੈ, ਥੋੜ੍ਹੇ ਜਿਹੇ ਕੰਮ ਕਰਦੈ –

*ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ - 138*

ਪੈਦਾ ਹੁੰਦੈ ਤਾਂ ਮਾਂ ਦੇ ਦੁੱਧ ਨਾਲ ਇਹਦਾ ਪਿਆਰ ਪੈ ਜਾਂਦੈ।

*ਦੂਜੈ ਮਾਇ ਬਾਪ ਕੀ ਸੁਧਿ ॥* *ਅੰਗ– 138*

ਥੋੜ੍ਹਾ ਜਿਹਾ ਵੱਡਾ ਹੁੰਦੈ, ਮਾਂ-ਬਾਪ ਦਾ ਪਤਾ ਲੱਗ ਜਾਂਦੈ।

*ਤੀਜੈ ਭਯਾ ਭਾਭੀ ਬੇਬ ॥* *ਅੰਗ - 138*

ਭਰਾ ਦਾ, ਰਿਸ਼ਤੇਦਾਰਾਂ ਦਾ ਪਤਾ ਲਗ ਜਾਂਦੈ, ਥੋੜ੍ਹਾ ਹੋਰ ਵੱਡਾ ਹੁੰਦੈ –

*ਚਉਥੈ ਪਿਆਰਿ ਉਪੰਨੀ ਖੇਡ ॥* *ਅੰਗ - 138*

***ਪੰਜਵੈ ਖਾਣ ਪੀਅਣ ਕੀ ਧਾਤੁ ॥*** ***ਅੰਗ - 138***

ਜਵਾਨ ਹੋ ਜਾਂਦੈ, ਸ਼ਰਾਬਾਂ 'ਚ ਪੈ ਗਿਆ, ਮਾਸ ਖਾਣ ਲੱਗ ਗਿਆ, ਹੋਰ ਗਲਤ ਕੰਮ ਕਰਨ ਲੱਗ ਗਿਆ। ਆਪ ਵੀ ਦੁਖੀ ਤੇ ਸੰਸਾਰ ਨੂੰ ਵੀ ਦੁਖੀ ਕਰਨ ਲੱਗ ਗਿਆ। ਇਹਦੇ ਵਿਚ ਸਮਾਂ ਬਰਬਾਦ ਹੋ ਜਾਂਦੈ ਇਸਦਾ।

***ਛਿਵੈ ਕਾਮੁ ਨ ਪੁਛੈ ਜਾਤਿ ॥*** ***ਅੰਗ- 138***

ਛੇਵੀਂ ਅਵਸਥਾ ਦੇ ਵਿਚ ਕਾਮ ਇਹਦੇ ਵਿਚ ਐਨਾ ਜ਼ੋਰ ਕਰ ਜਾਂਦੈ। ਜਾਤ-ਕੁਜਾਤ ਰਿਸ਼ਤੇਦਾਰੀ ਦਾ ਵੀ ਕੋਈ ਧਿਆਨ ਨਹੀਂ ਰੱਖਦਾ ਇਹ, ਨਾ ਆਪਣੀ ਇੱਜ਼ਤ ਦਾ ਧਿਆਨ ਰਖਦੈ।

***ਸਤਵੈ ਸੰਜਿ ਕੀਆ ਘਰ ਵਾਸੁ ॥*** ***ਅੰਗ - 138***

ਸੱਤਵੀਂ ਅਵਸਥਾ ਦੇ ਅੰਦਰ, ਪੈਸੇ ਜੋੜਦੈ, ਮਕਾਨ ਬਣਾ ਲਵਾਂ, ਕੋਠੀਆਂ, ਬਣਾ ਲਵਾਂ, ਜ਼ਮੀਨਾਂ ਖਰੀਦ ਲਵਾਂ, ਬਾਹਰ ਫੈਕਟਰੀਆਂ ਲਾ ਲਵਾਂ, ਦਿਨ ਰਾਤ ਹੀ ਇਸ ਦੇ ਵਿਚ ਪਿਆ ਰਹਿੰਦੈ। ਅਵਸਥਾ ਲੰਘਦੀ ਚਲੀ ਜਾਂਦੀ ਹੈ, ਬੁਢਾਪਾ ਆ ਜਾਂਦੈ। ਬੁਢਾਪੇ ਵਿਚ ਓਹੀ ਬੱਚੇ ਜਿਨ੍ਹਾਂ ਨੂੰ ਬੜੇ ਖਰਚ ਕਰ-ਕਰਕੇ ਪੜ੍ਹਾਉਂਦਾ ਸੀ, ਉਹ ਕਹਿਣਾ ਨਹੀਂ ਮੰਨਦੇ। ਉਸ ਵੇਲੇ ਕ੍ਰੋਧ ਆ ਜਾਂਦੈ। ਸਾਰੀ ਦੁਨੀਆਂ ਨਾਲ ਲੜਨ ਲਗ ਜਾਂਦੈ। ਜਿਹੜਾ ਵੀ ਮਾੜੀ ਜਿਹੀ ਗੱਲ ਗਲਤ ਕਰੇ ਉਹਦੇ ਹੀ ਗਲ ਪੈ ਜਾਂਦੈ। ਮਹਾਰਾਜ ਕਹਿੰਦੇ, ਨਾਸ਼ ਕਰਨ ਵਾਲਾ ਜਜ਼ਬਾ ਇਹਦੇ ਅੰਦਰ ਪੈਦਾ ਹੋ ਜਾਂਦੈ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***
***ਜਿਉ ਕੰਚਨ ਸੋਹਾਗਾ ਢਾਲੈ ॥*** ***ਅੰਗ- 932***

ਸੋ ਉਸ ਵੇਲੇ ਕ੍ਰੋਧ ਇਹਨੂੰ ਨਾਸ਼ ਕਰ ਦਿੰਦੈ। ਕ੍ਰੋਧ ਇਕ ਵਿਸਫੋਟ ਹੋਇਆ ਕਰਦੈ, ਜਿਵੇਂ ਬੰਬ ਚਲਦੈ, ਇਸੇ ਤਰ੍ਹਾਂ ਦੇ ਨਾਲ ਇਹ ਕ੍ਰੋਧ ਦਾ ਜਜ਼ਬਾ ਜਦੋਂ ਆਦਮੀ ਦੇ ਅੰਦਰ ਪੈਦਾ ਹੁੰਦੈ। ਮਹਾਰਾਜ ਕਹਿੰਦੇ, ਸਰੀਰ ਗਲਣਾ ਸ਼ੁਰੂ ਹੋ ਜਾਇਆ ਕਰਦੈ ਇਹਦਾ। ਘਟਣਾ ਸ਼ੁਰੂ ਹੋ ਜਾਂਦੈ। 2 ਖਰਬ 15 ਅਰਬ ਸੈੱਲ ਇਹਦੇ ਸਰੀਰ 'ਚ ਲੱਗੇ ਹੋਏ ਨੇ। ਇਕ-ਇਕ ਕ੍ਰੋਧ ਦਾ ਜਜ਼ਬਾ ਲੱਖਾਂ ਸੈੱਲਾਂ ਨੂੰ ਫਿਊਜ਼ ਕਰ ਦਿੰਦੈ। ਸਰੀਰ ਬਿਮਾਰ ਹੋ ਜਾਂਦੈ। ਮਹਾਰਾਜ ਕਹਿੰਦੇ, ਪਿਆਰਿਓ! ਆਹ ਜਜ਼ਬਾ, ਗੁੱਸਾ ਨਾ ਮਨ 'ਚ ਰੱਖਿਓ। ਉਹ ਹਟਦਾ ਤਾਂ ਹੈ, ਜਿਹੜਾ ਤੁਹਾਡੇ ਨਾਲ ਬੁਰਿਆਈ ਕਰਦੈ ਉਹਦਾ ਭਲਾ ਕਰਨ ਲੱਗ ਜਾਓ, ਗੁੱਸਾ ਖਤਮ ਹੋ ਜਾਂਦੈ-

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***

***ਅੰਗ- 1382***

ਜਦੋਂ ਗੁੱਸਾ ਨਹੀਂ ਤੇਰੇ 'ਚ ਆਏਗਾ, ਤੇਰੀ ਦੇਹੀ ਨੂੰ ਰੋਗ ਨਹੀਂ ਲੱਗਣਾ, ਅਰੋਗ ਦੇਹੀ ਰਹੇਗੀ। ਉਸ ਵੇਲੇ ਤੂੰ ਘਾਟੇ 'ਚ ਨਹੀਂ ਰਹੇਂਗਾ। ਤੇਰੇ ਪੱਲੇ ਦੇ ਵਿਚ ਪ੍ਰਮੇਸ਼ਰ ਦਾਤਾਂ ਪਾ ਦਏਗਾ। ਸਿਹਤ ਤੇਰੀ ਬਣੀ ਰਹੇਗੀ, ਹੋਰ ਤੇਰੇ ਅੰਦਰ ਜਾਗ੍ਰਤ ਰਹੇਗੀ। ਤੇਰੀ ਜ਼ਿੰਦਗੀ ਸੁਖਾਲੀ ਲੰਘ ਜਾਏਗੀ। ਸੋ ਇਸ ਤਰ੍ਹਾਂ -

***ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ- 138***

ਵੱਡਾ ਹੋ ਗਿਆ, 80-85 ਸਾਲ ਦਾ ਹੋ ਗਿਆ। ਕਹਿੰਦੇ, ਹੁਣ ਆਖੇ ਨਹੀਂ ਲਗਦਾ ਕੋਈ। ਬੱਚੇ ਕੋਲ ਦੀ ਲੰਘ ਜਾਂਦੇ ਨੇ। ਜ਼ਿੰਦਗੀ ਦੇ ਅੰਦਰ ਬੜਾ ਵੱਡਾ ਆਦਮੀ ਰਿਹੈ, ਫੇਰ ਕੋਈ ਬੁਲਾਉਂਦਾ ਨਹੀਂ ਹੈ, ਉਸ ਵੇਲੇ ਧੌਲੇ ਆ ਜਾਂਦੇ ਨੇ, ਉਭੇ ਸਾਹ ਆਉਂਦੇ ਨੇ। ਕਰ ਕੁਛ ਸਕਦਾ ਨਹੀਂ, ਬਲ ਸਰੀਰ ਦਾ ਹਾਰ ਜਾਂਦੈ।

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ - 1381***

ਆਹ ਜਿਹੜਾ ਜੀਵ-ਆਤਮਾ ਹੈ ਇਹ ਧਾਹਾਂ ਮਾਰਦਾ ਹੈ, ਮੇਰੀਆਂ ਅੱਖਾਂ ਤਾਂ ਬੜੀ ਦੂਰ ਮੀਲਾਂ ਤੱਕ ਦੇਖਦੀਆਂ ਸੀ ਤੇ ਹੁਣ ਤਾਂ ਐਨਕ ਤੋਂ ਬਗੈਰ ਦੇਖਿਆ ਹੀ ਨਹੀਂ ਜਾਂਦਾ। ਦੰਦ ਮੇਰੇ ਖਾ ਨਹੀਂ ਸਕਦੇ, ਬਨਾਉਟੀ ਦੰਦ ਮੈਂ ਲਵਾਉਂਦਾ। ਹੱਥ ਮੇਰੇ ਤਾਕਤ ਵਾਲੇ ਨਹੀਂ ਰਹੇ। ਮਾੜਾ ਜਿਹਾ ਕੰਮ ਨਹੀਂ ਹੋ ਸਕਦਾ। ਪੈਰ ਚੱਲ ਹੀ ਨਹੀਂ ਸਕਦੇ, ਥੋੜ੍ਹਾ ਜਿਹਾ ਤੁਰਦਾਂ ਥੱਕ ਜਾਂਦਾ ਹਾਂ। ਇਹ ਹੋ ਕੀ ਗਿਆ, ਕਿੱਥੇ ਚਲੇ ਗਏ, ਸੁਣਨ ਦੀ ਸ਼ਕਤੀ ਕਿੱਥੇ ਚਲੀ ਗਈ, ਦੇਖਣ ਦੀ ਸ਼ਕਤੀ ਕਿੱਥੇ ਚਲੀ ਗਈ। ਉਸ ਵੇਲੇ ਅਫਸੋਸ ਵਿਚ ਆ ਜਾਂਦੈ ਕਿ ਮੇਰੇ ਨਾਲ ਜਿਹੜੇ ਮਾਂ ਦੇ ਪੇਟ 'ਚੋਂ ਆਏ ਸੀ, ਉਹ ਤਾਂ ਸਾਰੇ ਦੇ ਸਾਰੇ ਚਲੇ ਗਏ। ਸੋ-

***ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥***
***ਅੰਗ - 138***

ਦਸਵੇਂ ਦੇ ਵਿਚ ਚੜ੍ਹਾਈ ਕਰ ਜਾਂਦੈ ਤੇ ਸੁਆਹ ਰਹਿ ਜਾਂਦੀ ਹੈ ਤੇ ਉਹਨੂੰ ਕਿਤੇ ਚੁੱਕ ਕੇ ਪਾ ਦਿੰਦੇ ਨੇ। ਕੀ ਹਸਤੀ ਹੋਈ ਆਦਮੀ ਦੀ, ਕੁਛ ਵੀ ਨਹੀਂ। ਆਇਆ ਸੰਸਾਰ 'ਤੇ, ਚਲਿਆ ਗਿਆ ਤੇ ਜਿਹੜਾ ਨਾਮ ਕਮਾਇਆ ਸੀ ਉਹ ਵੀ ਮਰ ਗਿਆ।

***ਗਏ ਸਿਗੀਤ ਪੁਕਾਰੀ ਧਾਹ ॥***
***ਉਡਿਆ ਹੰਸੁ ਦਸਾਏ ਰਾਹ ॥***
***ਆਇਆ ਗਇਆ ਮੁਇਆ ਨਾਉ ॥ ਅੰਗ - 138***

ਇਹ ਸਾਡਾ ਜੀਵਨ ਹੈ, ਜਿਸਦੇ ਵਿਚੀਂ ਚੰਗਿਆਂ ਨੇ ਵੀ ਲੰਘਣੈ, ਮਾੜਿਆਂ ਨੇ ਵੀ ਲੰਘਣੈ, ਕਈਆਂ ਨੇ ਆਪਣੇ ਜੀਵਨ ਨੂੰ ਸੰਵਾਰ ਲੈਣੇ, ਕਈਆਂ ਨੇ ਵਿਗਾੜ ਕੇ ਚਲੇ ਜਾਣੈ। ਸੋ ਮਹਾਰਾਜ ਸਾਨੂੰ ਵਾਰਨਿੰਗ ਦਿੰਦੇ ਨੇ ਇਸ ਤਰ੍ਹਾਂ ਦੇ ਨਾਲ ਹਿਰਦੇ 'ਚ ਵਸਾਓ -

***ਧਾਰਨਾ - ਤੇਰਾ ਜਨਮ ਅਮੋਲਕ ਹੀਰਾ,***
***ਕੌਡੀਆਂ ਦੇ ਭਾਅ ਜਾਂਵਦਾ।***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥***
***ਅੰਗ - 156***

***ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥***
***ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥ ਅੰਗ- 1379***

ਦੋਵੇਂ ਕੰਮ ਕਰਦੈ, ਕੱਪੜੇ ਪਾਉਂਦੈ, ਕੁਛ ਛਕਦਾ ਛਕਾਉਂਦੈ ਤੇ ਫੇਰ ਕੁਛ ਸੌਂ ਜਾਂਦੈ, ਗਾਫਲ ਹੋ ਕੇ ਜਨਮ ਗਵਾ ਲਿਆ। ਕਹਿੰਦੇ, ਦੱਸੋ ਜਦੋਂ ਲੇਖਾ ਮੰਗਿਆ ਜਾਏਗਾ, ਫੇਰ ਤੈਨੂੰ ਬੜੀ ਦੇਰ ਤੋਂ ਬਾਅਦ ਮਨੁੱਖਾ ਜਨਮ ਪ੍ਰਾਪਤ ਹੋਇਆ, ਤੈਂ ਕੀ ਕਰਿਆ ਉਸ ਦੇ ਵਿਚ। ਜਦੋਂ ਕਿਰਦਾਰ ਤੇਰਾ ਪਰਖਿਆ ਜਾਏਗਾ, ਉਸ ਵੇਲੇ ਤੈਨੂੰ ਸ਼ਰਮਿੰਦਾ ਹੋਣਾ ਪੈ ਜਾਂਦੈ। ਬਹੁਤ ਸ਼ਰਮਿੰਦਾ ਹੋਏਂਗਾ। ਮਹਾਰਾਜ ਕਹਿੰਦੇ, ਇਹੋ ਜਿਹਾ ਕੰਮ ਨਾ ਕਰ ਕਿ ਸਾਂਈ ਦੇ ਦਰਬਾਰ ਵਿਚ ਜਾ ਕੇ ਤੇਰੀ ਹਾਰ ਹੋ ਜਾਵੇ। ਯਾਦ ਰੱਖ, ਮਰਨ ਤੋਂ ਬਾਅਦ ਤੂੰ ਮਰਨਾ ਨਹੀਂ -

***ਮਰਣਹਾਰੁ ਇਹੁ ਜੀਅਰਾ ਨਾਹੀ ॥*** ***ਅੰਗ- 188***

ਕਿਉਂਕਿ ਮਰਦਾ ਨਹੀਂ ਸਰੀਰ ਬਦਲਦੈ। ਜਿਵੇਂ ਕੱਪੜਾ ਬਦਲ ਦੇਈਏ, ਮਰਦੇ ਤਾਂ ਨਹੀਂ ਨਾ ਹਾਂ, ਕੱਪੜਾ ਨਵਾਂ ਪਾ ਲੈਂਦੇ ਹਾਂ ਮੌਸਮ ਦੇ ਹਿਸਾਬ ਨਾਲ। ਮੈਲਾ ਹੋ ਗਿਆ ਲਾਹ ਦਿੰਦੇ ਹਾਂ, ਪਾਟ ਗਿਆ ਬਦਲ ਦਿੰਦੇ ਹਾਂ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਸਰੀਰ ਹੈ, ਇਹ ਤਾਂ ਇਹ ਹੈ ਜਿਹੜਾ ਦਿਸਦੈ ਤੁਹਾਨੂੰ। ਜਿਹੜਾ ਸਾਢੇ ਤਿੰਨ ਹੱਥ ਲੰਮਾ ਚੌੜਾ ਹੈ, ਹਰ ਬੰਦੇ ਦਾ ਸਰੀਰ ਸਾਢੇ ਤਿੰਨ ਹੱਥ ਹੁੰਦੈ। ਇਹਨੂੰ ਪੰਜ ਭੂਤਕ ਸਰੀਰ ਕਹਿੰਦੇ ਨੇ, ਪੰਜਾਂ ਤੱਤਾਂ ਦਾ ਬਣਿਆ ਹੋਇਆ। ਦੋ ਖਰਬ ਪੰਦਰਾਂ ਅਰਬ ਸੈੱਲ ਇਹਦੇ 'ਚ ਲੱਗੇ ਹੋਏ ਨੇ। ਪੰਜ ਇਹਦੇ 'ਚ vital forces, ਮੋਟਰਾਂ ਲੱਗੀਆਂ ਹੋਈਆਂ ਨੇ ਜਿਹੜੀਆਂ ਕਦੇ ਬੰਦ ਹੀ ਨਹੀਂ ਹੁੰਦੀਆਂ - ਉਹ ਹੈ ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ। ਸਾਹ ਲੈਣ ਵਾਲੀ, ਦਿਲ ਨੂੰ ਚਲਾਉਣ ਵਾਲੀ, ਮਿਹਦੇ ਦੀਆਂ ਚੀਜ਼ਾਂ ਨੂੰ ਥਾਂ-ਥਾਂ 'ਤੇ ਪਹੁੰਚਾਉਣ ਵਾਲੀ, ਇਕ ਹੈ ਜਿਹੜੀ ਇਹਦੇ ਵਿਚ ਤਾਪਮਾਨ ਬਣਾਈ ਰਖਦੀ ਹੈ, ਇਕ ਹੈ ਜਿੰਨੀ ਜ਼ਹਿਰ ਹੈ, ਸਾਢੇ ਤਿੰਨ ਕਰੋੜ ਰੋਮਾਂ 'ਚੋਂ ਹਰ ਵਕਤ ਕੱਢੀ ਜਾਂਦੀ ਹੈ। ਇਹਨੂੰ ਸਥੂਲ ਸਰੀਰ ਕਹਿੰਦੇ ਨੇ, ਜਦੋਂ ਆਦਮੀ ਨੂੰ ਆਪਾਂ ਕਹਿੰਦੇ ਹਾਂ ਕਿ ਮਰ ਗਿਆ ਤਾਂ ਸਥੂਲ ਸਰੀਰ ਮਰਦੈ, ਇਹਦੇ ਅੰਦਰ ਜਿਹੜਾ ਸੂਖਸ਼ਮ ਸਰੀਰ ਹੈ, ਸੂਖਸ਼ਮ ਤੱਤਾਂ ਦਾ ਬਣਿਆ ਹੋਇਆ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ, ਚਿੱਤ, ਬੁੱਧ ਤੇ ਮੈਂ ਭਾਵ ਦਾ, ਇਹ ਸਰੀਰ ਨਹੀਂ ਜਾਇਆ ਕਰਦਾ। ਪੰਜ ਪ੍ਰਾਣਾਂ ਦੀ ਸ਼ਕਤੀ ਹੁੰਦੀ ਹੈ, 19 ਚੀਜ਼ਾਂ ਹੋਇਆ ਕਰਦੀਆਂ ਨੇ ਇਹਦੇ 'ਚ। ਇਹ ਨਹੀਂ ਮਰਿਆ ਕਰਦਾ। ਇਹ ਆਪਣੇ ਕੀਤੇ ਹੋਏ ਕੰਮਾਂ ਦਾ ਲੇਖਾ ਦਿੰਦੈ। ਉਸ ਵੇਲੇ ਫੇਰ ਪਛਤਾਉਂਦੈ, ਕਿਉਂਕਿ ਉਥੇ ਬੇਲੀ ਨਹੀਂ ਹੁੰਦਾ ਕੋਈ ਵੀ -

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥***

***ਅੰਗ- 464***

ਇਕੱਲੀ-ਇਕੱਲੀ ਗੱਲ ਦਾ ਲੇਖਾ ਹੋਣੈ। ਫੇਰ ਹੁੰਦਾ ਕੀ ਹੈ? ਭਾਲਦੈ ਕਿ ਮੈਨੂੰ ਚੰਗਾ ਥਾਂ ਦੇ ਦਿਓ। ਮਹਾਰਾਜ ਕਹਿੰਦੇ, ਉਥੇ ਤਾਂ ਪੈਰ ਰੱਖਣ ਨਹੀਂ ਦਿੰਦੇ।

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥***

***ਅੰਗ- 470***

ਜਿੰਨਾਂ ਕੁਛ ਆਪਣੇ ਕੋਲ ਹੈ, ਕੱਪੜੇ ਨੇ, ਸੋਹਣਾ ਰੂਪ ਹੈ, ਸੋਹਣੀਆਂ ਕੋਠੀਆਂ ਨੇ, ਵੱਡੀਆਂ ਜਾਇਦਾਦਾਂ ਨੇ ਸਾਡੇ ਕੋਲ, ਕਹਿੰਦੇ ਇਹ ਤਾਂ ਇੱਥੇ ਹੀ ਛੱਡ ਕੇ ਚਲੇ ਜਾਣੈ।

***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥***

***ਅੰਗ - 470***

ਚੰਗੇ ਕੰਮ ਕੀਤੇ ਹੋਏ ਨੇ, ਉਨ੍ਹਾਂ ਦਾ ਸੁੱਖ ਮਿਲੇਗਾ, ਮਾੜੇ ਕੰਮ ਕੀਤੇ ਹੋਏ ਨੇ ਤਾਂ ਸਜ਼ਾ ਮਿਲੇਗੀ। ਆਪੇ ਹੀ ਮਿਲਣੀ ਹੈ ਆਪਣੇ ਆਪ ਨੂੰ, ਹੋਰ ਨਹੀਂ ਕੋਈ ਤੇਰੇ ਬਦਲੇ ਦੋਸ਼ੀ ਕਰਾਰ ਦਿਤਾ ਜਾਣਾ।

***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥***

***ਅੰਗ - 470***

ਦੁਨੀਆਂ 'ਚ ਤੂੰ ਮਨਮਾਨੀਆਂ ਕਰ ਸਕਦੈਂ, ਹੱਥ 'ਚ ਤੇਰੇ ਤਾਕਤ ਹੋਵੇ ਤੂੰ ਮਰਜ਼ੀ ਕਰ ਸਕਦੈ, ਲੇਕਿਨ ਅੱਗੇ ਜਾ ਕੇ ਜਵਾਬ ਜਦੋਂ ਦੇਣੈ, ਬੜਾ ਔਖਾ ਹੋ ਜਾਂਦੈ। ਉਸ ਵੇਲੇ ਕੋਈ ਨਹੀਂ ਪੁੱਛਦਾ।

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***
***ਕਰਿ ਅਉਗਣ ਪਛੋਤਾਵਣਾ ॥*** ***ਅੰਗ- 471***

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਪਿਆਰਿਆ! ਭੁੱਲ ਕੇ ਤੂੰ, ਗਲਤ ਰਸਤੇ ਪੈ ਕੇ ਆਪਣਾ ਜੀਵਨ ਬਰਬਾਦ ਕਰ ਰਿਹੈਂ -

***ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥***
***ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥***

***ਅੰਗ - 1379***

ਗੁਰੂ, ਪੀਰ, ਸਾਧੂ, ਸੰਤ ਅਵਾਜ਼ਾਂ ਦਿੰਦੇ ਨੇ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*** ***ਅੰਗ - 12***

ਇਹ ਗੱਲ ਤਾਂ ਨਹੀਂ ਸੁਣਨੀਂ, ਜੇ ਕੋਈ ਪੈਸੇ ਦੀ ਗੱਲ ਕਰੇ, ਇਹਦੇ ਹਿਤ ਦੀ ਗੱਲ ਕਰੇ, ਨੀਵੀਂ ਗੱਲ ਕਰੇ ਕਿ ਅੱਜ ਇਥੇ ਇਕ ਰਾਤ ਲੱਗਣੀ ਹੈ, ਫਲਾਣੇ-ਫਲਾਣੇ ਐਕਟਰਾਂ ਨੇ, ਸਾਰੀ ਰਾਤ ਉਨ੍ਹਾਂ ਨੇ ਗੰਦੇ-ਮੰਦੇ ਗੀਤ ਗਾਉਣੇ ਨੇ, ਐਹੋ ਜਿਹੀਆਂ ਹਰਕਤਾਂ ਕਰਨੀਆਂ ਨੇ ਜਿਹੜੇ ਭਲੇ

ਬੰਦੇ ਦੇਖ ਨਹੀਂ ਸਕਦੇ। ਉਥੇ ਨੂੰ ਨੱਠਿਆ ਹੀ ਜਾਂਦੈ –

*ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥*

*ਅੰਗ – 518*

ਸ਼ੇਰ ਜਿੰਨੀ ਤਾਕਤ ਹੋ ਜਾਂਦੀ ਹੈ, ਜੇ ਸਤਿਸੰਗ ਹੋਵੇ ਫੇਰ ਕਹਿੰਦੇ ਮੈਨੂੰ ਵਿਹਲ ਨਹੀਂ ਹੈ। ਉਹਦੇ ਵਿਚ ਪਿਆ ਹੋਇਆ ਜਦੋਂ ਪੁੱਛਿਆ ਜਾਂਦੈ, ਮਾੜੇ ਕੰਮ ਕਰਦੈ, ਕਹਿੰਦੇ ਜਵਾਬ ਤਲਬੀ ਹੁੰਦੀ ਹੈ ਤੇ ਆਪਣਾ ਜੀਵਨ ਬਰਬਾਦ ਕਰ ਦਿੰਦੈ –

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ– 268*

ਸੋ ਇਸ ਕਰਕੇ ਸੋਚਣਾ ਪੈਂਦੈ, ਜਿਹੜਾ ਬੰਦਾ ਸਿਆਣਾ ਹੈ, ਸਿਆਣਾ ਉਸ ਨੂੰ ਹੀ ਕਹਿੰਦੇ ਨੇ ਜਿਹੜਾ ਸਹੀ ਸੋਚ ਸਕੇ। ਜੇ ਕੋਈ ਕਹੇ ਕਿ ਪੜ੍ਹੇ ਹੋਏ ਸਿਆਣੇ ਹੁੰਦੇ ਨੇ, ਮਹਾਰਾਜ ਕਹਿੰਦੇ ਬਿਲਕੁਲ ਨਹੀਂ। ਕਿਤਾਬਾਂ ਪੜ੍ਹਨ ਵਾਲਾ ਸਿਆਣਾ ਨਹੀਂ ਹੋ ਸਕਦਾ। ਜਦੋਂ ਤੱਕ ਉਹਦੀਆਂ ਆਦਤਾਂ ਨਾ ਬਦਲਣ। ਜੇ ਆਦਤਾਂ ਓਹੀ ਨੇ ਫੇਰ ਨਹੀਂ ਸਿਆਣਾ–

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ–140*

ਜਿਹੜਾ ਆਪਣੇ ਪੰਜਾਂ ਜਜ਼ਬਿਆਂ ਦੇ ਉਤੇ ਕਾਬੂ ਨਹੀਂ ਪਾ ਸਕਦਾ, ਉਹਨੂੰ ਪੜ੍ਹਿਆ ਹੋਇਆ ਕੌਣ ਕਹਿੰਦੈ? ਉਹ ਨਹੀਂ ਪੜ੍ਹਿਆ –

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥ ਅੰਗ– 938*

ਜਿਹੜਾ ਪ੍ਰਮੇਸ਼ਰ ਦਾ ਨਾਮ ਜਪਣ ਲੱਗ ਗਿਆ, ਚਾਹੇ ਇਕ ਅੱਖਰ ਨਹੀਂ ਪੜ੍ਹਿਆ, ਉਹ ਪੜ੍ਹਿਆ ਨਾਲੋਂ ਕਿਤੇ ਜ਼ਿਆਦਾ ਚੰਗਾ ਹੋਇਆ ਕਰਦੈ। ਸੋ ਮਹਾਰਾਜ ਕਹਿੰਦੇ ਪਿਆਰਿਓ! –

ਗੱਲ ਦੀ ਅਸਲੀਅਤ ਨੂੰ ਸਮਝੋ ਕਿ ਕਿਸ ਤਰ੍ਹਾਂ ਦੇ ਨਾਲ ਅਸੀਂ ਇਸ ਜਨਮ ਨੂੰ ਸਫਲ ਕਰ ਸਕਦੇ ਹਾਂ ਤੇ ਕਿਸ ਤਰ੍ਹਾਂ ਦੇ ਨਾਲ ਸਾਡਾ ਦਰਗਾਹ ਦੇ ਵਿਚ ਜਾ ਕੇ ਸਤਿਕਾਰ ਹੋ ਸਕਦੈ, ਮਾਣ ਮਿਲ ਸਕਦੈ ਸਾਨੂੰ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ ਦੇ ਅੰਦਰ ਇਹ ਸਾਨੂੰ ਬਚਨ ਸਮਝਾਏ ਜਾ ਰਹੇ ਨੇ। ਹੋਰ ਮਹਾਂਪੁਰਸ਼ਾਂ ਦੀਆਂ ਰਚਨਾਵਾਂ, ਉਨ੍ਹਾਂ ਦੇ ਲੈਕਚਰ, ਉਨ੍ਹਾਂ ਦੇ ਬਚਨ ਸਾਨੂੰ ਬਾਰ–ਬਾਰ ਸਮਝਾਉਂਦੇ ਨੇ। ਲੇਕਿਨ ਮਹਾਤਮਾ ਹੈਰਾਨ ਹੁੰਦੇ ਨੇ ਕਿ ਐਨਾ ਕੁਛ ਸੁਣ ਕੇ ਬੰਦਾ ਕਿਉਂ ਨਹੀਂ ਬਦਲਦਾ? ਕਾਰਨ ਕੀ ਹੈ? ਇਹ ਸਾਰੇ ਹੀ ਮਹਾਂਪੁਰਸ਼ਾਂ ਦਾ ਮੱਤ ਹੈ। ਇਸਲਾਮ ਵਾਲਿਆਂ ਦਾ ਮੱਤ ਹੈ ਕਿ ਐਨਾ ਜਦੋਂ ਸਮਝਾਇਆ ਜਾਂਦੈ ਸਪੱਸ਼ਟ, ਇਹ ਬੰਦਾ ਕਿਉਂ ਨਹੀਂ ਬਦਲਦਾ? ਤੇ ਉਹ ਕਹਿੰਦੇ ਕਿ ਇਕ ਸ਼ਕਤੀ ਹੈ, ਅੱਲਾਹ ਦੇ, ਪ੍ਰਮੇਸ਼ਰ ਦੇ ਉਲਟ ਇਕ ਸ਼ਕਤੀ ਹੈ ਜਿਸ ਦਾ ਨਾਮ ਸ਼ੈਤਾਨੀਅਤ ਹੈ। ਉਹ ਸ਼ੈਤਾਨੀਅਤ ਦੇ ਵਿਚ ਆਦਮੀ ਨੂੰ ਗ੍ਰਿਫਤ ਕਰਕੇ ਰੱਖਦੈ, ਫੜ

ਕੇ ਰੱਖਦੈ, ਉਹਦਾ ਮਨ ਨਹੀਂ ਬਦਲਣ ਦਿੰਦਾ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- 1378*

ਚਾਰੇ ਵੇਦ, ਛੇਈਂ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਲੱਖਾਂ ਹੀ ਬੰਦਗੀ ਕਰਨ ਵਾਲੇ ਸਾਧੂ, ਅਨੁਭਵੀ ਮਹਾਂਪੁਰਸ਼, ਇਸ ਬੰਦੇ ਨੂੰ ਸਮਝਾਉਂਦੇ ਨੇ ਪਰ ਕਹਿੰਦੇ ਹੈਰਾਨੀ ਦੀ ਗੱਲ ਹੈ ਕਿ ਇਹਦਾ ਚਿੱਤ ਨਹੀਂ ਫਿਰਦਾ। ਉਥੇ ਦਾ ਉਥੇ ਹੀ ਰਹਿੰਦਾ ਹੈ। ਕਈ ਸਿਆਣਿਆਂ ਨੇ ਕੁੱਤੇ ਦੀ ਪੂਛ ਨਾਲ ਤਸ਼ਬੀਹ ਦਿਤੀ ਹੈ। 12 ਸਾਲ ਨਲਕੀ 'ਚ ਪਾ ਦਿਓ, ਖੋਲ੍ਹ ਦਿਓ, ਫੇਰ ਵਿੰਗੀ ਦੀ ਵਿੰਗੀ, ਸਿੱਧੀ ਨਹੀਂ ਹੋਇਆ ਕਰਦੀ। ਮਹਾਤਮਾ ਬੁੱਧ ਨੇ ਕਿਹਾ ਕਿ ਇਕ ਮਾਰ ਦੇਵਤਾ ਹੈ ਉਹਦਾ ਕੰਮ ਹੈ ਲੋਕਾਂ ਨੂੰ ਭੁਲਾ ਕੇ ਰੱਖਣਾ। ਹਿੰਦੂ ਸਾਹਿਤ ਦੇ ਅੰਦਰ ਹੈ ਕਿ ਮਾਇਆ ਦੀ ਸ਼ਕਤੀ ਹੈ -

*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*

*ਅੰਗ- 857*

ਇਹ ਮਾਇਆ ਦਾ ਕੰਮ ਹੈ ਕਿ ਵਾਹਿਗੁਰੂ ਤੋਂ ਦੂਰ ਰੱਖਣਾ, ਵਾਹਿਗੁਰੂ ਵੱਲ ਨਹੀਂ ਜਾਣ ਦੇਣਾ ਉਹ ਇਕ ਜਜ਼ਬਾ ਹੈ, ਉਹ ਇਕ ਸ਼ਕਤੀ ਹੈ ਜਿਹੜੀ ਆਦਮੀ ਨੂੰ ਪ੍ਰਮੇਸ਼ਰ ਵੱਲ ਨਹੀਂ ਲੱਗਣ ਦਿੰਦੀ, ਹਾਲਾਂਕਿ ਸਾਰੇ ਜਾਣਦੇ ਨੇ ਕਿ ਇਹਦੇ ਵਿਚ ਸੁੱਖ ਹੈ, ਪਰ ਉਹ ਮਨ ਨਹੀਂ ਮੋੜਨ ਦਿੰਦੀ। ਸੋ ਇਸ ਤਰ੍ਹਾਂ ਦੇ ਨਾਲ ਬੰਦਾ ਲਗਦਾ ਨਹੀਂ ਪ੍ਰਮੇਸ਼ਰ ਵੱਲ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਇਕ ਜੰਗਲ ਦੇ ਵਿਚ ਬੈਠੇ ਨੇ ਉਸ ਥਾਂ ਦੇ ਉਤੇ ਆਪ ਸ਼ਬਦ ਪੜ੍ਹ ਰਹੇ ਨੇ, ਸ਼ਬਦ ਦੀ ਆਵਾਜ਼ ਦੂਰ-ਦਰਾਜ਼ ਤੱਕ ਜਾਂਦੀ ਹੈ। ਜੁੜੇ ਹੋਏ ਸ਼ਬਦ ਨੇ ਐਡਾ ਅਸਰ ਕੀਤਾ ਕਿ ਜੋ ਪੰਛੀ ਸੁਣ ਰਹੇ ਸੀ ਉਹ ਵੀ ਚੁੱਪ ਕਰਕੇ ਬੈਠ ਗਏ। ਰੌਲਾ-ਗੋਲਾ ਬੰਦ ਕਰ ਦਿਤਾ। ਜਿਸ ਵਕਤ ਸ਼ਬਦ ਦੀ ਸਮਾਪਤੀ ਹੋਈ ਮਹਾਰਾਜ ਸਮਾਧੀ ਸਥਿਤ ਹੋ ਗਏ। ਮਰਦਾਨਾ ਆਪਣੇ ਪਿੱਛੇ ਵਲ ਨੂੰ ਦੇਖਣ ਲੱਗਿਆ ਤਾਂ ਕੀ ਦੇਖਦਾ ਹੈ ਕਿ ਇਕ ਬਘਿਆੜ ਖੜ੍ਹਾ ਹੈ, ਉਹ ਬਘਿਆੜ ਲੱਕਾ ਲੱਗਿਆ ਹੋਇਐ ਤੇ ਪਤਾ ਲਗਦੈ ਕਿ ਬਹੁਤ ਭੁੱਖਾ ਹੈ ਇਹ। ਇਕ ਮੁਰਦਾ ਪਿਆ ਹੈ ਬੰਦਾ, ਉਹਦੇ ਵੱਲ ਨੂੰ ਵਧਿਆ। ਦੇਖਣ ਵਾਸਤੇ ਕਿ ਹੁਣ ਕੀ ਕਰੇਗਾ ਇਹ। ਧਿਆਨ ਨਾਲ ਦੇਖਣਾ ਸ਼ੁਰੂ ਕਰ ਦਿਤਾ, ਭਾਈ ਮਰਦਾਨੇ ਨੇ। ਉਹ ਬਘਿਆੜ ਕੋਲ ਚਲਿਆ ਗਿਆ, ਜਾ ਕੇ ਉਸ ਬੰਦੇ ਨੂੰ ਸੁੰਘਿਆ, ਸੁੰਘ ਕੇ ਪਾਸੇ ਹਟ ਗਿਆ। ਖੜ੍ਹਾ ਸੋਚਦਾ ਰਿਹਾ ਬਹੁਤ ਦੇਰ ਤੱਕ। ਉਸ ਤੋਂ ਬਾਅਦ ਦੁਬਾਰਾ ਫੇਰ ਚਲਿਆ ਗਿਆ। ਦੁਬਾਰਾ ਗਿਆ ਤਾਂ ਉਸ ਨੇ ਪਹਿਲਾਂ ਪੈਰ ਸੁੰਘੇ, ਮੱਥਾ ਸੁੰਘਿਆ, ਨੇਤਰ ਸੁੰਘੇ, ਹੱਥ ਸੁੰਘੇ ਤੇ ਫੇਰ ਸਰੀਰ ਸੁੰਘਿਆ, ਉਸ ਤੋਂ ਬਾਅਦ ਸਿਰ ਹਿਲਾਇਆ ਤੇ ਸਿਰ ਹਿਲਾ ਕੇ ਪਿਛੇ ਹੱਟ ਗਿਆ। ਗੁਰੂ ਨਾਨਕ ਪਾਤਸ਼ਾਹ ਦੀ

ਸਮਾਧੀ ਜਦ ਖੁਲ੍ਹੀ, ਮਰਦਾਨੇ ਵੱਲ ਦੇਖਿਆ ਤਾਂ ਕਹਿਣ ਲੱਗੇ, ਮਰਦਾਨਿਆਂ! ਕੀ ਦੇਖ ਰਿਹੈਂ ਪਿਆਰਿਆ! ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਉਹ ਬਘਿਆੜ ਦੇਖ ਰਿਹਾਂ। ਕਹਿੰਦੇ, ਕੀ ਗੱਲ ਹੈ? ਕਹਿੰਦੇ, ਮਹਾਰਾਜ! ਭੁੱਖਾ ਹੈ ਬਘਿਆੜ। ਇਹ ਪਹਿਲੀ ਵਾਰੀ ਗਿਆ ਸਾਧਾਰਣ ਸੁੰਘ ਕੇ ਵਾਪਸ ਆ ਗਿਆ। ਹੁਣ ਦੂਜੀ ਵਾਰ ਗਿਆ ਤਾਂ ਬੜਾ ਧਿਆਨ ਦੇ ਨਾਲ ਮੈਂ ਦੇਖਦਾ ਰਿਹਾ, ਮੱਥੇ ਨੂੰ ਵੀ ਸੁੰਘਦੈ, ਹੱਥਾਂ ਨੂੰ ਵੀ ਸੁੰਘਦੈ, ਸਰੀਰ ਨੂੰ ਵੀ ਸੁੰਘਿਐ, ਪੈਰਾਂ ਨੂੰ ਵੀ ਸੁੰਘਿਐ, ਫੇਰ ਇਹਨੇ ਸਿਰ ਹਿਲਾਇਆ ਜਿਵੇਂ ਕੋਈ ਆਦਮੀ ਪਛਤਾਉਂਦਾ ਹੁੰਦੈ। ਉਹਨੂੰ ਦੇਖਦਾ ਸੀ, ਸੱਚੇ ਪਾਤਸ਼ਾਹ! ਮੇਰੇ ਸਮਝ 'ਚ ਨਹੀਂ ਆਇਆ। ਤਾਮਸੀ ਜੂਨੀ ਹੈ, ਭੁੱਖਾ ਹੈਗਾ, ਖੁਰਾਕ ਇਹਦੀ ਮਾਸ ਹੈ। ਇਸ ਨੇ ਖਾਧਾ ਕਿਉਂ ਨਹੀਂ ਹੈ?

ਮਹਾਰਾਜ ਜੀ ਦਇਆ ਦੇ ਘਰ 'ਚ ਆਏ ਕਹਿਣ ਲੱਗੇ ਮਰਦਾਨਿਆਂ! ਤੇਰਾ ਸ਼ੰਕਾ ਨਵਿਰਤ ਤਾਂ ਬਘਿਆੜ ਹੀ ਕਰੇਗਾ। ਕਹਿੰਦੇ, ਚੰਗਾ ਤੂੰ ਇਸ ਤਰ੍ਹਾਂ ਅਸੀਂ ਇਹਨੂੰ ਬੋਲਣ ਦੀ ਸ਼ਕਤੀ ਦਿੰਦੇ ਹਾਂ, ਇਸ ਤੋਂ ਹੀ ਪੁੱਛ ਲੈ ਕਿ ਗੱਲ ਕੀ ਹੈ? ਤੇਰੀ ਪੁੱਛੀ ਹੋਈ ਗੱਲ, ਲੱਖਾਂ ਬੰਦਿਆਂ ਨੂੰ ਸਿੱਧੇ ਰਾਹ 'ਤੇ ਪਾਏਗੀ।

ਸੋ ਮਰਦਾਨਾ ਉੱਠ ਕੇ ਚਲਿਆ ਜਾਂਦੈ, ਜਾ ਕੇ ਸਾਰਾ ਸਵਾਲ ਕਰਿਆ ਕਿ ਤੂੰ ਇਸ ਬੰਦੇ ਨੂੰ ਸਾਰਾ ਸੁੰਘਿਆ ਤੇ ਖਾਧਾ ਕਿਉਂ ਨਹੀਂ।

ਬਘਿਆੜ ਕਹਿਣ ਲੱਗਿਆ, ਭਾਈ ਮਰਦਾਨਾ! ਗੁਰੂ ਨਾਨਕ ਪਾਤਸ਼ਾਹ ਦਾ ਸ਼ਬਦ ਸੁਣ ਕੇ ਮੇਰੇ ਅੰਦਰ ਇਕ ਸੋਝੀ ਜਾਗ ਪਈ ਜਿਸ ਤੋਂ ਮੈਨੂੰ ਪਤਾ ਲੱਗ ਗਿਆ ਕਿ ਮੈਂ ਕਿਹੜੇ ਮਾੜੇ ਕੰਮ ਕਰੇ ਸੀ ਕਿ ਮੈਨੂੰ ਇਹ ਤਾਮਸੀ ਜੂਨ ਪ੍ਰਾਪਤ ਹੋ ਜਾਵੇ। ਕਿਉਂਕਿ ਇਹ ਮਰਿਆ ਪਿਆ ਸੀ ਬੰਦਾ, ਮੇਰੀ ਖੁਰਾਕ ਸੀ, ਮੈਂ ਇਹਦੇ ਵਲ ਨੂੰ ਵਧਿਆ ਤੇ ਮੇਰੇ ਅੰਦਰ ਪਾਤਸ਼ਾਹ ਨੇ ਐਸੀ ਸੋਝੀ ਦੇ ਦਿਤੀ ਕਿ ਮੈਨੂੰ ਪਤਾ ਲਗ ਜਾਵੇ ਕਿ ਇਹ ਬੰਦਾ ਪਵਿੱਤਰ ਹੈ ਕਿ ਅਪਵਿੱਤਰ ਹੈ। ਕਹਿਣ ਲੱਗਿਆ, ਮੈਂ ਸੁੰਘਿਆ, ਮੈਨੂੰ ਵਾਸ਼ਨਾ ਇਹਦੇ ਵਿਚੋਂ ਮਨਮੁਖ ਦੀ ਆਈ। ਜਿਹਨੇ ਆਪਣਾ ਸਾਰਾ ਜਨਮ ਬਰਬਾਦ ਕਰ ਦਿਤਾ। ਮਨ ਦੇ ਪਿੱਛੇ ਲੱਗਣ ਵਾਲਾ ਜੋ ਵੀ ਬੰਦਾ ਹੁੰਦੈ, ਉਹਨੂੰ ਮਨਮੁਖ ਆਖਿਆ ਜਾਂਦੈ। ਲੇਕਿਨ ਬਹੁਤ ਸਾਰੇ ਬੰਦੇ ਮਨ ਦੇ ਪਿੱਛੇ ਲਗਦੇ ਨੇ, ਉਨ੍ਹਾਂ ਦਾ ਜੀਵਨ ਕਈ ਗੱਲਾਂ 'ਚੋਂ ਚੰਗਾ ਵੀ ਹੋਇਐ ਕਰਦੈ। ਪਰ ਆਮ ਹਾਲਤਾਂ 'ਚ ਮਹਾਰਾਜ ਨੇ ਫੁਰਮਾਨ ਕਰਿਐ ਕਿ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ- 947***

ਉਹ ਹਉਮੈ ਦੇ ਅਧੀਨ ਹੋ ਕੇ ਇਹੋ ਜਿਹੇ ਕਰਮ ਕਰਦੈ ਕਿ ਉਹਨੂੰ ਦੁਖ ਦੀ ਪ੍ਰਾਪਤੀ ਹੁੰਦੀ ਹੈ। ਸੋ ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਆਪਣੇ ਬਾਰੇ ਸੋਚਿਆ ਕਿ ਮੇਰੇ ਮਾੜੇ ਕੰਮਾਂ ਦਾ ਫਲ, ਮੈਨੂੰ ਬਘਿਆੜ ਦੀ ਜੋਨੀ ਮਿਲ ਗਈ ਤੇ ਹੁਣ ਜੇ ਮੈਂ ਇਸ ਪੁਰਸ਼ ਦਾ ਮਾਸ ਖਾ ਲਿਆ,

ਪਤਾ ਨਹੀਂ ਮੇਰੇ 'ਤੇ ਹੋਰ ਗੁਨਾਹ ਚੜ੍ਹ ਜਾਣਗੇ ਇਹਦੇ ਵੀ। ਇਸ ਕਰਕੇ ਮੈਂ ਮੁੜ ਗਿਆ, ਭੁੱਖ ਜ਼ਿਆਦਾ ਲੱਗਣ ਕਰਕੇ ਮੈਂ ਫੇਰ ਦੁਬਾਰਾ ਆ ਗਿਆ। ਮੈਂ ਫੇਰ ਆ ਕੇ ਇਹਦਾ ਇਕੱਲਾ-ਇਕੱਲਾ ਅੰਗ ਸੁੰਘਣਾ ਸ਼ੁਰੂ ਕਰ ਦਿਤਾ। ਕਹਿੰਦੇ, ਮੈਂ ਧਿਆਨ ਦਿਤਾ ਇਹਦਾ ਮਸਤਕ ਅਪਵਿੱਤਰ, ਐਡਾ ਹੰਕਾਰ ਇਸ ਬੰਦੇ ਦੇ ਵਿਚ ਸੀ ਕਿ ਕਿਸੇ ਗੁਰੂ, ਪੀਰ, ਸਾਧੂ, ਸੰਤ ਨੂੰ ਇਹ ਝੁਕਦਾ ਹੀ ਨਹੀਂ ਸੀ। ਤਰਕ ਕਰਦਾ ਸੀ। ਆਪਣੇ ਆਪ ਨੂੰ ਸਾਰਿਆਂ ਤੋਂ ਵੱਡਾ ਸਮਝਦਾ ਸੀ ਤੇ ਮੈਂ ਦੇਖਿਆ ਕਿ ਇਹਦਾ ਤਾਂ ਮਸਤਕ ਅਪਵਿੱਤਰ ਹੈ। ਫੇਰ ਭਾਈ ਮਰਦਾਨਾ! ਮੈਂ ਇਹਦਾ ਮੂੰਹ ਸੁੰਘਿਆ, ਰਸਨਾ ਸੁੰਘਣ ਦਾ ਯਤਨ ਕਰਿਆ ਕਿ ਕਦੇ ਭੁੱਲ ਕੇ ਇਹਦੇ ਮੂੰਹ ਵਿਚੋਂ ਰਾਮ, ਅੱਲਾਹ, ਗੋਬਿੰਦ ਕੋਈ ਰੱਬ ਦਾ ਅੱਖਰ ਨਿਕਲਿਆ ਹੋਵੇ। ਕਹਿੰਦੇ, ਮੈਂ ਹੈਰਾਨ ਰਹਿ ਗਿਆ, ਕਦੇ ਭੁੱਲ ਕੇ ਵੀ ਇਹ ਪ੍ਰਮੇਸ਼ਰ ਦਾ ਨਾਮ ਤਾਂ ਕੀ ਲੈਣਾ ਸੀ, ਪ੍ਰਮੇਸ਼ਰ ਦੀ ਹਸਤੀ ਵਿਚ ਇਹ ਯਕੀਨ ਨਹੀਂ ਸੀ ਕਰਦਾ, ਸ਼ੱਕ ਕਰਦਾ ਸੀ ਕਿ ਰੱਬ ਕੋਈ ਨਹੀਂ ਹੈ। ਬੰਦਗੀ ਨਹੀਂ ਇਹਨੇ ਕਰੀ ਕੋਈ ਵੀ। ਉਸ ਤੋਂ ਬਾਅਦ ਮੈਂ ਹੱਥ ਸੁੰਘੇ ਕਿ ਹੋ ਸਕਦੈ ਕਿ ਭੁੱਲ ਕੇ ਇਹਨੇ ਕਦੇ ਸੇਵਾ ਕਰੀ ਹੋਵੇ, ਸੰਗਤਾਂ ਦੀ ਸੇਵਾ ਕਰੀ ਹੋਵੇ, ਜਨਤਾ ਦੀ ਸੇਵਾ ਕਰੀ ਹੋਵੇ। ਕਹਿੰਦੇ, ਮੈਂ ਹੈਰਾਨ ਹੋ ਗਿਆ ਕਿ ਸਾਰੀ ਜ਼ਿੰਦਗੀ 'ਚ ਇਹਨੇ ਕੋਈ ਸੇਵਾ ਨਹੀਂ ਸੀ ਕਰੀ। ਆਪਣੀ ਤਾਂ ਕਰਾ ਲੈਂਦਾ ਸੀ ਦੂਸਰੇ ਦੀ ਨਹੀਂ ਸੀ ਕਰਦਾ। ਉਸ ਤੋਂ ਬਾਅਦ ਮੈਂ ਪੈਰ ਸੁੰਘੇ, ਮੈਂ ਹੈਰਾਨ ਰਹਿ ਗਿਆ ਕਿ ਇਹ ਤਾਂ ਪੂਰਾ ਹੀ ਨਾਸਤਕ ਬੰਦਾ ਹੈ, ਇਹਨੇ ਤਾਂ ਕੋਈ ਵੀ ਕਰਮ ਨਹੀਂ ਚੰਗਾ ਕਰਿਆ। ਸੋ ਇਸ ਕਰਕੇ ਮੈਂ ਪਿੱਛੇ ਹਟ ਗਿਆ ਤੇ ਪਿੱਛੇ ਹਟ ਕੇ ਆਪਣੀ ਕਿਸਮਤ ਨੂੰ ਕੋਸਣ ਲੱਗ ਗਿਆ ਕਿ ਮੈਂ ਭੁੱਖਾ ਹਾਂ, ਪਰ ਐਸੇ ਬੰਦੇ ਦਾ ਮਾਸ ਮੇਰੇ ਸਾਮ੍ਹਣੇ ਆਇਐ ਜਿਹਨੇ ਆਪਣਾ ਜਨਮ ਬਿਲਕੁਲ ਬਰਬਾਦ ਕਰ ਦਿਤਾ ਤੇ ਨਾ ਪ੍ਰਮੇਸ਼ਰ ਦਾ ਭਜਨ ਕਰਿਆ, ਨਾ ਸਾਧੂਆਂ ਦੇ ਦਰਸ਼ਨ ਕਰੇ, ਨਾ ਕੰਨਾਂ ਨਾਲ ਕੋਈ ਬਾਣੀ ਸਰਵਣ ਕਰੀ, ਨਾ ਰਸਨਾ ਨਾਲ ਨਾਮ ਜਪਿਆ, ਨਾ ਹੱਥਾਂ ਨਾਲ ਸੇਵਾ ਕਰੀ। ਨਾ ਪੈਰਾਂ ਨਾਲ ਕਿਸੇ ਸਤਿਸੰਗ 'ਚ ਚੱਲ ਕੇ ਗਿਆ। ਮਾੜੀਆਂ ਥਾਵਾਂ 'ਤੇ ਜਾਂਦਾ ਸੀ। ਸੋ ਇਸ ਨੂੰ ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਮਰਦਾਨਾ! ਇਹ ਬੰਦਾ ਜਿਹੜਾ ਹੈ ਆਇਆ ਤਾਂ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਹੈ ਲੇਕਿਨ ਇਸ ਗਾਫਲ ਨੂੰ ਪਤਾ ਨਹੀਂ ਹੈ ਕਿ ਮੈਂ ਆਪਣਾ ਜਨਮ ਹਾਰ ਰਿਹਾਂ। 24000 ਸਵਾਸ ਰੋਜ਼ ਲੰਘ ਜਾਂਦੈ। ਕਿੰਨੇ ਕੁ ਸਵਾਸ ਨੇ ਜਿਹੜੇ ਪ੍ਰਮੇਸ਼ਰ ਦੇ ਲੇਖੇ ਲਗਦੇ ਨੇ? ਕਹਿੰਦੇ, ਜਿਵੇਂ ਜੁਆਰੀ ਜੂਆ ਖੇਡਦੇ ਨੇ ਇਸ ਤਰ੍ਹਾਂ ਦੇ ਨਾਲ ਬੰਦਾ ਆਪਣਾ ਜਨਮ ਹਾਰ ਕੇ ਸੰਸਾਰ ਤੋਂ ਚਲਿਆ ਜਾਂਦੈ -

*ਧਾਰਨਾ - ਜਨਮ ਹਾਰਤਾ ਜੂਏ ਦੇ ਵਿਚ ਗਾਫਲਾ,*
*ਜਪਿਆ ਨਾ ਨਾਮ ਰੱਬ ਦਾ।*

*ਜਿਨ ਹਰਿ ਹਰਿ ਨਾਮੁ ਨ ਚੇਤਿਓ*
*ਤਿਨ ਜੂਐ ਜਨਮੁ ਸਭੁ ਹਾਰਿ ॥* *ਅੰਗ- 1314*

ਉਹਨੇ ਤਾਂ ਸਾਰਾ ਹੀ ਜਨਮ ਜੂਏ ਦੇ ਵਿਚ ਹਾਰ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਆਇਆ ਤਾਂ ਲਾਹਾ ਲੈਣ ਵਾਸਤੇ ਸੀ ਲੇਕਿਨ ਲਾਹੇ ਦੀ ਥਾਂ 'ਤੇ ਘਾਟਾ ਪਾ ਕੇ ਚਲਿਆ ਗਿਆ। ਇਸ ਤਰ੍ਹਾਂ ਮਹਾਰਾਜ ਜੀ ਸਾਨੂੰ ਬਾਰ-ਬਾਰ ਪ੍ਰੇਰਨਾ ਕਰਦੇ ਨੇ -

***ਧਾਰਨਾ - ਆਇਓ ਲਾਹਾ ਲੈਣ ਪ੍ਰਾਣੀ,***
***ਆਇਓ ਲਾਹਾ ਲੈਣ।***

***ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ਅੰਗ - 43***

ਸਮਝ ਲਓ ਕਿਸੇ ਵੱਡੇ ਬੰਦੇ ਨੂੰ ਸਰਕਾਰ ਭੇਜ ਦਿੰਦੀ ਹੈ ਅਮਰੀਕਾ 'ਚ ਕਿ ਜਾ ਕੇ ਤੂੰ ਐਸੇ ਸੌਦੇ ਕਰ, ਜਿਹਦੇ ਨਾਲ ਬਹੁਤ ਵੱਡਾ ਲਾਹਾ ਸਾਡੀ ਗੌਰਮਿੰਟ ਨੂੰ ਪ੍ਰਾਪਤ ਹੋਵੇ। ਕਰੋੜਾਂ ਰੁਪਿਆ ਉਹਦੇ ਹਵਾਲੇ ਕਰ ਦਿਤਾ ਜਾਂਦੈ। ਉਥੇ ਜਾ ਕੇ ਵੱਡੇ-ਵੱਡੇ ਹੋਟਲਾਂ ਦੇ ਵਿਚ, ਸ਼ਰਾਬਾਂ-ਕਬਾਬਾਂ ਦੇ ਵਿਚ ਨਾਚ ਗਾਉਣਿਆਂ 'ਚ ਪੈਸਾ ਖਰਚ ਕਰ ਦੇਵੇ ਸਾਰਾ। ਜਦੋਂ ਵਾਪਸ ਆਵੇਗਾ, ਫੇਰ ਕੀ ਹਾਲ ਹੋਏਗਾ ਉਸਦਾ। ਕਿੰਨੀ ਪੁੱਛ-ਪੜਤਾਲ ਉਸ ਦੀ ਹੋਏਗੀ। ਕਿੰਨੀ ਸਜ਼ਾ ਉਸ ਨੂੰ ਮਿਲੇਗੀ। ਇਸੇ ਤਰ੍ਹਾਂ ਦੇ ਨਾਲ ਇਹ ਬੰਦਾ ਜਿਸ ਵਕਤ ਸੰਸਾਰ 'ਚ ਆਉਂਦੈ, ਲਾਹਾ ਲੈਣ ਵਾਸਤੇ ਆਉਂਦੈ। ਇਹਨੂੰ ਹਰ ਰੋਜ਼ ਦੇ 24000 ਸਵਾਸ ਦਿਤੇ ਜਾਂਦੇ ਨੇ। ਜੇ 75 ਸਾਲ ਦੀ ਉਮਰ ਵਾਲਾ ਹੋਵੇ, 66 ਕਰੋੜ 44 ਲੱਖ ਸਵਾਸ ਹੁੰਦੇ ਨੇ। ਜੇ 100 ਸਾਲ ਦੀ ਉਮਰ ਹੋ ਜਾਵੇ ਤਾਂ 88 ਕਰੋੜ 66 ਲੱਖ ਸਵਾਸ ਮਿਲਿਆ ਕਰਦੇ ਨੇ। ਇਹ ਜੇ ਵਿਸ਼ੇ-ਵਿਕਾਰਾਂ ਵਿਚ ਜਾਲ ਕੇ ਚਲਿਆ ਜਾਵੇ, ਐਡਾ ਵੱਡਾ ਸਰਮਾਇਆ ਫੇਰ ਇਹਦੀ ਪੁੱਛ ਪਰਤੀਤ ਤਾਂ ਹੋਣੀ ਐ, ਇਹਨੂੰ ਸਾਧੂ ਯਾਦ ਕਰਾਉਂਦੇ ਨੇ ਕਿ ਤੂੰ ਤਾਂ ਲਾਹਾ ਲੈਣ ਆਇਐਂ ਪਿਆਰਿਆ! ਤੂੰ ਉਲਟੇ ਕੰਮਾਂ 'ਚ ਪੈ ਗਿਆ? ਗਲਤ ਕੰਮਾਂ 'ਚ ਪੈ ਗਿਆ, ਇਹ ਤੈਨੂੰ ਸਜ਼ਾਵਾਂ ਦਿਵਾਉਣਗੇ, ਦੁਖੀ ਹੋਏਂਗਾ।

ਸੋ ਗੁਰੂ ਮਹਾਰਾਜ ਕਹਿਣ ਲੱਗੇ ਕਿ ਭਾਈ ਮਰਦਾਨਾ! ਬੰਦਾ ਜੇ ਪ੍ਰਮੇਸ਼ਰ ਨੂੰ ਪਿਆਰ ਕਰਦੈ, ਸਤਿਸੰਗ 'ਚ ਜਾਂਦੈ, ਹਰੀ ਦਾ ਜਸ ਕੰਨਾਂ ਨਾਲ ਸਰਵਣ ਕਰਦੈ, ਰਸਨਾ ਦੇ ਨਾਲ ਬਾਣੀ ਪੜ੍ਹਦੈ, ਨਾਮ ਜਪਦੈ, ਹੱਥਾਂ ਦੇ ਨਾਲ ਸੇਵਾ ਕਰਦੈ, ਤਨ ਦੇ ਨਾਲ ਸੇਵਾ ਕਰਦੈ, ਪੈਰਾਂ ਦੇ ਨਾਲ ਚੱਲ ਕੇ ਜਾਂਦੈ, ਫੇਰ ਤਾਂ ਇਹ ਪਵਿੱਤਰ ਹੋਇਆ ਕਰਦੈ, ਨਹੀਂ ਤਾਂ ਇਹ ਅਪਵਿੱਤਰ ਹੋਇਆ ਕਰਦੈ। ਅਮੁੱਲ ਨਹੀਂ ਹੋਇਆ ਕਰਦਾ। ਭਾਈ ਗੁਰਦਾਸ ਜੀ ਲਿਖਦੇ ਨੇ -

***ਚਿੰਰਕਾਲ ਮਾਨਸ ਜਨਮ ਨਿਰਮੋਲੁ ਪਾਇ..।***

***ਕਬਿੱਤ ਭਾਈ ਗੁਰਦਾਸ ਜੀ, 17***

ਬੜੀ ਦੇਰ ਤੋਂ ਬਾਅਦ ਸਾਨੂੰ ਇਹ ਮੌਕਾ ਮਿਲ ਗਿਆ ਕਿ ਅਸੀਂ ਮਨੁੱਖ ਬਣ ਜਾਈਏ -

***ਸਫਲ ਜਨਮ ਗੁਰ ਚਰਨ ਸਰਨ ਕੈ॥***

***ਕਬਿੱਤ ਭਾਈ ਗੁਰਦਾਸ ਜੀ 17***

ਜੇ ਤਾਂ ਗੁਰੂ ਵਾਲਾ ਬਣ ਗਿਆ ਤਾਂ ਤਾਂ ਸਫਲ ਹੈ, ਨਹੀਂ ਤਾਂ ਬਿਰਥਾ ਜਨਮ ਗਵਾ ਕੇ ਚਲਿਆ ਗਿਆ।

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ- 1356***

ਮਹਾਰਾਜ ਕਹਿੰਦੇ, ਜਿਹਨੇ ਗੁਰੂ ਤੋਂ ਮੰਤਰ ਨਹੀਂ ਨਾ ਲਿਆ, ਉਹਦਾ ਜਨਮ ਜਿਹੜਾ ਹੈ ਉਹ ਧਿਰਕਾਰਯੋਗ ਹੈ। ਸੌ ਵਾਰੀ ਫਿੱਟੇ ਮੂੰਹ ਕਹੋ ਇਕ ਵਾਰੀ ਧਿਰਕਾਰ ਤੇ ਭ੍ਰਿਸਟਿਆ ਹੋਇਆ ਜਨਮ ਹੈ। ਚਾਹੇ ਉਹ ਕਿੰਨਾ ਹੀ ਵੱਡਾ ਹੈ, ਕਿੰਨੇ ਹੀ ਪੈਸੇ ਵਾਲਾ ਹੈ, ਉਹਦੀ ਬਰਾਬਰੀ ਆਹ ਨਖਿੱਧ ਜੂਨਾਂ ਦੇ ਬਰਾਬਰ ਹੈ। ਕੁੱਤੇ, ਬਿੱਲੇ, ਸੂਰ, ਸੱਪ, ਕਾਂ ਤੇ ਗਧੇ ਵਰਗੇ। ਉਹਦਾ ਜਨਮ ਕਿਉਂਕਿ ਬਿਰਥਾ ਜਾ ਰਿਹੈ, ਕਿਸੇ ਲੇਖੇ ਵਿਚ ਨਹੀਂ ਲਗ ਰਿਹਾ। ਇਹ ਜਨਮ ਤਾਂ ਅਮੋਲ ਹੈ ਜੇ ਗੁਰੂ ਦੀ ਸ਼ਰਨ ਵਿਚ ਆ ਜਾਵੇ। ਗੁਰੂ ਦੇ ਕੋਲ ਨਾਮ ਦੀ ਚਾਬੀ ਹੁੰਦੀ ਐ, ਮੰਤ੍ਰ ਦੀ, ਗੁਰਮੰਤ੍ਰ ਦੀ, ਉਹ ਅੰਦਰੋਂ ਨਾਮ ਪ੍ਰਗਟ ਕਰ ਦਿੰਦੀ ਹੈ, ਤਾਂ, ਤਾਂ ਇਹ ਅਮੋਲ ਜਨਮ ਹੈ, ਨਹੀਂ ਤਾਂ ਇਹ ਬਿਲਕੁਲ ਫਜ਼ੂਲ ਜਨਮ ਹੈ -

***ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ,....।***

***ਭਾਈ ਗੁਰਦਾਸ ਜੀ, ਵਾਰ 17***

ਜੇ ਤਾਂ ਗੁਰੂ ਦੇ, ਸਾਧੂਆਂ ਸੰਤਾਂ ਦੇ ਦਰਸ਼ਨ ਕਰਦੈ, ਤਾਂ, ਤਾਂ ਅਮੋਲ ਹੈ, ਨਹੀਂ ਤਾਂ ਇਹ ਕਿਸੇ ਕੰਮ ਦਾ ਨਹੀਂ ਹੈ -

***ਸ੍ਰਵਨ ਅਮੋਲ ਗੁਰ ਬਚਨ ਧਰਨ ਕੈ॥***

***ਭਾਈ ਗੁਰਦਾਸ ਜੀ, ਵਾਰ 17***

ਜੇ ਗੁਰੂ ਦੇ ਬਚਨ ਆਪਣੇ ਹਿਰਦੇ 'ਚ ਸੁਣ ਕੇ ਧਾਰਨ ਕਰਦੈ ਤਾਂ, ਤਾਂ ਇਹਦੇ ਕੰਨ ਪਵਿੱਤਰ ਨੇ, ਨਹੀਂ ਤਾਂ ਕੰਨ ਵੀ ਕਿਸੇ ਕੰਮ ਦੇ ਨਹੀਂ।

***ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ...।***

***ਭਾਈ ਗੁਰਦਾਸ ਜੀ, ਵਾਰ 17***

ਗੁਰੂ ਦੇ ਚਰਨਾਂ ਦੀ ਸੁਗੰਧੀ ਲੈ ਕੇ ਇਹਦੀ ਨਾਸਕਾ ਅਮੋਲ ਹੋ ਜਾਇਆ ਕਰਦੀ ਹੈ।

***ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ॥***

***ਭਾਈ ਗੁਰਦਾਸ ਜੀ, ਵਾਰ 17***

ਰਸਨਾ ਤਾਂ ਅਮੋਲ ਹੈ, ਵੱਡੇ ਮੁੱਲ ਵਾਲੀ ਹੈ, ਜੇ ਪ੍ਰਭੂ ਦਾ ਨਾਮ ਜਪਦੀ ਹੈ, ਨਹੀਂ ਤਾਂ ਰਸਨਾ ਕਿਸੇ ਕੰਮ ਦੀ ਨਹੀਂ ਹੋਇਆ ਕਰਦੀ।

***ਹਸਤ ਅਮੋਲ ਗੁਰਦੇਵ ਸੇਵ ਕੈ ਸਫਲ...।***

***ਭਾਈ ਗੁਰਦਾਸ ਜੀ, ਵਾਰ 17***

ਹੱਥ ਤਾਂ ਅਮੁੱਲ ਨੇ ਜੇ ਜਾ ਕੇ ਸੰਗਤ ਦੀ ਸੇਵਾ ਕਰਦੈ। ਗੁਰੂ ਦੀ ਸੇਵਾ ਕਰਦੈ -

***ਚਰਨ ਅਮੋਲ ਪਰਦਛਨਾ ਕਰਨ ਕੈ॥***

***ਭਾਈ ਗੁਰਦਾਸ ਜੀ, ਵਾਰ 17***

ਚਰਨ ਤਾਂ ਅਮੋਲ ਨੇ ਜੇ ਗੁਰੂ ਦੀ ਹਾਜ਼ਰੀ ਦੇ ਵਿਚ ਪਹੁੰਚਦੈ। ਨਹੀਂ ਤਾਂ ਇਹ ਅਮੋਲ ਨਹੀਂ। ਇਸ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਨੇ –

***ਧਾਰਨਾ – ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,***
***ਧ੍ਰਿਗ ਤੇਰਾ ਸੀਸ ਬੰਦਿਆਂ।***

ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਦਰਜਾ ਪ੍ਰਾਪਤ ਹੈ, ਜੇ ਗੁਰਬਾਣੀ ਦੇ ਸਹੀ ਸਿਧਾਂਤ ਨੂੰ ਸਮਝਦੇ ਹਨ ਤਾਂ ਭਾਈ ਗੁਰਦਾਸ ਜੀ ਨੇ ਜੋ ਵਾਰਾਂ ਤੇ ਕਬਿੱਤ ਸਵੱਈਏ ਲਿਖੇ ਨੇ ਉਨ੍ਹਾਂ ਨੂੰ ਜਿਹੜਾ ਚੰਗੀ ਤਰ੍ਹਾਂ ਸਮਝ ਜਾਂਦੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਨ੍ਹਾਂ ਦੇ ਸਮਝ 'ਚ ਆ ਜਾਇਆ ਕਰਦੀ ਹੈ। ਸੋ ਆਪ ਜੀ ਨੇ ਫੁਰਮਾਨ ਕਰਿਐ, ਮਨੁੱਖੀ ਸਰੀਰ ਦੇ ਅੰਗਾਂ ਦੇ ਵਾਸਤੇ ਕਿ ਜਿਹੜਾ ਸਿਰ ਗੁਰੂ ਦੇ ਚਰਨਾਂ 'ਚ ਨਹੀਂ ਜਾ ਕੇ ਲਗਦਾ ਉਹ ਧਿਰਕਾਰਯੋਗ ਹੈ, ਵੱਢਣਯੋਗ ਹੈ –

***ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥***

***ਅੰਗ– 1381***

ਸਾਡੇ ਤੋਂ ਪੁੱਛਦੇ ਨੇ ਕਿ ਤੁਸੀਂ ਦੱਸੋ ਕਿ ਜਿਹੜਾ ਸਿਰ ਗੁਰੂ ਨੂੰ ਨਹੀਂ ਨਿੰਵਦਾ ਉਹਨੂੰ ਕੀ ਕਰਿਆ ਜਾਵੇ? ਕਹਿੰਦੇ, ਉਹ ਬਿਲਕੁਲ ਫਜ਼ੂਲ ਹੈ –

***ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥***

***ਅੰਗ – 1381***

ਉਹਨੂੰ ਤਾਂ ਬਾਲਣ ਦੀ ਥਾਂ ਦੇ ਵਿਚ ਉਸ ਸਿਰ ਦੇ ਟੁਕੜੇ ਕਰਕੇ ਚੁੱਲ੍ਹੇ ਦੇ ਹੇਠ ਜਲਾ ਦਿਓ, ਭੱਠ 'ਚ ਜਾਲ ਦਿਓ। ਕਿਸੇ ਕੰਮ ਦਾ ਸਰੀਰ ਨਹੀਂ। ਨਰਕਾਂ 'ਚ ਪਹੁੰਚਾਉਣ ਵਾਲਾ ਹੈ ਕਿਉਂਕਿ ਹੰਕਾਰ, ਅਭਿਮਾਨ ਦੇ ਨਾਲ ਭਰਿਆ ਪਿਆ ਹੈ। ਜਿਹੜਾ ਸੀਸ ਨਿੰਵਦਾ ਹੈ, ਉਹਦਾ ਕਿੰਨਾ ਫਾਇਦਾ ਹੋਇਆ ਕਰਦੈ। ਉਹਦੀ ਕਿੰਨੀ ਮਹਿਮਾ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਬੈਠੇ ਨੇ, ਕੋਲ ਇਕ ਕਾਜ਼ੀ ਬੈਠੈ, ਸਲਾਰਦੀਨ ਉਸ ਦਾ ਨਾਮ ਹੈ। ਪਹਿਲਾਂ ਵੀ ਗੁਰੂ ਮਹਾਰਾਜ ਕੋਲ ਆਇਆ ਕਰਦਾ ਸੀ। ਪਿਆਰ ਰੱਖਦਾ ਸੀ, ਕੱਟੜ ਨਹੀਂ ਸੀਗਾ, ਪਿਆਰ ਸੀ, ਗੁਰੂ ਮਹਾਰਾਜ ਦੀ ਸ਼ਰਧਾ ਸੀ। ਉਹ ਕੀ ਦੇਖਦਾ ਹੈ ਕਿ ਗੁਰੂ ਮਹਾਰਾਜ ਦੇ ਚਰਨਾਂ 'ਤੇ ਸੰਗਤਾਂ ਆ ਕੇ ਮਸਤਕ ਨਿਵਾਈ ਜਾਂਦੀਆਂ ਨੇ। ਗੁਰੂ ਮਹਾਰਾਜ ਅਸੀਸ ਦੇਈ ਜਾਂਦੇ ਨੇ। ਜਦੋਂ ਕਾਫੀ ਸਮਾਂ ਬੀਤ ਗਿਆ ਕਹਿਣ ਲੱਗਿਆ, ਮਹਾਰਾਜ! ਖੁਦਾ ਇੱਕ ਹੈ ਕਿ ਦੋ ਨੇ? ਮਹਾਰਾਜ ਕਹਿੰਦੇ, ਇੱਕੋ ਹੀ ਹੈ। ਕਹਿੰਦੇ, ਜਦੋਂ ਤੁਹਾਡੇ ਚਰਨਾਂ 'ਤੇ ਸੀਸ ਨਿਵਾਉਂਦੇ ਨੇ, ਤੁਸੀਂ ਅਸੀਸ ਦਿੰਦੇ ਹੋਂ, ਇਨ੍ਹਾਂ ਦੇ ਦੁੱਖਾਂ ਦਾ ਖਾਤਮਾ ਕਰਦੇ ਹੋਂ, ਇਨ੍ਹਾਂ ਦੇ ਕਰਮ ਕਿੱਥੇ ਗਏ ਫੇਰ? ਕਰਮ ਭੋਗਦੇ ਨਹੀਂ ਹੈ ਇਹ। ਮਹਾਰਾਜ ਕਹਿੰਦੇ, ਕਰਮ ਤਾਂ ਭੋਗਦੇ ਨੇ ਪਰ ਉਹ ਨਰਮ ਹੋ ਜਾਂਦੇ ਨੇ। ਕਹਿੰਦਾ, ਕਿਸ ਤਰ੍ਹਾਂ ਮਹਾਰਾਜ?

ਮਹਾਰਾਜ ਕਹਿੰਦੇ, ਦੇਖੋ ਫਸਲ ਬੀਜ ਦੇਈਦੀ ਹੈ। ਉਹਦੇ ਉੱਤੇ ਹਲਕੀ-ਹਲਕੀ ਬਾਰਿਸ਼ ਹੋ ਗਈ, ਕਣੀਆਂ ਪੈ ਗਈਆਂ ਤੇ ਕੰਡ ਹੋ ਗਈ। ਕੰਡ ਹੋਈ ਤਾਂ ਉਹ ਤੋੜੀ ਜਾਂਦੀ ਹੈ, ਜਿਹੜੇ ਦਾਣੇ ਨੇ ਉਹ ਤਾਂ ਜੰਮ ਪਏ, ਲੇਕਿਨ ਉਹ ਦਾਣੇ ਬਾਹਰ ਨਹੀਂ ਆ ਰਹੇ ਕਿਉਂਕਿ ਕੰਡ ਨੇ ਰੋਕ ਲਏ, ਕਰੰਡ ਵੀ ਕਹਿੰਦੇ ਨੇ, ਕੰਡ ਵੀ ਕਹਿੰਦੇ ਨੇ। ਪੇਪੜੀ ਜੰਮ ਜਾਂਦੀ ਹੈ ਉਤੇ, ਉਹ ਦਾਣਿਆਂ ਨੂੰ ਬਾਹਰ ਨਹੀਂ ਆਉਣ ਦਿੰਦੀ। ਕਹਿੰਦੇ ਜਦੋਂ ਤੋੜ ਦਿਤਾ ਜਾਵੇ ਉਸ ਵੇਲੇ ਦਾਣੇ ਬਾਹਰ ਆ ਜਾਂਦੇ ਨੇ। ਇਸੇ ਤਰ੍ਹਾਂ ਦੇ ਨਾਲ ਜੀਵਾਂ ਦੇ ਸ਼ੁਭ ਕਰਮ ਜਿਹੜੇ ਫਲ ਦੇਣ ਨੂੰ ਤਿਆਰ ਹੁੰਦੇ ਨੇ, ਉਹ ਕੁਛ ਥੋੜ੍ਹੇ ਪਾਪ ਕਰਮਾਂ ਕਰਕੇ ਉਹਦੀ ਪੇਪੜੀ ਜੰਮੀ ਹੁੰਦੀ ਹੈ, ਜਿਸ ਵਕਤ ਗੁਰੂ ਦੇ ਚਰਨਾਂ ਦੇ ਉਤੇ ਮਸਤਕ ਨਿਵਾਉਂਦੈ, ਜਿਵੇਂ ਪੇਪੜੀ ਟੁੱਟ ਜਾਂਦੀ ਹੈ ਇਸੇ ਤਰ੍ਹਾਂ ਨਾਲ ਜਿਹੜੇ ਵਿਘਨ ਨੇ ਦੂਰ ਹੋ ਜਾਂਦੇ ਨੇ, ਉਨ੍ਹਾਂ ਦੇ ਚੰਗੇ ਕਰਮ ਜਿਹੜੇ ਫਲ ਗਏ ਨੇ, ਉਹ ਬਾਹਰ ਆ ਜਾਂਦੇ ਨੇ।

ਦੂਜੀ ਗੱਲ ਕਹਿਣ ਲੱਗੇ, ਮੋਹਰ ਚੁੱਕ ਲਈ ਮਹਾਰਾਜ ਨੇ ਤੇ ਕਿਹਾ, ਆਹ ਪੜ੍ਹੋ ਤਾਂ ਮੋਹਰ। ਕਹਿੰਦਾ, ਮਹਾਰਾਜ! ਪੜ੍ਹ ਨਹੀਂ ਹੁੰਦੀ। ਮਹਾਰਾਜ ਨੇ ਉਹ ਮੋਹਰ ਚੁੱਕੀ, ਚੁੱਕ ਕੇ ਕਾਗਜ਼ 'ਤੇ ਲਾ ਦਿਤੀ। ਕਹਿੰਦੇ, ਹੁਣ ਪੜ੍ਹੋ ਤਾਂ। ਕਹਿੰਦੇ, ਹੁਣ ਤਾਂ ਮਹਾਰਾਜ ਪੜ੍ਹੀ ਜਾਂਦੀ ਹੈ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਜਦੋਂ ਜੀਵ ਦਾ ਮਸਤਕ ਗੁਰੂ ਦੇ ਚਰਨਾਂ ਨਾਲ ਛੂੰਹਦੈ, ਇਹਦੇ ਜਿਹੜੇ ਪੁੱਠੇ ਲੇਖ ਨੇ ਉਹ ਸਿੱਧੇ ਹੋ ਜਾਇਆ ਕਰਦੇ ਨੇ। ਸੋ ਇਹ ਫਲ ਹੋਇਆ ਕਰਦੈ, ਗੁਰੂ ਨੂੰ ਮਸਤਕ ਨਿਵਾਉਣ ਦਾ, ਮਸਤਕ ਪਵਿੱਤਰ ਹੋ ਜਾਇਆ ਕਰਦੈ। ਜੇ ਨਹੀਂ ਨਿਵਦਾ -

***ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।***
***ਭਾਈ ਗੁਰਦਾਸ ਜੀ, ਵਾਰ 27/10***

ਤਾਂ ਧਿਰਕਾਰਯੋਗ ਹੈ। ਦੂਸਰੇ 'ਲੋਇਣ' ਬਾਰੇ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਨੇ ਜਿਹੜੀ ਅੱਖਾਂ ਗੁਰੂ ਦੇ ਦਰਸ਼ਨ ਤੋਂ ਵਾਂਝੀਆਂ ਰਹਿੰਦੀਆਂ ਨੇ, ਮਹਾਂਪੁਰਸ਼ਾਂ ਦੇ ਦਰਸ਼ਨ ਤੋਂ ਵਾਂਝੀਆਂ ਨੇ ਉਹ ਕਿਸੇ ਕੰਮ ਦੀਆਂ ਨਹੀਂ, ਧ੍ਰਿਗ ਨੇ।

***ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।***
***ਭਾਈ ਗੁਰਦਾਸ ਜੀ, ਵਾਰ 27/10***

ਬਿਗਾਨੀਆਂ ਜਵਾਨੀਆਂ ਨੂੰ ਦੇਖਦੇ ਨੇ, ਬਿਗਾਨੀਆਂ ਇਸਤ੍ਰੀਆਂ ਨੂੰ ਦੇਖਦੇ ਨੇ, ਪਾਪ ਕਰਮ ਕਰਦੇ ਨੇ ਅੱਖਾਂ ਦੇ ਰਾਹੀਂ, ਉਹ ਅੱਖਾਂ ਧਿਰਕਾਰਯੋਗ ਨੇ। ਇਹਦੀ ਥਾਂ 'ਤੇ ਜਿਹੜੀਆਂ ਅੱਖਾਂ ਸਤਿਸੰਗ ਦਾ ਦਰਸ਼ਨ ਕਰਦੀਆਂ ਨੇ ਗੁਰੂ ਦਾ ਦਰਸ਼ਨ ਕਰਦੀਆਂ ਨੇ ਉਹ ਮਹਾਨ ਉਪਮਾ ਵਾਲੀਆਂ ਨੇ, ਉਹ ਬਹੁਤ ਪਵਿੱਤਰ ਅੱਖਾਂ ਨੇ। ਅੱਖਾਂ ਨਾਲ ਹੀ ਦਰਸ਼ਨ ਹੁੰਦੇ ਨੇ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਇਕ ਨਗਰ ਦੇ ਵਿਚ ਇਕ ਗੁਰਸਿੱਖ ਦੇ ਘਰ ਤਿੰਨ-ਚਾਰ ਦਿਨ ਰਹੇ। ਜਦੋਂ ਆਪ ਜਾਣ ਲੱਗੇ ਤਾਂ ਉਸ ਗੁਰਸਿੱਖ ਨੇ ਹੱਥ ਬੰਨ੍ਹ ਕੇ ਮਹਾਰਾਜ ਜੀ ਨੂੰ ਪੁੱਛਿਆ, ਕਹਿਣ

ਲੱਗਿਆ, ਸੱਚੇ ਪਾਤਸ਼ਾਹ! ਸੰਤਾਂ ਦੇ ਦਰਸ਼ਨ ਦਾ ਕੀ ਫਲ ਹੁੰਦੈ?

ਮਹਾਰਾਜ ਕਹਿਣ ਲੱਗੇ ਕਿ ਤੂੰ ਅੱਗੇ ਵੀ ਕਿਸੇ ਤੋਂ ਪੁੱਛਿਐ?

ਕਹਿੰਦਾ, ਹਾਂ ਮਹਾਰਾਜ। ਉਹ ਤਾਂ ਐਨਾ ਜ਼ਿਆਦਾ ਦਸਦੇ ਨੇ ਕਿ ਮੇਰੀ ਸਮਝ ਤੋਂ ਬਾਹਰ ਹੈ।

ਮਹਾਰਾਜ ਕਹਿੰਦੇ, ਚੰਗਾ ਇਹ ਗੱਲ ਤੈਨੂੰ ਅਸੀਂ ਦ੍ਰਿਸ਼ਟਾਂਤ ਰਾਹੀਂ ਸਮਝਾਵਾਂਗੇ ਤੂੰ ਇਸ ਤਰ੍ਹਾਂ ਕਰੀਂ, ਕੱਲ੍ਹ ਨੂੰ ਸਵੇਰੇ ਨਗਰ ਦੇ ਬਾਹਰ ਚੜ੍ਹਦੇ ਵੱਲ ਜਿਹੜਾ ਸਰੋਵਰ ਹੈ ਉਹਦੇ ਪਰਲੇ ਕੰਢੇ 'ਤੇ ਦਰਖੱਤ ਹੈ, ਉਥੇ ਜਾ ਕੇ ਖੜ ਜਾਈਂ, ਉਥੇ ਦੱਸਣ ਵਾਲਾ ਆਏਗਾ ਤੈਨੂੰ। ਸਵੇਰੇ-ਸਵੇਰੇ ਚਲਿਆ ਜਾਈਂ, ਉਸ ਤੋਂ ਬਾਅਦ ਤੂੰ ਘੜੀ ਇੰਤਜ਼ਾਰ ਕਰੀਂ ਫੇਰ ਆ ਜਾਈਂ। ਚਲਿਆ ਗਿਆ, ਸੂਰਜ ਚੜ੍ਹਨ ਤੋਂ ਪਹਿਲਾਂ ਹੀ। ਕੀ ਦੇਖਦਾ ਹੈ ਕਿ ਇਕ ਕਾਵਾਂ ਦਾ ਜੋੜਾ ਬੈਠ ਗਿਆ ਟਾਹਣੇ 'ਤੇ ਇਹਦੇ ਸਾਮ੍ਹਣੇ ਹੋਰ ਕੋਈ ਨਾ ਆਇਆ। ਇਹ 20-25 ਮਿੰਟ ਇੰਤਜ਼ਾਰ ਕਰਨ ਤੋਂ ਬਾਅਦ ਵਾਪਸ ਆ ਗਿਆ, ਗੁਰੂ ਨਾਨਕ ਪਾਤਸ਼ਾਹ ਨੂੰ ਕਿਹਾ ਕਿ ਪਾਤਸ਼ਾਹ! ਉਥੇ ਤਾਂ ਕੋਈ ਵੀ ਨਹੀਂ ਆਇਆ, ਇਕ ਕੇਵਲ ਕਾਵਾਂ ਦਾ ਜੋੜਾ ਉਥੇ ਬੈਠਾ ਸੀ। ਮਹਾਰਾਜ ਕਹਿੰਦੇ, ਪ੍ਰੇਮੀਆਂ! ਕੱਲ੍ਹ ਨੂੰ ਫੇਰ ਜਾਈਂ, ਦੂਸਰੇ ਦਿਨ ਫੇਰ ਚਲਿਆ ਗਿਆ। ਜਿਸ ਵਕਤ ਦੁਬਾਰਾ ਜਾਂਦੈ, ਕਾਵਾਂ ਦਾ ਜੋੜਾ ਜਿੱਥੇ ਬੈਠਾ ਸੀ, ਉਥੇ ਬਗਲਿਆਂ ਦਾ ਜੋੜਾ ਆ ਕੇ ਬਹਿ ਗਿਆ। ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਅੱਜ ਬਗਲਿਆਂ ਦਾ ਜੋੜਾ ਆਇਐ, ਮਹਾਰਾਜ ਕਹਿੰਦੇ, ਕੱਲ੍ਹ ਨੂੰ ਫੇਰ ਜਾਈਂ। ਤੀਸਰੇ ਦਿਨ ਉਸ ਨੂੰ ਹੰਸਾਂ ਦਾ ਜੋੜਾ ਦਿਸਿਆ। ਮਹਾਰਾਜ ਨੇ ਕਿਹਾ ਕੱਲ੍ਹ ਫੇਰ ਚਲਿਆ ਜਾਈਂ। ਚੌਥੇ ਦਿਨ ਕੀ ਦੇਖਦੈ ਕਿ ਉਥੇ ਦੇਵ ਰੂਹਾਂ ਬੈਠੀਆਂ ਨੇ ਦੋ। ਉਹ ਆ ਕੇ ਇਹਦੇ ਚਰਨਾਂ 'ਤੇ ਨਮਸ਼ਕਾਰ ਕਰਨ ਲੱਗ ਗਈਆਂ।

ਇਹ ਕਹਿਣ ਲੱਗਿਆ, ਪ੍ਰੇਮੀਓ! ਮੈਂ ਤਾਂ ਤੁਹਾਨੂੰ ਜਾਣਦਾ ਨਹੀਂ ਹਾਂ। ਤੁਸੀਂ ਤਾਂ ਦੇਵਤੇ ਹੋਂ, ਕਹਿਣ ਲੱਗੇ, ਤੂੰ ਕੀ ਕਰਨ ਆਉਂਦਾ ਹੁੰਦੈ ਇਥੇ। ਕਹਿਣ ਲੱਗਿਆ, ਮੈਂ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਸਵਾਲ ਕਰਿਆ ਸੀ ਕਿ ਸਾਧੂਆਂ ਦੇ ਦਰਸ਼ਨ ਦਾ ਕੀ ਫਲ ਹੋਇਆ ਕਰਦੈ? ਤੇ ਮੈਂ ਇਥੇ ਜਵਾਬ ਲੈਣ ਆਉਂਦਾ ਸੀ। ਕਹਿਣ ਲੱਗੇ, ਅਸੀਂ ਤੈਨੂੰ ਜਵਾਬ ਹੀ ਦੇਣੈ।

ਕਹਿਣ ਲੱਗਿਆ, ਦੱਸੋ?

ਕਹਿੰਦੇ, ਅਸੀਂ ਪਹਿਲੇ ਦਿਨ ਕਾਵਾਂ ਦਾ ਜੋੜਾ ਸੀ, ਤੂੰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਕੇ ਆਇਆ, ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਨਹੀਂ ਕੀਤੇ, ਅਸੀਂ ਤੇਰੇ ਦਰਸ਼ਨ ਕਰੇ, ਉਹਦਾ ਫਲ ਇਹ ਹੋ ਗਿਆ ਕਿ ਦੂਸਰੇ ਦਿਨ ਅਸੀਂ ਬਾਹਰੋਂ ਚਿੱਟੇ ਹੋ ਗਏ, ਅੰਦਰੋਂ ਕਾਲੇ ਰਹਿ ਗਏ, ਤੀਸਰੇ ਦਿਨ ਆਇਆ ਅਸੀਂ ਬਾਹਰੋਂ ਵੀ ਚਿੱਟੇ ਹੋ ਗਏ ਤੇ ਅੰਦਰੋਂ ਵੀ ਸਾਨੂੰ ਗਿਆਨ ਹੋ ਗਿਆ। ਹੰਸ ਰੂਪ ਹੋ ਗਏ ਤੇ ਅੱਜ ਅਸੀਂ

ਚੌਥੇ ਦਿਨ ਦੇਵ ਦੇਹਾਂ ਪ੍ਰਾਪਤ ਕਰਕੇ, ਬੈਕੁੰਠ ਧਾਮ ਨੂੰ ਜਾ ਰਹੇ ਹਾਂ, ਅਸੀਂ ਧੰਨਵਾਦ ਕਰਦੇ ਹਾਂ ਤੇਰਾ ਕਿ ਤੂੰ ਗੁਰੂ ਨਾਨਕ ਪਾਤਸ਼ਾਹ ਕਰਕੇ ਸਾਨੂੰ ਦਰਸ਼ਨ ਦਿਤੇ ਤੇ ਉਹਦਾ ਫਲ ਐਨਾ ਹੋ ਗਿਆ। ਬੜਾ ਖੁਸ਼ ਹੋ ਗਿਆ, ਮਹਾਰਾਜ ਜੀ ਨੂੰ ਜਾ ਕੇ ਸਾਰੀ ਬੇਨਤੀ ਕਰੀ।

ਮਹਾਰਾਜ ਕਹਿੰਦੇ, ਪਿਆਰਿਆ! ਇਸ ਗੱਲ ਦੇ ਖਿਆਲ 'ਚ ਨਾ ਪੈ ਜਾਈਂ ਕਿ ਕਾਂ ਬਗਲੇ ਕਿਵੇਂ ਬਣ ਸਕਦੇ ਨੇ, ਬਗਲੇ ਹੰਸ ਕਿਵੇਂ ਬਣ ਸਕਦੇ ਨੇ। ਤੈਨੂੰ ਅਸੀਂ ਇਕ ਦ੍ਰਿਸ਼ਟਾਂਤ ਦਿਖਾ ਕੇ ਗੱਲ ਸਮਝਾਈ ਹੈ। ਉਹ ਇਹ ਹੈ ਕਿ ਪਹਿਲਾਂ-ਪਹਿਲਾਂ ਬੰਦਾ ਜਿਹੜਾ ਸਤਿਸੰਗ 'ਚ ਨਹੀਂ ਆਉਂਦਾ, ਵਿਸ਼ੇ-ਵਿਕਾਰਾਂ ਦੀ ਬਿਰਤੀ ਹੋਣ ਕਰਕੇ ਅੰਦਰੋਂ ਵੀ ਕਾਲਾ ਤੇ ਬਾਹਰੋਂ ਵੀ ਕਾਲਾ ਹੁੰਦੈ। ਜਦੋਂ ਉਹ ਸਤਿਸੰਗ 'ਚ ਆਉਣ ਲਗ ਜਾਂਦੈ, ਗੁਰੂ ਦੇ ਦਰਸ਼ਨ ਕਰਦੈ, ਮਹਾਤਮਾ ਦੇ ਦਰਸ਼ਨ ਕਰਦੈ ਤਾਂ ਅੰਦਰ ਤਾਂ ਬੁਰਿਆਈ ਰਹਿ ਜਾਂਦੀ ਹੈ। ਬਾਹਰੋਂ ਬੜਾ ਸੋਹਣਾ ਹੋ ਜਾਂਦੈ, ਬਾਹਰੋਂ ਬੁਰਿਆਈ ਨਹੀਂ ਕਰਦਾ, ਸੰਗਣ ਲਗ ਜਾਂਦੈ, ਡਰਨ ਲੱਗ ਜਾਂਦੈ। ਜੇ ਹੋਰ ਸੰਗਤ ਕਰੇ ਤਾਂ ਅੰਦਰ ਵੀ ਉਹਦਾ ਸ਼ੁੱਧ ਹੋ ਜਾਂਦੈ, ਬਾਹਰ ਵੀ ਸ਼ੁੱਧ ਹੋ ਜਾਂਦੈ। ਹੰਸ ਬਿਰਤੀ ਆ ਜਾਂਦੀ ਹੈ, ਉਹਦੇ ਅੰਦਰ ਗਿਆਨ ਪ੍ਰਗਟ ਹੋ ਜਾਂਦੈ ਤੇ ਇਸੇ ਤਰ੍ਹਾਂ ਦੇ ਨਾਲ ਦਰਸ਼ਨ ਕਰਕੇ ਦੇਵ ਲੋਕ ਨੂੰ ਪ੍ਰਾਪਤ ਹੋ ਜਾਇਆ ਕਰਦੈ।

ਸੋ ਦਰਸ਼ਨਾਂ ਤੋਂ ਜਿਹੜਾ ਵਾਂਝਾ ਹੈ, ਕੇਵਲ ਬੇਗਾਨੀਆਂ ਇਸਤ੍ਰੀਆਂ ਨੂੰ ਹੀ ਦੇਖ-ਦੇਖ ਹੀ ਸਮਾਂ ਕੱਢਦੈ, ਮਹਾਰਾਜ ਕਹਿੰਦੇ ਧਿਰਕਾਰ ਹੈ, ਉਹ ਬੰਦ ਕਰ ਦੇਣੀਆਂ ਚਾਹੀਦੀਆਂ ਨੇ ਅੱਖਾਂ; ਜੇ ਉਹਦੀ ਥਾਂ 'ਤੇ ਸੰਗਤ ਦੇ ਦਰਸ਼ਨ ਕਰਦੈ, ਸੰਗਤ ਵਿਚ ਆਉਂਦੈ, ਉਹ ਅੱਖਾਂ ਪਵਿੱਤਰ ਨੇ, ਨਹੀਂ ਤਾਂ ਇਹ ਜਿਹੜੇ ਨੇ -

***ਧ੍ਰਿਗ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।***

***ਭਾਈ ਗੁਰਦਾਸ ਜੀ, ਵਾਰ 27/10***

ਤੇ ਉਸ ਤੋਂ ਬਾਅਦ ਵਾਰੀ ਆਉਂਦੀ ਹੈ ਕੰਨਾਂ ਦੀ।

***ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।***

***ਭਾਈ ਗੁਰਦਾਸ ਜੀ, ਵਾਰ 27/10***

ਉਹ ਕੰਨ ਧਿਰਕਾਰਯੋਗ ਨੇ ਜਿਹੜੇ ਬਾਣੀ ਨਹੀਂ ਸਰਵਣ ਕਰਦੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜਿਹੜੇ ਸੁਣਦੇ ਨਾ ਗੁਰਾਂ ਦੀ ਬਾਣੀ,***
***ਧ੍ਰਿਗ ਤੇਰੇ ਕੰਨ ਬੰਦਿਆ।***

ਕੰਨਾਂ ਦਾ ਕੰਮ ਹੈ ਗੁਰੂ ਦੀ ਬਾਣੀ ਸੁਣਨੀ ਤੇ ਉਹਦੇ ਨਾਲ ਪਵਿੱਤਰ ਹੋ ਜਾਣਾ -

***ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥***
***ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥***

*ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥*
*ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥*
*ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ*
*ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥ ਅੰਗ- 922*

ਜਿਹਦੇ ਸੁਣਨ ਨਾਲ ਤਨ ਹਰਾ ਹੋ ਜਾਵੇ, ਮਨ ਹਰਾ ਹੋ ਜਾਵੇ, ਕਿੱਡੀ ਮਹਾਨਤਾ ਹੈ ਇਸ ਚੀਜ਼ ਦੀ। ਇਹਦੀ ਥਾਂ 'ਤੇ ਨਿੰਦਿਆ ਚੁਗਲੀ ਸੁਣ ਕੇ ਆਪ ਗੁਨਹਗਾਰ ਬਣ ਜਾਵੇ, ਦੋਹਾਂ ਦਾ ਮੁਕਾਬਲਾ ਕਰੋ ਕਿਹੜੀ ਚੀਜ਼ ਸ੍ਰੇਸ਼ਟ ਹੈ। ਸੁਣਨ ਦੇ ਨਾਲ ਵੱਡੇ-ਵੱਡੇ ਫਲ ਪ੍ਰਾਪਤ ਹੁੰਦੇ ਨੇ। ਮਹਾਰਾਜ ਨੇ ਚਾਰ ਪਉੜੀਆਂ ਜਪੁਜੀ ਸਾਹਿਬ ਦੇ ਅੰਦਰ 'ਸੁਣਿਐ' ਦੇ ਮਹਾਤਮ ਦੀਆਂ ਲਿਖੀਆਂ। ਗੁਰੂ ਦੀ ਬਾਣੀ ਸੁਣਨ ਦਾ ਮਹਾਤਮ ਕਿੰਨਾਂ ਹੁੰਦੈ।

ਇਕ ਮੈਂ ਬੇਨਤੀ ਕਰਦਾ ਹਾਂ ਕਿ ਸੰਤ ਚੇਤ ਸਿੰਘ ਹੋਏ ਨੇ। ਉਹ ਸੰਤ ਸੇਵਾ ਬਹੁਤ ਕਰਿਆ ਕਰਦੇ ਸੀ, ਆਏ ਗਏ ਦੀ। ਆਪ ਹੀ ਪ੍ਰਸ਼ਾਦਾ ਲਾਹਿਆ ਕਰਦੇ ਸੀ, ਆਪ ਹੀ ਬਰਤਨ ਮਾਂਜਦੇ ਸੀ, ਬਹੁਤ ਸੇਵਾ ਕਰਦੇ ਸੀ, ਜਦ ਕੋਈ ਆ ਜਾਂਦਾ ਸੀ। ਇਕ ਵਾਰੀ ਇਕ ਬ੍ਰਾਹਮਣ ਉਨ੍ਹਾਂ ਦੇ ਕੋਲ ਆ ਗਿਆ। ਬਿਮਾਰ ਸੀ, ਅਤੀਸਾਰ, ਮਰੋੜੇ ਲੱਗੇ ਹੋਏ ਸੀ ਉਹਨੂੰ। ਸੰਤਾਂ ਨੇ ਉਹਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ, ਇਥੋਂ ਤਕ ਕਿ ਉਹਦੇ ਵਸਤਰ ਵੀ ਧੋ ਦਿਆ ਕਰਨ, ਗੰਦੇ ਹੋਏ-ਹੋਏ। ਆਪ ਦਾ ਇਕ ਨੇਮ ਸੀ ਕਿ ਜਦੋਂ ਬਾਣੀ ਪੜ੍ਹਦੇ ਸੀ, ਉਸ ਵੇਲੇ ਉੱਚੀ ਪੜ੍ਹਨੀ, ਵਿਚਾਲੇ ਨਹੀਂ ਬੋਲਦੇ ਬਾਣੀ ਪੜ੍ਹਦੇ ਹੋਏ, ਪੂਰਾ ਪੜ੍ਹ ਕੇ ਬੋਲਦੇ ਸੀ।

ਇਕ ਦਿਨ ਉਹ ਮੰਜੇ 'ਤੇ ਪਿਆ ਹੈ ਬਿਮਾਰ, ਆਪ ਕਹਿਣ ਲੱਗੇ, ਪੰਡਤ ਜੀ! ਮੈਂ ਹੁਣ ਸੁਖਮਨੀ ਸਾਹਿਬ ਦਾ ਪਾਠ ਕਰਨੈ ਤੇ ਜੇ ਤੁਹਾਨੂੰ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਦੱਸੋ, ਮੈਨੂੰ ਪੌਣਾ ਘੰਟਾ ਲਗ ਜਾਣੈ ਤੇ ਮੈਂ ਵਿਚਾਲੇ ਨਹੀਂ ਬੋਲਣਾ।

ਕਹਿਣ ਲੱਗੇ, ਸੰਤ ਜੀ! ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਤੁਸੀਂ ਪੜ੍ਹੋ ਬਾਣੀ ਤੇ ਮੈਂ ਸੁਣਦਾ ਜਾਵਾਂਗਾ।

ਸੰਤਾਂ ਨੇ ਚੌਂਕੜਾ ਮਾਰਿਆ, ਆਸਣ 'ਤੇ ਬੈਠੇ ਬਾਣੀ ਪੜ੍ਹਨੀ ਸ਼ੁਰੂ ਕਰ ਲਈ। ਬਾਣੀ ਪੜ੍ਹ ਕੇ ਜਿਸ ਵਕਤ ਭੋਗ ਪਾਇਆ, ਕੀ ਦੇਖਦੇ ਨੇ ਕਿ ਪੰਡਤ ਤਾਂ ਚੜ੍ਹਾਈ ਕਰ ਗਿਆ। ਮਨ ਵਿਚ ਬੜਾ ਸ਼ੰਕਾ ਵਿਆਪ ਗਿਆ ਕਿ ਇਨ੍ਹਾਂ ਦੇ ਮੱਤ ਦੇ ਹਿਸਾਬ ਨਾਲ ਇਹ ਲੋਕ ਇਹ ਕਹਿੰਦੇ ਨੇ ਕਿ ਜੇ ਮੰਜੇ ਦੇ ਉਤੇ ਚੜ੍ਹਾਈ ਕਰ ਜਾਵੇ, ਪਾਣੀ ਵਿਚ ਡੁੱਬ ਕੇ ਮਰ ਜਾਵੇ, ਸੱਪ ਲੜ ਕੇ ਮਰ ਜਾਵੇ ਤਾਂ ਗਤੀ ਨਹੀਂ ਹੋਇਆ ਕਰਦੀ, ਭੂਤ-ਪ੍ਰੇਤ ਬਣ ਜਾਂਦੈ। ਬੜੀ ਭੁੱਲ ਹੋਈ, ਇਹ ਤਾਂ ਐਵੇਂ ਹੀ ਗਿਆ ਇਹਦਾ ਜਨਮ। ਇਸ ਸੰਸੇ 'ਚ ਪਏ ਹੋਏ, ਚੁੱਪ ਕਰੇ ਬੈਠੇ ਨੇ ਤੇ ਐਨੇ ਨੂੰ ਸੰਗਤਾਂ ਆ ਗਈਆਂ। ਕਹਿਣ ਲੱਗੇ ਕਿ ਆਹ ਬ੍ਰਾਹਮਣ ਦਾ ਕਿਰਿਆਕ੍ਰਮ ਕਰਨੈ, ਇਸ਼ਨਾਨ ਕਰਾਓ ਤੇ ਇਹਨੂੰ ਅਰਥੀ 'ਤੇ ਪਾ ਕੇ ਸ਼ਮਸ਼ਾਨ ਭੂਮੀ ਲਿਜਾਣ

ਦਾ ਬੰਦੋਬਸਤ ਕਰੋ। ਪਰ ਸਾਡੇ ਮਨ ਵਿਚ ਇਕ ਬੜਾ ਸੰਸਾ ਵਿਆਪ ਗਿਆ ਕਿ ਇਹ ਪ੍ਰੇਮੀ ਮੰਜੇ ਦੇ ਉਤੇ ਚੜ੍ਹਾਈ ਕਰ ਗਿਆ। ਜਿਸ ਵਕਤ ਇਸ਼ਨਾਨ ਕਰਕੇ ਅਰਥੀ 'ਤੇ ਪਾ ਲਿਆ, ਉਸ ਪੰਡਤ ਨੂੰ ਕੀ ਦੇਖਦੇ ਨੇ, ਉੱਠ ਕੇ ਬੈਠ ਗਿਆ। ਸਾਰੇ ਖੁਸ਼ ਹੋ ਗਏ। ਕਹਿਣ ਲੱਗੇ ਕਿ ਮਹਾਰਾਜ! ਇਹ ਤਾਂ ਜਿਉਂਦਾ ਹੋ ਗਿਆ। ਉਹਨੂੰ ਕਿਹਾ, ਪੰਡਤ ਜੀ! ਅਰਥੀ ਤੋਂ ਲਾਂਭੇ ਹੋ ਜਾਓ। ਕਹਿੰਦਾ, ਲਾਂਭੇ ਨਹੀਂ ਹੋਣਾ, ਮੈਂ ਸੰਤਾਂ ਨਾਲ ਇਕ ਗੱਲ ਕਰਨੀ ਹੈ।

ਸੰਤ ਚੇਤ ਸਿੰਘ ਜੀ ਆ ਗਏ। ਕਹਿਣ ਲੱਗੇ ਕਿ ਦੱਸੋ ਕੀ ਗੱਲ ਕਰਨੀ ਹੈ?

ਕਹਿਣ ਲੱਗਿਆ, ਮਹਾਰਾਜ! ਮੈਂ ਸੱਚਮੁੱਚ ਚੜ੍ਹਾਈ ਕਰ ਗਿਆ ਤੇ ਸੁਖਮਨੀ ਸਾਹਿਬ ਸੁਣਨ ਦਾ ਫਲ ਮੈਨੂੰ ਇਹ ਹੋਇਆ ਕਿ ਮੇਰੇ ਨੇੜੇ ਜਮਦੂਤ ਨਹੀਂ ਆਏ। ਮੇਰੇ ਕਰਮ ਐਨੇ ਚੰਗੇ ਨਹੀਂ ਸੀਗੇ ਤੇ ਮੈਨੂੰ ਜਮਦੂਤ ਲੈਣ ਦੀ ਥਾਂ 'ਤੇ ਬਿਵਾਨ ਲੈਣ ਆਏ ਤੇ ਮੈਨੂੰ ਹੁਣ ਦੁਬਾਰਾ ਵਾਪਸ ਕਰਿਐ ਕਿ ਤੂੰ ਜਾ ਕੇ ਸੰਤਾਂ ਨੂੰ ਇਹ ਗੱਲ ਦਸ ਦੇ ਕਿ ਮੈਂ ਬਾਣੀ ਸੁਣਦਾਂ ਚੜ੍ਹਾਈ ਕੀਤੈ, ਉਹਦਾ ਮੈਨੂੰ ਇਹ ਫਲ ਪ੍ਰਾਪਤ ਹੋਇਐ ਕਿ ਮੈਨੂੰ ਉੱਤਮ ਗਤੀ ਪ੍ਰਾਪਤ ਹੋ ਗਈ। ਸੋ ਮੈਨੂੰ ਜਿਹੜੇ ਬਿਵਾਨ ਲੈਣ ਆਏ ਸੀ ਉਹ ਮੈਨੂੰ ਛੱਡਣ ਵੀ ਆਏ ਨੇ ਤੇ ਆਹ ਖੜ੍ਹੇ ਨੇ। ਮੈਂ ਸਿਰਫ ਐਨੀ ਹੀ ਗੱਲ ਦੱਸ ਕੇ ਚਲੇ ਜਾਣੈ।

ਸੋ ਮਹਾਰਾਜ! ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਬਾਣੀ ਪੜ੍ਹ ਰਹੇ ਸੀ ਤੇ ਮੈਂ ਸੁਣ ਰਿਹਾ ਸੀ। ਉਹਦਾ ਫਲ ਕਿੰਨਾ ਹੋਇਆ ਕਿ ਮੇਰਾ ਉੱਤਮ ਸਵਰਗਾਂ ਦੇ ਵਿਚ ਵਾਸਾ ਹੋ ਗਿਆ।

ਇਸ ਵਾਸਤੇ ਕਈ ਬੰਦੇ ਸ਼ੰਕਾ ਕਰ ਸਕਦੇ ਨੇ ਕਿ ਸ਼ਾਇਦ ਇਹ ਗੱਲ ਹੋਈ ਹੈ ਜਾਂ ਨਹੀਂ ਹੋਈ ਹੈ। ਐਵੇਂ ਪ੍ਰਚਲਤ ਹੋ ਗਈ।

ਇਕ ਇਤਿਹਾਸਕ ਬਾਤ ਮੈਂ ਤੁਹਾਨੂੰ ਦਸਦਾਂ ਜੋ ਲਿਖੀਆਂ ਹੋਈਆਂ ਨੇ। ਜਹਾਂਗੀਰ ਦਾ ਵਜ਼ੀਰ ਜਿਹੜਾ ਉਹਦਾ ਨਾਉਂ ਵਜ਼ੀਰਖਾਨ ਸੀ, ਲਾਹੌਰ ਦੇ ਰਹਿਣ ਵਾਲਾ ਸੀ ਉਹ। ਉਸ ਨੂੰ ਜਲੋਧਰ ਦਾ ਰੋਗ ਹੋ ਗਿਆ। ਇਲਾਜ ਕਰਾਏ ਹਕੀਮਾਂ ਤੋਂ ਕੋਈ ਇਲਾਜ ਨਾ ਬਣਿਆ। ਸਾਰੀ ਰਾਤ ਤੜਫਦਾ ਰਿਹਾ ਕਰੇ, ਨੀਂਦ ਨਾ ਆਇਆ ਕਰੇ। ਕੋਈ ਨਸ਼ੇ ਦੀਆਂ ਗੋਲੀਆਂ ਦੇਣ ਤਾਂ ਮਾੜਾ-ਮੋਟਾ ਸੋਵੇਂ। ਨਹੀਂ ਤਾਂ ਨੀਂਦ ਨਾ ਆਇਆ ਕਰੇ। ਅੱਜ ਰਾਤ ਜਾਗਦੈ, ਤਿੰਨ ਵੱਜੇ ਹੋਏ ਨੇ, ਦਰਦ ਹੋ ਰਿਹੈ ਬਹੁਤ ਜ਼ਿਆਦਾ ਤੇ ਉਹਦੇ ਵਿਚ ਤੜਫ ਰਿਹੈ। ਐਨੇ ਨੂੰ ਕੰਨਾਂ 'ਚ ਇਕ ਅਵਾਜ਼ ਆਈ ਕਿ ਕੋਈ ਬੰਦਾ ਬੜੇ ਹੀ ਰਸੀਲੇ ਢੰਗ ਦੇ ਨਾਲ ਕੋਈ ਕਲਾਮ ਪੜ੍ਹਦਾ ਜਾ ਰਿਹੈ। ਜਿਉਂ-ਜਿਉਂ ਨੇੜੇ ਆਉਂਦਾ ਗਿਆ, ਤਿਉਂ-ਤਿਉਂ ਇਹਦਾ ਦੁੱਖ ਦੂਰ ਹੁੰਦਾ ਗਿਆ। ਜਿਸ ਵਕਤ ਬਿਲਕੁਲ ਨੇੜੇ ਆਇਆ, ਦਰਦ ਦਬ ਗਿਆ। ਉਸ ਤੋਂ ਬਾਅਦ ਦੂਰ ਚਲਿਆ ਗਿਆ, ਮੁੜ ਕੇ ਫੇਰ

ਦਰਦ ਹੋਣ ਲਗ ਗਿਆ, ਇਸ ਨੇ ਕਿਹਾ ਕਿ ਇਹ ਕੋਈ ਪ੍ਰੇਮੀ ਰਾਵੀ ਦੇ ਵਿਚ ਇਸ਼ਨਾਨ ਕਰਨ ਗਿਐ, ਪਹਿਰੇਦਾਰਾਂ ਨੂੰ ਕਿਹਾ ਕਿ ਮੇਰੇ ਕੋਲ ਲੈ ਆਓ। ਵਾਪਸ ਆਇਆ ਤਾਂ ਗੁਰਸਿੱਖ ਨੂੰ ਇਹਦੇ ਕੋਲ ਲੈ ਆਉਂਦੇ ਨੇ। ਚੁਬਾਰੇ ਵਿਚ ਲੈ ਆਂਦਾ ਜਿੱਥੇ ਪਿਆ ਸੀ। ਉਸ ਵੇਲੇ ਇਹ ਕਹਿਣ ਲੱਗਿਆ, ਗੁਰਸਿੱਖਾ! ਤੂੰ ਕੀਹਦੀ ਬਾਣੀ ਪੜ੍ਹਦਾ ਸੀ?

ਕਹਿੰਦਾ, ਮੈਂ ਤਾਂ ਮਹਾਰਾਜ! ਗੁਰੂ ਨਾਨਕ ਸਾਹਿਬ ਦੀ ਬਾਣੀ, ਸੁਖਮਨੀ ਸਾਹਿਬ ਪੜ੍ਹਦਾ ਸੀ, ਗੁਰੂ ਪੰਜਵੇਂ ਪਾਤਸ਼ਾਹ ਵਲੋਂ ਉਚਾਰੀ ਹੋਈ। ਕਹਿਣ ਲੱਗਿਆ, ਮੈਨੂੰ ਬਾਣੀ ਸੁਣਾ। ਸਾਰੀ ਸੁਖਮਨੀ ਸਾਹਿਬ ਸੁਣਾ। ਰੋਜ਼ ਸੁਣਾਉਣ ਆਇਆ ਕਰ, ਮੈਂ ਪੰਜ ਰੁਪਈਏ, ਤੈਨੂੰ ਦਿਆ ਕਰਾਂਗਾ। ਪੰਜ ਰੁਪਈਏ, ਪੰਜ ਸੌ ਦੇ ਬਰਾਬਰ ਨੇ ਹੁਣ ਦੇ, ਇਸ ਤੋਂ ਵੀ ਜ਼ਿਆਦਾ ਨੇ। ਉਹ ਗੁਰਸਿੱਖ ਸੁਖਮਨੀ ਸਾਹਿਬ ਆ ਕੇ ਸੁਣਾ ਜਾਇਆ ਕਰੇ, ਚੌਵੀ ਘੰਟੇ ਇਹਦਾ ਦਰਦ ਹਟਿਆ ਰਿਹਾ ਕਰੇ। ਫੇਰ ਇਹਨੇ ਕਿਹਾ ਕਿ ਮੈਨੂੰ ਗੁਰੂ ਕੋਲ ਲੈ ਕੇ ਚੱਲ। ਗੁਰੂ ਸਾਹਿਬ ਕੋਲ ਲਿਆਂਦਾ, ਉਥੇ ਇਹਦੇ ਰੋਗ ਦਾ ਖਾਤਮਾ ਹੋਇਆ।

ਇਸੇ ਤਰ੍ਹਾਂ ਇਕ ਗਿਆਨੀ ਭਗਤ ਰਾਮ ਸੀਗੇ, ਇਕ ਬੰਦਾ ਉਨ੍ਹਾਂ ਦੇ ਕੋਲ ਆ ਗਿਆ, ਕੋਹੜੀ ਸੀਗਾ। 21 ਦਿਨ ਉਨ੍ਹਾਂ ਨੇ ਬਾਵਨ ਅੱਖਰੀ ਸੁਣਾ ਕੇ ਉਹਨੂੰ ਰਾਜ਼ੀ ਕਰ ਦਿਤਾ।

ਇਕ ਸੰਤ ਸੀਗੇ, ਮਿੰਟਗੁਮਰੀ ਵਾਲੇ, ਉਥੇ ਇਕ ਬੰਗਾਲੀ ਸੰਤ ਉਹ ਕੁੰਡਲਨੀ ਜਗਾਉਂਦਾ-ਜਗਾਉਂਦਾ ਗਲਤ ਹੋ ਗਿਆ ਤੇ ਉਹਦੇ ਸਾਰੇ ਸਰੀਰ ਦੇ ਉਤੇ ਫੋੜੇ ਨਿਕਲ ਆਏ। ਇਹ ਰੂਹਾਨੀ ਉਲਟ-ਫੁਲਟ ਹੋਣ ਨਾਲ ਜਿਹੜੀ ਬਿਮਾਰੀ ਲਗਦੀ ਹੈ ਉਹ ਡਾਕਟਰ ਨਹੀਂ ਠੀਕ ਕਰ ਸਕਿਆ ਕਰਦੇ। ਉਹ ਮਿੰਟਗੁਮਰੀ ਚਲਿਆ ਗਿਆ, ਉਥੇ ਜਾ ਕੇ ਸੰਤਾਂ ਦੇ ਆਸ਼ਰਮ 'ਚ ਪਹੁੰਚ ਜਾਂਦੈ। ਸੰਤਾਂ ਕੋਲ ਜਾ ਕੇ ਬੇਨਤੀ ਕਰੀ ਕਿ ਮਹਾਰਾਜ ਮੈਂ ਬੜੀ ਦੂਰੋਂ ਆਇਆ ਹਾਂ ਆਪ ਦੀ ਮਹਿਮਾ ਸੁਣ ਕੇ। ਮੇਰਾ ਇਲਾਜ ਨਹੀਂ ਹੁੰਦਾ, ਮੈਂ ਕੁੰਡਲਨੀ ਜਗਾਉਂਦਾ ਸੀ, ਮੇਰਾ ਸਰੀਰ ਸਾਰਾ ਦੂਸ਼ਿਤ ਹੋ ਗਿਆ ਤੇ ਹੁਣ ਇਲਾਜ ਨਹੀਂ ਕੋਈ। ਤੁਸੀਂ ਕ੍ਰਿਪਾ ਕਰੋ, ਤੁਸੀਂ ਸਾਧੂ ਹੋਂ, ਮੇਰਾ ਕੁਛ ਇਲਾਜ ਕਰੋ।

ਕਹਿਣ ਲੱਗੇ, ਸਾਡੇ ਕੋਲ ਤਾਂ ਸੰਤ ਜੀ! ਇਲਾਜ ਕੇਵਲ ਬਾਣੀ ਦਾ ਹੈ। ਤੂੰ ਇਸ ਤਰ੍ਹਾਂ ਕਰ। ਤੇਰਾ ਆਸਣ ਲਾ ਦਿੰਦੇ ਹਾਂ। ਅਖੰਡਪਾਠ ਹੋ ਰਿਹੈ, ਤੂੰ ਬਾਣੀ ਸੁਣੀ ਜਾਈਂ। ਤਿੰਨ ਦਿਨ ਉਹਨੇ ਬਾਣੀ ਸੁਣੀ, ਆਸਣ ਲਾ ਦਿਤਾ। ਉਹਦੇ ਫੋੜੇ ਜਿਹੜੇ ਸੀ ਸੁੱਕਣੇ ਸ਼ੁਰੂ ਹੋ ਗਏ। ਦੂਸਰਾ ਅਖੰਡਪਾਠ ਕਰਿਆ, ਤੀਸਰਾ ਕਰਿਆ, ਤੀਸਰੇ 'ਤੇ ਬਿਲਕੁਲ ਠੀਕ ਹੋ ਗਿਆ।

ਸੰਤਾਂ ਦੇ ਆ ਕੇ, ਬਾਬਾ ਸੰਤ ਸਿੰਘ ਸੀ ਉਨ੍ਹਾਂ ਦਾ ਨਾਉਂ, ਭਾਈ ਸਾਹਿਬ ਵੀਰ ਸਿੰਘ ਜੀ ਨਾਲ ਆਪ ਜੀ ਦਾ ਬਹੁਤ ਪਿਆਰ ਸੀ। ਉਹ ਜਿਸ ਵਕਤ ਆ ਕੇ ਕਹਿਣ ਲੱਗਿਆ, ਮਹਾਰਾਜ! ਇਹ ਬਾਣੀ ਸੁਣਨ ਦੇ

ਨਾਲ ਮੇਰਾ ਕਿੱਡਾ ਵੱਡਾ ਰੋਗ ਚਲਿਆ ਗਿਆ। ਹੁਣ ਮੇਰੇ 'ਤੇ ਕ੍ਰਿਪਾ ਕਰੋ, ਜਿਸ ਗੁਰੂ ਦੀ ਇਹ ਬਾਣੀ ਹੈ, ਮੈਂ ਹੁਣ ਇਹਦੇ ਘਰੇ ਰਹਾਂ ਤੇ ਮੈਨੂੰ ਕ੍ਰਿਪਾ ਕਰਕੇ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਾ ਲਓ।

ਇਹ ਤਾਂ ਹੈਗਾ ਸੁਣਨ ਦਾ ਮਹਾਤਮ। ਦੂਜੇ ਪਾਸੇ ਹੈ ਮਾੜੀਆਂ ਗੱਲਾਂ ਸੁਣਨ ਦਾ। ਮਹਾਰਾਜ ਕਹਿੰਦੇ –

***ਅਰੜਾਵੈ ਬਿਲਲਾਵੈ ਨਿੰਦਕੁ ॥***
***ਪਾਰਬ੍ਰਹਮੁ ਪਰਮੇਸਰੁ ਬਿਸਰਿਆ***
***ਅਪਣਾ ਕੀਤਾ ਪਾਵੈ ਨਿੰਦਕੁ ॥ 1 ॥ ਰਹਾਉ ॥***
***ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥***
***ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ***
***ਅਗਨੀ ਮਾਹਿ ਜਲਾਵੈ ॥*** ***ਅੰਗ- 373***

ਨਿੰਦਿਆ ਸੁਣਦੈ, ਜਿਹੜਾ ਦੋਸ਼ ਨਿੰਦਿਆ ਕਰਨ ਵਾਲੇ ਨੂੰ ਲਗਦੈ, ਨਿੰਦਿਆ ਸੁਣਨ ਵਾਲੇ ਨੂੰ ਓਡਾ ਹੀ ਲਗਦੈ। ਸੋ ਇਸ ਕਰਕੇ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਪਿਆਰਿਓ! ਜੇ ਗੁਰੂ ਦੀ ਬਾਣੀ ਕੰਨ ਨਹੀਂ ਸੁਣਦੇ ਤਾਂ ਇਹ ਧਿਰਕਾਰਯੋਗ ਨੇ, ਬੰਦ ਕਰ ਦੇਣੇ ਚਾਹੀਦੇ ਨੇ। ਕੰਨਾਂ ਤੋਂ ਬਾਅਦ ਵਾਰੀ ਆਉਂਦੀ ਹੈ ਰਸਨਾ ਦੀ। ਰਸਨਾ ਦੇ ਨਾਲ ਪ੍ਰਮੇਸ਼ਰ ਦਾ ਨਾਮ ਜਪਿਆ ਜਾਂਦੈ। ਨਾਮ ਜਪੋ ਤਾਂ ਰਸਨਾ ਪਵਿੱਤਰ ਹੁੰਦੀ ਹੈ। ਜਿਹੜੀ ਰਸਨਾ ਨਾਮ ਨਹੀਂ ਜਪਦੀ, ਜਿਹੜਾ ਬੰਦਾ ਪ੍ਰਮੇਸ਼ਰ ਦਾ ਨਾਮ ਨਹੀਂ ਜਪਦਾ ਕਿੰਨੇ ਹੀ ਸੋਹਣੇ ਉਹਦੇ ਕੱਪੜੇ ਨੇ, ਕਹਿੰਦੇ, ਉਹਦੇ ਉਤੇ ਪਵਿੱਤਰਤਾ ਨਹੀਂ ਆਇਆ ਕਰਦੀ। ਉਹਦੇ ਚਿਹਰੇ ਦੇ ਉਤੇ ਰੌਣਕ ਨਹੀਂ ਆਉਂਦੀ ਜਿਹੜੀ ਦੂਸਰਿਆਂ ਨੂੰ ਖਿੱਚਦੀ ਹੈ। ਸਗੋਂ ਉਹਦਾ ਚਿਹਰਾ ਤਾਂ ਡਰਾਉਣਾ ਹੋ ਜਾਂਦੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ – ਤੇਰਾ ਮੁਖੜਾ ਡਰਾਉਣਾ, ਬਿਨਾਂ ਨਾਮ ਤੋਂ।***

***ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥***

***ਅੰਗ- 1383***

ਜਿਨ੍ਹਾਂ ਦੀ ਜ਼ੁਬਾਨ ਤੋਂ ਭੁੱਲ ਕੇ ਵੀ ਕਦੇ ਅੱਲਾਹ, ਗੋਬਿੰਦ, ਨਰਾਇਣ, ਵਾਹਿਗੁਰੂ, ਪ੍ਰਮੇਸ਼ਰ ਦਾ ਨਾਮ ਨਹੀਂ ਨਿਕਲਦਾ, ਕਹਿੰਦੇ ਉਨ੍ਹਾਂ ਦੇ ਚਿਹਰੇ ਡਰਾਉਣੇ ਹੋ ਜਾਇਆ ਕਰਦੇ ਨੇ ਤੇ ਨਤੀਜਾ ਕੀ ਹੁੰਦੈ – ***'ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥'*** ਇਸ ਸੰਸਾਰ ਦੇ ਅੰਦਰ ਦੁਖ ਹੋਇਆ ਕਰਦੇ ਨੇ –

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥***

***ਅੰਗ- 522***

ਕਰੋੜਾਂ ਬਿਘਨ ਰਸਤੇ 'ਚ ਖੜ੍ਹੇ ਹੋ ਜਾਂਦੇ ਨੇ, ਜਿਹੜਾ ਪ੍ਰਮੇਸ਼ਰ ਦਾ ਨਾਂ ਭੁੱਲ ਜਾਂਦੈ। ਜਿਹਨੂੰ ਪ੍ਰਮੇਸ਼ਰ ਵਿਸਰ ਜਾਂਦੈ। ਜਦੋਂ ਪ੍ਰਮੇਸ਼ਰ ਦਾ ਨਾਮ

ਆ ਜਾਵੇ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*** ***ਅੰਗ- 262***

ਬਿਘਨਾਂ ਦਾ ਖਾਤਮਾ, ਕਾਰੋਬਾਰ ਸ਼ੁੱਧ ਹੋ ਜਾਂਦੇ ਨੇ, ਸਿਹਤ ਬਣ ਜਾਂਦੀ ਹੈ, ਬਿਮਾਰੀਆਂ ਦੂਰ ਹੋ ਜਾਂਦੀਆਂ ਨੇ। ਐਨੀਆਂ ਬਰਕਤਾਂ ਨੇ ਕਿ ਕੋਈ ਹਿਸਾਬ ਕਿਤਾਬ ਨਹੀਂ ਰਹਿੰਦਾ। ਸਾਰੇ ਰੋਗਾਂ ਦਾ ਖਾਤਮਾ ਪ੍ਰਮੇਸ਼ਰ ਦਾ ਨਾਮ ਕਰ ਦਿੰਦੈ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ- 274***
***ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥***
***ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥***
***ਅੰਗ - 1247***

ਜਿਹੜੇ ਨਾਮ ਨੂੰ ਵਿਸਾਰ ਕੇ ਹੋਰ ਕਰਮ ਕਰਦੇ ਨੇ ਜਿਵੇਂ ਸੰਨ੍ਹ ਦੇ ਵਿਚ ਚੋਰ ਅੜਿੱਕੇ ਆ ਜਾਵੇ, ਕੁੱਟੀ ਜਾਂਦੇ ਨੇ ਉਹਨੂੰ ਜਿਹੜਾ ਵੀ ਆਉਂਦੈ, ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਦਰਗਾਹ 'ਚ ਜਾ ਕੇ ਉਨ੍ਹਾਂ ਦਾ ਹਾਲ ਹੋਇਆ ਕਰਦੈ, ਜਿਹੜੇ ਨਾਮ ਨੂੰ ਭੁੱਲ ਜਾਂਦੇ ਨੇ, ਵਿਸਾਰ ਦਿੰਦੇ ਨੇ-

***ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥***
***ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥***
***ਅੰਗ - 1364***

ਕੁੰਡਲ ਪਾਏ ਹੋਏ ਨੇ ਕੰਨਾਂ ਦੇ ਵਿਚ ਸੋਨੇ ਦੇ ਤੇ ਪੱਗੜੀ ਦੇ ਉਤੇ ਲਾਲ, ਹੀਰਿਆਂ ਦੀ ਮਾਲਾ ਟੰਗੀਆਂ ਹੋਈਆਂ ਨੇ, ਕਹਿੰਦੇ ਜੇ ਨਾਮ ਨਹੀਂ ਉਨ੍ਹਾਂ ਦੇ ਹਿਰਦੇ 'ਚ ਤਾਂ ਜਿਵੇਂ ਕਾਨਾ ਜਲਿਆ ਹੁੰਦੈ, ਅੱਗ ਲਾ ਦਿੰਦੇ ਨੇ ਸਰਕੜੇ ਨੂੰ, ਕਹਿੰਦੇ, ਇਹੋ ਜਿਹਾ ਹਾਲ ਹੋ ਜਾਂਦੈ, ਜਿਨ੍ਹਾਂ ਦੇ ਹਿਰਦੇ 'ਚ 'ਨਾਮ' ਦਾ ਵਾਸਾ ਨਹੀਂ ਹੈ। ਸੋ ਰਸਨਾ ਦੇ ਨਾਲ 'ਨਾਮ' ਜਪ ਕੇ, ਪਵਿੱਤਰਤਾ ਹੋ ਜਾਂਦੀ ਹੈ। ਕਹਿੰਦੇ ਉਹ ਜ਼ੁਬਾਨ ਧੰਨ ਹੈ ਜਿਹੜੀ ਪ੍ਰਮੇਸ਼ਰ ਦਾ ਨਾਮ ਜਪਦੀ ਹੈ-

***ਧਾਰਨਾ - ਜਿਹੜਾ ਸਤਿਨਾਮੁ-ਸਤਿਨਾਮੁ ਜਪਦਾ,***
***ਧੰਨ ਹੈ ਮੁਖੜਾ, ਧੰਨ ਹੈ ਮੁਖੜਾ।***
***ਕਬੀਰ ਸੁੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥***
***ਅੰਗ- 1370***

ਕਹਿੰਦੇ, ਧੰਨ ਨੇ ਉਹ ਮੁੱਖ, ਜਿਨ੍ਹਾਂ 'ਚੋਂ ਅੱਲਾਹ, ਰਾਮ ਗੋਬਿੰਦ ਵਾਹਿਗੁਰੂ ਦਾ ਨਾਮ ਸੁਣਿਆ ਜਾਂਦੈ। ਉਹਦਾ ਫਲ ਕਿੰਨਾ ਹੁੰਦੈ? ਕਹਿੰਦੇ ਉਹਨੇ ਤਾਂ ਤਰਨਾ ਹੀ ਤਰਨਾ ਨਾਮ ਦੇ ਨਾਲ। ਅਜਾਮਲ ਨੇ ਇਕੋ ਵਾਰੀ ਕਿਹਾ ਸੀ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ- 902***

ਸਾਰੀ ਜ਼ਿੰਦਗੀ ਪ੍ਰਮੇਸ਼ਰ ਨੂੰ ਭੁੱਲਿਆ ਰਿਹਾ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੇ ਛਹਿਆ।*

*ਭਾਈ ਗੁਰਦਾਸ ਜੀ, ਵਾਰ 10/20*

ਆਪਣੇ ਪੁੱਤਰ ਨੂੰ ਹਾਕ ਮਾਰ ਦਿਤੀ, ਨਰਾਇਣ ਉਹਦਾ ਨਾਉਂ ਸੀ। ਲੇਕਿਨ ਉਸੇ ਸਮੇਂ ਦੇ ਵਿਚ ਉਹਦਾ ਜਿਹੜਾ ਮਨ ਸੀ, 'ਵਾਹਿਗੁਰੂ' ਵਲ ਚਲਿਆ ਗਿਆ, 'ਨਾਮ' ਬਣ ਗਿਆ ਇਹ ਨਰਾਇਣ। ਕਹਿੰਦੇ, ਵੱਡੇ-ਵੱਡੇ ਯੋਗੀ ਜਿਸ ਗਤੀ ਨੂੰ ਚਾਹੁੰਦੇ ਨੇ, ਉਹ ਗਤੀ ਉਸ ਨੂੰ ਪ੍ਰਾਪਤ ਹੋ ਗਈ। ਸੋ ਐਸਾ ਫਲ ਹੋਇਆ ਕਰਦੈ। ਕਹਿੰਦੇ, ਦੇਹੀ ਨੇ ਤਾਂ ਪਵਿੱਤਰ ਹੋਣੈ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਇਕ ਚਿੱਤ ਹੋ ਕੇ, ਅੱਖ ਝਮਕਣ ਚਿਰ ਜਿੰਨਾਂ ਹੁੰਦੈ, ਐਨਾ ਚਿਰ ਵੀ ਜੇ ਵਾਹਿਗੁਰੂ ਵਲ ਧਿਆਨ ਚਲਿਆ ਗਿਆ, ਕਹਿੰਦੇ ਜਮਾਂ ਦੀ ਫਾਸੀ ਗਲ 'ਚੋਂ ਕਟ ਜਾਂਦੀ ਹੈ। ਕਿੱਡਾ ਵੱਡਾ ਫਲ ਹੋਇਆ ਪ੍ਰਮੇਸ਼ਰ ਦੇ ਨਾਮ ਦਾ। ਦੇਹੀ ਤਾਂ ਪਵਿੱਤਰ ਹੋ ਹੀ ਜਾਂਦੀ ਹੈ ਪਰ ਜਿੱਥੇ ਤੱਕ ਉਹਦੀ ਆਵਾਜ਼ ਜਾਂਦੀ ਹੈ ਉਹ ਵੀ ਪਵਿੱਤਰ ਹੋ ਜਾਂਦੈ।

*ਧਾਰਨਾ – ਸਾਰਾ ਨਗਰ ਪਵਿੱਤਰ ਹੋ ਜਾਵੇ,*
*ਸਤਿਨਾਮੁ ਬੋਲ ਵਾਹਿਗੁਰੂ।*
*ਕਬੀਰ ਸੁੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥*
*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥*

*ਅੰਗ– 1370*

ਕਹਿੰਦੇ ਦੇਹੀ ਦੀ ਗੱਲ ਤਾਂ ਤੁਸੀਂ ਛੱਡੋ, ਜਿਸ ਥਾਂ, ਜਿਸ ਪਿੰਡ ਵਿਚ, ਜਿਸ ਏਰੀਏ 'ਚ ਬੈਠ ਕੇ ਪ੍ਰਮੇਸ਼ਰ ਦਾ ਪਿਆਰਾ ਪ੍ਰਮੇਸ਼ਰ ਦਾ ਨਾਮ ਉਚਾਰਨ ਕਰਦੈ, ਕਹਿੰਦੇ ਉਹ ਵੀ ਪਵਿੱਤਰ ਹੋ ਜਾਇਆ ਕਰਦੈ।

ਇਕ ਵਾਰੀ ਮੈਂ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦੇ ਨਾਲ ਸੀਗਾ। ਇਕ ਪਿੰਡ ਆਉਂਦੈ ਮਲੇਰਕੋਟਲੇ ਦੇ ਨੇੜੇ, ਉਹਦਾ ਨਾਉਂ ਹੈ ਚੌਂਦਾ ਮੰਨਵੀ ਕਹਿੰਦੇ ਨੇ। ਉਥੇ ਇਕ ਜੈਲਦਾਰ ਸੀ, ਐਸੀ ਉਹਦੀ ਕੋਈ ਕਰਨੀ ਸੀ ਕਿ ਉਹ ਘਰ ਸਾਰਾ ਹੀ ਭੂਤਾਂ, ਪ੍ਰੇਤਾਂ ਨੇ ਘੇਰਿਆ ਹੋਇਆ ਸੀ, ਓਲਾਦ ਨਹੀਂ ਸੀ ਹੁੰਦੀ, ਤਿੰਨ ਵਿਆਹ ਕਰਾਏ ਉਸ ਨੇ ਲੇਕਿਨ ਕਿਸੇ ਦੇ ਬੱਚਾ ਨਾ ਹੋਇਆ। ਉਸ ਤੋਂ ਬਾਅਦ ਜਿਹੜੀ ਉਹਨੂੰ ਗੰਭੀਰ ਮੁਸ਼ਕਲ ਇਹ ਸੀ ਕਿ ਜਿਸ ਵਕਤ ਉਸ ਰੂਹ ਨੇ ਆਉਣਾ, ਉਸ ਬੰਦੇ ਨੇ ਦੌਣ ਵਿਚ ਗਰਦਨ ਫਸਾ ਲੈਣੀ। ਚੀਕਾਂ ਮਾਰਨੀਆਂ, ਉਹ ਦੌਣ 'ਚ ਗਰਦਨ ਫਸਾ ਕੇ ਉਹਦੀ ਗਰਦਨ ਤੋੜਦਾ ਸੀ। ਬੜੇ ਇਲਾਜ ਕਰਾਏ, ਬੜੇ ਮੰਤਰਾਂ ਵਾਲੇ ਆਏ, ਬੜੇ ਸਿਆਣੇ ਬੁਲਾਏ, ਘਰ ਦੇ ਸਾਰੇ ਚੌਂਕਟੇ, ਛੱਤ ਦੀਆਂ ਕੜੀਆਂ, ਹਰ ਥਾਂ ਦੇ ਉਤੇ ਜੰਤਰ ਲੱਗੇ ਹੋਏ ਪਰ ਉਹ ਛੁਟ ਨਾ ਸਕੇ। ਮਹਾਰਾਜ ਜੀ ਦੇ ਕੋਲ ਰਾੜਾ ਸਾਹਿਬ ਆਇਆ,

ਬੇਨਤੀ ਕਰੀ ਕਿ ਮਹਾਰਾਜ ਮੈਂ ਬੜੇ ਸੰਕਟ 'ਚ ਫਸਿਆ ਹੋਇਆ ਹਾਂ, ਕ੍ਰਿਪਾ ਕਰੋ ਮੈਨੂੰ ਛਡਾਓ। ਜਦੋਂ ਬਾਰ-ਬਾਰ ਬੇਨਤੀ ਕਰੀ ਤਾਂ ਮਹਾਰਾਜ ਕਹਿਣ ਲੱਗੇ ਪਿਆਰਿਆ! ਇਹ ਤਾਂ ਕੋਈ ਬਾਤ ਨਹੀਂ ਹੈ। ਤੂੰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰਾ, ਅਖੰਡਪਾਠ ਹੋਏਗਾ ਤੇ ਉਹਦੇ ਕਰਕੇ ਜਿਹੜੀਆਂ ਸਾਰੀਆਂ ਬਦਰੂਹਾਂ ਨੇ ਛੱਡ ਜਾਣਗੀਆਂ, ਕਿਉਂਕਿ ਰਹਿ ਨਹੀਂ ਸਕਦੀਆਂ ਜਿੱਥੇ ਬਾਣੀ ਦਾ ਪਾਠ ਹੋਵੇ। ਅਸੀਂ ਨਾਲ ਗਏ, ਸਾਨੂੰ ਸਮਝਾ ਦਿਤਾ ਮਹਾਰਾਜ ਜੀ ਨੇ ਕਿ ਦੇਖਿਓ, ਪੂਰੀ ਸ਼ੁੱਧੀ ਦੇ ਨਾਲ ਪਾਠ ਕਰਨੈ। ਬਿਰਤੀ ਟਿਕਾ ਕੇ ਕਰਨਾ, ਬਾਣੀ ਨੂੰ ਸਮਝਣੈ। ਗਲਤੀ ਨਾ ਕਰਨਾ, ਤੁਹਾਡਾ ਵਾਸਤਾ ਬਦਰੂਹਾਂ ਦੇ ਨਾਲ ਹੈ। ਜੇ ਕਿਸੇ ਦੇ ਉਤੇ ਸੱਟ-ਫੇਟ ਹੋਈ ਫੇਰ ਨਾ ਸਾਨੂੰ ਕਹਿਣਾ। ਪੂਰੀ ਸਾਵਧਾਨੀ ਨਾਲ ਬਾਣੀ ਪੜ੍ਹਨੀ ਹੈ। ਉਬਾਸੀ ਨਹੀਂ ਲੈਣੀ, ਕੋਈ ਊਂਘ ਨਹੀਂ ਆਉਣ ਦੇਣੀ, ਮਾੜੀ ਹਵਾ ਨਹੀਂ ਆਉਣ ਦੇਣੀ, ਇਸ ਕਰਕੇ ਖਾਣਾ ਪੀਣਾ ਸ਼ੁੱਧ ਕਰੋ, ਥੋੜ੍ਹਾ ਛਕੋ ਬਿਲਕੁਲ ਹੀ।

ਅਖੰਡਪਾਠ ਹੋ ਗਿਆ, ਉਸ ਤੋਂ ਬਾਅਦ ਮਹਾਰਾਜ ਜੀ ਕਹਿਣ ਲੱਗੇ ਕਿ ਦੀਵਾਨ ਵਿਹੜੇ 'ਚ ਲਾਉਣੈ, ਵੈਸੇ ਤਾਂ ਥਾਉਂ ਬਹੁਤ ਸੀ, ਪਰ ਸੰਗਤ ਜ਼ਿਆਦਾ ਹੋਣ ਕਰਕੇ, ਥਾਉਂ ਥੋੜ੍ਹਾ ਹੋ ਗਿਆ। ਮਹਾਰਾਜ ਕਹਿੰਦੇ, ਅੰਦਰ ਵੀ ਬੈਠ ਜਾਓ ਘਰ ਦੇ, ਕੋਠਿਆਂ 'ਤੇ ਵੀ ਚੜ੍ਹ ਜਾਓ। ਕਹਿੰਦੇ, ਹੁਣ ਇਕ ਕੰਮ ਕਰਿਓ, ਆਪਾਂ ਹੁਣ ਪ੍ਰਮੇਸ਼ਰ ਦਾ ਨਾਮ ਉਚਾਰਨੈ, ਉਹ ਐਨੀ ਜ਼ੋਰ ਦੀ ਉਚਾਰਨ ਕਰਿਓ ਕਿ ਪਿੰਡ ਦੀਆਂ ਜੂਹਾਂ ਤੋਂ ਬਾਹਰ ਵੀ ਸੁਣੇ। ਲਾਊਡ ਸਪੀਕਰ ਹੁੰਦੇ ਨਹੀਂ ਸੀ ਉਨ੍ਹਾਂ ਦਿਨਾਂ 'ਚ। ਮਹਾਰਾਜ ਜੀ ਨੇ ਕੀਰਤਨ ਕਰਿਆ, ਕੀਰਤਨ ਐਨਾ ਉੱਚੀ ਕਰਾਇਆ ਆਪ ਨੇ, ਬਾਹਰਲਿਆਂ ਨੇ ਦੱਸਿਆ ਕਿ ਮਹਾਰਾਜ! ਜੂਹਾਂ ਤੋਂ ਬਾਹਰ ਸੁਣਦਾ ਸੀ।

ਕਹਿੰਦੇ, ਲਓ ਆਹ ਪਿੰਡ ਦੇ ਵਿਚ ਨਹੀਂ ਆਏਗਾ ਭੂਤ-ਪ੍ਰੇਤ। ਜੇ ਨਾਮ ਦੀ ਧੁਨ ਸੁਣ ਜਾਵੇ ਜਮਦੂਤ ਵੀ ਨੱਠ ਜਾਂਦੇ ਨੇ। ਨੇੜੇ ਨਹੀਂ ਆਇਆ ਕਰਦੇ।

ਇਕ ਵਾਰੀ ਇਕ ਮਹਾਂਪੁਰਸ਼, ਬੰਗਾਲ ਦੀ ਬੀਬੀ ਸੀ ਜਿਸਨੂੰ ਅਨੰਦਮਈ ਮਾਂ ਕਹਿੰਦੇ ਸੀ। ਉਹ ਬਨਾਰਸ ਦੇ ਵਿਚ ਕਿਸੇ ਸੇਠ ਦੇ ਘਰ ਬੈਠੇ ਨੇ, ਬੱਚਾ ਪੰਜ ਸਾਲ ਦਾ ਖੇਡਦਾ ਫਿਰਦੈ। ਉਹ ਜਦੋਂ ਬੱਚਾ ਆਉਂਦੈ ਮੁਸਕਰਾਉਣ ਲਗ ਜਾਂਦੇ ਨੇ। ਸੰਤਾਂ ਦਾ ਹੱਸਣਾ, ਬੋਲਣਾ, ਦੇਖਣਾ, ਬਗੈਰ ਮਤਲਬ ਤੋਂ ਨਹੀਂ ਹੋਇਆ ਕਰਦਾ। ਕੋਈ ਨਾ ਕੋਈ ਭੇਤ ਹੁੰਦੈ, ਸਿਆਣੇ ਬੰਦੇ ਉਹਦਾ ਭੇਤ ਕੱਢਣ ਦਾ ਯਤਨ ਕਰਦੇ ਨੇ। ਸਾਧਾਰਣ ਬੁੱਧੀ ਵਾਲਿਆਂ ਨੂੰ ਨਹੀਂ ਪਤਾ ਲੱਗਿਆ ਕਰਦਾ ਕਿ ਸੰਤ ਇਸ ਤਰ੍ਹਾਂ ਕਿਉਂ ਦੇਖ ਰਹੇ ਨੇ।

ਸੇਠ ਸਿਆਣਾ ਸੀ, ਗਲ 'ਚ ਪੱਲਾ ਪਾ ਕੇ ਖੜ੍ਹ ਗਿਆ, ਕਹਿਣ ਲੱਗਿਆ, ਮਾਤਾ ਜੀ! ਜਦੋਂ ਇਹ ਬੱਚਾ ਆਉਂਦੈ ਆਪ ਮੁਸਕਰਾਉਣ ਲਗ

ਜਾਂਦੇ ਹੋਂ? ਕ੍ਰਿਪਾ ਕਰਕੇ ਸਾਨੂੰ ਭੇਤ ਖੋਲ੍ਹੋ, ਤਾਂਕਿ ਸਾਨੂੰ ਵੀ ਪਤਾ ਲੱਗੇ ਆਪ ਦੇ ਮੁਸਕਰਾਉਣ ਦਾ ਕਾਰਨ। ਉਸ ਵੇਲੇ ਮਾਤਾ ਜੀ ਨੇ ਕਿਹਾ, ਕਹਿਣ ਲੱਗੇ, ਪ੍ਰੇਮੀਓ! ਅੱਜ ਦੋ ਵਜੇ ਇਸ ਬੱਚੇ ਨੇ ਚੜ੍ਹਾਈ ਕਰ ਜਾਣੈ। ਅਸੀਂ ਪ੍ਰਮੇਸ਼ਰ ਦੀ ਲੀਲਾ ਦੇਖਦੇ ਹਾਂ ਕਿ ਹੁਣ ਤਾਂ ਦੇਖੋ ਇਸ ਘਰ ਵਿਚ ਖੁਸ਼ੀਆਂ ਨੇ, ਦੋ ਵਜੇ ਤੋਂ ਬਾਅਦ ਇਸ ਘਰ ਵਿਚ ਸੋਗ ਪੈ ਜਾਣੈ। ਉਸ ਵੇਲੇ ਸੇਠ ਨੇ ਚਰਨ ਫੜ ਲਏ, ਕਹਿਣ ਲੱਗਿਆ, ਮਾਤਾ ਜੀ! ਕ੍ਰਿਪਾ ਕਰੋ, ਇਕਲੌਤਾ ਪੁੱਤਰ ਹੈ, ਬੜਾ ਭਾਰਾ ਸਾਨੂੰ ਸਦਮਾ ਪਹੁੰਚਣੈ। ਕ੍ਰਿਪਾ ਕਰੋ, ਮਹਾਂਪੁਰਸ਼ਾਂ ਦੇ ਹੱਥ ਵਿਚ ਹੁੰਦੈ -

***ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥*** ***ਅੰਗ- 277***

ਇਹਦਾ ਕਾਲ ਨਾ ਹੋਵੇ।

ਮਾਤਾ ਜੀ ਕਹਿਣ ਲੱਗੇ ਕਿ ਇਕੋ ਹੀ ਸਾਧਨ ਹੈ, ਨਾਮ ਦਾ ਉਚਾਰਨ ਹੋਵੇ, ਜਿੱਥੇ 'ਨਾਮ' ਦਾ ਉਚਾਰਨ ਹੋਏਗਾ, ਜਮਦੂਤਾਂ ਨੇ ਆਉਣਾ ਨਹੀਂ, ਆਪੇ ਬਚ ਜਾਏਗਾ। ਉਸ ਵੇਲੇ ਉਨ੍ਹਾਂ ਨੇ ਸਾਰੇ ਮਹਾਤਮਾ ਨੂੰ ਕਿਹਾ ਕਿ ਤੁਸੀਂ ਸਾਰੇ ਇਸ਼ਨਾਨ ਵਗੈਰਾ ਕਰਕੇ ਕੋਠੀ ਦੇ ਉਤੇ ਵੀ ਬਹਿ ਜਾਓ, ਵਿਚ ਵੀ ਬਹਿ ਜਾਓ, ਬਾਗ ਵਿਚ ਵੀ ਬਹਿ ਜਾਓ ਤੇ ਇਸ ਬੱਚੇ ਨੂੰ ਪਾ ਕੇ ਪ੍ਰਮੇਸ਼ਰ ਦਾ ਨਾਮ ਜਪਣਾ ਸ਼ੁਰੂ ਕਰ ਦਿਓ। ਦੇਖਿਓ, ਮਨ ਦੀ ਇਕਾਗਰਤਾ ਰੱਖ ਕੇ ਨਾਮ ਜਪਣਾ ਹੈ। ਇਹ ਨਾ ਹੋਵੇ ਕਿ ਸੁਰਤ ਕਿਤੇ ਫਿਰਦੀ ਹੈ, ਨਾਮ ਤੁਹਾਡੇ ਮੁਖ 'ਚੋਂ ਨਿਕਲਦੈ। ਸੰਤਾਂ ਨੇ ਮੀਟਿੰਗ ਕਰੀ, ਮੀਟਿੰਗ ਕਰਕੇ ਰਾਤ ਨੂੰ ਉਸ ਬੱਚੇ ਨੂੰ ਵਿਚ ਪਾ ਲਿਆ, ਮਹਾਤਮਾ ਆਲੇ-ਦੁਆਲੇ ਬੈਠ ਗਏ, ਪੰਜ ਸੱਤ, ਬਾਕੀ ਕੁਛ ਦਰਵਾਜ਼ੇ ਦੇ ਬਾਹਰ ਬੈਠ ਗਏ, ਕੁਛ ਛੱਤ ਉਪਰ ਬੈਠ ਗਏ, ਕੁਛ ਬਾਗ ਵਿਚ ਬੈਠ ਗਏ। ਉਹ ਕਹਿੰਦੇ, ਜਦੋਂ ਜਮਦੂਤ ਆਉਣਗੇ ਅਸੀਂ ਉੱਚੀ ਨਾਮ ਦਾ ਉਚਾਰਨ ਕਰਾਂਗੇ, ਉਸ ਵੇਲੇ ਸਾਰੇ ਹੀ ਉੱਚੀ-ਉੱਚੀ ਨਾਮ ਜਪਣਾ ਸ਼ੁਰੂ ਕਰ ਦੇਣਾ।

ਇਕ ਮਹਾਤਮਾ ਜਿਨ੍ਹਾਂ ਨੇ ਮੈਨੂੰ ਇਹ ਗੱਲ ਦੱਸੀ ਸੀ, ਉਹ ਕਹਿਣ ਲੱਗੇ ਕਿ ਦੋ ਵਜੇ ਮੇਰੀ ਡਿਊਟੀ ਸੀ। ਮੇਰੀ ਨਿਗ੍ਹਾ ਅਚਾਨਕ ਹੀ ਦਰਵਾਜ਼ੇ 'ਤੇ ਗਈ, ਮੈਂ ਕੀ ਦੇਖਦਾਂ, ਇਕ ਕਿਤਾਬ ਹੈ ਹੱਥ ਵਿਚ ਤੇ ਅਜੀਬ ਕਿਸਮ ਦੇ ਬੰਦੇ ਖੜ੍ਹੇ ਨੇ ਤੇ ਉਹ ਇਸ਼ਾਰਾ ਕਰਦੇ ਨੇ ਕਿ ਆਹ ਪਿਆ ਹੈ ਬੱਚਾ ਉਹ। ਕਹਿੰਦੇ, ਉਸੇ ਵੇਲੇ ਮੈਂ ਉੱਚੀ-ਉੱਚੀ ਹਰੇ ਰਾਮ-ਹਰੇ ਰਾਮ ਕਰਨਾ ਸ਼ੁਰੂ ਕਰ ਦਿਤਾ। ਸਾਰੇ ਸੰਤਾਂ ਨੇ ਉਸੇ ਵੇਲੇ ਨਾਮ ਉਚਾਰਨਾ ਸ਼ੁਰੂ ਕਰ ਦਿਤਾ। ਉਹ ਜਿਹੜੇ ਆਏ ਸੀ ਲੈਣ ਵਾਸਤੇ ਇਕ ਦਮ ਨਿਕਲ ਕੇ ਬਾਹਰ ਚਲੇ ਗਏ। ਦੋ ਘੰਟੇ ਨਾ ਅਸੀਂ ਨਾਮ ਉਚਾਰਨ ਤੋਂ ਹਟੇ, ਕਹਿੰਦੇ ਉਸ ਵੇਲੇ ਉਹ ਜਗ੍ਹਾ ਛੱਡ ਗਏ। ਕਿਉਂਕਿ ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਹੈ -

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥***

***ਅੰਗ- 256***

ਧਰਮਰਾਜ ਕਹਿੰਦੈ ਕਿ ਹੇ ਦੂਤੋ! ਜਿੱਥੇ ਸਾਧੂ ਬੈਠੇ ਹੋਣ, ਹਰੀ ਦਾ ਕੀਰਤਨ ਹੁੰਦਾ ਹੋਵੇ। ਉਸ ਥਾਂ 'ਤੇ ਨਹੀਂ ਤੁਸੀਂ ਜਾਣਾ। ਜੇ ਚਲੇ ਗਏ ਨਾ, ਮੈਂ ਅਤੇ ਤੁਸੀਂ, ਅਕਾਲ ਪੁਰਖ ਦੇ ਦਰ 'ਤੇ ਜਾ ਕੇ ਬੰਨ੍ਹੇ ਜਾਵਾਂਗੇ, ਕਿਉਂਕਿ ਉਹਦਾ ਹੁਕਮ ਹੈ।

***ਨਾਮੁ ਸੁਣਤ ਜਮੁ ਦੂਰਹੁ ਭਾਗੈ ॥*** ***ਅੰਗ - 1150***

ਫੇਰ ਕਿੱਡੀ ਪਵਿੱਤਰਤਾ ਹੋਈ। ਸੋ ਕਹਿੰਦੇ, ***'ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥'*** ਦੇਹੀ ਤਾਂ ਪਵਿੱਤਰ ਹੋਣੀ ਹੀ ਹੈ ਤੇ ਪਿੰਡ ਵੀ ਪਵਿੱਤਰ ਹੋ ਜਾਏਗਾ। ਜਿੱਥੇ ਬੈਠ ਕੇ ਤੁਸੀਂ ਸਤਿਸੰਗ ਕਰਦੇ ਹੋਂ, ਇਸ ਥਾਂ ਨੇ ਤਾਂ ਪਵਿੱਤਰ ਹੋਣਾ ਹੀ ਹੈ, ਆਹ ਜਿਹੜੇ ਕੱਖ ਖੜ੍ਹੇ ਨੇ ਇਹ ਵੀ ਪਵਿੱਤਰ ਹੋ ਜਾਣੇ ਨੇ, ਜਿਹੜੇ ਸੁਣ ਰਹੇ ਨੇ, ਇਹ ਵੀ ਪਵਿੱਤਰ ਹੋ ਜਾਣੇ ਨੇ। ਜਗ੍ਹਾ ਵੀ ਪਵਿੱਤਰ ਹੋ ਜਾਣੀ ਹੈ। ਜਿਸ ਥਾਂ 'ਤੇ ਪ੍ਰਮੇਸ਼ਰ ਦਾ ਨਾਮ ਜਪਿਆ ਜਾਵੇ, ਉਹ ਥਾਂ ਪਵਿੱਤਰਤਾ ਯੋਗ ਹੁੰਦੀ ਹੈ, ਉਥੇ ਆ ਕੇ ਦੇਵਤੇ ਨਮਸ਼ਕਾਰ ਕਰਦੇ ਨੇ, ਕਲਜੁਗ ਦੇ ਬਿਘਨ ਨੱਠ ਜਾਇਆ ਕਰਦੇ ਨੇ। ਸੋ ਇਹ ਰਸਨਾ ਜੇ ਨਾਮ ਨਹੀਂ ਜਪਦੀ ਤਾਂ ਭਾਈ ਬਿਘਨ ਲਗਦੇ ਨੇ -

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥***
***ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥***

***ਅੰਗ- 524***

ਇਹਦੀ ਥਾਂ 'ਤੇ ਜੇ ਰਸਨਾ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਝੂਠ ਬੋਲਦੀ ਹੈ, ਫਿੱਕੇ ਬਚਨ ਬੋਲਦੀ ਹੈ ਫੇਰ ਤਾਂ ਦਰਗਾਹ ਦੀ ਦੇਣਦਾਰ ਬਣ ਜਾਂਦੀ ਹੈ। ਐਸਾ ਫੁਰਮਾਨ ਕਰਦੇ ਨੇ ਮਹਾਰਾਜ -

***ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ- 755***

ਮਨਮੁਖ ਦੇ ਨਾਲ ਉਪਾਧੀ ਲਾਈ ਹੈ ਗੁਰੂ ਮਹਾਰਾਜ ਨੇ, ਮੁਗਧ ਦੀ। ਮਹਾਂਮੂਰਖ ਜਿਹੜੇ ਲੋਕ ਨੇ ਉਹ ਨਿੰਦਿਆ ਕਰਦੇ ਨੇ ਕਿਉਂਕਿ ਨਿੰਦਿਆ ਕਰਨ ਵਾਲਾ, ਐਨਾ ਨੀਵਾਂ ਹੁੰਦੈ ਕਿ ਜਿਹੜਾ ਸਫਾਈ ਦਾ ਕਰਮਚਾਰੀ ਮਲਮੂਤਰ ਚੁੱਕਣ ਵਾਲੇ ਹੋਇਆ ਕਰਦੇ ਸੀ, ਉਹ ਤਾਂ ਝਾੜੂ ਤੇ ਟੋਕਰੀ ਨਾਲ ਚੁੱਕਿਆ ਕਰਦੇ ਸੀ, ਇਹ ਬੇਗਾਨੇ ਦੋਸ਼ ਮੂੰਹ ਨਾਲ ਕਰਿਆ ਕਰਦੈ। ਸਾਰੇ ਦੋਸ਼ ਆਪਣੇ ਉਤੇ ਖਿੱਚ ਲੈਂਦੈ। ਇਸੇ ਕਰਕੇ ਸੰਤ ਨਿੰਦਕ ਨੂੰ ਮਾੜਾ ਨਹੀਂ ਕਹਿੰਦੇ। ਕਹਿੰਦੇ ਨੇ ਭਾਈ ਅਉਗਣ ਖਿੱਚ ਲਏਗਾ ਇਹ। ਮਹਾਰਾਜ ਕਹਿੰਦੇ, ਸੰਤਾਂ ਦੀ ਨਿੰਦਿਆ ਤਾਂ ਛੱਡੋ।

***ਸਾਧ ਕਾ ਨਿੰਦਕੁ ਕੈਸੇ ਤਰੈ ॥***
***ਸਰਪਰ ਜਾਨਹੁ ਨਰਕ ਹੀ ਪਰੈ ॥*** ***ਅੰਗ- 875***

ਉਹਨੇ ਤਾਂ ਨਰਕ 'ਚ ਪੈਣਾ ਹੀ ਪੈਣਾ ਹੈ ਪਰ ਆਮ ਲੋਕਾਂ ਦੀ ਵੀ ਜਿਹੜੀ ਨਿੰਦਿਆ ਕਰਨੀ ਹੈ, ਬੇਗਾਨੇ ਪਾਪ ਖਿੱਚ ਕੇ, ਬੇਗਾਨੇ ਅਉਗਣ ਖਿੱਚ ਕੇ ਆਪਣੇ ਉਤੇ ਲਿਆਉਣੇ ਨੇ, ਕਹਿੰਦੇ ਉਹ ਤਾਂ ਮਹਾਂ ਮੂਰਖ ਬੰਦਾ ਹੀ ਕਰਿਆ ਕਰਦੈ। ਉਹਦਾ ਫਲ ਕੀ ਹੁੰਦੈ? '***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***' ਜਿਹੜਾ ਸਭ ਤੋਂ ਸਖਤ ਨਰਕ ਹੈ ਉਹਦੇ ਵਿਚ ਉਹਦਾ ਵਾਸਾ ਹੋ ਜਾਂਦੈ। ਜੇ ਜ਼ੁਬਾਨ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੀ। ਉਹਦੀ ਥਾਂ 'ਤੇ ਫਿੱਕਾ ਬੋਲਦੀ ਹੈ, ਕੌੜਾ ਬੋਲਦੀ ਹੈ, ਨਿੰਦਿਆ ਕਰਦੀ ਹੈ, ਝੂਠ ਬੋਲਦੀ ਹੈ, ਚੁਗਲੀਆਂ ਕਰਦੀ ਹੈ। ਵਿਸ਼ੇ-ਵਿਕਾਰਾਂ ਦੀਆਂ ਗੱਲਾਂ ਕਰਦੀ ਹੈ ਤਾਂ ਹੁਕਮ ਹੈ -

***ਰੇ ਜਿਹਬਾ ਕਰਉ ਸਤ ਖੰਡ ॥***
***ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥*** ***ਅੰਗ - 1163***

ਐ ਜ਼ੁਬਾਨ ਤੇਰਾ ਸੌ ਟੁਕੜਾ ਕਰ ਦੇਵਾਂ, ਜੇ ਤੂੰ ਗੋਬਿੰਦ ਦਾ ਨਾਮ, ਪ੍ਰਭੂ ਦਾ ਨਾਮ, ਵਾਹਿਗੁਰੂ ਦਾ ਨਾਮ ਨਹੀਂ ਉਚਰਦੀ ਤਾਂ ਤੇਰਾ ਸੌ ਟੁਕੜਾ ਕਰ ਦੇਣਾ ਚਾਹੀਦੈ -

***ਧਾਰਨਾ - ਜੇ ਤੂੰ ਨਾਮ ਨਾ ਜਪੇਂਗੀ ਜਿਹਬਾ ਮੇਰੀਏ,***
***ਤਿਲੋ ਤਿਲ ਕੱਟੀ ਜਾਵੇਂਗੀ।***

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥ ਅੰਗ- 1362***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫੁਰਮਾਨ ਹੈ ਕਿ ਪਿਆਰਿਓ! ਜੇ ਸਾਧੂਆਂ ਦੇ, ਗੁਰਮੁਖਾਂ ਦੇ, ਗੁਰੂ ਦੇ ਦਰਸ਼ਨ ਨਹੀਂ ਕਰਦੇ, ਕਹਿੰਦੇ ਇਹ ਨੈਣਾਂ ਨੂੰ ਬੰਦ ਕਰ ਦਿਓ ਦੇਖਣਾ, ਕਿਸੇ ਕੰਮ ਦੇ ਨਹੀਂ ਹਨ। ਪਾਪਾਂ ਦੇ ਵਿਚ ਦੋਸ਼ੀ ਬਣਦੇ ਨੇ, ਮਾੜੀਆਂ ਚੀਜ਼ਾਂ, ਮਾੜੀ ਬਿਰਤੀ ਨਾਲ ਦੇਖ ਕੇ -

***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥***
***ਅੰਗ- 1362***

ਜੇ ਹਰੀ ਦਾ ਜਸ ਨਹੀਂ ਸੁਣਦੇ ਕੰਨ, ਕਹਿੰਦੇ ਇਨ੍ਹਾਂ ਨੂੰ ਬੰਦ ਕਰ ਦਿਓ, ਸਿੱਕਾ ਪਾ ਕੇ।

***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥***
***ਅੰਗ- 1362***

ਜੇ ਰਸਨਾ ਨਾਮ ਨਹੀਂ ਜਪਦੀ, ਕਹਿੰਦੇ ਇਹਨੂੰ ਤਿਲ-ਤਿਲ ਕਰਕੇ ਕੱਟ ਦਿਓ।

***ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥***
***ਅੰਗ- 1362***

ਜਦੋਂ ਪ੍ਰਭੂ ਵਿਸਰ ਜਾਂਦੈ, ਵਾਹਿਗੁਰੂ ਵਿਸਰ ਜਾਂਦੈ, ਕਹਿੰਦੇ ਫੇਰ ਘਟ

ਜਾਂਦੈ। ਫੇਰ ਉਹਦਾ ਦਰਜਾ ਕਿੱਡਾ ਹੋ ਜਾਂਦੈ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

***ਧਾਰਨਾ- ਵਿਸਟਾ ਕੇ ਕੀੜੇ ਜੀ,***
***ਸੋ ਪ੍ਰਭ ਚਿਤ ਨ ਆਵਈ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ - 707***

ਸੋ ਨਾਮ ਤੋਂ ਬਗੈਰ ਜੋ ਜੀਵਨ ਹੈ, ਕਿੱਡਾ ਹੀ ਅਮੀਰ ਜੀਵਨ ਕਿਉਂ ਨਹੀਂ ਹੈ, ਮਹਾਰਾਜ ਕਹਿੰਦੇ ਨੇ - ***'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥'*** ਪਲੰਘ ਵੀਹ-ਵੀਹ, ਤੀਹ-ਤੀਹ ਹਜ਼ਾਰ ਦਾ ਥੱਲੇ ਹੈ ਉਹਦੇ, ਬਹੁਤ ਸਜਾਏ ਹੋਏ ਪਲੰਘ ਨੇ, ਸੁੱਖਾਂ ਦੀ ਕੋਈ ਗਿਣਤੀ ਨਹੀਂ ਹੈ, ਬੇਅੰਤ ਸੁਗੰਧੀਆਂ ਘਰ 'ਚੋਂ ਆਉਂਦੀਆਂ ਨੇ। ***'ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥'*** ਜੋ ਮਨ ਵਿਚ ਸੁੱਖ ਆਵੇ, ਉਹ ਮਿਲ ਜਾਵੇ ਉਹਨੂੰ, ਪਰ ਜੇ ਪ੍ਰਮੇਸ਼ਰ ਦਾ ਨਾਮ ਨਹੀਂ ਉਹਦੇ ਕੋਲ ***'ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥'*** ਉਹਦੀ ਤੁਲਨਾ ਵਿਸ਼ਟਾ ਦੇ ਕੀੜੇ ਦੇ ਬਰਾਬਰ ਹੈ। ਕਿਉਂਕਿ - ***'ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥'***

ਸੋ ਰਸਨਾ ਐਸਾ ਨਾਮ ਨਹੀਂ ਜੇ ਜਪਦੀ, ਕਹਿੰਦੇ ਉਹਦਾ ਫਾਇਦਾ ਕੀ ਹੈ? ਉਹ ਮੂੰਹ ਦੇ ਵਿਚ ਇਕ ਵਾਧੂ ਮਾਸ ਹੈ। ਇਹੀ ਫਸਾ ਦਿੰਦੈ, ਨਿੰਦਿਆ ਕਰੇ ਫਸ ਗਏ, ਇਹੀ ਚਾਰ ਉਂਗਲ ਦੀ ਰਸਨਾ ਨਰਕਾਂ 'ਚ ਲੈ ਜਾਂਦੀ ਹੈ, ਇਹੀ ਚਾਰ ਉਂਗਲ ਦੀ ਰਸਨਾ ਜੇ ਨਾਮ ਜਪੇ, ਪ੍ਰਮੇਸ਼ਰ ਬਣਾ ਦਿੰਦੀ ਹੈ ਇਸ ਨੂੰ। ਮਹਾਂ ਪੂਜਣਯੋਗ ਬਣਾ ਦਿੰਦੀ ਹੈ। ਕਿਉਂਕਿ ਨਾਮ ਦੀ ਮਹਿਮਾ ਬਹੁਤ ਵੱਡੀ ਹੈ, ਮਹਾਰਾਜ ਨੇ ਇਸ ਤਰ੍ਹਾਂ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

ਜੇ ਵਾਹਿਗੁਰੂ ਦਾ ਨਾਮ ਉਹਦੇ ਹਿਰਦੇ 'ਚ ਹੈ ਤਾਂ ਉਸਦੀ ਹਾਲਤ ਜੋ ਮਹਾਰਾਜ ਦਸਦੇ ਨੇ ਕਿ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ- 707***

ਘਰ ਵੀ ਨਹੀਂ ਰਹਿਣ ਵਾਸਤੇ, ਟੁੱਟੀ ਹੋਈ ਝੌਂਪੜੀ ਹੈ, ਕੱਪੜੇ ਪਹਿਨਣ ਵਾਸਤੇ ਨਹੀਂ, ਪਾਟੇ ਹੋਏ ਕੱਪੜੇ ਪਹਿਨਦੈ।

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥ ਅੰਗ- 707***

ਕੋਈ ਉੱਚੀ ਜਾਤ ਨਹੀਂ ਹੈ, ਕੋਈ ਉਹਦਾ ਆਦਰ ਨਹੀਂ ਕਰਦਾ, ਕੋਈ ਪੱਤ ਨਹੀਂ ਗਿਣਦੇ ਉਹਦੀ। ਕਹਿੰਦੇ, ਜੰਗਲਾਂ 'ਚ ਘੁੰਮਦਾ ਰਹਿੰਦੈ -

*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥'*

***ਅੰਗ- 707***

ਨਾ ਕੋਈ ਮਿੱਤਰ ਹੈ ਨਾ ਕੋਈ ਸਾਕ ਉਹਨੂੰ ਪਸੰਦ ਕਰਦੈ। ਜੇ ਉਹਦੇ ਚਿੱਤ 'ਚ ਨਾਮ ਵਸਿਆ ਹੋਇਐ ਤਾਂ-

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

***ਅੰਗ- 707***

ਕਹਿੰਦੇ, ਉਹਦੀ ਧੂੜੀ ਐਨੀ ਜਬਰਦਸਤ ਹੋਇਆ ਕਰਦੀ ਹੈ ਕਿ ਜਿਸ ਦੇ ਮਸਤਕ ਦੇ ਨਾਲ ਲੱਗ ਗਈ, ਉਹਦਾ ਉਧਾਰ ਹੋ ਜਾਇਆ ਕਰਦੈ। ਚਰਨਾਂ ਦੀ ਧੂੜੀ, ਬੰਦਗੀ ਕਰਨ ਵਾਲਿਆਂ ਦੀ, ਨਾਮ ਜਪਣ ਵਾਲਿਆਂ ਦੀ, ਜਿੱਥੇ ਹਰੀ ਦਾ ਜਸ ਹੋਵੇ ਉਹ ਧੂੜੀ ਪਵਿੱਤਰ ਹੋਇਆ ਕਰਦੀ ਹੈ। ਲੱਖਾਂ, ਸੈਂਕੜੇ ਰੋਗਾਂ ਦਾ ਖਾਤਮਾ ਕਰ ਦਿੰਦੀ ਹੈ, ਵਿਘਨਾਂ ਦਾ ਨਾਸ਼ ਕਰ ਦਿੰਦੀ ਹੈ। ਧੂੜੀ ਦੀ ਬਾਰ-ਬਾਰ ਅਰਦਾਸ ਕੀਤੀ ਜਾਂਦੀ ਹੈ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥* ***ਅੰਗ- 1424***

ਹੇ ਪ੍ਰਭੂ! ਜੇ ਤੂੰ ਮੇਰੇ 'ਤੇ ਪ੍ਰਸੰਨ ਹੋ ਗਿਆ, ਤਾਂ ਮੈਨੂੰ ਧੂੜੀ ਦੇ। ਕਿਉਂਕਿ ਇਹ ਧੂੜੀ ਐਨੀ ਪਵਿੱਤਰ ਹੈ, ਗੁਰੂ ਮਹਾਰਾਜ ਇਸ ਬਾਰੇ ਇਸ ਤਰ੍ਹਾਂ ਫੁਰਮਾਉਂਦੇ ਨੇ-

***ਧਾਰਨਾ - ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਂਈਂ।***

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥* ***ਅੰਗ- 1263***

ਇਹ ਪ੍ਰਾਪਤ ਕਿੱਥੋਂ ਹੁੰਦੀ ਹੈ? ਉਸੇ ਰਸਨਾ ਨਾਲ ਜੇ ਨਾਮ ਜਪਿਆ ਜਾਵੇ ਤਾਂ ਇੱਡੀ ਪਦਵੀ ਪ੍ਰਾਪਤ ਹੈ। ਜੇ ਬੰਦਗੀ ਨਹੀਂ ਕਰਦਾ, ਸਭ ਕੁਛ ਪਦਵੀਆਂ ਹੁੰਦੇ ਹੋਏ ਵੀ ਵਿਸ਼ਟਾ ਦਾ ਕੀੜਾ ਹੈ। ਕਹਿੰਦੇ, ਫੇਰ ਉਸ ਰਸਨਾ ਦਾ ਕੋਈ ਫਾਇਦਾ ਨਹੀਂ, ਇਹਨੂੰ ਕੱਟ ਦਿਓ ਤਾਂ ਚੰਗੀ ਹੈ ਕਿਉਂਕਿ ਨਿੰਦਿਆ ਤਾਂ ਨਹੀਂ ਕਰੇਗੀ। ਸੋ ਇਸ ਤਰ੍ਹਾਂ ਦੇ ਨਾਲ ਰਸਨਾ ਤੋਂ ਬਾਅਦ ਵਾਰੀ ਆਉਂਦੀ ਹੈ ਹੱਥਾਂ ਦੀ, ਹੱਥਾਂ ਨਾਲ ਸੇਵਾ ਕੀਤੀ ਜਾਂਦੀ ਹੈ। ਸੇਵਾ ਕਰਕੇ ਵੱਡੀ ਤੋਂ ਵੱਡੀ ਪ੍ਰਾਪਤ ਹੁੰਦੀ ਹੈ। ਸੇਵਾ ਤੋਂ ਬਗੈਰ ਜਿਹੜਾ ਬੰਦਾ ਹੈ ਉਹਦਾ ਜੀਵਨ ਕਿਸੇ ਕੰਮ ਦਾ ਨਹੀਂ ਹੋਇਆ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਇਕ ਵਾਰੀ ਦਰਬਾਰ ਲੱਗਿਆ ਹੋਇਐ, ਗਰਮੀ ਦਾ ਮਹੀਨਾ ਹੈ ਤੇ ਚੌਰ ਬਰਦਾਰ ਦਾ ਨਾਂ ਸੀ ਜਾਲਮ ਸਿੰਘ। ਮਹਾਰਾਜ ਜੀ ਦੇ ਮੁੱਖ ਤੋਂ ਅਚਾਨਕ ਨਿਕਲਿਆ 'ਜਲ'। ਉਸ ਵੇਲੇ ਜਾਲਮ ਸਿੰਘ ਕਿਤੇ ਗਿਆ ਹੋਇਆ ਸੀ, ਕੋਲ ਇਕ ਵੱਡਾ ਅਮੀਰ ਬੱਚਾ ਬੈਠਾ ਸੀ। ਉਠਿਆ, ਜਾ ਕੇ ਬਰਤਨ ਲੈ ਕੇ ਗਿਆ, ਜਾ ਕੇ ਬੜਾ ਧੋ ਕੇ, ਸ਼ੁੱਧ ਕਰਕੇ ਹਥੇਲੀ 'ਤੇ ਰੱਖ ਕੇ ਜਲ ਦਾ ਕੌਲ ਲੈ ਕੇ ਆਇਆ। ਗਿਲਾਸ ਨਹੀਂ ਸੀ ਹੁੰਦੇ ਜਦ, ਛੰਨੇ ਹੁੰਦੇ ਸੀ। ਸੋ ਲਿਆ ਕੇ ਗੁਰੂ ਮਹਾਰਾਜ ਦੇ ਹਜ਼ੂਰ ਉਸ ਨੇ ਜਦੋਂ ਪੇਸ਼ ਕਰਿਆ ਤਾਂ ਮਹਾਰਾਜ ਜੀ ਨੇ ਜਦੋਂ ਜਲ ਫੜਿਆ, ਨਾਲ ਦੀ ਨਾਲ ਉਹਦੇ ਹੱਥਾਂ 'ਤੇ ਆਪ ਦੀ ਨਿਗ੍ਹਾ ਚਲੀ ਗਈ। ਮਹਾਰਾਜ ਕਹਿੰਦੇ, ਪ੍ਰੇਮੀਆਂ! ਤੇਰੇ ਹੱਥ ਬੜੇ ਕੋਮਲ ਨੇ? ਤੂੰ ਇਨ੍ਹਾਂ ਨਾਲ ਕੋਈ ਕੰਮ ਨਹੀਂ ਕਰਦਾ?

ਕਹਿੰਦਾ, ਨਹੀਂ ਮਹਾਰਾਜ! ਆਪ ਦੀ ਬਖਸ਼ੀ ਹੋਈ, ਅਮੀਰੀ ਐਨੀ ਹੈ ਕਿ ਸਾਨੂੰ ਕੰਮ ਕਰਨ ਦੀ ਲੋੜ ਨਹੀਂ ਹੈ। ਨੌਕਰ-ਚਾਕਰ ਬਹੁਤ ਨੇ।

ਕਹਿੰਦੇ, ਚਲੋ ਘਰ ਦਾ ਕੰਮ ਤਾਂ ਨਹੀਂ ਕਰਦੇ, ਉਹ ਤਾਂ ਤੁਹਾਡੀ ਮੌਜ ਹੈ। ਪਰ ਸੰਗਤ ਦੀ ਸੇਵਾ ਕਰਦੇ ਹੁੰਦੇ ਹੋਂ? ਦਰੀਆਂ ਵਿਛਾਈਆਂ ਨੇ ਕਦੇ? ਸੰਗਤਾਂ ਦੀ ਧੂੜ ਕਦੇ ਉਤੇ ਪੈ ਗਈ ਹੋਵੇ ਜਿਹੜੀ ਲੱਖਾਂ ਪਾਪਾਂ ਦਾ ਨਾਸ਼ ਕਰਦੀ ਹੈ। ਇਹ ਪਵਿੱਤਰ ਕੰਮ ਕਰਿਐ ਕਦੇ?

ਕਹਿੰਦਾ, ਨਹੀਂ ਮਹਾਰਾਜ! ਨੌਕਰਾਂ ਨੂੰ ਕਹਿ ਦੇਈਦੈ।

ਕਹਿੰਦੇ, ਗਰਮੀ ਦੇ ਮਹੀਨੇ ਕਦੇ ਪੱਖੇ ਝੱਲੇ ਹੋਣ?

ਕਹਿੰਦਾ, ਨਹੀਂ ਮਹਾਰਾਜ।

ਜਲ ਛਕਾਇਆ ਹੋਵੇ?

ਕਹਿੰਦਾ, ਨਹੀਂ।

ਜੋੜੇ ਸਾਂਭੇ ਹੋਣ?

ਕਹਿੰਦਾ, ਨਹੀਂ ਮਹਾਰਾਜ।

ਹੋਰ ਕਿਸੇ ਬਿਮਾਰ ਦੀ ਦਵਾਈ ਬੂਟੀ ਕਰੀ ਹੋਵੇ?

ਕਹਿੰਦਾ, ਮਹਾਰਾਜ! ਅੱਜ ਪਹਿਲਾ ਦਿਨ ਹੈ ਮੇਰੀ ਜ਼ਿੰਦਗੀ 'ਚ ਕਿ ਮੈਂ ਆਪ ਦੇ ਵਾਸਤੇ ਪਾਣੀ ਲੈ ਕੇ ਆਇਆ ਹਾਂ। ਮੈਂ ਤਾਂ ਕੰਮ ਕਰਿਆ ਹੀ ਨਹੀਂ। ਨੌਕਰ-ਚਾਕਰ ਆਪ ਦੇ ਬਖਸ਼ੇ ਐਨੇ ਨੇ ਕਿ ਆਪੇ ਹੀ ਕੰਮ ਹੋਈ ਜਾਂਦੈ। ਮਹਾਰਾਜ ਨੇ ਜਲ ਪਿੱਛੇ ਰੱਖ ਦਿਤਾ ਤੇ ਆਪ ਨੇ ਪ੍ਰਵਾਨ ਨਾ ਕਰਿਆ।

ਸੰਗਤ ਦੇ ਮਨ ਵਿਚ ਸ਼ੰਕਾ ਹੋ ਗਿਆ ਕਿ ਕੀ ਗੱਲ ਹੋਈ ਹੈ? ਮਹਾਰਾਜ ਜੀ ਨੇ ਪਾਣੀ ਮੰਗਾਇਐ ਤੇ ਪਾਣੀ ਪੀਤਾ ਕਿਉਂ ਨਹੀਂ ਹੈ?

ਉਸ ਵੇਲੇ ਸੰਗਤ ਨੇ ਮਹਾਰਾਜ ਜੀ ਕੋਲ ਪ੍ਰਸ਼ਨ ਕਰਿਆ ਕਿ ਸੱਚੇ ਪਾਤਸ਼ਾਹ! ਇਹ ਜਲ ਲੈ ਕੇ ਆਇਆ ਸੀ, ਆਪ ਨੇ ਜਲ ਕਿਉਂ ਨਹੀਂ ਛਕਿਆ?

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਹ ਜਿਹੜਾ ਪ੍ਰੇਮੀ ਹੈ ਇਹਨੇ ਅੱਜ ਤੱਕ ਕਦੇ ਵੀ ਸੇਵਾ ਨੀਂ ਕਰੀ ਹੈ। ਸੇਵਾ ਤੋਂ ਜਿਹੜੇ ਹੀਣੇ ਹੱਥ ਨੇ ਉਹ ਉਸ ਬੰਦੇ ਦੇ ਹੁੰਦੇ ਨੇ ਜਿਹਦੇ ਅੰਦਰ ਪਿਆਰ ਨਾ ਹੋਵੇ, ਪਿਆਰ ਵਾਲਾ ਬੰਦਾ ਸੇਵਾ ਕਰਦੈ। ਜਿਹਦੇ ਅੰਦਰ ਪ੍ਰਭੂ ਦਾ ਪਿਆਰ ਨਾ ਹੋਵੇ ਉਹ ਬੰਦਾ ਖੁਦਗਰਜ਼ ਹੋਇਆ ਕਰਦੈ, ਉਹ ਸੇਵਾ ਨਹੀਂ ਕਰਿਆ ਕਰਦਾ, ਉਲਟਾ ਆਪਣੀ ਕਰਾਇਆ ਕਰਦੈ। ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ ਨੇ ਪਤਾ ਹੈ ਕੀ ਕਿਹੈ? ਸਾਰੇ ਚੁੱਪ ਕਰ ਗਏ। ਕਹਿਣ ਲੱਗੇ, ਮਹਾਰਾਜ! ਸਾਡੇ ਤਾਂ ਸਮਝ 'ਚ ਨਹੀਂ ਆ ਰਿਹਾ, ਸਾਨੂੰ ਤਾਂ ਪਤਾ ਨਹੀਂ। ਕ੍ਰਿਪਾ ਕਰਕੇ ਆਪ ਹੀ ਦੱਸੋ ਕਿ ਗੁਰੂ ਨਾਨਕ ਦਾ ਬਚਨ ਪਿਆਰ ਤੋਂ ਹੀਣਿਆਂ ਵਾਸਤੇ ਕੀ ਹੈ? ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ –

*ਧਾਰਨਾ – ਮਿਰਤਕ ਕਹੀਐ ਨਾਨਕਾ,*
*ਜਿਹ ਪ੍ਰੀਤ ਨਹੀਂ ਭਗਵੰਤ।*
*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*

*ਅੰਗ – 253*

ਪੰਜ ਸਿਫਤਾਂ ਨੇ ਅਤਿ ਦੀਆਂ, ਜੇ ਇਹ ਸਿਫਤਾਂ ਇਕ ਬੰਦੇ ਦੇ ਵਿਚ ਹੋਣ, ਹੱਦ ਤੋਂ ਜ਼ਿਆਦਾ ਸੁੰਦਰ ਹੋਵੇ, ਚਤੁਰ ਹੋਵੇ ਗੱਲਬਾਤ ਕਿਸੇ ਨੂੰ ਆਉਣ ਨਾ ਦਿੰਦਾ ਹੋਵੇ, ਮੂੰਹ ਦਾ ਗਿਆਨੀ ਹੋਵੇ ਕਥਨੀ ਦਾ ਗਿਆਨੀ ਨਾ ਹੋਵੇ ਤੇ ਜੋਬਨ ਵਾਲਾ ਹੋਵੇ ਤੇ ਹੋਰ ਸਾਰੀਆਂ ਸਿਫਤਾਂ ਹੋਣ ਪਰ ਜੇ ਉਹਦੇ ਮਨ 'ਚ ਪਿਆਰ ਨਹੀਂ ਹੈ, ਮਰਿਆ ਹੋਇਆ ਹੈ ਉਹ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥* *ਅੰਗ– 142*

ਕਹਿੰਦੇ, ਪਿਆਰਿਓ! ਉਹ ਬੰਦਾ ਕਿਸੇ ਕੰਮ ਦਾ ਹੀ ਨਹੀਂ ਹੈ ਜਿਹਦੇ ਅੰਦਰ ਵਾਹਿਗੁਰੂ ਦਾ ਪਿਆਰ ਨਹੀਂ, ਵਾਹਿਗੁਰੂ ਦੇ ਪਿਆਰ ਵਾਲਾ ਸੇਵਾ ਕਰਦੈ ਤੇ ਜਿਹੜਾ ਸੇਵਾ ਨਹੀਂ ਕਰਦਾ ਭਾਈ ਗੁਰਦਾਸ ਜੀ ਉਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਧਿਰਕਾਰ ਹੱਥਾਂ ਪੈਰਾਂ ਨੂੰ,*
*ਬਾਝ ਗੁਰਾਂ ਦੀ ਸੇਵਾ।*
*ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।*

*ਭਾਈ ਗੁਰਦਾਸ ਜੀ, ਵਾਰ–27/10*

ਹੱਥ ਵੀ ਤੇ ਪੈਰ ਵੀ ਇਹ ਧਿਰਕਾਰਯੋਗ ਨੇ। ਜੇ ਸੇਵਾ ਨਹੀਂ ਕਰਦੇ ਗੁਰੂ ਦੇ ਦੁਆਰੇ ਚੱਲ ਕੇ ਨਹੀਂ ਜਾਂਦੇ। ਕਹਿੰਦੇ, ਕਿਸੇ ਕੰਮ ਦੀਆਂ ਨਹੀਂ ਹਨ ਦੋਵੇਂ ਚੀਜ਼ਾਂ, ਸੋ ਇਸ ਕਰਕੇ ਮਨੁੱਖ ਦਾ ਜੋ ਸਰੀਰ ਹੈ ਇਕੱਲੇ-ਇਕੱਲੇ ਅੰਗ ਬਾਰੇ ਗੁਰੂ ਘਰ ਦੇ ਅੰਦਰ ਬਹੁਤ ਵਿਸਥਾਰ ਦੇ ਨਾਲ ਦੱਸਿਐ।

ਸੇਵਾ ਬਹੁਤ ਕਿਸਮ ਦੀ ਹੈ, ਸਾਰਾ ਸੰਸਾਰ ਹੀ ਸੇਵਾ ਕਰਨ ਨੂੰ ਪਿਐ। ਕੋਈ ਤਨ ਨਾਲ ਸੇਵਾ ਕਰਦੈ, ਕੋਈ ਧਨ ਨਾਲ ਸੇਵਾ ਕਰਦੈ, ਕੋਈ ਆਪਣੀਆਂ ਸਵਾਰੀਆਂ ਨਾਲ ਸੇਵਾ ਕਰਦੈ, ਸੇਵਾ ਕਰਨ ਵਾਲਾ ਜਿਹੜਾ ਹੈ -

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥*** ***ਅੰਗ - 286***

ਕਿਸੇ ਬਦਲੇ ਤੋਂ ਬਗੈਰ ਜਿਹੜਾ ਸੇਵਾ ਕਰਦੈ, ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹ ਵਾਹਿਗੁਰੂ ਨੂੰ ਮਿਲ ਸਕਦੈ ਸੇਵਾ ਕਰਨ ਦੇ ਨਾਲ ਤੇ ਉਹਦੀ ਅਵਸਥਾ ਕਿੰਨੀ ਉੱਚੀ ਹੁੰਦੀ ਹੈ -

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥*** ***ਅੰਗ- 1076***

ਇਥੇ ਵੀ ਮਾਣ ਤੇ ਦਰਗਾਹ ਵਿਚ ਵੀ ਮਾਣ ਮਿਲਦੈ-

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਨਾਮ ਜਪਣ ਦੇ ਨਾਲ ਸਾਰੀ ਦੁਨੀਆਂ ਦੇ ਦੁਖ ਦੂਰ ਹੋ ਜਾਂਦੇ ਨੇ, ਆਰਥਕ ਦੁਖ, ਸਰੀਰਕ ਦੁਖ, ਭਾਈਚਾਰਕ ਦੁਖ, ਜਮਦੂਤਾਂ ਦਾ ਦੁਖ, ਹੋਰ ਵੀ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦੈ। ਸੇਵਾ ਕਰਨ ਦੇ ਨਾਲ -

***ਗੁਰ ਕੀ ਸੇਵਾ ਪਾਏ ਮਾਨੁ ॥*** ***ਅੰਗ- 864***

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ- 26***

ਜੋ ਸੇਵਾ ਨਹੀਂ ਕਰਦਾ, ਮਹਾਰਾਜ ਕਹਿੰਦੇ, ਉਹਦਾ ਜੀਵਨ ਕਿਸ ਕੰਮ ਹੈ। ਕਿਸੇ ਕੰਮ ਨਹੀਂ ਹੈ ਉਹਦਾ ਜੀਵਨ। ਜਿਹੋ ਜਿਹਾ ਆਇਆ, ਉਹੋ ਜਿਹਾ ਨਾ ਆਇਆ। ਫੁਰਮਾਨ ਹੈ ਮਹਾਰਾਜ ਦਾ -

***ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥***
***ਅੰਗ- 712***

ਉਹਦੇ ਆਉਣ ਦਾ ਕੀ ਫਾਇਦਾ ਹੈ, ਜੋ ਆਪਣੀ ਕਮਾਈ ਦੇ ਵਿਚੋਂ

ਗੁਰੂ ਦੇ ਨਮਿੱਤ ਕੁਝ ਕੱਢਦਾ ਨਹੀਂ, ਪੁੰਨ ਦੇ ਕਰਮ, ਨੇਕ ਕੰਮ ਨਹੀਂ ਕਰਦਾ ਤੇ ਸੰਤਾਂ ਦੀ ਸੇਵਾ, ਸੰਗਤਾਂ ਦੀ ਸੇਵਾ ਨਹੀਂ ਕਰਦਾ। ਉਹ ਤਾਂ ਬਿਰਥਾ ਆਇਆ –

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*
*ਅਨਿਕ ਸਾਜ ਸੀਗਾਰ ਬਹੁ ਕਰਤਾ*
*ਜਿਉ ਮਿਰਤਕੁ ਓਢਾਇਆ॥* *ਅੰਗ- 712*

ਜਿਵੇਂ ਮੁਰਦੇ ਦੇ ਕੱਪੜੇ ਪਾ ਦੇਈਏ, ਆਹ ਹਾਲ ਹੁੰਦੈ, ਜਿਹਨੂੰ ਸਮਝ ਨਹੀਂ ਆਈ। ਸੋ ਇਸ ਤਰ੍ਹਾਂ ਦੇ ਨਾਲ –

*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥*
*ਅੰਗ- 712*

ਦੌੜ-ਦੌੜ ਕੇ ਪੈਸੇ ਇਕੱਠੇ ਕਰਦੈ, ਦਿਨ-ਰਾਤ ਤੁਰਿਆ ਫਿਰਦੈ ਪੈਸੇ ਇਕੱਠੇ ਕਰਨ ਨੂੰ, ਬੈਂਕ ਦੇ ਵਿਚ ਜਮ੍ਹਾਂ ਹੋ ਗਏ। ਮੇਰਾ ਦੱਸ ਲੱਖ ਹੋ ਗਿਆ ਜੀ, ਵੀਹ ਲੱਖ ਹੋ ਗਿਆ, ਪੰਜਾਹ ਲੱਖ ਜਮ੍ਹਾਂ ਹੋ ਗਿਆ। ਕਹਿੰਦੇ, ਪਿਆਰਿਆ! –

*ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥*
*ਅੰਗ- 712*

ਕੀ ਕਰੇਂਗਾ, ਇਥੇ ਹੀ ਛੱਡ ਜਾਏਂਗਾ। ਤੇਰੇ ਨਾਲ ਤਾਂ ਓਹੀ ਜਾਣੈ ਜਿਹੜਾ–

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥* *ਨਸੀਹਤਨਾਮਾ*

ਸੋ ਸੇਵਾ ਦਾ ਮਹਾਤਮ ਤੇ ਨਾਮ ਦਾ ਮਹਾਤਮ ਗੁਰੂ ਘਰ ਦੇ ਵਿਚ ਬਹੁਤ ਪ੍ਰਬਲ ਹੈ।

ਸੇਵਾ ਕਰਨ ਦੀ ਜੁਗਤੀ ਹੁੰਦੀ ਹੈ, ਇਕ ਤਾਂ ਹੁੰਦੀ ਹੈ ਕਿ ਹੇ ਵਾਹਿਗੁਰੂ! ਆਹ ਸਾਰੇ ਜ਼ਰੀਏ ਦਿਤੇ ਨੇ ਕ੍ਰਿਪਾ ਕੀਤੀ ਹੈ, ਤੇ ਮੈਨੂੰ ਤੂੰ ਸੇਵਾ ਵਿਚ ਲਾ ਲਿਆ ਕਿਉਂਕਿ ਇਹ ਹੁਕਮ ਹੈ ਕਿ –

*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥* *ਅੰਗ- 1159*

ਸੇਵਾ ਨਹੀਂ ਆਦਮੀ ਕਰ ਸਕਦਾ ਜਿੰਨਾਂ ਚਿਰ ਵਾਹਿਗੁਰੂ ਵਲੋਂ ਇਸ਼ਾਰਾ ਨਾ ਹੋਵੇ। ਓਧਰੋਂ ਇਸ਼ਾਰਾ ਹੁੰਦੈ, ਹਰੀ ਝੰਡੀ ਦਿਖਾਈ ਜਾਂਦੀ ਹੈ ਕਿ ਆਹ ਪ੍ਰੇਮੀ ਸੇਵਾ ਕਰੇਗਾ। ਨਹੀਂ ਤਾਂ ਬੇਅੰਤ ਦੁਨੀਆਂ ਹੈ, ਕਿੰਨੀ ਕੁ ਸੇਵਾ ਕਰਦੀ ਹੈ।

ਮੋਹਾਲੀ ਦੀ ਟਰੱਕ ਯੂਨੀਅਨ ਹੈ, ਵਾਹਿਗੁਰੂ ਨੇ ਕੁਛ ਐਸੇ ਲੇਖ

ਲਿਖ ਦਿਤੇ, ਇਨ੍ਹਾਂ ਦੇ ਕਰਮ ਐਨੇ ਸਿੱਧੇ ਕਰ ਦਿਤੇ ਕਿ ਚਾਉ ਹੁੰਦੈ ਇਨ੍ਹਾਂ ਦੇ ਮਨ ਵਿਚ ਸੇਵਾ ਕਰਨ ਦਾ, ਟਰੱਕਾਂ ਦੇ ਨਾਲ। ਸੰਗਤਾਂ ਨੂੰ ਦੂਰ-ਦੂਰ ਲੈ ਕੇ ਜਾਂਦੇ ਨੇ। ਫਲ ਕਿੰਨਾ ਹੁੰਦੈ, ਅੱਧਾ ਤਪ ਇਨ੍ਹਾਂ ਨੂੰ ਸਹਿਜ ਸੁਭਾਅ ਪਹੁੰਚੀ ਜਾਂਦੈ। ਪੈਸੇ ਵਲ ਨਾ ਦੇਖਿਆ ਕਰੋ, ਪੈਸੇ ਆਦਮੀ ਬੇਅੰਤ ਕਮਾਉਂਦੈ, ਬੇਅੰਤ ਜਾਂਦੇ ਨੇ, ਇਕ ਵਿਘਨ ਪੈ ਜਾਵੇ, ਬੇਅੰਤ ਪੈਸਾ ਲਗ ਜਾਂਦੈ, ਪਰ ਸੇਵਾ ਦਾ ਅਨੰਦ ਕਿੰਨਾ ਹੈ, ਕਿੰਨਾ ਸੁਖ ਹੈ। ਇਥੇ ਵੀ ਮਾਣ, ਸੰਗਤਾਂ 'ਚ ਵੀ ਮਾਣ ਤੇ ਦਰਗਾਹ ਵਿਚ ਵੀ ਜਾ ਕੇ ਭਲਾ। ਅਗਾਂਹਾਂ ਕੀ ਹੋਏਗਾ ਕਹਿੰਦੇ - ***ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥'*** ਦਰਗਾਹ ਦੇ ਵਿਚ ਰੇ-ਰੇ ਨਹੀਂ ਕਰੇਗਾ ਕੋਈ।

***ਰੇ ਰੇ ਦਰਗਹ ਕਹੈ ਨ ਕੋਊ ॥***
***ਆਉ ਬੈਠੁ ਆਦਰੁ ਸੁਭ ਦੇਊ ॥*** ***ਅੰਗ- 252***

ਕਿਉਂ ਕਰਨਗੇ ਕਿਉਂਕਿ ਪੁੰਨ ਉਨ੍ਹਾਂ ਦੇ ਜ਼ਿੰਮੇ ਹੋ ਗਿਆ, ਸੌ ਬੰਦੇ ਨੂੰ ਲੈ ਕੇ ਜਾਂਦੇ ਨੇ ਸਤਿਸੰਗ 'ਤੇ। ਪਹਿਲਾਂ ਤਾਂ ਇਹ ਹੈ ਕਿ ਜਿੰਨੇ ਕਦਮ ਜਾਣੈ, ਓਨੇ ਅਸ੍ਵਮੇਧ ਯੱਗਾਂ ਦਾ ਫਲ ਮਿਲਣੈ। ਸੰਗਤ ਜਾ ਰਹੀ ਹੈ ਤੇ ਜਾ ਰਹੀ ਹੈ ਸਵਾਰੀ ਦੇ ਅੰਦਰ, ਫਲ ਮਿਲ ਰਿਹੈ ਸਵਾਰੀ ਵਾਲਿਆਂ ਨੂੰ। ਉਹ ਪ੍ਰਾਪਤ ਹੋ ਗਿਆ, ਫੇਰ ਹਰੀ ਦਾ ਜਸ ਸੁਣਨੈ ਉਨ੍ਹਾਂ ਨੇ ਜਾ ਕੇ, ਜਦੋਂ ਮਨ ਚਿੱਤ ਲਾ ਕੇ ਹਰੀ ਦਾ ਜਸ ਸੁਣਨਗੇ, ਬੇਅੰਤ ਫਲ ਮਿਲਦੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ- 546***

ਉਹਦੇ ਵਿਚੋਂ ਫੇਰ ਇਨ੍ਹਾਂ ਦਾ ਹਿੱਸਾ ਵਟਾ ਲੈਂਦੇ ਨੇ। ਨਤੀਜਾ ਕੀ ਹੋਇਆ, ਪ੍ਰਮੇਸ਼ਰ ਨੇ ਵਿਘਨ ਖਿੱਚ ਲਏ ਸਾਰੇ, ਕਰੋੜਾਂ ਵਿਘਨ ਜਿਹੜੇ ਸੀ, ਟਰੱਕ 'ਚ ਟਰੱਕ ਲੱਗਿਆ, ਕਿਸੇ ਦਾ ਐਕਸੀਡੈਂਟ, ਕਿਤੇ ਫਸ ਗਿਆ, ਕੋਈ ਬੰਦਾ ਮਰ ਗਿਆ, ਕਿੰਨੀ ਪਰੇਸ਼ਾਨੀ ਹੈ। ਗੁਰੂ ਦੀ ਨਿਗ੍ਹਾ ਹੋ ਗਈ ਸੇਵਾ ਕਰਨ ਦੇ ਨਾਲ। ਗੁਰੂ ਮਹਾਰਾਜ ਕਹਿੰਦੇ, ਜਿਹੜਾ ਸੇਵਾ ਨਹੀਂ ਨਾ ਕਰਦਾ -

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥*** ***ਅੰਗ- 676***

ਉਹ ਦਰਬਾਰ ਵਿਚੋਂ ਖਾਰਜ ਹੋ ਜਾਇਆ ਕਰਦੈ। ਉਹ ਪੂਰਾ ਨਹੀਂ ਕਰਦਾ -

***ਦਸ ਬਸਤੂ ਲੇ ਪਾਛੈ ਪਾਵੈ ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥***
***ਤਉ ਮੂੜਾ ਕਹੁ ਕਹਾ ਕਰੇਇ ॥*** ***ਅੰਗ- 268***

ਸੋ ਸੇਵਾ ਗੁਰੂ ਘਰ ਦੇ ਅੰਦਰ ਜੋ ਨਹੀਂ ਕਰਦਾ, ਕਹਿੰਦੇ ਉਹ ਧਿਰਕਾਰਯੋਗ ਹੈ। ਹੱਥ ਪੈਰ ਵੀ ਉਹਦੇ, ਉਹਦਾ ਜਿਹੜਾ ਪੈਸਾ ਹੈ ਉਹ ਵੀ ਧਿਰਕਾਰਯੋਗ ਹੈ, ਕਿਸੇ ਕੰਮ ਨਹੀਂ ਆਉਂਦਾ। ਸਵਾਰੀਆਂ ਪਵਿੱਤਰ

ਹੁੰਦੀਆਂ ਨੇ ਜੇ ਸੰਗਤਾਂ ਚੜ੍ਹ ਕੇ ਗੁਰੂ ਦੇ ਦਰ ਨੂੰ ਜਾਂਦੀਆਂ ਨੇ। ਸੋ ਇਸ ਯੂਨੀਅਨ ਦੇ ਉਤੇ ਮਹਾਰਾਜ ਦੀ ਮਿਹਰ ਹੈ, ਇਕ ਤਾਂ ਸ਼ਰਾਬ ਪੀਣ ਤੋਂ ਹਟ ਗਏ, ਸ਼ਰਾਬ ਪੀਣ ਤੋਂ ਹਟ ਕੇ ਇਨ੍ਹਾਂ ਤੇ ਗੁਰੂ ਮਹਾਰਾਜ ਦੀ ਮਿਹਰ ਹੋਈ ਇਨ੍ਹਾਂ 'ਚ ਪਿਆਰ ਹੋ ਗਿਆ। ਇਕ ਬੰਦਾ ਕਹਿੰਦੈ ਦੂਜੇ ਮੰਨ ਲੈਂਦੇ ਨੇ। ਫੇਰ ਸੇਵਾ ਦਾ ਉਤਸ਼ਾਹ ਹੈ, ਚਾਉ ਹੈ ਮਨ ਦੇ ਅੰਦਰ ਕਿ ਸੇਵਾ ਨੂੰ ਕਹੇ ਸਹੀ ਕੋਈ। ਉਸੇ ਵੇਲੇ ਤਿਆਰ-ਬਰ-ਤਿਆਰ ਨੇ। ਸੋ ਇਹ ਜੀਵਨ ਹੋਇਆ ਕਰਦੈ ਜਿਹੜਾ ਆਦਰਸ਼ਕ ਜੀਵਨ ਹੁੰਦੈ। ਮਾਇਆ ਵੀ ਹੋਵੇ। ਬੇਅੰਤ ਦੁਨੀਆਂ ਹੈ, ਕਿੱਡੇ-ਕਿੱਡੇ ਅਦਾਰੇ ਚਲਦੇ ਨੇ, ਕਿੱਡੇ-ਕਿੱਡੇ ਸਕੂਲ ਚੱਲ ਰਹੇ ਨੇ, ਕਿੰਨੇ ਹਸਪਤਾਲ ਚੱਲ ਰਹੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਨੇ ਭਾਈ ਮਰਦਾਨਾ! ਜਿਹੜਾ ਬੰਦਾ ਨਾ ਸੇਵਾ ਕਰਦੈ, ਨਾ ਸੀਸ ਨਿਵਾਉਂਦੈ, ਨਾ ਨੇਤਰਾਂ ਦੇ ਨਾਲ ਸੰਗਤ ਦਾ ਦਰਸ਼ਨ ਕਰਦੈ, ਨਾ ਕੰਨਾਂ ਦੇ ਨਾਲ ਬਾਣੀ ਸੁਣਦੈ, ਨਾ ਉਹ ਰਸਨਾ ਦੇ ਨਾਲ ਨਾਮ ਜਪਦੈ। ਨਾ ਪੈਰਾਂ ਦੇ ਨਾਲ ਤੁਰ ਕੇ ਆਉਂਦੈ ਸਤਿਸੰਗ 'ਚ। ਨਾ ਉਹ ਸੇਵਾ ਕਰਦੈ ਕਹਿੰਦੇ, ਉਹ ਜਿਹੜਾ ਬੰਦਾ ਹੁੰਦੈ ਮਰਿਆ ਹੋਇਆ ਬੰਦਾ ਹੁੰਦੈ। ਕਿਸੇ ਕੰਮ ਦਾ ਨਹੀਂ ਹੁੰਦਾ, ਬਿਰਥਾ ਹੁੰਦੈ ਉਹ -

***ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ਅੰਗ- 712***

ਉਹਨੇ ਆਪਣਾ ਜਨਮ ਗਵਾ ਲਿਆ -

***ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ***
***ਇਹੁ ਅਉਸਰੁ ਕਤ ਪਈਹੈ ॥ ਅੰਗ- 524***

ਦੁਬਾਰਾ ਹੱਥ ਵਿਚ ਆਉਣੈ ਇਹ ਸਮਾਂ? ਇਹ ਲੰਘ ਜਾਣੈ, ਫੇਰ ਪਛਤਾਵਾ ਰਹਿ ਜਾਣੈ। ਇਸ ਕਰਕੇ ਸੇਵਾ ਦਾ ਮਹਾਤਮ ਤੇ ਫਲ ਕਿੰਨਾ ਹੈ? ਉਹਦੇ ਬਾਰੇ ਮਹਾਰਾਜ ਕਹਿੰਦੇ ਨੇ ਦੁਨੀਆਂ ਦੀ ਕੋਈ ਚੀਜ਼ ਨਹੀਂ ਜਿਹੜੀ ਅ-ਲੱਭ ਹੋਵੇ, ਸੇਵਾ ਕਰਨ 'ਤੇ ਸਭ ਪ੍ਰਾਪਤ ਹੋ ਜਾਂਦੀ ਹੈ। ਸੁਖਮਨੀ ਸਾਹਿਬ ਦੇ ਅੰਦਰ ਐਸਾ ਫੁਰਮਾਨ ਆਉਂਦੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***
***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਅੰਗ- 266***

ਸੋ ਸਾਰੀਆਂ ਚੀਜ਼ਾਂ, ਬੜੀਆਂ ਮਿਸਾਲਾਂ ਨੇ ਕਿ ਗੁਰੂ ਘਰ ਦੇ ਅੰਦਰ ਸੇਵਾ ਕਰੀ ਵੱਡੀ ਤੋਂ ਵੱਡੀ, ਪੁੱਤਰ ਵੀ ਮਿਲ ਗਏ ਉਸ ਥਾਂ ਤੋਂ, ਹੋਰ ਚੀਜ਼ਾਂ ਵੀ ਮਿਲ ਗਈਆਂ, ਜੋ ਵੀ ਮੰਗਦੈ ਉਹ ਪ੍ਰਾਪਤ ਹੋ ਜਾਇਆ ਕਰਦੀ ਹੈ।

ਭਾਈ ਆਦਮ ਬਰਾੜ 70 ਸਾਲ ਦਾ, ਸੇਵਾ ਕਰੀ ਸੰਗਤਾਂ ਦੀ,

ਪੁੱਤਰ ਦੀ ਯਾਚਨਾ ਕਰੀ, ਮਹਾਰਾਜ ਕਹਿੰਦੇ, ਭਾਈ ਆਦਮ! ਸਾਡਾ ਚਿੱਤ ਐਨਾ ਪ੍ਰਸੰਨ ਹੋ ਗਿਆ, ਤੇਰੀ ਕਿਸਮਤ ਵਿਚ ਤਾਂ ਸੱਤ ਜਨਮ ਹੋਰ ਨਹੀਂ ਸੀ ਪੁੱਤਰ ਲਿਖਿਆ ਹੋਇਆ। ਪਰ ਤੇਰੀ ਸੇਵਾ 'ਤੇ ਪ੍ਰਸੰਨ ਹੋ ਕੇ ਅਸੀਂ ਆਪਣਾ ਪੁੱਤਰ ਤੇਰੇ ਘਰ ਭੇਜਦੇ ਹਾਂ, ਭਾਈ ਭਗਤੂ ਉਹਦਾ ਨਾਉਂ ਰੱਖੀਂ। ਕਲਾ ਵਾਲਾ ਹੋਏਗਾ। ਗੁਰੂ ਨੇ ਆਪਣਾ ਪੁੱਤਰ ਉਸ ਦਾ ਪੁੱਤਰ ਬਣਾ ਦਿਤਾ। ਇਸ ਤੋਂ ਵੱਡੀ ਕੀ ਪ੍ਰਾਪਤੀ ਹੁੰਦੀ ਹੈ?

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆ! ਇਹ ਦੋਵੇਂ ਤਰ੍ਹਾਂ ਦਾ ਜੀਵਨ ਹੈ, ਇਕ ਮਨਮੁਖ ਦਾ ਜੀਵਨ ਹੈ, ਇਕ ਰੱਬ ਦੇ ਪਿਆਰੇ ਦਾ ਜੀਵਨ ਹੈ, ਰੱਬ ਦੇ ਪਿਆਰੇ ਦਾ ਜੋ ਜੀਵਨ ਹੈ, ਉਹ ਸਤਿਕਾਰਯੋਗ ਹੈ, ਪ੍ਰਸੰਸਾਯੋਗ ਹੈ। ਜਿਹੜਾ ਦੂਸਰਾ ਹੈ ਉਹ ਧਿਰਕਾਰਯੋਗ ਹੈ। ਉਸ ਬੰਦੇ ਦਾ ਤਾਂ ਸੰਸਾਰ 'ਤੇ ਆਉਣ ਦਾ ਹੀ ਫਾਇਦਾ ਨਹੀਂ। ਕੋਈ ਉਹਦਾ ਕੰਮ ਨਹੀਂ ਸੀਗਾ – ***'ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥'***–

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥***
***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***

***ਅੰਗ– 450***

ਸੋ ਭਾਈ ਮਰਦਾਨਾ ਜੋ ਗੁਰਮੁਖ ਦਾ ਜੀਵਨ ਹੈ, ਉਹ ਪਵਿੱਤਰਤਾ ਦੇ ਯੋਗ, ਧੰਨਤਾ ਦੇ ਯੋਗ ਹੈ, ਉਹਦਾ ਆਉਣਾ ਸਫਲ, ਉਹਦੀ ਮਾਂ ਜਿਹੜੀ ਹੈ ਉਹ ਧੰਨ ਹੈ।

ਜਿਹੜਾ ਸ਼ਰਾਬਾਂ ਕਬਾਬਾਂ 'ਚ ਪਿਆ ਹੋਇਆ ਬੰਦਾ, ਉਹਦੇ ਬਾਰੇ ਤਾਂ ਗੁਰਬਾਣੀ ਦੇ ਅੰਦਰ ਬਹੁਤ ਵੱਡਾ ਉਲਾਂਭਾ ਉਹਦੀ ਮਾਂ ਨੂੰ ਦਿਤੈ –

***ਧਾਰਨਾ – ਜੇ ਤੈਂ ਭਗਤ ਪੁੱਤਰ ਨਾ ਸੀ ਜੰਮਣਾ,***
***ਵਿਧਵਾ ਹੋ ਜਾਂਦੀ।***

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ 1 ॥***
***ਜਿਹ ਨਰ ਰਾਮ ਭਗਤਿ ਨਹਿ ਸਾਧੀ ॥***
***ਜਨਮਤ ਕਸ ਨ ਮੁਓ ਅਪਰਾਧੀ ॥*** ***ਅੰਗ– 328***

ਮਾਂ ਨੂੰ ਵੀ ਉਲਾਂਭਾ ਦਿਤੈ ਕਿ ਤੂੰ ਭਗਤ ਪੁੱਤਰ ਨਹੀਂ ਪੈਦਾ ਕਰਿਆ, ਚੰਗਾ ਸੀ ਤੇਰਾ ਪਤੀ ਮਰ ਜਾਂਦਾ। ਪੁੱਤਰ ਤਾਂ ਨਾ ਹੁੰਦਾ ਨਾ। ਕਿੱਡਾ ਵੱਡਾ ਉਲਾਂਭਾ ਉਨ੍ਹਾਂ ਪੁਰਸ਼ਾਂ ਨੂੰ ਹੈ ਜੋ ਨਾਮ ਤੋਂ ਹੀਣੇ ਨੇ। ਉਸ ਨੂੰ ਵੀ ਕਿਹਾ ਕਿ ਜੇ ਤੂੰ ਨਾਮ ਨਹੀਂ ਸੀ ਜਪਣਾ, ਤੂੰ ਜੰਮਦਾ ਹੀ ਮਰ ਜਾਂਦਾ। ਪਾਪ ਤਾਂ ਨਾ ਕਰਦਾ ਨਾ।

ਸੋ ਇਸ ਕਰਕੇ ਸਾਧਸੰਗਤ ਜੀ! ਗੁਰੂ ਘਰ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਨੇ ਬੜੇ ਵਿਸਥਾਰ ਦੇ ਨਾਲ ਸਾਨੂੰ ਸਮਝਾਉਣਾ ਕੀਤੈ ਕਿ ਜੇ ਜਨਮ ਲੇਖੇ 'ਚ ਨਹੀਂ ਲਗਦਾ ਤਾਂ ਤੇਰੇ ਆਉਣ ਦਾ ਕੀ ਫਾਇਦਾ ਸੰਸਾਰ 'ਚ? ਇਸ ਮਾਨਸ ਦੇਹੀ ਦੀ ਕਦਰ ਕਰ -

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***
***ਅੰਗ- 1366***

ਇਹ ਦੇਹੀ ਤੈਨੂੰ ਬੜੀ ਮੁਸ਼ਕਲ ਨਾਲ ਮਿਲੀ ਹੈ ਤੇ ਕੰਮ ਕਰਨੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ- 12***

ਇਹਦੀ ਕੀਮਤ ਨੂੰ ਸਮਝ, ਵੱਡੇ-ਵੱਡੇ ਦੇਵਤੇ ਵੀ ਲੋਚਦੇ ਨੇ ਕਿ ਅਸੀਂ ਮਨੁੱਖ ਬਣੀਏ, ਫੇਰ ਅਸੀਂ ਕਰਮ, ਉਪਾਸਨਾ, ਗਿਆਨ, ਵਿਗਿਆਨ ਚਾਰੋਂ ਸਾਧਨ ਕਰਕੇ ਪ੍ਰਮੇਸ਼ਰ ਦੇ ਦਰ 'ਤੇ ਪਹੁੰਚੀਏ।

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥*** ***ਅੰਗ- 1159***

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਨਾਮ ਜਪਣ ਵਾਸਤੇ ਦੇਹੀ ਪ੍ਰਾਪਤ ਹੋਈ ਹੈ -

***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ 1 ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ 1 ॥ ਰਹਾਉ ॥***
***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥ 2 ॥***
***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥*** ***ਅੰਗ- 1159***

ਪਛਤਾਵਾ ਰਹਿ ਜਾਏਗਾ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***
***ਅੰਗ- 1428***

ਸੋ ਆਪ ਨੇ ਇਥੇ ਸਤਿਸੰਗ ਕਰਿਆ ਹੈ, ਜੋ ਮਹਾਂਯੱਗ ਕਹਾਉਂਦਾ ਹੈ, ਜਿਹਦਾ ਫਲ ਐਨਾ ਜ਼ਿਆਦਾ ਦੱਸਿਆ ਗਿਆ ਹੈ ਕਿ ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਕੋਈ ਤਪਸਿਆ ਕਰੇ, ਤ੍ਰੇਤੇ ਦੇ ਅੰਦਰ ਹਜ਼ਾਰ

ਸਾਲ ਕਰੇ, ਦੁਆਪਰ ਦੇ ਅੰਦਰ ਸੌ ਸਾਲ ਕਰੇ, ਕਲਜੁਗ ਦੇ ਅੰਦਰ ਕੇਵਲ ਦੋ ਘੜੀਆਂ ਸਤਿਸੰਗ ਕਰੇ, 50 ਮਿੰਟ ਉਹ ਫਲ ਬਰਾਬਰ ਹੋ ਜਾਂਦੈ। ਤਿੰਨ ਘੰਟੇ ਤੋਂ ਆਪਾਂ ਸਤਿਸੰਗ ਕਰ ਰਹੇ ਹਾਂ, ਕਿੰਨਾ ਫਲ ਹੋ ਗਿਆ ਇਹਦਾ। ਇਸੇ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ- 546***

ਸਤਿਸੰਗ ਸੁਣੋ, ਸੁਣ ਕੇ ਮਨ ਵਿਚ ਵਸਾਓ, ਮਨ ਵਿਚ ਵਸਾ ਕੇ ਉਹ ਕੰਮ ਕਰਨਾ ਸ਼ੁਰੂ ਕਰੋ ਜਿਹਦੇ ਵਾਸਤੇ ਗੁਰੂ ਮਹਾਰਾਜ ਬਾਰ-ਬਾਰ ਤੁਹਾਨੂੰ ਪ੍ਰੇਰਨਾ ਕਰਦੇ ਨੇ। ਇਹ ਜੋ ਦਿਤੀਆਂ ਹੋਈਆਂ ਦਾਤਾਂ ਨੇ ਇਹ ਗੁਰੂ ਦੀਆਂ ਨੇ, ਟਰੱਕ ਤੁਹਾਨੂੰ ਦਿਤੇ ਨੇ ਵਾਹਿਗੁਰੂ ਨੇ। ਵਾਹਿਗੁਰੂ ਦੇ ਕੰਮ ਵਿਚ ਲਾਓ ਖੁਸ਼ੀ-ਖੁਸ਼ੀ। ਵਾਹਿਗੁਰੂ ਪ੍ਰਸੰਨ ਹੋਏਗਾ ਹੋਰ ਦਾਤਾਂ ਦੇਵੇਗਾ।

ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ, ਪਾਤਸ਼ਾਹ! ਸਿੱਖ 'ਤੇ ਖੁਸ਼ ਹੋ ਜਾਵੋਂ ਤਾਂ ਕਿਵੇਂ ਪਤਾ ਲਗਦੈ?

ਕਹਿੰਦੇ, ਜਿਹੜੇ ਸਿੱਖ 'ਤੇ ਅਸੀਂ ਖੁਸ਼ ਹੁੰਦੇ ਹਾਂ ਅਸੀਂ ਉਹਦੇ ਕੋਲ ਮਾਇਕ ਸਾਧਨ ਪੈਦਾ ਕਰ ਦਿੰਦੇ ਹਾਂ ਤਾਂਕਿ ਇਹਦਾ ਗੁਜ਼ਾਰਾ ਸਹੀ ਚੱਲੀ ਜਾਵੇ ਪਰ ਜੇ ਉਹ ਮਾਇਕ ਸਾਧਨ ਪਾ ਕੇ ਮਾਇਆ 'ਚ ਫਸ ਜਾਵੇ, ਫੇਰ ਉਹ ਮਨਮੁਖ ਬਣ ਜਾਵੇ, ਉਹਨੂੰ ਛੱਡ ਦਿੰਦੇ ਹਾਂ। ਜਿਹੜਾ ਕਿਸੇ ਮਜ਼ਬੂਰੀ ਨਾਲ ਫਸੇ, ਉਹਨੂੰ ਅਸੀਂ ਦੁੱਖ ਦੀ ਜੰਜੀਰ ਭੇਜ ਕੇ ਫੇਰ ਖਿੱਚ ਲੈਂਦੇ ਹਾਂ।

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***

***ਅੰਗ- 469***

ਕਹਿੰਦੇ, ਮਹਾਰਾਜ! ਜੇ ਇਸ ਤੋਂ ਵੀ ਪ੍ਰਸੰਨ ਹੋਵੋਂ? ਕਹਿਣ ਲੱਗੇ, ਫੇਰ ਅਸੀਂ ਵਧਾਉਣਾ ਸ਼ੁਰੂ ਕਰ ਦਿੰਦੇ ਹਾਂ ਉਹਦਾ ਧਨ। ਬੱਚੇ ਲਾਇਕ ਹੋਣਗੇ, ਚੀਜ਼ਾਂ ਉਨ੍ਹਾਂ ਨੂੰ ਮਿਲ ਜਾਣਗੀਆਂ, ਸਰੀਰ ਉਹਦਾ ਤੰਦਰੁਸਤ ਰਹੇਗਾ। ਕਹਿੰਦੇ, ਜੇ ਇਸ ਤੋਂ ਵੀ ਜ਼ਿਆਦਾ ਪ੍ਰਸੰਨ ਹੋ ਜਾਓਂ। ਕਹਿੰਦੇ, ਫੇਰ ਅਸੀਂ ਉਹਨੂੰ ਨਾਮ ਜਪਾਉਣ ਲਾ ਦਿੰਦੇ ਹਾਂ। ਬਾਣੀ ਪੜ੍ਹਨ ਲਾ ਦਿੰਦੇ ਹਾਂ, ਤਾਂਕਿ ਉਹਦਾ ਜਨਮ ਮਰਨ ਕੱਟਿਆ ਜਾਏ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇਥੇ ਹੀ ਸਮਾਪਤ ਕਰਦਾਂ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰਸਤੋਤਰ ਵਿਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰੋ ਜੀ।

ਅਰਦਾਸ, ਹੁਕਮਨਾਮਾ

# 6

# ਬਿਨੁ ਬੂਝੇ ਪਸੁ ਢੋਰ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਵਾਹਿਗੁਰੂ ਮਹਿਮਾ ਨਾ ਤੇਰੀ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*

*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* *ਅੰਗ- 894*

ਸਾਧਸੰਗਤ ਜੀ! ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਦੂਰ-ਦਰਾਜ ਤੋਂ ਗੁਰੂ ਮਹਾਰਾਜ ਦੇ ਹਜ਼ੂਰ ਸੰਗਰਾਂਦ ਦਾ ਦਿਹਾੜਾ ਮਨਾਉਣ ਵਾਸਤੇ ਆਏ ਹੋਂ। ਆਉਣ ਵਾਲਾ ਜੋ ਮਹੀਨਾ ਹੈ ਉਹਦੇ ਵਾਸਤੇ ਸ਼ੁਭ ਕਾਮਨਾ, ਗੁਰੂ ਮਹਾਰਾਜ ਦੀ ਆਸ਼ੀਰਵਾਦ, ਗੁਰੂ ਮਹਾਰਾਜ ਦੀ ਦਇਆ ਦ੍ਰਿਸ਼ਟੀ ਪ੍ਰਾਪਤ ਕਰਨ ਵਾਸਤੇ ਆਪ ਸ਼ਰਧਾ ਭਾਵਨਾ ਦੇ ਨਾਲ ਇਸ ਅਸਥਾਨ 'ਤੇ ਪਹੁੰਚੇ ਹੋਂ, ਜਿੱਥੇ ਆ ਕੇ ਅਸੀਂ ਨਮਸ਼ਕਾਰ ਕਰਦੇ ਹਾਂ। ਹਾਜ਼ਰੀਆਂ ਲਵਾਉਂਦੇ ਹਾਂ ਉਥੇ ਬਹੁਤ ਵੱਡਾ ਫਲ ਸਤਿਸੰਗ ਰੂਪੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਕਰਨ ਵਿਚ ਹੋਇਆ ਕਰਦੈ। ਬਾਣੀ ਜੋ ਹੈ ਇਹ ਅੰਮ੍ਰਿਤ ਸਰੋਵਰ ਹੈ ਇਹਦੇ ਵਿਚ ਜੋ ਵੀ ਟੁੱਭੀ ਲਾਏਗਾ। ਉਹ ਹੀਰੇ ਮੋਤੀ, ਜਵਾਹਰਾਤ ਬੇਅੰਤ ਗੁਣ ਜੋ ਹਨ, ਉਹਦੇ ਪੱਲੇ ਪੈ ਜਾਣਗੇ। ਫਲ ਦੀ ਗਿਣਤੀ ਨਹੀ ਰਹੇਗੀ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - 546*

ਕੇਵਲ ਮਨ ਦੀ ਸੂਈ ਸਹੀ ਤਰੀਕੇ ਦੇ ਨਾਲ ਗੁਰੂ ਦੇ ਨਾਲ ਜੁੜਨੀ ਚਾਹੀਦੀ ਹੈ। ਫੇਰ ਜੋ ਬਚਨ ਹੈ ਉਹਨੂੰ ਸਮਝੋ। ਅਸੀਂ ਬਹੁਤ ਅਣਜਾਣਪੁਣੇ ਦੇ ਵਿਚ ਜਾ ਕੇ ਆਪਣੇ ਆਪ ਨੂੰ ਸਿਆਣੇ ਕਹਾ ਰਹੇ ਹਾਂ। ਅਣਜਾਣਪੁਣੇ ਦੀ ਹੱਦ ਹੋਵੇ ਤੇ ਕਹਾਈਏ ਸਿਆਣੇ। ਕਹਿੰਦੇ, ਆਪ ਕੁਛ ਜਾਣਦਾ ਨਹੀਂ ਹੈ ਲੇਕਿਨ ਆਪ ਆਪਣੇ ਆਪ ਨੂੰ ਬਹੁਤ ਸਿਆਣਾ ਕਹਾਉਂਦੈ। ਮਹਾਰਾਜ ਕਹਿੰਦੇ ਇਹ ਹੈ ਅੰਨ੍ਹਾ। ਲੇਕਿਨ ਸੁਜਾਨ ਕਹਾਉਂਦੈ ਆਪਣੇ ਆਪ ਨੂੰ -

*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥*
*ਮਨਿ ਅੰਧਾ ਨਾਉ ਸੁਜਾਣੁ ॥* *ਅੰਗ - 471*

ਕਹਿੰਦੇ ਇਹ ਅਸਚਰਜ ਗੱਲ ਤੁਹਾਨੂੰ ਦਸਦੇ ਹਾਂ। ਦੁਨੀਆਂ ਕੀ ਕਰਦੀ ਹੈ, ਮਨ ਦੇ ਅੰਨ੍ਹੇ ਕਹਿੰਦੇ ਸੁਜਾਣ ਕਹਾਉਂਦੇ ਨੇ। ਮਨ ਦਾ ਅੰਨ੍ਹਾ ਕੌਣ ਹੈ, ਜਿਹਨੂੰ ਅਗਾਂਹਾਂ ਦਾ ਪਾਸਾ ਨਜ਼ਰ ਨਾ ਆਵੇ, ਮੀਲ-ਮੀਲ 'ਤੇ ਦੇਖ ਲੈਂਦੈ। ਜਿਹਦੀਆਂ ਬਹੁਤ ਚੰਗੀਆਂ ਅੱਖਾਂ ਪ੍ਰਮੇਸ਼ਰ ਨੇ ਦਿਤੀਆਂ ਨੇ, ਉਹ ਦੋ ਮੀਲ ਤੱਕ ਵੀ ਦੇਖ ਲੈਂਦੈ। ਜਿਹੜਾ ਅੰਨ੍ਹਾ ਹੈ ਉਹ ਬਿੜਕ ਨੂੰ ਪਛਾਣ ਲੈਂਦੈ, ਬਿੜਕ ਦੇਖਦੈ ਕਿ ਕੋਈ ਹੈ ਚੀਜ਼ ਮੇਰੇ ਆਲੇ-ਦੁਆਲੇ।

ਐਨਾ ਕੁ ਤਾਂ ਉਹਨੂੰ ਪਤਾ ਲੱਗ ਜਾਏਗਾ ਕਿ ਕੋਈ ਪਸ਼ੂ ਜਾ ਰਿਹੈ, ਜਾ ਕੋਈ ਮਨੁੱਖ ਜਾ ਰਿਹੈ। ਪਰ ਹੈਰਾਨੀ ਦੀ ਗੱਲ ਹੈ, ਮਨ ਦਾ ਅੰਨ੍ਹਾ ਤੇ ਕਹਾਉਂਦਾ ਸੁਜਾਣ ਹੈ। ਉਹ ਕਾਰਨ ਕੀ ਹੈ? ਸਾਨੂੰ ਐਨੀ ਹੀ ਗੱਲ ਸਮਝ 'ਚ ਨਹੀਂ ਆਉਂਦੀ, ਨਾ ਸਾਡੇ ਮਨ 'ਚ ਬਹਿੰਦੀ ਹੈ। ਘੜੀ ਦੋ ਘੜੀ ਬਹਿ ਕੇ ਹਟ ਜਾਂਦੀ ਹੈ ਕਿ ਸੰਸਾਰ 'ਤੇ ਆਉਣ ਦਾ ਸਾਡਾ ਕੀ ਮਨੋਰਥ ਸੀ? ਕੀ ਲੈਣ ਆਏ ਸੀਗੇ? ਜੇ ਤਾਂ ਇਸ ਤਰ੍ਹਾਂ ਸਮਝ ਲਓ ਕਿ ਜਿਵੇਂ ਫਸਲਾਂ ਹੁੰਦੀਆਂ ਨੇ, ਵੱਢ ਲੈਂਦੇ ਨੇ, ਫੇਰ ਨਵੀਆਂ ਬੀਜ ਦਿੰਦੇ ਨੇ,

ਵੱਢ ਲੈਂਦੇ ਨੇ। ਘਾਹ ਫੂਸ ਉੱਗ ਆਉਂਦੈ, ਜੜ੍ਹੀਆਂ-ਬੂਟੀਆਂ ਉੱਗ ਆਉਂਦੀਆਂ ਨੇ, ਵੱਢ ਲਈਆਂ ਜਾਂਦੀਆਂ ਨੇ। ਉਨ੍ਹਾਂ ਦਾ ਮਨੋਰਥ ਕੋਈ ਨਹੀਂ ਹੈ। ਉੱਗਦੀਆਂ ਨੇ ਖਤਮ ਹੋ ਜਾਂਦੀਆਂ ਨੇ ਆਪਣੇ ਸਮੇਂ ਨਾਲ। ਲੇਕਿਨ ਐਸੀ ਬਾਤ ਨਹੀਂ। ਉਹ ਵੀ ਜਿਹੜੀਆਂ ਉੱਗਦੀਆਂ ਨੇ, ਉਹ ਕਿਸੇ ਹਿਸਾਬ ਨਾਲ ਹੀ ਉੱਗਦੀਆਂ ਨੇ ਜੋ ਸਾਨੂੰ ਅੱਜ ਪਤਾ ਨਹੀਂ ਹੈ, ਫੇਰ ਪਤਾ ਲੱਗ ਜਾਏਗਾ। ਲੇਕਿਨ ਸਾਇੰਸ ਐਨੀ ਵੱਧ ਚੁੱਕੀ ਹੈ ਉਹਨੂੰ ਪਤਾ ਲੱਗ ਗਿਐ ਕਿ ਜੇ ਦਰਖਤ ਨਾ ਹੋਣ ਤਾਂ ਬੰਦਾ ਪਾਗਲ ਹੋ ਜਾਵੇ। ਦਰਖਤਾਂ ਕਰਕੇ ਹੀ ਬਚਿਆ ਹੋਇਆ ਹੈ ਇਹ। ਦਰਖਤ ਇਹਦੀਆਂ ਲੱਖਾਂ ਬਿਮਾਰੀਆਂ ਖਾ ਜਾਂਦੇ ਨੇ। ਹਵਾ ਸ਼ੁੱਧ ਕਰ ਦਿੰਦੇ ਨੇ। ਸਾਡਾ ਸਾਰਾ ਜ਼ੋਰ ਲਗਦੈ ਹਵਾ ਗੰਧਲੀ ਕਰਨ 'ਤੇ। ਇਕ ਦਰਖਤ ਐਨੀ ਆਕਸੀਜਨ ਪੈਦਾ ਕਰ ਦਿੰਦੈ ਕਿ ਜੇ ਇਕ ਕਾਰਖਾਨਾ ਲਾਈਏ, ਇਕ ਕਰੋੜ ਰੁਪਈਆ ਖਰਚ ਆਵੇ। ਜਿੰਨੀ ਇਕ ਦਿਨ 'ਚ ਪੈਦਾ ਕਰਦੈ ਦਰਖਤ, ਉਹ ਕਾਰਖਾਨਾ ਐਨੀ ਆਕਸੀਜਨ ਬਣਾ ਨਹੀਂ ਸਕਦਾ, ਨਾਲੇ ਮੁਫਤ ਹੈ। ਇਹ ਪ੍ਰਮੇਸ਼ਰ ਨੇ ਇਕ ਦੂਜੇ ਨੂੰ ਜਿਉਂਦੇ ਰੱਖਣ ਵਾਸਤੇ ਚਾਰ ਖਾਣੀਆਂ ਪੈਦਾ ਕੀਤੀਆਂ ਨੇ। ਇਸ ਕਰਕੇ ਉਹਦੀ ਮਹਾਨਤਾ ਹੈ। ਉਹਨੇ ਜੀਵਨ ਕਾਇਮ ਰੱਖਣ ਵਾਸਤੇ ਬੇਅੰਤ ਸੁੰਨੇ ਗ੍ਰਹਿ (planet) ਧਰਤੀ ਦੇ ਦੁਆਲੇ ਘੁੰਮਾਏ ਨੇ, ਸੂਰਜ ਦੇ ਦੁਆਲੇ ਘੁੰਮਾਏ ਨੇ। ਉਹ ਆਪਣੇ ਹਿਸਾਬ ਨਾਲ ਲਹਿਰਾਂ ਭੇਜਦੇ ਨੇ। ਸੂਰਜ ਮੈਗਨੇਟ ਭੇਜੀ ਜਾਂਦੈ, ਦੂਸਰੇ ਜਿਹੜੇ ਗ੍ਰਹਿ ਤੇ ਉਪਗ੍ਰਹਿ ਨੇ ਉਹ ਆਪਣੇ ਹਿਸਾਬ ਨਾਲ ਸਿਗਨਲ ਭੇਜਦੇ ਨੇ, ਆਪਣਾ ਅਸਰ ਭੇਜ ਰਹੇ ਨੇ ਧਰਤੀ 'ਤੇ। ਵਾਹਿਗੁਰੂ ਨੇ ਉਨ੍ਹਾਂ ਦੇ ਚੰਗੇ ਅਸਰ ਤਾਂ ਹੇਠਾਂ ਲੈ ਆਂਦੇ ਧਰਤੀ 'ਤੇ। ਜਿਹੜੇ ਮਾੜੇ ਅਸਰ ਸੀ ਉਨ੍ਹਾਂ ਵਾਸਤੇ ਇਕ ਛਾਨਣਾ ਲਾ ਦਿਤਾ। ਜਿਵੇਂ ਮੁਰਗੀ ਦੇ ਆਂਡੇ ਦੇ ਦੁਆਲੇ ਚਿੱਟਾ ਖੋਲ ਹੁੰਦੈ, ਇਸੇ ਤਰ੍ਹਾਂ ਸਾਡੀ ਧਰਤੀ ਦੇ ਦੁਆਲੇ ਇਕ ਖੋਲ੍ਹ ਬਣਾ ਦਿਤਾ ਜਿਹਦੇ ਵਿਚੀਂ ਜ਼ਹਿਰਲੀਆਂ ਕਿਰਨਾਂ ਸਾਡੇ ਤੱਕ ਨਹੀਂ ਆਉਂਦੀਆਂ। ਐਸਾ ਪ੍ਰਮੇਸ਼ਰ ਜਿਹਨੇ ਸੋਚ ਸਮਝ ਕੇ ਸਾਡੇ ਲਈ ਐਨਾ ਕੁਛ ਕੀਤੈ, ਉਹ ਹੈ ਕੀ? ਕਿੱਥੇ ਰਹਿੰਦੈ? ਆਹ ਗੱਲ ਜੇ ਮਨੁੱਖ ਨੂੰ ਸਮਝ ਪੈ ਜਾਵੇ ਤਾਂ ਉਹ ਬਾਜ਼ੀ ਜਿੱਤ ਗਿਆ। ਜੇ ਨਹੀਂ ਸਮਝ ਪੈਂਦੀ, ਬਾਜ਼ੀ ਹਾਰ ਗਿਆ। ਮਹਾਰਾਜ ਕਹਿੰਦੇ, ਹੈਰਾਨੀ ਦੀ ਗੱਲ ਹੈ। ਮਹਾਰਾਜ ਕਹਿੰਦੇ, ਸੁਣੋ ਲੋਕੋ ਸਾਰੇ, ਅਚਰਜ ਗੱਲ ਤੁਹਾਨੂੰ ਦਸਦੇ ਹਾਂ - ***'ਮਨਿ ਅੰਧਾ ਨਾਉ ਸੁਜਾਣੁ ॥'*** ਮਨ ਦੇ ਅੰਨ੍ਹੇ ਸੁਜਾਖੇ ਬਣੇ ਹੋਏ ਨੇ। ਉਨ੍ਹਾਂ ਨੂੰ ਇਹ ਨਹੀਂ ਪਤਾ ਲਗਦਾ ਕਿ ਸਾਡਾ ਤਾਂ ਜੀਵਨ ਮਨੋਰਥ ਵਾਹਿਗੁਰੂ ਨੂੰ ਮਿਲਣਾ ਹੈ, ਕਿੰਨੇ ਕੁ ਬੰਦੇ ਨੇ ਜਿਨ੍ਹਾਂ ਦੇ ਮਨ ਵਿਚ ਇਹ ਗੱਲ ਆਉਂਦੀ ਹੈ? ਜਿਨ੍ਹਾਂ ਦੇ ਮਨ 'ਚ ਆਉਂਦੀ ਹੈ ਉਹ ਤਾਂ ਸਮਝ ਲਓ ਮਨੁੱਖ ਦੀ ਜਾਤ 'ਚ ਨੇ ਕਿ ਸੱਚ ਹੀ ਮਨੁੱਖ ਨੇ; ਚਾਹੇ ਉਹ ਛੋਟੀ ਪੱਧਰ ਦੇ ਨੇ, ਚਾਹੇ ਵੱਡੇ ਪੱਧਰ ਦੇ ਨੇ। ਬਾਕੀ ਕੀ ਨੇ? ਮਹਾਰਾਜ ਕਹਿੰਦੇ, ਬਾਕੀਆਂ ਨੂੰ ਤੁਸੀਂ ਮਨੁੱਖ ਦੀ ਉਪਾਧੀ ਨਾ ਦਿਓ-

***ਧਾਰਨਾ - ਆਵਨ ਨੂੰ ਜਗ ਵਿਚ ਆ ਗਏ ਨੇ।***
***ਬਿਨ ਬੂਝੇ ਪਸੂ ਢੋਰ।***

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ - 251***

ਕਿੱਡਾ ਸਖਤ ਵਾਕ ਮਹਾਰਾਜ ਜੀ ਨੇ ਕਿਹਾ ਹੈ ਕਿ ਪੈਦਾ ਤਾਂ ਹੋ ਗਏ, ਸੰਸਾਰ 'ਚ ਆ ਕੇ ਬਚਪਨ ਤੋਂ ਜਵਾਨੀ ਵੀ ਆ ਗਈ, ਪੜ੍ਹਾਈ ਲਿਖਾਈ ਕਰ ਲਈ। ਪੈਸਾ ਟਕਾ ਕਮਾ ਲਿਆ, ਬੜੇ ਅਹੁਦੇ ਵੀ ਹਾਸਲ ਕਰ ਲਏ। ਕਹਿੰਦੇ, ਇਹ ਤਾਂ ਸਾਰੀਆਂ ਗੱਲਾਂ ਕਰ ਲਈਆਂ। ਜਿਸ ਗੱਲ ਨੂੰ ਕਰਨ ਵਾਸਤੇ ਆਇਆ ਸੀ ਉਹ ਨਹੀਂ ਬੁੱਝੀ? ਜੇ ਬੁੱਝੀ ਨਹੀਂ ਤਾਂ ਕਹਿੰਦੇ ਢੋਰ ਹੈ, ਪਸ਼ੂ ਹੈ। ਪਸ਼ੂ ਬਿਰਤੀ ਤੋਂ ਉਪਰ ਨਹੀਂ ਗਿਆ ਉਹ। ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਬੜੇ ਸਿਆਣੇ ਹਾਂ ਜੀ। ਵੱਡੇ-ਵੱਡੇ ਅਫਸਰ ਹਾਂ, ਬਹੁਤ ਵੱਡੀਆਂ ਪੜ੍ਹਾਈਆਂ ਸਾਡੀਆਂ ਕਰੀਆਂ ਹੋਈਆਂ ਨੇ। ਦੁਨੀਆਂ ਸਾਡਾ ਕਹਿਣਾ ਮੰਨਦੀ ਹੈ। ਮਹਾਰਾਜ ਕਹਿੰਦੇ, ਕੁਛ ਵੀ ਹੋਵੇ ਲੇਕਿਨ ਜੇ ਤੁਸੀਂ ਅਸਲੀ ਬਾਤ ਨੂੰ ਬੁੱਝ ਨਹੀਂ ਸਕੇ ਤਾਂ ਤੁਹਾਡਾ ਆਉਣਾ ਹੀ ਬੇਮਤਲਬਾ ਹੈ। ਪਸ਼ੂਆਂ ਵਰਗਾ ਹੈ ਇਸ ਤੋਂ ਉਪਰ ਨਹੀਂ ਹੈ ਕਿਉਂਕਿ ਉਹ ਬੁੱਝਣੀ ਗੱਲ ਬਹੁਤ ਵੱਡੀ ਹੈ - ***'ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥ '*** ਕਹਿੰਦੇ, ਗੁਰੂ ਨੂੰ ਮਿਲ ਕੇ ਉਹ ਬੁਝਦੈ ਜਿਹਦੇ ਮੱਥੇ ਵਿਚ ਲੇਖ ਲਿਖਿਆ ਹੋਵੇ। ਬਾਕੀ ਰਹਿ ਜਾਂਦੇ ਨੇ ਸਾਰੇ। ਆਹ ਦੋ ਲਾਈਨਾਂ ਨੇ ਮਹਾਰਾਜ ਦੀਆਂ ਜੇ ਸਾਡੇ ਸਮਝ 'ਚ ਬੈਠ ਜਾਣ। ਗੱਲ ਕੀ ਹੈ? ਕਹਿੰਦੇ -

***ਯਾ ਜੁਗ ਮਹਿ ਏਕਹਿ ਕਉ ਆਇਆ ॥ ਅੰਗ- 251***

ਵਾਹਿਗੁਰੂ ਨੂੰ ਮਿਲਣ ਵਾਸਤੇ ਆਇਆ ਸੀ ਇਸ ਸੰਸਾਰ 'ਚ। ਹੋਇਆ ਕੀ? ਕਹਿੰਦੇ -

***ਜਨਮਤ ਮੋਹਿਓ ਮੋਹਨੀ ਮਾਇਆ ॥ ਅੰਗ - 251***

ਜੰਮਦੇ ਹੀ ਉਤੇ ਮਾਇਆ ਦਾ ਅਸਰ ਪੈ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਮਾਇਆ, ਹਉਮੈ, ਭੁੱਲ, ਅਗਿਆਨ ਇਹ ਅੱਖਰ ਬਾਰ-ਬਾਰ ਆਉਂਦੇ ਨੇ। ਸਾਨੂੰ ਇਨ੍ਹਾਂ ਦੀ ਡੂੰਘਿਆਈ 'ਚ ਪਤਾ ਨਹੀਂ ਲਗਦਾ ਕਿ ਇਹ ਗੱਲਾਂ ਕੀ ਨੇ, ਮਾਇਆ ਕੀ ਹੈ? ਅਸੀਂ ਮਾਇਆ ਰੁਪਏ, ਪੈਸੇ ਨੂੰ ਕਹਿੰਦੇ ਹਾਂ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਉਹ ਸਾਰੀਆਂ ਚੀਜ਼ਾਂ ਜਿੰਨੀਆਂ ਵੀ ਤੁਹਾਨੂੰ ਨਜ਼ਰ ਆਉਂਦੀਆਂ ਨੇ, ਜਿੰਨੀਆਂ ਤੁਸੀਂ ਜਾਣਦੇ ਓਂ ਤੇ ਜਿਨ੍ਹਾਂ ਨੂੰ ਤੁਸੀਂ ਬਿਲਕੁਲ ਨਹੀਂ ਜਾਣਦੇ, ਉਹ ਵੀ ਸਾਰੀਆਂ। ਜਿਹੜੀਆਂ ਪ੍ਰਮੇਸ਼ਰ ਵਲੋਂ ਮਨ ਦੂਜੇ ਪਾਸੇ ਲਾ ਦੇਣ ਉਹਨੂੰ ਵੀ ਮਾਇਆ ਕਿਹਾ ਗਿਆ ਹੈ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ- 921***

ਮੋਹ ਕਹਿੰਦੇ ਨੇ, attachment (ਪਕੜ) ਨੂੰ। ਪਕੜ ਅੰਦਰ ਪੈਦਾ ਹੋ ਜਾਵੇ, ਪਕੜ ਵੀ ਰਾਗ ਤੇ ਦ੍ਵੈਸ਼ ਵਾਲੀ। ਕਹਿੰਦੇ, ਉਹ ਜਿਹੜੀ ਚੀਜ਼ ਪੈਦਾ ਹੋ ਜਾਵੇ, ਇਹਨੂੰ ਮਾਇਆ ਕਹਿੰਦੇ ਨੇ, ਭਾਉ ਦੂਜਾ ਲਾਉਣਾ, ਅਸਲੀ ਚੀਜ਼ ਨੂੰ ਛੱਡ ਕੇ ਨਕਲੀ ਚੀਜ਼ ਹੀ ਦੇਖੀ ਜਾਣੀ। ਅਸਲੀ ਕੀ ਹੈ,

ਮਿਸਾਲ ਦੇ ਨਾਲ ਸਮਝ ਪੈ ਜਾਏਗਾ। ਛੋਟੀ-ਛੋਟੀ ਗੱਲ ਨੂੰ ਸਮਝਣ ਦਾ ਯਤਨ ਕਰਿਆ ਕਰੋ। ਜੇ ਅਸੀਂ ਸਹੀ ਵਿਦਿਆਰਥੀ ਵਾਂਗਣ ਪੜ੍ਹਾਈ ਕਰੀਏ, ਕਿਉਂਕਿ ਇਹ ਸਤਿਸੰਗ ਚਾਟਸਾਲ ਹੁੰਦੀ ਹੈ। ਇਹਦੇ ਨਾਲ ਮਨ ਮਾਂਜਿਆ ਜਾਂਦੈ, ਅਸੀਂ ਇਸ ਸਰੀਰ 'ਚ 'ਨਾਮ' ਦਾ ਨਿਵਾਸ ਕਰਨੈ। ਮਹਾਰਾਜ ਕਹਿੰਦੇ, ਜੇ ਕਰਨੈ -

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥* *ਅੰਗ- 639*

ਸੰਤਾਂ ਦੀ ਸਭਾ 'ਚ ਜਾ ਕੇ ਮਨ ਦਾ ਮਾਂਜਣਾ ਕਰ। ਫੇਰ ਤੇਰੇ ਅੰਦਰ ਨਾਮ ਦਾ ਨਿਵਾਸ ਹੋ ਜਾਏਗਾ। ਸਾਨੂੰ ਇਹੀ ਗੱਲ ਸਮਝ 'ਚ ਨਹੀਂ ਆਉਂਦੀ। ਮਹਾਰਾਜ ਕਹਿੰਦੇ, ਮੋਹ ਲਿਆ ਮਾਇਆ ਨੇ। ਆਇਆ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਸਮਾਂ ਕਿੰਨਾਂ ਲੱਗਿਆ ਸੀ ਕਹਿੰਦੇ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਅੰਗ- 631*

ਇਕ ਜੁਗ ਨਹੀਂ, ਦੋ ਜੁਗ ਨਹੀਂ, ਤਿੰਨ ਜੁਗ ਨਹੀਂ, ਜੇ ਅਸੀਂ ਚਾਰ ਜੁਗ ਹਾਰ ਖਾ ਜਾਂਦੇ ਮਹਾਰਾਜ ਕਹਿੰਦੇ, ਚਾਰ ਜੁਗ ਹਾਰ ਗਏ। ਮਹਾਰਾਜ ਕਹਿੰਦੇ, ਨਹੀਂ 'ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।' ਹੁਣ ਤੁਹਾਨੂੰ ਮਾਨਸ ਦੇਹ ਮਿਲ ਗਈ। ਆਹ ਜਿਹੜਾ ਸਰੀਰ ਨੂੰ ਗਲਤੀ ਦੇ ਨਾਲ ਕਹਿੰਦੇ ਓਂ ਕਿ 'ਮੈਂ ਹਾਂ-ਮੈਂ ਹਾਂ' ਇਹ ਤੁਹਾਨੂੰ ਮਿਲੀ ਹੋਈ ਚੀਜ਼ ਹੈ, ਤੁਸੀਂ ਹੋਰ ਹੋਂ, ਇਹ ਹੋਰ ਹੈ। ਐਨੀ ਹੀ ਗੱਲ ਸਮਝ ਲਓ। ਕਹਿੰਦੇ, ਦੀਵਾਨ ਵਿਚ ਤਾਂ ਸਮਝ ਜਾਂਦੇ ਹਾਂ, ਸਤਿਸੰਗ ਵੇਲੇ ਸਾਨੂੰ ਗੱਲ ਸਮਝ ਆ ਜਾਂਦੀ ਹੈ ਪਰ ਉਸ ਤੋਂ ਬਾਅਦ ਤਾਂ ਸਾਨੂੰ ਪਤਾ ਹੀ ਨਹੀਂ ਲਗਦਾ ਕਿ ਅਸੀਂ ਹੋਰ ਹਾਂ। ਅਸੀਂ ਤਾਂ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝਦੇ ਹਾਂ। ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਦੀਵਾਨਾਂ 'ਚ ਬੜੀ ਵਿਚਾਰ ਇਸ ਗੱਲ 'ਤੇ ਚਲਦੀ ਰਹਿੰਦੀ ਸੀ। ਸਿੱਧੀਆਂ-ਸਿੱਧੀਆਂ ਗੱਲਾਂ ਮਹਾਰਾਜ ਜੀ ਕਰਿਆ ਕਰਦੇ ਸੀ, ਕਿਉਂਕਿ ਔਖੀਆਂ ਸਮਝਣੀਆਂ ਮੁਸ਼ਕਲ ਸੀ। ਜਦੋਂ ਅਸੀਂ ਸੁਖਾਲੀ ਤੋਂ ਸੁਖਾਲੀ ਗੱਲ ਨਹੀਂ ਯਾਦ ਕਰਦੇ, ਸਮਝਦੇ, ਅਗਾਂਹਾਂ ਵਾਲੀ ਗੱਲ ਕਿੱਥੇ ਸਮਝ ਲਵਾਂਗੇ। ਅਗਾਂਹਾਂ ਵਾਲੀ ਗੱਲ ਤਾਂ ਉਹ ਸਮਝੇਗਾ ਜਿਹਦੇ ਮਨ ਵਿਚ ਸ਼ੌਕ ਲੱਗ ਗਿਆ, ਜਿਹਦੇ ਮਨ ਵਿਚ ਖਿੱਚ ਪੈ ਗਈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ*

ਜਿਨ੍ਹਾਂ ਨੇ ਅੰਤ ਤੋਂ ਪਰਲੇ ਪਾਸੇ ਲੰਘਣਾ ਹੈ, ਬੇਅੰਤ ਦੇ ਵਿਚ ਉਹ ਤਾਂ ਇੱਕ ਲਗਨ ਦੇ ਨਾਲ ਟੁਰੇ ਹੀ ਜਾਂਦੇ ਨੇ, ਰੁਕਦੇ ਨਹੀਂ ਹੈਗੇ। ਜੇ ਗਿਰ ਵੀ ਪੈਣ ਫੇਰ ਉੱਠ ਕੇ ਤੁਰ ਪੈਂਦੇ ਨੇ। ਜੇ ਰੁਕ ਵੀ ਜਾਵੇ ਸਾਲ

ਦੋ ਸਾਲ, ਚਾਰ ਸਾਲ, ਦੱਸ ਸਾਲ, ਫੇਰ ਤੁਰ ਪੈਂਦੇ ਨੇ ਕਿ ਪਛਤਾਵਾ ਹੁੰਦੈ ਮਨ ਦੇ ਅੰਦਰ, ਖਿੱਚ ਹੁੰਦੀ ਹੈ ਬੜੀ ਜ਼ਬਰਦਸਤ ਕਿ ਮੈਂ ਤਾਂ ਭੁੱਲ ਗਿਆ ਸੀ। ਕਹਿੰਦੇ, ਉਹ ਲੱਗੀ ਰਹਿੰਦੀ ਹੈ ਟੋਰ ਅਨੰਤ ਤੱਕ ਪਹੁੰਚਣ ਦੀ। ਵਾਹਿਗੁਰੂ ਦੇ ਮਿਲਣ ਤੋਂ ਉਰਲੇ ਪਾਸੇ ਕੋਈ ਟਿਕਾਣਾ ਹੀ ਨਹੀਂ ਹੈ। ਕੋਈ ਆਰਾਮ ਜਗ੍ਹਾ ਨਹੀਂ ਆਉਂਦੀ ਰਾਹ ਦੇ ਵਿਚ। ਜੇ ਅਸੀਂ ਸਫਰ ਕਰਦੇ ਹਾਂ ਸੜਕਾਂ 'ਤੇ, ਆਰਾਮ ਸਥਾਨ ਆਉਂਦੇ ਨੇ ਉਥੇ ਅੱਧਾ ਘੰਟਾ, ਪੰਦਰਾਂ ਮਿੰਟ, ਵੀਹ ਮਿੰਟ ਜਿੰਨਾਂ ਕਿਸੇ ਕੋਲ ਸਮਾਂ ਹੈ ਆਰਾਮ ਕਰਦੈ। ਮਹਾਰਾਜ ਕਹਿੰਦੇ, ਇਥੇ ਆਰਾਮ ਵਾਲਾ ਥਾਉਂ ਨਹੀਂ ਹੈ। ਆਰਾਮ ਕਰਨ ਨੂੰ ਜਗ੍ਹਾ ਹੀ ਨਹੀਂ ਹੈ। ਇਹ ਤਾਂ ਚਲਦੇ ਹੀ ਰਹਿਣੈ -

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ ਅੰਗ- 1096***

ਮੋਢਾ ਪਿੱਛੇ ਕਰਨ ਦੀ ਵੀ ਫੁਰਸਤ ਨਹੀਂ ਹੈ ਕਿ ਪਿੱਛੇ ਮੋਢਾ ਕਰਕੇ ਦੇਖ ਲਈਏ। ਕਹਿੰਦੇ, ਅੱਗੇ ਨੂੰ ਵੱਧ ਤੇ ਹੱਲੇ ਵਾਂਗਣ ਕਰ, ਜਿਵੇਂ ਹਮਲਾ ਕੀਤਾ ਜਾਂਦੈ ਇਸ ਤਰ੍ਹਾਂ ਚੱਲ, ਤਾਂ, ਤਾਂ ਤੂੰ ਕਿਸੇ ਕਿਨਾਰੇ ਲੱਗ ਜਾਏਂਗਾ। ਨਹੀਂ ਇਹ ਮਾਇਆ ਮੋਹਣੀ ਨੇ ਤੈਨੂੰ ਦੱਬ ਲੈਣੈ। ਭੁੱਲ ਜਾਣੈ ਪ੍ਰਮੇਸ਼ਰ ਨੂੰ, ਤੈਨੂੰ ਭੁਲਾਉਣ ਵਾਲੀਆਂ ਬੇਅੰਤ ਚੀਜ਼ਾਂ ਨੇ। ਸੋ ਮਹਾਰਾਜ ਕਹਿੰਦੇ, ਆਇਆ ਤਾਂ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਤੇ ਜੁਗ ਵੀ ਬਹੁਤ ਬੀਤ ਗਏ। ਸਮਾਂ ਬੇਅੰਤ ਲੰਘ ਗਿਆ, ਤਜਰਬਾ ਦੁੱਖਾਂ ਦਾ ਬੜਾ ਕਰ ਲਿਆ, 83 ਲੱਖ 99 ਹਜ਼ਾਰ 999 ਜੂਨਾਂ 'ਚੋਂ ਹੋ ਕੇ ਮਨੁੱਖ ਦੇਹੀ ਪ੍ਰਾਪਤ ਹੋਈ ਹੈ -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - 176***

ਸੋਚੋ ਕਦੇ ਕਿ ਐਹੋ ਜਿਹੇ ਅਸੀਂ ਸੀ? ਚੂਹੇ ਬਣ ਕੇ ਵੀ ਕਦੇ ਨੱਠੇ ਫਿਰਦੇ ਸੀ ਖੇਤਾਂ 'ਚ। ਕਦੇ ਸੱਪ ਬਣ ਕੇ ਵੀ ਤੁਰੇ ਫਿਰਦੇ ਸੀ। ਕਦੇ ਖਰਗੋਸ਼ ਬਣ ਕੇ ਲੁਕਦੇ ਫਿਰਦੇ ਸੀ। ਕਦੇ ਕੁੱਤੇ ਬਣ ਕੇ ਉਨ੍ਹਾਂ ਦੇ ਮਗਰ ਦੌੜਦੇ ਸੀ। ਬੜਾ ਜ਼ਿੰਦਗੀ ਦਾ ਤਜਰਬਾ ਹੈ। ਕਹਿੰਦੇ, ਅਸੀਂ ਤਾਂ ਨਹੀਂ ਮੰਨਦੇ। ਸਾਨੂੰ ਸਬੂਤ ਚਾਹੀਦੇ ਨੇ ਕਿ ਸੱਚੀਂ ਇਸ ਤਰ੍ਹਾਂ ਹੋ ਜਾਂਦੈ? ਮਹਾਰਾਜ ਕਹਿੰਦੇ, ਸਬੂਤ ਚਾਹੀਦੇ ਨੇ ਤਾਂ ਸਬੂਤ ਤਾਂ ਮਿਲ ਜਾਂਦੇ ਨੇ। ਪਰ ਤੂੰ ਮੰਨਣਾ ਫੇਰ ਵੀ ਨਹੀਂ ਹੈ।

ਗੁਰੂ ਦਸ਼ਮੇਸ਼ ਪਿਤਾ ਪਾਸ ਇਕ ਰਿੱਛ ਆ ਜਾਂਦੈ। ਤਮਾਸ਼ਾ ਦਿਖਾਉਣ ਲਾ ਲਿਆ ਮਹਾਰਾਜ ਜੀ ਨੇ। ਮਹਾਰਾਜ ਜੀ ਜਾਣਦੇ ਸੀ ਸਾਰੀ ਗੱਲ। ਰਿੱਛ ਵਾਲੇ ਤਮਾਸ਼ਾ ਬੜਾ ਕਰਦੇ ਨੇ, ਉਹ ਜਿਉਂ-ਜਿਉਂ ਤਮਾਸ਼ੇ ਕਰਦੈ, ਸਾਰੇ ਹੀ ਬੜਾ ਹਸਦੇ ਨੇ। ਮਹਾਰਾਜ ਜੀ ਨੇ ਪਿੱਛੇ ਨੂੰ ਦੇਖਿਆ, ਚੌਰ ਬਰਦਾਰ ਕੀਰਤੀਆ ਖੜ੍ਹਾ ਸੀ। ਕਹਿੰਦੇ, ਕੀਰਤੀਆ ਤੂੰ ਨਾ ਹੱਸ। ਕਹਿੰਦਾ, ਸੱਚੇ ਪਾਤਸ਼ਾਹ! ਸਾਰੇ ਹੱਸਦੇ ਨੇ। ਮੈਨੂੰ ਕਿਉਂ ਨਹੀਂ ਹੱਸਣ ਦਿੰਦੇ? ਮਹਾਰਾਜ ਕਹਿੰਦੇ, ਤੇਰਾ ਬਾਪੂ ਹੈ ਇਹ, ਤਾਂ ਨਹੀਂ ਹੱਸਣ ਦਿੰਦੇ। ਚੌਰ ਰੱਖ ਦਿਤਾ ਮਹਾਰਾਜ ਦੇ ਚਰਨਾਂ 'ਤੇ ਆ ਕੇ। ਕਹਿੰਦਾ, ਸੱਚੇ ਪਾਤਸ਼ਾਹ! ਮੇਰੇ ਪਿਤਾ

ਨੇ ਸਾਰੀ ਜ਼ਿੰਦਗੀ ਗੁਰੂ ਨੌਵੇਂ ਪਾਤਸ਼ਾਹ ਦੀ ਚੌਰ ਬਰਦਾਰ ਦੀ ਸੇਵਾ ਕੀਤੀ ਹੈ ਤੇ ਉਹਨੂੰ ਫਲ ਕੀ ਮਿਲਿਐ, ਰਿੱਛ ਦੀ ਜੂਨੀ ਦਾ ਤੇ ਮੈਂ ਹੁਣ ਤੁਹਾਡੀ ਸੇਵਾ ਕਰ ਰਿਹਾ ਹਾਂ ਤੇ ਮੈਨੂੰ ਕਿਹੜਾ ਫਲ ਤੁਸੀਂ ਦੇਵੋਂਗੇ ਬਾਂਦਰ ਦੀ ਜੂਨੀ ਦਾ? ਆਹ ਚੁੱਕੋ ਚੌਰ।

ਗੁਰੂ ਮਹਾਰਾਜ ਜੀ ਦੀ ਸਰੀਰਕ ਉਮਰ ਉਸ ਵੇਲੇ 10-11 ਸਾਲ ਦੀ ਸੀ। 10-11 ਸਾਲ ਦਾ ਬੱਚਾ ਹੀ ਹੁੰਦੈ। ਭਾਵੇਂ ਅਸੀਂ ਉਤੋਂ-ਉਤੋਂ ਕਹੀ ਜਾਈਏ ਕਿ ਗੁਰੂ ਨੇ, ਸਰੀਰ ਦੀ ਉਮਰ ਦੇਖ ਕੇ ਕਹਾਂਗੇ ਨਿਆਣੇ ਨੇ, ਅਜੇ ਬੱਚੇ ਹੀ ਨੇ। ਮਹਾਰਾਜ ਕਹਿੰਦੇ, ਕਿਉਂ ਨਰਾਜ਼ ਹੁੰਨੈ? ਤੈਨੂੰ ਪਛਤਾਉਣਾ ਪਏਗਾ ਬਾਅਦ ਵਿਚ।

ਮਹਾਰਾਜ ਨੇ ਕਿਹਾ, ਇਹ ਰਿੱਛ ਮੁੱਲ ਲੈ ਲਓ। ਮੁੱਲ ਉਤਾਰ ਦਿਤਾ ਗਿਆ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਗ ਲਿਆਓ।

ਦੇਗ ਲਿਆਂਦੀ ਤੇ ਮਹਾਰਾਜ ਜੀ ਨੇ ਭੋਗ ਲਾਇਆ, ਬਾਕੀ ਦਾ ਜਿਹੜਾ ਬਚਦਾ ਸੀ, ਸ਼ੀਤ ਪ੍ਰਸ਼ਾਦ, ਕਹਿੰਦੇ ਇਸ ਰਿੱਛ ਦੇ ਅੱਗੇ ਰੱਖ ਦਿਓ। ਉਹ ਰਿੱਛ ਦੇ ਅੱਗੇ ਰੱਖ ਦਿਤਾ, ਰਿੱਛ ਖਾਂਦੇ ਸਾਰ ਗਿਰ ਗਿਆ। ਉਹਦੇ ਸਰੀਰ ਦੇ ਵਿਚੋਂ ਦਿਬ ਦੇਹ ਪ੍ਰਕਾਸ਼ ਵਾਲੀ ਨਿਕਲਣੀ ਸ਼ੁਰੂ ਹੋ ਗਈ ਤੇ ਬਾਰ-ਬਾਰ ਮਹਾਰਾਜ ਜੀ ਦੇ ਚਰਨਾਂ 'ਤੇ ਨਮਸ਼ਕਾਰਾਂ ਕਰਦੀ ਹੈ। ਸਾਰੇ ਦੇਖਦੇ ਨੇ, ਮਹਾਰਾਜ ਕਹਿੰਦੇ, ਕੀਰਤੀਆ! ਦੇਖ ਲੈ, ਆਪਣੇ ਬਾਪੂ ਨੂੰ ਪਛਾਣਦੈਂ? ਕਹਿੰਦਾ, ਹਾਂ ਸੱਚੇ ਪਾਤਸ਼ਾਹ! ਇਹ ਤਾਂ ਮੇਰਾ ਹੀ ਪਿਤਾ ਹੈ।

ਕਹਿੰਦੇ, ਪੁੱਛ ਲੈ ਇਸ ਤੋਂ ਹੀ।

ਪਿਤਾ ਕਹਿਣ ਲੱਗਿਆ, ਬੇਟਾ! ਮੈਂ ਗੁਰਸਿੱਖ ਦਾ ਨਿਰਾਦਰ ਕਰ ਦਿਤਾ ਸੀ। ਮੈਂ ਉਹਨੂੰ ਪ੍ਰਸ਼ਾਦ ਦੇਣ ਦੀ ਥਾਂ 'ਤੇ ਤਿੰਨ ਵਾਰੀ ਕਿਹਾ ਕਿ ਤੂੰ ਤਾਂ ਰਿੱਛ ਹੈਂ। ਓ ਰਿੱਛਾ! ਓਧਰ ਹੱਟ, ਕਿਉਂ ਰਿੱਛ ਵਾਂਗੂੰ ਟਪਦੈਂ। ਮੇਰੀ ਸੇਵਾ ਥਾਂ ਨਾ ਪਈ ਕਿਉਂਕਿ ਮੇਰੇ ਅੰਦਰ ਅਭਿਮਾਨ ਸੀਗਾ ਕਿ ਮੈਂ ਗੁਰੂ ਦੇ ਬਹੁਤ ਨੇੜੇ ਹਾਂ। ਮੈਨੂੰ ਕੀ ਕਰਨ ਦੀ ਲੋੜ ਹੈ। ਉਹ ਕੁਦਰਤੀ ਮੇਰੇ ਅੰਦਰ ਹੌਲੀ-ਹੌਲੀ ਐਨਾ ਮਾਣ ਚਲਿਆ ਗਿਆ ਕਿ ਮੈਂ ਆਦਰ ਕਰਨ ਤੋਂ ਹਟ ਗਿਆ ਗੁਰਸਿੱਖਾਂ ਦਾ। ਆਪਣੇ ਆਪ ਨੂੰ ਬਣ ਗਿਆ ਕਿ ਮੈਂ ਤਾਂ ਨੇੜੇ ਰਹਿਨਾਂ ਗੁਰੂ ਦੇ ਹਰ ਵਕਤ। ਮੇਰੇ ਨਾਲ ਦਾ ਕਿਹੜਾ ਹੈ, ਕਹਿਣ ਲੱਗਿਆ ਉਸ ਅਭਿਮਾਨ ਨੇ ਮੈਨੂੰ ਮਾਰ ਲਿਆ ਤੇ ਮੇਰੇ ਮੁੱਖ 'ਚੋਂ ਕੌੜੇ ਬਚਨ ਕਢਾ ਦਿਤੇ। ਗੁਰਸਿੱਖ ਪੂਰਨ ਸੀ। ਉਹਨੇ ਕਿਹਾ, ਭਾਈ ਗੁਰਮੁਖਾ! ਗੁਰੂ ਦਾ ਚੌਰ ਬਰਦਾਰ ਹੋ ਕੇ ਤੈਨੂੰ ਮਿੱਠਾ ਬੋਲਣਾ ਨਹੀਂ ਆਇਆ। ਐਨਾ ਕੌੜਾ ਬੋਲਦੈ। ਰਿੱਛ ਮੈਂ ਨਹੀਂ ਬਣਨਾਂ, ਤੂੰ ਬਣਨੈਂ।

ਦਿੱਬ ਦੇਹ ਪ੍ਰਾਪਤ ਹੋ ਗਈ, ਪਾਪ ਕੱਟੇ ਗਏ। ਲੇਕਿਨ ਬਣਿਆ ਕੀ ਰਿੱਛ। ਉਹ ਗੁਰੂ ਸਾਹਿਬ ਦੇ ਕੋਲ ਰਹਿੰਦਾ ਰਿੱਛ ਬਣ ਗਿਆ।

ਇਕ ਹੋਰ ਸਾਖੀ ਹੈ ਮਹਾਰਾਜ ਜੀ ਮਾਲਵੇ 'ਚ ਜਾਂਦੇ ਨੇ। ਉਥੇ ਕਾਂ

ਦਾ ਬੱਚਾ ਮਰਵਾਇਆ ਆਲ੍ਹਣੇ 'ਚੋਂ ਚੁੱਕ ਕੇ। ਦਿੱਬ ਦੇਹ ਪ੍ਰਕਾਸ਼ ਹੋ ਗਈ, ਪੁੱਛਿਆ ਕੌਣ ਹੈਂ?

ਕਹਿੰਦਾ, ਮੈਂ ਵੀ ਗੁਰਸਿੱਖ ਹਾਂ, ਮੈਂ ਵੀ ਫਿੱਕਾ ਬੋਲਿਆ ਸੀ। ਮੈਂ ਵੀ ਗੁਰੂ ਦੇ ਸਿੱਖ ਨੂੰ ਕਿਹਾ ਸੀ ਕਿਉਂ ਕਾਂ ਵਾਂਗਣ ਕਾਂ-ਕਾਂ ਕਰੀਂ ਜਾਨੈਂ ਤੇ ਮੈਨੂੰ ਵੀ ਸੇਵਾ ਦਾ ਅਭਿਮਾਨ ਹੋ ਗਿਆ ਸੀ ਤੇ ਉਹਦਾ ਨਤੀਜਾ ਕੀ ਹੋਇਆ, ਮੈਂ ਕਾਉਂ ਬਣ ਗਿਆ। ਇਸ ਤਰ੍ਹਾਂ ਦੇ ਨਾਲ ਕਿਤੇ ਮਹਾਰਾਜ ਜੀ ਸਾਹਾ ਮਾਰਦੇ ਨੇ। ਕਿਤੇ ਘੋਗੜ ਦਾ ਸਤਿਕਾਰ ਕਰਦੇ ਨੇ, ਕਿਤੇ ਸ਼ੇਰ ਦਾ ਕਰਦੇ ਨੇ। ਪਾਉਂਟਾ ਸਾਹਿਬ ਸ਼ੇਰ ਦਾ ਸ਼ਿਕਾਰ ਕਰਿਆ। ਬਹੁਤ ਵੱਡੀ ਡੀਲ ਡੌਲ ਦਾ ਸ਼ੇਰ, ਆਦਮਖੋਰ ਹੋ ਚੁੱਕਿਆ ਸੀ। ਬਹੁਤ ਦੁਨੀਆਂ ਡਰਦੀ ਸੀ, ਸਾਰੇ ਰਾਜੇ ਦੂਰੋਂ ਹੀ ਦੇਖਦੇ ਸੀ ਕਿ ਇਹ ਤਾਂ ਬਹੁਤ ਬਲਵਾਨ ਸ਼ੇਰ ਹੈ। ਗੁਰੂ ਮਹਾਰਾਜ ਨੇ ਆਪਣੇ ਹੱਥ ਨਾਲ ਉਹਦਾ ਉਧਾਰ ਕਰਿਆ। ਜਦੋਂ ਉਸ ਦੀ ਦਿੱਬ ਦੇ ਪ੍ਰਕਾਸ਼ ਹੋਈ, ਰਾਜੇ ਆ ਗਏ। ਕਹਿਣ ਲੱਗੇ, ਮਹਾਰਾਜ! ਕੌਣ ਹੈ ਇਹ?

ਮਹਾਰਾਜ ਨੇ ਕਿਹਾ, "ਪੁੱਛ ਲਓ।"

ਪੁੱਛਿਆ ਕਿ ਭਾਈ! ਤੂੰ ਹੁਣ ਤੱਕ ਤਾਂ ਸ਼ੇਰ ਸੀ, ਹੁਣ ਮਨੁੱਖਾਂ ਵਰਗਾ ਸਰੀਰ ਤੇਰਾ ਹੋ ਗਿਆ, ਤੂੰ ਕੌਣ ਹੈ?

ਕਹਿਣ ਲੱਗਿਆ, ਪਿਆਰਿਓ! ਮੈਂ ਜੈਦਰਥ ਹਾਂ, ਮਹਾਂਭਾਰਤ ਦੇ ਯੁੱਧ ਵਿਚ ਪਿੱਠ ਦੇ ਕੇ ਨੱਠਿਆ ਸੀ। ਉਸ ਵੇਲੇ ਤੋਂ ਮੈਂ ਘਟੀਆ ਜੂਨਾਂ ਦੇ ਵਿਚ ਪੈਂਦਾ ਹੋਇਆ, ਹੁਣ ਸ਼ੇਰ ਦੀ ਜੂਨੀ 'ਚ ਸੀ, ਪੰਜ ਹਜ਼ਾਰ ਸਾਲ ਤੋਂ ਮੈਂ ਦੁਖੀ ਹੁੰਦਾ ਫਿਰਦਾਂ, ਇਹ ਤਾਂ ਆਪ ਪ੍ਰਮੇਸ਼ਰ ਰੂਪ ਨੇ ਜਿਨ੍ਹਾਂ ਨੇ ਆ ਕੇ ਮੇਰਾ ਉਧਾਰ ਕਰਿਆ। ਇਸੇ ਤਰ੍ਹਾਂ ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ ਪਰ ਅਸੀਂ ਨਹੀਂ ਮੰਨਦੇ। ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਅਸੀਂ ਸੰਸਾਰ ਤੋਂ ਚਲੇ ਜਾਣੈ। ਮਹਾਰਾਜ ਜੀ ਯਾਦ ਕਰਾਉਂਦੇ ਨੇ-

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***

***ਅੰਗ- 1381***

ਕਿੱਥੇ ਗਏ ਜਿਨ੍ਹਾਂ ਦੀਆਂ ਉਂਗਲੀਆਂ ਫੜ ਕੇ ਤੁਰਿਆ ਫਿਰਦਾ ਸੀ। ਤੈਨੂੰ ਵਿਸ਼ਵਾਸ਼ ਹੀ ਨਹੀਂ ਆਇਆ ਕਿ ਮੈਂ ਵੀ ਚਲੇ ਜਾਣੈ -

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥***

***ਅੰਗ- 1378***

ਦਾੜ੍ਹੀ ਦੇ ਅੰਦਰ ਸਫੈਦ ਬਾਲਾਂ ਨੇ ਸੁਨੇਹਾ ਦੇ ਦਿਤਾ ਕੰਨ ਕੋਲ ਆ ਕੇ ਕਿ ਪਿਆਰਿਆ! ਅਜੇ ਤੱਕ ਤੂੰ ਕੱਖ ਨਹੀਂ ਕਰਿਆ, ਤੂੰ ਕਿਹੜੇ ਵਹਿਣਾ 'ਚ ਪੈ ਗਿਆ, ਤੂੰ ਤਾਂ ਆਇਆ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ,

ਪਰ ਅਸਾਨੂੰ ਅਕਾਲ ਪੁਰਖ ਨੇ ਭੇਜਿਐ ਕਿ ਤੈਨੂੰ ਅਸੀਂ ਸੁਨੇਹਾ ਦੇ ਦੇਈਏ–

*ਧਾਰਨਾ – ਤੇਰੇ ਅੱਗਾ ਨੇੜੇ ਆਇਆ,*
*ਪਿੱਛਾ ਦੂਰ ਰਹਿ ਗਿਆ।*

ਦੇਖ ਕੇ ਸ਼ੀਸ਼ੇ 'ਚ ਘਬਰਾ ਗਿਆ ਕਿ ਮੈਂ ਤਾਂ ਦੇਖੇ ਹੀ ਨਹੀਂ ਚਿੱਟੇ ਆ ਗਏ। ਉਹ ਸੁਨੇਹਾ ਦਿੰਦੇ ਨੇ ਕਿ ਤੇਰੀ ਉਮਰ ਦਾ ਹੁਣ ਪਿਛਲਾ ਪਾਸਾ ਆ ਗਿਆ, ਪਹਿਲਾ ਲੰਘ ਗਿਆ, ਪਿੱਛਾ ਦੂਰ ਰਹਿ ਗਿਆ, ਜਦੋਂ ਤੂੰ ਛੋਟਾ ਸੀ, ਪੜ੍ਹਦਾ ਸੀ, ਲਿਖਦਾ ਸੀ, ਜੁਆਨ ਸੀ, ਛਾਲਾਂ ਮਾਰਦਾ ਫਿਰਦਾ ਸੀ, ਹੁਣ ਕੰਮ ਕਰ ਲੈ ਜਿਹੜਾ ਬਕਾਇਆ ਰਹਿੰਦੈ। ਕਹਿੰਦਾ, ਮੈਂ ਤਾਂ ਨਹੀਂ ਮੰਨਦਾ, ਮੇਰੇ ਕੰਨ ਕੋਲ ਚਿੱਟੇ ਵਾਲ ਆਉਣ ਨਾਲ ਮੈਨੂੰ ਸੁਨੇਹਾ ਮਿਲ ਗਿਆ, ਮੈਂ ਤੇਰਾ ਸੁਨੇਹਾ ਰੱਦ ਕਰਦਾਂ, ਬਜ਼ਾਰ 'ਚ ਜਾ ਕੇ ਕਾਲਾ ਰੰਗ ਲਿਆ, ਉਹ ਹੋਰ ਆ ਗਏ, ਹੋਰ ਲਾ ਲਿਆ। ਸਿਰ ਵੀ ਭਰ ਲਿਆ, ਦਾੜ੍ਹੀ ਵੀ ਭਰ ਲਈ। ਕਹਿੰਦੇ ਇਸ ਤਰ੍ਹਾਂ ਨਹੀਂ ਬਣਨਾ ਕੁਛ। ਕਬੂਤਰ ਜੇ ਅੱਖਾਂ ਮੀਚ ਲਵੇ ਬਿੱਲੀ ਨੇ ਤਾਂ ਆ ਕੇ ਫੜ ਹੀ ਲੈਣੈ। ਕਾਲ ਨੂੰ ਨਹੀਂ ਰੋਕ ਸਕਦਾ, ਕਿਉਂ ਧੋਖਾ ਦਿੰਨੈ ਆਪਣੇ ਆਪ ਨੂੰ ਤੇ ਕਿਉਂ ਤੂੰ ਗਲਤੀ ਕਰਦੈ, ਤੂੰ ਮੰਨ ਜਾ ਇਸ ਚੀਜ਼ ਨੂੰ ਕਿ ਜਿਹੜਾ ਕੰਮ ਮੈਂ ਕਰਨੈ, ਹੁਣੇ ਕਰ ਲਵਾਂ, ਚਲੋ ਪਿਛਲਾ ਤਾਂ ਜਿਹੜਾ ਸੀਗਾ ਉਹ ਰਹਿ ਗਿਆ–ਰਹਿ ਗਿਆ। ਹੁਣ ਵਾਰਨਿੰਗ ਮਿਲੀ ਹੈ, ਹੁਣ ਮੈਂ ਸ਼ੁਰੂ ਕਰ ਲਵਾਂ ਪਰ ਇਹ ਬੰਦਾ ਕਰਦਾ ਨਹੀਂ। ਮਹਾਰਾਜ ਕਹਿੰਦੇ, ਨਹੀਂ ਸਮਝਦਾ। ਇਹਦੇ ਅੰਦਰ ਖਿੱਚ ਨਹੀਂ ਪੈਂਦੀ, ਖੋਹ ਨਹੀਂ ਪੈਂਦੀ। ਹੌਲ ਨਹੀਂ ਪੈਂਦਾ ਕਿ ਮੈਂ ਮੇਰੀ ਤਾਂ ਉਮਰ ਲੰਘ ਗਈ, ਬਾਕੀ ਨਾ ਰਿਹਾ ਕੁਛ ਵੀ। ਮੈਨੂੰ ਤਾਂ ਅਜੇ ਕੁਛ ਵੀ ਨਹੀਂ ਮਿਲਿਆ। ਜਿੰਨਾਂ ਕੁ ਮੈਨੂੰ ਕੁਛ ਮਿਲਿਐ ਉਹ ਤਾਂ ਕੋਈ ਗੱਲ ਹੀ ਨਹੀਂ ਹੈ ਉਹ ਤਾਂ ਐਲੀਮੈਂਟਰੀ ਚੀਜ਼ ਹੈ, ਪਹਿਲੀ, ਦੂਜੀ ਦੀ ਜਾਣਕਾਰੀ ਹੈ। ਜੇ ਮੈਂ ਬੁੱਧੀਮੰਡਲ 'ਚ ਆ ਕੇ ਜਾਣ ਵੀ ਗਿਆ ਗੱਲਾਂ, ਤਾਂ ਵੀ ਮੇਰਾ ਕੁਛ ਨਹੀਂ ਬਣਿਆ ਕਿਉਂਕਿ ਅਜੇ ਤਾਂ ਗੱਲ ਬਣੀ ਨਹੀਂ ਕੋਈ। ਮਹਾਰਾਜ ਕਹਿੰਦੇ, ਇਸ ਚੀਜ਼ ਨੂੰ ਆਦਮੀ ਕਿਉਂ ਭੁੱਲਦੈ। ਉਹ ਇਸ ਕਰਕੇ ਭੁੱਲਦੈ ਕਿ ਵਾਹਿਗੁਰੂ ਨੇ ਜੋ ਰਚਨਾ ਰਚੀ ਹੈ, ਆਪ ਤਾਂ ਨਿਰਗੁਣ ਸਰੂਪ ਹੋਣ ਕਰਕੇ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ –

*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥*

*ਜਾਪੁ ਸਾਹਿਬ*

ਇਨ੍ਹਾਂ ਚੀਜ਼ਾਂ ਤੋਂ ਨਿਆਰਾ ਹੋ ਕੇ ਇਥੇ ਪਰੀਪੂਰਨ ਹੈ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਆਪ ਹੀ ਉਹਨੇ ਮਾਇਆ ਦਾ ਪਸਾਰਾ ਕਰਕੇ, ਆਪ ਹੀ ਛੁਪ ਗਿਆ ਇਹਦੇ ਉਹਲੇ। ਕੰਮ ਆਪ ਕਰਦੈ, ਬੋਲਦਾ ਆਪ ਹੈ, ਦੇਖਦਾ

ਆਪ ਹੈ, ਸੁਣਦਾ ਆਪ ਹੈ ਜੜ੍ਹ ਮਿੱਟੀ ਨੇ ਕੀ ਸੁਣਨਾ ਹੈ। ਮਿੱਟੀ ਸੁਣਦੀ ਹੈ ਕਦੇ ਗੱਲ, ਪਾਣੀ ਸੁਣਦੈ? ਇਕੱਠੇ ਕਰ ਲਓ ਪੰਜੇ ਤੱਤ, ਆਕਾਸ਼ ਤਾਂ ਭਲਾ ਹੈਗਾ ਹੀ। ਕੋਲ ਹੀ ਪਾਣੀ ਰੱਖ ਲਓ, ਕੋਲ ਹੀ ਅੱਗ ਰੱਖ ਲਓ, ਕੋਲ ਮਿੱਟੀ ਰੱਖ ਲਓ। ਹਵਾ ਤਾਂ ਹੈ ਹੀ। ਕੋਈ ਢੰਗ ਸੋਚ ਲਓ ਕਿ ਇਨ੍ਹਾਂ ਨੂੰ ਇਕੱਠੇ ਕਰ ਦੇਣੈ। ਪੰਜਾਂ ਨੂੰ ਰਲਾ ਦੇਣੈ, ਹੁਣ ਫੇਰ ਦੇਖੋ ਕਿ ਸੁਣਦੇ ਨੇ ਇਹ, ਤੁਰਦੇ ਨੇ? ਕੋਈ ਜਾਨ ਹੈ, ਹਰਕਤ ਹੈ ਇਨ੍ਹਾਂ 'ਚ। ਕੁਛ ਵੀ ਨਹੀਂ ਹੈ। ਹਰਕਤ ਕਿਹੜੀ ਚੀਜ਼ ਦੀ ਹੈ, ਪ੍ਰਮੇਸ਼ਰ ਦੀ ਜਿਹੜੀ ਜੋਤ ਹੈ ਉਹਦੀ ਹੈ।

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ ॥***
***ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥***

***ਅੰਗ - 921***

ਅਸਲੀ ਚੀਜ਼ ਫੇਰ ਜੋਤ ਹੋਈ। ਅਸਲੀ ਚੀਜ਼ ਇਹ ਸਰੀਰ ਨਾ ਹੋਇਆ। ਐਨਾ ਭੁੱਲਿਆ ਰਹਿੰਦੈ ਬੰਦਾ। ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨ ਕੇ ਇਹਨੂੰ ਸ਼ਿੰਗਾਰਦੈ, ਇਹਨੂੰ ਹੀ ਸਭ ਕੁਛ ਕਹਿੰਦੈ। ਇਹਨੂੰ ਹੀ ਮੈਂ ਕਹਿੰਦੈ। ਅਸਲੀਅਤ ਦਾ ਤਾਂ ਇਹਨੂੰ ਪਤਾ ਹੀ ਨਹੀਂ ਲਗਦਾ। ਮੰਨਦਾ ਹੀ ਨਹੀਂ। ਕਿਉਂ ਨਹੀਂ ਮੰਨਦਾ। ਇਕ ਠਗਮੂਰੀ ਬੂਟੀ ਹੁੰਦੀ ਐ। ਠੱਗਾਂ ਕੋਲ ਹੁੰਦੀ ਸੀ ਪਹਿਲੇ ਜ਼ਮਾਨਿਆਂ 'ਚ। ਹੁਣ ਵੀ ਹੈਗੀ। ਹੱਥ ਦੇ ਉਤੇ ਮਲ ਲੈਂਦੇ ਸੀ ਉਹ ਹਥੇਲੀ 'ਤੇ। ਕਲੋਰੋਫਾਰਮ ਵਰਗਾ ਅਸਰ ਹੁੰਦੈ ਉਹਦਾ। ਉਹ ਤੁਰੇ ਜਾਂਦੇ ਰਾਹੀ ਦੇ ਦੋ ਕੁ ਵਾਰੀ ਨੱਕ ਦੇ ਕੋਲ ਦੀ ਲੰਘਾ ਦੇਣੀ, ਐਸਾ ਕੁਛ ਪੁੱਛ ਕੇ ਕਿ ਆਹ ਰਸਤਾ ਕਿੱਧਰ ਨੂੰ ਜਾਂਦੈ, ਕਿਹੜਾ ਪਿੰਡ ਹੈ ਤੇਰਾ। ਨੱਕ ਦੇ ਕੋਲ ਦੀ ਲੰਘਾ ਕੇ ਉਹ ਅੱਧ ਬੇਹੋਸ਼ ਹੋ ਜਾਂਦਾ ਸੀ। ਪੂਰੀ ਤਰ੍ਹਾਂ ਗਿਰਦਾ ਵੀ ਨਹੀਂ ਸੀਗਾ ਤੇ ਅੱਧਾ ਬੇਹੋਸ਼ ਹੋ ਕੇ ਆਪਣੇ ਆਪ ਦਾ ਧਿਆਨ ਜਾਂਦਾ ਰਹਿੰਦਾ ਸੀ, ਉਹ ਉਹਦੇ ਗਹਿਣੇ ਵੀ ਲਾਹ ਲੈਂਦੇ ਸੀ। ਦੇਖੀ ਵੀ ਜਾਂਦਾ ਸੀ ਕਿ ਮੇਰੀ ਜੇਬ 'ਚੋਂ ਪੈਸੇ ਕੱਢ ਲਏ ਨੇ। ਲੇਕਿਨ ਹੋਸ਼ ਗੁਆ ਚੁੱਕਿਆ ਹੁੰਦੈ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦੈ ਕਿ ਪ੍ਰਮੇਸ਼ਰ ਨੇ ਠਗਮੂਰੀ ਵੱਟੀ ਜਿਹੜੀ ਹੈ ਇਨ੍ਹਾਂ ਜੀਵਾਂ ਨੂੰ ਸੁੰਘਾ ਦਿਤੀ। ਉਹਨੂੰ ਮਾਇਆ ਕਹਿੰਦੇ ਨੇ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***

***ਅੰਗ - 463***

ਇਥੇ ਦੂਜਾ ਤਾਂ ਹੈ ਹੀ ਨਹੀਂ ਸੀ ਪ੍ਰਮੇਸ਼ਰ ਨੇ ਨਾਮ ਸ਼ਕਤੀ ਪੈਦਾ ਕਰ ਦਿਤੀ -

***ਪ੍ਰਥਮ ਓਅੰਕਾਰ ਤਿਨ ਕਹਾ, ਸੋ ਧੁਨ ਪੂਰ ਜਗਤ ਮੋਹ ਰਹਾ।***

***(ਪਾ: 10)***

***ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

***ਅੰਗ - 463***

ਦੂਜਾ ਕੀ ਕਰ ਦਿਤਾ, ਮਾਇਆ ਦੀ ਰਚਨਾ ਰਚ ਦਿਤੀ। ਜਿਸਨੂੰ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਆਪਣੀ ਮਾਇਆ ਆਪ ਪਸਾਰੀ,*
*ਆਪੇ ਖੇਲ੍ਹ ਦੇਖਦਾ।*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ- 537*

ਆਪਣੀ ਮਾਇਆ ਦਾ ਪਸਾਰਾ ਆਪੇ ਹੀ ਕਰ ਦਿਤਾ, ਆਪੇ ਹੀ ਉਹਨੂੰ ਦੇਖਣ ਲੱਗ ਗਿਆ। ਬਾਹਰ ਨਹੀਂ ਕਿਤੇ ਬੈਠਾ ਕਿ ਪਸਾਰਾ ਕਰਕੇ ਕਿਤੇ ਦੂਰ ਕੋਨੇ 'ਚ ਜਾ ਕੇ ਬਹਿ ਗਿਆ, ਨਹੀਂ ਮਹਾਰਾਜ ਕਹਿੰਦੇ ਵਿਚ ਰਮਿਆ ਹੋਇਐ। ਹਰੇਕ ਚੀਜ਼ ਦੇ ਵਿਚ ਹੈ ਕਿਉਂਕਿ ਉਹ ਕਿਸੇ ਪਾਸੇ ਹੋ ਹੀ ਨਹੀਂ ਸਕਦਾ ਵਾਹਿਗੁਰੂ। ਵਾਹਿਗੁਰੂ ਨੂੰ ਕਹਿ ਕੇ ਦੇਖ ਲਓ।

ਜਿਸ ਵਕਤ ਨਾਮ ਦੇਵ ਦੇ ਛੱਪਰ ਨੂੰ ਅੱਗ ਲੱਗੀ, ਉਹ ਆ ਕੇ ਚੀਜ਼ਾਂ ਵਿਚ ਸੁੱਟਣ ਲੱਗ ਗਿਆ। ਲੋਕਾਂ ਨੇ ਕੱਢੀਆਂ ਸੀ ਬੜੀ ਮੁਸ਼ਕਲ ਦੇ ਨਾਲ। ਇਕੋ ਹੀ ਗੱਲ ਕਹੇ ਕਿ ਪ੍ਰਭੂ ਆਹ ਵੀ ਛਕ ਲਓ-ਆਹ ਵੀ ਛਕ ਲਓ। ਦਰਸ਼ਨ ਹੋ ਗਏ ਪ੍ਰਮੇਸ਼ਰ ਦੇ। ਕਿਉਂਕਿ ਨਾਮਦੇਵ ਜੀ ਨੂੰ 72 ਵਾਰੀ ਦਰਸ਼ਨ ਹੋਏ ਸੀ। ਅੱਗ ਤਾਂ ਨਜ਼ਰ ਨਹੀਂ ਆਉਂਦੀ, ਪ੍ਰਮੇਸ਼ਰ ਹੀ ਨਜ਼ਰ ਆਉਣ ਲੱਗ ਗਿਆ। ਜਦੋਂ ਸਾਮਾਨ ਸੁੱਟਦੈ, ਲੋਕਾਂ ਨੂੰ ਅੱਗ ਦਿਸਦੀ ਹੈ, ਇਹਨੂੰ ਪ੍ਰਮੇਸ਼ਰ ਦਿਸੀ ਜਾਂਦੈ, ਚੁੱਕ-ਚੁੱਕ ਫੜਾਈ ਜਾਂਦੈ ਕਿ ਇਹ ਵੀ ਖਾ ਲਓ, ਆਹ ਵੀ ਖਾ ਲਓ। ਅੱਜ ਤਾਂ ਤੁਸੀਂ ਰੂਪ ਹੀ ਬੜਾ ਨਿਆਰਾ ਬਣਾਇਐ। ਪ੍ਰਮੇਸ਼ਰ ਕਹਿਣ ਲੱਗੇ, ਨਾਮਦੇਵ! ਤੂੰ ਮੈਨੂੰ ਅੱਗ 'ਚ ਵੀ ਦੇਖ ਲਿਆ? ਕਹਿੰਦੇ, ਸੱਚੇ ਪਾਤਸ਼ਾਹ! ਮੈਂ ਕੀ ਦੇਖਣਾ ਸੀ, ਤੁਸੀਂ ਕਿਸੇ ਚੀਜ਼ 'ਚੋਂ ਨਿਕਲ ਕੇ ਦਿਖਾਓ, ਮੈਂ ਤਾਂ ਇਹ ਜਾਣਿਐ ਕਿ ਤੁਸੀਂ ਨਿਕਲ ਹੀ ਨਹੀਂ ਸਕਦੇ। ਨਾ ਅੱਗ 'ਚੋਂ ਨਿਕਲ ਸਕਦੇ ਓ, ਨਾ ਪਾਣੀ 'ਚੋਂ ਬਾਹਰ ਜਾ ਸਕਦੇ ਓਂ, ਨਾ ਹਵਾ 'ਚੋਂ ਜਾ ਸਕਦੇ ਹੋਂ, ਨਾ ਲੋਕਾਂ 'ਚੋਂ ਜਾ ਸਕਦੇ ਹੋਂ, ਤੁਸੀਂ ਜਾ ਹੀ ਨਹੀਂ ਸਕਦੇ, ਨਿਕਲ ਕੇ ਦਿਖਾਓ ਅੱਗ 'ਚੋਂ? ਜਦੋਂ ਤੁਸੀਂ ਨਿਕਲ ਹੀ ਨਹੀਂ ਸਕਦੇ, ਫੇਰ ਤੁਹਾਨੂੰ ਹੀ ਦੇਖਣਾ ਸੀ। ਮੈਂ ਅੱਗ ਦਾ ਕੀ ਕਰਨਾ ਸੀ। ਪ੍ਰਮੇਸ਼ਰ ਪ੍ਰੀਪੂਰਨ ਹੋ ਕੇ ਨਿਆਰਾ ਹੋ ਕੇ ਦੇਖ ਰਿਹੈ। ਦਿਸਦਾ ਤਾਂ ਹੈ ਨਹੀਂ। ਲੇਕਿਨ ਹੈਗਾ ਵਿਚੇ ਹੀ। ਫੇਰ ਆਪਾਂ ਨੂੰ ਪਤਾ ਲੱਗੇ ਕਿ ਇਹ ਤਾਂ ਗੱਲ ਸਮਝ 'ਚ ਨਹੀਂ ਆਉਂਦੀ ਸਾਡੇ ਕਿ ਹੋਵੇ ਵਿਚ ਤੇ ਅਸਰ ਉਹਦੇ 'ਤੇ ਕੋਈ ਨਾ ਹੋਵੇ। ਜਿਹੜੇ ਲੋਕ ਸਿਨਮਾਂ ਦੇਖਦੇ ਹੁੰਦੇ, ਹੁਣ ਵੀ ਟੈਲੀਵੀਜ਼ਨ ਦੇ ਵਿਚ ਦੇਖਦੇ ਨੇ, ਉਹਦੇ ਵਿਚ ਕੱਪੜਾ ਤਾਣਿਆ ਹੁੰਦਾ ਸੀ ਸਿਨਮੇ 'ਚ ਬੜਾ ਵੱਡਾ। ਉਹਨੂੰ ਪੜਦਾ ਕਹਿੰਦੇ ਸੀ, ਉਹਦੇ ਉਤੇ ਖੇਲ੍ਹ ਹੋਈ ਜਾਂਦੀ ਸੀ। ਰੇਲਾਂ ਵੀ ਉਹਦੇ ਉਤੇ ਚਲਦੀਆਂ ਸੀ, ਸਮੁੰਦਰ ਵੀ ਉਤੇ ਹੀ ਛੱਲਾਂ ਮਾਰਦਾ ਸੀ, ਭਾਂਬੜ ਵੀ ਅੱਗ ਦੇ ਉਹਦੇ ਉਤੇ ਹੀ ਜਲਦੇ ਸੀ। ਹੁੰਦਾ ਸਭ ਕੁਛ ਸੀ ਉਹਦੇ ਉਤੇ ਪਰ ਪੜਦੇ ਨੂੰ ਹੱਥ ਲਾ ਕੇ ਦੇਖੋ ਨਾ ਗਰਮ ਹੁੰਦਾ ਸੀ, ਨਾ ਠੰਢਾ ਹੁੰਦਾ ਸੀ। ਇਸੇ ਤਰ੍ਹਾਂ

ਪ੍ਰਮੇਸ਼ਰ ਦੇ ਵਿਚ ਸਭ ਕੁਛ ਹੋ ਰਿਹੈ ਲੇਕਿਨ ਉਹ ਨਿਰਲੇਪ ਰਹਿੰਦੈ, ਨਿਆਰਾ ਰਹਿੰਦੈ। ਉਹਦੇ 'ਤੇ ਕਿਸੇ ਚੀਜ਼ ਦਾ ਅਸਰ ਨਹੀਂ ਹੁੰਦਾ ਤੇ ਉਹ ਖੇਲ੍ਹ ਹੋ ਰਹੀ ਹੈ।

ਹੋਰ ਸਮਝਣ ਵਾਸਤੇ ਮਹਾਰਾਜ ਜੀ ਇਕ ਮਿਸਾਲ ਦਿਆ ਕਰਦੇ ਸੀ ਕਿ ਇਕ ਰਾਜੇ ਨੂੰ ਇਕ ਜਾਦੂਗਰ ਨੇ ਕਿਹਾ ਕਿ ਮਹਾਰਾਜ! ਮੈਂ ਤੁਹਾਨੂੰ ਕੋਈ ਖੇਲ੍ਹ ਦਿਖਾਉਣਾ ਚਾਹੁੰਦਾ ਹਾਂ। ਉਹ ਕਹਿਣ ਲੱਗੇ ਕਿ ਖੇਲ੍ਹ ਤਾਂ ਅਸੀਂ ਬਹੁਤ ਦੇਖੇ ਨੇ ਪਰ ਕੋਈ ਐਸਾ ਸਿੱਖਿਆਦਾਇਕ ਖੇਲ੍ਹ ਦਿਖਾਵੇਂ ਤਾਂ ਮੰਨੀਏ ਤੇ ਮੰਨੋਰੰਜਨ ਵੀ ਹੋਵੇ ਤੇ ਸਿੱਖਿਆਦਾਇਕ ਵੀ ਹੋਵੇ। ਕਹਿਣ ਲੱਗਿਆ, ਮਹਾਰਾਜ ਮੈਂ ਦੇਵਤਿਆਂ ਨਾਲ ਯੁੱਧ ਕਰਕੇ ਦਿਖਾਵਾਂਗਾ। ਪਰ ਮੇਰੀ ਇਸਤ੍ਰੀ ਹੈ ਮੇਰੇ ਨਾਲ, ਇਹ ਕਿਤੇ ਠਹਿਰ ਜਾਵੇ ਸੁਰਖਿਸ਼ਤ ਥਾਂ 'ਤੇ, ਪਤਾ ਨਹੀਂ ਯੁੱਧ 'ਚ ਗਿਆ ਹੋਇਆ ਬੰਦਾ ਮਾਰਿਆ ਵੀ ਜਾਂਦੈ।

ਰਾਜਾ ਕਹਿਣ ਲੱਗਿਆ, ਮੇਰੀ ਤਾਂ ਇਹ ਲੜਕੀ ਦੀ ਤਰ੍ਹਾਂ ਹੈ। ਆਪਣੀ ਲੜਕੀ ਦੇ ਮਹਿਲ ਦੇ ਵਿਚ ਮੈਂ ਇਹਨੂੰ ਭੇਜ ਦਿੰਦਾ ਹਾਂ, ਤੂੰ ਬੇਫਿਕਰ ਹੋ ਕੇ ਖੇਲ੍ਹ ਦਿਖਾ। ਕਹਿਣ ਲੱਗਿਆ, ਮੈਂ ਚੱਲਿਆ ਸਵਰਗ 'ਚ ਲੜਨ ਵਾਸਤੇ ਤੇ ਉਥੋਂ ਹੀ ਗਾਇਬ ਹੋ ਗਿਆ। ਆਵਾਜ਼ ਆਈ ਉਤੋਂ ਕਿ ਯੁੱਧ ਸ਼ੁਰੂ ਹੋ ਗਿਆ, ਖੜਕਾ ਸੁਣ ਰਿਹੈ, ਮਾਰ ਲਓ-ਮਾਰ ਲਓ। ਫੜ ਲਓ-ਫੜ ਲਓ ਦਾ ਯੁੱਧ ਹੁੰਦੈ ਤੇ ਕੀ ਦੇਖਦੇ ਨੇ ਅਸਮਾਨ ਵਿਚੋਂ ਸਿਰ ਦੇ ਉਤੇ ਤਾਜ ਹੈ, ਕੋਈ ਸਰੀਰ ਆਇਆ ਮਿਰਤਕ, ਅੰਗ ਕੱਟੇ ਹੋਏ ਨੇ ਜਿਸ ਵਕਤ ਆ ਕੇ ਧਰਤੀ 'ਤੇ ਲੱਗਿਆ, ਪਾਣੀ ਹੀ ਪਾਣੀ ਨਿਕਲ ਰਿਹੈ ਉਹਦੇ ਮੂੰਹ 'ਚੋਂ। ਕਹਿਣ ਲੱਗਿਆ, ਮਹਾਰਾਜ! ਮੈਂ ਵਰੁਣ ਦੇਵਤਾ ਮਾਰ ਕੇ ਭੇਜ ਦਿਤਾ। ਕਰੋ ਦਰਸ਼ਨ ਇਸਦੇ। ਸਾਰੇ ਹੈਰਾਨ ਹੋ ਰਹੇ ਨੇ, ਅਜੀਬ ਰੂਪ ਹੈ, ਅਜੀਬ ਹੀ ਉਹਦਾ ਤਾਜ ਹੈ। ਥੋੜ੍ਹੀ ਦੇਰ ਤੋਂ ਬਾਅਦ ਅਗਨ ਦੇਵਤਾ ਸੁੱਟ ਦਿਤਾ ਤੇ ਅੱਗ ਹੀ ਅੱਗ ਨਿਕਲਣ ਲੱਗ ਗਈ। ਕਹਿੰਦਾ ਮਹਾਰਾਜ! ਅਗਨ ਦੇਵਤਾ ਦੇ ਦਰਸ਼ਨ ਕਰੋ। ਇਥੋਂ ਤੱਕ ਕੁਬੇਰ ਵਗੈਰਾ, ਇੰਦਰ ਵਗੈਰਾ ਸਾਰੇ ਮਾਰ ਲਏ ਲੇਕਿਨ ਅਖੀਰ ਦੇ ਉਤੇ ਆਪ ਦਾ ਵੀ ਇਕੱਲਾ-ਇਕੱਲਾ ਅੰਗ ਹੋ ਕੇ ਗਿਰਨ ਲੱਗ ਗਿਆ। ਜਿਸ ਵਕਤ ਉਹਦਾ ਧੜ ਗਿਰਿਆ, ਆਵਾਜ਼ ਨਾ ਕੋਈ ਤਾਂ ਘਰਵਾਲੀ ਕਹਿਣ ਲੱਗੀ ਕਿ ਇਹ ਤਾਂ ਮੇਰਾ ਪਤੀ ਹੈ। ਰੋਣ ਲੱਗ ਗਈ, ਰਾਜੇ ਨੇ ਵੀ ਨਿਰਣਾ ਕਰਿਆ, ਵਜ਼ੀਰਾਂ ਨੇ ਵੀ ਕਰਿਆ ਕਹਿੰਦੇ, ਮਹਾਰਾਜ! ਜਾਦੂਗਰ ਬਹਾਦੁਰ ਬਹੁਤ ਸੀਗਾ, ਪਰ ਅਖੀਰ ਵਿਚਾਰਾ ਮਾਰਿਆ ਗਿਆ, ਖਤਰਨਾਕ ਖੇਲ੍ਹ ਦਿਖਾ ਰਿਹਾ ਸੀ। ਘਰਵਾਲੀ ਕਹਿਣ ਲੱਗੀ ਕਿ ਮੈਂ ਸਤੀ ਹੋਣੈ। ਬਥੇਰਾ ਸਮਝਾਇਆ ਉਸਨੂੰ, ਲੇਕਿਨ ਉਸ ਨੇ ਆਪਣੇ ਆਪ ਨੂੰ ਸਤੀ ਕਰ ਲਿਆ ਤੇ ਜਿਸ ਵਕਤ ਚਿਖਾ ਜਲ ਕੇ ਠੰਢੀ ਹੋ ਗਈ, ਉਸ ਵੇਲੇ ਕੀ ਦੇਖਦੇ ਨੇ ਕਿ ਉਹ ਜਾਦੂਗਰ ਆ ਗਿਆ ਤੇ ਰਾਜੇ ਨੂੰ ਆ ਕੇ ਸੱਤ ਸਲਾਮਾਂ ਕਰੀਆਂ। ਕਹਿਣ ਲੱਗਿਆ, ਮਹਾਰਾਜ ਕੀ ਜੈ, ਮਹਾਰਾਜ ਕੀ ਜੈ। ਰਾਜਾ ਹੈਰਾਨ ਹੋ ਗਿਆ ਕਿ ਹੈਂ ਇਹ ਤਾਂ ਸੱਚਮੁੱਚ ਹੀ ਜਾਦੂਗਰ ਹੈ। ਕਹਿਣ ਲੱਗਿਆ, ਮਹਾਰਾਜ! ਮੇਰਾ ਇਨਾਮ ਤੇ ਮੇਰੀ ਇਸਤ੍ਰੀ ਕਿੱਥੇ

ਹੈ?

ਰਾਜਾ ਕਹਿਣ ਲੱਗਿਆ, ਜਾਦੂਗਰ! ਉਹ ਤਾਂ ਤੇਰੇ ਨਾਲ ਸਤੀ ਹੋ ਗਈ।

ਕਹਿੰਦਾ, ਮਹਾਰਾਜ! ਜੇ ਮੈਂ ਮਰਿਆ ਹੋਵਾਂ ਤਾਂ ਸਤੀ ਹੋਵੇ। ਮੈਂ ਤਾਂ ਮਰਿਆ ਹੀ ਨਹੀਂ।

ਸਾਰੇ ਕਹਿਣ ਲੱਗੇ, ਜਾਦੂਗਰ! ਤੂੰ ਹੀ ਸੀਗਾ।

ਕਹਿੰਦਾ, ਬਿਲਕੁਲ ਨਹੀਂ। ਮੇਰੀ ਜੋ ਘਰਵਾਲੀ ਹੈ ਇਸ ਰਾਜੇ ਨੇ ਬੰਦ ਕਰ 'ਤੀ ਮਹਿਲਾਂ 'ਚ। ਤਾਲੇ ਲੱਗੇ ਹੋਏ ਨੇ। ਸੁਣੋ ਕਹਿੰਦਾ, ਆਵਾਜ਼ ਆ ਰਹੀ ਹੈ। ਉੱਚੀ ਦੇ ਕੇ ਆਵਾਜ਼ ਆਈ ਕਿ ਇਸ ਰਾਜੇ ਨੇ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਐ ਤੇ ਮੇਰੇ ਨਾਲ ਸ਼ਾਦੀ ਕਰਾਉਣੀ ਕਹਿੰਦੈ ਤੇ ਐਵੇਂ ਝੂਠਾ ਇਸ ਨੇ ਪੁੱਤਰੀ ਕਿਹਾ ਸੀ ਮੈਨੂੰ। ਉਸ ਵੇਲੇ ਹੈਰਾਨ ਹੋ ਗਿਆ ਰਾਜਾ, ਬੜੀ ਬੇਇਜ਼ਤੀ ਹੋਈ ਕਿ ਹੈਂ ਆਪਣੇ ਆਪ ਨੂੰ ਇੱਜ਼ਤ ਵਾਲਾ ਕਹਾਉਂਦੈ, ਆਹ ਕੀ ਗੱਲ ਹੋਈ? ਜਾਦੂਗਰ ਕਹਿਣ ਲੱਗਿਆ ਮਹਾਰਾਜ! ਚਾਬੀਆਂ ਦਿਓ। ਚਾਬੀਆਂ ਲੈ ਕੇ ਦਰਵਾਜ਼ੇ ਖੋਲ੍ਹ ਲਈ। ਉਸ ਵੇਲੇ ਉਹ ਸਾਰਿਆਂ ਦੇ ਸਨਮੁਖ ਹੋ ਗਈ। ਕਹਿਣ ਲੱਗੀ, ਮੈਨੂੰ ਤਾਂ ਇਨ੍ਹਾਂ ਨੇ ਬੰਦ ਕਰ ਦਿਤਾ ਸੀ। ਹੁਣ ਹੋਰ ਵੀ ਅਸਚਰਜ ਹੋ ਗਿਆ ਕਿ ਇਹ ਤਾਂ ਸਤੀ ਹੋ ਗਈ ਸੀ, ਇਹ ਮਰ ਗਿਆ ਸੀ, ਇਹ ਹੋ ਕੀ ਰਿਹੈ? ਜਦੋਂ ਬਹੁਤ ਹੈਰਾਨੀ ਹੋ ਗਈ, ਰੋਣ ਵਾਲਾ ਹੋ ਗਿਆ ਰਾਜਾ। ਬੇਇੱਜ਼ਤੀ ਹੋ ਗਈ ਸਾਰੀ ਰਿਆਇਆ 'ਚ।

ਜਾਦੂਗਰ ਕਹਿਣ ਲੱਗਿਆ, ਸਰਕਾਰ ਅਫਸੋਸ ਵਿਚ ਨਾ ਆਓ। ਕੁਛ ਵੀ ਨਹੀਂ ਹੋਇਆ, ਨਾ ਮੈਂ ਕਿਤੇ ਗਿਆਂ ਲੜਨ ਵਾਸਤੇ, ਨਾ ਮੈਂ ਕਿਸੇ ਨੂੰ ਸੁੱਟਿਆ ਹੈ। ਇਹ ਤਾਂ ਮੇਰੇ ਜਾਦੂ ਦਾ ਛੋਟਾ ਜਿਹਾ ਖੇਲ੍ਹ ਹੈ ਜਿਹੜਾ ਮੈਂ ਤੁਹਾਨੂੰ ਦਿਖਾਇਐ। ਹੈ ਕੁਛ ਨਹੀਂ, ਲੇਕਿਨ ਦਿਸਿਆ ਹੈ ਨਾ ਤੁਹਾਨੂੰ? ਇਹਨੇ ਪਹਿਲਾਂ ਤੁਹਾਡੇ ਮਨਾਂ 'ਚ ਖੁਸ਼ੀ ਪੈਦਾ ਕਰੀ ਤੇ ਹੁਣ ਆ ਕੇ ਗਮੀ ਹੋ ਗਈ। ਰਾਗ ਤੇ ਦ੍ਵੈਸ਼ ਪੈਦਾ ਕਰੇ।

ਕਹਿਣ ਲੱਗਿਆ, ਮਹਾਰਾਜ! ਮੈਂ ਇਕ ਜਾਦੂਗਰ ਹਾਂ, ਮੈਂ ਆਪਣੇ ਜਾਦੂ ਦੇ ਬਲ ਨਾਲ ਤੁਹਾਨੂੰ ਸਭ ਕੁਛ ਸੱਚ ਕਰਕੇ ਦਿਖਾ ਦਿਤਾ, ਤੁਸੀਂ ਸਾਰੇ ਪਹਿਲਾਂ ਖੁਸ਼ ਹੋਏ, ਹੁਣ ਤੁਸੀਂ ਸਾਰੇ ਬੜੇ ਅਫਸੋਸ ਵਿਚ ਵੀ ਆ ਗਏ। ਕਹਿੰਦੇ, ਇਸੇ ਤਰ੍ਹਾਂ ਪ੍ਰਮੇਸ਼ਰ ਨੇ ਕਰੋੜਾਂ ਬ੍ਰਹਿਮੰਡ ਆਪਣੀ ਸ਼ਕਤੀ ਦੇ ਨਾਲ ਰਚ ਦਿਤੇ। ਉਹਦੇ ਵਿਚ ਚਾਰ ਖਾਣੀਆਂ ਰਚ ਦਿਤੀਆਂ, ਚਾਰ ਬਾਣੀਆਂ, ਕਰੋੜਾਂ ਬ੍ਰਹਿਮੰਡ, ਬੇਅੰਤ ਰਚਨਾ ਰਚ ਦਿਤੀ। ਉਹ ਨਾ ਕਿਤੇ ਜਾਂਦੈ ਨਾ ਕਿਤੇ ਆਉਂਦੈ। ਹਰ ਥਾਂ ਦੇ ਉਤੇ ਹਾਜ਼ਰ ਨਾਜ਼ਰ ਹੈ ਤੁਸੀਂ ਮੈਨੂੰ ਦੇਖ ਨਹੀਂ ਸਕੇ। ਇਸੇ ਤਰ੍ਹਾਂ ਪ੍ਰਮੇਸ਼ਰ ਦੀ ਮਾਇਆ ਦੇ ਓਹਲੇ ਪ੍ਰਮੇਸ਼ਰ ਨੂੰ ਨਹੀਂ ਤੁਸੀਂ ਦੇਖ ਸਕਦੇ, ਵਾਹਿਗੁਰੂ ਤਾਂ ਕਿਤੇ ਜਾਂਦਾ ਹੀ ਨਹੀਂ। ਹਰ ਵਕਤ ਨਾਲ ਰਹਿੰਦੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*

*ਅੰਗ - 677*

ਸੋ ਮਹਾਰਾਜ! ਮੈਂ ਇਕ ਛੋਟੇ ਜਿਹੇ ਜਾਦੂਗਰ ਨੇ ਇਨਾਮ ਦੇ ਲਾਲਚ ਵਿਚ ਕਿੱਡਾ ਵੱਡਾ ਕੰਮ ਕਰਕੇ ਦਿਖਾ ਦਿਤਾ। ਪ੍ਰਮੇਸ਼ਰ ਤਾਂ ਬੇਅੰਤ ਸ਼ਕਤੀਸ਼ਾਲ ਹੈ, ਉਹਨੇ ਤਾਂ ਇਕ ਫੁਰਨਾ ਕਰਿਐ –

*ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥*

*ਅੰਗ– 3*

ਆਹ ਸ੍ਰਿਸ਼ਟੀਆਂ ਰਚ ਦਿਤੀਆਂ ਤੇ ਸੱਚੀਆਂ ਮਾਲੂਮ ਦੇ ਰਹੀਆਂ ਨੇ। ਇਹ ਸਾਰਾ ਕਰਿਸ਼ਮਾ ਕੀਹਦੈ? ਕਹਿੰਦੇ, ਮਾਇਆ ਦਾ ਹੈ। ਸੋ ਮਾਇਆ ਦਾ ਅਸਰ ਸਾਡੇ ਉਤੇ ਪੈਣ ਕਰਕੇ ਸਾਧਸੰਗਤ ਜੀ! ਸਾਨੂੰ ਕੋਈ ਸਿਰਾ ਨਜ਼ਰ ਨਹੀਂ ਆਉਂਦਾ। ਅਸੀਂ ਸਿਆਣੇ ਬੰਦੇ ਹਾਂ। ਕਹਿੰਦੇ ਹਾਂ, ਅਸੀਂ ਤਾਂ ਬਹੁਤ ਸਿਆਣੇ ਹਾਂ, ਮੇਰੀ ਅਕਲ ਨਾਲ ਕੋਈ ਨਹੀਂ ਰਲਦਾ। ਕੋਈ ਕਹਿੰਦੈ ਕਿ ਮੈਂ ਵੱਡੀਆਂ ਪੜ੍ਹਾਈਆਂ ਕੀਤੀਆਂ ਨੇ, ਪੀਐਚ.ਡੀ ਮੈਂ ਬੜੀਆਂ ਕਿਤਾਬਾਂ ਲਿਖੀਆਂ ਨੇ, ਲੇਕਿਨ ਸਾਰਾ ਹੀ ਮਾਇਆ ਦੇ ਮੰਡਲ 'ਚ ਹੋ ਰਿਹੈ। ਹੋ ਕੁਛ ਨਹੀਂ ਰਿਹਾ, ਦਿਸ ਰਿਹਾ ਸਭ ਕੁਛ। ਜੀਵ ਫਸਿਆ ਹੋਇਆ ਕਰੀ ਜਾਂਦੈ। ਸੋ ਇਹ ਹੋ ਕੀ ਰਿਹੈ, ਮਾਇਆ ਦੀ ਇਕ ਖੇਲ੍ਹ ਹੋ ਰਹੀ ਹੈ। ਮਾਇਆ ਆਪਣੀ ਖੇਲ੍ਹ ਕਰ ਰਹੀ ਹੈ। ਉਸ ਖੇਲ੍ਹ ਦੇ ਵਿਚ ਜਿਹੜਾ ਜੀਵ ਚੇਤਨ ਪ੍ਰਮੇਸ਼ਰ ਦਾ ਹਿੱਸਾ ਹੈ ਉਹ ਐਨਾ ਬੇਹੋਸ਼ ਹੋ ਗਿਆ ਕਿ ਉਹਨੂੰ ਨਾ ਤਾਂ ਆਪਣੀ ਹੋਸ਼ ਰਹੀ ਹੈ ਨਾ ਰੱਬ ਦਾ ਪਤਾ ਰਿਹੈ। ਉਹਦੇ ਕਾਰਨ ਇਹਨੇ ਕਰਮ ਕਰੇ, ਕਰਮਾਂ ਕਰਕੇ ਬੰਨ੍ਹ ਗਿਆ, ਬੰਨ੍ਹ ਕੇ ਜੂਨਾਂ 'ਚ ਘੁੰਮਦਾ ਰਿਹਾ ਤੇ ਹੁਣ ਵਾਹਿਗੁਰੂ ਨੇ ਕ੍ਰਿਪਾ ਕਰੀ, ਆਪਾਂ ਮਨੁੱਖ ਬਣ ਗਏ, ਆਪਾਂ ਇਕ ਛੋਟੀ ਜਿਹੀ ਗੱਲ ਨੂੰ ਸਮਝਣੈ ਪਰ ਨਹੀਂ ਸਮਝ ਸਕਦੇ। ਕਿਉਂਕਿ ਉਹ ਬਹੁਤੀ ਤਕੜੀ ਹੈ, ਸਮਝ ਆਉਣ ਨਹੀਂ ਦਿੰਦੀ। ਪੈਰ-ਪੈਰ ਦੇ ਉਤੇ ਭੁੱਲਦੇ ਹਾਂ, ਸਤਿਸੰਗ ਕਰਦੇ ਹਾਂ। ਥੋੜ੍ਹੀ ਦੇਰ ਸਾਡੇ ਯਾਦ ਰਹੇਗਾ। ਉਹ ਵੀ ਉਨ੍ਹਾਂ ਦੇ ਜਿਹੜੇ ਵਿਚਾਰ ਕਰਦੇ ਨੇ, ਬਾਕੀਆਂ ਨੂੰ ਕੁਛ ਨਹੀਂ ਪਤਾ ਲਗਣਾ ਕਿ ਬਾਬਾ ਜੀ ਕੀ ਬੋਲੀ ਜਾਂਦੈ। ਥੋੜ੍ਹੇ ਜਿਹੇ ਪ੍ਰੇਮੀ ਨੇ ਜਿਨ੍ਹਾਂ ਦੇ ਅੰਦਰ ਖਿੱਚ ਹੈ, ਲਗਨ ਲੱਗੀ ਹੋਈ ਹੈ, ਉਹ ਕਹਿੰਦੇ ਹੈਂ ਆਹ ਹੋਇਐ ਸਾਡਾ ਹਾਲ, ਉਹ ਨਿਕਲ ਨਹੀਂ ਸਕਦੇ ਜਿਵੇਂ ਲੰਗੜਾ ਗਧਾ ਦਲਦਲ 'ਚ ਫਸਿਆ ਹੋਇਆ ਨਿਕਲ ਨਹੀਂ ਸਕਦਾ, ਕੋਈ ਮਦਦ ਕਰੇ ਤਾਂ ਨਿਕਲ ਸਕਦੈ। ਇਹਦੇ ਵਿਚ ਜੇ ਕੋਈ ਸਤਿਗੁਰੂ ਮਦਦ ਕਰ ਦੇਵੇ, ਗੁਰੂ ਮਦਦ ਕਰ ਦੇਵੇ, ਸਾਧੂ ਮਹਾਂਪੁਰਸ਼ ਮਦਦ ਕਰ ਦੇਵੇ ਤਾਂ, ਤਾਂ ਨਿਕਲ ਜਾਂਦੈ, ਨਹੀਂ ਤਾਂ ਨਹੀਂ ਨਿਕਲਦਾ,

ਲੰਗੜੇ ਗਧੇ ਵਾਂਗਣ ਜਿੰਨਾਂ ਹੱਥ ਪੈਰ ਮਾਰਦੈ, ਓਨਾਂ ਥੱਲੇ ਹੀ ਥੱਲੇ ਜਾਂਦੈ। ਚੀਜ਼ ਹੀ ਐਸੀ ਹੈ ਮਾਇਆ। 'ਅਤਰ' ਕਿਹੈ ਮਹਾਰਾਜ ਨੇ ਕਿ ਤਰੀ ਨਹੀਂ ਜਾਂਦੀ। ਤਰ ਕਿਵੇਂ ਹੁੰਦੀ ਹੈ -

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***

***ਅੰਗ - 747***

ਜੇ ਗੁਰੂ ਦਾ, ਸੰਤਾਂ ਦਾ ਬਚਨ ਕਮਾ ਲਵੇ ਤਾਂ ਤਰ ਜਾਂਦੈ।

ਤ੍ਰੇਤੇ ਯੁੱਗ ਦੇ ਅੰਦਰ ਇਕ ਰਾਜੇ ਦੀ ਕਥਾ ਆਉਂਦੀ ਹੈ, ਮਸ਼ਹੂਰ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਸਾਡਾ ਜਿਹੜਾ ਇਤਿਹਾਸ ਹੈ, ਜਨਮ ਸਾਖੀਆਂ ਉਹਦੇ 'ਚ ਬਾਰ-ਬਾਰ ਨਾਉਂ ਆਉਂਦੈ, ਉਹਦਾ ਨਾਉਂ ਹੈ ਰਾਜਾ ਜਨਕ।

'ਜਨਕ' ਦਾ ਨਾਉਂ ਕਿਉਂ ਆਉਂਦੈ ਕਿਉਂਕਿ ਉਹ ਨਾਲ ਰਾਜ ਵੀ ਕਰਦਾ ਸੀ, ਨਾਲ ਬ੍ਰਹਮਗਿਆਨੀ ਸੀ, ਉਹਦੇ ਬਾਰੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਐ -

***ਧਾਰਨਾ - ਮਾਇਆ ਵਿਚ ਉਦਾਸੀ,***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

***ਭਗਤੁ ਵਡਾ ਰਾਜਾ ਜਨਕੁ ਹੈ***
***ਗੁਰਮੁਖਿ ਮਾਇਆ ਵਿਚਿ ਉਦਾਸੀ॥***

***ਭਾਈ ਗੁਰਦਾਸ ਜੀ, ਵਾਰ- 10/5***

ਮਾਇਆ ਦੇ ਵਿਚ ਰਹਿੰਦਾ ਉਦਾਸ ਸੀ, ਨਿਰਲੇਪ ਸੀ, ਮਾਇਆ ਦਾ ਉਹਨੂੰ ਅਸਰ ਨਹੀਂ ਸੀ ਕਿਉਂਕਿ ਉਹ ਸਮਝ ਚੁੱਕਿਆ ਸੀ, ਨਿਹਚੇਪੂਰਵਕ।

ਮੈਂ ਬੇਨਤੀ ਕਰੀ ਸੀ ਕਿ ਮਾਇਆ ਉਹਨੂੰ ਕਹਿੰਦੇ ਨੇ ਜਿਹੜੀ ਚੀਜ਼ ਹੋਵੇ ਹੀ ਨਾ, ਲੇਕਿਨ ਸੱਚ ਲੱਗਦੀ ਹੋਵੇ। ਹੈ ਨਹੀਂ ਮਾਇਆ ਇਥੇ ਸੰਸਾਰ ਦੇ ਅੰਦਰ। ਇਹ ਤਾਂ ਪ੍ਰਮੇਸ਼ਰ ਆਪਣੀ ਖੇਲ੍ਹ ਆਪ ਕਰਦੈ। ਆਪੇ ਹੀ ਆਪਣੀ ਸ਼ਕਤੀ ਦਾ ਪਸਾਰਾ ਕੀਤਾ ਹੋਇਐ। ਆਪ ਹੀ ਭੁੱਲਦੈ। ਆਪ ਹੀ ਜਾਣ ਕੇ ਭੁੱਲਿਆ ਹੋਇਐ। ਫੇਰ ਆਪੇ ਹੀ ਜਾਣਦੈ। ਨਿਆਰਾ ਵੀ ਹੈ, ਕਿਤੇ ਇਕ ਅੰਸ ਭੁਲਾ ਦਿਤੀ। ਹੁਣ ਸਾਨੂੰ ਇਸ ਗੱਲ ਦਾ ਵਿਸ਼ਵਾਸ਼ ਨਹੀਂ ਆਉਂਦਾ, ਸਾਡਾ ਮਨ ਨਹੀਂ ਮੰਨਦਾ। ਇਹ ਹੈ ਕਿਵੇਂ? ਅਸਲੀਅਤ ਜਿਹੜੀ ਹੈ ਦਿਸਣ ਵਾਲੀ ਚੀਜ਼ ਹੈ, ਲੇਕਿਨ ਦਿਸਦੀ ਹੋਰ ਤਰ੍ਹਾਂ ਹੈ, ਅਸਲੀਅਤ ਹੋਰ ਤਰ੍ਹਾਂ ਹੈ ਕਿ ਐਸੀਆਂ ਗੱਲਾਂ ਵੀ ਹੁੰਦੀਐਂ ਕਿ ਅੱਖਾਂ ਨਾਲ ਅਸੀਂ ਦੇਖਦੇ ਹੋਈਏ ਤੇ ਸਾਡੀਆਂ ਅੱਖਾਂ ਧੋਖਾ ਖਾਂਦੀਆਂ ਹੋਣ। ਜਿੱਥੇ ਪਾਣੀ ਨਹੀਂ ਮਿਲਦਾ, ਉਨ੍ਹਾਂ ਦੇਸ਼ਾਂ 'ਚ ਚਲੇ ਜਾਓ, ਬੀਕਾਨੇਰ ਵਗੈਰਾ 'ਚ, ਹੁਣ ਤਾਂ ਜਾ ਪਹੁੰਚੇ ਪਾਣੀ। ਉਥੇ ਲੰਮੇ ਰੜ੍ਹੇ ਸੀ, ਰੜ੍ਹੇ ਮੈਦਾਨ ਪਹਿਲਾਂ ਇਥੇ ਵੀ ਹੋਇਆ ਕਰਦੇ ਸੀ। ਰੜ੍ਹੇ ਮੈਦਾਨਾਂ 'ਚ ਜਦੋਂ ਦੁਪਿਹਰ ਦੀ ਧੁੱਪ ਪੈਂਦੀ ਹੈ, ਉਸ ਵੇਲੇ ਉਹ ਇਸ ਤਰ੍ਹਾਂ ਲਗਦੇ ਨੇ ਜਿਵੇਂ

ਪਾਣੀ ਚੱਲ ਰਿਹਾ ਹੁੰਦੈ। ਛੱਲਾਂ ਉਠਦੀਆਂ ਨੇ ਬਹੁਤ ਵੱਡੀਆਂ-ਵੱਡੀਆਂ। ਆਦਮੀ ਖੁਸ਼ ਹੋ ਜਾਂਦੈ ਕਿ ਪਾਣੀ ਦੀ ਪਿਆਸ ਲੱਗੀ ਹੋਈ ਐ, ਮੇਰੇ ਕੋਲ ਹੀ ਦਰਿਆ ਚਲਦੈ। ਦੋ-ਢਾਈ ਫਰਲਾਂਗ 'ਤੇ ਇਹ ਦਿਸਦਾ ਹੁੰਦੈ। ਇਹਨੂੰ ਮਿਰਗ ਤ੍ਰਿਸ਼ਨਾ ਦਾ ਜਲ ਕਹਿੰਦੇ ਨੇ, ਮਿਰਗ ਪਾਣੀ ਪੀਣ ਵਾਸਤੇ ਨੱਠਿਆ ਹੀ ਜਾਂਦੈ। ਐਨਾ ਨੱਠਦੈ ਕਿ ਬੇਹੋਸ਼ ਹੋ ਕੇ ਗਿਰ ਜਾਂਦੈ ਕਿਉਂਕਿ ਪਾਣੀ ਕਿਤੇ ਆਉਂਦਾ ਹੀ ਨਹੀਂ, ਹੋਵੇ ਤਾਂ ਪਾਣੀ ਪੀਵੇ। ਉਹਨੂੰ ਦਿਸਦੈ ਪਾਣੀ, ਸਾਨੂੰ ਵੀ ਦਿਸਦੈ। ਨਿਰਣਾ ਕਰਨਾ ਬੜਾ ਔਖਾ ਹੋ ਜਾਂਦੈ।

ਇਕ ਵਾਰੀ ਮੈਂ ਬੀਕਾਨੇਰ ਚਲਿਆ ਗਿਆ ਤੇ ਉਥੇ ਜਾਂਦੇ-ਜਾਂਦੇ ਪਿਆਸ ਲਗ ਆਈ ਸਾਰੇ ਸਾਥੀਆਂ ਨੂੰ। ਇਕ ਸਿੱਧਾ ਜਿਹਾ ਬੰਦਾ ਸੀ ਪਿੰਡ ਦਾ ਹੀ ਸੀ ਸਾਡੇ ਦਾ, ਉਹ ਕਹਿੰਦਾ ਮੈਂ ਪਾਣੀ ਪੀਣੈ। ਨਾਲ ਦੇ ਬੰਦਿਆਂ ਨੂੰ ਪੁੱਛਿਆ, ਉਹ ਕਹਿੰਦੇ ਪਾਣੀ ਤਾਂ 10 ਮੀਲ 'ਤੇ ਹੈ। ਉਥੇ ਇਕ ਟੋਭਾ ਆਏਗਾ, ਮੀਂਹ ਦਾ ਟੋਭਾ ਹੈ, ਕਿਸੇ ਨੇ ਰੋਕਿਆ ਹੋਇਐ। ਉਥੇ ਪਾਣੀ ਪੀਂਦੇ ਨੇ ਸਾਰੇ ਤੇ ਪਿੱਛੇ ਪੰਜ-ਛੇ ਮੀਲ 'ਤੇ ਹੈ। 16 ਮੀਲ ਦੇ ਵਿਚ ਕਿਤੇ ਪਾਣੀ ਪੀਣ ਨੂੰ ਹੈ ਨੀਂ। ਕਹਿੰਦਾ, ਝੂਠ ਬੋਲੀ ਜਾਂਦੇ ਓਂ, ਔਹ ਦੇਖੋ ਤਾਂ ਪਾਣੀ ਚੱਲ ਰਿਹਾ। ਸਾਰੇ ਦੇਖਣ ਲੱਗ ਗਏ, ਕਹਿੰਦਾ ਦਰਖਤ ਦੇ ਵਿਚ ਦੇਖੋ ਪਰਛਾਵਾਂ ਨਹੀਂ ਦਿਸਦਾ ਤੁਹਾਨੂੰ। ਆਹ ਦੇਖੋ। ਅਸੀਂ ਕਿਹਾ ਕਿ ਨਹੀਂ, ਪਾਣੀ ਨਹੀਂ ਹੈ। ਅੱਖਾਂ ਨੂੰ ਧੋਖਾ ਲਗ ਰਿਹੈ, ਕਹਿੰਦਾ ਬਿਲਕੁਲ ਨਹੀਂ। ਅੱਖਾਂ ਨੂੰ ਕਿਵੇਂ ਧੋਖਾ ਲਗਦੈ ਜਿਵੇਂ ਪਾਣੀ ਨਜ਼ਰ ਆਉਂਦੈ। ਦਰਖਤਾਂ ਦੇ ਪਰਛਾਵੇਂ ਨਜ਼ਰ ਆਉਂਦੇ ਨੇ, ਔਹ ਦੇਖੋ, ਕਹਿੰਦਾ, ਦਰਖਤ ਉਹਦਾ ਪਰਛਾਵਾਂ ਥੱਲੇ ਨਜ਼ਰ ਆਉਂਦੈ। ਸਾਥੀ ਸੀਗਾ, ਅਸੀਂ ਕਿਹਾ ਕਿ ਚੱਲ ਨਿਰਣਾ ਕਰ ਲੈ। ਦੋ ਫਰਲਾਂਗ ਦਾ ਫਰਕ ਪੈ ਜਾਏਗਾ, ਅਸੀਂ ਕਿਹਾ ਨਿਸ਼ਾਨੀ ਲਾ ਲੈ ਕਿੱਥੇ ਆਪਾਂ ਹਾਂ। ਕਹਿੰਦਾ, ਆਹ ਦਰਖਤ ਕੋਲ ਹੈ। ਕਹਿੰਦਾ ਔਹ ਪਰਲੇ ਦਰਖਤ ਵਲ ਵੀ ਦੋਹਾਂ ਦਰਖਤਾਂ ਦੇ ਵਿਚ ਧਾਰ ਚਲਦੀ ਹੈ। ਅਸੀਂ ਕਿਹਾ ਅੱਗੇ ਨਾ ਜਾਈਂ ਫੇਰ, ਜਦੋਂ ਅਸੀਂ ਉਥੇ ਪਹੁੰਚ ਗਏ, ਕਹਿੰਦਾ, ਔਹ ਦੇਖੋ ਸਾਮ੍ਹਣੇ, ਅਸੀਂ ਕਿਹਾ ਤੂੰ ਤਾਂ ਇਸ ਦਰਖਤ ਕੋਲ ਕਹਿੰਦਾ ਸੀ, ਹੁਣ ਅਗਾਂਹਾਂ ਚੱਲ ਪਿਆ? ਅਸੀਂ ਕਿਹਾ, ਜਾਹ ਤੂੰ ਆਪੇ ਹੀ ਦੇਖ ਆ ਜਾ ਕੇ। ਦੇਖ ਆਇਆ, ਮੁੜ ਆਇਆ। ਕਹਿੰਦਾ, ਦਿਸਦਾ ਹੈਗਾ ਪਾਣੀ, ਪਰ ਮੈਂ ਹੈਰਾਨ ਹਾਂ ਪਾਣੀ ਲੱਭਦਾ ਹੈ ਨਹੀਂ। ਅਸੀਂ ਕਿਹਾ ਕਿ ਇਹਨੂੰ ਮਿਰਗ ਤ੍ਰਿਸ਼ਨਾ ਦਾ ਜਲ ਕਹਿੰਦੇ ਨੇ, ਜਿਵੇਂ ਇਹ ਹੈ ਇਸੇ ਤਰ੍ਹਾਂ ਦੇ ਨਾਲ ਮਾਇਆ ਹੈ ਪ੍ਰਮੇਸ਼ਰ ਦੀ ਸੰਸਾਰ ਦੇ ਉਤੇ। ਹੈਗਾ ਕੁਛ ਨਹੀਂ ਲੇਕਿਨ ਪੂਰਾ ਵਿਸ਼ਵਾਸ਼ ਹੈ, ਉਹਦੇ ਵਿਚ ਜੀਵ ਫਸ ਗਿਆ। ਜੀਵ ਫਸਿਆ ਹੋਇਆ ਪ੍ਰਮੇਸ਼ਰ ਦੇ ਨਾਲੋਂ ਟੁੱਟ ਕੇ ਦੁਖੀ ਹੁੰਦਾ ਫਿਰਦੈ। ਇਹਨੂੰ ਜਿੰਨਾਂ ਜੀਅ ਕਰਦੈ, ਸਮਝਾ ਲਓ, ਸਮਝ ਹੀ ਨਹੀਂ ਆਉਂਦਾ, ਮਾੜੀ ਜਿਹੜੀ ਗੱਲ ਹੈ, ਐਨੀ ਹੀ ਗੱਲ ਨਹੀਂ ਦਿਮਾਗ 'ਚ ਬਹਿੰਦੀ। ਪਹਿਲਾਂ ਤਾਂ ਇਹੀ ਨਹੀਂ ਵਿਸ਼ਵਾਸ਼ ਕਰਦਾ ਕਿ ਮੇਰਾ ਸੰਸਾਰ 'ਤੇ ਆਉਣਾ, ਪ੍ਰਮੇਸ਼ਰ ਨੂੰ ਮਿਲਣ ਵਾਸਤੇ ਹੋਇਐ। ਜੇ ਕਹੋ ਕਿ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ, ਪੜ੍ਹੋ ਸ਼ਬਦ, ਗਾ ਲਏਗਾ, ਲੇਕਿਨ ਅਸਰ ਨਹੀਂ ਕੋਈ, ਉਥੇ ਦਾ ਉਥੇ ਫੇਰ ਖੜ੍ਹੈ। ਆਹੀ ਜਿਹੜੀ

ਚੀਜ਼ ਹੈ ਇਹਨੂੰ ਮਾਇਆ ਕਹਿੰਦੇ ਨੇ, (iilusion) ਭਰਮ, ਕਹਿੰਦੇ ਨੇ, ਅਗਿਆਨਤਾ (ignorance) ਕਹਿੰਦੇ ਨੇ, ਅਭੁੱਲ, ਅਵਿਦਿਆ, ਹਉਮੈ ਉਹ ਇਕ ਪੜਦਾ ਪੈ ਗਿਆ ਦਿਮਾਗ ਦੇ ਵਿਚ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ – 624*

ਉਹ ਕੰਧ ਜਿਹੀ ਬਣ ਗਈ, ਰੱਬ ਨਜ਼ਰ ਨਹੀਂ ਆਉਂਦਾ। ਮਾਇਆ ਨੇ ਛੁਪਾ ਲਿਆ। ਉਹ ਜਿਹੜਾ ਮਾਇਆ ਤੋਂ ਰਹਿਤ ਹੋ ਜਾਣੈ। ਉਹ ਪ੍ਰਮੇਸ਼ਰ ਦੀ ਪ੍ਰਾਪਤੀ ਹੈ ਕਿਉਂਕਿ ਮਾਇਆ ਹੀ ਬੰਧਨ ਹੈ ਇਹਦੇ ਵਿਚ। ਇਹੀ ਨਹੀਂ ਦਿਖਣ ਦਿੰਦੀ –

*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥*

*ਅੰਗ– 857*

ਭੋਰਾ ਜਿੰਨਾ ਵੀ ਪਿਆਰ ਪ੍ਰਮੇਸ਼ਰ ਨਾਲ ਨਹੀਂ ਬਣਦਾ। ਵਾਹਿਗੁਰੂ ਨਾਲ ਹੈ, ਗੁਰੂ ਹਾਕਾਂ ਮਾਰ-ਮਾਰ ਕੇ ਕਹੀ ਜਾਂਦੈ ਕਿ ਤੇਰੇ ਅੰਗ ਸੰਗ ਵਸਦੈ, ਤੇਰੇ ਆਲੇ-ਦੁਆਲੇ। ਤੇਰੇ ਚਾਰੇ ਪਾਸੇ ਵਾਹਿਗੁਰੂ ਦੀ ਜੋਤੀ ਹੈ। ਤੂੰ ਹਰ ਵਕਤ ਵਾਹਿਗੁਰੂ 'ਚ ਰਹਿੰਦੈਂ। ਕਹਿੰਦੇ, ਫੇਰ ਪਿਆ ਭਰਮ ਦੂਰ ਕਿਉਂ ਨਹੀਂ ਹੁੰਦਾ, ਦੂਰ ਹੋਣ ਦਾ ਵੀ ਕੋਈ ਤਰੀਕਾ ਚਾਹੀਦੈ। ਮਹਾਰਾਜ ਕਹਿੰਦੇ, ਏਦਾਂ ਦੂਰ ਨਹੀਂ ਹੋਣਾ, ਇਹਨੂੰ ਇਸ ਤਰ੍ਹਾਂ ਸਮਝ ਲੈ ਕਿ ਤਾਲਾ ਲੱਗ ਗਿਆ, ਵੱਡਾ ਜ਼ਬਰਦਸਤ, ਜਿਹੜਾ ਖੁੱਲ੍ਹ ਨਹੀਂ ਸਕਦਾ। ਮਿਸਾਲ ਦੇ ਨਾਲ ਇਸ ਤਰ੍ਹਾਂ ਸਮਝਾਉਂਦੇ ਨੇ –

*ਧਾਰਨਾ – ਨਹੀਂਓ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,*
*ਕੁੰਜੀ ਹੱਥ ਸਤਿਗੁਰ ਦੇ।*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥* *ਅੰਗ – 1237*

ਨਿਓਲ ਲਾਉਂਦੇ ਨੇ ਊਠਾਂ ਨੂੰ, ਪੁਰਾਣੇ ਜ਼ਮਾਨਿਆਂ 'ਚ ਇਕ ਤਾਲਾ ਹੁੰਦਾ ਸੀ, ਜਿਹਨੂੰ ਨਿਓਲ ਕਹਿੰਦੇ ਸੀ, ਉਹ ਊਠ ਦੇ ਪੈਰ ਨੂੰ ਲਾ ਦਿੰਦੇ ਸੀ। ਕਹਿੰਦੇ, ਉਹ ਤਾਲਾ ਛੇਤੀ-ਛੇਤੀ ਖੁਲ੍ਹਦਾ ਨਹੀਂ ਸੀ, ਚੋਰਾਂ ਤੋਂ ਵੀ ਨਹੀਂ ਸੀ ਖੁਲ੍ਹਿਆ ਕਰਦਾ। ਮਹਾਰਾਜ ਕਹਿੰਦੇ, ਜਿਹੜਾ ਗੁਰੂ ਹੈ ਇਹਦੇ ਕੋਲ ਹੈ ਚਾਬੀ ਇਹਦੀ। ਮਨ ਦੇ ਕੋਠੇ ਨੂੰ ਨਿਓਲ ਲੱਗਿਆ ਹੋਇਐ, ਤਾਲਾ ਲੱਗਿਆ ਹੋਇਐ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ – 205*

ਜਿੰਨਾਂ ਚਿਰ ਸੱਚੇ ਹਿਰਦੇ ਦੇ ਨਾਲ ਗੁਰੂ ਦੀ ਸ਼ਰਨ ਵਿਚ ਨਹੀਂ

ਆਉਂਦਾ। ਮਹਾਰਾਜ ਕਹਿੰਦੇ, ਚਾਬੀ ਨਹੀਂ ਮਿਲਦੀ ਓਨਾਂ ਚਿਰ। ਚਾਬੀ ਨਾ ਮਿਲੀ, ਖੁਲ੍ਹਣਾ ਨਹੀਂ ਹੈ- ***'ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥' ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - 124***

ਪਹਿਲਾਂ ਪੂਰੇ ਭਾਗ ਬਣਨ ਤਾਂ ਜਾ ਕੇ ਗੁਰੂ ਮਿਲਦੈ। ਗੁਰੂ ਦੇ ਕੋਲ ਚਾਬੀ ਹੈ ਇਸ ਤਾਲੇ ਨੂੰ ਖੋਲ੍ਹਣ ਦੀ। ਉਹ ਚਾਬੀ ਕਾਹਦੀ ਹੈ? ਸ਼ਬਦ ਦੀ ਚਾਬੀ ਹੈ। ਗੁਰੂ ਦਾ ਸ਼ਬਦ ਮਿਲ ਜਾਵੇ ਕਿਉਂਕਿ -

***ਨਾਨਕ ਮਾਇਆ ਕਾ ਮਾਰਣੁ ਸਬਦੁ ਹੈ***
***ਗੁਰਮੁਖਿ ਪਾਇਆ ਜਾਇ ॥ ਅੰਗ - 853***

ਇਸ ਸਰੀਰ ਦੇ ਅੰਦਰ ਹੀ ਵਾਹਿਗੁਰੂ ਨੇ ਇਹ ਨਹੀਂ ਕਰਿਆ ਕਿ ਸਾਨੂੰ ਧੱਕਾ ਦੇ ਦਿਤਾ ਮਾਇਆ ਦੇ ਵਿਚ, ਨਾਲ ਇਲਾਜ ਰੱਖ ਦਿਤਾ, ਦਵਾਈ ਰੱਖ ਦਿਤੀ। ਉਹ ਦਵਾਈ ਕਿਹੜੀ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - 293***

ਨਾਲ ਨਿਸ਼ਾਨੀ ਦੱਸ ਦਿਤੀ ਕਿ ਉਸ ਥਾਂ ਦੇ ਉਤੇ ਫੁਰਨਾ ਨਹੀਂ ਆਉਂਦਾ ਕੋਈ ਵੀ। ਦੇਖੋ ਬੈਠ ਕੇ ਕਿ ਫੁਰਨਾ ਆਉਂਦੈ। ਦੇਖੀ ਜਾਓ, ਕਿੰਨੀ ਦੇਰ ਨਹੀਂ ਫੁਰਨਾ ਆਉਂਦਾ। ਕਹਿੰਦੇ, ਫੁਰਨਾ ਕੋਈ-ਕੋਈ ਪ੍ਰੇਮੀ ਹੈ, ਬਹੁਤ ਘੱਟ ਪ੍ਰੇਮੀ ਨੇ। ਕੱਲ੍ਹ ਮੈਂ ਉਥੇ ਇਕ ਦੋ ਬੀਬੀਆਂ ਦੇਖੀਆਂ ਥਰਮਲ ਪਲਾਂਟ 'ਚ, ਉਹ ਬਾਕਾਇਦਾ ਭਜਨ ਕਰਦੀਆਂ ਨੇ। ਮੈਂ ਬੜਾ ਹੈਰਾਨ ਹੋਇਆ, ਸੰਗਤ 'ਚ ਵੀ ਆਉਂਦੀਆਂ ਨੇ। ਕਹਿੰਦੀਆਂ ਐਨਾ ਭਜਨ ਅਸੀਂ ਕਰਦੀਆਂ ਇਸ ਥਾਂ 'ਤੇ ਬੈਠ ਕੇ ਤੇ ਮਨ ਵਿਚ ਵਾਸ਼ਨਾ ਕੋਈ ਨੀਂ। ਜਿਹੜਾ ਮੈਂ ਭਜਨ ਦਸਦਾਂ ਕਿ ਐਨੇ ਪਾਠ ਕਰ, ਉਹ ਤਾਂ ਮਤਲਬ ਹੱਲ ਕਰਿਆ, ਉਸ ਤੋਂ ਬਾਅਦ ਕਿਧਰੇ ਦੀ ਕਿਧਰੇ ਜਾਂਦੈ ਪਾਠ। ਪਹਿਲਾਂ ਹੀ ਪੁੱਛਦੇ ਨੇ ਕਿ ਜੀ ਕਿੰਨੀ ਕੁ ਦੇਰ ਕਰੀਏ। ਮੇਰੇ ਮਨ 'ਚ ਹੁੰਦੈ ਕਿ ਜੇ ਇਨ੍ਹਾਂ ਨੂੰ ਸ਼ਕਤੀ ਦਾ ਪਤਾ ਲੱਗਿਆ, ਇਨ੍ਹਾਂ ਨੇ ਤਾਂ ਛੱਡਣਾ ਹੀ ਨਹੀਂ, ਹੈਰਾਨੀ ਇਹ ਹੁੰਦੀ ਹੈ ਕਿ ਜੀ ਹੋ ਗਿਆ ਸਾਡਾ ਪਾਠ ਪੂਰਾ, ਸਾਡਾ ਕੰਮ ਵੀ ਬਣ ਗਿਆ। ਅਗਾਂਹਾਂ ਕੁਛ ਨਹੀਂ ਕਰਨਾ ਫੇਰ ਕੀ? ਸਾਡਾ ਤਾਂ ਇਹ ਹਿਸਾਬ ਹੈ ਕਿ ਰੱਬ ਨਾਲ ਵੀ ਲੇਖਾ ਪੱਤਾ ਪਾ ਲੈਂਦੇ ਹਾਂ। ਸ਼ੌਂਕ ਵਾਲੇ ਕੋਈ-ਕੋਈ ਬੰਦੇ ਨੇ ਜਿਨ੍ਹਾਂ ਦੇ ਮਨਾਂ 'ਚ ਐਨੀ ਖਿੱਚ ਹੈ, ਬਈ ਅਸੀਂ ਪਹੁੰਚਣਾ ਹੀ ਪਹੁੰਚਣਾ ਹੈ, ਜਿੱਥੇ ਮਹਾਰਾਜ ਜੀ ਸਾਨੂੰ ਕਹਿੰਦੇ ਨੇ। ਉਹ ਚਲਦੇ ਹੀ ਲਗਨ ਨਾਲ ਨੇ, ਉਨ੍ਹਾਂ ਦੇ ਅੰਦਰ ਹੋਰ ਫੁਰਨੇ ਨਹੀਂ ਹੁੰਦੇ। ਅਸੀਂ ਤਾਂ -

***ਅਪਨੇ ਲੋਭ ਕਉ ਕੀਨੋ ਮੀਤੁ ॥*** ***ਅੰਗ - 195***

ਆਪਣੇ ਲੋਭ ਵਾਸਤੇ ਮਿਤ੍ਰ ਬਣਾ ਲਿਆ ਰੱਬ ਨੂੰ। ਓਨਾਂ ਕੁ ਕਰਦੇ ਹਾਂ ਕਿ ਸਾਡਾ ਕੰਮ ਆਹ ਕਰਦੇ, ਆਹ ਕਰਦੇ। ਸੰਤਾਂ ਦੇ ਤਾਂ ਜਾਣੈ ਕਿ ਉਥੇ ਤਾਂ ਬਰਕਤਾਂ ਹੀ ਬਰਕਤਾਂ ਨੇ। ਜਿਸ ਦਿਨ ਬਰਕਤ ਨਾ ਹੋਈ ਉਸ ਦਿਨ ਛੱਡ ਦੇਣੈ, ਹੋਰ ਟੋਲ੍ਹ ਲੈਣੈ ਤੇ ਸਾਡੀ ਜਿਹੜੀ ਸੋਚ ਹੈ ਉਹ ਬਿਲਕੁਲ ਗਲਤ ਹੈ ਸਾਧਸੰਗਤ ਜੀ। ਜਗਿਆਸੂਪੁਣਾਂ ਤਾਂ ਸਾਡੇ ਮਨ ਵਿਚ ਆਉਂਦਾ ਹੀ ਨਹੀਂ ਨਾ। ਕੋਈ ਵਿਰਲਾ ਹੈ ਜਿਹਦੇ ਮਨ 'ਚ ਆਵੇ, ਵਿਰਲਾ ਹੈ ਜਿਹੜਾ ਰੋਂਦਾ ਫਿਰਦੈ ਇਕੱਲਾ। ਹਾਕਾਂ ਮਾਰਦੈ ਕਿ ਹੇ ਵਾਹਿਗੁਰੂ ਜੀ! ਕੀ ਕਸੂਰ ਹੋ ਗਿਆ ਮੇਰੇ ਤੋਂ, ਮੈਨੂੰ ਦਰਸ਼ਨ ਤਾਂ ਦੇਹ। ਕਿੰਨੇ ਕੁ ਨੇ ਇਸ ਬਿਰਤੀ ਵਾਲੇ ਬੰਦੇ? ਕੋਈ ਵਿਰਲਾ-ਵਿਰਲਾ ਬੰਦਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦੈ ਕਿ ਨਹੀਂ ਇਹਦੇ 'ਚ ਜਗਿਆਸਾ ਨਹੀਂ ਹੈ। ਕੁਛ % ਵੀ ਨਹੀਂ ਹੈ। ਉਹ ਤਾਂ ਕੋਈ ਆ ਜਾਵੇ -

***ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥***

***ਅੰਗ - 1376***

ਕੋਈ ਗਾਹਕ ਆ ਗਿਆ ਤਾਂ ਮਹਿੰਗੇ ਮੁੱਲ ਉਹਨੇ ਲੈ ਲੈਣੈ। ਸੋ ਨਾਮ ਜਿਹੜਾ ਹੈ ਉਹ ਅੰਦਰ ਪਿਆ ਹੈ। ਮਹਾਰਾਜ ਨੇ ਦੱਸ ਦਿਤਾ ਕਿ ਮਾਇਆ ਤਾਂ ਮੈਂ ਰਚ ਦਿਤੀ ਤੇ ਨਾਲ ਮੈਂ ਜਿਹੜੀ ਇਹਨੂੰ ਮਾਰਨ ਵਾਲੀ ਦਵਾਈ ਹੈ ਉਹ ਸ਼ਕਤੀ ਵੀ ਤੇਰੇ ਅੰਦਰ ਹੀ ਰੱਖ ਦੇਵਾਂ। ਉਹ ਜਿੱਥੇ ਰੱਖੀ ਹੋਈ ਹੈ ਉਥੇ ਅਫੁਰ ਅਵਸਥਾ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਉਸ ਥਾਂ ਦੇ ਉਤੇ ਅਨਹਦ ਨਾਦ ਦੀ ਨਿਸ਼ਾਨੀ ਹੈ। ਅਫੁਰ ਅਵਸਥਾ ਹੈ ਤੇ ਉਥੇ ਫੇਰ ਅਨੰਦ ਕਿੰਨਾ ਹੈ? ਕਹਿੰਦੇ - ***'ਕਹਨੁ ਨ ਜਾਈ ਅਚਰਜ ਬਿਸਮਾਦ ॥'*** ਉਹਦੇ ਅਨੰਦ ਬਾਰੇ ਤਾਂ ਗੱਲ ਕਰਨੀ ਹੀ ਔਖੀ ਹੈ -

***ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥***

***ਅੰਗ- 334***

ਕੀ ਦੱਸ ਦਏਗਾ ਗੂੰਗਾ ਕਿ ਐਨਾ ਸੁਆਦ ਹੈ। ਬਾਹਾਂ ਮਾਰੇਗਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥***

***ਅੰਗ - 1370***

ਸੁੰਨ ਸਮਾਧ ਦਾ ਜਿਹੜਾ ਮੰਡਲ ਹੈ ਉਥੇ 'ਨਾਮ' ਦਾ ਨਿਵਾਸ ਹੈ, ਸੁੰਨ ਸਮਾਧ ਸਾਡੇ ਅੰਦਰ ਹੈ, ਉਥੇ ਤੱਕ ਪਹੁੰਚੀਏ ਕਿਵੇਂ? ਮਹਾਰਾਜ

ਕਹਿੰਦੇ, ਸ਼ਬਦ ਲੈ-ਲੈ ਗੁਰੂ ਤੋਂ, ਉਹਦੀ ਕਰ ਸਾਧਨਾ, ਫੇਰ ਤੂੰ ਪਹੁੰਚ ਜਾਏਂਗਾ। ਜਦੋਂ ਤੂੰ ਨਾਮ ਮੰਡਲ ਵਿਚ ਗਿਆ, ਤੇਰੇ ਅੰਦਰ ਪ੍ਰਕਾਸ਼ ਹੋ ਜਾਣੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ - 293*

ਮਾਇਆ ਦਾ ਪਿਆ ਹੋਇਆ ਹਨ੍ਹੇਰਾ ਇਸ ਤਰ੍ਹਾਂ ਨਾਸ਼ ਹੋ ਜਾਵੇਗਾ ਜਿਵੇਂ ਹਨ੍ਹੇਰੇ ਦੇ ਵਿਚ ਬਲਬ ਹੋਵੇ ਹਜ਼ਾਰ ਵਾਟ ਦਾ। ਬਟਨ ਦੱਬ ਦਿਤਾ ਉਸੇ ਵੇਲੇ ਚਾਨਣਾ। ਇਸ ਤਰ੍ਹਾਂ ਤੇਰੇ ਅੰਦਰ ਚਾਨਣਾ ਹੋ ਜਾਣੈ। ਜਦੋਂ ਮੰਤ੍ਰ ਦੇ ਬਲ ਦੇ ਨਾਲ, ਸ਼ਬਦ ਦੇ ਬਲ ਦੇ ਨਾਲ ਸੁੰਨ ਸਮਾਧ ਦੇ ਮੰਡਲ ਵਿਚ ਪਹੁੰਚਿਆ, ਉਥੇ ਦਾ ਅਨੰਦ ਅਨੁਭਵ ਕਰਿਆ ਉਸ ਵੇਲੇ ਤੇਰੇ ਨੇਤਰ ਨਵੇਂ ਆ ਜਾਣੇ ਨੇ। ਜਿਹੜੇ ਹੁਣ ਤੱਕ ਬੰਦ ਪਏ ਨੇ, ਦੇਖ ਨਹੀਂ ਰਹੇ। ਹਨ੍ਹੇਰਾ ਹੀ ਹਨ੍ਹੇਰਾ ਦਿਸਦਾ ਹੈ ਤੈਨੂੰ, ਕਹਿੰਦੇ ਉਹ ਖੁੱਲ੍ਹ ਜਾਣੇ ਨੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਣੈ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ - 954*

ਗੁਰੂ ਦੇ ਸ਼ਬਦ ਨੇ ਖੋਲ੍ਹ ਦਿਤਾ ਬੱਜਰ ਕਪਾਟ ਤੇ ਪਹੁੰਚ ਗਏ ਅਸੀਂ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ- 954*

ਪ੍ਰਕਾਸ਼ ਹੋ ਗਿਆ। ਬੇਅੰਤ ਪ੍ਰਕਾਸ਼ ਹੋ ਗਿਆ। ਕਹਿੰਦੇ, ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਗਿਆ। ਕਿਉਂਕਿ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਅਗਿਆਨ ਦੇ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦਾ। ਮਹਾਰਾਜ ਕਹਿੰਦੇ, ਕਿੰਨਾ ਹੀ ਪ੍ਰਕਾਸ਼ ਹੋ ਜਾਵੇ, ਪ੍ਰਕ੍ਰਿਤੀ ਦਾ, ਮੈਟਰ ਦਾ ਨਹੀਂ ਹਨ੍ਹੇਰਾ ਦੂਰ ਕਰਦਾ। ਉਸ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਕੇਵਲ ਗੁਰੂ ਦਾ ਸ਼ਬਦ ਹੈ। ਗੁਰੂ ਦਾ ਉਪਦੇਸ਼ ਹੈ। ਉਥੇ ਗਿਆਨ ਦਾ ਪ੍ਰਕਾਸ਼ ਹੈ, ਜੋਤੀ ਹੈ ਗਿਆਨ ਦੀ। ਹੁਣ ਉਹ ਜੋਤੀ ਨੂੰ ਜੇ ਕਹੀਏ ਕਿ ਕਿਹੋ ਜਿਹੀ ਹੈ, ਬਿਜਲੀ ਵਰਗੀ ਹੈ, ਬਿਲਕੁਲ ਨਹੀਂ, ਸੂਰਜਾਂ ਵਰਗੀ ਹੈ? ਕਹਿੰਦੇ ਬਿਲਕੁਲ ਨਹੀਂ। ਉਹ ਤਾਂ ਚਾਨਣਾ ਹੋਰ ਕਿਸਮ ਦਾ ਹੈ। ਅਨੁਭਵ ਦੇ ਵਿਚ ਪ੍ਰਕਾਸ਼ ਹੈ। ਉਥੇ ਹਨ੍ਹੇਰਾ ਨਹੀਂ ਹੈ। ਉਹ ਜਦੋਂ ਪ੍ਰਕਾਸ਼ ਹੋ ਗਿਆ, ਉਹਦੇ 'ਚ ਦੇਖਣ ਨੂੰ ਕੀ ਹੋ ਗਿਆ, ਜਿਹੜਾ ਸਭ ਤੋਂ ਸੂਖਸ਼ਮ ਵਾਹਿਗੁਰੂ ਹੈ -

*ਸਭ ਮਹਿ ਏਕੁ  ਵਰਤਦਾ ਜਿਨਿ ਆਪੇ ਰਚਨ ਰਚਾਈ ॥*

*ਅੰਗ- 954*

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- 947***

ਜਦੋਂ ਉਹ ਦਿਸ ਗਿਆ, ਉਸ ਵੇਲੇ ਸਮਝ ਲਓ ਇਹ ਮਾਇਆ ਦੇ ਭਵਜਲ ਨੂੰ ਤਰ ਗਿਆ ਤੇ ਪਰਲੇ ਕੰਢੇ ਪਹੁੰਚ ਗਿਆ, ਨਾਮ ਵਾਲੇ ਕੰਢੇ 'ਤੇ। ਜਦੋਂ ਨਾਮ ਮੰਡਲ 'ਚ ਪਹੁੰਚ ਗਿਆ, ਮਾਇਆ ਦੇ ਵਿਚ ਉਦਾਸ ਹੋ ਗਿਆ। ਸੋ ਉਸ ਅਵਸਥਾ ਦੇ ਵਿਚ ਰਾਜਾ ਜਨਕ ਪਹੁੰਚ ਗਿਆ ਸੀ। ਪਹੁੰਚਿਆ ਕੀਹਦੀ ਮਦਦ ਦੇ ਨਾਲ? ਗੁਰੂ ਦੀ ਮਦਦ ਦੇ ਨਾਲ। ਗੁਰੂ ਨੇ ਚਾਬੀ ਦੇ ਦਿਤੀ, ਬੜੀ ਸੁਖਾਲੀ ਚਾਬੀ ਦੇ ਦਿਤੀ। ਪਰ ਉਹਨੇ ਕੁਰਬਾਨੀ ਵੀ ਬਹੁਤ ਕਰੀ। ਸਭਾ 'ਚ ਐਲਾਨ ਕਰ ਦਿੰਦੈ ਕਿ ਮੈਂ ਗੁਰੂ ਧਾਰਨ ਉਸ ਨੂੰ ਕਰਨੈ ਜਿਹੜਾ ਘੋੜੇ ਦੀ ਰਕਾਬ 'ਚ ਪੈਰ ਪਾਉਣ ਤੋਂ ਦੂਜੇ ਪਾਸੇ ਪਾਉਣ ਤੱਕ ਮੈਨੂੰ ਗਿਆਨ ਕਰਾ ਦੇਵੇ। ਇਹਦਾ ਮਤਲਬ ਇਕ ਮਿੰਟ ਤਾਂ ਬਹੁਤਾ ਹੈ 15 ਸੈਕਿੰਡ ਦੇ ਅੰਦਰ ਜਿਹੜਾ ਗਿਆਨ ਕਰਾ ਦੇਵੇ ਉਹ ਗੁਰੂ ਹੈ। ਬੜਾ ਉਹਨੂੰ ਮਾਣ ਸੀ ਕਿ ਭਾਰਤ ਵਰਸ਼ ਦੇ ਰਿਸ਼ੀਆਂ-ਮੁਨੀਆਂ ਦੇ ਮੁਕਾਬਲੇ 'ਤੇ ਜਿਨ੍ਹਾਂ ਨੇ ਵੇਦਾਂ ਦੀ ਰਚਨਾਂ ਕੀਤੀ, ਕਿ ਇਨ੍ਹਾਂ ਤੋਂ ਵੱਧ ਕਿਹੜਾ ਗਿਆਨਵਾਨ ਹੋਣੈ? ਸਾਰਿਆਂ ਨੇ ਨੀਵੀਆਂ ਪਾ ਲਈਆਂ ਕਿ ਆਦਮੀ ਦੇ ਅੰਦਰ ਤਿੰਨ ਦੋਸ਼ - ਮਲ, ਵਿਖਸ਼ੇਪ ਤੇ ਆਵਰਨ ਹੁੰਦੇ। ਮੈਲ ਤਾਂ ਐਨੀ ਹੈ ਕਿ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***

***ਅੰਗ- 651***

ਕਾਲਾ ਵੀ ਹੋ ਗਿਆ ਤੇ ਐਨਾ ਕਾਲਾ ਹੋ ਗਿਆ ਕਿ ਸਿਆਹੁ ਰੰਗ ਹੋ ਗਿਆ ਜਿਵੇਂ ਗੂੜ੍ਹਾ ਹਨ੍ਹੇਰਾ ਹੁੰਦੈ। ਇਹ ਕਿਵੇਂ ਚਾਨਣਾ ਹੋ ਜਾਏਗਾ ਜਿੰਨਾਂ ਚਿਰ ਸ਼ੁਭ ਕਰਮ ਨਹੀਂ ਕਰਦਾ। ਨਿਸ਼ਕਾਮ ਕਰਮਾਂ ਦੇ ਨਾਲ ਅੰਤਸ਼ਕਰਣ ਦੀ ਮੈਲ ਉਤਰਦੀ ਹੈ। ਫੇਰ ਉਪਾਸ਼ਨਾ ਹੈ, ਉਪਾਸ਼ਨਾ ਤਾਂ ਅਸੀਂ ਜਾਣਦੇ ਹੀ ਨਹੀਂ, ਕੀ ਹੈ? ਕਿਸੇ ਵਿਰਲੇ ਨੂੰ ਪਤੈ ਕਿ ਉਪਾਸ਼ਨਾ ਕੀ ਹੈ? ਹੁਣ ਤਾਂ ਅਸੀਂ ਚਲਦੇ ਹੀ ਨਹੀਂ, ਕਿਸੇ ਤੋਂ ਪੁੱਛਣਾ ਅਸੀਂ ਇਸ ਤਰ੍ਹਾਂ ਸਮਝਦੇ ਹਾਂ ਕਿ ਜੇ ਪੁੱਛ ਲਿਆ ਕਿਤੇ ਗੁਰੂ ਨਾ ਬਣ ਜਾਏ। ਆਹ ਵਹਿਮ ਸਾਡੇ ਮਨ 'ਚ ਪੈ ਗਿਆ। ਅਸੀਂ ਪੁੱਛਦੇ ਹੀ ਨਹੀਂ ਸਾਧੂ-ਸੰਤਾਂ ਨੂੰ। ਨਾ ਸਾਧੂ ਸੰਤ ਦਸਦੇ ਨੇ। ਚੁੱਪ ਰਹਿੰਦੇ ਨੇ ਕਿ ਠੀਕ ਹੈ ਜਦ ਜੀਵ ਦੇ ਭਾਗ ਹੀ ਨਹੀਂ ਬਣੇ, ਮੱਲੋ-ਮੱਲੀ ਇਹਨੂੰ ਦੱਸੋ। ਪਹਿਲਿਆਂ ਸਮਿਆਂ 'ਚ ਇਹ ਗੱਲਾਂ ਵਿਧੀ ਨਾਲ ਚੱਲਿਆ ਕਰਦੀਆਂ ਸੀ। ਹੁਣ ਹੋਰਾਂ ਸੰਪਰਦਾਵਾਂ 'ਚ ਚਲਦੀਆਂ ਨੇ। ਉਹ ਤਰੀਕੇ ਨਾਲ ਦਰਜਾ-ਬ-ਦਰਜਾ ਨਾਮ ਦੇ ਵਿਚ ਲਾਉਂਦੇ ਨੇ। ਅਸੀਂ ਹੀ ਹਾਂ ਖੁੱਲ੍ਹਾ ਪੰਥ ਕਿ ਅਸੀਂ ਅੰਮ੍ਰਿਤ ਛਕ ਲਿਆ, ਬੱਸ ਹੁਣ ਛੁੱਟੀਆਂ ਸਾਨੂੰ। ਕੋਈ ਤਾਂ ਕਹਿ ਦੇਵੇ ਕਿ ਮੈਨੂੰ ਲੱਭਿਆ ਨਹੀਂ। ਕਹਿੰਦੇ ਨੇ ਕਿ ਮੈਂ ਅੰਮ੍ਰਿਤ ਛਕ ਲਿਆ ਬੱਸ ਮੈਂ ਹੁਣ ਹੋ ਗਿਆ ਪੂਰਾ। ਅੰਮ੍ਰਿਤ ਤਾਂ ਛਕਿਆ ਨਹੀਂ, ਅੰਮ੍ਰਿਤ ਤਾਂ ਤੇਰੇ ਅੰਦਰ ਪਿਐ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥* ***ਅੰਗ- 644***

ਅਜੇ ਤਾਂ ਤੂੰ ਮਨ ਦੇ ਪਿੱਛੇ ਲੱਗਣ ਵਾਲਾ ਬੰਦਾ ਹੈਂ। ਮਨ ਦੀਆਂ ਗੱਲਾਂ ਕਰਦੈ। ਕਹਿੰਦੇ, ਨਾ ਜੀ, ਮੈਂ ਤਾਂ ਗੁਰੂ ਦੀ ਬਾਤ ਕਰਦਾਂ।

ਕਹਿੰਦੇ, ਗੁਰੂ ਦੀ ਕਰਦੈਂ?

ਕਹਿੰਦੇ, ਗੁਰੂ ਕਹਿੰਦੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
***ਅੰਗ- 677***

ਤੇਰੇ ਯਾਦ ਰਹਿੰਦੈ 24 ਘੰਟੇ ਜਿਹੜਾ ਰੱਬ ਤੇਰੇ ਨਾਲ ਰਹਿੰਦੈ?

ਕਹਿੰਦਾ, ਇਹ ਤਾਂ ਰਹਿੰਦਾ ਨਹੀਂ।

ਫੇਰ ਕੀ ਰਹਿੰਦੈ?

ਕਹਿੰਦਾ, ਫੁਰਨੇ ਆਉਂਦੇ ਨੇ, ਕਾਰੋਬਾਰ ਕਰਦੇ ਹਾਂ। ਫੇਰ ਤਾਂ ਮਨ ਦੇ ਪਿੱਛੇ ਲੱਗਣ ਵਾਲਾ ਮਨਮੁਖ ਹੈਂ ਤੂੰ। ਤੈਨੂੰ ਅੰਮ੍ਰਿਤ ਦਾ ਸਵਾਦ ਨਹੀਂ ਆਇਆ। ਅੰਮ੍ਰਿਤ ਦਾ ਸਵਾਦ ਆਉਂਦੈ ਗੁਰਮੁਖਾਂ ਨੂੰ। ਤੇਰੇ ਵਾਲੇ ਅੰਮ੍ਰਿਤ ਦੇ ਉਤੇ ਤਾਂ ਪਹਿਰਾ ਲੱਗਿਆ ਹੋਇਐ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥*
***ਅੰਗ- 600***

ਅੰਮ੍ਰਿਤ ਤਾਂ ਤੂੰ ਅੰਦਰੋਂ ਛਕਣੈ, ਉਹ ਤਾਂ 'ਨਾਮ' ਅੰਮ੍ਰਿਤ ਹੈ, ਦੂਸਰਾ ਬ੍ਰਹਮਗਿਆਨ ਅੰਮ੍ਰਿਤ ਹੈ। ਅਜੇ ਨਾਮ ਅੰਮ੍ਰਿਤ ਤੱਕ ਨਹੀਂ ਤੂੰ ਪਹੁੰਚ ਸਕਿਆ, ਬ੍ਰਹਮਗਿਆਨ ਅੰਮ੍ਰਿਤ ਤੱਕ ਕਿਵੇਂ ਜਾਏਂਗਾ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦੱਸਿਆ ਕਰਦੇ ਸੀ ਉਹ ਕਿਸੇ-ਕਿਸੇ ਦੀ ਗੱਲ ਸਮਝ 'ਚ ਆਉਂਦੀ ਸੀ, ਟਾਂਵੇ-ਟਾਂਵੇ ਦੇ ਉਹ ਸੁਣ ਕੇ ਕੰਨਾਂ ਦਾ ਵਿਸ਼ਾ ਬਣਾ ਕੇ ਹਟ ਜਾਂਦੇ ਸੀ। ਬਥੇਰਾ ਖੋਲ੍ਹ ਕੇ ਦਸਦੇ ਸੀ ਕਿ ਇਨ੍ਹਾਂ ਦੇ ਸਮਝ 'ਚ ਆ ਜਾਏ। ਲੇਕਿਨ ਨਹੀਂ ਆਉਂਦੀ ਸੀ, ਉਥੇ ਦੇ ਉਥੇ ਰਹਿੰਦੇ ਸੀ, ਚੰਗੇ ਭਲੇ ਬੰਦੇ ਹਰ ਵਕਤ ਨਾਲ ਰਹਿਣ ਵਾਲੇ, ਬੜੇ ਉਪਦੇਸ਼ ਕਰਨ ਵਾਲੇ, ਥਾਂ ਦੀ ਥਾਂ ਖੜ੍ਹੇ ਸੀ, ਤੁਰਦੇ ਨਹੀਂ ਸੀ। ਸੋ ਇਸ ਕਰਕੇ ਇਹ ਜਿਹੜਾ 'ਨਾਮ' ਦਾ ਮੰਡਲ ਹੈ, ਇਸ ਲਈ ਉਪਾਸ਼ਨਾ ਦੇ ਵਿਚੋਂ ਲੰਘਣਾ ਪੈਂਦੇ। ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ, ਇਕ ਬਾਹਰਲੀ ਇਕ ਅੰਤਰੀਵ। ਅੰਤਰੀਵ ਉਪਾਸ਼ਨਾ ਦੇ ਅੰਤ ਦੇ ਉਤੇ ਇਕ ਤ੍ਰਿਕੁਟੀ ਆਉਂਦੀ ਹੈ। ਧਿਆਤਾ, ਧਿਆਨ, ਧੇਅ ਦੀ। ਉਹ ਜੇ ਤ੍ਰਿਕੁਟੀ ਨਹੀਂ ਟੁੱਟੀ ਤਾਂ ਅਗਾਂਹਾਂ ਕਿਵੇਂ ਜਾਏਗਾ, ਗਿਆਨ

ਦੇ ਮੰਡਲ 'ਚ ਜਾ ਨਹੀਂ ਸਕਦਾ। ਉਹ ਤ੍ਰਿਕੁਟੀ ਜਿਹੜੀ ਹੈ, ਉਹਦਾ ਪ੍ਰੈਕਟੀਕਲ ਹੈ, ਸੰਤਾਂ ਨੂੰ ਜਦੋਂ ਦਸਦਾ ਹੈ ਉਹ ਕਿ ਮਹਾਰਾਜ! ਮੈਨੂੰ ਇਸ ਤਰ੍ਹਾਂ ਅਨੁਭਵ ਹੋਣ ਲੱਗ ਗਿਆ। ਉਹ ਸੁਣੀ ਜਾਂਦੇ ਨੇ ਕਹਿੰਦੇ ਨੇ ਕਿ ਹੋਰ ਮਿਹਨਤ ਕਰ, ਹੋਰ ਕਰ। ਜਿਸ ਵਕਤ ਸੱਚਮੁੱਚ ਉਹ ਚੀਜ਼ ਆ ਜਾਂਦੀ ਹੈ, ਸੰਤ ਕਹਿੰਦੇ ਨੇ ਕਿ ਠੀਕ ਹੈ ਹੁਣ ਅਗਾਂਹਾਂ ਚੱਲ। ਤੇਰੀ ਤ੍ਰਿਕੁਟੀ ਟੁੱਟ ਗਈ। ਤ੍ਰਿਕੁਟੀਆਂ ਆਉਂਦੀਆਂ ਨੇ ਸਾਨੂੰ ਪਤਾ ਨਹੀਂ ਲਗਦਾ। ਅਸੀਂ ਕਹਿ ਦਿੰਦੇ ਹਾਂ ਕਿ ਆਗਿਆ ਚੱਕਰ ਤੋਂ ਬਾਅਦ ਤ੍ਰਿਕੁਟੀ ਦਾ ਮੰਡਲ ਆਉਂਦੈ, ਕਿਹੜੀ ਤ੍ਰਿਕੁਟੀ ਹੈ, ਕਿਹੋ ਜਿਹੀ ਹੈ ਉਹ। ਚੀਜ਼ ਕੀ ਹੈ, ਜਿਹੜੀ ਹੈਗੀ।

ਸੋ ਇਸ ਤੋਂ ਬਾਅਦ ਅਵਰਨ ਦਾ ਪੜਦਾ ਆਉਂਦੈ। ਪਹਿਲਾਂ ਆਪਣੇ ਆਪ ਨੂੰ ਕਾਬਲ ਬਣਾਉਣਾ ਪੈਂਦੈ। ਵਿਖਸ਼ੇਪਤਾ ਹਟਦੀ ਹੈ ਉਪਾਸ਼ਨਾ ਦੇ ਨਾਲ ਤੇ ਆਵਰਨ ਹਟਦੈ ਗਿਆਨ ਦੇ ਨਾਲ। ਗਿਆਨ ਤੋਂ ਬਾਅਦ ਫੇਰ ਵਿਗਿਆਨ ਆਉਂਦੈ। ਗਿਆਨ ਵਾਲੀ ਜ਼ਿੰਦਗੀ ਜਿਹਨੂੰ ਕਹਿੰਦੇ ਨੇ ਜਿਹਦੇ ਵਿਚ ਅਵਸਥਾ ਆਉਂਦੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ- 275*

ਉਹ ਅਵਸਥਾ ਆਉਂਦੀ ਹੈ ਗਿਆਨ ਦੇ ਮੰਡਲ ਦੀ। ਜਦੋਂ ਗਿਆਨ ਦਾ ਪ੍ਰਕਾਸ਼ ਹੋ ਗਿਆ, ਜੀਵਨ 'ਚ ਪਲਟਾ ਆ ਜਾਣੈ। ਐਸਾ ਜੀਵਨ ਪ੍ਰਾਪਤ ਹੋ ਜਾਂਦੈ।

ਸੋ ਸਾਰੇ ਮਹਾਤਮਾ ਨੇ ਨੀਵੀਆਂ ਪਾ ਲਈਆਂ ਕਿ ਗਿਆਨ? ਕਿ ਐਡੀ ਵੱਡੀ ਉੱਤਮ ਚੀਜ਼ ਇਹ ਰਾਜੇ ਨੂੰ ਕਿਵੇਂ ਕਰਾ ਦੇਈਏ? ਅਰੁ 15 ਸੈਕਿੰਟ ਦਾ ਸਮਾਂ ਹੈ। ਅਸ਼ਟਾਵਕਰ ਅੱਠ ਸਾਲ ਦਾ ਬੱਚਾ, ਸਰੀਰ 'ਚ ਅੱਠ ਵਲ ਪੈਂਦੇ ਨੇ, ਉਠਿਆ, ਕਹਿਣ ਲੱਗਿਆ, ਰਾਜਨ! ਘੋੜਾ ਮੰਗਾ। ਘੋੜਾ ਮੰਗਾ ਲਿਆ, ਮੰਗਾ ਕੇ ਪੈਰ ਰੱਖ ਲਿਆ ਰਕਾਬ ਵਿਚ।

ਕਹਿੰਦੇ, ਠਹਿਰ? ਪਹਿਲਾਂ ਗੁਰੂ ਦਖਸ਼ਣਾ ਦੇਹ।

ਕਹਿੰਦਾ, ਹੁਕਮ ਕਰੋ।

ਕਹਿੰਦੇ, ਗੁਰੂ ਜੋ ਦਖਸ਼ਣਾ ਮੰਗਦੈ, ਜਿਹੜਾ ਕੁਛ ਤੇਰੇ ਕੋਲ ਹੈਗਾ, ਉਹ ਸਭ ਕੁਛ ਮੈਨੂੰ ਦੇ-ਦੇ।

ਹੁਣ ਆਪਾਂ ਦੇਖੋ ਕਿ ਕੀ ਦੇਈਏ ਗੁਰੂ ਨੂੰ? ਗੁਰੂ ਤਾਂ ਕਹਿੰਦੈ, ਬੜੀ ਸੁਖਾਲੀ ਜ਼ੁਬਾਨ ਜਿਹੜੀ ਸਾਨੂੰ ਸਮਝ 'ਚ ਆਉਂਦੀ ਹੈ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ- 918***

ਅਗਾਂਹਾਂ ਕੀ ਕਰੀਏ?

ਕਹਿੰਦੇ, ਫੇਰ ਹੁਕਮ ਮੰਨੀਏ।

ਹੁਕਮ ਮੰਨ ਕੇ, ਫੇਰ 'ਪਾਈਐ।' ਆਹ ਐਨਾ ਕੁ ਹੈ ਸਾਰੀ ਗੱਲ ਦਾ ਫਾਰਮੂਲਾ ਕਿ ਪਹਿਲਾਂ ਅਰਪਣ ਕਰ ਦੇ। ਫੇਰ ਤੂੰ ਹੁਕਮ ਦੇ ਵਿਚ ਚੱਲ। ਫੇਰ ਤੈਨੂੰ ਮਿਲ ਜਾਏਗਾ। ਇਸ ਤਰ੍ਹਾਂ ਦੇ ਨਾਲ ਪੜ੍ਹ ਲਓ-

***ਧਾਰਨਾ - ਗੁਰਾਂ ਨੂੰ ਮਨਾ ਲਈਏ,***
***ਤਨ ਮਨ ਧਨ ਦੇ ਕੇ।***

'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ' ਬਿਲਕੁਲ ਗਲਤ, ਅਸੀਂ ਇਹ ਗੱਲ ਨਹੀਂ ਸਮਝ ਸਕਦੇ ਮਹਾਰਾਜ! ਤੇਰਾ ਸਾਡਾ ਸਾਥ ਨਹੀਂ ਚੱਲ ਸਕਦਾ। ਅਸੀਂ ਤਨ ਵੀ ਆਪਣਾ ਰੱਖਣੈ, ਮਨ ਵੀ ਰੱਖਣੈ, ਧਨ ਵੀ ਰੱਖਣੈ। ਕੁਛ ਪ੍ਰੇਮੀ ਨਿਕਲਦੇ ਨੇ ਕਿ ਅਸੀਂ ਤਾ ਸਉਂਪ ਦਿਤਾ। ਅਸੀਂ ਆਪਣਾ ਘਰ ਛੱਡ ਆਂਦਾ। ਅਸੀਂ ਡੇਰੇ 'ਚ ਰਹਿਣਾ ਸ਼ੁਰੂ ਕਰ ਦਿਤਾ, ਗੁਰੂ ਦੇ ਹਜ਼ੂਰ ਰਹਿਣਾ ਸ਼ੁਰੂ ਕਰ ਦਿਤਾ, ਸਾਡਾ ਤਨ ਤਾਂ ਗੁਰੂ ਦਾ ਹੋ ਗਿਆ, ਕਹਿੰਦੇ ਅਗਾਂਹਾਂ ਮਨ? ਮਨ ਨਹੀਂ ਸੌਂਪ ਸਕਦਾ, ਤਨ ਵੀ ਨੀਂ ਸੌਂਪ ਸਕਦਾ ਪੂਰੀ ਤਰ੍ਹਾਂ। ਜਦੋਂ ਮਨ ਨਹੀਂ ਸੌਂਪਿਆਂ, ਕੀ ਸੌਂਪਿਐ? ਚਲੋ ਧਨ ਆਦਮੀ ਨੇ ਸੌਂਪ ਦਿਤਾ, ਦੇ ਦਿਤਾ। ਤਨ ਵੀ ਦੇ ਦਿਤਾ, ਮਨ ਤਾਂ ਨਹੀਂ ਦਿਤਾ। ਮਨ ਦੇ ਦਿਤਾ ਤਾਂ ਫੇਰ ਬਣ ਗਿਆ ਸਭ ਕੰਮ। ਜੇ ਮਨ ਆਪਣੇ ਕੋਲ ਰੱਖ ਲਿਆ, ਇਹੀ ਤਾਂ ਪੁਆੜੇ ਦੀ ਜੜ੍ਹ ਹੈ ਸਾਰੀ-

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ ॥ ਅੰਗ- 342***

ਮਹਾਤਮਾ ਕਹਿਣ ਲੱਗੇ, ਜਨਕ! ਗੁਰੂ ਦੱਛਣਾ ਦੇ। ਜੋ ਕੁਛ ਤੇਰੇ ਕੋਲ ਹੈ ਮੈਨੂੰ ਦੇ-ਦੇ। ਅਰਪ ਦੇ ਜੇ ਗਿਆਨ ਲੈਣੈ ਪੰਦਰਾਂ ਸੈਕਿੰਡ ਦੇ ਅੰਦਰ-ਅੰਦਰ। ਘੋੜੇ ਤੋਂ ਚੜ੍ਹਨ ਨੂੰ ਤਾਂ ਦੇਰ ਲੱਗੂ, ਉਸ ਤੋਂ ਪਹਿਲਾਂ ਹੀ ਤੈਨੂੰ ਗਿਆਨ ਹੋ ਜਾਊ, ਪਹਿਲਾਂ ਤੂੰ ਦੱਛਣਾ ਦੇ। ਦੇਹ, ਕੀ ਦਿੰਦੈ?

ਸੋਚਣ ਲੱਗ ਗਿਆ। ਕਹਿਣ ਲੱਗਿਆ, ਮਹਾਰਾਜ ਮੈਂ ਧਨ ਦਿੰਦਾ ਆਪ ਨੂੰ ਸਾਰਾ।

ਕਹਿੰਦੇ, ਦੇਖ, ਰਾਜ ਦੀ ਕਿਸੇ ਚੀਜ਼ 'ਤੇ ਤੇਰਾ ਅਧਿਕਾਰ ਨਹੀਂ

ਕਿਉਂਕਿ ਧਨ ਤੂੰ ਸਾਨੂੰ ਦੇ ਦਿਤਾ। ਚੂਲੀ ਛੱਡ। ਕਹਿੰਦੇ ਨਾ ਹੁਣ ਤੇਰੇ ਘੋੜੇ ਨੇ, ਨਾ ਕੋਈ ਪੈਸਾ ਟਕਾ ਹੈ, ਨਾ ਕੱਪੜੇ ਨੇ, ਨਾ ਗਹਿਣੇ ਨੇ। ਠੀਕ ਹੈ, ਸਮਝ ਗਿਆ?

ਕਹਿੰਦਾ, ਹਾਂ ਸਮਝ ਗਿਆ।

ਚੱਲ ਅੱਗੇ ਦੇਹ।

ਕਹਿੰਦਾ, ਮਹਾਰਾਜ ਮੈਂ ਤਨ ਵੀ ਦੇ ਦਿਤਾ।

ਕਹਿੰਦੇ, ਕੀ ਸਮਝਦੈ ਤਨ ਨੂੰ?

ਕਹਿੰਦਾ, ਆਹ ਜਿਹੜਾ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ ਇਹ ਮੈਂ ਤੁਹਾਨੂੰ ਦੇ ਦਿਤਾ। ਕਹਿੰਦੇ, ਚੰਗਾ ਇਹ ਜੇ ਦੇ ਦਿਤਾ, ਇਹਨੂੰ ਚਾਹੇ ਮੈਂ ਹੁਣ ਪਾਣੀ ਵਿਚ ਡੋਬ ਦੇਵਾਂ, ਚਾਹੇ ਧੁੱਪ 'ਚ ਖੜ੍ਹਾ ਦੇਵਾਂ, ਚਾਹੇ ਅੱਗ 'ਚ ਬਿਠਾ ਦੇਵਾਂ, ਹੁਣ ਮੇਰਾ ਅਧਿਕਾਰ ਹੋ ਗਿਆ ਨਾ। ਤੇਰਾ ਤਾਂ ਤਨ ਨਹੀਂ ਰਿਹਾ, ਹੁਣ ਮੇਰੀ ਮਰਜ਼ੀ ਹੈ ਜਿੱਥੇ ਮੈਂ ਜੀਅ ਕਰਾਂ ਇਸ ਤਨ ਦੀ ਵਰਤੋਂ ਕਰਾਂ। ਚਾਹੇ ਘਾਹ ਪੁਟਾਈ ਜਾਵਾਂ, ਚਾਹੇ ਮੈਂ ਕੁਛ ਕਰਾਂ, ਸਮਝ ਕੇ ਗੱਲ ਕਰੀਂ।

ਕਹਿੰਦਾ, ਦੇ ਦਿਤਾ ਮਹਾਰਾਜ।

ਕਹਿੰਦੇ, ਹੁਣ ਅੱਗੇ ਚੱਲ।

ਕਹਿੰਦਾ, ਮਹਾਰਾਜ! ਮੈਂ ਮਨ ਵੀ ਦੇ ਦਿਤਾ।

ਕਹਿੰਦੇ, ਮਨ ਦੇ ਨਾਲ ਹੋਰ ਚੀਜ਼ ਕਿਹੜੀ ਹੈ?

ਤੇਰੇ ਕੋਲ ਤਾਂ ਅਜੇ ਬਹੁਤ ਕੁਛ ਬਚ ਗਿਆ। ਮੈਂ ਕਿਹਾ ਕਿ ਮੈਨੂੰ ਸਭ ਕੁਛ ਦੇਹ। ਸਰਬੰਸ ਅਰਪਣ ਕਰ। ਤੂੰ ਤਾਂ ਬਚਾਈ ਬੈਠਾ ਹੈਂ ਅਜੇ।

ਖਿਆਲ ਆ ਗਿਆ ਕਿ ਸ਼ਾਸਤਰਾਂ 'ਚ ਮੈਂ ਸੁਣਦਾ ਸੀ ਕਿ ਮਨ ਨੂੰ ਕੰਟਰੋਲ ਕਰਨ ਵਾਲੀ ਚੀਜ਼ ਹੁੰਦੀ ਹੈ ਬੁੱਧੀ। ਬੁੱਧੀ ਨਿਰਣਾ ਕਰਦੀ ਹੈ ਕਿ ਮੈਂ ਗਲਤ ਕਰ ਰਿਹਾ ਹਾਂ ਕਿ ਸਹੀ ਕਰ ਰਿਹਾਂ।

ਕਹਿੰਦਾ, ਮਹਾਰਾਜ! ਮੈਂ ਬੁੱਧੀ ਵੀ ਤੁਹਾਡੇ ਚਰਨਾਂ 'ਚ ਭੇਟਾ ਕਰ ਦਿਤੀ।

ਕਹਿੰਦੇ, ਹੁਣ ਅਗਾਂਹਾਂ ਕੀ ਰਹਿ ਗਿਆ ਤੇਰੇ ਕੋਲ?

ਕਹਿੰਦਾ, ਮਹਾਰਾਜ! ਮੇਰੇ ਕੋਲ ਚਿੱਤ ਰਹਿ ਗਿਆ।

ਚਿੱਤ ਹੈ ਨਾ ਤੇਰਾ, ਕਹਿੰਦੇ ਹਾਂ ਕਿ ਅੱਜ ਮੇਰਾ ਚਿੱਤ ਨਹੀਂ ਲਗਦਾ, ਅੱਜ ਮੇਰਾ ਚਿੱਤ ਬੜਾ ਪ੍ਰਸੰਨ ਹੋਇਆ ਦੇਖ ਕੇ। ਇਹ ਵੀ ਦੇ ਦੇ। ਚਿੱਤ ਦਾ ਵੀ ਸੰਕਲਪ ਕਰ ਦਿਤਾ, ਚੂਲੀ ਛੱਡ ਦਿਤੀ।

ਕਹਿੰਦੇ, ਹੁਣ ਹੋਰ ਦੇਹ। ਤੇਰੇ ਕੋਲ ਜਿਹੜੀ ਅਸਲੀ ਚੀਜ਼ ਹੈ ਉਹ

ਤਾਂ ਲਕੋਈ ਬੈਠਾ ਹੈਂ।

ਹੁਣ ਸਮਝ 'ਚ ਨਹੀਂ ਆਉਂਦੀ, ਕਹਿੰਦਾ, ਮਹਾਰਾਜ! ਮੈਂ ਤਾਂ ਸਭ ਕੁਛ, ਕੱਪੜੇ ਲੀੜੇ, ਤਨ ਦੇ ਨਾਲ ਇਹ ਵੀ ਚਲੇ ਗਏ। ਸਭ ਕੁਛ ਦੇ ਦਿਤੇ ਤੇ ਮਨ ਦੇ ਨਾਲ ਸਾਰੇ ਫੁਰਨੇ ਦੇ ਦਿਤੇ, ਬੁੱਧੀ ਦੇ ਨਾਲ ਸਾਰਾ ਗਿਆਨ ਦੇ ਦਿਤਾ ਜਿੰਨਾਂ ਮੈਨੂੰ ਹੈ, ਜਿੰਨੀਆਂ ਕਿਤਾਬਾਂ ਪੜ੍ਹੀਆਂ ਨੇ ਜਿੰਨੇ ਸ਼ਾਸਤਰ ਸੁਣੇ ਨੇ, ਮਹਾਰਾਜ! ਤੁਹਾਡੇ ਚਰਨਾਂ 'ਚ ਭੇਟਾ ਕਰ ਦਿਤੇ। ਚਿੱਤ ਵੀ ਮੈਂ ਦੇ ਦਿਤਾ ਤੇ ਹੁਣ ਮੇਰੇ ਕੋਲ ਬਾਕੀ ਕੀ ਰਹਿ ਗਿਆ?

ਕਹਿੰਦੇ, ਜਿਹੜਾ ਕਹਿੰਦਾ ਹੈਂ ਨਾ ਕਿ ਮੇਰੇ ਕੋਲ ਬਾਕੀ ਕੀ ਰਹਿ ਗਿਆ? 'ਮੇਰਾ' ਤਾਂ ਰਹਿ ਗਿਆ ਨਾ ਤੇਰੇ ਕੋਲ। ਕੀਹਦੇ ਕੋਲ ਹੈ? ਜਿਹਨੂੰ ਮੇਰਾ ਕਹਿੰਦਾ ਹੈਂ, ਉਹ ਕਿਹੜੀ ਚੀਜ਼ ਹੈ ਜਿਹੜੀ ਤੇਰੇ ਕੋਲ ਹੈ।?

ਮਹਾਰਾਜ ਵੀ ਇਸੇ ਤਰ੍ਹਾਂ ਕਹਿੰਦੇ ਕਿ ਪਿਆਰਿਓ! ਗੁਰੂ ਦੇ ਅਰਪਣ ਤਾਂ ਤੁਸੀਂ ਕਰ ਦਿਤਾ, ਪਰ ਅਸਲੀ ਚੀਜ਼ ਤੁਸੀਂ ਆਪਣੇ ਕੋਲ ਰੱਖ ਲਈ।

***ਧਾਰਨਾ - ਕਹਾਂ ਕੋਊ ਤਿਆਗੀ,***
***ਬਿਨ ਹਉਂ ਤਿਆਗੇ।***

***ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ ਅੰਗ- 1140***

ਜਿਹੜੀ ਚੀਜ਼ ਛੱਡਣੀ ਹੈ, ਜਿਹਨੇ ਤੈਨੂੰ ਪ੍ਰਮੇਸ਼ਰ ਤੋਂ ਅਲਾਹਿਦਾ ਕਰ ਦਿਤਾ, ਉਹ ਤਾਂ ਤੂੰ ਆਪਣੇ ਕੋਲ ਰੱਖੀਂ ਬੈਠੈਂ -

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ***
***ਤੋਰੀ ਜਨ ਨਾਨਕ ਮਿਲੇ ਬਨਵਾਰੀ ॥ ਅੰਗ- 1263***

ਇਹ ਕਰਾਰੀ ਕੰਧ ਤਾਂ ਤੂੰ ਆਪਣੇ ਕੋਲ ਲਈਂ ਬੈਠੈਂ। ਇਹ ਰੱਖਣੀ ਹੈ ਕੀ ਤੂੰ? ਮੈਂ ਤੈਨੂੰ ਕਿਹੈ ਕਿ ਤੂੰ ਸਭ ਕੁਛ ਭੇਟਾ ਕਰ ਦੇ। ਉਸ ਵੇਲੇ ਆਪਣਾ ਅਹੰ ਭੇਟ ਕਰ ਦਿਤਾ। 'ਮੈਂ' ਭੇਟ ਕਰ ਦਿਤੀ ਜਿਹੜੀ ਅਸਲੀ ਚੀਜ਼ ਹੈ। ਇਥੇ ਤੱਕ ਜੇ ਤਾਂ ਕਿਸੇ ਦੀ ਬਿਰਤੀ ਜਾਂਦੀ ਹੈ ਤਾਂ ਹੁਣੇ ਸਹਿਜ ਸਮਾਧ ਲਗ ਜਾਂਦੀ ਹੈ। ਕਰਕੇ ਦੇਖ ਲਓ ਗੁਰੂ ਮਹਾਰਾਜ ਅੱਗੇ। ਆਪਣਾ ਬਚਦਾ ਨਹੀਂ ਕੁਛ ਕਿ ਮੁੜ ਕੇ ਮੈਂ ਰਹਿ ਜਾਵਾਂ। ਉਹ ਤਾਂ ਫਨਾਹ ਹੋ ਜਾਂਦੈ, ਫਿਨਾਹ-ਫਿਲਾਹ ਕਹਿੰਦੇ ਨੇ ਇਹਨੂੰ। ਚੌਥੇ ਪਦ ਦੀ ਅਵਸਥਾ ਆ ਜਾਂਦੀ ਹੈ। ਉਸ ਵੇਲੇ ਚੁੱਪ ਕਰ ਗਿਆ, ਕਿਉਂਕਿ ਹੁਣ ਛੱਡਣਾ ਕੀਹਨੇ ਸੀਗਾ ਉਹਨੂੰ। ਜੇ ਕੋਈ ਛੱਡਦੈ, ਹੋਰ ਬਚ ਜਾਂਦੈ। ਚੁੱਪ ਕਰ ਗਿਆ, ਉਸ ਵੇਲੇ। ਕਹਿੰਦਾ, ਠੀਕ ਹੈ ਮਹਾਰਾਜ। ਚੁੱਪ ਕਰਿਆ ਖੜ੍ਹਾ ਹੈ, ਹੁਣ ਪੈਰ ਨਹੀਂ ਲਗਦਾ। ਜਦੋਂ ਪੈਰ ਚੁੱਕਣ ਲੱਗਿਆ, ਕਹਿਣ ਲੱਗਿਆ, ਸਰੀਰ ਤਾਂ ਮੈਂ ਦੇ ਦਿਤਾ ਮਹਾਤਮਾ ਨੂੰ। ਸਰੀਰ ਤਾਂ ਮੇਰਾ

ਨਹੀਂ ਹੈ। ਮੇਰਾ ਸਰੀਰ ਨਹੀਂ, ਹੁਣ ਕੀਹਨੇ ਘੋੜੇ 'ਤੇ ਚੜ੍ਹਨੈ। ਫੁਰਨਾ ਕਰਨ ਲੱਗਿਆ, ਕਹਿੰਦਾ, ਮਨ ਮੈਂ ਦਿਤਾ ਹੋਇਐ। ਐਨੇ ਨੂੰ ਇਕ ਬ੍ਰਾਹਮਣ ਆ ਗਿਆ, ਉਹਨੇ ਆ ਕੇ ਫਰਿਆਦ ਕਰੀ ਕਿ ਮੇਰੀ ਲੜਕੀ ਦੀ ਬਰਾਤ ਲੁੱਟ ਲਈ। ਡਾਕੂ ਗਹਿਣੇ ਲੈ ਗਏ। ਛੇਤੀ ਕਰੋ, ਫੌਜ ਭੇਜ ਦਿਓ। ਪਹਿਲਾਂ ਖਿਆਲ ਆਇਆ ਕਿ ਮੈਂ ਛੇਤੀ ਘੋੜੇ 'ਤੇ ਚੜ੍ਹ ਕੇ ਜਾਵਾਂ। ਕਹਿਣ ਲੱਗਿਆ, ਮੈਂ! ਸਰੀਰ ਤਾਂ ਮੈਂ ਦੇ ਦਿਤਾ ਮਹਾਤਮਾ ਨੂੰ। ਹੁਣ ਮੇਰਾ ਤਾਂ ਕੁਛ ਬਚਿਆ ਹੀ ਨਹੀਂ, ਜਿਹਨੂੰ 'ਮੇਰਾ' ਕਹਿੰਦਾਂ ਹਾਂ, ਉਹ ਵੀ ਮੈਂ ਦੇ ਦਿਤਾ।

15 ਮਿੰਟ ਉਹ ਬ੍ਰਾਹਮਣ ਇਹ ਗੱਲ ਕਰੀ ਗਿਆ, 15 ਮਿੰਟ ਬਾਅਦ ਬੜੇ ਹੀ ਕ੍ਰੋਧ ਦੇ ਵਿਚ ਆ ਕੇ ਬ੍ਰਾਹਮਣ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ ਰਾਜੇ ਨੂੰ। ਉਸ ਵੇਲੇ ਰਾਜਾ ਟਸ ਤੋਂ ਮਸ ਨਹੀਂ ਹੁੰਦਾ, ਉਸੇ ਤਰ੍ਹਾਂ ਖੜ੍ਹੈ। ਉਸ ਵੇਲੇ ਮਹਾਤਮਾ ਕਹਿਣ ਲੱਗੇ, ਕਿਉਂ ਰਾਜਾ ਜਨਕ, ਹੁਣ ਤੈਨੂੰ ਅਨੁਭਵ ਕਿਵੇਂ ਹੋ ਰਿਹੈ। ਉਸ ਵੇਲੇ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ –

***ਧਾਰਨਾ – ਪ੍ਰਭ ਸਭ ਕਿਛੁ ਤੇਰਾ ਜੀ,***
***ਮੈਂ ਕਿਛੁ ਨਾਹੀ–ਮੈਂ ਕਿਛੁ ਨਾਹੀ।***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ ॥*** ***ਅੰਗ– 827***

ਕਹਿਣ ਲੱਗੇ, ਰਾਜਾ ਜਨਕ! ਦਿਖਾ ਸਕਦੈਂ, ਜਨਕ ਕੌਣ ਸੀ?

ਚੁੱਪ।

ਕੀ ਅਨੁਭਵ ਦੇਖ ਰਿਹੈਂ?

ਕਹਿੰਦਾ, ਮਹਾਰਾਜ! ਸੰਸਾਰ ਗਾਇਬ ਹੋ ਗਿਆ, ਸੰਸਾਰ ਨਾਮ ਦੀ ਕੋਈ ਚੀਜ਼ ਨਹੀਂ। ਕਹਿੰਦੇ, ਆਹ ਜਿਹੜਾ ਸਭ ਕੁਛ ਨੂੰ ਦੇਖ ਰਿਹਾ ਹੈਂ ਨਾ, ਸਾਖੀ ਰੂਪ ਹੋ ਕੇ, ਹੁਣ ਤੇਰੇ ਵਿਚ ਤੂੰਪੁਣ ਨਹੀਂ ਰਿਹਾ, ਲੇਕਿਨ ਦੇਖ ਤਾਂ ਰਿਹੈ ਨਾ ਜਗਤ ਦੇ ਵਿਚ। ਕਹਿੰਦਾ, ਹਾਂ।

ਕਹਿੰਦੇ, ਇਹ ਜਿਹੜਾ ਅਨੁਭਵ ਹੈ, ਇਹ ਪਰੀਪੂਰਨ ਸ਼ਕਤੀ ਹੈ ਸਾਰੇ। ਅਸੰਗ ਹੈ। ਇਹ ਕਦੇ ਜਨਮ ਨਹੀਂ ਲੈਂਦੀ, ਇਹ ਨਿਰਵਿਕਲਪ ਹੈ। ਇਹ ਤੂੰ ਆਪ ਹੀ ਹੈਂ। ਇਥੇ ਦੂਜਾ ਕੋਈ ਨਹੀਂ, ਆਪੇ ਹੀ ਆਪਣੀ ਖੇਲ੍ਹ ਦੇ ਵਿਚ ਤੂੰ ਮਸਤ ਹੈਂ–

***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥***
***ਨਗਰ ਮਹਿ ਆਪਿ ਬਾਹਰਿ ਫੁਨਿ ਆਪਨ***
***ਪ੍ਰਭ ਮੇਰੇ ਕੋ ਸਗਲ ਬਸੇਰਾ ॥***
***ਆਪੇ ਹੀ ਰਾਜਨੁ ਆਪੇ ਹੀ ਰਾਇਆ***

*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੂਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥* *ਅੰਗ- 827*

ਇਸ ਅਨੁਭਵ ਦੇ ਵਿਚ ਲੀਨ ਕਰ ਦਿਤਾ, ਮਿਟ ਗਿਆ ਦੂਜਾ ਭਾਉ। 'ਮੈਂ' ਖਤਮ ਹੋ ਗਈ, ਅਸਲੀ ਚੀਜ਼ ਜਿਹੜੀ ਸੀ ਉਹ ਰਹਿ ਗਈ, ਉਹ ਹੈ ਵਾਹਿਗੁਰੂ। ਰੂਪ ਬਣ ਗਿਆ, ਪ੍ਰਮੇਸ਼ਰ ਦਾ ਰੂਪ ਬਣ ਗਿਆ। ਦ੍ਵੈਤ ਮੁੱਕ ਗਈ, ਬਾਕੀ ਕੀ ਰਹਿ ਗਿਆ, ਪ੍ਰਮੇਸ਼ਰ ਹੀ ਰਹਿ ਗਿਆ। ਮਹਾਰਾਜ ਕਹਿੰਦੇ, ਜਿਹਦੀ ਇਹ ਅਵਸਥਾ ਹੁੰਦੀ ਹੈ ਨਾ, ਜਿਨ੍ਹਾਂ ਨੇ ਸਭ ਕੁਛ ਤਿਆਗ ਦਿਤਾ ਆਪਣਾ, ਮੈਂ ਵੀ ਤਿਆਗ ਦਿਤੀ, ਉਹਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ –

*ਧਾਰਨਾ – ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।*

*ਦਾਸ ਅਨਿੰਨ ਮੇਰੋ ਨਿਜ ਰੂਪ ॥* *ਅੰਗ- 1252*

ਅਕਾਲ ਪੁਰਖ ਬੋਲਦੇ ਨੇ ਕਿ ਜਿਨ੍ਹਾਂ ਨੇ 'ਮੈਂ' ਛੱਡ ਦਿਤੀ, ਸਭ ਕੁਛ ਛੱਡ ਦਿਤਾ ਗੁਰੂ ਨੂੰ, ਆਪਣੇ ਕੋਲ ਬਕਾਇਆ ਰੱਖਿਆ ਹੀ ਕੁਛ ਨਹੀਂ। ਉਹਦੇ 'ਚ ਬਕਾਇਆ ਕੀ ਰਹਿ ਗਿਆ, ਮੈਂ ਹੀ ਹਾਂ ਉਹਦੇ ਵਿਚ। ਪਹਿਲਾਂ ਵੀ ਮੈਂ ਸੀ ਲੇਕਿਨ ਹਉਮੈ ਕਰਕੇ, ਇਕ ਨਵੀਂ ਚੀਜ਼ ਪੈਦਾ ਹੋ ਗਈ ਜਿਹਨੂੰ ਜੀਵ ਆਤਮਾ ਕਹਿੰਦੇ ਸੀ, ਉਹ ਐਵੇਂ ਹੀ ਦੁਖੀ ਹੋ ਜਾਂਦੀ ਸੀ, ਕਰੋੜਾਂ ਜਨਮਾਂ 'ਚ ਭਟਕਦੀ-ਭਟਕਦੀ –

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ – 278*

ਇਹ ਜੋ ਅਵਸਥਾ ਤੇ ਅਨੁਭਵ ਹੈ, ਜਿਸ ਦਾ ਜ਼ਿਕਰ ਹੋ ਰਿਹੈ, ਇਹਨੂੰ ਕਹਿੰਦੇ ਨੇ ਨਾਮ ਦਾ ਮੰਡਲ। 'ਨਾਮ' ਉਹ ਮੰਤ੍ਰ ਹੈ 'ਵਾਹਿਗੁਰੂ-ਵਾਹਿਗੁਰੂ'। ਵਾਹਿਗੁਰੂ-ਵਾਹਿਗੁਰੂ ਕਰਕੇ ਨਾਮ ਦੇ ਮੰਡਲ 'ਚ ਪਹੁੰਚ ਗਈ ਸੁਰਤ। ਨਾਮ ਦੇ ਮੰਡਲ 'ਚ ਪਹੁੰਚ ਕੇ ਸੁਰਤ ਨੇ ਹਉਮੈ ਨੂੰ ਖਤਮ ਕਰ ਦਿਤਾ ਕਿਉਂਕਿ ਦੋਵੇਂ ਨਹੀਂ ਰਹਿੰਦੇ –

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***
***ਅੰਗ - 560***

'ਮੈਂ' ਤੇ 'ਤੂੰ' ਦਾ ਹੀ ਝਗੜੈ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅੰਗ- 657***

ਹੁਣ ਮੈਂ ਨੂੰ ਟੋਲੋ ਕਿੱਥੇ ਹੈ ਮੈਂ। ਮੁੜ ਕੇ ਮੈਂ ਬਣਦਾ ਹੀ ਨਹੀਂ, ਜਦੋਂ ਇਕ ਵਾਰੀ ਦੇਖ ਲਿਆ, ਪ੍ਰਕਾਸ਼ ਹੋ ਗਿਆ ਕਿ ਮੈਂ ਤਾਂ ਹਾਂ ਹੀ ਨਹੀਂ। ਇਹ ਤਾਂ ਆਪੇ ਹੀ ਆਪ ਹੈ, ਆਪਣੀ ਮੌਜ ਵਿਚ ਖੇਲ੍ਹਦੈ। ਦ੍ਰਿਸ਼ਟਾ ਰੂਪ ਦੇ ਅੰਦਰ ਸਾਰੇ ਸੰਸਾਰ ਨੂੰ ਦੇਖ ਰਿਹੈ, ਨਿਰਲੇਪ ਹੈ, ਅਸੰਗ ਹੈ, ਨਿਰੰਜਨ ਹੈ, ਅਜਨਮ ਹੈ, ਕਦੇ ਜਨਮ ਨਹੀਂ ਹੋਇਆ, ਕਦੇ ਮਰਿਆ ਨਹੀਂ ਹੈ, ਇਕ ਰਸ ਹੈ, ਸਤਿ ਚਿਤ ਅਨੰਦ ਤੇ ਪ੍ਰਿਅ ਹੈ। ਪਿਆਰ ਹੀ ਪਿਆਰ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਇਹ ਆਪਣਾ ਆਪ ਹੈ, ਸਤਿ ਦੀ ਬਾਤ ਹੈ। ਜਿਸ ਵਕਤ ਗਿਆਨ ਹੋਇਆ, ਉਸ ਵੇਲੇ ਐਸਾ ਪਰਿਵਰਤਨ ਹੁੰਦੈ। ਉਹਦੇ ਵਿਚ 'ਮੈਂ' ਤੇ 'ਤੂੰ' ਦੋਵੇਂ ਖਤਮ ਹੋ ਜਾਂਦੇ ਨੇ। ਜੇ ਤੂੰ ਰਹਿੰਦੀ ਹੈ ਤਾਂ ਮੈਂ ਵੀ ਹੋਣੀ ਚਾਹੀਦੀ ਹੈ। ਉਹ ਆਪੇ ਹੀ ਆਪ ਹੋ ਜਾਂਦੈ, ਆਪਣੇ ਆਪ ਹੀ –

***ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥***
***ਅੰਗ- 23***

ਆਪੇ ਹੀ ਰਾਵਣਹਾਰਾ ਹੋ ਜਾਂਦੈ, ਆਪੇ ਹੀ ਰਸ ਬਣਦੈ, ਆਪੇ ਰਸੀਆ ਹੈ। ਗੱਲ ਖਤਮ ਹੋ ਗਈ। ਇਹ ਤਾਂ ਨਹੀਂ ਕਿ ਸਰੀਰ ਨੂੰ ਕਹਿੰਦੈ ਕਿ ਮੈਂ ਹਾਂ, ਸਰੀਰ ਤਾਂ ਗਇਆ ਆਇਆ। ਉਹ ਤਾਂ ਗੁਰੂ ਦੇ ਹਵਾਲੇ ਕਰ ਦਿਤਾ।

ਐਸੀ ਜਦ ਅਵਸਥਾ ਹੋਈ ਉਸ ਵੇਲੇ ਕਹਿਣ ਲੱਗੇ, ਜਨਕ! ਕੀ ਅਨੁਭਵ ਹੋਇਆ ਤੈਨੂੰ? ਕੀ ਦੇਖ ਰਿਹੈਂ?

ਕਹਿਣ ਲੱਗਿਆ, ਹੇ ਪ੍ਰਭੂ! ਸੰਸਾਰ ਕਿੱਥੇ ਚਲਿਆ ਗਿਆ? ਇਹ ਦੁਨੀਆਂ ਕਿੱਥੇ ਚਲੀ ਗਈ? ਜਨਕ ਕਿੱਥੇ ਚਲਿਆ ਗਿਆ? ਕਿੱਥੇ ਗਈਆਂ ਉਹ ਚੀਜ਼ਾਂ ਜਿਹੜੀਆਂ ਬਾਰ-ਬਾਰ ਭੁਲਾਉਂਦੀਆਂ ਸੀ। ਕਿਉਂਕਿ ਬ੍ਰਹਮ ਦ੍ਰਿਸ਼ਟੀ ਹੋ ਗਈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
***ਅੰਗ - 846***

ਆਪੇ ਹੀ ਆਪ ਆਪਣੇ ਆਪ 'ਚ ਲੀਨ ਹੋ ਗਿਆ। ਉਸ ਵੇਲੇ ਕਹਿਣ ਲੱਗੇ, ਜਨਕ! ਹੁਣ ਤੂੰ ਸੰਸਾਰ ਦੀ ਮਰਿਆਦਾ ਦੇ ਵਿਚ ਰਹਿ ਕੇ, ਮਰਿਆਦਾ ਦੇ ਨਾਲ ਸਰੀਰ ਤੋਂ ਕੰਮ ਲੈ, ਰਾਜ ਦੇ ਕੰਮ ਕਰ। ਮੇਰੇ ਮਨ

ਦੇ ਨਾਲ ਫੁਰਨਾ ਜੋ ਕਰਨੈ, ਉਹ ਜੋ ਤੇਰਾ ਨਿਜ ਰਾਜ ਧਰਮ ਹੈ, ਉਹਦੇ ਮੁਤਾਬਿਕ ਫੁਰਨਾ ਕਰਨੈ। ਇਹਦੇ ਵਿਚ ਨਿਰਮਲ ਮੈਂ ਦੀ ਵਰਤੋਂ ਕਰਨੀ ਹੈ, ਅਸੰਗ ਰਹਿ ਕੇ। ਕੰਮ ਸਾਰੇ ਕਰਨੇ ਨੇ, ਲੇਕਿਨ ਹੁਕਮ ਜਾਨਣੈ ਸਾਈਂ ਦਾ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ- 1*

ਇਹ ਹੁਕਮ ਦੀ ਖੇਡ ਹੋ ਰਹੀ ਹੈ। ਐਸੀ ਅਵਸਥਾ ਦੇ ਵਿਚ ਗਿਆਨ ਪ੍ਰਾਪਤ ਕਰਕੇ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਹ ਰਾਜਾ ਜਨਕ –

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ।*

*ਭਾਈ ਗੁਰਦਾਸ ਜੀ, ਵਾਰ 10/5*

ਇਹਨੂੰ ਕਹਿੰਦੇ ਨੇ ਮਾਇਆ ਦੇ ਵਿਚ ਉਦਾਸ ਹੋਣਾ–

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- 1291*

ਸੋ ਉਸ 'ਨਾਮ' ਦਾ ਪ੍ਰਤਾਪ ਕਿੰਨੈ, ਜਿਸ ਦਾ ਜ਼ਿਕਰ ਹੋ ਰਿਹੈ ਕਿ ਇਹ ਅਨੁਭਵ 'ਨਾਮ' ਹੈ, ਜਿਹਨੂੰ ਇਕ ਨਾਮ ਕਹਿੰਦੇ ਨੇ। ਇਹਦੀ ਕੀਮਤ ਕਿੰਨੀ ਹੈ? ਮਹਾਰਾਜ ਕਹਿੰਦੇ–

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- 81*

*ਧਾਰਨਾ – ਨਾਮ ਅਮੋਲਾ ਜੀ, ਮੇਰੇ ਸਾਹਿਬ ਦਾ।*

*ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ*
*ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥*
*ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥*

*ਅੰਗ- 894*

ਉਹ ਜਿਹੜੀ ਅਵਸਥਾ ਹੈ ਜਿਸ ਦੀ ਮਹਿਮਾ ਨੂੰ ਜਾਣਦੇ ਨਹੀਂ, ਪਾਰਬ੍ਰਹਮ ਪ੍ਰਮੇਸ਼ਰ ਦੀ, ਉਹਦੇ ਨਾਮ ਦੀ ਮਹਿਮਾ ਨੂੰ ਵੀ ਕੋਈ ਨਹੀਂ ਜਾਣਦਾ। ਉਹ ਹਿਰਦੇ 'ਚ ਤਾਂ ਵਸ ਜਾਂਦੀ ਹੈ, ਲੇਕਿਨ ਮਹਿਮਾ ਨੂੰ ਨਹੀਂ ਜਾਣਦਾ ਕੋਈ। ਸੰਸਾਰ ਦੇ ਹਿਰਦੇ 'ਚ ਨਹੀਂ ਵਸਦੀ। ਵਸਦੀ ਕੀਹਦੇ ਹੈ?–

*ਧਾਰਨਾ – ਮਹਿਮਾ ਹਰਿ ਨਾਮ ਦੀ,*
*ਸੰਤਾਂ ਦੇ ਹਿਰਦੇ ਵਸਦੀ।*
*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*

*ਸੰਤ ਪ੍ਰਤਾਪਿ ਦੂਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ਅੰਗ- 265*

ਸੋ ਨਾਮ ਦਾ ਜੋ ਮੰਡਲ ਹੈ, ਜਿਸ ਥਾਂ ਦੇ ਉਤੇ ਪ੍ਰਮੇਸ਼ਰ ਦਾ ਨਾਮ ਪ੍ਰਗਟ ਹੈ, ਉਸ ਮੰਡਲ ਦੇ ਵਿਚ ਪਹੁੰਚੇ ਹੋਏ ਨੂੰ ਹੁੰਦੈ ਕਿ ਇਹਨੂੰ ਨਾਮ ਪ੍ਰਾਪਤ ਹੋ ਗਿਆ। ਹਿਰਦੇ 'ਚ ਵਸ ਗਿਆ ਤੇ ਸ਼ਕਤੀ ਕਿੰਨੀ ਹੁੰਦੀ ਹੈ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ- 649*

ਸੋ ਇਹ ਰਾਜਾ ਜਨਕ ਦੀ ਅਵਸਥਾ ਹੋ ਗਈ – *'ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।'*

ਇਕ ਵਾਰੀ ਗੰਧਰਬ ਲੋਕ ਦੇ ਅੰਦਰ ਸਭਾ ਹੋਈ ਦੇਵਤਿਆਂ ਦੀ। ਇਹ ਕਿਉਂਕਿ ਆਪ ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਸੀ ਤੇ ਇਨ੍ਹਾਂ ਦੀ ਮਹਿਮਾ ਕਿੰਨੀ ਸੀ? ਗੁਰਬਾਣੀ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ- ਸ਼ਿਵ ਜੀ ਖੋਜਦੇ ਫਿਰਦੇ, ਬ੍ਰਹਮ ਗਿਆਨੀ ਨੂੰ।*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ- 273*

ਕਿਉਂਕਿ ਬ੍ਰਹਮਗਿਆਨੀ ਦੇ ਵਿਚ ਤਾਂ ਕੁਛ ਬਚਿਆ ਹੀ ਨਹੀਂ ਹੁੰਦਾ, ਵਾਹਿਗੁਰੂ ਹੀ ਹੁੰਦੈ। ਉਹਦੀ ਮਹਿਮਾ ਨੂੰ ਕੌਣ ਜਾਣਦੈ –

*ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥*
*ਅੰਗ- 273*

ਅੱਧਾ ਅੱਖਰ ਵੀ ਨਹੀਂ ਉਹਦਾ ਕਹਿ ਸਕਦੇ, ਐਡੀ ਮਹਿਮਾ ਉੱਚੀ ਹੈ ਉਸ ਦੀ। ਸੋ ਉਸ ਵੇਲੇ ਇਨ੍ਹਾਂ ਨੂੰ ਬੁਲਾ ਲਿਆ, ਕਹਿਣ ਲੱਗੇ, ਫੇਰ ਤੁਸੀਂ ਮਹਾਰਾਜ ਕ੍ਰਿਪਾ ਕਰਕੇ ਦਰਸ਼ਨ ਦੇਵੋ, ਦੇਵਤਿਆਂ ਦੀ ਸਭਾ 'ਚ। ਦੇਵ ਲੋਕ ਪਵਿੱਤਰ ਹੋ ਜਾਏਗਾ। ਨਿਮੰਤਰਣ ਮੰਨ ਕੇ ਰਾਜਾ ਜਨਕ ਜੀ ਗੰਧਰਬ ਲੋਕ ਨੂੰ ਜਾ ਰਹੇ ਨੇ –

*ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ।*
*ਭਾਈ ਗੁਰਦਾਸ ਜੀ, ਵਾਰ 10/5*

ਨਾਲ ਗਣ ਨੇ, ਗੰਧਰਬ ਨੇ ਤੇ ਅੱਗੇ ਸਭਾ ਹੈ, ਉਸ ਥਾਂ 'ਤੇ ਜਾਂਦੇ-ਜਾਂਦੇ ਮਨ 'ਚ ਆਇਆ ਕਿ ਧਰਮ ਰਾਜ ਦੇ ਲੋਕ 'ਚੋਂ ਲੰਘੀਏ। ਉਹਨੂੰ

ਸੰਜਮਨੀ ਪੁਰੀ ਕਹਿੰਦੇ ਨੇ, ਜਿਸ ਥਾਂ 'ਤੇ ਪਾਪੀ ਤੇ ਪੁੰਨੀ ਜਾਂਦੇ ਨੇ। ਜਿਹੜੇ ਪੁੰਨ ਕਰਕੇ ਬਦਲਾ ਚਾਹੁੰਦੇ ਨੇ, ਫਲ ਚਾਹੁੰਦੇ ਨੇ, ਉਹ ਫਲ ਕਿੰਨਾ ਮਿਲਦੈ, ਆਮ ਹਾਲਤਾਂ ਦੇ ਵਿਚ ਦਸ ਗੁਣਾਂ ਤਾਂ ਧਰਤੀ 'ਤੇ ਮਿਲਿਆ ਕਰਦੈ, ਪੁੰਨ ਦਾ ਫਲ। ਕਰਕੇ ਦੇਖ ਲਓ ਜਿਹਦਾ ਜੀਅ ਕਰਦੈ। ਦਾਨ ਕਰ ਲਓ। ਦਾਨ ਕਰਨ ਦੇ ਨਾਲ ਕਮਾਈ ਵਧਦੀ ਹੈ। ਦਾਨ ਗੁਰੂ ਦਾ ਘਰ ਰਖ ਲਓ, ਵਿਘਨ ਆਉਣੇ ਸ਼ੁਰੂ ਹੋ ਜਾਣਗੇ। ਕਿਸੇ ਹੋਰ ਹੀ ਪਾਸੋਂ ਸੰਕਟ ਆ ਜਾਏਗਾ। ਘਾਟੇ ਪੈਣ ਲਗ ਜਾਣਗੇ ਕਿਉਂਕਿ ਗੁਰੂ ਦਾ ਹਿੱਸਾ ਨਹੀਂ ਕਮਾਈ 'ਚ –

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥ ਅੰਗ- 268*

ਫੇਰ ਕਹਿੰਦੇ ਕੀ ਕਰ ਲਏਗਾ –

*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥ ਅੰਗ- 268*

ਦਿੰਦਾ ਉਹ ਹੈ ਸਾਰਾ ਕੁਛ। ਮਾਣ ਅਸੀਂ ਕਰਦੇ ਹਾਂ ਕਿ ਮੈਂ ਦਾਨ ਕਰਦਾਂ। ਮੈਂ ਐਨਾ ਦਾਨ ਕੀਤਾ, ਮੈਂ ਐਨੇ ਪੈਸੇ ਦਿਤੇ।

ਕਹਿੰਦੇ, ਤੈਨੂੰ ਕੀਹਨੇ ਦਿਤੈ?

ਕਹਿੰਦੇ, ਇਨ੍ਹਾਂ ਨੇ ਹੀ ਦਿਤਾ ਸੀ, ਫੇਰ ਇਨ੍ਹਾਂ ਨੇ ਦਿਤਾ ਸੀ, ਤੂੰ ਕੀ ਦੇ ਦਿਤਾ? ਉਹ ਤੇਰੇ ਤੋਂ ਤਾਂ, ਤਾਂ ਲੈਂਦੇ ਨੇ ਕਿ ਤੇਰੀ ਬਿਰਤੀ ਮਾਇਆ ਦੇ ਨਾਲੋਂ ਟੁੱਟਦੀ ਰਹੇ ਥੋੜ੍ਹੀ-ਥੋੜ੍ਹੀ, ਇਹਦੇ ਵਿਚ ਹੀ ਨਾ ਲੀਨ ਹੋ ਜਾਈਂ। ਮਾਇਆ ਦੇ ਵਿਚ ਲੀਨ ਹੋਇਆਂ ਬੁਰਾ ਹੋਊ ਤੇਰਾ, ਸੱਪ ਬਣ ਜਾਏਂਗਾ –

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ - 526*

ਜਾਇਦਾਦਾਂ ਦੇ ਨਾਲ ਮਨ ਲਾਏਂਗਾ –

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ- 526*

ਤੈਨੂੰ ਤਾਂ ਬਚਾਇਆ ਜਾ ਰਿਹੈ। ਦੂਜਾ ਤੇਰੇ ਵਿਘਨ ਜਿਹੜੇ ਹੈਗੇ ਉਹ ਗੁਰੂ ਵਿਘਨ ਲੈ ਲੈਂਦੈ ਤੇ ਤੈਨੂੰ ਵਿਘਨਾਂ ਤੋਂ ਰਹਿਤ ਦੇ ਦਿੰਦੈ ਸਾਰਾ ਕੁਛ। ਫੇਰ ਇਹ ਵਿਘਨ ਤੇਰੇ ਦਸਵੰਧ ਵਿਚੋਂ ਲੈ ਲੈਂਦੈ।

ਕਹਿੰਦਾ, ਮੈਂ ਤਾਂ ਨਹੀਂ ਦਿੰਦਾ।

ਨਹੀਂ ਦਿੰਦਾ ਤਾਂ ਫੇਰ ਭਾਈ ਜੇ ਬੀਜਿਆ ਨਹੀਂ –

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- 134***

ਕਹਿੰਦੇ ਨੇ, ਬਾਬਾ ਜੀ! ਸਾਡਾ ਕੰਮ ਨਹੀਂ ਚਲਦਾ, ਬਰਕਤ ਨਹੀਂ ਪੈਂਦੀ। ਬਰਕਤ ਕਾਹਦੀ ਪਵੇ ਭਾਈ, ਗੁਰੂ ਦਾ ਹਿੱਸਾ ਨਹੀਂ ਹੈ। ਗੁਰੂ ਦਾ ਹਿੱਸਾ ਹੋਵੇ, ਤਾਂਹੀ ਬਰਕਤ ਪਵੇ। ਗੁਰੂ ਦਾ ਹਿੱਸਾ ਖਾ ਲੈਂਦੇ ਹੋਂ, ਫੇਰ ਉਹ ਸ਼ਰਾਬਾਂ, ਕਬਾਬਾਂ, ਬਿਮਾਰੀਆਂ 'ਚ ਲੰਘ ਜਾਂਦੈ। ਰਾਜ ਦੰਡ 'ਚ ਲੰਘ ਜਾਂਦੈ, ਅੱਗ ਲੱਗ ਜਾਂਦੀ ਹੈ, ਚੋਰ ਆ ਜਾਂਦੇ ਨੇ, ਹੋਰ ਬੇਅੰਤ ਕਿਸਮ ਦੇ ਵਿਘਨ ਆ ਕੇ, ਉਹ ਹਿੱਸਾ ਲੈ ਜਾਂਦੇ ਨੇ, ਨਾਲੇ ਦੁਖੀ ਕਰਦੇ ਨੇ। ਸੋ ਇਸ ਤਰ੍ਹਾਂ ਆਦਮੀ ਗੁਰੂ ਦਾ ਹਿੱਸਾ ਨਹੀਂ ਦਿੰਦਾ, ਭੁੱਲ ਜਾਂਦੈ ਗੁਰੂ ਦਾ ਹਿੱਸਾ।

ਇਕ ਉਹ ਨੇ ਜਿਹੜੇ ਦੇ ਕੇ ਬਦਲਾ ਚਾਹੁੰਦੇ ਨੇ ਕਿ ਮੈਨੂੰ ਮਿਲੇ। ਉਹ ਕਹਿੰਦੇ, ਮਿਲ ਜਾਏਗਾ। ਐਸੀ ਗੱਲ ਕੋਈ ਨਹੀਂ ਹੈ। ਤੂੰ ਇਹੋ ਜਿਹੇ ਖੇਤ 'ਚ ਬੀਜ ਬੀਜਿਆ ਹੈ ਜਿਹਦੇ 'ਚ ਫਲ ਉੱਗਣਾ ਹੀ ਉੱਗਣਾ ਹੈ। ਛੇਤੀ ਦੇ ਕੇ ਚਾਹੁੰਦੈਂ ਤਾਂ ਦੱਸ ਗੁਣਾਂ ਮਿਲ ਜਾਏਗਾ। ਜੇ ਅਗਾਂਹਾਂ ਜਾ ਕੇ ਚਾਹੁੰਦੈਂ ਤਾਂ 70 ਗੁਣਾਂ ਮਿਲ ਜਾਏਗਾ।

ਕਹਿੰਦੇ, ਵੱਧ ਵੀ ਸਕਦੈ?

ਕਹਿੰਦੇ, ਹਾਂ। ਬ੍ਰਹਮਗਿਆਨੀ ਮਹਾਂਪੁਰਸ਼ਾਂ ਨੂੰ ਭੇਟ ਕੀਤੀ ਹੋਈ, ਉਨ੍ਹਾਂ ਦੇ ਹੱਥਾਂ 'ਚੋਂ ਖਰਚ ਹੋਇਆ-ਹੋਇਆ ਹਜ਼ਾਰਾਂ ਗੁਣਾਂ ਵਧ ਜਾਂਦੈ।

ਮਹਾਰਾਜ ਜੀ! ਸੱਚੇ ਪਾਤਸ਼ਾਹ! ਕਿਵੇਂ ਵਧ ਜਾਂਦੈ? ਮਹਾਰਾਜ ਗੁਰੂ ਸਤਵੇਂ ਪਾਤਸ਼ਾਹ ਕਹਿੰਦੇ, ਪਿਆਰਿਓ! ਇਥੇ ਇਕ ਬੰਦਾ ਰਹਿੰਦੈ। ਹੱਦ ਤੋਂ ਜ਼ਿਆਦਾ ਗਰੀਬ ਸੀ ਉਹ, ਪੈੜਾਂ ਸਾਫ ਕਰਕੇ, ਅੰਨ ਧੋ ਕੇ ਸੁੱਕਣਾ ਪਾ ਦਿੰਦਾ ਸੀ। ਉਹਦੇ ਹੀ ਛੱਪੜ ਚਿੜਾ ਤੇ ਚਿੜੀ ਰਹਿੰਦੇ ਸੀ। ਕੋਈ ਭੰਗਣਾ ਪੈ ਗਈ, ਗਿਆਨ ਉਨ੍ਹਾਂ ਦੇ ਮਨ 'ਚ ਸੀ। ਲੇਕਿਨ ਪੰਛੀ ਦਾ ਜਨਮ ਮਿਲ ਗਿਆ। ਪਿਛਲੇ ਜਨਮ ਦੀ ਉਨ੍ਹਾਂ 'ਚ ਸੋਝੀ ਸੀ। ਕਹਿਣ ਲੱਗੇ, ਆਪਾਂ ਇਹਦੇ ਦਾਣੇ ਖਾਂਦੇ ਹਾਂ, ਗਰੀਬ ਦੇ। ਮਿਹਨਤ ਕਰਦੈ, ਇਹਦਾ ਭਲਾ ਵੀ ਕਰੋ। ਇਹ ਤਾਂ ਮੂਰਖ ਨਹੀਂ ਜਾਣਦਾ ਕਿ ਮੇਰਾ ਭਲਾ ਕਿਵੇਂ ਹੋ ਸਕਦੈ। ਚਾਰ ਦਾਣੇ ਚੁੱਕ ਕੇ ਮਹਾਰਾਜ ਕਹਿੰਦੇ, ਲੰਗਰ 'ਚ ਪਾ ਜਾਣੇ। ਉਹ ਚਾਰ ਦਾਣਿਆਂ ਦੇ ਨਾਲ ਲੱਖਾਂ ਦਾਣਿਆਂ ਦੀ ਬਰਕਤ ਪੈ ਜਾਣੀ ਇਹਦੇ। ਛੋਟੇ-ਛੋਟੇ ਠੇਕੇ ਲੈਣ ਲੱਗ ਗਿਆ। ਵੱਡਾ ਹੋ ਗਿਆ, ਪੈਸਾ ਆਉਣਾ ਸ਼ੁਰੂ ਹੋ ਗਿਆ। ਉਸ ਤੋਂ ਬਾਅਦ ਪੱਕੇ ਮਕਾਨ ਪਾ ਲਏ। ਪ੍ਰਮੇਸ਼ਰ ਨੂੰ ਭੁੱਲ ਗਿਆ, ਵਿਕਾਰਾਂ 'ਚ ਪੈ ਗਿਆ। ਸ਼ਰਾਬਾਂ ਕਬਾਬਾਂ 'ਚ, ਪੈਸੇ ਦਾ ਅਭਿਮਾਨ ਆ ਗਿਆ। ਮਹਾਰਾਜ ਕਹਿੰਦੇ ਨੇ -

***ਧਨ ਭੂਮਿ ਕਾ ਜੋ ਕਰੈ ਗੁਮਾਨੁ ॥***
***ਸੋ ਮੂਰਖੁ ਅੰਧਾ ਅਗਿਆਨੁ ॥ ਅੰਗ- 278***

ਮਹਾਰਾਜ ਨੇ ਮੂਰਖ ਤੇ ਅੰਧਾ ਕਿਹਾ ਉਹਨੂੰ। ਸੋ ਉਸਦੇ ਅੰਦਰ ਅਭਿਮਾਨ ਆ ਗਿਆ ਕਿ ਮੈਂ ਅਮੀਰ ਹੋ ਗਿਆ। ਪਤਾ ਨਹੀਂ ਕਿ ਮੈਂ

ਅਮੀਰ ਹੋਇਆ ਕਿਵੇਂ ਹਾਂ? ਉਨ੍ਹਾਂ ਨੇ ਫੇਰ ਵਿਚਾਰਿਆ ਕਿ ਇਹ ਤਾਂ ਵਿਕਾਰਾਂ 'ਚ ਪੈ ਗਿਆ, ਮਾਇਆ ਦਾ ਅਸਰ ਇਹਦੇ 'ਤੇ ਹੋ ਗਿਆ। ਸ਼ਰਾਬਾਂ-ਕਬਾਬਾਂ 'ਚ ਪੈ ਗਿਆ, ਇਹਦੇ ਤਾਂ ਦੋਸ਼ੀ ਆਪਾਂ ਬਣ ਗਏ। ਚਿੜਾ ਚਿੜੀ ਹੁਣ ਕਹਿੰਦੇ, ਫੇਰ ਇਹਨੂੰ ਉਸੇ ਹਾਲਤ ਲਿਆਓ। ਗੁਰੂ ਘਰੋਂ ਚਾਰ ਦਾਣੇ ਲਿਆ ਕੇ ਉਹਦੇ ਘਰ 'ਚ ਸੁੱਟਣੇ ਸ਼ੁਰੂ ਕਰ ਦਿਤੇ। ਗੁਰੂ ਘਰ ਦਾ ਜਿਸ ਘਰ ਦੇ ਵਿਚ ਅੰਨ੍ਹ ਜਾਏਗਾ, ਉਹਦੀ ਸਾਰੀ ਕਮਾਈ ਗਲ ਜਾਏਗੀ। ਉਹਦੇ ਕੋਲ ਕੁਛ ਨਹੀਂ ਰਹਿੰਦਾ। ਪੂਜਾ ਦਾ ਧਾਨ ਜਿਸ ਘਰ ਦੇ ਵਿਚ ਚਲਿਆ ਗਿਆ, ਘਰ ਗਲ ਜਾਏਗਾ। ਉਸੇ ਵੇਲੇ ਕਮਾਈ ਦੇ ਵਿਚ ਬਰਕਤ ਹਟ ਗਈ। ਘਾਟੇ ਪੈ ਗਿਆ। ਮੁੜ ਕੇ ਫੇਰ ਉਥੇ ਹੀ ਆ ਗਿਆ, ਪੈੜਾਂ ਹੂੰਝਣ ਤਕ।

ਮਹਾਰਾਜ ਕਹਿਣ ਲੱਗੇ ਕਿ ਫੇਰ ਸਾਡੇ ਕੋਲ ਆਇਆ ਪਿਆਰਿਓ। ਸਾਰੀ ਗੱਲ ਵਿਚਾਰੀ, ਫੇਰ ਦੱਸਿਆ ਉਸ ਨੂੰ ਕਿ ਪਿਆਰਿਆ! ਤੇਰੇ ਚਾਰ ਦਾਨਿਆ ਨਾਲ ਕਮਾਈ 'ਚ ਐਨੀ ਬਰਕਤ ਪੈ ਗਈ ਸੀ ਤੇਰੇ ਤੋਂ ਸਾਂਭੀ ਨਾ ਗਈ। ਤੈਨੂੰ ਦਾਤ ਪਿਆਰੀ ਲੱਗੀ, ਦਾਤਾ ਭੁੱਲ ਗਿਆ।

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ- 676***

ਸੋ ਇਸ ਤਰ੍ਹਾਂ ਸਾਧਸੰਗਤ ਜੀ! ਕਹਿੰਦੇ, ਚਾਰ ਦਾਨਿਆਂ ਦੇ ਨਾਲ ਕਿੰਨੀ ਬਰਕਤ ਪੈ ਗਈ। ਗੁਰੂ ਦੇ ਲੰਗਰਾਂ ਵਾਸਤੇ ਜੋ ਅਨਾਜ ਦਿੰਦੈ, ਗੁਰੂ ਦੇ ਲੰਗਰਾਂ 'ਚ ਜੋ ਸਬਜ਼ੀ ਦਿੰਦੈ, ਗੁਰੂ ਕੇ ਲੰਗਰਾਂ 'ਚ ਹੋਰ ਦਾਲਾਂ ਵਗੈਰਾ ਅਰਪਣ ਕਰਦੈ, ਸੰਗਤਾਂ, ਅਤਿਥੀ ਆ ਕੇ ਛਕਦੇ ਨੇ। ਕਹਿੰਦੇ, ਉਹਦਾ ਹਜ਼ਾਰਾਂ ਗੁਣਾਂ ਵਧ ਜਾਇਆ ਕਰਦੈ। ਉਹਦਾ ਫਲ ਮਿਲਦੈ। ਇਥੇ ਵੀ ਮਿਲਦੈ ਤੇ ਅੱਗੇ ਦਰਗਾਹ 'ਚ ਜਾ ਕੇ ਵੀ ਮਿਲਦੈ। ਇਕ ਤਾਂ ਉਹ ਲੋਕ ਜਾਂਦੇ ਨੇ-

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ- 1414***

ਦੂਸਰੇ ਉਹ ਜਾਂਦੇ ਨੇ ਜਿਨ੍ਹਾਂ ਨੇ ਜ਼ਿੰਦਗੀ ਬਰਬਾਦ ਕਰ ਲਈ, ਪਾਪਾਂ ਦੇ ਅੰਦਰ। ਉਨ੍ਹਾਂ ਨੂੰ ਸਜ਼ਾਵਾਂ ਮਿਲਦੀਆਂ ਨੇ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***

***ਅੰਗ- 1425***

ਦੁਖੀ ਹੁੰਦੇ ਨੇ, ਰੋਂਦੇ ਨੇ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ- 1281***

ਸੋ ਐਸੇ ਦੋਵੇਂ ਤਰ੍ਹਾਂ ਦੇ ਲੋਕ ਧਰਮਰਾਜ ਕੋਲ ਜਾਂਦੇ ਨੇ, ਇਕ ਤਾਂ ਪੁੰਨੀ ਜਾਂਦੇ ਨੇ, ਇਕ ਪਾਪੀ ਜਾਂਦੇ ਨੇ। ਪੁੰਨ ਕਰਕੇ ਅਸੀਂ ਫਲ ਮੰਗਦੇ

ਹਾਂ। ਫਲ ਦਾ ਫਲ ਸਾਨੂੰ ਭੋਗਣਾ ਪਵੇਗਾ ਅਵੱਸ਼ ਕਿ ਬੀਜ ਲੈ ਦਰਗਾਹ ਵਿਚ ਖਾਵਾਂਗੇ। ਓ ਪ੍ਰੇਮੀਆਂ! ਤੂੰ ਉਸ ਤੋਂ ਉਪਰਲੀ ਗੱਲ ਕਰ। ਇਹ ਤਾਂ ਉਹਦਾ ਦਿਤਾ ਹੋਇਆ, ਉਹਦੇ ਹੀ ਅਰਪਣ ਕਰਦੈਂ। ਇਹਦਾ ਫਲ ਨਾ ਮੰਗੋ। ਮੰਗਣਾ ਕੀ ਹੈ? ਮੰਗ ਉਹ ਚੀਜ਼ ਜਿਹੜੀ ਇਕ ਵਾਰੀ ਮਿਲ ਜਾਵੇ ਤੇ ਫੇਰ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਵੇ। ਉਹ ਚੀਜ਼ ਮੈਨੂੰ ਦੇ ਦੇ ਹੇ ਪ੍ਰਭੂ -

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*

*ਅੰਗ- 958*

*ਧਾਰਨਾ - ਉਤਰੇ ਮਨ ਕੀ ਭੁੱਖ,*
*ਦੇ ਦੇ ਨਾਮ ਸੰਤੋਖੀਆ।*

ਸਵਰਗ ਤੇ ਨਰਕ। ਗੁਰਸਿੱਖ ਸਵਰਗ ਨਹੀਂ ਮੰਗਦਾ। ਸੋ ਇਸ ਤਰ੍ਹਾਂ ਦੇ ਨਾਲ ਦੋ ਤਰ੍ਹਾਂ ਦੇ ਜੀਵ ਜਾਂਦੇ ਨੇ, ਇਕ ਪੁੰਨ ਦਾ ਬਦਲਾ ਲੈਣ ਵਾਲੇ, ਇਕ ਪਾਪਾਂ ਦਾ ਫਲ ਭੋਗਣ ਵਾਲੇ। ਸੋ ਪਾਪਾਂ ਦਾ ਫਲ ਉਥੇ ਨਰਕ ਹੋਇਆ ਕਰਦੈ। ਰਾਜਾ ਜਨਕ ਜਦੋਂ ਧਰਮਰਾਜ ਦੇ ਜਾਂਦੈ, ਧਰਮਰਾਜ ਨੂੰ ਪਤਾ ਲੱਗਿਆ ਕਿ ਮੇਰੀ ਪੁਰੀ 'ਚ ਉਹ ਮਹਾਂਪੁਰਸ਼ ਆ ਗਿਆ ਜਿਨ੍ਹਾਂ ਦੀ ਚਰਨ ਧੂੜ ਨੂੰ 68 ਤੀਰਥਾਂ ਦੇ ਦੇਵਤੇ ਵੀ ਲੋਚ ਰਹੇ ਨੇ। ਮੇਰੇ ਤਾਂ ਭਾਗ ਜਾਗ ਪਏ -

*ਧਾਰਨਾ- ਸੁੱਤੇ ਭਾਗ ਜਾਗ ਪਏ ਮੇਰੇ,*
*ਮੇਲਾ ਹੋ ਗਿਆ ਸਾਧੂਆਂ ਦਾ।*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- 204*

ਭਾਗਾਂ ਤੋਂ ਬਗੈਰ ਪੂਰੇ ਮਹਾਤਮਾ ਦੇ ਦਰਸ਼ਨ ਨਹੀਂ ਹੋਇਆ ਕਰਦੇ। ਜੇ ਭਲਾ ਦਿਸ ਵੀ ਜਾਣ ਤਾਂ ਪੁੰਨ ਦੀ ਥਾਂ ਤੇ ਪਾਪ ਲਗ ਜਾਇਆ ਕਰਦੈ। ਕਿਉਂਕਿ ਕਰਮ ਹੈ ਨਹੀਂ, ਤਰਕ ਕਰ ਬੈਠੇਗਾ, ਮਾੜੀ ਚਿਤਵ ਲਏਗਾ, ਅਭਿਮਾਨ ਵਿਚ ਆ ਕੇ, ਗਰਦਨ ਦੂਜੇ ਪਾਸੇ ਨੂੰ ਕਰ ਕੇ ਲੰਘ ਜਾਏਗਾ, ਉਹ ਪਾਪ ਦਾ ਭਾਗੀ ਹੋ ਜਾਏਗਾ ਕਿਉਂਕਿ ਸਤਿਕਾਰ ਨਾ ਕਰਿਆ ਉਸ ਨੇ। ਉਹਦੇ ਸਤਿਕਾਰ ਕਰਨ ਵਾਸਤੇ ਤਾਂ 68 ਤੀਰਥਾਂ ਦੇ ਦੇਵਤੇ ਹੱਥ ਬੰਨ੍ਹੀਂ ਖੜ੍ਹੇ ਬੇਨਤੀਆਂ ਕਰਦੇ ਨੇ ਕਿ ਮਹਾਂਪੁਰਸ਼ੋ ਕ੍ਰਿਪਾ ਕਰੋ। ਕ੍ਰਿਪਾ ਕਰਕੇ ਆਪਣੀ ਚਰਨ ਧੂੜ ਦੀ ਬਖਸ਼ਿਸ ਕਰ ਦਿਓ। ਅਸੀਂ ਤੁਹਾਡੇ ਤੋਂ ਕੁਛ ਨਹੀਂ ਮੰਗਦੇ, ਜੇ ਮੰਗਦੇ ਹਾਂ ਤਾਂ ਤੁਹਾਡੀ ਚਰਨ ਧੂੜ।

*ਧਾਰਨਾ - ਤੀਰਥ ਵੀ ਲੋਚਦੇ, ਸੰਤਾਂ ਦੀ ਧੂੜੀ ਤਾਈਂ।*

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*

*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ- 1263*

ਕਹਿਣ ਲੱਗਿਆ, ਮੇਰੇ ਤਾਂ ਭਾਗ ਜਾਗ ਪਏ। ਮਹਾਂਪੁਰਸ਼ ਬ੍ਰਹਮਗਿਆਨੀ ਜਨਕ ਵਰਗੇ ਮੇਰੀ ਪੁਰੀ ਵਿਚ? ਇਥੇ ਤਾਂ ਪਾਪੀ ਤੇ ਪੁੰਨੀਆਂ ਨੇ ਆ ਕੇ ਮੇਰੀ ਪੁਰੀ ਭ੍ਰਿਸ਼ਟ ਕਰੀ ਪਈ ਹੈ। ਅੱਜ ਬੀਤਰਾਗ ਮਹਾਂਪੁਰਸ਼ ਪੂਰਨ ਗਿਆਨਵਾਨ ਪ੍ਰਮੇਸ਼ਰ ਦਾ ਸਰੂਪ ਉਨ੍ਹਾਂ ਦੇ ਚਰਨ ਪੈ ਗਏ। ਉਸ ਵੇਲੇ ਭਾਵ ਦੇ ਵਿਚ ਆ ਕੇ ਬਾਰ-ਬਾਰ ਬੇਨਤੀਆਂ ਕਰਦੇ -

*ਧਾਰਨਾ - ਮੇਰਾ ਕਰਤਾ ਭਵਨ ਪੁਨੀਤ,*
*ਹਰੀ ਦਿਆਂ ਸੰਤਾਂ ਨੇ।*
*ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥*
*ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥*
*ਅੰਗ - 1425*

ਮਹਾਰਾਜ ਮੇਰੇ 'ਤੇ ਵੀ ਆਪ ਨੇ ਐਡੀ ਵੱਡੀ ਕ੍ਰਿਪਾ ਕਰ ਦਿਤੀ। ਇਹ ਤਾਂ ਪਾਪੀ ਲੋਕਾਂ ਨੇ ਆ ਕੇ ਮੇਰੀ ਪੁਰੀ ਨੂੰ ਭ੍ਰਿਸ਼ਟ ਕਰਿਆ ਹੋਇਐ। ਆਪ ਨੇ ਤਾਂ ਬਹੁਤ ਕ੍ਰਿਪਾ ਕਰੀ। ਆਪ ਮੈਨੂੰ ਸੇਵਾ ਦੱਸੋ। ਧਰਮਰਾਜ ਤਾਂ ਸੇਵਾ ਕਰਦੈ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਅੰਗ- 271*

ਜਿਹੜੇ ਸਤਿਸੰਗ ਕਰਦੇ ਨੇ, ਸਾਧੂਆਂ ਦੀ ਸੰਗਤ ਕਰਦੇ ਨੇ ਜੇ ਕਿਤੇ ਉਹ ਵੀ ਚਲੇ ਜਾਣ ਉਹਦੇ ਲੋਕ 'ਚ, ਉਨ੍ਹਾਂ ਦੀ ਵੀ ਸੇਵਾ ਕਰਦੈ, ਸੰਤਾਂ ਦੀ ਤਾਂ ਕਰਨੀ ਹੀ ਕਰਨੀ ਹੈ -

*ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ- 271*

ਸੰਗਤ ਇਥੇ ਕਰਦੈ, ਤੇ ਸੋਭਾ ਦਰਗਾਹ ਦੇ ਵਿਚ ਜੈ-ਜੈਕਾਰ ਹੋ ਰਹੀ ਹੈ ਤੇ ਆਪ ਹੀ ਮਹਾਂਪੁਰਸ਼ ਬ੍ਰਹਮਗਿਆਨ ਅਵਸਥਾ ਦਾ ਚਲਿਆ ਜਾਵੇ ਫੇਰ ਤਾਂ ਉਹਦੀ ਖੁਸ਼ੀ ਦੀ ਹੱਦ ਨਹੀਂ ਰਹਿੰਦੀ। ਬਾਰ-ਬਾਰ ਪੁੱਛਦੈ ਕਿ ਮਹਾਰਾਜ! ਆਪ ਕ੍ਰਿਪਾ ਕਰੋ, ਮੈਨੂੰ ਕੋਈ ਸੇਵਾ ਦੱਸੋ। ਉਸ ਵੇਲੇ -

*ਜਮਪੁਰਿ ਗਇਆ ਪੁਕਾਰ ਸੁਣਿ*
*ਵਿਲਲਾਵਨਿ ਜੀਅ ਨਰਕ ਨਿਵਾਸੀ।*
*ਭਾਈ ਗੁਰਦਾਸ ਜੀ, ਵਾਰ 10/5*

ਨਰਕਾਂ ਵਿਚ ਨਿਵਾਸ ਕਰਨ ਵਾਲੇ ਜੀਵਾਂ ਦੀ ਹਾਹਾਕਾਰ ਮਚੀ ਪਈ। ਦਿਲ ਨਰਮ ਸੀ। ਬਾਰ-ਬਾਰ ਸੇਵਾ ਨੂੰ ਕਹਿੰਦੈ। ਉਸ ਵੇਲੇ ਆਪ ਨੇ ਫੁਰਮਾਨ ਕਰਿਆ ਕਿ ਧਰਮਰਾਜ ਜੇ ਤੂੰ ਸੇਵਾ ਕਰਨੀ ਚਾਹੁੰਨੈਂ, ਤਾਂ ਇਹ ਕਰ ਦੇ-

*ਧਾਰਨਾ - ਕਰ ਦੇ ਬੰਦ ਖਲਾਸੀ, ਇਨ੍ਹਾਂ ਜੀਵਾਂ ਦੀ।*

*ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।*

*ਭਾਈ ਗੁਰਦਾਸ ਜੀ, ਵਾਰ 10/5*

ਕੰਬ ਗਿਆ ਸੁਣਦੇ ਸਾਰ। ਕੋਈ ਜਵਾਬ ਨਹੀਂ ਆਉਂਦਾ ਧਰਮਰਾਇ ਨੂੰ। ਕਿ ਹੈਂ? ਮਹਾਤਮਾ ਨੇ ਹੁਕਮ ਕਰ ਦਿਤਾ। ਜੇ ਮੈਂ ਨਹੀਂ ਮੰਨਦਾ ਤਾਂ ਬਹੁਤ ਵੱਡੀ ਅਵੱਗਿਆ ਹੈ। ਜੇ ਮੈਂ ਮੰਨਦਾ ਹਾਂ ਤਾਂ ਧਰਮ ਦੀ ਜਿਹੜੀ ਤਕੜੀ ਹੈ, ਇਹਦੇ ਉਤੇ ਜੋ ਤੁਰ ਕੇ ਪਾਪਾਂ ਦਾ ਫਲ ਭੋਗਣ ਵਾਸਤੇ ਕੁੰਭੀ ਨਰਕ 'ਚ ਗੋਤੇ ਖਾ ਰਹੇ ਨੇ, ਹਤਿਆਰੇ, ਮਹਾਂ-ਮੂਰਖ, ਮਹਾਂਪਾਪੀ ਨੇ, ਗੁਰੂ ਤੋਂ ਬੇਮੁਖ ਨੇ। ਐਸੇ-ਐਸੇ ਜੋ ਮਹਾਂ-ਪਾਪੀ ਨੇ, ਉਨ੍ਹਾਂ ਨੂੰ ਕਿਵੇਂ ਛੱਡ ਦੇਵਾਂ, ਮੇਰੇ ਕੋਲ ਕਾਨੂੰਨ ਕੋਈ ਨਹੀਂ ਜਿਹਦੇ ਨਾਲ ਮੈਂ ਛੱਡ ਦੇਵਾਂ। ਦੂਸਰੇ ਪਾਸੇ ਮੈਂ ਮਹਾਤਮਾ ਦਾ ਬਚਨ ਨਾ ਮੰਨ ਕੇ ਕਿੱਡਾ ਵੱਡਾ ਦੋਸ਼ੀ ਹੋਵਾਂਗਾ। ਪਤਾ ਨਹੀਂ ਕਿੰਨੇ ਜਨਮ ਮੈਨੂੰ ਨਰਕਾਂ 'ਚ ਜਾਣਾ ਪਵੇਗਾ। ਪਰੇਸ਼ਾਨ ਹੋ ਗਿਆ। ਅਰਦਾਸ ਕਰੀ ਹੇ ਪ੍ਰਭੂ! ਕ੍ਰਿਪਾ ਕਰੋ, ਮੈਨੂੰ ਕੋਈ ਜਵਾਬ ਨਹੀਂ ਆ ਰਿਹਾ। ਉਸ ਵੇਲੇ ਅੰਦਰ ਪ੍ਰਕਾਸ਼ ਹੋ ਗਿਆ। ਪ੍ਰਕਾਸ਼ ਦੇ ਵਿਚ ਬੋਲਦੈ -

*ਧਾਰਨਾ - ਰਾਜਨਾ! ਮੈਂ ਹਾਂ ਚਾਕਰ ਗੋਬਿੰਦ ਦਾ।*

*ਮੇਰੇ ਵਸ ਨਾ ਇਨ੍ਹਾਂ ਨੂੰ ਛੱਡਣਾ।*

*ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ।*

*ਭਾਈ ਗੁਰਦਾਸ ਜੀ, ਵਾਰ 10/5*

ਮਹਾਰਾਜ! ਮੈਂ ਆਪ ਦਾ ਹੁਕਮ ਸਿਰ ਮੱਥੇ 'ਤੇ ਵਜਾ ਲਿਆਉਂਦਾ, ਜੇ ਮੈਂ ਮਾਲਕ ਹੁੰਦਾ। ਮੈਂ ਮਾਲਕ ਨਹੀਂ, ਮੈਂ ਤਾਂ ਚਾਕਰ ਹੋ ਕੇ ਇਥੇ ਬੈਠਾ ਹਾਂ। ਤੁਸੀਂ ਅਕਾਲ ਪੁਰਖ ਜੀ ਨੂੰ ਕਹਿ ਕੇ ਸਾਰਿਆਂ ਨੂੰ ਛੁਡਾ ਦਿਓ। ਤੁਸੀਂ ਉਹਦੇ ਅਨਿੰਨ ਭਗਤ ਹੋਂ, ਉਹਦਾ ਰੂਪ ਹੋਂ ਤੁਸੀਂ। ਤੁਸੀਂ ਉਨ੍ਹਾਂ ਨੂੰ ਕਹਿ ਕੇ ਸਾਰੇ ਨਰਕ ਖਾਲੀ ਕਰਾ ਦਿਓ।

ਕਹਿਣ ਲੱਗੇ, ਧਰਮਰਾਜ! ਕੋਈ ਹੋਰ ਤਰੀਕਾ ਦੱਸ, ਜਿਹਦੇ ਨਾਲ ਇਹ ਛੁਟ ਜਾਣ।

ਕਹਿਣ ਲੱਗਿਆ, ਮਹਾਰਾਜ! ਇਥੇ ਹਰ ਜੀਵ ਨੇ ਪਾਪ ਕਰੇ ਹੋਏ ਨੇ, ਉਨ੍ਹਾਂ ਦਾ ਫਲ ਭੁਗਤ ਰਹੇ ਨੇ। ਜਦੋਂ ਪਾਪ ਦਾ ਫਲ ਭੁਗਤਿਆ ਜਾਏਗਾ, ਉਸ ਵੇਲੇ ਜਿਉਂ-ਜਿਉਂ ਭੁਗਤੇ ਜਾਣਗੇ, ਤਿਉਂ-ਤਿਉਂ ਨਰਕਾਂ 'ਚੋਂ ਨਿਕਲਦੇ ਜਾਂਦੇ ਨੇ। ਕਹਿਣ ਲੱਗੇ, ਪਾਪਾਂ ਦੇ ਬਦਲੇ ਜੇ ਪੁੰਨ ਤੁਸੀਂ ਦੇ ਸਕੋਂ ਤਾਂ ਉਹ ਅਸੀਂ ਤੋਲ ਲਵਾਂਗੇ, ਜਿੰਨੇ ਜੀਵ ਉਸ ਪੁੰਨ ਦੇ ਬਦਲੇ ਛੁਟ ਸਕਣਗੇ, ਉਹ ਛੁਟ ਜਾਣਗੇ। ਕਹਿਣ ਲੱਗੇ, ਠੀਕ ਹੈ। ਇਸ ਤਰ੍ਹਾਂ ਦੀ ਗਿਣਤੀ ਕਰ ਲੈ। ਸਾਡੀ ਜ਼ੁਬਾਨ ਦੇ ਵਿਚ ਇਸ ਤਰ੍ਹਾਂ ਹੈ ਕਿ ਤੱਕੜੀ ਲੈ-ਲੈ। ਇਨ੍ਹਾਂ ਦੇ ਸਾਰੇ ਪਾਪ ਇਕ ਤੱਕੜ ਦੇ ਵਿਚ ਪਾ ਲੈ। ਕੰਪਿਊਟਰਾਈਜ਼ਡ ਕਰ ਲੈ ਇਨ੍ਹਾਂ ਨੂੰ। ਸੋ ਉਸੇ ਤਰ੍ਹਾਂ ਦੇ ਨਾਲ ਉਸ ਨੇ ਸਾਰੇ ਪਾਪ ਇਕ ਪੱਲੜੇ ਵਿਚ ਪਾ ਲਏ। ਹੁਣ ਕਹਿਣ ਲੱਗੇ ਕਿ ਦੇਖ ਮੈਂ

ਪੁੰਨ ਦੇਣ ਲੱਗਿਆਂ, ਇਕ 'ਨਾਮ' ਦਾ। ਸਿਰਫ ਇਕ ਵਾਰੀ ਕਹਿਣ ਦਾ।

ਹੁਣ ਨਾਮ ਦੇ ਬਾਰੇ ਸਾਡੇ ਸਮਝ 'ਚ ਨਹੀਂ ਆਉਂਦਾ ਕਿ ਉਹ ਨਾਮ ਕਿਹੜਾ ਸੀ ਜਿਹੜਾ ਰਾਜੇ ਜਨਕ ਕਹਿ ਦਿਤਾ।

'ਨਾਮ' ਜੇ ਰਸਨਾ ਦਾ ਨਾਮ ਜਪੀਏ, 'ਵਾਹਿਗੁਰੂ-ਵਾਹਿਗੁਰੂ'; ਕੰਠ ਦਾ ਨਾਮ ਜਪੀਏ ਬਿਨਾਂ ਜੀਭ ਹਿੱਲੇ, ਬਿਨਾਂ ਬੁੱਲ੍ਹ ਹਿੱਲੇ, ਉਹਦਾ ਫਲ ਦਸ ਗੁਣਾਂ ਵਧ ਜਾਇਆ ਕਰਦੈ। ਜੇ ਅਸੀਂ ਹਿਰਦੇ ਵਿਚ ਨਾਮ, ਪਸੰਤੀ ਬਾਣੀ ਦਾ ਨਾਮ ਜਪੀਏ ਤਾਂ ਸੌ ਗੁਣਾਂ ਫਲ ਵਧ ਜਾਂਦੈ। ਜੇ ਅਸੀਂ ਨਾਭੀ ਦਾ ਚੁੱਪ (silence) 'ਚ ਜਾ ਕੇ ਨਾਮ ਧੁਨ ਸੁਣੀਏ, ਇਕ ਹਜ਼ਾਰ ਗੁਣਾਂ ਫਲ ਵਧ ਜਾਂਦੈ। ਇਧਰ ਇਕ ਮਿੰਟ ਨਾਮ ਜਪਣਾ ਤੇ ਉਧਰ ਹਜ਼ਾਰ ਮਿੰਟ ਜਪਣਾ। ਇਧਰ ਇਕ ਘੰਟਾ ਨਾਮ ਜਪਣਾ, ਓਧਰ ਹਜ਼ਾਰ ਘੰਟਾ ਨਾਮ ਜਪਣਾ। ਫਲ ਦੇਖੋ ਕਿੰਨਾ ਵਧ ਜਾਂਦੈ। ਇਸੇ ਤਰ੍ਹਾਂ ਆਗਿਆ ਚੱਕਰ ਦੇ ਵਿਚ ਨਾਮ ਦੀ ਧੁਨ ਸਰਵਣ ਕਰੀਏ, ਅਨਹਦ ਸ਼ਬਦ ਦੀ ਮਦਦ ਦੇ ਨਾਲ, ਫਲ ਹੋਰ ਵਧ ਜਾਂਦੈ। ਦੱਸ ਹਜ਼ਾਰ ਗੁਣਾਂ ਫਲ ਵਧ ਜਾਇਆ ਕਰਦੈ। ਉਪਾਸ਼ਨਾ ਦੇ ਮੰਡਲ 'ਚ ਜਾ ਕੇ ਨਾਮ ਜਪੀਏ, ਲੱਖ ਗੁਣਾਂ ਫਲ ਵਧ ਜਾਂਦੈ। ਤ੍ਰਿਕੁਟੀ ਤੋਂ ਉਤੇ ਹੋ ਕੇ ਨਾਮ ਜਪੀਏ, ਦਸਵੇਂ ਦੁਆਰ ਦਾ ਨਾਮ ਜਪੀਏ ਤਾਂ ਕਰੋੜਾਂ, ਅਰਬਾਂ ਗੁਣਾਂ ਵਧ ਜਾਂਦੈ। ਜਦੋਂ ਨਾਮ ਦੇ ਮੰਡਲ 'ਚ ਜਾ ਕੇ ਨਾਮ ਦਾ ਉਚਾਰਨ ਕਰੀਏ ਤਾਂ ਇਹਦੇ ਫਲ ਦਾ ਕੋਈ ਅੰਤ ਹੀ ਨਹੀਂ ਰਹਿੰਦਾ, ਬੇਅੰਤ ਹੋ ਜਾਂਦੈ। ਉਸ ਵੇਲੇ ਕਹਿਣ ਲੱਗੇ ਕਿ ਦੇਖ, ਦੂਸਰੇ ਪੱਲੜੇ ਦੇ ਵਿਚ 'ਮੈਂ' ਇਕ 'ਰਾਮ' ਗਹਿਣੇ ਧਰਦਾਂ -

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ।***

***ਭਾਈ ਗੁਰਦਾਸ ਜੀ, ਵਾਰ 10/5***

ਅਤੋਲ ਹੁੰਦੇ ਉਹਦਾ ਪਾਪਾਂ ਨਾਲ। ਇਧਰ ਪਾਪਾਂ ਦਾ ਪੱਲੜਾ ਭਰਿਆ ਪਿਐ ਤੇ ਇਧਰਲੇ ਪਾਸੇ ਇਕ ਨਾਮ ਰੱਖਿਆ, 'ਨਾਮ' ਰੱਖਣ ਦੀ ਦੇਰ ਸੀ ਉਹ ਪਾਪਾਂ ਦਾ ਜਿਹੜਾ ਪੱਲੜਾ ਸੀ, ਜਿਹੜਾ ਬੇਅੰਤ ਭਾਰੀ, ਉਹ ਉਪਰ ਚਲਿਆ ਗਿਆ। ਉਹ ਧਰਤੀ ਦੇ ਨਾਲ ਆ ਲੱਗਿਆ। ਪਾਸਕੂ ਬਣ ਗਿਆ ਪਾਪ ਸਾਰਾ -

***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।***

***ਭਾਈ ਗੁਰਦਾਸ ਜੀ, ਵਾਰ 10/5***

ਇਸ ਅਵਸਥਾ ਦਾ, ਬ੍ਰਹਮਗਿਆਨ ਦੀ ਅਵਸਥਾ ਦਾ, ਦ੍ਰਿਸ਼ਟੀ ਖੁਲ੍ਹੀ ਦੀ ਅਵਸਥਾ ਦਾ ਜਿੱਥੇ ਅਭੇਦ ਅਵਸਥਾ ਹੈ, ਉਹ ਇਕ ਵਾਰੀ ਕਹੇ ਹੋਏ ਦਾ ਐਨਾ ਫਲ ਹੈ ਕਿ ਸਾਰੇ ਸੰਸਾਰ ਦਾ ਉਧਾਰ ਕਰ ਸਕਦੈ।

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥***

***ਅੰਗ- 608***

ਭੋਰਾ ਕੁ ਹਿੱਸਾ, ਫੁਰਨਾ ਕਰਨ ਦੇ ਨਾਲ ਇਹ ਸਾਰੇ ਸੰਸਾਰ ਨੂੰ

ਛੁਡਾ ਦਿੰਦੈ। ਕਿਉਂਕਿ ਨਾਮ ਦੀ ਮਹਿਮਾ ਵੱਡੀ ਹੈ ਤੇ ਹੋਇਆ ਕੀ?

ਧਰਮਰਾਜ ਬੇਨਤੀ ਕਰਦੈ ਕਿ ਮਹਾਰਾਜ! ਐਨਾ ਪੁੰਨ! ਇਹ ਤਾਂ ਆਉਣ ਵਾਲੇ ਸਮੇਂ ਵਿਚ ਵੀ ਜਿਹੜੇ ਪਾਪੀ ਨੇ ਉਨ੍ਹਾਂ ਦੇ ਪਾਪ ਵੀ ਤੁਸੀਂ ਖਤਮ ਕਰ ਦਿਤੇ। ਇਨ੍ਹਾਂ ਜੀਵਾਂ ਦਾ ਪਾਪਾ ਤਾਂ ਹੁਣ ਰਿਹਾ ਹੀ ਕੋਈ ਨਹੀਂ। ਉਸੇ ਵੇਲੇ ਦਰਵਾਜ਼ੇ ਖੋਲ੍ਹ ਦਿਤੇ, ਹੁਕਮ ਕਰ ਦਿਤਾ ਧਰਮਰਾਜ ਨੇ ਕਿ ਨਿਕਲ ਜਾਓ, ਪਿਆਰਿਓ! ਛੱਡ ਦਿਓ ਨਰਕਾਂ ਨੂੰ। ਪੜ੍ਹੋ ਪਿਆਰ ਨਾਲ–

***ਧਾਰਨਾ – ਕਰ 'ਤੇ ਕੁੰਡ ਨਰਕਾਂ ਦੇ ਖਾਲੀ,***
***ਇਕ ਵਾਰੀ ਰਾਮ ਬੋਲ ਕੇ।***

ਜਿਹੜਾ ਤੁਲਨ ਵਾਲਾ ਹੀ ਨਹੀਂ ਹੈ ਉਹਦੇ ਨਾਲ ਕੀ ਤੋਲ ਲਏਗਾ –

***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ।***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥***

***ਭਾਈ ਗੁਰਦਾਸ ਜੀ, ਵਾਰ 10/5***

ਸੋ ਇਸ ਤਰ੍ਹਾਂ ਦੇ ਨਾਲ ਉਹ ਪ੍ਰਮੇਸ਼ਰ ਦਾ ਨਾਮ–

***ਨਾਨਕ ਕੈ ਘਰਿ ਕੇਵਲ ਨਾਮੁ ॥*** ***ਅੰਗ – 1136***

ਉਹਦੀ ਮਹਿਮਾ ਨੂੰ ਨਹੀਂ ਕੋਈ ਜਾਣਦਾ।

ਇਹ ਬਚਨ ਗੁਰੂ ਨਾਨਕ ਪਾਤਸ਼ਾਹ ਸਾਲਸਰਾਇ ਨਾਲ ਕਰ ਰਹੇ ਸੀ। ਸਾਲਸਰਾਇ ਬਾਰ-ਬਾਰ ਕਹਿੰਦਾ ਸੀ, ਮਹਾਰਾਜ! ਲਾਲ ਦੀ ਕੀਮਤ ਨਹੀਂ। ਇਹ ਤਾਂ ਬੇ-ਕੀਮਤੀ ਲਾਲ ਹੈ। ਮਹਾਰਾਜ ਕਹਿੰਦੇ, ਸਾਲਸਰਾਇ! ਤੇਰੇ ਅੰਦਰ ਪ੍ਰਮੇਸ਼ਰ ਦਾ ਨਾਮ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ– 293***

ਕਹਿੰਦੇ, ਦੇਖਿਆ ਫੇਰ ਨਾਮ ਦੀ ਮਹਿਮਾ ਕਿੰਨੀ ਹੈ।

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਕਿ ਸਾਲਸਰਾਇ! ਪੱਥਰਾਂ ਤੋਂ ਬਿਰਤੀ ਚੁੱਕ ਨਾਮ ਵਲ ਲਿਆ। ਚਰਨਾਂ 'ਤੇ ਢਹਿ ਪਿਆ, ਪਾਤਸ਼ਾਹ! ਕ੍ਰਿਪਾ ਕਰੋ। ਮੇਰੇ ਬੰਦ ਨੇਤਰ ਖੋਲ੍ਹ ਦਿਤੇ ਆਪ ਨੇ, ਮੈਂ ਮਾਇਆ ਦਾ ਬੰਦਾ, ਮਾਇਆ ਦੇ ਅੰਧਕਾਰ 'ਚ ਫਸਿਆ ਹੋਇਆ, ਮੇਰੇ ਭਾਗ ਤੁਹਾਡੇ ਚਰਨਾਂ 'ਚ ਮੈਨੂੰ ਲੈ ਆਏ। ਮੇਰੇ ਉਪਰ ਹੁਣ ਕ੍ਰਿਪਾ ਕਰੋ। ਸੋ ਉਸ ਵੇਲੇ

ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਏਸ ਸਰੀਰ ਦੇ ਵਿਚ ਪਰੀਪੂਰਨ ਵਾਹਿਗੁਰੂ ਰਹਿੰਦੈ–

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ 1 ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥2 ॥*
*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*

*ਅੰਗ- 1033*

ਉਹ ਜਿਹੜਾ ਵਾਹਿਗੁਰੂ ਅੰਦਰ ਸੀ, ਮਹਾਰਾਜ ਨੇ ਕ੍ਰਿਪਾ ਕੀਤੀ, ਕ੍ਰਿਪਾ ਕਰਕੇ ਦ੍ਰਿਸ਼ਟੀ ਬਖਸ਼ ਦਿਤੀ ਕਹਿੰਦੇ ਦੇਖ, ਸਾਲਸਰਾਇ! ਅੱਖ ਬੰਦ ਹੈ, ਗੁਰੂ ਦੀ ਕ੍ਰਿਪਾ ਦੇ ਨਾਲ ਅੱਖ ਖੁਲ੍ਹ ਜਾਂਦੀ ਹੈ –

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- 407*

ਕਹਿੰਦੇ, ਇਕੋ ਹੀ ਪਾਰਬ੍ਰਹਮ ਪ੍ਰਮੇਸ਼ਰ ਅਨੇਕ ਰੂਪ ਧਾਰ ਕੇ ਸੰਸਾਰ 'ਚ ਆਪਣੀ ਖੇਲ੍ਹ ਕਰ ਰਿਹੈ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

ਜਾਪੁ ਸਾਹਿਬ

*ਅੰਡਜ ਜੇਰਜ ਸੇਤਜ ਕੀਨੀ॥*
*ਉਤਭੁਜ ਖਾਨਿ ਬਹੁਰਿ ਰਚਿ ਦੀਨੀ॥*
*ਕਹੂੰ ਫੂਲ ਰਾਜਾ ਹ੍ਵੈ ਬੈਠਾ॥*
*ਕਹੂੰ ਸਿਮਟਿ ਭਿਯੋ ਸੰਕਰ ਇਕੈਠਾ॥*
*ਸਗਰੀ ਸ੍ਰਿਸਟਿ ਦਿਖਾਇ ਅਚੰਭਵ॥*
*ਆਦਿ ਜੁਗਾਦਿ ਸਰੂਪ ਸੁਯੰਭਵ॥ ਕਬਯੋ ਬਾਚ ਬੇਨਤੀ, ਚੌਪਈ*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*

*ਅੰਗ - 290*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*

*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ- 537*

*ਏਕੈ ਰੇ ਹਰਿ ਏਕੈ ਜਾਨ ॥ ਏਕੈ ਰੇ ਗੁਰਮੁਖਿ ਜਾਨ ॥*

*ਅੰਗ- 535*

ਉਸ ਇਕ ਦਾ ਦਰਸ਼ਨ ਕਰਾ ਦਿਤਾ, ਕ੍ਰਿਤ-ਕ੍ਰਿਤ ਹੋ ਗਿਆ। ਕ੍ਰਿਪਾ ਕਰ ਦਿਤੀ, ਚਰਨਾਂ 'ਤੇ ਢਹਿ ਪਿਆ ਕਿ ਪਾਤਸ਼ਾਹ! ਮੇਰੇ ਨੈਣ ਖੋਲ੍ਹ ਦਿਤੇ ਆਪ ਨੇ। ਮੈਂ ਤਾਂ ਅੰਧਕਾਰ ਦੇ ਵਿਚ ਫਸਿਆ ਹੋਇਆ ਸੀ। ਉਹ ਮੈਨੂੰ ਹੀਰਾ ਦਿਖਾ ਦਿਤਾ ਜਿਹਦਾ ਕੋਈ ਮੁੱਲ ਨਹੀਂ, ਜਿਸ ਨੂੰ ਨਾਮ ਹੀਰਾ ਕਹਿੰਦੇ ਨੇ। ਸੋ ਇਸ ਤਰ੍ਹਾਂ ਸਾਧਸੰਗਤ ਜੀ! -

*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ- 1136*

ਗੁਰੂ ਨਾਨਕ ਪਾਤਸ਼ਾਹ ਨਾਮ ਲੈ ਕੇ ਆਏ ਸੰਸਾਰ ਦੇ ਤਾਰਨ ਵਾਸਤੇ।

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*

*ਅੰਗ - 687*

ਸੰਸਾਰ ਰੋਗੀ ਦਾ ਉਧਾਰ ਕਰਨ ਵਾਸਤੇ ਪਾਤਸ਼ਾਹ ਨਾਮ ਦੀ ਦਾਰੂ ਲੈ ਕੇ ਆਏ ਨੇ। ਵੰਡਦੇ ਨੇ ਲੈ ਲਓ ਦਾਰੂ।

ਜਦੋਂ ਅਸੀਂ ਛੋਟੇ ਹੁੰਦੇ ਸੀ, ਇਕ ਸ਼ਬਦ ਆਮ ਪੜ੍ਹਿਆ ਜਾਂਦਾ ਸੀ। ਪੜ੍ਹੋ ਪਿਆਰ ਦੇ ਨਾਲ -

*ਧਾਰਨਾ - ਆ ਗਿਆ, ਬਾਬਾ ਵੈਦੂ ਰੋਗੀਆਂ ਦਾ।*

ਉਹ ਗੁਰੂ ਜੋ ਨਾਮ ਦੀ ਦਾਤ ਲੈ ਕੇ ਆਇਆ।

'ਮੇਰਾ ਗੋਬਿੰਦਾ' ਉਹ ਗੋਬਿੰਦਾ ਕਰਦਾ ਕੀ ਹੈ? ਨਾਮ ਦੀ ਦਵਾਈ ਦੇ ਕੇ ਜਮਾਂ ਦਾ ਫੰਧਾ ਕੱਟ ਦਿੰਦੈ। ਸੋ ਐਸਾ 'ਨਾਮ' ਗੁਰੂ ਨਾਨਕ ਦੇ ਘਰੋਂ ਪਿਆਰਿਓ ਮਿਲਦੈ। ਪੰਜ ਪਿਆਰਿਆਂ ਤੋਂ ਸ਼ਬਦ ਮਿਲਦੈ। ਜਿਹਨੂੰ ਗੁਰੂ ਦਾ ਸ਼ਬਦ ਕਹਿੰਦੇ ਨੇ, ਗੁਰਮੰਤ੍ਰ ਕਹਿੰਦੇ ਨੇ, ਵਾਹਿਗੁਰੂ ਮੰਤਰ ਕਹਿੰਦੇ ਨੇ। ਉਹ ਵਾਹਿਗੁਰੂ ਮੰਤ੍ਰ ਦੀ ਕਮਾਈ ਕਰਕੇ ਲਗਾਤਾਰ ਉਤਸ਼ਾਹ ਦੇ ਨਾਲ ਕਰਕੇ, ਲਗਨ ਦੇ ਨਾਲ ਕਰਕੇ, ਨਾਮ ਦੇ ਮੰਡਲ 'ਚ ਹੌਲੀ-ਹੌਲੀ ਪ੍ਰਵੇਸ਼ ਹੋ ਜਾਂਦੈ। ਮਹਾਤਮਾ ਮਦਦ ਕਰਦੇ ਨੇ, ਗਾਈਡ ਕਰਦੇ ਨੇ, ਰਸਤਾ ਦਸਦੇ ਨੇ ਕਿ ਦੇਖੀਂ ਭਟਕ ਨਾ ਜਾਈਂ, ਉਤਸ਼ਾਹ ਪੈਦਾ ਕਰਦੇ ਨੇ, ਹੱਲਾਸ਼ੇਰੀ ਦਿੰਦੇ ਨੇ ਕਿ ਤਕੜਾ ਹੋ। ਐਵੇਂ ਨਾ ਸਮਝੀਂ, ਮਾਇਆ ਦੇ ਭੁਲੇਖਿਆਂ 'ਚ ਨਾ ਪੈ ਜਾਈਂ। ਇਨ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਚੱਸਿਆਂ 'ਚ ਨਾ ਆ ਜਾਈਂ। ਬਰਬਾਦ ਨਾ ਹੋ ਜਾਈਂ, ਘਰ ਬਾਰ ਛੱਡਿਐ, ਨਾਮ ਦੀ ਮੰਜ਼ਲ 'ਤੇ ਪਹੁੰਚ। ਉਰ੍ਹੇ-ਉਰ੍ਹੇ ਨਾ ਠਹਿਰ, ਇਸ ਤਰ੍ਹਾਂ ਇਸ ਨਾਮ ਨੂੰ ਸਮਝੋ, ਨਾਮ ਦੇ ਉਤੇ ਵਿਸ਼ਵਾਸ਼ ਲਿਆਓ ਤੇ ਨਾਮ ਦੇ ਵਿਚ ਜਦੋਂ ਪ੍ਰਵੇਸ਼ ਕਰਾਂਗੇ, ਬਾਣੀ ਪੜ੍ਹਨੀ ਪਹਿਲੀ ਅਵਸਥਾ ਹੈ। ਬਾਣੀ ਦੇ ਵਿਚ ਮਨ ਟਿਕਾਉਣਾ ਦੂਸਰੀ ਅਵਸਥਾ ਹੈ, ਬਾਣੀ ਦੇ ਅਰਥ ਨੂੰ ਸਮਝਣਾ ਤੀਸਰੀ

ਅਵਸਥਾ ਹੈ। ਬਾਣੀ ਦੇ ਭਾਵ ਵਿਚ ਲੀਨ ਵਿਚ ਹੋ ਕੇ ਹੁਲਾਰੇ ਲੈਣੇ ਚੌਥੀ ਅਵਸਥਾ ਹੈ। ਬਾਣੀ ਨਾਮ ਦੇ ਵਿਚ ਦਾਖਲ ਕਰਾ ਦਿੰਦੀ ਹੈ, ਰਸਨਾ ਦੇ ਨਾਲ ਨਾਮ ਜਪਣਾ, ਉਪਰਲੀ ਅਵਸਥਾ ਹੋ ਗਈ। ਸਵਾਸ ਦੇ ਨਾਲ ਨਾਮ ਜਪਣਾ, ਕੰਠ ਦੇ ਨਾਲ ਨਾਮ ਜਪਣਾ, ਹਿਰਦੇ 'ਚ ਨਾਮ ਜਪ, ਨਾਭੀ 'ਚ ਨਾਮ ਜਪਣਾ, ਅਨਹਦ ਸ਼ਬਦ ਦੀ ਮਦਦ ਦੇ ਨਾਲ ਆਗਿਆ ਚੱਕਰ 'ਚ ਨਾਮ ਜਪਣਾ, ਤ੍ਰਿਕੁਟੀ 'ਚ ਨਾਮ ਜਪਣਾ, ਦਸਵੇਂ ਦੁਆਰ 'ਚ ਨਾਮ ਜਪਣਾ। ਜਦੋਂ ਨਾਮ ਜਪਦੇ ਹਾਂ ਵਿਵੇਕ ਮੰਡਲ ਦੇ ਵਿਚ ਸੁਰਤ ਪ੍ਰਵੇਸ਼ ਕਰਕੇ ਗਿਆਨ ਆ ਜਾਂਦੈ। ਉਸ ਥਾਂ ਮਹਾਤਮਾ ਦਾ ਫਰਜ਼ ਬਣ ਜਾਂਦੈ ਕਿ ਉਹਨੂੰ ਪ੍ਰਕਾਸ਼ ਕਰਨ ਦੇ ਵਿਚ ਮਦਦ ਕਰੇ। ਮਹਾਤਮਾ ਸਤਿ ਸ਼ਬਦ ਸੁਣਾਉਂਦੇ ਨੇ ਉਹਨੂੰ, ਸਤਿ ਦੀ ਸੋਝੀ ਦਿੰਦੇ ਨੇ, ਫੇਰ ਉਹ ਸਤਿ ਦੇ ਵਿਚ ਲੀਨ ਹੋ ਕੇ ਸਤਿ ਸਤਿ ਦਾ ਰੂਪ ਹੋ ਜਾਂਦੈ -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***

***ਅੰਗ- 1375***

ਕਹਿੰਦੇ ਓਹੀ ਬਣ ਗਿਆ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥***

***ਅੰਗ- 1369***

ਆਪਣਾ ਜੀਵਨ ਦਾ ਮਨੋਰਥ ਸਫਲ ਹੋ ਗਿਆ। ਜਿਸ ਕੰਮ ਵਾਸਤੇ ਮਨੁੱਖਾ ਦੇਹੀ ਪ੍ਰਾਪਤ ਕੀਤੀ ਸੀ, ਵਾਹਿਗੁਰੂ ਨੇ ਦਿਤੀ ਸੀ, ਉਹਦਾ ਪੂਰਾ-ਪੂਰਾ ਫਾਇਦਾ ਉਠਾ ਕੇ ਜਨਮ ਮਰਨ ਦੇ ਚੱਕਰ 'ਚੋਂ ਨਿਕਲ ਕੇ ਪਰਮ ਅਨੰਦ ਦੇ ਵਿਚ, ਸਤਿ, ਚਿਤ, ਅਨੰਦ ਦੇ ਸਾਗਰ ਵਿਚ ਲੀਨ ਹੋ ਗਿਆ। ਜੰਮਣਾ-ਮਰਨਾ ਖਤਮ ਹੋ ਗਿਆ ਤੇ ਪਰਮ ਅਨੰਦ ਦੀ ਪ੍ਰਾਪਤੀ ਹੋ ਗਈ ਤੇ ਆਉਣਾ ਜਾਣਾ, ਜਿੰਨੇ ਦੁਖ ਸੀ ਸਭ ਦਾ ਖਾਤਮਾ ਹੋ ਗਿਆ।

ਗੱਲ ਇਹ ਹੈ ਕਿ ਲਗਨ ਲਾਓ, ਸੱਚਮੁੱਚ ਲਗਨ ਲਾਓ। ਸੁਣਦੇ-ਸੁਣਦੇ ਉਮਰਾਂ ਲੰਘ ਗਈਆਂ। ਕਿੰਨੇ ਸਾਲ ਹੋ ਗਏ ਮੈਨੂੰ ਇਥੇ ਆਏ ਨੂੰ 1978 ਵਿਚ ਆਇਆ ਸੀਗਾ। ਆਹੀ ਗੱਲ ਕਹੀ ਹੈ ਹੋਰ ਕੋਈ ਗੱਲ ਨਹੀਂ ਕਰੀ, 'ਨਾਮ' ਤੋਂ ਏਧਰ-ਓਧਰ ਨਹੀਂ ਗਿਆ, ਸੋ ਨਾਮ ਦੀ ਹੀ ਗੱਲ ਕਰਦਾਂ। ਸਾਰੇ ਦੀਵਾਨਾਂ 'ਚ ਇੱਕੋ ਗੱਲ ਚਲਦੀ ਹੈ, ਤਰੀਕੇ ਵੱਖਰੇ-ਵੱਖਰੇ ਨੇ ਦੱਸਣ ਦੇ, ਤਾਂਕਿ ਸਮਝ ਆ ਜਾਵੇ। ਕਿਸੇ ਨਾ ਕਿਸੇ ਤਰੀਕੇ ਨਾਲ ਕੋਈ ਨਾ ਕੋਈ ਗੱਲ ਹਿਰਦੇ 'ਚ ਬਹਿ ਜਾਵੇ। ਜੇ ਇਕ ਵੀ ਬਹਿ ਗਈ, ਮਹਾਰਾਜ ਕਹਿੰਦੇ, ਪਿਆਰਿਓ -

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***

***ਅੰਗ - 747***

ਸੋ ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ ਭਾਈ।

ਹੁਕਮਨਾਮਾ, ਅਰਦਾਸ।

# 7

# ਸਾਧਸੰਗਤਿ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ- ਸਗਲ ਭਵਨ ਕੇ ਨਾਇਕਾ,*
*ਮੈਨੂੰ ਇਕ ਛਿਨ ਦਰਸ ਦਿਖਾ ਜਾ।*

*ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ 1 ॥*
*ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥ 1 ॥ ਰਹਾਉ ॥*
*ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ 2 ॥*
*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥3॥*

*ਅੰਗ- 346*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਲਜੁਗ ਦੇ ਅੰਦਰ ਦੋ ਚੀਜ਼ਾਂ ਦੁਰਲੱਭ ਨੇ, ਦੁਰਲੱਭ ਉਸ ਨੂੰ ਕਹਿੰਦੇ ਨੇ ਜਿਹੜੀ ਕੋਸ਼ਿਸ਼ ਕਰਨ ਤੇ ਵੀ ਮਿਲਦੀ ਨਾ ਹੋਵੇ। ਇਕ ਤਾਂ ਹੈ ਹਰੀ ਦਾ ਜਸ, ਦੂਸਰਾ ਹੈ ਸਾਧੂ ਦੀ ਸੰਗਤ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*

*ਜਿਸੁ ਪੂਰਬ ਲਿਖੇ ਕਾ ਲਹਨਾ ॥* *ਅੰਗ- 642*

ਲੇਕਿਨ ਸਾਨੂੰ ਇਸ ਗੱਲ ਦੀ ਸੋਝੀ ਨਾ ਹੋਣ ਕਰਕੇ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਪੂਰਾਂ ਦੇ ਪੂਰ ਲੰਘ ਗਏ। ਹੋਰ ਪਿੱਛੇ ਆ ਰਹੇ ਨੇ, ਉਹ ਵੀ ਲੰਘ ਜਾਣਗੇ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ, ਲੇਕਿਨ ਇਸ ਗੱਲ ਦੀ ਹੈਰਾਨੀ ਹੈ ਕਿ ਮਨੁੱਖ ਨੂੰ ਸਮਝ ਨਹੀਂ ਆ ਰਹੀ। ਸਾਰੇ ਸਮਝਾ ਰਹੇ ਨੇ ਏਸਨੂੰ; ਚਾਰੇ ਵੇਦ, ਛੇ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ। ਲੇਕਿਨ ਇਸ ਨੂੰ ਪਤਾ ਨਹੀਂ ਲਗਦਾ, ਬਹੁਤ ਕੀਮਤੀ ਚੀਜ਼ਾਂ ਇਹਦੇ ਕੋਲੋਂ ਵੈਸੇ ਹੀ ਰਹਿ ਜਾਂਦੀਆਂ ਨੇ। ਮਾਨਸ ਜਨਮ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੁੰਦੈ। ਇਹ ਨਹੀਂ ਹੈ ਕਿ ਅਚਾਨਕ ਸਾਨੂੰ ਮਿਲ ਗਿਆ, ਐਵੇਂ ਹੀ ਮਿਲ ਗਿਆ; ਇਹ ਤਾਂ ਬਹੁਤ ਜਨਮਾਂ ਦੇ ਵਿਚ ਘੁੰਮਦਿਆਂ-ਘੁੰਮਦਿਆਂ ਦਾ ਕੋਈ ਪੂਰਬਲਾ ਕਰਮ ਜਾਗ ਪਿਆ, ਜਿਸ ਕਰਕੇ ਸਾਨੂੰ ਮਨੁੱਖ ਜੂਨੀ ਪ੍ਰਾਪਤ ਹੋ ਗਈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਵਾਰੀ ਆ ਗਈ, ਮਿਲਣ ਦੀ ਵਾਹਿਗੁਰੂ ਨੂੰ ਕਿਉਂਕਿ ਗੇੜੇ ਖਾਂਦੇ ਨੂੰ ਪਤਾ ਨਹੀਂ ਕਿੰਨਾ ਕੁ ਚਿਰ ਹੋ ਗਿਆ। ਮਹਾਰਾਜ ਕਹਿੰਦੇ - 'ਫਿਰਤ ਫਿਰਤ ਬਹੁਤੇ ਜੁਗ ਹਾਰਿਓ' ਸੈਂਕੜੇ ਵੀ ਹੋ ਸਕਦੇ ਨੇ, ਹਜ਼ਾਰਾਂ ਵੀ ਹੋ ਸਕਦੇ ਨੇ। ਚਾਰ ਯੁੱਗਾਂ ਦੇ ਸਮੇਂ ਨੂੰ ਜੇ ਗਿਣੀਏ ਤਾਂ 43 ਲੱਖ 20,000 ਸਾਲ ਦਾ ਹੁੰਦੈ। ਮਹਾਰਾਜ ਕਹਿੰਦੇ, ਬਹੁਤ ਯੁੱਗ ਬੀਤ ਗਏ ਤੈਨੂੰ ਤੁਰਦੇ-ਤੁਰਦੇ ਨੂੰ। ਰਿਹਾ ਕਿੱਥੇ? ਕਿੱਥੇ ਸੈਰ ਕਰੀ, ਆਦਮੀ ਤੁਰਦੈ, ਸਫਰ ਕੱਟਦੈ, ਉਸ ਨੂੰ ਯਾਦ ਹੁੰਦੈ ਕਿ ਮੈਂ ਫਲਾਣੇ-ਫਲਾਣੇ ਦੇਸ਼ ਵਿਚ ਗਿਆ। ਦੁਨੀਆਂ ਦੇ ਵਿਚ ਮੈਂ ਫਲਾਣੇ-ਫਲਾਣੇ ਥਾਂ 'ਤੇ ਗਿਆ, ਲੇਕਿਨ ਸਾਨੂੰ ਆਪਣੇ ਸਫਰ ਦਾ ਕੋਈ ਗਿਆਨ ਨਹੀਂ ਹੈ ਕਿ ਅਸੀਂ ਕਿੱਥੇ-ਕਿੱਥੇ ਤੁਰਦੇ ਫਿਰਦੇ ਰਹੇ। ਪੁੱਛ ਲਓ ਮਹਾਰਾਜ ਜੀ ਨੂੰ ਕਿ ਸੱਚੇ ਪਾਤਸ਼ਾਹ! ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਅਸੀਂ ਕਿੱਥੇ ਰਹੇ, ਸਾਨੂੰ ਤਾਂ ਇਸ ਜਨਮ ਦੇ ਅੰਦਰ ਵੀ ਬਹੁਤ ਸਾਰੀਆਂ ਗੱਲਾਂ ਭੁੱਲ ਗਈਆਂ ਬਚਪਨ ਦੀਆਂ। ਬਚਪਨ ਬਹੁਤ ਮੱਧਮ ਯਾਦ ਰਹਿ ਗਿਆ ਤੇ ਆਪ ਫੁਰਮਾਉਂਦੇ ਹੋਂ ਕਿ ਜੁਗਾਂ ਜੁਗਾਂਤਰਾਂ ਤੋਂ ਤੂੰ ਘੁੰਮਦਾ ਫਿਰਦੈਂ। ਸੱਚੇ ਪਾਤਸ਼ਾਹ! ਫੇਰ ਮੈਂ ਰਿਹਾ ਕਿੱਥੇ? ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*

***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥*** ***ਅੰਗ- 176***

ਆਪਣਾ ਜੋ ਸਫਰ ਕੀਤਾ ਗਿਐ, ਜਿਹੜਾ ਸਾਡੇ ਯਾਦ ਨਹੀਂ ਹੈ, ਉਹ ਮਹਾਰਾਜ ਜੀ ਦਸਦੇ ਨੇ, ਸੁਣੋ ਧਿਆਨ ਦੇ ਨਾਲ, ਆਪਾਂ ਕਿੱਥੋਂ-ਕਿੱਥੋਂ ਤੁਰਦੇ ਫਿਰਦੇ ਆਏ। ***'ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥'*** ਕੀੜੇ ਤੇ ਪਤੰਗੇ ਬਣਦੇ ਰਹੇ, ਕਈ ਜਨਮਾਂ ਦੇ ਅੰਦਰ ਹਾਥੀ ਵੀ ਬਣੇ, ਮੱਛੀਆਂ ਵੀ ਬਣੇ, ਹਰਨ ਵਗੈਰਾ ਵੀ ਬਣੇ। 'ਕਈ ਜਨਮ ਹੈਵਰ ਬ੍ਰਿਖ ਜੋਇਓ ॥' ਘੋੜੇ ਵੀ ਬਣਦੇ ਰਹੇ, ਬੈਲ ਵੀ ਬਣਦੇ ਰਹੇ, ***'ਕਈ ਜਨਮ ਸੈਲ ਗਿਰਿ ਕਰਿਆ ॥' (ਅੰਗ- 176)*** ਪੱਥਰ ਬਣ ਕੇ ਲੱਖਾਂ ਸਾਲ ਸੁੱਤੇ ਪਏ ਰਹੇ।

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***
***ਅੰਗ- 156***

24 ਲੱਖ ਕਿਸਮ ਦੇ ਦਰਖਤ, ਬ੍ਰਿਖ, ਜੜ੍ਹੀਆਂ-ਬੂਟੀਆਂ, ਬਨਸਪਤੀ ਸਿਆਣਿਆਂ ਨੇ ਗਿਣੀ ਹੈ। ਇਸ ਤੋਂ ਇਲਾਵਾ ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪੇਟ ਭਾਰ ਚਲਦੇ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਪੰਛੀ ਨੇ ਜਿਹੜੇ ਉਡਾਰੀਆਂ ਮਾਰਦੇ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ ਦੇ ਅੰਦਰ ਜਾਨ ਗਿਣੀ ਗਈ ਹੈ। ਚਾਰ ਲੱਖ ਕਿਸਮ ਦੇ ਪੈਰਾਂ ਨਾਲ ਤੁਰਨ ਵਾਲੇ ਜੀਵ ਜੰਤੂ ਨੇ, ਬਾਕੀ ਜੂਨਾਂ ਸਮੁੰਦਰ ਦੇ ਅੰਦਰ ਨੇ। 83 ਲੱਖ, 99 ਹਜ਼ਾਰ, 999 ਸਰੀਰਾਂ 'ਚੋਂ ਹੋ ਕੇ ਆਹ ਮਨੁੱਖ ਦੇਹ ਪ੍ਰਾਪਤ ਹੋਈ ਹੈ। ਇਕ ਵਾਰੀ ਨਹੀਂ ਹੋਈ, ਮਹਾਰਾਜ ਕਹਿੰਦੇ, ਕਈ ਵਾਰੀ ਮਿਲੀ ਹੈ ਤੈਨੂੰ। ਪਰ ਹੁੰਦਾ ਕੀ ਹੈ? ਅਣਜਾਣਪੁਣੇ ਦੇ ਵਿਚ ਗਵਾ ਕੇ ਫੇਰ ਉਥੇ ਹੀ ਗਿਰ ਜਾਨੈ? ਇਹ ਵੀ ਵਾਹਿਗੁਰੂ ਦੀ ਮਿਹਰ ਹੈ ਕਿ ਤੈਨੂੰ ਯਾਦ ਨਹੀਂ ਹੈ। ਜੇ ਕਿਤੇ ਯਾਦ ਹੋਵੇ ਕਿ ਮੈਂ ਫਲਾਣੇ ਦਾ ਬੈੱਲ ਸੀ ਪਿਛਲੇ ਜਨਮ 'ਚ, ਮੈਨੂੰ ਬੜਾ ਮਾਰਦਾ ਹੁੰਦਾ ਸੀ, ਫੇਰ ਤੇਰਾ ਮਨ ਹੋਰ ਤਰ੍ਹਾਂ ਹੋ ਜਾਇਆ ਕਰਦਾ, ਉਹ ਭੁਲਾ ਦਿੰਦੇ ਨੇ। ਲੇਕਿਨ ਮਹਾਂਪੁਰਸ਼ ਦੱਸ ਦਿੰਦੇ ਨੇ ਕਿ ਆਹ ਤੇਰਾ ਸਫਰ ਹੈ, ਇਹਦੇ ਵਿਚੋਂ ਤੂੰ ਨਿਕਲ ਕੇ ਆਇਆ ਹੈਂ। ਕਿੰਨਾ ਔਖੈ? ਪੰਛੀਆਂ ਨੂੰ ਦੇਖ ਲਓ, ਚੋਗਾ ਪਾ ਦਿਓ, ਚੋਗਾ ਚੁਗ ਨਹੀਂ ਸਕਦੇ, ਆਲੇ-ਦੁਆਲੇ ਝਾਕੀ ਜਾਂਦੇ ਨੇ ਕਿ ਕੋਈ ਬਾਜ ਝਪਟਾ ਨਾ ਮਾਰੇ, ਵੈਰੀ ਨਾ ਆ ਜਾਵੇ। ਪਸ਼ੂ ਬੰਨਿਆ ਹੋਇਐ, ਪਰਾਏ ਵਸ ਹੈ, ਛਾਵੇਂ ਬੰਨ੍ਹ ਦਿਓ, ਧੁੱਪੇ ਬੰਨ੍ਹ ਦਿਓ, ਉਹਦੀ ਕੋਈ ਮਰਜ਼ੀ ਨਹੀਂ ਹੈ ਕਿ ਮੈਨੂੰ ਕੋਈ ਜ਼ਰੂਰ ਹੀ ਧੁੱਪੇ ਬੰਨ੍ਹੇ। ਕਹਿ ਨਹੀਂ ਸਕਦਾ ਕਿਸੇ ਨੂੰ ਕੁਛ, ਉਹਦਾ ਕੋਈ ਹੱਕ ਨਹੀਂ ਹੈ, ਇਹ ਤਾਂ ਮਾਲਕ ਦੇ ਮਨ ਦੀ ਬਾਤ ਹੈ, ਮਿਹਰਬਾਨੀ ਆ ਗਈ ਠੀਕ ਹੈ।

ਯੂ.ਪੀ 'ਚ ਅਸੀਂ ਦੇਖਦੇ ਸੀ, ਅਬਾਦੀ ਉਥੇ ਮੁਸਲਮਾਨਾਂ ਦੀ ਜ਼ਿਆਦਾ ਹੋਣ ਕਰਕੇ, ਜਦੋਂ ਵਿਆਹ ਸ਼ਾਦੀ ਹੁੰਦੀ ਤਾਂ ਭਾਈਚਾਰਾ ਕਹਿੰਦਾ ਸੀ ਕਿ ਆਹ ਪਸ਼ੂ ਕੱਟ, ਆਹ ਖਾਣੈ ਅਸੀਂ। ਉਹਦੀ ਕੋਈ ਜ਼ਿੰਦਗੀ ਨਹੀਂ ਸੀ,

ਕੋਈ ਸਕਿਊਰਟੀ ਨਹੀਂ ਹੈ। 83 ਲੱਖ 99 ਹਜ਼ਾਰ 999 ਜੂਨਾਂ ਉਨ੍ਹਾਂ ਨੂੰ ਕੋਈ ਅਜ਼ਾਦੀ ਨਹੀਂ ਹੈ। ਇਨ੍ਹਾਂ 'ਚੋਂ ਫਿਰਦਾ-ਫਿਰਦਾ ਮਨੁੱਖ ਦੀ ਦੇਹੀ ਪ੍ਰਾਪਤ ਕਰ ਗਿਆ। ਮਨੁੱਖ ਦੀ ਦੇਹੀ ਪ੍ਰਾਪਤ ਕਰਨ ਹਿਤ ਮਹਾਰਾਜ ਕਹਿੰਦੇ ਕਈ ਜੂਨਾਂ ਲੰਘ ਗਈਆਂ -

***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - 268***

ਸੋ ਇਹ ਸਾਡਾ ਸਫਰ ਹੈ -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥***
***ਅੰਗ- 999***

ਕਿੰਨੀ ਕੁ ਦੇਰ ਦਾ ਤੂੰ ਚੱਲਿਆ ਹੋਇਐਂ, ਚਲਦੇ-ਚਲਦੇ ਨੂੰ ਕਿਸੇ ਸਮੇਂ ਕੋਈ ਪੂਰਬਲੇ ਕਰਮਾਂ ਦਾ ਬਲ ਉੱਠ ਖੜ੍ਹੇ ਤੇ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ ਤੇ ਸੰਤ ਸਮਝਾ ਦਿੰਦੇ ਨੇ ਕਿ ਪਿਆਰਿਆ! ਜਿਹੜੇ ਕੰਮਾਂ 'ਚ ਤੂੰ ਲੱਗਿਆ ਹੋਇਐਂ, ਇਹ ਕਿਸੇ ਵੀ ਕੰਮ ਨਹੀਂ ਹੈ -

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- 12***

worthless (ਫਜ਼ੂਲ) ਕੰਮ ਕਰ ਰਿਹੈਂ ਤੂੰ, ਜਿਨ੍ਹਾਂ ਦਾ ਕੋਈ ਮਤਲਬ ਨਹੀਂ, ਪੂਰਾਂ ਦੇ ਪੂਰ ਇਥੇ ਆਏ ਨੇ, ਬਾਦਸ਼ਾਹ ਬਣ ਗਏ। ਵੱਡੇ-ਵੱਡੇ ਪੀਰ ਪੈਗੰਬਰ, ਅਉਲੀਏ ਬਣ ਗਏ ਨੇ। ਲੇਕਿਨ ਸੰਸਾਰ ਦੇ ਉੱਤੇ ਅੱਜ ਤਾਂ ਕੋਈ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੇ ਕਿਲ੍ਹੇ ਵਗੈਰਾ ਖੜ੍ਹੇ ਨਜ਼ਰ ਆਉਂਦੇ ਨੇ। ਨਾਲ ਕੀ ਲੈ ਗਏ, ਕੁਛ ਵੀ ਨਹੀਂ ਲੈ ਕੇ ਗਏ। ਇਕ ਤਰ੍ਹਾਂ ਦਾ ਫਤੂਰ ਹੈ ਮਨ ਦੇ ਵਿਚ ਪਿਆ ਹੋਇਆ, ਦਿਮਾਗ ਵਿਚ ਪਿਆ ਹੋਇਆ, ਕੋਈ ਬਾਦਸ਼ਾਹ ਬਣ ਕੇ ਦੂਸਰੇ ਦੇਸ਼ਾਂ ਨੂੰ ਜਿੱਤਦਾ ਤੁਰਿਆ ਆਉਂਦੈ।

ਸਿਕੰਦਰ ਬੜੀ ਸੋਹਣੀ ਆਪਣੇ ਘਰ ਰੋਟੀ ਖਾਂਦਾ ਸੀ, ਮਕਦੂਨੀਆਂ ਦੇ ਰਹਿਣ ਵਾਲਾ। ਗਰੀਕ ਦਾ ਵਾਸੀ ਸੀ, ਰਾਜਾ ਸੀ। 20 ਸਾਲ ਦੀ ਉਮਰ ਦੇ ਅੰਦਰ ਦਿਮਾਗ 'ਚ ਆਇਆ ਕਿ ਮੈਂ ਸਾਰੀ ਦੁਨੀਆਂ ਨੂੰ ਫਤਿਹ ਕਰਨੈ। ਦੁਨੀਆਂ ਨੂੰ ਜਿੱਤਦਾ ਚਲਿਆ ਗਿਆ, ਅਖੀਰ ਹਿੰਦੁਸਤਾਨ 'ਚ ਆਇਆ ਭਾਰਤ ਵਰਸ਼ 'ਚ ਲੋਕ ਕਰਨੀ ਕਮਾਈ ਵਾਲੇ, ਧਰਮ ਕਰਨ 'ਚ ਪੱਕੇ ਸੀ, ਰਾਜੇ ਪੋਰਸ ਨੇ ਉਸ ਨੂੰ ਅੱਗੇ ਨਾ ਲੰਘਣ ਦਿਤਾ। ਬੜੀ ਮੁਸ਼ਕਲ ਦੇ ਨਾਲ ਉਸ ਨੂੰ ਹਰਾਇਆ। 12 ਸਾਲ ਬੀਤ ਗਏ ਉਸ ਨੂੰ ਯੂਨਾਨ ਤੋਂ ਚੱਲਿਆਂ, ਸਮੁੰਦਰ ਦੇ ਰਸਤੇ ਮੁੜਿਆ ਤੇ ਜਿਸ ਵਕਤ ਇਸ਼ਨਾਨ ਕਰਿਆ ਸਮੁੰਦਰ 'ਚ, ਗਰਮ ਸਰਦ ਹੋ ਗਿਆ। ਬਿਮਾਰੀ ਲੰਮੀ ਹੋ ਗਈ, ਪੁੱਛਿਆ ਜੋਤਸ਼ੀਆਂ ਨੂੰ ਬੁਲਾ ਕੇ ਕਿ ਮੇਰੀ ਮੌਤ ਕਦੋਂ ਆਏਗੀ? ਜੋਤਸ਼ੀਆਂ ਨੇ ਹਿਸਾਬ ਕਿਤਾਬ ਲਾਇਆ, ਨਿਸ਼ਾਨੀਆਂ ਦਸ ਦਿਤੀਆਂ ਕਿ ਬਾਦਸ਼ਾਹ ਤੇਰੀ ਮੌਤ ਉਸ ਵੇਲੇ ਆਏਗੀ ਜਦੋਂ ਧਰਤੀ ਲੋਹੇ ਦੀ ਬਣ

ਜਾਏਗੀ ਤੇ ਅਸਮਾਨ ਸੋਨੇ ਦਾ ਬਣ ਜਾਏਗਾ। ਅਜੀਬ ਬਾਤ ਹੈ ਕਿ ਨਾ ਕਦੇ ਅਸਮਾਨ ਸੋਨੇ ਦਾ ਬਣੇ, ਨਾ ਧਰਤੀ ਲੋਹੇ ਦੀ ਬਣੇ। ਸਾਰੇ ਜੋਤਸ਼ੀਆਂ ਨੇ ਕਹਿ ਦਿਤਾ ਕਿ ਇਹੀ ਗੱਲ ਹੈ।

ਚਲਦੇ-ਚਲਦੇ ਘੋੜੇ 'ਤੇ ਸਵਾਰ ਹੈ, ਛੇਤੀ-ਛੇਤੀ ਵੱਡੀਆਂ ਮੰਜ਼ਲਾਂ ਪਾਰ ਕਰ ਰਿਹੈ, ਅਚਾਨਕ ਗਸ਼ ਖਾ ਕੇ, ਬੇਹੋਸ਼ ਹੋ ਕੇ ਘੋੜੇ ਤੋਂ ਗਿਰ ਗਿਆ। ਕੋਲ ਕੋਈ ਚੀਜ਼ ਨਹੀਂ ਹੈ। ਜ਼ਰਾ ਬਖਤਰ, ਉਸਦੇ ਜਿਹੜੀ ਸੰਜੋਅ ਪਹਿਨੀ ਹੋਈ ਸੀ, ਉਹ ਹੇਠਾਂ ਵਿਛਾ ਦਿਤੀ, ਧਰਤੀ ਬਹੁਤ ਗਰਮ ਸੀ। ਮੂੰਹ ਦੇ ਉਤੇ ਛਾਂ ਕਰਨ ਵਾਸਤੇ ਉਹਦੀ ਸੋਨੇ ਦੀ ਪਲੇਟ ਲੱਗੀ ਹੋਈ ਜੋ ਢਾਲ ਸੀ ਉਹ ਬਰਛੇ ਦੇ ਉਤੇ ਟੰਗ ਕੇ ਖੜ੍ਹੀ ਕਰ ਦਿਤੀ। ਜਦੋਂ ਦਵਾਈਆਂ ਦੇ ਨਾਲ ਹੋਸ਼ ਆਈ, ਹੱਥ ਮਾਰਿਆ ਧਰਤੀ 'ਤੇ ਤਾਂ ਦੇਖਦੈ ਕਿ ਮੇਰੇ ਹੇਠਾਂ ਤਾਂ ਲੋਹੇ ਦੀ ਸੰਜੋਅ ਪਈ ਹੈ, ਉਤੇ ਦੇਖਿਆ ਤਾਂ ਕਿਰਨਾਂ ਸੋਨੇ ਰੰਗੀਆਂ ਆ ਰਹੀਆਂ ਨੇ। ਰੋ ਪਿਆ ਉਸ ਵੇਲੇ, ਵੱਡੇ ਹਕੀਮਾਂ ਨੂੰ ਬੁਲਾਇਆ। ਕਹਿਣ ਲੱਗਿਆ ਕਿ ਮੈਨੂੰ ਕੋਈ ਐਸੀ ਦਵਾਈ ਦੇਵੋ ਜਿਹਦੇ ਨਾਲ ਮੈਂ ਘਰ ਪਹੁੰਚ ਕੇ ਆਪਣੀ ਮਾਂ ਨੂੰ ਕਮ-ਸ-ਕਮ ਦਸ ਸਕਾਂ ਕਿ ਬਾਰ੍ਹਾਂ ਸਾਲਾਂ ਦੇ ਅੰਦਰ ਮੈਂ ਕਿੰਨੇ ਯੁੱਧ ਕੀਤੇ, ਕਿੰਨੇ ਰਾਜੇ ਮੈਂ ਜਿੱਤੇ। ਕੋਈ ਜਵਾਬ ਨਹੀਂ ਆਉਂਦਾ ਹਕੀਮਾਂ ਵਲੋਂ ਕਿਉਂਕਿ ਜੋ ਸਮਾਨ ਪ੍ਰਾਣ ਸੀ ਉਹਦੀ ਗੰਢ ਖੁਲ੍ਹ ਚੁੱਕੀ ਸੀ।

ਕਹਿਣ ਲੱਗਿਆ, ਤੁਸੀਂ ਬੋਲਦੇ ਕਿਉਂ ਨਹੀਂ? ਜੇ ਤੁਸੀਂ ਇਸ ਤਰ੍ਹਾਂ ਦਵਾਈ ਨਹੀਂ ਮੈਨੂੰ ਦੇ ਸਕਦੇ, ਤਾਂ ਮੈਂ ਤੁਹਾਨੂੰ ਅੱਧਾ ਰਾਜ ਤੁਹਾਨੂੰ ਦੇਵਾਂਗਾ ਤੇ ਮੈਨੂੰ ਦਵਾਈ ਦੇਵੋ।

ਫੇਰ ਵੀ ਨਹੀਂ ਉਹ ਬੋਲੇ।

ਫੇਰ ਕਹਿਣ ਲੱਗਿਆ, ਮੈਂ ਜਿੰਨਾਂ ਵੀ ਕੁਛ ਜਿੱਤਿਐ, ਸਾਰਾ ਦੇ ਦੇਵਾਂਗਾ, ਮੈਂ ਗਰੀਸ ਦੇ ਵਿਚ ਆਪਣੇ ਰਾਜ 'ਤੇ ਦਿਨ ਕੱਟ ਲਵਾਂਗਾ।

ਉਹ ਫੇਰ ਵੀ ਨਹੀਂ ਬੋਲੇ।

ਕਹਿੰਦਾ, ਬੋਲਦੇ ਕਿਉਂ ਨਹੀਂ ਤੁਸੀਂ, ਜਵਾਬ ਕਿਉਂ ਨਹੀਂ ਦਿੰਦੇ ਤੁਸੀਂ?

ਵੱਡਾ ਹਕੀਮ ਕਹਿਣ ਲੱਗਿਆ ਕਿ ਬਾਦਸ਼ਾਹ ਸਲਾਮਤ! ਇਸ ਵੇਲੇ ਤੁਹਾਡੇ ਪ੍ਰਾਣਾਂ ਦੀ ਗੰਢ ਖੁੱਲ੍ਹ ਚੁੱਕੀ ਹੈ। ਇਹ ਤਾਂ ਦੁਨੀਆਂ ਦਾ ਰਾਜ ਕਹਿੰਦੇ ਹੋਂ ਤੁਸੀਂ, ਜੇ ਤੁਸੀਂ ਤਿੰਨਾਂ ਲੋਕਾਂ ਦਾ ਵੀ ਰਾਜ ਦੇਵੋਂ, ਤੁਹਾਨੂੰ ਅਸੀਂ ਹੁਣ ਇਕ ਸਵਾਸ ਵੀ ਵਾਧੂ ਨਹੀਂ ਦਿਵਾ ਸਕਦੇ। ਕਿਉਂਕਿ ਸਵਾਸ ਹੁਣ ਗਿਣਵੇਂ ਰਹਿ ਗਏ ਹਨ ਤੇ ਤੁਹਾਡਾ ਸਰੀਰ ਇਥੇ ਹੀ ਸ਼ਾਂਤ ਹੋ ਜਾਣੈ। ਬੜਾ ਰੋਇਆ ਉਹ, ਕਹਿਣ ਲੱਗਿਆ ਕਿ ਇਹਦਾ ਮਤਲਬ ਇਹ ਹੈ ਕਿ ਮੇਰਾ ਸਾਰਾ ਜਿੱਤਿਆ ਹੋਇਆ ਰਾਜ, ਇਕ ਸਵਾਸ ਦੀ ਕੀਮਤ ਵੀ ਨਹੀਂ ਰੱਖਦਾ। ਕੀ ਲੈ ਗਿਆ ਉਹ, ਅਸੀਂ ਕਿੰਨੇ ਸਵਾਸ ਬਰਬਾਦ ਕਰ ਦਿੰਦੇ ਹਾਂ, 24 ਹਜ਼ਾਰ ਸਵਾਸ ਸਾਨੂੰ ਰੋਜ਼ ਆਉਂਦੈ, ਕਿੰਨਾ

ਕੀਮਤੀ ਸਵਾਸ ਹੈ। ਸੌ ਸਾਲ ਦੀ ਉਮਰ ਜੇ ਪ੍ਰਮੇਸ਼ਰ ਕਿਸੇ ਨੂੰ ਦੇ ਦੇਵੇ, ਤਾਂ 88 ਕਰੋੜ 68 ਲੱਖ ਸਵਾਸ ਆਇਆ ਕਰਦੇ ਨੇ। ਜੇ 75 ਸਾਲ ਦੀ ਉਮਰ ਦਿੰਦੈ ਤਾਂ 66 ਕਰੋੜ 44 ਲੱਖ ਸਵਾਸ ਹੋਇਆ ਕਰਦੈ। ਇਨ੍ਹਾਂ ਸਵਾਸਾਂ ਦੇ ਵਿਚੋਂ ਕਿੰਨੇ ਕੁ ਨੇ, ਜਿਹੜੇ ਲੇਖੇ ਵਿਚ ਲੱਗ ਗਏ। ਸਾਰੇ ਦੇ ਸਾਰੇ ਬਰਬਾਦ ਕਰਕੇ ਅਸੀਂ ਸੰਸਾਰ ਤੋਂ ਚਲੇ ਜਾਂਦੇ ਹਾਂ। ਕੋਈ ਚੀਜ਼ ਖਟਦੇ ਨਹੀਂ ਹਾਂ, ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਹੇ। ਜਿਸ ਦੀ ਕੀਮਤ ਅਸੀਂ ਜਾਣ ਨਹੀਂ ਸਕੇ। ਸਾਨੂੰ ਨਹੀਂ ਇਸ ਗੱਲ ਦਾ ਪਤਾ ਕਿ ਇਹ ਕਿੰਨੀ ਕੀਮਤੀ ਚੀਜ਼ ਹੈ, ਜੇ ਭਲਾ ਇਹਦੇ ਬਾਰੇ ਗੱਲ ਵੀ ਕਰੀਏ ਤਾਂ ਧਿਆਨ ਨਾਲ ਸੁਣੋ। ਜਿਸ ਤਰ੍ਹਾਂ ਅਸੀਂ ਮਕਾਨ ਬਣਾਉਂਦੇ ਹਾਂ ਇੱਟਾਂ ਦਾ, ਇਸ ਤਰ੍ਹਾਂ ਸਰੀਰ ਦੀ ਬਣਤਰ ਦੇ ਵਿਚ, ਚੌਦਾਂ ਖਰਬ ਸੈੱਲ ਲੱਗਿਆ ਹੋਇਐ, ਐਨਾ ਤਾਂ ਗਿਣਨਾ ਹੀ ਬੜਾ ਮੁਸ਼ਕਲ ਹੈ। ਨੌਂ ਮਹੀਨਿਆਂ ਦੇ ਅੰਦਰ ਪ੍ਰਮੇਸ਼ਰ ਨੇ ਕਿੱਡਾ ਸੋਹਣਾ ਮੰਦਰ ਬਣਾ ਕੇ ਜੀਵ ਆਤਮਾ ਨੂੰ ਦੇ ਦਿਤਾ। 72 ਕਰੋੜ, 72 ਲੱਖ, 72 ਹਜ਼ਾਰ, 200 ਬਲੱਡ ਚੈਨਲ ਹੈ, ਪੰਜ ਇਹਦੇ 'ਚ ਪ੍ਰਾਣ ਨੇ, ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਦੇ ਨਾਲ ਅੱਖਾਂ, ਕੰਨ ਆਦਿ ਬਣੇ ਹੋਏ ਨੇ ਤੇ ਪੰਜ ਜੋ ਪ੍ਰਾਣ ਨੇ, ਜਿਹੜੇ ਸਰੀਰ ਦਾ ਕੰਮ ਚਲਾਉਂਦੇ ਨੇ। ਉਹ ਆਖਰੀ ਦਮ ਤਕ ਆਪਣਾ ਕੰਮ ਕਰਦੇ ਨੇ। 20,000 ਨਾੜੀ ਇਹਦੇ ਵਿਚ ਦ੍ਰਿਸ਼ਟਮਾਨ ਹੈ, 20,000 ਨਾੜੀਆਂ ਇਹਦੇ ਵਿਚ ਬਹੁਤ ਜ਼ਰੂਰੀ ਨੇ, ਜਿਨ੍ਹਾਂ 'ਚੋਂ ਤਿੰਨ ਨਾੜੀਆਂ-ਇੜਾ, ਪਿੰਗਲਾ, ਸੁਖਮਨਾ, ਜਿਹਨੂੰ ਜ਼ਿੰਦਗੀ ਦੀ ਕਰੰਟ ਕਹਿੰਦੇ ਨੇ ਉਹ ਵਗਦੀ ਹੈ ਇਹਦੇ ਵਿਚ। ਸੋ ਐਡਾ ਕੀਮਤੀ ਸਰੀਰ ਪ੍ਰਮੇਸ਼ਰ ਨੇ ਜੋ ਸਾਨੂੰ ਦਿਤਾ ਹੈ, ਉਹ ਇਸ ਵਾਸਤੇ ਨਹੀਂ ਦਿਤਾ ਕਿ eat drink and be marry for we shall have to die. ਖਾਓ, ਪੀਓ ਤੇ ਐਸ਼ ਕਰੋ। ਇਹਦੇ ਨਾਲ ਹੁੰਦਾ ਕੀ ਹੈ ਕਿ ਜੇ ਜੀਵਨ ਵਿਅਰਥ ਚਲਿਆ ਗਿਆ, ਕਿਸੇ ਲੇਖੇ ਵਿਚ ਨਾ ਲੱਗਿਆ, ਤਾਂ ਕਰਮ ਜਿਹੜੇ ਕੀਤੇ ਨੇ ਉਹ ਭੁਗਤਣੇ ਪੈਣੇ ਨੇ। ਉਸ ਵੇਲੇ ਆਦਮੀ ਜਦੋਂ ਰੋਂਦੈ, ਜਦੋਂ ਕਰਮਾਂ ਨੂੰ ਭੋਗਦੈ। ਸੋ ਇਹ ਸਰੀਰ ਲੇਖੇ 'ਚ ਲਗਣਾ ਚਾਹੀਦੈ। ਮਹਾਰਾਜ ਕਹਿੰਦੇ, ਤੈਨੂੰ ਇਹਦੀ ਕੀਮਤ ਦਾ ਨਹੀਂ ਪਤਾ। ਸਾਰੀ ਕਾਇਨਾਤ, ਜਿੰਨੀ ਰਚਨਾ ਹੈ ਵਾਹਿਗੁਰੂ ਜੀ ਦੀ, ਇਹਦੇ ਵਿਚੋਂ ਸਭ ਤੋਂ ਕੀਮਤੀ ਜੋ ਚੀਜ਼ ਹੈ, ਉਹ ਤੇਰਾ ਸਰੀਰ ਹੈ ਤੇ ਐਨਾ ਕੀਮਤੀ ਹੈ ਕਿ ਤੇਰੇ ਨਾਲੋਂ ਮਹਾਨ ਸੁੱਖਾਂ 'ਚ ਬੈਠੇ ਹੋਏ ਦੇਵਤੇ, ਸਵਰਗ ਲੋਕਾਂ 'ਚ, ਇਸ ਦੀ ਲੋਚਾ ਕਰਦੇ ਨੇ। ਬਹੁਤਿਆਂ ਨੂੰ ਨਹੀਂ ਪਤਾ ਕਿ ਸਵਰਗ ਲੋਕ ਕੀ ਹੁੰਦੇ ਨੇ, ਕਿੰਨਾ ਸੁੱਖ ਹੁੰਦੈ ਉਥੇ। ਅਨੁਭਵੀ ਮਹਾਂਪੁਰਸ਼ਾਂ ਦਾ ਹਿਸਾਬ-ਕਿਤਾਬ ਜੋ ਹੈ, ਉਹ ਇਹ ਦਸਦੇ ਨੇ ਕਿ ਇਥੇ ਇਕ ਬਾਦਸ਼ਾਹ ਹੋਵੇ, ਜਿਹੜਾ ਸਾਰੀ ਦੁਨੀਆਂ ਦਾ ਬਾਦਸ਼ਾਹ ਹੋਵੇ, ਸਾਰੀ ਦੁਨੀਆਂ ਉਹਦੇ ਕਹਿਣੇ 'ਚ ਚਲਦੀ ਹੋਵੇ, ਰੱਬ ਵਾਂਗੂੰ ਉਹਨੂੰ ਮੰਨਦੀ ਹੋਵੇ, ਉਹ ਕਦੇ ਵੀ ਬਿਰਦ ਨਾ ਹੋਵੇ, ਕਦੇ ਬਿਮਾਰ ਨਾ ਹੋਵੇ, ਕਦੇ ਉਹਦਾ ਖਜ਼ਾਨਾ ਖਾਲੀ ਨਾ ਹੋਵੇ, ਉਸ ਰਾਜੇ ਨੂੰ ਜੋ ਸੁਖ ਹੈ ਉਹ ਇਕ ਯੂਨਿਟ ਹੋਇਆ ਕਰਦੈ, ਇਸ ਤੋਂ ਸੌ ਗੁਣਾਂ ਸੁਖ ਪਹਿਲੇ ਸਵਰਗ 'ਚ ਜਿਹਨੂੰ ਗੰਧਰਬ ਲੋਕ ਕਹਿੰਦੇ ਨੇ, ਉਹਦੇ 'ਚ ਪ੍ਰਾਪਤ ਹੋਇਆ ਕਰਦੈ। ਉਨ੍ਹਾਂ ਜੀਵ ਆਤਮਾਵਾਂ ਨੂੰ ਜਿਹੜੇ

ਇਥੇ ਪੁੰਨ ਦਾਨ ਬੀਜਣ ਤੋਂ ਬਾਅਦ ਸਵਰਗ ਲੋਕਾਂ 'ਚ ਪ੍ਰਵੇਸ਼ ਕਰ ਜਾਂਦੇ ਨੇ ਕਿਉਂਕਿ ਸਾਰੇ ਨਹੀਂ ਕਰਦੇ। ਕੁਛ ਤਾਂ ਉਹ ਨੇ ਜਿਹੜੇ ਇਥੇ ਆ ਕੇ ਵਿਕਾਰਾਂ 'ਚ ਪੈਂਦੇ ਨੇ। ਮਾੜੇ ਲੇਖ ਲਿਖਦੇ ਨੇ ਤੇ ਉਹ ਜਦੋਂ ਸਹਿਣੇ ਪੈਂਦੇ ਨੇ, ਉਸ ਵੇਲੇ ਬਹੁਤ ਦੁਖੀ ਹੁੰਦੇ ਨੇ ਕਿਉਂਕਿ ਕੋਈ ਕੀਤਾ ਹੋਇਆ ਕਰਮ, ਅਕਾਰਥ ਨਹੀਂ ਜਾਂਦਾ, ਆਪਣਾ ਫਲ ਦੇਣ ਨੂੰ ਸਮਰੱਥ ਹੁੰਦੈ। ਸੋ ਮਹਾਰਾਜ ਕਹਿੰਦੇ ਪਿਆਰਿਆ –

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

ਨਾ ਕਰ ਇਹੋ ਜਿਹਾ ਕੰਮ ਜਿਹਦੇ ਨਾਲ ਤੈਨੂੰ ਅਖੀਰ ਦੇ ਉਤੇ ਪਛਤਾਉਣਾ ਪਵੇ –

***ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥***

***ਅੰਗ- 469***

ਦਰਗਾਹ 'ਚ ਜਾ ਕੇ ਹਾਰ ਜਾਵੇਂ, ਐਸੀ ਬਾਜ਼ੀ ਨਾ ਖੇਲ੍ਹ, ਬਹੁਤ ਔਖਾ ਹੋਵੇਂਗਾ। ਪਛਤਾਉਣਾ ਪਵੇਗਾ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥***

***ਅੰਗ- 315***

***ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥*** ***ਅੰਗ- 464***

ਦੋਵੇਂ ਤਰੀਕੇ ਨੇ, ਇਕ ਤਾਂ ਉਹ ਨੇ ਜਿਨ੍ਹਾਂ ਨੇ ਆ ਕੇ ਇਥੇ ਸਮਝ ਨਹੀਂ ਕੀਤੀ, ਮਨਮਰਜ਼ੀਆਂ ਕੀਤੀਆਂ ਨੇ, ਧੱਕੇ ਕੀਤੇ ਨੇ ਦੂਜਿਆਂ ਨੂੰ ਧੋਖੇ ਦਿਤੇ ਨੇ। ਵੈਰ-ਵਿਰੋਧ ਕੀਤੇ ਨੇ, ਦੁਖੀ ਕੀਤੈ, ਜ਼ੋਰ ਕੀਤੇ ਨੇ, ਲੁੱਟਿਐ, ਖੋਹਿਐ, ਮਹਾਰਾਜ ਕਹਿੰਦੇ ਉਨ੍ਹਾਂ ਦੇ ਕਰਮ ਉਨ੍ਹਾਂ ਨੂੰ ਐਸੇ ਥਾਂ ਲੈ ਜਾਣਗੇ – ***'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥' ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ (ਅੰਗ- 473)*** ਜਿਵੇਂ ਤੇਲ ਕੱਢਦੇ ਨੇ ਇਸ ਤਰ੍ਹਾਂ ਕੱਢਿਆ ਜਾਵੇਗਾ। ਕਿੰਨਾ ਹੈ, ਕਹਿੰਦੇ, ਅਠਾਰ੍ਹਾਂ ਨਰਕ ਵੱਡੇ-ਵੱਡੇ ਨੇ, ਜਿੱਥੇ ਫੇਰ ਐਸੇ ਕਰਮ ਕਰਨ ਵਾਲੇ ਜਾਂਦੇ ਨੇ, ਇਨ੍ਹਾਂ ਲੋਕਾਂ ਨੂੰ ਪਾਮਰ ਕਹਿੰਦੇ ਨੇ, ਪਾਪੀ ਕਹਿੰਦੇ ਨੇ। ਆਪਣਾ ਦੇਖਦੇ

ਨੇ, ਦੂਸਰੇ ਦਾ ਨਹੀਂ ਭਲਾ ਮਨਾਉਂਦੇ। ਦੂਸਰੇ ਉਹ ਨੇ ਜਿਹੜੇ ਪੁੰਨ ਦਾਨ ਕਰਦੇ ਨੇ, ਨੇਕ ਕੰਮ ਕਰਦੇ ਨੇ। ਰਸਤਿਆਂ ਦੇ ਉਤੇ ਨਲਕੇ ਲਵਾਉਂਦੇ ਨੇ, ਹੋਰ ਅਨੇਕਾਂ ਕਿਸਮ ਦੀਆਂ ਸੜਕਾਂ ਸਾਫ ਰਖਦੇ ਨੇ, ਦਰਖਤ ਲਾਉਂਦੇ ਨੇ, ਦੂਸਰਿਆਂ ਨੂੰ ਦੁੱਖ ਨਹੀਂ ਹੋਣ ਦਿੰਦੇ, ਦੁਖੀ ਦੇ ਜਾ ਕੇ ਹਾਅ ਦਾ ਨਾਅਰਾ ਮਾਰਦੇ ਨੇ, ਜੋ ਸਰਦੈ, ਉਹਦੀ ਮਦਦ ਕਰਦੇ ਨੇ, ਲੇਕਿਨ ਉਹਦਾ ਬਦਲਾ ਚਾਹੁੰਦੇ ਨੇ ਕਿ ਇਹਦਾ ਮੈਨੂੰ ਫਲ ਮਿਲੇ। ਉਹਦਾ ਕੁਛ ਇਥੇ ਵੀ ਫਲ ਮਿਲਦੈ, ਕੁਛ ਦਰਗਾਹ 'ਚ ਜਾ ਕੇ ਵੀ ਮਿਲਦੈ। ਆਮ ਸਾਧਾਰਣ ਕੀਤੇ ਹੋਏ ਦਾਨ, 70 ਗੁਣਾਂ ਵਧਦੇ ਨੇ ਦਰਗਾਹ ਦੇ ਵਿਚ। 10 ਗੁਣਾਂ ਇਥੇ ਵਧਿਆ ਕਰਦੇ ਨੇ। ਖੇਤ ਦਾ ਫਰਕ ਹੈ -

***ਖੇਤੁ ਪਛਾਣੈ ਬੀਜੈ ਦਾਨੁ ॥*** ***ਅੰਗ- 1411***

ਚੰਗੇ ਖੇਤ ਵਿਚ ਫਸਲ ਹੋਵੇ, ਜ਼ਿਆਦਾ ਵਧਦੀ ਹੈ, ਮਹਾਂਪੁਰਸ਼ਾਂ ਦੇ, ਬ੍ਰਹਮਗਿਆਨੀਆਂ ਦੇ ਜਿੱਥੇ ਦਿਨ ਰਾਤ ਲੰਗਰ ਚਲਦੇ ਨੇ, ਹਸਪਤਾਲ ਚਲਦੇ ਨੇ, ਗਰੀਬਾਂ ਦੀ ਮਦਦ ਕੀਤੀ ਜਾਂਦੀ ਹੈ, ਐਸੇ ਥਾਂ ਬੀਜਿਆ ਹੋਇਆ ਦਾਨ ਹਜ਼ਾਰ ਤੇ ਲੱਖਾਂ ਗੁਣਾਂ ਵਧਦਾ ਹੈ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ- 1414***

ਇਹ ਧਰਮਰਾਜ ਦੇ ਜਾਂਦੇ ਨੇ। ਤੀਸਰੇ ਉਹ ਨੇ ਜਿਹੜੇ ਭਜਨ ਬੰਦਗੀ ਕਰਦੇ ਨੇ, ਮਹਾਂਪੁਰਸ਼ਾਂ ਨੂੰ ਮਿਲ ਗਏ ਪਰ ਪੂਰੇ ਨਹੀਂ ਹੋ ਸਕੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਿਹਾ ਜਾਂਦੈ। ਜਾਣ ਤਾਂ ਗਏ, ਗੁਰੂ ਵੀ ਧਾਰਨ ਕਰ ਲਿਆ, ਬਾਣੀਆਂ ਵੀ ਪੜ੍ਹਦੇ ਨੇ, ਪਰ ਅੰਦਰ ਅਜੇ ਪ੍ਰਕਾਸ਼ ਨਹੀਂ ਹੋਇਆ। ਅੰਦਰ ਸੋਝੀ ਨਹੀਂ ਆਈ, ਮਾਇਆ ਦੇ ਲੇਪ ਤੋਂ ਉੱਚੇ ਨਹੀਂ ਉੱਠ ਸਕੇ। ਉਹ ਜਿਹੜੇ ਪ੍ਰੇਮੀ ਨੇ ਉਨ੍ਹਾਂ ਦੇ ਮਨ ਵਿਚ ਪਛਤਾਵਾ ਹੁੰਦੈ ਕਿ ਮਾਨਸ ਜਨਮ ਵੀ ਮਿਲਿਆ ਤੇ ਅਸੀਂ ਕਿਸੇ ਕਿਨਾਰੇ ਵੀ ਨਾ ਪਹੁੰਚੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਹਿੰਦੇ ਨੇ। ਉਹ ਜਿਸ ਵਕਤ ਸਰੀਰ ਛੱਡਦੇ ਨੇ, ਉਸ ਵੇਲੇ ਉਨ੍ਹਾਂ ਦੀ ਪਿਛਲੀ ਕਰਨੀ ਕਮਾਈ ਨੂੰ ਤੋਲ ਕੇ, ਜੋਖ ਕੇ, ਪਰਖ ਕੇ ਮੁੜ ਕੇ ਫੇਰ ਮਨੁੱਖ ਦੇਹੀ ਦੇ ਵਿਚ ਉਨ੍ਹਾਂ ਦਾ ਜੀਵ ਆਤਮਾ ਪ੍ਰਵੇਸ਼ ਕਰਾ ਦਿੰਦੈ ਕਿ ਜਿਹੜੀ ਪਿਛਲੀ ਕਮੀ ਰਹਿ ਗਈ, ਹੁਣ ਪੂਰੀ ਕਰ ਲਵੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੱਸਿਆ ਕਰਦੇ ਸੀ ਕਿ ਜਦੋਂ ਤਿੰਨ-ਚਾਰ ਵਾਰੀ ਐਸਾ ਹੋ ਜਾਵੇ ਤਾਂ ਉਹਦੀ ਨਿਸ਼ਾਨੀ ਹੀ ਇਹ ਹੁੰਦੀ ਹੈ ਕਿ ਬੱਚਾ ਹੀ, ਪੰਜ-ਚਾਰ ਸਾਲ ਦਾ, ਇਸ ਤੋਂ ਵੀ ਛੋਟਾ ਉਹ ਕਹਿੰਦੈ ਕਿ ਮੈਨੂੰ ਗੁਰੂ ਧਾਰਨ ਕਰਾਓ, ਮੈਨੂੰ ਅੰਮ੍ਰਿਤ ਛਕਾਓ, ਮੈਂ ਨਾਮ ਜਪਣੈ, ਮੈਂ ਬਾਣੀ ਪੜ੍ਹਨੀ ਹੈ। ਉਹਨੂੰ ਗਿਆਨ ਹੁੰਦੈ ਪਿਛਲੇ ਜਨਮ ਦਾ। ਜਿੰਨੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਨੂੰ ਤਾਂ ਉਵੇਂ ਹੀ ਗਿਆਨ ਹੋਇਆ ਕਰਦੈ ਪਿਛਲਾ। ਵੈਸੇ ਉਹ ਜਾਣ ਜਾਂਦੇ ਨੇ ਕਿ ਆਹ ਜਿਹੜਾ ਪ੍ਰੇਮੀ ਆਇਐ ਬੱਚਾ ਛੋਟਾ, ਇਹਨੇ ਪਹਿਲਾਂ ਕਈ ਜਨਮ ਭਗਤੀ ਕੀਤੀ ਹੋਈ ਹੈ, ਪਰ ਅਧੂਰਾ ਰਹਿ ਗਿਆ, ਹਰ ਵਾਰੀ ਅਧੂਰਾ ਰਹਿ

ਗਿਆ। ਉਹ ਯੋਗ ਭ੍ਰਿਸ਼ਟ ਹੋਇਆ ਕਰਦੇ ਨੇ, ਜੇ ਉਨ੍ਹਾਂ ਦੇ ਮਨ ਵਿਚ ਕੋਈ ਐਸੀ ਵਾਸ਼ਨਾ ਆ ਜਾਵੇ ਕਿ ਅਸੀਂ ਇਹਦਾ ਫਲ ਲਈਏ, ਤਾਂ ਉਹ ਬ੍ਰਹਮ ਲੋਕ ਦੇ ਵਿਚ ਵਾਸਾ ਪਾਇਆ ਕਰਦੇ ਨੇ। ਮਹਾਨ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ, ਲੇਕਿਨ ਪਾਰ ਨਹੀਂ ਲੰਘਿਆ ਕਰਦੇ। ਇਸ ਤੋਂ ਅੱਗੇ ਐਸੇ ਵੀ ਹੁੰਦੇ ਨੇ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਦਿਨ ਰਾਤ ਭਜਨ ਕਰਦੇ ਨੇ, ਹਰ ਵਕਤ ਨਾਮ ਜਪਦੇ ਨੇ, ਨੇਕ ਕੰਮ ਕਰਦੇ ਨੇ, ਸੰਸਾਰ ਦਾ ਸੱਚੇ ਦਿਲੋਂ ਕਹਿੰਦੇ ਨੇ – 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।' ਕਿਸੇ ਦਾ ਬੁਰਾ ਨਹੀਂ ਮੰਗਦੇ ਤੇ ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਨੇ ਤੇ ਐਸੀ ਬਿਰਤੀ ਹੁੰਦੀ ਹੈ ਕਿ ਜੇ ਜ਼ਰਾ ਕੁ ਵੀ ਵਿਸਰ ਜਾਵੇ ਪ੍ਰਮੇਸ਼ਰ ਤਾਂ ਉਨ੍ਹਾਂ ਦੀ ਜੋ ਹਾਲਤ ਹੋਇਆ ਕਰਦੀ ਹੈ, ਉਹਦੇ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ- 708*

ਐਸਾ ਪਿਆਰ ਜੋ ਗੁਰੂ ਨਾਲ ਕਰਦੇ ਨੇ, ਜਿਵੇਂ ਮੱਛੀ ਜੀਉਂਦੀ ਨਹੀਂ ਪਾਣੀ ਤੋਂ ਬਗੈਰ, ਜੇ ਐਸਾ ਪਿਆਰ ਗੁਰੂ ਦੇ ਨਾਲ ਗੁਰਸਿੱਖ ਦਾ ਪੈ ਜਾਵੇ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ - 517*

ਉਹਨੂੰ ਵਾਹਿਗੁਰੂ ਦੀ ਦਰਗਾਹ ਦੇ ਵਿਚ ਵਾਸਾ ਮਿਲ ਜਾਇਆ ਕਰਦੈ –

*ਧਾਰਨਾ – ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*

*'ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥'* ਇਹ ਚਾਰ ਕਿਸਮ ਦੇ ਮਨੁੱਖਾਂ ਦੀ ਚਾਰ ਕਿਸਮ ਦੀ ਗਤੀ ਹੁੰਦੀ ਹੈ। ਪੰਜਵੀਂ ਉਹ ਹੁੰਦੀ ਹੈ ਜਿਨ੍ਹਾਂ ਨੂੰ ਪ੍ਰਮੇਸ਼ਰ ਭੇਜਿਆ ਕਰਦੈ ਕਿ ਜਾਓ ਸੰਸਾਰ 'ਤੇ, ਭੁੱਲੇ ਲੋਕਾਂ ਨੂੰ ਰਸਤੇ ਪਾਓ, ਕਬੁੱਧ ਕਰਨ 'ਤੇ ਹਟਾਓ। ਉਲਟੀਆਂ ਗੱਲਾਂ ਸੋਚਣ ਤੋਂ ਹਟਾਓ, ਜਾ ਕੇ ਉਨ੍ਹਾਂ ਨੂੰ ਸਹੀ ਮਾਰਗ ਦੱਸੋ ਤਾਂਕਿ ਆਪਣਾ ਜਨਮ ਬਿਰਥਾ ਨਾ ਗਵਾ ਬੈਠਣ। ਉਹ ਜਿਹੜੇ ਹੁੰਦੇ ਨੇ ਮਰਜ਼ੀ ਨਾਲ ਆਇਆ ਕਰਦੇ ਨੇ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- 749*

ਉਨ੍ਹਾਂ ਦਾ ਕੰਮ ਹੁੰਦੈ ਵਾਹਿਗੁਰੂ ਨਾਲੋਂ ਟੁੱਟੀਆਂ ਰੂਹਾਂ ਨੂੰ ਜੋੜ ਦੇਣਾ। ਛੇਵੇਂ ਉਹ ਹੋਇਆ ਕਰਦੇ ਨੇ ਜਿਨ੍ਹਾਂ ਨੂੰ ਇਥੇ ਆ ਕੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ –

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ- 278*

ਉਹ ਕਿਤੇ ਜਾਇਆ ਨਹੀਂ ਕਰਦੇ, ਉਹ ਇਸ ਸਰੀਰ ਦੇ ਵਿਚ ਰਹਿੰਦੇ ਹੁੰਦੇ ਹੀ ਜੀਵਨ ਮੁਕਤ ਹੋ ਜਾਇਆ ਕਰਦੇ ਨੇ ਤੇ ਪ੍ਰਮੇਸ਼ਰ ਨੂੰ ਇਸ ਤਰ੍ਹਾਂ ਦੇਖ ਲੈਂਦੇ ਨੇ ਜਿਵੇਂ ਕੋਈ ਹੱਥ 'ਤੇ ਚੀਜ਼ ਪਈ ਹੋਵੇ, ਅਸੀਂ ਖੁੱਲ੍ਹੀਆਂ ਅੱਖਾਂ ਨਾਲ ਦੇਖ ਲਈਏ। ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਮੇਸ਼ਰ ਹਰ ਥਾਂ ਨਜ਼ਰ ਆਇਆ ਕਰਦੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥* *ਅੰਗ – 677*

ਸੋ ਮੈਂ ਇਹ ਬੇਨਤੀ ਕਰਦਾ ਸੀ, ਸਵਰਗ ਦੀ ਬਾਤ ਕਰ ਰਿਹਾ ਸੀ ਮੈਂ, ਕਿਉਂਕਿ ਅਸੀਂ ਸਵਰਗ ਨੂੰ ਬਹੁਤ ਉੱਚਾ ਗਿਣਦੇ ਹਾਂ। ਉਸ ਤੋਂ ਉੱਚੀਆਂ ਅਵਸਥਾ ਤਾਂ ਇਹ ਨੇ ਜਿਹੜੀਆਂ ਮੈਂ ਪਿਛਲੀਆਂ ਤਿੰਨ ਦੱਸੀਆਂ ਨੇ। ਸਵਰਗ ਦੇ ਵਿਚ ਤਾਂ ਚਲੇ ਜਾਈਦੈ, ਮੁੜ ਕੇ ਫੇਰ ਇਥੇ ਆ ਜਾਈਦੈ, ਫੇਰ ਓਹੀ ਕੰਮ, ਓਹੀ ਕਰਮ, ਫੇਰ ਬੰਨ੍ਹ ਲੈਂਦੇ ਨੇ। ਫੇਰ ਪਰਾਲਬਧ ਕਰਮਾਂ ਦਾ ਸਾਨੂੰ ਦੁਖ ਸੁਖ ਭੋਗਣਾ ਪੈਂਦੈ, ਫੇਰ ਅਸੀਂ ਰੋਂਦੇ ਹਾਂ। ਸੁੱਖ ਦੇ ਵਿਚ ਭੁੱਲ ਜਾਂਦੇ ਹਾਂ। ਉਹ ਜੋ ਦੇਵ ਲੋਕ ਨੇ ਉਨ੍ਹਾਂ ਦਾ ਜ਼ਿਕਰ ਮੈਂ ਕਰਿਆ ਸੀ ਕਿ ਇਥੇ ਦੇ ਬਾਦਸ਼ਾਹ ਨਾਲੋਂ ਗੰਧਰਭ ਲੋਕ 'ਚ ਸੌ ਗੁਣਾਂ ਜ਼ਿਆਦਾ ਸੁਖ ਹੁੰਦੈ, ਗੰਧਰਬ ਲੋਕ ਨਾਲੋਂ ਸੌ ਗੁਣਾ ਜ਼ਿਆਦਾ ਸੁਖ ਦੇਵ ਗੰਧਰਬ ਲੋਕ 'ਚ ਹੋਇਆ ਕਰਦੈ, ਇਥੇ ਦੇ ਬਾਦਸ਼ਾਹ ਨਾਲੋਂ 10,000

ਗੁਣਾਂ ਜ਼ਿਆਦਾ ਸੁਖ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਪਿੱਤਰ ਲੋਕ 'ਚ ਹੋਇਆ ਕਰਦੈ, ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਸਵਰਗ ਲੋਕ 'ਚ ਹੋਇਆ ਕਰਦੈ, ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦੈ। ਉਸ ਤੋਂ ਸੌ ਗੁਣਾਂ ਜ਼ਿਆਦਾ ਕਰਮ ਦੇਵ 'ਚ, ਫੇਰ ਅਜਾਨ ਦੇਵ ਲੋਕ ਹੈ, ਪਰਜਾਪਤ ਲੋਕ ਹੈ, ਬ੍ਰਹਮ ਲੋਕ ਹੈ, ਸ਼ਿਵ ਲੋਕ ਹੈ, ਬੈਕੁੰਠ ਧਾਮ ਹੈ। ਜ਼ਰਬ ਦੇ ਲਿਓ ਕਦੇ ਵਿਹਲੇ ਬੈਠ ਕੇ, ਸੌ-ਸੌ ਵਧਾਈ ਜਾਇਓ। ਉਨ੍ਹਾਂ ਮੰਡਲਾਂ ਦੇ ਵਿਚ ਜਿਹੜੇ ਦੇਵਤੇ ਬੈਠੇ ਨੇ ਤੁਸੀਂ ਹੈਰਾਨ ਹੋ ਜਾਓਂਗੇ ਕਿ ਐਨੇ ਸੁਖੀ ਹੁੰਦੇ ਹੋਏ, ਫੇਰ ਇਸ ਮਨੁੱਖ ਜੂਨੀ ਨੂੰ ਕਿਉਂ ਭਾਲਦੇ ਨੇ, ਮਨੁੱਖ ਦੇਹੀ ਨੂੰ ਕਿਉਂ ਲੋਚਦੇ ਨੇ? ਉਹ ਇਹ ਹੈ ਕਿ ਉਹ ਤਪ ਕਰਕੇ ਉਪਰ ਤਾਂ ਚਲੇ ਜਾਂਦੇ ਨੇ, ਲੇਕਿਨ ਸਮਾਂ ਚਾਹੇ ਲੱਖ ਸਾਲ ਬਾਅਦ, ਚਾਹੇ ਕਰੋੜ ਸਾਲ ਬਾਅਦ ਮੁੜ ਕੇ ਫੇਰ ਉਨ੍ਹਾਂ ਨੂੰ ਥੱਲੇ ਆਉਣਾ ਪੈਂਦੈ। ਕੋਈ ਟਿਕਾਣਾ ਤਾਂ ਮਿਲਿਆ ਨਾ, ਉਹ ਤਾਂ ਪੱਕਾ ਟਿਕਾਣਾ ਹੋਇਆ ਨਾ। ਦੂਸਰਾ ਇਹ ਹੈ ਕਿ ਜਿਹੜਾ ਸਾਡਾ ਮਨੁੱਖ ਦਾ ਸਰੀਰ ਹੈ। ਧਿਆਨ ਨਾਲ ਸੁਣਿਓ ਇਨ੍ਹਾਂ ਗੱਲਾਂ ਨੂੰ, ਇਹਦੇ ਵਿਚ ਵਾਹਿਗੁਰੂ ਪ੍ਰਗਟ ਹੋ ਜਾਂਦੈ, ਹੋਰ ਕਿਸੇ ਸਰੀਰ 'ਚ ਪ੍ਰਗਟ ਨਹੀਂ ਹੁੰਦਾ। ਇਹਦੇ 'ਚ ਉਹਨੇ ਆਪਣਾ ਆਪ ਰੱਖਿਆ ਹੋਇਐ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥* *ਅੰਗ- 1033*

ਇਹਦੇ ਸਰੀਰ ਦੇ ਵਿਚ ਬੈਠੈ, ਇਹਨੂੰ ਦੇਖਣਾ ਹੋਵੇ, ਅੱਖ ਹੈ ਅੰਦਰਲੀ ਖੋਲ੍ਹ ਲਓ, ਮਹਾਂਪੁਰਸ਼ਾਂ ਨੂੰ ਮਿਲ ਕੇ ਕਿਉਂਕਿ ਅੱਖ ਖੋਲ੍ਹਣ ਦਾ ਯਤਨ ਵੀ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥* *ਅੰਗ- 947*

ਆਹ ਜਿਹੜਾ ਸਰੀਰ ਹੈ ਨਉਂ ਦਰਵਾਜਿਆਂ ਵਾਲਾ ਕਿਲਾ, ਦੋਵੇਂ ਅੱਖਾਂ, ਦੋਵੇਂ ਨੱਕ ਦਾ ਰਸਤੇ, ਦੋਵੇਂ ਕੰਨ, ਮੂੰਹ ਤੇ ਮਲਮੂਤਰ ਦੇ ਇੰਦ੍ਰੇ; ਨੌ ਬਣ ਜਾਂਦੇ ਨੇ। ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ, ਅੰਦਰ ਨੂੰ ਨਹੀਂ ਖੁਲ੍ਹਦੇ। ਪਰ ਬਹੁਤ ਥੋੜ੍ਹੇ ਬੰਦਿਆਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਅੰਦਰ ਨੂੰ ਵੀ ਖੁਲ੍ਹਦੇ ਨੇ, ਜਦੋਂ ਅੰਦਰਲੀ ਅੱਖ ਖੁਲ੍ਹ ਜਾਂਦੀ ਹੈ ਇਹਨੂੰ

ਦਿੱਬਯ ਅੱਖ ਕਹਿੰਦੇ ਨੇ। ਉਹਦੇ ਨਾਲ ਕੀ ਹੁੰਦੈ? ਸਾਰੀ ਸ੍ਰਿਸ਼ਟੀ ਨਜ਼ਰ ਆਉਣ ਲੱਗ ਜਾਂਦੀ ਹੈ। ਜਦੋਂ ਦਿੱਬਯ ਕੰਨ ਖੁਲ੍ਹ ਜਾਂਦੇ ਨੇ ਤਾਂ ਇਹ ਅਨਹਦ ਨਾਦ, ਜੋ ਕੁਛ ਵੀ ਪ੍ਰਮੇਸ਼ਰ ਦੀ ਦਰਗਾਹ 'ਚ ਹੋਇਐ, ਸਭ ਕੁਛ ਸੁਣਨ ਲਗ ਜਾਂਦੈ। ਜਦੋਂ ਦਿੱਬਯ ਰਸਨਾ ਖੁਲ੍ਹ ਜਾਂਦੀ ਹੈ, ਉਸ ਵੇਲੇ ਐਸਾ ਮਹਾਨ ਅਨੰਦ, ਨਾਮ ਦਾ ਰਸ ਜੋ ਹੈ, ਉਹ ਐਨਾ ਜ਼ਬਰਦਸਤ ਚੜ੍ਹ ਜਾਂਦੈ ਕਿ ਦਿਨ ਤੇ ਰਾਤ ਉਸ ਦਾ ਜੋ ਨਸ਼ਾ ਹੈ, ਉਤਰਿਆ ਨਹੀਂ ਕਰਦਾ -

*ਧਾਰਨਾ - ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ-ਨਾਮ ਖੁਮਾਰੀ।*
*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। ਜਨਮ ਸਾਖੀ*

ਮਹਾਨ ਰਸ ਦੇ ਵਿਚ ਚਲਿਆ ਜਾਂਦੈ, ਜਦੋਂ ਦਿੱਬਯ ਰਸਨਾ ਖੁਲ੍ਹ ਜਾਂਦੀ ਹੈ, ਜਦੋਂ ਦਿੱਬਯ ਨਾਸਕਾ ਖੁਲ੍ਹਦੀ ਹੈ, ਉਸ ਵੇਲੇ ਬਗੈਰ ਸੁਗੰਧੀਆਂ ਤੋਂ ਆਪਣੇ ਆਪ ਹੀ ਸੁਗੰਧੀਆਂ ਆਉਂਦੀਆਂ ਨੇ। ਇਨ੍ਹਾਂ ਦਾ ਸਾਨੂੰ ਨਾ ਪਤਾ ਹੋਣ ਕਰਕੇ ਮਾਨਸ ਸਰੀਰ ਵੀ ਮਿਲਿਐ, ਐਸੇ ਕੀਮਤੀ ਜੋ ਸਾਡੇ ਇੰਦ੍ਰੇ ਸੀ, ਉਹ ਬੇਫਲ ਚਲੇ ਜਾਂਦੇ ਨੇ। ਕਿਸੇ ਲੇਖੇ 'ਚ ਨਹੀਂ ਆਉਂਦੇ, ਵਰਤੋਂ ਹੀ ਨਹੀਂ ਕਰਦੇ।

ਸੋ ਮਹਾਰਾਜ ਕਹਿੰਦੇ, ਪਿਆਰਿਓ! ਇਹ ਜਿਹੜਾ ਸਰੀਰ ਹੈ ਇਹਦੇ ਨੌਂ ਦਰਵਾਜ਼ੇ ਨੇ। ਪਰ ਇਹਦੇ ਵਿਚ ਇਕ ਐਸਾ ਦਰਵਾਜ਼ਾ ਹੈ ਜਿਹਨੂੰ ਤੁਸੀਂ ਕਦੇ ਵੀ ਖੋਲ੍ਹਣ ਦਾ ਯਤਨ ਨਹੀਂ ਕਰਿਆ। ਉਹ ਖੁਲ੍ਹਦਾ ਨਹੀਂ ਹੈ, ਕਿਉਂਕਿ ਉਹਦੇ ਅੱਗੇ ਦਰਵਾਜ਼ਾ ਲੱਗਿਆ ਹੋਇਐ। ਬਜਰ ਕਪਾਟ ਕਹਿੰਦੇ ਨੇ ਉਸ ਨੂੰ। ਜਦੋਂ ਤੱਕ ਗੁਰੂ ਤੋਂ ਸ਼ਬਦ ਨਹੀਂ ਮਿਲਦਾ, ਪੰਜ ਪਿਆਰਿਆਂ ਤੋਂ ਵਾਹਿਗੁਰੂ ਮੰਤਰ ਨਹੀਂ ਪ੍ਰਾਪਤ ਹੁੰਦਾ ਅਰ ਉਹ ਚਾਬੀ ਨਹੀਂ ਲਾਉਂਦਾ, ਓਨੀਂ ਦੇਰ ਤੱਕ ਦਰਵਾਜ਼ਾ ਕਿਵੇਂ ਖੁਲ੍ਹ ਜਾਏਗਾ ਕਿਉਂਕਿ ਪ੍ਰਮੇਸ਼ਰ ਨੇ ਬੰਦ ਕਰਿਆ ਹੋਇਐ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
*ਅੰਗ - 205*

ਜਿੰਨਾ ਜੀਅ ਕਰਦੈ, ਯਤਨ ਕਰ ਲੈ, ਨਹੀਂ ਦਰਵਾਜ਼ਾ ਖੁਲ੍ਹਿਆ ਕਰਦਾ। ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ। ਸਤਿਗੁਰੂ ਚਾਬੀ ਨਹੀਂ ਦਿੰਦਾ, ਗੁਰੂ ਸ਼ਬਦ ਨਹੀਂ ਦਿੰਦਾ, ਸ਼ਬਦ ਲਾ ਕੇ ਇਹ ਖੁਲ੍ਹਦੈ, ਇਹ ਕੋਈ ਲੋਹੇ ਦੀ ਚਾਬੀ ਤਾਂ ਹੈ ਨਹੀਂ, ਨਾ ਨੰਬਰਾਂ ਦੀ ਚਾਬੀ ਹੈ। ਇਹ ਤਾਂ ਮੰਤਰ ਦੀ ਚਾਬੀ ਹੈ ਜਿਵੇਂ ਮੰਤਰ ਨਾਲ ਸਿਮ-ਸਿਮ ਕਹਿਣ ਤੇ ਅਲੀ ਬਾਬਾ ਦਾ ਦਰਵਾਜ਼ਾ ਖੁਲ੍ਹ ਜਾਂਦਾ ਸੀ। ਉਹ ਦਰਵਾਜਾ ਖੁਲ੍ਹਦੈ, ਉਹ ਪ੍ਰਤੀਕ ਹੈ ਸਾਖੀ। ਕਹਾਣੀ ਕਿਸੇ ਨੇ ਬੜੀ ਸੋਹਣੀ ਬਣਾਈ ਹੈ ਲੇਕਿਨ ਉਹਦਾ ਅੰਤਰੀਵ ਭਾਵ ਬੜਾ ਜਬਰਦਸਤ ਹੈ, ਅੰਦਰ ਬੇਅੰਤ ਦੌਲਤਾਂ ਪਈਆਂ ਨੇ, ਆਦਮੀ ਦੇਖ ਕੇ ਹੈਰਾਨ ਹੋ ਜਾਂਦੈ ਕਿ ਐਨੀ ਦੌਲਤ?

ਉਹ ਦਰਵਾਜ਼ਾ ਖੋਲ੍ਹ ਲੈਂਦੇ ਸੀ, ਪੱਥਰ ਖੁਲ੍ਹ ਜਾਂਦਾ ਸੀ, ਬਜਰ ਕਪਾਟ ਲੱਗੇ ਹੋਏ ਸੀ ਉਹ ਵੀ ਖੁਲ੍ਹ ਜਾਂਦੇ ਸੀ। ਮਹਾਰਾਜ ਕਹਿੰਦੇ –

***ਗੁਰਦੁਆਰੈ ਲਾਇ ਭਾਵਨੀ***
***ਇਕਨਾ ਦਸਵਾ ਦੁਆਰੁ ਦਿਖਾਇਆ॥***
***ਤਹ ਅਨੇਕ ਰੂਪ ਨਾਉ ਨਵ ਨਿਧਿ***
***ਤਿਸ ਦਾ ਅੰਤੁ ਨ ਜਾਈ ਪਾਇਆ ॥*** ***ਅੰਗ- 922***

ਐਨੇ ਖਜ਼ਾਨੇ ਨੇ ਕਿ ਉਹਦਾ ਅੰਤ ਹੀ ਨਹੀਂ ਪਾਇਆ ਜਾ ਸਕਦਾ। ਅਰ ਮਨੁੱਖ ਦੇ ਅੰਦਰ ਪਏ ਨੇ ਸਾਰੇ। ਪਿੱਛੇ ਲੱਗੇ ਫਿਰਦੇ ਨੇ, ਕਹਿੰਦੇ ਸਾਨੂੰ ਵਰਤੋ। ਲੇਕਿਨ ਮਨ੍ਹਾ ਕੀਤਾ ਹੋਇਆ ਹੈ ਮਹਾਰਾਜ ਨੇ ਕਿ ਨਹੀਂ ਇਹ ਵਰਤਣੇ ਨਹੀਂ ਹਨ। ਇਨ੍ਹਾਂ ਨੂੰ ਨਹੀਂ ਵਰਤਣਾ ਆਪਣੇ ਵਾਸਤੇ। ਸੋ ਐਸਾ ਸਰੀਰ – ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਦੋਂ ਖੁਲ੍ਹ ਗਏ ਕਹਿੰਦੇ ਨਿਸ਼ਾਨੀ ਕੀ ਹੈ? ਕਹਿੰਦੇ – ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥'*** ਧੁਨ ਹੈ ਉਥੇ ਲਗਾਤਾਰੀ, 24 ਘੰਟੇ ਅਨਹਦ ਦੀ। ਕੌਣ ਪਹੁੰਚਾ ਸਕਦੈ ਉਥੇ, ਮਹਾਰਾਜ ਕਹਿੰਦੇ, ਗੁਰੂ ਤੋਂ ਬਗੈਰ ਹੋਰ ਕੋਈ ਪਹੁੰਚਾਉਣ ਨੂੰ ਸਮਰੱਥ ਹੀ ਨਹੀਂ ਹੈ। ਗੁਰੂ ਕਹਿੰਦੇ ਹੀ ਉਹਨੂੰ ਨੇ ਜੋ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ- 1291***

ਜਿਹੜਾ ਇਸ ਸਰੀਰ ਦੇ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਗੁਰੂ ਹੋਇਆ ਕਰਦੈ। ਕਹਿੰਦੇ, ਨਿਸ਼ਾਨੀ ਕੀ ਹੈ ਫੇਰ? ਐਵੇਂ ਕਹਿ ਦੇਵੇ ਕਿ ਤੈਨੂੰ ਘਰ ਦਿਸ ਗਿਆ। ਮਹਾਰਾਜ ਕਹਿੰਦੇ, ਪੰਜਾਂ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ ਉਥੇ। ਨਿਸ਼ਾਨੀ ਹੈ ਉਥੇ, ਉਨ੍ਹਾਂ ਸ਼ਬਦਾਂ ਦੀ –

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਅੰਗ- 1291***

ਵਿਸਮਾਦ ਹੀ ਵਿਸਮਾਦ ਹੈ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ- 1291***

ਐਨੇ ਨਾਦ ਵਜਦੇ ਨੇ, ਕੋਈ ਹਿਸਾਬ, ਗਿਣਤੀ ਮਿਣਤੀ ਨਹੀਂ ਹੈ, ਮਹਾਰਾਜ ਨੇ ਸੋ ਦਰ ਦੀ ਪਉੜੀ ਦੇ ਵਿਚ ਇਸ ਦਰਵਾਜ਼ੇ ਦੇ ਉਤੇ ਜਿਹੜੇ ਖੜ੍ਹ ਕੇ ਗਾ ਰਹੇ ਨੇ, ਉਨ੍ਹਾਂ ਦੀ ਗਿਣਤੀ ਕਰਕੇ ਨਾਲ ਲਿਖਿਆ ਹੈ ਕਿ –

***ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ ॥*** ***ਅੰਗ- 6***

ਕਿੰਨਿਆਂ ਨੂੰ ਕਹਿ ਦੇਈਏ, ਉਥੇ ਕੋਈ ਗਿਣਤੀ ਮਿਣਤੀ ਹੈ? ਕਹਿੰਦੇ, ਆਹ ਸਰੀਰ ਦੇ ਅੰਦਰ ਹੋ ਰਿਹੈ ਸਭ ਕੁਛ। ਕਿਉਂਕਿ ਵਾਹਿਗੁਰੂ ਆਹ ਸਰੀਰ ਤੋਂ ਬਾਹਰ ਨਹੀਂ ਬੈਠਾ–

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

***ਅੰਗ- 1291***

ਹੁਣ ਮਹਾਰਾਜ ਕਹਿੰਦੇ, ਜੋ ਸੁਖਮਨਾ ਨਾੜੀ ਤੇਰੇ ਅੰਦਰ ਹੈ ਉਹਦੇ ਨਾਲ ਸੁਰਤ ਨੂੰ ਜੋੜ, ਜਦੋਂ ਤੂੰ ਸ਼ਬਦ ਦੇ ਨਾਲ ਸੁਰਤ ਜੋੜੇਂਗਾ, ਉਹ ਸ਼ਬਦ ਚੁੱਕੇਗਾ ਤੇਰੀ ਸੁਰਤ ਨੂੰ ਤੇ ਓਸ ਥਾਂ 'ਤੇ ਲੈ ਜਾਏਗਾ, ਜਿਸ ਥਾਂ ਦੇ ਉਤੇ ਅਨਹਦ ਝੁਨਕਾਰ ਹੋ ਰਹੀ ਹੈ। ਕਰਨਾ ਹੀ ਕੁਛ ਨਹੀਂ ਹੈ ਫੇਰ ਸੁਰਤਾਂ ਕਿੱਥੇ ਰਹਿਣ। ਸੁਰਤ ਤਾਂ ਸਾਡੀ ਬਾਹਰ ਖਿੰਡੀ ਪਈ ਹੈ। ਬਾਹਰਲਾ ਅਨੰਦ ਆਉਂਦੈ ਇਸ ਨੂੰ ਕਿ ਮੇਰੇ ਕੋਲ ਜਾਇਦਾਦ ਬਹੁਤ ਹੈ, ਮੇਰੇ ਕੋਲ ਐਨੀ ਜ਼ਮੀਨ ਹੈ। ਨਾਲ ਲੈ ਜਾਏਂਗਾ ਕੀ ਭਾਈ? ਕੀ ਕਰੇਂਗਾ ਜ਼ਮੀਨਾਂ ਨੂੰ ਚਾਰ ਦਿਨ ਦਾ ਵਾਜਾ ਤੂੰ ਵਜਾ ਲੈ। ਚਲੇ ਗਏ ਸਾਰੇ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥*

***ਅੰਗ- 1381***

ਕਿੱਥੇ ਗਏ ਮਾਂ-ਬਾਪ ਜਿਹੜੇ ਗੋਦੀ ਚੁੱਕੀਂ ਫਿਰਦੇ ਸੀ, ਉਂਗਲੀ ਲਾ ਕੇ ਲੰਘਾਇਆ ਕਰਦੇ ਸੀ। ਉਹ ਚਲੇ ਗਏ, ਉਵੇਂ ਜਿਵੇਂ ਤੇਰਾ ਹਾਲ ਹੋਣੈ। ਤੂੰ ਵੀ ਚਲਿਆ ਜਾਣੈ। ਇਨ੍ਹਾਂ ਚੀਜ਼ਾਂ 'ਚ ਨਾ ਫਸ, ਅੰਦਰਲੀ ਖੋਜ ਕਰ, ਜਿਹੜਾ ਤੈਨੂੰ ਸਰੀਰ ਮਿਲਿਐ, ਉਹਨੂੰ ਵਾਂਝਾ ਨਾ ਗਵਾ। ਵਾਂਝਾ ਗਵਾਇਆ ਤਾਂ ਮਹਾਰਾਜ ਤਾਂ ਬੜਾ ਜ਼ਬਰਸਤ ਉਲਾਂਭਾ ਦਿੰਦੇ ਨੇ ਇਸ ਤਰ੍ਹਾਂ ਨਾਲ -

*ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆ ਓਏ,*
*ਕਾਹਨੂੰ ਜੰਮਣਾ।*

ਐਸਾ ਸਰੀਰ ਜੇ ਇਹਦੇ ਅੰਦਰਲੀ ਖੋਜ ਨਹੀਂ ਕਰੀ ਦੱਸ ਕਹਿੰਦੇ ਤੂੰ ਕਾਹਤੋਂ ਮਾਨਸ ਜਨਮ ਧਾਰਿਐ। ਤੇਰੇ ਆਉਣ ਦਾ ਕੀ ਫਾਇਦੈ? -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥* ***ਅੰਗ- 450***

ਕਿਸੇ ਕੰਮ ਨਹੀਂ ਆਉਂਦਾ। ਜਾਂਦਾ ਹੋਇਆ ਲਕੜੀਆਂ ਨਾਲ ਲੈ ਜਾਂਦੈ। ਨੁਕਸਾਨ ਕਰਕੇ ਜਾਂਦੈ -

*ਨਰੂ ਮਰੈ ਨਰੁ ਕਾਮਿ ਨ ਆਵੈ ॥*
*ਪਸੂ ਮਰੈ ਦਸ ਕਾਜ ਸਵਾਰੈ ॥* ***ਅੰਗ- 870***
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*

***ਅੰਗ- 450***

ਤੇਰੀ ਵੱਤ ਲੱਗੀ ਹੋਈ ਹੈ, 84 ਲੱਖ ਜੂਨਾਂ ਦੇ ਭੈੜਿਆਂ ਸਰੀਰਾਂ 'ਚੋਂ ਲੰਘ ਕੇ ਤੂੰ ਮਨੁੱਖ ਬਣਿਆ ਹੋਇਆ ਹੈਂ ਤੇ ਵੱਤ ਲੱਗੀ ਹੋਈ ਹੈ ਤੇ ਤੂੰ ਨਾਮ ਨਹੀਂ ਬੀਜਦਾ। ਜੇ ਵਤ ਲੱਗੀ ਹੋਵੇ, ਕਣਕ ਬੀਜੇ ਨਾ, ਫੇਰ ਕੀ

ਖਾਊਂਗਾ। ਖੇਤ ਉਵੇਂ ਜਿਵੇਂ ਰਹਿ ਜਾਣਗੇ ਖਾਲੀ, ਵੱਤਰ 'ਚ ਦਾਣਾ ਨਹੀਂ ਪਿਆ। ਹੁਣ ਵੱਤਰ ਆਈ ਹੋਈ ਹੈ।

ਕਹਿੰਦੇ, ਮਨ ਦੇ ਪਿੱਛੇ ਲੱਗ ਕੇ ਜੀਵਨ ਗੁਜ਼ਾਰ ਦਿਤਾ, ਗੁਰੂ ਦੀ ਬਾਤ ਨਹੀਂ ਮੰਨੀ। ਫੇਰ ਹੋਏਗਾ ਕੀ? –

*ਮਨਮੁਖੁ ਦੂਖ ਕਾ ਖੇਤੁ ਹੈ ਦੂਖੁ ਬੀਜੇ ਦੂਖੁ ਖਾਇ ॥*
*ਦੂਖ ਵਿਚਿ ਜੰਮੈ ਦੂਖਿ ਮਰੈ ਹਉਮੈ ਕਰਤ ਵਿਹਾਇ ॥ ਅੰਗ- 947*

ਮੈਂ-ਮੈਂ ਕਰਦੇ ਦਾ ਲੰਘਾ ਲਿਆ ਜਨਮ ਤੂੰ ਸਾਰਾ। ਤੇ ਹੋਏਗਾ ਕੀ? –

*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ- 450*

*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥*
*ਅੰਗ- 1073*

ਗੁਰਮੁਖ ਨੂੰ ਤਾਂ ਹੈ ਨਹੀਂ ਇਹ ਰਸਤਾ, ਮਨ ਦੇ ਪਿੱਛੇ ਲਗਣ ਵਾਲੇ ਜੋ ਬੰਦੇ ਨੇ, ਉਨ੍ਹਾਂ ਵਾਸਤੇ ਗੁਰੂ ਮਹਾਰਾਜ ਕਹਿੰਦੇ ਇਹ ਰਸਤਾ ਹੈ ਭਾਈ – 'ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥ ' ਸੋ ਐਸਾ ਜੋ ਤੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਆਪਣਾ ਆਪ ਛੁਪਾ ਕੇ ਰੱਖਿਆ ਹੈ, ਉਹਨੂੰ ਤੂੰ ਖੋਜ ਨਹੀਂ ਸਕਿਆ ਤੇ ਗੁਰੂ ਤੋਂ ਤੂੰ ਚਾਬੀ ਨਹੀਂ ਲੈ ਸਕਿਆ। ਦੱਸ ਤੇਰੇ ਜਨਮ ਦਾ ਫਾਇਦਾ ਕੀ? ਜਿਹੋ ਜਿਹਾ ਜਗ ਤੇ ਆਇਆ ਓਹੋ ਜਿਹਾ ਨਾ ਆਇਆ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਅੰਗ- 251*

ਆ ਤਾਂ ਗਿਆ, ਲੇਕਿਨ ਬੁੱਝਿਆ ਨਹੀਂ, ਬੁੱਝਣ ਤੋਂ ਬਗੈਰ ਪਸ਼ੂ ਦਾ ਪਸ਼ੂ ਰਹਿ ਗਿਆ।

*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥ ਅੰਗ- 251*

ਜੰਮਦਾ ਹੀ ਮਾਇਆ ਨੇ ਮੋਹ ਲਿਆ। ਆਇਆ ਤਾਂ ਇਸ ਕਰਕੇ ਸੀ ਕਿ ਮੈਂ ਨਾਮ ਜਪਾਂਗਾ। ਐਸਾ ਬਾਣੀ ਦੇ ਵਿਚ ਆਉਂਦੈ –

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ - 251*

ਮਾਂ ਦੇ ਪੇਟ ਵਿਚ ਪੁੱਠਾ ਲਟਕਦਾ, ਤਪ ਕਰਦਾ ਸੀ ਤੇ ਸੁਖਮਨਾ ਨਾੜੀ ਦੇ ਵਿਚ ਸੁਰਤ ਹੋਣ ਕਰਕੇ, ਇਕ ਸੌ ਜਨਮ ਦਾ ਪਿਛਲਾ ਗਿਆਨ ਸੀ ਇਸ ਨੂੰ। ਪਛਤਾਉਂਦਾ ਸੀ ਕਿ ਮੈਂ ਆਹ ਵੀ ਜਨਮ ਇਵੇਂ ਹੀ ਲੰਘਾਇਆ, ਇਹਦੇ ਵਿਚ ਮੈਂ ਵੈਰ, ਵਿਰੋਧ, ਈਰਖਾ ਕਰਦਾ ਰਿਹਾ। ਇਹ ਵੀ ਮੇਰਾ ਇਵੇਂ ਹੀ ਗਿਆ। ਫੇਰ ਕਹਿੰਦਾ, ਹੁਣ ਮੈਂ ਜਪਾਂਗਾ ਜੇ

ਮੈਨੂੰ ਹੁਣ ਮੌਕਾ ਮਿਲ ਜਾਏ ਤਾਂ ਮੈਂ ਹੁਣ ਨਾਮ ਜਪਾਂਗਾ। ਸਵਾਸ-ਸਵਾਸ ਜਪਾਂਗਾ, ਇਕ ਮਿੰਟ ਨਹੀਂ ਮੈਂ ਹਟਦਾ। ਬੇਨਤੀਆਂ ਕਰਦੈ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਇਸ ਅੰਧ ਕੂਪ ਦੇ ਵਿਚੋਂ ਕੱਢ ਦੇ, ਹੁਣ ਮੈਂ ਤੇਰਾ ਨਾਮ ਜਪਾਂਗਾ।

ਉਹ ਕਹਿੰਦੇ, ਐ ਜੀਵ! ਕੀ ਤੈਨੂੰ ਇਕ ਵਾਰੀ ਮਨੁੱਖ ਬਣਾਇਐ? ਬਹੁਤ ਵਾਰੀ ਤੂੰ ਬਣਿਐ ਤੇ ਜਦੋਂ ਵੀ ਤੂੰ ਮਨੁੱਖ ਬਣਦੈਂ ਉਸ ਵੇਲੇ ਤੂੰ ਵਾਇਦਾ ਫਰਾਮੋਸ਼ ਹੋ ਜਾਂਦੈ, ਭੁੱਲ ਜਾਂਦੈ ਆਪਣੇ ਕੀਤੇ ਵਾਇਦੇ। ਉਥੇ ਹੋਰ ਹੀ ਚੀਜ਼ਾਂ ਨੇ ਉਨ੍ਹਾਂ ਦੇ ਵਿਚ ਫਸ ਜਾਨੈ। ਉਹ ਤੈਨੂੰ ਸੁਰਤ ਨਹੀਂ ਆਉਣ ਦਿੰਦੀਆਂ। ਕਹਿੰਦਾ, ਨਹੀਂ ਮਹਾਰਾਜ! ਹੁਣ ਮੈਂ ਜਪਾਂਗਾ।

ਕਹਿੰਦੇ, ਜਮਾਨਤ ਦੇ।

ਕਹਿੰਦਾ, ਮਹਾਰਾਜ ਜਮਾਨਤ ਇਥੇ ਮੈਂ ਕਾਹਦੀ ਦੇ ਦੇਵਾਂ?

ਕਹਿੰਦੇ, ਪੰਜ ਤੱਤਾਂ ਦੇ ਦੇਵਤੇ ਤੇਰੇ ਨਾਲ ਨੇ।

ਆਕਾਸ਼ ਨੂੰ ਕਿਹਾ, ਉਹ ਕਹਿੰਦਾ ਮੇਰਾ ਤਾਂ ਵਜੂਦ ਹੀ ਨਹੀਂ। ਅੱਗ ਨੂੰ ਕਿਹਾ ਉਹ ਕਹਿੰਦੀ ਕਿ ਤੇਰਾ ਮੇਰਾ ਕੀ ਸਾਥ ਹੈ? ਮੈਂ ਜਿੱਥੇ ਹੋਵਾਂ ਉਥੇ ਤੂੰ ਨਹੀਂ ਹੋ ਸਕਦਾ, ਆਪਣਾ ਸਾਥ ਕੀ ਹੈ? ਮੈਂ ਤੈਨੂੰ ਕਿਵੇਂ ਪ੍ਰੇਰਨਾ ਕਰਾਂਗੀ ਜਦ ਕਿ ਤੂੰ ਤਾਂ ਮੇਰੇ ਤੋਂ ਦੂਰ-ਦੂਰ ਨੱਠਦੈਂ। ਧਰਤੀ ਨੂੰ ਕਿਹਾ, ਉਹ ਕਹਿੰਦੀ ਮਾੜੀ ਜਿਹੀ ਧੂੜ ਉਡ ਕੇ ਮੈਂ ਤੇਰੇ ਉਤੇ ਪੈ ਜਾਵਾਂ, ਤੂੰ ਤਾਂ ਹੱਥਾਂ ਨਾਲ ਝਾੜੀ ਜਾਨੈ। ਮੈਨੂੰ ਤਾਂ ਤੂੰ ਪੈਰਾਂ ਥੱਲੇ ਹੀ ਰੱਖਦੈਂ। ਕਦੇ ਸੀਸ 'ਤੇ ਵੀ ਚੁੱਕਿਐ? ਮੈਂ ਨਹੀਂ ਤੇਰੀ ਜਮਾਨਤ ਦੇ ਸਕਦੀ। ਇਸੇ ਤਰ੍ਹਾਂ ਦੇ ਨਾਲ ਹਵਾ ਨੇ ਕਿਹਾ ਕਿ ਮੇਰਾ ਵਜੂਦ ਹੀ ਨਹੀਂ ਮੈਂ ਕਿਵੇਂ ਤੇਰੀ ਜਮਾਨਤ ਦੇ ਦੇਵਾਂ। ਪਾਣੀ ਰਹਿ ਗਿਆ, ਪਾਣੀ ਕੋਲ ਮਿੰਨਤਾਂ ਕਰਦੈ ਕਿ ਹੇ ਵਰੁਣ ਦੇਵਤਾ, ਤੂੰ ਨਾ ਕਿਤੇ ਮੁਕਰ ਜਾਈਂ, ਹੁਣ ਚਾਰ ਤਾਂ ਜਵਾਬ ਦੇ ਗਏ। ਉਹ ਕਹਿੰਦਾ, ਤੇਰਾ ਇਤਬਾਰ ਕੋਈ ਨਹੀਂ, ਬੇਵਿਸ਼ਵਾਸ਼ਾ ਹੈਂ ਤੂੰ, ਪਰ ਮੈਂ ਇਕ ਸ਼ਰਤ ਨਾਲ ਜ਼ਮਾਨਤ ਦੇਵਾਂਗਾ। ਫੇਰ ਬੇਨਤੀ ਕਰਦੈ ਕਿ ਹੇ ਪ੍ਰਭੂ! ਇਹ ਸ਼ਰਤੀਆ ਜ਼ਮਾਨਤ ਦਿੰਦੈ?

ਹਾਜ਼ਰ ਹੋਏ ਦੋਵੇਂ ਜਣੇ ਕਹਿਣ ਲੱਗੇ ਕਿ ਕਿਵੇਂ ਦਿੰਦੈ?

ਕਹਿਣ ਲੱਗਿਆ ਕਿ ਮਹਾਰਾਜ! ਇਸ ਜੀਵ ਦਾ ਇਤਬਾਰ ਤਾਂ ਨਹੀਂ ਹੈ, ਇਹ ਤਾਂ 'ਨੈਂ ਲੰਘੀ ਖੁਆਜਾ ਵਿਸਰਿਆ।' ਕਿੱਡਾ ਹੀ ਇਸ ਤੇ ਇਤਬਾਰ ਕਰ ਦਿਓ, ਮੁੜ ਕੇ ਭੁੱਲ ਜਾਂਦੈ। ਯਾਦ ਹੀ ਨਹੀਂ ਰੱਖਦਾ। ਇਹ ਤੈਨੂੰ ਨਹੀਂ ਯਾਦ ਰਖਦਾ, ਜਿਹਨੇ ਸਰੀਰ ਬਣਾਇਐ, ਮੇਰਾ ਕੀ ਇਸ 'ਤੇ ਬਲ ਚੱਲਣੈ। ਕਹਿੰਦੇ, ਫੇਰ ਜ਼ਮਾਨਤ ਦੇਣ ਕਿਉਂ ਆਇਐਂ? ਕਹਿੰਦਾ, ਮਹਾਰਾਜ! ਮੈਂ ਐਨਾ ਕੁ ਕਰ ਦਿੰਨਾਂ ਵਿਚਾਰਾ ਫਸਿਆ ਹੋਇਐ ਕਿ ਜਦੋਂ ਅੰਮ੍ਰਿਤ ਵੇਲੇ ਉੱਠ ਕੇ ਇਹ ਇਸ਼ਨਾਨ ਕਰਨ ਲੱਗਿਆ ਕਰੇਗਾ, ਸਰੀਰ ਦੇ ਉਤੇ ਇਕ ਦੋ ਕੱਪ ਪਾਏਗਾ, ਮੈਂ ਇਹਦੇ ਮੂੰਹ ਵਿਚੋਂ ਵਾਹਿਗੁਰੂ, ਰਾਮ, ਅੱਲਾ ਕਢਾ ਦਿਆ ਕਰੂੰ। ਅਗਾਂਹਾਂ ਇਹ ਜਾਣੇ ਇਹਦਾ ਕੰਮ

ਜਾਣੇ।

ਸੋ ਮਹਾਰਾਜ ਕਹਿੰਦੇ, ਐਸੇ ਵਾਇਦੇ ਕਰਕੇ ਆਇਆ ਹੋਇਐਂ ਪਿਆਰਿਆ –

***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥*** ***ਅੰਗ- 251***

ਹੁਣ ਸੰਤ ਹਾਕਾਂ ਮਾਰਦੇ ਫਿਰਦੇ ਨੇ, ਸੰਤਾਂ ਨੂੰ ਬੜੀ ਮੁਸ਼ਕਲ ਆ ਗਈ। ਕਹਿੰਦੇ ਨੇ ਕਿ ਇਹ ਸੁਣਦਾ ਹੀ ਨਹੀਂ ਹੈ। ਬੋਲਾ ਹੀ ਹੈ ਇਹ ਤਾਂ। ਇਹਦੇ ਮਤਲਬ ਦੀ ਗੱਲ ਕਰ ਦਿਓ ਇਕ ਸਕਿੰਟ ਨਹੀਂ ਲਾਉਂਦਾ ਸੁਣਨ ਨੂੰ। ਉਹ ਦੂਰ ਕਰ ਦਿਓ ਕਹਿੰਦਾ ਮੈਂ ਸੁਣ ਲਈ ਸੀ। ਜੋ ਇਹਦੇ ਭਲੇ ਦੀਆਂ ਗੱਲਾਂ ਕਰੋ, ਕਹਿੰਦੇ ਉਹ ਨਹੀਂ ਇਹ ਸੁਣਦਾ। ਇਹਦੀ ਬਿਰਤੀ ਐਸੀ ਬਣੀ ਹੋਈ ਹੈ ਕਿ ਉਹ ਬਾਤ ਇਹਨੇ ਸੁਣਨੀ ਨਹੀਂ, ਮਨ 'ਚ ਵਸਾਉਣੀ ਨਹੀਂ ਹੈ–

***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥***
***ਅੰਗ- 518***

ਬੁਰਿਆਈਆਂ ਨੂੰ ਤਾਂ ਸ਼ੇਰ ਵਰਗਾ ਬਣ ਜਾਂਦੈ। ਜੇ ਕਹੇ ਸਤਿਸੰਗ ਹੈ, ਸਤਿਸੰਗ ਮਿਲਦੈ ਸਾਧਸੰਗਤ ਜੀ ਕਦੇ? ਮਹਾਰਾਜ ਕਹਿੰਦੇ, ਨਹੀਂ ਮਿਲਦਾ –

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥***
***ਅੰਗ- 95***

ਉਹ ਤਾਂ ਭਾਗ ਹੋਣ, ਪੁੰਨ ਦਾਨ ਕੀਤੇ ਹੋਣ, ਤਾਂ ਦੋ ਚੀਜ਼ਾਂ ਮਿਲਦੀਆਂ ਨੇ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਮਿਲਦਾ ਹੀ ਨਹੀਂ ਹੈ, ਕੋਈ ਪੁੰਨ ਕਰਮ ਕਰੇ ਹੋਣ। ਫੇਰ ਮੈਂ ਬੇਨਤੀ ਕਰਦਾ ਹਾਂ ਕਿ ਸਤਿਸੰਗ ਐਵੇਂ ਨਹੀਂ ਹੁੰਦਾ ਕਿ ਤੁਸੀਂ ਆ ਕੇ ਬੈਠ ਗਏ ਤੇ ਸੁਣ ਕੇ ਚਲੇ ਗਏ ਬਾਬਾ ਜੀ ਦੀਆਂ ਗੱਲਾਂ। ਜਦੋਂ ਤੋਂ ਤੁਸੀਂ ਘਰੋਂ ਇਰਾਦਾ ਬਣਾਇਆ ਹੈ ਉਸ ਵੇਲੇ ਤੋਂ ਤੁਹਾਡੀ ਹਾਜ਼ਰੀ ਦਰਗਾਹ ਦੇ ਵਿਚ ਚੱਲ ਪਈ ਹੈ। ਜਿੰਨੇ ਕਦਮ ਤੁਸੀਂ ਤੁਰ ਕੇ ਆਏ ਹੋਂ, ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੋਈ ਜਾਂਦੈ। ਜਿੰਨਾਂ ਚਿਰ ਤੁਸੀਂ ਬੈਠੇ ਹੋਂ, ਮਨ ਚਿੱਤ ਇਕਾਗਰ ਕਰਕੇ, ਸ਼ਰਧਾ ਤੇ ਭਰੋਸੇ ਦੇ ਨਾਲ ਉਹਦਾ ਫਲ ਕਿੰਨਾ ਹੁੰਦੈ? ਮਹਾਰਾਜ ਕਹਿੰਦੇ ਜੇ ਸਤਿ ਮੰਨੇ –

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***
***ਅੰਗ- 669***

ਉਹਦਾ ਫਲ ਕਿੰਨਾ ਹੋਏਗਾ? ਕਹਿੰਦੇ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ- 546***

ਕੰਨ੍ਹ ਵੀ ਇਥੇ ਕੰਮ ਕਰ ਰਹੇ ਨੇ, ਜ਼ੁਬਾਨ ਵੀ ਕਰਦੀ ਹੈ। ਜਦੋਂ ਜ਼ੁਬਾਨ ਨਾਲ ਗਾਉਂਦੇ ਹਾਂ, ਸ਼ਬਦ 'ਚ ਬੋਲਦੇ ਹਾਂ, ਕੰਨਾਂ ਦੇ ਸੁਣਦੇ ਹਾਂ ਤੇ ਬੁੱਧੀ ਦੇ ਨਾਲ ਵਿਚਾਰਦੇ ਹਾਂ, ਤੇ ਹਿਰਦੇ 'ਚ ਧਾਰਨ ਕਰਦੇ ਹਾਂ, ਮਹਾਰਾਜ ਕਹਿੰਦੇ, ਫੇਰ ਉਹਨੂੰ ਸਤਿਸੰਗ ਦਾ ਫਲ ਪ੍ਰਾਪਤ ਹੁੰਦੈ। ਕਿੰਨਾ ਫਲ ਹੁੰਦੈ?

ਦੋ ਮਹਾਨ ਰਿਸ਼ੀ ਹੋਏ ਨੇ ਇਕ ਵਸ਼ਿਸ਼ਟ ਜੀ ਤੇ ਇਕ ਵਿਸ਼ਵਾਮਿੱਤਰ ਜੀ। ਵਿਸ਼ਵਾਮਿੱਤਰ ਤਪੀਆ ਸੀ। ਕਹਿਣ ਲੱਗਿਆ, ਵਸ਼ਿਸ਼ਟ ਜੀ ਤੁਸੀਂ ਸਤਿਸੰਗ ਦੀ ਉਸਤਤ ਕਰਦੇ ਹੋਂ, ਤਪ ਦਾ ਕੀ ਮੁਕਾਬਲੈ? ਬੰਦਾ ਪਾਣੀ 'ਚ ਖੜ੍ਹੈ, ਸਰਦੀ ਦਾ ਮਹੀਨਾ ਹੋਵੇ, ਬੰਦਾ ਨਹਿਰ 'ਚ ਖੜ੍ਹਾ ਰਹੇ ਸਾਰੀ ਰਾਤ, ਸਾਰਾ ਦਿਨ। ਉਵੇਂ ਹੀ ਸੁੰਨ ਹੋ ਜਾਏਗਾ, ਖ਼ੂਨ ਜਮ ਜਾਏਗਾ। ਜਿਨ੍ਹਾਂ ਨੇ ਇਹ ਕਰੇ ਨੇ ਦਸਦੇ ਨੇ ਉਹ ਕਿ ਅਸੀਂ ਕਿਵੇਂ ਕਰਦੇ ਸੀ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਸਦੇ ਸੀ ਕਿ ਜਦੋਂ ਅਸੀਂ ਹੋਤੀ ਮਰਦਾਨ ਜਾਂਦੇ ਸੀ, ਉਥੇ ਕਲਪਾਣੀ ਨਦੀ ਦੇ ਵਿਚ ਇਸ਼ਨਾਨ ਕਰਿਆ ਕਰਦੇ ਸੀ। ਬਰਫ ਜੰਮੀ ਹੁੰਦੀ ਸੀ। ਕਹਿੰਦੇ, ਇਕ ਦਮ ਹੀ ਚੌਂਕੜਾ ਮਾਰ ਕੇ ਬਹਿ ਜਾਂਦੇ ਸੀ। ਕਛਹਿਰਾ ਤਾਂ ਕਸ ਹੋ ਜਾਂਦਾ ਸੀ, ਕੁੜਤੇ ਦੇ ਬਟਨ ਨਹੀਂ ਸੀ ਲਾ ਹੁੰਦੇ। ਐਨੀ ਠੰਢ ਸੀ। ਬੁੱਕਲ ਮਾਰਨੀ ਕਹਿੰਦੇ, ਬਹਿ ਜਾਣਾ, ਫੇਰ ਨਹੀਂ ਸੀ ਉੱਠ ਹੁੰਦਾ ਕਿ ਫੇਰ ਉੱਠ ਜਾਓ ਘੰਟੇ ਬਾਅਦ। 10 ਵਜਣੇ, ਸੂਰਜ ਦੀ ਧੁੱਪ ਲਗਣੀ, ਸਰੀਰ ਦੇ ਵਿਚ ਗਰਮੀ ਪੈਦਾ ਹੋਣੀ, ਫੇਰ ਜਾ ਕੇ ਉੱਠ ਕੇ ਖੜ੍ਹੇ ਹੋਣਾ।

ਸੰਤ ਮਹਾਰਾਜ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਜਦੋਂ ਬੰਨੂ ਪਹਾੜ ਤਪ ਕਰਦੇ ਸੀ ਤੇ ਅੰਦਰ ਹੇਠਾਂ ਬਉਲੀ ਸੀ ਉਸ 'ਚ ਆਪ ਇਸ਼ਨਾਨ ਕਰਕੇ ਬਹਿ ਜਾਂਦੇ ਸੀ ਉਥੇ ਹੀ। ਬਰਫ ਪੈ ਜਾਂਦੀ ਉਥੇ ਹੀ। ਸੇਵਾਦਾਰ ਨੇ ਆਉਣਾ, ਕਹਿਣਾ ਕਿ ਫੇਰ ਕੰਬਲ ਦੇ ਦੇਈਂ ਸਾਡੇ ਉਤੇ ਤੇ ਨਾਲ ਆਪਣਾ ਭਖਾਰਾ ਦੇਈਂ ਸਾਨੂੰ ਤਾਂ ਹੱਡ ਪੈਰ ਖੁੱਲ੍ਹਣਗੇ। ਐਵੇਂ ਤਾਂ ਨਹੀਂ ਮਹਾਂਪੁਰਸ਼ ਐਡੇ-ਐਡੇ ਹੁੰਦੇ। ਤਪ ਕੀਤੇ ਹੋਏ ਨੇ ਉਨ੍ਹਾਂ ਨੇ, ਬੰਦਗੀਆਂ ਕੀਤੀਆਂ ਹੋਈਆਂ ਨੇ ਤੇ ਫੇਰ ਜਾ ਕੇ ਕਿਤੇ ਪ੍ਰਾਪਤੀਆਂ ਹੋਇਆ ਕਰਦੀਆਂ ਨੇ। ਐਵੇਂ ਨਹੀਂ ਪ੍ਰਾਪਤੀ ਹੋਇਆ ਕਰਦੀ ਕਿ ਸੁਖਾਲਾ ਜਿਹਾ ਹੀ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੰਦਗੀਆਂ ਕੀਤੀਆਂ ਨੇ ਉਨ੍ਹਾਂ ਨੂੰ ਪਤੈ? ਉਹ ਖੱਟ ਲੈਂਦੇ ਨੇ, ਉਨ੍ਹਾਂ ਨੂੰ ਉਹ ਚੀਜ਼ਾਂ ਪ੍ਰਾਪਤ ਹੋ ਜਾਇਆ ਕਰਦੀਆਂ ਨੇ।

ਸੋ ਵਿਸ਼ਵਾਮਿੱਤਰ ਕਹਿਣ ਲੱਗਿਆ, ਮੈਂ ਤਪ ਕਰਿਆ ਹੈ, ਤਪ ਵੱਡੀ ਚੀਜ਼ ਹੈ।

ਉਹ ਕਹਿੰਦੇ ਕਿ ਫੈਸਲਾ ਕਰਾ ਲਓ।

ਜਦੋਂ ਦੋ ਦੀ ਰਾਇ ਨਾ ਰਲਦੀ ਹੋਵੇ, ਕਿਸੇ ਤੀਜੇ ਬੰਦੇ ਕੋਲ ਜਾਂਦੇ ਨੇ। ਬ੍ਰਹਮਾ ਜੀ ਕੋਲ ਚਲੇ ਗਏ। ਬ੍ਰਹਮਾ ਜੀ ਨੇ ਕਿਹਾ ਕਿ ਦੋਵੇਂ ਮਹਾਨ ਰਿਸ਼ੀ ਨੇ। ਇਨ੍ਹਾਂ ਨੂੰ ਜਦੋਂ ਤੱਕ ਪ੍ਰਤੱਖ ਨਹੀਂ ਦਿਖਾਇਆ ਜਾਂਦਾ, ਓਨੀਂ ਦੇਰ ਤੱਕ ਇਨ੍ਹਾਂ ਨੇ ਮੰਨਣਾ ਨਹੀਂ ਹੈ।

ਕਹਿੰਦੇ, ਤੁਸੀਂ ਸ਼ਿਵ ਜੀ ਮਹਾਰਾਜ ਕੋਲ ਚਲੇ ਜਾਓ। ਉਹ ਕਹਿੰਦੇ, ਮੈਂ ਤਾਂ ਧਿਆਨ 'ਚ ਬੈਠਾ ਹਾਂ, ਤੁਸੀਂ ਪ੍ਰਮੁੱਖ ਦੇਵਤਾ ਵਿਸ਼ਨੂੰ ਜੀ ਕੋਲ ਚਲੇ ਜਾਓ। ਉਥੇ ਚਲੇ ਜਾਂਦੇ ਨੇ। ਉਹ ਕਹਿੰਦੇ, ਮੈਂ ਤਾਂ ਐਸ ਵੇਲੇ ਸੰਸਾਰ ਨੂੰ ਰਿਜ਼ਕ ਦੇਣ ਵਿਚ ਰੁਝਿਆ ਹੋਇਆ ਹਾਂ, ਕਿਉਂਕਿ ਮੇਰਾ ਨਾਮ ਬਿਸ਼ੰਭਰ ਹੈ ਤੇ ਮੈਂ ਸਾਰੇ ਭੁੱਖਿਆਂ ਨੂੰ ਪ੍ਰਸ਼ਾਦਾ ਦੇ ਰਿਹਾ ਹਾਂ ਤੇ ਤੁਸੀਂ ਸ਼ੇਸ਼ਨਾਗ ਕੋਲ ਚਲੇ ਜਾਓ। ਸ਼ੇਸ਼ ਨਾਗ ਕੋਲ ਗਏ ਉਹ ਕਹਿੰਦੇ, ਦੇਖੋ ਭਾਈ, ਮੈਂ ਤਾਂ ਪ੍ਰਮੇਸ਼ਰ ਦਾ ਨਾਮ ਜਪਦਾਂ ਤੇ (ਦੋ ਹਜ਼ਾਰ ਮਾਲਾ ਲਿਖਦੇ ਨੇ ਗੁਰੂ ਦਸਵੇਂ ਪਾਤਸ਼ਾਹ ਕਿ ਦੋ ਹਜ਼ਾਰ ਨਵੇਂ ਨਾਉਂ ਰੋਜ਼ ਜਪਦਾ ਸੀ ਉਹ) ਮੈਨੂੰ ਤਾਂ ਨਹੀਂ ਹੈ ਫੁਰਸਤ, ਪਹਿਲਾਂ ਧਰਤੀ ਨੂੰ ਸਾਂਭਣ ਦਾ ਕੋਈ ਵਸੀਲਾ ਬਣਾਓ, ਫੇਰ ਮੈਂ ਗੱਲ ਕਰਾਂਗਾ। ਵਿਸ਼ਵਾਮਿੱਤਰ ਕਹਿੰਦਾ ਮੈਂ ਦਸ ਹਜ਼ਾਰ ਸਾਲ ਦਾ ਤਪ ਦਿੰਦਾ ਹਾਂ।

ਸਾਧਸੰਗਤ ਜੀ! ਧਿਆਨ ਨਾਲ ਸੁਣਨਾ ਗੱਲ, ਐਵੇਂ ਨਹੀਂ ਇਹ ਗੱਲਾਂ ਹੈਗੀਆਂ।

ਧਰਤੀਆਂ ਡੋਲ ਰਹੀਆਂ ਨੇ, ਗਰੁਤਵਾ ਸ਼ਕਤੀ ਤੁਲਨਾ ਨਾ ਕਰ ਸਕੀ ਉਹਦੀ, ਕਹਿੰਦਾ ਹੁਣ ਵੀਹ ਹਜ਼ਾਰ ਸਾਲ। ਹੁੰਦੇ-ਹੁੰਦੇ 58 ਹਜ਼ਾਰ ਸਾਲ ਦੇ ਤਪ ਦਾ ਫਲ ਦੇ ਦਿਤਾ। ਕਹਿੰਦੇ, ਹੋਰ ਦੇ ਇਹ ਤਾਂ ਧਰਤੀਆਂ ਡੋਲਦੀਆਂ ਨੇ। ਕਹਿੰਦਾ, ਹੋਰ ਤਾਂ ਮੈਂ ਤਪ ਨਹੀਂ ਕਰਿਆ।

ਕਹਿੰਦੇ, ਵਸ਼ਿਸ਼ਟ ਜੀ! ਤੁਸੀਂ ਦਿਓ।

ਕਹਿੰਦੇ, ਮੈਂ ਸਿਰਫ ਚਾਰ ਘੜੀ ਮਨ, ਚਿਤ, ਇਕਾਗਰ ਕਰਕੇ ਪ੍ਰਭੂ ਦਾ ਜਸ ਕੀਤਾ ਹੋਇਐ, ਸਤਿਸੰਗ ਕੀਤੀ ਹੋਈ, ਉਹਦਾ ਫਲ ਦਿੰਦਾਂ। ਜਦੋਂ ਫਲ ਦਿਤਾ ਸਾਰਾ ਕੁਛ ਹੀ ਡੋਲਣ ਤੋਂ ਹਟ ਗਿਆ।

ਉਹ ਕਹਿਣ ਲੱਗੇ ਕਿ ਦੇਖੋ ਹੁਣ ਮੈਂ ਕੀ ਫੈਸਲਾ ਕਰਨੈ, ਕਿੱਥੇ ਚਾਰ ਘੜੀ, 100 ਮਿੰਟ ਦੀ ਸਤਿਸੰਗ ਤੇ ਕਿੱਥੇ 58000 ਸਾਲ ਦਾ ਤਪ। ਤੁਸੀਂ ਆਪੇ ਹੀ ਦੇਖ ਲਓ ਕਿ ਕਿਹੜੀ ਚੀਜ਼ ਜ਼ਿਆਦਾ ਹੋ ਗਈ।

ਸੋ ਉਹ ਸਤਿਸੰਗ ਕਲਜੁਗ ਦੇ ਵਿਚ ਪ੍ਰਾਪਤ ਹੋਇਐ ਆਪਾਂ ਨੂੰ ਸਾਧਸੰਗਤ ਜੀ, ਵਾਹਿਗੁਰੂ ਦੀ ਮਿਹਰ ਹੋਈ ਹੈ। ਕਿਉਂਕਿ ਜ਼ਮਾਨਾ ਜਿਹੜਾ ਹੈ ਸੜ ਬਲ ਰਿਹੈ। ਇਹਦੇ ਵਿਚ ਸਤਿਸੰਗ ਮਿਲ ਜਾਣਾ, ਇਹ ਪੱਕੇ ਜਿਹੜੇ ਪੂਰਬਲੇ ਕਰਮ ਨੇ, ਉੱਚੇ ਭਾਗ ਨੇ ਉਨ੍ਹਾਂ ਕਰਕੇ ਮਿਲਿਆ ਕਰਦੈ-

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਸੋ ਇਹ ਸਤਿਸੰਗ ਦੇ ਵਿਚ ਆ ਕੇ ਸੋਝੀ ਪੈਂਦੀ ਹੈ, ਸੋ ਇਹ ਜੋ ਬੰਦਾ ਹੈ ਇਹ ਵਾਇਦੇ ਕਰ-ਕਰਕੇ ਆਇਆ ਹੈ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ। ਹੋਇਆ ਕੀ? ਕਹਿੰਦੇ, ਜਿਸ ਵਕਤ ਪੈਦਾ ਹੋਇਆ ਹੈ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***
***ਅੰਗ- 921***

ਪਰਿਵਾਰ 'ਚ ਵਧਾਈਆਂ-ਵਧਾਈਆਂ ਹੋਣ ਲਗ ਗਈਆਂ। ਜਿਹੜੇ ਇਸ ਤੋਂ ਵੀ ਜ਼ਿਆਦਾ ਨੇ ਉਹ ਜਾਨਵਰ ਵੱਢ-ਵੱਢ ਕੇ ਖਾਣ ਲੱਗ ਗਏ। ਸ਼ਰਾਬ ਦੀਆਂ ਬੋਤਲਾਂ ਆ ਗਈਆਂ। ਦੂਜੇ ਪਾਸੇ ਕੀ ਹੋਇਆ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***
***ਅੰਗ- 921***

ਜਿਹੜੀ ਲਿਵ ਲੱਗੀ ਹੋਈ ਸੀ ਪ੍ਰਮੇਸ਼ਰ ਦੇ ਨਾਮ ਦੀ ਧੁਨ ਸੁਣਦੀ ਸੀ, ਉਹ ਟੁੱਟ ਗਈ। ਜਿਹੜਾ ਨਾਮ ਜਪਦਾ ਸੀ ਉਹ ਟੁੱਟ ਗਿਆ। ਹੁਣ ਤ੍ਰਿਸ਼ਨਾ ਕਾਹਦੀ ਲਗ ਗਈ-

***ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ- 137***

ਦੁੱਧ ਦੀ ਵਾਸ਼ਨਾ ਆ ਗਈ ਇਹਨੂੰ। ਦੁੱਧ ਪੀਤਾ, ਚਾਹੇ ਕੋਈ ਜਾਨਵਰ ਹੈ, ਕੋਈ ਬੱਛਰੂ ਹੈ, ਕੱਟਰੂ ਹੈ ਕੋਈ ਹੈ, ਆਪੇ ਦੁੱਧ ਵਲ ਨੂੰ ਆ ਜਾਂਦੈ। ਕਹਿੰਦੇ, ਉਹ ਲੱਗ ਗਈ -

***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ - 137***

ਫੇਰ ਜਿਹੜੇ ਸਭ ਤੋਂ ਨੇੜੇ ਲਗਦੇ ਸੀ, ਮਾਂ, ਪਤਾ ਲਗ ਗਿਆ ਕਿ ਆਹ ਹੈ ਮੇਰੀ। ਆਹ ਮੇਰਾ ਪਿਉ ਹੈ, ਥੋੜ੍ਹਾ ਚਿਰ ਪਹਿਲਾਂ ਤਾਂ ਕੁਛ ਵੀ ਨਹੀਂ ਸੀਗਾ, ਨਾ ਮਾਂ, ਨਾ ਪਿਓ ਸੀ। ਰਿਸ਼ਤਾ ਗੰਢਿਆ ਗਿਆ।

***ਤੀਜੈ ਭਯਾ ਭਾਭੀ ਬੇਬ ॥***
***ਚਉਥੈ ਪਿਆਰਿ ਉਪੰਨੀ ਖੇਡ ॥***
***ਪੰਜਵੈ ਖਾਣ ਪੀਅਣ ਕੀ ਧਾਤੁ ॥***
***ਛਿਵੈ ਕਾਮੁ ਨ ਪੁਛੈ ਜਾਤਿ ॥***
***ਸਤਵੈ ਸੰਜਿ ਕੀਆ ਘਰ ਵਾਸੁ ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥***
***ਨਾਵੈ ਧਉਲੇ ਉਭੇ ਸਾਹ ॥ ਅੰਗ - 137***

ਫੇਰ ਆ ਗਿਆ ਵੇਲਾ, ਕ੍ਰੋਧ ਆਉਣ ਲੱਗ ਗਿਆ। ਬੱਚੇ ਕਹਿਣਾ ਨਹੀਂ ਮੰਨਦੇ। ਉਹ ਕਹਿੰਦਾ ਇਸ ਤਰ੍ਹਾਂ ਕਰਨੈ। ਉਹ ਕਹਿੰਦਾ, ਤੂੰ ਬਿਲਕੁਲ ਹੀ ਗਲਤ ਹੈਂ। ਤੂੰ ਕੀ ਕਰਿਆ ਸਾਰੀ ਜ਼ਿੰਦਗੀ, ਅਸੀਂ ਕਰਕੇ ਦਿਖਾਵਾਂਗੇ। ਕੋਨੇ 'ਚ ਲਾ ਦਿੰਦੇ ਨੇ, ਕੱਢ ਕੇ ਬਿਠਾ ਦਿੰਦੇ ਨੇ ਕਿ ਤੂੰ ਬਾਹਰ ਹੀ ਰਿਹਾ ਕਰ। ਪਿਆਰ ਨਹੀਂ ਮਿਲਦਾ, ਜਿਹੜੇ ਪਿਆਰ ਨਾਲ ਆਪ ਬੱਚੇ

ਪਾਲੇ ਨੇ, ਉਹ ਪਿਆਰ ਮਿਲਿਆ ਨਹੀਂ ਕਰਦਾ। ਮਾਂ-ਬਾਪ ਤਰਸਦੇ ਨੇ ਬੱਚਿਆਂ ਦੇ ਪਿਆਰ ਨੂੰ। ਬੱਚਿਆਂ ਨੂੰ ਵਿਹਲ ਹੀ ਨਹੀਂ ਹੈ ਕਿ ਮਾਂ-ਬਾਪ ਨਾਲ ਗੱਲ ਵੀ ਕਰ ਲਈਏ। ਕਮ-ਸ-ਕਮ ਸੌਣ ਤੋਂ ਪਹਿਲਾਂ ਐਨਾ ਹੀ ਕਹਿ ਦੇਈਏ ਕਿ ਅਸੀਂ ਸੌਂ ਰਹੇ ਹਾਂ, ਉੱਠ ਕੇ ਅਸੀਂ 'ਸਤਿ ਸ੍ਰੀ ਅਕਾਲ' ਹੀ ਬੁਲਾ ਦੇਈਏ, ਜਾਂ ਚਰਨੀਂ ਮੱਥਾ ਟੇਕ ਦੇਈਏ। ਆਹ ਨਹੀਂ ਮਿਲਦਾ ਤੇ ਉਹ ਉਦਾਸ ਹੋ ਜਾਂਦੇ ਨੇ ਜ਼ਿੰਦਗੀ ਤੋਂ। ਉੱਭੇ ਸਾਹ ਆਉਂਦੇ ਨੇ ਫੇਰ-

***ਦਸਵੈ ਦਧਾ ਹੋਆ ਸੁਆਹ ॥*** ***ਅੰਗ - 137***

ਆਹ ਜੀਵਨ ਬਣ ਜਾਂਦੈ, ਭੁੱਲ ਜਾਂਦੈ ਇਹ ਆ ਕੇ, ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ, ਬਹੁਤ ਵਾਰੀ ਇਹਦੇ ਨਾਲ ਇਸ ਦੇ ਨਾਲ ਹੋਇਆ, ਹਰ ਵਕਤ ਭੁੱਲਦੈ। ਸਾਧੂ, ਸੰਤਾਂ ਦੀ ਪ੍ਰਮੇਸ਼ਰ ਨੇ ਡਿਊਟੀ ਲਾ ਦਿਤੀ। ਉਹ ਕਹਿੰਦੇ, ਅਸੀਂ ਕਰੀਏ ਕੀ ਇਹ ਸੁਣਦਾ ਹੀ ਨਹੀਂ ਬੋਲੇ ਜੀਵ ਨਾਲ ਵਾਹ ਪੈ ਗਿਆ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹਦੇ ਭਾਗ ਐਨੇ ਮੰਦੇ ਨੇ, ਚਾਰੇ ਵੇਦ 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਛੇ ਸ਼ਾਸਤਰ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਸਾਰੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਇਸ ਜੀਵ ਨੂੰ ਇੱਕੋ ਗੱਲ ਸਮਝਾਉਂਦੇ ਨੇ ਕਿ ਤੂੰ ਪਿਆਰਿਆ! ਇਹ ਗੱਲ ਸਮਝ ਲੈ ਸਾਡੀ -

***ਧਾਰਨਾ - ਇਹੋ ਤੇਰੀ ਬਾਰੀ ਹੈ, ਗੋਬਿੰਦ ਮਿਲਣੇ ਦੀ।***

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥***

***ਅੰਗ - 12***

ਜਿਹੜੇ ਕੰਮਾਂ 'ਚ ਰੁਝਿਆ ਹੋਇਐਂ ਇਹ ਨਹੀਂ ਕਿਸੇ ਕੰਮ ਆਉਣੇ। ਵੱਡਾ ਬਣ ਜਾ ਜਿੰਨਾ ਬਣਨੈ। ਜੋ ਕੁਛ ਕਰਨੈ, ਕਰ ਲੈ। ਸਭ ਕੁਛ ਛੱਡ ਕੇ ਤੁਰ ਜਾਏਂਗਾ। ਤੂੰ ਅਸਲੀ ਕੰਮ ਜਿਹੜਾ ਤੂੰ ਕਰਨ ਆਇਐਂ ਉਹ ਤੂੰ ਕੀਤਾ ਨਹੀਂ ਹੈ। ਸੋ ਮਹਾਤਮਾ ਹਾਕਾਂ ਮਾਰਦੇ ਨੇ, ਉੱਚੀ-ਉੱਚੀ ਕਹਿੰਦੇ ਨੇ, ਤੁਰੇ ਫਿਰਦੇ ਨੇ ਕਿਸੇ ਬੋਲੇ ਦੇ ਕੰਨ ਦੇ ਵਿਚ ਖਬਰ ਪਹੁੰਚ ਜਾਵੇ, ਗੱਲ ਪਹੁੰਚ ਜਾਵੇ। ਪਰ ਕਹਿੰਦੇ ਬਈ, ਕਰੀਏ ਕੀ? -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਕਹਿੰਦੇ, ਚਿੱਤ ਨਹੀਂ ਫੇਰਦਾ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,***
***ਦਿਤੀਆਂ ਬਾਂਗਾਂ ਤੋਂ ਨਾ ਜਾਗਦੇ।***

ਬੇਵਸੀ ਦਿਖਾ ਦਿਤੀ ਕਿ ਸ਼ੈਤਾਨ ਬੈਠਾ ਹੈ ਅੰਦਰ, ਚਿੱਤ ਨਹੀਂ ਫੇਰਨ ਦਿੰਦਾ। ਸੁਣਦਾ ਹੈ ਸਤਿਸੰਗ, ਕਰਦੈ, ਫੇਰ ਉਥੇ ਦਾ ਉਥੇ। ਕਿਉਂ ਭੁੱਲ ਪੈਂਦੀ ਹੈ?

ਸਾਰੇ ਮਹਾਂਪੁਰਸ਼ ਸੋਚਦੇ ਨੇ ਕਿ ਭੁੱਲ ਕਿਉਂ ਪੈ ਜਾਂਦੀ ਹੈ, ਕਾਰਨ ਕੀ ਹੈ ਇਹ ਬੰਦਾ ਕਿਉਂ ਨਹੀਂ ਲਗਦਾ।

ਗੁਰੂ ਨੌਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਇਹ ਬੰਦਾ ਵੱਡੀਆਂ-ਵੱਡੀਆਂ ਗੱਲਾਂ ਸਮਝ ਜਾਂਦੈ, ਪ੍ਰਮੇਸ਼ਰ ਦੇ ਰਸਤੇ 'ਤੇ ਕਿਉਂ ਨਹੀਂ ਲਗਦਾ। ਮਹਾਰਾਜ ਕਹਿੰਦੇ, ਪਿਆਰਿਓ! ਇਹਨੂੰ ਇਹ ਪੱਕਾ ਭਰੋਸਾ ਹੋਇਐ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ, ਮੈਂ ਇਥੇ ਰਹਿਣੈ। ਜੇ ਇਹਦੇ ਚਿੱਤ ਇਹ ਹੋਵੇ ਕਿ ਆਹ ਸੰਸਾਰ ਤਾਂ ਛੱਡ ਜਾਣੈ, ਕੋਈ ਜਗ੍ਹਾ ਹੋਰ ਹੈ ਜਿੱਥੇ ਮੈਂ ਜਾਣੈ। ਸਮੇਂ ਨੂੰ ਸੰਭਾਲਾਂ। ਇਕ ਦ੍ਰਿਸ਼ਟਾਂਤ ਦੇ ਨਾਲ ਗੱਲ ਸਮਝ 'ਚ ਆ ਜਾਏਗੀ।

ਇਕ ਰਾਜਾ ਸੀ ਬੜਾ ਸਿਆਣਾ ਸੀ। ਉਸ ਰਾਜ ਦੇ ਵਿਚ ਇਹ ਨਿਯਮ ਚਲਦਾ ਸੀ ਕਿ ਰਾਜਾ ਵੀਹ ਸਾਲ ਤੋਂ ਵੱਧ ਗੱਦੀ 'ਤੇ ਨਹੀਂ ਸੀ ਬੈਠ ਸਕਦਾ। ਉਸ ਤੋਂ ਬਾਅਦ ਦੋ-ਤਿੰਨ ਸੌ ਮੀਲ ਦੇ ਉਤੇ ਨਿਰਜਨ ਟਾਪੂ ਸੀ। ਉਹਦੇ ਵਿਚ ਉਹਨੂੰ ਛੱਡ ਆਉਂਦੇ ਸੀ। ਕੋਈ ਤਖਤ ਦਾ ਦਾਅਵੇਦਾਰ ਨਾ ਬਣਿਆ ਕਰੇ। ਬੜੀਆਂ ਅਪੀਲਾਂ ਕਰਿਆ ਕਰਨ। ਪਤਾ ਸੀ ਕਿ ਵੀਹ ਸਾਲ ਬਾਅਦ ਕੀ ਕਰਾਂਗੇ, ਵੀਹ ਸਾਲ ਤਾਂ ਐਵੇਂ ਲੰਘ ਜਾਂਦੇ ਨੇ।

ਇਕ ਸਿਆਣਾ ਨੌਜਵਾਨ ਆ ਗਿਆ, ਕਹਿਣ ਲੱਗਿਆ ਕਿ ਮੈਂ ਬੈਠਾਂਗਾ ਗੱਦੀ 'ਤੇ। ਗੱਦੀ 'ਤੇ ਬਹਿ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਰਾਜ ਭਾਗ ਦੇ ਸਾਰੇ ਕਾਨੂੰਨਾਂ ਨੂੰ ਸਮਝ ਲਿਆ ਤੇ ਤਾਕਤ ਹੱਥ ਆ ਗਈ, ਕਹਿੰਦਾ ਇਸ ਤਰ੍ਹਾਂ ਜਹਾਜ਼ ਬਣਾਓ। ਜਹਾਜ਼ ਬਣਾਇਆ ਤੇ ਭਰਿਆ, ਭਰ ਕੇ ਉਥੇ ਲੈ ਗਿਆ ਜਿੱਥੇ ਜਾ ਕੇ ਰਾਜੇ ਨੂੰ ਛੱਡਿਆ ਕਰਦੇ ਸੀ। ਉਤਰ ਗਏ, ਉਤਰ ਕੇ ਕੀ ਦੇਖਦੇ ਨੇ ਕਿ ਬੜੀ ਭਿਆਨਕ ਥਾਂ ਹੈ, ਬੜੇ ਭਿਆਨਕ ਇਥੇ ਜੰਗਲੀ ਜਾਨਵਰ ਰਹਿੰਦੇ ਨੇ। ਇਹ ਤਾਂ ਬੰਦੇ ਨੂੰ ਆਉਂਦੇ ਨੂੰ ਹੀ ਖਾ ਪੀ ਜਾਂਦੇ ਨੇ। ਰੋਟੀ ਦਾ ਇਥੇ ਕੋਈ ਪ੍ਰਬੰਧ ਨਹੀਂ। ਇੰਜਨੀਆਰਾਂ ਨੂੰ ਕਹਿਣ ਲੱਗਿਆ, ਪਲੈਨਿੰਗ ਵਾਲਿਆਂ ਨੂੰ ਕਿ ਇਸ ਨੂੰ ਐਨਾ ਚੰਗਾ ਬਣਾ ਦਿਓ ਕਿ ਦੁਨੀਆਂ ਇਹਨੂੰ ਦੇਖਣ ਵਾਸਤੇ ਤਾਂਤੇ ਬੰਨ੍ਹ ਲਏ। ਸਹੂਲਤਾਂ ਪੈਦਾ ਕਰ ਦਿਓ। ਇਸ ਜਜ਼ੀਰੇ ਦੇ ਵਿਚ ਇਹੋ ਜਿਹੀਆਂ ਚੀਜ਼ਾਂ ਲਿਆਓ। ਵੀਹ ਸਾਲ ਦੀ ਮਿਹਨਤ ਦੇ ਨਾਲ ਐਨਾ ਸੋਹਣਾ ਹੋ ਗਿਆ ਕਿ ਹਰੇਕ ਦਾ ਜੀਅ ਕਰੇ ਕਿ ਉਥੇ ਜਾ ਕੇ ਵਸੀਏ।

ਰਾਜਾ ਕਹਿੰਦਾ, ਲਓ ਬਈ ਵੀਹ ਸਾਲ ਪੂਰੇ ਹੋਣ 'ਚ ਰਹਿ ਗਏ ਛੇ ਮਹੀਨੇ ਤੇ ਮੈਂ ਤੁਹਾਨੂੰ ਸਮਾਂ ਦਿੰਦਾ, ਛੇ ਮਹੀਨਿਆਂ ਦੇ ਅੰਦਰ-ਅੰਦਰ ਨਵਾਂ ਰਾਜਾ ਟੋਲ੍ਹ ਲਓ। ਜਿਹਨੇ ਗੱਦੀ ਤੇ ਬੈਠਣੈ। ਮੀਟਿੰਗ ਹੋਈ ਸਾਰਿਆਂ ਦੀ। ਕਹਿਣ ਲੱਗੇ, ਹੁਣ ਤਾਂ ਉਹ ਥਾਂ ਹੀ ਇਹੋ ਜਿਹਾ ਵਧੀਆ ਬਣ ਗਿਆ, ਉਥੇ ਸਾਡਾ ਵੀ ਜੀਅ ਕਰਦੈ ਚੱਲੀਏ। ਇਸ ਰਾਜੇ ਨੂੰ ਰਹਿਣ ਦਿਓ, ਇਹ ਸੋਝੀ ਵਾਲੈ। ਇਹ ਇਕ ਦ੍ਰਿਸ਼ਟਾਂਤ ਹੈ।

ਜਿਹਨੇ ਆਪਣਾ ਅੱਗਾ ਸੰਵਾਰ ਲਿਆ ਇਥੇ ਬੈਠੇ-ਬੈਠੇ ਨੇ। ਉਹ ਤਾਂ ਕਹਿੰਦੇ ਕਿ ਮੈਂ ਕਿਹੜੇ ਵੇਲੇ ਇਥੋਂ ਨਿਕਲਾਂ, ਪੰਜ ਭੂਤਕ ਸਰੀਰ 'ਚੋਂ ਤੇ ਅਸੀਂ ਆਪਣੇ ਘਰ ਜਾ ਕੇ ਮਹਾਨ ਅਨੰਦ ਦੀ ਪ੍ਰਾਪਤੀ ਕਰੀਏ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ- 1365***

ਕਿਉਂਕਿ ਅੱਗਾ ਸੰਵਾਰ ਲਿਆ ਉਹਨੇ। ਜਿਹੜਾ ਅੱਗਾ ਨਹੀਂ ਸੰਵਾਰਦਾ ਉਹਦੇ ਲਈ ਫੇਰ ਮੁਸ਼ਕਲ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਦਾ ਨਹੀਂ ਬੰਦਾ। ਸਮਝਾਉਂਦੇ ਨੇ ਸਾਰੇ। ਕਹਿੰਦੇ, ਸਮਝਦਾ ਕਿਉਂ ਨਹੀਂ।

ਗੁਰੂ ਤੇਗ ਬਹਾਦਰ ਸਾਹਿਬ ਕਹਿਣ ਲੱਗੇ ਪਿਆਰਿਓ! ਇਹਨੂੰ ਅਗਲੇ ਘਰ ਦਾ ਪਤਾ ਨਹੀਂ ਕਿ ਮੇਰੇ ਨਾਲ ਕੀ ਵਰਤਣਾ ਹੈ। ਉਹ ਇਹ ਸਮਝਦਾ ਹੈ ਕਿ ਮੈਂ ਇਥੇ ਹੀ ਰਹਿਣਾ ਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਨਹੀਂਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***
***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ 1 ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 2 ॥ 1 ॥***

***ਅੰਗ - 726***

ਕਹਿਣ ਲੱਗੇ, ਪਿਆਰਿਓ! ਇਹ ਤਾਂ ਨਹੀਂ ਇਸ ਪਾਸੇ ਲਗਦਾ ਕਿ ਇਹ ਝੂਠੇ ਲਾਲਚਾਂ 'ਚ ਲੱਗ ਕੇ ਮਰਨ ਨੂੰ ਭੁੱਲਿਆ ਹੋਇਐ। ਨਹੀਂ ਤਾਂ ਪ੍ਰਮੇਸ਼ਰ ਦੇ ਗੁਣ ਗਾਵੇ, ਭਜਨ ਕਰੇ - ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ਕਿਉਂ ਕਰ ਲੈ - ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਘੜਾ ਤਿੜਕਿਆ ਹੋਵੇ ਉਹਦੇ 'ਚੋਂ ਪਾਣੀ ਨਿਕਲ ਜਾਂਦੈ, ਬੂੰਦ-ਬੂੰਦ ਕਰਕੇ। ਇਸ ਤਰ੍ਹਾਂ ਤੇਰੇ 24 ਹਜ਼ਾਰ ਸਵਾਸ ਰੋਜ਼ ਦੇ ਘਟ ਜਾਂਦੇ ਨੇ। ਮੁੜ ਨਹੀਂ ਮਿਲਦੇ। ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥'*** ਐਨਾ ਮੂਰਖ ਹੈਂ ਤੇ ਅਭਿਮਾਨੀ ਹੈਂ ਤੂੰ ਹਰੀ ਦੇ ਗੁਣ ਨਹੀਂ ਗਾਉਂਦਾ? ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ।'***

ਮੂਰਖਾਂ ਦੀ ਬਾਤ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇਕ ਵਾਰੀ ਇਕ ਰਾਜਾ ਸੀ, ਉਸ ਦੀ ਰਾਣੀ ਉਹਨੂੰ ਰੋਜ਼ ਕਿਹਾ ਕਰੇ ਕਿ ਰਾਜਨ! ਮਾਨਸ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਐ। ਫੇਰ ਤੈਨੂੰ ਦੇਖ, ਤੈਨੂੰ ਰਾਜ ਦਿਤਾ ਹੈ ਉਹਨੇ, ਉਸ ਪ੍ਰਮੇਸ਼ਰ ਦਾ ਤੂੰ ਭਜਨ ਕਰਿਆ ਕਰ, ਅੰਮ੍ਰਿਤ ਵੇਲੇ ਉਠ ਕੇ ਬੈਠਿਆ ਕਰ, ਬਿਰਤੀ ਇਕਾਗਰ ਕਰਕੇ, ਉਹਦੀ ਯਾਦ ਵਿਚ ਬੈਠਿਆ ਕਰ। ਕਹਿੰਦਾ, ਹਾਂ ਠੀਕ ਹੈ, ਮੈਨੂੰ ਸਵੇਰੇ ਜਗਾਈਂ।

ਸਵੇਰਾ ਹੋਇਆ, ਉਹਨੇ ਆਵਾਜ਼ ਮਾਰੀ, ਕੱਪੜਾ ਲੈ ਕੇ ਫੇਰ ਸੌਂ ਗਿਆ। ਛੇ ਸਾਲ ਲੰਘ ਗਏ ਉਹਨੂੰ, ਉਹ ਹਟੀ ਨਹੀਂ ਹੈ। ਇਹ ਉਠਿਆ ਨਹੀਂ, ਇਕ ਦਿਨ ਖਿੱਝ ਗਈ, ਕਹਿਣ ਲੱਗੀ, ਤੂੰ ਤਾਂ ਮੂਰਖ ਹੈਂ। ਛੇ ਸਾਲ ਹੋ ਗਏ, ਛੇ ਸਾਲ ਕਿਤੇ ਥੋੜ੍ਹਾ ਸਮਾਂ ਹੁੰਦੈ। ਇਹ ਹੱਥ ਵਿਚ ਤਾਂ ਆਉਣਾ ਨਹੀਂ ਮੁੜ ਕੇ। ਕਹਿਣ ਲੱਗਿਆ, ਮੈਂ ਮੂਰਖ ਹਾਂ? ਉਠ ਕੇ ਬਹਿ ਗਿਆ। ਕਹਿੰਦੀ, ਮੈਂ ਨਹੀਂ ਕਹਿੰਦੀ, ਵੇਦ ਸ਼ਾਸਤਰ ਸਾਰੇ ਕਹਿੰਦੇ ਨੇ ਕਿ ਮੂਰਖ ਬੰਦਾ ਹੈ ਜਿਹੜਾ ਆਪਣਾ ਅੱਗਾ ਨਾ ਸੰਵਾਰੇ। ਅਗਲਾ ਪਾਸਾ (ਰਸਤਾ) ਜਿਹਨੇ ਬਣਾਇਆ ਨਹੀਂ ਹੈ, ਸੰਵਾਰਿਆ ਨਹੀਂ ਹੈ, ਇਥੇ ਹੀ ਲੱਗਿਆ ਪਿਐ, ਅੱਗੇ ਵੀ ਤਾਂ ਆਪਾਂ ਜਾਣਾ ਹੈ। ਜਿਸ ਤਰ੍ਹਾਂ ਉਸ ਰਾਜੇ ਨੇ ਸੰਵਾਰ ਲਿਆ ਇਸ ਤਰ੍ਹਾਂ ਆਪਾਂ ਸੰਵਾਰ ਲਈਏ। ਕਹਿੰਦਾ, ਨਹੀਂ ਤੂੰ ਮੈਨੂੰ ਮੂਰਖ ਕਿਹੈ। ਕਹਿੰਦੀ, ਮੈਂ ਨਹੀਂ ਕਿਹਾ, ਵੇਦ ਸ਼ਾਸਤਰ ਕਹਿੰਦੇ ਨੇ, ਧਰਮ ਗ੍ਰੰਥ ਕਹਿੰਦੇ ਨੇ। ਉਹ ਤਾਂ ਪੜ੍ਹੇ ਲਿਖਿਆਂ, ਪੀਐਚ. ਡੀ ਵਾਲੇ ਨੂੰ ਵੀ ਕਹਿੰਦੇ ਨੇ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***

***ਅੰਗ- 140***

ਉਹ ਬੁੱਧੀ ਜੀਵੀ ਕਾਹਦਾ ਹੈ, ਜਿਹਦੇ ਵਿਚ ਲਭੁ ਹੈ, ਲੋਭ ਹੈ ਅਹੰਕਾਰ ਹੈ, ਕ੍ਰੋਧ ਹੈ, ਕਾਮ ਹੈ, ਈਰਖਾ ਕਰਦੈ, ਨਿੰਦਿਆ ਕਰਦੈ, ਚੁਗਲੀਆਂ ਕਰਦੈ, ਧੋਖੇ ਦਿੰਦੈ, ਫਰੇਬ ਕਰਦੈ, ਉਹਦੀ ਤਾਂ ਬੁੱਧੀ ਤਿੱਖੀ ਹੋ ਗਈ। ਉਹਨੂੰ ਪੜ੍ਹਿਆ ਹੋਇਆ ਕੌਣ ਕਹਿੰਦੈ, ਉਹ ਤਾਂ ਮੂਰਖ ਹੈ।

ਕਹਿੰਦੀ, ਮਹਾਰਾਜ! ਉਹ ਤਾਂ ਬਾਣੀ ਕਹਿੰਦੀ ਹੈ, ਵੇਦ ਸ਼ਾਸਤਰ ਕਹਿੰਦੇ ਨੇ, ਚੁੱਪ ਕਰ ਗਿਆ ਤੇ ਸਵੇਰੇ ਸਭਾ ਲਾ ਲਈ। ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਆਪਣੇ ਰਾਜ ਵਿਚ ਮੂਰਖ ਕਿੰਨੇ ਨੇ? ਹੱਥ ਜੋੜ ਕੇ ਖੜ੍ਹ ਗਿਆ ਵਜ਼ੀਰ। ਕਹਿੰਦੇ, ਕੀ ਗੱਲ ਦੱਸਦਾ ਨਹੀਂ ਹੈਂ? ਕਹਿੰਦਾ, ਮਹਾਰਾਜ! ਜੇ ਤਾਂ ਤੁਸੀਂ ਇਸ ਤਰ੍ਹਾਂ ਪੁੱਛਦੇ ਕਿ ਸਿਆਣੇ ਕਿੰਨੇ ਨੇ? ਤਾਂ, ਤਾਂ ਮੈਂ ਗਿਣ ਕੇ ਦਸ ਦਿੰਦਾ। ਸਾਰਾ ਸੰਸਾਰ ਮੂਰਖਾਂ ਦਾ ਹੀ ਹੈ। ਇਥੇ ਅਕਲ ਵਾਲਾ ਕਿਹੜਾ ਹੈ। ਆਪਣਾ ਆਪ ਗਵਾਈ ਜਾਂਦੇ ਨੇ। ਚੰਗਾ ਭਲਾ ਪਤਾ ਹੈ ਸੰਸਾਰ 'ਚ ਰਹਿਣਾ ਨਹੀਂ ਹੈ -

***ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥***

***ਅੰਗ - 473***

ਜਦ ਰਹਿਣਾ ਨਹੀਂ ਇਥੇ ਫੇਰ ਕਾਹਦੇ ਹੰਕਾਰ, ਕਾਹਦੇ ਰੌਲੇ-ਰੱਪੇ। ਫੇਰ ਇਹਨੂੰ ਪਤਾ ਨਹੀਂ ਲਗਦਾ ਕਿ ਜਿਹੜੇ ਕੰਮ ਮੈਂ ਕਰਦਾਂ, ਇਹ ਮੈਨੂੰ ਦੁੱਖ ਕਿੰਨੇ ਦੇਣਗੇ।

ਗੁਰੂ ਨਾਨਕ ਨੂੰ ਪੁੱਛਿਆ, ਕਾਹਬੇ ਵਿਚ। ਹੇ ਨਾਨਕ! ਜਿਹੜੇ ਨਸ਼ੇ ਪੀਂਦੇ ਨੇ ਦਰਗਾਹ 'ਚ ਉਨ੍ਹਾਂ ਦਾ ਕੀ ਹਾਲ ਹੁੰਦੈ?

ਮਹਾਰਾਜ ਕਹਿਣ ਲੱਗੇ, ਰੁਕਨਦੀਨ! ਸੂਖਸ਼ਮ ਸਰੀਰ ਉਥੇ ਜਾ ਕੇ ਬੜਾ ਦੁੱਖ ਪਾਉਂਦੈ। ਇਕ ਹਜ਼ਾਰ ਮਣ ਸਿੱਕਾ ਰੋਜ਼ ਗਰਮ ਕਰਕੇ ਉਹਦੇ

ਗਲ 'ਚੋਂ ਲੰਘਾਉਂਦੇ ਨੇ, ਫੇਰ ਉਹ ਚੀਕਾਂ ਮਾਰਦੈ, ਦੁੱਖੀ ਹੁੰਦੈ। ਬੜੇ ਸਵਾਲ ਮਹਾਰਾਜ ਦੇ ਉਤੇ ਕੀਤੇ ਉਨ੍ਹਾਂ ਨੇ। ਮਹਾਰਾਜ ਨੇ ਜਵਾਬ ਦਿਤੇ ਕਿ ਜਿਹਨੂੰ ਇਹੀ ਨੀਂ ਪਤਾ ਕਿ ਮੈਂ ਇਹ ਕਰਮ ਕਰਨੈਂ। ਸ਼ਰਾਬ ਨਾਲ ਕੀ ਕਰ ਲਏਗਾ। ਤੰਬਾਕੂ ਨਾਲ ਕੀ ਕਰ ਲਏਗਾ। ਕਹਿੰਦੇ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ***

ਦੇਵਤੇ ਤੇ ਪਿੱਤਰ ਜਿਹੜੇ ਸਾਡੇ ਉਤੇ ਨਿਗ੍ਹਾ ਰੱਖੀਂ ਬੈਠੇ ਨੇ, ਸਾਡਾ ਬੁਰਾ ਨਹੀਂ ਹੋਣ ਦਿੰਦੇ, ਉਹ ਛੱਡ ਜਾਂਦੇ ਨੇ। ਪਾਪ ਕਿੰਨਾ ਹੁੰਦੈ? ਕਹਿੰਦੇ –

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।***

ਜਿੰਨਾਂ ਸ਼ਰਾਬ ਦਾ ਪਾਪ ਹੁੰਦੈ, ਐਨਾ ਤੰਮਾਕੂ ਵਾਲੇ ਦੇ ਹੱਥੋਂ ਪਾਣੀ ਪੀ ਕੇ ਹੁੰਦੈ।

ਮੇਰੇ ਕੋਲ ਆਉਂਦੇ ਨੇ ਟਰੱਕਾਂ ਦੇ ਡਰਾਈਵਰ, ਜੀ ਅਸੀਂ ਕੀ ਕਰੀਏ?

ਮੈਂ ਕਿਹਾ, ਦੇਖੋ ਭਾਈ! ਗੱਲ ਤੁਹਾਨੂੰ ਦਸ ਦਿੰਦੇ ਹਾਂ, ਇਕ ਚੀਜ਼ ਬੜੀ ਪਵਿੱਤਰ ਹੈ ਜਿਹੜੀ ਪਾਪਾਂ ਨੂੰ ਧੋ ਦਿੰਦੀ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਜਦੋਂ ਇਹੋ ਜਿਹੇ ਥਾਂ ਤੁਹਾਨੂੰ ਪ੍ਰਸ਼ਾਦਾ ਛਕਣਾ ਪੈਂਦੈ। ਪਹਿਲਾਂ ਪ੍ਰਸ਼ਾਦੇ ਉਤੇ ਨਿਗ੍ਹਾ ਜਮ੍ਹਾਂ ਕੇ ਪੰਜ ਵਾਰੀ ਮੂਲਮੰਤਰ ਦਾ ਪਾਠ ਕਰਕੇ, ਫੇਰ 'ਤ੍ਵਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਪ੍ਰਸ਼ਾਦਾ ਛਕ ਲਿਆ ਕਰੋ।

ਸੋ ਕਹਿੰਦੇ, ਉਹਦੇ ਹੱਥੋਂ ਪਾਣੀ ਪੀਣ ਦਾ ਐਨਾ ਪਾਪ ਹੁੰਦੈ, ਜਿੰਨਾਂ ਸ਼ਰਾਬ ਪੀਣ ਦਾ ਹੁੰਦੈ।

ਸ਼ਰਾਬ ਦਾ ਕਿੰਨਾ ਪਾਪ ਹੈ?

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।***

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ। ਤਮਾਕੂ ਸੌ ਕੁਲ ਦਾ ਨਾਸ਼ ਕਰਦੈ।

ਅਮਰੀਕਾ ਵਾਲਿਆਂ ਨੇ ਰੋਕ ਲਾ ਦਿਤੀ ਕੀ ਕੋਈ ਬੰਦਾ ਫੈਕਟਰੀ 'ਚ ਨਹੀਂ ਪੀ ਸਕਦਾ, Public place (ਸਮਾਜਕ ਸਥਾਨਾਂ) 'ਚ ਨਹੀਂ ਪੀ ਸਕਦਾ, ਕਿਉਂਕਿ ਪੀਣ ਵਾਲੇ ਨੂੰ ਕੈਂਸਰ ਦੀ ਬਿਮਾਰੀ ਕਰਦੈ। ਹੁਣ ਤਾਂ ਮੰਨ ਲਿਆ ਇਨ੍ਹਾਂ ਨੇ ਕਿ ਤਮਾਕੂ ਬੰਦ ਕਰ ਦੇਣਾ ਚਾਹੀਦੈ ਕਿਉਂਕਿ ਇਹਦੇ 'ਚ ਤਾਂ ਕੈਂਸਰ ਹੈ। ਦੂਸਰਾ ਇਹ ਖਾਨਦਾਨ ਦੀ ਜੀਨ ਨੂੰ ਕੱਟ ਦਿੰਦੈ। ਦਸ ਸਾਲਾਂ ਬਾਅਦ ਜਿਹੋ ਜਿਹਾ ਦਸ ਪੁਸ਼ਤਾਂ ਪਹਿਲਾਂ ਬਾਬਾ ਸੀ, ਪੋਤਾ ਉਸ ਸੁਭਾਅ ਦਾ, ਉਸ ਸਰੀਰ ਦਾ ਹੋ ਜਾਇਆ ਕਰਦੈ, ਇਸ ਕਰਕੇ ਖਾਨਦਾਨੀਆਂ ਦੇਖਿਆ ਕਰਦੇ ਸੀ। ਸ਼ਰਾਬ ਵੀ ਇਸੇ ਤਰ੍ਹਾਂ ਨਾਲ ਨੁਕਸ ਪਾਉਂਦੀ ਹੈ। 20% ਕੈਂਸਰ ਸ਼ਰਾਬ ਨਾਲ ਹੋਇਆ ਕਰਦੈ। 70% ਕੈਂਸਰ ਤਮਾਕੂ ਨਾਲ ਹੁੰਦੈ। ਉਹ ਜੀਨ ਕੱਟ ਦਿੰਦੈ, ਜੀਨ ਕੱਟ ਕੇ ਖਾਨਦਾਨ ਗਲਤ ਹੋ ਜਾਂਦੈ। ਜੀਨ ਦਾ ਮਤਲਬ ਹੁਣ ਸਾਰੇ ਸਮਝਦੇ ਨੇ ਕਿਸਾਨ।

ਕਣਕਾਂ ਦਾ ਜੀਨ ਹੈ ਛੋਟਾ ਕਰ ਦਿਤਾ ਇਹ। ਉਹਦੇ ਨਾਲ ਕੀ ਹੋ ਗਿਆ, ਮਧਰੀਆਂ ਕਣਕਾਂ ਤੇ ਜ਼ਿਆਦਾ ਦਾਣੇ ਦੇਣ ਵਾਲੀਆਂ ਹੋ ਗਈਆਂ।

ਸੋ ਇਸ ਤਰ੍ਹਾਂ ਦੇ ਨਾਲ ਜੇ ਕਿਸੇ ਦੇ ਘਰ ਵਿਚ ਨਿੰਦਕ ਪੈਦਾ ਹੋ ਜਾਵੇ, ਉਹ ਕੁਲਾਂ ਦੀਆਂ ਕੁਲਾਂ ਗਾਲ੍ਹ ਦਿਆ ਕਰਦੈ। ਇਸ ਕਰਕੇ ਸਾਡੇ ਜਿਹੜੇ ਬਜ਼ੁਰਗ ਥੋੜ੍ਹਾ-ਥੋੜ੍ਹਾ ਪੁੰਨ ਕਰਕੇ ਉੱਤੇ ਬੈਠੇ ਨੇ ਸਵਰਗਾਂ 'ਚ, ਉਹ ਛੱਡ ਦਿੰਦੇ ਨੇ।

ਸੋ ਜੋ ਨਸ਼ਾ ਪੀਂਦੈ ਇਹਨੂੰ ਐਨੀ ਹੀ ਸਮਝ ਨਹੀਂ ਕਿ ਅਗਾਂਹਾਂ ਜਾ ਕੇ ਦਰਗਾਹ 'ਚ ਮੇਰਾ ਆਹ ਹਾਲ ਹੋਣੈ, ਉਹਨੂੰ ਕੀਹ ਕਹੇ। ਚਾਹੇ ਪੜ੍ਹਿਆ ਹੋਇਐ, ਚਾਹੇ ਕਿੰਨਾ ਹੀ ਅਕਲ ਵਾਲੈ, ਕਹਿੰਦੇ ਮੂਰਖ ਹੈ ਇਹ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਉਹ ਮੂਰਖ ਹੈ। 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥' ਜਿਹੜਾ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਉਹ ਮੂਰਖ ਤੇ ਅਗਿਆਨੀ ਹੈ। ਰਾਜਾ ਕਹਿਣ ਲੱਗਿਆ ਕਿ ਲਿਸਟ ਬਣਾਓ। ਵਜ਼ੀਰ ਕਹਿੰਦਾ, ਮਹਾਰਾਜ! ਜੇ ਤਾਂ ਅਕਲਮੰਦਾਂ ਦੀ ਕਹਿੰਦੇ, ਫੇਰ ਤਾਂ ਬਣ ਜਾਂਦੀ। ਮੂਰਖ ਤਾਂ ਸਾਰਾ ਸੰਸਾਰ ਹੀ ਹੈ, ਆਪਣੇ ਪੈਰੀਂ ਆਪ ਕੁਹਾੜਾ ਮਾਰ ਕੇ, ਆਪੇ ਹੀ ਨਰਕਾਂ ਨੂੰ ਜਾਂਦੈ। ਆਪੇ ਹੀ ਦੁਖੀ ਹੁੰਦੈ। ਕਿਸੇ ਨੂੰ ਕੋਈ ਦੁਖੀ ਨਹੀਂ ਕਰਦਾ, ਆਪਣੇ ਕਰਮ ਦੁਖੀ ਕਰਦੇ ਨੇ। ਕਹਿੰਦਾ, ਚੰਗਾ ਵੱਡਿਆਂ-ਵੱਡਿਆਂ ਦੀ ਬਣਾ ਲਓ, ਵੱਡੇ-ਵੱਡੇ ਵੀ ਤਾਂ ਹੋਣਗੇ। ਕਹਿੰਦੇ ਇਹ ਮਨਜ਼ੂਰ ਹੈ, ਇਕ ਸਭਾ ਬਣਾ ਲਈ। ਲਿਖਣਾ ਸ਼ੁਰੂ ਕਰ ਦਿਤਾ। ਲਿਖਦੇ ਹੋਏ ਪਤਾ ਹੀ ਹੁੰਦੈ, ਪਿੰਡਾਂ ਵਾਲਿਆਂ ਨੂੰ ਕਿ ਆਹ ਮੂਰਖਾਂ ਦਾ ਟੱਬਰ ਹੈ। ਉਹ ਇਕ ਟੱਬਰ 'ਚ ਚਲੇ ਗਏ, ਉਹ ਕਹਿੰਦੇ ਕਿ ਰਾਜੇ ਨੇ ਕਿਹੈ। ਉਹ ਕਹਿੰਦੇ, ਸਾਡਾ ਨਾਮ ਜ਼ਰੂਰ ਲਿਖੋ।

ਬਜ਼ੁਰਗ ਨੂੰ ਪੁੱਛਿਆ ਕਿ ਕਿਵੇਂ ਹੋ ਤੁਸੀਂ ਮੂਰਖ?

ਛੜੀ ਦਿਤੀ ਹੋਈ ਸੀ ਕਿ ਪ੍ਰੈਜ਼ੀਡੈਂਟ ਉਹਨੂੰ ਬਣਾਉਣੈ, ਜਿਹੜਾ ਸਾਰਿਆਂ ਨਾਲੋਂ ਵੱਡਾ ਮੂਰਖ ਹੋਵੇ। ਲਿਖ ਰਹੇ ਨੇ, ਪੁੱਛ ਪੜਤਾਲ ਕਰ ਰਹੇ ਨੇ ਕਿ ਤੁਸੀਂ ਕਿਸ ਤਰ੍ਹਾਂ ਦੇ ਨਾਲ ਮੂਰਖ ਹੋਂ?

ਕਹਿੰਦਾ, ਦੇਖੋ ਸਾਡਾ ਇਕ ਰਿਸ਼ਤੇਦਾਰ ਮਰ ਗਿਆ ਨੇੜੇ ਦਾ। ਆਹ ਨਾਲ ਹੀ ਪਿੰਡ, ਸਹੁਰੇ ਸੀ ਮੇਰੇ ਉਥੇ। ਇਨ੍ਹਾਂ ਬੱਚਿਆਂ ਦਾ ਮਾਮਾ ਸੀ ਉਹ ਮਰ ਗਿਆ।

ਕਹਿੰਦਾ, ਮੈਂ ਹੱਲ ਵਾਹੁੰਦਾ ਸੀ, ਖਬਰ ਆਈ। ਮੈਂ ਵੱਡੇ ਮੁੰਡੇ ਨੂੰ ਭੇਜਿਆ ਕਿ ਜਾਹ ਤੂੰ ਚਲਿਆ ਜਾਹ। ਸਸਕਾਰ ਹੋਏਗਾ, ਉਸ ਤੋਂ ਬਾਅਦ ਤੂੰ ਬੈਠੀਂ, ਬੈਠ ਕੇ ਗੱਲ ਕਰਕੇ ਆਈਂ।

ਕਹਿੰਦਾ, ਇਹ ਭੇਜ ਦਿਤਾ, ਇਹਨੇ ਕੁਛ ਨਾ ਕਰਿਆ।

ਵਾਪਸ ਆ ਗਿਆ। ਮੈਂ ਕਿਹਾ ਕਿ ਤੂੰ ਕੀ ਕਿਹਾ ਸੀ। ਕਹਿੰਦਾ, ਮੈਂ ਤਾਂ ਕੁਛ ਵੀ ਨਹੀਂ ਕਿਹਾ।

ਕਹਿੰਦਾ, ਕੋਈ ਗੱਲ? ਤੇਰਾ ਮਾਮਾ ਚੜ੍ਹਾਈ ਕਰਿਐ? ਕਹਿੰਦਾ, ਮੈਂ ਤਾਂ ਕੁਛ ਕਿਹਾ ਹੀ ਨਹੀਂ। ਮੈਂ ਕਿਹਾ ਤੂੰ ਤਾਂ ਮੂਰਖ ਹੈਂ।

ਛੋਟੇ ਮੁੰਡੇ ਨੂੰ ਭੇਜਿਆ ਕਿ ਤੂੰ ਜਾ।

ਉਹ ਕਹਿੰਦਾ, ਬਾਪੂ! ਮੈਂ ਤਾਂ ਕਦੇ ਇਹੋ ਜਿਹੇ ਥਾਂ ਗਿਆ ਨਹੀਂ ਤੇ ਮੈਂ ਕੀ ਕਹਾਂ?

ਕਹਿੰਦਾ, ਲੋਕ ਜਿਵੇਂ ਕਹਿੰਦੇ ਹੁੰਦੇ ਨੇ, ਇਹ ਕਿਹੜਾ ਕਿਤਾਬਾਂ 'ਚ ਲਿਖਿਆ ਹੁੰਦੈ, ਸੁਣ-ਸੁਣਾ ਕੇ ਗੱਲਾਂ ਕਰ ਦੇਈਦੀਆਂ ਨੇ।

ਇਹ ਜਿਸ ਵਕਤ ਗਿਆ ਤਾਂ ਉਨ੍ਹਾਂ ਦੇ ਦੁਸ਼ਮਣ ਖੜ੍ਹੇ ਸੀ ਬਾਹਰਲੇ ਪਾਸੇ। ਕਹਿੰਦੇ, ਸਵਾਦ ਆ ਗਿਆ, ਮਰ ਗਿਆ। ਹੁਣ ਪਤਾ ਲੱਗੂ ਇਨ੍ਹਾਂ ਨੂੰ। ਇਹ ਬੜੇ ਬੁਰੇ ਬੰਦੇ ਨੇ। ਇਹ ਮਰਨ ਤੋਂ ਬਗੈਰ ਠੀਕ ਨਹੀਂ ਹੁੰਦੇ, ਇਕ ਅੱਧਾ ਹੋਰ ਮਰੇ ਤਾਂ ਠੀਕ ਹੋਣਗੇ।

ਅੱਗੇ ਗਿਆ ਤਾਂ ਅਗਾਂਹਾਂ ਆਏ ਹੋਏ ਸੀ ਸਿਆਣੇ ਬੰਦੇ, ਪਰਚੌਣੀ ਕਰ ਰਹੇ ਸੀ। ਇਹਨੇ ਕਿਹਾ ਮੈਂ ਭੁੱਲ ਨਾ ਜਾਵਾਂ, ਇਕ ਦਮ ਹੀ ਖੜ੍ਹਾ ਹੋ ਕੇ ਕਹਿੰਦਾ ਕਿ ਭਰਾਵੋ ਮੇਰੀ ਗੱਲ ਸੁਣੋ। ਕਹਿੰਦਾ, ਬੜਾ ਚੰਗਾ ਹੋਇਆ ਇਹ ਮਰ ਗਿਆ। ਇਕ ਅੱਧਾ ਹੋਰ ਮਰਨਾ ਚਾਹੀਦੈ ਤਾਂ ਥੈ ਆਉਣਗੇ ਮੇਰੇ ਨਾਨਕੇ। ਉਨ੍ਹਾਂ ਨੇ ਫੜ ਲਿਆ ਤੇ ਇਹਨੂੰ ਕੁੱਟਿਆ।

ਕਹਿੰਦੇ, ਆਹ ਕੀ ਕਰਦੈਂ।

ਬਾਪੂ ਕੋਲ ਆ ਗਿਆ, ਆਪਣੇ। ਕਹਿੰਦਾ, ਆਹ ਕੀ ਹੋਇਆ ਤੇਰੇ ਨੀਲ ਪਏ ਹੋਏ ਨੇ?

ਕਹਿੰਦਾ, ਮੈਨੂੰ ਮਾਰਿਆ।

ਕਹਿੰਦਾ, ਕਿਉਂ?

ਕਹਿੰਦਾ, ਤੂੰ ਹੀ ਕਿਹਾ ਸੀ ਕਿ ਜਿਵੇਂ ਲੋਕ ਗੱਲਾਂ ਕਰਦੇ ਹੋਣ, ਉਵੇਂ ਜਿਵੇਂ ਤੂੰ ਕਰ ਲਈਂ। ਮੈਂ ਇਸ ਤਰ੍ਹਾਂ ਗੱਲਾਂ ਕਰ ਦਿਤੀਆਂ।

ਕਹਿੰਦਾ, ਤੂੰ ਤਾਂ ਇਹਦੇ ਨਾਲੋਂ ਵੀ ਮੂਰਖ ਹੈਂ।

ਕਹਿੰਦਾ, ਮੈਨੂੰ ਹੀ ਜਾਣਾ ਪੈ ਗਿਆ। ਉਵੇਂ ਜਿਵੇਂ ਪ੍ਰਾਣੀ ਕੱਛ ਵਿਚ ਲਈ ਹੋਈ ਹੈ। ਪੈਰ ਵੀ ਨੀ ਧੋਤੇ, ਨੱਠਿਆ ਹੀ ਗਿਆ ਕਿ ਕਿਤੇ ਚਲੇ ਨਾ ਜਾਣ। ਕਹਿੰਦਾ, ਮੈਂ ਹੁਣੇ ਜਾ ਕੇ ਮਾਫੀ ਮੰਗ ਲਵਾਂ। ਉਥੇ ਜਾ ਕੇ ਕਹਿੰਦਾ ਕਿ ਭਰਾਵੋ, ਮੈਂ ਮਾਫੀ ਮੰਗਣ ਆਇਆ ਹਾਂ। ਪਹਿਲਾ ਮੁੰਡਾ ਤੁਸੀਂ ਦੇਖਿਐ ਕਿ ਬੋਲਿਆ ਹੀ ਨਹੀਂ। ਦੂਜੇ ਨੇ ਕੀ ਕਿਹਾ, ਚੰਗਾ ਹੋਇਆ ਤੁਸੀਂ ਕੁੱਟਿਆ। ਉਨ੍ਹਾਂ ਨੂੰ ਕਹਿਣ ਲੱਗਿਆ, ਭਰਾਵੋ! ਹੁਣ ਤਾਂ ਕਰ ਦਿਓ ਮਾਫ, ਹੁਣ ਤੁਹਾਡਾ ਜਦ ਕੋਈ ਅਗਲਾ ਮਰਿਆ ਮੈਂ ਆਪ ਹੀ ਆਊਂਗਾ।

ਕਹਿੰਦੇ, ਇਹ ਤਾਂ ਸਾਰਾ ਟੱਬਰ ਹੀ ਮੂਰਖਾਂ ਦਾ ਹੈ। ਲਿਖ ਲਿਆ ਗਿਆ ਕਿ ਤੂੰ ਤਾਂ ਸੱਚਮੁੱਚ ਹੀ ਲਿਖਣ ਵਾਲਾ ਹੈਂ।

ਰਾਜੇ ਕੋਲ ਆ ਗਏ, ਉਹ ਦੱਸੀ-ਦੱਸੀ ਗਏ। ਰਾਜੇ ਨੂੰ ਪੁੱਛਿਆ ਕਿ ਰਾਜਾ ਸਾਹਿਬ ਨੂੰ ਮਿਲਣੈ। ਕਹਿੰਦੇ ਉਹ ਤਾਂ ਬਿਮਾਰ ਨੇ। ਕਹਿੰਦੇ, ਪੁਛੋ, ਅਸੀਂ ਮਿਲਣੈ। ਸੋਨੇ ਦੇ ਹੱਥੇ ਵਾਲੀ ਖੂੰਡੀ ਫੜਾਉਣੀ ਹੈ ਜਿਹੜਾ ਸਭ ਤੋਂ ਮੂਰਖ ਹੈ। ਰਾਜੇ ਦੇ ਕੋਲ ਚਲੇ ਗਏ। ਕਹਿੰਦਾ, ਮੈਂ ਤਾਂ ਜਾ ਰਿਹਾ ਹਾਂ?

ਕਹਿੰਦੇ, ਕਿੱਥੇ?

ਕਹਿੰਦਾ, ਇਹ ਤਾਂ ਮੈਨੂੰ ਪਤਾ ਨਹੀਂ, ਮੈਨੂੰ ਤਾਂ ਕੋਈ ਥਹੁ ਨਹੀਂ। ਕਹਿੰਦੇ, ਨੇ ਕਿਸੇ ਲੰਬੇ ਸਫਰ 'ਤੇ ਜਾ ਰਿਹਾਂ-

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ਅੰਗ- 264***

ਕਹਿੰਦੇ ਫੇਰ ਐਡੇ ਲੰਮੇ ਸਫਰ 'ਚ ਤੇਰੇ ਨਾਲ ਕੀ ਫੌਜ ਜਾ ਰਹੀ ਹੈ?

ਕਹਿੰਦਾ, ਨਹੀਂ।

ਰਾਣੀਆਂ ਜਾ ਰਹੀਆਂ ਨੇ?

ਕਹਿੰਦਾ, ਨਹੀਂ।

ਖਜ਼ਾਨੇ ਜਾ ਰਹੇ ਨੇ?

ਕਹਿੰਦਾ, ਨਹੀਂ।

ਹੋਰ ਧਨ-ਧਾਮ, ਜਾਇਦਾਦ ਜਾ ਰਹੀ ਹੈ?

ਕਹਿੰਦਾ, ਕੁਛ ਵੀ ਨਹੀਂ ਜਾ ਰਿਹਾ। ਮੈਂ ਤਾਂ ਨੰਗੇ ਪੈਰੀਂ ਤੇ ਖਾਲੀ ਹੱਥ ਜਾ ਰਿਹਾ ਹਾਂ।

ਕਹਿੰਦੇ, ਲੈ ਰਾਜਨ! ਆਹ ਖੂੰਡੀ ਤੂੰ ਹੀ ਸਾਂਭ। ਤੂੰ ਸਾਰੀ ਜ਼ਿੰਦਗੀ ਗਵਾ ਦਿਤੀ ਤੇ ਤੈਨੂੰ ਨਾ ਪਤਾ ਲੱਗਿਆ ਕਿ ਅਗਲਾ ਸਫਰ ਕੀ ਹੈ ਤੇ ਉਥੇ ਕੀ ਚਾਹੀਦੈ? ਸਾਰਿਆਂ ਨਾਲੋਂ ਮੂਰਖ ਤਾਂ ਤੂੰ ਹੋਇਆ ਤੇ ਆਹ ਖੂੰਡੀ ਫੜ।

ਗੁਰੂ ਮਹਾਰਾਜ ਦਸਦੇ ਨੇ ਕਿ ਪਿਆਰਿਓ! ਮੂਰਖ ਉਹ ਹੈ -

***ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥ 2 ॥***
***ਅੰਗ- 1015***

ਜਿਹੜਾ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ, ਕਹਿੰਦੇ ਉਹ ਮੂਰਖਾਂ ਦਾ ਸਰਦਾਰ ਹੈ ਕਿਉਂਕਿ ਉਹਨੂੰ ਪਤਾ ਨਹੀਂ ਹੈ ਕਿ ਨਾਮ ਕੀ ਚੀਜ਼ ਹੁੰਦੀ ਹੈ, ਕਿੱਥੇ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਜੀ, ਜਿੱਥੇ ਨਾ ਕੋਈ ਮਾਤ ਪਿਤਾ।***
***ਉਥੇ ਨਾਮ ਨੇ ਸਹਾਇਤਾ ਕਰਨੀ।***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***

*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥* *ਅੰਗ- 264*

ਅਜਾਮਲ ਨੂੰ ਆਖਰੀ ਸਵਾਸ ਆ ਰਿਹਾ ਸੀ, ਜਮਦੂਤ ਆ ਕੇ ਫੜ ਰਹੇ ਸੀ। ਮਹਾਂਪਾਪੀ ਸੀ, ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ। ਜਦੋਂ ਜਮਦੂਤ ਦੇਖੇ, ਪੁੱਤਰ ਨੂੰ ਹਾਕ ਮਾਰ ਦਿਤੀ। ਪੁੱਤਰ ਦਾ ਨਾਉਂ ਸੀ ਨਰਾਇਣ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥*
*ਅੰਗ- 981*

ਕਹਿੰਦੇ, ਜਿਸ ਵਕਤ ਨਰਾਇਣ ਕਹਿ ਦਿਤਾ ਪੁੱਤਰ ਨੂੰ, ਕਹਿੰਦੇ-ਕਹਿੰਦੇ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ ਉਹਦਾ। ਹੋਇਆ ਕੀ? ਕਹਿੰਦੇ, ਉਸੇ ਵੇਲੇ ਦੇਵਗਣ ਆ ਗਏ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।*
*ਭਾਈ ਗੁਰਦਾਸ ਜੀ, ਵਾਰ 10/20*

ਇਕ ਵਾਰੀ ਵਾਹਿਗੁਰੂ ਕਹਿਣ ਦੇ ਨਾਲ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਐਸੇ ਨਾਮ ਦੀ ਜਿਹੜਾ ਮਹਿਮਾ ਨੂੰ ਨਹੀਂ ਮੰਨਦਾ ਹੈ – ***'ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥'*** ਸੋ ਨਾਮ ਮਿਲਦਾ ਕਿੱਥੋਂ ਹੈ? ਮਹਾਰਾਜ ਕਹਿੰਦੇ, ਇਹੀ ਕਰਨ ਆਇਐਂ ਤੂੰ ਕੰਮ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ- 283*

ਵਿਰਲੇ ਪੁਰਸ਼ ਨੇ ਜਿਹੜੇ ਨਾਮ ਦਾ ਵਪਾਰ ਕਰਦੇ ਨੇ। ਬਾਕੀ ਸੰਸਾਰ ਜਿਹੜਾ ਹੈ ਉਹ ਵਿਸ਼ੇ-ਵਿਕਾਰ ਦੇ ਵਿਚ ਗੁਲਤਾਨ ਹੋਇਆ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਝਗੜੇ-ਝਾਟੇ, ਵੈਰ-ਭਾਵ, ਨਸ਼ੇ ਇਨ੍ਹਾਂ

ਦੇ ਵਪਾਰ ਵਿਚ ਗੁਲਤਾਨ ਹੋਇਆ ਪਿਆ ਹੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹੜਾ ਹੈ, ਜਦੋਂ ਤੱਕ ਆਦਮੀ ਨੂੰ ਨਾਮ ਨਹੀਂ ਮਿਲਦਾ, ਮੰਤਰ ਨਹੀਂ ਮਿਲਦਾ, ਮਹਾਰਾਜ ਕਹਿੰਦੇ ਉਹਨੂੰ ਮਨੁੱਖ ਨਾ ਕਹੋ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*

*ਅੰਗ– 1356*

**ਜਿਹਨੂੰ ਮੰਤਰ ਨਹੀਂ ਮਿਲਿਆ, ਕਹਿੰਦੇ ਉਹਦਾ ਧਿਰਕਾਰਯੋਗ ਜਨਮ ਹੈ। ਸੌ ਵਾਰੀ ਫਿੱਟੇ ਮੂੰਹ ਕਹੋ, ਇਕ ਵਾਰੀ ਧਿਰਕਾਰ ਕਹਿ ਦਿਓ ਤੇ ਭ੍ਰਿਸਟਿਆ ਹੋਇਆ ਜਨਮ ਹੈ, ਚਾਹੇ ਉਹ ਕਿੱਡਾ ਹੀ ਵੱਡਾ ਕਿਉਂ ਨਾ ਹੋਵੇ ਤੇ ਉਹਦੀ ਤੁਲਨਾ ਕਿਸਦੇ ਬਰਾਬਰ ਹੈ – 'ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥ ' ਉਹ ਕੁੱਤੇ, ਬਿੱਲੇ, ਸੂਰ, ਸੱਪਾਂ ਦੇ ਬਰਾਬਰ ਹੈ ਤੇ ਮਰਨ ਤੋਂ ਬਾਅਦ ਇਨ੍ਹਾਂ ਜੂਨੀਆਂ 'ਚ ਉਹਨੂੰ ਜਾਣਾ ਪਿਆ ਕਰਦੈ ਕਿਉਂਕਿ ਉਹ ਅਸਲੀ ਚੀਜ਼ ਲੈ ਨਾ ਸਕਿਆ। ਦਰਗਾਹ ਵਿਚ ਨਹੀਂ ਉਹਨੂੰ ਥਾਂ ਮਿਲਦਾ।**

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮਾਲਵੇ ਵਿਚ ਗਏ ਹੋਏ ਨੇ। ਉਸ ਥਾਂ ਦਾ ਜੋ ਸਰਦਾਰ ਸੀ ਡੱਲਾ, ਸਾਬੋ ਦੀ ਤਲਵੰਡੀ ਵਾਲਾ, ਉਹ ਬਹੁਤ ਸੇਵਾ ਕਰ ਰਿਹਾ ਸੀ ਤੇ ਮਹਾਰਾਜ ਬੜੇ ਪ੍ਰਸੰਨ ਸੀ ਉਸ ਉਪਰ। ਇਕ ਦਿਨ ਸਾਰੀ ਰਾਤ ਪਹਿਰਾ ਦੇਈ ਗਿਆ। ਮਹਾਰਾਜ ਜੀ ਜਦੋਂ ਆਵਾਜ਼ ਦੇਣ, ਕੌਣ ਹੈ ਭਾਈ ਪਹਿਰੇ 'ਤੇ? ਤਾਂ ਕਹੇ, ਮੈਂ ਡੱਲਾ।

ਕੌਣ ਹੈ ਭਾਈ ਪਹਿਰੇ 'ਤੇ?

ਜੀ, ਡੱਲਾ।

ਮਹਾਰਾਜ ਪ੍ਰਸੰਨ ਹੋ ਗਏ, ਅੰਮ੍ਰਿਤ ਵੇਲੇ ਕਹਿਣ ਲੱਗੇ, ਡੱਲਿਆ, ਅੱਜ ਤੂੰ ਸੇਵਾ ਕਰਕੇ ਸਾਡਾ ਮਨ ਪ੍ਰਸੰਨ ਕਰ ਲਿਆ। ਮੰਗ ਕੀ ਮੰਗਦੈਂ, ਤੈਨੂੰ ਦੁਨੀਆਂ ਦੀ ਜਿਹੜੀ ਚੀਜ਼ ਦੀ ਲੋੜ ਹੈ ਦਿਵਾ ਦੇਈਏ। ਪ੍ਰਸੰਨ ਹੋਇਆ ਦੇਖ ਕੇ ਗੁਰੂ ਮਹਾਰਾਜ ਨੂੰ, ਹੱਥ ਬੰਨ੍ਹ ਕੇ ਖੜ੍ਹ ਗਿਆ। ਚਰਨਾਂ 'ਤੇ ਨਿਵਿਆ, ਗਲ 'ਚ ਪੱਲਾ ਪਾ ਕੇ ਕਹਿਣ ਲੱਗਿਆ, ਪਾਤਸ਼ਾਹ! ਜੇ ਤੁਸੀਂ ਪ੍ਰਸੰਨ ਹੋਂ ਤਾਂ ਮੈਨੂੰ ਆਪਣੀ ਦਰਗਾਹ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ। ਮੈਂ ਤੁਹਾਡੇ ਨਾਲ ਰਹਿਣਾ ਚਾਹੁੰਦਾ ਹਾਂ। ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਕਹਿੰਦੇ, ਡੱਲਿਆ! ਦੁਨੀਆਂ ਮੰਗ, ਤੈਨੂੰ ਰਾਜ ਦਿਵਾ ਦਿੰਦੇ ਹਾਂ। ਰਿੱਧੀਆ-ਸਿੱਧੀਆਂ, ਤੇਰੇ ਘਰ ਭੰਡਾਰਿਆਂ ਨਾਲ ਭਰ ਦਿੰਦੇ ਹਾਂ। ਬਾਲ-ਬੱਚੇ, ਮੱਝਾਂ, ਗਾਈਆਂ, ਹੋਰ ਜਮੀਨ ਜਾਇਦਾਦ, ਹੋਰ ਜੋ ਤੂੰ ਕਹੇਂ ਤੈਨੂੰ ਦੇ ਦਿੰਦੇ ਹਾਂ। ਪਿਆਰਿਆ ਦਰਗਾਹ ਦਾ ਥਾਂ ਇਸ ਤਰ੍ਹਾਂ ਨਹੀਂ ਮਿਲਿਆ ਕਰਦਾ। ਤੇਰੀ ਤੇ ਸਾਡੀ ਸਾਂਝ ਨਹੀਂ ਅਜੇ ਕੋਈ ਪਈ। ਤੂੰ ਅਜੇ ਸਾਡੇ ਤੋਂ ਦੂਰ ਹੈਂ। ਅਜੇ ਤੂੰ ਗੁਰਸਿੱਖੀ ਨਹੀਂ ਧਾਰਨ ਕਰੀ। ਕਹਿੰਦੇ, ਜਾਹ ਕਿਸੇ ਗੁਰਸਿੱਖ ਨੂੰ ਪੁੱਛ ਲੈ। ਤੈਨੂੰ ਸਾਰੀ ਗੱਲ ਸਮਝਾ ਦੇਣਗੇ।

ਚਿਹਰਾ ਉਤਰ ਗਿਆ। ਮਹਾਰਾਜ ਕਹਿੰਦੇ, ਦੁਨੀਆਂ ਮੰਗ। ਪ੍ਰਸੰਨਤਾ ਸਾਰੀ ਕਾਇਮ ਹੈ, ਪਰ ਦੁਨੀਆਂ ਵਾਸਤੇ ਹੈ, ਦਰਗਾਹ ਵਾਸਤੇ ਤਾਂ ਹੈ ਨਹੀਂ, ਦਰਗਾਹ ਵਿਚ ਤਾਂ ਤੂੰ ਜਾ ਨਹੀਂ ਸਕਦਾ।

ਆ ਗਿਆ ਗੁਰਸਿੱਖ ਕੋਲ। ਗੁਰਸਿੱਖ ਕਹਿਣ ਲੱਗਿਆ, ਭਾਈ ਡੱਲੇ! ਕੀ ਗੱਲ, ਤੂੰ ਅੱਜ ਉਦਾਸ ਨਜ਼ਰ ਆਉਂਦੈ। ਕਹਿੰਦਾ, ਸੇਵਾ ਕਰਕੇ ਗੁਰੂ ਪ੍ਰਸੰਨ ਕਰੇ ਸੀ। ਪਰ ਕੋਈ ਮਤਲਬ ਨਾ ਨਿਕਲਿਆ। ਉਨ੍ਹਾਂ ਨੇ ਕਿਹਾ, ਮੰਗ ਜੋ ਕੁਛ ਮੰਗਦੈਂ।

ਕਹਿੰਦਾ, ਮੈਂ ਮੰਗ ਲਿਆ ਕਿ ਸੱਚੇ ਪਾਤਸ਼ਾਹ! ਆਪਣੇ ਚਰਨਾਂ 'ਚ ਨਿਵਾਸ ਦੇ-ਦੇ, ਮੈਂ ਤੁਹਾਡੇ ਨਾਲ ਹੀ ਰਹਾਂ ਤੇ ਤੁਹਾਡੀ ਦਰਗਾਹ ਦੇ ਵਿਚ ਬਹੁਤਾ ਥਾਂ ਨਹੀਂ ਮੰਗਦਾ, ਸਿਰਫ ਪੀੜ੍ਹੀ ਜੋਗਾ ਥਾਂ ਦੇ ਦੇਣਾ।

ਕਹਿੰਦੇ, ਡੱਲਿਆ, ਉਹ ਕਿਵੇਂ ਮਿਲ ਜੂ? ਜਦੋਂ ਤੱਕ ਤੂੰ ਸਿੱਖੀ ਨਹੀਂ ਧਾਰਨ ਕਰਦਾ, ਤੇਰਾ ਗੁਰੂ ਨਾਲ ਸੰਪਰਕ ਹੀ ਨਹੀਂ ਹੁੰਦਾ। ਕਹਿਣ ਲੱਗਿਆ, ਸਿੱਖ ਤਾਂ ਮੈਂ ਹੈਗਾ, ਮੈਂ ਸੇਵਾ ਕਰਦਾ ਹਾਂ, ਸਿੱਖ ਨਹੀਂ ਹਾਂ?

ਕਹਿੰਦੇ, ਨਹੀਂ ਅਜੇ ਤੈਨੂੰ ਸਿੱਖੀ ਦੀ ਸਮਝ ਨਹੀਂ ਆਈ। ਨਾ ਤੈਨੂੰ ਸਿੱਖੀ ਪ੍ਰਾਪਤ ਹੋਈ ਹੈ। ਦੇਖ ਜੇ ਤੂੰ ਗੁਰੂ ਦੇ ਨਾਲ ਮਿਲਣੈ, ਗੁਰੂ ਦੀ ਦਰਗਾਹ 'ਚ ਰਹਿਣੈ, ਤਾਂ ਮੇਰੀ ਗੱਲ ਧਿਆਨ ਦੇ ਨਾਲ ਤੂੰ ਹਿਰਦੇ 'ਚ ਵਸਾ ਲੈ-

***ਧਾਰਨਾ - ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ ਦੂਜਾ, ਵਾਰ 41/1***

ਡੱਲਿਆ! ਸਿੱਖੀ ਦੀ ਜੋ ਰੀਤ ਹੈ, ਨੌਂ ਪਾਤਸ਼ਾਹੀਆਂ ਤਾਈਂ ਚਰਨਾਮ੍ਰਿਤ ਦਿਆ ਕਰਦੇ ਸੀ ਲੇਕਿਨ ਗੁਰੂ ਮਹਾਰਾਜ ਨੇ ਸੰਤ ਨੂੰ ਸਿਪਾਹੀ ਨਾਲ ਬਣਾ ਦਿਤਾ। ਦੁਨੀਆਂ ਦੀ ਰਾਖੀ ਕਰਨ ਵਾਲਾ, ਦੁਨੀਆਂ ਨਾਲ ਇਨਸਾਫ ਕਰਨ ਵਾਲਾ, ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨ ਵਾਲਾ, ਆਪਾ ਤਿਆਗ ਕਰਨ ਵਾਲਾ ਪਿਆਰਿਆ, ਉਹ ਖੰਡੇ ਦੀ ਪਾਹੁਲ ਦੇ ਦਿਤੀ ਇਨ੍ਹਾਂ ਨੂੰ। ਮੰਤਰਿਆ ਹੋਇਆ ਜਲ ਇਹਦੇ ਅੰਦਰ ਪ੍ਰਵੇਸ਼ ਕਰ ਦਿਤਾ। ਜਿੰਨੀ ਦੇਰ ਤੱਕ ਪਾਹੁਲ ਨਹੀਂ ਤੂੰ ਪੀਂਦਾ, ਓਨੀਂ ਦੇਰ ਤੱਕ ਤੈਨੂੰ ਮੰਤਰ ਨਹੀਂ ਮਿਲਦਾ। ਜਦੋਂ ਤੱਕ ਤੂੰ ਗੁਰੂ ਤੋਂ ਮੰਤਰ ਨਹੀਂ ਲੈਂਦਾ ਤੇਰਾ ਗੁਰੂ ਨਾਲ ਸਬੰਧ ਨਹੀਂ ਜੁੜਦਾ। ਗੁਰੂ ਨਾਲ ਤਾਂ ਸਬੰਧ ਤਾਂ ਜੁੜਦੈ, ਜੇ ਉਹਦਾ ਮੰਤਰ ਲੈ ਲਵੇ। ਸੋ ਇਸ ਕਰਕੇ ਤੈਨੂੰ ਅੰਮ੍ਰਿਤ ਛਕਣਾ ਪੈਣੈ, ਫੇਰ ਚਾਹੇ

ਪੀੜੀ ਜੋਗਾ ਥਾਂ ਕਿਉਂ ਮੁਰੱਬੇ ਰੋਕ ਲਈਂ। ਗੁਰੂ ਦੀ ਦਰਗਾਹ ਛੋਟੀ ਨਹੀਂ ਹੈ, ਬੇਅੰਤ ਵੱਡੀ ਦਰਗਾਹ ਹੈ, ਉਥੇ ਬੇਅੰਤ ਦੁਨੀਆਂ ਨੇ ਸਮਾਉਣੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹੜਾ ਹੈ - ***'ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥'*** ਨਾਮ ਤਾਂ ਮੰਤਰ ਜਪ-ਜਪ ਕੇ, ਅੰਦਰ ਪ੍ਰਗਟ ਹੋਣੈ। ਹੈਗਾ ਅੰਦਰ ਹੀ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਸੋ ਨਾਮ ਦੇ ਮੰਡਲ 'ਚ ਜਦੋਂ ਤੱਕ ਸਾਡੀ ਸੁਰਤ ਨਹੀਂ ਪਹੁੰਚਦੀ। ਅਸੀਂ ਕੁਛ ਵੀ ਨਹੀਂ ਹੈਗੇ, ਸਰੀਰ ਸਾਨੂੰ ਦਿਤਾ। ਕਿਹੋ ਜਿਹਾ? ਮੈਂ ਬੇਨਤੀ ਕਰਦਾ ਸੀ - ***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਿਹੜਾ ਸ਼ਬਦ ਪੰਜ ਪਿਆਰਿਆਂ ਤੋਂ ਲਿਆ ਹੈ ਇਹ ਘਰ ਵਾਸਤੇ ਨਹੀਂ ਹੁੰਦਾ, ਇਹ ਜਾਪ ਕਰਨ ਵਾਸਤੇ ਹੁੰਦੈ। ਇਹਨੂੰ ਜਪੋ, ਸੰਤਾਂ ਨਾਲ ਮਿਲ ਕੇ ਜਪੋ। ਸੰਤਾਂ ਕੋਲ ਜੁਗਤੀ ਹੁੰਦੀ ਹੈ, ਸੁਖਾਲੇ ਰਸਤੇ ਹੁੰਦੇ ਨੇ। ਉਹ ਸੁਖਾਲਾ ਜਪਾ ਦਿੰਦੇ ਨੇ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***
***ਅੰਗ- 1373***

ਸੰਤਾਂ ਦੀ ਡਿਊਟੀ ਲੱਗੀ ਹੋਈ ਹੈ, ਪਦਵੀ ਕਿੱਡੀ ਹੈ-

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ਅੰਗ- 306***

ਉਹ ਗੁਰਸਿੱਖ ਦੀ ਗੁਰੂ ਨਾਨਕ ਕਹਿੰਦੇ ਮੈਂ ਧੂੜੀ ਮੰਗਦਾ, ਜਿਹੜਾ ਨਾਮ ਆਪ ਜਪਦੈ ਤੇ ਸੰਸਾਰ ਨੂੰ ਜਪਾਉਂਦੈ। ਪਿਆਰਿਓ! ਕਹਿੰਦੇ, ਨਾਮ ਦੀ ਦਾਤ ਤੁਹਾਨੂੰ ਪ੍ਰਾਪਤ ਹੋਏਗੀ, ਤੁਹਾਡੇ ਅੰਦਰ ਨਾਮ ਹੈ। ਇਸ ਬਜਰ ਕਪਾਟ ਖੋਲ੍ਹਣੇ ਨੇ - ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ '*** ਜਦੋਂ ਚਾਬੀ ਲਗ ਗਈ, ਫੇਰ ਕੀ ਦਿਸਦੈ? ਕਹਿੰਦੇ - ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ '*** ਇਹ ਵਾਜੇ ਐਵੇਂ ਨਹੀਂ ਗੱਲਾਂ। ਜਦੋਂ ਆਤਮਕ ਸੰਗੀਤ ਦੀਆਂ ਧੁਨਾਂ ਆਦਮੀ ਦੇ ਅੰਦਰ ਸੁਤੇ ਸਿਧ ਹੋ ਰਹੀਆਂ ਨੇ। ਬਿਰਤੀ ਸੂਖਸ਼ਮ ਹੋ ਜਾਂਦੀ ਹੈ, ਵਿਰਲੇ-ਵਿਰਲੇ ਨੇ ਜਿਹੜੇ ਸੁਣਦੇ ਨੇ। ਉਥੇ ਸੁਣਦਾ ਕੀ ਹੈ? ਸ਼ਬਦ ਦੀ ਧੁਨ ਸੁਣਦੀ ਹੈ। ਨਾਲ ਇਹੀ ਨਹੀਂ, ਅੰਧਕਾਰ ਦੂਰ ਹੋ ਜਾਂਦੈ, ਪ੍ਰਕਾਸ਼ ਹੋ ਜਾਂਦੈ।

***ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥***
***ਅੰਗ- 700***

ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਗਿਆਨ ਦਾ ਹੋ ਜਾਂਦੈ। ਫੇਰ ਦਿਸਦਾ ਕੀ ਹੈ - 'ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥' ਪ੍ਰਕਾਸ਼

ਹੋ ਗਿਆ। ਫੇਰ ਅੱਗੇ ਹੁਣ ਅੱਗੇ ਵਾਹਿਗੁਰੂ ਰਹਿ ਗਿਆ। ਹੁਣ ਭਗਤੀ ਕਰ, ਇਹਦੇ ਨਾਲ ਮਿਲ ਜਾਏਗਾ। ਫੇਰ ਦੇਖੇਂਗਾ ਕੀ? – ***'ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥'*** ਸਾਰੇ ਸਰੀਰਾਂ ਦੇ ਵਿਚ ਇਕੋ ਹੀ ਵਾਹਿਗੁਰੂ ਵਰਤ ਰਿਹੈ। ***'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ '***

ਸੋ ਮੈਂ ਬੇਨਤੀ ਕਰਦਾ ਸੀ ਕਿ ਇਸ ਘਰ ਨੂੰ ਦਿਖਾਉਣ ਵਾਲਾ ਗੁਰੂ ਹੁੰਦੈ। ਦਸਵੇਂ ਦੁਆਰ 'ਚ, ਅਫੁਰ ਅਵਸਥਾ ਦੇ ਵਿਚ ਬਿਰਤੀ ਲਿਜਾ ਕੇ ਤੂੰ ਇਹ ਰਾਗ ਸੁਣ। ਜਿਸ ਵਕਤ ਅੰਦਰ ਵਿਵੇਕ ਮੰਡਲ 'ਚ ਤੇਰੀ ਬਿਰਤੀ ਜਾਏਗੀ, ਤੈਨੂੰ ਪਤਾ ਲਗ ਜਾਏਗਾ ਕਿ ਵਾਹਿਗੁਰੂ ਕੀ ਹੈ। ਨਹੀਂ ਤਾਂ ਨਹੀਂ ਲਗਦਾ ਪਤਾ, ਪੜ੍ਹ ਲੈ ਜਿੰਨੀਆਂ ਕਿਤਾਬਾਂ ਪੜ੍ਹਨੀਆਂ ਨੇ। ਸਾਧਨਾ ਬਿਨਾਂ ਨਹੀਂ ਪ੍ਰਕਾਸ਼ ਹੋਣਾ ਅੰਦਰ। ਜਦੋਂ ਪ੍ਰਕਾਸ਼ ਹੋ ਗਿਆ ਮਨ ਦਾ ਨਾਸ਼ ਹੋ ਜਾਣੈ, ਵਾਸ਼ਨਾ ਖੈ੍, ਤੱਤ ਗਿਆਨ ਪ੍ਰਗਟ ਹੋ ਜਾਣੈ। ਫੇਰ ਹੋਏਗਾ ਕੀ? ਕਹਿੰਦੇ, ਜਿਹੜਾ ਦੌੜਿਆ ਫਿਰਦਾ ਸੀ ਛਾਲਾਂ ਮਾਰਦਾ ਮਨ, ਹੁਣ ਨਹੀਂ ਜਾਂਦਾ ਕਿਤੇ, ਉਸ ਅੰਮ੍ਰਿਤ ਦੇ ਵਿਚ ਮਸਤ ਹੋ ਗਿਆ। ਕਮਲ ਪੁੱਠਾ ਹੋਇਆ-ਹੋਇਆ ਸਿੱਧਾ ਹੋ ਗਿਆ। ਇਹਦੇ 'ਚ ਅੰਮ੍ਰਿਤ ਨਾਲ ਭਰ ਗਿਆ। ਹੁਣ ਸੁੱਖ ਹੀ ਸੁੱਖ ਹੈ, ਦੁਖ ਨਹੀਂ ਹੈ। ਮਹਾਨ ਸੁੱਖ ਦੇ ਵਿਚ ਆ ਗਿਆ।

ਭਾਈ ਮਤੀ ਦਾਸ ਜੀ ਨੂੰ ਜਿਸ ਵੇਲੇ ਚੀਰਨ ਲੱਗੇ, ਜਲਾਦ ਨੇ ਆਰਾ ਧਰਿਆ, ਬੰਨ੍ਹ ਦਿਤਾ ਲੱਕੜੀਆਂ ਦੇ ਵਿਚ। ਹੈਰਾਨ ਹੋ ਗਿਆ ਕਿ ਇਹਦਾ ਤਾਂ ਚਿਹਰਾ ਲਾਲ ਹੋ ਗਿਆ। ਲਾਲੀ ਭਾਅ ਮਾਰਨ ਲੱਗ ਗਈ, ਵਿਚੋਂ ਚਮਕ ਨਿਕਲਦੀ ਹੈ ਚਿਹਰੇ 'ਚੋਂ। ਨਾਲ ਨੇਤਰਾਂ ਵਲ ਝਾਕਿਆ, ਨੇਤਰਾਂ ਦੇ ਵਿਚ ਚਮਕ ਹੈ। ਰੁੱਕ ਗਿਆ ਆਰਾ ਚਲਾਉਣ ਤੋਂ, ਕਹਿਣ ਲੱਗਿਆ, ਮਤੀ ਦਾਸ! ਇਕ ਗੱਲ ਤਾਂ ਦਸ ਦੇ, ਬੰਦੇ ਬੜੇ ਚੀਰੇ ਨੇ ਪਰ ਮਰੇ ਹੋਏ ਚੀਰੇ ਨੇ, ਜਿਉਂਦਾ ਨਹੀਂ ਚੀਰਿਆ ਕੋਈ। ਪਹਿਲਾਂ ਹੀ ਮਰ ਜਾਂਦੇ ਸੀ। ਪਰ ਸਾਡਾ ਇਕ ਜਿਉਂਦੇ ਬੰਦੇ ਨਾਲ ਹੀ ਵਾਹ ਨਹੀਂ ਪਿਆ, ਕੋਈ ਅਲੌਕਿਕ ਬੰਦਾ ਹੈ। ਇਹ ਤਾਂ ਦੱਸ ਤੇਰੇ ਚਿਹਰੇ ਤੇ ਕਿਉਂ ਲਾਲੀ ਆ ਗਈ? ਮੌਤ ਨੂੰ ਦੇਖ ਕੇ ਤਾਂ ਵੱਡੇ-ਵੱਡੇ ਸੂਰਮੇ ਪੀਲੇ ਪੈ ਜਾਂਦੇ ਨੇ। ਦੂਸਰਾ ਤੇਰੇ ਨੇਤਰਾਂ 'ਚ ਚਮਕ ਕਿਉਂ ਆ ਗਈ? ਇਸ ਤਰ੍ਹਾਂ ਲਗਦੈ ਜਿਵੇਂ ਕੋਈ ਬੜਾ ਭਾਰਾ ਨਸ਼ਾ ਕੀਤਾ ਹੁੰਦੈ?

ਕਹਿਣ ਲੱਗੇ, ਜਲਾਦ! ਤੂੰ ਕੀ ਲੈਣੈ, ਇਹ ਗੱਲਾਂ ਨਾ ਤਾਂ ਤੇਰੇ ਸਮਝ 'ਚ ਆਉਣ ਵਾਲੀਆਂ ਨੇ। ਇਸ ਲਈ ਤੂੰ ਆਪਣਾ ਕੰਮ ਕਰ।

ਕਹਿੰਦਾ, ਮੈਨੂੰ ਸੇਵਾ ਦੱਸ।

ਕਹਿੰਦੇ, ਤੈਨੂੰ ਸੇਵਾ ਦਸ ਦਿੰਦਾਂ। ਮੇਰਾ ਜਿਹੜਾ ਮੂੰਹ ਹੈ ਇਹ ਮੇਰੇ ਗੁਰੂ ਵਲ ਕਰ ਦਿਓ। ਤੇਰਾ ਚੱਲੇ ਆਰਾ ਤੇ ਮੈਂ ਗੁਰੂ ਦਾ ਚਿਹਰਾ, ਗੁਰੂ ਦਾ ਵਜੂਦ ਆਪਣੇ ਹਿਰਦੇ 'ਚ ਵਸਾਵਾਂ। ਹੁਣ ਮੈਂ ਤੈਨੂੰ ਦਸ ਦਿੰਦਾਂ। ਕਹਿੰਦੇ, ਪਿਆਰਿਆ! ਸਾਡੇ ਅੰਦਰ ਨਾਮ ਦਾ ਪ੍ਰਕਾਸ਼ ਹੈ। ਅਸੀਂ ਕਿਸੇ

ਦਾ ਬੁਰਾ ਨਹੀਂ ਮੰਗਦੇ, ਕਿਸੇ ਨਾਲ ਸਾਡੀ ਈਰਖਾ ਨਹੀਂ। ਤੂੰ ਆਰਾ ਚਲਾਉਣ ਲੱਗਿਐਂ, ਚਾਹਾਂ ਤਾਂ ਮੈਂ ਤੈਨੂੰ ਵੀ ਤੇ ਤੇਰੇ ਬਾਦਸ਼ਾਹ ਨੂੰ ਵੀ ਗਰਕ ਕਰ ਦੇਵਾਂ। ਪਰ ਅਸੀਂ ਸਭ ਦਾ ਭਲਾ ਮਨਾਉਂਦੇ ਹਾਂ।

***ਸਤਿਗੁਰੁ ਸਭਨਾ ਦਾ ਭਲਾ ਮਨਾਇਦਾ***
***ਤਿਸ ਦਾ ਬੁਰਾ ਕਿਉ ਹੋਇ ॥*** ***ਅੰਗ - 302***

ਕਹਿੰਦੇ, ਸਾਡੇ ਅੰਦਰ ਜਿਹੜਾ ਕੌਲ ਫੁੱਲ ਹੈ ਉਹ ਸਿੱਧਾ ਹੋ ਗਿਆ, ਉਹਦੇ 'ਚ ਅੰਮ੍ਰਿਤ ਲਬਾਲਬ ਭਰਿਆ ਪਿਐ, ਹੁਣ ਸਾਨੂੰ ਦੁੱਖ ਲਗਦਾ ਹੀ ਨਹੀਂ ਕਿਸੇ ਚੀਜ਼ ਦਾ। ਉਦਾਸੀ ਲਗਦੀ ਹੀ ਨਹੀਂ, ਕੋਈ ਜੰਮ ਪਵੇ, ਕੋਈ ਮਰ ਜਾਏ, ਸਾਡਾ ਚਿੱਤ ਉਦਾਸ ਹੁੰਦਾ ਹੀ ਨਹੀਂ ਕਿਉਂਕਿ ਅੰਮ੍ਰਿਤ ਐਨਾ ਹੋ ਗਿਆ ਅੰਦਰ, ਉਹਦੀਆਂ ਲਹਿਰਾਂ ਐਨੀਆ ਜ਼ਬਰਦਸਤ ਅੰਦਰ ਚਲਦੀਆਂ ਨੇ, ਖੇੜਾ ਹੀ ਖੇੜਾ ਹੈ ਸਾਡੇ ਅੰਦਰ। ***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥ ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥'***

'ਸੋ ਮਹਾਰਾਜ ਕਹਿੰਦੇ ਹੁਣ ਨਹੀਂ ਮਨ ਜਾਂਦਾ ਕਿਤੇ। ਹੁਣ ਵਾਹਿਗੁਰੂ ਨੂੰ ਵਾਹਿਗੁਰੂ-ਵਾਹਿਗੁਰੂ ਕਹਿਣ ਦੀ ਲੋੜ ਨਹੀਂ ਹੈ। ਆਪੇ ਹੀ ਵਾਹਿਗੁਰੂ-ਵਾਹਿਗੁਰੂ ਧੁਨ ਸੁਣਦੀ ਹੈ, ਸਾਰੇ ਸੰਸਾਰ 'ਚੋਂ ਸੁਣਦੀ ਹੈ। ਉਸ ਤੋਂ ਬਗੈਰ ਕੋਈ ਆਵਾਜ਼ ਨਹੀਂ ਸੁਣਦੀ। ਜਿੱਧਰ ਵੀ ਦੇਖਦੇ ਹਾਂ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥***
***ਅੰਗ- 1420***

ਤੇ ਸਾਰੇ ਨਾਮ ਦੀ ਧੁਨ ਸੁਣਦੀ ਹੈ -

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*** ***ਅੰਗ- 1265***

ਕਹਿੰਦੇ ਹੁਣ ਅਜਪਾ ਜਾਪ ਚੱਲ ਪਿਆ - ***'ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥ '*** ਹੁਣ ਸਾਰੀਆਂ ਸਹੀਆਂ ਇਕੱਠੀਆਂ ਹੋ ਗਈਆਂ। ਮਨ ਠਾਕਿਆ ਗਿਆ, ਅੱਖਾਂ ਠਾਕੀਆਂ ਗਈਆਂ, ਕੰਨ ਠਾਕੇ ਗਏ, ਹੁਣ ਸਾਡਾ ਨਿਜ ਘਰ ਦੇ ਵਿਚ ਵਾਸਾ ਹੋ ਗਿਆ। ਮਹਾਰਾਜ ਕਹਿੰਦੇ, ਪਿਆਰਿਓ! ਜਿਹੜਾ ਇਥੇ ਪਹੁੰਚ ਗਿਆ ਨਾ - ***'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥'*** ਹੁਣ ਮੈਂ ਉਹਦਾ ਦਾਸ ਬਣਨ ਨੂੰ ਤਿਆਰ ਹਾਂ ਜਿਹੜਾ ਇਸ ਘਰ 'ਚ ਪਹੁੰਚ ਗਿਆ। ਸੋ ਆਹ ਸਰੀਰ ਦੀ ਮੈਂ ਬਾਤ ਕਰਦਾ ਸੀ, ਇਹ ਐਵੇਂ ਨਹੀਂ ਸਾਧਸੰਗਤ ਜੀ! ਇਹਦੇ ਵਿਚ ਵਾਹਿਗੁਰੂ ਰਹਿੰਦੈ - '***ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥ 1 ॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥ 2 ॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥'*** ਇਹ ਜਿਹੜੇ

ਦੇਵਤਿਆਂ ਦੀ ਗੱਲ ਤੁਹਾਨੂੰ ਮੈਂ ਪਹਿਲਾਂ ਸੁਣਾਈ ਸੀ, ਉਨ੍ਹਾਂ ਨੂੰ ਇਹ ਦੇਹ ਨਹੀਂ ਪ੍ਰਾਪਤ ਹੁੰਦੀ। ਉਨ੍ਹਾਂ ਦੇ ਅੰਦਰ ਆਹ ਬਣਤਰ ਹੈ ਹੀ ਨਹੀਂ। ਆਹ ਮਨੁੱਖ ਦੇ ਅੰਦਰ ਹੈ, ਵਾਹਿਗੁਰੂ ਮਨੁੱਖ ਦੇ ਅੰਦਰ, ਅੰਮ੍ਰਿਤ ਮਨੁੱਖ ਦੇ ਅੰਦਰ, ਫੇਰ ਇਹ ਦੇਹੀ ਉਤਮ ਹੋਈ ਕਿ ਨਾ ਹੋਈ। ਦੇਵਤਿਆਂ ਦੀ ਦੇਹੀ ਇਹਦੇ ਮੁਕਾਬਲੇ 'ਤੇ ਕੀ ਹੈ, ਇਸ ਕਰਕੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ!*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ 1 ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ 1 ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ- 1159*

ਐਨਾ ਸੁਖ ਦੇਵਤਿਆਂ ਨੇ, ਜਿਹੜਾ ਗਿਣਿਆ ਹੀ ਨਹੀਂ ਜਾ ਸਕਦਾ। ਖਰਬ ਨੂੰ ਖਰਬ ਨਾਲ ਗੁਣਾਂ ਕਰੀਏ ਤਾਂ ਬਾਦਸ਼ਾਹ ਦੇ ਨਾਲੋਂ ਸੁੱਖ ਬੈਕੁੰਠ ਧਾਮ 'ਚ ਹੋਇਆ ਕਰਦੈ। ਲੇਕਿਨ ਉਹ ਲੋਚਦੇ ਕਿਉਂ ਨੇ ਕਿਉਂਕਿ ਉਨ੍ਹਾਂ ਨੂੰ ਵਾਹਿਗੁਰੂ ਦਾ ਦਰਸ਼ਨ ਨਹੀਂ ਹੁੰਦਾ –

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਅੰਗ- 7*

ਬ੍ਰਹਮਾ ਜੀ ਪੈਦਾ ਕਰਦੇ ਨੇ, ਸ਼ਿਵ ਜੀ ਲੈਅ ਕਰਦੇ ਨੇ, ਵਿਸ਼ਨੂੰ ਜੀ ਪਾਲਦੇ ਨੇ।

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- 7*

ਵਾਹਿਗੁਰੂ ਤਾਂ ਉਨ੍ਹਾਂ ਨੂੰ ਦੇਖਦੈ, ਪਰ ਵਾਹਿਗੁਰੂ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਮਨੁੱਖ ਨੂੰ ਆ ਜਾਂਦੈ, ਮਨੁੱਖ ਦੇ ਜਦੋਂ ਨੇਤਰ ਖੁਲ੍ਹਦੇ ਨੇ ਉਸ ਵੇਲੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਰਹਿੰਦਾ ਹੀ ਨਹੀਂ, ਸਾਰੇ ਹੀ ਵਾਹਿਗੁਰੂ ਬਣ ਜਾਂਦੈ। ਜਿਧਰ ਦੇਖਦੈ –

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਅੰਗ- 407*

ਇਹ ਅੱਖ ਤਾਂ ਦੇਵਤਿਆਂ ਕੋਲ ਨਹੀਂ ਪਿਆਰਿਓ। ਐਨਾ ਵਧੀਆ

ਸਰੀਰ ਹੈ ਇਹਨੂੰ ਭੰਗ ਦੇ ਭਾੜੇ ਨਾ ਗੁਆਓ। ਨਿਗੁਰੇਪੁਣ 'ਚ ਗੁਆਓ। ਗੁਰੂ ਵਾਲੇ ਬਣੋ, ਜੇ ਭਲਾ ਨਹੀਂ ਵੀ ਪੂਰੇ ਹੋਵਾਂਗੇ। ਜਨਮ ਫੇਰ ਮਨੁੱਖ ਦਾ ਮਿਲ ਜਾਏਗਾ। ਫੇਰ ਨਹੀਂ ਹੋਵਾਂਗੇ, ਫੇਰ ਮਿਲ ਜਾਏਗਾ। ਗੁਰੂ ਜਾਣ ਨਹੀਂ ਦਿੰਦਾ –

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*

*ਅੰਗ- 649*

43 ਲੱਖ ਵੀਹ ਹਜ਼ਾਰ ਸਾਲ ਗਰੰਟੀ ਹੋ ਜਾਂਦੀ ਹੈ ਜੇ ਗੁਰੂ ਦਾ ਬਣ ਕੇ ਰਹੇ। ਸੋ ਐਸੀ ਬਖਸ਼ਿਸ਼ਾਂ ਸਾਨੂੰ ਕਲਜੁਗ ਦੇ ਅੰਦਰ ਹੋਈਆਂ-ਹੋਈਆਂ ਨੇ ਤੇ ਐਨੀ ਰਿਆਇਤ ਮਿਲੀ ਹੋਈ ਹੈ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਇਕ 'ਵਾਹਿਗੁਰੂ' ਬੋਲ ਕੇ ਸਾਰੇ ਪਾਪ ਕੱਟੇ ਜਾਣ ਫੇਰ ਤਾਂ ਅਸੀਂ ਮੰਦਭਾਗੇ ਹੀ ਹਾਂ ਜੇ ਇਸ ਰਸਤੇ ਨਹੀਂ ਆਉਂਦੇ। ਜੇ ਕਹੇ ਕਿ ਮੈਂ ਆਪੇ ਹੀ ਵਾਹਿਗੁਰੂ ਕਹਿ ਲਊਂ। ਆਪੇ ਹੀ ਨਹੀਂ ਕਹਿ ਹੁੰਦਾ ਕਿਸੇ ਤੋਂ ਵੀ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*

*ਅੰਗ - 491*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਜੋ ਵਿਚਾਰਾਂ ਕੀਤੀਆਂ ਨੇ ਇਹਨੂੰ ਹਿਰਦੇ 'ਚ ਧਾਰਨ ਕਰੋ। ਵਿਚਾਰੋ, ਵਿਚਾਰ ਕੇ ਦੇਖੋ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# 8

# ਭਾਉ ਭਗਤਿ

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***

***ਅੰਗ - 289***

***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ ਅੰਗ - 1094***
***ਧਾਰਨਾ - ਸਗਲ ਭਵਨ ਕੇ ਨਾਇਕਾ,***
***ਮੈਨੂੰ ਇਕ ਛਿਨ ਦਰਸ ਦਿਖਾ ਜਾ।***

***ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥***
***ਐਸੇ ਮੇਰਾ ਮਨੁ ਬਿਖਿਆ ਬਿਮੋਹਿਆ***
***ਕਛੁ ਆਰਾ ਪਾਰੁ ਨ ਸੂਝ ॥ 1 ॥***
***ਸਗਲ ਭਵਨ ਕੇ ਨਾਇਕਾ***
***ਇਕੁ ਛਿਨੁ ਦਰਸੁ ਦਿਖਾਇ ਜੀ ॥ 1 ॥ ਰਹਾਉ ॥***
***ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥***
***ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ 2 ॥***
***ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥***
***ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥***

***ਅੰਗ - 346***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਐਸੇ ਬਾਰਿਸ਼ ਦੇ ਮੌਸਮ ਵਿਚ ਵੀ ਗੁਰੂ ਦਰਬਾਰ 'ਚ ਪਹੁੰਚੇ ਹੋਂ।

***ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥***

***ਅੰਗ- 757***

ਸੋ ਆਪ ਸਾਰੇ ਆਪਣੇ ਨੇਮ ਨੂੰ ਪੂਰਾ ਕਰਨ ਵਾਸਤੇ ਦੂਰ-ਦਰਾਜ਼ ਤੋਂ ਪਹੁੰਚੇ ਹੋਂ। ਮਹਾਰਾਜ ਖੁਸ਼ੀਆਂ ਬਖਸ਼ਣ, ਯਾਤਰਾ ਸਫਲ ਹੋਵੇ। ਸੋ ਬੇਨਤੀ ਕੀਤੀ ਹੈ ਕਿ ਹੇ ਵਾਹਿਗੁਰੂ! ਬੜੀ ਮੁਸ਼ਕਲ ਦੇ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਆ ਸੀ। 83 ਲੱਖ, 99 ਹਜ਼ਾਰ, 999 ਅੱਧਮ ਜੂਨਾਂ ਕੁੱਤਿਆਂ ਬਿੱਲਿਆਂ ਦੀਆਂ, ਸੱਪਾਂ ਦੀਆਂ, ਧਰਤੀ 'ਤੇ ਪੇਟ ਭਾਰ ਤੁਰਨ ਵਾਲੀਆਂ ਮੱਛੀਆਂ ਵਗੈਰਾ ਤੇ ਪੰਛੀ, ਇਥੇ ਤੱਕ ਕਿ ਰੁੱਖ ਤੇ ਬਿਰਖ ਵੀ ਅਸੀਂ ਬਣੇ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ - 156***

ਸਮਝਦਾਰ ਜੋ ਬੰਦਾ ਹੈ ਜਿਸਨੂੰ ਵਾਹਿਗੁਰੂ ਨੇ ਥੋੜ੍ਹਾ ਜਿਹਾ ਵੀ ਦਿਮਾਗ ਦਿਤਾ ਹੈ ਤੇ ਜਿਸ ਦੇ ਅੰਦਰ ਗੁਰੂ ਮਹਾਰਾਜ ਦੇ ਬਚਨਾਂ 'ਤੇ ਭਰੋਸਾ ਹੈ, ਉਹ ਕੰਬ ਜਾਂਦੈ, ਕਿ ਹੈਂ! ਇਹੋ ਜਿਹੀਆਂ ਜੂਨਾਂ 'ਚੋਂ ਲੰਘ ਕੇ ਇਹ ਕ੍ਰਿਪਾ ਕੀਤੀ ਪ੍ਰਮੇਸ਼ਰ ਨੇ ਕਿ ਮੈਨੂੰ ਮਨੁੱਖ ਜੂਨੀ ਪ੍ਰਾਪਤ ਕਰਾ ਦਿਤੀ ਤੇ ਮੈਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਹੈ। ਦੁਖ ਤੋਂ ਛੁਟਕਾਰਾ ਸਿਰਫ ਤਾਂ ਮਿਲਦੈ ਜੇ ਵਾਹਿਗੁਰੂ ਦੇ ਦਰਸ਼ਨ ਹੋ ਜਾਣ ਤੇ ਉਹਦੇ ਦਰ ਦੀ ਪ੍ਰਾਪਤੀ ਹੋ ਜਾਵੇ। ਉਹ ਵਾਹਿਗੁਰੂ ਦੂਰ ਨਹੀਂ ਹੈ, ਸਭ ਦੇ ਅੰਦਰ ਹੈ। ਕੋਈ ਐਸਾ ਜੀਵ ਜੰਤੂ ਨਹੀਂ ਜਿਹਦੇ ਅੰਦਰ ਪ੍ਰਮੇਸ਼ਰ ਨਾ ਹੋਵੇ। ਜਲਾਂ ਦੇ ਅੰਦਰ, ਥਲਾਂ ਦੇ ਅੰਦਰ ਹਰੇਕ ਥਾਂ ਦੇ ਉਤੇ ਪ੍ਰੀਪੂਰਨ ਹਸਤੀ ਸਭ ਦੇ ਨਾਲ ਹੈ। ਪਰ ਦਰਸ਼ਨ ਨਹੀਂ ਹੁੰਦੇ, ਬੇਨਤੀਆਂ ਕਰਦਾ ਹੈ ਜਗਿਆਸੂ। ਜਿਸਨੂੰ ਸੋਝੀ ਪੈ ਗਈ ਕਿ ਹੇ ਪ੍ਰਭੂ! ਦਿਨ ਤਾਂ ਲੰਘਦੇ ਜਾਂਦੇ ਨੇ, ਬਚਪਨ ਨੂੰ ਜਵਾਨੀ ਖਾ ਗਈ, ਜਵਾਨੀ ਨੂੰ ਬੁਢੇਪੇ ਖਾ ਜਾਣੈ, ਬੁਢੇਪੇ ਦਾ ਹਰ ਕਦਮ ਜਿਹੜਾ ਹੈ ਉਹ ਕਾਲ ਵਲ ਨੂੰ ਵਧਦਾ ਤੁਰਿਆ ਜਾਂਦਾ ਹੈ। ਉਹ ਵੀ ਜੇ ਆਮ ਹਾਲਤ ਦੇ ਵਿਚ ਆਦਮੀ ਸੰਸਾਰ 'ਤੇ ਆਵੇ ਅਤੇ ਸੰਸਾਰ ਤੋਂ ਜਾਵੇ। ਨਹੀਂ ਤਾਂ ਇਹ ਕੋਈ ਨੇਮ ਨਹੀਂ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***

***ਅੰਗ- 254***

ਕਿਹੜੇ ਵੇਲੇ ਜਮਾਂ ਦਾ ਫੰਧਾ ਗਲ 'ਚ ਪੈ ਜਾਵੇ। ਮਹਾਰਾਜ ਫੁਰਮਾਨ ਕਰਦੇ ਨੇ -

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***

***ਅੰਗ- 631***

ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ ਤੇ ਸੰਸਾਰ ਤੋਂ ਤੁਰ ਜਾਈਏ। ਉਸ ਤੋਂ ਬਾਅਦ ਇਹ ਕੋਈ ਗਾਰੰਟੀ ਨਹੀਂ ਕਿ ਅਸੀਂ ਦੁਬਾਰਾ ਮਨੁੱਖ ਬਣ ਜਾਵਾਂਗੇ। ਕਰਮ ਸਾਡੇ ਕਿੱਥੇ ਲੈ ਕੇ ਜਾਂਦੇ ਨੇ, ਇਹ ਸਾਨੂੰ ਕੋਈ ਗਿਆਨ ਨਹੀਂ ਹੈ। ਕਰਮਾਂ ਦਾ ਬੰਨ੍ਹਿਆ ਹੋਇਆ ਜੀਵ

ਤੁਰਿਆ ਫਿਰਦਾ ਹੈ। ਸੰਜੋਗ ਹੋ ਜਾਂਦੈ, ਇਕੱਠੇ ਹੋ ਜਾਂਦੇ ਹਾਂ, ਫੇਰ ਵਿਛੜ ਜਾਂਦੇ ਹਾਂ -

*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥*

*ਅੰਗ- 700*

ਸੰਜੋਗ ਦੀ ਕ੍ਰਿਆ ਦੇ ਨਾਲ ਰਿਸ਼ਤੇਦਾਰ ਮਿਲ ਗਏ, ਮਾਂ-ਪਿਓ ਮਿਲ ਗਏ, ਭਰਾ ਮਿਲ ਗਏ, ਇਸਤ੍ਰੀ ਮਿਲ ਗਈ, ਇਸਤ੍ਰੀ ਨੂੰ ਪਤੀ ਮਿਲ ਗਿਆ, ਇਸਟ ਮਿਲ ਗਿਆ, ਮਿੱਤਰ ਮਿਲ ਗਏ; ਪਰ ਇਹ ਰਿਸ਼ਤਾ ਜਿਹੜਾ ਹੈ ਪੱਕਾ ਨਹੀਂ ਹੈ, ਕੱਚਾ ਰਿਸ਼ਤਾ ਹੈ ਕਿਉਂਕਿ ਕੁਛ ਤਾਂ ਹਿਤਾਂ ਦੇ ਨਾਲ ਇਥੇ ਹੀ ਵਿਛੜ ਜਾਂਦੇ ਨੇ। ਭਰਾ, ਭਰਾ 'ਤੇ ਮੁਕੱਦਮੇ ਚਲਾਉਂਦਾ ਹੈ। ਭਰਾ, ਭਰਾ ਦੇ ਖ਼ੂਨ ਦਾ ਪਿਆਸਾ ਹੋਇਐ, ਮਾਂ-ਬਾਪ ਨਾਲ ਬੱਚੇ ਲੜਾਈ ਕਰ ਰਹੇ ਨੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਇਹ ਰਿਸ਼ਤਾ ਪੱਕਾ ਨਹੀਂ ਹੈ। ਤਿੰਨ-ਚਾਰ ਚੀਜ਼ਾਂ ਆਦਮੀ ਦੇ ਕੋਲ ਹੁੰਦੀਆਂ ਨੇ ਦੁਨੀਆਂ ਦੇ ਅੰਦਰ। ਇਕ ਰਿਸ਼ਤੇਦਾਰ ਹੁੰਦੇ ਨੇ, ਇਕ ਪੈਸਾ ਟਕਾ ਹੁੰਦੈ, ਇਕ ਸਵਾਰੀਆਂ, ਜ਼ਮੀਨਾਂ ਜਾਇਦਾਦਾਂ ਹੁੰਦੀਆਂ ਨੇ। ਮਹਾਰਾਜ ਕਹਿੰਦੇ, ਇਨ੍ਹਾਂ ਦੇ ਵਿਚੋਂ ਕੋਈ ਵੀ ਤੇਰੀ ਸਹਾਇਤਾ ਕਰਨ ਨੂੰ ਸਮਰੱਥ ਨਹੀਂ ਹੈ। ਬਾਕੀ ਜਿਹੜੇ ਨੇ ਇਹ ਰਿਸ਼ਤੇ ਕੱਚੇ ਨੇ। ਗਰਜ਼ ਦੇ ਨਾਲ ਚਲਦੇ ਨੇ। ਜਿੰਨਾਂ ਚਿਰ ਗਰਜ਼ ਹੈ ਓਨਾਂ ਚਿਰ ਚੱਲੀ ਜਾਂਦੈ, ਜਦੋਂ ਆਪਣਾ ਮਤਲਬ ਹਟ ਗਿਆ, ਉਸ ਵੇਲੇ ਰਿਸ਼ਤਾ ਜਿਉਂਦੇ-ਜਿਉਂਦੇ ਹੀ ਟੁੱਟ ਜਾਇਆ ਕਰਦੈ। ਵਿਰੋਧ ਹੋ ਜਾਂਦੈ। ਸੋ ਰਿਸ਼ਤੇਦਾਰੀਆਂ ਨੇ ਪਾਉਣੀਆਂ ਨੇ ਤਾਂ ਮਹਾਰਾਜ ਕਹਿੰਦੇ ਤੁਹਾਨੂੰ ਦਸ ਦਿੰਦੇ ਹਾਂ ਕਿ ਕੋਈ ਪੱਕਾ ਰਿਸ਼ਤਾ ਵੀ ਸੰਸਾਰ ਦੇ ਅੰਦਰ ਹੈ, ਜਿਹੜਾ ਕਦੇ ਟੁੱਟਿਆ ਨਹੀਂ ਕਰਦਾ। ਪੈਸਾ ਟਕਾ ਹੈ ਇਹਦੇ 'ਚ ਆਦਮੀ ਨੂੰ ਸੰਤੋਖ ਨਹੀਂ ਆਉਂਦਾ। ਮੰਨੋਰੰਜਨ ਦੀ ਮਾਇਆ ਹੈ, ਲੇਕਿਨ ਸੰਤੋਖ ਨਹੀਂ ਆਉਂਦਾ, ਹਾਇ-ਹਾਇ ਕਰਦੇ ਦਾ ਜੀਵਨ ਬਤੀਤ ਹੋ ਜਾਂਦੈ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥* *ਅੰਗ- 213*

ਕਹਿੰਦੈ, ਦਸ ਹਜ਼ਾਰ ਰੁਪਿਆ ਹੋ ਜਾਏ, ਫੇਰ ਮੈਂ ਇਹ ਕੰਮ ਛੱਡ ਦੇਵਾਂਗਾ। ਦਸ ਹਜ਼ਾਰ ਤਾਂ ਥੋੜ੍ਹਾ ਹੀ ਹੈ, ਫੇਰ ਕਹਿੰਦੇ 10 ਲੱਖ ਹੋਣਾ ਚਾਹੀਦੈ। 10 ਲੱਖ ਵੀ ਥੋੜ੍ਹਾ ਹੈ ਇਹਦਾ ਤਾਂ ਇਕ ਪਲਾਟ ਵੀ ਨਹੀਂ ਆਉਂਦਾ, ਕਰੋੜ ਰੁਪਿਆ ਹੋਣਾ ਚਾਹੀਦੈ। ਜਦੋਂ ਕਰੋੜ ਦੀ ਵਿਉਂਤ ਬਣਾਉਂਦੈ, ਫੇਰ ਕਹਿੰਦੈ ਇਹ ਤਾਂ ਕੁਛ ਵੀ ਨਾ ਹੋਇਆ। ਇਕ ਫਲੈਟ ਵੀ ਨਹੀਂ ਆਉਂਦਾ ਚੰਡੀਗੜ੍ਹ ਦਾ। ਇਹ ਤਾਂ 10 ਕਰੋੜ, ਅਰਬ ਚਾਹੀਦੈ। ਮਹਾਰਾਜ ਕਹਿੰਦੇ - 'ਕੋਟਿ ਜੋਰੇ' ਕਰੋੜ ਜੋੜ ਲਿਆ, ਕਹਿੰਦੇ ਥੋੜ੍ਹਾ ਹੈ, ਐਨੀ ਤ੍ਰਿਸ਼ਨਾ ਵਧੀ, ਕਹਿੰਦੇ ਲੱਖ ਗੁਣਾਂ ਸੌ, ਸੌ ਖਰਬ ਰੁਪਿਆ ਚਾਹੀਦੈ। ਚਲੋ ਖਰਬਾਂ ਪਤੀ ਸੰਸਾਰ 'ਚ ਇਕ ਦੋ ਹੈਗੇ, ਅਰਬਾਂਪਤੀ ਤਾਂ ਬੜੀ ਦੁਨੀਆਂ

ਹੈ।

ਉਹ ਕਹਿੰਦੈ, ਖਰਬ ਹੋਣਾ ਚਾਹੀਦੈ। ਉਹ ਵੀ ਹੋ ਗਿਆ ਕਹਿੰਦੇ, ਹੁਣ ਵੀ ਨਹੀਂ ਮਨ ਰੱਜਦਾ। ਕਹਿੰਦਾ, ਐਨੀ ਧਰਤੀ ਚਾਹੀਦੀ ਹੈ, ਐਨਾ ਦੇਸ਼ ਚਾਹੀਦੈ, ਇਹ ਤਾਂ ਥੋੜ੍ਹਾ ਹੈ। ਮਹਾਰਾਜ ਕਹਿੰਦੇ, ਇਨ੍ਹਾਂ ਦੇ ਵਿਚ ਵੀ ਸ਼ਾਂਤੀ ਨਹੀਂ, ਹਾਇ-ਹਾਇ ਕਰਦੇ ਦੀ ਉਮਰ ਲੰਘ ਜਾਂਦੀ ਹੈ, ਸੰਤੋਖ ਨਹੀਂ ਮਨ 'ਚ ਆਉਂਦਾ। ਬਾਕੀ ਸਵਾਰੀਆਂ ਨੇ, ਕੋਠੀਆਂ ਨੇ, ਵੱਡੇ-ਵੱਡੇ ਫਾਰਮ ਨੇ, ਮਹਾਰਾਜ ਕਹਿੰਦੇ, ਜਾਂਦਾ ਹੋਇਆ ਖਾਲੀ ਹੱਥ ਨੰਗੇ ਪੈਰੀਂ ਜਾਂਦੈ ਸੰਸਾਰ ਤੋਂ, ਜਨਮ ਗੁਆ ਕੇ, ਆਪਣੇ ਆਪ ਨੂੰ ਬਰਬਾਦ ਕਰਕੇ, ਇਕ ਤਰ੍ਹਾਂ ਨਾਲ ਜੂਆ ਖੇਲ੍ਹ ਕੇ ਚਲਿਆ ਗਿਆ, ਜਿਹਦੇ 'ਚ ਬਾਜ਼ੀ ਹਾਰ ਗਿਆ। ਜਿੱਤ ਕੇ ਨਹੀਂ ਗਿਆ, ਬਾਜ਼ੀ ਹਾਰ ਕੇ ਗਿਆ। ਕਾਰਨ ਕੀ ਹੈ?

ਹੁਣ ਅਗਾਂਹਾਂ ਕੋਈ ਸਹਾਇਤਾ ਨਹੀਂ ਕਰਨ ਵਾਲਾ। ਕਿਉਂ ਨਹੀਂ ਹੈ? ਕਿਉਂਕਿ ਜਿਉਂਦੇ-ਜਿਉਂਦੇ ਨੇ ਦੋਸਤ ਨਹੀਂ ਭਾਲਿਆ ਕੋਈ। ਭਾਲੇ ਕੌਣ? ਭਾਲੇ ਤਾਂ ਭੁਲੇਖੇ ਵਿਚ ਮਿੱਤਰ, ਪਰ ਉਹ ਵੈਰੀ ਸੀਗੇ ਛੁਪੇ ਹੋਏ, ਮਿੱਤਰਾਂ ਦੇ ਭੇਖ 'ਚ। ਉਹ ਜਿਹੜਾ ਅਸਲ ਮਿੱਤਰ ਸੀ ਉਹ ਹਰ ਵਕਤ ਨਾਲ ਰਹਿੰਦਾ ਸੀ -

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ ॥***
***ਅਨਦ ਕੇਲ ਮਾਇਆ ਰੰਗਿ ਰਸੈ ॥***
***ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥***
***ਕਾਲੁ ਨ ਆਵੈ ਮੂੜੇ ਚੀਤਿ ॥*** ***ਅੰਗ- 267***

'ਕਾਮ' ਦਾ ਜਜ਼ਬਾ ਵਧੀਆ ਲੱਗਿਆ ਮਿੱਤਰ ਬਣਾ ਲਿਆ, ਕ੍ਰੋਧ ਕਰਕੇ ਦੂਜਿਆਂ 'ਤੇ ਰੋਹਬ ਪਾ ਦਿਤਾ। ਲੋਭ ਕਰਕੇ ਮਾਇਆ ਜੋੜਨ ਦਾ ਯਤਨ ਕਰਿਆ, ਮਿੱਤਰ ਬਣਾ ਲਿਆ ਆਪਣਾ। ਹੰਕਾਰ ਨੂੰ ਮਿੱਤਰ ਬਣਾ ਲਿਆ, ਮੋਹ ਦੇ ਵਿਚ ਆਪ ਫਸ ਗਿਆ। ਕਹਿੰਦੇ, ਇਹਨੇ ਇਹਦਾ ਸੱਤਿਆ ਨਾਸ ਕਰ ਦਿਤਾ। ਜਿਹੜਾ ਵਾਹਿਗੁਰੂ ਨਾਲ ਰਹਿੰਦਾ ਸੀ ਉਹਨੂੰ ਮਿੱਤਰ ਨਾ ਬਣਾ ਸਕਿਆ। ਸੋ ਜੇ ਮਿੱਤਰਤਾ ਪਾਈ ਵੀ, ਪੜ੍ਹ ਕੇ, ਲਿਖ ਕੇ, ਪੀਐਚ.ਡੀ ਕਰ ਲਈ, ਡਾਕਟਰ ਬਣ ਗਏ, ਵੱਡੇ-ਵੱਡੇ ਲਿਖਾਰੀ ਬਣ ਗਏ, ਵੱਡੇ-ਵੱਡੇ ਲੇਖ ਲਿਖ ਦਿਤੇ।

ਇਕ ਮੈਂ ਬੇਨਤੀ ਕਰਦਾਂ, ਕੋਈ ਬੰਦਾ ਵੱਡੀ ਤੋਂ ਵੱਡੀ ਪੁਸਤਕ ਲਿਖ ਕੇ ਵੱਡਾ ਨਹੀਂ ਹੋਇਆ ਕਰਦਾ। ਉਹ ਤਾਂ ਵਕਤੀ ਹੁੰਦੀਆਂ ਨੇ ਚੀਜ਼ਾਂ, ਕਿਤਾਬਾਂ ਦੇਖ ਲਈਆਂ, ਵਿਹਲ ਮਿਲਿਆ ਹੋਇਐ, ਪ੍ਰਸੰਗ ਸਾਰੇ ਇਕੱਠੇ ਕਰ ਲਏ। ਉਸ ਤੋਂ ਬਾਅਦ ਕਿਤਾਬ ਬਣਾ ਦਿਤੀ, ਵਪਾਰ ਵਾਸਤੇ। ਕੀਮਤ ਦੋ ਸੌ ਰੁਪਿਆ ਰੱਖ ਦਿਤੀ। ਉਹ ਵਿਦਵਾਨ ਨਹੀਂ, ਉਹਦਾ ਜੀਵਨ ਉਹੋ ਜਿਹਾ ਨਹੀਂ ਹੁੰਦਾ, ਉਹਨੇ ਤਾਂ ਇਕ ਚੀਜ਼ ਲਿਖ ਦਿਤੀ, ਉਹਨੂੰ ਅਸੀਂ ਵਿਦਵਾਨ ਕਹਿੰਦੇ ਹਾਂ। ਮਹਾਰਾਜ ਕਹਿੰਦੇ, ਵਿਦਵਾਨ ਉਹ ਹੁੰਦੈ,

ਜਿਹਦੇ ਰਾਮ ਦਾ ਨਾਮ ਗਲ ਵਿਚ ਹਾਰ ਬਣ ਕੇ ਪਿਆ ਹੋਇਐ-

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥* *ਅੰਗ- 938*

ਜਿਸ ਤੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੀ ਨਹੀਂ ਜਿੱਤ ਹੋਏ, ਉਹ ਕਹਿੰਦੇ -

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*
*ਅੰਗ- 140*

ਸੋ ਪੜ੍ਹ ਜਾਂਦੈ, ਲੇਕਿਨ ਉਹਨੂੰ ਇਹ ਗਿਆਨ ਨਹੀਂ ਹੁੰਦਾ ਕਿ ਇਥੇ ਮਿੱਤਰ ਕੌਣ ਹੈ। ਨਾ ਮਿੱਤਰ ਦੇ ਨਾਲ ਮਿਲਣ ਦਾ ਯਤਨ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਜਿਹੜਾ ਇਥੇ ਵੀ ਸਹਾਇਤਾ ਕਰ ਦੇਵੇ ਤੇ ਦਰਗਾਹ ਵਿਚ ਵੀ ਜਿਹਦਾ ਕਿਹਾ ਹੋਇਆ ਚੱਲ ਜਾਵੇ। ਮਿੱਤਰ ਉਹ ਹੁੰਦੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

*ਧਾਰਨਾ - ਕੱਚਿਆਂ ਨਾਲ ਤੋੜ ਕੇ,*
*ਪੱਕਿਆਂ ਨਾਲ ਜੋੜ ਪ੍ਰੀਤਾਂ।*

ਮਹਾਰਾਜ ਕਹਿੰਦੇ, ਜਿਹੜੇ ਕੱਚੇ ਨੇ, ਉਹਦੇ ਨਾਲ ਕਾਹਦਾ ਵਿਹਾਰ, ਕਿਸੇ ਮੌਕੇ 'ਤੇ ਉਹਨੇ ਕੰਮ ਨਹੀਂ ਆਉਣਾ, ਸਾਥ ਛੱਡ ਜਾਣੈ। ਕੋਈ ਪੱਕਾ ਟੋਲ੍ਹ ਲੈ। ਬਾਰ-ਬਾਰ ਸਾਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਗਾਈਡ ਕਰਦੇ ਨੇ ਕਿ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ- 1102*

ਸੰਤ ਪਹਿਲਾਂ ਤਾਂ ਕਿਸੇ ਦੇ ਵੈਰੀ ਨਹੀਂ ਹੋਇਆ ਕਰਦੇ। ਦੁਨੀਆਂ ਦੇ ਅੰਦਰ ਸੰਤਾਂ ਦਾ ਕੋਈ ਵੈਰੀ ਨਹੀਂ ਹੋਇਆ ਕਰਦਾ, ਉਨ੍ਹਾਂ ਦੇ ਸਾਰੇ ਹੀ ਮਿੱਤਰ ਹੁੰਦੇ ਨੇ, ਸਾਰੇ ਸੰਸਾਰ ਦਾ ਭਲਾ ਚਾਹੁੰਦੇ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ- 749*

ਜੀਵ ਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਣ ਦਾ ਯਤਨ ਕਰਦੇ ਨੇ। ਇਹਦਾ ਜਨਮ ਨਾ ਲੰਘ ਜਾਵੇ, ਇਹ ਕਿਤੇ ਜਮਾਂ ਵਲ ਨਾ ਚਲਿਆ ਜਾਵੇ। ਨਰਕਾਂ ਦੇ ਦੁਖੜੇ ਨਾ ਭੋਗੇ। ਤਨੋ ਮਨੋ ਉਨ੍ਹਾਂ ਦੇ ਮਨ ਦੇ ਵਿਚ ਇਹ ਇੱਛਿਆ ਹੁੰਦੀ ਹੈ, ਇਸ ਕਰਕੇ ਉਨ੍ਹਾਂ ਲਈ ਕੋਈ ਵੈਰੀ ਤੇ ਵਿਰੋਧੀ ਨਹੀਂ ਹੋਇਆ ਕਰਦਾ। ਜੇ ਕੋਈ ਉਨ੍ਹਾਂ ਦਾ ਵਿਰੋਧੀ ਹੁੰਦੈ ਤਾਂ ਉਹ ਪ੍ਰਮੇਸ਼ਰ ਨਾਲ ਵੈਰ ਕਰਦੈ, ਕਿਉਂਕਿ ਸੰਤ ਪ੍ਰਮੇਸ਼ਰ ਦੇ ਹੁੰਦੇ ਨੇ। ਜੇ ਪ੍ਰਹਿਲਾਦ ਨਾਲ ਪਿਤਾ ਨੇ ਵੈਰ ਕਰਿਆ ਤੱਤਿਆਂ ਥੰਮਾਂ ਦੇ ਨਾਲ ਚੰਮੇੜ ਦਿਤਾ ਤੇ ਫੇਰ ਤਲਵਾਰ ਕੱਢ ਕੇ ਮਾਰਨ ਲੱਗਿਆ। ਫੇਰ ਮਿੱਤਰ ਆ ਗਿਆ ਉਸ ਵੇਲੇ, ਉਸ ਨੇ ਆ ਕੇ ਪਿੱਛੋਂ ਤਲਵਾਰ ਫੜ ਲਈ। ਮੁੜ ਕੇ ਦੇਖਦੈ, ਅੱਧਾ ਸ਼ੇਰ ਦਾ ਤੇ

ਅੱਧਾ ਮਨੁੱਖ ਬਣਿਆ ਹੋਇਆ ਸਰੀਰ ਹੈ।

ਕਿਉਂਕਿ ਪੱਕੇ ਨਾਲ ਪਿਆਰ ਪਿਆ ਹੋਇਆ ਸੀ ਪ੍ਰਹਿਲਾਦ ਦਾ, ਕੱਚੇ ਨਹੀਂ ਸੀਗੇ। ਸੋ ਮਹਾਰਾਜ ਕਹਿੰਦੇ, ਪਿਆਰਿਆ! ਪੱਕਿਆਂ ਨੂੰ ਟੋਲ੍ਹ ਲੈ ਜਿਹੜੇ ਇਥੇ ਵੀ ਸਹਾਇਤਾ ਕਰਨ, ਤੇਰਾ ਦੁੱਖ ਦਰਦ ਵੰਡਾਉਣ ਤੇ ਦਰਗਾਹ ਵਿਚ ਗਏ ਨੂੰ ਵੀ ਧਿਆਨ ਵਿਚ ਰੱਖਣ। ਕਿਉਂਕਿ ਉਥੇ ਕਿਸੇ ਦਾ ਹੱਥ ਨਹੀਂ ਪਹੁੰਚਦਾ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਉਥੇ ਕੋਈ ਬੇਲੀ ਨਹੀਂ ਬਣਦਾ। ਸੋ ਇਸ ਤਰ੍ਹਾਂ ਦੇ ਨਾਲ ਕੱਚੇ ਮਿੱਤਰ ਜਿਹੜੇ ਨੇ ਉਹ ਜਿਉਂਦੇ-ਜਿਉਂਦੇ ਵਿਛੜ ਜਾਂਦੇ ਨੇ। ਸੰਤ ਜਿਹੜੇ ਨੇ ਉਹ ਮਰਿਆ ਤੋਂ ਬਾਅਦ ਵੀ ਨਹੀਂ ਵਿਛੜਦੇ। ਉਥੇ ਵੀ ਨਿਗ੍ਹਾ ਕਰਦੇ ਨੇ ਕਿ ਕਿਤੇ ਗਲਤ ਥਾਂ ਤਾਂ ਨਹੀਂ ਚਲਿਆ ਗਿਆ।

ਧਮੋਟ ਪਿੰਡ ਦਾ ਅਮਰਨਾਥ ਸੀ ਇਕ ਵਾਰੀ ਉਹਨੇ ਮੈਨੂੰ ਦਸਿਆ ਕਿ ਸੜਕ 'ਤੇ ਮੈਂ ਖੜ੍ਹਾ ਸੀ, ਬੱਸ ਦਾ ਇੰਤਜ਼ਾਰ ਕਰਦਾ ਸੀ, ਬੜੇ ਸਾਲਾਂ ਦੀ ਗੱਲ ਹੈ। ਕਹਿੰਦਾ ਕਿੱਥੋਂ ਆਇਐਂ, ਮੈਂ ਕਿਹਾ ਰਾੜਾ ਸਾਹਿਬ ਤੋਂ ਆਇਆ ਹਾਂ। ਐਨਾ ਸੁਣਦੇ ਸਾਰ, ਰੋਣ ਲੱਗ ਗਿਆ। ਚੱਕੀ ਹੁੰਦੀ ਲਾਲੇ ਦੀ, ਉਹਦੇ ਮੂਹਰੇ ਹੀ ਪਿਆ ਸੀ ਮੰਜੇ 'ਤੇ। ਮੈਂ ਬੜਾ ਇਸ ਗੱਲ 'ਚ ਆਇਆ ਕਿ ਇਹ ਰੋਣ ਕਿਉਂ ਲੱਗ ਗਿਆ?

ਮੈਂ ਕਿਹਾ, ਲਾਲਾ ਜੀ! ਕੀ ਗੱਲ ਤੁਸੀਂ ਰੋਣ ਕਿਉਂ ਲੱਗ ਗਏ?

ਕਹਿੰਦਾ, ਮੇਰੀ ਗੱਲ ਨਹੀਂ ਮੰਨਣੀ ਕਿਸੇ ਨੇ, ਮੈਂ ਤੈਨੂੰ ਸਹੀ ਗੱਲ ਦਸਦਾ ਹਾਂ। ਕਹਿਣ ਲੱਗਿਆ, ਮੈਂ ਚੜ੍ਹਾਈ ਕਰ ਗਿਆ। ਚੜ੍ਹਾਈ ਕਰਨ ਤੋਂ ਬਾਅਦ ਜਮਦੂਤ ਆ ਗਏ। ਬਾਂਹ ਨੂੰ ਹੱਥ ਪਾ ਲਿਆ ਮੇਰੀ -

***ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ***
***ਓਨੀ ਤਕੜੇ ਪਾਏ ਹਾਥ ॥ ਅੰਗ- 78***

ਫੇਰ ਡਾਕਟਰਾਂ ਦੇ ਸੂਏ ਨਹੀਂ ਲਗਦੇ, ਕੁਛ ਨਹੀਂ ਅਸਰ ਹੁੰਦਾ। ਕਿਉਂਕਿ ਹੱਥ ਪੈ ਗਿਆ ਜੋਰਾਵਰ ਦਾ, ਉਥੋਂ ਕੋਈ ਛੁਡਾ ਨਹੀਂ ਸਕਦਾ। ਕਹਿੰਦਾ, ਮੈਂ ਬਹੁਤ ਡਰਿਆ, ਬੜੀਆਂ ਬੇਨਤੀਆਂ ਕਰੀਆਂ। ਜਿੰਨੇ ਮੇਰੇ ਯਾਦ ਸੀ ਸਭ ਦਾ ਨਾਉਂ ਲੈ-ਲੈ ਕੇ ਕਰੀਆਂ। ਅਖੀਰ ਦੇ ਉਤੇ ਮੇਰੇ ਯਾਦ ਆਏ ਰਾੜਾ ਸਾਹਿਬ ਵਾਲੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਕਿ ਜਦੋਂ ਮੈਂ ਆਪਣੇ ਸਹੁਰਿਆਂ ਨੂੰ ਪਿੰਡ ਘਣਸਾਂ ਨੂੰ ਜਾਂਦਾ ਸੀ ਤਾਂ ਮੈਂ ਇਹ ਨੇਮ ਰੱਖਿਆ ਹੋਇਆ ਸੀ ਕਿ ਨਮਸ਼ਕਾਰ ਕਰਕੇ ਜਾਣੀ ਹੈ। ਉਸ ਸਮੇਂ ਤੁਰਿਆ ਕਰਦਾ ਸੀ ਕਿ ਮਹਾਰਾਜ ਜੀ ਦੀ ਕੁਰਸੀ ਲੱਗੀ ਵੇਲੇ ਜਾ ਪਹੁੰਚਾਂ ਉਥੇ। ਸੋ ਉਥੇ ਤਰਲਾ ਲਿਆ ਕਿ ਮਹਾਰਾਜ! ਮੈਨੂੰ ਹੁਣ ਤੁਸੀਂ ਬਚਾਓ, ਕੋਈ ਨਹੀਂ ਬਚਾ ਸਕਦਾ। ਕਹਿਣ ਲੱਗਿਆ, ਮੇਰੀ ਹੈਰਾਨੀ

ਦੀ ਹੱਦ ਨਾ ਰਹੀ। ਕੀ ਦੇਖਦੈ? ਉਹ ਉਥੇ ਹੀ ਆ ਗਏ। ਇਥੇ ਸੁਰਤ ਤਾਂ ਮਰ ਗਈ ਸੀ, ਜੋ ਅਗਲੀ ਸੁਰਤ ਸੀ ਉਹ ਕਹਿਣ ਲੱਗੇ ਕਿ ਇਹਨੂੰ ਕਿਉਂ ਲਈ ਜਾਂਦੇ ਹੋਂ, ਇਹਦੇ ਤਾਂ ਕਈ ਸਾਲ ਅਜੇ ਰਹਿੰਦੇ ਨੇ। ਛੱਡੋ ਇਹਨੂੰ। ਕਹਿੰਦਾ, ਮੈਨੂੰ ਛੁਡਾ ਦਿਤਾ ਤੇ ਉਥੇ ਹੀ ਮੇਰੇ ਯਾਦ ਆ ਗਿਆ ਕਿ ਬਾਗ ਵੀ ਹੈ ਮੇਰਾ, 25 ਵਿੱਘੇ ਦਾ। ਮੈਂ ਕਿਹਾ, ਮਹਾਰਾਜ! ਮੈਂ ਉਹ ਤੁਹਾਡੇ ਚਰਨਾਂ 'ਤੇ ਭੇਟਾ ਕਰਦਾ ਹਾਂ। ਐਨੇ ਨੂੰ ਮੇਰੀ ਜਾਨ ਜਿਹੜੀ ਸੀ ਉਹ ਮੇਰੇ ਸਰੀਰ 'ਚ ਪੈ ਗਈ ਤੇ ਮੈਂ ਹਿੱਲਿਆ। ਘਰਵਾਲੀ ਆਈ ਤੇ ਆ ਕੇ ਖੁਸ਼ ਹੋ ਗਈ ਉਹਨੂੰ ਕਿ ਜਿਉਂਦਾ ਹੋ ਗਿਆ। ਕਹਿੰਦਾ, ਮੈਂ ਜਿਉਂਦਾ ਤਾਂ ਹੋ ਗਿਆ, ਜਿਹਨੇ ਮੈਨੂੰ ਜਿਉਂਦਾ ਕੀਤੈ, ਮੈਂ ਬਾਗ ਉਨ੍ਹਾਂ ਦੇ ਚਰਨਾਂ 'ਚ ਭੇਟਾ ਕਰ ਦਿਤਾ। ਕਹਿੰਦੀ, ਕੁਛ ਕਰੀ ਜਾਹ, ਇਥੇ ਮੁੱਕਦਾ ਨਹੀਂ ਆਪਣੇ ਕੋਲ ਜੋ ਹੈ। ਇਕ ਮਹੀਨੇ ਤੋਂ ਬਾਅਦ ਮੈਂ ਨਾਲ ਲੈ ਕੇ ਬੰਦੇ ਮਹਾਂਪੁਰਸ਼ਾਂ ਕੋਲ ਪਹੁੰਚਿਆ। ਸਾਰੀ ਵਿਥਿਆਂ ਦੱਸੀ, ਕਹਿੰਦੇ, ਤੂੰ ਛੋਟੇ ਸੰਤਾਂ ਨਾਲ ਗੱਲ ਕਰ ਲੈ। ਉਥੇ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਲਾਲਾ! ਅਸੀਂ ਖੇਤੀ ਤਾਂ ਕਰਨੀ ਨਹੀਂ, ਮੁੱਲ ਪਾ ਲੈਂਦੇ ਹਾਂ, ਪੈਸੇ ਦੇ ਦੇਈਂ। ਮੈਂ ਕਿਹਾ ਠੀਕ ਹੈ ਮਹਾਰਾਜ! ਮੁੱਲ ਪਾ ਲਓ। ਮੁੱਲ ਕਿੰਨਾ ਪਾਇਆ? ਕਹਿੰਦੇ, ਸੌ ਰੁਪਿਆ ਵਿੱਘੇ ਦਾ, 2500 ਨਹੀਂ ਪਾਇਆ, 2000 ਪਾ ਦਿਤਾ। ਕਹਿੰਦੇ, ਬੱਸ ਠੀਕ ਹੈ 2000, ਇਸ ਤੋਂ ਜ਼ਿਆਦਾ ਨਹੀਂ। ਕਹਿੰਦਾ, ਮੈਂ ਕਿਹਾ ਕਿ ਮਹਾਰਾਜ! 2000 ਦਾ ਤਾਂ ਦਰਖਤ ਹੀ ਹੈ ਇਕ ਉਹਦੇ, ਬੇਅੰਤ ਦਰਖਤ ਨੇ। ਕਹਿੰਦੇ, ਹੁਣ ਮੁੱਲ ਪਾ ਦਿਤਾ, ਹੁਣ ਨਹੀਂ ਗੱਲ ਕਰਨੀ। ਐਨੀ ਗੱਲ ਕਹੀ, ਕਹਿਣ ਲੱਗਿਆ ਮੈਨੂੰ ਬਚਾ ਦਿਤਾ। ਸੋ ਮਹਾਰਾਜ ਇਹੀ ਗੱਲ ਕਹਿੰਦੇ ਨੇ - ***'ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥'*** ਸਹਾਇਤਾ ਕਿਉਂ ਕਰਦੇ ਨੇ? ਕਿਉਂਕਿ ਦਰਗਾਹ ਮੰਨਦੀ ਹੈ ਉਨ੍ਹਾਂ ਦਾ ਕਹਿਣਾ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ- 186***

ਜਿਹਦਾ ਕਿਹਾ ਹੋਇਆ ਧਰਮਰਾਜ ਵੀ ਮੰਨ ਲੈਂਦੈ। ਜਮਦੂਤ ਵੀ ਮੰਨ ਲੈਂਦੇ ਨੇ, ਉਹ ਨਿਗ੍ਹਾ ਥੱਲੇ ਨਹੀਂ ਲਿਆਉਂਦਾ। ਸੋ ਇਸ ਕਰਕੇ ਕਹਿੰਦੇ, ਜੇ ਮਿਲਣੈ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***
***ਅੰਗ- 1373***

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਮਿੱਤਰ ਦਾ ਨਹੀਂ ਪਤਾ ਲਗਦਾ ਕਿ ਸੰਸਾਰ ਦੇ ਅੰਦਰ ਸਾਡਾ ਅਸਲੀ ਮਿੱਤਰ ਕਿਹੜਾ ਹੈ ਜਿਹਨੇ ਸਾਡੀ ਸਹਾਇਤਾ ਕਰਨੀ ਹੈ। ਸਾਰਾ ਜੀਵਨ ਅਸੀਂ ਗਲਤ ਚੀਜ਼ਾਂ 'ਚ ਬਤੀਤ ਕਰਕੇ ਬਰਬਾਦ ਕਰ ਜਾਂਦੇ ਹਾਂ। ਬਿਰਥਾ ਜਨਮ ਲੰਘ ਜਾਂਦੈ। ਆਏ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- 12*

ਇਹ ਜਿਹੜੇ ਦੁਨੀਆਂ ਦੇ ਕੰਮਾਂ 'ਤੇ ਭੁੱਲ ਕੇ ਤੂੰ ਲੱਗਿਆ ਹੋਇਐਂ, ਤੇਰੇ ਯਾਦ ਨਹੀਂ ਰਹਿੰਦਾ। ਸਤਿਸੰਗ 'ਚ ਤੇਰੇ ਯਾਦ ਆ ਜਾਂਦੈ, ਫੇਰ ਭੁੱਲ ਜਾਨੈਂ। ਕਾਰਨ ਕੀ ਹੈ ਕਿ ਇਕ ਠਗਮੂਰੀ ਬੂਟੀ ਮਾਇਆ ਨੇ ਸੁੰਘਾ ਦਿਤੀ ਜੀਵ ਨੂੰ। ਇਹਦੀ ਹੋਸ਼ ਜਿਹੜੀ ਸੀ ਉਹ ਹੇਠਲੇ ਪੱਧਰ 'ਤੇ ਆ ਗਈ। ਉਪਰਲੇ ਪੱਧਰ ਤੋਂ ਥੱਲੇ ਉਤਰ ਆਈ। ਮਾਇਆ ਦੇ ਮੰਡਲ 'ਚ ਸੁਰਤ ਆ ਗਈ। ਸੁਰਤ ਆਉਣ ਨਾਲ ਇਹਨੂੰ ਹੁਣ ਆਤਮਕ ਮੰਡਲ ਦੀ ਸੋਝੀ ਨਹੀਂ ਹੈ ਕੋਈ ਵੀ। ਨਾ ਉਥੇ ਪਹੁੰਚਣਾ ਚਾਹੁੰਦਾ ਹੈ, ਮਾਇਆ ਦੀ ਖਿੱਚ ਐਨੀ ਪੈ ਗਈ, ਇਹੋ ਜਿਹੇ ਜਾਦੂਗਰ ਨੇ, ਠੱਗ ਨੇ-

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ - 1288*

ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਫਸਾ ਦਿੰਦੇ ਨੇ ਦੁਨੀਆਂ ਦੇ ਅੰਦਰ ਤੇ ਜਿਹੜੇ ਕੰਮ ਨੂੰ ਕਰਨ ਵਾਸਤੇ ਆਇਐ ਉਹਨੂੰ ਭੁੱਲ ਜਾਂਦੈ। ਉਹ ਹੈ ਕਿ ਪ੍ਰਮੇਸ਼ਰ ਦਾ ਦਰਸ਼ਨ ਹੋ ਜਾਏ, ਤਰਲਾ ਲੈਂਦੇ ਹਾਂ ਕਿ ਹੇ ਵਾਹਿਗੁਰੂ! ਜਿੰਨਾਂ ਚਿਰ 'ਚ ਅੱਖ ਝਮਕਦੇ ਹਾਂ, ਐਨਾ ਕੁ ਚਿਰ ਤਾਂ ਦਰਸ਼ਨ ਦੇ-ਦੇ।

ਜਦੋਂ ਤੋਂ ਸੰਸਾਰ ਬਣਿਆ ਹੈ, ਉਦੋਂ ਤੋਂ ਹੀ ਦਰਸ਼ਨ ਕਰਨ ਦੀ ਲੋਚਾ ਆਦਮੀ ਦੇ ਮਨ ਵਿਚ ਤੁਰੀ ਆਉਂਦੀ ਹੈ ਕਿ ਉਹ ਕਿਹੜੀ ਸ਼ਕਤੀ ਹੈ? ਮਾਇਆ ਦੇ ਓਹਲੇ ਜਿਹਨੇ ਇਹ ਸੰਸਾਰ ਬਣਾ ਦਿਤਾ। ਜਿਹਨੇ ਕਿੰਨਾਂ ਸੁੰਦਰ ਸਰੀਰ ਬਣਾ ਦਿਤਾ। ਦੋ ਖਰਬ ਪੰਦਰਾਂ ਅਰਬ ਸੈੱਲ, ਆਹ ਸਰੀਰ ਵਿਚ ਲੱਗੇ ਹੋਏ ਨੇ। ਜੇ ਅਸੀਂ ਦੋ ਖਰਬ ਗਿਣੀਏ, ਸਾਰੀ ਜ਼ਿੰਦਗੀ 'ਚ ਨਹੀਂ ਗਿਣ ਹੁੰਦਾ। ਪ੍ਰਮੇਸ਼ਰ ਨੇ ਨੌਂ ਮਹੀਨੇ ਦੇ ਅੰਦਰ-ਅੰਦਰ ਪ੍ਰਗਟ ਕਰ ਦਿਤੇ। ਸੰਸਾਰ ਬਣਾ ਕੇ ਦਿਖਾ ਦਿਤਾ। ਉਸ ਬੀਜ ਦੇ ਵਿਚ ਪਏ ਨੇ ਸਾਰੇ ਸੈੱਲ, ਅੱਖਾਂ ਵੀ ਉਹਦੇ ਵਿਚ, ਦਿਮਾਗ ਵੀ ਉਹਦੇ ਵਿਚ, ਐਨਾ ਸੂਖਸ਼ਮ, ਕਿੰਨੀ ਛੋਟੀ ਤੋਂ ਛੋਟੀ ਚੀਜ਼ ਹੈ ਦੱਸਿਆ ਨਹੀਂ ਜਾ ਸਕਦਾ। ਆਹੀ ਅਸਚਰਜ ਹੈ ਵਾਹਿਗੁਰੂ ਜੀ ਦਾ। ਜਿਹਨੇ ਗੰਦੀ ਮਿੱਟੀ ਤੋਂ ਰਤਨ ਬਣਾ ਦਿਤਾ, ਕਹਿੰਦੇ ਉਹਨੂੰ ਨਹੀਂ ਇਹ ਚਿਤ ਵਿਚ ਲਿਆਉਂਦਾ, ਭੁੱਲਿਆ ਰਹਿੰਦੈ ਹਰ ਵਕਤ। ਕੋਈ ਸਮਾਂ ਨਹੀਂ ਜਦੋਂ ਉਹਨੂੰ ਯਾਦ ਕਰ ਲਵੇ। ਜਿਨ੍ਹਾਂ ਦੇ ਮਨ ਵਿਚ ਜਗਿਆਸਾ ਆ ਗਈ, ਜਿਨ੍ਹਾਂ ਦੇ ਮਨ ਵਿਚ ਸੋਝੀ ਆ ਗਈ, ਉਹ ਵਿਰਲਾਪ ਕਰਦੇ ਨੇ ਕਿ ਹੇ ਪ੍ਰਭੂ! ਇਕ ਛਿਨ ਤਾਂ ਦਰਸ ਦਿਖਾ ਜਾ। ਹੁਣ ਦਰਸ਼ਨ ਵਾਸਤੇ ਉਨ੍ਹਾਂ ਨੇ ਬੜੀਆਂ ਭੁੱਖਾਂ ਕੱਟੀਆਂ, ਬੜੇ ਤਪ ਕਰੇ, ਵੱਡੇ-ਵੱਡੇ ਜਫਰ ਜਾਲੇ। ਜਦੋਂ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਵਾਸਤੇ, ਕੋਈ ਪੁੱਠਾ ਲਟਕ ਰਿਹੈ, ਕੋਈ ਭੁੱਖਾ ਰਹਿ ਰਿਹੈ, ਕੋਈ ਕੰਡਿਆਂ ਦੀ ਸੇਜਾ 'ਤੇ ਪਿਐ, ਕੋਈ ਰੋੜਾਂ

'ਤੇ ਪਿਐ, ਕੋਈ ਕਿਸ ਤਰ੍ਹਾਂ-ਕੋਈ ਕਿਸ ਤਰ੍ਹਾਂ, ਕੋਈ ਪਾਣੀ ਵਿਚ ਖੜ੍ਹੈ, ਕੋਈ ਧੂਣੀਆਂ ਤਾਪਦੈ ਪਰ ਪ੍ਰਮੇਸ਼ਰ ਨਹੀਂ ਮਿਲਦਾ। ਅਨੇਕਾਂ ਹੀ ਸਾਧਨ ਕਰ ਰਹੇ ਨੇ, ਕੋਈ ਹੱਠ ਯੋਗ ਦੇ ਨਾਲ ਜਾਂਦੈ, ਰਿੱਧੀ-ਸਿੱਧੀ ਦੇ ਮੰਡਲ 'ਚ ਜਾ ਕੇ ਰੁਕ ਜਾਂਦੈ, ਰੱਬ ਦੇ ਮੰਡਲ ਤੱਕ ਨਹੀਂ ਪਹੁੰਚਦਾ, ਬੜੇ ਕਰੜੇ ਤੋਂ ਕਰੜੇ ਵਰਤ ਰੱਖਦੈ। ਚੀਜ਼ਾਂ ਨਹੀਂ ਖਾਂਦੇ, ਨਮਕ ਤੋਂ ਬਗੈਰ ਖਾਣਾ ਖਾਂਦੇ ਨੇ। ਕੋਈ ਸਵਾਦ ਨਹੀਂ ਲਾਉਂਦੇ, ਲੇਕਿਨ ਫੇਰ ਨਹੀਂ ਪ੍ਰਮੇਸ਼ਰ ਮਿਲਦਾ।

ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ ਤੁਸੀਂ ਮਿਲਣੈ ਹੈ ਨਾ, ਸੱਚਮੁੱਚ ਤੁਹਾਡੇ ਅੰਦਰ ਲਗਨ ਹੈ ਪ੍ਰਮੇਸ਼ਰ ਦੀ ਤਾਂ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ, ਉਹ ਤੁਸੀਂ ਕਰਿਓ, ਚਾਹੇ ਨਾ ਕਰਿਓ। ਮਿਲ ਜਾਏਗਾ। ਉਹ ਕੀ ਨੇ? ਕਹਿੰਦੇ, ਨੇਤਰਾਂ ਦੇ ਵਿਚ ਅਦਬ ਦਾ ਸੁਰਮਾ ਪਾ ਲੈ। ਦੂਸਰਾ ਪਿਆਰ ਦਾ ਸ਼ਿੰਗਾਰ ਬਣਾ ਲੈ। ਆਹ ਐਨੀ ਗੱਲ ਦੇ ਨਾਲ ਹੀ ਜਿਹੜਾ ਪ੍ਰਮੇਸ਼ਰ ਗੁਪਤ ਹੋਇਆ ਬੈਠੈ, ਉਹ ਪ੍ਰਗਟ ਹੋ ਜਾਏਗਾ। ਗੁਰੂ ਜੋ ਹਨ ਇਹ ਵੀ ਪ੍ਰਮੇਸ਼ਰ ਹੁੰਦੇ ਨੇ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***

***ਅੰਗ - 442***

ਇਨ੍ਹਾਂ ਦਾ ਵੀ ਦਰਸ਼ਨ ਬੜਾ ਦੁਰਲੱਭ ਹੋਇਆ ਕਰਦੈ। ਮਹਾਰਾਜ ਕਹਿੰਦੇ, ਫੇਰ -

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***

***ਅੰਗ- 722***

ਦੂਸਰਾ ਹੁਕਮ ਦੇ ਵਿਚ ਆ ਜਾ। ਇਹ ਜਿਹੜੀਆਂ ਹਿਕਮਤਾਂ ਤੇ ਹੁੱਜਤਾਂ ਨੇ ਇਹ ਛੱਡ ਦੇ। ਵਾਹਿਗੁਰੂ ਦੇ ਹੁਕਮ ਨੂੰ, ਜੋ ਕੁਛ ਕਰਦੈ ਉਹਨੂੰ ਭਲਾ ਕਰਕੇ ਮੰਨ ਲੈ। ਜਦੋਂ ਤੇਰਾ ਪਿਆਰ ਉਹਦੇ ਨਾਲ ਪੈ ਜਾਏਗਾ ਸੱਚਮੁੱਚ, ਅਦਬ ਦੀਆਂ ਸਲਾਈਆਂ ਤੇ ਪਿਆਰ ਦਾ ਸਿੰਗਾਰ ਕਰੇਂਗਾ ਫੇਰ ਪਿਆਰ ਵਾਲਾ ਮੰਗਦਾ ਨਹੀਂ ਹੁੰਦਾ ਕੁਛ। ਪਿਆਰ ਵਾਲਾ ਆਪਣਾ ਤਨ, ਮਨ, ਧਨ ਸਭ ਕੁਛ ਦੇ ਦਿੰਦੈ, ਅਰਪਣ ਕਰ ਦਿੰਦੈ, ਮੰਗਦਾ ਨਹੀਂ ਹੁੰਦਾ। ਪਿਆਰ ਦੀ ਨਿਸ਼ਾਨੀ ਇਹ ਹੈ। ਮਹਾਰਾਜ ਕਹਿੰਦੇ -

***ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥***

***ਅੰਗ- 1378***

ਜੇ ਲੋਭ ਹੈ ਤਾਂ ਪਿਆਰ ਕਿੱਥੋਂ ਆ ਗਿਆ। ਇਹ ਤਾਂ ਤੁਹਾਡੀ ਮੰਗ ਹੈ, ਮਜ਼ੂਰੀ ਕਰਦੇ ਹੋਂ। ਮੰਗਦੇ ਹੀ ਜਾਂਦੇ ਹੋਂ -

***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥***

***ਅੰਗ- 2***

ਸਾਰੀ ਜ਼ਿੰਦਗੀ ਦੇਹਿ-ਦੇਹਿ ਨਹੀਂ ਮੁਕਦੀ, ਉਹ ਦਿੰਦਾ ਨਹੀਂ ਹਟਦਾ। ਉਹਦਾ ਵੀ ਸੁਭਾਅ ਬਣਿਆ ਹੋਇਐ -

*ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥*

*ਅੰਗ- 2*

ਉਹ ਅੱਖ ਮਿਚੌਲੀ ਖੇਲ੍ਹਦੈ, ਛੁਪਿਆ ਰਹਿੰਦੈ, ਦਰਸ਼ਨ ਨਹੀਂ ਦਿੰਦਾ। ਸੋ ਕਹਿੰਦੇ, ਰਵਿਦਾਸ ਜੀ ਨੇ ਇਥੇ ਬੇਨਤੀ ਕਰੀ ਹੈ ਕਿ ਹੇ ਪ੍ਰਭੂ! ਮੈਂ ਕਿਸੇ ਗੁਣਾਂ ਕਰਕੇ, ਤਪ ਕਰਕੇ ਨਹੀਂ ਕਰ ਰਿਹਾ ਮੈਂ ਤਾਂ - ***'ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥'*** ਮੈਂ ਤੈਨੂੰ ਪਿਆਰ ਕਰਕੇ ਕਹਿ ਰਿਹਾਂ।

ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ ਕਿਉਂਕਿ ਭਗਤੀ ਤੋਂ ਬਗੈਰ ਪ੍ਰਮੇਸ਼ਰ ਨਹੀਂ ਮਿਲਦਾ। ਯੋਗ ਨਾਲ ਨਹੀਂ ਮਿਲਦਾ, ਯੋਗ ਨਾਲ ਸੁਰਤ ਕਾਬੂ ਹੁੰਦੀ ਹੈ, ਵਾਸ਼ਨਾਵਾਂ ਖਤਮ ਹੁੰਦੀਆਂ ਨੇ, ਮਨ ਨਰੋਆ ਹੁੰਦੈ। ਲੇਕਿਨ ਰੱਬ ਦੇ ਘਰ ਦੇ ਵਿਚ ਜੋ grace (ਕ੍ਰਿਪਾ) ਹੈ -

*ਨਾਨਕ ਨਦਰੀ ਨਦਰਿ ਨਿਹਾਲ ॥* *ਅੰਗ- 8*

ਜਦੋਂ ਤਕ ਉਹ ਨਦਰ ਨਹੀਂ ਹੁੰਦੀ ਆਦਮੀ ਨਹੀਂ ਪਹੁੰਚ ਸਕਦਾ। ਆਦਮੀ ਨੇੜੇ ਜਾ ਰਹਿੰਦੈ, ਲੇਕਿਨ ਨਦਰ ਵਾਲੇ ਮੰਡਲ 'ਚ ਨਹੀਂ ਜਾ ਸਕਦਾ। ਨਦਰ ਵਾਲੇ ਮੰਡਲ 'ਚ ਵਾਹਿਗੁਰੂ ਲੈ ਕੇ ਜਾਂਦੈ। ਉਹ ਦਰਵਾਜ਼ਾ ਖੋਲ੍ਹਦੈ ਤੇ ਬਾਂਹ ਤੋਂ ਫੜ ਕੇ ਕਹਿੰਦੈ ਕਿ ਆ ਜਾ ਉਪਰ ਆ ਜਾ, ਮੇਰੇ ਵਾਲੇ ਮੰਡਲ 'ਚ ਆ ਜਾ। ਸੋ ਉਹਦੇ ਵਾਸਤੇ ਬੜੇ ਜਪ ਕੀਤੇ, ਤਪ ਕੀਤੇ, ਵਰਤ ਕੀਤੇ ਲੇਕਿਨ ਸਾਰਿਆਂ ਨਾਲੋਂ ਜੋ ਤਰੀਕਾ ਹੈ ਕਲਜੁਗ ਦੇ ਅੰਦਰ, ਉਹ ਹੈ ਭਗਤੀ ਦਾ। ਤੁਸੀਂ ਹੁਣ ਸਾਰੇ ਬੈਠੇ ਹੋਂ, ਇਹਦੇ 'ਚ ਕੀਰਤਨ ਭਗਤੀ ਪ੍ਰਧਾਨ ਹੋ ਰਹੀ ਹੈ, ਦੂਸਰਾ ਸ੍ਰਵਣ ਭਗਤੀ ਹੈ, ਤੀਸਰਾ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹੋਂ। ਸੋ ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ, ਇਕ ਤਾਂ ਸਿਮਰਨ ਯਾਦ ਵਿਚ ਵਸਾ ਲੈਣਾ।

ਅਸੀਂ ਪੁੱਛਦੇ ਹਾਂ ਕਿ ਤੂੰ ਸਿਮਰਨ ਕਰਦਾ ਹੁੰਦੈਂ?

ਕਹਿੰਦੇ ਹਾਂ, ਹਾਂ ਜੀ।

ਕੀ ਕਰਦਾ ਹੁੰਦੈ? ਸਹੀ-ਸਹੀ ਗੱਲ ਦੱਸ।

ਕਹਿੰਦਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ, ਮੈਂ ਤਾਂ ਜੀ ਤਿੰਨ ਘੰਟੇ ਲਗਾਤਾਰ ਸਿਮਰਨ ਕਰਦਾ ਹਾਂ।

ਮਹਾਤਮਾ ਕਹਿੰਦੇ ਨੇ ਕਿ ਤੈਨੂੰ ਸਿਮਰਨ ਦਾ ਪਤਾ ਹੈ ਕਿ ਕੀ ਹੁੰਦੈ? ਇਹ ਤਾਂ ਤੂੰ ਜਾਪ ਕਰਦੈ। ਜਦੋਂ ਤੂੰ ਵਾਹਿਗੁਰੂ ਕਹਿੰਦੈ, ਵਾਹਿਗੁਰੂ ਤੇਰੀਆਂ ਅੱਖਾਂ ਦੇ ਸਾਮ੍ਹਣੇ ਹੁੰਦੈ ਕਿ ਨਹੀਂ ਹੁੰਦਾ?

ਕਹਿੰਦਾ, ਨਾ ਮੈਨੂੰ ਤਾਂ ਉਹਦਾ ਧਿਆਨ ਵੀ ਨਹੀਂ ਆਇਆ। ਅੱਖਰ ਦਾ ਧਿਆਨ ਹੈ ਕਿ ਵਾਹਿਗੁਰੂ-ਵਾਹਿਗੁਰੂ ਕਰੀ ਜਾਨਾ।

ਕਹਿੰਦੇ, ਇਹ ਤਾਂ ਯਾਦ ਨਾ ਬਣੀ। ਜਦੋਂ ਯਾਦ ਬਣ ਜਾਂਦੀ ਹੈ, ਦੇਖਦੈ ਜਿਹਦੇ ਅੰਦਰ ਯਾਦ ਬਣੀ ਹੈ ਉਹ ਕਿਸ ਤਰ੍ਹਾਂ ਦੇ ਨਾਲ ਰਹਿੰਦੈ

–

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਇਹ ਸਿਮਰਨ ਨਹੀਂ, ਸਿਮਰਨ ਹੈ ਯਾਦ ਰੱਖਣਾ। ਪਹਿਲੀ ਭਗਤੀ ਹੈ। ਦੂਸਰੀ ਹੈ ਕੀਰਤਨ ਭਗਤੀ। ਕੀਰਤਨ ਕਰਨਾ, ਵਜਦ 'ਚ ਆ ਕੇ ਕਰਨਾ। ਸਾਮ੍ਹਣੇ ਆਪਣੇ ਧੇਅ ਨੂੰ ਲੈ ਕੇ ਕੀਰਤਨ ਕਰਨਾ। ਤੀਸਰੀ ਹੋਇਆ ਕਰਦੀ ਹੈ ਸਰਵਣ ਭਗਤੀ। ਬਚਨ ਸੁਣਨੇ। ਬਹੁਤ ਸਾਰੇ ਪ੍ਰੇਮੀ ਦੇਖੀਦੇ ਨੇ ਕਿ ਮਨ ਤਾਂ ਉਨ੍ਹਾਂ ਦਾ ਸਾਥ ਹੀ ਨਹੀਂ ਦਿੰਦਾ। ਜਿਹਦਾ ਮਨ ਸਾਥ ਦਿੰਦੈ, ਉਹਦਾ ਨਾ ਗੋਡਾ ਹਿੱਲੇ, ਨਾ ਹੱਥ ਹਿੱਲੇ। ਕਿਉਂਕਿ ਮਨ ਨੇ ਸਾਥ ਦੇ ਦਿਤਾ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- 342*

ਜੇ ਮਨ ਸਾਥ ਦੇ ਦੇਵੇ ਸਾਡੇ ਸਾਰੇ ਹੀ ਕੰਮ ਬਣ ਜਾਣ। ਬੀਬੀ ਸੂਈ 'ਚ ਧਾਗਾ ਪਾਉਂਦੀ ਹੈ। ਜੇ ਉਹਦੀ ਬਿਰਤੀ ਇਕਾਗਰ ਨਾ ਹੋਵੇ, ਤਾਂ ਕਦੇ ਧਾਗਾ ਨਹੀਂ ਪੈਂਦਾ। ਇਕ ਸੈਕਿੰਡ ਤਾਂ ਬਹੁਤਾ ਹੈ, ਇਕ ਸੈਕਿੰਡ ਦੇ ਥੋੜ੍ਹੇ ਜਿਹੇ ਹਿੱਸੇ 'ਚ ਉਹਦੀ ਬਿਰਤੀ ਇਕਾਗਰ ਹੋ ਜਾਂਦੀ ਹੈ, ਉਸੇ ਵੇਲੇ ਧਾਗਾ ਪੈ ਜਾਂਦੈ। ਨਮਕ ਪਾਉਂਦੀ ਹੈ ਦਾਲ ਸਬਜ਼ੀ 'ਚ, ਚਿੱਤ ਹੁੰਦੈ ਥੋੜ੍ਹਾ ਜਿਹਾ ਚਿਰ 'ਚ, ਉਸੇ ਵੇਲੇ ਅੰਦਰੋਂ ਆਵਾਜ਼ ਆ ਜਾਂਦੀ ਹੈ ਕਿ ਐਨਾ ਪਾ, ਵੱਧ ਨਾ ਪਾ। ਕਿਉਂਕਿ ਉਥੇ ਸਾਥ ਦੇ ਰਿਹਾ ਹੈ ਮਨ। ਪ੍ਰਸ਼ਾਦਾ ਛਕ ਰਿਹਾ ਹੈ ਤੇ ਬੀਬੀ ਪੁੱਛਦੀ ਹੈ ਕਿ ਨਮਕ ਠੀਕ ਹੈ? ਕਹਿੰਦਾ ਦਸਦਾਂ। ਦੂਸਰੀ ਬੁਰਕੀ ਪਾਈ, ਕਹਿੰਦਾ ਹਾਂ ਥੋੜ੍ਹਾ ਘੱਟ ਹੈ ਜਾਂ ਵੱਧ। ਕਹਿੰਦੀ, ਪਹਿਲਾਂ ਕਿਉਂ ਨਾ ਦੱਸਿਆ। ਪਹਿਲਾਂ ਤਾਂ ਨਹੀਂ ਦਸ ਹੋਇਆ ਕਿਉਂਕਿ ਮਨ ਖਾਣੇ ਦਾ ਸਾਥ ਨਹੀਂ ਸੀ ਦੇ ਰਿਹਾ। ਮਨ ਦੌੜਿਆ ਫਿਰਦਾ ਸੀ। ਸੋ ਮਨ ਨਾਲ ਸਾਥ ਹੈ ਸਾਰਾ, ਜਿੰਨਾ ਚਿਰ ਮਨ ਨਹੀਂ ਸਾਥ ਦਿੰਦਾ, ਗੱਲ ਨਹੀਂ ਬਣਦੀ। ਸੋ ਸਰਵਣ ਅਸੀਂ ਕਰਦੇ ਹਾਂ, ਮਨ ਸਾਥ ਨਹੀਂ ਦਿੰਦਾ। ਅੱਖਾਂ ਮੀਚ ਲਈਆਂ ਸੌਂ ਗਿਆ। ਕਿੰਨੇ ਪ੍ਰੇਮੀ ਨੇ, ਬੜੇ ਮੁਖੀ ਨੇ ਉਹ, ਬੀਬੀਆਂ ਨੇ ਉਹ ਵੀ ਮੁਖੀ ਨੇ, ਕੀਰਤਨ ਸ਼ੁਰੂ ਹੋਇਆ ਨੀਂ ਤੇ ਉਨ੍ਹਾਂ ਨੂੰ ਨੀਂਦ ਆਈ ਨੀਂ। ਕੁਦਰਤੀ ਹੈ, ਅੱਖਾਂ ਮੀਚ ਲੈਣਗੀਆਂ। ਭਾਈ! ਅੱਖਾਂ ਮੀਚ ਲਉਂਗੇ ਤੇ ਨੀਂਦ ਆ ਜਾਂਦੀ ਹੈ। ਤੁੰਦਰਾ ਪੈਂਦੀ ਹੈ, ਇਹਨੂੰ ਯੋਗਿਕ ਨੀਂਦ ਕਹਿੰਦੇ ਨੇ। ਬੜੀ ਅਰਾਮ ਦੇਹ ਹੋਇਆ ਕਰਦੀ ਹੈ, ਫੁਰਨਾ ਕੋਈ ਨਹੀਂ ਹੁੰਦਾ। ਪੂਰੀ ਤਰ੍ਹਾਂ ਬੈਠਾ-ਬੈਠਾ ਬੰਦਾ ਸੌਂ ਜਾਂਦੈ। ਸੋ ਸਰਵਣ ਵਾਸਤੇ ਪੂਰੀ ਤਰ੍ਹਾਂ ਸਾਵਧਾਨ ਹੋਣਾ ਪੈਂਦੈ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*

ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਜਸ ਕਰੋ ਵਾਹਿਗੁਰੂ ਦਾ,***
***ਪਿਆਰਿਓ ਚਿੱਤ ਨੂੰ ਇਕਾਗਰ ਕਰਕੇ।***

ਸੋ ਚਿੱਤ ਨੂੰ ਇਕਾਗਰ ਕਰਕੇ ਜਿਸ ਵਕਤ ਅਸੀਂ ਸੁਣਦੇ ਹਾਂ ਤਾਂ ਇਹ ਸਰਵਣ ਭਗਤੀ ਹੋਇਆ ਕਰਦੀ ਹੈ। ਫੇਰ ਚੌਥੀ ਹੋਇਆ ਕਰਦੀ ਹੈ ਨਮਸ਼ਕਾਰ ਭਗਤੀ - '***ਡੰਡਉਤਿ ਬੰਦਨ ਅਨਿਕ ਬਾਰ***' ***(ਅੰਗ-256)***

ਇਹ ਅਸੀਂ ਯੂ.ਪੀ 'ਚ ਦੇਖੀ ਹੈ। ਇਥੇ ਤਾਂ ਰਿਵਾਜ ਘੱਟ ਹੈ ਬਹੁਤ, ਉਥੇ ਜਿਹੜੇ ਥਾਰੂ ਲੋਕ ਨੇ, ਗੁਰੂ ਨਾਨਕ ਸਾਹਿਬ ਨੂੰ ਮੰਨਦੇ ਨੇ, ਜਾਟਵ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਨੇ, ਕੁਰਮੀ ਵੀ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਨੇ, ਯੂ.ਪੀ ਦੇ ਵਿਚ ਕਰੋੜਾਂ ਦੀ ਤਾਦਾਦ 'ਚ ਨੇ ਜਿਹੜੇ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਨੇ। ਲੇਕਿਨ ਸਾਡੇ ਸੰਪਰਕ ਟੁੱਟ ਜਾਣ ਕਰਕੇ, ਉਨ੍ਹਾਂ ਨੂੰ ਭੁੱਲ ਗਿਆ ਸਭ ਕੁਛ। ਅਸੀਂ ਜਾਣਦੇ ਜ਼ਿਆਦਾ ਹਾਂ, ਸਾਡੇ ਵਿਚ ਸ਼ਰਧਾ ਘੱਟ ਹੈ। ਉਨ੍ਹਾਂ 'ਚ ਸ਼ਰਧਾ ਬਹੁਤ ਹੈ।

ਇਕ ਮਿਸਾਲ ਮੈਂ ਦਿੰਦਾ, ਇਕ ਨੇਪਾਲ ਦੇ ਵਿਚੋਂ ਥਾਰੂ ਬੀਬੀ ਸੀ, ਥਾਰੂ ਕੌਮ ਹੈ ਇਕ। ਉਹ ਨਾਨਕਮਤੇ ਨੂੰ ਬਹੁਤ ਮੰਨਦੇ ਨੇ। ਇਥੇ ਆ ਕੇ ਉਹਨੇ ਅਰਦਾਸ ਕਰੀ ਕਿ ਬਾਬਾ ਜੀ! ਇਕ ਪੁੱਤਰ ਦੀ ਲੋੜ ਹੈ। ਪੁੱਤਰ ਮਿਲ ਗਿਆ, ਬੜੀਆਂ ਖੁਸ਼ੀਆਂ ਹੋਈਆਂ। ਤਿੰਨ ਸਾਲ ਦਾ ਹੋ ਕੇ ਪੁੱਤਰ ਚੜ੍ਹਾਈ ਕਰ ਗਿਆ। ਜਦੋਂ ਅਸੀਂ ਨਵੇਂ-ਨਵੇਂ ਉਥੇ ਗਏ ਸੀ। ਇਹ ਕੋਈ 1947-48 ਦੀ ਬਾਤ ਹੈ। ਉਸ ਬੀਬੀ ਦਾ ਪੁੱਤਰ ਚੜ੍ਹਾਈ ਜਦ ਕਰ ਗਿਆ ਤਾਂ ਉਹ ਇੱਕੋ ਹੀ ਗੱਲ ਕਹੀ ਜਾਂਦੀ ਹੈ ਕਿ ਮੈਂ ਜਿਸ ਤੋਂ ਲਿਆ ਹੈ ਉਹਨੂੰ ਦੇ ਕੇ ਆਉਣੈ। ਘਰਵਾਲੇ ਜ਼ੋਰ ਲਾ ਰਹੇ ਕਿ ਅਸੀਂ ਇਹਦਾ ਕ੍ਰਿਆਕ੍ਰਮ ਕਰ ਦੇਈਏ। ਮਰਿਆ ਹੋਇਆ, ਗੋਦੀ 'ਚ ਲਈਂ ਬੈਠੀ ਹੈਂ। ਕਹਿੰਦੀ, ਮੈਂ ਜਿਸ ਬਾਬੇ ਤੋਂ ਲੈ ਕੇ ਆਈ ਹਾਂ, ਉਥੇ ਹੀ ਮੋੜਨੈ। ਅਖੀਰ ਗੱਡੀ ਜੋੜ ਲਈ, ਰੇਲੂ ਜੋੜ ਲਿਆ ਤੇ ਉਹਦੇ ਵਿਚ ਉਹ ਉਥੇ ਪਹੁੰਚ ਜਾਂਦੇ ਨੇ, ਬਹੁਤ ਸਾਰੇ ਬੰਦੇ ਨਾਲ ਨੇ। ਉਥੇ ਜਾ ਕੇ ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਲਿਟਾਉਣ ਲੱਗੀ ਕਿ ਲੈ ਬਾਬਾ! ਤੂੰ ਸਾਂਭ। ਜਿਹੜਾ ਤੂੰ ਦਿਤਾ ਸੀ। ਉਹ ਭਾਈ ਕਹਿਣ ਲੱਗੇ ਕਿ ਇਹ ਤਾਂ ਮਰਿਆ ਹੋਇਆ ਬੱਚਾ ਇਥੇ ਛੱਡ ਚੱਲੀ। ਅਸੀਂ ਤਾਂ ਫਸ ਜਾਵਾਂਗੇ। ਕਿੰਨੇ ਕਾਗਜ਼ ਠੀਕ ਕਰਨੇ ਪੈਣੇ ਨੇ। ਪੁਲਿਸ ਨੂੰ ਦੱਸਣਾ ਪੈਣੈ। ਉਨ੍ਹਾਂ ਨੇ ਚੁਕਾ ਦਿਤਾ ਉਥੋਂ ਬੱਚਾ ਕਿ ਅਸੀਂ ਨਹੀਂ ਇਥੇ ਰੱਖਣ ਦੇਣਾ। ਉਹ ਦਰਵਾਜ਼ੇ ਦੇ ਅੱਗੇ ਬਹਿ ਗਈ। ਪੂਜਾ ਪਾਠ ਹੁੰਦਾ ਰਿਹਾ। ਰਹਿਰਾਸ ਸਾਹਿਬ ਦਾ ਪਾਠ ਹੋਇਆ ਤੇ ਉਸ ਤੋਂ ਬਾਅਦ ਮਹਾਰਾਜ ਸੁਖ ਆਸਣ ਹੋਏ। ਉਹ ਉਥੇ ਹੀ ਬੈਠੀ ਰਹੀ। ਇਕੋ ਹੀ ਗੱਲ ਕਹੀ ਗਈ ਕਿ ਬਾਬਾ ਜੇ ਦਿਤਾ ਸੀ ਤਾਂ ਲਿਆ ਕਿਉਂ? ਇਹ ਕਰਦੇ-ਕਰਦੇ ਸਵੇਰੇ ਫੇਰ ਮਹਾਰਾਜ

ਪ੍ਰਕਾਸ਼ ਹੋ ਗਏ, ਆਸਾ ਜੀ ਦੀ ਵਾਰ ਦਾ ਕੀਰਤਨ ਹੋ ਗਿਆ, ਉਹ ਇਕੋ ਹੀ ਆਵਾਜ਼ ਦਿੰਦੀ ਹੈ, ਸੰਗਤ ਆਉਂਦੀ ਹੈ ਦੇਖੀ ਜਾਂਦੇ ਨੇ ਸਭ ਕਿ ਇਕੋ ਹੀ ਗੱਲ ਕਹੀ ਜਾਂਦੀ ਹੈ ਕਿ ਜੇ ਦਿਤਾ ਸੀ ਤਾਂ ਲਿਆ ਕਿਉਂ। ਜਿਸ ਵਕਤ ਅਰਦਾਸ ਹੋਣ ਲੱਗੀ, ਸੰਗਤ ਅਰਦਾਸ ਕਰਦੀ ਹੈ ਉਸ ਵੇਲੇ ਇਕ ਐਸਾ ਕੌਤਕ ਵਰਤਿਆ, ਉਹ ਬੱਚਾ ਮਰਿਆ ਪਿਆ ਹਿੱਲ ਪਿਆ। ਥੋੜ੍ਹੀ ਦੇਰ ਤੋਂ ਬਾਅਦ ਉੱਠ ਕੇ ਬੈਠ ਗਿਆ। ਸੰਗਤਾਂ ਨੂੰ ਜਿਹਨੂੰ ਵੀ ਪਤਾ ਲੱਗਿਆ, ਉਸ ਨੇ ਉਸੇ ਵੇਲੇ ਜੈਕਾਰੇ ਲਾਉਣੇ ਸ਼ੁਰੂ ਕਰ ਦਿਤੇ। ਖੁਸ਼ੀ ਹੋ ਗਈ –

***ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥*** ***ਅੰਗ- 277***

ਉਮਰ ਮੁੱਕ ਗਈ, ਭਾ ਗਈ ਗੁਰੂ ਨੂੰ ਸ਼ਰਧਾ ਤੇ ਉਹਨੇ ਰੱਖ ਲਿਆ ਉਸ ਨੂੰ। ਬਗੈਰ ਸਵਾਸ ਤੋਂ ਮੁੜ ਕੇ ਸਾਰੀ ਜ਼ਿੰਦਗੀ ਦੇ ਦਿਤੀ। ਗੁਰੂ ਨੂੰ ਕੀ ਔਖਾ ਹੈ। ਕਿਉਂਕਿ ਭਰੋਸਾ ਹੈ, ਸਾਡੇ ਅੰਦਰ ਇਹ ਭਰੋਸਾ ਨਹੀਂ ਹੈ –

***ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥***
***ਅੰਗ- 433***

ਗੱਲਾਂ ਨਾਲ ਤਾਂ ਅਸੀਂ ਬਹੁਤ ਗੱਲਾਂ ਕਰਦੇ ਹਾਂ। ਲੇਕਿਨ ਰੱਬ ਦੇ ਦੀਦਾਰੇ ਨਹੀਂ ਕਦੇ ਵੀ ਹੋਏ। ਕਹਿੰਦੇ ਹਾਂ ਕਿ ਮੈਂ ਤਾਂ ਪੂਰਾ ਹਾਂ। ਸ਼ਰਧਾ ਨਹੀਂ ਹੈ, ਸ਼ਰਧਾ ਨਾ ਹੋਣ ਕਰਕੇ ਗੱਲ ਨਹੀਂ ਬਣਦੀ। ਸ਼ਰਧਾ ਜ਼ਰੂਰੀ ਚੀਜ਼ ਹੁੰਦੀ ਹੈ। ਇਸ ਤਰ੍ਹਾਂ ਉਨ੍ਹਾਂ ਦੇ ਵਿਚ ਇਹ ਰਿਵਾਜ਼ ਸੀ ਕਿ ਜਿਸ ਵਕਤ ਬਾਬੇ ਤੋਂ ਕੋਈ ਮੰਗ ਮੰਨ ਲਈ ਤਾਂ ਇਹ ਕਹਿਣਾ ਕਿ ਬਾਬਾ ਮੈਂ ਤੇਰੇ ਦਰ ਦੇ ਉਤੇ ਡੰਡਉਤਾਂ ਕਰਦਾ ਆਊਂ। ਅਸੀਂ ਤਾਂ ਸ਼ਬਦ ਪੜ੍ਹਦੇ ਹਾਂ ਕਿ ਮੈਂ ਡੰਡਉਤਾਂ ਕਰਦਾ ਆਵਾਂ। ਪਹਿਲਾਂ ਤਾਂ ਛੋਟਾ ਸੀ, ਜਿੱਥੋਂ ਗੁਰਦੁਆਰਾ ਸਾਹਿਬ ਦਿਸਣ ਲਗ ਜਾਣਾ, ਉਥੋਂ ਉਨ੍ਹਾਂ ਨੇ ਡੰਡਉਤਾਂ ਸ਼ੁਰੂ ਕਰ ਦੇਣੀਆਂ। ਹੁਣ ਸੰਤਾਂ ਨੇ ਉੱਚਾ ਬਣਾ ਦਿਤਾ ਕਾਫੀ, ਕਈ ਮੀਲ ਤੋਂ ਉਹਦਾ ਕਲਸ ਦਿਸਣ ਲਗ ਜਾਂਦੈ। ਨਾਨਕ ਮਤੇ ਨੂੰ ਅਸੀਂ ਜਾਂਦੇ ਸੀ ਤੇ ਜਦੋਂ ਨਦੀ ਲੰਘੇ, ਮੋੜ ਲੰਘੇ ਉਥੇ ਉਹ ਲੰਘੇ, ਕੱਪੜੇ ਲਾਹ ਕੇ ਫੜਾ ਰਹੇ ਨੇ। ਬੀਬੀ ਵੀ ਨਾਲ ਹੈ, ਪੰਜ ਚਾਰ ਬੰਦੇ ਹੋਰ ਨਾਲ ਨੇ। ਦੋ ਤਿੰਨ ਬੰਦਿਆਂ ਨੇ ਕੱਪੜੇ ਲਾਹ ਦਿਤੇ। ਚਾਰ ਮੀਲ ਪਿੱਛੇ ਹੀ ਲੰਮੇ ਪੈਣੇ ਸ਼ੁਰੂ ਹੋ ਗਏ, ਸੜਕ 'ਤੇ, ਛਾਤੀ ਰਗੜੀ ਗਈ, ਜ਼ਖਮ ਹੋ ਗਏ। ਪੈ ਜਾਂਦੇ ਨੇ, ਸਿਰ ਕੋਲ ਲਕੀਰ ਕੱਢ ਲੈਂਦੇ ਨੇ, ਫੇਰ ਪੈਰ ਰੱਖ ਲੈਂਦੇ ਨੇ, ਪੈ ਜਾਂਦੇ ਨੇ, ਫੇਰ ਸਿਰ ਕੋਲ ਲਕੀਰ ਕੱਢ ਲੈਂਦੇ ਨੇ। ਨਾਨਕ ਮਤੇ ਤੱਕ ਲੰਮੇ ਪੈ ਕੇ ਹੀ ਆਉਂਦੇ ਨੇ। ਇਹਨੂੰ ਡੰਡਉਤ ਭਗਤੀ ਕਹਿੰਦੇ ਨੇ, ਨਮਸ਼ਕਾਰ ਭਗਤੀ ਕਹਿੰਦੇ ਨੇ। ਇਹ ਵੀ ਪ੍ਰਮੇਸ਼ਰ ਨੂੰ ਭਾਉਂਦੀ ਹੈ। ਪੰਜਵੀਂ ਹੋਇਆ ਕਰਦੀ ਹੈ **ਅਰਚਣ ਭਗਤੀ।** ਪ੍ਰਸ਼ਾਦਾ ਛਕਾ ਕੇ ਫੇਰ ਆਪ ਛਕਣਾ। ਸਭ ਚੀਜ਼ਾਂ ਗੁਰੂ ਦੇ ਅਰਪਣ ਕਰਨੀਆਂ ਤੇ ਆਪ ਗੁਰੂ ਵਲੋਂ ਦਿਤੀ ਹੋਈ ਸਮਝ ਕੇ ਫੇਰ ਛਕਣੀ। ਫੇਰ ਹੁੰਦੀ ਹੈ **ਪਾਦ ਸੇਵਨ ਭਗਤੀ।** ਚਰਨਾਂ ਨੂੰ ਘੁਟਣਾ, ਚਰਨਾਂ ਦੀ ਸੇਵਾ ਕਰਨੀ। ਫੇਰ ਹੁੰਦੀ ਹੈ **ਦਾਸਾ ਭਾਵ ਭਗਤੀ** ਕਿ ਮੈਂ ਤਾਂ

ਗੁਲਾਮ ਹਾਂ, ਮੇਰਾ ਅਖਤਿਆਰ ਕੋਈ ਨਹੀਂ। ਸੁਖ ਆ ਜਾਏ, ਦੁਖ ਆ ਜਾਏ, ਸਮਝਣਾ ਮਾਲਕ ਨੇ ਦਿਤੈ। ਗੁਲਾਮ ਵਾਲੀ ਬਿਰਤੀ ਰੱਖਣੀ ਵਾਹਿਗੁਰੂ ਦੇ ਨਾਲ। ਇਹਨੂੰ ਦਾਸਾ ਭਗਤੀ ਕਹਿੰਦੇ ਨੇ। ਫੇਰ ਹੁੰਦੀ ਹੈ **ਸਖਾ ਭਗਤੀ। ਮਿੱਤਰ ਜਾਨਣਾ** – ***'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।'*** ਗੁਰੂ ਮਹਾਰਾਜ ਨੇ ਵੀ ਮਿੱਤਰ ਕਹਿ ਕੇ ਸੰਬੋਧਨ ਕਰਿਐ। ਸਖਾ ਭਗਤੀ ਅਰਜਨ ਨੇ ਕੀਤੀ ਸੀ। ਇਸ ਤੋਂ ਬਾਅਦ ਪ੍ਰੇਮਾ ਭਗਤੀ ਹੋਇਆ ਕਰਦੀ ਹੈ, ਜੋ ਪਤੀਵਰਤਾ ਇਸਤ੍ਰੀ ਦਾ ਆਦਰਸ਼ ਸੀ, ਪਤੀ ਨਾਲ ਪਿਆਰ ਸੀ, ਉਹਦੀ ਰਜ਼ਾ 'ਚ ਰਾਜ਼ੀ ਰਹਿੰਦੀਆਂ ਸੀ। ਇਕ ਉਹ ਭਗਤੀ ਹੋਇਆ ਕਰਦੀ ਹੈ। ਨੌਂ ਭਗਤੀਆਂ ਨੂੰ ਫਲ ਲਗਦੈ ਪ੍ਰੇਮ ਦਾ। ਫੇਰ **ਪ੍ਰੇਮਾ ਭਗਤੀ** ਹੁੰਦੀ ਹੈ। ਪ੍ਰੇਮ ਦੇ ਨਾਲ ਪ੍ਰਮੇਸ਼ਰ ਮਿਲਦੈ ਹੋਰ ਕੋਈ ਤਰੀਕਾ ਨਹੀਂ ਹੈ। ਜਿਹੜਾ ਪਿਆਰ ਨਾਲ ਉਹਨੂੰ ਖਿੱਚ ਲੈਂਦੈ।

ਜੇ ਧੰਨੇ ਨੇ ਪਿਆਰ ਨਾਲ ਖਿੱਚਿਆ, ਮੂਹਰੇ ਤਾਂ ਨਿਰਜਿੰਦ ਪੱਥਰ ਪਿਐ, ਉਹਦੇ ਵਿਚ ਤਾਂ ਕੁਛ ਵੀ ਨਹੀਂ ਹੈ। ਹਥੌੜਾ ਲੈ ਕੇ ਭੰਨ ਲਓ, ਕੁਛ ਵੀ ਨਹੀਂ ਹੈ। ਪਰ ਪ੍ਰਮੇਸ਼ਰ ਨੇ ਉਹ ਨਿਰਜਿੰਦ ਦੂਰ ਕਰ ਦਿਤਾ। ਆਪ ਚੌਂਕੜਾ ਮਾਰ ਕੇ ਬਹਿ ਗਏ।

***ਮਿਲੇ ਪਰਤੱਖ ਗੁਸਾਈਆਂ ਧੰਨਾ ਵਡਭਾਗਾ।***

ਪ੍ਰਸ਼ਾਦਾ ਛਕ ਰਹੇ ਨੇ, ਹੈਰਾਨੀ ਦੀ ਬਾਤ ਹੈ। ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ, ਜਿਹੜਾ ਨਿਰਗੁਣ ਬ੍ਰਹਮ ਹੈ ਉਹ ਪ੍ਰਸ਼ਾਦਾ ਛਕ ਰਿਹੈ ਉਹਨੂੰ ਕਿਤੇ ਭੁੱਖ ਲਗਦੀ ਹੈ, ਉਹ ਤਾਂ ਪਿਆਰ ਦਾ ਬੰਨ੍ਹਿਆ ਹੋਇਆ ਆ ਗਿਆ। ਨਾਮਦੇਵ ਨੇ ਦੁੱਧ ਪਿਲਾ ਦਿਤਾ। ਕਿਤੇ ਨਾਮਦੇਵ ਦੇ ਪਿਆਰ ਦਾ ਬੰਨ੍ਹਿਆ ਹੋਇਆ ਦੇਹੁਰੇ ਨੂੰ ਫੇਰ ਰਿਹੈ, ਕਿਤੇ ਛੱਪਰ ਬਣਾ ਰਿਹੈ, ਕਿਤੇ ਮਰੀ ਹੋਈ ਗਊ ਜਿਊਂਦੀ ਕਰਨ ਆ ਰਿਹੈ। ਸੋ ਇਹ ਪ੍ਰੇਮ ਦੀ ਮਹਿਮਾ ਹੈ ਸਾਰੀ। ਪ੍ਰੇਮ ਦਾ ਬੰਨ੍ਹਿਆ ਹੋਇਆ ਪ੍ਰਮੇਸ਼ਰ ਭਗਤਾਂ ਦੇ ਕੰਮ ਕਰਦਾ ਫਿਰਦੈ। ਗਿਆਰਵੀਂ ਭਗਤੀ ਹੁੰਦੀ ਹੈ ਜਿਹਨੂੰ **ਪਰਾ ਭਗਤੀ** ਕਹਿੰਦੇ ਨੇ। ਉਹਦੇ ਵਿਚ ਆਪਣਾ ਆਪ ਫਨ੍ਹਾ ਕਰ ਦੇਣਾ, ਕੁਰਬਾਨ ਕਰ ਦੇਣਾ ਤੇ ਪ੍ਰਮੇਸ਼ਰ ਹੀ ਹਰ ਪਾਸੇ ਦੇਖਣਾ –

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥*** ***ਅੰਗ- 407***

ਇਹਦੇ ਵਾਸਤੇ ਗੁਰੂ ਮਹਾਰਾਜ ਨੇ ਨਾ ਤਾਂ ਸਾਨੂੰ ਕਿਹੈ ਕਿ ਤੁਸੀਂ ਸੰਸਾਰ ਛੱਡ ਕੇ ਅਲੱਗ ਹੋ ਜਾਓ। ਉਨ੍ਹਾਂ ਨੇ ਕਿਹੈ ਕਿ ਇਕ ਜੀਵਨ ਹੈ, ਉਹ ਇਹ ਹੈ ਕਿ ਸੰਸਾਰ 'ਚ ਰਹੋ ਲੇਕਿਨ ਵਰਤਣ ਤੁਹਾਡੀ ਵੈਰਾਗ ਦੀ ਹੋਵੇ। ਪਕੜ ਨਾ ਕਿਸੇ ਚੀਜ਼ ਨਾਲ ਹੋਵੇ। ਮੁੱਖ ਭਗਤੀ ਹੋਵੇ, ਨਿਹਚੇ 'ਚ ਗਿਆਨ ਹੋਵੇ। ਜਿਹੜਾ ਸੁੱਕਾ ਗਿਆਨ ਹੈ ਉਹ ਕੰਮ ਨਹੀਂ ਆਇਆ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁਛਿਆ ਇਕ ਪੀਰ ਨੇ ਕਿ ਮਹਾਰਾਜ! ਸਾਮ੍ਹਣੇ ਨਹੀਂ ਕੁਛ ਨਜ਼ਰ ਆਉਂਦਾ? ਮਹਾਰਾਜ ਕਹਿੰਦੇ, ਅੰਦਰ ਪਿਆਰ ਦੀ ਘਾਟ ਹੈ। ਅੰਦਰ ਹੋਵੇ ਨਾਮ ਦਾ ਵਲ ਤੇ ਅੰਦਰ ਹੋਵੇ ਪਿਆਰ, ਫੇਰ ਗਿਆਨ ਦੇ ਵਿਚ ਪ੍ਰਮੇਸ਼ਰ ਚਾਰੋਂ ਹੀ ਪਾਸੇ ਪਸਰਿਆ ਹੋਇਆ ਦਿਸਦੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਸੋ ਇਹ ਗਿਆਨ ਅਸਲੀ ਹੁੰਦੈ, ਜਿਹੜਾ ਗੱਲਾਂ ਵਾਲਾ ਗਿਆਨ ਹੈ, ਉਹਨੂੰ ਖੁਸ਼ਕ ਗਿਆਨ ਕਹਿੰਦੇ ਨੇ ਕਿ 'ਅਹੰ ਬ੍ਰਹਮਅਸਵੀ' ਮੈਂ ਹੀ ਪ੍ਰਮੇਸ਼ਰ ਹਾਂ। ਉਹ ਕਰਦਾ ਕੀ ਹੈ? ਉਹ ਫੇਰ ਵਿਕਾਰਾਂ ਤੋਂ ਮਨ ਨੂੰ ਕਿਉਂ ਹਟਾਏਗਾ, ਜਿਹੜੇ ਮਾੜੇ ਕੰਮਾਂ ਨੂੰ ਮਨ ਕਰੇਗਾ ਉਹ ਕਰ ਲੈਣਾ। ਕਿਉਂਕਿ ਮੈਂ ਹੀ ਪ੍ਰਮੇਸ਼ਰ ਹਾਂ, ਮੈਨੂੰ ਪੁੱਛਣ ਵਾਲਾ ਕੌਣ ਹੈ। ਕਹਿੰਦੇ, ਹਉਂ ਬ੍ਰਹਮ ਅਸਵੀ, ਨਿਸੰਗ ਭੋਗ ਲੱਛਮੀ।' ਕਹਿੰਦਾ, ਪ੍ਰਕ੍ਰਿਤੀ, ਪ੍ਰਕ੍ਰਿਤੀ ਨੂੰ ਭੋਗਦੀ ਹੈ, ਦੋਸ਼ ਕੀਹਨੂੰ ਲੱਗਦੈ। ਇਹੋ ਜਿਹਾ ਵੱਧ ਗਿਆਨ ਜਿਹੜਾ ਹੁੰਦੈ, ਉਹਨੂੰ ਗੁਰੂ ਸਾਹਿਬ ਨੇ ਪ੍ਰਵਾਨ ਨਹੀਂ ਕਰਿਆ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੋ ਰਿਹਾ ਸੀ, ਬਾਣੀ ਇਕੱਠੀ ਕਰ ਰਹੇ ਸੀ ਉਸ ਵੇਲੇ ਜਿਹੜੇ ਪਹਿਲੇ ਭਗਤ ਆਏ, ਉਨ੍ਹਾਂ ਨੇ ਆਪਣੀ ਬਾਣੀ ਲਿਖਾਈ ਤੇ ਜਿਹੜੇ ਲਾਹੌਰ ਵਿਚ ਭਗਤ ਰਹਿੰਦੇ ਸੀ, ਉਨ੍ਹਾਂ ਨੇ ਵੀ ਮੀਟਿੰਗ ਕਰੀ ਬਈ ਆਪਾਂ ਵੀ ਆਪਣੀ-ਆਪਣੀ ਬਾਣੀ ਲਿਖਾਈਏ। ਉਸ ਵੇਲੇ ਬਹੁਤ ਸਾਰੇ ਭਗਤ ਇਕੱਠੇ ਹੋ ਕੇ ਆ ਗਏ। ਉਨ੍ਹਾਂ 'ਚ ਇਕ ਕਾਨ੍ਹਾ ਭਗਤ ਸੀ। ਜਿਹੜਾ ਆਪਣੇ ਆਪ ਨੂੰ ਬ੍ਰਹਮ ਕਹਿੰਦਾ ਸੀ ਕਿ ਮੈਂ ਹੀ ਰੱਬ ਹਾਂ, ਹੋਰ ਕੋਈ ਰੱਬ ਨਹੀਂ ਹੈ। ਜਿਹੜਾ 'ਮੈਂ ਹੀ ਰੱਬ' ਕਹਿਣੈ, ਇਹਦੇ 'ਚ ਆਦਮੀ ਫਸ ਜਾਂਦੈ। ਜਿਹੜਾ ਕਹਿੰਦਾ ਹੈ ਕਿ ਇਹ ਸਾਰਾ ਹੀ ਪ੍ਰਮੇਸ਼ਰ ਹੈ, ਉਹਦੇ 'ਚ ਬਚਿਆ ਰਹਿੰਦੈ। 'ਤੂੰ' ਕਹਿਣ ਵਾਲਾ ਬਚਿਆ ਰਹਿੰਦੈ, 'ਮੈਂ' ਕਹਿਣ ਵਾਲਾ ਫਸ ਜਾਂਦੈ।

ਮਹਾਰਾਜ ਕਹਿਣ ਲੱਗੇ, ਭਾਈ ਕਾਨ੍ਹਾ ਨੂੰ ਕਿ ਤੂੰ ਆਪਣੀ ਬਾਣੀ ਤਾਂ ਸੁਣਾ ਕਿਹੋ ਜਿਹੀ ਹੈ ਤੇਰੀ? ਕਹਿੰਦਾ, ਮਹਾਰਾਜ! ਮੈਂ ਓਹੀ ਕਾਨ੍ਹਾ, ਓਹੀ। ਮੈਂ ਉਹੀ ਹਾਂ ਜਿਹਨੇ ਸਾਰੀ ਸ੍ਰਿਸ਼ਟੀ ਮੋਹੀ ਹੋਈ ਹੈ।

***ਮੈਂ ਹੂੰ ਬ੍ਰਹਮ ਸਰਬ ਕਾ ਕਰਤਾ,***
***ਸਗਲ ਜਗਤ ਮੇਰੇ ਤੇ ਜਾਨ।***
***ਸਗਲ ਆਰਾਧੇ ਮੇਰੇ ਤਾਈਂ,***
***ਅਬ ਮੈਂ ਹੋਇਓ ਕਾਨ੍ਹਾ।***

ਮਹਾਰਾਜ ਕਹਿੰਦੇ, ਕਾਨ੍ਹਿਆਂ! ਆਹ ਬਾਣੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਦਰਜ ਕਰਨੀ। ਇਸ ਨਾਲ ਤਾਂ ਲੋਕ ਵਿਕਾਰੀ ਹੋ ਜਾਣਗੇ, ਕਲਜੁਗੀ ਜੀਵ। ਇਹ ਕਹਿਣਗੇ, ਮੈਂ ਹੀ ਰੱਬ ਹਾਂ, ਮੈਂ ਹੀ ਹਾਂ ਸਾਰਿਆਂ ਦੇ ਅੰਦਰ। ਫੇਰ ਕਹਿੰਦੇ, ਜਿਹੜਾ ਆਦਮੀ ਦਾ ਸ੍ਰਿਸ਼ਟਾਚਾਰ ਹੈ

ਉਹ ਭ੍ਰਿਸ਼ਟ ਹੋ ਜਾਏਗਾ। ਬੰਧਸ਼ ਹੀ ਕੋਈ ਨਾ ਰਹੀ, ਕਹਿੰਦੇ, ਨਾ ਭਾਈ, ਇਹ ਨਹੀਂ ਅਸੀਂ ਬਾਣੀ ਚਾੜ੍ਹਨੀ।

ਸੋ ਮਹਾਰਾਜ ਨੇ ਪ੍ਰਵਾਨ ਕਰਿਐ ਭਗਤੀ ਨੂੰ। ਭਗਤੀ ਦੇ ਵਿਚ ਹੁੰਦੈ ਪਿਆਰ। ਪ੍ਰਭੂ ਮਿਲਾਪ ਲਈ ਹਿਰਦੇ ਦੀ ਖਿੱਚ ਤੇ ਪ੍ਰੇਮ ਸ੍ਰੇਸ਼ਟ ਹੈ। ਜੇ ਮਿਲਣੈ ਕਹਿੰਦੇ ਤਾਂ ਤੂੰ ਇਹ ਗੁਣ ਪੈਦਾ ਕਰ ਲੈ। ਕਿਉਂਕਿ ਵਾਹਿਗੁਰੂ ਹੋਰ ਕਿਸੇ ਚੀਜ਼ ਨੂੰ ਪਸੰਦ ਨਹੀਂ ਕਰਦਾ। ਦਾਤਾਂ ਉਹਦੀਆਂ ਨੇ ਅਸੀਂ ਕੀ ਦੇ ਦੇਵਾਂਗੇ ਉਹਨੂੰ। ਜੇ ਇਕ ਬੰਦੇ ਨੇ ਕਰੋੜ ਰੁਪਿਆ ਦੇ ਦਿਤਾ, ਮੱਥਾ ਟੇਕ ਦਿਤਾ। ਕੀ ਕਰਿਐ, ਇਹ ਤਾਂ ਤੂੰ ਪ੍ਰਮੇਸ਼ਰ ਤੋਂ ਲਿਆ ਸੀ, ਤੂੰ ਉਹਦੇ ਅਰਪਣ ਕਰ ਦਿਤਾ। ਚੰਗਾ ਈਮਾਨਦਾਰ ਹੈਂ, ਦੂਜਿਆਂ ਨਾਲੋਂ ਬਹੁਤ ਵਧੀਆ ਹੈਂ। ਲੇਕਿਨ ਪ੍ਰਮੇਸ਼ਰ ਦੀ ਨਿਗ੍ਹਾ 'ਚ ਤਾਂ ਕੋਈ ਇਹ ਚੀਜ਼ ਨਹੀਂ ਹੈ। ਉਹ ਤਾਂ ਇਕ ਨਿਗ੍ਹਾ ਕਰ ਦੇਵੇ, ਸਾਰੀ ਸ੍ਰਿਸ਼ਟੀ ਹੀ ਸੋਨੇ ਦੀ ਕਰ ਦੇਵੇ। ਕੇਵਲ ਪਿਆਰ ਉਹਨੂੰ ਭਾਉਂਦੈ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਭਾਉ ਭਗਤ ਦਾ ਭੁੱਖਾ***
***ਗੋਬਿੰਦ ਭਾਉ ਭਗਤ ਦਾ ਭੁੱਖਾ।***

***ਗੋਬਿੰਦ ਭਾਉ ਭਗਤਿ ਦਾ ਭੁਖਾ।***

ਕੋਈ ਚੀਜ਼ ਨਹੀਂ ਉਸ ਨੂੰ ਰਿਝਾਉਂਦੀ। ਹਿਰਦੇ ਦਾ ਪਿਆਰ ਰਿਝਾਉਂਦੈ। ਇਕ ਮਿਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ, ਦੂਸਰਾ ਭਾਈ ਗੁਰਦਾਸ ਜੀ ਦੀ ਬਾਣੀ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਦਾ ਵਰ ਪ੍ਰਾਪਤ ਹੋਇਐ ਤੇ ਜਿਸ ਬਾਣੀ ਦਾ ਅਸੀਂ ਅਦਬ ਕਰਦੇ ਹਾਂ ਇਹਦੇ ਉਤੇ ਅਸੀਂ ਕਿੰਤੂ-ਪਰੰਤੂ ਨੀਂ ਕਰ ਸਕਦੇ। ਭਾਈ ਸਾਹਿਬ ਦੀ ਬਾਣੀ 'ਤੇ। ਇਸ ਕਰਕੇ ਨਹੀਂ ਕਰ ਸਕਦੇ ਕਿਉਂਕਿ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਨੂੰ ਭਾਈ ਸਾਹਿਬ ਨੂੰ ਸਾਰੀ ਬਾਣੀ ਪੜ੍ਹ ਕੇ ਸੁਣਾਈ ਸੀ, ਉਹਨੂੰ ਮਹਾਰਾਜ ਨੇ ਕਿਤੇ ਟੋਕਿਆ ਨਹੀਂ ਹੈ ਕਿ ਭਾਈ ਆਹ ਨਾ ਕਰ। ਇਕ ਥਾਂ ਟੋਕਿਆ ਸੀ ਗੁਰੂ ਛੇਵੇਂ ਪਾਤਸ਼ਾਹ ਨੇ, ਉਨ੍ਹਾਂ ਨੇ ਕਿਹਾ ਸੀ ਕਿ –

***ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨਾ ਹਾਰੇ।***

ਇਹਦੇ ਵਿਚ ਉਨ੍ਹਾਂ ਨੂੰ ਅਭਿਮਾਨ ਨਜ਼ਰ ਆਇਆ ਸਿੱਖ ਦਾ। ਉਹ ਕਹਿੰਦੇ, ਨਹੀਂ ਭਾਈ ਇਹ ਤਾਂ ਗੁਰੂ ਦੀ ਜੇ ਕ੍ਰਿਪਾ ਹੋਵੇ ਤਾਂ ਗੁਰੂ ਦੇ ਸਾਂਗ ਵਿਚ ਸਿੱਖ ਬਚ ਸਕਦੈ ਨਹੀਂ ਤਾਂ ਸਿੱਖ ਦੀ ਤਾਕਤ ਨਹੀਂ ਹੈ ਕਿ ਗੁਰੂ ਸਾਂਗ ਵਰਤੇ ਤੇ ਸਿੱਖ ਉਹਦੇ ਵਿਚ ਪੂਰਾ ਉਤਰ ਜਾਵੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਸੀਸ ਮੰਗੇ, ਕਿੰਨੇ ਕੁ ਪੂਰੇ ਉਤਰੇ ਸੀ, ਨੱਠਣ ਵੀ ਲਗ ਗਏ ਸੀ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸਾਂਗ ਵਰਤਿਆ, ਡੰਡਾ ਲੈ ਕੇ ਤੇ ਕੁਤਕੇ ਲੈ ਕੇ ਜਦੋਂ ਰੂਪ ਧਾਰਿਆ। ਉਸ ਵੇਲੇ ਜਦੋਂ ਕੁੱਟਣਾ ਸ਼ੁਰੂ ਕਰ ਦਿਤਾ ਸਿੱਖਾਂ ਨੂੰ, ਕੁਤਕਾ ਮਾਰਨ ਉਹਦੇ। ਨੱਠ ਗਏ ਸੀ ਸਾਰੇ, ਥੋੜ੍ਹੇ ਜਿਹੇ ਰਹਿ ਗਏ ਸੀ। ਜਿਹੜੇ ਰਹਿ ਗਏ ਸੀ ਉਨ੍ਹਾਂ ਨੂੰ ਵੀ ਮਹਾਰਾਜ ਕਹਿੰਦੇ ਨੇ ਜਾਂਦੇ ਹੋ ਕਿ ਨਹੀਂ। ਉਹ ਕਹਿੰਦੇ, ਸਾਨੂੰ

ਜਾਣ ਨੂੰ ਥਾਉਂ ਨਹੀਂ। ਮਹਾਰਾਜ ਕਹਿੰਦੇ, ਤੁਹਾਨੂੰ ਜਾਣ ਨੂੰ ਹੈਗਾ ਥਾਉਂ ਅਜੇ। ਮਹਾਰਾਜ ਨੇ ਬੇਅੰਤ ਚਾਂਦੀ ਦੇ ਰੁਪਈਏ ਸੁੱਟ ਦਿਤੇ, ਉਹ ਚੁਗਣ ਲਗ ਗਏ। ਥੋੜ੍ਹੇ ਜਿਹੇ ਹੋਰ ਰਹਿ ਗਏ। ਮਹਾਰਾਜ ਕਹਿੰਦੇ, ਤੁਸੀਂ ਕਿਉਂ ਨਹੀਂ ਮੁੜਦੇ। ਮਹਾਰਾਜ ਨੇ ਉਸ ਵੇਲੇ ਸੋਨੇ ਦੀਆਂ ਮੋਹਰਾਂ ਦੀ ਵਰਖਾ ਕਰਨੀ ਸ਼ੁਰੂ ਕਰ ਦਿਤੀ। ਉਹ ਉਹਦੇ 'ਚ ਫਸ ਗਏ। ਜਿਹੜੇ ਅਗਾਂਹਾਂ ਰਹਿ ਗਏ, ਉਹ ਹੀਰੇ ਜਵਾਹਰਾਤ ਦੇ ਵਿਚ ਰੁਝ ਗਏ। ਦੋ ਰਹਿ ਗਏ ਬਾਕੀ, ਮਹਾਰਾਜ ਕਹਿੰਦੇ, ਤੁਸੀਂ ਵੀ ਮੁੜ ਜਾਓ। ਕਿਉਂ ਨਹੀਂ ਮੁੜਦੇ? ਕਹਿੰਦੇ, ਸਾਨੂੰ ਥਾਂ ਨਹੀਂ ਕੋਈ, ਤੁਹਾਡੇ ਚਰਨਾਂ 'ਚ ਥਾਂ ਹੈ। ਜਿਨ੍ਹਾਂ ਨੂੰ ਕੋਈ ਥਾਂ ਸੀ ਕਿਤੇ ਨਾ ਕਿਤੇ ਦੁਨੀਆਂ ਦੇ ਵਿਚ, ਉਹ ਚਲੇ ਗਏ। ਸਾਡਾ ਤਾਂ ਥਾਂ ਤੁਹਾਡੇ ਚਰਨਾਂ 'ਚ ਹੈ। ਕਹਿੰਦੇ, ਫੇਰ ਆਓ। ਸਾਮ੍ਹਣੇ ਇਸ਼ਾਰਾ ਕਰਿਆ ਕਿ ਚਲੋ ਮੁਰਦਾ ਖਾਓ। ਨੇੜੇ ਚਲੇ ਗਏ ਤੇ ਖਾ ਨਹੀਂ ਰਹੇ। ਮਹਾਰਾਜ ਕਹਿੰਦੇ, ਖਾਂਦੇ ਕਿਉਂ ਨਹੀਂ?

(ਗੁਰੂ) ਅੰਗਦ (ਪਾਤਸ਼ਾਹ) ਕਹਿਣ ਲੱਗੇ, ਪਾਤਸ਼ਾਹ! ਆਗਿਆ ਦਿਓ ਕਿ ਕਿਧਰੋਂ ਖਾਈਏ?

ਕਹਿੰਦੇ, ਸਿਰ ਵਲੋਂ ਖਾਓ।

ਹੁਣ ਸਿਰ ਦੇ ਉਤੇ ਤਾਂ ਪਹਿਲਾਂ ਕੇਸ ਹੋਣੇ ਨੇ। ਖੋਪਰੀ ਹੋਣੀ ਹੈ, ਉਥੋਂ ਕਿਵੇਂ ਖਾ ਹੋ ਜਾਏਗਾ। ਗੁਰੂ ਅੰਗਦ ਸਾਹਿਬ ਇਕ ਸਕਿੰਟ ਦੇ ਵਿਚ ਸਿਰ ਵਲ ਜਾ ਕੇ ਖੜ੍ਹੇ ਹੋ ਗਏ। ਬਾਬਾ ਬੁੱਢਾ ਜੀ ਉਰ੍ਹੇ ਰਹਿ ਗਏ ਮਾੜਾ ਜਿਹਾ। ਜਿਸ ਵਕਤ ਕੱਪੜਾ ਚੁੱਕਿਆ, ਉਥੇ ਮੁਰਦਾ ਕੋਈ ਹੈ ਹੀ ਨਹੀਂ ਸੀ। ਉਥੇ ਤਾਂ ਕੜਾਹ ਪ੍ਰਸ਼ਾਦ ਪਿਆ ਸੀ। ਮਹਾਰਾਜ ਪ੍ਰਸੰਨ ਹੋ ਗਏ। ਕਹਿੰਦੇ, ਸਾਂਗ ਦੇ ਵਿਚ ਦੋ ਪਾਸ ਹੋਏ ਹੋਂ। 100% ਨੰਬਰ ਗੁਰੂ ਅੰਗਦ ਸਾਹਿਬ ਦੇ ਨੇ ਤੇ 99.99% ਨੰਬਰ ਬਾਬਾ ਬੁੱਢਾ ਜੀ ਦੇ, ਸਿਰਫ ਪੁਆਇੰਟ ਇਕ ਰਹਿ ਗਿਆ ਕਿਉਂਕਿ ਪੈਰ ਕਾਹਲੀ ਨਾਲ ਨਾ ਪੁੱਟਿਆ। ਸੋ ਇਸ ਤਰ੍ਹਾਂ ਦੇ ਨਾਲ ਪ੍ਰੀਖਿਆ ਦੇ ਵਿਚ ਕੋਈਓ ਪਾਸ ਉਤਰਿਆ ਕਰਦੈ। ਸਾਰੇ ਨਹੀਂ ਉਤਰਦੇ। ਸੋ ਇਹ ਜੋ ਬਚਨ ਕਿਹਾ ਸੀ ਕਿ 'ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨਾ ਹਾਰੇ।' ਉਹ ਮਹਾਰਾਜ ਨੇ ਠੀਕ ਕਰਾਇਆ ਭਾਈ ਸਾਹਿਬ ਕਸਵੱਟੀ 'ਤੇ ਲਾ ਕੇ। ਬਾਕੀ ਉਨ੍ਹਾਂ ਦੀ ਜਿਹੜੀ ਬਾਣੀ ਹੈ ਸਾਰੀ ਦੀ ਸਾਰੀ ਉਹਨੂੰ ਕਿਹਾ ਕਿ ਇਹ ਰਸਤਾ ਦਿਖਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅੱਖਰ ਮਾਤਰ ਆਏਗਾ, ਭਾਈ ਸਾਹਿਬ ਨੇ ਉਹਨੂੰ ਖੋਲ੍ਹ ਕੇ ਲਿਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਚਨ ਆਉਂਦੈ ਪਿਆਰ ਦਾ ਕਿ –

***ਦੀਨਾ ਦੀਨ ਦਇਆਲ ਭਏ ਹੈ***
***ਜਿਉ ਕ੍ਰਿਸਨੁ ਬਿਦਰੁ ਘਰਿ ਆਇਆ ॥*** ***ਅੰਗ– 1191***

ਮਿਸਾਲ ਦੇ ਦਿਤੀ ਕਿ ਜਿਵੇਂ ਬਿਦਰ ਤੇ ਕ੍ਰਿਸ਼ਨ ਦੀ ਬਾਤ ਹੈ, ਇਸ ਤਰ੍ਹਾਂ ਵਾਹਿਗੁਰੂ ਦਇਆਲ ਹੋ ਜਾਂਦੈ।

***ਮਿਲਿਓ ਸੁਦਾਮਾ ਭਾਵਨੀ ਧਾਰਿ***

***ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥ ਅੰਗ - 1191***

ਸੁਦਾਮੇ ਦੀ ਬਾਤ ਦਸ ਦਿਤੀ ਕਿ ਉਹਦੇ ਦਲਿੱਦਰ ਭੰਨ ਕੇ ਪਹਿਲਾਂ ਹੀ ਭੇਜ ਦਿਤਾ, ਚਾਰ ਪਦਾਰਥ ਭੇਜ ਦਿਤੇ। ਦੂਜੇ ਲਿਖਦੇ ਨੇ ਨਿਮਰਤਾ ਕਿ ਉਹਦੀ ਨਿਮਰਤਾ ਕਿੰਨੀ ਸੀ? -

***ਦਾਸੀ ਸੁਤ ਜਨੁ ਬਿਦਰੁ ਸੁਦਾਮਾ***
***ਉਗ੍ਰਸੈਨ ਕਉ ਰਾਜ ਦੀਏ ॥ ਅੰਗ- 345***

ਤੀਸਰੇ ਥਾਂ ਮਹਾਰਾਜ ਲਿਖਦੇ ਨੇ ਕਿ -

***ਬਧਿਕੁ ਉਧਾਰਿਓ ਖਮਿ ਪ੍ਰਹਾਰ ॥***
***ਕੁਬਿਜਾ ਉਧਰੀ ਅੰਗੁਸਟ ਧਾਰ ॥***
***ਬਿਦਰੁ ਉਧਾਰਿਓ ਦਾਸਤ ਭਾਇ ॥***
***ਰੇ ਮਨ ਤੂ ਭੀ ਹਰਿ ਧਿਆਇ ॥ ਅੰਗ- 1192***

ਕਹਿੰਦੇ, ਵਾਹਿਗੁਰੂ ਤਾਂ ਇਹੋ ਜਿਹਾ ਹੈ ਕਿ ਇਸ ਦਾਸੀ ਦੇ ਪੁੱਤਰ ਨੂੰ ਉਧਾਰ ਦਿਤਾ। ਜਿਹਨੂੰ ਉਸ ਵੇਲੇ ਦੇ ਰਾਜ ਪਰਿਵਾਰ ਸੀ ਜੋ ਸੀ ਬਿਲਕੁਲ ਛੋਟਾ ਜਾਣਦੇ ਸੀ। ਨਫਰਤ ਕਰਦੇ ਸੀ ਇਸਨੂੰ, ਪੁੱਛ-ਗਿੱਛ ਨਹੀਂ ਸੀ ਇਸਦੀ ਕੋਈ। ਉਹਦੇ ਬਾਰੇ ਇਕ ਮਿਸਾਲ ਹੈ ਕਿ ਪ੍ਰੇਮਾ ਭਗਤੀ ਦੀ।

ਜਿਸ ਵਕਤ ਪਾਂਡਵਾਂ ਨੇ ਜੂਆ ਖੇਡਿਆ ਤੇ ਰਾਜ ਹਾਰ ਗਏ। ਉਸ ਵੇਲੇ ਸ਼ਰਤ ਹੋਈ ਕਿ ਰਾਜ ਤੁਹਾਨੂੰ ਮਿਲ ਜਾਏਗਾ ਪਰ ਬਾਰ੍ਹਾਂ ਸਾਲ ਦਾ ਬਨਵਾਸ ਵੈਸੇ ਕੱਟੋ, ਤੇਰ੍ਹਵਾਂ ਗੁਪਤ ਕੱਟੋ, ਜੇ ਤੇਰ੍ਹਵੇਂ ਵਿਚ ਅਸੀਂ ਤੁਹਾਨੂੰ ਟੋਲ੍ਹ ਲਿਆ ਤਾਂ 12 ਸਾਲ ਫੇਰ ਕੱਟੋ। ਬੜੀ ਸਖਤ ਸ਼ਰਤ ਸੀ। ਬਾਰ੍ਹਾਂ ਸਾਲ ਬਨਵਾਸ ਕੱਟ ਕੇ, ਤੇਰ੍ਹਵਾਂ ਗੁਪਤ ਕੱਟ ਕੇ ਜਦੋਂ ਵਾਪਸ ਦਿੱਲੀ ਆਉਂਦੇ ਨੇ, ਹਸਤਨਾਪੁਰ ਕਹਿੰਦੇ ਸੀ। ਉਥੇ ਜਦੋਂ ਆਉਂਦੇ ਨੇ ਤਾਂ ਉਨ੍ਹਾਂ ਨੇ ਆ ਕੇ ਰਾਜ ਮੰਗਿਆ ਤਾਂ ਉਹ ਕਹਿਣ ਲੱਗਿਆ ਕਿਹੜਾ ਰਾਜ? ਛੱਡ ਦਿਓ ਖਿਆਲ ਰਾਜ ਦਾ ਦੁਰਯੋਧਨ ਕਹਿਣ ਲੱਗਿਆ।

ਐਨੇ ਚਿਰ ਤੋਂ ਬਾਅਦ ਕੌਣ ਦਿੰਦੈ। ਜੇ ਕੋਈ ਆਦਮੀ ਕੋਠੀ 'ਚ ਰਹਿ ਪਵੇ। 10 ਸਾਲ ਬਾਅਦ ਕਹੋ ਕਿ ਮੇਰੀ ਕੋਠੀ ਛੱਡ ਦਿਓ। ਨਹੀਂ ਛੱਡਦਾ ਉਹ। ਕਹਿੰਦੈ, ਹੁਣ ਤਾਂ ਮੇਰੀ ਹੋ ਗਈ। ਜ਼ਮੀਨ ਵਾਹ ਲਈ ਤਾਂ ਵੀ ਕਹਿੰਦੈ ਕਿ ਇਹ ਤਾਂ ਮੇਰੀ ਹੋ ਗਈ। ਕਹਿੰਦਾ, ਬਿਲਕੁਲ ਨਹੀਂ ਮੈਂ ਦੇਣਾ। ਅਖੀਰ ਝਗੜਾ ਵਧ ਗਿਆ। ਉਹ ਵੀ ਰਸੂਖ ਵਾਲੇ ਸੀ। ਇਨ੍ਹਾਂ ਕੋਲ ਵੀ ਫੌਜਾਂ ਸੀ ਬਹੁਤ ਤੇ ਤੰਤਰ ਵਿਦਿਆ ਇਨ੍ਹਾਂ ਕੋਲ ਵੀ ਸੀ, ਉਨ੍ਹਾਂ ਕੋਲ ਵੀ ਸੀ। ਉਨ੍ਹਾਂ ਕੋਲ ਵੀ ਅਸਤਰ-ਸ਼ਸਤਰ ਸੀਗੇ, ਇਨ੍ਹਾਂ ਕੋਲ ਵੀ ਸੀ। ਉਸ ਵੇਲੇ ਲੜਾਈ ਦੀਆਂ ਲਾਮ-ਬੰਦੀਆਂ ਹੋਣੀਆਂ ਸ਼ੁਰੂ ਹੋ ਗਈਆਂ। ਜਦੋਂ ਬਿਲਕੁਲ ਤਿਆਰੀ ਹੋ ਗਈ ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਸਰਬੱਤ ਦਾ ਭਲਾ ਦੇਖ ਕੇ ਇਹ ਕਿਹਾ ਕਿ ਇਹ ਲੜਾਈ ਹੋਈ ਤਾਂ ਹਿੰਦੋਸਤਾਨ ਦਾ ਨਾਸ਼ ਹੋ ਜਾਏਗਾ। ਕਿਉਂਕਿ ਭੱਜਣ ਵਾਲਾ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਹੈ। ਇਹ ਤਾਂ ਮਾਰੇ ਜਾਣਗੇ। ਸ਼ੰਕਰ ਵਰਣ ਹੋ ਜਾਏਗਾ। ਉਲਾਦ ਜਿਹੜੀ ਹੈ ਇਹ ਬਦਲ ਜਾਏਗੀ ਤੇ ਸ਼ੰਕਰ ਵਰਣ ਹੋਣ ਦੇ ਨਾਲ ਕਰਮ

ਧਰਮ ਭ੍ਰਿਸ਼ਟ ਹੋ ਜਾਣਗੇ। ਭਾਰਤ ਵਰਸ਼ ਵਿਚ ਕਲਜੁਗ ਦਾ ਪ੍ਰਵੇਸ਼ ਹੋ ਜਾਏਗਾ। ਇਹ ਚਾਹੁੰਦੇ ਸੀ ਕਿ ਨਾ ਯੁੱਧ ਹੋਵੇ। ਇਨ੍ਹਾਂ ਨੇ ਸੁਨੇਹਾ ਭੇਜਿਆ ਤੇ ਸਮਾਂ ਲਿਆ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ। ਪੰਚਾਇਤ ਕਰਨੀ ਚਾਹੁੰਦਾ ਹਾਂ ਤੇ ਮੈਨੂੰ ਸਮਾਂ ਦਿਓ ਮੈਂ ਗੱਲਬਾਤ ਕਰਨੀ ਹੈ। ਗੱਲ ਦਾ ਏਜੰਡਾ ਇਹ ਹੋਏਗਾ ਕਿ ਪਾਂਡਵਾਂ ਨੂੰ ਉਨ੍ਹਾਂ ਦਾ ਰਾਜ ਵਾਪਸ ਦਿਤਾ ਜਾਵੇ ਕਿਉਂਕਿ ਸ਼ਰਤ ਪੂਰੀ ਕਰ ਲਈ। ਪਹਿਲਾਂ ਦੁਰਯੋਧਨ ਮੰਨਦਾ ਨਹੀਂ, ਅਖੀਰ ਜਦੋਂ ਦਬਾਅ ਪਿਆ ਤਾਂ ਉਹ ਮੰਨਿਆ ਤੇ ਕ੍ਰਿਸ਼ਨ ਮਹਾਰਾਜ ਨੂੰ ਤਰੀਕ ਦੇ ਦਿਤੀ ਕਿ ਫਲਾਣੀ ਤਰੀਕ ਤੁਸੀਂ ਆ ਜਾਓ।

ਜਿਸ ਵਕਤ ਆ ਰਹੇ ਸੀ, ਉਸ ਵਕਤ ਚਾਰ ਹਜ਼ਾਰ ਸ਼ਸਤਰਧਾਰੀ ਘੋੜ ਸਵਾਰ ਕ੍ਰਿਸ਼ਨ ਮਹਾਰਾਜ ਨੇ ਨਾਲ ਲਿਆ ਤੇ ਆਪ ਰੱਥ ਵਿਚ ਬੈਠ ਕੇ ਸ਼ਸਤਰ-ਅਸਤਰ ਪਹਿਨ ਕੇ ਜਿਸ ਵਕਤ ਦਿੱਲੀ ਦੇ ਨੇੜੇ ਆਉਂਦੇ ਨੇ, ਖਿੱਚ ਨਹੀਂ ਪੈ ਰਹੀ। ਏਧਰ ਦੁਰਯੋਧਨ ਸਲਾਹ ਕਰਦਾ ਹੈ ਕਿ ਕ੍ਰਿਸ਼ਨ ਨੇ ਆ ਜਾਣੈ। ਉਹ ਅਵਤਾਰੀ ਪੁਰਸ਼ ਹੈ, ਉਹਦਾ ਸਤਿਕਾਰ ਸਾਰਾ ਭਾਰਤ ਵਰਸ਼ ਕਰਦੈ, ਮੈਨੂੰ ਵੀ ਉਹਦਾ ਸਤਿਕਾਰ ਕਰਨਾ ਪੈਣੈ। ਪਰ ਮੈਂ ਛੋਟਾ ਹੋ ਜਾਵਾਂਗਾ ਜੇ ਉਸ ਦਾ ਸਤਿਕਾਰ ਕਰਿਆ। ਕੋਈ ਵਿਉਂਤ ਦੱਸੋ ਜਿਹਦੇ ਨਾਲ ਮੇਰੀ ਬੇਇਜ਼ਤੀ ਨਾ ਹੋਵੇ ਤੇ ਉਲਟਾ ਕ੍ਰਿਸ਼ਨ ਮੇਰੇ ਆਉਣ 'ਤੇ ਖੜ੍ਹਾ ਹੋਵੇ। ਅਖੀਰ ਉਸ ਨੇ ਆਪੇ ਹੀ ਸਲਾਹ ਬਣਾਈ ਕਿ ਜਦੋਂ ਨੇੜੇ ਆ ਗਿਆ, ਲੈਣ ਵਾਸਤੇ ਮੈਂ ਨਹੀਂ ਜਾਣਾ ਤੁਸੀਂ ਜਾਇਓ ਤੇ ਮੈਂ ਘੋੜਿਆਂ ਦੇ ਤਬੇਲੇ ਵਿਚ ਚਲਿਆ ਜਾਵਾਂਗਾ। ਉਥੇ ਆਏਗਾ ਤਾਂ ਖੜ੍ਹੇ-ਖੜ੍ਹੇ ਮਿਲ ਪਵਾਂਗੇ। ਨਹੀਂ ਤਾਂ ਤੁਸੀਂ ਬੈਠ ਜਾਓ, ਜਦੋਂ ਮੈਂ ਆਵਾਂਗਾ ਤੁਸੀਂ ਖੜ੍ਹੇ ਹੋਣੈ ਤੇ ਉਹ ਵੀ ਖੜ੍ਹਾ ਹੋਏਗਾ। ਵਿਉਂਤ ਬਣਾ ਲਈ। ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਆਪਣੀ ਫੌਜਾਂ ਨੂੰ ਜਿੱਥੇ ਪਹਿਲਾਂ ਪ੍ਰਬੰਧ ਹੋ ਚੁੱਕਿਆ ਸੀ, ਉਥੇ ਜਾ ਕੇ ਕਿਹਾ ਕਿ ਤੁਸੀਂ ਆਰਾਮ ਕਰੋ। ਸਾਰੇ ਜਿੰਨੇ ਸਲਾਹਕਾਰ ਸੀ, ਵੱਡੇ-ਵੱਡੇ ਸਰਕਾਰੀ ਅਹੁਦੇਦਾਰ ਸੀ ਰਾਜਸੀ ਬੰਦੇ, ਸਾਰਿਆਂ ਨੂੰ ਕਿਹਾ ਕਿ ਤੁਸੀਂ ਜਾਓ, ਅਸੀਂ ਸਵੇਰੇ ਆਵਾਂਗੇ ਤੇ ਆਪ ਸਿੱਧੇ ਚਲੇ ਜਾਂਦੇ ਨੇ ਇਕ ਝੌਂਪੜੀ ਦੇ ਅੰਦਰ। ਮਹਿਲਾਂ 'ਚ ਰਹਿਣ ਵਾਲੇ, ਕਹਿੰਦੇ ਦੁਆਰਕਾ ਐਨੀ ਅਮੀਰ ਸੀ ਕਿ ਕੋਈ ਗਿਣਤੀ ਮਿਣਤੀ ਨਹੀਂ ਸੀ। ਐਨੀਆਂ ਸਹੂਲਤਾਂ ਸੀ। ਉਹ ਸਹੂਲਤਾਂ ਵਾਲੇ ਜਾ ਕੇ ਝੌਂਪੜੀ 'ਚ ਬੈਠ ਗਏ। ਏਧਰ ਰਾਜ ਭਾਗ ਛੱਡ ਦਿਤਾ। ਜਿਹੜਾ ਆਦਰ ਕਰਨਾ ਸੀ, ਉਹ ਸਾਰਾ ਛੱਡ ਦਿਤਾ। ਕਿਉਂਕਿ ਆਦਮੀ ਦੇ ਅੰਦਰ ਜਦੋਂ ਮਾਣ ਹੁੰਦੈ, ਮਾਣ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਮਾਣ ਵਾਲਾ ਜਿਹੜਾ ਬੰਦਾ ਹੈ ਸੰਸਾਰ ਤੋਂ ਪੱਲਾ ਭਰ ਕੇ ਨਹੀਂ ਕਦੇ ਵੀ ਜਾਂਦਾ, ਇਥੇ ਮਾਣ ਵਾਲਾ ਬੰਦਾ ਹਾਰ ਕੇ ਜਾਂਦੈ ਤੇ ਖਾਲੀ ਜਾਂਦੈ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਗਰਬ ਜਿਨ੍ਹਾਂ ਵਡਿਆਈਆਂ,***
***ਖਾਲੀ ਦੁਨੀਆਂ ਵਿਚੋਂ ਜਾਣਗੇ।***

***ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥***

***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***

***ਅੰਗ - 1383***

ਕਹਿੰਦੇ, ਦੁਨੀਆਂ ਤੋਂ ਖਾਲੀ ਹੱਥ ਜਾਣਗੇ, ਕੋਈ ਚੀਜ਼ ਨਹੀਂ ਜਾਏਗੀ ਨਾਲ। ਕਿਉਂਕਿ ਉਨ੍ਹਾਂ ਦੇ ਅੰਦਰ ਵਡਿਆਈ ਹੈ, ਗਰਬ ਹੈ, ਹੰਕਾਰ ਹੈ। ਜਿਸ ਤਰ੍ਹਾਂ ਮੀਂਹ ਪੈ ਰਿਹਾ ਹੈ, ਕੋਲ ਹੀ ਸਾਡੇ ਉੱਚੇ ਟਿੱਬੇ ਨੇ, ਉਥੇ ਵੀ ਬਾਰਿਸ਼ ਹੁੰਦੀ ਹੈ। ਜਦੋਂ ਹੁੰਦੀ ਹੈ, ਐਨੇ ਜ਼ੋਰ ਦੀ ਪਾਣੀ ਹੇਠ ਨੂੰ ਨੱਠਦੈ, ਸਮਝ ਲਓ ਜੇ ਗਿੱਠ ਪਾਣੀ ਹੈ ਉਹ ਵੀ ਉੱਛਲ ਕੇ, ਆ ਕੇ ਸਿਰ ਭਿਉਂ ਦਿੰਦੈ, ਉਹਦੇ ਵਿਚੋਂ ਮਿੱਟੀ ਖੋਰ ਲਿਆਉਂਦੈ। ਉਥੇ ਨਹੀਂ ਖੜ੍ਹਦਾ, ਦੋ ਘੰਟੇ ਤੋਂ ਬਾਅਦ ਇਥੇ ਪਾਣੀ ਦਾ ਨਾਮ-ਨਿਸ਼ਾਨ ਵੀ ਨਹੀਂ ਹੁੰਦਾ। ਨੀਵੀਆਂ ਥਾਵਾਂ 'ਤੇ ਚਲਿਆ ਜਾਂਦੈ। ਉੱਚਾ ਖਾਲੀ ਰਹਿ ਜਾਂਦੈ, ਉੱਚੇ ਦੇ ਵਿਚ ਚਰੀ ਬੀਜਣ ਦੀ ਵੱਤ ਨਹੀਂ ਹੁੰਦੀ, ਨੀਵਿਆਂ ਦੇ ਵਿਚ ਚਾਹੇ ਜੀਰੀ ਲਾ ਲਓ ਕਿਉਂਕਿ ਪਾਣੀ ਰੁਕਦੈ ਉਥੇ। ਉੱਚੇ ਹਿਰਦੇ ਵਿਚ ਉਪਦੇਸ਼ ਨਹੀਂ ਕਦੇ ਵੀ ਰੁਕਿਆ ਕਰਦਾ। ਜਿਹੜਾ ਕਹਿੰਦੈ, ਮੈਂ ਹਾਂ, ਮੈਂ ਬਹੁਤ ਪੜ੍ਹਿਆ ਲਿਖਿਆ ਹਾਂ, ਮੈਂ ਬਹੁਤ ਧਨੀ ਹਾਂ, ਮੈਂ ਬਹੁਤ ਕੁਛ ਜਾਣਦਾ ਹਾਂ, ਮਹਾਰਾਜ ਕਹਿੰਦੇ ਉਹ ਤਾਂ ਸੁੰਨਾ ਹਿਰਦਾ ਹੈ। ਉਹ ਸਿੰਬਲ ਰੁੱਖ ਹੈ, ਉਹਦੇ ਵਿਚ ਨਹੀਂ ਕੁਛ ਵੀ ਹੈ -

***ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥***

***ਅੰਗ- 470***

ਮਾਣ ਜਿਹੜਾ ਹੈ ਉਹ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਹੋਰ ਚੀਜ਼ਾਂ ਬਖਸ਼ ਦਿੰਦੈ, ਮਾਣ ਵਾਲੇ ਨੂੰ ਨਹੀਂ ਬਖਸ਼ਦਾ ਕਿਉਂਕਿ ਵਿਰੋਧ ਹੈ, ਮਾਣ ਦਾ ਪ੍ਰਮੇਸ਼ਰ ਦਾ। ਐਸਾ ਫੁਰਮਾਨ ਹੈ -

***ਧਾਰਨਾ - ਤੇਰਾ ਮਾਣ-ਤੇਰਾ ਮਾਣ, ਤੇਰਾ ਮਾਣ ਜੀ,***
***ਹਰੀ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

ਹਨੂੰਮਾਨ ਜੀ ਨੂੰ ਸ੍ਰੀ ਰਾਮ ਚੰਦਰ ਜੀ ਨੇ ਸੀਤਾ ਜੀ ਦਾ ਹਾਲ ਪੁੱਛਣ ਵਾਸਤੇ ਕਿਹਾ ਕਿ ਜਾਹ ਜਾ ਕੇ, ਸੀਤਾ ਜੀ ਦੀ ਤਲਾਸ਼ ਕਰਕੇ ਆ।

ਕਹਿਣ ਲੱਗਿਆ, ਮਹਾਰਾਜ! ਮੈਂ ਜਾਣਦਾ ਨਹੀਂ ਉਨ੍ਹਾਂ ਨੂੰ। ਮੈਨੂੰ ਕਿਵੇਂ ਪਛਾਨਣਗੇ।

ਸ੍ਰੀ ਰਾਮ ਚੰਦਰ ਜੀ ਨੇ ਆਪਣੀ ਅਗੂੰਠੀ ਦੇ ਦਿਤੀ ਕਿ ਆਹ ਦਿਖਾ ਦੇਵੀਂ। ਆਹ ਦਿਖਾ ਕੇ ਹਾਲ ਚਾਲ ਪੁੱਛੀਂ ਸਾਰਾ, ਫੇਰ ਮੈਨੂੰ ਆ ਕੇ ਖਬਰ ਦੇਈਂ।

ਉਥੇ ਗਿਆ ਤੇ ਜਾ ਕੇ ਉਨ੍ਹਾਂ ਨੂੰ ਮਿਲਿਆ, ਨਮਸ਼ਕਾਰ ਕਰੀ। ਬਚਨ ਕਰੇ। ਜਦੋਂ ਵਾਪਸ ਆ ਗਿਆ। ਤਾਂ ਸ੍ਰੀ ਰਾਮ ਚੰਦਰ ਜੀ ਨੇ ਉਸ ਵੇਲੇ ਉਹਨੂੰ ਇਕ ਸਵਾਲ ਕਿਹਾ, ਬਹੁਤ ਹੀ ਵਧੀਆ, ਉਹ ਚੀਜ਼ ਸਾਨੂੰ ਬਹੁਤ ਸਿਖਿਆ ਦਿੰਦੀ ਹੈ। ਜੇ ਕਿਤੇ ਕੋਈ ਅਪਣਾਅ ਬੈਠੇ। ਔਖੀ ਹੈ ਅਪਨਾਉਣੀ।

ਉਨ੍ਹਾਂ ਨੇ ਕਿਹਾ, "ਔਹ ਹਨੂਮਾਨ! ਕਹਿਓ ਰਘੁਬੀਰ! ਕੁਛ ਸੁਧ ਹੈ ਸੀਅ ਕੀ ਛਿਤ ਮਾਹਿ?"

ਕਹਿਣ ਲੱਗੇ, ਹਨੂੰਮਾਨ ਮੈਨੂੰ ਦੱਸ ਤੈਨੂੰ ਕੁਛ ਸੁਧ ਲੱਗੀ, ਸੀਤਾ ਦੀ ਇਸ ਧਰਤੀ ਦੇ ਉਤੇ ਕਿ ਕਿੱਥੇ ਹੋ ਸਕਦੀ ਹੈ?

ਉਸ ਵੇਲੇ ਜਵਾਬ ਦਿਤਾ -

***"ਹੈ ਪ੍ਰਭ, ਲੰਕ ਕਲੰਕ ਬਿਨਾ***
***ਬਸਹਿ ਤਰ ਰਾਵਣ ਬਾਗ ਕੇ ਛਾਹੀ।"***

ਹੈ ਉਹ, ਉਸ ਨੂੰ ਕੋਈ ਅਜੇ ਤੱਕ ਕਲੰਕ ਨਹੀਂ ਲੱਗਿਆ। ਉਹ ਰਾਵਣ ਦੇ ਬਾਗ ਦੇ ਵਿਚ, ਦਰਖਤਾਂ ਦੀ ਛਾਉਂ ਦੇ ਵਿਚ ਰਹਿ ਰਹੀ ਹੈ।

ਉਸ ਵੇਲੇ ਰਾਮ ਚੰਦਰ ਜੀ ਗੰਭੀਰ ਹੋ ਗਏ? ਕਹਿਣ ਲੱਗੇ, ਉਹਦਾ ਤਾਂ ਮੇਰੇ ਨਾਲ ਐਨਾ ਪਿਆਰ ਸੀ, ਐਨਾ ਪਿਆਰ ਸੀ ਜਿੰਨਾ ਦਸਦੇ ਨੇ ਪਿਆਰ ਵਾਲੇ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥***

***ਅੰਗ- 708***

ਉਸ ਵੇਲੇ ਦੂਜਾ ਸਵਾਲ ਕਰਿਆ, ਕਹਿੰਦੇ -

"ਜੀਵਤ ਹੈ?"

ਕਿਉਂਕਿ ਉਹਦਾ ਤਾਂ ਮੇਰੇ ਨਾਲ ਪਿਆਰ ਐਨਾ ਸੀ ਕਿ ਉਹ ਮੇਰੇ ਬਿਨਾਂ ਇਕ ਸਕਿੰਟ ਵੀ ਨਹੀਂ ਸੀ ਜੀ ਸਕਦੀ? ਤੇ ਹੁਣ ਜਿਉਂਦੀ ਹੈ? -

***"ਕਹਿਬੇ ਹੀ ਕੋ ਨਾਥ।"***

ਕਹਿ ਸਕਦੇ ਹਾਂ ਕਿ ਉਹ ਜਿਉਂਦੀ ਹੈ, ਲੇਕਿਨ ਜਿਉਂਦੀ ਨਹੀਂ ਹੈ।

ਕਹਿੰਦੇ -

***"ਸੋ ਮਰ ਕਿਉਂ ਨਾ ਗਈ ਹਮਰੇ ਬਿਛਰਾਹੀ।"***

ਹੁਣ ਤੱਕ ਉਹ ਮਰੀ ਕਿਉਂ ਨਹੀਂ ਸਾਡੇ ਤੋਂ ਵਿਛੜ ਕੇ?

ਅਜੀਬ ਸਵਾਲ ਹੈ ਇਹ, ਬਹੁਤ ਗਹਿਰਾ। ਕਿਉਂਕਿ ਪਿਆਰ ਐਨਾ ਜ਼ਬਰਦਸਤ ਸੀ, ਉਹਨੇ ਜਿਉਂਦੀ ਨਹੀਂ ਸੀ ਰਹਿ ਸਕਣਾ ਤੇ ਇਨ੍ਹਾਂ ਨੇ ਸਵਾਲ ਪੁੱਛ ਲਿਆ ਕਿ ਸਾਡੇ ਤੋਂ ਵਿਛੜ ਕੇ ਹੁਣ ਤੱਕ ਮਰੀ ਕਿਉਂ ਨਹੀਂ।

ਉਹ ਕਹਿਣ ਲੱਗਿਆ, ਮਹਾਰਾਜ!

*"ਪ੍ਰਾਨ ਬਸੈ ਪਗ ਪੰਕਜ ਮਹਿ,*
*ਜਮ ਆਵਤ ਹੈ ਪਰ ਪਾਵਤ ਨਾਹੀ।"*

ਉਹਦੇ ਪ੍ਰਾਣ ਤਾਂ ਤੁਹਾਡੇ ਚਰਨਾਂ 'ਚ ਵਸ ਰਹੇ ਨੇ। ਜਮਦੂਤ ਆਉਂਦੇ ਨੇ, ਟੋਲ੍ਹਦੇ ਨੇ ਪ੍ਰਾਣ ਪਰ ਪ੍ਰਾਣ ਕਿੱਥੋਂ ਮਿਲਣ ਉਹ ਤਾਂ ਤੁਹਾਡੇ ਚਰਨਾਂ 'ਚ ਆ ਗਏ।

ਸੋ ਇਹ ਪ੍ਰੇਮ ਹੁੰਦੈ, ਇਸ ਪ੍ਰੇਮ ਦੇ ਨਾਲ ਪ੍ਰਮੇਸ਼ਰ ਮਿਲਦੈ। ਇਹ ਅਖੰਡ ਪ੍ਰੇਮ ਹੁੰਦੈ -

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥* *ਅੰਗ- 657*

ਜੇ ਐਨਾ ਪਿਆਰ ਹੋਵੇ ਤਾਂ ਪ੍ਰਮੇਸ਼ਰ ਆ ਜਾਇਆ ਕਰਦੈ।

ਸੋ ਇਧਰ ਇਸ ਅਭਿਮਾਨੀ ਨੇ ਇਹ ਗੱਲ ਸੋਚੀ। ਕ੍ਰਿਸ਼ਨ ਮਹਾਰਾਜ ਤਾਂ ਪਹਿਲਾਂ ਹੀ ਆਪਣੇ ਪਿਆਰੇ ਭਗਤ ਕੋਲ ਜਾਣਾ ਚਾਹੁੰਦੇ ਸਨ ਤੇ ਉਥੇ ਜਾ ਕੇ ਆਪ ਨੇ ਸਾਰੀ ਫੌਜ ਭੇਜ ਦਿਤੀ, ਸਾਰੇ ਨਾਲ ਜਿਹੜੇ ਮਸੀਰ ਸੀ ਉਹ ਭੇਜ ਦਿਤੇ ਕਿ ਜਾਓ ਤੁਸੀਂ ਤਾਂ ਸਾਰੇ ਸ਼ਾਹੀ ਮਹਿਮਾਨ ਹੋਂ। ਅਸੀਂ ਸਵੇਰੇ ਦਰਬਾਰ ਵਿਚ ਪਹੁੰਚ ਜਾਵਾਂਗੇ। ਆਪ ਇਕੱਲੇ, ਰਥ ਵੀ ਛੱਡ ਦਿਤਾ। ਚੁੱਪ ਕਰਕੇ, ਤੁਰ ਕੇ ਬਿਦਰ ਦੀ ਝੌਂਪੜੀ ਦੇ ਵਿਚ ਆ ਜਾਂਦੇ ਨੇ। ਐਸਾ ਗ੍ਰੰਥਾਂ 'ਚ ਲਿਖਿਆ ਹੋਇਐ ਕਿ ਜਿਸ ਵਕਤ ਆਪ ਨੇ ਆਵਾਜ਼ ਮਾਰੀ, ਉਸ ਵੇਲੇ ਬਿਦਰ ਜੀ ਘਰ ਨਹੀਂ ਸੀਗੇ। ਬੀਬੀ ਇਕੱਲੀ ਘਰ ਸੀ, ਉਹਨੂੰ ਆਵਾਜ਼ ਸੁਣਦੀ ਹੋਈ, ਸੁੱਧ ਤੇ ਬੁੱਧ ਦੋਨੋਂ ਹੀ ਭੁੱਲ ਗਈਆਂ, ਇਸ਼ਨਾਨ ਕਰਦੀ ਸੀ, ਉਵੇਂ ਜਿਵੇਂ ਦੋਵੇਂ ਹੀ ਭੁੱਲ ਗਈਆਂ। ਵਸਤਰ ਕੋਈ ਨਹੀਂ ਪਹਿਨਿਆ ਹੋਇਆ। ਸੁੱਧ ਭੁੱਲ ਗਈ ਸਰੀਰ ਦੀ ਕਿ ਭਗਵਾਨ ਆ ਗਏ -

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,*
*ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।*

*(ਕਬਿੱਤ ਭਾਈ ਗੁਰਦਾਸ ਜੀ)*

ਨਾ ਕੋਈ ਸੋਚ ਰਹੀ, ਤਾਂ ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਆਪਣਾ ਵਸਤਰ ਪੀਲਾ ਉਨ੍ਹਾਂ ਦੇ ਉਤੇ ਪਾ ਦਿਤਾ। ਬਹੁਤ ਪਿਆਰ ਦੇ ਨਾਲ ਅੰਦਰ ਚਲੇ ਗਏ। ਉਥੇ ਥੋੜ੍ਹੀਆਂ ਗੱਲਾਂ ਹੋਈਆਂ। ਫੇਰ ਉਸ ਨੇ ਆਪ ਨੂੰ ਕੇਲੇ ਖਿਲਾਉਣੇ ਸ਼ੁਰੂ ਕਰ ਦਿਤੇ। ਕੇਲੇ ਦਾ ਜੋ ਗੁਦਾ ਹੈ ਉਹ ਬਾਹਰ ਸੁੱਟ ਦਿੰਦੀ ਹੈ ਤੇ ਉਹ ਜਿਹੜਾ ਛਿਲਕਾ ਹੈ ਉਹ ਫੜਾ ਦਿੰਦੀ ਹੈ। ਉਹ ਵੀ ਆਰਾਮ ਨਾਲ ਖਾਈ ਜਾਂਦੇ ਨੇ, ਕੋਈ ਪਤਾ ਨਹੀਂ ਹੈ। ਮਸਤ ਹੋਈ, ਹੋਈ ਹੈ। ਕਿਉਂਕਿ ਸੁੱਧ ਨਹੀਂ ਹੁੰਦੀ ਪਿਆਰ 'ਚ, ਬੇਸੁਧ ਹੁੰਦੈ ਬੰਦਾ। ਭੁੱਲਿਆ ਹੁੰਦੈ, ਆਪਾ ਗਵਾਚਿਆ ਹੁੰਦੈ ਉਸ ਵੇਲੇ ਤੇ ਐਨੇ ਨੂੰ ਬਿਦਰ ਜੀ ਆ ਜਾਂਦੇ ਨੇ। ਆ ਕੇ ਦੇਖਿਆ ਕਿ ਗੁਦਾ ਬਾਹਰ ਸੁੱਟੀ ਜਾਂਦੀ ਹੈ ਬਾਲਟੀ 'ਚ ਤੇ ਛਿਲਕੇ ਫੜਾਈ ਜਾਂਦੀ ਹੈ। ਜਾ ਕੇ ਕਹਿਣ ਲੱਗੇ ਕਿ ਐਨੀ ਮੂਰਖ ਹੈਂ ਤੂੰ? ਭਗਵਾਨ ਆਏ ਨੇ। ਸਾਰੀ ਦੁਨੀਆਂ ਦੇ ਪੂਜ

ਨੇ, 16 ਕਲਾਂ ਸੰਪੂਰਨ, ਦੁਆਪਰ ਯੁੱਗ ਦੇ ਅਵਤਾਰ ਨੇ। ਆਪਣੇ ਤਾਂ ਗਰੀਬ ਨਿਵਾਜ ਇਨ੍ਹਾਂ ਦਾ ਸੁਭਾਅ ਹੋਣ ਕਰਕੇ ਆ ਗਏ। ਆਪਣੇ ਤਾਂ ਕਿੱਥੇ ਆ ਸਕਦੇ ਸੀ। ਆਪਾਂ ਕਿਹੜਾ ਕਿਸੇ ਗਿਣਤੀ ਵਿਚ ਕਿਸੇ ਦੇ। ਤੂੰ ਬਹੁਤ ਮਾੜਾ ਕੰਮ ਕਰਿਆ। ਸੋਝੀ ਆਈ ਉਸ ਨੂੰ, ਹੋਸ਼ ਵਿਚ ਆਈ।

ਆਪ ਨੇ ਕੇਲਾ ਛਿਲਿਆ, ਛਿੱਲ ਕੇ ਗੁੱਦਾ ਦੇ ਦਿਤਾ। ਜਦੋਂ ਕ੍ਰਿਸ਼ਨ ਮਹਾਰਾਜ ਨੇ ਮੂੰਹ ਵਿਚ ਪਾਇਆ, ਉਹ ਵੀ ਸਾਵਧਾਨ ਹੋ ਗਏ, ਕਹਿਣ ਲੱਗੇ, ਬਿਦਰ! ਜੋ ਅਨੰਦ ਉਨ੍ਹਾਂ 'ਚ ਆਉਂਦਾ ਸੀ, ਉਹ ਇਸ ਗੁੱਦੇ 'ਚ ਨਹੀਂ ਆ ਰਿਹਾ। ਉਹ ਕੋਈ ਅਕਹਿ ਰਸ ਸੀ, ਪਿਆਰ ਦਾ ਰਸ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਪ੍ਰਸ਼ਾਦਾ ਤਿਆਰ ਕਰਿਆ। ਨਮਕ ਪਾਉਣਾ ਭੁੱਲ ਗਏ। ਸਾਗ ਦੀ ਪਿੰਨੀ ਬਣਾ ਲਈ ਤੇ ਉਹਦੇ ਹੀ ਪ੍ਰਸ਼ਾਦਾ ਦੇ ਦਿਤਾ।

ਪੈਣ ਵਾਸਤੇ ਕੋਈ ਚੀਜ਼ ਨਹੀਂ ਸੀ, ਸਫ ਦੇ ਉਤੇ ਬੈਠੇ ਰਹੇ ਤਿੰਨੋ ਜਣੇ। ਸਾਰੀ ਰਾਤ ਪ੍ਰਮੇਸ਼ਰ ਦੀਆਂ ਗੱਲਾਂ ਕਰਦੇ-ਕਰਦੇ ਪਤਾ ਹੀ ਨਹੀਂ ਲੱਗਿਆ ਕਿ ਰਾਤ ਕਦੋਂ ਲੰਘ ਗਈ ਦਿਨ ਚੜ੍ਹ ਗਿਆ।

ਕ੍ਰਿਸ਼ਨ ਮਹਾਰਾਜ ਤਿਆਰ ਹੋਏ ਤੇ ਜਾ ਕੇ ਜਦੋਂ ਦਰਬਾਰ ਵਿਚ ਪਹੁੰਚਦੇ ਨੇ, ਉਸ ਵੇਲੇ ਦੁਰਯੋਧਨ ਨੇ ਅੱਖ ਨਹੀਂ ਰਲਾਈ, ਟੇਡਾ ਬੈਠਾ ਰਿਹਾ। ਦੇਖ ਲਿਆ ਕਿ ਆ ਗਏ ਤੇ ਪਹਿਲਾ ਸਵਾਲ ਇਹ ਕਰਿਆ ਕਿ ਗੱਲਬਾਤ ਤਾਂ ਆਪਾਂ ਫੇਰ ਕਰ ਲਵਾਂਗੇ। ਜਿਹੜੇ ਕੰਮ ਨੂੰ ਤੁਸੀਂ ਆਏ ਹੋਂ। ਪਰ ਤੁਸੀਂ ਸਿਸ਼ਟਾਚਾਰ ਨਹੀਂ ਰੱਖਿਆ। ਜਦੋਂ ਕੋਈ ਰਾਜਾ ਰਾਜੇ ਕੋਲ ਆਉਂਦਾ ਹੈ ਤਾਂ ਉਹ ਮਰਿਆਦਾ ਹੁੰਦੀ ਹੈ ਰਾਜ ਦੀ ਕਿ ਇਹਨੂੰ ਕਿਹੜੇ ਗੈਸਟ ਹਾਊਸ 'ਚ ਠਹਿਰਾਉਣਾ ਹੈ ਤੇ ਕੀ ਬੰਦੋਬਸਤ ਕਰਨਾ ਹੈ। ਇਹਦੇ ਮੰਨੋਰੰਜਨ ਵਾਸਤੇ ਕੀ ਬੰਦੋਬਸਤ ਕਰਨਾ ਹੈ। ਉਹ ਅਸੀਂ ਸਾਰੀਆਂ ਤਿਆਰੀਆਂ ਕੀਤੀਆਂ ਤੇ ਡਿਊਟੀਆਂ ਲਾਈਆਂ ਤੁਹਾਨੂੰ ਮਿਲਣ ਵਾਸਤੇ ਸਮੇਂ ਦੇ ਹਿਸਾਬ ਨਾਲ। ਦਰੋਣਾਚਾਰੀਆ ਦੀ, ਭੀਸ਼ਮ ਪਿਤਾਮਾ ਦੀ, ਕ੍ਰਿਪਾਚਾਰੀਆ ਦੀ ਤੇ ਕੀ ਮੈਂ ਪੁੱਛ ਸਕਦਾ ਹਾਂ ਕਿ ਤੁਸੀਂ ਇਹ ਸਾਰਾ ਸਿਸ਼ਟਾਚਾਰ ਭੰਗ ਕਰਕੇ ਸਾਰੀ ਰਾਜਸੀ ਮਰਿਆਦਾ ਭੰਗ ਕਰਕੇ, ਇਕ ਗੋਲੇ ਦੇ ਘਰ ਜਾ ਕੇ ਤੁਹਾਨੂੰ ਕੀ ਅਨੰਦ ਆਇਆ। ਉਥੇ ਜਾ ਕੇ ਤੁਹਾਨੂੰ ਕਿਹੜਾ ਸੁੱਖ ਹੈ ਜਿਹੜਾ ਮਿਲਿਆ। ਇਸ ਤਰ੍ਹਾਂ ਦੇ ਨਾਲ ਗੁੱਸੇ 'ਚ ਆ ਕੇ ਕਹਿ ਰਿਹਾ ਹੈ -

***ਧਾਰਨਾ - ਕਿਹੜਾ ਸੁੱਖ ਪਾਇਆ ਜੀ,***
***ਝੁੱਗੀ ਵਿਚ ਜਾ ਕੇ ਬਹਿ ਗਿਆ।***
***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਸੁਣ ਲਿਆ ਕਿ ਉਹ ਤਾਂ ਮੇਰੇ ਨਹੀਂ ਆਇਆ ਰਾਤ। ਜਿੱਥੇ ਬੰਦੋਬਸਤ ਕੀਤੇ ਸੀ, ਜਿੱਥੇ ਉਹਦਾ ਸਵਾਗਤ ਕਰਨਾ ਸੀ ਉਥੇ ਨਹੀਂ

ਪਹੁੰਚਿਆ ਤੇ ਉਸ ਨੇ ਤਾਂ ਬਿਦਰ ਦੀ ਝੁੱਗੀ 'ਚ ਜਾ ਕੇ ਰਾਤ ਕੱਟੀ।

***ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਕਰਨ ਵਰਗਾ ਦਾਨੀ ਜਿਹੜਾ ਰੋਜ਼ ਸਵਾ ਮਣ ਸੋਨਾ ਪੁੰਨ ਕਰਦੈ, ਭੀਸ਼ਮ ਪਿਤਾਮਾ ਵਰਗਾ ਬਾਲ ਜਤੀ, ਯੋਗੀ, ਜਿਹਦਾ ਸਾਰੀ ਦੁਨੀਆਂ ਸਤਿਕਾਰ ਕਰਦੀ ਹੈ। ਦੂਸਰੇ ਜਿਹੜੇ ਚੰਗੇ-ਚੰਗੇ ਸੀ ਦਰੋਣਾਚਾਰੀਆ ਸੀ, ਕ੍ਰਿਪਾਚਾਰੀਆ ਸੀ ਇਨ੍ਹਾਂ ਸਭ ਨੂੰ ਛੱਡ ਕੇ ਗੋਲੇ ਦੇ ਘਰ ਜਾ ਕੇ ਤੈਨੂੰ ਕੀ ਸੁਖ ਮਿਲਿਆ?

***ਝੁੱਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰ ਧੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਮੈਂ ਹੀ ਨਹੀਂ ਦੁਖੀ ਕ੍ਰਿਸ਼ਨ, ਆਹ ਸਾਰੇ ਜਿੰਨੇ ਖੜ੍ਹੇ ਨੇ, ਇਹ ਸਭ ਦੁਖੀ ਨੇ ਇਸ ਗੱਲ ਤੋਂ ਕਿ ਇਹ ਕੰਮ ਤੂੰ ਕੀ ਕਰਿਆ? ਜੇ ਮੈਂ ਇਹ ਗੱਲ ਕਹਿ ਦੇਵਾਂ ਕਿ ਤੇਰਾ ਗੁਆਲਿਆਂ ਵਾਲਾ ਸੁਭਾਅ ਨਹੀਂ ਅਜੇ ਹਟਿਆ, ਰਾਜ ਦੀ ਗੱਦੀ 'ਤੇ ਬੈਠ ਕੇ। ਬੇਇਜ਼ਤੀ ਕਰੀ ਉਸ ਨੇ ਇਸ ਗੱਲ ਦੀ।

ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਜਵਾਬ ਦਿਤਾ ਕਿ ਕਹਿਣ ਲੱਗੇ, ਦੁਰਯੋਧਨ! ਜਿਨ੍ਹਾਂ ਨੂੰ ਤੂੰ ਸ਼ਿੰਗਾਰ ਕਹਿੰਦੈਂ, ਸਭਾ ਦੇ, ਉਨ੍ਹਾਂ ਦੇ ਤਾਂ ਅਭਿਮਾਨ ਹੀ ਬਹੁਤ ਹੈ ਮਨ 'ਚ, ਪਿਆਰ ਤਾਂ ਹੈ ਨੀ। ਕਿਸੇ ਦਾ ਅੰਦਰ ਪਿਆਰ ਨਹੀਂ ਤੇ ਮੈਂ ਇਥੇ ਉਜਾੜ ਵਿਚ ਕਰਨਾ ਕੀ ਸੀ -

***ਧਾਰਨਾ - ਦਿਸਦਾ ਉਜਾੜ ਹੈ, ਰਾਮ ਦੇ ਪਿਆਰੇ ਬਾਝੋਂ।***

***ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥***
***ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥***

***ਅੰਗ- 1365***

ਕਹਿਣ ਲੱਗੇ, ਜਿੱਥੇ ਪਿਆਰ ਨਹੀਂ ਪ੍ਰਮੇਸ਼ਰ ਦਾ, ਉਹ ਤਾਂ ਉਜਾੜ ਹੋਇਆ ਕਰਦੀ ਹੈ ਜਗ੍ਹਾ। ਇਨ੍ਹਾਂ ਦਾ ਮਨ ਤਾਂ ਹੰਕਾਰ ਨਾਲ ਭਰਿਆ ਪਿਐ, ਈਰਖਾ ਨਾਲ ਭਰਿਆ ਪਿਐ। ਇਥੇ ਮੈਨੂੰ ਕੀ ਅਨੰਦ ਆਉਣਾ ਸੀ? ਜੇ ਤੂੰ ਪੁੱਛਣਾ ਹੀ ਹੈ ਤਾਂ ਮੈਂ ਤੈਨੂੰ ਦੱਸ ਦਿੰਦਾਂ ਖੋਲ੍ਹ ਕੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਰਾਜਨਾ! ਅਸੀਂ ਤੇਰੇ ਕਾਹਨੂੰ ਆਉਣਾ ਸੀ,***
***ਸਾਨੂੰ ਲਗਦੇ ਬਿਦਰ ਜੀ ਪਿਆਰੇ।***

***ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਗਰਦਨ ਓਧਰ ਕਰਕੇ ਨਾ ਗੱਲ ਕਰ, ਮੇਰੇ ਵਲ ਮੂੰਹ ਕਰ, ਸਨਮੁੱਖ ਹੋ। ਸਾਨੂੰ ਉਲਾਂਭਾ ਦਿੰਨੈ? ਮਨ 'ਚ ਝਾਤੀ ਮਾਰ ਕਿ ਮੈਂ ਤਬੇਲੇ ਵਿਚ ਜਾਵਾਂਗਾ, ਮੈਂ ਖੜ੍ਹਾ ਨਹੀਂ ਹੋਣਾ ਉਹਦੇ ਆਉਣ 'ਤੇ। ਆਹੀ ਪਿਆਰ ਹੁੰਦੈ? ਮੇਰੇ ਆਉਣ ਦਾ ਕੀ ਕੰਮ ਜਦ ਤੇਰੇ ਹਿਰਦੇ 'ਚ ਪਿਆਰ ਨਹੀਂ, ਕੋਈ ਖਿੱਚ ਨਹੀਂ। ਪਿਆਰ ਤੋਂ ਬਿਨਾਂ ਤਾਂ ਕੋਈ ਜਾਇਆ ਨਹੀਨ ਕਰਦਾ

–

*ਰਾਜਨ ਕਉਨੁ ਤੁਮਾਰੈ ਆਵੈ ॥*
*ਐਸੋ ਭਾਉ ਬਿਦਰ ਕੋ ਦੇਖਿਓ*
*ਓਹੁ ਗਰੀਬੁ ਮੋਹਿ ਭਾਵੈ ॥* **ਅੰਗ- 1105**

ਕੋਈ ਰਾਮ ਦਾ ਪਿਆਰਾ ਹੋਵੇ ਤਾਂ ਮਨ ਲਗਦੈ। ਮੈਂ ਕੀ ਉਜਾੜ ਵਿਚ ਆਉਂਦਾ? ਉਹ ਪਿਆਰ ਕਰਦੈ, ਜੋ ਉਹਦੇ ਮਨ 'ਚ ਪਿਆਰ ਹੈ, ਉਹਦੇ ਵਰਗਾ ਪਿਆਰ ਨਹੀਂ ਕਿਸੇ 'ਚ। ਮੈਂ ਖਾਣ ਪੀਣ ਦਾ ਭੁੱਖਾ ਨਹੀਂ ਹਾਂ, ਸਭ ਚੀਜ਼ਾਂ ਨੇ ਮੇਰੇ ਕੋਲ ਖਾਣ ਨੂੰ। ਕੀ ਮਿਲਣਾ ਸੀ, ਓਹੀ ਚੀਜ਼ਾਂ ਨੇ ਜਿਹੜੀਆਂ ਅਸੀਂ ਰੋਜ਼ ਖਾਂਦੇ ਹਾਂ। ਪਰ ਉਹ ਜਿਹੜਾ ਪਿਆਰ ਮੈਨੂੰ ਮਿਲਿਐ। ਤੁਹਾਡੀ ਨਿਗ੍ਹਾ 'ਚ ਉਹ ਗਰੀਬ ਹੈ, ਪਰ ਮੈਨੂੰ ਉਹ ਭਾਉਂਦੈ।

*ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥*
**ਅੰਗ- 1105**

ਹਾਥੀਆਂ ਨੂੰ ਦੇਖ ਕੇ, ਦੌਲਤਾਂ ਨੂੰ ਦੇਖ ਕੇ ਭੁੱਲ ਗਿਆ ਤੇ ਮਨ ਵਿਚ ਕੀ ਕਹਿੰਦਾ ਸੀਗਾ ਕਿ ਇਹਦੀਆਂ ਆਦਤਾਂ ਗੁਆਲਿਆਂ ਵਾਲੀਆਂ ਨੇ। ਤੂੰ ਨਹੀਂ ਸਮਝ ਸਕਦਾ ਦੁਰਯੋਧਨ, ਪਿਆਰ ਦੀਆਂ ਖੇਡਾਂ ਹੋਰ ਨੇ। ਉਹਦੇ 'ਚ ਨੇਮ ਨਹੀਂ ਹੋਇਆ ਕਰਦੇ। ਬਾਕੀ ਤੂੰ ਜਿਹੜਾ ਮੈਨੂੰ ਮਿਹਣਾ ਦਿੰਨੈ ਕਿ ਉਥੇ ਕੀ ਸੁਖ ਪਾਇਆ ਤੂੰ ਜਾ ਕੇ?

ਕਹਿਣ ਲੱਗਿਆ, ਹਾਂ, ਉਥੇ ਕੀ ਮਿਲਿਆ ਤੈਨੂੰ ਖਾਣ ਨੂੰ? ਉਹਦੇ ਕੋਲ ਹੈ ਕੀ ਜਿਹੜਾ ਜਾ ਕੇ ਖਾਇਆ? ਇਥੇ ਛੱਤੀ ਪ੍ਰਕਾਰ ਦੇ ਭੋਜਨ ਸੀ। ਅਨੇਕ ਕਿਸਮ ਦੀਆਂ ਚੀਜ਼ਾਂ ਦੁੱਧ ਦੀਆਂ ਬਣਾਈਆਂ ਹੋਈਆਂ ਸੀ। ਉਥੇ ਤਾਂ ਮੈਨੂੰ ਇਸ ਤਰ੍ਹਾਂ ਲਗਦੈ ਕਿ ਭੁੱਖਾ ਹੀ ਰਿਹਾ ਹੋਵੇਂ ਤੂੰ। ਕੁਛ ਖਾਧਾ ਹੀ ਨਾ ਹੋਵੇ। ਉਸ ਵੇਲੇ ਇਸ ਦਾ ਜਵਾਬ ਦਿੰਦੇ ਨੇ ਆਪ-

*ਧਾਰਨਾ - ਦੁੱਧ ਤੇਰਾ ਓ ਕਿਸੇ ਕੰਮ ਨਾ,*
*ਅੰਮ੍ਰਿਤ ਲੱਗਿਆ ਬਿਦਰ ਦਾ ਪਾਣੀ।*

ਕਹਿਣ ਲੱਗੇ, ਖਾਣ ਪੀਣ ਦੀ ਗੱਲ ਕਰਦੈਂ?

*ਤੁਮਰੋ ਦੂਧੁ ਬਿਦਰ ਕੋ ਪਾਨ੍ਹੋ*
*ਅੰਮ੍ਰਿਤੁ ਕਰੁ ਮੈ ਮਾਨਿਆ ॥* **ਅੰਗ- 1105**

ਮੈਨੂੰ ਤਾਂ ਉਹ ਅੰਮ੍ਰਿਤ ਵਰਗਾ ਲੱਗਿਆ। ਹੰਕਾਰ ਦਾ ਦੁੱਧ ਕਿਸੇ ਕੰਮ ਨਹੀਂ ਸੀ।

*ਖੀਰ ਸਮਾਨਿ ਸਾਗੁ ਮੈ ਪਾਇਆ*
*ਗੁਨ ਗਾਵਤ ਰੈਨਿ ਬਿਹਾਨੀ ॥*
*ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥*
**ਅੰਗ - 1105**

ਪ੍ਰਮੇਸ਼ਰ ਦੇ ਬਚਨ ਕਰਦਿਆਂ ਨੇ ਸਾਰੀ ਰਾਤ ਲੰਘਾ ਦਿਤੀ। ਸਾਨੂੰ ਤਾਂ ਪਤਾ ਹੀ ਨੀਂ ਕਿ ਪੈਣਾ ਵੀ ਹੈ, ਐਨੇ ਪਿਆਰ ਵਿਚ ਮਸਤ ਸੀ। ਇਹ ਚੀਜ਼ਾਂ ਤੇਰੇ ਮਿਲ ਜਾਣੀਆਂ ਸੀ? ਤੇਰੇ ਬੰਦਿਆਂ ਨੇ ਕੀ ਕਰਨਾ ਸੀ,

ਚੁਗਲੀਆਂ ਕਰਨੀਆਂ ਸੀ ਮੇਰੇ ਕੋਲ ਆ ਕੇ, ਮਾੜੀਆਂ ਗੱਲਾਂ ਕਰਨੀਆ ਸੀ ਪਾਂਡਵਾਂ ਦੇ ਖਿਲਾਫ। ਅਭਿਮਾਨ ਦੀਆਂ ਗੱਲਾਂ ਕਰਨੀਆਂ ਸੀ, ਆਪਣੀ ਅਮੀਰੀ ਦਿਖਾਉਣੀ ਸੀ। ਮੈਨੂੰ ਕੋਈ ਬਿਪਤਾ ਪਈ ਸੀ? ਮੈਂ ਕੋਈ ਦੁਖ ਲੈ ਕੇ ਆਇਆ ਸੀ ਤੇਰੇ ਕੋਲ? ਮੈਂ ਤਾਂ ਇਕ ਸਲਾਹ ਕਰਨੀ ਹੈ। ਤੁਹਾਨੂੰ ਬਚਾਉਣਾ ਚਾਹੁੰਦਾਂ, ਤੁਹਾਡੇ ਹਿਤ ਦੀ ਬਾਤ ਕਰਨੀ ਚਾਹੁੰਦਾਂ, ਮੇਰਾ ਤਾਂ ਇਹਦੇ ਵਿਚ ਕੋਈ ਹਿਤ ਨਹੀਂ ਹੈ। ਜਿਹੜਾ ਪਿਆਰ ਬਿਦਰ ਦੇ ਦਿਲ ਵਿਚ ਹੈ, ਓਨਾਂ ਪਿਆਰ ਤੇਰੇ ਕਿਸੇ ਦੇ ਇਕ ਮਾੜੇ ਜਿਹੜੇ ਤਿਣਕੇ ਜਿੰਨਾ ਵੀ ਨਹੀਂ ਹੈ।

***ਧਾਰਨਾ - ਰਾਜਨਾ! ਹਿਰਦਾ ਤੇਰਾ ਪਿਆਰ ਤੋਂ ਬਿਨਾਂ।***
***ਮੈਂ ਹਾਂ ਭਾਉ ਭਗਤ ਦਾ ਭੁੱਖਾ।***

ਨਾ ਕਿਸੇ ਦੇ ਮਨ 'ਚ ਚਾਉ ਸੀ ਕਿ ਮੈਂ ਆ ਰਿਹਾਂ, ਫਿਕਰ ਪਿਆ ਹੋਇਆ ਸੀ ਕਿ ਪਤਾ ਨਹੀਂ ਕਿਹੜੀ ਗੱਲ ਕਰੇਗਾ? ਕੀ ਕਹੇ ਆ ਕੇ?

ਦੁਰਯੋਧਨ! ਮੈਂ ਤਾਂ ਸੁਤੰਤਰ ਹਾਂ। ਆਹ ਤੇਰੇ ਉਲਾਂਭੇ, ਸ਼ਿਕਵੇ ਫਜ਼ੂਲ ਨੇ। ਕਿਉਂਕਿ ਮੈਨੂੰ ਕੋਈ ਲੋੜ ਨਹੀਂ ਹੈ ਕਿਸੇ ਤਾਈਂ। ਮੈਨੂੰ ਕੋਈ ਬਿਪਤਾ ਨਹੀਂ ਪਈ ਹੋਈ, ਮੈਂ ਤਾਂ ਇਕ ਸਦਭਾਵਨਾ ਲੈ ਕੇ ਆਇਆ ਹਾਂ। ਪਿਆਰ ਬਿਦਰ ਦੇ ਦਿਲ 'ਚ ਸੀ। ਦੂਜਾ ਜਿਹੜਾ ਤੂੰ ਕਹਿੰਦਾ ਹੈਂ ਕਿ ਵੱਡੇ-ਵੱਡੇ ਸਭਾ ਸ਼ਿੰਗਾਰਾਂ ਨੂੰ ਛੱਡ ਦਿਤਾ। ਉਸ ਗਰੀਬੜੇ ਦੇ ਘਰ ਵਿਚ ਗਿਐਂ। ਮੇਰੀ ਨਿਗ੍ਹਾ ਨਾਲ ਦੇਖ, ਉਹ ਗਰੀਬ ਨਹੀਂ ਹੈ। ਤੁਸੀਂ ਤਾਂ ਉਹਦੇ ਪਾਸੁਕ ਵੀ ਨਹੀਂ ਹੈਗੇ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - 707***

ਕਹਿਣ ਲੱਗੇ, ਦੁਰਯੋਧਨ! ਉਹ ਗਰੀਬ ਨਹੀਂ ਹੈ। ਉਹਦੀ ਝੌਂਪੜੀ ਨਾ ਦੇਖ, ਉਹਦਾ ਹਿਰਦਾ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਹੋਇਆ-ਹੋਇਆ ਹੈ। ਉਹ ਤਾਂ ਰਾਜਿਆਂ ਦਾ ਰਾਜਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ- 5***

***ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥***
***ਅੰਗ- 1413***

ਬਾਕੀ ਪਾਤਸ਼ਾਹ ਕੌਣ ਨੇ, ਪਾਤਸ਼ਾਹ ਤਾਂ ਉਹ ਹੁੰਦੈ ਜਿਹਦਾ ਇਥੇ

ਵੀ ਹੁਕਮ ਚੱਲੇ, ਦਰਗਾਹ 'ਚ ਵੀ ਚੱਲੇ –

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ – 186*

ਸੋ ਇਸ ਤਰ੍ਹਾਂ ਆਪ ਨੇ ਐਸਾ ਫੁਰਮਾਨ ਕਰਿਆ। ਕਹਿਣ ਲੱਗੇ, ਰਾਜਨ! ਪ੍ਰਭੂ ਨੂੰ ਜੇ ਕੋਈ ਚੀਜ਼ ਭਾਉਂਦੀ ਹੈ ਉਹ ਪਿਆਰ ਭਾਉਂਦੈ, ਭਗਤੀ ਭਾਉਂਦੀ ਹੈ, ਪ੍ਰਮੇਸ਼ਰ ਨਾਲ ਪਿਆਰ ਹੋਵੇ ਤਾਂ ਪ੍ਰਭੂ ਨੂੰ ਪਛਾਣ ਲੈਂਦੇ। ਪਿਆਰ ਨਾ ਹਿਰਦੇ 'ਚ ਹੋਵੇ ਜਿੰਨੀ ਹੈਂਕੜ ਹੈ, ਪੜ੍ਹਾਈ ਦੀ, ਲਿਖਾਈ ਦੀ, ਜਾਨਣ ਦੀ, ਗਿਆਨ ਦੀ, ਉਹ ਉਥੇ ਲੇਖੇ ਨਹੀਂ ਪੈਂਦੀ –

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਸ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥* *ਤ੍ਵਪ੍ਰਸਾਦਿ ਸਵੱਯੇ*

ਸੋ ਵਾਹਿਗੁਰੂ ਨੂੰ ਮਿਲਣ ਵਾਸਤੇ ਪਿਆਰ ਇਕ ਸਾਧਨ ਹੈ। ਅਗਰ ਪਿਆਰ ਵਿਚ ਆ ਕੇ ਆਵਾਜ਼ ਦਿੰਦੈ, ਤਾਂ ਵਾਹਿਗੁਰੂ ਨੂੰ ਵੀ ਖਿੱਚ ਪੈਂਦੀ ਹੈ, ਐਸੀ ਬਾਤ ਨਹੀਂ ਹੈ ਕਿ ਉਹਨੂੰ ਨਹੀਂ ਪਤਾ ਲਗਦਾ। ਉਹ ਵੀ ਖਿੱਚ ਖਾਂਦੈ ਤੇ ਆਉਂਦੈ –

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*
*ਅੰਗ– 451*

ਉਹ ਤਾਂ ਆਪ ਹੀ ਪਿਆਰ ਦਾ ਰੂਪ ਹੈ, ਜਦੋਂ ਪਿਆਰ ਨਾਲ ਉਸ ਨੂੰ ਕੋਈ ਖਿੱਚਦੈ, ਫੇਰ ਨਹੀਂ ਉਹ ਜਾਣਦਾ।

ਜਦੋਂ ਪਿਆਰ ਨਾਲ ਸ੍ਰੀ ਰਾਮ ਚੰਦਰ ਜੀ ਨੂੰ ਖਿੱਚਿਆ ਭੀਲਣੀ ਨੇ, ਰਿਸ਼ੀਆਂ ਮੁਨੀਆਂ ਨੂੰ ਛੱਡ ਕੇ ਉਹਦੀ ਝੌਂਪੜੀ 'ਚ ਆ ਕੇ ਬੇਰ ਖਾਂਦੇ ਨੇ।

ਉਹ ਬੇਰ ਲਿਆਈ, ਉਹ ਪਹਿਲਾਂ ਹੀ ਚੁਗ ਕੇ ਰੱਖੇ ਹੋਏ ਸੀ। ਰੱਖੇ ਕਿਵੇਂ ਕਿ ਕੋਈ ਖੱਟਾ ਬੇਰ ਨਾ ਚਲਿਆ ਜਾਵੇ। ਦੰਦਾਂ ਦਾ ਜਿਹੜਾ ਸੂਆ ਹੁੰਦੈ, ਇਹ ਹਰ ਬੇਰ ਦੇ ਉਤੇ ਦੇਖ ਲੈਂਦੀ ਹੈ ਕਿ ਆਹ ਤਾਂ ਮਿੱਠਾ ਹੈ ਉਨ੍ਹਾਂ ਵਾਸਤੇ ਰੱਖ ਦੇਵਾਂ। ਐਸਾ ਕਹਿੰਦੇ ਨੇ ਕਿ ਜੂਠੇ ਬੇਰ ਭੀਲਣੀ ਦੇ ਸ੍ਰੀ ਰਾਮ ਚੰਦਰ ਜੀ ਨੇ ਪਿਆਰ ਦੇ ਵਸ ਵਿਚ ਆ ਕੇ ਛਕੇ। ਸੋ ਇਸ ਤਰ੍ਹਾਂ ਪਿਆਰ ਦੇ ਨਾਲ – 'ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥ '

ਪ੍ਰੇਮ ਭਗਤ ਕਰਕੇ ਮੈਂ ਹੇ ਪ੍ਰਭੂ! ਮੈਂ ਤੇਰੇ ਕੋਲ ਐਸੀ ਬੇਨਤੀ ਕਰਦਾ ਹਾਂ–

***ਧਾਰਨਾ - ਸਗਲ ਭਵਨ ਕੇ ਨਾਇਕਾ,***
***ਮੈਨੂੰ ਇਕ ਛਿਨ ਦਰਸ ਦਿਖਾ ਜਾ।***

ਹੇ ਪ੍ਰਭੂ! ਮੈਂ ਤਾਂ ਪ੍ਰੇਮ ਭਗਤੀ ਕਰਕੇ, ਮੈਨੂੰ ਪਤਾ ਲੱਗਿਆ, ਵਿਸ਼ਵਾਸ਼ ਹੈ ਕਿ ਤੂੰ ਪਿਆਰ ਕਰਨ 'ਤੇ ਮਿਲਦੈਂ, ਮੈਂ ਤਾਂ ਤੇਰੇ ਕੋਲ ਬੇਨਤੀ ਕਰੀ ਐ, ਮੈਨੂੰ ਇਕ ਛਿਨ ਵਾਸਤੇ, ਅੱਖ ਝਮਕਣ ਜਿੰਨੇ ਚਿਰ ਨੂੰ ਛਿਨ ਕਹਿੰਦੇ ਨੇ। ਐਨਾ ਚਿਰ ਹੀ ਦਰਸ਼ਨ ਦੇ ਦੇ।

ਸੋ ਆਪ ਨੇ ਦੂਰ ਦਰਾਜ਼ ਤੋਂ ਆ ਕੇ ਸਤਿਸੰਗ ਕੀਤਾ। ਇਥੇ ਹੀ ਸਮਾਪਤੀ ਹੈ -

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# 9

## ਗੁਰ ਕੀ ਪਰਤੀਤਿ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ - 827*

*ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ,*
*ਜਿਹਦੇ ਹੋ ਜਾਏ ਵਲ।*

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਅੰਗ - 519*

ਵਾਹਿਗੁਰੂ ਜੀ ਜਿਸ ਦੀ ਪਿੱਠ ਉਤੇ ਹੋ ਜਾਣ, ਉਹਦੀ ਹਾਰ ਨਹੀਂ ਹੋਇਆ ਕਰਦੀ ਕਦੇ ਵੀ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰੁ ਦੈ ਕਰਿ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ, ਸੁ ਪੇਟ ਹੀ ਕੇ ਪਟ ਬੀਚ***
***ਬਚਾਵੈ॥ (ਅਕਾਲ ਉਸਤਤਿ)***

ਸੋ ਵਾਹਿਗੁਰੂ ਜੀ ਦਾ ਤੇ ਸਾਡਾ ਜੋ ਸਬੰਧ ਹੈ ਸਾਧਸੰਗਤ ਜੀ! ਉਹ ਜਿਉਂਦਾ ਜਾਗਦਾ ਸਬੰਧ ਹੈ। ਧਿਆਨ ਨਾਲ ਮੇਰੀਆਂ ਬੇਨਤੀਆਂ ਸਰਵਣ ਕਰਿਓ। ਬਹੁਤ ਕੁਛ ਰਸਤਾ ਲੱਭ ਜਾਂਦੈ ਇਨ੍ਹਾਂ ਦੇ ਅੰਦਰ ਕਿਉਂਕਿ ਆਪਾਂ ਗੁਰਸਿੱਖਾਂ ਦੇ ਜੀਵਨ ਵਿਚਾਰਦੇ ਹਾਂ। ਉਨ੍ਹਾਂ ਦੇ ਜੀਵਨ ਨੂੰ ਪਰਖ ਕੇ ਦੇਖਦੇ ਹਾਂ, ਆਪਣੀ ਕਸਵੱਟੀ ਦੇ ਉਤੇ। ਸੋ ਜੇ ਅਸੀਂ ਮੰਨ ਲਈਏ, ਕੇਵਲ ਮੰਨਣ ਦੀ ਬਾਤ ਰਹਿ ਜਾਂਦੀ ਹੈ। ਰੌਲਾ ਇਸੇ ਗੱਲ ਦਾ ਹੈ ਕਿ ਮਨ ਮੰਨਦਾ ਨਹੀਂ ਹੈ। ਮਹਾਰਾਜ ਕਹਿੰਦੇ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***

***ਅੰਗ-342***

ਜੇ ਤਾਂ ਮਨ ਮੰਨ ਗਿਆ ਪ੍ਰਮੇਸ਼ਰ ਦੇ ਨਾਲ ਤਾਂ ਸਾਰੇ ਹੀ ਕਾਰਜ ਸਿੱਧ ਹੋ ਗਏ -

***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ ॥ 32 ॥ ਅੰਗ - 342***

ਜੇ ਤਾਂ ਮਨ ਮਿੱਤਰ ਬਣ ਜਾਵੇ, ਏਸ ਜੀਵ ਨੂੰ ਚੁੱਕ ਕੇ ਪ੍ਰਮੇਸ਼ਰ ਬਣਾ ਦਿੰਦੈ। ਜੇ ਮਨ ਮਿੱਤਰ ਨਾ ਬਣੇ ਤਾਂ ਫੇਰ ਇਸ ਜੀਵਨ ਨੂੰ ਨਰਕਾਂ ਦੇ ਗੋਤੇ ਹੀ ਨਹੀਂ ਖਿਲਾਉਂਦਾ, ਕੀੜੇ-ਮਕੌੜੇ ਬਣਾਉਂਦਾ ਫਿਰਦੈ। ਝਗੜਾ ਸਾਡਾ ਮਨ ਨਾਲ ਰਹਿ ਗਿਆ। ਸੋ ਇਸ ਤਰ੍ਹਾਂ ਦੇ ਨਾਲ ਜੇ ਮਨ ਮੰਨ ਜਾਏ ਤਾਂ ਵੱਡੀ ਤੋਂ ਵੱਡੀ ਬਾਤ ਹੋ ਜਾਇਆ ਕਰਦੀ ਹੈ। ਇਸ ਕਰਕੇ ਮਹਾਰਾਜ ਜੀ ਬਾਰ-ਬਾਰ ਫੁਰਮਾਨ ਕਰਦੇ ਨੇ ਕਿ ਮਨ ਨੂੰ ਮਨਾਓ, ਮਨ ਨੂੰ ਸਾਧੋ, ਮਨ ਦੇ ਵਿਚ ਗੁਰੂ ਦੇ ਬਚਨ ਮੰਨੋ, ਤੋਲੋ ਪਹਿਲਾਂ ਬੁੱਧੀ ਦੇ ਨਾਲ। ਫੇਰ ਐਵੇਂ ਨਾ ਮੰਨੋ, ਉਨ੍ਹਾਂ ਨੂੰ ਦੇਖੋ ਪਰਖ ਕੇ ਕਿ ਇਹ ਗੱਲ ਠੀਕ ਹੈ? ਗੁਰੂ ਦੇ ਬਚਨਾਂ ਨੂੰ ਤਾਂ ਅਸੀਂ ਪਰਖਣਾ ਨਹੀਂ ਹੈ ਕਿਉਂਕਿ ਉਹ ਤਾਂ ਅਗੰਮੀ ਬਾਣੀ, ਧੁਰ ਦੀ ਬਾਣੀ ਹੈ। ਜੋ ਆਈ ਹੈ ਉਹ ਮੰਨਣਾ ਪੈਣਾ ਹੈ ਸਾਨੂੰ। ਜੇ ਕਹਿ ਦਿੰਦੇ ਮਹਾਰਾਜ ਕਿ ਸੂਰਜ ਜਿਹੜਾ ਹੈ ਛਿਪਦੇ ਤੋਂ ਚੜ੍ਹ ਕੇ, ਚੜ੍ਹਦੇ 'ਚ ਜਾ ਕੇ ਛਿਪਦੈ, ਸਾਨੂੰ 100% ਹੀ ਮੰਨਣਾ ਪੈਣਾ ਸੀ, ਇਹਦੇ 'ਤੇ ਕਿੰਤੂ ਨਹੀਂ ਸੀ ਕਰਨਾ। ਇਹ ਭਰੋਸਾ ਹੋਇਆ ਕਰਦੈ, ਜਿੰਨਾ ਚਿਰ ਭਰੋਸਾ ਨਹੀਂ ਆਉਂਦਾ, ਓਨੀਂ ਦੇਰ ਤੱਕ ਰੂਹਾਨੀ ਸਫਰ ਦੇ ਵਿਚ ਕੋਈ ਵੀ ਕਾਮਯਾਬੀ ਨਹੀਂ ਹੋਇਆ ਕਰਦੀ। ਪੜ੍ਹੇ ਲਿਖੇ ਬੰਦੇ ਕਹਿਣ ਲੱਗੇ ਕਿ ਫੇਰ ਤਰਕ ਨੂੰ ਕਿੱਥੇ ਥਾਉਂ ਰਹਿ ਗਿਆ। ਭਰੋਸੇ ਅਰ

ਤਰਕ ਦਾ ਮੇਲ ਬਹੁਤ ਘੱਟ ਹੈ, ਹੈ ਨਹੀਂ। ਜਦੋਂ ਗੁਰੂ ਨੂੰ ਅਸੀਂ ਪ੍ਰਮੇਸ਼ਰ ਮੰਨ ਲਿਆ, ਫੇਰ ਉਹਦਾ ਬਚਨ ਮੰਨਣਾ ਹੀ ਮੰਨਣਾ ਹੈ। ਉਹਦੇ ਤਰਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹਦੇ ਵਿਚ ਪ੍ਰਤੀਤ ਹੋਣੀ ਚਾਹੀਦੀ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਗੁਰ ਕੀ ਪਰਤੀਤ ਜੀ,*
*ਜਿਸਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ- 283*

ਇਹ ਸ਼ਰਤੀਆ ਬਾਤ ਮਹਾਰਾਜ ਨੇ ਲਿਖ ਦਿਤੀ ਕਿ ਜਿਹਦੇ ਮਨ ਵਿਚ ਗੁਰੂ ਦੀ ਪ੍ਰਤੀਤ ਹੈ ਉਹਨੂੰ ਪ੍ਰਮੇਸ਼ਰ ਚਿੱਤ ਆਉਂਦੈ। ਜਿਹਦੇ ਮਨ ਵਿਚ ਗੁਰੂ ਦੀ ਪ੍ਰਤੀਤ ਨਹੀਂ ਹੈ ਉਹ ਜ਼ੋਰ ਲਾਈ ਜਾਵੇ, ਨਹੀਂ ਚਿੱਤ ਆਏਗਾ। ਸੋ ਪਹਿਲਾਂ ਪਰਤੀਤ ਦੀ ਲੋੜ ਹੈ, ਭਰੋਸੇ ਦੀ, ਯਕੀਨ ਦੀ, ਵਿਸ਼ਵਾਸ਼ ਦੀ।

ਸਾਰੇ ਹੀ ਮਹਾਂਪੁਰਸ਼ ਇਕ ਕਥਾ ਸੁਣਾਇਆ ਕਰਦੇ ਸੀ। ਪਹਿਲੇ ਮਹਾਂਪੁਰਸ਼ ਅਨੁਭਵੀ ਹੋਇਆ ਕਰਦੇ ਸੀ। ਕਹਿਣ ਲੱਗੇ, ਇਕ ਥਾਂ ਦੇ ਉਤੇ ਕਥਾ ਹੋਇਆ ਕਰਦੀ ਸੀ, ਦੀਵਾਨ ਲਗਦੇ ਸੀ, ਬਹੁਤ ਸੰਗਤ ਆਉਂਦੀ, ਬੜੀਆਂ ਵਿਚਾਰਾਂ ਹੁੰਦੀਆਂ, ਸ਼ਾਸਤਰ ਅਰਥ ਹੁੰਦੇ। ਇਕ ਬੀਬੀ ਰੋਜ਼ ਦੁੱਧ ਵੇਚਣ ਵਾਸਤੇ ਮਟਕੀ ਆਪਣੇ ਸੀਸ 'ਤੇ ਰੱਖ ਕੇ ਜਾਂਦੀ-ਜਾਂਦੀ ਸੁਣਨ ਲਗ ਜਾਂਦੀ ਸੀ ਕਿ ਇਥੇ ਕੀ ਹੁੰਦੈ, ਸਾਰੀ ਦੁਨੀਆਂ ਆਉਂਦੀ ਹੈ, ਪਰ ਮੇਰੀ ਕਿਸਮਤ ਐਸੀ ਹੈ ਕਿ ਮੈਨੂੰ ਵਿਹਲ ਹੀ ਨਹੀਂ ਮਿਲਦਾ ਆਉਣ ਦਾ। ਇਕ ਦਿਨ ਜਲਦੀ ਦੁੱਧ ਵੇਚਣ ਤੋਂ ਬਾਅਦ ਉਥੇ ਆਈ ਤਾਂ ਕਥਾ ਚਲ ਰਹੀ ਸੀ, ਸਾਰੀ ਸੰਗਤ ਤੋਂ ਪਿੱਛੇ ਆਪਣਾ ਬਰਤਨ ਰੱਖਿਆ ਤੇ ਉਹਦੇ ਕੋਲ ਹੀ ਬੈਠ ਕੇ ਸੁਣਨ ਲੱਗੀ ਤੇ ਉਹਦੇ ਕੰਨ ਵਿਚ ਕੀ ਆਵਾਜ਼ ਪੈਂਦੀ ਹੈ ਕਿ ਜੇ ਰਾਮ ਦੇ ਨਾਮ ਦੇ ਉਤੇ ਭਰੋਸਾ ਕਰ ਲਵੇ, ਰਾਮ-ਰਾਮ ਕਹੇ ਤਾਂ ਭਵਜਲ ਪਾਰ ਹੋ ਜਾਂਦੈ। ਪੰਡਤ ਜੀ ਨੇ ਦੱਸਿਆ ਕਿ ਨਾ ਤਾਂ ਕੋਈ ਨਦੀ ਹੁੰਦੀ ਹੈ, ਨਾ ਸਮੁੰਦਰ ਹੁੰਦਾ ਹੈ ਕਿ ਇਸ ਤੋਂ ਵੀ ਬਹੁਤ ਵੱਡਾ, ਔਖਾ ਹੁੰਦੈ -

*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥*
*ਅੰਗ - 613*

ਜਿਹਦੀਆਂ ਲਹਿਰਾਂ ਦਾ ਥਾਹ ਨਹੀਂ ਹੈ ਤੇ ਸਾਗਰ ਅੱਗ ਦਾ ਹੈ। ਸੁਣਦੀ ਰਹੀ ਕਿ ਰਾਮ-ਰਾਮ ਕਹਿਣ 'ਤੇ ਇਹੋ ਜਿਹਾ ਭਿਆਨਕ ਸਾਗਰ, ਜਿਹਦੇ ਲਹਿਰਾਂ ਚਲਦੀਆਂ ਨੇ ਉਹ ਵੀ ਪਤਾ ਨਹੀਂ ਹੈ ਕਿ ਹਜ਼ਾਰ ਫੁੱਟ ਉੱਚੀ ਹੈ ਕਿ ਲੱਖ ਫੁੱਟ ਉੱਚੀ ਹੈ। ਇਹਦੇ ਵਿਚੀ ਲੰਘ ਜਾਈਦੈ। ਨਾਲ ਦੀ ਨਾਲ ਮਨ ਬਣਾਉਣ ਲਗ ਗਈ ਕਿ ਮੇਰੀ ਤਾਂ ਨਦੀ ਬਹੁਤ ਛੋਟੀ ਹੈ। ਸਾਰੀ ਹੀ 40-50 ਫੁੱਟ ਹੈ ਤੇ ਮੈਨੂੰ ਉਹਦੇ ਲੰਘਣ ਵਾਸਤੇ ਦੋ ਮੀਲ ਪੁੱਲ ਤੋਂ ਉੱਪਰ ਤੋਂ ਆਉਣਾ ਪੈਂਦੇ ਕਿਉਂ ਨਾ ਮੈਂ ਰਾਮ-ਰਾਮ ਕਰਦੀ ਲੰਘ

ਜਾਇਆ ਕਰਾਂ। 100% ਮਨ ਮੰਨ ਗਿਆ ਉਹਦਾ, 1% ਵੀ ਤਰਕ ਨਾ ਰਹੀ। ਘਰ ਨੂੰ ਵਾਪਸ ਜਾ ਰਹੀ ਹੈ, ਬੜੀ ਖੁਸ਼ ਹੈ ਕਿ ਮੈਂ ਰਾਮ-ਰਾਮ ਕਹਿਣੈ ਲੰਘ ਜਾਣੈ। ਨਦੀ ਕੋਲ ਆ ਗਈ, ਪਹਿਲਾਂ ਹੀ ਪਕਾ ਲਿਆ ਕਿ ਰਾਮ-ਰਾਮ ਕਹੀ ਜਾਵਾਂ, ਨਦੀ ਕੋਲ ਆਈ ਤੇ ਕਿਹਾ ਤੇ ਪਾਰ ਲੰਘ ਗਈ। ਬੜੀ ਖੁਸ਼ ਹੋਈ ਕਿ ਇਹ ਤਾਂ ਬਹੁਤ ਹੀ ਵਧੀਆ ਦਸ ਦਿਤਾ ਤੇ ਜੇ ਮੈਂ ਪੂਰੀ ਸੰਗਤ ਕਰਦੀ ਖਬਰੈ ਮੈਨੂੰ ਕੀ ਕੁਛ ਲੱਭ ਜਾਣਾ ਸੀ। ਦੁੱਧ ਵੇਚ ਆਇਆ ਕਰੇ ਤੇ ਆ ਕੇ ਇਸੇ ਤਰ੍ਹਾਂ ਲੰਘ ਜਾਇਆ ਕਰੇ। ਇਕ ਦਿਨ ਖਿਆਲ ਆਇਆ ਕਿ ਜਿਸ ਪੰਡਤ ਜੀ ਨੇ ਮੈਨੂੰ ਇਹ ਬਾਤ ਦੱਸੀ ਹੈ, ਕਿਉਂ ਨਾ ਮੈਂ ਉਹਦੇ ਘਰ ਚਰਨ ਪੁਆਵਾਂ ਤੇ ਪ੍ਰਸ਼ਾਦਾ ਛਕਾਵਾਂ। ਸਮਾਂ ਪਾ ਕੇ ਉਸ ਨੇ ਪੰਡਤ ਜੀ ਨੂੰ ਬੇਨਤੀ ਕਰੀ ਕਿ ਮਹਾਰਾਜ ਤੁਸੀਂ ਮੇਰੇ 'ਤੇ ਬੜੀ ਕ੍ਰਿਪਾ ਕਰੀ ਹੈ। ਬਹੁਤ ਮੈਨੂੰ ਸੁਖਾਲ ਕਰ ਦਿਤੀ ਤੇ ਰਾਮ ਦਾ ਨਾਮ ਜਪਾ ਕੇ ਨਦੀ ਲੰਘਾ ਦਿਤੀ ਤੇ ਮੇਰੇ ਮਨ ਦੇ ਵਿਚ ਸ਼ਰਧਾ ਉਠਦੀ ਹੈ, ਜਗਿਆਸਾ ਉਠਦੀ ਹੈ ਕਿ ਮੈਂ ਆਪ ਜੀ ਦੇ ਚਰਨ ਘਰ ਪੁਆਵਾਂ ਤੇ ਨਾਲ ਪ੍ਰਸ਼ਾਦਾ ਛਕਾਵਾਂ। ਪਹਿਲਾਂ ਨਾਂਹ ਨੁੱਕਰ ਕਰੀ, ਫੇਰ ਮੰਨ ਗਿਆ ਪੰਡਤ ਜੀ। ਆਪ ਲੈਣ ਵਾਸਤੇ ਆ ਗਈ, ਜਿਸ ਵਕਤ ਉਹਦੇ ਘਰ ਵਲ ਨੂੰ ਜਾ ਰਿਹੈ, ਅੱਗੇ ਨਦੀ ਆ ਗਈ, ਪੰਡਤ ਜੀ ਦੇਖਦੇ ਨੇ ਕਿ ਨਦੀ ਹੈ, ਪਾਣੀ ਕਾਫੀ ਹੈ ਇਹਦੇ 'ਚ ਚਲਦਾ ਕਿ ਨਾ ਤਾਂ ਇਥੇ ਕੋਈ ਕਿਸ਼ਤੀ ਹੈ, ਪੁੱਲ ਦੂਰ ਹੈ ਕਿ ਇਥੋਂ ਲੰਘਾਂਗੇ ਕਿਵੇਂ? ਇਨ੍ਹਾਂ ਸ਼ੰਕਿਆਂ 'ਚ ਪਿਆ ਹੋਇਆ ਦੇਖਦਾ ਹੈ ਤੇ ਕਹਿਣ ਲੱਗਿਆ, ਬੇਟੀ! ਆਹ ਪੁੱਲ ਨਹੀਂ ਨੇੜੇ? ਕਹਿੰਦੀ, ਪੁੱਲ ਦੀ ਲੋੜ ਹੀ ਨਹੀਂ ਮਹਾਰਾਜ! ਇਹੀ ਤਾਂ ਮੈਂ ਦੱਸਣਾ ਹੈ ਕਿ ਮੇਰੇ 'ਤੇ ਕਿੰਨੀ ਕ੍ਰਿਪਾ ਹੋਈ ਹੈ। ਕੰਢੇ ਤੇ ਆ ਗਈ, ਉਹ ਨਹੀਂ ਰੁਕੀ, ਜਿਵੇਂ ਧਰਤੀ 'ਤੇ ਚਲਦੀ ਸੀ, ਇਵੇਂ ਜਿਵੇਂ ਅਗਲਾ ਪੈਰ ਨਦੀ 'ਚ ਰੱਖ 'ਤਾ, ਰਾਮ-ਰਾਮ-ਰਾਮ-ਰਾਮ ਕਰਦੀ ਪਾਰ ਲੰਘ ਗਈ। ਪੰਡਤ ਜੀ ਖੜ੍ਹੇ ਸੋਚਦੇ ਨੇ। ਪਾਰ ਕਰਕੇ ਕਹਿਣ ਲੱਗੀ, ਪੰਡਤ ਜੀ! ਤੁਸੀਂ ਮੈਨੂੰ ਦੱਸਿਆ ਤਾਂ ਸੀ ਕਿ ਰਾਮ ਦੇ ਨਾਮ ਦੇ ਨਾਲ ਭਵਜਲ ਤਰ ਜਾਂਦੈ। ਹੁਣ ਪੰਡਤ ਸੋਚਾਂ 'ਚ ਪੈ ਗਿਆ ਕਿ ਨਾ ਭਵਜਲ ਮੈਂ ਦੇਖਿਐ, ਨਾ ਇਹਨੇ ਦੇਖਿਐ। ਮੈਂ ਵੀ ਸੁਣੀ ਸੁਣਾਈ ਗੱਲ ਕਰਦਾ ਹਾਂ। ਭਵਜਲ ਦਾ ਤਾਂ ਮੈਨੂੰ ਗਿਆਨ ਹੀ ਨਹੀਂ ਕਿ ਕਿਹੋ ਜਿਹਾ ਹੈ? ਜਿਹੜਾ ਕੁਛ ਲਿਖਿਆ ਹੋਇਆ ਹੈ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਤੇ ਆਹ ਨਦੀ ਕਿਵੇਂ ਲੰਘ ਜਾਵਾਂਗਾ? ਇਹ ਤਾਂ ਕਿਸ਼ਤੀ ਨਾਲ ਲੰਘ ਹੁੰਦੀ ਹੈ।

ਉਹ ਕਹਿਣ ਲੱਗੀ, ਦਾਦਾ ਜੀ! ਤੁਸੀਂ ਆ ਜਾਓ ਰਾਮ-ਰਾਮ ਕਰਕੇ, ਤੁਸੀਂ ਹੀ ਤਾਂ ਮੈਨੂੰ ਦੱਸਿਆ ਸੀ। ਪੰਡਤ ਨੇ ਕਿਹਾ ਕਿ ਇਹ ਜੇ ਰਾਮ-ਰਾਮ ਕਰਕੇ ਲੰਘਦੀ ਹੈ, ਮੈਂ ਤਾਂ ਬਹੁਤਾ ਰਾਮ-ਰਾਮ ਕਰਦਾਂ, ਤੜਕੇ ਉਠ ਕੇ ਹੀ ਬਹਿ ਜਾਂਦਾ ਰਾਮ-ਰਾਮ ਕਰਨ, ਮਾਲਾ ਫੇਰਦਾਂ, ਹੋ ਸਕਦੈ ਮੇਰੇ ਵਾਲੇ ਰਾਮ ਨਾਮ ਜਪਣ ਨਾਲ ਆ ਗਈ ਹੋਵੇ ਸ਼ਕਤੀ। ਦੇਖ ਲੈਂਦੇ ਹਾਂ ਪੈਰ ਧਰ ਕੇ। ਉਹ ਬਾਰ-ਬਾਰ ਕਹੀ ਜਾਂਦੀ ਹੈ ਕਿ ਤੁਸੀਂ ਰਾਮ-ਰਾਮ ਕਰਦੇ ਲੰਘ ਆਓ। ਇਹ ਜਦੋਂ ਪੈਰ ਧਰਦੈ, ਉਥੇ ਡੂੰਘਾ ਪਾਣੀ ਸੀ, ਵਿਚ

ਡੁੱਬ ਕੇ ਗੋਤੇ ਖਾਣ ਲੱਗ ਗਿਆ। ਹੱਥ ਪਾਉਣ ਨੂੰ ਥਾਉਂ ਨਹੀਂ ਲੱਭਦਾ।

ਉਹ ਲੜਕੀ ਆਵਾਜ਼ ਮਾਰੀ ਜਾਂਦੀ ਹੈ ਕਿ ਪੰਡਤ ਜੀ! ਰਾਮ-ਰਾਮ ਕਹੋ ਨਾ ਤੁਸੀਂ? ਕਹਿੰਦੇ ਕਿਉਂ ਨਹੀਂ?

ਅਖੀਰ ਕੰਢਾ ਫੜ ਕੇ ਬਾਹਰ ਨਿਕਲ ਆਇਆ।

ਕਹਿਣ ਲੱਗੀ, ਤੁਸੀਂ ਰਾਮ-ਰਾਮ ਕਹਿ ਕੇ ਲੰਘਦੇ ਕਿਉਂ ਨਹੀਂ?

ਕਹਿੰਦਾ, ਬੀਬਾ! ਤੇਰੇ ਵਾਲਾ ਰਾਮ ਹੀ ਲੰਘਾਉਂਦੈ, ਮੇਰੇ ਵਾਲਾ ਨਹੀਂ ਲੰਘਾਉਂਦਾ।

ਉਸ ਵੇਲੇ ਦਾ ਮਹਾਂਪੁਰਸ਼ਾਂ ਨੇ ਇਕ ਦੋਹਰਾ ਬਣਾਇਐ -

*ਪੜ੍ਹਦਾ ਪੜ੍ਹਦਾ ਪੜ ਗਿਆ, ਪੜ੍ਹ ਗਿਆ ਚਾਰੇ ਵੇਦ।*
*ਨਿਸ਼ਚਾ ਰਿਦੈ ਨਾ ਆਇਆ, ਰਹਿਆ ਢੇਡ ਕਾ ਢੇਡ।*

ਨਿਸ਼ਚਾ ਨਹੀਂ ਅੰਦਰ ਪੈਦਾ ਹੋਇਆ, ਭਰੋਸਾ ਨਹੀਂ ਹੋਇਆ। ਜਿੰਨਾਂ ਚਿਰ ਭਰੋਸਾ ਪੈਦਾ ਨਹੀਂ ਹੁੰਦਾ ਸਾਧਸੰਗਤ ਜੀ ਉਦੋਂ ਤਕ ਕੁਛ ਨਹੀਂ ਬਣਨਾ। ਪਹਿਲਾਂ ਤਾਂ ਸਾਡੇ ਮਨ 'ਚ ਖਿਆਲ ਹੀ ਨਹੀਂ ਹੁੰਦਾ ਕਿ ਪ੍ਰਮੇਸ਼ਰ ਨੂੰ ਮਿਲਣੈ ਇਸ ਜਨਮ 'ਚ। ਪੜ੍ਹਦੇ ਅਸੀਂ ਰੋਜ਼ ਹਾਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥* *ਅੰਗ- 12*

ਉਤੇ ਦੀ ਲੰਘ ਜਾਂਦੇ ਹਾਂ ਅੱਖਰਾਂ ਦੇ, ਛਾਲ ਮਾਰ ਕੇ ਲੰਘ ਜਾਂਦੇ ਹਾਂ। ਕਦੇ ਫਿਕਰ ਨਹੀਂ ਪੈਂਦਾ ਕਿ ਵਾਰੀ ਤਾਂ ਮਿਲੀ ਸੀ, ਰੱਬ ਨੂੰ ਮਿਲਣ ਵਾਸਤੇ ਤੇ ਮੈਂ ਤਾਂ ਉਹ ਕੰਮ ਕਰਿਆ ਹੀ ਨਹੀਂ। ਗੁਰੂ ਕਹਿੰਦੇ, ਜਿਹੜੇ ਕੰਮਾਂ 'ਚ ਤੂੰ ਪਿਆ ਹੋਇਐਂ ਕਿਸੇ ਕੰਮ ਨਹੀਂ ਹਨ।

*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - 12*

ਸਾਧੂਆਂ ਦੀ ਸੰਗਤ ਵਿਚ ਜਾਹ ਤੇ ਉਥੇ ਨਾਮ ਜਪ।

*ਸਰੰਜਾਮਿ ਲਾਗੁ ਭਵਜਲ ਤਰਨ ਕੈ ॥* *ਅੰਗ- 12*

ਲੱਕ ਬੰਨ੍ਹ ਲੈ ਕਿ ਮੈਂ ਤਾਂ ਭਵਜਲ ਤਰਨਾ ਹੀ ਹੈ।

*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ 1 ॥ ਰਹਾਉ ॥*
*ਅੰਗ - 12*

ਤੇਰਾ ਜਿਹੜਾ ਜਨਮ ਹੈ ਬਿਰਥਾ ਜਾ ਰਿਹੈ, ਮਾਇਆ ਦੇ ਪਿਆਰ 'ਚ। ਪੜ੍ਹ ਲਿਆ ਨਾ ਆਪਾਂ ਸਾਰਿਆਂ ਨੇ। ਕਿਸੇ ਦੇ ਮਨ ਵਿਚ ਸ਼ੌਂਕ ਉਠਦੈ? ਕਿਸੇ ਦੇ ਮਨ ਵਿਚ ਤਰੰਗ ਉਠਦੀ ਹੈ ਕਿ ਮਿਲੀਏ ਪ੍ਰਮੇਸ਼ਰ ਨੂੰ? ਇਹ ਕਹਿੰਦੇ ਨੇ ਕਿ ਸਾਧੂਆਂ ਨਾਲ ਮਿਲ ਕੇ ਨਾਮ ਜਪ। ਅਸੀਂ ਸਾਧੂਆਂ ਨਾਲ ਮਿਲ ਕੇ ਕਹਿੰਦੇ ਹਾਂ ਕਿ ਮੇਰਾ ਕੰਮ ਨਹੀਂ ਚਲਦਾ। ਮੇਰਾ ਬੱਚਾ ਬੀਮਾਰ ਹੈ, ਮੈਂ ਬੀਮਾਰ ਹਾਂ, ਸਾਡੀ ਮੱਝ ਦੁੱਧ ਨਹੀਂ ਦਿੰਦੀ। ਬਾਬਾ ਜੀ!

ਸਾਡੀ ਮੱਝ ਦਾ ਥਣ ਬੰਦ ਹੋ ਗਿਆ। ਮੈਂ ਕਹਿੰਦਾ, ਡਾਕਟਰ ਨੂੰ ਦਿਖਾਓ, ਕਹਿੰਦੇ ਨੇ ਜੀ, ਦਿਖਾ ਚੁੱਕੇ ਡਾਕਟਰਾਂ ਨੂੰ। ਮੈਂ ਕਹਿੰਨਾਂ, ਬੀਬਾ! ਮੈਂ ਤਾਂ ਪ੍ਰਮੇਸ਼ਰ ਦਾ ਨਾਮ ਜਪਣ, ਜਪਾਉਣ ਦੀ ਡਿਊਟੀ ਲਈ ਹੋਈ ਹੈ।

ਕਹਿਣਗੇ, ਜੀ ਤੁਸੀਂ ਕਹੋ ਕਿ ਸਾਡੀ ਮੱਝ ਦਾ ਥਣ ਖੁੱਲ੍ਹ ਜਾਏ। ਇਕ ਨਹੀਂ ਸੈਂਕੜੇ ਗੱਲਾਂ, ਨੌਕਰੀਆਂ ਚਾਕਰੀਆਂ, ਮਸ਼ੀਨਾਂ, ਦਵਾਈਆਂ, ਸਾਰੇ ਵਪਾਰ, ਜੋ ਵੀ ਮਿਲਦੈ ਇਕੋ ਹੀ ਗੱਲ ਕਰਦੈ, ਅਵਰਿ ਕਾਜ ਦੀ ਹੀ ਬਾਤ ਕਰਦੈ। ਕੋਈ ਪ੍ਰਮੇਸ਼ਰ ਦੇ ਨਾਮ ਦੀ ਬਾਤ ਨਹੀਂ ਕਰਦਾ, ਕਿਉਂਕਿ ਪ੍ਰਮੇਸ਼ਰ ਉਤੇ ਭਰੋਸਾ ਨਹੀਂ। ਨਾ ਭਰੋਸਾ ਇਹ ਹੈ ਕਿ ਮੈਂ ਸੰਸਾਰ ਤੋਂ ਜਾਣੈ। ਸਾਧਸੰਗਤ ਜੀ! ਸੰਸਾਰ 'ਚ ਤਾਂ ਰਹਿਣਾ ਨਹੀਂ, ਇਥੋਂ ਤਾਂ ਜਾਣਾ ਹੀ ਜਾਣਾ ਹੈ ਸਭ ਨੇ। ਕੋਈ ਅੱਜ ਚਲਿਆ ਗਿਆ, ਕੋਈ ਕੱਲ੍ਹ ਚਲਿਆ ਗਿਆ।

ਪਿਛਲੇ ਥੋੜ੍ਹੇ ਦਿਨਾਂ 'ਚ ਮੈਂ ਭਾਈ ਲਖਬੀਰ ਸਿੰਘ ਉਨ੍ਹਾਂ ਨੂੰ ਭੇਜਿਆ ਕਿ ਜਾਓ ਜਾ ਕੇ ਪੜ੍ਹੇ ਲਿਖੇ ਬੰਦਿਆਂ ਕੋਲ ਜਾ ਕੇ ਪਟਿਆਲੇ ਪਹੁੰਚੋ, ਯੂਨੀਵਰਸਿਟੀ 'ਚ ਜਾਓ, ਕਾਲਜ 'ਚ ਜਾਓ, ਚਿੱਠੀਆਂ ਲਿਖੀਆਂ ਕਿ ਵੱਡੇ-ਵੱਡੇ ਜਿਹੜੇ ਲਾਇਕ ਪ੍ਰੋਫੈਸਰ ਨੇ, ਡਾਕਟਰ ਨੇ, ਜਿਨ੍ਹਾਂ ਨੇ ਕਿਤਾਬਾਂ ਲਿਖੀਆਂ ਨੇ ਉਨ੍ਹਾਂ ਨੂੰ ਕਹੋ ਕਿ ਸਾਡੇ ਸਮਾਗਮ ਦੇ ਵਿਚ ਆ ਕੇ ਇਸ-ਇਸ ਵਿਸ਼ੇ 'ਤੇ ਬੋਲਣ। ਨਾਲ ਮੈਂ ਲਿਸਟ ਦੇ ਦਿਤੀ। ਉਨ੍ਹਾਂ ਦੇ ਵਿਚ ਇਕ ਪ੍ਰੇਮੀ ਚੰਗਾ ਪ੍ਰਿੰਸੀਪਲ ਸਤਬੀਰ ਸਿੰਘ ਉਹਦੇ ਕੋਲ ਵੀ ਗਏ। ਉਹ ਕਹਿਣ ਲੱਗਿਆ, ਮੈਂ ਆਵਾਂਗਾ ਤਾਂ ਸਹੀ, ਪਰ ਮੈਂ ਆਪਣੀ ਮਰਜ਼ੀ ਨਾਲ ਬੋਲਾਂਗਾ। ਇਹ ਕਹਿੰਦੇ ਕਿ ਮਰਜ਼ੀ ਤਾਂ ਨਹੀਂ ਹੈਗੀ, ਤੁਸੀਂ ਅੰਮ੍ਰਿਤ 'ਤੇ ਬੋਲ ਲਓ, ਜੇ ਕਿਸੇ ਹੋਰ ਵਿਸ਼ੇ 'ਤੇ ਨਹੀਂ ਬੋਲਣਾ। ਕਹਿੰਦਾ, ਬਾਬਾ ਜੀ ਨੂੰ ਮੈਂ ਮਿਲਾਂਗਾ, ਮੇਰੀ ਲੜਕੀ ਦੀ ਸ਼ਾਦੀ ਹੈ, 6 ਸਤੰਬਰ ਦੀ ਤੇ ਮੈਂ ਜ਼ਰੂਰ ਉਨ੍ਹਾਂ ਨੂੰ ਲੜਕੀ ਦੀ ਸ਼ਾਦੀ 'ਤੇ ਲਿਆਉਣੈ। ਕੱਲ੍ਹ ਅਖਬਾਰ 'ਚ ਪੜ੍ਹ ਲਿਆ ਕਿ ਮੀਟਿੰਗ 'ਚ ਬੈਠਾ ਸੀ ਕਾਲਜ ਦੀ। ਉਥੇ ਹੀ ਹੁਕਮ ਆ ਗਿਆ, ਦਿਲ ਦਾ ਦੌਰਾ ਪਿਆ, ਹਸਪਤਾਲ ਕੰਧ ਟੱਪ ਕੇ ਹੀ ਸੀਗਾ, ਕਾਲ ਨੇ ਉਥੇ ਤੱਕ ਨਹੀਂ ਪਹੁੰਚਣ ਦਿਤਾ। 62 ਸਾਲ ਦੀ ਉਮਰ ਸੀ ਸਾਰੀ ਉਸਦੀ। ਐਨਾ ਹੁੰਦੇ ਹੋਏ ਫੇਰ ਵੀ ਅਸੀਂ ਕਹਿੰਦੇ ਹਾਂ ਕਿ ਅਸੀਂ ਨਹੀਂ ਜਾਣਾ, ਉਹੀ ਚਲਿਆ ਗਿਆ। ਕਾਲ ਦਾ ਨਹੀਂ ਭਰੋਸਾ ਪਿਆਰਿਓ! ਜਿਹੜੇ ਕੰਮ ਨੂੰ ਆਏ ਹੋਂ, ਉਹ ਕੰਮ ਦੇ ਵਾਸਤੇ ਧਿਆਨ ਦੇਵੋ।

ਸੋ ਮੈਂ ਬੇਨਤੀ ਕਰਦਾ ਸੀ ਕਿ ਸਾਡਾ ਭਰੋਸਾ ਨਹੀਂ ਬੱਝਦਾ। ਸਾਡੇ ਮਨ ਵਿਚ ਨਹੀਂ ਆਉਂਦੀ ਉਹ ਗੱਲ ਜਿਹੜੀ ਗੁਰੂ ਸਾਹਿਬ ਜਿਸ ਤਰੀਕੇ ਨਾਲ ਕਹਿੰਦੇ ਨੇ। ਅਸੀਂ ਇਹਨੂੰ ਨਿਤ ਦੀਆਂ ਗੱਲਾਂ ਵਾਂਗ ਲੈਂਦੇ ਹਾਂ, ਕਿ ਜੀ, ਮੈਂ ਰੋਜ਼ ਪੜ੍ਹਦਾਂ ਰਹਿਰਾਸ ਸਾਹਿਬ। ਕੀ ਪੜ੍ਹਦੈਂ ਤੂੰ ਰਹਿਰਾਸ ਸਾਹਿਬ ਦਾ। ਇਕ ਪ੍ਰੇਮੀ ਕਹਿਣ ਲੱਗਿਆ ਕਿ ਸੁਖਮਨੀ ਸਾਹਿਬ ਦੇ ਮੈਂ ਪੰਜ ਪਾਠ ਰੋਜ਼ ਕਰਦਾ ਹਾਂ। ਮੈਂ ਕਿਹਾ ਸੁਖਮਨੀ ਸਾਹਿਬ 'ਚੋਂ ਕੁਛ ਸਮਝਿਆ ਵੀ? ਉਹ ਤਾਂ ਬਾਣੀ ਹੈ ਸਮਝਾਉਣ ਵਾਸਤੇ, ਸੁਖਮਨੀ ਸਾਹਿਬ ਦੀ ਬਾਣੀ

ਕਹਿੰਦੀ ਹੈ –

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ – 262***

ਸਿਮਰਨ ਕਿੰਨਾਂ ਕਰਦੈ ਪ੍ਰਮੇਸ਼ਰ ਦਾ। ਕਹਿੰਦਾ ਉਹਦਾ ਤਾਂ ਮੈਨੂੰ ਪਤਾ ਹੀ ਨਹੀਂ ਕਿ ਕਿਵੇਂ ਕਰੀਦੈ। ਫੇਰ ਪੜ੍ਹੀ ਹੀ ਜਾਂਦਾ ਹੈ ਨਾ ਬੱਸ। ਨਿਸ਼ਚੇ ਤੋਂ ਬਗੈਰ ਕੀ ਹੋਇਆ, ਉਹੋ ਜਿਹਾ ਹੀ ਰਹਿ ਗਿਆ, ਜਿਹੋ ਜਿਹਾ ਸੀਗਾ। ਸੋ ਭਰੋਸਾ ਜ਼ਰੂਰੀ ਹੈ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ ॥ ਅੰਗ– 342***

ਜਿਹਦਾ ਮਨ ਮੰਨ ਗਿਆ, ਨਾਮ ਦੀ ਪਰੀਪੂਰਨਤਾ ਉਤੇ, ਚਾਰ ਪਉੜੀਆਂ 'ਜਪੁ ਜੀ ਸਾਹਿਬ' ਦੇ ਅੰਦਰ 'ਮੰਨਣ' ਦੇ ਮਹਾਤਮ ਦੀਆਂ ਲਿਖੀਆਂ ਨੇ। ਵੱਡੀਆਂ–ਵੱਡੀਆਂ ਪਦਵੀਆਂ ਉਸ ਨੂੰ ਪ੍ਰਾਪਤ ਹੁੰਦੀਆਂ ਨੇ। ਮਹਾਰਾਜ ਕਹਿੰਦੇ, ਇਸ ਕਰਕੇ ਪਿਆਰਿਓ –

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ– 283***

ਵਾਹਿਗੁਰੂ ਉਹਨੂੰ ਹੀ ਚੇਤੇ ਆਏਗਾ, ਜਿਹਦੇ ਮਨ 'ਚ ਪਰਤੀਤ ਹੈ। ਪਰਤੀਤ ਕਿੰਨੀ ਹੋਣੀ ਚਾਹੀਦੀ ਹੈ?

ਗੁਰੂ ਅੰਗਦ ਸਾਹਿਬ ਜੀ ਬੈਠੇ ਨੇ, ਭਾਈ ਬਾਲਾ ਜੀ ਵੀ ਬੈਠੇ ਨੇ, ਬਾਬਾ ਬੁੱਢਾ ਜੀ ਬੈਠੇ ਨੇ। ਕਹਿਣ ਲੱਗੇ, ਕਿਉਂ ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਿੱਥੇ ਤੱਕ ਧਰਤੀ ਸੀ ਉਥੇ ਤੱਕ ਗਏ। ਨੌਂ ਖੰਡਾਂ, ਸੱਤਾਂ ਦੀਪਾਂ ਦੇ ਵਿਚ ਆਪ ਜਾ ਕੇ, ਜਿੱਥੇ ਵੀ ਮਨੁੱਖ ਮਾਤਰ ਸੀ, ਉਥੇ ਜਾ ਕੇ ਉਪਦੇਸ਼ ਦਿਤਾ, ਤੁਸੀਂ ਗੁਰੂ ਨਾਨਕ ਸਾਹਿਬ ਨੂੰ ਕੀ ਸਮਝਦੇ ਰਹੇ? ਕਹਿਣ ਲੱਗਿਆ, ਮਹਾਰਾਜ! ਉਹ ਤਾਂ ਪੂਰਨ ਸੰਤ ਸੀ? ਕਹਿੰਦੇ, ਅੱਛਾ ਭਾਈ! ਤੂੰ ਸੰਤ ਹੋਇਆ। ਚੌਥੀ ਭੂਮਿਕਾ ਦੇ ਵਿਚ ਜੋ ਹੋਇਆ ਕਰਦੈ, ਉਹਨੂੰ ਗੁਰਮੁਖ ਪਦ ਮਿਲ ਜਾਇਆ ਕਰਦੈ, ਚੌਥੇ ਪਦ ਵਾਲੇ ਨੂੰ। ਪੰਜਵੀਂ ਭੂਮਿਕਾ ਦੇ ਵਿਚ ਬ੍ਰਹਮਗਿਆਨ ਦੀ ਦਾਤ ਮਿਲਿਆ ਕਰਦੀ ਹੈ। ਚੌਥੀ ਭੂਮਿਕਾ ਵਾਲੇ ਨੂੰ ਸੰਤ ਕਹਿੰਦੇ ਨੇ ਤੇ ਜਿਹੜਾ ਸਤਿਗੁਰੂ ਹੈ, ਉਹ ਅੱਠਵੀਂ ਭੂਮਿਕਾ 'ਚ ਹੁੰਦੈ। 'ਤ੍ਰਿਗੁਣ ਅਤੀਤ' ਭਾਣੇ ਦਾ ਮਾਲਕ, ਆਪ ਪ੍ਰਮੇਸ਼ਰ। ਕਹਿੰਦੇ, ਅੱਛਾ ਭਾਈ ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਨੂੰ ਕਿਹਾ, ਤੁਸੀਂ ਗੁਰੂ ਪਾਤਸ਼ਾਹ ਨੂੰ ਕੀ ਸਮਝਦੇ ਰਹੇ, ਕਹਿੰਦੇ ਮਹਾਰਾਜ ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਕਹਿੰਦੇ, ਅੱਛਾ ਭਾਈ ਤੂੰ ਬ੍ਰਹਮਗਿਆਨੀ ਹੋਇਆ। ਸਾਰਿਆਂ ਨੂੰ ਪੁੱਛਿਆ, ਭਾਈ ਮਨਸੁਖ ਨੂੰ ਪੁੱਛਿਆ, ਭਾਈ ਭਗੀਰਥ ਨੂੰ ਪੁੱਛਿਆ, ਆਪਣੇ–ਆਪਣੇ ਖਿਆਲਾਂ ਮੁਤਾਬਿਕ ਦੱਸੀ ਗਏ। ਅਖੀਰ ਸਾਰਿਆਂ ਨੇ ਆਪ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਤੁਸੀਂ ਕੀ ਸਮਝਦੇ ਰਹੇ ਗੁਰੂ ਨਾਨਕ ਪਾਤਸ਼ਾਹ ਨੂੰ?

ਉਸ ਵੇਲੇ ਆਪ ਦੇ ਨੇਤਰ ਬੰਦ ਹੋ ਗਏ, ਐਸੇ ਭਾਵ ਵਿਚ ਗਏ ਕਿ ਅੱਖ ਦੇ ਕੋਏ ਦੇ ਕੋਲ ਇਕ ਪਾਣੀ ਦਾ ਕਤਰਾ ਹੰਝੂ ਦੇ ਰੂਪ 'ਚ ਹੇਠਾਂ ਨੂੰ ਵਗਿਆ। ਉਸ ਵੇਲੇ ਆਪ ਨੇ ਨੇਤਰ ਖੋਲ੍ਹੇ। ਦੋਵੇਂ ਹੱਥ ਜੋੜ ਕੇ ਕਹਿਣ ਲੱਗੇ, ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ! ਉਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ ਸੰਸਾਰ ਦੇ ਉਧਾਰ ਵਾਸਤੇ ਪ੍ਰਗਟ ਹੋਏ ਸੀ। ਉਹ ਆਪ ਹੀ ਸਾਰੀਆਂ ਸ਼ਕਤੀਆਂ ਦੇ ਮਾਲਕ ਸਨ। ਸ੍ਰੀ ਰਾਮ ਚੰਦਰ ਜੀ ਮਹਾਰਾਜ ਚੌਦਾਂ ਕਲਾ ਸੰਪੂਰਨ ਸੀਗੇ, ਸ੍ਰੀ ਕ੍ਰਿਸ਼ਨ ਜੀ ਮਹਾਰਾਜ 16 ਕਲਾਂ ਸੰਪੂਰਨ ਅਵਤਾਰ ਸੀ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਸਨ? ਉਹ ਤਾਂ ਅਨਿਕ ਕਲਾ, ਉਹ ਤਾਂ ਗਿਣੀਆਂ ਹੀ ਨਹੀਂ ਜਾ ਸਕਦੀਆਂ ਕਿ ਕਿੰਨੀਆਂ ਕਲਾ ਲੈ ਕੇ ਸੰਸਾਰ ਦੇ ਉਧਾਰ ਵਾਸਤੇ ਆਪ ਪ੍ਰਮੇਸ਼ਰ ਆਏ। ਇਸ ਤਰ੍ਹਾਂ ਗੁਰਬਾਣੀ ਦਾ ਫੁਰਮਾਨ ਹੈ -

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨਾ ਭਾਈ।***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ 4 ॥ 1 ॥ 8 ॥ ਅੰਗ- 442***

ਗੁਰੂ ਤੇ ਗੋਬਿੰਦ ਨੂੰ ਜੋ ਇਕ ਨਹੀਂ ਜਾਣਦਾ, ਉਹ ਪ੍ਰਮੇਸ਼ਰ ਦਾ ਨਾਮ ਨਹੀਂ ਜਪ ਸਕਿਆ ਕਰਦਾ ਕਿਉਂਕਿ ਪ੍ਰਤੀਤ ਜ਼ਰੂਰੀ ਹੈ।

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- 283***

ਇਕ ਤਾਂ ਪ੍ਰਤੀਤ ਹੁੰਦੀ ਹੈ ਕਿ ਮੇਰਾ ਗੁਰੂ ਚੰਗਾ ਸੰਤ ਹੈ, ਦੂਸਰੀ ਹੁੰਦੀ ਹੈ ਕਿ ਸਭ ਸੰਤਾਂ ਨਾਲੋਂ ਵੱਡਾ ਸੰਤ ਹੈ। ਤੀਸਰੀ ਪ੍ਰਤੀਤ ਜੋ ਹੁੰਦੀ ਹੈ, ਉਹ ਹੁੰਦੀ ਹੈ ਕਿ ਮੇਰਾ ਗੁਰੂ ਜੋ ਹੈ ਉਹ ਰੱਬ ਵਰਗੈ। ਚੌਥੀ ਹੋਇਆ ਕਰਦੀ ਹੈ ਕਿ ਆਪ ਸ਼ਾਖਸ਼ਾਤ ਪਾਰਬ੍ਰਹਮ ਪ੍ਰਮੇਸ਼ਰ ਮੇਰਾ ਗੁਰੂ ਹੈ। ਜਿਹਦੇ ਮਨ ਵਿਚ ਐਨੀ ਪ੍ਰਤੀਤ ਹੋਵੇ ਉਹਦਾ ਪਾਰ ਉਤਾਰਾ ਹੁੰਦੈ, ਅਸੀਂ ਕਿਉਂ ਨਹੀਂ ਲੰਘਦੇ ਕਿਉਂਕਿ ਸਾਡੀ ਪ੍ਰਤੀਤ ਐਨੀ ਹੈ ਨਹੀਂ, ਥੋੜ੍ਹੀ ਹੈ। ਗੁਰੂ ਨਾਲ ਪਿਆਰ ਨਹੀਂ ਪਿਆ ਸਾਡਾ। ਗੁਰੂ ਨੂੰ ਛੱਡ ਕੇ ਚੀਜ਼ਾਂ ਨਾਲ ਪਿਆਰ ਹੈ। ਅੰਮ੍ਰਿਤ ਛਕ ਲੈਂਦੇ ਨੇ, ਸ਼ਰਾਬ ਦੀ ਬੋਤਲ ਨਾਲ ਪਿਆਰ ਪਾ ਲੈਂਦੇ ਨੇ, ਗੁਰੂ ਨਾਲ ਨਹੀਂ, ਗੁਰੂ ਵਲ ਪਿੱਠ ਕਰ ਲੈਂਦੇ ਨੇ। ਸੋ ਇਸ ਕਰਕੇ ਜਦੋਂ ਤਕ ਪ੍ਰਤੀਤ ਨਹੀਂ ਆਉਂਦੀ, ਨਹੀਂ ਲੰਘ ਸਕਦਾ ਬੰਦਾ। ਸੋ ਮੈਂ ਬੇਨਤੀ ਕਰੀ ਸੀ ਕਿ ਜਿਸ ਦੇ ਮਨ ਵਿਚ ਪ੍ਰਤੀਤ ਹੈ। ਉਹਦਾ ਰੱਬ ਨਾਲ ਸਬੰਧ ਜੁੜ ਜਾਂਦੈ। ਗੁਰੂ ਨਾਲ ਸਬੰਧ ਜੁੜ ਜਾਂਦੈ। ਗੁਰੂ ਦੇ ਵਿਚ ਅਭੇਦ ਅਵਸਥਾ ਦੇ ਵਿਚ ਲੀਨ ਹੋ ਜਾਂਦੈ। ਫੇਰ ਗੁਰੂ ਉਹਦੀ ਰਾਖੀ ਕਰਦੈ, ਜੇ ਕੋਈ ਔਖ ਸੌਖ ਆ ਜਾਏ। ਆਪ ਜਾ ਕੇ ਉਹਦੀ ਰਾਖੀ ਕਰਦੈ ਕਿਉਂਕਿ ਗੁਰੂ ਤੇ ਪ੍ਰਮੇਸ਼ਰ ਇਕ ਹੋਇਆ ਕਰਦੇ ਨੇ।

ਭਾਈ ਤਿਲੋਕਾ ਗਜ਼ਨੀ ਦੇ ਵਿਚ ਫੌਜਾਂ ਦਾ ਜਰਨੈਲ ਸੀ, ਜਿਸ ਉਤੇ ਗਜ਼ਨੀ ਦੇ ਨਵਾਬ ਦਾ ਬਹੁਤ ਵਿਸ਼ਵਾਸ਼ ਸੀ। ਮੁਲਾਣੇ ਕਹਿੰਦੇ ਨੇ ਕਿ ਤੁਸੀਂ ਸ਼ਰ੍ਹਾ ਦੇ ਖਿਲਾਫ ਮਰਜ਼ੀ ਕਰਦੇ ਓਂ। ਇਕ ਹਿੰਦੂ ਨੂੰ ਐਡੀ ਪਦਵੀ ਦੇ ਰੱਖੀ ਹੈ। ਕੀ ਕੋਈ ਮੁਸਲਮਾਨ ਨਹੀਂ ਹੈ ਐਡੀ ਪਦਵੀ ਸੰਭਾਲਣ ਵਾਲਾ। ਉਹ ਕਹਿੰਦਾ ਦੇਖੋ ਬਈ, ਤੁਸੀਂ ਮੇਰੇ ਨਾਲ ਨਰਾਜ਼ ਨਾ ਹੋਵੋ। ਕਿਉਂਕਿ ਸ਼ਰ੍ਹਾ ਦੇ ਵਿਚ ਇਹ ਬਾਤ ਆਉਂਦੀ ਹੈ ਕਿ ਕਾਫਰ ਨੂੰ ਮਾਰਨੈ। ਓਨੀਂ ਦੇਰ ਤੱਕ ਮਾਰੀ ਜਾਣੈ ਜਦੋਂ ਤੱਕ ਇਕ ਵੀ ਬਾਕੀ ਰਹਿੰਦੈ। ਉਹ ਹੁਣ ਉਸ ਨੂੰ ਆਪਣਾ ਜਰਨੈਲ ਬਣਾਈ ਬੈਠੈ। ਵਿਸ਼ਵਾਸ਼ ਉਹਦਾ ਉਹਦੇ ਉਤੇ 100% ਹੈ। ਉਹ ਕਹਿੰਦੇ, ਉਹ ਹਿੰਦੂ ਨਹੀਂ ਸਿੱਖ ਹੈ। ਸਿੱਖ ਜਿਹੜਾ ਹੈ ਉਹਦੇ ਉਤੇ ਵਿਸ਼ਵਾਸ਼ ਕਰ ਲਓ ਅੱਖਾਂ ਮੀਚ ਕੇ। ਉਹ ਕਦੇ ਧੋਖਾ ਨਹੀਂ ਦੇਵੇਗਾ। ਮਾਲਕ ਦੀ ਨੌਕਰੀ ਕਰੇਗਾ, ਕਦੇ ਬੇਈਮਾਨੀ ਨਹੀਂ ਕਰੇਗਾ, ਕਦੇ ਠੱਗੀ ਨਹੀਂ ਕਰੇਗਾ, ਕਦੇ ਡਿਊਟੀ ਤੋਂ ਕੁਤਾਹੀ ਨਹੀਂ ਕਰੇਗਾ। ਇਸ ਕਰਕੇ ਉਹ ਗੁਰੂ ਦਾ ਸਿੱਖ ਹੋਣ ਕਰਕੇ, ਮੈਂ ਉਹਦੇ ਉਤੇ ਵਿਸ਼ਵਾਸ਼ ਕੀਤਾ ਹੋਇਐ।

ਸੰਗਤ ਚਲਦੀ ਹੈ ਉਥੋਂ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ, ਆਪ ਵੀ ਨਾਲ ਆਉਂਦੇ ਨੇ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਚਰਨਾਂ 'ਚ ਪਹੁੰਚਦੇ ਨੇ। ਇਥੇ ਆਪ ਬੇਨਤੀ ਕਰਦੇ ਨੇ ਕਿ ਸੱਚੇ ਪਾਤਸ਼ਾਹ! ਅਸੀਂ ਗ੍ਰਹਿਸਤੀ ਲੋਕ ਹਾਂ, ਕਾਰੋਬਾਰੀ ਲੋਕ ਹਾਂ, ਮੈਂ ਫੌਜ ਵਿਚ ਹਾਂ ਤੇ ਮੇਰਾ ਵੀ ਕਿਸੇ ਤਰੀਕੇ ਨਾਲ ਉਧਾਰ ਹੋ ਸਕਦੈ? ਮੈਨੂੰ ਜਮਾਂ ਤੋਂ ਬਚਾ ਲਓ, ਬਹੁਤ ਡਰ ਲਗਦੈ, ਮੌਤ ਤੋਂ ਡਰ ਲਗਦੈ, ਭਵਜਲ ਤੋਂ ਡਰ ਲਗਦੈ, ਮੈਨੂੰ ਪਾਰ ਕਰ ਦਿਓ ਪਾਤਸ਼ਾਹ।

ਮਹਾਰਾਜ ਕਹਿਣ ਲੱਗੇ, ਭਾਈ ਤਿਲੋਕਾ! ਨਾਮ ਜਪਣ ਵਾਸਤੇ ਰਹਿਤਾਂ ਦੀ ਲੋੜ ਹੈ, ਗੁਣਾਂ ਦੀ ਲੋੜ ਹੈ। ਪਹਿਲਾਂ ਆਪਣੇ ਵਿਚ ਗੁਣ ਲਿਆਓ। ਕੋਸ਼ਿਸ਼ ਕਰੋ ਕਿ ਗੁਣ ਆ ਜਾਣ।

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਕੇ ਹੁਕਮ ਦੇਵੋ।

ਮਹਾਰਾਜ ਨੇ ਕਿਹਾ, ਪਹਿਲਾਂ ਤਾਂ ਗੱਲ ਇਹ ਹੈ ਕਿ ਜਦੋਂ ਵੀ ਨਾਮ ਜਪਣੈ, ਚਿੱਤ ਇਕਾਗਰ ਕਰਕੇ ਜਪਣੈ, ਫੁਰਨੇ ਨਹੀਂ ਆਉਣ ਦੇਣੇ। ਦੂਸਰਾ ਮਹਾਰਾਜ ਕਹਿਣ ਲੱਗੇ ਕਿ ਧਰਮ ਦਾ ਧਾਰਨੀ ਬਣ। ਹੁਣ ਸਾਨੂੰ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਧਰਮ ਕਿਸ ਚੀਜ਼ ਨੂੰ ਕਹਿੰਦੇ ਨੇ। ਉਹਦਾ ਧਾਰਨੀ ਕਿਵੇਂ ਬਣੀਏ। ਉਹ universal (ਬ੍ਰਹਿਮੰਡੀ) ਗੁਣ ਹੁੰਦੇ ਨੇ, ਸਾਰੀ ਦੁਨੀਆਂ ਦੇ ਸਾਂਝੇ ਹੁੰਦੇ ਨੇ। ਉਹ ਗੁਣ ਧਾਰਨੇ ਪੈਂਦੇ ਨੇ। ਉਸ ਵਿਚ ਕੁਛ ਗੁਣ ਆਉਂਦੇ ਨੇ, ਕੁਛ ਹੁੰਦੇ ਨੇ ਕਿ ਆਹ ਕਰੋ ਤੇ ਆਹ ਨਾ ਕਰੋ। ਸਭ ਤੋਂ ਪਹਿਲਾਂ ਦਇਆ ਧਾਰਨੀ ਪੈਂਦੀ ਹੈ, ਜਦੋਂ ਦਇਆ ਆ ਗਈ ਉਹਦਾ ਪੁੱਤਰ ਪੈਂਦਾ ਹੋਣੈ –

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ– 3***

ਜੇ ਦਇਆ ਹੈ ਤਾਂ ਧਰਮ ਪੈਦਾ ਹੋਏਗਾ, ਨਹੀਂ ਨੀਂ ਹੋਇਆ ਕਰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਵਾਕ ਆਉਂਦੈ ਉਹਨੂੰ ਵਿਚਾਰੋ ਸਾਰੇ। ਉਹ ਕਹਿੰਦੇ ਨੇ ਕਿ-

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ*
*ਅਧਰਮੁ ਕਹਹੁ ਕਤ ਭਾਈ ॥* *ਅੰਗ- 1103*

ਫੇਰ ਅਧਰਮ ਜਿਹੜਾ ਹੈ ਧਰਮ ਤੋਂ ਉਲਟ ਉਹ ਕਿਸ ਚੀਜ਼ ਨੂੰ ਕਹੋਂਗੇ?

*ਆਪਸ ਕਉ ਮੁਨਿਵਰ ਕਰਿ ਥਾਪਹੁ*
*ਕਾ ਕਉ ਕਹਹੁ ਕਸਾਈ ॥ 2 ॥* *ਅੰਗ - 1103*

ਨਾਲੇ ਜੀਵ ਮਾਰਦੇ ਹੋਂ, ਨਾਲੇ ਕਹਿੰਦੇ ਹੋਂ ਕਿ ਮੈਂ ਵੱਡਾ ਮਹਾਤਮਾ, ਵੱਡਾ ਮੁਨੀ ਹਾਂ, ਫੇਰ ਕਸਾਈ ਕੀਹਦਾ ਨਾਉਂ ਧਰੋਂਗੇ? ਧਰਮ ਨਹੀਂ ਪੈਦਾ ਹੁੰਦਾ, ਜਦੋਂ ਤੱਕ ਹਿਰਦੇ 'ਚ ਦਇਆ ਪੈਦਾ ਨਹੀਂ ਹੁੰਦੀ। ਦਇਆ ਦੇ ਵਿਚ ਪ੍ਰਮੇਸ਼ਰ ਬੰਨ੍ਹਿਆ ਪਿਐ। ਦਇਆ ਹੋਵੇਗੀ ਤਾਂ ਧਰਮ ਆਏਗਾ, ਨਹੀਂ ਤਾਂ ਨੀਂ ਆਏਗਾ। ਇਕ ਐਸੀ ਮਿਸਾਲ ਆਉਂਦੀ ਹੈ, ਇਸਲਾਮ ਦੇ ਅੰਦਰ ਦਇਆ ਦੀ ਕਿ ਇਕ ਬੀਬੀ ਗੁਲਾਮ, ਮੁੱਲ ਲਈ ਹੋਈ, ਕੋਈ ਵੱਡਾ ਮਹਾਂਪੁਰਸ਼ ਸੀ ਉਹਦੀ ਸੇਵਾ 'ਚ ਰਹਿੰਦੀ ਸੀ ਤੇ ਆਪਣੇ ਘਰ ਵੀ ਕੰਮ ਕਰਦੀ ਸੀ। ਜਿਸਨੇ ਖਰੀਦਿਆ ਸੀ, ਉਹਦੇ ਘਰ ਵੀ ਕੰਮ ਕਰਦੀ ਹੈ ਤੇ ਉਹਦੀ ਇਜਾਜ਼ਤ ਨਾਲ ਮਹਾਂਪੁਰਸ਼ਾਂ ਦੀ ਸੇਵਾ ਕਰਦੀ ਹੈ। ਸੇਵਾ ਕਰਨ ਦੇ ਨਾਲ ਉਸ ਨੂੰ ਨਾਮ ਦਾ ਰੰਗ ਚੜ੍ਹ ਗਿਆ ਤੇ ਕਾਹਬੇ ਦਾ ਦਰਸ਼ਨ ਕਰਨ ਵਾਸਤੇ ਸੰਗ ਨਾਲ ਚਲੀ ਗਈ। ਜਦੋਂ 60 ਕੋਹ ਰਹਿ ਗਿਆ, ਉਥੇ ਉਨ੍ਹਾਂ ਨੇ ਰਾਤ ਨੂੰ ਕੈਂਪ ਲਾ ਲਿਆ। ਦਿਨ ਚੜ੍ਹਿਆ ਉਹ ਅੱਗੇ ਤੁਰ ਗਏ। ਇਹ ਬੀਬੀ, ਜਿਸ ਦਾ ਨਾਉਂ ਰਾਵੀਆ ਸੀ। ਇਹ ਕੁਛ ਕਰਦੀ ਰਹਿ ਗਈ ਤੇ ਥੋੜ੍ਹਾ ਪਛੜ ਗਈ। ਪਛੜੀ ਹੋਈ ਕੀ ਦੇਖਦੀ ਹੈ ਕਿ ਖੂਹ ਦੇ ਦੁਆਲੇ ਇਕ ਕੁੱਤੀ ਚਾਰ ਪੰਜ ਕਤੂਰੇ ਲੈ ਕੇ ਪ੍ਰਕਰਮਾ ਕਰੀ ਜਾਂਦੀ ਹੈ ਤੇ ਫੇਰ ਗੋਡੇ ਲਾ ਲੈਂਦੀ ਹੈ, ਖੂਹ ਵਿਚ ਨੂੰ ਝਾਕਦੀ ਹੈ। ਇਹਦੇ ਮਨ ਵਿਚ ਆ ਗਿਆ ਕਿ ਇਹ ਪਿਆਸੀ ਹੈ। ਜਜ਼ਬਾ ਵਧ ਗਿਆ ਦਇਆ ਦਾ। ਦਇਆ ਦਾ ਜਜ਼ਬਾ ਜਿਸ ਵਕਤ ਵਧ ਜਾਂਦੈ, ਫੇਰ ਆਦਮੀ ਕੁਛ ਨਹੀਂ ਦੇਖਦਾ, ਚਾਹੇ ਸਰੀਰ ਚਲਿਆ ਜਾਵੇ ਤਾਂ ਵੀ ਦਇਆ ਦੀ ਪਾਲਣਾ ਕਰਦੈ।

ਭਾਈ ਸਾਹਿਬ ਸਿੰਘ ਦੀ ਮਿਸਲ ਜੋ ਸੀ, ਇਹ ਜੰਗਲ ਦੇ ਵਿਚ ਬੈਠੇ ਸੀ। ਇਕ ਪੰਡਤ ਆਇਆ, ਕਈ ਦਿਨਾਂ ਬਾਅਦ ਲੰਗਰ ਤਿਆਰ ਹੋਇਆ। ਉਹਦੇ ਰੋਣ ਦੀ ਆਵਾਜ਼ ਆਈ, ਜਥੇਦਾਰ ਨੇ ਕਿਹਾ, ਠਹਿਰੋ, ਲੰਗਰ ਨਾ ਵਰਤਾਓ। ਫਰਿਆਦੀ ਆਇਐ, ਕੋਈ ਗੱਲ ਸੁਣ ਲਈਏ। ਉਸ ਵੇਲੇ ਉਹਨੇ ਕਿਹਾ ਕਿ ਮਹਾਰਾਜ! ਆਹ ਫੌਜਾਂ ਲੜਕੀਆਂ ਲਈਂ ਜਾ ਰਹੀਆਂ ਨੇ। ਕੋਈ ਸਹਾਇਤਾ ਨਹੀਂ ਕਰਦਾ, ਕਿਸੇ ਦੇਵੀ ਦੇਵਤੇ ਨੇ ਸਹਾਇਤਾ ਨਹੀਂ ਕਰੀ, ਕਿਸੇ ਰਾਜਪੂਤ ਰਾਜੇ ਨੇ ਸਹਾਇਤਾ ਨਹੀਂ ਕਰੀ,

ਬੜਾ ਬੁਰਾ ਹੋ ਗਿਆ, ਮਥੁਰਾ ਤੋਂ ਬੰਨ੍ਹੀਆਂ ਹੋਈਆਂ ਜਾ ਰਹੀਆਂ ਨੇ ਟਰੱਕਾਂ 'ਚ। ਇਨ੍ਹਾਂ ਦੇ ਵਿਚ ਮੇਰੀ ਲੜਕੀ ਜਾ ਰਹੀ ਹੈ ਤੇ ਮੈਂ ਨਾਲ-ਨਾਲ ਤੁਰਿਆ ਜਾਂਦਾ, ਕੋਈ ਛੁਡਾਉਣ ਵਾਲਾ ਨਹੀਂ ਮਿਲਦਾ, ਤੇ ਮੈਂ ਤੁਹਾਡੀ ਸ਼ਰਨ ਆਇਆਂ ਤੇ ਕ੍ਰਿਪਾ ਕਰੋ।।

ਜਥੇਦਾਰ ਸਾਹਿਬ ਸਿੰਘ ਦਾ ਦਿਲ ਐਨਾ ਦਰੱਵ ਗਿਆ, ਦੂਜਿਆਂ ਦਾ ਵੀ ਦਰੱਵ ਗਿਆ, ਕਹਿਣ ਲੱਗੇ, ਹੈਂ! ਐਨਾ ਦੁੱਖ। ਕਹਿਣ ਲੱਗੇ, ਖਾਲਸਾ ਜੀ! ਪ੍ਰਸ਼ਾਦੇ ਰਹਿਣ ਦਿਓ। ਜਿਥੇ ਸੱਤ ਦਿਨ ਕੱਢੇ ਨੇ ਉਥੇ ਹੋਰ ਸਮਾਂ ਕੱਢ ਲਓ, ਹੁਣ ਇਕ ਦਮ ਤਿਆਰ ਹੋ ਕੇ ਪੈ ਜਾਓ। ਦੋ ਸਿੰਘ ਭੇਜ ਦਿਤੇ। ਉਹ ਕਹਿੰਦੇ, ਜੇ ਮਾੜਾ ਕੰਮ ਹੁੰਦਾ ਹੋਇਆ। ਅਸੀਂ ਆਉਣਾ ਨਹੀਂ, ਅਸੀਂ ਗੋਲੀ ਚਲਾ ਦੇਣੀ ਹੈ, ਸਮਝ ਲਓ ਕਿ ਅਸੀਂ ਯੁੱਧ ਕਰਨ ਲੱਗ ਗਏ। ਉਸੇ ਵੇਲੇ ਹਮਲਾ ਕਰਿਆ ਤੇ ਬਹੁਤ ਸਿੰਘ ਸ਼ਹੀਦ ਕਰਾ ਲਏ। ਲੇਕਿਨ ਸੈਂਕੜੇ ਬੀਬੀਆਂ ਛੁਡਾ ਲਈਆਂ। ਸੋ ਇਹਨੂੰ ਦਇਆ ਕਹਿੰਦੇ ਨੇ। ਨਹੀਂ ਤਾਂ ਆਦਮੀ ਕਹਿੰਦੈ, ਮੈਨੂੰ ਕੀ, ਸਾਡੀ ਕਿਹੜਾ ਕੋਈ ਆਪਣੀ ਲੜਕੀ ਹੈ ਇਹਦੇ ਵਿਚ। ਸੋ ਦਇਆ ਜਿੱਥੇ ਹੈ ਉਥੇ ਪ੍ਰਮੇਸ਼ਰ ਰੀਝ ਜਾਇਆ ਕਰਦੈ।

ਇਸ ਬੀਬੀ ਨੇ ਜਲ ਪਿਲਾਉਣਾ ਸ਼ੁਰੂ ਕਰਿਆ। ਕੱਪੜੇ ਪਾੜ ਲਏ ਆਪਣੇ, ਰੱਸੀ ਵੱਟ ਲਈ। ਜਦੋਂ ਖੂਹ 'ਚ ਲਮਕਾਏ ਉਹ ਪਹੁੰਚ ਨਾ ਸਕੇ, ਅਖੀਰ ਇਸ ਨੇ ਆਪਣੇ ਕੇਸਾਂ ਦੀ ਰੱਸੀ ਵੱਟ ਲਈ, ਪਾਣੀ ਤੱਕ ਪਹੁੰਚ ਗਿਆ ਕੱਪੜਾ, ਜਦੋਂ ਪਾਣੀ ਪਿਲਾਇਆ, ਉਹ ਪ੍ਰਸੰਨ ਹੋਈ ਤੇ ਕੀ ਦੇਖਦੇ ਨੇ ਦੂਜੇ ਦਿਨ ਹੱਜ ਸੀ। ਇਸ ਦੇ ਕੋਲ ਵਸਤਰ ਨਹੀਂ ਸੀ, ਇਹਨੇ ਟੋਆ ਪੁੱਟਿਆ ਰੇਤੇ ਵਿਚ ਤੇ ਗਰਦਨ ਤੱਕ ਆਲੇ-ਦੁਆਲੇ ਰੇਤਾ ਪਾ ਕੇ ਬਹਿ ਗਈ ਵਿਚ।

ਉਧਰ ਕੀ ਦੇਖਦੇ ਨੇ ਹਾਜ਼ੀ ਕਿ ਕਾਹਬਾ ਨਜ਼ਰ ਨਹੀਂ ਆ ਰਿਹਾ। ਗਾਇਬ ਹੋ ਗਿਆ। ਇਬਰਾਹੀਮ ਨੇ ਅਰਦਾਸ ਕਰੀ ਕਿ ਹੇ ਅੱਲਾਹ ਤਾਲਾ! ਇਹ ਕੀ ਸਾਡੇ ਤੋਂ ਭੁੱਲ ਹੋ ਗਈ। ਆਕਾਸ਼ ਦੇ ਵਿਚ ਆਵਾਜ਼ ਆਈ ਕਿ ਹਾਜੀਓ! 60 ਮੀਲ 'ਤੇ ਕਾਹਬਾ ਗਿਆ ਹੋਇਐ ਤੇ ਰਾਵੀਆ ਨੂੰ ਦਰਸ਼ਨ ਦੇ ਰਿਹੈ। ਜਾਓ, ਉਥੇ ਜਾ ਕੇ ਹੱਜ ਕਰੋ। ਇਬਰਾਹੀਮ ਹਾਜੀਆਂ ਨੂੰ ਲੈ ਕੇ ਆ ਜਾਂਦੈ। ਅੱਗੇ ਕੀ ਦੇਖਦੈ ਜਿੱਥੇ ਰਾਵੀਆ ਬੈਠੀ ਹੈ, ਜੰਗਲੀ ਜਾਨਵਰ ਬੈਠੇ ਨੇ ਇਕ ਦੂਜੇ ਦੇ ਵਿਰੋਧੀ, ਇਕ ਦੂਜੇ ਨੂੰ ਖਾਣ ਵਾਲੇ, ਹੈਰਾਨ ਹੋ ਗਏ, ਨੇੜੇ ਆ ਗਏ, ਜਾਨਵਰ ਚਲੇ ਗਏ। ਕਾਹਬੇ ਦੇ ਦਰਸ਼ਨ ਕਰੇ। ਉਸ ਵੇਲੇ ਪੁੱਛਣ ਲੱਗੇ ਕਿ ਰਾਵੀਆ! ਤੂੰ ਕਿਹੜਾ ਪੁੰਨ ਕਰਿਐ। ਕਿਹੜਾ ਨੇਕ ਕੰਮ ਕਰਿਐ, ਜਿਹਦੇ ਕਰਕੇ ਕਾਹਬਾ 60 ਕੋਹ 'ਤੇ ਆ ਗਿਆ। ਕਹਿਣ ਲੱਗੀ, ਭਰਾਵੋ! ਮੈਂ ਤਾਂ ਕੁਛ ਨਹੀਂ ਕਰਿਆ। ਮੇਰੇ ਮਨ ਵਿਚ ਦਇਆ ਪੈਦਾ ਹੋਈ ਸੀ। ਉਸ ਦਇਆ ਕਰਕੇ ਮੈਂ ਇਸ ਤਰ੍ਹਾਂ ਪਾਣੀ ਪਿਲਾ ਦਿਤਾ, ਹੁਣ ਮੇਰੇ ਉਤੇ ਵਸਤਰ ਕੋਈ ਨਹੀਂ ਹੈ। ਮੈਂ ਬੈਠੀ ਹਾਂ ਇਹ ਅੱਲਾਹ ਤਾਲਾ ਦੀ ਰਹਿਮਤ ਹੈ ਕਿ ਮੈਨੂੰ

ਦਰਸ਼ਨ ਦੇਣ ਵਾਸਤੇ ਕਾਹਬਾ ਏਥੇ ਭੇਜ ਦਿਤਾ।

ਮਸ਼ਹੂਰ ਕਹਾਣੀ ਹੈ, ਇਤਿਹਾਸਿਕ ਕਹਾਣੀ ਹੈ ਕਿ ਸੁਬਕਤਦੀਨ ਬਾਦਸ਼ਾਹ ਹਰਨੀ ਦਾ ਬੱਚਾ ਫੜ ਲਿਆਇਆ, ਉਹਨੇ ਆਪਣੀ ਜੀਵਨੀ ਵਿਚ ਲਿਖੀ ਹੋਈ ਹੈ ਆਪਣੀ ਕਹਾਣੀ ਕਿ ਜਦੋਂ ਮੈਂ ਫੜ ਲਿਆਇਆ, ਹਰਨੀ ਮੇਰੇ ਪਿੱਛੇ-ਪਿੱਛੇ। ਪੰਜ ਛੇ ਮੀਲ ਤੁਰ ਆਈ। ਮੇਰੇ ਮਨ ਵਿਚ ਖਿਆਲ ਆਇਆ ਕਿ ਜੇ ਮੇਰਾ ਬੱਚਾ ਕੋਈ ਫੜ ਕੇ ਲੈ ਜਾਏ ਤੇ ਮੇਰੀ ਘਰਵਾਲੀ ਵੀ ਇਵੇਂ ਜਿਵੇਂ ਨੱਠੀ ਜਾਏਗੀ ਮਮਤਾ ਦੀ ਬੱਝੀ ਹੋਈ। ਮੈਂ ਕਿਉਂ ਫੜਿਐ, ਛੱਡ ਦਿਤਾ ਉਹਨੂੰ। ਉਹ ਹਰਨੀ ਕੋਲ ਚਲਿਆ ਗਿਆ, ਜਾ ਕੇ ਹਰਨੀ ਨੇ ਉਹਨੂੰ ਸੁੰਘਿਆ, ਉਪਰ ਨੂੰ ਮੂੰਹ ਚੁੱਕ ਲਿਆ, ਜਿਵੇਂ ਪ੍ਰਮੇਸ਼ਰ ਕੋਲ ਦੁਆ ਕਰਦੀ ਹੁੰਦੀ ਹੈ। ਉਹ ਲਿਖਦੈ ਕਿ ਰਾਤ ਨੂੰ ਮੈਨੂੰ ਸੁਪਨਾ ਆਇਆ ਕਿ ਮੈਂ ਗੁਲਾਮ ਸੀ। ਸੁਪਨੇ 'ਚ ਦੇਖਿਆ ਕਿ ਮੇਰੇ ਕੋਲ ਫਰਿਸ਼ਤੇ ਆਏ, ਫਰਿਸ਼ਤਿਆਂ ਨੇ ਆ ਕੇ ਕਿਹਾ ਕਿ ਸੁਬਕਤਦੀਨ ਤੂੰ ਇਕ ਅੱਜ ਨੇਕ ਕੰਮ ਕੀਤੈ। ਉਹਦੇ ਬਦਲੇ ਅਸੀਂ ਤੈਨੂੰ ਬਾਦਸ਼ਾਹੀ ਦਿੰਦੇ ਹਾਂ ਹਿੰਦੋਸਤਾਨ ਦੀ। ਕਹਿਣ ਲੱਗਿਆ, ਐਸੇ ਹਾਲਾਤ ਬਦਲੇ ਕਿ ਅੱਜ ਮੈਂ ਲਾਹੌਰ ਦੇ ਤਖਤ 'ਤੇ ਬੈਠਾਂ, ਬਾਦਸ਼ਾਹੀ ਕਰ ਰਿਹਾਂ। ਸੋ ਇਹ ਦਇਆ ਦੀਆਂ ਕਹਾਣੀਆਂ ਨੇ ਮਹਾਰਾਜ ਕਹਿੰਦੇ। ਸੋ ਭਾਈ ਤਿਲੋਕਾ, ਪਹਿਲਾਂ ਦਇਆ ਦਾ ਧਾਰਨੀ ਹੋ, ਦਇਆ ਤੋਂ ਧਰਮ ਉਤਪੰਨ ਹੋਏਗਾ। ਧਰਮ ਸਮੂੰਹ ਹੈ ਗੁਣਾਂ ਦਾ-ਖਿਮਾ ਕਰਨੀ, ਅਹਿੰਸਾ-ਕਿਸੇ ਨੂੰ ਮਨ ਨਾਲ, ਬਚਨਾਂ ਨਾਲ ਤੇ ਬੁੱਧੀ ਨਾਲ, ਕਿਸੇ ਨੂੰ ਦੁਖੀ ਨਾ ਕਰਨਾ। ਇਹ ਅਹਿੰਸਾ ਹੁੰਦੀ ਹੈ। ਫੇਰ ਮਿੱਠੇ ਬਚਨ ਨੇ। ਸਤਿ ਦੇ ਵਿਚ ਰਹਿਣੈ। ਤਪ ਕਰਨੈ, ਸੇਵਾ ਕਰਨੀ ਹੈ। ਇਹ ਜਨਮ ਨਿਹਫਲ ਨਹੀਂ ਗੁਆਉਣਾ। ਗੁਰੂ ਦੀ ਸੇਵਾ ਕਰਨੀ ਹੈ, ਯਥਾਸ਼ਕਤ ਦਾਨ ਕਰਨੈ। ਦਾਨ ਤੋਂ ਬਗੈਰ ਦਲਿੱਦਰ ਨਹੀਂ ਘਰ ਦਾ ਕਦੇ ਵੀ ਖਤਮ ਹੋਇਆ ਕਰਦਾ। ਦਸਵੰਧ ਦੇਣਾ ਗੁਰੂ ਮਹਾਰਾਜ ਨੇ ਸਾਨੂੰ ਲਿਖਿਐ। ਦਸਵੰਧ ਇਸ ਤਰ੍ਹਾਂ ਨਾਲ ਹੈ, ਅੱਜਕੱਲ੍ਹ ਖੇਤੀਆਂ ਜਿਹੜੀਆਂ ਨੇ ਇਹਦੇ ਵਿਚ ਅਸੀਂ ਪੈਸਾ ਖਰਚਦੇ ਹਾਂ। ਇੰਡਸਟਰੀ ਵਾਲੇ ਇੰਡਸਟਰੀ 'ਚ ਖਰਚਦੇ ਨੇ। ਸਭ ਖਰਚਦੇ ਨੇ ਪੈਸਾ, ਇਹਦੇ ਵਿਚ ਹਿਸਾਬ ਜਿਹੜੈ 10% ਤੋਂ ਵਧ ਨਹੀਂ ਬਚਿਆ ਕਰਦਾ। ਇਸ ਕਰਕੇ 100 ਬੋਰੀ ਜੇ ਹੁੰਦੀ ਹੈ, ਇਕ ਬੋਰੀ ਤੁਸੀਂ ਦਸਵੰਧ ਦੇਵੋ। ਜੇ ਦਸਵੰਧ ਨਾ ਦਿਓ, ਵਿਘਨ ਆ ਜਾਇਆ ਕਰਦੇ ਨੇ। ਬੇਅੰਤ ਵਿਘਨ। ਤਿੰਨ ਭਰਾ ਇਹਦੇ ਹੋਰ ਨੇ ਧਰਮ ਦੇ। ਉਹ ਤਿੰਨੋਂ ਜਿਹੜੇ ਨੇ ਨਾਲੇ ਦੁਖੀ ਕਰਦੇ ਨੇ, ਨਾਲੇ ਪੈਸਾ ਲੈ ਜਾਂਦੇ ਨੇ। ਉਸ ਤੋਂ ਵੱਧ ਲਿਜਾਂਦੇ ਨੇ। ਸੋ ਮਹਾਰਾਜ ਕਹਿੰਦੇ ਨੇ ਕਿ ਦਾਨ। ਫੇਰ ਹੋਇਆ ਕਰਦਾ ਹੈ ਸ਼ੀਲ, ਸੌਚ ਹੋਇਆ ਕਰਦੀ ਹੈ ਪਵਿੱਤਰਤਾ। ਫੇਰ ਵਾਸ਼ਨਾ ਰਹਿਤ ਹੋਇਆ ਕਰਦਾ ਹੈ ਸੰਤੋਖ। ਸੋ ਇਹ ਜਦ ਗੁਣ ਧਾਰਨ ਕਰੇਂਗਾ ਪਿਆਰਿਆ। ਉਸ ਵੇਲੇ ਤੇਰਾ ਮਨ ਪ੍ਰਮੇਸ਼ਰ ਨਾਲ ਜੁੜਨ ਲਗ ਜਾਏਗਾ। ਗੁਣਾਂ ਤੋਂ ਬਗੈਰ ਭਗਤੀ ਨਹੀਂ ਹੁੰਦੀ।

***ਵਿਣੁ ਗੁਣ ਕੀਤੇ ਭਗਤਿ ਨ ਹੋਇ ॥*** ***ਅੰਗ- 4***

ਸੋ ਭਗਤੀ ਕਰਨੀ ਹੈ ਤਾਂ ਗੁਣਾਂ ਦਾ ਧਾਰਨੀ ਹੋ ਤੇ ਨਾਲ ਇਕ ਤੈਨੂੰ ਅਸੀਂ ਹਦਾਇਤ ਕਰਦੇ ਹਾਂ ਕਿ ਗੁਰਸਿੱਖ ਦੀ ਜ਼ੁਬਾਨ ਜਿਹੜੀ ਵਾਹਿਗੁਰੂ-ਵਾਹਿਗੁਰੂ ਕਰਦੀ ਹੈ, ਬਾਣੀ ਪੜ੍ਹਦੀ ਹੈ, ਉਹ ਐਨੀ ਮਿੱਠੀ ਹੋ ਜਾਂਦੀ ਹੈ ਕਿ ਕਿਸੇ ਨੂੰ ਕੌੜਾ ਵਾਕ ਨਹੀਂ ਕਹਿੰਦੀ। ਕੌੜਾ ਬੋਲਣਾ ਜਿਹੜਾ ਹੈ ਉਹ ਗੁਰਸਿੱਖੀ ਦੇ ਅੰਦਰ ਕੁਰਹਿਤ ਹੈ, ਫਿੱਕਾ ਬੋਲਣਾ, ਫਿੱਕਾ ਬੋਲਣ ਵਾਲੇ ਨੂੰ ਦਰਗਾਹ ਦੇ ਵਿਚੋਂ ਸੁੱਟ ਦਿਤਾ ਜਾਂਦੈ ਤੇ ਮਹਾਰਾਜ ਪ੍ਰਵਾਨ ਨਹੀਂ ਉਸ ਨੂੰ ਕਰਦੇ।

ਗੁਰੂ ਨੌਵੇਂ ਪਾਤਸ਼ਾਹ ਦੇ ਜਿਹੜੇ ਚੌਰ ਬਰਦਾਰ ਸੀ, ਸੇਵਾ ਕਰਿਆ ਕਰਦੇ ਸੀ, ਭਾਈ ਸੋਭਾ ਰਾਮ ਉਸ ਦਾ ਨਾਮ ਸੀ। ਇਕ ਵਾਰੀ ਐਸਾ ਹੋਇਆ ਕਿ ਇਕ ਗੁਰਸਿੱਖ ਦਸਵੰਧ ਦੇਣ ਵਾਸਤੇ ਗੱਡਾ ਜੋੜ ਕੇ ਆ ਗਿਆ। ਰਸਤਿਆਂ 'ਚ ਸੜਕਾਂ ਨਹੀਂ ਸੀ ਹੁੰਦੀਆਂ, ਧੂੜ ਨਾਲ ਲੱਥਪੱਥ ਹੋ ਗਿਆ। ਦਾੜ੍ਹਾ ਭਰ ਗਿਆ, ਚਿਹਰੇ 'ਤੇ ਆ ਗਿਆ। ਨੇੜੇ ਆ ਕੇ ਕੀ ਦੇਖਦੈ ਕਿ ਪ੍ਰਸ਼ਾਦ ਵਰਤਾਇਆ ਜਾ ਰਿਹੈ, ਮਨ 'ਚ ਆਇਆ ਕਿ ਗੁਰੂ ਦਾ ਭੋਗ ਲੱਗਿਆ ਹੋਇਆ ਪ੍ਰਸ਼ਾਦ ਕਿਸਮਤ ਵਾਲੇ ਨੂੰ ਮਿਲਦੈ ਤੇ ਮੈਂ ਕਿਉਂ ਨਾ ਪ੍ਰਸ਼ਾਦ ਲੈ ਜਾਵਾਂ, ਗੱਡਾ ਰੋਕ ਦਿਤਾ ਤੇ ਪ੍ਰਸ਼ਾਦ ਲੈਣ ਵਾਸਤੇ ਅੰਦਰ ਚਲਿਆ ਗਿਆ। ਭਾਈ ਸੋਭਾ ਰਾਮ ਦੀ ਨਿਗ੍ਹਾ ਪੈ ਗਈ ਕਿ ਧੂੜ ਨਾਲ ਲੱਥਪੱਥ ਹੋਇਆ-ਹੋਇਆ ਇਹ ਅੰਦਰ ਆ ਰਿਹੈ। ਇਹ ਕੋਲ ਜਾ ਕੇ ਬਹਿ ਗਿਆ ਜਿਥੇ ਪ੍ਰਸ਼ਾਦ ਵਰਤਾਉਂਦਾ ਸੀ। ਜਦੋਂ ਇਹਦੀ ਵਾਰੀ ਆਈ ਤਾਂ ਸੋਭਾ ਰਾਮ ਇਹਨੂੰ ਛੱਡ ਕੇ ਦੂਜੇ ਪਾਸੇ ਚਲਿਆ ਗਿਆ। ਇਹਨੇ ਕਿਹਾ ਕਿ ਗੱਡਾ ਨਾ ਤੁਰ ਜਾਵੇ, ਇਹ ਉਧਰ ਬਹਿ ਗਿਆ। ਉਹ ਉਥੋਂ ਵੰਡਦਾ-ਵੰਡਦਾ ਦੂਜੇ ਪਾਸੇ ਹੋ ਗਿਆ। ਇਹ ਫੇਰ ਇਧਰ ਆ ਗਿਆ ਵਿਚਾਰਾ। ਅਖੀਰ ਕਹਿਣ ਲੱਗਿਆ ਕਿ ਭਾਈ ਸਾਹਿਬ! ਪ੍ਰਸ਼ਾਦ ਦੇ ਦਿਓ, ਮੇਰਾ ਗੱਡਾ ਤੁਰਿਆ ਜਾਂਦੈ।

ਕਹਿਣ ਲੱਗਿਆ, ਰਿੱਛ ਜਿਹਾ, ਟੱਪੀ ਜਾਂਦੈ। ਫਿੱਕਾ ਬੋਲ ਬੋਲਿਆ। ਉਸ ਵੇਲੇ ਉਨ੍ਹਾਂ ਨੇ ਮੱਥਾ ਟੇਕ ਦਿਤਾ, ਕੋਈ ਬਚਨ ਨਹੀਂ ਕਰਿਆ, ਕਿਣਕਾ ਇਕ ਪਿਆ ਸੀ, ਚੁੱਕ ਕੇ ਰਸਨਾ 'ਤੇ ਰੱਖ ਲਿਆ ਤੇ ਸਹਿਜ ਸੁਭਾਅ ਮੁੱਖ ਤੋਂ ਨਿਕਲ ਗਿਆ, ਕਹਿਣ ਲੱਗੇ, ਪਿਆਰਿਆ! ਐਨਾ ਕੌੜਾ ਬੋਲਦੈਂ, ਗੁਰੂ ਦੇ ਹਜ਼ੂਰ ਰਹਿ ਕੇ, ਜੇ ਤੇਰਾ ਇਹ ਹਾਲ ਤਾਂ ਜਿਹੜੇ ਦੂਰ ਰਹਿੰਦੇ ਨੇ ਉਨ੍ਹਾਂ ਦਾ ਕੀ ਹਾਲ ਹੈ। ਤੈਨੂੰ ਤਾਂ ਸਿੱਖੀ ਦਾ ਹੀ ਨਹੀਂ ਪਤਾ ਲੱਗਿਆ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਤੈਨੂੰ ਸਿੱਖੀ ਦੀ ਸਮਝ ਨਾ ਬਈ ਆਈ,***
***ਫਿੱਕੇ ਕਾਹਤੋਂ ਬੋਲ ਬੋਲਦੈਂ।***

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***

*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ 1 ॥*

*ਅੰਗ- 473*

ਗੁਰੂ ਤੇਗ ਬਹਾਦਰ ਪਾਤਸ਼ਾਹ ਵਰਗੇ ਮਿੱਠ ਬੋਲੇ ਗੁਰੂ ਦੇ ਕੋਲ ਰਹਿ ਕੇ ਤੂੰ ਐਨਾ ਕੌੜਾ ਬੋਲਦੈਂ? ਤੈਨੂੰ ਨਹੀਂ ਪਤਾ ਲੱਗਿਆ ਕਿ ਗੁਰਸਿੱਖ ਹਮੇਸ਼ਾ ਮਿੱਠਾ ਬੋਲ ਬੋਲਦੇ ਨੇ। ਚੰਗਾ, ਮੈਂ ਤਾਂ ਨਹੀਂ ਰਿੱਛ ਬਣਨਾ, ਤੂੰ ਜ਼ਰੂਰ ਬਣੇਂਗਾ। ਗੱਲ ਕਹਿ ਦਿਤੀ ਤੇ ਹੁਣ ਇਹ ਜਿਹੜੀ ਗੱਲ ਕਹੀ ਹੈ ਇਹ ਪ੍ਰਮੇਸ਼ਰ ਵਲੋਂ ਹੀ ਆਉਂਦੀ ਹੈ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥* *ਅੰਗ- 263*

ਕਹਿਣ ਲੱਗਿਆ, ਕੌਣ ਹੈ ਬਚਨ ਕਰਨ ਵਾਲਾ। ਪਛਾਣ ਲਿਆ ਕਿ ਇਹ ਤਾਂ ਭਾਈ ਧੰਨਾ ਅਭੇਦ ਅਵਸਥਾ ਦਾ ਗੁਰਸਿੱਖ ਹੈ ਇਹਦੇ ਵਿਚ ਤੇ ਗੁਰੂ ਵਿਚ ਤਾਂ ਕੋਈ ਫਰਕ ਨਹੀਂ ਹੈ। ਬੜਾ ਮਾੜਾ ਕੰਮ ਮੇਰੇ ਤੋਂ ਗਿਆ। ਕਹਿਣ ਲੱਗਿਆ, ਕੋਈ ਗੱਲ ਨਹੀਂ, ਮੈਂ ਗੁਰੂ ਦੀ ਸੇਵਾ 'ਚ ਹਾਂ। ਇਹਦਾ ਬਚਨ ਮੈਨੂੰ ਕਿਵੇਂ ਲਗ ਜਾਏਗਾ। ਅਖੀਰ ਗੁਰੂ ਨੌਂਵੇਂ ਪਾਤਸ਼ਾਹ ਦੇ ਪਾਸ ਬੇਨਤੀ ਕਰੀ ਕਿ ਪਾਤਸ਼ਾਹ! ਇਸ ਤਰ੍ਹਾਂ ਨਾਲ ਗੁਰਸਿੱਖ ਆਇਆ ਸੀ ਮੈਨੂੰ ਉਹ ਉਲਟਾ ਬਚਨ ਕਰ ਗਿਆ।

ਕਹਿੰਦੇ, ਭਾਈ! ਇਹ ਤਾਂ ਤੂੰ ਬੜਾ ਗਲਤ ਕੰਮ ਕਰਿਆ, ਗੁਰਸਿੱਖ ਦਾ ਬਚਨ ਮੈਂ ਤਾਂ ਟਾਲ ਨਹੀਂ ਸਕਦਾ। ਮੇਰੇ ਪਿਆਰੇ ਜਿਹੜੇ ਅਭੇਦ ਅਵਸਥਾ ਦੇ ਨੇ, ਆਦਿ ਜੁਗਾਦਿ ਤੋਂ ਹੀ ਇਹ ਕੰਮ ਚਲਦੈ। ਤੁਹਾਨੂੰ ਪਤੈ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਭਾਈ ਬੁੱਧੂ ਲਾਹੌਰੀ ਮਹਾਰਾਜ ਦੇ ਚਰਨ ਸ਼ਰਨ 'ਚ ਆਇਆ। ਉਹਨੇ ਆ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਤੇਰਾ ਭਰੋਸਾ ਰੱਖ ਕੇ ਸਾਰਾ ਕਾਰੋਬਾਰ ਕਰਦਾਂ, ਮੈਂ ਦਸਵੰਧ ਦਿੰਦਾਂ। ਭੱਠੇ ਲਾਏ ਸੀ, ਆਵੇ ਲਾਏ ਸੀ ਤੇ ਉਹਦਾ ਦਸਵੰਧ ਮੈਂ ਲੈ ਕੇ ਆਇਆ ਹਾਂ। ਪਰ ਪਾਤਸ਼ਾਹ! ਮੇਰੇ ਸਿਰ ਐਨਾ ਕਰਜ਼ਾ ਹੋ ਗਿਆ। ਇਸ ਤਰ੍ਹਾਂ ਸਮਝ ਲਓ ਕਿ ਰੋਮ-ਰੋਮ ਮੇਰਾ ਕਰਜ਼ੇ ਨਾਲ ਵਿੰਨ੍ਹਿਆ ਗਿਆ। ਕਰਜ਼ਾ ਨਹੀਂ ਉਤਰਦਾ। ਕੋਈ ਜੁਗਤ ਦੱਸੋ, ਮਹਾਰਾਜ ਕਹਿੰਦੇ, ਗੁਰਸਿੱਖਾ! ਜੁਗਤਾਂ ਤਾਂ ਬਾਣੀ ਦੇ ਅੰਦਰ ਬੇਅੰਤ ਦੱਸੀਆਂ ਹੋਈਆਂ ਨੇ। ਐਸੀ ਗੱਲ ਕੋਈ ਛੁਪਾ ਕੇ ਨਹੀਂ ਰੱਖੀ ਹੋਈ ਕਿ ਜਿਸ ਗੱਲ ਦਾ ਪਤਾ ਨਾ ਹੋਵੇ। ਗੁਰਸਿੱਖ ਨੂੰ ਬਾਣੀ ਦੀ ਖੋਜ ਕਰਕੇ ਇਨ੍ਹਾਂ ਗੱਲਾਂ ਦਾ ਧਿਆਨ ਆਪਣੇ ਆਪ ਹੀ ਦੇਣਾ ਚਾਹੀਦੈ।

*ਧਾਰਨਾ - ਜੇ ਤਾਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ।*

*ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥*

*ਅੰਗ- 266*

ਧਰਮ, ਅਰਥ, ਕਾਮ, ਮੋਖਸ਼, ਧਾਰਮਿਕ ਜੀਵਨ, ਸਰਾਬਾਂ-ਕਬਾਬਾਂ, ਜਰਦੇ ਸਭ ਜੇ ਹਟਾਉਣਾ ਚਾਹੁੰਦੈਂ ਤਾਂ ਸਾਧੂਆਂ ਦੀ ਸੰਗਤ 'ਚ ਆ ਜਾ। ਅਰਥ - ਪੈਸੇ ਟਕੇ ਦੀ ਕਮੀ ਹੈ, ਤੂੰ ਸੇਵਾ 'ਚ ਲਗ ਜਾ, ਪੈਸਾ ਵਧ ਜਾਏਗਾ। ਕਾਮਨਾਵਾਂ - ਕੋਈ ਕਾਮਨਾ ਪੂਰੀ ਨਹੀਂ ਹੁੰਦੀ, ਸੇਵਾ ਕਰ ਤੇਰੀ ਕਾਮਨਾ ਪੂਰੀ ਹੋ ਜਾਏਗੀ ਤੇ ਇਥੋਂ ਤਕ ਕਿ ਮੋਖਸ਼ ਵੀ ਮਿਲ ਜਾਏਗੀ। ਚਾਰ ਚੀਜ਼ਾਂ ਸਾਧੂਆਂ ਦੀ ਸੇਵਾ 'ਚੋਂ ਮਿਲਦੀਆਂ ਨੇ।

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ ਕਹਿਤ ਕਬੀਰ ਬੀਚਾਰ।***

ਸੋ ਇਸ ਕਰਕੇ ਭਾਈ ਇਹ ਤਾਂ ਸਿੱਧੀ ਜਿਹੀ ਸੇਵਾ ਹੈ। ਤੂੰ ਜਾਹ ਲਾਹੌਰ, ਲਾਹੌਰ ਦੇ ਵਿਚ ਵੱਡੇ-ਵੱਡੇ ਗੁਰਮੁਖ ਪਿਆਰੇ ਵਸਦੇ ਨੇ। ਅਭੇਦ ਅਵਸਥਾ ਦੇ ਗੁਰਸਿੱਖ ਵਸਦੇ ਨੇ। ਸ਼ਰਧਾ ਦੇ ਨਾਲ ਘਰ ਬੁਲਾ।

ਸਾਧਸੰਗਤ ਜੀ ਇਕ ਮੈਂ ਬੇਨਤੀ ਕਰਨੀ ਹੈ, ਧਿਆਨ ਨਾਲ ਸੁਣਿਓ। ਅਸੀਂ ਗ੍ਰਿਹਸਥੀ ਲੋਕ ਹਾਂ ਸਾਨੂੰ ਲੋੜਾਂ ਪੈਂਦੀਆਂ ਨੇ। ਸਾਡੀ ਲੋੜ ਨਹੀਂ ਪੂਰੀ ਹੁੰਦੀ। ਇਧਰ ਦੌੜਦੇ ਹਾਂ ਓਧਰ ਦੌੜਦੇ ਹਾਂ। ਗੁਰੂ ਦਸਵੇਂ ਪਾਤਸ਼ਾਹ ਨੂੰ ਸਵਾਲ ਕੀਤਾ ਸੀ ਕਿ ਪਾਤਸ਼ਾਹ! ਹੁਣ ਤੁਸੀਂ ਸਰੀਰਕ ਰੂਪ ਦੇ ਵਿਚੋਂ ਅਲੋਪ ਹੋ ਰਹੇ ਹੋਂ। ਸਾਡੀਆਂ ਕਾਮਨਾਵਾਂ ਕੌਣ ਪੂਰੀਆਂ ਕਰੇਗਾ ਕਿਉਂਕਿ ਅਸੀਂ ਗ੍ਰਿਹਸਥੀ ਹਾਂ। ਸਾਨੂੰ ਲੋੜਾਂ ਪੈਣੀਆਂ ਨੇ। ਅੱਗੇ ਅਸੀਂ ਮੜੀਆਂ 'ਤੇ ਜਾਂਦੇ ਸੀ, ਕੋਈ ਗੁੱਗੇ ਦੇ ਜਾਂਦਾ ਸੀ, ਕੋਈ ਸਖੀ ਸਰਵਰ ਦੇ ਜਾਂਦਾ ਸੀ, ਕੋਈ ਕਿਸੇ ਸਾਧੂ ਨੂੰ ਮੰਨਦਾ ਸੀ, ਕੋਈ ਕਿਸੇ ਨੂੰ ਮੰਨਦਾ ਸੀ। ਹੁਣ ਜਦੋਂ ਦੇ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਫੜੇ ਨੇ, ਹੁਣ ਤਾਂ ਅਸੀਂ ਕਿਤੇ ਜਾਂਦੇ ਨਹੀਂ ਹਾਂ। ਸਾਡੀ ਲੋੜ ਕਿਵੇਂ ਪੂਰੀ ਹੋਵੇਗੀ? ਬਿਮਾਰ ਵੀ ਹੋਣੈ, ਘਾਟੇ ਵੀ ਪੈਣੇ ਨੇ, ਔਖ ਵੀ ਆਉਣੀ ਹੈ ਸਾਡੇ 'ਤੇ। ਮਹਾਰਾਜ ਕਹਿੰਦੇ, ਗੁਰਸਿੱਖੋ! ਦੇਖੋ, ਪੰਜ ਗੁਰਸਿੱਖਾਂ ਨੂੰ, ਬੰਦਗੀ ਕਰਨ ਵਾਲਿਆਂ ਨੂੰ, ਆਪਣੇ ਘਰ ਬੁਲਾਓ ਇਹ ਭਰੋਸਾ ਕਰਕੇ ਕਿ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਪੁਆ ਰਹੇ ਹਾਂ। ਉਸ ਤੋਂ ਬਾਅਦ ਜਿਵੇਂ ਗੁਰੂ ਨਾਨਕ ਪਾਤਸ਼ਾਹ ਦੀ ਸੇਵਾ ਹੈ ਇਸੇ ਭਾਵਨਾ ਨਾਲ ਤੁਸੀਂ ਸੇਵਾ ਕਰੋ, ਪ੍ਰਸ਼ਾਦ ਛਕਾਓ। ਪਹਿਲਾਂ ਪ੍ਰਸ਼ਾਦ ਤੇ ਖੀਰ, ਜਦੋਂ ਦਾਲ ਮੰਗਣ ਫੇਰ ਦੇ ਦਿਓ। ਉਨ੍ਹਾਂ ਤੋਂ ਅਰਦਾਸ ਕਰਾਓ, ਜਦੋਂ ਉਹ ਅਰਦਾਸ ਕਰਦੇ ਹੋਣਗੇ, ਮੈਂ ਉਨ੍ਹਾਂ ਦੀ ਜ਼ੁਬਾਨ 'ਤੇ ਬੋਲਦਾ ਹੋਵਾਂਗਾ। ਕਿੱਡੀ ਵੱਡੀ ਬਾਤ ਮਹਾਰਾਜ ਨੇ ਕਹਿ ਦਿਤੀ। ਪਰ ਅਸੀਂ ਭੁੱਲ ਗਏ। ਸਾਨੂੰ ਲੱਭਦੇ ਨਹੀਂ ਬੰਦਗੀ ਕਰਨ ਵਾਲੇ।

ਆਹ ਥੋੜ੍ਹੇ ਜਿਹੇ ਦਿਨ ਹੋਏ ਇਕ ਬੀਬੀ ਆਈ, ਕਹਿੰਦੀ ਬਾਬਾ ਜੀ! ਸਾਡੀ ਮੱਝ ਦਾ ਥਣ ਬੰਦ ਹੋ ਗਿਆ। ਮੈਂ ਕਿਹਾ, ਭਾਈ! ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾ। ਪ੍ਰਸ਼ਾਦ ਛਕਾਇਆ, ਉਲਾਂਭਾ ਦੇਣ ਮੈਨੂੰ ਫੇਰ ਆ ਗਈ। ਕਹਿੰਦੀ, ਮੈਂ ਤਾਂ ਪ੍ਰਸ਼ਾਦ ਵੀ ਛਕਾ ਦਿਤਾ, ਥਣ ਤਾਂ ਫੇਰ ਵੀ ਨਹੀਂ ਖੁਲ੍ਹਿਆ। ਮੈਂ ਕਿਹਾ ਫੇਰ ਸਿੰਘਾਂ ਨੂੰ ਮੇਰੇ ਕੋਲ ਲੈ ਕੇ ਆ। ਕਿੱਥੋਂ

ਦੇ ਸੀ ਸਿੰਘ? ਕਹਿੰਦੀ, ਮੈਂ ਉਥੋਂ ਹੀ ਇਕੱਠੇ ਕਰ ਲਏ ਸੀ, ਪਿੰਡ 'ਚੋਂ। ਮੈਂ ਕਿਹਾ, ਬੀਬੀ! ਮੇਰੇ ਕੋਲ ਲਿਆ ਉਨ੍ਹਾਂ ਨੂੰ, ਮੈਂ ਗੱਲ ਪੁੱਛਣੀ ਹੈ ਉਨ੍ਹਾਂ ਨੂੰ। ਕਾਫੀ ਮੈਂ ਨਰਾਜ਼ ਹੋਇਆ। ਸਿੰਘ ਸਾਰੇ ਹੀ ਬੈਠੇ ਸੀ। ਮੈਂ ਕਿਹਾ, ਗੁਰੂ ਦਾ ਸਿੰਘ ਜਾਵੇ ਤੇ ਕੰਮ ਨਾ ਬਣੇ। ਆਹ ਗੱਲ ਨਹੀਂ ਕਦੇ ਵੀ ਹੁੰਦੀ-ਹੁੰਦੀ। ਆਹ ਤਾਂ ਤੇਰਾ ਕੰਮ ਹੀ ਮਾੜਾ ਜਿਹਾ ਹੈ ਕਿ ਮੱਝ ਦਾ ਥਣ ਬੰਦ ਹੋ ਗਿਆ। ਮੈਂ ਕਿਹਾ, ਬੀਬੀ! ਲਿਆ ਉਨ੍ਹਾਂ ਨੂੰ। ਲਿਆਈ ਨਾ। ਪੰਦਰਾਂ ਦਿਨਾਂ ਬਾਅਦ ਫੇਰ ਆ ਗਈ। ਮੈਂ ਕਿਹਾ, ਕੀ ਗੱਲ?

ਕਹਿੰਦੀ, ਮੇਰੀ ਮੱਝ ਦਾ ਥਣ ਖੁੱਲ੍ਹ ਗਿਆ, ਮੈਂ ਕਿਹਾ ਕਿ ਕੀ ਇਕੱਠੇ ਕਰਨੇ ਨੇ। ਗੱਲ ਕੀ ਹੋਈ? ਮਹਾਰਾਜ ਨੇ ਕਿਹਾ ਕਿ ਲਾਜ ਰਹਿ ਜਾਏ ਇਨ੍ਹਾਂ ਦੀ। ਮੈਂ ਪੁੱਛਣਾ ਸੀ ਉਨ੍ਹਾਂ ਨੂੰ ਕਿ ਤੁਸੀਂ ਨਿਤਨੇਮ ਦੇ ਪੂਰੇ ਹੋਂ? ਬੰਦਗੀ ਕਰਦੇ ਓਂ, ਨਿੰਦਿਆ ਤਾਂ ਨਹੀਂ ਕਰਦੇ, ਚੁਗਲੀਆਂ ਤਾਂ ਨਹੀਂ ਕਰਦੇ, ਈਰਖਾ ਤਾਂ ਨਹੀਂ ਕਰਦੇ। ਕਿਉਂਕਿ ਸਿੱਖ ਦਾ ਜੀਵਨ ਬਹੁਤ ਉੱਚਾ ਹੁੰਦੈ। ਜਦੋਂ ਸਿੱਖ ਨੇ ਅਰਦਾਸ ਕਰਨੀ ਹੈ, ਅਰਦਾਸ ਪੂਰੀ ਹੋਣੀ ਹੀ ਹੋਣੀ ਹੈ। ਪਰ ਗੁਰਸਿੱਖ ਅਰਦਾਸ ਦੇ ਵਿਚ ਇਕ ਭੇਤ ਰਖਦੇ ਨੇ ਉਹ ਵੀ ਮੈਂ ਦਸਦਾ ਹਾਂ ਤੁਹਾਨੂੰ। ਉਹ ਆਪਣੇ ਸਿਰ ਨਹੀਂ ਕੁਛ ਵੀ ਲੈਂਦੇ, ਅਰਦਾਸ ਕਰ ਦਿੰਦੇ ਨੇ, ਨਾਲ ਕਹਿ ਦਿੰਦੇ ਨੇ ਕਿ ਸੱਚੇ ਪਾਤਸ਼ਾਹ! ਗੁਰਮਤਿ ਦੇ ਮੁਤਾਬਿਕ ਕਰਿਓ ਕੰਮ, ਜੇ ਤੁਹਾਨੂੰ ਭਾਉਂਦਾ ਤਾਂ ਕਰਨਾ ਕੰਮ। ਆਹ ਸ਼ਰਤ ਲਾ ਦਿੰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੇ ਸਿੱਖਾਂ ਨੂੰ ਬੁਲਾਓ ਘਰ ਵਿਚ। ਕਾਰੋਬਾਰ ਠੀਕ ਹੋ ਜਾਂਦੈ, ਪਰ ਭਰੋਸਾ ਹੋਣਾ ਚਾਹੀਦੈ। ਇਕ ਥਾਉਂ ਮੈਂ ਗਿਆ। ਕਹਿੰਦਾ ਜੀ, ਮੇਰੀਆਂ 9 ਮੱਝਾਂ ਦੁੱਧ ਦੇਣ ਤੋਂ ਹੱਟ ਗਈਆਂ। ਮੈਂ ਕਿਹਾ, ਤੂੰ ਸਿੰਘ ਲੈ ਆ, ਉਨ੍ਹਾਂ ਦੇ ਚਰਨ ਧੋ ਪਹਿਲਾਂ। ਫੇਰ ਉਹ ਜਲ ਰੱਖ ਲਈਂ। ਕਿਉਂਕਿ ਗੁਰਸਿੱਖ ਦੇ ਚਰਨਾਂ ਦੇ ਵਿਚ ਬਰਕਤਾਂ ਹੁੰਦੀਆਂ ਨੇ। ਉਸ ਤੋਂ ਬਾਅਦ ਤੂੰ ਮੱਝਾਂ ਨੂੰ ਥੋੜ੍ਹਾ-ਥੋੜ੍ਹਾ ਕਰਕੇ ਵਿਚ ਰਲਾ ਕੇ ਪਿਲਾ ਦੇ। ਉਹ ਦੌੜਿਆ-ਦੌੜਿਆ ਆਇਆ, ਕਹਿੰਦਾ ਜੀ ਮੈਂ ਤਾਂ ਫਸ ਗਿਆ। ਕਹਿੰਦਾ ਜੀ ਉਹ ਚਰਨ ਨਹੀਂ ਧੁਆਉਂਦੇ। ਕਹਿੰਦੇ, ਅਸੀਂ ਤਾਂ ਨਹੀਂ ਧੁਆਉਂਦੇ। ਉਹ ਕਹਿੰਦੇ ਕਿ ਵਿਚਲੀ ਗੱਲ ਦੱਸ। ਮੈਂ ਕਿਹਾ ਇਸ ਤਰ੍ਹਾਂ ਕਰ ਤੱਸਲਾ ਭਰ ਕੇ ਰੱਖ ਦੇ। ਉਨ੍ਹਾਂ ਨੂੰ ਬੇਨਤੀ ਕਰਦੇ, ਨਹੀਂ ਸਾਡੇ ਤੋਂ ਧੁਆਉਣੇ ਤਾਂ ਇਸ ਪਾਣੀ ਦੇ ਵਿਚੋਂ ਲੰਘ ਜਾਓ। ਉਸ ਗੱਲ ਤੇ ਸਮਝੌਤਾ ਹੋ ਗਿਆ ਕਿ ਚਲੋ ਪਾਣੀ 'ਚੀਂ ਲੰਘ ਜਾਂਦੇ ਹਾਂ। ਦੂਜੇ ਦਿਨ ਆਇਆ, ਕਹਿੰਦਾ ਜੀ, ਨੌਆਂ ਮੱਝਾਂ ਨੇ ਹੀ ਦੁੱਧ ਦੇ ਦਿਤਾ ਜੀ। ਇਹ ਬਰਕਤਾਂ ਨੇ ਸਾਧਸੰਗਤ ਜੀ, ਗੁਰੂ ਦੇ ਗੁਰਸਿੱਖਾਂ ਦੇ ਅੰਦਰ। ਮਹਾਰਾਜ ਕਹਿੰਦੇ, ਜਿਹਨੇ ਸਾਡੀ ਖੁਸ਼ੀ ਲੈਣੀ ਹੈ, ਗੁਰਸਿੱਖਾਂ ਨੂੰ ਪ੍ਰਸੰਨ ਕਰ ਲਓ, ਪਰ ਗੁਰਸਿੱਖ ਲੱਭਦੇ ਨਹੀਂ ਹੈਗੇ। ਗੁਰਸਿੱਖ ਦਾ ਕਰਤੱਵ ਬਹੁਤ ਉੱਚੈ। ਉਹ ਲੱਭ ਜਾਵੇ, ਧਰਤੀ ਵੀ ਪਾਣੀ ਦੇਣ ਲੱਗ ਜਾਂਦੀ ਹੈ। ਬੰਜਰ ਧਰਤੀ 'ਚ ਵਾਹਿਗੁਰੂ ਪਤਾ ਨਹੀਂ ਕੀ ਕਰਦੈ, ਟਿਊਬਵੈੱਲ ਲਗ ਜਾਂਦੇ ਨੇ।

ਸੋ ਮਹਾਰਾਜ ਕਹਿਣ ਲੱਗੇ, ਪਿਆਰਿਆ! ਅਸੀਂ ਤਾਂ ਬਾਣੀ 'ਚ ਲਿਖ ਦਿਤਾ - ***'ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥'*** ਜਾਹ ਗੁਰਸਿੱਖ ਬਹੁਤ ਨੇ ਲਾਹੌਰ ਦੇ ਅੰਦਰ। ਸਾਰਿਆਂ ਨੂੰ ਹੀ ਬੁਲਾ ਲੈ। ਬੁਲਾ ਕੇ ਪ੍ਰਸ਼ਾਦ ਛਕਾ ਦੇ। ਚਲਿਆ ਗਿਆ, ਭਰੋਸਾ ਹੋ ਗਿਆ, ਗੁਰੂ ਦੇ ਬਚਨਾਂ 'ਤੇ। ਗੁਰਸਿੱਖ ਬੁਲਾ ਲਏ, ਸੰਗਤ ਬੁਲਾ ਲਈ, ਕੀਰਤਨ ਹੋ ਰਿਹੈ ਘਰ ਦੇ ਅੰਦਰ। ਉਪਰੰਤ ਪ੍ਰਸ਼ਾਦਾ ਛਕਾਇਆ, ਪ੍ਰਸ਼ਾਦੇ ਤੋਂ ਬਾਅਦ ਜਦੋਂ ਚੂਲਾ ਪੜ੍ਹਿਆ ਗੁਰਸਿੱਖ ਨੇ, ਪੰਜਾਂ ਪਾਤਸ਼ਾਹੀਆਂ ਦਾ ਨਾਉਂ ਲੈ ਕੇ ਉਸ ਵੇਲੇ ਕਿਹਾ ਕਿ ਸੱਚੇ ਪਾਤਸ਼ਾਹ! ਤੇਰੇ ਗੁਰਸਿੱਖ ਨੇ ਤੇਰਾ ਓਟ ਆਸਰਾ ਲੈ ਕੇ ਆਵਾ ਲਾਇਐ ਤੇ ਇਹਦੀਆਂ ਇੱਟਾਂ ਪੱਕੀਆਂ ਨਿਕਲਣ। ਪ੍ਰਸ਼ਾਦਾ ਛਕਾਉਣ ਵੇਲੇ ਭਾਈ ਬੁੱਧੂ ਨੇ ਜਾ ਕੇ ਸਹਿਜ ਸੁਭਾਅ ਆਵਾ ਖੋਲ੍ਹਿਆ ਤਾਂ ਕੀ ਦੇਖਦੈ, ਇੱਟਾਂ ਪੱਕੀਆਂ, ਟੱਲੀਆਂ ਵਾਂਗੂੰ ਖੜ੍ਹਕਦੀਆਂ ਨੇ। ਕਹਿੰਦਾ, ਮੈਂ ਤਾਂ ਅਜੇ ਪ੍ਰਸ਼ਾਦਾ ਛਕਾਇਆ ਵੀ ਨਹੀਂ, ਪਹਿਲਾਂ ਹੀ ਪੱਕ ਗਈਆਂ। ਇਰਾਦੇ ਤੋਂ ਹੀ ਪੱਕ ਗਈਆਂ ਤੇ ਉਸ ਤੋਂ ਬਾਅਦ ਜਦੋਂ ਅਰਦਾਸ ਹੋਈ ਤਾਂ ਇਕ ਗੁਰਸਿੱਖ ਆ ਗਿਆ, ਉਹ ਕਹਿਣ ਲੱਗਿਆ, ਭਾਈ ਬੁੱਧੂ! ਮੈਂ ਬਹੁਤ ਭੁੱਖਾ ਹਾਂ, ਮੈਨੂੰ ਛੇਤੀ ਪ੍ਰਸ਼ਾਦਾ ਚਾਹੀਦੈ। ਉਹ ਕਹਿੰਦਾ ਜਦੋਂ ਸੰਗਤ ਆਈ ਸੀ, ਉਦੋਂ ਤੂੰ ਆਇਆ ਨਾ, ਤਕਰਾਰ ਕਰ ਲਿਆ ਉਹਦੇ ਨਾਲ, ਝਗੜ ਪਿਆ ਕਿ ਮੈਂ ਪੈਸੇ ਵਾਲਾ। ਉਸ ਦੇ ਪਾਟੇ ਹੋਏ ਕੱਪੜੇ ਜਿਹੇ ਦੇਖ ਕੇ ਘੂਰ ਦਿਤਾ, ਕਹਿੰਦਾ, ਨੱਠ ਜਾ ਇਥੋਂ। ਉਹ ਕਹਿੰਦਾ, ਨੱਠ ਤਾਂ ਮੈਂ ਜਾਨਾਂ। ਤੇਰੀ ਮਰਜ਼ੀ ਹੈ। ਅਰਦਾਸ ਹੋ ਰਹੀ ਹੈ ਅੰਦਰ ਕਿ ਬੁੱਧੂ ਦਾ ਆਵਾ ਪੱਕ ਜਾਵੇ, ਉਹ ਤਿੰਨ ਵਾਰੀ ਉੱਚੀ ਬੋਲ ਪਿਆ ਪੂਰੇ ਜ਼ੋਰ ਨਾਲ ਕਹਿੰਦਾ, ਕੱਚਾ ਰਹੂ, ਕੱਚਾ ਰਹੂ, ਕੱਚਾ ਰਹੂ। ਹੈਰਾਨ ਹੋ ਗਿਆ। ਆ ਕੇ ਲੜ ਪਿਆ, ਕਹਿੰਦਾ, ਸਾਰੀ ਸੰਗਤ ਕਹਿੰਦੀ ਹੈ ਆਵਾ ਪੱਕਾ, ਗੁਰੂ ਕਹਿੰਦੇ ਨੇ ਆਵਾ ਪੱਕਾ। ਮੈਂ ਦੇਖ ਕੇ ਆਇਆ ਹਾਂ, ਇੱਟਾਂ ਪੱਕੀਆਂ ਨੇ ਤੇ ਤੂੰ ਕਿੱਧਰੋਂ ਆ ਗਿਆ, ਕੱਚੀਆਂ ਕਰਨ ਵਾਲਾ। ਉਹ ਕਹਿੰਦਾ, ਪਿਆਰਿਆ! ਮੇਰੀ ਜ਼ੁਬਾਨ ਤੇ ਵੀ ਗੁਰੂ ਅਰਜਨ ਪਾਤਸ਼ਾਹ ਬੋਲੇ ਨੇ, ਜਾਹ ਦੇਖ ਲੈ ਆਪਣਾ ਆਵਾ ਜਾ ਕੇ। ਆਵਾ ਦੇਖਿਆ, ਤਾਂ ਹੈਰਾਨ ਹੋ ਗਿਆ, ਜਿੱਥੋਂ ਪੱਕੀਆਂ ਟੱਲੀ ਵਾਗੂੰ ਖੜ੍ਹਕਦੀਆਂ ਇੱਟਾਂ ਕੱਢੀਆਂ ਸੀ ਉਥੇ ਪਿੱਲੀਆਂ ਨਿਕਲ ਰਹੀਆਂ ਨੇ। ਅੱਖਾਂ 'ਚ ਜਲ ਆ ਗਿਆ, ਹਨ੍ਹੇਰਾ ਆ ਗਿਆ, ਧਰਤੀ 'ਤੇ ਘੁੰਮੇਰ ਆਉਣੀ ਸ਼ੁਰੂ ਹੋ ਗਈ ਕਿ ਲੱਖਾਂ ਰੁਪਿਆ ਖਰਚਿਆ, ਮੈਂ ਕਿੱਥੋਂ ਕਰਜ਼ਾ ਮੋੜਾਂਗਾ। ਅਖੀਰ ਗੁਰੂ ਮਹਾਰਾਜ ਕੋਲ ਆਇਆ, ਆ ਕੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਕੰਮ ਤਾਂ ਬਣਿਆ ਨਾ।

ਮਹਾਰਾਜ ਕਹਿਣ ਲੱਗੇ, ਭਾਈ ਬੁੱਧੂ! ਸਿੱਖ ਪ੍ਰਸ਼ਾਦਾ ਛਕਣ ਤੇ ਅਰਦਾਸ ਕਰਨ ਤੇ ਕੰਮ ਨਾ ਬਣੇ? ਗੱਲ ਕੀ ਹੋਈ ਹੈ ਸਹੀ-ਸਹੀ ਬੋਲ? ਕਹਿੰਦਾ, ਜੀ ਇਕ ਲਟਬੌਰਾ ਜਿਹਾ ਸਿੱਖ ਆ ਗਿਆ। ਲੰਗਰ ਵਰਤ

ਚੁੱਕਿਆ ਸੀ ਤੇ ਉਹ ਖਹਿੜੇ ਪਿਆ ਹੋਇਆ ਸੀ ਕਿ ਜਲਦੀ ਛਕਾ। ਕਹਿੰਦੇ ਬੁੱਧੂ! ਉਹ ਤਾਂ ਮੈਂ ਹੀ ਸੀਗਾ। ਮੇਰੀ ਅਭੇਦ ਅਵਸਥਾ ਦਾ ਭਾਈ ਲੱਖੂ ਸੀ ਜਿਹੜਾ ਦਿਨ ਰਾਤ ਮੇਰੇ ਵਿਚ ਰਹਿੰਦੈ। ਉਹਦਾ ਬਚਨ ਜਿਹੜੈ ਉਹ ਤਾਂ ਸਤਿ ਹੋਏਗਾ।

ਪਾਤਸ਼ਾਹ! ਤੁਸੀਂ ਨਹੀਂ ਹਟਾ ਸਕਦੇ?

ਮਹਾਰਾਜ ਕਹਿੰਦੇ, ਨਹੀਂ। ਮੈਂ ਕਹਿ ਦਿੰਦਾ, ਮੇਰਾ ਗੁਰਸਿੱਖ ਬਚਨ ਉਲਟਾ ਦਿੰਦਾ। ਪਰ ਗੁਰਸਿੱਖ ਦਾ ਕਿਹਾ ਹੋਇਆ ਬਚਨ ਮੈਂ ਨਹੀਂ ਬਦਲ ਸਕਦਾ।

***ਧਾਰਨਾ – ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਹੋਈ ਨਾ ਛੁਟਦੀ।***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ 1 ॥ ਅੰਗ- 1252***

ਕਹਿਣ ਲੱਗੇ, ਗੁਰਸਿੱਖਾ! ਮੈਂ ਭਾਈ ਲੱਖੂ ਦਾ ਕੀਤਾ ਹੋਇਆ ਬਚਨ ਨਹੀਂ ਬਦਲ ਸਕਦਾ। ਕਿਉਂਕਿ ਤੁਹਾਨੂੰ ਇਸ ਗੱਲ ਦਾ ਗਿਆਨ ਨਹੀਂ ਹੈ। ਜਿਹੜੇ ਅਭੇਦ ਅਵਸਥਾ ਦੇ ਮਹਾਂਪੁਰਸ਼ ਨੇ ਹਰ ਵਕਤ ਮੇਰਾ ਧਿਆਨ ਰਖਦੇ ਨੇ, ਮੈਂ ਉਨ੍ਹਾਂ ਦੇ ਵਿਚ ਵਾਸਾ ਕਰਦਾਂ। ਉਨ੍ਹਾਂ ਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ।

***ਧਾਰਨਾ – ਮੇਰਾ ਹੀ ਰੂਪ ਹੈ ਮੇਰੇ ਹੀ ਬਣ ਗਏ ਜਿਹੜੇ।***

***ਦਾਸ ਅਨਿੰਨ ਮੇਰੋ ਨਿਜ ਰੂਪ ॥ ਅੰਗ- 1252***
***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥(ਸਰਬ ਲੋਹ ਗ੍ਰੰਥ 'ਚੋਂ')***

ਮੈਂ ਵਸਦਾ ਉਹਦੀ ਜ਼ੁਬਾਨ ਦੇ ਉਤੇ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ')***

ਐਨਾ ਵੀ ਭੇਦ ਨਾ ਜਾਣਿਓ, ਮੈਂ ਗੁਰਸਿੱਖਾਂ ਅੰਦਰ ਵਰਤਦਾ ਹਾਂ। ਗੁਰਸਿੱਖ ਬੋਲੇ ਤੇ ਉਹਦਾ ਬੋਲ ਬਿਰਥਾ ਨਹੀਂ ਜਾਂਦਾ।

ਭਾਈ ਗੋਦੜੀਆ ਗੁਰੂ ਸੱਤਵੇਂ ਪਾਤਸ਼ਾਹ ਵੇਲੇ ਭਾਈ ਗੌਰੇ ਦੀ ਫੌਜ ਵਿਚ ਸੇਵਾ ਕਰਿਆ ਕਰਦਾ ਸੀ। ਉਹਨੂੰ ਪੀਹਣ ਬਣਾਉਣ 'ਤੇ ਲਾਇਆ ਹੋਇਆ ਸੀ। ਚੱਕੀ ਦੇ ਦਿੰਦਾ ਸੀ, ਮਸਤਾਨੀ ਬਿਰਤੀ ਸੀ, ਹਰ ਵਕਤ ਭਜਨ ਕਰਨ ਵਾਲੇ ਸੀ। ਭਾਈ ਗੌਰੇ ਨੇ ਕਹਿਣਾ ਕਿ ਤੂੰ ਘੋੜਿਆਂ ਵਾਸਤੇ

ਦਾਣਾ ਪੀਹ। ਸਵੇਰੇ ਤੋਂ ਲਗ ਜਾਣਾ, ਪੀਹੀ ਜਾਂਦਾ ਸੀ।

ਇਕ ਦਿਨ ਭਾਈ ਗੌਰਾ ਆਪਣੇ ਕਿਸੇ ਫੌਜ ਦੇ ਜਵਾਨ ਨੂੰ ਕੁੱਟਣ ਲੱਗ ਗਿਆ। ਉਹਦੀਆਂ ਚੀਕਾਂ ਸੁਣ ਕੇ ਇਨ੍ਹਾਂ ਨੇ ਚੱਕੀ ਥੰਮ ਦਿਤੀ, ਕਹਿਣ ਲੱਗੇ ਕਿ ਓ ਭਾਈ ਗੌਰੇ! ਕਿਉਂ ਤੂੰ ਆਫਰਿਆ ਹੋਇਐਂ? ਕਿਉਂ ਇਹਨੂੰ ਮਾਰਦੈਂ?

ਉਹ ਕਹਿਣ ਲੱਗਿਆ, ਭਾਈ ਗੋਦੜੀਆ! ਤੂੰ ਆਪਣਾ ਕੰਮ ਕਰ।

ਕਹਿੰਦੇ ਬਹੁਤ ਆਫਰ ਗਿਆ ਤੂੰ ਤਾਂ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੈ ਕਿ ਆਫਰ ਗਿਆ, ਪੇਟ ਫੁੱਲ ਗਿਆ। ਦਵਾਈਆਂ ਦਿੰਦੇ ਨੇ ਕੋਈ ਦਵਾਈ ਨਹੀਂ ਲਗਦੀ, ਲਿਟਣ ਲਗ ਗਿਆ। ਧਿਆਨ ਆ ਗਿਆ ਕਿ ਗੁਰਸਿੱਖ ਨੇ ਬਚਨ ਕਰ ਦਿਤਾ ਸੀ ਕਿ ਕਿਉਂ ਆਫਰਿਐਂ। ਇਕ ਦਮ ਕਹਿਣ ਲੱਗਿਆ ਕਿ ਭਾਈ ਗੋਦੜੀਏ ਨੂੰ ਲਿਆਓ। ਲਿਆਂਦਾ ਉਸ ਨੂੰ। ਕਹਿੰਦਾ ਭਾਈ ਗੋਦੜੀਆ! ਮੇਰੇ ਤੋਂ ਭੁੱਲ ਹੋ ਗਈ, ਕ੍ਰਿਪਾ ਕਰ। ਮੈਨੂੰ ਦੇ ਕੋਈ ਦਵਾਈ, ਕੋਈ ਬਚਨ ਕਰ ਜਿਹਦੇ ਨਾਲ ਮੇਰੀ ਜਾਨ ਬਚ ਜਾਏ, ਮੈਂ ਹੁਣ ਨਹੀਂ ਬਚਦਾ। ਚੱਕੀ ਵਿਚਾਲੇ ਕਿੱਲੀ ਦੇ ਨਾਲ ਜਿਹੜਾ ਥੋੜ੍ਹਾ ਜਿਹਾ ਆਟਾ ਸੀ, ਉਹ ਚੁਟਕੀ ਭਰ ਕੇ, ਕਹਿੰਦਾ ਲੈ ਆਹ ਖਾ ਲੈ।

ਸਾਧਸੰਗਤ ਜੀ! ਮਹਾਂਪੁਰਸ਼ਾਂ ਦੀਆਂ ਵੀ ਕੋਈ ਦਵਾਈਆਂ ਹੁੰਦੀਐ?

ਬਾਬਾ ਅਜੀਤ ਸਿੰਘ ਜੀ ਨਥਮਲਪੁਰ ਕੋਲ ਜਾਣਾ ਕਿ ਮੈਨੂੰ ਹੈਜ਼ਾ ਹੋਇਆ ਹੋਇਐ? ਕਹਿੰਦੇ, ਆਹ ਕਪਾਹ 'ਚੋਂ ਫੁੱਟਾਂ ਲਿਆ ਭਾਈ, ਫੁੱਟ ਖਾ ਲੈ। ਫੁੱਟ ਖਾਣ ਨਾਲ ਤਾਂ ਵੈਸੇ ਹੈਜ਼ਾ ਉਸ ਤੋਂ ਵੀ ਜ਼ਿਆਦਾ ਹੋ ਜਾਂਦੈ। ਪਰ ਉਹਨੇ ਫੁੱਟ ਖਾ ਲਈ, ਹੈਜ਼ਾ ਖਤਮ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਰਾਜ਼ੀ ਹੋ ਗਿਆ ਤੇ ਉਹਨੇ ਕਿਹਾ ਕਿ ਭਾਈ, ਹੁਣ ਤੇਰੀ ਸੇਵਾ ਪੂਰੀ ਹੋ ਗਈ, ਅੱਜ ਤਾਂ ਇਹ ਬਚਨ ਕਰ ਦਿਤਾ, ਕੱਲ੍ਹ ਨੂੰ ਹੋਰ ਕੋਈ ਕਰ ਦੇਵੇ, ਇਹਦੀ ਤਾਂ ਜ਼ੁਬਾਨ ਤਲਵਾਰ ਤੋਂ ਵੀ ਤਿੱਖੀ ਹੈ। ਛੁੱਟੀ ਦੇ ਦਿਤੀ, ਬਾਬਾ ਗੋਦੜੀਆ ਘਰ ਚਲਿਆ ਗਿਆ। ਘਰਦਿਆਂ ਨੇ ਕਿਹਾ, ਬੁੱੜ੍ਹਾ ਆ ਗਿਆ, ਇਸ ਤੋਂ ਕੰਮ ਲਈਏ।

ਕਿਉਂਕਿ ਘਰਦਿਆਂ ਨੂੰ ਨਹੀਂ ਸ਼ਰਧਾ ਹੁੰਦੀ, ਦੁਨੀਆਂ ਰੱਬ ਸਮਝਦੀ ਹੈ, ਘਰਵਾਲਿਆਂ ਨੂੰ ਕੋਈ ਪਤਾ ਨਹੀਂ ਹੁੰਦਾ। ਪਿੰਡ ਵਾਲਿਆਂ ਨੂੰ ਨਹੀਂ ਪਤਾ ਹੁੰਦਾ, ਮਿੱਤਰਾਂ ਨੂੰ ਨਹੀਂ ਹੁੰਦਾ, ਬਰਾਬਰ ਦੇ ਸਾਥੀਆਂ ਨੂੰ ਨਹੀਂ ਹੁੰਦਾ। ਉਹ ਨਹੀਂ ਮੰਨਦੇ ਹੁੰਦੇ ਕਿਸੇ ਸੰਤ ਨੂੰ। ਹਜ਼ਾਰਾਂ ਨੁਕਸ ਕੱਢਦੇ ਨੇ।

ਘਰ ਚਲਿਆ ਗਿਆ ਤੇ ਚੇਤ ਦਾ ਮਹੀਨਾ ਸੀ। ਸਰੋਂ ਪੱਕੀ ਹੋਈ ਸੀ, ਰੇਤੇ ਦੇ ਖੇਤ ਵਿਚ ਸਰੋਂ ਬੀਜੀ ਹੋਈ ਸੀ। ਕਹਿਣ ਲੱਗੇ, ਬਾਪੂ! ਸਾਨੂੰ ਕੰਮ ਬਹੁਤ ਹੈ, ਤੂੰ ਐਂ ਕਰ, ਸਰ੍ਹੋਂ ਪੁੱਟ ਲੈ, ਵੱਢੀ ਨਾ, ਕਿਰ

ਜਾਏਗੀ। ਰੇਤੇ ਦਾ ਖੇਤ ਹੈ ਸੁਖਾਲੀ ਹੀ ਪੱਟ ਲਈ ਜਾਂਦੀ ਹੈ। ਸਵੇਰ ਦਾ ਪੁੱਟਣ ਲੱਗਿਆ, ਚਾਰ ਵੱਜ ਗਏ, ਨਾ ਕਿਸੇ ਨੇ ਰੋਟੀ, ਨਾ ਪਾਣੀ, ਨਾ ਲੱਸੀ, ਕੁਛ ਵੀ ਨਾ ਪੁੱਛਿਆ। ਡੰਡੀ ਜਾਂਦੀ ਸੀ ਕੋਲ ਦੀ, ਉਥੇ ਗੁਰਸਿੱਖ ਜਾਂਦੇ ਸੀ, ਉਨ੍ਹਾਂ ਨੇ ਕਿਹਾ ਕਿ ਭਾਈ ਗੋਦੜੀਆ ਹੈ ਇਹ ਤਾਂ। ਉਹ ਕੋਲ ਆ ਗਏ, ਆ ਕੇ ਕਹਿਣ ਲੱਗੇ, ਜਿਵੇਂ ਸਾਡਾ ਸੁਭਾਅ ਹੈ ਕਿ ਫਲਾਣਾ ਕੰਮ ਕਰਦੈ, ਫੇਰ ਵੀ ਪੁੱਛਾਂਗੇ ਕਿ ਕੀ ਕਰਦੈਂ ਇਹ? ਉਨ੍ਹਾਂ ਨੂੰ ਪੁੱਛ ਲਿਆ ਕਿ ਭਾਈ ਗੋਦੜੀਆ ਜੀ! ਤੁਸੀਂ ਆਹ ਕੀ ਕਰਦੇ ਹੋਂ?

ਕਹਿਣਾ ਤਾਂ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟਦਾਂ। ਕਹਿੰਦੇ ਘਰਦਿਆਂ ਦੀਆਂ ਜੜ੍ਹਾਂ ਪੁੱਟਦਾਂ। ਅੱਖਰ ਵਿਚ ਰਹਿ ਗਿਆ ਕਿ ਘਰਦਿਆਂ ਦੀ ਸਰ੍ਹੋਂ ਦੀਆਂ ਜੜ੍ਹਾਂ ਪੁੱਟਦਾਂ। ਸੱਤ ਦਿਨ ਦੇ ਅੰਦਰ ਸਾਰਾ ਹੀ ਪਰਿਵਾਰ ਮਰ ਗਿਆ। ਸਾਰਿਆਂ ਦਾ ਕੰਮ ਮੁਕਾ ਕੇ ਕਹਿੰਦੇ ਹੁਣ ਭਜਨ ਬੰਦਗੀ ਕਰਾਂਗੇ, ਖੁਲ੍ਹਾ ਤੁਰਾ-ਫਿਰਾਂਗੇ। ਅੱਗੇ ਚਲੇ ਗਏ, ਇਕ ਮਾਈ ਨੇ ਦੇਖ ਲਏ। ਅਗਾਂਹਾਂ ਦੇ ਪਿੰਡ 'ਚ ਕਿਸੇ ਨੇ ਕਿਹਾ ਕਿ ਭਾਈ ਗੋਦੜੀਆ ਜੀ ਆਏ ਨੇ, ਸੇਵਾ ਕਰਨ ਦਾ ਚਾਓ ਜਾਗ ਪਿਆ। ਕਹਿਣ ਲੱਗੀ, ਬਾਬਾ ਜੀ! ਮੈਂ ਦਹੀਂ ਲਿਆਂਵਾਂ ਤੁਹਾਡੇ ਲਈ।

ਕਹਿੰਦੇ, ਲਿਆ।

ਦਹੀਂ ਥੋੜ੍ਹਾ ਸੀ, ਸਾਡਾ ਸੁਭਾਅ ਹੈ ਨਾ ਕਿ ਕੋਈ ਚੀਜ਼ ਦੇਈਏ, ਪਾਣੀ ਪਾ ਦਿੰਦੇ ਹਾਂ ਕਿ ਵਧ ਜਾਵੇ। ਦੁੱਧ ਵਿਚ ਪਾਣੀ ਪਾ ਦਿੰਦੇ ਹਾਂ ਕਿ ਸਿੰਘ ਬਹੁਤੇ ਆ ਗਏ, ਥੋੜ੍ਹਾ-ਥੋੜ੍ਹਾ ਪਾਣੀ ਪਾ ਦਿੰਦੇ ਹਾਂ।

ਉਹਨੇ ਮਿਰਚਾਂ ਜ਼ਿਆਦਾ ਪਾ ਦਿਤੀਆਂ ਦਹੀਂ 'ਚ। ਜਦੋਂ ਬਰਤਨ ਲੈਣ ਗਈ ਕਹਿਣ ਲੱਗੀ, ਬਾਬਾ ਜੀ! ਦਹੀਂ ਚੰਗਾ ਸੀ? ਕਹਿੰਦੇ, ਸੱਪ ਲੜਨੀਏ! ਦਹੀਂ ਤਾਂ ਬਹੁਤ ਵਧੀਆ ਸੀ, ਪਰ ਮਿਰਚਾਂ ਤੂੰ ਜ਼ਿਆਦਾ ਪਾ ਦਿਤੀਆਂ। ਉਹ ਘਰ ਆਈ, ਸੱਪ ਲੜ ਗਿਆ ਉਹਦੇ।

ਦੁਨੀਆਂ ਵਿਚ ਇਹ ਹੋ ਗਿਆ ਕਿ ਬਾਬੇ ਨਾਲ ਨਾ ਗੱਲ ਕਰੋ, ਕੋਈ ਉਲਟੀ-ਫੁਲਟੀ। ਇਹਦੇ ਨਾਲ ਤਾਂ ਚੁੱਪ ਕਰਕੇ ਹੀ ਰਹੋ।

ਗੁਰੂ ਦਸਵੇਂ ਪਾਤਸ਼ਾਹ ਜਦੋਂ ਮਾਲਵੇ ਗਏ, ਉਥੇ ਬਾਬਾ ਜੀ ਆਏ ਤਾਂ ਮਹਾਰਾਜ ਨੇ ਬੜਾ ਹੀ ਸਤਿਕਾਰ ਕਰਿਆ ਉਹਦਾ। ਨਾਲ ਆਪਣੇ ਮੁਖਾਰਬਿੰਦ ਤੋਂ ਕਿਹਾ ਕਿ ਸਾਧਸੰਗਤ ਜੀ! ਇਕ ਸਾਡਾ ਗੁਰਸਿੱਖ ਸਾਰੇ ਮਾਲਵੇ ਦੇ ਸਾਂਭਣ ਨੂੰ ਸਮਰੱਥ ਹੈ। ਸਾਰੇ ਮਾਲਵੇ ਦੀਆਂ ਇਹ ਕਾਮਨਾਵਾਂ ਪੂਰੀਆਂ ਕਰ ਸਕਦੈ। ਐਡਾ ਉੱਚਾ ਅਭੇਦ ਅਵਸਥਾ ਦਾ ਸਾਡੇ ਵਿਚ ਸਮਾਇਆ ਹੋਇਆ ਗੁਰਸਿੱਖ। ਸੋ ਇਸ ਤਰ੍ਹਾਂ ਗੁਰਸਿੱਖਾਂ ਦੀ ਪਦਵੀ ਛੋਟੀ ਨਹੀਂ ਹੁੰਦੀ। ਬਾਣੀ ਵਿਚ ਆਉਂਦੈ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ਅੰਗ- 749*

ਬੰਦਗੀ ਵਾਲਾ ਚਾਹੀਦੈ ਗੁਰਸਿੱਖ। ਦਿਖਾਵੇ ਵਾਲਾ ਨੀਂ, ਐਵੇਂ ਨਿੰਦਿਆ ਕਰੀ ਜਾਵੇ ਜਿਹੜਾ, ਗਾਲ੍ਹਾਂ ਕੱਢੀ ਜਾਵੇ। ਗੁਰੂ ਦੇ ਨਾਲ ਪਿਆਰ ਵਾਲਾ, ਨਾਮ ਜਪਣ ਵਾਲਾ ਚਾਹੀਦੈ। ਸੋ ਭਾਈ ਸੋਭਾ ਰਾਮ ਉਦਾਸ ਹੋ ਗਿਆ ਕਿ ਇਹਨੇ ਕਹਿ ਦਿਤਾ ਕਿ ਰਿੱਛ ਬਣ ਜਾਏਂਗਾ, ਗੁਰੂ ਨੌਂਵੇਂ ਪਾਤਸ਼ਾਹ ਕੋਲ ਜਾ ਕੇ ਕਹਿੰਦੇ ਸੱਚੇ ਪਾਤਸ਼ਾਹ! ਅੱਜ ਭਾਈ ਧੰਨੇ ਨੇ ਮੈਨੂੰ ਇਸ ਤਰ੍ਹਾਂ ਕਹਿ ਦਿਤਾ।

ਕਹਿੰਦੇ, ਭਾਈ, ਗੁਰਸਿੱਖ ਜਿਹੜੇ ਹੁੰਦੇ ਨੇ, ਉਹ ਬਿਨਾਂ ਮਤਲਬ ਨਹੀਂ ਕਹਿੰਦੇ, ਤੇਰੇ ਤੋਂ ਕੋਈ ਭੁੱਲ ਹੋਈ ਹੈ। ਸਾਰੀ ਗੱਲ ਦਸ ਦਿਤੀ। ਕਹਿੰਦੇ, ਭਾਈ! ਹੁਣ ਤਾਂ ਤੂੰ ਰਿੱਛ ਬਣੇਂਗਾ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਆਪ ਦੀ ਸੇਵਾ ਕਰੀ ਹੈ, ਉਹਦਾ ਕੋਈ ਫਲ ਨਹੀਂ ਮਿਲੇਗਾ?

ਮਹਾਰਾਜ ਕਹਿੰਦੇ, ਫਲ ਤਾਂ ਮਿਲੇਗਾ, ਅਸੀਂ ਦਸਵੇਂ ਜਾਮੇ 'ਚ ਆ ਕੇ ਤੈਨੂੰ ਰਿੱਛ ਦੀ ਜੂਨੀ 'ਚੋਂ ਛੁਡਾਵਾਂਗੇ। ਤੇਰੀ ਸੇਵਾ ਦਾ ਫਲ ਉਦੋਂ ਮਿਲੇਗਾ। ਪਰ ਸਿੱਖ ਦਾ ਬਚਨ ਪਹਿਲਾਂ ਪੂਰਾ ਹੋਏਗਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਛੋਟੀ ਉਮਰ ਹੈ। ਦੀਵਾਨ ਲੱਗਿਆ ਹੋਇਆ ਹੈ, ਮਦਾਰੀ ਰਿੱਛ ਲਈਂ ਜਾਂਦੈ, ਅਚਾਨਕ ਦੀਵਾਨ ਵਿਚ ਹੱਥ ਉੱਚਾ ਕਰਕੇ ਕਹਿ ਦਿਤਾ ਕਿ ਠਹਿਰੋ, ਕਹਿਣ ਲੱਗੇ ਉਸ ਰਿੱਛ ਵਾਲੇ ਨੂੰ ਬੁਲਾਓ। ਜਿਹੜੇ ਮਸੰਦ ਸੀ, ਉਹ ਗੁਰੂ ਸਾਹਿਬ 'ਤੇ ਸ਼ਰਧਾ ਨਹੀਂ ਸੀ ਰੱਖਦੇ। ਚੇਤੂ ਮਸੰਦ ਵਰਗੇ, ਸੀਂਹੇਂ ਵਰਗੇ। ਕਹਿੰਦੇ, ਦੇਖ ਲੈ ਬੱਚਾ ਹੀ ਰਿਹਾ ਨਾ, ਏਧਰ ਕੀਰਤਨ ਹੋ ਰਿਹੈ ਤੇ ਇਹ ਰਿੱਛ ਨੂੰ ਬੁਲਾ ਰਹੇ ਨੇ।

ਰਿੱਛ ਵਾਲਾ ਬੁਲਾ ਲਿਆ। ਕਹਿੰਦੇ, ਕਿਉਂ ਬਈ ਰਿੱਛ ਤੇਰਾ ਕੀ ਕੰਮ ਕਰਦੈ?

ਕਹਿੰਦਾ, ਮਹਾਰਾਜ! ਬਹੁਤ ਵਧੀਆ ਕੰਮ ਕਰਦੈ।

ਕਹਿੰਦੇ, ਕਰਕੇ ਦਿਖਾ।

ਉਹ ਰਿੱਛ ਦਾ ਤਮਾਸ਼ਾ ਦਿਖਾਉਣ ਲਗ ਗਿਆ ਤੇ ਸਾਰੇ ਗੁਰਸਿੱਖ ਹੱਸਣ ਲਗ ਗਏ। ਜਿਹੜਾ ਚੌਰ ਬਰਦਾਰ ਸੀ ਗੁਰੂ ਮਹਾਰਾਜ ਦਾ ਭਾਈ ਕੀਰਤੀਆ, ਉਹ ਵੀ ਹੱਸਣ ਲੱਗ ਗਿਆ। ਮਹਾਰਾਜ ਪਿੱਛੇ ਨੂੰ ਮੁੜ ਕੇ ਕਹਿਣ ਲੱਗੇ, ਕੀਰਤੀਆ ਤੂੰ ਨਾ ਹੱਸ। ਬਾਕੀਆਂ ਨੂੰ ਹੱਸ ਲੈਣ ਦੇ। ਕਹਿੰਦਾ ਮਹਾਰਾਜ! ਮੈਂ ਕਿਉਂ ਨਾ ਹੱਸਾਂ?

ਕਹਿੰਦੇ, ਤੇਰਾ ਬਾਪੂ ਹੈ ਇਹ? ਤੂੰ ਨਾ ਹੱਸ।

ਮੂਹਰੇ ਆ ਗਿਆ, ਚੌਰ ਮਹਾਰਾਜ ਦੇ ਚਰਨਾਂ 'ਚ ਰੱਖ ਦਿਤਾ। ਕਹਿੰਦਾ, ਤੁਹਾਡੇ ਪਿਤਾ ਦਾ ਚੌਰ ਬਰਦਾਰ ਹੋ ਕੇ ਮੇਰਾ ਬਾਪੂ ਰਿੱਛ ਬਣਿਆ, ਮੈਂ ਤੁਹਾਡਾ ਚੌਰ ਬਰਦਾਰ ਹੋ ਕੇ ਫੇਰ ਬਾਂਦਰ ਬਣੂੰਗਾ? ਚੰਗੀ ਤੁਹਾਡੀ ਸੇਵਾ ਹੋਈ।

ਮਹਾਰਾਜ ਕਹਿੰਦੇ, ਕਿਉਂ ਔਖਾ ਹੁੰਨੈਂ? ਪਹਿਲਾਂ ਗੱਲ ਸਮਝ।

ਕਹਿੰਦੇ, ਤੇਰਾ ਪਿਉ ਹੀ ਦੱਸੇਗਾ ਤੈਨੂੰ, ਉਡੀਕ ਕਰ। ਰਿੱਛ ਮੁੱਲ ਲੈ ਲਿਆ ਮਹਾਰਾਜ ਨੇ।

ਮਹਾਰਾਜ ਜੀ ਨੇ ਕਿਹਾ, ਭਾਈ! ਪ੍ਰਸ਼ਾਦ ਲਿਆਓ।

ਇਕ ਗ੍ਰਾਹੀ ਪ੍ਰਸ਼ਾਦ ਦੀ ਛਕ ਕੇ ਸ਼ੀਤ ਪ੍ਰਸ਼ਾਦ ਰਿੱਛ ਦੇ ਅੱਗੇ ਰੱਖ ਦਿਤਾ। ਰਿੱਛ ਨੇ ਖਾ ਲਿਆ, ਪ੍ਰਸ਼ਾਦ ਖਾਂਦੇ ਸਾਰ ਰਿੱਛ ਗਿਰ ਗਿਆ। ਵਿਚੋਂ ਰੂਹ ਨਿਕਲੀ, ਸਫੈਦ ਚਾਨਣੇ ਵਰਗੀ। ਸਾਰਿਆਂ ਨੇ ਪਛਾਣ ਲਿਆ ਕਿ ਹੈਂ ਇਹ ਤਾਂ ਭਾਈ ਸੋਭਾ ਰਾਮ ਜੀ ਨੇ। ਪੁੱਤਰ ਨੇ ਕਿਹਾ ਕਿ ਪਿਤਾ ਜੀ! ਇਹ ਕੀ ਹੋਇਆ ਤੁਹਾਡੇ ਨਾਲ?

ਕਹਿੰਦਾ, ਬੇਟਾ! ਮੇਰੇ ਤੋਂ ਗਲਤੀ ਹੋ ਗਈ। ਮੇਰੇ ਗੁਰੂ ਨੇ ਕਿਹਾ ਸੀ ਕਿ ਮਿੱਠਾ ਬੋਲੀਂ, ਮੈਂ ਮਿੱਠਾ ਨਾ ਬੋਲਿਆ। ਮੈਂ ਹਮੇਸ਼ਾ ਕੌੜਾ ਬੋਲਦਾ ਸੀ। ਗੁਰਸਿੱਖ ਨੂੰ ਮੈਂ ਰਿੱਛ ਕਹਿ ਬੈਠਿਆ, ਉਹਦਾ ਫਲ ਮੈਨੂੰ ਰਿੱਛ ਬਣ ਕੇ ਭੋਗਣਾ ਪਿਆ।

ਗੁਰੂ ਛੇਵੇਂ ਪਾਤਸ਼ਾਹ ਕਹਿੰਦੇ ਗੁਰਸਿੱਖਾ! ਜਿੱਥੇ ਤੈਨੂੰ ਬਾਕੀ ਗੁਣ ਦੱਸੇ ਨੇ ਉਥੇ ਫਿੱਕਾ ਨਾ ਬੋਲੀਂ। ਮਿੱਠਾ ਬੋਲਣੈ। ਕਿਸੇ ਦੀ ਬਾਤ (ਚੁਗਲੀ) ਨਾ ਕਰੀਂ, ਕਿਸੇ ਨੂੰ ਮਾੜਾ ਨਾ ਕਹੀਂ। ਜੇ ਮਾੜਾ ਕਹਿਣ ਤੋਂ ਨਹੀਂ ਹਟਣਾ ਤਾਂ ਯਾਦ ਕਰ ਲੈ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***

***ਅੰਗ – 1364***

ਜੇ ਕੋਈ ਮਾੜਾ ਹੈ ਤਾਂ ਮੈਂ ਹਾਂ, ਮੇਰੇ ਨਾਲੋਂ ਕੋਈ ਮਾੜਾ ਨਹੀਂ। ਸਭ ਭਲੇ ਨੇ। ਉਹਦਾ ਫਲ ਕੀ ਹੈ? –

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ– 1364***

ਜਿਹਨੇ ਬੁੱਝ ਲਿਆ। ਇਕ ਤਾਂ ਮੂੰਹ ਨਾਲ ਕਹਿਣਾ ਹੁੰਦੈ। ਇਥੇ ਅਰਦਾਸ ਕਰਦੇ ਨੇ ਭਾਈ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***

*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*

*ਭਾਈ ਗੁਰਦਾਸ ਜੀ, ਵਾਰ 36/1*

ਜੇ ਕੋਈ ਬਾਹਰ ਗਿਆਂ ਨੂੰ ਕਹਿ ਦੇਵੇ ਕਿ ਤੂੰ ਚੋਰ ਹੈਂ। ਕ੍ਰਿਪਾਨ ਕੱਢ ਕੇ ਪੇਟ 'ਚ ਮਾਰੇਗਾ। ਤੂੰ ਮੈਨੂੰ ਚੋਰ ਕਿਉਂ ਕਿਹੈ? ਕਹਿੰਦਾ, ਤੂੰ ਗੁਰੂ ਸਾਹਿਬ ਦੇ ਕੋਲ ਕਹਿੰਦਾ ਸੀ। ਕਹਿੰਦਾ, ਉਹ ਤਾਂ ਮੈਂ ਐਵੇਂ ਹੀ ਕਹਿੰਦਾ ਸੀ, ਝੂਠਾ ਹੀ।

ਸੱਚ ਤਾਂ ਨੀਂ ਅਸੀਂ ਗੁਰੂ ਕੋਲ ਬੋਲਦੇ। ਬਿਲਕੁਲ ਨਹੀਂ, ਪਾਖੰਡ ਕਰਦੇ ਹਾਂ। ਇਸੇ ਕਰਕੇ ਗੁਰੂ ਨੂੰ ਪਤਾ ਹੈ ਕਿ ਅੰਦਰੋਂ ਨਹੀਂ ਇਹ ਕਹਿ ਰਿਹਾ, ਉਤੋਂ-ਉਤੋਂ ਕਹਿ ਰਿਹੈ। ਅੰਦਰੋਂ ਤਾਂ ਮੰਨਦਾ ਹੀ ਨਹੀਂ, ਇਹਨੂੰ ਕਹਿ ਕੇ ਦੇਖ ਲਓ ਜੇ ਕਦੇ ਸਹਿ ਜਾਵੇ ਗੱਲ। ਹਰ ਵਕਤ ਕਹਿੰਦੈ ਕਿ ਮੈਂ ਚੰਗਾ ਹਾਂ, ਬਾਕੀ ਮਾੜੇ ਨੇ। ਗੁਰੂ ਸਾਹਿਬ ਕਹਿੰਦੇ ਨੇ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ- 728*

ਕਹਿਣਾ ਕਿ ਮਾੜਾ ਜੇ ਕੋਈ ਹੈ ਤਾਂ ਮੈਂ ਹੀ ਹਾਂ, ਮੇਰੇ ਤੋਂ ਸਭ ਚੰਗੇ ਨੇ।

ਕਹਿੰਦੇ, ਗੁਰਮੁਖਾ! ਇਸ ਤਰ੍ਹਾਂ ਨਿਮਰਤਾ ਧਾਰੀਂ, ਹੰਕਾਰ 'ਚ ਨਹੀਂ ਆਉਣਾ, ਆਪਣੀ ਕਰਨੀ ਦੇ ਹੰਕਾਰ 'ਚ। ਕੋਮਲ ਸੁਭਾਅ ਰੱਖਣੈ, ਉਸਤਤ ਨਿੰਦਾ ਤੋਂ ਦੂਰ ਰਹਿਣੈ। ਸਭ ਦਾ ਭਲਾ ਲੋਚਣੈ, ਦਿਲੋਂ ਕਹੀਂ ਅਰਦਾਸ ਕਰਕੇ -

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।*

ਹੇ ਵਾਹਿਗੁਰੂ ਸਭ ਦਾ ਭਲਾ ਕਰ। ਜਿਹੜੇ ਦੁਖੀ ਨੇ ਆਪਣੇ ਕਰਮਾਂ ਕਰਕੇ, ਉਨ੍ਹਾਂ ਦਾ ਵੀ ਭਲਾ ਕਰ ਦੇ। ਭੁੱਲ ਹੋ ਗਈ ਉਨ੍ਹਾਂ ਤੋਂ। ਇਸ ਤਰ੍ਹਾਂ ਗੁਰੂ ਮਹਾਰਾਜ ਨੇ ਕਿਹਾ ਕਿ ਪਿਆਰਿਆ! ਇਸ ਤਰ੍ਹਾਂ ਜੇ ਰਹਿਤ ਵਿਚ ਰਹੇਂਗਾ। ਇਸ ਤੋਂ ਬਾਅਦ ਸ਼ਬਦ ਚੱਲੇਗਾ, ਨਾਮ ਚੱਲੇਗਾ। ਉਹਦੀਆਂ ਰਹਿਤਾਂ ਨੇ ਗੁਰਸਿੱਖ ਲਈ, ਉਨ੍ਹਾਂ ਰਹਿਤਾਂ ਦੀ ਕਮਾਈ ਕਰੀਂ।

*ਧਾਰਨਾ - ਭਲਕੇ ਉਠ ਕੇ ਧਿਆਵੇ ਹਰੀ ਨਾਮ ਨੂੰ,*
*ਸਿੱਖ ਜੋ ਕਹਾਵੇ ਗੁਰਾਂ ਦਾ।*

ਦੇਖ ਭਾਈ, ਉਹ ਰਹਿਤਾਂ ਜ਼ਰੂਰੀ ਨੇ। ਹੁਣ ਅਸੀਂ ਪ੍ਰੋਗਰਾਮ ਦਸਦੇ ਹਾਂ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ਅੰਗ - 305*

ਧਿਆਨ ਨਾਲ ਸੁਣੋ ਇਹ ਬਚਨ, ਅਸੀਂ ਨਾਮ ਨਹੀਂ ਧਿਆਉਂਦੇ, ਬਾਣੀ ਜ਼ਰੂਰ ਪੜ੍ਹਦੇ ਹਾਂ। ਪੁੱਛੋ ਕਿਸੇ ਨੂੰ ਕਿ ਤੂੰ ਨਾਮ ਜਪਦੈਂ। ਕਹਿੰਦੇ, ਮੈਨੂੰ ਤਾਂ ਪਤਾ ਹੀ ਨਹੀਂ ਕਿ ਨਾਮ ਕਿਵੇਂ ਜਪੀਦੈ। ਨਾਮ ਜਪਣ ਤੋਂ

ਬਗੈਰ ਖਹਿੜਾ ਕਿਵੇਂ ਛੁੱਟੇਗਾ। ਗੁਰੂ ਕਹਿੰਦੈ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ- 286*

ਨਾਮ ਜਪ-ਨਾਮ ਜਪ। ਬਾਰ-ਬਾਰ ਕਹਿੰਦੇ ਨੇ, ਵਾਹਿਗੁਰੂ-ਵਾਹਿਗੁਰੂ ਕਰੀ ਜਾਹ। ਕਹਿੰਦੇ, ਜਿਹੜਾ ਕਹਿੰਦੈ ਕਿ ਮੈਂ ਗੁਰੂ ਦਾ ਸਿੱਖ ਹਾਂ। ਉਹ ਅੰਮ੍ਰਿਤ ਵੇਲੇ ਜਾਗੇ ਤੇ ਨਾਮ ਜਪੇ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- 305*

ਦੋ ਗੱਲਾਂ ਹੋ ਗਈਆਂ ਇਥੇ, ਇਕ ਤਾਂ ਹੋ ਗਿਆ ਕਿ ਇਸ਼ਨਾਨ ਕਰਨੈ। ਇਸ਼ਨਾਨ ਸਰੀਰ ਨੇ ਕਰਨੈ। ਦੂਸਰਾ ਹੋ ਗਿਆ, ਅੰਮ੍ਰਿਤ ਦੇ ਸਰੋਵਰ 'ਚ। ਅੰਮ੍ਰਿਤ ਦਾ ਸਰੋਵਰ ਕਿੱਥੇ ਹੈ? ਮਹਾਰਾਜ ਕਹਿੰਦੇ, ਤੇਰੇ ਅੰਦਰ ਸਰੋਵਰ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*
*ਅੰਗ - 644*

ਉਸ ਸਰੋਵਰ ਦੇ ਵਿਚ ਇਸ਼ਨਾਨ ਕਰ, ਸੁਰਤੀ ਐਨੀ ਗਹਿਰੀ ਲੈ ਜਾ, ਅੰਮ੍ਰਿਤ ਸਰੋਵਰ ਦਾ ਰਸ ਤੇਰੇ ਰੋਮ-ਰੋਮ 'ਚ ਆ ਜਾਵੇ। ਤੀਸਰਾ ਫੇਰ ਜਿਹੜਾ ਗੁਰੂ ਦਾ ਉਪਦੇਸ਼ ਹੈ ਉਹਦਾ ਜਾਪ ਕਰ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਅੰਗ- 305*

ਪੰਜ ਪਿਆਰਿਆਂ ਨੇ ਉਪਦੇਸ਼ ਦਿਤੈ, ਕਹਿ ਵਾਹਿਗੁਰੂ। ਜਿੰਨੀ ਵਾਰ ਵੀ ਕਹਾਇਆ, ਕਹਿ ਵਾਹਿਗੁਰੂ। ਕਹਿੰਦੇ, ਇਹਦਾ ਫੇਰ ਜਾਪ ਕਰ ਢਾਈ ਘੰਟੇ। ਸੁਰਤੀ ਨੂੰ ਇਕਾਗਰ ਕਰਨ ਦੀ ਜੁਗਤੀ ਪੁੱਛ ਲੈ ਸਾਧੂਆਂ ਤੋਂ, ਨਾਮ ਜਪਣ ਵਾਲਿਆਂ ਤੋਂ। ਇਸ ਤਰ੍ਹਾਂ ਤੈਨੂੰ ਪਤਾ ਨਹੀਂ ਲੱਗਣਾ। ਹਰ ਗੱਲ ਦੀ ਜੁਗਤੀ ਹੁੰਦੀ ਹੈ। ਜੁਗਤੀ ਨਾਲ ਫਾਰਮੂਲੇ ਨਾਲ ਸਵਾਲ ਦਾ ਜਵਾਬ ਛੇਤੀ ਨਿਕਲ ਆਉਂਦੈ। ਉਸ ਤਰ੍ਹਾਂ ਟੱਕਰਾਂ ਮਾਰੀ ਜਾਓ ਨਹੀਂ ਨਿਕਲਦਾ। ਜੇ ਕੋਈ ਕਹਿ ਦੇਵੇ ਕਿ 9 ਨੂੰ 999 ਵਾਰੀ ਜਮ੍ਹਾਂ ਕਰ। 9+9+9....ਕਰ ਕਰਕੇ ਕਿੰਨਾ ਸਮਾਂ ਲੱਗ ਜਾਏਗਾ। ਜੇ ਕੋਈ ਸਿਆਣਾ ਹੋਵੇ, ਉਹ ਕਹੇਗਾ 9000 'ਚੋਂ 9 ਕੱਢ ਦੇ ਬੱਸ, ਝਗੜਾ ਹੀ ਖਤਮ ਹੋਇਆ। ਆਪੇ ਹੀ ਆ ਜਾਏਗਾ ਜਵਾਬ। ਇਹ ਜੁਗਤ ਦੀ ਬਾਤ ਹੈ। ਕਹਿੰਦੇ, ਫੇਰ ਤੂੰ ਸੁਰਤੀ ਇਕਾਗਰ ਕਰ, ਸੁਰਤ ਨੂੰ ਸ਼ਬਦ ਦੇ ਨਾਲ ਜੋੜ। ਸ਼ਬਦ ਤੇਰੇ ਅੰਦਰ ਹੈ, ਬਾਹਰੋਂ ਨਹੀਂ ਆਉਣਾ। ਸ਼ਬਦ ਦੀ ਧੁਨ ਹਰੇਕ

ਬੰਦੇ ਦੇ ਅੰਦਰ ਚਲ ਰਹੀ ਹੈ। ਪਰ ਸੁਣਦੀ ਕਿਉਂ ਨਹੀਂ? ਮਹਾਰਾਜ ਕਹਿੰਦੇ, ਬਿਰਤੀ ਮਾਇਆ 'ਚ ਲਗ ਗਈ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥* *ਅੰਗ - 313*

ਐਨਾ ਰੌਲਾ-ਘਚੌਲਾ ਅੰਦਰ ਮਚਿਆ ਪਿਐ ਤੇ ਸ਼ਬਦ ਸੁਣਦਾ ਨਹੀਂ ਹੈ ਅੰਦਰ। ਸ਼ਬਦ ਅੰਦਰ ਹੈ। ਉਹ ਕਹਿੰਦੇ ਸ਼ਬਦ ਨਾਲ ਸੁਰਤ ਜੋੜ-

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- 938*

ਅਸੀਂ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਸ਼ਬਦ ਦੇ ਘਰ ਜਿੱਥੋਂ ਸ਼ਬਦ ਆ ਰਿਹੈ -

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*
*ਅੰਗ- 1291*

ਜੋ ਸ਼ਬਦ ਨੂੰ ਫੜ ਕੇ ਉਸ ਘਰ 'ਤੇ ਪਹੁੰਚ ਗਿਆ, ਘਰ ਕਿਹੜੈ? ਜਿਹੜਾ ਗੁਰੂ ਦਿਖਾਉਂਦੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- 1291*

ਕਹਿੰਦੇ, ਉਥੇ ਨਿਸ਼ਾਨੀ ਵੀ ਹੈ?

ਮਹਾਰਾਜ ਕਹਿੰਦੇ, ਹਾਂ।

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ- 1291*

ਵਾਹਿਗੁਰੂ ਤੇਰੇ ਅੰਦਰ ਤਖਤ ਦੇ ਉਤੇ ਬੈਠੈ। ਟੋਲ੍ਹ ਲੈ। ਬਾਹਰੋਂ ਤਾਂ ਮਿਲਦਾ ਨਹੀਂ ਨਾ। ਪਰ ਇਕ ਪੜਦਾ ਪੈ ਗਿਆ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥* *ਅੰਗ - 1263*

ਹਉਮੈ ਦੀ ਕੰਧ ਨਹੀਂ ਟੁੱਟਦੀ ਹੈ। ਜਦੋਂ ਕੰਧ ਟੁੱਟ ਗਈ, ਰੱਬ ਅੰਦਰੋਂ ਹੀ ਲੱਭ ਗਿਆ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥* *ਅੰਗ- 1002*

ਇਸ ਘਰ ਚੋਂ ਹੀ ਨਿਕਲ ਆਇਆ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ-

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*

*ਅੰਗ - 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

*ਅੰਗ - 947*

ਉਹ ਘਰ ਜਿਸਨੂੰ 'ਸੋ ਘਰ' ਕਹਿੰਦੇ ਨੇ, ਕਹਿੰਦੇ, ਉਥੇ -

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥*

*ਅੰਗ- 1291*

ਇਹ ਸ਼ਬਦ ਖੋਜ ਕੇ ਲੱਭਣੈ ਸਾਧਸੰਗਤ ਜੀ, ਬਾਣੀ ਹੋਰ ਚੀਜ਼ ਹੈ, ਨਾਮ ਹੋਰ ਚੀਜ਼ ਹੈ। ਬਾਣੀ ਰਾਹ ਦਿਖਾਉਂਦੀ ਹੈ, ਬਾਣੀ ਚਾਨਣਾ ਕਰਦੀ ਹੈ, ਤੁਰਨਾ ਵੀ ਤਾਂ ਹੈ ਕਿਤੇ। ਇਹ ਤਾਂ ਸ਼ਬਦ ਨੇ ਅੰਦਰ ਲੈ ਕੇ ਜਾਣੈ, ਅਸੀਂ ਸ਼ਬਦ ਦੇ ਅਭਿਆਸੀ ਨਹੀਂ ਰਹੇ। ਨਾ ਕੋਈ ਦਸਦੈ। ਸੋ ਸ਼ਬਦ ਦਾ ਅਭਿਆਸ ਗੁਰਸਿੱਖ ਵਾਸਤੇ ਜ਼ਰੂਰੀ ਹੈ। ਇਹਦੇ ਨਾਲ ਹੋਏਗਾ ਕੀ? -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥* *ਅੰਗ- 305*

ਜਦੋਂ ਦਿਨ ਚੜ੍ਹੇ ਫੇਰ ਬਾਣੀ ਪੜ੍ਹੇ। ਤੁਰਦਾ ਫਿਰਦਾ ਵੀ ਪੜ੍ਹੀ ਜਾਵੇ, ਬੈਠ ਕੇ ਪੜ੍ਹੀ ਜਾਵੇ, ਪਰ ਵਿਚਾਰ ਕੇ ਪੜ੍ਹੇ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ- 306*

ਜਦੋਂ ਗੁਰੂ ਦੇ ਮਨ 'ਚ ਭਾਅ ਗਿਆ ਨਾਮ ਜਪਣ ਵਾਲਾ। ਫੇਰ ਗੁਰੂ ਇਹਨੂੰ ਉਪਦੇਸ਼ ਸੁਣਾਉਂਦੈ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - 306*

ਬ੍ਰਹਮਗਿਆਨ ਤਾਂ ਉਪਦੇਸ਼ ਦਿੰਦੈ। ਇਸ ਜੀਵ ਨੂੰ ਚੁੱਕ ਕੇ ਰੱਬ ਬਣਾ ਦਿੰਦੈ, ਆਪਣੇ ਨਾਲ ਮਿਲਾ ਲੈਂਦੈ। ਸਰੀਰ ਦੋ ਹੁੰਦੇ ਨੇ ਲੇਕਿਨ ਜੋਤ ਇਕ ਹੁੰਦੀ ਹੈ, ਫੇਰ ਮਹਾਰਾਜ ਕਹਿੰਦੇ, ਗੁਰਸਿੱਖ ਕੀ ਕਰਦੈ। ਆਪ ਨਾਮ ਜਪਦੈ ਤੇ ਸੰਸਾਰ ਨੂੰ ਵੀ ਨਾਮ ਜਪਾਉਂਦੈ। ਪਦਵੀ ਕਿੱਡੀ ਹੈ?-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ਅੰਗ- 306*

ਕਹਿੰਦੇ ਭਾਈ ਤਿਲੋਕਾ ਆਹ ਤਾਂ ਹੈਗਾ ਪ੍ਰੋਗਰਾਮ ਗੁਰਸਿੱਖ ਦਾ। ਉਹ ਜਿਹੜੀਆਂ ਤੈਨੂੰ ਪਹਿਲਾਂ ਦੱਸੀਆਂ ਨੇ ਉਹ ਨੇ ਰਹਿਤਾਂ। ਉਨ੍ਹਾਂ ਗੁਣਾਂ ਦੀਆਂ ਰਹਿਤਾਂ ਧਾਰਨ ਤੋਂ ਬਗੈਰ ਨਾਮ ਨਹੀਂ ਜਪ ਹੁੰਦਾ। ਇੱਕ ਗੱਲ ਅਸੀਂ ਤੈਨੂੰ ਹੋਰ ਕਹਿੰਦੇ ਹਾਂ, ਉਹ ਇਹ ਹੈ ਕਿ ਤੂੰ ਹੈਂ ਵੱਡਾ ਅਫਸਰ, ਦੇਖੀਂ ਕਿਸੇ ਪ੍ਰਮੇਸ਼ਰ ਦੇ ਜੀਵ ਨੂੰ ਦੁੱਖ ਨਾ ਦੇ ਦੇਵੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦੁਖ ਜੀਵ ਨੂੰ ਕਦੇ ਨਾ ਦੇਵੀਂ,*
*ਸਭਨਾਂ ਅੰਦਰ ਰੱਬ ਵਸਦਾ।*
*ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥*
*ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥*
*ਅੰਗ- 322*

ਦੁਖ ਨਾ ਦੇਈਂ, ਕਿਸੇ ਦਾ ਹਿਰਦਾ ਨਾ ਦੁਖਾਈਂ। ਪਤਿ ਨਾਲ, ਇੱਜ਼ਤ ਦੇ ਨਾਲ ਪ੍ਰਮੇਸ਼ਰ ਦੇ ਦਰ 'ਤੇ ਜਾਹ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਇਹ ਰਹਿਤਾਂ ਨੇ ਕੁਛ। ਵਿਕਾਰਾਂ ਵਲ ਮਨ ਨਹੀਂ ਜਾਣ ਦੇਣਾ -

*ਮਨ ਲੋਚੈ ਬੁਰਿਆਈਆ ਗੁਰ ਸਬਦੀ ਇਹ ਮਨ ਹੋੜੀਏ।*

ਤੇ ਪ੍ਰਮੇਸ਼ਰ ਦਾ ਭਾਣਾ ਮੰਨਣੈ। ਚੰਗਾ ਆ ਜਾਏ ਤਾਂ ਮੰਨਣੈ, ਮਾੜਾ ਆ ਜਾਏ ਤਾਂ ਮੰਨਣੈ। ਇਕ ਗੱਲ ਦਾ ਧਿਆਨ ਰੱਖਣੈ, ਜਦ ਭਜਨ ਕਰਨੈ ਇਸ ਗੱਲ ਦਾ ਧਿਆਨ ਰੱਖ ਕੇ ਕਿ ਵਾਹਿਗੁਰੂ ਪਰੀਪੂਰਨ ਹੈ, ਜਿਧਰ ਵੀ ਦੇਖਦਾਂ ਉਹੀ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*

***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥***

***ਅੰਗ- 677***

ਸੋ ਇਸ ਤਰ੍ਹਾਂ ਦਾ ਉਪਦੇਸ਼ ਲੈ ਕੇ ਭਾਈ ਤਿਲੋਕਾ ਆਪਣੀ ਡਿਊਟੀ 'ਤੇ ਚਲਿਆ ਜਾਂਦੈ। ਬੰਦਗੀ ਕਰਦੈ। ਕੋਈ ਸਮਾਂ ਖਾਲੀ ਨਹੀਂ ਜਾਣ ਦਿੰਦਾ ਜਦੋਂ ਪ੍ਰਭੂ ਦਾ ਨਾਮ ਨਹੀਂ ਜਪਦਾ। ਗੁਰੂ ਦਾ ਧਿਆਨ ਹਿਰਦੇ ਵਿਚ ਸਮਾ ਗਿਆ। ਗੁਰੂ ਹਰਿਗੋਬਿੰਦ ਪਾਤਸ਼ਾਹ ਇਕ ਸਕਿੰਟ ਵਾਸਤੇ ਵੀ ਨਹੀਂ ਵਿਸਰਦੇ। ਅੱਖਾਂ ਮੀਚਦਾ ਤਾਂ ਉਨ੍ਹਾਂ ਦਾ ਵਜੂਦ ਦਿਸਦੈ, ਅੱਖਾਂ ਖੋਲ੍ਹਦੈ ਤਾਂ ਵੀ ਉਹੀ ਨਜ਼ਰ ਆਉਂਦੇ ਨੇ। ਐਨੀ ਹਜ਼ੂਰੀ 'ਚ ਆ ਗਿਆ। ਜਿਹੜਾ ਗੁਰਸਿੱਖ ਐਨਾ ਗੁਰੂ ਦੀ ਹਜ਼ੂਰੀ 'ਚ ਆ ਜਾਏ, ਉਹ ਅਭੇਦ ਅਵਸਥਾ 'ਚ ਆ ਜਾਇਆ ਕਰਦੈ, ਉਹਦੀ ਜ਼ੁਬਾਨ 'ਤੇ ਗੁਰੂ ਬੋਲਿਆ ਕਰਦੈ। ਸੋ ਪਹਿਲਾਂ ਨਾਲੋਂ ਬੜਾ ਚੰਗਾ ਹੋ ਗਿਆ। ਸਾਰਿਆਂ ਦੇ ਵਿਚ ਗੱਲ ਹੋਣ ਲਗ ਗਈ ਕਿ ਭਾਈ ਤਿਲੋਕੇ ਵਰਗਾ ਤਾਂ ਅਫਸਰ ਹੋ ਹੀ ਨਹੀਂ ਸਕਦਾ ਕੋਈ। ਐਡਾ ਦਿਆਲੂ ਕ੍ਰਿਪਾਲੂ। ਐਨੀ ਸੋਹਣੀ ਤਰ੍ਹਾਂ ਸ਼ਿਕਾਇਤ ਸੁਣਦੈ, ਹਰ ਬੰਦੇ ਨੂੰ ਤਸੱਲੀ ਦਿੰਦੈ। ਨਵਾਬ ਦੇ ਮਨ ਵਿਚ ਵੀ ਬੜੀ ਕਦਰ ਪਹੁੰਚੀ। ਜ਼ਰੂਰੀ ਗੱਲਾਂ ਜਿੰਨੀਆਂ ਵੀ ਨੇ ਉਸ ਨਾਲ ਹੀ ਕਰਦੈ।

ਇਕ ਦਿਨ ਨਵਾਬ ਕਹਿਣ ਲੱਗੇ, ਭਾਈ ਤਿਲੋਕਾ! ਅੱਜ ਸ਼ਿਕਾਰ ਜਾਣੈ। ਜੰਗਲ 'ਚ ਚਲੇ ਜਾਂਦੇ ਨੇ। ਕਹਿਣ ਲੱਗੇ, ਦੇਖ ਭਾਈ ਤਿਲੋਕਾ! ਜਿਹਦੇ ਮੂਹਰੇ ਜਾਨਵਰ ਨਿਕਲੇ ਉਸੇ ਨੇ ਮਾਰਨੈ। ਉਸ ਵੇਲੇ ਸਾਰੇ ਜਾਂਦੇ ਨੇ ਜੰਗਲ 'ਚ। ਜਿਸ ਵਕਤ ਭਾਈ ਤਿਲੋਕਾ ਜਾ ਰਿਹੈ ਤਾਂ ਉਹਦੇ ਸਾਮ੍ਹਣੇ ਇਕ ਹਰਨੀ ਨਿਕਲ ਆਈ, ਜਦੋਂ ਉਹਨੇ ਦੇਖਿਆ –

***ਜਬਹਿ ਤਿਲੋਕੇ ਕੀਨਸਿ ਨੇਰ।***
***ਘੋਰਾ ਮਿਲਯੋ ਨਿਕਟਿ ਤਬਿ ਹੇਰਿ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2145***

ਕਿ ਹਰਨੀ ਹੈ, ਉਸਨੇ –

***ਖੈਂਚ ਖੜਗ ਕੋ ਤਾਂ ਪਰ ਝਾਰਾ।***
***ਮ੍ਰਿਗਨੀ ਗਰਭ ਦੁਧਾ ਕਰਿ ਡਾਰਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2145***

ਉਹਦੇ ਪੇਟ ਵਿਚ ਦੋ ਬੱਚੇ ਸੀ। ਜਿਸ ਵਕਤ ਤਲਵਾਰ ਮਾਰੀ ਤਾਂ ਦੋਵੇਂ ਬੱਚੇ ਗਿਰ ਗਏ। ਬੱਚੇ ਤੜਫਣ ਲਗ ਗਏ। ਜਿਹੜੀ ਹਰਨੀ ਸੀ ਉਹ ਬੇਵਸ ਹੋਈ ਬੱਚਿਆਂ ਨੂੰ ਦੇਖਦੀ-ਦੇਖਦੀ ਮਰ ਗਈ। ਇਹਦੇ ਮਨ ਵਿਚ ਐਡਾ ਸ਼ੋਕ ਲੱਗਿਆ ਕਿ ਗੁਰੂ ਮਹਾਰਾਜ ਨੇ ਤਾਂ ਕਿਹਾ ਸੀ ਕਿ ਕਿਸੇ ਜੀਵ ਨੂੰ ਦੁੱਖ ਨਾ ਦੇਈਂ। ਮੇਰੇ ਤੋਂ ਤਾਂ ਬਹੁਤ ਭਾਰੀ ਭੁੱਲ ਹੋ ਗਈ, ਘਰ ਆ ਗਿਆ, ਅਰਦਾਸਾਂ ਕਰਦੈ ਗੁਰੂ ਮਹਾਰਾਜ ਨੂੰ। ਬੇਨਤੀਆਂ ਕਰਦੈ, ਅਖੀਰ ਫੈਸਲਾ ਕਰ ਲਿਆ ਕਿ ਜੋ ਹੋਣੈ, ਹੋਵੇ, ਅੱਜ ਤੋਂ ਬਾਅਦ ਮੈਂ

ਲੋਹੇ ਦੀ ਤਲਵਾਰ ਹੀ ਨਹੀਂ ਰੱਖਣੀ। ਲੋਹੇ ਵਰਗੀ ਕਾਠ ਦੀ ਤਲਵਾਰ ਬਣਾ ਕੇ ਆਪਣੀ ਮਿਆਨ ਵਿਚ ਪਾ ਲਈ। ਜੋ ਉਸਦਾ ਦੋਖੀ ਸੀ, ਉਸ ਨੂੰ ਪਤਾ ਲਗ ਗਿਆ ਕਿ ਭਾਈ ਤਿਲੋਕਾ ਕਾਠ ਦੀ ਤਲਵਾਰ ਲਈ ਫਿਰਦੈ, ਤੇ ਫੇਰ ਵੱਡਾ ਜਰਨੈਲ ਵੀ ਬਣਿਐ। ਕਿਉਂ ਨਾ ਇਹਦੀ ਪੜਤਾਲ ਕਰਵਾ ਦੇਈਏ ਤੇ ਜੇ ਨਵਾਬ ਗੁੱਸੇ ਹੋ ਗਿਆ ਤੇ ਸੱਚਮੁੱਚ ਉਸਨੂੰ ਲਗ ਗਿਆ ਪਤਾ ਤਾਂ ਉਹ ਕੇਵਲ ਇਸ ਨੂੰ ਅਹੁਦੇ ਤੋਂ ਨਹੀਂ ਲਾਹ ਦੇਵੇਗਾ, ਜਾਨ ਤੋਂ ਵੀ ਮਰਵਾ ਦਏਗਾ ਕਿ ਤੂੰ ਐਡਾ ਬੇਵਿਸ਼ਵਾਸ਼ੀ ਬੰਦਾ ਨਿਕਲਿਆ। ਵਿਸ਼ਵਾਸ਼ਘਾਤ ਕਰਦੈਂ ਤੂੰ ਮੇਰੇ ਨਾਲ। ਉਹ ਗਿਆ ਜਾ ਕੇ ਨਵਾਬ ਨੂੰ ਕਹਿਣ ਲੱਗਿਆ, ਨਵਾਬ ਸਾਹਿਬ! ਸ਼ਰ੍ਹਾ ਇਹ ਕਹਿੰਦੀ ਹੈ ਕਿ ਹਿੰਦੂ ਨੂੰ ਕਦੇ ਵੀ ਵੱਡਾ ਅਫਸਰ ਨਾ ਬਣਾਓ। ਕਹਿੰਦੀ ਹੈ, ਨਾ?

ਕਹਿੰਦੇ, ਹਾਂ।

ਕਹਿੰਦਾ, ਤੁਸੀਂ ਤਿਲੋਕੇ ਨੂੰ ਬਹੁਤ ਵੱਡਾ ਅਫਸਰ ਬਣਾਇਆ ਹੋਇਐ ਫੌਜ ਦਾ।

ਕਹਿੰਦੇ, ਹਾਂ ਭਾਈ ਤਿਲੋਕੇ ਵਰਗਾ ਤਾਂ ਬੰਦਾ ਹੀ ਨਹੀਂ ਕੋਈ। ਚਾਹੇ ਉਹ ਗੁਰੂ ਨਾਨਕ ਦਾ ਸਿੱਖ ਹੈ। ਗੁਰੂ ਨਾਨਕ ਦਾ ਸਿੱਖ ਕਦੇ ਝੂਠ ਨਹੀਂ ਬੋਲੇਗਾ, ਕਦੇ ਧੋਖਾ ਨਹੀਂ ਦਏਗਾ, ਕਦੇ ਕੰਮ 'ਚ ਕੁਤਾਹੀ ਨਹੀਂ ਕਰੇਗਾ। ਉਹ ਮਾਲਕ ਦਾ ਪੂਰਾ ਵਫਾਦਾਰ ਰਹੇਗਾ। ਇਸ ਕਰਕੇ ਮੋਮਨਾਂ ਨਾਲੋਂ ਵੀ ਮੈਨੂੰ ਤਾਂ ਉਹ ਚੰਗਾ ਹੈ।

ਕਹਿੰਦਾ, ਮਹਾਰਾਜ! ਜੇ ਮੈਂ ਸਾਬਤ ਕਰ ਦੇਵਾਂ ਕਿ ਉਹ ਧੋਖਾ ਦਿੰਦੈ।

ਕਹਿੰਦੇ, ਹੋ ਨਹੀਂ ਸਕਦਾ।

ਕਹਿਣ ਲੱਗਿਆ, ਮਹਾਰਾਜ! ਉਹਨੇ ਕਾਠ ਦੀ ਤਲਵਾਰ ਪਹਿਨੀ ਹੋਈ ਹੈ। ਨਾ ਹੋਵੇ ਤਾਂ ਤੁਸੀਂ ਮੈਨੂੰ ਜੋ ਸਜ਼ਾ ਦੇਣੀ ਹੈ ਦੇ ਲਿਓ।

ਉਹ ਕਹਿੰਦਾ, ਮੈਂ ਤੈਨੂੰ ਕੈਦ ਕਰ ਦੇਵਾਂਗਾ। ਹਾਂ ਜੇ ਉਹਦੇ ਕੋਲ ਨਿਕਲ ਆਈ ਫੇਰ ਮੇਰਾ ਵਿਸ਼ਵਾਸ਼ ਟੁੱਟ ਗਿਆ ਉਸ ਤੋਂ। ਫੇਰ ਜੋ ਸਜ਼ਾ ਹੋਏਗੀ ਮੈਂ ਉਸ ਨੂੰ ਦੇਵਾਂਗਾ।

ਚੁਗਲੀ ਕਰ ਦਿਤੀ। ਚੁਗਲੀ ਸਾਧਸੰਗਤ ਜੀ! ਬਹੁਤ ਬੁਰੀ ਚੀਜ਼ ਹੈ। ਇਹ ਜੁੜਿਆਂ ਹੋਇਆਂ ਨੂੰ ਪਾੜ ਦਿੰਦੀ ਹੈ। ਗੱਲ ਹੀ ਚਲਾਉਣੀ ਹੈ ਚਲਾ ਦਿਓ ਜਿਹਦੇ ਖਿਲਾਫ ਚਲਾਉਣੀ ਹੈ। ਪਤਾ ਲਗਦੈ, ਕੋਈ ਪੁੱਛਦੈ ਕਿ ਤੂੰ ਇਸ ਤਰ੍ਹਾਂ ਕਿਹਾ, ਮਨ ਵਿਚ ਹੀ ਕਰ ਲਏਗਾ। ਬੜੇ ਗਲਤ ਕੰਮ ਕਰਦੈ। ਮਹਾਰਾਜ ਨੇ ਚੁਗਲੀ ਤੇ ਨਿੰਦਿਆ ਨੂੰ ਇਕ ਪੱਧਰ 'ਤੇ ਰੱਖਿਐ, ਨਿੰਦਕ ਜਿਹੜੈ ਨਿੰਦਿਆ ਕਰਨ ਵਾਲਾ ਬੜੀ ਭਾਰੀ ਸਜ਼ਾ ਪਾਉਂਦੇ –

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

***ਅੰਗ - 755***

ਕੁੰਭੀ ਨਰਕਾਂ 'ਚ ਵਾਸਾ ਹੋ ਜਾਂਦੈ। ਸੋ ਨਵਾਬ ਦੇ ਮਨ ਵਿਚ ਸ਼ੱਕ ਪੈ ਗਿਆ ਕਿ ਹੈਂ, ਦ੍ਰਿੜ੍ਹਤਾ ਦੇ ਨਾਲ ਇਹ ਕਹਿ ਰਿਹੈ ਕਿ ਮਹਾਰਾਜ! ਮੈਨੂੰ ਜੋ ਸਜ਼ਾ ਦੇਣੀ ਹੈ ਦੇ ਲਓ। ਜੇ ਜਰਨੈਲ ਹੀ ਧੋਖਾ ਦੇ ਸਕਦੈ ਮੈਨੂੰ ਤਾਂ ਫੇਰ ਕੌਣ ਰਹਿ ਗਿਆ ਮੇਰਾ ਹੇਤੂ। ਮੈਂ ਤਾਂ ਇਹਦੇ ਉਪਰ 100% ਭਰੋਸਾ ਇਸ ਕਰਕੇ ਕਰਦਾਂ ਕਿ ਗੁਰੂ ਨਾਨਕ ਦੀ ਸਿੱਖੀ ਧਾਰਨ ਕਰੀ ਹੋਈ ਹੈ ਇਹਨੇ। ਗੁਰੂ ਨਾਨਕ ਦਾ ਸਿੱਖ ਕਦੇ ਧੋਖਾ ਨਹੀਂ ਦਿੰਦਾ। ਕਦੇ ਵਿਭਚਾਰੀ ਨਹੀਂ ਹੁੰਦਾ, ਕਦੇ ਰਿਸ਼ਵਤੀ ਨਹੀਂ ਹੁੰਦਾ, ਕਦੇ ਕੋਈ ਗਲਤ ਗੱਲ ਨਹੀਂ ਕਰਦਾ। ਅਖੀਰ ਨਵਾਬ ਨੇ ਨਿਰਣਾ ਕਰਨ ਵਾਸਤੇ ਭਾਈ ਤਿਲੋਕੇ ਨੂੰ ਕਿਹਾ ਕਿ ਭਾਈ ਤਿਲੋਕਾ! ਫੌਜ ਨੂੰ ਤਰਤੀਬ ਵਿਚ ਖੜ੍ਹੇ ਕਰੋ ਪਰੇਡ ਗਰਾਉਂਡ ਦੇ ਅੰਦਰ। ਬਿਗਲ ਵੱਜ ਗਿਆ, ਬਿਗਲ ਵੱਜਣ ਦੇ 10 ਮਿੰਟ ਦੇ ਅੰਦਰ-ਅੰਦਰ ਸਾਰੀ ਫੌਜ ਨੂੰ ਆ ਕੇ ਖੜ੍ਹਨਾ ਪੈਂਦੈ? ਸਿਰਫ 10 ਮਿੰਟ ਦਾ ਸਮਾਂ ਹੁੰਦੈ। ਉਹ ਵੀ ਆਪੇ ਹੀ ਨਹੀਂ ਖੜ੍ਹਨਾ, ਨਾਲ ਸਾਰਾ ਸਮਾਨ ਲੈਣੈ ਕਿ ਜਿਵੇਂ ਚੜ੍ਹਾਈ ਕਰਨੀ ਹੈ। ਰਾਸ਼ਨ ਵੀ ਨਾਲ ਲੈਣੈ, ਹਰੇਕ ਚੀਜ਼ ਨਾਲ ਲੈ ਕੇ ਪੂਰੀ ਵਰਦੀ ਪਹਿਨ ਕੇ, ਸ਼ਸਤਰ ਲੈ ਕੇ ਹਾਜ਼ਰ ਹੋਣਾ ਪੈਂਦੈ, ਪਰੇਡ ਗਰਾਉਂਡ 'ਚ। ਬਿਗਲ ਵੱਜ ਗਿਆ ਸਾਰੀ ਫੌਜ 10 ਮਿੰਟ ਦੇ ਅੰਦਰ-ਅੰਦਰ ਪਰੇਡ ਗਰਾਊਂਡ 'ਚ ਆ ਗਈ। ਆਪਣੇ-ਆਪਣੇ ਰੈਂਕਾ ਦੇ ਮੁਤਾਬਿਕ ਲਾਈਨਾਂ ਲਾ ਕੇ ਖੜ੍ਹ ਗਏ। ਉਸ ਵੇਲੇ ਨਵਾਬ ਨੇ ਕਿਹਾ, ਭਾਈ ਤਿਲੋਕਾ ਜੀ! ਕਾਫੀ ਦੇਰ ਹੋ ਗਈ ਯੁੱਧ ਕਰੇ ਨੂੰ। ਉਸ ਤੋਂ ਬਾਅਦ ਕਦੇ ਹਥਿਆਰਾਂ ਨੂੰ ਚੈੱਕ ਨਹੀਂ ਕਰਿਆ। ਹੁਣ ਮੇਰੇ ਮਨ ਵਿਚ ਹੈ ਕਿ ਸ਼ਾਇਦ ਬਹੁਤ ਸਾਰਿਆਂ ਦੇ ਹਥਿਆਰ ਟੁੱਟੇ ਹੋਏ ਹੋਣ ਤੇ ਹੁਕਮ ਦੇ ਦਿਓ ਕਿ ਸਾਰੇ ਹਥਿਆਰ ਕੱਢ ਕੇ ਮੈਨੂੰ ਦਿਖਾਓ। ਉਸ ਵੇਲੇ ਇਹਨੇ ਕਾਸ਼ਨ ਦੇ ਦਿਤਾ, ਹਥਿਆਰ ਦਿਖਾਉਣ ਵਾਸਤੇ, ਮਿਆਨ ਵਿਚਾਲਿਓਂ ਫੜਨੀ ਹੁੰਦੀ ਹੈ। ਮੁੱਠਾ ਜਿਹੜਾ ਹੈ ਦਿਖਦੈ, ਉਹ ਆਪਣੇ ਹੱਥ ਨਾਲ ਕੱਢਦੈ ਤਲਵਾਰ। ਨਵਾਬ ਇਕ ਪਾਸੇ ਤੋਂ ਚਲ ਪਿਆ। ਆਫੀਸਰ ਜਿਹੜੇ ਨਾਲ ਨੇ ਉਹ ਕੱਢੀ ਜਾਂਦੇ ਨੇ, ਆਫੀਸਰਾਂ ਦੀ ਵੀ ਵਾਰੀ ਆਈ ਜਾਂਦੀ ਹੈ। ਹੁੰਦੇ-ਹੁੰਦੇ ਅੱਜ ਚਿੰਤਾ 'ਚ ਆ ਗਿਆ ਭਾਈ ਤਿਲੋਕਾ ਕਿ ਹੁਣ ਮੇਰੀ ਵਾਰੀ ਆਉਣ ਵਾਲੀ ਹੈ, ਹੁਣ ਕੀ ਹੋਏਗਾ? ਤੇ ਮੈਂ ਤਾਂ ਇਕ ਅਸੂਲ ਦੀ ਪਾਲਣਾ ਕਰੀ ਹੈ - 'ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥' ਤੇ ਹੁਣ ਹੋਵੇਗਾ ਕੀ? ਮੇਰਾ ਪੜ੍ਹਦਾ ਕੌਣ ਢਕੇਗਾ? ਉਸ ਵੇਲੇ ਨੇਤਰ ਬੰਦ ਹੋ ਗਏ। ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ 'ਚ ਪਹੁੰਚ ਗਿਆ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ 'ਤੇ, ਹਿਰਦੇ ਦੀ ਧੁਰ ਡੂੰਘਿਆਈ

ਦੇ ਵਿਚ ਇਸ ਤਰ੍ਹਾਂ ਦੀ ਅਰਦਾਸ ਨਿਕਲਦੀ ਹੈ –

*ਧਾਰਨਾ – ਜਿਵੇਂ ਰੱਖੀ ਸੀ ਦਰੋਪਤੀ ਦੀ ਆ ਕੇ,*
*ਐਵੇਂ ਮੇਰੀ ਰੱਖ ਲੱਜਿਆ।*

ਹੇ ਪ੍ਰਭੂ! ਐਸ ਵੇਲੇ ਮੇਰਾ ਓਹੀ ਹਾਲ ਹੋਇਆ ਪਿਐ। ਜਿਵੇਂ ਦਰੋਪਤੀ ਦੀ ਕੋਈ ਸਹਾਇਤਾ ਕਰਨ ਵਾਲਾ ਨਹੀਂ ਸੀ –

*ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।*

***ਭਾਈ ਗੁਰਦਾਸ ਜੀ, ਵਾਰ 10/8***

ਦੁਰਯੋਧਨ ਨੇ ਹੁਕਮ ਦੇ ਦਿਤਾ ਸੀ ਕਿ ਵਸਤਰ ਉਤਾਰ ਦਿਓ।

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾ ਦੀ।*

***ਭਾਈ ਗੁਰਦਾਸ ਜੀ, ਵਾਰ 10/8***

ਪੰਜੇ ਪਾਂਡਵ ਦੇਖਦੇ ਨੇ, ਮਦਦ ਕੋਈ ਨਹੀਂ ਕਰ ਸਕਦੇ। ਬਲ ਨਹੀਂ ਚਲਦਾ ਕਿਸੇ ਦਾ, ਦੁਰਸ਼ਾਸ਼ਨ ਨੇ ਇਕ ਝਟਕਾ ਮਾਰਿਆ, ਅੱਧੀ ਧੋਤੀ ਲਹਿ ਗਈ ਉਸ ਵੇਲੇ –

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*

***ਭਾਈ ਗੁਰਦਾਸ ਜੀ, ਵਾਰ 10/8***

ਅਵਾਜ਼ ਨਿਕਲ ਗਈ ਕਿ ਹੇ ਪ੍ਰਭੂ! ਹੁਣ ਨਹੀਂ ਮੇਰਾ ਕੋਈ। ਹੋਇਆ ਕੀ? ਉਹ ਝਟਕੇ ਮਾਰੀ ਜਾਂਦੇ ਨੇ, ਕੱਪੜਾ ਆਈ ਜਾਂਦੈ –

*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।*

***ਭਾਈ ਗੁਰਦਾਸ ਜੀ, ਵਾਰ 10/8***

ਸਾਰੇ ਹੀ ਥੱਕ ਗਏ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਲਿਖਦੇ ਨੇ, ਪ੍ਰਸੰਗ ਜਦੋਂ ਲਿਖਿਆ ਆਪ ਨੇ। ਐਡੇ ਜਿੱਦੀ ਸੀਗੇ, ਸੱਤ ਦਿਨ ਸੱਤ ਰਾਤਾਂ ਕੱਪੜਾ ਖਿੱਚੀ ਗਏ। ਅਖੀਰ ਦੋਵੇਂ ਭਰਾ ਬੇਹੋਸ਼ ਹੋ ਕੇ ਗਿਰ ਗਏ। ਦੁਰਯੋਧਨ ਵੀ ਤੇ ਦੁਰਸ਼ਾਸ਼ਨ ਵੀ। ਫੇਰ ਕੀ ਹੋਇਆ? ਵਸ ਚੱਲਿਆ ਨਾ –

*ਹਥ ਮਰੋੜਨਿ ਸਿਰੁ ਧੁਣਨਿ*
*ਪਛੋਤਾਨਿ ਕਰਨਿ ਜਹ ਜਾਂਦੀ।*

***ਭਾਈ ਗੁਰਦਾਸ ਜੀ, ਵਾਰ 10/8***

ਕਿਲ੍ਹਾ ਉਸਰ ਗਿਆ ਕੱਪੜਿਆਂ ਦਾ, ਥਾਉਂ ਨਾ ਰਿਹਾ ਰੱਖਣ ਨੂੰ। ਹੈਰਾਨ ਹੋ ਗਏ। ਓਧਰੋਂ ਕੱਪੜਾ ਆਈ ਜਾਂਦੈ, ਏਧਰ ਇਹ ਖਿੱਚੀ ਜਾਂਦੇ ਨੇ।

*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸਰਮਾਂਦੀ।*

*ਭਾਈ ਗੁਰਦਾਸ ਜੀ, ਵਾਰ 10/8*

ਕਹਿਣ ਲੱਗੀ, ਮਹਾਰਾਜ! ਤੁਸੀਂ ਵੀ ਬੜੀ ਦੇਰ ਬਾਅਦ ਮਿਲੇ।

ਕ੍ਰਿਸ਼ਨ ਮਹਾਰਾਜ! ਕਹਿਣ ਲੱਗੇ, ਦਰੋਪਤੀ ਯਾਦ ਕਰ, ਕਦ ਤੂੰ ਮੈਨੂੰ ਹਾਕ ਮਾਰੀ। ਜਦੋਂ ਅੱਧੀ ਧੋਤੀ ਰਹਿ ਗਈ ਜਦ ਮਾਰੀ ਤੂੰ ਆਵਾਜ਼। ਫੇਰ ਮੇਰੇ ਵਲੋਂ ਤਾਂ ਦੇਰ ਨਹੀਂ ਹੋਈ। ਮੈਨੂੰ ਤਾਂ ਆਦਤ ਪਈ ਹੋਈ ਹੈ –

*ਨਾਥ ਅਨਾਥਾਂ ਬਾਣਿ ਧੁਰਾਂਦੀ॥*

*ਭਾਈ ਗੁਰਦਾਸ ਜੀ, ਵਾਰ 10/8*

ਜਿਹਦਾ ਕੋਈ ਸਹਾਰਾ ਨਾ ਹੋਵੇ, ਉਹਦਾ ਪ੍ਰਮੇਸ਼ਰ ਰਾਖਾ ਹੋਇਆ ਕਰਦੈ। ਅਰਦਾਸ ਕਰਦੈ –

*ਅਬ ਮੇਰੀ ਤੁਮ ਕਰਹੁ ਸਹਾਈ।*
*ਜਥਾ ਦ੍ਰੋਪਤੀ ਲਾਜ ਬਚਾਈ।*
*ਪਰਦਾ ਸਭਾ ਬਿਖੈ ਤਿਸ ਰਾਖਾ।*
*ਪੁਰੀ ਨ ਦੁਸ਼ਟਨਿ ਕੀ ਅਭਿਲਾਖਾ।*
*ਤਿਮ ਮੇਰੀ ਅਬਿ ਲਾਜ ਰਖੀਜੈ।*
*ਸਭਾ ਬਿਖੈ ਕਰਿ ਖੜਗ ਦਿਖੀਜੈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2146*

ਆਹ ਸਭਾ 'ਚ ਮੈਂ ਬੇਇੱਜ਼ਤ ਹੋ ਜਾਵਾਂਗਾ। ਮੇਰੀ ਖੜਗ ਦੀ ਥਾਂ 'ਤੇ ਤੇਰੀ ਖੜਗ ਨਜ਼ਰ ਆਏਗੀ।

*ਮਨ ਹੀ ਮਨਹਿ ਮਨਾਵਤਿ ਗੁਰ ਕੋ।*
*ਦਹਲ ਰਹਯੋ ਨਹਿਂ ਧੀਰਜ ਉਰ ਕੋ।*
*ਤਬਿ ਸਤਿਗੁਰ ਨਿਜ ਦਾਸ ਬਿਚਾਰਾ।*
*ਭਏ ਸਹਾਯਕ ਲਾਇ ਨ ਬਾਰਾ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2146*

ਵਿਚਾਰਿਆ ਕਿ ਮੇਰਾ ਦਾਸ ਹੈ। ਮੇਰੀ ਸ਼ਰਨੀ ਲੱਗਿਆ ਹੋਇਐ –

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ– 544*

ਸ਼ਰਨ ਆਏ ਨੂੰ ਗਲ ਨਾਲ ਲਾਉਣਾ ਗੁਰੂ ਮਹਾਰਾਜ ਦਾ ਬਿਰਦ ਹੈ –

*ਧਾਰਨਾ – ਔਖੀ ਘੜੀ ਨਾ ਦੇਖਣ ਦੇਵੇ,*
*ਆਪਣਾ ਬਿਰਦ ਸੰਭਾਲਦੈ।*
*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥*

*ਅੰਗ – 682*

ਔਖੀ ਘੜੀ ਗੁਰੂ ਨਹੀਂ ਦੇਖਣ ਦਿੰਦਾ, ਜਿਹੜਾ ਉਹਦਾ ਬਣ ਗਿਆ, ਉਹਦਾ ਬਿਰਦ ਹੈ ਰਾਖੀ ਕਰਨਾ-

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥***

***ਅੰਗ - 403***

ਜਾਣਾ ਪੈਂਦੈ ਗੁਰੂ ਨੂੰ -

***ਧਾਰਨਾ - ਛੱਡ ਕੇ ਸਿੰਘਾਸਨ ਨੂੰ,***
***ਹਰਿ ਜੀ ਨੂੰ ਆਉਣੈ ਪੈਂਦੈ।***

ਕਹਿੰਦੇ, ਧਾਉਣਾ ਪੈਂਦੈ। ਧਾਉਣਾ ਕਹਿੰਦੇ ਨੇ ਬਹੁਤ ਤੇਜ਼ੀ ਨਾਲ ਜਾਣਾ। ਮਹਾਰਾਜ ਨੂੰ ਕੀ ਸੀ ਇਕ ਡਿੰਘ ਪੁੱਟਣੀ ਸੀ ਉਥੇ ਆ ਜਾਂਦੇ। ਕਿਉਂਕਿ ਮਹਾਰਾਜ ਦੇ ਸਿੱਖਾਂ 'ਚ ਇਹ ਸ਼ਕਤੀਆਂ ਆਮ ਦੇਖਣ 'ਚ ਆਈਆਂ ਨੇ। ਏਧਰ ਪੈਰ ਪੁੱਟਿਆ ਤੇ ਦੂਜੇ ਪਾਸੇ ਚਲੇ ਗਏ। ਗੁਰਸਿੱਖ ਦਿਖਾਉਂਦੇ ਨਹੀਂ ਸ਼ਕਤੀਆਂ, ਜਰਦੇ ਨੇ। ਕਿਤੇ ਪਰਉਪਕਾਰ ਵਸ ਪ੍ਰਗਟ ਵੀ ਹੋ ਜਾਇਆ ਕਰਦੇ ਨੇ। ਗੁਰਸਿੱਖਾਂ ਕੋਲ ਇਕ ਬਾਲਟੀ ਸ਼ਕਤੀ ਹੋਏਗੀ, ਦੋ ਬਾਲਟੀਆਂ ਹੋਣਗੀਆਂ। ਗੁਰੂ ਮਹਾਰਾਜ ਤਾਂ ਦਰਿਆ ਨੇ ਸ਼ਕਤੀਆਂ ਦੇ।

ਉਸ ਵੇਲੇ ਨਵਾਬ ਤੁਰਦਾ-ਤੁਰਦਾ ਭਾਈ ਤਿਲੋਕਾ ਜੀ ਕੋਲ ਆ ਗਿਆ। ਕਹਿਣ ਲੱਗਿਆ, ਤਿਲੋਕਾ ਜੀ! ਹੁਣ ਤੁਸੀਂ ਆਪਣੀ ਤਲਵਾਰ ਦਿਖਾਓ। ਭਾਈ ਤਿਲੋਕਾ ਜੀ ਨੇ ਮਿਆਨ ਨੂੰ ਹੱਥ ਪਾਇਆ ਤੇ ਵਾਹਿਗੁਰੂ ਕਹਿ ਕੇ ਜਦੋਂ ਮਿਆਨ 'ਚੋਂ ਤਲਵਾਰ ਖਿੱਚੀ, ਇਕ ਦਮ ਚਾਨਣਾ, ਐਸਾ ਚਾਨਣਾ ਹੋਇਆ, ਅੱਖਾਂ ਚੁੰਧਿਆ ਗਈਆਂ ਨਵਾਬ ਦੀਆਂ।

***'ਵਾਹਿਗੁਰੂ' ਕਹਿ ਖੈਂਚ ਨਿਕਾਰਾ।***
***ਨਿਕਸੇ ਭਯੋ ਪ੍ਰਕਾਸ਼ ਉਦਾਰਾ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2146***

ਕਹਿਣ ਲੱਗਿਆ, ਇਹੋ ਜਿਹਾ ਇਸਪਾਤ, ਐਨੀ ਤਿੱਖੀ ਧਾਰ ਮੈਂ ਅੱਜ ਤਕ ਨਹੀਂ ਦੇਖੀ।

***ਅਸ ਤੀਖਨ ਧਾਰਾ ਅਸਿ ਕੇਰੀ।***
***ਨਹੀਂ ਅਪਰ ਕੇ ਇਸ ਬਿਧਿ ਹੇਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2146***

ਬੜਾ ਖੁਸ਼ ਹੋਇਆ ਕਿ ਮੇਰੇ ਜਰਨੈਲ ਕੋਲ ਐਸੀ ਤਲਵਾਰ ਹੈ, ਜਿਹੜੀ ਅੱਜ ਤਕ ਕਿਸੇ ਕੋਲ ਨਹੀਂ। ਕਹਿੰਦਾ, ਭਾਈ ਤਿਲੋਕਾ ਮੈਂ ਤੇਰੇ ਉਤੇ ਬੜਾ ਪ੍ਰਸੰਨ ਹੋਇਆ, ਅੱਜ ਤੋਂ ਬਾਅਦ ਤੇਰੀ ਤਨਖਾਹ ਦੁੱਗਣੀ ਹੋ ਗਈ। ਉਧਰਲੇ ਪਾਸੇ ਉਹ ਜਿਹੜਾ ਨਿੰਦਕ ਸੀ, ਉਹਨੂੰ ਸਜ਼ਾ ਮਿਲੀ।

ਨਿੰਦਿਆ ਕਰਨ ਵਾਲੇ ਦਾ ਜੋ ਹਸ਼ਰ ਹੁੰਦੈ ਉਹ ਹੋਇਆ ਉਹਦਾ–

*ਧਾਰਨਾ – ਹੋ ਗਿਆ ਮੁੱਖ ਨਿੰਦਕਾਂ ਦਾ ਕਾਲਾ,*
*ਸੇਵਕ ਦੀ ਕਰੀ ਰੱਖਿਆ।*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ– 755*

ਨਵਾਬ ਮੁਖਾਤਬ ਹੋਇਆ ਉਸ ਵਲ ਕਹਿਣ ਲੱਗਿਆ, ਓ ਪ੍ਰੇਮੀਆਂ! ਐਡੀ ਤੇਰੇ ਮਨ ਵਿਚ ਈਰਖਾ, ਹੁਣ ਤਿਆਰ ਹੋ ਜਾ, ਸਜ਼ਾ ਭੁਗਤਣ ਵਾਸਤੇ ਜੋ ਆਪ ਹੀ ਤੂੰ ਮੈਨੂੰ ਕਹੀ ਹੈ ਕਿ ਮੈਨੂੰ ਵੱਡੀ ਤੋਂ ਵੱਡੀ ਸਜ਼ਾ ਦੇਣਾ, ਚਾਹੇ ਸਾਰੀ ਜ਼ਿੰਦਗੀ ਮੈਨੂੰ ਕਾਰਾਗਾਰ 'ਚ ਰੱਖੋ, ਚਾਹੇ ਮੈਨੂੰ ਮਾਰ ਦਿਓ, ਪਰ ਮੈਂ ਝੂਠ ਨਹੀਂ ਬੋਲਦਾ।

ਮਹਾਰਾਜ ਕਹਿੰਦੇ, ਜਿਹੜੇ ਗੁਰੂ ਦੇ ਪਿਆਰੇ ਨੇ, ਉਨ੍ਹਾਂ ਦੇ ਨਾਲ ਲੱਗਣ ਵਾਲਿਆਂ ਨੂੰ ਸੁਖ ਨਹੀਂ ਮਿਲਿਆ ਕਰਦਾ–

*ਧਾਰਨਾ – ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*

*ਅੰਗ – 306*

ਸੋ ਜੋ ਪ੍ਰਮੇਸ਼ਰ ਦਾ ਗੁਰੂ ਦਾ ਪਿਆਰਾ ਹੈ, ਉਹਨੂੰ ਦੁੱਖ ਨਹੀਂ ਮਿਲਦਾ, ਕਿਉਂਕਿ ਗੁਰੂ ਉਹਦੀ ਪਿੱਠ 'ਤੇ ਹੈ। ਐਸਾ ਫੁਰਮਾਨ ਹੈ –

*ਧਾਰਨਾ – ਸੋ ਦੁਖ ਕੈਸਾ ਪਾਵੈ,*
*ਜਿਹਦਾ ਰਾਖਾ ਹੈ ਪ੍ਰਮਾਤਮਾ।*

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*

*ਅੰਗ – 749*

ਜਿਹਦੀ ਗੁਰੂ ਨਾਲ ਬਣ ਗਈ, ਗੁਰੂ ਦਾ ਬਣ ਗਿਆ, ਗੁਰੂ ਦੀ ਸਿੱਖੀ ਨੂੰ ਕਮਾ ਲਿਆ, ਗੁਰੂ ਨਾਲ ਅਭੇਦ ਅਵਸਥਾ ਦਾ ਹੋ ਗਿਆ ਸਾਧਸੰਗਤ ਜੀ, ਉਹਨੂੰ ਦੁਖ ਨਹੀਂ ਪ੍ਰਾਪਤ ਹੋਇਆ ਕਰਦਾ। ਉਹਦੀ ਹਰ ਥਾਂ ਦੇ ਉਤੇ ਜੈ ਹੋਇਆ ਕਰਦੀ ਹੈ –

*ਧਾਰਨਾ – ਉਹ ਤਾਂ ਕਦੇ ਵੀ ਨਾ ਹਾਰਦਾ,*
*ਜਿਹਦੇ ਹੋ ਜਾਏ ਵਲ।*

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥* *ਅੰਗ– 519*

ਕਿਉਂ? ਕਿਉਂਕਿ ਗੁਰਸਿੱਖੀ ਕਮਾਈ, ਗੁਰੂ ਦੇ ਬਚਨ ਦੇ ਉਤੇ ਪਹਿਰਾ ਦਿਤਾ। ਗੁਰੂ ਦਾ ਬਚਨ ਸੀ – "ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥' ਕਿੱਡਾ ਵੱਡਾ ਖਤਰਾ ਮੁੱਲ ਲੈ ਕੇ ਗੁਰੂ ਦਾ ਬਚਨ

ਕਮਾਇਆ।

ਗੁਰੂ ਸਮਰੱਥ ਸੀ, ਕਾਠ ਦੀ ਤਲਵਾਰ ਗਾਇਬ ਕਰ ਦਿਤੀ। ਤਲਵਾਰ ਗੁਰੂ ਦੀ ਨਜ਼ਰ ਆ ਰਹੀ ਹੈ। ਐਸਾ ਗੁਰੂ ਹਰ ਥਾਂ ਹਾਜ਼ਰ ਨਾਜ਼ਰ ਹੈ।

ਆਮ ਅਖੌਤੀ ਗੁਰੂਆਂ ਨੂੰ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਰਲਾ ਦਿੰਦੇ ਹਾਂ। ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ ਜੀ ਨੇ ਕਿਹਾ ਸੀ ਕਿ ਤੂੰ ਗੁਰ ਪ੍ਰਮੇਸ਼ਰ ਤੇ ਮੈਂ ਪਾਰਬ੍ਰਹਮ ਪ੍ਰਮੇਸ਼ਰ। ਜਦੋਂ ਅਸੀਂ ਸੰਸਾਰ ਦੇ ਗੁਰੂਆਂ ਦੇ ਨਾਲ ਉਨ੍ਹਾਂ ਨੂੰ ਰਲਾਉਂਦੇ ਹਾਂ ਤਾਂ ਉਹ ਗੱਲ ਗਲਤ ਹੋ ਜਾਂਦੀ ਹੈ। ਸਾਨੂੰ ਪਤਾ ਨਹੀਂ ਮਹੱਤਤਾ ਉਨ੍ਹਾਂ ਦੀ। ਸੋ ਉਨ੍ਹਾਂ ਦੇ ਉਤੇ ਭਰੋਸਾ ਲਿਆਓ, ਕਦੇ ਕਿਤੇ ਗਏ ਨਹੀਂ, ਸਿੱਖ ਦੇ ਨਾਲ ਰਹਿੰਦੇ ਨੇ। ਅੰਦਰ ਰਹਿੰਦੇ ਨੇ। ਲੇਕਿਨ ਅੰਦਰ ਜਾਣ ਦੀ ਜੁਗਤੀ ਪਤਾ ਹੋਣੀ ਚਾਹੀਦੀ ਹੈ। ਅਸੀਂ ਬਹੁਤ ਦੂਰ ਜਾ ਚੁੱਕੇ ਹਾਂ ਗੁਰਸਿੱਖੀ ਤੋਂ, ਭੁੱਲ ਚੁੱਕੇ ਹਾਂ ਗੁਰੂ ਦੇ ਪਿਆਰ ਨੂੰ, ਹੋਰ ਹੀ ਚੀਜ਼ਾਂ ਸਾਡੇ ਮਨ 'ਚ ਆਈ ਜਾਂਦੀਆਂ ਨੇ, ਨਾ ਨਾਮ ਦਾ ਪਤੈ, ਨਾ ਬਾਣੀ ਦਾ ਪਤੈ, ਨਾ ਗੁਰਸਿੱਖੀ ਜੀਵਨ ਦਾ ਪਤੈ, ਇਸ ਕਰਕੇ ਅਸੀਂ ਗੁਰੂ ਨਾਲੋਂ ਟੁੱਟੇ ਰਹਿੰਦੇ ਹਾਂ। ਜੇ ਗੁਰੂ ਨਾਲ ਜੁੜੇ ਰਹੀਏ ਤਾਂ ਗੁਰੂ ਅੰਗ ਸੰਗ ਸਹਾਇਤਾ ਕਰਦਾ ਹੈ।

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰੁ ਦੈ ਕਰਿ,***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ (ਅਕਾਲ ਉਸਤਤਿ)***

ਗੁਰੂ ਨਾਲ ਜੁੜੋ, ਗੁਰੂ ਵਾਲੇ ਹੋਵੋ, ਗੁਰੂ ਵਾਲੇ ਹੋ ਕੇ ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ ਤੇ ਆਪਣਾ ਜੀਵਨ ਸਫਲਾ ਕਰੋ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਨਾਮ ਦੀ ਕਮਾਈ ਕਰੋ। ਜਿਹੜੇ ਪਹਿਲਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਚੁੱਕੇ ਨੇ, ਉਹ ਇਥੇ ਹੀ ਰੁਕੋ ਨਾ ਸਾਧਸੰਗਤ ਜੀ। ਇਹ ਤਾਂ ਇਕ ਗੁਰੂ ਨਾਲ ਵਾਅਦਾ ਕੀਤਾ ਹੈ ਕਿ ਸੱਚੇ ਪਾਤਸ਼ਾਹ! ਤੇਰੇ ਕਕਾਰ ਪਹਿਨਾਂਗੇ। ਅਗਾਂਹਾਂ ਵਾਲੀ ਗੱਲ ਤਾਂ ਹੋਰ ਹੈ। ਸੰਤਾਂ ਦੀ ਸੰਗਤ ਕਰੋ, ਗੁਰਮੁਖਾਂ ਦੀ ਸੰਗਤ ਕਰਕੇ ਉਹ ਸਫਰ ਤਹਿ ਕਰੋ, ਉਸ ਤੋਂ ਬਗੈਰ ਗੱਲ ਨਹੀਂ ਬਣਨੀ। ਜਨਮ ਛੁੱਟ ਜਾਏਗਾ, ਆਉਣਾ ਜਾਣਾ ਮੁੜ ਕੇ ਫੇਰ ਬਣਿਆ ਰਹੇਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

***ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।***

# 10

## ਕਰਮਾ ਸੰਦੜਾ ਖੇਤੁ

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥

ਅੰਗ -256

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

ਅੰਗ - 289

ਧਾਰਨਾ - ਲੇਖੇ ਵਿਚ ਲਾ ਲਓ ਜੀ,
ਜਨਮ ਤੁਮਾਰੇ ਲੇਖੇ।

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ ॥ ਅੰਗ - 694

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - 176

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ- 156***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ। ਇਸ ਤਰ੍ਹਾਂ ਦੇ ਨਾਲ ਜਦੋਂ ਆਪਾਂ ਸਤਿਸੰਗ ਕਰਾਂਗੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਏਗਾ। ਇਸ ਤਰ੍ਹਾਂ ਦੇ ਨਾਲ ਆਪ ਦੂਰ-ਦਰਾਜ਼ ਤੋਂ ਪੂਰਨਮਾਸ਼ੀ ਦਾ ਦਿਹਾੜਾ ਜਾਣਦੇ ਹੋਏ ਇਸ ਪਵਿੱਤਰ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ) ਵਿਖੇ ਪੁੱਜੇ ਹੋਂ। ਆ ਕੇ ਆਪ ਨੇ ਸੇਵਾ ਕੀਤੀ ਹੈ, ਬੜੀ ਭਾਰੀ ਸੇਵਾ ਸੀ ਜੋ ਆਪ ਨੇ ਲਗਾਤਾਰ ਕਈ ਘੰਟੇ ਕੀਤੀ ਹੈ। ਮਹਾਰਾਜ ਜੀ ਫਲ ਦੇਣ ਸੇਵਾ ਦਾ, ਖੁਸ਼ੀਆਂ ਬਖਸ਼ਣ, ਸੁੱਖ ਸ਼ਾਂਤੀ ਬਖਸ਼ਣ।

ਸੋ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਇਹ ਜਨਮ ਤਾਂ ਮਿਲ ਗਿਆ ਮਨੁੱਖ ਦਾ, ਐਸਾ ਨਾ ਹੋਵੇ ਤੇਰੇ ਬਿਨਾਂ ਕਿਸੇ ਹੋਰ ਲੇਖੇ 'ਚ ਲਗ ਜਾਵੇ ਪਰ ਮੇਰੇ ਵਿਚ ਜ਼ੋਰ ਨਹੀਂ ਕਿ ਮੈਂ ਤੇਰੇ ਲੇਖੇ ਵਿਚ ਲਾ ਦੇਵਾਂ ਕਿਉਂਕਿ ਤੇਰੀ ਮਾਇਆ ਐਨੀ ਪ੍ਰਬਲ ਹੈ, ਇਸ ਗੱਲ ਦੀ ਸੋਝੀ ਨਹੀਂ ਆਉਣ ਦਿੰਦੀ। ਸੁਰਤ ਨਹੀਂ ਆਉਣ ਦਿੰਦੀ, ਲੇਖੇ ਕਾਹਦੇ ਲਗਦੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*** ***ਅੰਗ - 268***

ਹੇ ਪ੍ਰਭੂ! ਹੁਣ ਲੇਖੇ 'ਚ ਲਾ ਲੈ। ***'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥'*** ਜਦੋਂ ਤੂੰ ਆਪਣੀ ਜੋਤ ਦੇ ਨਾਲੋਂ ਵੱਖਰਾ ਕਰ ਦਿਤਾ ਸਾਨੂੰ, ਹਉਮੈ ਤੱਤ ਨਾਲ ਹਨ੍ਹੇਰਾ ਕਰ ਦਿਤਾ। ਹੇ ਪ੍ਰਭੂ! ਉਸ ਵੇਲੇ ਦਾ ਵਿਛੜਿਆ ਹੋਇਆ ਮੈਂ ਕਰੋੜਾਂ ਜੂਨਾਂ 'ਚ ਘੁੰਮਦਾ ਫਿਰਦਾਂ। ਕਿੰਨੀ ਵਾਰੀ ਮੈਂ ਕੀੜੇ ਤੇ ਪਤੰਗੇ ਬਣਿਆ। ਕਿੰਨੀ ਵਾਰੀ ਮੈਂ ਹਰਨ ਬਣਿਆ, ਬਲਦ ਬਣਿਆ, ਘੋੜਾ ਬਣਿਆ, ਸੱਪ ਬਣਿਆ। ਨਾਗਾਂ ਦੀ ਕੁਲੀ 'ਚ ਘੁੰਮਦਾ ਰਿਹਾ, ਮੱਛੀਆਂ-ਕੱਛੀਆਂ ਬਣਦਾ ਰਿਹਾ। ਦਰਖਤ ਵਗੈਰਾ ਬਣਦਾ ਰਿਹਾ ਤੇ ਹੁਣ ਮੈਂ ਤੇਰੀ ਸ਼ਰਨ ਆਇਆਂ, ਕ੍ਰਿਪਾ ਕਰ ਮੈਨੂੰ ਇਸ ਚੱਕਰ 'ਚ ਨਾ ਪਾਈਂ ਕਿਉਂਕਿ ਜੋ ਚੌਰਾਸੀ ਦਾ ਚੱਕਰ ਹੈ, ਉਹ ਸਾਰਿਆਂ ਦੇ ਗਲ ਪਿਆ ਹੋਇਐ। ਕਈਆਂ ਦਾ ਤਾਂ ਐਸਾ ਹੁੰਦਾ ਹੈ ਕਿ ਮਨੁੱਖ ਬਣ ਗਏ, ਮਨੁੱਖ ਬਣਨ ਤੋਂ ਬਾਅਦ ਫੇਰ ਵਾਰੀ ਨਾ ਆਈ ਮਨੁੱਖ ਬਣਨ ਦੀ। ਕੋਈ ਹੋਰ ਹੀ ਜਨਮ ਧਾਰਨਾ ਪੈ ਗਿਆ।

ਇਕ ਵਾਰੀ ਬਾਬਾ ਫਰੀਦ ਜੀ ਆਪਣੇ ਮੁਰੀਦਾਂ ਦੇ ਨਾਲ ਜਾ ਰਹੇ ਸੀ। ਜਾਂਦੇ-ਜਾਂਦੇ ਆਪ ਨੇ ਕੀ ਦੇਖਿਆ ਇਕ ਬੈਲ ਦਾ ਕਰੰਗ ਪਿਐ। ਮਹਾਤਮਾ ਪਿਛਲਾ ਜਨਮ ਦੇਖ ਲੈਂਦੇ ਨੇ ਕਿ ਇਹ ਕੌਣ ਸੀਗਾ। ਇਹਦੀ ਕੀ ਅਵਸਥਾ ਸੀ, ਜਦੋਂ ਇਸ ਦਾ ਪਿਛਲਾ ਜਨਮ ਦੇਖਿਆ, ਉਸ ਵੇਲੇ ਆਪ ਪ੍ਰਭੂ ਦੇ ਸ਼ੁਕਰਾਨੇ 'ਚ, ਸਿੱਜਦੇ 'ਚ ਹੋ ਗਏ। ਜਿਵੇਂ ਆਪਾਂ ਹੱਥ ਬੰਨ੍ਹ ਕੇ ਬੈਠ ਜਾਈਏ।

ਕਹਿਣ ਲੱਗੇ, ਬਲਿਹਾਰ ਕੁਦਰਤ ਦੇ, ਬਲਿਹਾਰ ਪ੍ਰਮੇਸ਼ਰ ਦੇ।

ਮੁਰੀਦਾਂ ਨੂੰ ਕੁਝ ਗੱਲ ਦਾ ਪਤਾ ਨਾ ਲੱਗਿਆ, ਕਹਿਣ ਲੱਗੇ ਕਿ ਐ ਮੁਰਸ਼ਦ! ਆਪ ਕ੍ਰਿਪਾ ਕਰਕੇ ਦੱਸੋ ਕਿ ਆਪ ਨੇ ਇਸ ਕਰੰਗ ਕੋਲ ਬੈਠ ਕੇ ਐਸੇ ਅੱਖਰ ਕਿਉਂ ਵਰਤੇ? ਸਾਡੀ ਸਮਝ ਤੋਂ ਤਾਂ ਪਰ੍ਹੇ ਨੇ, ਆਪ ਕ੍ਰਿਪਾ ਕਰਕੇ ਦੱਸੋ?

ਕਹਿਣ ਲੱਗੇ, ਪ੍ਰੇਮੀਓ! ਮੈਂ ਵਾਹਿਗੁਰੂ ਦਾ ਇਨਸਾਫ ਦੇਖ ਕੇ ਕੰਬਿਆਂ। ਡਰਿਐ ਮੇਰਾ ਦਿਲ ਕਿ ਐਨਾ ਇਨਸਾਫ ਹੈ ਉਸ ਘਰ ਦੇ ਅੰਦਰ। ਕਹਿੰਦੇ, ਮੁਰਸ਼ਦ ਸਾਨੂੰ ਵੀ ਪਤਾ ਲੱਗੇ ਕੁਛ ਇਸ ਗੱਲ ਦਾ।

ਕਹਿਣ ਲੱਗੇ, ਗੱਲ ਇਹ ਹੈ ਕਿ ਇਹ ਜੋ ਬੈਲ ਹੈ ਪਿਛਲੇ ਜਨਮ ਦੇ ਅੰਦਰ ਇਸ ਨਗਰ ਦਾ ਚੌਧਰੀ ਹੁੰਦਾ ਸੀ ਵੱਡਾ, ਰਾਜਿਆਂ ਵਰਗਾ ਸੀ। ਬਹੁਤ ਪਿੰਡਾਂ ਦੀ ਚੌਧਰ ਸੀ ਉਹਦੇ ਕੋਲ। ਪਰ ਲਾਲਚੀ ਬਹੁਤ ਸੀਗਾ। ਇਕ ਵਾਰੀ ਐਸਾ ਹੋਇਆ ਕਿ ਕਣਕਾਂ ਪੱਕੀਆਂ ਹੋਈਆਂ ਸੀ ਘੋੜੀ 'ਤੇ ਚੜ੍ਹਿਆ ਹੋਇਆ ਇਹ ਜਾ ਰਿਹਾ ਸੀ। ਜੋ ਨਾਲ ਦਾ ਖੇਤ ਸੀ, ਉਹਦੀਆਂ ਕੁਝ ਬੱਲੀਆਂ ਇਹਦੀ ਰਕਾਬ ਵਿਚ 10-20 ਬੱਲੀਆਂ ਫਸ ਗਈਆਂ। ਇਸ ਨੇ ਉਨ੍ਹਾਂ ਬੱਲੀਆਂ ਨੂੰ ਉਵੇਂ ਜਿਵੇਂ ਪੈਰ ਨਾਲ ਘੁੱਟ ਲਿਆ ਤੇ ਬੱਲੀਆਂ ਟੁੱਟ ਗਈਆਂ। ਘਰ ਆ ਗਿਆ, ਉਥੇ ਆ ਕੇ ਮਸਲ ਕੇ, ਕਿੰਨੇ ਕੁ ਦਾਣੇ ਹੋਣੇ, ਅੰਦਾਜ਼ੇ ਨਾਲ ਹਜ਼ਾਰ ਦਾਣਾ ਹੋਇਆ। ਆਪਣੇ ਬੋਹਲ 'ਚ ਪਾ ਲਿਆ ਦਾਣਾ ਇਹਨੇ। ਹੋਇਆ ਕੀ?

ਉਹਦਾ ਲੇਖਾ ਦੇਣ ਵਾਸਤੇ ਏਸ ਨੂੰ ਇਕ ਜਨਮ ਬੈਲ ਦਾ ਬਣ ਕੇ ਉਸੇ ਕਿਸਾਨ ਨੂੰ ਲੇਖਾ ਦੇਣਾ ਪਿਆ, ਜਿਹਦੇ ਦਾਣੇ ਇਹਨੇ ਆਪਣੇ ਦਾਣਿਆਂ 'ਚ ਪਾ ਲਏ ਸੀ, ਇਹ ਦੇਖ ਕੇ ਮੈਂ ਕੰਬਿਆਂ ਕਿ ਅਸੀਂ ਤਾਂ ਰੋਜ਼ ਗੁਨਾਹ ਕਰਦੇ ਹਾਂ। ਦੂਜਿਆਂ ਦੀ ਕਮਾਈ ਖਾਂਦੇ ਹਾਂ, ਦੂਜਿਆਂ ਨੂੰ ਧੋਖਾ ਦਿੰਦੇ ਹਾਂ। ਹੇ ਪ੍ਰਭੂ! ਸਾਡਾ ਕੀ ਹਾਲ ਹੋਏਗਾ, ਤੇਰਾ ਤਾਂ ਇਨਸਾਫ ਬੜਾ ਕਰੜਾ ਹੈ। ਕੀਤਾ ਹੋਇਆ ਕੋਈ ਵੀ ਕਰਮ ਨਿਹਫਲ ਨਹੀਂ ਜਾਂਦਾ। ਚੰਗਾ ਕਰ ਲਈਏ ਤਾਂ ਵੀ ਫਲ ਮਿਲਦੈ, ਮਾੜਾ ਕਰ ਲਈਏ ਤਾਂ ਵੀ ਫਲ ਮਿਲਦੈ। ਦੋਵੇਂ ਤਰ੍ਹਾਂ ਦੇ ਕਰਮ ਹੁੰਦੇ ਨੇ, ਇਕ ਸ਼ੁਭ ਕਰਮ ਹੁੰਦੇ ਨੇ, ਨਿਸ਼ਕਾਮ ਕਰਮ, ਇਕ ਕਾਮਨਾ ਸਹਿਤ ਕਰਮ ਹੁੰਦੇ ਨੇ ਤੇ ਅਸ਼ੁਭ ਕਰਮ ਵੀ ਹੋਇਆ ਕਰਦੇ ਨੇ। ਇਨ੍ਹਾਂ ਦਾ ਲੇਖਾ ਆਦਮੀ ਨੂੰ ਦੇਣਾ ਹੀ ਪੈਂਦੈ। ਕੋਈ ਕਰਕੇ ਦੇਖ ਲਓ, ਲੇਖਾ ਸਿਰੋਂ ਨਹੀਂ ਟਲਿਆ ਕਰਦਾ, ਦੇਣਾ ਪੈਂਦੈ ਹਰ ਹਾਲਤ 'ਚ ਕਿਉਂਕਿ ਵਾਹਿਗੁਰੂ ਦੇ ਘਰ ਐਸਾ ਇਨਸਾਫ ਹੈ ਕਿ ਕੋਈ

ਧੋਖਾ ਨਹੀਂ ਉਹਨੂੰ ਦੇ ਸਕਦਾ। ਕਿਸੇ ਦੀ ਕਮਾਈ ਖਾਂਦੈ, ਕਿਸੇ ਨਾਲ ਧੋਖਾ ਕਰਦੈ, ਉਹਨੂੰ ਆਪ ਦੇਣਾ ਪੈਣੈ ਸਾਰੀਆਂ ਚੀਜ਼ਾਂ ਦਾ ਲੇਖਾ। ਕਿਉਂਕਿ ਲੇਖੇ ਤੋਂ ਬਗੈਰ ਗੱਲ ਮੁਕਦੀ ਨਹੀਂ ਹੈ-

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ- 433***

ਜਿਹੜਾ ਮੈਂ ਕਰਿਆ ਉਹ ਮੈਨੂੰ ਭੋਗਣਾ ਪੈ ਗਿਆ। ਸੰਗਤ ਆਈ ਹੋਈ ਹੈ ਦਿੱਲੀ ਦੀ। ਉਸੇ ਥਾਂ ਦੇ ਉਤੇ 1947 'ਚ ਜਿਸ ਵਕਤ ਦੇਸ਼ ਵੰਡੇ ਗਏ। ਬਹੁਤ ਸਾਰੇ ਪ੍ਰੇਮੀ ਓਧਰੋਂ ਏਧਰ ਆਏ, ਏਧਰਲੇ ਓਧਰ ਗਏ, ਉਸ ਵੇਲੇ ਇਕ ਪਰਿਵਾਰ ਦਿੱਲੀ 'ਚ ਆਇਆ। ਉਥੇ ਇਕ ਘਟਨਾ ਵਾਪਰੀ ਬੜੀ ਜ਼ਬਰਦਸਤ। ਕਈ ਘਟਨਾਵਾਂ ਐਸੀਆ ਹੁੰਦੀਐ ਜਿਹਨੂੰ ਅੰਗ੍ਰੇਜ਼ੀ ਦੇ ਵਿਚ eye opener ਅੱਖਾਂ ਖੋਲ੍ਹ ਦੇਣ ਵਾਲੀ ਘਟਨਾ ਕਹਿੰਦੇ ਨੇ। ਬੰਦਾ ਬੰਦ ਕਰ ਲਵੇ ਤਾਂ ਉਹ ਉਹਦੀ ਮੌਜ ਹੈ। ਲੇਕਿਨ ਇਕ ਵਾਰੀ ਕੁਦਰਤ ਦਾ ਐਸਾ ਕਰਿਸ਼ਮਾ ਵਰਤਦੈ ਕਿ ਮਨੁੱਖ ਨੂੰ ਸਮਝ ਪੈ ਜਾਂਦੀ ਹੈ ਕਿ ਕੁਦਰਤ ਦਾ ਇਨਸਾਫ ਕਿਵੇਂ ਚਲਦੈ। ਉਥੇ ਐਸੀ ਘਟਨਾ ਵਾਪਰੀ ਕਿ ਇਕ ਲੜਕੀ ਬੀਮਾਰ ਸੀ, 13 ਸਾਲ ਉਮਰ ਸੀ ਉਹਦੀ, ਕਾਫੀ ਬਿਮਾਰ ਹੈ। ਮਾਂ-ਬਾਪ ਬੜੇ ਪਰੇਸ਼ਾਨ ਨੇ ਉਸ ਦੇ, ਕਹਿਣ ਲੱਗੇ, ਬੇਟਾ! ਤੇਰੀ ਕੋਈ ਆਖਰੀ ਮੰਗ ਹੈ ਜਿਹੜੀ ਅਸੀਂ ਪੂਰੀ ਨਾ ਕਰ ਸਕੇ ਹੋਈਏ। ਉਹ ਕਹਿਣ ਲੱਗੀ, ਹਾਂ ਪਿਤਾ ਜੀ! ਮੇਰੀ ਇਕ ਮੰਗ ਹੈ। ਉਹ ਇਹ ਹੈ ਕਿ ਮੇਰੇ ਫੁਫੜ ਨੂੰ ਬੁਲਾ ਦਿਓ, ਕੋਲ ਬੁਲਾ ਦਿਓ, ਹੋਰ ਬੁਲਾ ਦਿਓ ਉਨ੍ਹਾਂ ਦੇ ਭਾਈਚਾਰੇ ਦੇ ਬੰਦਿਆਂ ਨੂੰ, ਮੁੰਡਿਆਂ ਨੂੰ ਬੁਲਾ ਦਿਓ, ਜੋ ਮੇਰੇ ਭਰਾ ਲਗਦੇ ਨੇ।

ਸੋ ਉਨ੍ਹਾਂ ਨੂੰ ਬੁਲਾ ਦਿਤਾ ਤਾਂ ਉਹ ਕਹਿਣ ਲੱਗੇ ਕਿ ਬੜਾ ਅਫਸੋਸ ਹੈ ਲੜਕੀ ਕਿੰਨੀ ਸਮਝਦਾਰ ਹੈ। ਬਿਮਾਰੀ ਬਹੁਤੀ ਹੈ। ਉਹ ਕਹਿੰਦੀ, ਫੁਫੜ ਜੀ! ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ। ਕਹਿਣ ਲੱਗੇ, ਦੱਸੋ, ਕੀ ਗੱਲ ਕਰਨੀ ਹੈ?

ਕਹਿਣ ਲੱਗੀ, ਕੁਦਰਤ ਦੇ ਇਨਸਾਫ ਨੂੰ ਕੋਈ ਜਾਣ ਨਹੀਂ ਸਕਦਾ। ਕਿਸੇ ਨੂੰ ਪਤਾ ਨਹੀਂ ਹੈ ਗੱਲ ਦਾ ਕਿ ਕਿਵੇਂ ਭਾਣਾ ਵਰਤਣੈ। ਕਹਿਣ ਲੱਗੀ, ਪਿਛਲੇ ਜਨਮ 'ਚ ਤੁਹਾਡੇ ਨਾਲ ਮੇਰੀ ਸ਼ਾਦੀ ਹੋਈ-ਹੋਈ ਸੀ ਤੇ ਮੇਰੇ ਭਤੀਜਿਆਂ ਨੂੰ ਲੋੜ ਪੈ ਗਈ, ਪੈਸਿਆਂ ਦੀ। ਉਹ ਕਿਤੋਂ ਪੂਰੀ ਨਾ ਹੋਈ। ਉਸ ਤੋਂ ਬਾਅਦ ਮੇਰੇ ਕੋਲ ਆਏ ਤੇ ਮੈਂ ਪੁੱਛਿਆ ਨਾ ਆਪਣੇ ਪਤੀ ਨੂੰ ਤੇ ਮੈਂ ਆਪਣੇ ਗਹਿਣੇ ਸਾਰੇ ਦੇ ਸਾਰੇ ਦੇ ਦਿਤੇ। ਤੁਸੀਂ ਕੰਮ ਚਲਾ ਲਓ, ਕੰਮ ਚਲਾਉਣ ਤੋਂ ਬਾਅਦ ਮੇਰੀ ਅਮਾਨਤ ਮੈਨੂੰ ਮੋੜ ਦਿਓ। ਕਿਉਂਕਿ ਨਰਾਜ਼ ਹੋਣਗੇ। ਮੈਂ ਚੋਰੀ ਦੇ ਰਹੀ ਹਾਂ। ਉਸ ਵੇਲੇ ਇਨ੍ਹਾਂ ਦਾ ਕੰਮ ਚੱਲ ਗਿਆ। ਕੰਮ ਚੱਲਣ ਤੋਂ ਬਾਅਦ ਜਦੋਂ ਮੰਗੇ ਇਨ੍ਹਾਂ ਨੇ ਜਵਾਬ ਦੇ ਦਿਤਾ। ਮੇਰੇ ਮਨ ਦੇ ਵਿਚ ਬੜਾ ਸਦਮਾ ਹੋਇਆ, ਮੈਂ ਚੜ੍ਹਾਈ ਕਰ ਗਈ। 13-14 ਸਾਲ ਦੀ ਗੱਲ ਹੈ ਇਹ ਤੇ ਮੈਂ ਹੁਣ ਇਨ੍ਹਾਂ ਦੇ ਘਰ ਆ

ਕੇ ਜਨਮ ਲਿਐ। ਇਨ੍ਹਾਂ ਦੀ ਭੂਆ ਲਗਦੀ ਹਾਂ ਮੈਂ, ਹੁਣ ਆ ਕੇ ਲੜਕੀ ਬਣੀ ਹਾਂ। ਇਹ ਜਿੰਨਾਂ ਚਿਰ ਪੈਸੇ ਨਹੀਂ ਦਿੰਦੇ, ਮੇਰੀ ਆਤਮਾ ਸ਼ਾਂਤ ਨਹੀਂ ਹੁੰਦੀ ਤੇ ਮੈਂ ਮੁੜ-ਮੁੜ ਕੇ ਆਉਣੈ ਇਸੇ ਘਰ 'ਚ। ਆਹੀ ਹਾਲ ਹੋਣੈ। ਸਾਰੀਆਂ ਪੰਚਾਇਤਾਂ ਬੈਠੀਆਂ ਸੀ, ਕਹਿਣ ਲੱਗੇ, ਦੇਖੋ ਬਈ ਹੁਣ ਤੁਸੀਂ ਝੂਠ ਨਾ ਬੋਲੋ। ਸਹੀ-ਸਹੀ ਗੱਲ ਦੱਸੋ ਜੋ ਲੜਕੀ ਨੇ ਕਹੀ ਹੈ? ਉਹ ਕਹਿੰਦੇ, ਬਿਲਕੁਲ ਠੀਕ ਹੈ ਇਹਦੀ ਗੱਲ। ਅਸੀਂ ਅਮਾਨਤ ਮੋੜੀ ਨਹੀਂ, ਅਸੀਂ ਲਾਲਚ ਵਿਚ ਆ ਗਏ। ਅਸੀਂ ਹੁਣ ਮੋੜ ਦਿੰਨੇ ਹਾਂ। ਉਸ ਵੇਲੇ ਲੜਕੀ ਨੂੰ ਦਿਖਾ ਕੇ ਉਨ੍ਹਾਂ ਨੇ ਕਿਹਾ ਕਿ ਆਹੀ ਸੀ ਨਾ ਤੇਰੀਆਂ ਟੂੰਮਾਂ? ਕਹਿੰਦੀ, ਹਾਂ। ਇਹ ਦੇ ਦਿਓ ਇਹਨੂੰ। ਉਹ ਦੇ ਦਿਤੀਆਂ। ਉਹ ਕਹਿਣ ਲੱਗਿਆ ਕਿ ਮੈਂ ਹੁਣ ਕੀ ਕਰਨੀਆਂ ਨੇ? ਤੇਰੀਆਂ ਟੂਮਾਂ ਸੀ ਤੇਰੇ ਗਹਿਣੇ ਸੀ। ਤੂੰ ਚਲੀ ਗਈ, ਇਥੇ ਆ ਕੇ ਪੈਦਾ ਹੋ ਗਈ, ਹੁਣ ਮੈਂ ਕੀ ਕਰਨੀਆਂ ਨੇ। ਥੋੜ੍ਹੇ ਦਿਨਾਂ ਦਾ ਮਹਿਮਾਨ ਹਾਂ ਮੈਂ। ਮੈਨੂੰ ਇਹ ਦੁਖ ਦੇਣਗੀਆਂ, ਜਦੋਂ ਮੈਂ ਦੇਖਾਂਗਾ ਇਨ੍ਹਾਂ ਨੂੰ, ਮੈਂ ਭੁੱਲ ਚੁੱਕਿਆਂ ਹਾਂ ਸਭ ਗੱਲਾਂ। ਉਸ ਵੇਲੇ ਫੈਸਲਾ ਇਹ ਹੋਇਆ ਕਿ ਗੁਰਦਵਾਰੇ ਦੇ ਅੰਦਰ ਇਕ ਕਮਰਾ ਬਣਾ ਦਿਓ ਇਨ੍ਹਾਂ ਦਾ, ਵੇਚ ਦਿਓ। ਉਥੇ ਪੂਰਾ ਮੈਨੂੰ ਪਤਾ ਨਹੀਂ ਕਿਹੜੀ ਅਬਾਦੀ ਦਾ ਹੈ। ਉਥੇ ਲਿਖੀ ਹੋਈ ਹੈ ਇਬਾਰਤ ਕਿ ਇਸ ਤਰ੍ਹਾਂ ਹੋਇਆ ਸੀ। ਇਹਦੇ ਨਾਲ ਉਹ ਜਿਹੜੇ ਗਹਿਣੇ ਸੀ ਵੇਚ ਕੇ ਉਥੇ ਕਮਰਾ ਬਣਾਇਆ ਗਿਆ। ਸੋ ਇਹ ਜੋ ਕੀਤਾ ਹੋਇਆ ਹੈ, ਸਾਧਸੰਗਤ ਜੀ ਜਾਂਦਾ ਨਹੀਂ। ਬਦਲ ਆਦਮੀ ਨੂੰ ਦੇਣਾ ਪੈਂਦੈ, ਬਦਲਾ ਦੇਣ ਵੇਲੇ ਬੜਾ ਔਖਾ ਹੁੰਦੈ।

ਸੋ ਇਸ ਨੇ ਵੀ ਕਿੰਨੀਆਂ ਬੱਲੀਆਂ ਹੋਣੀਆਂ, 10 ਹੋਣੀਆਂ 15 ਬੱਲੀਆਂ ਹੋਣੀਆਂ, ਕਿੰਨੀਆਂ ਕੁ ਰਕਾਬ 'ਚ ਫਸ ਸਕਦੀਆਂ ਨੇ। ਉਹ ਲਾਲਚ 'ਚ ਆ ਕੇ ਦੱਬ ਲਈਆਂ ਤੇ ਮੁੜ ਕੇ ਪੂਰਾ ਜਨਮ ਉਨ੍ਹਾਂ ਦਾਣਿਆਂ ਨੂੰ ਪੂਰਾ ਕਰਨ ਵਾਸਤੇ, ਬੈਲ ਦਾ ਜਨਮ ਧਾਰਨਾ ਪਿਆ। ਸੋ ਲੇਖਾ ਦੇਣਾ ਪੈਂਦੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥       ਅੰਗ- 134***

ਜਿਹੋ ਜਿਹਾ ਬੀਜ ਲਏਗਾ, ਉਹੋ ਜਿਹਾ ਵੱਢਣਾ ਪੈਣੈ ਤੇ ਫਲ ਦਿਤੇ ਬਗੈਰ ਨਹੀਂ ਜਾਇਆ ਕਰਦਾ। ਐਸਾ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਫਲ ਦਿਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***

ਜੋ ਕਰਮ ਆਦਮੀ ਕਰਦੈ ਉਹਦਾ ਫਲ ਦੇਣਾ ਹੀ ਪੈਂਦੈ। ਕਰਮਾਂ ਦਾ ਜੋ ਚੱਕਰ ਹੈ, ਇਹਨੂੰ ਸਮਝਣਾ ਬੜਾ ਜ਼ਰੂਰੀ ਹੈ। ਤਿੰਨ ਕਿਸਮ ਦੇ ਵੱਡੇ ਮਸ਼ਹੂਰ ਕਰਮ ਨੇ। ਪਹਿਲਾਂ ਤੋਂ ਹੀ ਜਦੋਂ ਅਸੀਂ ਸੰਸਾਰ 'ਤੇ ਆਉਂਦੇ ਹਾਂ, ਪ੍ਰਮੇਸ਼ਰ ਮੱਥੇ 'ਚ ਲੇਖ ਲਿਖਦੈ ਕਿ ਇਹਨੇ ਇਹ-ਇਹ ਕਰਮ ਭੋਗਣੇ ਨੇ ਇਸ ਜਨਮ ਦੇ ਅੰਦਰ। ਫਲਾਣਾ ਇਸ ਦਾ ਪੁੱਤਰ ਬਣੇਗਾ, ਲੇਕਿਨ ਛੱਡ ਜਾਏਗਾ, ਇਹ ਦੁਖੀ ਹੋਵੇਗਾ, ਤੜਫੇਗਾ, ਇਹਨੇ ਇਹਦੇ ਨਾਲ ਕੀਤੀ ਹੈ, ਉਹਨੇ ਇਹਦੇ ਨਾਲ ਕਰਨੀ ਹੈ। ਕਿਉਂਕਿ ਜਾਣਾ ਤਾਂ ਹੈ ਨਹੀਂ, ਕਰੇ

ਹੋਏ ਦਾ ਬਦਲਾ ਦੇਣਾ ਹੀ ਪੈਣੈ, ਚਾਹੇ ਪੁੱਤਰ ਬਣ ਕੇ ਲੈ ਲਵੇ, ਚਾਹੇ ਕੋਈ ਸਾਥ ਬਣ ਕੇ ਲੈ ਲਵੇ, ਚਾਹੇ ਕੋਈ ਪੜੌਸੀ ਬਣ ਕੇ ਲੈ ਲਵੇ। ਬਦਲਾ ਤਾਂ ਦੇਣਾ ਹੀ ਪੈਣੈ, ਉਹ ਤਾਂ ਟਾਲ ਨਹੀਂ ਸਕਦਾ ਕੋਈ ਉਸ ਨੂੰ। ਉਹ ਕਰਮ ਜਿਹੜੇ ਨੇ ਉਹ ਚੰਗਾ ਫਲ ਵੀ ਦਿੰਦੇ ਨੇ ਜਿਹਨੂੰ ਪ੍ਰਾਲਬਧ ਕਹਿੰਦੇ ਹਾਂ। ਪ੍ਰਾਲਬਧ ਇਹਦੀ ਬਹੁਤ ਵਧੀਐ, ਕੰਮ ਕਰਦਾ ਨਹੀਂ, ਆਪੇ ਹੀ ਪੈਸਾ ਆਈ ਜਾਂਦੈ। ਬੱਚੇ ਆਗਿਆਕਾਰ ਨੇ, ਸੈੱਟ ਹੋ ਗਏ, ਕਿਉਂਕਿ ਇਹਦੀ ਪਰਾਲਬਧ ਚੰਗੀ ਸੀ, ਪਿਛਲੇ ਕੀਤੇ ਹੋਏ ਕਰਮਾਂ ਦਾ ਫਲ ਹੁਣ ਭੋਗ ਰਿਹੈ। ਇਹਨੂੰ ਪਰਾਲਬਧ ਕਰਮ ਕਹਿੰਦੇ ਨੇ, ਦੋਵੇਂ ਤਰ੍ਹਾਂ ਦੇ ਹੁੰਦੇ ਨੇ, ਦੁਖ ਦੇਣ ਵਾਲੇ ਵੀ ਹੁੰਦੇ ਨੇ, ਸੁਖ ਦੇਣ ਵਾਲੇ ਵੀ ਹੁੰਦੇ ਹਨ। ਇਹ ਤਾਂ ਨਹੀਂ ਟਲਿਆ ਕਰਦੇ। ਜਿੰਨਾਂ ਮਰਜ਼ੀ ਕੋਈ ਜ਼ੋਰ ਲਾ ਲਵੇ। ਇਹਦੀ veto power (ਬਦਲਣ ਦੀ ਸ਼ਕਤੀ) ਕੇਵਲ ਸਾਧੂਆਂ ਕੋਲ ਹੁੰਦੀ ਹੈ, ਹੋਰ ਕਿਸੇ ਕੋਲ ਨਹੀਂ ਹੁੰਦੀ। ਕੋਈ ਤਰੀਕਾ ਨਹੀਂ ਜਿਹਦੇ ਨਾਲ ਇਹ ਕਰਮ ਟਲ ਜਾਣ। ਸਾਧੂ ਵੀ ਨਹੀਂ ਦਿੰਦੇ ਦਖਲ ਪ੍ਰਮੇਸ਼ਰ ਦੀ ਦੁਨੀਆਂ 'ਚ ਕਿ ਇਹਨੇ ਕਰਮ ਕੀਤੇ ਨੇ, ਭੋਗਦਾ ਫਿਰਦੈ, ਭੋਗ ਲੈਣ ਦਿਓ। ਉਂਵ ਹੈ ਕਿ ਨਰਮ ਕਰ ਦਿੰਦੇ ਨੇ ਕਿ ਥੋੜ੍ਹਾ ਇਹਦਾ ਭਲਾ ਹੋ ਜਾਵੇ ਕੁਛ, ਕੋਈ ਰਸਤਾ ਦਸ ਦੇਣਗੇ। ਮੰਨਣਾ, ਨਾ ਮੰਨਣਾ ਉਹਦਾ ਕੰਮ ਹੈ।

ਇਕ ਵਾਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ, ਜੋ ਗੁਰੂ ਨਾਨਕ ਸਾਹਿਬ ਤੋਂ ਗਿਆਰ੍ਹਵੀਂ ਬਿੰਦੀ ਵੰਸ 'ਚੋਂ ਸਨ। ਆਪ ਸਾਹਨੇਵਾਲ ਆਏ। ਮਹਾਰਾਜਾ ਰਣਜੀਤ ਸਿੰਘ ਦਾ ਉਸ ਵੇਲੇ ਸਮਾਂ ਸੀ। ਸਰਦਾਰ ਥੋੜ੍ਹਾ-ਥੋੜ੍ਹਾ ਕੋਈ ਸੌ ਪਿੰਡ ਦਾ ਮਾਲਕ ਸੀ, ਕੋਈ ਹਜ਼ਾਰ ਦਾ, ਕੋਈ ਦੋ ਹਜ਼ਾਰ ਦਾ, ਰਿਆਸਤਾਂ ਬਣ ਰਹੀਆਂ ਸਨ। ਉਸ ਵੇਲੇ ਸਾਹਨੇਵਾਲ ਦਾ ਸ. ਸੁੱਧ ਸਿੰਘ ਮਾਲਕ ਸੀ। ਕਾਫੀ ਪਿੰਡ ਸਨ ਉਹਦੇ ਕੋਲ। ਫੌਜ ਰੱਖੀ ਹੋਈ ਸੀ ਉਹਨੇ। ਹਾਥੀ ਘੋੜੇ ਸਵਾਰੀਆਂ ਵਾਸਤੇ ਰੱਖੇ ਹੋਏ ਸੀ। ਮਹਾਂਪੁਰਸ਼ਾਂ ਦੇ ਕੋਲ, ਜਦੋਂ ਬਾਬਾ ਜੀ ਇਥੇ ਆਏ, ਪਤਾ ਲੱਗਿਆ ਇਹਨੂੰ ਕਿ ਮੇਰੇ ਨਗਰ 'ਚ ਆਏ ਨੇ। ਸਰਦਾਰ ਹੋਣ ਦੀ ਹੈਸੀਅਤ 'ਚ ਇਹਦਾ ਫਰਜ਼ ਬਣਦਾ ਸੀ ਕਿ ਜਾ ਕੇ ਬਾਬਾ ਜੀ ਨੂੰ ਨਮਸ਼ਕਾਰ ਕਰਦਾ। ਸੋ ਹਾਥੀ 'ਤੇ ਚੜ੍ਹ ਕੇ ਅੰਗ ਰੱਖਿਅਕ ਨਾਲ ਲੈ ਕੇ ਬਾਬਾ ਜੀ ਦੇ ਪਾਸ ਆਇਆ। ਹਾਥੀ ਨੂੰ ਬਿਠਾਇਆ ਤੇ ਬਾਬਾ ਜੀ ਦੇ ਸਾਮ੍ਹਣੇ ਉਤਰਿਆ।

ਸਿਆਣਪ ਇਹ ਹੁੰਦੀ ਹੈ ਕਿ ਸਾਧੂਆਂ ਸੰਤਾਂ ਨੂੰ ਦਿਖਾਵਾ ਨਾ ਦਿਖਾਵੇ। ਕਈ ਵਾਰੀ ਉਨ੍ਹਾਂ ਦੇ ਮਨ 'ਚ ਐਸੀ ਗੱਲ ਆ ਜਾਂਦੀ ਹੈ ਜਿਹੜੀ ਪੁੱਠੀ ਪੈ ਜਾਂਦੀ ਹੈ। ਕਿਉਂਕਿ ਉਹ ਆਪਣੀ ਅਮੀਰੀ ਦਿਖਾਉਂਦੈ, ਪਰ ਉਨ੍ਹਾਂ ਕੋਲ ਤਾਂ ਸਾਰਾ ਕੁਛ ਹੁੰਦੈ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥*** ***ਅੰਗ- 266***

ਚਾਰ ਪਦਾਰਥਾਂ ਦੇ ਦਾਤੇ ਉਨ੍ਹਾਂ ਨੂੰ ਕੀ ਬਣ-ਬਣ ਕੇ ਦਿਖਾਉਣਾ। ਪਰ ਇਹ ਨਵਾਂ-ਨਵਾਂ ਸਰਦਾਰ ਬਣਿਆ ਸੀ, ਇਹ ਹਾਥੀ ਦੇ ਉਤੇ ਆ ਕੇ ਮਹਾਤਮਾ ਦੇ ਸਾਮ੍ਹਣੇ ਉਤਰਿਆ। ਆ ਕੇ ਇਸ ਨੇ ਨਮਸ਼ਕਾਰ ਕਰੀ,

ਉਨ੍ਹਾਂ ਨੇ ਹਾਲ-ਚਾਲ ਪੁੱਛਿਆ ਕਿ ਭਾਈ ਸੁੱਧ ਸਿੰਘਾ! ਕੀ ਹਾਲ ਹੈ?

ਕਹਿਣ ਲੱਗਿਆ, ਮਹਾਰਾਜ! ਆਪ ਦੀ ਕ੍ਰਿਪਾ ਹੈ। ਕ੍ਰਿਪਾ ਕਰੋ ਕੋਈ ਬਚਨ ਦੇਵੋ।

ਕਹਿੰਦੇ, ਬਚਨ ਤੈਨੂੰ ਕਾਹਦਾ ਦੇਣੈ, ਹਾਥੀ 'ਤੇ ਨਾ ਚੜ੍ਹਿਆ ਕਰ। ਬੱਸ ਐਨਾ ਹੀ ਬਚਨ ਬਹੁਤ ਹੈ।

ਘਬਰਾ ਗਿਆ ਕਿ ਹਾਥੀ ਤਾਂ ਮੈਂ ਮਸਾਂ ਟ੍ਰੇਂਡ ਕਰਿਐ। ਬਾਬਾ ਜੀ ਨੇ ਕਹਿ ਦਿਤਾ ਕਿ ਇਸ 'ਤੇ ਚੜ੍ਹਿਆ ਨਾ ਕਰ।

ਕਹਿਣ ਲੱਗਿਆ, ਬਾਬਾ ਜੀ! ਮੈਨੂੰ ਕ੍ਰਿਪਾ ਕਰਕੇ ਦੱਸ ਵੀ ਦਿਓ ਕਿ ਮੈਂ ਕਿਉਂ ਨਾ ਇਸ 'ਤੇ ਚੜ੍ਹਿਆ ਕਰਾਂ।

ਕਹਿੰਦੇ, ਪਿਆਰਿਆ! ਜਦੋਂ ਸ੍ਰੀ ਅਨੰਦਪੁਰ ਸਾਹਿਬ ਦਾ ਯੁੱਧ, ਵੱਡਾ ਘੇਰਾ ਪਿਆ, ਤੂੰ ਉਨ੍ਹਾਂ ਫੌਜਾਂ ਵਿਚ ਸੀਗਾ ਜਥੇਦਾਰ। ਜਦੋਂ ਗੁਰੂ ਮਹਾਰਾਜ ਦਾ ਸਭ ਨੇ ਸਾਥ ਛੱਡਿਆ, ਤੂੰ ਵੀ ਛੱਡ ਕੇ ਚਲਿਆ ਗਿਆ। ਘਰ ਚਲਿਆ ਸੀ, ਉਥੇ ਕਾਰੋਬਾਰ ਤੇਰਾ ਬਹੁਤ ਸੋਹਣਾ ਸੀਗਾ, ਨੌਕਰ ਚਾਕਰ ਕੰਮ ਕਰਦੇ ਸੀ। ਘਰ 'ਚ ਕੋਈ ਚੋਰੀ ਹੋ ਗਈ, ਤਾਂ ਤੂੰ ਇਕ ਨੌਕਰ ਨੂੰ ਐਨਾ ਕੁੱਟਿਆ, ਬੇਕਸੂਰਾ ਸੀਗਾ ਉਹ, ਨਿਕਲਿਆ ਉਹਦੇ ਕੋਲੋਂ ਕੁਛ ਨਹੀਂ ਤੇ ਕੁੱਟ-ਕੁੱਟ ਕੇ ਹੀ ਤੁਸੀਂ ਮਾਰ ਦਿਤਾ। ਹੈਰਾਨ ਹੋ ਗਿਆ।

ਕਹਿੰਦਾ, ਮਹਾਰਾਜ! ਫੇਰ?

ਕਹਿੰਦੇ, ਫੇਰ ਕੀ ਜੋ ਕੁਦਰਤ ਦਾ ਇਨਸਾਫ ਹੈ ਉਹ ਟਲਿਆ ਨਹੀਂ ਕਰਦਾ। ਉਹ ਤਾਂ ਭੋਗਣਾ ਹੀ ਪੈਂਦੈ। ਵੱਡੇ ਤੋਂ ਵੱਡਾ ਜਿਹੜਾ ਸੂਰਮਾ ਕਹਿੰਦੈ ਮੈਂ ਨਹੀਂ ਭੋਗਦਾ, ਉਹਨੂੰ ਵੀ ਭੋਗਣਾ ਪੈਂਦੈ, ਬੇਵਸ ਹੋ ਜਾਂਦੈ।

ਇਕ ਵਾਰੀ ਭਾਰਤ ਵਰਸ਼ ਵਿਚ ਐਸਾ ਰਾਜਾ ਹੋਇਆ, ਮਹਾਂਭਾਰਤ ਵਾਲਾ ਜੋ ਅਰਜਨ ਸੀ, ਉਸ ਦਾ ਦਾ ਪੜੋਤਾ ਸੀ ਉਹ। ਅਭਿਮੰਨਯੂ ਦਾ ਪੁੱਤਰ ਸੀਗਾ ਪਰੀਛਤ, ਪਰੀਛਤਗੜ੍ਹ ਮੇਰਠ ਕੋਲ ਹੈ ਤੇ ਉਹਦਾ ਪੁੱਤਰ ਸੀ ਜਨਮੇਜਾ। ਵੇਦ ਵਿਆਸ ਜੀ ਗਏ ਉਹਦੇ ਕੋਲ ਮਹਾਂਭਾਰਤ ਸੁਣਦਾ ਹੁੰਦਾ, ਕਹਿੰਦਾ, ਸਾਡੇ ਬਜ਼ੁਰਗਾਂ ਨੇ ਕਿੰਨਾ ਕਮਲ ਘੋਟਿਆ, ਆਪਸ 'ਚ ਲੜ-ਲੜ ਕੇ ਮਰ ਗਏ, ਦੇਸ਼ ਗਰੀਬ ਬਣਾ ਦਿਤਾ। 45 ਲੱਖ ਫੌਜ ਅਠਾਰ੍ਹਾਂ ਦਿਨਾਂ 'ਚ ਮਰਵਾ ਲਈ ਅਰ ਸਾਰੇ ਹੀ ਸੂਰਮੇ। ਇਕ ਤੋਂ ਇਕ ਚੜ੍ਹਦੇ, ਸਾਰੇ ਰਾਜੇ ਮਰ ਗਏ, ਕੀ ਖੱਟਿਆ ਏਸ ਗੱਲ ਦੇ ਵਿਚ। ਇਹ ਤਰਕ ਇਹਦੇ ਮਨ ਵਿਚ ਰਹਿੰਦੀ ਸੀ। ਜਦੋਂ ਵੇਦ-ਵਿਆਸ ਗਏ ਮਿਲਣ ਵਾਸਤੇ, ਉਹ ਵੀ ਇਹਦੇ ਦਾਦੇ-ਪੜਦਾਦਿਆਂ 'ਚੋਂ ਲਗਦੇ ਸੀ, ਉਸ ਤੋਂ ਵੀ ਉਪਰ ਲਗਦੇ ਸੀ। ਕਹਿਣ ਲੱਗਿਆ, ਮਹਾਰਾਜ! ਇਕ ਗੱਲ ਮੇਰੀ ਸਮਝ ਤੋਂ ਪਰ੍ਹੇ ਹੈ, ਕ੍ਰਿਪਾ ਕਰਕੇ ਮੇਰਾ ਸ਼ੰਕਾ ਨਵਿਰਤ ਕਰੋ।

ਕਹਿਣ ਲੱਗੇ, ਦੱਸੋ।

ਕਹਿਣ ਲੱਗਿਆ, ਤੁਸੀਂ ਤ੍ਰਿਕਾਲਦਰਸ਼ੀ ਤੁਹਾਨੂੰ ਕਹਿੰਦੇ ਨੇ।

ਤ੍ਰਿਕਾਲਦਰਸ਼ੀ ਉਹ ਹੁੰਦੈ ਜਿਹਨੂੰ ਪਿਛਲਾ ਸਾਰਾ ਗਿਆਨ ਹੋਵੇ, ਅਗਾਂਹਾਂ ਆਉਣ ਵਾਲੇ ਸਮੇਂ ਦਾ ਗਿਆਨ ਹੋਵੇ ਤੇ ਹੁਣ ਦਾ ਗਿਆਨ ਹੋਵੇ।

ਜਿਸ ਤਰ੍ਹਾਂ ਇਤਿਹਾਸ ਲਿਖਣ ਵਾਲੇ ਕਰਦੇ ਨੇ, ਉਹਦੀ ਕਿਤਾਬ ਪੜ੍ਹ ਲਈ ਉਹਦੀ ਪੜ੍ਹ ਲਈ, ਉਸ ਤੋਂ ਸੁਣ ਲਿਆ, ਇਸ ਤੋਂ ਸੁਣ ਲਿਆ। ਜਿਹੜੇ ਤ੍ਰਿਕਾਲਦਰਸ਼ੀ ਹੁੰਦੇ ਨੇ ਉਹ ਕੁਛ ਨਹੀਂ ਕਰਦੇ, ਉਹ ਲੰਘੇ ਹੋਏ ਸਮੇਂ ਖਿੱਚ ਕੇ ਸਾਮ੍ਹਣੇ ਲੈ ਆਉਂਦੇ ਨੇ। ਜੇ ਹਜ਼ਾਰ ਸਾਲ ਦੀ ਗੱਲ ਦੱਸਣੀ ਹੈ, ਉਨ੍ਹਾਂ ਨੇ ਹਜ਼ਾਰ ਸਾਲ ਦਾ ਸਮਾਂ ਹੀ ਖਿੱਚ ਕੇ ਵਰਤਮਾਨ 'ਚ ਕਰ ਲੈਣੈ। ਇਸ ਗੱਲ ਨੂੰ ਸਾਇੰਸ ਨੇ ਨਹੀਂ ਅਜੇ ਸਮਝਿਆ। ਸਾਧੂਆਂ ਨੂੰ ਪਤਾ ਹੁੰਦੈ ਕਿ ਲੰਘਿਆ ਹੋਇਆ ਸਮਾਂ ਕਿਵੇਂ ਖਿੱਚ ਲਈਦੈ। ਕਿਵੇਂ ਦੇਖ ਲਈਦੈ ਕਿ ਇਹ ਕੌਣ ਸੀਗਾ, ਕਿੱਥੇ ਸੀਗਾ। ਆਉਣ ਵਾਲਾ ਸਮਾਂ ਦੇਖ ਲੈਂਦੇ ਨੇ ਕਿ ਇਹਦੇ ਨਾਲ ਇਸ ਤਰ੍ਹਾਂ ਹੋਣੀ ਹੈ। ਲੰਮਾ ਸਮਾਂ ਦੇਖ ਲੈਂਦੇ ਨੇ, ਦੋ ਸੌ, ਪੰਜ ਸੌ, ਹਜ਼ਾਰ ਸਾਲ ਦਾ। ਕੁਦਰਤੀ ਉਨ੍ਹਾਂ ਨੂੰ ਗਿਆਨ ਹੁੰਦੈ। ਈਸਾ ਜੀ ਬਹੁਤ ਵੱਡੇ ਮਹਾਂਪੁਰਸ਼ ਈਸਾਈ ਮੱਤ ਦੇ ਮੁਖੀ ਹੋਏ ਨੇ। ਆਪ ਇਕ ਵਾਰੀ ਬੰਦਗੀ 'ਚ ਬੈਠੇ ਸੀ, ਆਪ ਦੇ ਮੁੱਖ ਤੋਂ ਵਾਹਵਾ-ਵਾਹਵਾ ਨਿਕਲ ਗਿਆ। ਚੇਲਿਆਂ ਨੇ ਕਿਹਾ ਕਿ ਕੀ ਗੱਲ ਮਹਾਰਾਜ ਅੱਜ ਤੁਸੀਂ ਬੜੇ ਖੁਸ਼ ਹੋਂ?

ਕਹਿਣ ਲੱਗੇ, ਮੈਂ ਦੇਖ ਰਿਹਾਂ, ਕੁਦਰਤ ਦਾ ਨਜ਼ਾਰਾ। ਇਕ ਮਹਾਂਪੁਰਸ਼ ਆ ਰਿਹੈ ਸੰਸਾਰ ਦੇ ਉਤੇ।

ਕਹਿੰਦੇ, ਨਿਸ਼ਾਨੀ?

ਕਹਿੰਦੇ, ਉਹਦੇ ਮੋਢੇ ਦੇ ਉਤੇ ਕਮਾਣ ਹੋਏਗੀ, ਦੂਜੇ ਪਾਸੇ ਭੱਥਾ ਹੋਏਗਾ, ਸ੍ਰੀ ਸਾਹਿਬ ਪਹਿਨੀ ਹੋਈ ਹੋਏਗੀ, ਹੋਏਗਾ ਮਹਾਨ ਸਾਧੂ ਲੇਕਿਨ ਰਾਜਿਆਂ ਦੇ ਭੇਸ 'ਚ ਰਹਿੰਦਾ ਹੋਏਗਾ ਤੇ ਚਿੱਟਾ ਘੋੜਾ ਤੇ ਚਿੱਟੇ ਵਸਤਰ ਉਹਦੇ ਹੋਣਗੇ ਤੇ ਉਹ ਦਾਹੜਾ ਕੇਸ ਰਖਾਏਗਾ। ਗੁਰੂ ਦਸਵੇਂ ਪਾਤਸ਼ਾਹ ਦੇ ਆਉਣ ਤੋਂ 1700 ਸਾਲ ਪਹਿਲਾਂ ਉਨ੍ਹਾਂ ਨੇ ਸਮਾਂ ਖਿੱਚ ਕੇ ਦੇਖ ਲਿਆ ਕਿ ਅਗਾਂਹਾਂ ਕੀ ਆ ਰਿਹੈ। ਗੁਰੂ ਦਸਵੇਂ ਪਾਤਸ਼ਾਹ 1700 ਸਾਲ ਬਾਅਦ ਹੋਏ। ਉਨ੍ਹਾਂ ਨੇ ਦੇਖ ਲਿਆ ਕਿ ਕੋਈ ਬਹੁਤ ਵੱਡੇ ਸਮਰੱਥ ਸਤਿਗੁਰੂ ਆ ਰਹੇ ਨੇ। ਇਸ ਤਰ੍ਹਾਂ ਉਹ ਸਮਾਂ ਖਿੱਚ ਲੈਂਦੇ ਨੇ।

ਸੋ ਉਸ ਵੇਲੇ ਰਾਜਾ ਜਨਮੇਜਾ ਕਹਿਣ ਲੱਗਿਆ, ਤੁਹਾਨੂੰ ਐਨਾ ਗਿਆਨ ਹੈ ਤੇ ਫੇਰ ਕ੍ਰਿਸ਼ਨ ਮਹਾਰਾਜ 16 ਕਲਾਂ ਸੰਪੂਰਨ ਅਵਤਾਰ ਸੀਗੇ। ਮੇਰੇ ਪੜਦਾਦੇ ਦੇ ਦਾਦਾ ਭੀਸ਼ਮ ਪਿਤਾਮਾ ਪੂਰਨ ਬ੍ਰਹਮਚਾਰੀ ਅਤੇ ਗਿਆਨਵਾਨ ਪੁਰਸ਼ ਸੀਗੇ। ਫੇਰ ਭੀਸ਼ਮ ਪਿਤਾਮਾ ਜਿਹੜਾ ਸੀ, ਉਹ ਸੈਨਾਪਤੀ ਸੀ, ਦਰੋਣਾਚਾਰੀਆ, ਮੇਰੇ ਦਾਦੇ ਦਾ ਦਾਦਾ ਸੀ। ਉਹ ਸਾਰੇ ਹੀ ਵੱਡੇ-ਵੱਡੇ ਪ੍ਰਤਾਪ ਵਾਲੇ ਸੀ, ਉਨ੍ਹਾਂ ਨੇ ਮਹਾਂਭਾਰਤ ਦਾ ਯੁੱਧ ਕਿਉਂ ਹੋਣ ਦਿਤਾ ਜਿਹਦੇ 'ਚ 18 ਦਿਨਾਂ 'ਚ 45 ਲੱਖ ਬੰਦਾ ਮਰ ਗਿਆ। ਸਾਰੇ ਰਾਜੇ ਮਰ ਗਏ, ਇਕ ਵੀ ਨਹੀਂ ਬਚਿਆ। ਉਹ ਕਹਿਣ ਲੱਗੇ, ਰਾਜਨ! ਕੁਦਰਤ ਦਾ ਅਸੂਲ ਹੈ, ਇਵੇਂ ਹੀ ਹੋਣਾ ਸੀਗਾ। ਕਿਉਂਕਿ ਕੁਦਰਤ ਇਕੱਠੀ ਬਣ ਕੇ,

ਕਰਮ ਬਣ ਕੇ, ਦੇਸ਼ ਦੇ ਵੀ ਕਰਮ ਬਣਦੇ ਨੇ, ਸੂਬੇ ਦੇ ਵੀ ਕਰਮ ਬਣਦੇ ਨੇ। ਕੌਮ ਦੇ ਵੀ ਕਰਮ ਬਣਦੇ ਨੇ, ਪਰਿਵਾਰ ਦੇ ਕਰਮ ਬਣਦੇ ਨੇ, ਇਕੱਲੇ ਬੰਦੇ ਦੇ ਵੀ ਬਣਦੇ ਨੇ, ਇਕ ਦੂਜੇ ਦੇ ਉਤੇ ਸਾਰੇ ਅਸਰ ਪਾਉਂਦੇ ਨੇ। ਕਹਿਣ ਲੱਗੇ, ਇਸ ਤਰ੍ਹਾਂ ਦੇ ਨਾਲ ਇਹ ਯੁੱਧ ਵੀ ਹੋਣਾ ਹੀ ਸੀ।

ਕਹਿੰਦਾ, ਕ੍ਰਿਸ਼ਨ ਮਹਾਰਾਜ ਤਾਂ ਹਟਾ ਸਕਦੇ ਸੀ।

ਕਹਿੰਦੇ, ਉਨ੍ਹਾਂ ਨੇ ਬਹੁਤ ਕੋਸ਼ਿਸ਼ ਕਰੀ ਸੀ, ਲੇਕਿਨ ਹੋਣਾ ਸੀ। ਜਿਹੜੀ ਹੋਣੀ ਸੀ ਉਹ ਭੋਗਣੀ ਹੀ ਸੀ ਸਾਰਿਆਂ ਨੇ। ਇਹ ਜਾਂਦੀ ਨਹੀਂ –

**ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।**

ਕਹਿੰਦਾ, ਇਹ ਤਾਂ ਪਿਛਲੀਆਂ ਗੱਲਾਂ ਨੇ, ਜਦੋਂ ਹੋ ਜਾਵੇ, ਫੇਰ ਇਸ ਤਰ੍ਹਾਂ ਹੀ ਕਹਿੰਦੇ ਨੇ ਮਨ ਨੂੰ ਤਸੱਲੀ ਦੇਣ ਨੂੰ ਕਿ ਹੋਣਾ ਸੀ ਭਾਈ, ਤੇਰੇ ਨਾਲ ਇਵੇਂ ਜਿਵੇਂ। ਪਰ ਕਹਿੰਦਾ, ਮੈਂ ਨਹੀਂ ਮੰਨਦਾ, ਮੈਨੂੰ ਜੇ ਪਤਾ ਹੋਵੇ ਮੇਰੇ ਨਾਲ ਇਸ ਤਰ੍ਹਾਂ ਹੋਣੈ, ਜੇ ਹੋ ਜਾਵੇ ਤਾਂ ਦਿਖਾ ਦਿਓ ਮੈਨੂੰ।

ਉਨ੍ਹਾਂ ਨੂੰ ਬ੍ਰਹਮ ਤੇਜ ਆ ਗਿਆ, ਕਹਿਣ ਲੱਗੇ, ਹੈਂ! ਐਨਾ ਗਲਤ ਤੂੰ। ਤੈਨੂੰ ਹੈ ਨਹੀਂ ਪ੍ਰਮੇਸ਼ਰ 'ਤੇ ਵਿਸ਼ਵਾਸ਼? ਕੀਤੇ ਹੋਏ ਕਰਮਾਂ ਤੋਂ ਕੋਈ ਬਚ ਨਹੀਂ ਸਕਦਾ।

ਕਹਿੰਦਾ, ਮੈਨੂੰ ਲਿਖਾਓ।

ਉਸ ਵੇਲੇ ਵਿਆਸ ਜੀ ਨੇ ਲਿਖਾਇਆ ਕਹਿਣ ਲੱਗੇ, ਰਾਜਨ! ਤੂੰ ਇਕ ਘੋੜੀ ਲਿਆਵੇਂਗਾ, ਉਸ ਘੋੜੀ 'ਤੇ ਚੜ੍ਹ ਕੇ ਦੱਖਣ ਦਿਸ਼ਾ ਨੂੰ ਤੂੰ ਇਕ ਦਿਨ ਜਾਵੇਂਗਾ। ਜੰਗਲ ਦੇ ਵਿਚ ਬਹੁਤ ਸੁੰਦਰ ਲੜਕੀ ਦੇ ਉਤੇ ਤੂੰ ਮੋਹਿਤ ਹੋ ਜਾਏਂਗਾ, ਜਾਤ ਦਾ ਪਤਾ ਨਹੀਂ ਹੋਏਗਾ ਉਹਦੀ ਤੇ ਤੂੰ ਮਹਿਲਾਂ 'ਚ ਲੈ ਆਏਂਗਾ। ਜਿਹੜੇ ਤੇਰੇ ਵਜ਼ੀਰ, ਅਮੀਰ, ਰਿਆਇਆ ਸਾਰਿਆਂ ਦੀ ਤੇਰੇ ਨਾਲ ਵਿਗੜ ਜਾਏਗੀ। ਫੇਰ ਤੂੰ ਯੱਗ ਕਰਾਏਂਗਾ, ਯੱਗ ਦੇ ਵਿਚ ਅਚਾਨਕ ਐਸੀ ਘਟਨਾ ਵਾਪਰੇਗੀ ਕਿ ਤੂੰ ਸਾਰੇ ਬ੍ਰਾਹਮਣਾਂ ਨੂੰ ਮਾਰ ਦੇਵੇਂਗਾ। ਉਸ ਤੋਂ ਬਾਅਦ ਤੈਨੂੰ ਕੋਹੜ ਹੋ ਜਾਏਗਾ, ਐਨਾ ਕਹਿ ਕੇ ਚੁੱਪ ਕਰ ਗਏ।

ਕਹਿੰਦਾ, ਕੋਹੜ ਤੋਂ ਅੱਗੇ ਵੀ ਦਸ ਦਿਓ ਕਿ ਅੱਗੇ ਕੀ ਹੋਏਗਾ?

ਕਹਿੰਦੇ, ਫੇਰ ਤੂੰ ਮੈਨੂੰ ਬੁਲਾਏਂਗਾ, ਮੈਂ ਕਥਾ ਕਰਾਂਗਾ ਭਾਗਵਤ ਪ੍ਰਾਣ ਦੀ ਤੇ ਤੂੰ ਇਕ ਘਟਨਾ 'ਤੇ ਆ ਕੇ ਤੂੰ ਕਹਿ ਦੇਣੈ ਕਿ ਮੈਂ ਨਹੀਂ ਮੰਨਦਾ ਇਹ। ਤੇਰੇ ਨੱਕ 'ਤੇ ਕੋਹੜ ਰਹਿ ਜਾਏਗਾ, ਉਹਦੇ ਨਾਲ ਮਰ ਜਾਏਂਗਾ। ਜਾਹ ਲਾ ਲੈ ਜ਼ੋਰ ਲਿਖਾ ਲੈ। ਸਾਰੀ ਗੱਲ ਲਿਖ ਦਿਤੀ।

ਵਜ਼ੀਰ ਬੁਲਾ ਲਏ ਇਹਨੇ ਕਿ ਘੋੜਾ ਨਹੀਂ ਖਰੀਦਣਾ ਕੋਈ ਵੀ। ਚਾਰ ਸਾਲ ਲੰਘਣ ਤੋਂ ਬਾਅਦ ਵਜ਼ੀਰਾਂ ਨੇ ਕਿਹਾ ਕਿ ਮਹਾਰਾਜ! ਜੇ ਘੋੜੇ ਬੁੱਢੇ ਹੋ ਜਾਣ ਤਾਂ ਰਸਾਲੇ ਦੀ ਲੜਾਈ ਦੇ ਵਿਚ ਜਿੱਤ ਨਹੀਂ ਹੋਣੀ, ਹਾਰ

ਹੋਏਗੀ। ਕਿਉਂਕਿ ਉਹ ਤੇਜ਼ ਦੌੜਨ ਦੇ ਕਾਬਲ ਨਹੀਂ ਰਹਿਣੇ। ਕ੍ਰਿਪਾ ਕਰੋ, ਇਹ ਘੋੜੇ ਬੁੱਢੇ ਹੋ ਗਏ, ਫੌਜ ਕਮਜ਼ੋਰ ਹੋ ਜਾਏਗੀ ਤੇ ਸਾਨੂੰ ਘੋੜੇ ਖਰੀਦਣ ਦੀ ਇਜਾਜ਼ਤ ਦਿਓ। ਘੋੜੇ ਖਰੀਦਣ ਦੀ ਇਜਾਜ਼ਤ ਦੇ ਦਿਤੀ। ਉਸ ਤੋਂ ਬਾਅਦ ਥੋੜ੍ਹੇ ਦਿਨਾਂ ਬਾਅਦ ਇਕ ਘੋੜੀ ਆਈ, ਬਹੁਤ ਹੀ ਵਧੀਆ। ਉਹਦੇ ਵਾਸਤੇ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਇਹ ਕਿਸੇ ਹੋਰ ਅਸਤਬਲ 'ਚ ਨਹੀਂ ਜਾਏਗੀ, ਇਹ ਤਾਂ ਤੁਹਾਡੇ ਅਸਤਬਲ 'ਚ ਚਾਹੀਦੀ ਹੈ। ਬੇਇਜ਼ਤੀ ਹੈ ਆਪ ਦੀ, ਆਪ ਦੇ ਕੋਲ ਐਸੀ ਘੋੜੀ ਨਾ ਹੋਵੇ, ਕਿਸੇ ਬੰਦੇ ਕੋਲ ਹੋਵੇ। ਕਹਿਣ ਲੱਗਿਆ, ਮੈਂ ਲਿਖਿਆ ਹੋਇਐ ਕਿ ਘੋੜੀ 'ਤੇ ਚੜ੍ਹਨਾ ਨਹੀਂ। ਕਹਿੰਦੇ, ਤੁਸੀਂ ਨਾ ਚੜ੍ਹਿਓ।

ਘੋੜੀ ਖਰੀਦ ਲਈ ਗਈ। ਕਾਫੀ ਦੇਰ ਤੋਂ ਬਾਅਦ ਸਾਇਸਾਂ ਨੇ ਕਿਹਾ ਕਿ ਘੋੜੀ ਜਿਹੜੀ ਹੈ ਟਹਿਲਾਈ ਜਾਵੇ ਤਾਂ ਉਹਦੀ ਸਿਹਤ ਰਹੇਗੀ, ਉਹਦਾ ਤਾਂ ਹਾਜ਼ਮਾ ਵੀ ਖਰਾਬ ਹੋ ਗਿਆ। ਸੁਸਤ ਪੈ ਗਈ ਹੈ। ਕ੍ਰਿਪਾ ਕਰੋ ਆਪ, ਆਪ ਤੋਂ ਬਗੈਰ ਹੋਰ ਕੋਈ ਚੜ੍ਹ ਨਹੀਂ ਸਕਦਾ। ਤੁਸੀਂ ਚੜ੍ਹ ਕੇ ਤਿੰਨ ਦਿਸ਼ਾ ਨੂੰ ਜਾਓ, ਚੌਥੀ ਨੂੰ ਨਾ ਜਾਓ।

ਮੰਨ ਲਈ ਗੱਲ। ਜਾਂਦਾ ਰਿਹਾ ਰੋਜ਼, ਪੰਜ-ਸੱਤ-ਦਸ ਮਹੀਨੇ ਲੰਘ ਗਏ। ਇਕ ਦਿਨ ਦਿਸ਼ਾ ਭਰਮ ਹੋ ਗਿਆ ਉਹਨੂੰ। ਦਿਸ਼ਾ ਭਰਮ ਆਮ ਹੋ ਜਾਇਆ ਕਰਦੈ ਬੰਦੇ ਨੂੰ। ਜੇ ਗੱਡੀ ਅੰਮ੍ਰਿਤਸਰ ਨੂੰ ਜਾਂਦੀ ਹੈ, ਕਈ ਵਾਰ ਲਗਦੈ ਕਿ ਯੂ.ਪੀ ਵਲ ਨੂੰ ਤੁਰ ਰਹੀ ਹੈ ਇਹ ਤਾਂ। ਦਿਸ਼ਾ ਭਰਮ ਕਹਾਉਂਦੈ ਉਹ। ਸੋ ਉਹ ਦੱਖਣ ਦਿਸ਼ਾ ਨੂੰ ਚਲਿਆ ਗਿਆ। ਦੱਖਣ ਦਿਸ਼ਾ ਨੂੰ ਗਿਆ ਤਾਂ ਜੰਗਲ 'ਚ ਪਾਣੀ ਮੰਗਿਆ। ਝੌਂਪੜੀ 'ਚੋਂ ਲੜਕੀ ਆਈ, ਉਸ ਵੇਲੇ ਸਭ ਗੱਲਾਂ ਭੁੱਲ ਗਿਆ। ਕਹਿਣ ਲੱਗਿਆ, ਮੈਂ ਲੜਕੀ ਤਾਂ ਲੈ ਜਾਣੀ ਹੈ ਇਹ। ਅਗਲੇ ਕਰਮ ਨਹੀਂ ਕਰੂੰਗਾ ਜਿਹੜੇ ਅੱਗੇ ਲਿਖੇ ਨੇ। ਸੋ ਲੜਕੀ ਨੂੰ ਘੋੜੇ 'ਤੇ ਬਿਠਾਇਆ ਲੈ ਆਇਆ। ਰਾਜ ਵਿਚ ਰੌਲਾ ਪੈ ਗਿਆ, ਪਤਾ ਨਹੀਂ ਇਹਦੀ ਜਾਤੀ ਕੀ ਹੈ? ਉਨ੍ਹਾਂ ਦਿਨਾਂ 'ਚ ਜਾਤ ਪਾਤ ਜ਼ਿਆਦਾ ਮੰਨਦੇ ਸੀ। ਕਿਉਂਕਿ ਦੋ ਸਭਿਅਤਾ ਜਿਹੜੀਆਂ ਸੀ ਉਨ੍ਹਾਂ ਦਾ ਆਪਸ ਵਿਚ ਮੁਕਾਬਲਾ ਚਲਦਾ ਸੀ। ਇਕ ਤਾਂ ਆਰੀਅਨ ਜਾਤੀ ਸੀ, ਇਕ ਹਿੰਦੋਸਤਾਨ ਦੀ ਪੁਰਾਣੀ ਸੀ। ਉਹ ਹਿੰਦੋਸਤਾਨ ਦੀ ਪੁਰਾਣੀ ਕਲਚਰ ਨੂੰ ਮਿਟਾ ਰਹੇ ਸੀ ਆਨਆਰੀਅਨ। ਇਨ੍ਹਾਂ ਨੂੰ ਛੂਤ ਵਗੈਰਾ ਕਹਿੰਦੇ ਸੀ, ਧੱਕੇ ਨਾਲ ਇਨ੍ਹਾਂ ਨੂੰ ਦੱਖਣ 'ਚ ਵਾੜ ਦਿਤਾ। ਸੋ ਇਸ ਗੱਲ ਦਾ ਰਿਆਇਆ 'ਚ ਰੌਲਾ ਪੈ ਗਿਆ ਕਿ ਰਾਜੇ ਨੇ ਮਰਿਯਾਦਾ ਭੰਗ ਕਰ ਦਿਤੀ। ਬਥੇਰਾ ਇਹਨੇ ਜ਼ੋਰ ਲਾਇਆ, ਅਖੀਰ ਇਹ ਹੋਇਆ ਕਿ ਯੱਗ ਕੀਤਾ ਜਾਵੇ। ਸਾਵਧਾਨ ਕਰ ਦਿਤਾ ਮੰਤਰੀਆਂ ਨੇ ਕਿ ਮਹਾਰਾਜ! ਹੁਣ ਕ੍ਰੋਧ 'ਚ ਨਾ ਆਇਓ ਤੁਸੀਂ। ਇਥੇ ਕੁ ਤਕ ਤਾਂ ਪਹੁੰਚ ਗਏ ਤੁਸੀਂ ਜਿਹੜਾ ਲਿਖਿਆ ਹੋਇਐ। ਯੱਗ ਹੋ ਰਿਹੈ ਤੇ ਲੜਕੇ ਬੈਠੇ ਨੇ, ਵੱਡਾ ਬੰਦਾ ਬ੍ਰਾਹਮਣ ਕੋਈ ਨਾ ਆਇਆ, ਵਿਦਿਆਰਥੀਆਂ ਨੂੰ ਲੈ ਆਇਆ।

ਇਕ ਵਿਦਿਆਰਥੀ ਕਹਿਣ ਲੱਗਿਆ, ਰਾਜੇ ਦੀਆਂ ਰਾਣੀਆਂ ਕਈ ਨੇ।

ਦੂਜਾ ਕਹਿੰਦਾ, ਕਿਉਂ?

ਕਹਿੰਦਾ ਹਰ ਵਾਰੀ ਕੱਪੜੇ ਬਦਲ ਕੇ ਆਉਂਦੀਆਂ ਨੇ। ਇਹਦੇ ਕੱਪੜੇ ਹੋਰ ਨੇ, ਹੁਣ ਜਿਹੜੀ ਆਏਗੀ, ਉਹਦੇ ਹੋਰ ਨੇ। ਇਕ ਬੱਚਾ ਸਿਆਣਾ ਸੀ, ਉਹ ਕਹਿਣ ਲੱਗਿਆ ਕਿ ਮੈਂ ਦਸ ਦੇਵਾਂਗਾ ਕਿ ਉਹੀ ਕਿ ਹੋਰ ਹੈ ਰਾਣੀ। ਕਹਿੰਦੇ, ਦਸ।

ਜਦੋਂ ਉਹ ਰਾਣੀ ਸਾੜੀ ਬਦਲ ਕੇ ਆਈ ਫੇਰ ਤਾਂ ਉਸ ਲੜਕੇ ਨੇ ਕਿਹਾ ਕਿ ਉਹੀ ਹੈ।

ਦੂਜਾ ਕਹਿਣ ਲੱਗਿਆ, ਪਤਾ ਕਿਵੇਂ ਲੱਗੇ?

ਉਹਨੇ ਕਿਹਾ ਕਿ ਮੈਂ ਨਹੁੰ 'ਤੇ ਰੱਖ ਕੇ ਚੌਲ ਮਾਰਿਆ ਸੀ ਇਹਦੇ, ਉਹ ਦੇਖੋ ਲੱਗਿਆ ਹੋਇਆ। ਉਹ ਸਾਰੇ ਹੱਸ ਪਏ ਇਸ ਗੱਲ ਤੋਂ। ਹੱਸਣ ਦੀ ਦੇਰ ਸੀ, ਉਧਰਲੇ ਪਾਸਿਓਂ ਜ਼ੋਰ ਨਾਲ ਹਵਾ ਆਈ, ਇਕੋ ਕੱਪੜੇ 'ਚ ਪ੍ਰਸ਼ਾਦੇ ਛਕਾ ਰਹੇ ਸੀ ਤੇ ਉਹ ਕੱਪੜਾ ਉੱਚਾ ਉਡ ਗਿਆ। ਰਾਜੇ ਨੂੰ ਬੜਾ ਤਹਿਸ਼ ਆਇਆ। ਸੋਚਿਆ ਨਹੀਂ ਕੁਛ। ਉਸ ਨੇ ਉਸੇ ਵੇਲੇ ਤਲਵਾਰ ਲੈ ਕੇ ਬ੍ਰਾਹਮਣਾਂ ਦੇ ਬੱਚੇ ਵੱਢਣੇ ਸ਼ੁਰੂ ਕਰ ਦਿਤੇ। ਕਿਸੇ ਨੂੰ ਉਬਲਦੇ ਕੜਾਹਿਆਂ 'ਚ ਪਾ ਦਿਤਾ। ਕਿਸੇ ਨੂੰ ਚੁਲ੍ਹੇ 'ਚ ਪਾ ਦਿਤਾ। ਬੱਚੇ ਮਾਰਨ ਨਾਲ ਇਹਨੂੰ ਕੋਹੜ ਹੋ ਗਿਆ।

ਵੇਦ ਵਿਆਸ ਜੀ ਨੂੰ ਬੁਲਾਇਆ ਤਾਂ ਉਨ੍ਹਾਂ ਭਾਗਵਤ ਪ੍ਰਾਣ ਦੀ ਕਥਾ ਸੁਣਾਉਣੀ ਸ਼ੁਰੂ ਕਰੀ। ਜਦੋਂ ਭੀਮ ਪਰਵ ਆਇਆ ਉਹਦੇ ਵਿਚ। ਉਹਦੇ ਵਿਚ ਇਸ ਤਰ੍ਹਾਂ ਆਇਆ ਕਿ ਭੀਮ ਸੈਨ ਇਕ ਵਾਰੀ ਨਿਸ਼ਸਤਰਾ ਜਾ ਰਿਹਾ ਸੀ। ਉਹਦੇ ਉਤੇ ਹਮਲਾ ਕਰ ਦਿਤਾ ਹਾਥੀਆਂ 'ਤੇ ਚੜ੍ਹੇ ਹੋਏ ਭੀਲਾਂ ਨੇ। ਉਹਨੇ ਆਪਣੇ ਮੰਤਰ ਬਲ ਦੇ ਨਾਲ ਹਾਥੀ ਵਗਾਹ-ਵਗਾਹ ਕੇ ਉਪਰ ਆਕਾਸ਼ 'ਚ ਮਾਰੇ। ਉਹਨੇ ਜਦੋਂ ਇਹ ਗੱਲ ਪੜ੍ਹੀ ਕਿ ਭੀਮ ਨੇ ਹਾਥੀ ਵਗਾਹ ਕੇ ਮਾਰੇ ਕਿ ਅਜੇ ਤੱਕ ਅਸਮਾਨ 'ਚ ਘੁੰਮਦੇ ਨੇ, ਉਸ ਵੇਲੇ ਨੱਕ ਹਿਲਾ ਦਿਤਾ। ਕਹਿੰਦਾ, ਹੋਰ ਤਾਂ ਗੱਲਾਂ ਮੈਂ ਮੰਨ ਲੈਨਾਂ, ਪਰ ਆਹ ਗੱਲ ਮੈਂ ਮੰਨਣੀ ਹੀ ਨਹੀਂ। ਉਹ ਕਹਿੰਦੇ, ਫੇਰ ਜੇ ਨਹੀਂ ਮੰਨਦਾ ਤਾਂ ਅਸੀਂ ਤੈਨੂੰ ਦਿਖਾ ਦਿੰਦੇ ਹਾਂ। ਉਸ ਵੇਲੇ ਮੰਤਰ ਬਲ ਦੇ ਨਾਲ ਉਨ੍ਹਾਂ ਨੇ ਹਾਥੀਆਂ ਦੇ ਪਿੰਜਰ ਘੁੰਮਦੇ ਫਿਰਦੇ ਸੀ ਉਤੇ, ਸਾਰਿਆਂ ਦਾ ਥੱਲੇ ਢੇਰ ਲਾ ਦਿਤਾ। ਕਹਿੰਦੇ, ਕਿਉਂ ਰਾਜਨ! ਦੇਖ! ਹੈ ਕਿ ਨਹੀਂ ਸੱਚ?

ਪਰ ਤੈਨੂੰ ਇਹ ਦੋਸ਼ ਲੱਗਿਆ ਕਿ ਤੂੰ ਤਰਕ ਕੀਤੀ ਹੈ ਕਥਾ ਦੇ ਉਤੇ, ਤੇਰੇ ਨੱਕ ਦੇ ਉਤੇ ਕੋਹੜ ਰਹਿ ਗਿਆ ਤੇ ਇਹਦੇ ਨਾਲ ਤੂੰ ਮਰ ਜਾਏਂਗਾ।

ਮਹਾਰਾਜ ਕਹਿੰਦੇ ਨੇ ਕਿ ਰਾਜਾ ਐਨਾ ਸਿਆਣਾ ਸੀ, ਕਹਿੰਦਾ ਸੀ ਕਿ ਮੈਂ ਵਰਤਣ ਨਹੀਂ ਦੇਣਾ ਭਾਣਾ। ਪਰ ਹੋਇਆ ਕੀ?

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ***

***ਕਿਰਤੁ ਨ ਚਲੈ ਚਲਾਇਆ॥*** ***ਅੰਗ- 1344***

ਜਿਹੜੀ ਕਿਰਤ ਸੀ, ਜਿਹੜੇ ਕਰਮ ਸੀ, ਉਹ ਚੱਲੇ ਨਾ, ਖਤਮ ਨਾ ਹੋਏ। ਨਾ ਖਤਮ ਹੋਣ ਕਰਕੇ ਇਸ ਨੂੰ ਮਰਨਾ ਪੈ ਗਿਆ। ਸੋ ਇਹ ਕਰਮ ਦੀ ਬਾਤ ਹੈ ਸਾਧਸੰਗਤ ਜੀ, ਕਰਮ ਜਿਹੜਾ ਪਰਾਲਬਧ ਕੋਟੀ 'ਚ ਆ ਗਿਆ, ਉਹ ਭੋਗਣਾ ਹੀ ਪੈਂਦੈ।

ਦੂਜਾ ਹੁੰਦੈ, ਸੰਚਿਤ ਕਰਮ। ਜਮ੍ਹਾਂ ਜਿਹੜੇ ਪਏ ਨੇ। ਸੰਚਿਤ ਕਰਮ ਜਿਹੜੇ ਨੇ ਉਨ੍ਹਾਂ ਦਾ ਪਤਾ ਨਹੀਂ ਕਿਹੜੇ ਜਨਮ 'ਚ ਕੀਹਦੀ ਵਾਰੀ ਆਵੇ। ਸੋ ਵਾਰੀ ਆਉਣ 'ਤੇ ਭੋਗਣਾ ਪੈਂਦੈ। ਇਹ ਵੀ ਨਹੀਂ ਟਲਿਆ ਕਰਦਾ, ਕਿਉਂਕਿ ਸੰਚਿਤ ਕਰਮ ਜਿਹੜਾ ਸੀ, ਉਹ ਪਰਾਲਬਧ ਕਰਮ 'ਚ ਵਟ ਗਿਆ।

ਤੀਸਰੇ ਹੁੰਦੇ ਨੇ ਕ੍ਰਿਆਮਾਨ ਕਰਮ। ਜਿਹੜੇ ਆਪਾਂ ਰੋਜ਼ ਕਰਦੇ ਹਾਂ। ਜਿਵੇਂ ਹੁਣ ਤੁਸੀਂ ਕਰਦੇ ਸੀ। ਲੱਕੜਾਂ ਚੁੱਕ ਰਹੇ ਸੀ, ਪਾਥੀਆਂ ਚੁੱਕ ਰਹੀਆਂ ਸੀ ਬੀਬੀਆਂ। ਇਹ ਕਰਮ ਨੇ। ਇਨ੍ਹਾਂ ਕਰਮਾਂ ਦਾ ਫਲ ਕੀ ਮਿਲੇਗਾ–

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ - 26***

***ਧਾਰਨਾ – ਦਰਗਹ ਮਿਲਦੈ ਥਾਉਂ,***
***ਜੇ ਵਿਚਿ ਦੁਨੀਆਂ ਸੇਵ ਕਮਾਈਐ।***

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥***
***ਅੰਗ - 314***

ਸਾਰੇ ਪਾਪਾਂ ਦਾ ਖਾਤਮਾ ਹੋ ਕੇ ਦਰਗਹ ਦੇ ਵਿਚ ਸਤਿਕਾਰਿਆ ਜਾਂਦੈ, ਸੇਵਾ ਕਰਨ ਵਾਲਾ। ਕਿਉਂਕਿ ਸ਼ੁਭ ਕਰਮ ਹੈ।

ਸੋ ਬਾਬਾ ਜੀ ਕਹਿਣ ਲੱਗੇ, ਸੁੱਧ ਸਿੰਘਾ! ਤੇਰਾ ਕਰਮ ਇਕ ਐਸਾ ਹੈ ਜਿਹੜਾ ਤੈਨੂੰ ਸਜ਼ਾ ਦੇਣ ਵਾਸਤੇ ਤਿਆਰ ਹੋ ਰਿਹੈ।

ਕਹਿਣ ਲੱਗਿਆ, ਮਹਾਰਾਜ! ਕਿਹੜਾ ਕਰਮ? ਕਹਿੰਦੇ ਆਹ ਹਾਥੀ ਹੀ ਹੈ।

ਕਹਿਣ ਲੱਗਿਆ, ਮਹਾਰਾਜ! ਇਹ ਤਾਂ ਬਹੁਤ ਸਾਊ ਹੈ।

ਕਹਿੰਦੇ, ਇਹਨੇ ਤੇਰੇ ਕਰਮ ਦਾ ਫਲ ਦੇਣਾ ਹੀ ਹੈ। ਜਦੋਂ ਤੂੰ ਗੁਰੂ ਦਸਵੇਂ ਪਾਤਸ਼ਾਹ ਕੋਲੋਂ ਨੱਠ ਕੇ ਗਿਐਂ ਘਰ ਜਾ ਕੇ ਨੌਕਰ ਮਾਰ ਦਿਤਾ। ਇਹ ਓਹੀ ਹਾਥੀ ਹੈ। ਕਹਿੰਦੇ ਇਹ ਤੈਨੂੰ ਮਾਰਨ ਨੂੰ ਚਿਤਵਦੈ। ਇਹਦੀ ਸਵਾਰੀ ਨਾ ਕਰ, ਇਹਨੂੰ ਛੱਡ ਆ ਉਥੇ ਹੀ ਬਾਬਿਆਂ ਦੇ, ਜੇ ਤੈਂ ਬਚਣੈ।

ਸੰਤ ਰੇਖ 'ਚ ਮੇਖ ਮਾਰ ਦਿੰਦੇ ਨੇ। ਬਹੁਤ ਨਰਮ ਕਰ ਦਿੰਦੇ ਨੇ ਸਜ਼ਾ ਨੂੰ। ਆਉਣੀ ਤਾਂ ਬਹੁਤ ਜ਼ਬਰਦਸਤ ਹੁੰਦੀ ਹੈ, ਲੇਕਿਨ ਸੂਲੀ ਦੀ ਸੂਲ ਬਣਾ ਦਿੰਦੇ ਨੇ। ਬਾਬਾ ਜੀ ਨਾਲ ਬਚਨ ਹੁੰਦੇ ਰਹੇ। ਬਾਬਾ ਜੀ ਚਲੇ ਗਏ, ਉਸ ਤੋਂ ਬਾਅਦ ਇਹ ਹਾਥੀ 'ਤੇ ਨਹੀਂ ਚੜ੍ਹਦਾ। ਪੈਦਲ ਤੁਰਿਆ ਜਾਂਦੈ। ਅੰਗ ਰਖਿਅਕ ਕਹਿਣ ਲੱਗੇ, ਸਰਦਾਰ ਸਾਹਿਬ! ਤੁਸੀਂ ਹਾਥੀ 'ਤੇ ਕਿਉਂ ਨਹੀਂ ਚੜ੍ਹਦੇ।

ਕਹਿੰਦਾ, ਬਾਬਾ ਜੀ ਦੇ ਬਚਨ ਸੁਣੇ ਸੀ?

ਕਹਿੰਦੇ, ਉਹ ਤਾਂ ਸਾਨੂੰ ਜਦੇ ਪਤਾ ਲੱਗ ਗਿਆ ਸੀ ਕਿ ਕਿਉਂ ਕਹਿੰਦੇ ਨੇ?

ਕਹਿੰਦਾ, ਕਿਉਂ ਕਹਿੰਦੇ ਨੇ?

ਕਹਿੰਦੇ, ਤੁਸੀਂ ਹਾਥੀ 'ਤੇ ਚੜ੍ਹ ਕੇ ਆ ਕੇ ਉਨ੍ਹਾਂ ਦੇ ਸਾਮ੍ਹਣੇ ਉਤਰੇ ਹੋਂ। ਉਨ੍ਹਾਂ ਨੇ ਹਾਥੀ ਤੋਂ ਹੀ ਖਹਿੜਾ ਛੁਡਵਾ ਦਿਤਾ ਤੁਹਾਡਾ। ਇਹ ਤਾਂ ਤੁਹਾਨੂੰ ਸਜ਼ਾ ਦੇ ਦਿਤੀ। ਹਾਥੀ ਨੇ ਕੀ ਕਹਿਣੈ। ਅੱਗੇ ਤਾਂ ਕਹਿਆ ਨਹੀਂ ਹਾਥੀ ਨੇ ਕੁਛ, ਹੁਣ ਕੀ ਕਹਿ ਦਊ। ਉਨ੍ਹਾਂ ਦੇ ਕਹਿਣ 'ਤੇ ਫੇਰ ਚੜ੍ਹ ਗਿਆ।

ਤਿੰਨ ਮਹੀਨੇ ਜਦੋਂ ਲੰਘੇ, ਸੰਗਤ ਗਈ ਜਦ ਸ੍ਰੀ ਅਨੰਦਪੁਰ ਸਾਹਿਬ ਨੂੰ, ਪਹਿਲਾਂ ਜਦੋਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੀਆਂ ਸੀ, ਊਨੇ ਸਾਹਿਬ ਜ਼ਰੂਰ ਪਹੁੰਚਦੇ ਸੀ। ਪਹਿਲਾਂ ਊਨੇ ਸਾਹਿਬ ਫੇਰ ਸ੍ਰੀ ਅਨੰਦਪੁਰ ਸਾਹਿਬ ਜਾਂਦੇ ਸੀ। ਸਾਹਨੇਵਾਲ ਦੀ ਸੰਗਤ ਗਈ ਤਾਂ ਉਸ ਵੇਲੇ ਬਾਬਾ ਜੀ ਨੇ ਪਹਿਲਾ ਸਵਾਲ ਕਰਿਆ ਕਿ ਦੱਸੋ, ਭਾਈ! ਸੁਧ ਸਿੰਘ ਦਾ ਕੀ ਹਾਲ ਹੈ? ਕਹਿੰਦੇ, ਤੁਹਾਡੇ ਆਉਣ ਤੋਂ ਮਹੀਨਾ ਬਾਅਦ ਹਾਥੀ ਨੇ ਮਾਰ ਦਿਤਾ।

ਕਹਿੰਦੇ, ਅਸੀਂ ਤਾਂ ਕਿਹਾ ਸੀ, ਮੰਨਿਆ ਨਹੀਂ ਉਹ ਬੰਦਾ।

ਸੋ ਇਸ ਤਰ੍ਹਾਂ ਮਾੜਾ ਕਰਮ ਜੋ ਹੈ ਉਹ ਵੀ ਭੋਗਣਾ ਪੈਂਦੈ, ਜਿਹੜਾ ਸ਼ੁਭ ਕਰਮ ਹੈ ਉਹ ਨਾਲ ਜਾਂਦੈ ਦਰਗਾਹ ਦੇ ਅੰਦਰ। ਇਨ੍ਹਾਂ ਦੇ ਲੰਗਰ ਦੇ ਵਿਚ ਭਾਈ ਭਾਗ ਸਿੰਘ ਨਾਮ ਦਾ, ਸ੍ਰੀ ਮਾਨ ਸੀ (ਲਾਂਗਰੀ) ਤੇ ਉਹਦੀ ਮਾਤਾ ਘਰੋਂ ਆ ਕੇ ਬਰਤਨ ਮਾਂਜ ਜਾਂਦੀ। ਝਾੜੂ ਦੇ ਜਾਂਦੀ, ਪਾਣੀ ਭਰ ਜਾਂਦੀ। ਹੋਰ ਸੇਵਾ ਕਰਦੀ ਰਹਿੰਦੀ ਸੀ। ਦਾਲਾਂ ਵਗੈਰਾ ਠੀਕ ਕਰ ਦੇਣੀਆਂ, ਆਟਾ ਪੀਸ ਦੇਣਾ। ਇਸ ਤਰ੍ਹਾਂ ਦੀ ਸੇਵਾ ਕਰਦੀ। ਇਕ ਵਾਰੀ ਐਸਾ ਹੋਇਆ ਕਿ ਉਹ ਚੜ੍ਹਾਈ ਕਰ ਗਈ। ਬਾਬਾ ਜੀ ਦੇ ਕੋਲ ਗਏ, ਜਾ ਕੇ ਕਹਿਣ ਲੱਗੇ, ਮਹਾਰਾਜ! ਆਪਣੇ ਸ੍ਰੀ ਮਾਨ ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ।

ਬਾਬਾ ਜੀ ਅੰਤਰ ਧਿਆਨ ਹੋਏ ਤੇ ਕਿਹਾ ਕਿ ਸਸਕਾਰ ਨਾ ਕਰਿਓ, ਉਹਨੇ ਜਿਉਂਦੀ ਹੋ ਜਾਣੈ। ਬੜੀ ਖੁਸ਼ੀ ਹੋਈ ਕਿ ਮਹਾਂਪੁਰਸ਼ਾਂ ਨੇ ਕਹਿ ਦਿਤਾ ਕਿ ਜਿਉਂਦੀ ਹੋ ਜਾਣੈ। ਰੱਖ ਛੱਡੀ ਉਹ। ਉਧਰਲੇ ਪਾਸੇ ਉਹਦੀ

ਰੂਹ ਜਿਹੜੀ ਸੀ ਜਮਦੂਤ ਨਹੀਂ ਲੈਣ ਆਏ, ਗਾਈਡ ਲੈਣ ਆਏ। ਉਨ੍ਹਾਂ ਨੇ ਜਾ ਕੇ ਜਦੋਂ ਧਰਮਰਾਜੇ ਦੇ ਬੇਨਤੀ ਕਰੀ ਕਿ ਮਹਾਰਾਜ! ਇਹ ਬੀਬੀ ਲੈ ਆਂਦੀ ਅਸੀਂ। ਉਹਨੇ ਦੇਖਿਆ ਅੰਤਰਧਿਆਨ ਹੋ ਕੇ, ਉਹ ਕਹਿੰਦਾ, ਤੁਸੀਂ ਤਾਂ ਬੜਾ ਮਾੜਾ ਕੰਮ ਕਰਿਆ। ਇਹਨੇ ਮੇਰੇ ਕੋਲ ਤਾਂ ਆਉਣਾ ਨਹੀਂ ਸੀ। ਮੇਰੇ ਕੋਲ ਤਾਂ ਸਿਰਫ ਉਹ ਬੰਦੇ ਆਉਂਦੇ ਨੇ ਜਿਹੜੇ ਨਿਗੁਰੇ ਹੁੰਦੇ ਨੇ। ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ ਹੁੰਦਾ। ਉਹ ਚਾਹੇ ਚੰਗੇ ਕਰਮ ਕਰਨ ਵਾਲੇ ਨੇ, ਚਾਹੇ ਮਾੜੇ ਕਰਮ ਕਰਨ ਵਾਲੇ ਨੇ। ਮਾੜਿਆਂ ਨੂੰ ਮੈਂ ਸਜ਼ਾ ਦਿੰਦਾ ਹਾਂ ਨਰਕਾਂ ਦੀ, ਚੰਗਿਆਂ ਨੂੰ ਮੈਂ ਸਵਰਗਾਂ 'ਚ ਭੇਜ ਦਿੰਦਾਂ –

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***

***ਅੰਗ – 38***

ਕਹਿਣ ਲੱਗਿਆ, ਮੇਰੇ ਕੋਲ ਤਾਂ ਦੂਜੇ ਭਾਵ ਵਾਲੇ ਮਨਮੁਖ ਆਉਂਦੇ ਨੇ। ਮਨਮੁਖਾ ਨੇ ਆ ਕੇ ਇਥੇ ਸਜ਼ਾ ਭੋਗਣੀ ਹੁੰਦੀ ਹੈ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ – 947***

ਦੇਖੋ, ਇਹ। ਕਹਿੰਦੇ, ਇਹਦਾ ਤਾਂ ਆਪਣੇ ਰਜਿਸਟਰ 'ਚ ਨਾਉਂ ਹੀ ਨਹੀਂ ਹੈ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਦੀ ਰੂਹ ਹੈ। ਉਸ ਵੇਲੇ ਧਰਮਰਾਜ ਘਬਰਾ ਗਿਆ, ਕਹਿਣ ਲੱਗਿਆ ਕਿ ਦੇਖੋ, ਕੋਈ ਗੱਲ ਤਾਂ ਨੀਂ ਤੁਸੀਂ ਕਰੀ ਰਸਤੇ 'ਚ, ਕੋਈ ਸਖਤੀ ਤਾਂ ਨਹੀਂ ਕਰੀ। ਉਹ ਕਹਿੰਦੇ, ਨਹੀਂ ਮਹਾਰਾਜ! ਅਸੀਂ ਤਾਂ ਆਰਾਮ ਨਾਲ ਲਿਆਏ ਹਾਂ। ਇਹਦਾ ਪੁੰਨ ਫਲ ਹੀ ਐਨਾ ਜ਼ਬਰਦਸਤ ਸੀ ਕਿ ਨਰਕ ਤਾਂ ਇਹਦੇ ਲਾਗੇ ਹੀ ਨਹੀਂ ਹੈਗੇ। ਜਿਹੜੇ ਦਰਖਤ ਸਿਰ 'ਚ ਪੈਂਦੇ ਨੇ, ਪੱਤਰ ਕੋਈ ਝੜਿਆ ਹੀ ਨਹੀਂ। ਜਿੱਥੇ ਵੀ ਦੁਖ ਆਏ ਨੇ, ਉਥੇ ਦੁਖ ਨਹੀਂ ਇਹਨੂੰ ਮਿਲਿਆ। ਉਸ ਵੇਲੇ ਧਰਮਰਾਜ ਕਹਿਣ ਲੱਗਿਆ ਕਿ ਬੀਬੀ ਦਾ ਪੂਰਾ ਧਿਆਨ ਰੱਖਿਓ। ਜੋ ਕੁਛ ਇਹ ਕਹਿੰਦੀ ਹੈ ਉਹਦੇ ਮੁਤਾਬਿਕ ਇਹਦੀਆਂ ਖੁਸ਼ੀਆਂ ਲਓ। ਕਿਉਂਕਿ ਗੁਰੂ ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ।***
***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥*** ***ਅੰਗ – 271***

ਸਾਧੂਆਂ ਦੀ ਜੋ ਸੰਗਤ ਕਰਦੈ, ਉਹਦੀ ਸੋਭਾ ਦੇਵਤਿਆਂ ਦੇ ਲੋਕ ਵਿਚ ਹੁੰਦੀ ਹੈ। ਜੇ ਕਿਤੇ ਗਲਤੀ ਨਾਲ ਧਰਮਰਾਜ ਦੇ ਚਲਿਆ ਜਾਵੇ ਤਾਂ ਧਰਮਰਾਜ ਸੇਵਾ ਕਰਦੈ। ਧਰਮਰਾਜ ਕਹਿਣ ਲੱਗਿਆ, ਸਾਡੇ ਦੂਤਾਂ ਤੋਂ ਭੁੱਲ ਹੋ ਗਈ। ਹੋਰ ਲਿਆਉਣੀ ਸੀ, ਤੈਨੂੰ ਲੈ ਆਏ। ਤੇਰਾ ਨਾਉਂ ਸਾਡੇ ਰਜਿਸਟਰਾਂ 'ਚ ਨਹੀਂ ਹੈ। ਤੇਰਾ ਨਾਮ ਗੁਰੂ ਨਾਨਕ ਪਾਤਸ਼ਾਹ ਕੋਲ ਹੈ।

ਦਸ ਅਸੀਂ ਤੇਰੀ ਕੀ ਸੇਵਾ ਕਰੀਏ।

ਉਹ ਕਹਿਣ ਲੱਗੀ ਕਿ ਮਹਾਰਾਜ! ਮੈਨੂੰ ਤੁਸੀਂ ਵਾਪਸ ਭੇਜ ਰਹੇ ਹੋਂ ਤੇ ਮੈਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਦਰਗਾਹ ਤਾਂ ਦਿਖਾ ਦਿਓ। ਮੈਂ ਜਾ ਕੇ ਗੱਲ ਕਰੂੰਗੀ। ਉਥੇ ਭੇਜ ਦਿਤਾ, ਜਦੋਂ ਉਥੇ ਗਈ, ਉਹ ਕਹਿੰਦੇ ਬੀਬੀ ਤੂੰ ਕਿਵੇਂ ਆ ਗਈ ਤੇਰੇ ਤਾਂ ਸੱਤ ਸਾਲ ਜ਼ਿੰਦਗੀ ਦੇ ਹੋਰ ਰਹਿੰਦੇ ਨੇ। ਉਸ ਤੋਂ ਬਾਅਦ ਤੂੰ ਇਥੇ ਆਉਣੈ, ਕਿਉਂਕਿ ਤੂੰ ਸਾਧੂਆਂ ਦੀ ਸੇਵਾ ਕਰਦੀ ਹੈਂ, ਲੰਗਰ ਦੀ ਸੇਵਾ ਕਰਦੀ ਹੈਂ।

ਜੇ ਭਲਾ ਸੇਵਾ ਨਾ ਕਰੇ, ਰਹਿੰਦਾ ਗੁਰਦੁਆਰੇ ਹੋਵੇ। ਮੈਂ ਤੁਹਾਨੂੰ ਇਕ ਗੱਲ ਦਸ ਦਿੰਦਾਂ ਨਾਲ ਦੀ ਨਾਲ, ਚਾਹੇ ਤਾਂ ਆਦਮੀ ਹੈ ਚਾਹੇ ਬੀਬੀ ਹੈ, ਜਿਹੜਾ ਆਦਮੀ ਹੈ ਉਹਨੂੰ ਦੋ ਤਿੰਨ ਗਤੀਆਂ ਦੇ ਵਿਚੀਂ ਲੰਘਣਾ ਪੈਂਦੈ ਜਾਂ ਤਾਂ ਸੱਪ ਬਣਦੈ ਜਾਂ ਕੁੱਤਾ ਬਣਦੈ, ਇਸ ਤਰ੍ਹਾਂ ਦੀ ਉਹਦੀ ਗਤੀ ਉਲਟੀ ਹੋਇਆ ਕਰਦੀ ਹੈ। ਜੇ ਸੇਵਾ ਕਰਦੈ, ਫੇਰ ਉਹਦਾ ਭਲਾ ਹੋਇਆ ਕਰਦੈ। ਕਈ ਐਸੇ ਹੁੰਦੇ ਨੇ, ਆਈ ਜਾਂਦੈ ਵਧੀਆ ਤੋਂ ਵਧੀਆ, ਆਉਣਾ ਹੀ ਹੈ ਗੁਰੂ ਘਰ 'ਚ ਆਪਾਂ ਸਾਰੇ ਮੰਨਦੇ ਹੀ ਹਾਂ। ਉਹਨੂੰ ਖਾਈ ਜਾਣੈ, ਸੇਵਾ ਕਰਨੀ ਨਹੀਂ ਹੈ ਤੇ ਨਤੀਜਾ ਕੀ ਹੋਏਗਾ, ਉਹਨੂੰ ਅਗਲਾ ਜਨਮ ਬੜਾ ਗਲਤ ਮਿਲ ਜਾਏਗਾ। ਮਾਇਆ ਦਾ ਲਾਲਚੀ ਹੋਏਗਾ, ਸੱਪ ਦੀ ਜੂਨ 'ਚ ਜਾਣਾ ਹੀ ਪੈਣੈ। ਨਹੀਂ ਤਾਂ ਕੁੱਤਾ ਬਿੱਲਾ ਬਣ ਕੇ ਉਥੇ ਹੀ ਫਿਰੀ ਜਾਣੈ ਉਹਨੇ। ਗਤੀ ਨਹੀਂ ਹੋਇਆ ਕਰਦੀ, ਲੇਖੇ ਦੇਣੇ ਪੈਂਦੇ ਨੇ। ਜੇ ਸੇਵਾ ਕਰੇ ਤਾਂ ਦਰਗਾਹ 'ਚ ਵਡਿਆਈ ਮਿਲਦੀ ਹੈ ਉਸਨੂੰ।

ਇਕ ਵਾਰੀ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਬੈਠੇ ਨੇ, ਅੰਮ੍ਰਿਤ ਵੇਲੇ ਉਠ ਕੇ ਆਪ ਚੋਅ ਦੇ ਕੰਢੇ ਚਲੇ ਜਾਂਦੇ ਸੀ। ਜਿਹੜੇ ਛੋਟੇ-ਛੋਟੇ ਚੋਅ ਹੁੰਦੇ ਨੇ, ਪਾਣੀ ਮਾੜਾ ਜਿਹਾ ਆਉਂਦੈ ਬਰਸਾਤ ਦੇ ਦਿਨਾਂ 'ਚ, ਫੇਰ ਖੁਸ਼ਕ ਹੋ ਜਾਂਦੇ ਨੇ। ਰੇਤਾ ਠੰਡਾ ਹੁੰਦੈ, ਬਾਬਾ ਜੀ ਜਾ ਕੇ ਬਹਿ ਜਾਂਦੇ ਸੀ। ਚਿੱਟੇ ਚਾਦਰੇ ਦੀ ਉਨ੍ਹਾਂ ਨੇ ਬੁੱਕਲ ਮਾਰੀ ਹੁੰਦੀ ਤੇ ਉਹਦੇ ਵਿਚ ਇਕ ਸੱਪ ਆ ਕੇ ਬਹਿ ਜਾਇਆ ਕਰੇ। ਬਾਬਾ ਜੀ ਨੂੰ ਪਤਾ ਲੱਗ ਜਾਇਆ ਕਰੇ, ਪਰ ਭਜਨ ਕਰੀ ਜਾਣ। ਜਿਸ ਵਕਤ ਸਮਾਧੀ ਤੋਂ ਉਥਾਨ ਹੋਣ, ਚਾਰੇ ਲੜ ਫੜ ਲਿਆ ਕਰਨ, ਅਗਾਂਹਾਂ ਜਾ ਕੇ ਸੁੱਟ ਆਇਆ ਕਰਨ। ਕਹਿੰਦੇ, ਪ੍ਰੇਮੀਆਂ! ਮੇਰੇ ਕੋਲ ਕੀ ਕਰਨ ਆਉਂਦੈ?

ਉਹਨੇ ਰੋਜ਼ ਦਾ ਹੀ ਕੰਮ ਬਣਾ ਲਿਆ, ਜਦੋਂ ਬਾਬਾ ਜੀ ਬੈਠਣ, ਆ ਕੇ ਚਾਦਰੇ 'ਤੇ ਚੜ੍ਹ ਕੇ ਵਿਚ ਬਹਿ ਜਾਇਆ ਕਰੇ। ਸੇਵਾਦਾਰ ਨੇ ਕਿਹਾ, ਬਾਬਾ ਜੀ ਇਹ ਬੜਾ ਖਤਰਨਾਕ ਜੀਵ ਹੈ ਕਿਤੇ ਡੰਗ ਮਾਰੂ।

ਕਹਿੰਦੇ, ਨਹੀਂ ਭਾਈ ਖਤਰਨਾਕ ਤਾਂ ਠੀਕ ਹੈ। ਪਰ ਇਹ ਡੰਗ ਮਾਰਨ ਨਹੀਂ ਆਉਂਦਾ, ਕਲਿਆਣ ਕਰਾਉਣ ਆਉਂਦੈ।

ਕਹਿੰਦੇ, ਚੰਗਾ ਤੁਸੀਂ ਐਉਂ ਕਰਿਓ, ਸਾਡੇ ਗੜਵੇ ਦਾ ਪਾਣੀ ਪਾ ਦਿਓ ਇਹਦੇ ਉਤੇ ਜਦੋਂ ਅਸੀਂ ਸੁੱਟਾਂਗੇ। ਜਦੋਂ ਪਾਣੀ ਪਾਇਆ ਤਾਂ ਉਥੇ

ਹੀ ਮਰ ਗਿਆ।

ਕਹਿੰਦੇ, ਕੌਣ ਸੀਗਾ, ਬਾਬਾ ਜੀ! ਸਾਨੂੰ ਵੀ ਕੁਛ ਪਤਾ ਲਗ ਜਾਏ?

ਕਹਿੰਦੇ, ਕੀ ਭੇਤ ਖੋਲ੍ਹਣੈ?

ਕਹਿੰਦੇ, ਨਾ ਬਾਬਾ ਜੀ ਦੱਸ ਦਿਓ।

ਕਹਿੰਦੇ, ਇਹ ਗੁਰਦੁਆਰੇ ਦਾ ਗ੍ਰੰਥੀ ਸੀਗਾ, ਪੈਸੇ 'ਚ ਸੁਰਤ ਰਖਦਾ ਸੀ ਹਰ ਵਕਤ। ਕਿਸੇ ਚੰਗੇ ਲਈ ਤਾਂ ਖਰਚਦਾ ਨਹੀਂ ਸੀਗਾ, ਉਹਦੇ ਲਾਲਚ 'ਚ ਰਹਿੰਦਾ ਸੀ, ਭਜਨ ਨਹੀਂ ਸੀ ਕਰਦਾ, ਬੰਦਗੀ ਨਹੀਂ ਸੀ ਕਰਦਾ, ਜੋ ਪਦਾਰਥ ਆ ਜਾਣਾ ਛਕ ਲੈਣਾ ਤੇ ਸੁੱਤੇ ਪਏ ਰਹਿਣਾ। ਕਹਿੰਦੇ, ਹੁਣ ਭਟਕਦਾ ਫਿਰਦਾ ਸੀ।

ਇਸੇ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਜਿਸ ਵਕਤ ਕੀਰਤਨ ਕਰ ਰਹੇ ਸੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ। ਸੱਪ ਆਇਆ, ਆ ਕੇ ਸਾਮ੍ਹਣੇ ਖੜ੍ਹਾ ਹੋ ਗਿਆ, ਫਣ ਖਿਲਾਰ ਕੇ। ਸੇਵਾਦਾਰ ਨੇ ਕਿਹਾ, ਮਹਾਰਾਜ! ਕੀ ਆਗਿਆ ਹੈ?

ਬਾਬਾ ਜੀ ਨੇ ਕਿਹਾ, ਉਥੋਂ ਜਲ ਲਿਆਓ, ਸਰੋਵਰ ਦਾ ਤੇ ਉਤੇ ਪਾ ਦਿਓ ਇਹਦੇ। ਸਰੋਵਰ ਦਾ ਜਲ ਪਾ ਦਿਤਾ ਤੇ ਮਰ ਗਿਆ ਉਥੇ।

ਪੁੱਛਿਆ ਬਾਬਾ ਜੀ ਨੂੰ ਕਿ ਇਹ ਕੌਣ ਸੀ?

ਕਹਿੰਦੇ, ਪੁਜਾਰੀ ਸੀਗਾ ਇਥੇ ਦਾ, ਬੜੀ ਦੇਰ ਦਾ ਤੜਫਦਾ ਫਿਰਦਾ ਸੀ।

ਸੰਤ ਮਹਾਰਾਜ ਜੀ ਦੇ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ, ਜਦੋਂ ਉਨ੍ਹਾਂ ਨੇ ਟੋਏ ਪੁੱਟ ਲਏ, ਟੋਇਆਂ ਦੇ ਉਤੇ ਹੀ ਛਪਰੀਆਂ ਪਾ ਲਈਆਂ ਸੀ, ਚਾਰ-ਚਾਰ ਫੁੱਟ ਮੁਰੱਬੇ ਦੇ ਟੋਏ ਸੀ। ਪੈ ਤਾਂ ਸਕਦੇ ਨਹੀਂ ਸੀ ਉਸ ਵਿਚ। ਫੇਰ ਦੂਜੀ ਵਾਰੀ ਥੋੜ੍ਹੇ ਵੱਡੇ ਕਰ ਲਏ ਸੀ ਤੇ ਅੰਦਰ ਇਕ ਮੰਜਾ ਡਹਿ ਕੇ ਥੋੜ੍ਹਾ ਜਿਹਾ ਥਾਉਂ ਬਚਿਆ ਕਰਦਾ ਸੀ। ਸੇਵਾਦਾਰ ਹੁੰਦੇ, ਕੋਟੇ ਵਾਲੇ ਨਾਹਰ ਸਿੰਘ, ਕਹਿਣ ਲੱਗੇ, ਬਾਬਾ ਜੀ! ਇਕ ਸੱਪ ਰੋਜ਼ ਆਉਂਦੈ, ਤੁਹਾਡੇ ਦਰਵਾਜ਼ੇ ਮੂਹਰੇ ਖੜ੍ਹਾ ਰਹਿੰਦੈ, ਫਨ ਫੈਲਾ ਕੇ, ਅਗਾਂਹਾਂ ਨਹੀਂ ਜਾਂਦਾ, ਨੇੜੇ ਕਿਸੇ ਨੂੰ ਆਉਣ ਨਹੀਂ ਦਿੰਦਾ। ਸਾਨੂੰ ਆਗਿਆ ਕੀ ਹੈ, ਕਿਤੇ ਅੰਦਰ ਨਾ ਆ ਜਾਵੇ।

ਕਹਿੰਦੇ, ਕੁਛ ਨਾ ਕਹਿਓ। ਇਹਦੇ ਇਕ ਦੋ ਦਿਨ ਹੋਰ ਰਹਿੰਦੇ ਨੇ, ਤੜਫਿਆ ਹੋਇਐ ਵਿਚਾਰਾ। ਤਿੰਨ ਚਾਰ ਦਿਨਾਂ ਤੋਂ ਬਾਅਦ ਫੇਰ ਆਇਆ। ਸੇਵਾਦਾਰ ਕਹਿਣ ਲੱਗਿਆ, ਬਾਬਾ ਜੀ! ਉਹ ਸੱਪ ਤਾਂ ਆਪ ਦੀ ਕੁਟੀਆ ਦੇ ਪਿਛਲੇ ਪਾਸੇ ਲੰਮਾ ਪਿਐ, ਮਰਿਆ ਹੋਇਆ।

ਆਪ ਨੇ ਕਿਹਾ ਕਿ ਭਾਈ, ਉਹਦੇ ਉਤੇ ਕੱਪੜਾ ਪਾ ਦਿਓ ਤੇ ਦੱਬ ਦਿਓ, ਅਰਦਾਸ ਕਰ ਦਿਓ, ਭਲਾ ਹੋ ਜਾਏ ਇਹਦਾ।

ਪੁਛਿਆ ਕਿ ਮਹਾਰਾਜ! ਇਹ ਕੌਣ ਸੀ?

ਆਪ ਨੇ ਦੱਸਿਆ ਕਿ ਜਦੋਂ ਗੁਰੂ ਛੇਵੇਂ ਪਾਤਸ਼ਾਹ ਰਾੜੇ ਆਏ ਸੀ, ਇਹ ਇਥੇ ਦਾ ਚੌਧਰੀ ਸੀਗਾ, ਬੜਾ ਹੀ ਹੰਕਾਰੀ ਚੌਧਰੀ। ਚਾਹੀਦਾ ਤਾਂ ਇਹ ਸੀ ਕਿ ਗੁਰੂ ਮਹਾਰਾਜ 52 ਰਾਜਿਆਂ ਨੂੰ ਛੁਡਾ ਕੇ ਗਵਾਲੀਅਰ ਦੇ ਕਿਲ੍ਹੇ ਤੋਂ, ਤਾਂ ਇਥੇ ਪਹੁੰਚੇ ਸੀ। ਸਾਰੇ ਦੇਸ਼ ਵਿਚ ਧੰਨ-ਧੰਨ ਹੋ ਰਹੀ ਸੀ। ਇਹ ਹੰਕਾਰੀ ਕਹੇ ਕਿ ਮੈਂ ਇਨ੍ਹਾਂ ਨਾਲੋਂ ਵੀ ਉੱਚਾ ਹਾਂ, ਨਾ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰੀ, ਨਾ ਕਹਿਣ 'ਤੇ ਬੈਠਿਆ ਹੀ। ਚਾਹੁੰਦਾ ਸੀ ਕਿ ਮਹਾਰਾਜ ਮੈਨੂੰ ਮੰਜੇ 'ਤੇ ਨਾਲ ਹੀ ਬਿਠਾਲ ਲੈਣ।

ਕਹਿੰਦੇ, ਇਹ ਚੜ੍ਹਾਈ ਕਰ ਗਿਆ, ਉਸ ਵੇਲੇ ਦਾ ਇਹ ਹੰਕਾਰੀ ਬੰਦਾ, ਤੜਫਦਾ ਫਿਰਦੈ। ਜ਼ਹਿਰ ਦੇ ਨਾਲ ਭੁੱਜ ਰਿਹੈ ਤੇ ਇਥੇ ਠੰਢ ਮਿਲਦੀ ਸੀ। ਇਸ ਕਰਕੇ ਆਉਂਦਾ ਸੀ, ਹੁਣ ਇਹਦਾ ਕਰਮ ਕੱਟਿਆ ਗਿਆ, ਸੋ ਇਹਦੀ ਕੋਈ ਗਤੀ ਹੋ ਜਾਏਗੀ।

ਸੋ ਇਸ ਕਰਕੇ ਸਾਧਸੰਗਤ ਜੀ! ਕੀਤੇ ਹੋਏ ਕਰਮ, ਚੰਗਾ ਕਰ ਲਓ, ਮਾੜਾ ਕਰ ਲਓ, ਚੰਗਾ ਵੀ ਭੋਗਣਾ ਪੈਂਦੈ, ਮਾੜਾ ਵੀ ਭੋਗਣਾ ਪੈਂਦੈ। ਦੋਹਾਂ ਦਾ ਫਲ ਆਦਮੀ ਨੂੰ ਚੱਖਣਾ ਹੀ ਪੈਂਦੈ। ਸੋ ਮਹਾਰਾਜ ਕਹਿੰਦੇ, ਸਿਆਣਾ ਬੰਦਾ ਉਹ ਹੈ ਜਿਹੜਾ ਕਰਮ ਕਰਨ ਤੋਂ ਪਹਿਲਾਂ ਸੋਚ ਲਵੇ ਕਿ ਇਹ ਟਲਣੇ ਤਾਂ ਹੈ ਨਹੀਂ। ਇਹ ਤਾਂ ਜਿਹੜਾ ਉਨ੍ਹਾਂ ਨੇ ਬੀਜ ਦਿਤਾ, ਉਹ ਤਾਂ ਵੱਢਣਾ ਹੀ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- 134***

ਇਹ ਤਾਂ ਵੱਢਣਾ ਹੀ ਪੈਣੈ, ਇਹਨੂੰ ਮੈਂ ਸੋਧ ਕੇ ਬੀਜਾਂ। ਜੇ ਕੰਢਿਆਲੀ ਖੇਤ 'ਚ ਬੀਜ ਲਓ, ਫੇਰ ਜਦੋਂ ਵੱਢੇਗਾ, ਰੋਂਦਾ ਹੀ ਹੈ, ਕਿੰਨੀ ਔਖੀ ਹੋ ਜਾਏਗੀ ਵੱਢਣੀ। ਜੇ ਫਸਲ ਬੀਜ ਲਓ, ਭਰਪੂਰ ਫਸਲ ਹੁੰਦੀ ਹੈ ਤੇ ਆਦਮੀ ਖੁਸ਼ ਹੁੰਦੈ।

ਸੋ ਮਹਾਰਾਜ ਕਹਿੰਦੇ, ਕੰਮ ਇਹੋ ਜਿਹਾ ਨਾ ਕਰੋ ਜਿਹਦਾ ਫਲ ਦਰਗਾਹ 'ਚ ਜਾ ਕੇ ਮਾੜਾ ਮਿਲੇ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

***ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥***
***ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥***

***ਅੰਗ- 1381***

ਸੋ ਇਹ ਕਰਮ ਹੋਇਆ ਕਰਦੇ ਨੇ, **ਪਰਾਲਬਧ ਦੇ** ਜਿਹੜੇ ਭੋਗਣੇ ਪੈਂਦੇ ਨੇ। ਜਿਹੜੇ ਕਰਮ ਅਸੀਂ ਰੋਜ਼ ਕਰਦੇ ਹਾਂ ਇਨ੍ਹਾਂ ਦਾ ਨਾਮ ਹੁੰਦੈ **ਕ੍ਰਿਆਮਾਨ ਕਰਮ**। ਇਹ ਕਰਮ ਫਲ ਦੇਣ ਵਾਸਤੇ, ਚਾਹੇ ਤਾਂ ਇਸੇ ਜਨਮ 'ਚ ਦੇ ਦੇਣ, ਚਾਹੇ ਅਗਲਾ ਜਨਮ ਧਾਰਨਾ ਪਵੇ। ਚਾਹੇ ਸੈਂਕੜੇ ਜਨਮ ਤੋਂ ਬਾਅਦ ਉਹ ਕਰਮ ਉਘੜੇ। ਇਹ ਤਾਂ ਨੱਠਣਾ ਨਹੀਂ ਜਿੰਨਾਂ

ਚਿਰ ਭੋਗਦੇ ਨਹੀਂ ਹੈਗੇ। 'ਭੋਗੇ ਬਿਨ ਭਾਗਹਿ ਨਾਹੀ ਕਰਮ ਗਤੀ ਬਲਵਾਨ।'

ਤੀਸਰੇ ਹੋਇਆ ਕਰਦੇ ਨੇ **ਸੰਚਿਤ ਕਰਮ**, ਜਿਹੜੇ ਜਮ੍ਹਾਂ ਪਏ ਨੇ ਸਟੋਰ ਵਿਚ, ਉਹ ਚਲਦੇ ਰਹਿੰਦੇ ਨੇ, ਆਦਮੀ ਜੰਮਦਾ ਰਹਿੰਦੈ, ਮਰਦਾ ਰਹਿੰਦੈ। ਉਹ ਕਰਮ ਭੋਗਣੇ ਹੀ ਪੈਂਦੇ ਨੇ ਉਹਨੂੰ। ਉਹ ਨਹੀਂ ਟਲਿਆ ਕਰਦੇ। ਹੁਣ ਛੁਟਕਾਰਾ ਕਿਵੇਂ ਹੋਵੇ? ਕੋਈ ਹੈ ਤਰੀਕਾ ਛੁਟਕਾਰੇ ਦਾ? ਹੁਣ ਵੀ ਅਸੀਂ ਕਰਮ ਕਰਦੇ ਹਾਂ, ਚੰਗੇ ਵੀ ਕਰਦੇ ਹਾਂ ਮਾੜੇ ਵੀ ਕਰਦੇ ਹਾਂ। ਇਹਦਾ ਫਲ ਤਾਂ ਮਿਲਣਾ ਹੀ ਹੈ ਚੰਗਿਆਂ ਦਾ ਸਵਰਗ 'ਚ ਮਿਲਣੈ, ਮਾੜਿਆਂ ਦਾ ਨਰਕਾਂ 'ਚ ਜਾ ਕੇ ਮਿਲਣੈ। ਕਰਿਆ ਕੀ ਜਾਵੇ?

ਇਕ ਤਰੀਕਾ ਹੈ। ਉਹ ਇਹ ਹੈ ਕਿ ਗੁਰੂ ਵਾਲਾ ਬਣ ਕੇ ਨਾਮ ਜਪੇ। ਐਨਾ ਨਾਮ ਜਪੇ ਕਿ ਇਹਦੀ ਸੁਰਤੀ ਤ੍ਰਿਕੁਟੀ ਲੰਘ ਜਾਵੇ। ਉਥੇ ਨਾਮ ਦਾ ਬਲ ਐਨਾ ਪੈਂਦੈ, ਐਨਾ ਸੇਕ ਪੈਂਦੈ, ਜਿਹੜੇ ਕਰਮ ਅੰਤਸ਼ਕਰਣ ਵਿਚ ਜਮ੍ਹਾਂ ਪਏ ਨੇ, ਉਹ ਸਾਰੇ ਹੀ ਜਲ ਜਾਂਦੇ ਨੇ। ਇਕ ਕਰਮ ਵੀ ਨਹੀਂ ਰਹਿੰਦਾ। ਭੁੱਜੇ ਦਾਣਿਆਂ ਵਾਂਗਣ ਹੋ ਜਾਂਦੇ ਨੇ। ਭੁੱਜਿਆ ਦਾਣਾ ਫੇਰ ਹਰਾ ਨਹੀਂ ਹੋਇਆ ਕਰਦਾ। ਸੋ ਮਹਾਰਾਜ ਕਹਿੰਦੇ, ਕਰਮ ਸੋਚ ਕੇ ਕਰ। ਇਹੋ ਜਿਹਾ ਕਰਮ ਕਰ ਜਿਹੜਾ ਤੇਰੇ ਨਾਲ ਨਿਭ ਜਾਏ, ਤੈਨੂੰ ਸੁਖ ਦੇਵੇ। ਇਹੋ ਜਿਹਾ ਕਰਮ ਨਾ ਕਰ ਜਿਹੜਾ ਤੈਨੂੰ ਦੁਖੀ ਕਰੇ, ਸ਼ਰਮਿੰਦਾ ਕਰੇ।

***ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥***
***ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥***

***ਅੰਗ- 590***

ਐਸੀ ਰੀਤ ਨੂੰ ਜਾਲ ਦਿਓ। ਜਿਹੜੀ ਸਾਨੂੰ ਸ਼ਰਮਿੰਦਾ ਕਰਾ ਦੇਵੇ। ਜਿਹੜਾ ਕੰਮ ਵਾਹਿਗੁਰੂ ਨੂੰ ਵਿਸਾਰ ਦੇਵੇ, ਉਸ ਕੰਮ ਨੂੰ ਖਤਮ ਕਰੋ -

ਜਿਹੜੀ ਵਾਹਿਗੁਰੂ ਨਾਲ ਪਤ ਰਹਿ ਜਾਏ ਉਹ ਠੀਕ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਜਿਹੜੀ ਸੰਗਰਾਂਦ ਸੀ ਕੱਤਕ ਦੇ ਮਹੀਨੇ ਦੀ, ਬੜਾ ਹੀ ਸੋਹਣਾ ਇਹਦੇ 'ਚ ਉਪਦੇਸ਼ ਮਹਾਰਾਜ ਨੇ ਦਿਤੈ। ਪਹਿਲਾਂ ਹੀ ਜਿਹੜੀ ਲਾਈਨ ਆਉਂਦੀ ਹੈ ਤੁਕ ਆਉਂਦੀ ਹੈ, ਮਹਾਰਾਜ ਨੇ ਕਰਮਾਂ ਦੀ ਦਿਤੀ ਹੈ - ***'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥'*** ਕਰਮ ਤਾਂ ਤੁਸੀਂ ਕਮਾਉਂਦੇ ਹੋਂ, ਦੋਸ਼ ਕੀਹਨੂੰ ਦਿੰਦੇ ਹੋਂ, ਸਮਝਾਉਣ ਵਾਲੇ ਤਾਂ ਬੇਅੰਤ ਸਮਝਾਉਂਦੇ ਨੇ ਪਰ ਕਰਿਆ ਕੀ ਜਾਵੇ, ਦੁਨੀਆਂ ਸਮਝਦੀ ਨਹੀਂ ਹੈ। ਵੱਡੇ-ਵੱਡੇ ਮਹਾਂਪੁਰਸ਼, ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਤੌਰੇਤ, ਅੰਜੀਲ, ਜਬੂੰਰ, ਬਾਈਬਲ, ਕੁਰਾਨ ਸ਼ਰੀਫ, ਅਨੇਕਾਂ ਮਹਾਤਮਾ, ਸਾਧੂ ਸੰਤ ਹਾਕਾਂ ਮਾਰ-ਮਾਰ ਸਮਝਾਉਂਦੇ ਨੇ ਇਸ ਜੀਵ ਨੂੰ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਪਰ ਫੇਰ, ਕਹਿੰਦੇ ਜਿਨ੍ਹਾਂ ਦੇ ਮਨ ਵਿਚ ਸ਼ੈਤਾਨ ਵਸ ਗਿਆ, ਉਹ

ਚਿੱਤ ਨਹੀਂ ਫੇਰਦੇ, ਇਸ ਕੰਨ ਸੁਣਦੇ ਨੇ, ਉਸ ਕੰਨ ਕੱਢ ਦਿੰਦੇ ਨੇ। ਬੜੀ ਹੈਰਾਨੀ ਹੁੰਦੀ ਹੈ ਮਹਾਂਪੁਰਸ਼ਾਂ ਨੂੰ। ਸਾਰੇ ਮਹਾਂਪੁਰਸ਼ ਕਹਿੰਦੇ ਨੇ, ਬੋਧੀ ਕਹਿੰਦੇ ਨੇ ਕਿ ਇਕ ਮਾਰ ਦੇਵਤਾ ਹੈ, ਉਹ ਨਹੀਂ ਚੰਗੇ ਕਰਮ ਕਰਨ ਦਿੰਦਾ। ਅਸੀਂ ਕਹਿੰਦੇ ਹਾਂ ਕਿ ਕਲਜੁਗ ਵਸਿਆ ਹੋਇਐ। ਇਹ ਕਲਜੁਗ ਨਹੀਂ ਸਾਨੂੰ ਇਸ ਰਸਤੇ 'ਤੇ ਆਉਣ ਦਿੰਦਾ। ਕੋਈ ਕਹਿੰਦੈ, ਮਾਇਆ ਹੈ। ਸੋ ਇਹ ਸੁਣਦਾ ਨਹੀਂ ਹੈ। ਜਿੰਨਾਂ ਜੀਅ ਕਰਦੈ ਜ਼ੋਰ ਲਾ ਲਓ। ਉਪਦੇਸ਼ ਦਿੰਦੇ ਨੇ ਮਹਾਤਮਾ ਦਿਨ ਰਾਤ। ਮਹਾਰਾਜ ਕਹਿੰਦੇ, ਕਰਮ ਨਾ ਕਰ ਇਹੋ ਜਿਹਾ ਜਿਹੜਾ ਭੋਗਣਾ ਔਖਾ ਹੋ ਜਾਏ। ਉਸ ਵੇਲੇ ਜਦੋਂ ਭੋਗੇਂਗਾ ਫੇਰ ਤੈਨੂੰ ਪਛਤਾਉਣਾ ਪੈਣੈ। ਫੇਰ ਕੁਛ ਬਣਦਾ ਨਹੀਂ ਹੈ -

> ***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
> ***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਦੂਸਰਾ ਜੋ ਮਹਾਰਾਜ ਜੀ ਨੇ ਉਪਦੇਸ਼ ਦਿਤੈ, ਉਹ ਇਹ ਦਿਤੈ ਕਿ ਜੇ ਅਸੀਂ ਵਾਹਿਗੁਰੂ ਨੂੰ ਭੁੱਲ ਜਾਈਏ, ਤਾਂ ਸਾਨੂੰ ਸਾਰੇ ਰੋਗ ਲਗ ਜਾਂਦੇ ਨੇ। ਦੁਨੀਆਂ ਰੋਗੀ ਹੈ, ਦੁਖੀ ਹੈ, ਦੁਖ ਹੈਂ ਕਿਉਂ? ਕਿਉਂਕਿ ਪ੍ਰਮੇਸ਼ਰ ਨੂੰ ਭੁੱਲੇ ਹੋਏ ਹਾਂ। ਜੇ ਵਾਹਿਗੁਰੂ ਨਾ ਭੁੱਲੇ, ਤਾਂ ਆਦਮੀ ਸੁਖੀ ਰਹਿੰਦੈ, ਕਰਮ ਵੀ ਨਰਮ ਪੈ ਜਾਂਦੇ ਨੇ।

ਇਕ ਕਿਸੇ ਸ਼ਹਿਰ ਦੇ ਵਿਚ ਇਕ ਪ੍ਰੇਮੀ ਰਹਿੰਦਾ ਸੀ, ਖੱਤਰੀ ਸੀ ਉਹ। ਬਹੁਤ ਸੋਹਣਾ ਸੁਭਾਅ ਸੀ ਉਹਦਾ। ਸੇਵਾ ਕਰਦਾ ਸੀ, ਸਾਧੂਆਂ ਦੀ ਸੰਗਤ ਕਰਿਆ ਕਰਦਾ ਸੀ। ਉਸੇ ਸ਼ਹਿਰ ਦੇ ਵਿਚ ਇਕ ਹੋਰ ਬੰਦਾ ਰਹਿੰਦਾ ਸੀ, ਅਮੀਰ ਤਾਂ ਕਾਫੀ ਸੀ ਪਰ ਵਿਕਾਰੀ ਸੀ, ਮਾੜੇ ਕੰਮ ਕਰਿਆ ਕਰਦਾ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਉਥੇ ਚਲੇ ਗਏ। ਬਾਗ ਵਿਚ ਡੇਰਾ ਕਰ ਲਿਆ ਤੇ ਬਾਗ ਇਸੇ ਖੱਤਰੀ ਦਾ ਸੀ। ਇਹਨੂੰ ਪਤਾ ਲੱਗਿਆ ਕਿ ਕੋਈ ਸਾਧੂ ਆਏ ਨੇ, ਇਹਨੇ ਕਿਹਾ ਕਿ ਮੇਰੇ ਬਾਗ 'ਚ ਠਹਿਰੇ ਨੇ, ਮੇਰਾ ਫਰਜ਼ ਬਣਦੈ ਕਿ ਮੈਂ ਪ੍ਰਸ਼ਾਦ ਪਾਣੀ ਛਕਾਵਾਂ। ਪ੍ਰਸ਼ਾਦਾ ਲੈ ਕੇ ਜਾਂਦੈ। ਸੰਗਤ ਵਧਦੀ ਜਾਂਦੀ ਹੈ। ਉਸੇ ਤਰ੍ਹਾਂ ਦੇ ਨਾਲ ਸੇਵਾਦਾਰ ਵੀ ਵਧਦੇ ਜਾਂਦੇ ਨੇ। ਇਹ ਰੋਜ਼ ਜਾਂਦੈ। ਮਹਾਰਾਜ ਚਾਰ ਵਜੇ ਸ਼ਾਮ ਨੂੰ ਸਤਿਸੰਗ ਕਰਦੇ ਸੀ, ਇਹ ਉਸ ਵੇਲੇ ਚਲਿਆ ਜਾਂਦਾ ਸੀ। ਅੰਮ੍ਰਿਤ ਵੇਲੇ ਨਹੀਂ ਸੀ ਜਾ ਸਕਦਾ। ਇਹਦੇ ਮਿੱਤਰ ਨੇ ਕਿਹਾ ਕਿ ਤੂੰ ਰੋਜ਼ ਜਾਂਦੈ। ਕਿੱਥੇ ਜਾਂਦੈ? ਕਹਿੰਦਾ, ਮੈਂ ਤੈਨੂੰ ਕਹਿਣ ਨੂੰ ਸੀ ਕਿ ਤੂੰ ਇਕ ਵਾਰੀ ਚੱਲ ਕੇ ਤਾਂ ਦੇਖ, ਜਿੱਥੇ ਮੈਂ ਜਾਂਦਾਂ।

ਉਹ ਕਹਿੰਦਾ, ਕੋਈ ਸਾਧ-ਸੰਤ ਹੋਣੈ।

ਕਹਿੰਦਾ, ਹਾਂ।

ਉਹ ਕਹਿੰਦਾ, ਮੈਂ ਨਹੀਂ ਜਾਂਦਾ ਹੁੰਦਾ।

ਇਹ ਤਾਂ ਐਵੇਂ ਹੁੰਦੇ ਨੇ। ਅਖੀਰ ਜਾਂਦੇ-ਜਾਂਦੇ ਇਕ ਵਾਰੀ ਇਹਨੇ ਮਿਲਾ ਦਿਤਾ, ਕਹਿਣ ਲੱਗਿਆ, ਤੂੰ ਚੱਲ ਤਾਂ ਸਹੀ। ਦੇਖੇਂਗਾ ਤਾਂ ਤੈਨੂੰ ਪਤਾ ਲੱਗੇਗਾ, ਸਾਰਾ ਸ਼ਹਿਰ ਜਾ ਰਿਹੈ। ਦੂਰ-ਦਰਾਜ਼ ਤੋਂ ਲੋਕ ਆਉਂਦੇ ਨੇ। ਤੂੰ ਨਹੀਂ ਜਾਂਦਾ।

ਇਹ ਜਿਸ ਵਕਤ ਗਿਆ ਤਾਂ ਕੁਛ ਚੰਗਾ ਨਾ ਲੱਗਿਆ, ਚਿੱਤ ਲੱਗਿਆ ਨਾ ਚੰਗੀ ਤਰ੍ਹਾਂ, ਕਦੇ ਏਧਰ ਦੇਖੀ ਜਾਵੇ, ਕਦੇ ਓਧਰ ਦੇਖੀ ਜਾਵੇ। ਕਿਉਂਕਿ ਭਾਗ ਨਹੀਂ ਸੀ ਬਣੇ ਸਤਿਸੰਗ ਦੇ। ਕਿਉਂਕਿ ਸਤਿਸੰਗ ਦੇ ਜਿੰਨਾਂ ਚਿਰ ਭਾਗ ਨਾ ਬਣਨ ਸਤਿਸੰਗ ਦੇ ਵਿਚ ਬੈਠ ਕੇ ਵੀ ਸਤਿਸੰਗ ਨਹੀਂ ਆਦਮੀ ਕਰਦਾ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਇਸ ਤਰ੍ਹਾਂ ਮਹਾਰਾਜ ਨੇ ਫੁਰਮਾਨ ਕਰਿਐ -

***ਧਾਰਨਾ - ਸਤਿਸੰਗ ਨਾ ਮਿਲਦਾ ਭਾਗ ਬਿਨਾਂ।***

ਭਾਗ ਤੋਂ ਬਗੈਰ ਸਤਿਸੰਗ 'ਚ ਆ ਕੇ ਵੀ ਆਦਮੀ ਖਾਲੀ ਰਹਿ ਜਾਂਦੈ। ਲੈ ਗਿਆ ਇਹ ਇਸਨੂੰ, ਪਰ ਦਰਸ਼ਨਾਂ ਦਾ ਫਲ ਤਾਂ ਪ੍ਰਾਪਤ ਹੋਣਾ ਹੀ ਹੋਣਾ ਸੀ। ਬਰਫ ਨੂੰ ਚਾਹੇ ਗੁੱਸੇ ਨਾਲ ਹੱਥ ਲਾ ਲਓ, ਚਾਹੇ ਪਿਆਰ ਨਾਲ ਲਾ ਲਓ, ਬਰਫ ਨੇ ਹੱਥ ਤਾਂ ਠੰਢਾ ਕਰਨਾ ਹੀ ਕਰਨਾ ਹੈ।

ਸੋ ਸਤਿਸੰਗ ਕਰਿਆ, ਚਿੱਤ ਲੱਗਿਆ ਨਾ। ਘਰ ਆ ਕੇ ਪੁੱਛਿਆ ਕਿ ਕਿਵੇਂ ਹੈ। ਕਹਿੰਦਾ, ਲਗਦਾ ਤਾਂ ਸੋਹਣਾ ਹੈ। ਗੱਲਾਂ ਤਾਂ ਸੋਹਣੀਆਂ ਕਹਿੰਦੇ ਨੇ। ਅੰਦਰ ਨਾ ਕੋਈ ਅਸਰ ਹੋਇਆ। ਦੂਸਰੇ ਦਿਨ ਫੇਰ ਲੈ ਗਿਆ। ਦੂਸਰੇ ਦਿਨ ਮਨ ਦੇ ਅੰਦਰ ਵਿਕਾਰ ਪੈਦਾ ਹੋ ਗਏ। ਜਿਸ ਰਸਤੇ ਜਾਂਦੇ ਸੀ, ਉਥੇ ਇਕ ਮਾੜੀ ਬਸਤੀ ਸੀ। ਜਦੋਂ ਉਹਦੇ ਕੋਲ ਦੀ ਲੰਘਿਆ ਤਾਂ ਵਿਕਾਰ ਪੈਦਾ ਹੋ ਗਏ, ਐਨੇ ਜ਼ਬਰਦਸਤ ਹੋ ਗਏ ਕਿ ਕਹਿਣ ਲੱਗਿਆ ਕਿ ਮੈਨੂੰ ਅੱਜ ਤਾਂ ਹੈਗਾ ਕੰਮ ਤੇ ਅੱਜ ਤਾਂ ਨਹੀਂ ਮੈਂ ਜਾਂਦਾ। ਕੱਲ੍ਹ ਤੋਂ ਤੇਰੇ ਨਾਲ ਚੱਲਿਆ ਕਰੂੰ। ਪਰ ਇਸ ਤਰ੍ਹਾਂ ਕਰੀਂ ਆਪਾਂ ਇਕੱਠੇ ਆਏ ਹਾਂ, ਇਕੱਠੇ ਮੁੜਨੈਂ। ਜੇ ਤਾਂ ਤੂੰ ਪਹਿਲਾਂ ਆ ਗਿਆ ਤਾਂ ਤੂੰ ਬੋਹੜ ਦੇ ਦਰਖਤ ਥੱਲੇ ਬਹਿ ਜਾਈਂ। ਜੇ ਮੈਂ ਆ ਗਿਆ ਤਾਂ ਮੈਂ ਤੇਰਾ ਇੰਤਜ਼ਾਰ ਕਰੀ ਜਾਵਾਂਗਾ। ਉਸੇ ਤਰ੍ਹਾਂ ਹੋਇਆ, ਉਹ ਪ੍ਰੇਮੀ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਚਲਿਆ ਗਿਆ। ਇਹ ਜਿਹੜਾ ਸੀ ਇਹ ਵਿਕਾਰ ਕਰਨ ਵਾਸਤੇ ਮਾੜੀ ਬਸਤੀ 'ਚ ਚਲਿਆ ਗਿਆ। ਅੱਗੇ ਗਿਆ ਤਾਂ ਉਹਦਾ ਘਰ ਬੰਦ ਸੀ, ਉਹ ਕਿਤੇ ਗਈ ਹੋਈ ਸੀ। ਇਹ ਛੇਤੀ ਦੇ ਕੇ ਆ ਕੇ ਬੋਹੜ ਦੀਆਂ ਜੜ੍ਹਾਂ 'ਚ ਬੈਠ ਕੇ ਉਡੀਕਣ ਲਗ ਗਿਆ। ਕਾਫੀ ਦੇਰ ਉਡੀਕਦਾ ਰਿਹਾ, ਬਾਰਿਸ਼ ਹੋਈ-ਹੋਈ ਸੀ, ਜ਼ਮੀਨ

ਨਰਮ ਹੋਈ-ਹੋਈ ਸੀ, ਐਵੇਂ ਇਕ ਡੱਕਾ ਚੁੱਕ ਲਿਆ ਤਿੱਖਾ ਜਿਹਾ ਤੇ ਜ਼ਮੀਨ ਫਰੋਲਣ ਲਗ ਗਿਆ। ਫਰੋਲਦੇ-ਫਰੋਲਦੇ ਮਿੱਟੀ ਕੱਢਣ ਲੱਗ ਗਿਆ। ਥੋੜ੍ਹਾ ਜਿਹਾ ਜਦੋਂ ਗਹਿਰਾ ਫਰੋਲਿਆ ਉਹਦੇ ਵਿਚੋਂ ਇਕ ਗਾਗਰ ਨਿਕਲ ਆਈ। ਬੜਾ ਖੁਸ਼ ਹੋਇਆ ਕਿ ਗਾਗਰ ਹੈ, ਹੌਲੀ-ਹੌਲੀ ਕੱਢ ਲਈ, ਕੀ ਦੇਖਦੈ ਗਾਗਰ ਨੂੰ ਪਲਟਾ ਦੇ ਦਿਤਾ, ਸਾਰੀ ਗਾਗਰ ਕੋਲਿਆਂ ਨਾਲ ਭਰੀ ਹੋਈ ਹੈ। ਇਕ ਮੋਹਰ ਉਹਦੇ ਵਿਚ ਪਈ ਹੈ। ਖੁਸ਼ ਹੋ ਗਿਆ ਕਿ ਆਪਾਂ ਨੂੰ ਗਾਗਰ ਵੀ ਮਿਲ ਗਈ ਤੇ ਮੋਹਰ ਵੀ ਮਿਲ ਗਈ। ਇਧਰਲੇ ਪਾਸੇ ਜਦੋਂ ਉਹ ਗੁਰਸਿੱਖ ਆਇਆ ਤਾਂ ਉਹ ਲੰਗ ਮਾਰਦਾ ਤੁਰਿਆ ਆਉਂਦੈ। ਪੈਰ ਬੰਨ੍ਹਿਆ ਹੋਇਐ। ਕਹਿਣ ਲੱਗਿਆ ਕੀ ਗੱਲ ਤੂੰ ਲੰਗ ਮਾਰਦੈ ਤੇ ਮੈਂ ਖੁਸ਼ ਬੈਠਾਂ। ਤੂੰ ਆਇਐਂ ਸਤਿਸੰਗ 'ਚੋਂ, ਮੈਂ ਆਇਆ ਮਾੜੇ ਥਾਉਂ ਤੋਂ। ਹੁਣ ਤੂੰ ਆਪੇ ਹੀ ਦਸ ਕਿ ਸਤਿਸੰਗ ਚੰਗੈ ਕਿ ਮੇਰੇ ਵਾਲਾ ਰਸਤਾ ਚੰਗੈ?

ਉਹ ਕਹਿਣ ਲੱਗਿਆ, ਭਰਾਵਾ! ਮੇਰੇ ਕੰਡਾ ਲੱਗਿਐ ਕਰੌਂਦੇ ਦਾ। ਉਹਦਾ ਦਰਦ ਹੈ, ਹਟ ਜਾਏਗਾ। ਪਰ ਸਤਿਸੰਗ ਚੰਗੀ ਚੀਜ਼ ਹੈ। ਤੇਰਾ ਰਸਤਾ, ਇਹ ਤਾਂ ਕਦਾਚਿਤ ਚੰਗੀ ਚੀਜ਼ ਨਹੀਂ, ਇਹ ਤਾਂ ਮਾੜੀ ਹੈ, ਜਿਸਨੂੰ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- 315*

ਕਹਿਣ ਲੱਗਿਆ, ਪ੍ਰੇਮੀਆਂ! ਮਾੜੇ ਕੰਮ ਤਾਂ ਕਦੇ ਵੀ ਚੰਗੇ ਨਹੀਂ ਹੁੰਦੇ। ਜਦੋਂ ਦਰਗਾਹ 'ਚ ਜਾ ਕੇ ਲੇਖਾ ਦੇਣਾ ਪੈਂਦੈ। ਮੇਰੇ ਸਤਿਗੁਰੂ ਕਹਿੰਦੇ ਨੇ ਕਿ ਘਾਣੀ ਦੇ ਵਿਚ ਪੀੜ ਦਿੰਦੇ ਨੇ। ਕਹਿਣ ਲੱਗਿਆ, ਦਰਗਾਹ ਦੀ ਗੱਲ ਤਾਂ ਛੱਡ, ਮੈਂ ਤਾਂ ਹੁਣ ਦੀ ਗੱਲ ਕਰਦਾਂ। ਪ੍ਰਤੱਖ ਬਾਤ ਮੈਂ ਕਰ ਰਿਹਾਂ, ਤੇਰੇ ਕੰਡਾ ਲੱਗਿਐ, ਤੇ ਮੈਨੂੰ ਮੋਹਰ ਮਿਲ ਗਈ। ਮੈਂ ਮਾੜੇ ਕੰਮ ਵਾਸਤੇ ਆਇਆਂ, ਤੂੰ ਚੰਗੇ ਵਾਸਤੇ ਆਇਐਂ।

ਉਹ ਕਹਿਣ ਲੱਗਿਆ, ਮੈਂ ਤਾਂ ਨਹੀਂ ਇਸ ਬਾਰੇ ਕੁਛ ਜਾਣਦਾ, ਤੂੰ ਮੇਰੇ ਸਤਿਗੁਰੂ ਕੋਲ ਚੱਲ।

ਤ੍ਰਿਕਾਲਦਰਸ਼ੀ ਨੇ ਤੈਨੂੰ ਦਿਖਾ ਦੇਣਗੇ ਅੱਖਾਂ ਨਾਲ ਕਿ ਕੀ ਭਾਣਾ ਵਰਤਿਐ। ਮਹਾਰਾਜ ਦੇ ਪਾਸ ਚਲੇ ਗਏ, ਮਹਾਰਾਜ ਨੇ ਕਿਹਾ ਕਿ ਕੀ ਗੱਲ ਭਾਈ, ਤੁਸੀਂ ਮੁੜ ਆਏ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਸਭ ਕੁਛ ਜਾਣੀ ਜਾਣ ਹੋਂ।

ਆਹ ਮੇਰਾ ਮਿੱਤਰ ਹੈ। ਇਹ ਮੈਂ ਸਤਿਸੰਗ 'ਚ ਇਕ ਦਿਨ ਲਿਆਂਦਾ ਸੀ। ਅੱਜ ਆਇਆ ਤਾਂ ਇਹ ਮਾੜੇ ਕੰਮ ਨੂੰ ਚਲਿਆ ਗਿਆ। ਜਦੋਂ ਮੈਂ ਵਾਪਸ ਆ ਰਿਹਾ ਸੀ ਮੇਰੇ ਕੰਡਾ ਲੱਗਿਆ। ਇਹ ਮੈਨੂੰ ਕਹਿੰਦੈ ਕਿ ਤੇਰੇ ਤਾਂ ਕੰਡਾ ਲੱਗਿਆ, ਤੇ ਮੈਨੂੰ ਮੋਹਰ ਮਿਲ ਗਈ, ਗਾਗਰ ਸੀ ਕੋਲਿਆਂ ਦੀ ਭਰੀ ਹੋਈ ਉਹਦੇ ਵਿਚ ਇਕ ਮੋਹਰ ਪਈ ਸੀ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਪਿਛਲੇ ਜਨਮ ਦਾ ਕੁਛ ਹਾਲ ਜਾਣਦੈਂ।

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਆਹ ਦਿਖਾਈਏ ਤੈਨੂੰ। ਮਹਾਰਾਜ ਨੇ ਦਿਖਾਇਆ ਕਿ ਵੱਡਾ ਦਾਤਾ ਸੀ, ਦਾਨ ਕਰਿਆ ਸੀ। ਕਿਸੇ ਸਾਧੂ, ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਮੋਹਰ ਦਾਨ ਕਰੀ ਸੀ। ਕਹਿੰਦੇ, ਤੈਨੂੰ ਆਹ ਮੋਹਰਾਂ ਦੀ ਭਰੀ ਗਾਗਰ ਹੁਣ ਮਿਲਣੀ ਸੀ ਅੱਜ, ਜੇ ਤੂੰ ਅੱਜ ਸਤਿਸੰਗ 'ਚ ਆ ਜਾਂਦਾ। ਇਹ ਤਿਆਰ ਹੋ ਗਈ ਸੀ ਤੈਨੂੰ ਮਿਲਣ ਵਾਸਤੇ, ਤੈਨੂੰ ਭਰੀ ਹੋਈ ਗਾਗਰ ਮਿਲਣੀ ਸੀ ਮੋਹਰਾਂ ਦੀ ਇਸ ਜਨਮ 'ਚ। ਪਰ ਤੂੰ ਵਿਕਾਰਾਂ ਦੀ ਅੱਗ ਵਿਚ ਫੂਕ ਕੇ ਪੁੰਨਾਂ ਨੂੰ ਕੋਲੇ ਬਣਾ ਦਿਤਾ। ਆਹ ਇਕ ਬਚਦੀ ਸੀ ਤੇਰੀ, ਕੱਲ੍ਹ ਤੂੰ ਸਤਿਸੰਗ 'ਚ ਆਇਆ ਸੀ। ਉਹ ਇਹ ਮੋਹਰ ਹੈ ਤੇਰੀ, ਜਿਹੜਾ ਮੂਲ ਸੀ ਤੇਰਾ, ਨਹੀਂ ਤਾਂ ਇਹ ਵੀ ਕੋਲਾ ਬਣ ਜਾਣਾ ਸੀ। ਆਹ ਪ੍ਰੇਮੀ ਜਿਹਨੂੰ ਤੂੰ ਤਾਅਨਾ ਮਾਰਦੈਂ ਕਹਿੰਦੇ, ਪਿਛਲੇ ਜਨਮ 'ਚ ਇਹਦਾ ਇਕ ਐਸਾ ਕਰਮ ਕੀਤਾ ਹੋਇਆ ਸੀ ਕਿ ਇਸ ਨੂੰ ਸੂਲੀ ਮਿਲਣੀ ਸੀ। ਸਤਿਸੰਗ 'ਚ ਆ ਗਿਆ, ਸੂਲੀ ਦੀ ਸੂਲ ਬਣਾ ਦਿਤੀ, ਪ੍ਰਮੇਸ਼ਰ ਨੇ। ਸੋ ਕੰਮ ਨੇਕ ਕਰਿਆ। ਮਹਾਰਾਜ ਕਹਿੰਦੇ ਜੋ ਵੀ ਕਰੋ, ਸੋਚ ਕੇ ਕਰੋ, ਐਹੋ ਜਿਹਾ ਕੰਮ ਨਾ ਕਰੋ ਜਿਹਦੇ ਨਾਲ ਸਾਨੂੰ ਪਛਤਾਉਣਾ ਪੈ ਜਾਵੇ। ਸੋ ਇਹ ਜੋ ਮਹੀਨਾ ਹੈ ਕੱਤਕ ਦਾ, ਇਹਦਾ ਜੋ ਉਪਦੇਸ਼ ਸਾਨੂੰ ਮਹਾਰਾਜ ਜੀ ਨੇ ਦਿੱਤੈ, ਉਹ ਪਹਿਲਾ ਉਪਦੇਸ਼ ਕਰਮਾਂ ਦਾ ਹੈ। ਦੂਸਰਾ ਹੈ ਕਿ ਆਦਮੀ ਰੋਗੀ ਕਿਉਂ ਹੋ ਜਾਂਦੈ, ਕਿਉਂ ਆਦਮੀ ਜ਼ਿੰਦਗੀ ਭਰ ਦੁਖੀ ਰਹਿੰਦੈ, ਹਉਕੇ ਹਾਵੇ ਕਿਉਂ ਲੈਂਦੈ? ਮਹਾਰਾਜ ਕਹਿੰਦੇ ਉਹਦਾ ਕਾਰਣ ਹੈ ਕਿ ਉਹ ਆਪਣੇ ਵਾਅਦੇ ਤੋਂ ਮੁਕਰਿਆ ਹੋਇਐ। ਮਿਲਣਾ ਤਾਂ ਇਹਨੂੰ ਸੁਖ ਸੀ ਲੇਕਿਨ ਇਹ ਵਾਇਦਾ ਫਰਾਮੋਸ਼ ਹੈ। ਇਹ ਉਰਦੂ ਦਾ ਸ਼ਬਦ ਹੈ ਵਾਇਦਾ ਕਰਕੇ ਮੁਕਰਨ ਵਾਲਾ। ਜਿਸ ਵਕਤ ਇਹ ਮਾਂ ਦੇ ਪੇਟ ਵਿਚ ਸੀ, ਉਸ ਵੇਲੇ ਇਹਦੀ ਅਵਸਥਾ ਜਿਹੜੀ ਸੀ ਬੜੀ ਖਤਰਨਾਕ ਸੀ। ਹੁਣ ਤਾਂ ਤਸਵੀਰਾਂ 'ਚ, ਟੈਲੀਵੀਜ਼ਨਾਂ 'ਚ ਦਿਖਾ ਦਿੰਦੇ ਨੇ, ਅੱਖਾਂ ਨਾਲ ਅਸੀਂ ਦੇਖ ਲੈਂਦੇ ਹਾਂ। ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਦਾ ਫੁਰਮਾਨ ਕਰਦੇ ਨੇ –

***ਧਾਰਨਾ– ਜਦੋਂ ਪੁੱਠਾ ਲਮਕਦਾ ਸੀ,***
***ਉਹ ਦਿਨ ਭੁੱਲ ਗਿਆ–2***

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥*
*ਨਾਨਕ ਸੋ ਧਣੀ ਕਿਉ ਵਿਸਾਰਿਓ*
*ਉਧਰਹਿ ਜਿਸ ਦੈ ਨਾਇ ॥* *ਅੰਗ- 706*

ਮਹਾਰਾਜ ਕਹਿੰਦੇ, ਉਸ ਵੇਲੇ ਪੁੱਠਾ ਲਟਕ ਰਿਹਾ ਸੀ। ਨਾ ਹੱਥ ਹਿਲਦੇ ਸੀ, ਨਾ ਪੈਰ ਹਿਲਦੇ ਸੀ। ਇਹਦੀ ਸੁਰਤ ਸੁਖਮਨਾ ਨਾੜੀ 'ਚ ਸੀ ਉਸ ਵੇਲੇ। ਸਾਡੇ ਤਿੰਨ ਨਾੜੀਆਂ ਨੇ - ਇੜਾ, ਪਿੰਗਲਾ, ਸੁਖਮਨਾ। ਵੈਸੇ ਸਾਡੇ ਸਰੀਰ ਦੇ ਵਿਚ 72 ਕਰੋੜ, 72 ਲੱਖ, 72 ਹਜ਼ਾਰ, 200 ਬਲੱਡ ਚੈਨਲ ਹੈ। ਜਿਨ੍ਹਾਂ ਵਿਚੋਂ 20,000 ਨਾੜੀ ਜਿਹੜੀ ਹੈ ਉਹ ਦਿਖਦੀ ਹੈ, ਇਨ੍ਹਾਂ ਦੇ ਵਿਚੋਂ 20 ਨਾੜੀਆਂ ਨੇ ਜਿਹੜੀਆਂ ਮੁੱਖ ਨੇ, ਜਿਹੜੀਆਂ ਰੀੜ ਦੀ ਹੱਡੀ 'ਚੋਂ ਨਿਕਲਦੀਆਂ ਨੇ ਤੇ ਥਾਂ ਪਰ ਥਾਂ ਸ਼ਕਤੀਆਂ ਦਿੰਦੀਆਂ ਨੇ। ਜੇ ਰੀੜ ਦੀ ਹੱਡੀ 'ਚ ਕੋਈ ਨੁਕਸ ਪੈ ਜਾਵੇ, ਲੱਤਾਂ ਖੜ੍ਹ ਜਾਂਦੀਆਂ ਨੇ, ਪੈਰ ਨਹੀਂ ਚਲਦੇ, ਆਦਮੀ ਕੁਛ ਵੀ ਨਹੀਂ ਕਰ ਸਕਦਾ, ਕਿਉਂਕਿ ਉਹ ਨਾੜੀ ਜਿਹੜੀ ਸੀ ਉਹ ਕੰਮ ਕਰਨ ਤੋਂ ਹਟ ਗਈ। ਉਹਦੇ 'ਚ ਇਲੈਕਟ੍ਰਾਨਿਕਸ ਹੁੰਦੀਆਂ ਨੇ। ਸੋ ਇਹਦੇ ਵਿਚ ਤਿੰਨ ਮੁੱਖ ਨਾੜੀਆਂ ਨੇ। ਵਿਚਕਾਰਲੀ ਸੁਖਮਨਾ ਹੈ ਤੇ ਆਲੇ-ਦੁਆਲੇ ਦੀ ਇੜਾ ਤੇ ਪਿੰਗਲਾ ਹੈ। ਸੁਖਮਨਾ ਦੇ ਮੂੰਹ ਦੇ ਉਤੇ ਇਕ ਹੋਰ ਨਾੜੀ ਲੱਗੀ ਹੋਈ ਹੈ ਉਹਨੇ ਮੂੰਹ ਬੰਦ ਕਰਿਆ ਹੋਇਐ ਇਹਦਾ, ਉਹਨੂੰ ਭੁਚੰਗਾ ਨਾੜੀ ਕਹਿੰਦੇ ਨੇ। ਭੁਚੰਗਾ ਨਾੜੀ ਦੇ ਮੂੰਹ ਵਿਚ ਇਲੈਕਟ੍ਰਾਨਿਕਸ ਦਾ ਭੰਡਾਰ ਹੈ, ਜੇ ਕਿਤੇ ਉਹਨੂੰ ਜਗਾ ਲਵੇ, ਉਹਨੂੰ ਕੁੰਡਲਨੀ ਕਹਿੰਦੇ ਨੇ। ਜੇ ਜਾਗ ਪਵੇ ਤਾਂ ਇਥੇ ਬੈਠੇ ਹੀ ਅਸੀਂ ਦੇਖ ਸਕਦੇ ਹਾਂ ਕਿ ਅਮਰੀਕਾ 'ਚ ਕੀ ਹੁੰਦੈ, ਇੰਗਲੈਂਡ 'ਚ ਕੀ ਹੁੰਦੈ, ਬੰਦਾ ਆਇਐ, ਕੀ ਕਹਿਣਾ ਚਾਹੁੰਦੈ? ਸਾਰੀਆਂ ਸ਼ਕਤੀਆਂ ਆ ਜਾਂਦੀਆਂ ਨੇ, ਉਡਣ ਦੀ ਵੀ ਸ਼ਕਤੀ ਆ ਜਾਂਦੀ ਹੈ ਕਿ ਉਡ ਜਾਵੇ ਆਦਮੀ। ਲੇਕਿਨ ਮਹਾਰਾਜ ਨੇ ਇਸ ਲਈ ਮਨ੍ਹਾ ਕਰ ਦਿਤਾ ਕਿ ਕਾਹਨੂੰ ਖਪਣੈ, ਕੀ ਲੈਣੈ ਇਨ੍ਹਾਂ ਗੱਲਾਂ 'ਚੋਂ -

*ਨਾਟਕ ਚੇਟਕ ਕੀਏ ਕੁਕਾਜਾ*
*ਪ੍ਰਭ ਲੋਗਨ ਕਹ ਆਵਤ ਲਾਜਾ॥* *ਬਚਿਤ੍ਰ ਨਾਟਕ ਪਾ: 10*

ਉਹ ਨਾੜੀ ਜਿਹੜੀ ਹੈ ਸੁਖਮਨਾ ਨਾੜੀ, ਉਹਦੇ 'ਚ ਸੁਰਤ ਹੁੰਦੀ ਹੈ ਉਸ ਵੇਲੇ। ਉਹ ਸੁਰਤ ਦਸਦੀ ਹੈ ਕਿ ਸੌ ਜਨਮ ਤੱਕ ਤੂੰ ਕਿਹੋ ਜਿਹਾ ਸੀਗਾ, ਉਹ ਜਦੋਂ ਜਨਮ ਦੇਖਦੈ ਤਾਂ ਉਹਨੂੰ ਖਿਆਲ ਆਉਂਦੈ ਕਿ ਮੈਂ ਪ੍ਰਮੇਸ਼ਰ ਨੂੰ ਭੁੱਲਿਆ ਰਹਿਆ, ਮਨੁੱਖ ਬਣਿਆ, ਜੀਵ-ਜੰਤੂ ਬਣਿਆ, ਬੜੇ ਦੁੱਖ ਸਹਾਰੇ ਤੇ ਮੈਂ ਪ੍ਰਮੇਸ਼ਰ ਨੂੰ ਭੁੱਲਿਆ ਰਿਹਾ, ਉਥੇ ਕੀ ਹੁੰਦੈ, ਨਾਮ ਦੀ ਧੁਨ ਸੁਣਦੀ ਹੈ, ਮਾਤਾ ਦੇ ਪੇਟ 'ਚ। ਉਸ ਧੁਨ ਦੀ ਐਨੀ ਮਨਮੋਹਣੀ ਆਵਾਜ਼ ਹੈ ਕਿ ਇਹਨੂੰ ਦੁਖ ਦਾ ਪਤਾ ਨਹੀਂ ਲਗਦਾ, ਸਮਾਧੀ ਲਗ ਜਾਂਦੀ ਹੈ ਇਹਦੇ 'ਚ। ਮਹਾਰਾਜ ਕਹਿੰਦੇ, ਨਾਮ ਦੇ ਆਸਰੇ ਤੂੰ ਰਹਿੰਦਾ ਸੀ।

*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ - 251*

ਤੂੰ ਸਵਾਸ-ਸਵਾਸ ਨਾਮ ਜਪਦਾ ਸੀ। ਤੇਰੇ ਅੰਦਰ ਨਾਮ ਦੀ ਧੁਨ ਗੂੰਜ ਰਹੀ ਸੀ ਤੇ ਤੈਨੂੰ ਸੌ ਜਨਮ ਦਾ ਗਿਆਨ ਸੀ। ਉਸ ਵੇਲੇ ਤੂੰ ਇਕ ਬੇਨਤੀ ਕਰਦਾ ਸੀ ਹੇ ਪ੍ਰਭੂ! ਮੇਰੇ 'ਤੇ ਕ੍ਰਿਪਾ ਕਰ, ਮੈਂ ਪੈਦਾ ਹੋਣ ਤੋਂ ਲੈ ਕੇ ਜਦੋਂ ਤੱਕ ਮੇਰਾ ਸਮਾਂ ਖਤਮ ਨਹੀਂ ਹੁੰਦਾ, ਉਸ ਵੇਲੇ ਤਕ ਮੈਂ ਤੇਰਾ ਨਾਮ ਹੀ ਜਪੀ ਜਾਵਾਂਗਾ।

*ਧਾਰਨਾ - ਜੀ ਮੈਂ ਨਾਮ ਜਪਾਂਗਾ ਤੇਰਾ,*
*ਇਥੋਂ ਮੈਨੂੰ ਕੱਢ ਮਾਲਕਾ।*

ਹੇ ਪ੍ਰਭੂ! ਮੈਂ ਸਵਾਸ-ਸਵਾਸ ਤੇਰਾ ਨਾਮ ਜਪਾਂਗਾ, ਕ੍ਰਿਪਾ ਕਰ, ਇਸ ਅੰਧ ਕੂਪ ਤੋਂ ਮੈਨੂੰ ਬਾਹਰ ਕੱਢ। ਬਾਰ-ਬਾਰ ਅਰਦਾਸਾਂ ਕਰਦੈ, ਮਹਾਰਾਜ ਕਹਿੰਦੇ ਨਾਲ ਸਿਮਰਨ ਵਿਚ ਰਹਿੰਦਾ ਸੀ। ਸਾਇੰਸ ਵਾਲਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਲੱਗਿਆ। ਲੇਕਿਨ ਹੁਣ ਪਤਾ ਲਗ ਗਿਆ। ਕਿਉਂਕਿ ਐਸੀਆਂ ਚੀਜ਼ਾਂ ਆ ਗਈਆਂ ਜਿਹਦੇ ਨਾਲ ਬੱਚੇ ਨੂੰ ਪੜ੍ਹ ਲੈਂਦੇ ਨੇ ਕਿ ਕੀ ਖਿਆਲ ਹੈ ਇਹਦਾ, ਕੀ ਸੋਚ ਰਿਹੈ। ਸੋ ਆਵਾਜ਼ ਆਉਂਦੀ ਹੈ ਕਿ ਐ ਜੀਵ! ਤੂੰ ਇਕ ਵਾਰੀ ਨਹੀਂ, ਬਹੁਤ ਵਾਰੀ ਮਾਤਾ ਦੇ ਪੇਟ 'ਚ ਆਇਐਂ ਤੇ ਮੈਂ ਤੈਨੂੰ ਜਿਉਂਦਾ ਰੱਖਣ ਵਾਸਤੇ ਆਪਣੇ ਨਾਮ ਦੀ ਧੁਨ ਤੈਨੂੰ ਸੁਣਾਈ ਹੈ। ਜਿਹੜੇ ਸਾਧੂ ਮਹਾਂਪੁਰਸ਼ ਬੰਦਗੀ ਕਰਦੇ ਨੇ, ਉਨ੍ਹਾਂ ਨੂੰ ਸੁਣਦੀ ਹੈ ਬਾਹਰ ਤੇ। ਤੂੰ ਉਸ ਨਾਮ ਦਾ ਅਨੰਦ ਮਾਣ ਰਿਹੈਂ ਤੇ ਤੂੰ ਬੇਇਤਬਾਰਾ ਹੈਂ, ਜਿਸ ਵਕਤ ਇਥੋਂ ਨਿਕਲਿਆ ਤੂੰ ਭੁੱਲ ਜਾਣੈ।

ਕਹਿੰਦਾ, ਨਹੀਂ ਮਹਾਰਾਜ! ਹੁਣ ਨਹੀਂ ਭੁੱਲਦਾ। ਅੱਗੇ ਭੁੱਲਦਾ ਰਿਹਾਂ।

ਕਹਿੰਦੇ, ਨਹੀਂ ਤੂੰ ਹਰ ਵਾਰੀ ਭੁੱਲਦੈਂ।

ਚੰਗਾ ਕੋਈ ਇਕ ਵੀ ਜਣਾ ਤੇਰੀ ਹਾਮੀ ਭਰ ਦੇਵੇ, ਉਹਦੀ ਹਾਮੀ 'ਤੇ ਮੈਂ ਤੈਨੂੰ ਛੱਡ ਦੇਵਾਂਗਾ।

ਕਹਿਣ ਲੱਗਿਆ, ਮਹਾਰਾਜ! ਇਥੇ ਤਾਂ ਕੋਈ ਹੈ ਨਹੀਂ। ਕਹਿੰਦੇ, ਪੰਜ ਤੱਤ ਹੈਗੇ ਤੇਰੇ ਨਾਲ। ਇਨ੍ਹਾਂ ਦੇ ਅਭਿਮਾਨੀ ਦੇਵਤਿਆਂ ਨੂੰ ਬੁਲਾ ਲੈ। ਮਿੱਟੀ ਨੂੰ ਬੁਲਾਇਆ, ਉਹ ਕਹਿੰਦੀ ਮੇਰਾ ਤੇਰਾ ਕੀ ਸਬੰਧ, ਮੈਂ ਤਾਂ ਤੇਰੇ ਕੱਪੜਿਆਂ 'ਤੇ ਉਡ ਕੇ ਥੋੜ੍ਹਾ ਜਿਹਾ ਪੈ ਗਈ, ਤੂੰ ਨੱਠਿਆ ਹੀ ਫਿਰੇਂਗਾ। ਮੈਨੂੰ ਤਾਂ ਪਸੰਦ ਹੀ ਨਹੀਂ ਕਰਨਾ ਤੂੰ।

ਅਗਨ ਦੇਵਤੇ ਨੂੰ ਬੁਲਾਇਆ, ਕਹਿਣ ਲੱਗਿਆ ਤੂੰ ਤੇਰੇ ਨਾਲ ਤਾਂ ਮੇਰਾ ਸਬੰਧ ਨੀਂ ਕੋਈ, ਮੈਂ ਤੇਰੇ ਨੇੜੇ ਆਵਾਂਗਾ ਤੂੰ ਜਲ ਜਾਣੈ। ਮੈਨੂੰ ਦੂਰ ਹੀ ਰੱਖਣੈ ਤੂੰ। ਪਵਨ ਨੂੰ ਬੁਲਾਇਆ, ਉਹਨੇ ਵੀ ਜਵਾਬ ਦੇ ਦਿਤਾ।

ਅਕਾਸ਼ ਕਹਿਣ ਲੱਗਿਆ, ਮੇਰਾ ਤਾਂ ਵਜੂਦ ਹੀ ਕੋਈ ਨਹੀਂ ਤੂੰ ਮੇਰਾ ਕਿੱਥੋਂ ਕਹਿਣਾ ਮੰਨਣੈ। ਪਾਣੀ ਰਹਿ ਗਿਆ, ਪਾਣੀ ਕਹਿਣ ਲੱਗਿਆ, ਦੇਖ ਬਈ! ਤੇਰੀ ਜਮਾਨਤ ਨਹੀਂ ਦਿਤੀ ਜਾ ਸਕਦੀ ਕਿਉਂਕਿ ਤੂੰ ਝੂਠਾ ਹੈਂ, ਵਾਇਦਾ ਕਰਕੇ ਮੁਕਰਦੈਂ, ਸਾਨੂੰ ਸ਼ਰਮਿੰਦਾ ਨਾ ਕਰ। ਬਾਰ-ਬਾਰ ਬੇਨਤੀਆਂ ਕਰੀਆਂ, ਕਹਿਣ ਲੱਗਿਆ, ਮੈਨੂੰ ਤਰਸ ਆਉਂਦੈ ਤੇਰੀ ਬੇਵਸੀ 'ਤੇ। ਮੈਂ ਜਮਾਨਤ ਤਾਂ ਦੇ ਦਿੰਦਾ, ਪਰ ਸ਼ਰਤੀਆ ਹੋਏਗੀ। ਪੁੱਛ ਲੈ ਪ੍ਰਭੂ ਨੂੰ? ਫੇਰ ਬੇਨਤੀ ਕਰੀ ਕਿ ਹੇ ਪ੍ਰਭੂ! ਮੇਰੀ ਕੋਈ ਨਹੀਂ ਜਮਾਨਤ ਦੇਣ ਵਾਲਾ, ਸ਼ਰਤ ਨਾਲ ਲਾ ਕੇ ਜ਼ਮਾਨਤ ਦਿੰਦੇ ਨੇ।

ਕਹਿੰਦੇ, ਅੱਛਾ ਲਿਆਓ। ਪਵਨ ਦੇਵਤੇ ਨੂੰ ਹਾਜ਼ਰ ਕਰਿਆ, ਪ੍ਰਭੂ ਕਹਿੰਦੇ ਕਿਉਂ ਬਈ! ਇਹਦੀ ਜ਼ਮਾਨਤ ਦਿੰਦੈਂ?

ਕਹਿੰਦਾ, ਮਹਾਰਾਜ! ਇਹ ਹੈ ਤਾਂ ਬੇਇਤਬਾਰਾ, ਫੇਰ ਕਹਿੰਦੇ, ਤੂੰ ਕਿਉਂ ਫਸਦੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸ਼ਰਤ ਰੱਖ ਕੇ ਜਵਾਬ ਦਿੰਦਾ, ਜਦੋਂ ਇਹ ਇਸ਼ਨਾਨ ਕਰਨ ਵਾਸਤੇ, ਮੱਘ ਭਰ ਕੇ ਸਰੀਰ 'ਤੇ ਪਾਏਗਾ, ਇਕ ਵਾਰੀ ਮੈਂ ਇਹਦੇ ਮੂੰਹ 'ਚੋਂ ਅੱਲਾਹ, ਰਾਮ, ਵਾਹਿਗੁਰੂ ਕਹਾ ਦੇਵਾਂਗਾ। ਅਗਾਂਹਾਂ ਇਹ ਜਾਣੇ ਇਹਦਾ ਕੰਮ ਜਾਣੇ।

ਕਹਿਣ ਲੱਗਿਆ, ਨਹੀਂ ਮਹਾਰਾਜ! ਮੈਂ ਤਾਂ ਹਮੇਸ਼ਾ ਹੀ ਨਾਮ ਜਪਾਂਗਾ।

ਮਹਾਰਾਜ ਕਹਿੰਦੇ ਦੇਖ! ਜੇ ਤੂੰ ਹਮੇਸ਼ਾ ਨਾਮ ਜਪੇਂ, 24 ਘੰਟੇ ਨਾਮ ਜਪੇਂ, 24 ਘੰਟੇ ਬੰਦਗੀ ਕਰਨ ਵਾਲਾ ਮੈਨੂੰ ਬਹੁਤ ਪਿਆਰਾ ਲਗਦੈ ਤੇ ਪਤਾ ਫੇਰ ਮੈਂ ਕੀ ਕਰਦਾਂ। ਮੈਂ ਆਪ ਉਹਦੇ ਸਾਰੇ ਕੰਮ ਕਰਦਾ ਫਿਰਦਾਂ। ਉਹਨੂੰ ਫੁਰਨਾ ਆ ਜਾਵੇ ਮਾੜਾ ਜਿਹਾ, ਮੈਂ ਹੀ ਕੰਮ ਕਰਦਾ ਫਿਰਾਂਗਾ ਸਾਰੇ। ਤੈਨੂੰ ਕੁਛ ਕਰਨ ਦੀ ਲੋੜ ਨਹੀਂ ਹੈ, ਸਾਰੇ ਕੰਮ ਤੇਰੇ ਮੈਂ ਆਪ ਕਰਾਂਗਾ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥*** ***ਅੰਗ - 638***

ਵਾਹਿਗੁਰੂ ਆਪ ਕੰਮ ਕਰਦੈ ਉਨ੍ਹਾਂ ਦੇ ਜਿਹੜੇ ਬੰਦਗੀ ਕਰਦੇ ਨੇ। ਕਹਿੰਦੇ, ਜੇ ਫੇਰ ਤੂੰ ਢਾਈ ਘੰਟੇ ਨਾਮ ਜਪ ਲਵੇਂ, 24 ਘੰਟੇ ਦਾ ਦਿਨ ਹੁੰਦੈ, 24 ਹਜ਼ਾਰ ਸਵਾਸ ਹੁੰਦੇ ਨੇ ਤੇ ਢਾਈ ਹਜ਼ਾਰ ਸਵਾਸ ਜੇ ਤੂੰ ਮੇਰੇ ਲੇਖੇ ਲਾ ਦੇਵੇਂ, ਦਸਵਾਂ ਹਿੱਸਾ ਤਾਂ ਮੈਂ ਤੈਨੂੰ ਉੱਤਮ ਪਦਵੀ ਦੇ ਦੇਵਾਂਗਾ, ਜੇ ਤੂੰ ਜ਼ਿੰਦਗੀ ਭਰ ਨਿਭਾ ਦੇਵੇਂ ਢਾਈ ਘੰਟੇ। ਮੈਨੂੰ ਓਹੀ ਪ੍ਰਵਾਨ ਹੈਂ ਤੂੰ।

ਬੜੇ ਵਾਇਦੇ ਕਰੇ ਕਿ ਮਹਾਰਾਜ ਮੈਂ ਤਾਂ 24 ਘੰਟੇ ਜਪਾਂਗਾ ਨਾਮ।

ਕਹਿੰਦੇ, 24? ਮਾੜਾ ਜਿਹਾ ਸੁਖਾਲਾ ਹੋਣ ਦੀ ਲੋੜ ਹੈ, ਤੂੰ ਉਸੇ

ਵੇਲੇ ਭੁੱਲ ਜਾਨੈ। ਹੋਇਆ ਕੀ, ਪ੍ਰਮੇਸ਼ਰ ਨੇ ਕ੍ਰਿਪਾ ਕਰੀ, ਜਨਮ ਹੋ ਗਿਆ –

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*

*ਅੰਗ- 921*

ਮਾਇਆ ਨੇ ਆਪਣਾ ਜਾਲ ਵਿਛਾ ਲਿਆ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਲਿਵ ਛੁਟਗੀ ਤ੍ਰਿਸ਼ਨਾ ਦਾ ਰੋਗ ਲਗਿਆ,*
*ਮਾਇਆ ਵਾਲਾ ਜਾਲ ਪੈ ਗਿਆ।*

ਲਿਵ ਟੁੱਟ ਗਈ ਤੇ ਤ੍ਰਿਸ਼ਨਾ ਦਾ ਰੋਗ ਲਗ ਗਿਆ। ਤ੍ਰਿਸ਼ਨਾ ਦੇ ਰੋਗ ਨੇ ਕੀ ਕਰਿਆ –

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*

*ਅੰਗ- 919*

ਗੁਰੂ ਮਹਾਰਾਜ ਗੁਰੂ ਨੌਂਵੇਂ ਪਾਤਸ਼ਾਹ ਦੇ ਪਾਸ ਬੇਨਤੀ ਕੀਤੀ ਸੰਗਤ ਨੇ ਕਿ ਸੱਚੇ ਪਾਤਸ਼ਾਹ! ਅਸੀਂ ਆਪ ਦੇ ਉਪਦੇਸ਼ ਸਾਰੇ ਸੁਣਦੇ ਹਾਂ। ਦੂਰ-ਦੂਰ ਤੋਂ ਚੱਲ ਕੇ ਆਉਂਦੇ ਹਾਂ। ਜਦੋਂ ਤਾਂ ਉਪਦੇਸ਼ ਸੁਣਦੇ ਹਾਂ ਉਸ ਵੇਲੇ ਤਾਂ ਜੀਅ ਕਰਦੈ ਕਿ ਅਸੀਂ ਹੁਣ ਨਾਮ ਜਪਣ ਤੋਂ ਹਟਣਾ ਹੀ ਨਹੀਂ ਹੈ।

ਸੱਚੇ ਪਾਤਸ਼ਾਹ! ਥੋੜ੍ਹੀ ਦੇਰ ਤੋਂ ਬਾਅਦ ਨਾ ਚਿੱਤ ਨਾ ਚੇਤੇ, ਭੁੱਲ ਜਾਂਦੈ ਰੱਬ। ਭੁੱਲ ਜਾਂਦੇ ਨੇ ਤੁਹਾਡੇ ਉਪਦੇਸ਼। ਕਾਰਨ ਕੀ ਹੈ?

ਮਹਾਰਾਜ ਕਹਿੰਦੇ, ਪਿਆਰਿਓ! ਕਾਰਨ ਤਾਂ ਸਿੱਧਾ ਹੀ ਹੈ। ਇਹਦੇ 'ਚ ਕੋਈ ਵੱਡੀ ਗੱਲ ਤਾਂ ਹੈ ਨਹੀਂ। ਕਾਰਨ ਇਹ ਹੈ ਕਿ ਇਹਨੂੰ ਇਹ ਨਹੀਂ ਪਤਾ ਕਿ ਮੈਂ ਸੰਸਾਰ ਤੋਂ ਚਲੇ ਜਾਨੈ। ਨਾ ਜਾਣਨ ਕਰਕੇ ਇਹ ਅਗਾਂਹਾਂ ਦਾ ਪਾਸਾ ਦੇਖਦਾ ਨਹੀਂ। ਉਥੇ ਹੀ ਫਸਿਆ ਪਿਐ। ਜਿਹੜੇ ਉਪਦੇਸ਼ ਨੇ, ਜਦੋਂ ਅਸੀਂ ਦਿੰਦੇ ਹਾਂ। ਕੰਨਾਂ ਨਾਲ ਸੁਣ ਲੈਂਦੈ ਤੇ ਹਿਰਦੇ ਵਿਚ ਧਾਰਨ ਨਹੀਂ ਕਰਦਾ। ਕਮਾਈ ਨਹੀਂ ਕਰਦਾ। ਕਿਉਂਕਿ ਇਹਦੇ ਮਨ ਵਿਚ ਪੱਕਾ ਵਿਸ਼ਵਾਸ਼ ਨਹੀਂ ਹੈ ਕਿ ਮੈਂ ਸੰਸਾਰ ਤੋਂ ਜਾਨੈ। ਜੇ ਪੱਕਾ ਵਿਸ਼ਵਾਸ਼ ਹੋਵੇ ਕਿ ਮੈਂ ਚਲਿਆ ਜਾਨੈ –

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥*

*ਅੰਗ- 787*

ਉਹ ਕਿਉਂ ਝਗੜੇ ਪਾਉਣ ਲੋਕਾਂ ਦੇ ਨਾਲ, ਕਿਉਂ ਵਿਸਥਾਰ ਕਰਨ

ਕਿ ਚਲੇ ਤਾਂ ਜਾਣੈ ਇਥੋਂ, ਉਹ ਕੰਮ ਕਰੀਏ ਜਿਹੜਾ ਸਾਡਾ ਅਗਾਂਹਾਂ ਜਾ ਕੇ ਸਹਾਈ ਬਣ ਜਾਵੇ-

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- 264*

ਕਿਉਂਕਿ ਇਹ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਆਇਐ। ਪ੍ਰਮੇਸ਼ਰ ਦਾ ਨਾਮ ਪਿਆਰਾ ਹੈ। ਨਾਮ ਜਪ ਕੇ ਇਹਦੇ ਬੰਧਨ ਕਟਦੇ ਨੇ। ਨਾਮ ਜਪਣ ਤੋਂ ਬਾਅਦ ਇਹ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੋ ਜਾਂਦੈ। ਐਨੇ ਫਾਇਦੇ ਹੁੰਦੇ ਹੋਏ ਵੀ ਇਸ ਗੱਲ ਦਾ ਅਸਰ ਇਸ ਉਪਰ ਤਾਂ ਨਹੀਂ ਹੁੰਦਾ ਪਿਆਰਿਓ ਕਿ ਇਹ ਸੰਸਾਰ ਵਿਚ ਕਹਿੰਦੈ ਕਿ ਮੈਂ ਤਾਂ ਰਹਿਣੈ ਬਾਕੀ ਸਾਰਿਆਂ ਨੇ ਇਥੋਂ ਚਲੇ ਜਾਣੈ-

*ਧਾਰਨਾ - ਨਹੀਂਓਂ ਮਰਣ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ 1 ॥*
*ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ- 726*

ਉਪਦੇਸ਼ ਦਿੰਦੇ ਨੇ ਕਿ ਪਿਆਰਿਆ! ਤੂੰ ਆਇਆ ਤਾਂ ਨਮ ਜਪਣ ਵਾਸਤੇ ਸੀ। ਮਾਤਾ ਦੇ ਪੇਟ ਵਿਚ ਤੂੰ ਵਾਇਦਾ ਕਰਿਆ ਸੀ ਲੇਕਿਨ ਹੋਇਆ ਕੀ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*

*ਅੰਗ- 921*

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*

***ਛਿਵੈ ਕਾਮੁ ਨ ਪੁਛੈ ਜਾਤਿ ॥***
***ਸਤਵੈ ਸੰਜਿ ਕੀਆ ਘਰ ਵਾਸੁ ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥***
***ਨਾਵੈ ਧਉਲੇ ਉਭੇ ਸਾਹ ॥***
***ਦਸਵੈ ਦਧਾ ਹੋਆ ਸੁਆਹ ॥*** ***ਅੰਗ - 137***

ਸੁਆਹ ਮੁੜ ਕੇ ਫੇਰ ਬਣ ਗਿਆ, ਲੇਕਿਨ ਇਨ੍ਹਾਂ ਚੀਜ਼ਾਂ ਦੇ ਵਿਚ ਫਸ ਗਿਆ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*** ***ਅੰਗ - 267***

ਉਪਦੇਸ਼ ਹੁੰਦੈ ਕਿ- ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਫੁੱਟੇ ਹੋਏ ਘੜੇ 'ਚੋਂ ਪਾਣੀ ਮੁੱਕ ਜਾਂਦੈ। ਇਸ ਤਰ੍ਹਾਂ ਤੇਰੀ ਉਮਰ ਲੰਘਦੀ ਜਾ ਰਹੀ ਹੈ। ਫੇਰ ਮਹਾਰਾਜ ਕਹਿੰਦੇ, ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥'*** ਐਨਾ ਅਗਿਆਨੀ ਹੈਂ ਤੂੰ ਮੂਰਖ ਹੈਂ। ਉਹ ਪ੍ਰਮੇਸ਼ਰ ਦੇ ਗੁਣ ਜਿਨ੍ਹਾਂ ਨੇ ਜਾ ਕੇ ਦਰਗਾਹ 'ਚ ਸਹਾਇਤਾ ਕਰਨੀ ਹੈ, ਉਸ ਬਾਰੇ ਤੂੰ ਚੁੱਪ ਕਰਿਆ ਹੋਇਐਂ, ਗਲਤ ਗੱਲਾਂ ਕਰਨ ਵਾਸਤੇ ਤੂੰ ਮੂੰਹ ਖੋਲ੍ਹ ਲੈਂਨੈ। ਉਸ ਵੇਲੇ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦੀਆਂ ਗੱਲਾਂ ਕਰਨੀਆਂ ਹੋਣ, ਸਭ ਤੋਂ ਮੂਹਰੇ ਹੋ ਕੇ ਕਰੇਂਗਾ। ਜੇ ਸ਼ਬਦ ਪੜ੍ਹਨੈ ਤਾਂ ਕਹਿੰਦੇ, ਇਸ ਤਰ੍ਹਾਂ ਲੱਗੇਗਾ ਕਿ ਪਤਾ ਨਹੀਂ ਗੂੰਗਾ ਹੀ ਹੈ ਇਹ। ਮਹਾਰਾਜ ਫੇਰ ਕਹਿੰਦੇ - ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥'*** ਝੂਠੇ ਲਾਲਚਾਂ 'ਚ ਪੈ ਗਿਆ, ਮੇਰਾ ਆਹ ਬਣ ਜਾਏ, ਮੇਰਾ ਆਹ ਬਣ ਜਾਏ। ਮੇਰੇ ਮੁੰਡੇ ਦਾ ਹੁਣ ਬਣ ਜਾਵੇ, ਮੇਰੇ ਪੋਤੇ ਦਾ ਬਣ ਜਾਵੇ। ਨਾ ਕਦੇ ਪੋਤੇ ਨੂੰ ਮਿਲਣੈ ਆ ਕੇ, ਨਾ ਮੁੰਡੇ ਨੂੰ ਮਿਲਣੈ। ਨਾ ਉਹ ਚੀਜ਼ਾਂ ਦੇਖਣੀਆਂ ਨੇ ਜਿਹੜੀਆਂ ਦੂਸਰੇ ਤੋਂ ਖੋਹ-ਖੋਹ ਕੇ, ਧੋਖੇ ਦੇ-ਦੇ ਕੇ ਬਣਾਈਆਂ ਨੇ। ਇਹਦੀ ਥਾਂ 'ਤੇ ਜੇ ਤੂੰ ਨਾਮ ਜਪ ਲੈਂਦਾ-

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥*** ***ਅੰਗ- 283***

ਸੰਤਾਂ ਦੀ ਸੰਗਤ 'ਚ ਆ ਕੇ ਨਾਮ ਦੀ ਕਮਾਈ ਕਰ,

***ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ - 283***

ਬਾਕੀ ਵਿਹੁ ਦੇ ਜਿੰਨੇ ਕੰਮ ਨੇ, ਵਿਹੁ ਦੇ ਭਰੇ ਹੋਏ, ਨਰਕਾਂ 'ਚ ਲਿਜਾਉਣ ਵਾਲੇ ਉਹ ਛੱਡ ਦੇ। ਜਦੋਂ ਜਾਏਂਗਾ ਸੰਸਾਰ ਤੋਂ ਇਥੇ ਵੀ ਧੰਨ-ਧੰਨ ਹੋਏਗੀ, ਦਰਗਾਹ 'ਚ ਵੀ ਧੰਨ-ਧੰਨ ਹੋਏਗੀ।

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - 283***
***ਕਬੀਰ ਜਾ ਤੂ ਜਨਮਿਆ ਜਗਤ ਮਹਿ***
***ਜਗ ਹਸੈ ਤੂ ਰੋਇ।***
***ਐਸੀ ਕਰਨੀ ਕਰ ਚਲਹੁ ਪਿਆਰੇ***
***ਤੂੰ ਹਸਹਿ ਜਗ ਰੋਇ।***

ਸੋ ਇਸ ਤਰ੍ਹਾਂ ਨਾਮ ਜਪਣ ਵਾਸਤੇ ਆਏ ਸੀ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - 12***

ਵਾਰੀ ਆ ਗਈ ਸੀ ਆਪਣੀ, ਹੁਣ ਵੀ ਵਾਰੀ ਹੈ। ਹੁਣ ਕਿਉਂ ਘਬਰਾਉਂਦੈ, ਅਜੇ ਸਮਾਂ ਹੈ ਤੇਰਾ। ਕਹਿੰਦਾ, ਮੈਂ ਤਾਂ ਹੋ ਗਿਆ ਜੀ 70 ਸਾਲ ਦਾ। ਕਹਿੰਦੇ, ਠੀਕ ਹੈ, ਗੱਲ ਔਖੀ ਬਹੁਤ ਹੈ। ਪਰ ਜੇ ਤੇਰਾ ਇਰਾਦਾ ਹੋ ਜਾਵੇ ਫੇਰ ਕੁਛ ਨੀਂ ਹੈ ਔਖੀ। ਕਿਉਂਕਿ ਔਖੀ ਤਾਂ ਹੈ groove ਪੈ ਗਏ, ਮੌਕਲੇ ਹੋ ਗਏ ਰਾਈਫਲ 'ਚ ਪਏ ਹੁੰਦੇ ਨੇ। ਖੂਹ 'ਚ ਪਏ ਹੁੰਦੇ ਨੇ ਗਰੂਵ, ਜਿਹਨੂੰ ਘਾਸਾ ਕਹਿੰਦੇ ਨੇ। ਪੁਰਾਣੇ ਜ਼ਮਾਨਿਆਂ 'ਚ ਡੋਲ ਖਿੱਚਦੇ ਹੁੰਦੇ ਸੀ, ਕਈ ਥਾਂ 'ਤੇ ਭੌਣੀਆਂ ਲਾਈਆਂ ਹੁੰਦੀਆਂ, ਕਈ ਕਾਹਲੇ ਬੰਦੇ, ਭੌਣੀ ਦੀ ਵਾਰੀ ਨਹੀਂ ਸੀ ਆਉਂਦੀ। ਉਹ ਖੂਹ ਦੀਆਂ ਜਿਹੜੀਆਂ ਇੱਟਾਂ ਹੁੰਦੀਆਂ, ਉਹਦੇ ਵਿਚ ਘਾਸੇ ਪਾ ਲੈਂਦੇ ਸੀ, ਇਹਨੂੰ ਗਰੂਵ ਕਹਿੰਦੇ ਨੇ। ਜੇ ਕੋਈ ਕਹੇ ਮੇਰੀ ਲੱਜ ਨਾ ਘਸ ਜਾਵੇ, ਉਪਰ ਉਹਦੇ ਕੱਢਣ ਲੱਗੇ, ਉਹ ਫੇਰ ਥੱਲੇ ਚਲੀ ਜਾਂਦੀ ਹੈ। ਇਹ ਤਾਂ ਹੈਗੀਆਂ ਗੱਲਾਂ, ਠੀਕ ਨੇ। ਕਿਉਂਕਿ -

***ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥***
***ਬਹੁਤੁ ਪਏ ਅਸਗਾਹ ........॥ ਅੰਗ - 145***

ਮਨ ਦੀਆਂ ਮੱਤਾਂ ਖਿੰਡ ਗਈਆਂ, ਪਰਿਵਾਰ ਫੈਲ ਗਿਆ, ਕਿਧਰੇ ਧੀ ਹੈ, ਕਿਧਰੇ ਦੋਹਤੇ ਨੇ, ਦੋਹਤੀਆਂ ਨੇ, ਕਿਤੇ ਪੋਤੇ-ਪੋਤੀਆਂ ਨੇ, ਕਿਤੇ ਭਰਾ ਦੇ ਟੱਬਰ ਨੇ, ਕਿਤੇ ਰੌਲੇ ਪਏ ਹੋਏ ਨੇ ਜਾਇਦਾਦਾਂ ਦੇ, ਖਿੰਡ ਗਿਆ ਬਹੁਤ ਜ਼ਿਆਦਾ। ਬਚਪਨ 'ਚ ਨਹੀਂ ਸੀ ਖਿੰਡਿਆ ਹੋਇਆ। ਕਿਸੇ ਚੀਜ਼ ਦੀ ਪਰਵਾਹ ਨਹੀਂ ਸੀ। ਕਹਿੰਦੇ-

***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥***

***ਅੰਗ - 145***

ਪਰ ਮਹਾਰਾਜ ਕਹਿੰਦੇ, ਜੇ ਤੂੰ ਇਰਾਦਾ ਕਰ ਲਵੇਂ ਨਾ, ਕਹਿ ਦੇਵੇਂ ਕਿ ਮੈਂ ਜਿਹੜੀਆਂ ਗਲਤੀਆਂ ਕਰ ਲਈਆਂ, ਜਿੰਨਾਂ ਭੁੱਲਣਾ ਸੀ ਭੁੱਲ ਗਿਆ, ਹੁਣ ਤਾਂ ਮੈਂ ਸਵਾਸ-ਸਵਾਸ ਨਾਮ ਜਪਣੈ। ਕਹਿੰਦੇ, ਫੇਰ ਹਾਲੇ ਵੀ ਕੁਛ ਨਹੀਂ ਵਿਗੜਿਆ। ***'ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ '***

ਗੁਰੂ ਅਮਰਦਾਸ ਮਹਾਰਾਜ ਕਿਹੜੇ ਸਮੇਂ ਆਏ ਸੀਗੇ ਸੰਗਤ 'ਚ? 71 ਸਾਲ ਦੇ ਹੋ ਚੁੱਕੇ ਸੀ। ਕਿੱਡੀ ਪਦਵੀ ਪ੍ਰਾਪਤ ਕਰੀ, ਸਤਿਗੁਰੂ ਬਣ ਗਏ, ਵਾਹਿਗੁਰੂ ਬਣ ਗਏ ਆਪ ਹੀ। ਸੋ ਮਹਾਰਾਜ ਕਹਿੰਦੇ, ਅਜੇ ਵਿਗੜਿਆ ਕੁਛ ਨਹੀਂ ਤੇਰਾ। ਆਖਰੀ ਸਵਾਸ ਤਾਈਂ ਨੀਂ ਵਿਗੜਿਆ।

ਕਹਿੰਦੇ, ਇਥੇ ਵੀ ਉਧਾਰ ਹੋ ਜਾਂਦੈ?

ਮਹਾਰਾਜ ਕਹਿੰਦੇ ਹਾਂ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥*** ***ਅਕਾਲ ਉਸਤਤ***

ਕਿੰਨੀ ਵੱਡੀ ਰਿਆਇਤ ਹੈ ਇਕ ਚਿੱਤ ਹੋ ਕੇ, ਇਕ ਮਨ ਹੋ ਕੇ ਜੇ ਧਿਆ ਲਵੇ ਵਾਹਿਗੁਰੂ ਨੂੰ ਕਹਿੰਦੇ ਉਹਦਾ ਨਤੀਜਾ ਕੀ ਹੁੰਦੈ - 'ਕਾਲ ਫਾਸ ਕੇ ਬੀਚ ਨ ਆਇਓ।' ਗਲ ਦੇ ਵਿਚ ਜਮਾਂ ਦੀ ਫਾਸੀ ਪਈ ਹੋਵੇ ਤੇ ਦੂਜੇ ਪਾਸੇ ਉਹਦੇ ਮੁਖ ਤੋਂ ਆ ਜਾਵੇ, ਵਾਹਿਗੁਰੂ, ਰਾਮ, ਅੱਲਾਹ, ਨਰਾਇਣ, ਗੋਬਿੰਦ, ਧਿਆਨ ਚਲਿਆ ਜਾਵੇ ਪ੍ਰਮੇਸ਼ਰ 'ਚ। ਹੁੰਦਾ ਕੀ ਹੈ? ਕਹਿੰਦੇ ਉਹ ਕੱਟ ਜਾਂਦੀ ਹੈ ਉਸੇ ਵੇਲੇ। ਜਮਦੂਤ ਖੜ੍ਹੇ ਹੀ ਝਾਕਦੇ ਨੇ। ਮਹਾਰਾਜ ਬੜੀਆਂ ਮਿਸਾਲਾਂ ਦਿੰਦੇ ਨੇ, ਅਜਾਮਲ ਦੀ ਵੀ ਦਿੰਦੇ ਨੇ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***

***ਅੰਗ - 902***

ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ, ਮਹਾਤਮਾ ਨੇ ਦਇਆ ਕਰਕੇ ਪੁੱਤਰ ਦਾ ਨਾਉਂ ਨਰਾਇਣ ਰਖ ਦਿਤਾ। ਕਹਿੰਦੇ, ਇਹਨੂੰ ਜ਼ਿਆਦਾ ਪਿਆਰ ਕਰੀਂ। ਪੜ੍ਹਿਆ ਹੋਇਆ ਬਹੁਤ ਸੀਗਾ, ਲੇਕਿਨ ਪਾਪਾਂ 'ਚ ਪ੍ਰਵਿਰਤ ਸੀ। ਨਾਸਤਕ ਸੀਗਾ। ਜਦੋਂ ਅੰਤ ਕਾਲ ਆਇਆ, ਜਮਦੂਤਾਂ ਨੂੰ ਦੇਖ ਕੇ ਡਰ ਗਿਆ -

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣ ਬੋਲੈ ਛਹਿਆ।***

***ਭਾਈ ਗੁਰਦਾਸ ਜੀ, ਵਾਰ 10/20***

ਹਾਕ ਤਾਂ ਮਾਰੀ ਸੀ ਪੁੱਤਰ ਨੂੰ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ– 981*
*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਅੰਗ – 981*

ਪੁੱਤਰ ਨੂੰ ਅਵਾਜ਼ ਮਾਰਦੇ–ਮਾਰਦੇ ਰੱਬ ਵਲ ਨੂੰ ਸੁਰਤ ਚਲੀ ਗਈ। ਓਨੇ ਚਿਰ 'ਚ ਕੀ ਹੋਇਆ –

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ– 981*

ਇਕ ਚੁਟਕੀ ਜਿੰਨਾਂ ਜਾਂ ਦੋ ਚੁਟਕੀਆਂ ਜਿੰਨਾਂ ਸਮਾਂ ਲਾ ਲਓ, ਐਨਾ ਟਾਈਮ ਉਹਦੀ ਰੱਬ ਵਲ ਨੂੰ ਚਲੀ ਗਈ ਸੁਰਤ। ਐਨੀ ਕੁ ਭਾਵਨੀ ਜਿਹੜੀ ਸੀ, ਰੱਬ ਨੇ ਕਿਹਾ ਕਿ ਮੈਨੂੰ ਹਾਕ ਮਾਰੀ ਹੈ। ਹੋਰ ਤਾਂ ਦੇਰ ਲਾ ਦਿੰਦੇ ਨੇ, ਨਾ ਭਾਈ ਪਹੁੰਚ ਸਕਣ, ਨਾ ਮਾਂ, ਨਾ ਪਿਓ, ਕੋਈ ਨਹੀਂ ਪਹੁੰਚ ਸਕਦਾ, ਨਾ ਰਾਜਾ ਪਹੁੰਚ ਸਕੇ। ਕਹਿੰਦੇ ਜੇ ਰੱਬ ਨੂੰ ਹਾਕ ਮਾਰ ਲਈ ਨਾ, ਕਸੂਤਾ ਫਸਿਆ ਹੋਵੇ ਬੰਦਾ, ਰੱਬ ਉਸੇ ਵੇਲੇ ਆ ਜਾਂਦੈ ਲਾਜ ਰੱਖਣ ਵਾਸਤੇ। ਪਰ ਉਹਨੂੰ ਹਾਕ ਨਹੀਂ ਕੋਈ ਮਾਰਦਾ।

ਦਰੋਪਤੀ ਘਿਰ ਜਾਂਦੀ ਹੈ, ਹੁਕਮ ਹੋ ਗਿਆ ਕਿ ਇਹਦੇ ਕੱਪੜੇ ਲਾਹ ਕੇ ਨਗਨ ਕਰ ਦਿਓ ਦਰਬਾਰ 'ਚ। ਬੜੀ ਮਾੜੀ ਸਜ਼ਾ ਹੈ। ਉਹਨੇ ਬੜੇ ਬਚਨ ਕਹੇ, ਕੋਈ ਨਾ ਮਦਦ ਕਰ ਸਕਿਆ –

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।*
*ਭਾਈ ਗੁਰਦਾਸ ਜੀ, ਵਾਰ 10/8*

ਉਹ ਵੀ ਕੁਛ ਨਾ ਕਰ ਸਕੇ। ਐਨੇ ਨੂੰ ਦੁਰਸ਼ਾਸਣ ਨੇ ਝਟਕਾ ਮਾਰਿਆ, ਅੱਧੀ ਧੋਤੀ ਲਹਿ ਗਈ, ਅੱਧੀ ਰਹਿ ਗਈ। ਲੇਕਿਨ ਹੋਇਆ ਕੀ –

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ, ਵਾਰ 10/8*

ਇਕ ਵਾਰੀ ਚੀਕ ਮਾਰੀ, ਹੇ ਪ੍ਰਭੂ! ਹੁਣ ਨਹੀਂ ਮੇਰਾ ਕੋਈ। ਮਹਾਰਾਜ ਕਹਿੰਦੇ, ਹੋਇਆ ਪਤਾ ਕੀ ਫੇਰ?

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥*
*ਅੰਗ – 1008*

ਹੁਣ ਜ਼ਿੰਮੇਵਾਰੀ ਸੀ ਰੱਬ ਦੀ ਜਾਂ ਤਾਂ ਆਵਾਜ਼ ਮਾਰੀ 'ਤੇ ਆਉਂਦਾ ਜਾਂ ਫੇਰ ਨਾ ਆਉਂਦਾ। ਪਰ ਉਹਦਾ ਬਿਰਦ ਹੈ, ਜਿਹੜਾ ਉਹਨੂੰ ਯਾਦ

ਕਰਦੈ, ਉਥੇ ਉਹ ਪਹੁੰਚਦਾ ਹੀ ਪਹੁੰਚਦੈ –

***ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈਂ॥***

***ਅਕਾਲ ਉਸਤਤਿ***

ਹਾਥੀ ਤੇ ਕੀੜੀ ਹਾਕ ਮਾਰਨ ਰੱਬ ਨੂੰ, ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਕੀੜੀ ਦੀ ਪੁਕਾਰ ਪਹਿਲਾਂ ਸੁਣੇਗਾ, ਹਾਥੀ ਦੀ ਚਿੰਗਾੜ ਪਹਿਲਾਂ ਨਹੀਂ ਸੁਣੇਗਾ ਕਿਉਂਕਿ ਹਾਥੀ ਵਿਚ ਜ਼ੋਰ ਹੈ ਬਲ ਹੈ। ਕੀੜੀ ਦੇ ਵਿਚ ਕੁਛ ਵੀ ਨਹੀਂ, ਪੈਰ ਧਰਿਆ ਮਰ ਗਈ। ਇਹ ਤਾਂ ਕੁਛ ਮਾੜਾ ਮੋਟਾ ਸਮਾਂ ਕੱਟ ਹੀ ਜਾਏਗਾ। ਸੋ ਕਹਿੰਦੇ, ਉਹਨੇ ਸੁਣਨੀ ਹੀ ਸੁਣਨੀ ਹੈ ਜੇ ਕੋਈ ਅਵਾਜ਼ ਮਾਰੇ।

ਉਸ ਵੇਲੇ ਅੱਖਾਂ ਮੀਚ ਲਈਆਂ, ਧਿਆਨ ਧਰ ਲਿਆ ਪ੍ਰਮੇਸ਼ਰ ਦਾ ਕ੍ਰਿਸ਼ਨ ਮਹਾਰਾਜ ਦੇ ਰੂਪ 'ਚ ਤੇ ਆਵਾਜ਼ ਮਾਰ ਦਿਤੀ। ਕੀ ਹੋਇਆ ਫੇਰ? ਉਹ ਝਟਕੇ ਮਾਰੀ ਜਾਂਦੈ, ਕੱਪੜਾ ਓਧਰੋਂ ਹੋਰ ਆ ਜਾਂਦੈ। ਗੁਰੂ ਮਹਾਰਾਜ ਨੇ ਲਿਖਿਆ ਹੈ ਕਿ ਸੱਤ ਦਿਨ, ਸੱਤ ਰਾਤਾਂ ਦੋਵੇਂ ਭਰਾ ਲੱਗੇ ਰਹੇ, ਵਾਰੀ-ਵਾਰੀ ਕੱਪੜਾ ਖਿੱਚਣ। ਦੂਤ ਲਾਏ, ਥੱਕ ਗਏ ਸਾਰੇ। ਲੇਕਿਨ ਉਹ ਕੱਪੜਾ ਲਾਹ ਹੀ ਨਾ ਸਕੇ। ਕਿਲਾ ਬਣ ਗਿਆ ਕੱਪੜਿਆਂ ਦਾ –

***ਕਪੜੁ ਕੋਟਿ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***

***ਭਾਈ ਗੁਰਦਾਸ ਜੀ, ਵਾਰ 10/8***

ਐਡੇ ਢੀਠ ਕਿ ਰੱਬ ਦੀ ਰਜ਼ਾ ਨੂੰ ਨਾ ਮੰਨੇ। ਖਿੱਚੀ ਜਾਂਦੇ ਨੇ, ਅਖੀਰ ਦੋਵੇਂ ਭਰਾ ਬੇਹੋਸ਼ ਹੋ ਕੇ ਗਿਰ ਗਏ।

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਹ ਜਾਂਦੀ।***
***ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੀ ਸ਼ਰਮਾਂਦੀ।***
***ਨਾਥ ਅਨਾਥਾਂ ਬਾਣਿ ਧੁਰਾਂਦੀ।***

***ਭਾਈ ਗੁਰਦਾਸ ਜੀ ਵਾਰ, 10/8***

ਘਰ ਆਈ, ਕ੍ਰਿਸ਼ਨ ਮਹਾਰਾਜ ਮਿਲੇ। ਕਹਿਣ ਲੱਗੀ, ਮਹਾਰਾਜ! ਪੈਜ ਰਹਿ ਗਈ। ਨਾਲ ਉਲਾਂਭਾ ਦੇ ਦਿਤਾ। ਕਹਿਣ ਲੱਗੀ, ਤੁਸੀਂ ਵੀ ਬੜੀ ਦੇਰ ਬਾਅਦ ਬਹੁੜੇ ਹੋਂ। ਉਹ ਕਹਿੰਦੇ ਦਰੋਪਤੀ ਯਾਦ ਕਰ, ਮੈਂ ਤਾਂ ਕੱਪੜੇ ਲਈਂ ਖੜ੍ਹਾ ਸੀ ਕਿ ਕੀ ਪਤੈ ਮੈਨੂੰ ਨਾ ਕਿਤੇ ਆਵਾਜ਼ ਮਾਰ ਬੈਠੇ। ਦੇਰ ਨਾ ਹੋ ਜਾਵੇ ਕਿਤੇ ਪੱਤ ਲਹਿ ਜਾਵੇ ਸਭਾ ਦੇ ਵਿਚ। ਮੈਂ ਤਾਂ ਪਹਿਲਾਂ ਹੀ ਕੱਪੜੇ ਲਈਂ ਖੜ੍ਹਾ ਸੀ। ਤੂੰ ਆਵਾਜ਼ ਮਾਰੀ, ਕੱਪੜੇ ਆਉਣੇ ਸ਼ੁਰੂ ਹੋ ਗਏ। ਸੋ ਕਹਿੰਦੇ – 'ਨਾਥ ਅਨਾਥਾਂ ਬਾਣਿ ਧੁਰਾਂਦੀ।'

ਇਹ ਤਾਂ ਧੁਰ ਦੀ ਬਾਣ ਹੈ, ਜਿਹਦਾ ਕੋਈ ਨਾ ਹੋਵੇ, ਉਹਦਾ ਵਾਹਿਗੁਰੂ ਹੋਇਆ ਕਰਦੈ। ਸੋ ਇਹ ਅਜਾਮਲ ਨੇ ਆਵਾਜ਼ ਮਾਰ ਦਿਤੀ।

ਕਿਹਾ ਤਾਂ ਪੁੱਤਰ ਨੂੰ, ਲੇਕਿਨ ਅੱਧੀ ਆਵਾਜ਼ ਰੱਬ ਨੂੰ ਚਲੀ ਗਈ, ਪੁੱਤ ਨੂੰ ਮਾਰੀ ਹੋਈ ਆਵਾਜ਼। ਹੋਇਆ ਕੀ? –

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ– 981*

ਐਨੀ ਅੱਧੀ ਅਵਾਜ਼ ਦੀ ਭਾਵਨੀ ਉਹਦੀ ਰੱਬ ਨੇ ਮੰਨ ਲਈ। ਉਸੇ ਵੇਲੇ ਜਮਗਣ ਨਠਾ ਦਿਤੇ, ਦੇਵਗਣ ਭੇਜ ਦਿਤੇ। ਸਾਰੀ ਦੁਨੀਆਂ 'ਚ ਰੌਲਾ ਪੈ ਗਿਆ। ਕਹਿਣ ਲੱਗੇ, ਮਹਾਰਾਜ! ਇਹ ਕੀ ਇਨਸਾਫ ਹੋਇਆ, ਸਾਰੀ ਜ਼ਿੰਦਗੀ ਦਾ ਪਾਪੀ ਤੇ ਤੁਸੀਂ ਇਹਦਾ ਉਧਾਰ ਕਰ ਦਿਤਾ। ਕਹਿੰਦੇ ਇਹਨੇ ਆਵਾਜ਼ ਮਾਰੀ ਸੀ ਦਿਲ ਨਾਲ। ਮਾਰੀ ਤਾਂ ਪੁੱਤਰ ਨੂੰ ਸੀ ਪਰ ਧਿਆਨ ਮੇਰੇ ਵਲ ਚਲਿਆ ਗਿਆ ਪੁੱਤਰ ਨੂੰ ਮਾਰਦੇ-ਮਾਰਦੇ ਅਵਾਜ਼। ਜਿਹੜਾ ਮੈਨੂੰ ਇਕ ਵਾਰੀ ਵੀ ਯਾਦ ਕਰ ਲਏ, ਉਹਦੇ ਮੈਂ ਕਸ਼ਟ ਨਿਵਾਰ ਦਿੰਨਾਂ, ਇਹ ਮੇਰਾ ਫਰਜ਼ ਹੋਇਆ ਕਰਦੈ –

*ਧਾਰਨਾ – ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,*
*ਸਤਿਨਾਮੁ ਬੋਲ ਵਾਹਿਗੁਰੂ।*

ਇਕ ਚਿਤ ਹੋ ਕੇ, ਇਕ ਚੁਟਕੀ ਜਿੰਨੇ ਟਾਈਮ ਦੇ ਵਿਚ ਜੇ ਰੱਬ ਵੱਲ ਧਿਆਨ ਜਾਵੇ ਤਾਂ ਚੌਰਾਸੀ ਦੇ ਗੇੜੇ ਹੀ ਕੱਟ ਜਾਂਦੇ ਨੇ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ – 902*

ਸੋ ਮਹਾਰਾਜ ਕਹਿੰਦੇ, ਕਿਉਂ ਦਿਲ ਛੱਡ ਦਿਤਾ ਤੂੰ ਪਿਆਰਿਆ – 'ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ' ਭਜਨ ਕਰ, ਜਿਹਦੇ ਵਾਸਤੇ ਤੂੰ ਸੰਸਾਰ 'ਤੇ ਆਇਆ ਸੀ ਤੇ ਤੈਨੂੰ ਬੜੀ ਮੁਸ਼ਕਲ ਦੇ ਨਾਲ ਮਾਨਸ ਜਨਮ ਮਿਲਿਆ ਸੀ। ਆਪਾਂ ਬੇਨਤੀ ਕਰੀ ਸੀ ਹੇ ਪ੍ਰਭੂ! ਜਨਮ ਲੇਖੇ 'ਚ ਲਾ ਲਓ। ਇਹ ਜਨਮ ਅਸੀਂ ਤੇਰੇ ਲੇਖੇ ਦਿੰਦੇ ਹਾਂ, ਬੜੇ ਜਨਮ ਹਾਰ ਗਏ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ – 631*

ਸੋ ਕਹਿੰਦੇ, ਜੇ ਤੂੰ ਹੁਣ ਵੀ ਧਿਆਨ ਦੇਵੇਂ ਤਾਂ ਵੀ ਤੇਰਾ ਕੁਛ ਨਹੀਂ ਵਿਗੜਿਆ। ਅਜੇ ਤਾਂ ਬਥੇਰੇ ਸਵਾਸ ਬਚਦੇ ਨੇ। ਇਨ੍ਹਾਂ ਦੇ ਵਿਚ ਤੂੰ ਧਿਆਨ ਦੇ ਪ੍ਰਮੇਸ਼ਰ ਦਾ। ਦੇਖ, ਇਸ ਜਨਮ ਦਾ ਮੁੱਲ ਨਾ ਕਰੋੜਾਂ ਹੈ, ਨਾ ਅਰਬਾਂ ਹੈ, ਨਾ ਖਰਬਾਂ, ਕੋਈ ਮੁੱਲ ਨਹੀਂ ਇਸਦਾ, ਇਹਦਾ ਪੂਰਾ ਫਾਇਦਾ ਉਠਾ। ਸਤਿਸੰਗ ਕਰ, ਬਹੁਤ ਵੱਡਾ ਤੈਨੂੰ ਫਲ ਪ੍ਰਾਪਤ ਹੋਏਗਾ। ਸੇਵਾ ਕਰ, ਜੇ ਸੇਵਾ ਨਹੀਂ ਕਰਦਾ –

*ਵਿਣੁ ਸੇਵਾ ਧ੍ਰਿਗ ਹਥ ਪੈਰ ਨਿਹਫਲ ਕਰਣੀ।*

*ਭਾਈ ਗੁਰਦਾਸ ਜੀ, ਵਾਰ 27/10*

ਧਿਰਕਾਰ ਹੈ ਤੇਰੇ ਹੱਥਾਂ ਨੂੰ, ਧਿਰਕਾਰ ਹੈ ਪੈਰਾਂ ਨੂੰ। ਸੌ ਵਾਰੀ ਫਿੱਟੇ ਮੂੰਹ, ਕਿਉਂ ਮਹਾਰਾਜ ਨੇ ਐਹੋ ਜਿਹੀ ਸਖਤ ਗੱਲ ਕਹਿ ਦਿਤੀ। ਕਹਿੰਦੇ, ਜੇ ਸੇਵਾ ਕਰੇਂਗਾ ਨਾ ਦਰਗਾਹ 'ਚ ਤੈਨੂੰ ਵਾਸਾ ਮਿਲ ਜੂ। ਤੂੰ ਇਥੇ ਸੇਵਾ ਕਰ ਪ੍ਰਮੇਸ਼ਰ ਦੇ ਨਮਿਤ, ਤੇਰੀ ਸੇਵਾ ਦੇਵੀ ਦੇਵਤੇ ਸਭ ਕਰਨਗੇ। ਸੋ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- 26*

ਸੇਵਾ ਤੇ ਸਿਮਰਨ ਦੋ ਚੀਜ਼ਾਂ ਨੇ। ਸਿਮਰਨ ਪ੍ਰਮੇਸ਼ਰ ਨੂੰ ਯਾਦ ਕਰਨਾ, ਸੇਵਾ ਹੈ ਨਿਸ਼ਕਾਮ ਸੇਵਾ ਕਰਨੀ। ਇਹਦੇ ਵਿਚ ਬਹੁਤ ਵੱਡਾ sphere ਹੈ, ਦਾਇਰਾ ਹੈ ਜਿੱਥੇ ਆਦਮੀ ਦਾ ਕੋਈ ਆਪਣਾ ਹਿਤ ਨਾ ਹੋਵੇ, ਉਥੇ ਸੇਵਾ ਕਰਦੈ। ਉਹ ਸੇਵਾ ਪ੍ਰਵਾਨ ਹੋਇਆ ਕਰਦੀ ਹੈ। ਜਿਹੜਾ ਦਿਖਾ ਕੇ ਸੇਵਾ ਕਰਦੈ, ਹਉਮੈ 'ਚ ਕਰਦੈ, ਉਹ ਪ੍ਰਵਾਨ ਨਹੀਂ ਹੋਇਆ ਕਰਦੀ।

ਸੋ ਤੁਸੀਂ ਪਹਿਲੇ ਦਿਨ ਤੋਂ ਹੀ ਬਹੁਤ ਸੇਵਾ ਕਰਨ ਲੱਗੇ ਹੋਏ ਹੋਂ। ਮਹਾਰਾਜ ਨੇ ਕੋਈ ਐਸੀ ਕ੍ਰਿਪਾ ਕਰ ਦਿਤੀ, ਬੇਅੰਤ ਸਤਿਸੰਗ ਹੋਏ, ਗਿਣਤੀ ਹਜ਼ਾਰਾਂ 'ਚ ਜਾ ਪਹੁੰਚੀ। ਆਪ ਨੇ ਵੀ ਹਜ਼ਾਰਾਂ ਸਤਿਸੰਗ ਸੁਣ ਲਏ। ਉਹਦਾ ਫਲ ਕੀ ਹੋਇਆ, ਪ੍ਰਮੇਸ਼ਰ ਨੇ ਸੇਵਾ ਕਰਨ ਲਾ ਦਿਤਾ ਤੁਹਾਨੂੰ। ਕਿਉਂਕਿ ਸੇਵਾ ਕਰਨੀ ਕਰਾਉਣੀ ਕਿਸੇ ਦੇ ਹੱਥ ਵਿਚ ਨਹੀਂ ਹੁੰਦੀ। ਕਹਿੰਦੇ –

*ਸੋ ਸੇਵਕੁ ਜੋ ਲਾਇਆ ਸੇਵ ॥* *ਅੰਗ- 1159*

ਸੇਵਕ ਓਹੀ ਹੈ ਜਿਹਨੂੰ ਸੇਵਾ ਕਰਨ ਲਾ ਦੇਵੇ। ਮਿਲਦਾ ਕੀ ਹੈ? –

*ਤਿਨ ਹੀ ਪਾਏ ਨਿਰੰਜਨ ਦੇਵ ॥* *ਅੰਗ- 1159*

ਜਿਹੜਾ ਰੱਬ ਪੁੱਠੇ ਲਟਕ-ਲਟਕ ਨਹੀਂ ਮਿਲਦਾ ਸੇਵਾ ਕਰਨ ਨਾਲ ਮਿਲ ਜਾਂਦੈ।

ਇਕ ਕਹਾਣੀ ਆਉਂਦੀ ਹੈ ਇਸਲਾਮ ਦੇ ਇਤਿਹਾਸ 'ਚ ਕਿ ਇਕ ਆਦਮੀ ਉਹਦਾ ਨਾਉਂ ਅਬੂ-ਬਿਨ-ਆਦਮ ਸੀ। ਉਹ ਸੇਵਾ ਕਰਿਆ ਕਰਦਾ ਸੀ। ਪ੍ਰਮੇਸ਼ਰ ਨੂੰ ਯਾਦ ਰੱਖਦਾ ਸੀ, ਨਮਾਜ਼ ਵਗੈਰਾ ਘੱਟ ਪੜ੍ਹਦਾ ਸੀ, ਮਸਜਿਦ 'ਚ ਵੀ ਘੱਟ ਜਾਂਦਾ ਸੀ। ਇਕ ਵਾਰੀ ਹੁਕਮ ਦਿਤਾ ਅੱਲਾਹ ਨੇ ਕਿ ਜਾਹ, ਦੁਨੀਆਂ 'ਚ ਜਾ ਕੇ ਲਿਸਟ ਬਣਾ ਕੇ ਲਿਆ ਜਿਹੜੇ ਮੇਰਾ ਨਾਮ ਜਪਦੇ ਨੇ, ਜਿਨ੍ਹਾਂ ਨੇ ਖਾ-ਪੀ ਕੇ ਹਰਾਮ ਨਹੀਂ ਕੀਤਾ ਤੇ ਉਹ ਪ੍ਰਮੇਸ਼ਰ ਨੂੰ ਯਾਦ ਰਖਦੇ ਨੇ। ਲਿਸਟ ਬਣਾਉਣ ਆ ਗਿਆ। ਕੋਈ ਕਹੇ ਕਿ ਮੈਂ ਸਾਰਾ ਦਿਨ ਕੁਰਾਨ ਸ਼ਰੀਫ ਪੜ੍ਹਦਾ, ਕੋਈ ਕਹੇ ਕਿ ਮੈਂ ਸਾਰਾ

ਦਿਨ ਜ਼ਕਾਤ ਕਰਦਾਂ, ਮੈਂ ਨਮਾਜ਼ਾਂ ਪੜ੍ਹਦਾਂ। ਇਕ ਬੰਦਾ ਇਹਦੇ ਕੋਲ ਆ ਗਿਆ, ਕਹਿਣ ਲੱਗਿਆ ਕਿ ਮੈਂ ਲਿਸਟ ਬਣਾਉਂਦਾ, ਤੂੰ ਵੀ ਦਸਦੇ ਤੂੰ ਕੀ ਕਰਦੈਂ। ਉਹ ਕਹਿਣ ਲੱਗਿਆ ਕਿ ਮੈਂ ਨਮਾਜ਼ਾਂ ਵਗੈਰਾ ਪੜ੍ਹਨ 'ਚ ਤਾਂ ਕੱਚਾ ਹੀ ਹਾਂ, ਮਸਜਿਦ ਵਿਚ ਵੀ ਘੱਟ ਜਾਂਦਾ, ਰੋਜ਼ੇ ਵੀ ਨਹੀਂ ਰੱਖਦਾ। ਉਹ ਕਹਿੰਦਾ ਕਿਉਂ?

ਇਹ ਕਹਿਣ ਲੱਗਿਆ ਕਿ ਕਿਉਂਕਿ ਮੈਨੂੰ ਵਿਹਲ ਨਹੀਂ ਹੈ ਸੇਵਾ 'ਚੋਂ। ਮੈਂ ਬਨੀ ਨਾਉਂ ਇਨਸਾਨ ਹੈ ਜਿਹੜਾ ਇਹਨੂੰ ਰੱਬ ਦਾ ਰੂਪ ਸਮਝ ਕੇ ਇਹਦੀ ਸੇਵਾ ਕਰਦਾਂ। ਇਹਦੇ ਵਾਸਤੇ ਮੈਂ ਲੱਗਿਆ ਰਹਿੰਦਾਂ, ਕਿਤੇ ਮੈਂ ਸਰ੍ਹਾਵਾਂ ਬਣਾ ਰਿਹਾਂ, ਕਿਤੇ ਮੈਂ ਮਦਰੱਸੇ ਬਣਾ ਰਿਹਾਂ, ਕਿਤੇ ਮੈਂ ਹਸਪਤਾਲ ਬਣਾ ਰਿਹਾਂ, ਕਿਤੇ ਮੈਂ ਰਸਤੇ ਸਾਫ ਕਰ ਰਿਹਾਂ, ਕਹਿੰਦੇ ਮੈਨੂੰ ਤਾਂ ਇਹਦੇ ਵਿਚੋਂ ਹੀ ਵਿਹਲ ਨਹੀਂ ਹੈਗਾ।

ਉਹ ਕਹਿੰਦਾ, ਤੂੰ ਬੜਾ ਮਾੜਾ ਆਦਮੀ ਹੈਂ, ਤੇਰਾ ਨਾਉਂ ਤਾਂ ਲਿਖਣਾ ਹੀ ਨਹੀਂ ਚਾਹੀਦਾ।

ਉਹ ਕਹਿੰਦਾ, ਜੇ ਲਿਖਣੈ ਤਾਂ ਜਿੱਥੇ ਕਾਗਜ਼ ਤੇਰਾ ਮੁੱਕਦੈ ਉਥੇ ਲਿਖ ਦੇ। ਉਹ ਜਦੋਂ ਦੂਜੇ ਦਿਨ ਫਰਿਸ਼ਤਾ ਆਇਆ, ਬੜਾ ਹੀ ਖੁਸ਼।

ਕਹਿੰਦੇ ਕੀ ਗੱਲ? ਬਈ ਐਨਾ ਖੁਸ਼ ਹੈਂ?

ਕਹਿੰਦਾ, ਮੈਂ ਤਾਂ ਤੈਨੂੰ ਮੁਬਾਰਕਬਾਦ ਦੇਣ ਆਇਆਂ ਕਿ ਰੱਬ ਨੇ ਤੇਰਾ ਨਾਉਂ ਸਾਰਿਆਂ ਤੋਂ ਉਤੇ ਕਰ ਦਿਤਾ ਕਿਉਂਕਿ ਤੇਰਾ ਜੀਵਨ ਪ੍ਰਮੇਸ਼ਰਮਈ ਹੈ। ਪ੍ਰਮੇਸ਼ਰ ਨੂੰ ਸੇਵਾ ਭਾਉਂਦੀ ਹੈ, ਦੂਜਿਆਂ ਦੀ ਕੀਤੀ ਹੋਈ। ਤੂੰ ਪ੍ਰਮੇਸ਼ਰ ਨੂੰ ਯਾਦ ਰੱਖਦੈਂ। ਉਹ ਅੱਖਰਾਂ ਦੇ ਵਿਚ ਬੰਨ੍ਹਿਆ ਹੋਇਆ ਨਹੀਂ ਹੈ ਕਿ ਅੱਖਰ ਪੜ੍ਹੇ ਤਾਂ ਨਮਾਜ਼ ਬਣਦੀ ਹੈ। ਅੱਖਰ ਪੜ੍ਹੇ ਤਾਂ ਗਾਇਤ੍ਰੀ ਬਣਦੀ ਹੈ। ਉਹ ਦਿਲ ਦੀ ਸੂਈ ਦੇਖਦੈ ਕਿ ਕਿਧਰਲੇ ਪਾਸੇ ਹੈ। ਤੇਰੀ ਸੂਈ ਹਰ ਵਕਤ ਰੱਬ ਨਾਲ ਜੁੜੀ ਰਹਿੰਦੀ ਹੈ, ਨਾਲ ਤੂੰ ਰੱਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕਰਦੈਂ।

ਇਸ ਕਰਕੇ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ ਦੋ ਚੀਜ਼ਾਂ ਬਹੁਤ ਵੱਡੀਆਂ ਗਿਣੀਆਂ ਗਈਆਂ ਨੇ। ਸੇਵਾ ਤੋਂ ਹੀਣ ਜਿਹੜਾ ਪੁਰਸ਼ ਹੈ, ਕਿੰਨਾ ਹੀ ਸੋਹਣਾ ਹੋਵੇ, ਕਿੰਨਾ ਹੀ ਪੈਸੇ ਵਾਲਾ ਹੋਵੇ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ- 253***

ਪ੍ਰੀਤ ਬਿਨਾਂ ਸੇਵਾ ਨਹੀਂ ਹੁੰਦੀ। ਸੋ ਇਸ ਕਰਕੇ ਮਾਨਸ ਜਨਮ ਆਪਾਂ ਨੂੰ ਪ੍ਰਾਪਤ ਹੋਇਐ, ਲੇਖੇ 'ਚ ਲਗ ਜਾਵੇ ਕਿਤੇ ਐਵੇਂ ਹੀ ਨਾ ਲੰਘ ਜਾਵੇ -

*ਧਾਰਨਾ – ਤੇਰਾ ਜਨਮ ਅਮੋਲ*
*ਦੇਖੀਂ ਹਾਰ ਜਾਈਂ ਨਾ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥* *ਅੰਗ- 1366*

ਇਸ ਜਨਮ ਦੇ ਅੰਦਰ ਸਤਿਸੰਗ ਕਰ, ਨਾਮ ਜਪ, ਸੇਵਾ ਕਰ, ਇਹਦਾ ਫਲ ਤੈਨੂੰ ਮਨੁੱਖ ਜਨਮ ਫੇਰ ਪ੍ਰਾਪਤ ਹੋ ਜਾਏਗਾ। ਫੇਰ ਜਿਹੜੀ ਕਮੀ ਹੈ ਫੇਰ ਦੂਰ ਕਰ ਲੈ। ਜਿੰਨੀ ਦੇਰ ਤੱਕ ਪਾਰ ਲੰਘਦਾ ਨਹੀਂ ਆਦਮੀ, ਪ੍ਰਮੇਸ਼ਰ ਬਾਰ-ਬਾਰ ਉਹਨੂੰ ਜਨਮ ਦਿੰਦੈ। ਜਿਹੜਾ ਲਗ ਗਿਆ ਇਕ ਵਾਰੀ ਉਹ ਜੇ ਪੂਰਾ ਨਾ ਹੋਵੇ, ਯੋਗ ਭ੍ਰਿਸ਼ਟ ਕਹਾਉਂਦੈ। ਜੇ ਤਾਂ ਉਹਦੇ ਮਨ ਵਿਚ ਆ ਜਾਵੇ ਕਿ ਜਿੰਨਾਂ ਕੁਛ ਮੈਂ ਕਰਿਐ ਮੈਨੂੰ ਇਹਦਾ ਫਲ ਮਿਲ ਜਾਵੇ, ਫੇਰ ਤਾਂ ਬਹੁਤ ਉਚੇ ਸਵਰਗ 'ਚ ਚਲਿਆ ਜਾਂਦੈ। ਜਿਹਦਾ ਨਾਉਂ ਹੈ ਬ੍ਰਹਮ ਲੋਕ। ਉਥੇ ਖਰਬਾਂ-ਖਰਬਾਂ ਗੁਣਾਂ ਸੁਖ ਇਥੋਂ ਦੇ ਬਾਦਸ਼ਾਹ ਨਾਲੋਂ ਹੁੰਦੈ। ਉਸ ਤੋਂ ਬਾਅਦ ਜਦੋਂ ਲੱਖ-ਦੋ ਲੱਖ ਸਾਲ ਉਥੇ ਰਹਿ ਲਿਆ, ਉਹ ਜਿਹੜਾ ਤਪ ਕੀਤੈ, ਭਜਨ ਕਰਿਐ, ਉਹਦਾ ਫਲ ਥੋੜ੍ਹਾ ਰਹਿ ਜਾਂਦੈ, ਉਹਨੂੰ ਮੁੜ ਕੇ ਫੇਰ ਮਨੁੱਖ ਬਣਾ ਦਿੰਦੇ ਨੇ, ਬਣਾਉਂਦੇ ਇਸ ਵਿਉਂਤ ਨਾਲ ਨੇ ਕਿ ਉਹਨੂੰ ਗੁਰੂ ਵੀ ਮਿਲ ਜਾਵੇ ਤੇ ਸੰਤ ਵੀ ਮਿਲ ਜਾਵੇ। ਕਿਉਂਕਿ ਪਹਿਲਾਂ ਕਰਦਾ ਗਿਐ। ਜੇ ਉਹਦੇ ਮਨ ਵਿਚ ਆ ਜਾਵੇ ਕਿ ਬਣਿਆ ਕੁਛ ਨਹੀਂ ਹੈ ਤੇ ਮੁੜ ਕੇ ਆ ਕੇ ਬਣਾਈਏ, ਫੇਰ ਉਹਨੂੰ ਬਹੁਤ ਉੱਚੇ ਥਾਂ ਜਨਮ ਮਿਲਦੈ, ਜਿੱਥੇ ਪੂਰਨ ਮਹਾਤਮਾ ਦਾ ਮਿਲਾਪ ਹੋ ਜਾਵੇ ਤੇ ਉਹਦੇ ਮਿਲਾਪ ਨਾਲ ਫੇਰ ਉਹ ਲੰਘ ਜਾਇਆ ਕਰਦੈ। ਇਕ ਜਨਮ ਲਗ ਜਾਏ, ਦੋ ਲਗ ਜਾਣ, ਦਸ ਲਗ ਜਾਣ, ਇਹ ਤਾਂ ਆਪਾਂ ਜਿਵੇਂ ਸੌਂ ਜਾਂਦੇ ਹਾਂ, ਫੇਰ ਉੱਠ ਖੜ੍ਹਦੇ ਹਾਂ, ਇਹ ਜਨਮ ਇਵੇਂ-ਜਿਵੇਂ ਹੁੰਦੈ। ਸੌਂ ਗਏ, ਸੌਂ ਕੇ ਉਠ ਗਏ, ਫੇਰ ਉਹੀ ਕੰਮ ਲਗ ਗਏ।

ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) ਕੋਲ ਦੋ ਪ੍ਰੇਮੀ ਆਏ, ਇਕ ਤਾਂ ਸੁਖਦੇਵ ਸਿੰਘ ਹੈ ਅਲਹੋਰਾਂ ਦਾ, ਇਕ ਜਸਵੰਤ ਸਿੰਘ ਹੈ। ਇਹ ਜਦੋਂ ਪਹਿਲੇ ਰਾੜਾ ਸਾਹਿਬ ਅਸੀਂ ਜਾਂਦੇ ਸੀ। ਇਹ ਇੱਕੋ ਕਮਰੇ 'ਚ ਦੋਵੇਂ ਰਹਿੰਦੇ ਸੀ। ਠੰਢ ਸੀਗੀ, ਇਹਨੇ ਢੱਕ ਦੇ ਕੋਲੇ ਲਾ ਕੇ ਅੰਦਰ ਅੰਗੀਠੀ ਭਖਾ ਲਈ। ਗੈਸ ਬਣ ਗਈ ਅੰਦਰ ਕਮਰੇ 'ਚ। ਦੋਵੇਂ ਚੜ੍ਹਾਈ ਕਰ ਗਏ। ਦੋਹਾਂ ਦਾ ਇਕੱਠੇ ਹੀ ਸਸਕਾਰ ਕਰ ਦਿਤਾ।

ਕਾਫੀ ਸਮਾਂ ਜਦੋਂ ਲੰਘ ਗਿਆ, ਦਭਲਾਨ ਮਹਾਰਾਜ ਜੀ ਚਲੇ ਗਏ ਤੇ ਮੈਂ ਇਕ ਦਿਨ ਗਿਆ। ਇਹ ਦੋਵੇਂ ਅੰਦਰ ਬੈਠੇ, ਮੈਨੂੰ ਕਹਿੰਦੇ ਕਿ ਤੂੰ ਪਛਾਣਦੈਂ ਇਨ੍ਹਾਂ ਨੂੰ? ਮੈਂ ਕਿਹਾ ਮਹਾਰਾਜ! ਸਾਡੇ ਕੋਲ ਤਾਂ ਅੱਖ ਨਹੀਂ ਹੈ ਪਛਾਨਣ ਵਾਲੀ। ਉਂਵ ਤਾਂ ਮਹਾਰਾਜ ਜੀ ਨੇ ਕਹਿਣਾ ਨਹੀਂ ਸੀ, ਕੋਈ ਗੱਲ ਸੀ, ਰਮਜ਼ ਸੀ। ਰਮਜ਼ 'ਚ ਉਹ ਬਾਤ ਕਰਿਆ ਕਰਦੇ ਸੀ।

ਕਹਿੰਦੇ ਇਹ ਉਹੀ ਨੇ ਜਿਹੜੇ ਰਾੜਾ ਸਾਹਿਬ ਇਕੱਠੇ ਹੀ ਗੈਸ ਨਾਲ ਚੜ੍ਹਾਈ ਕਰ ਗਏ ਸੀ। ਮੈਂ ਕਿਹਾ, ਮਹਾਰਾਜ! ਨਿਰਣਾ ਕਿਵੇਂ ਹੋਵੇ? ਤੁਹਾਡਾ ਬਚਨ ਤਾਂ ਅਸੀਂ ਮੰਨ ਲੈਂਦੇ ਹਾਂ ਕਿ ਠੀਕ ਹੈ। ਪਰ ਅਗਾਂਹਾਂ ਗੱਲ ਕਰਨੀ ਪੈਂਦੀ ਹੈ, ਫੇਰ ਅਸੀਂ ਨਿਰਣਾ ਕਿਵੇਂ ਕਰੀਏ?

ਕਹਿੰਦੇ, ਅਸੀਂ ਜਿਹੜਾ ਤਰੀਕਾ ਇਹਨਾਂ ਨੂੰ ਦੱਸਿਆ ਸੀ ਨਾਮ ਜਪਣ ਦਾ, ਉਸ ਵੇਲੇ। ਜਦੋਂ ਅਸੀਂ ਇਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਨਾਮ ਜਪਦੇ ਹੁੰਦੇ ਹੋਂ?

ਕਹਿੰਦੇ, ਹਾਂ ਜੀ।

ਕਿਵੇਂ ਜਪਦੇ ਹੁੰਦੇ ਹੋਂ?

ਕਹਿੰਦੇ ਓਹੀ ਦਸ ਦਿਤਾ। ਅਸੀਂ ਕਿਹਾ ਕਿ ਅਜੇ ਯਾਦ ਹੈ ਇਨ੍ਹਾਂ ਦੇ ਅਗਲੇ ਜਨਮ ਵਿਚ ਆ ਕੇ। ਸੋ ਜਨਮ-ਜਨਮ ਦੀ ਕਮਾਈ ਹੁੰਦੀ ਹੈ। ਇਕ ਜਨਮ 'ਚ ਨਹੀਂ ਕੋਈ ਚੜ੍ਹਿਆ ਕਰਦਾ। ਪਹਿਲਾਂ ਬਹੁਤ ਜਨਮ ਲਾਏ ਹੋਏ ਹੁੰਦੇ ਨੇ। ਲਾ ਕੇ ਫੇਰ ਪੂਰਾ ਮਹਾਂਪੁਰਸ਼ ਮਿਲ ਜਾਵੇ। ਪੂਰੀ ਕਮਾਈ ਕਰ ਲਵੇ। ਦੁਨੀਆਂ, ਮਾਇਆ ਤੋਂ ਬਚ ਜਾਵੇ ਫੇਰ ਉਹ ਲੰਘ ਜਾਇਆ ਕਰਦੈ। ਜੇ ਨਾ ਵੀ ਲੰਘੇ, ਤਾਂ ਉਹਨੂੰ ਜਨਮ ਮਿਲ ਜਾਂਦੈ। ਫੇਰ ਜਮਾਂਦਰੂ ਹੀ ਕੋਈ ਮਹਾਂਪੁਰਸ਼ ਮਿਲ ਜਾਂਦੇ ਨੇ। ਇਹ ਤਾਂ ਵਾਹਿਗੁਰੂ ਦਾ ਇੰਤਜ਼ਾਮ ਹੈ।

ਸੋ ਇਸ ਕਰਕੇ ਤੁਸੀਂ ਸਤਿਸੰਗ 'ਚ ਆਉਂਦੇ ਹੋਂ, ਦੂਰ-ਦਰਾਜ਼ ਤੋਂ ਆਉਂਦੇ ਹੋਂ, ਮਹਾਰਾਜ ਦੀ ਤੁਹਾਡੇ ਉਪਰ ਬੜੀ ਕ੍ਰਿਪਾ ਹੈ। ਸੋ ਨਾਮ ਜਪਿਆ ਕਰੋ, ਭਜਨ ਕਰਿਆ ਕਰੋ, ਨਿਤਨੇਮ ਕਰਿਆ ਕਰੋ। ਢਾਈ ਘੰਟੇ ਦਾ ਵਿਧਾਨ ਹੈ ਸਾਡਾ, ਵਾਇਦਾ ਕਰਕੇ ਆਏ ਹਾਂ। ਨਹੀਂ ਤਾਂ ਅਸੀਂ ਚੋਰ ਹਾਂ ਰੱਬ ਦੇ ਜੇ ਢਾਈ ਘੰਟੇ ਨਾਮ ਨਹੀਂ ਜਪਦੇ। ਢਾਈ ਘੰਟੇ ਤਾਂ ਦੇਣੇ ਹੀ ਦੇਣੇ ਨੇ। ਜੇ ਢਾਈ ਤੋਂ ਵਧ ਕਰਦੇ ਹੋਂ, ਓਨਾ ਹੀ ਤੁਹਾਡਾ ਕੰਮ ਰੱਬ ਆਪ ਕਰਨ ਲਗ ਜਾਂਦੈ। ਜੇ 24 ਘੰਟੇ ਕਰਨ ਲਗ ਜਾਓ ਕਿ ਦਿਨ ਰਾਤ ਮੈਂ ਤਾਂ ਇਹੀ ਕੰਮ ਕਰਨੈ। ਫੇਰ ਤੁਹਾਡੇ ਮਨ 'ਚੋਂ ਫੁਰਨਾ ਪੈਦਾ ਹੋਇਆ ਕਿ ਆਹ ਕੰਮ ਕਰਨਾ ਸੀ, ਰੱਬ ਨੇ ਪਹਿਲਾਂ ਹੀ ਕਰਕੇ ਰੱਖ ਦੇਣੈ। ਐਸੀ ਬਾਤ ਨਹੀਂ ਕਿ ਇਹ ਗੱਲ ਮੈਂ ਐਵੇਂ ਹੀ ਕਹਿੰਦਾ। ਦੇਖੀਆਂ ਹੋਈਆਂ ਬਾਤਾਂ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

# 11

## ਭੇਖ ਦਿਖਾਏ ਜਗਤ ਕਉ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- 694*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- 176*
*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*

***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ- 156***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ। ਮਨ ਨੂੰ ਬਾਣੀ ਸੁਣਨ ਵਿਚ ਲਾਓ, ਬੁੱਧੀ ਨੂੰ ਵਿਚਾਰਨ ਵਿਚ ਲਾਓ ਕਿਉਂਕਿ ਤੁਹਾਡਾ ਸਮਾਂ ਬੜਾ ਕੀਮਤੀ ਹੈ। ਇਸ ਨੂੰ ਹੋਰ ਕੀਮਤੀ ਬਣਾਉਣ ਵਾਸਤੇ ਸਾਨੂੰ ਕੁਝ ਅਸੂਲਾਂ ਦੇ ਉਤੇ ਆਪਣੇ ਆਪ ਨੂੰ ਲਿਆਉਣਾ ਪੈਂਦੈ। ਜਦੋਂ ਬਾਣੀ ਦੀ ਵਿਚਾਰ ਕਰਕੇ ਹਿਰਦੇ 'ਚ ਧਾਰਾਂਗੇ। ਉਸ ਵੇਲੇ ਕੁਛ ਰੋਸ਼ਨੀ ਅੰਦਰ ਹੋਏਗੀ। ਜਿੰਨਾਂ ਚਿਰ ਇਹ ਰੁਟੀਨ ਬਣੀ ਹੋਈ ਗੱਲ ਹੈ, ਕਿ ਸ਼ਬਦ ਜਾਣਦੇ ਹਾਂ ਇਹ ਤਾਂ ਬਹੁਤ ਵਾਰੀ ਪੜ੍ਹਿਆ ਹੈ ਅਸੀਂ। ਤੁਕਾਂ ਸਾਨੂੰ ਯਾਦ ਨੇ ਇਹ ਗੱਲ ਹੋਰ ਹੈ। ਉਹ ਗੱਲ ਨਹੀਂ ਬਣਦੀ। ਜਿੱਥੇ ਇਹ ਸ਼ਬਦ ਸਾਨੂੰ ਲਿਜਾਉਣਾ ਚਾਹੁੰਦੈ, ਉਸ ਲਈ ਵਿਚਾਰ ਕਰਨੀ ਪੈਂਦੀ ਹੈ ਸਾਨੂੰ। ਇਹ ਕਿਵੇਂ ਲੇਖੇ 'ਚ ਲਗ ਸਕਦੈ ਵੱਧ ਤੋਂ ਵੱਧ ਸਾਡਾ ਸਮਾਂ। ਬਚਪਨ ਤੋਂ ਅਸੀਂ ਚੱਲੇ ਹੋਏ ਹਾਂ, ਬਾਣੀ ਵੀ ਪੜ੍ਹਦੇ ਹਾਂ, ਸਤਿਸੰਗ ਵੀ ਕਰਦੇ ਹਾਂ। ਇਹ ਹੋਰ ਕਿਸ ਤਰ੍ਹਾਂ ਲੇਖੇ ਵਿਚ ਲਗ ਸਕਦੈ। ਇਹ ਵਿਚਾਰਾਂ ਨੇ ਜੋ ਸਾਨੂੰ ਕਰਨੀਆਂ ਚਾਹੀਦੀਆਂ ਨੇ, ਹਿਰਦੇ 'ਚ ਧਾਰਨੀਆਂ ਚਾਹੀਦੀਆਂ ਨੇ। ਗਾਉਣਾ, ਸੁਣਨਾ ਹੋਰ ਚੀਜ਼ ਹੈ, ਮਹਾਰਾਜ ਨੇ ਇਸ ਨੂੰ ਪ੍ਰਵਾਨ ਨਹੀਂ ਕਰਿਆ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਦਰਜਾ ਰਖਦੀ ਹੈ, ਉਨ੍ਹਾਂ ਨੇ ਫੁਰਮਾਨ ਕੀਤਾ ਹੈ -

***ਗਾਇ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ***
***ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥***

***ਕਬਿੱਤ, ਭਾਈ ਗੁਰਦਾਸ ਜੀ 439***

ਗਾਓ ਤੇ ਸੁਣੋ, ਅੱਖਾਂ ਵੀ ਬੰਦ ਕਰ ਲਓ। ਜਿੰਨਾਂ ਚਿਰ ਰਿਦੇ ਦੇ ਵਿਚ ਨਹੀਂ ਵਸਦਾ, ਓਨੀਂ ਦੇਰ ਤੱਕ ਗਾਉਣ ਸੁਣਨਾ ਆਪਣੀ ਮਹੱਤਤਾ ਤਾਂ ਰੱਖਦੈ, ਕਿਉਂਕਿ ਸੁਣਨ ਦਾ ਫਲ ਹੁੰਦੈ, ਗਾਉਣ ਦਾ ਫਲ ਹੁੰਦੈ, ਪਰ ਪਰਮ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਹੇਠਲੇ ਪਦਾਂ ਦੀ ਪ੍ਰਾਪਤੀ ਹੋ ਜਾਏਗੀ, ਪੁੰਨਾਂ ਦੀ ਪ੍ਰਾਪਤੀ ਹੋ ਜਾਏਗੀ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ- 546***

ਪਰਮ ਪਦ ਦੀ ਪ੍ਰਾਪਤੀ ਨਹੀਂ ਹੋਏਗੀ, ਜਿਹਦੇ ਵਲ ਇਸ਼ਾਰਾ ਕੀਤਾ ਗਿਐ। ਸਤਿਸੰਗ ਦਾ ਮਨੋਰਥ ਹੁੰਦੈ ਕਿ ਜੀਵ ਇਸ ਕਾਲ ਦੇ ਚੱਕਰ 'ਚੋਂ ਜਿਸਦੇ ਵਿਚ ਅਰਬਾਂ ਖਰਬਾਂ ਸਾਲਾਂ ਤੋਂ ਪਿਆ ਹੋਇਆ ਇਹ ਭੁਆਟਣੀਆਂ ਲੈਂਦੈ, ਚੌਰਾਸੀ ਲੱਖ ਜੂਨਾਂ 'ਚ ਘੁੰਮ ਕੇ ਫੇਰ ਮਨੁੱਖ ਬਣਦੈ, ਫੇਰ ਮੁੜ ਕੇ ਕਰਮ ਕਰਦੈ, ਫੇਰ ਉਹਨਾਂ ਨੂੰ ਭੋਗਣ ਵਾਸਤੇ ਹੇਠਾਂ ਨੂੰ ਜਾਂਦੈ। ਜਿਵੇਂ ਹਲਟ ਦੀਆਂ ਟਿੰਡਾਂ ਹੁੰਦੀਆਂ ਨੇ, ਉਸ ਤਰ੍ਹਾਂ ਭਰ ਜਾਂਦੈ, ਫੇਰ ਉੱਤੇ ਆਉਂਦੈ, ਸੱਖਣੀ ਹੋ ਜਾਂਦੀ ਹੈ, ਫੇਰ ਹੇਠਾਂ ਨੂੰ ਚਲੀ ਜਾਂਦੀ ਹੈ, ਠੀਕ ਇਹੀ ਹਾਲ ਸਾਡਾ ਕਿਹਾ ਨਹੀਂ ਜਾ ਸਕਦਾ ਕਦੋਂ ਤੋਂ ਹੋਇਐ। ਜੇ ਤਾਂ

ਇਹ ਪਤਾ ਹੋਵੇ ਕਿ ਧਰਤੀ ਜਿਹੜੀ ਹੈ ਇਹ ਕਿਹੜੀ ਤਰੀਕ ਨੂੰ ਬਣਾਈ ਸੀ ਤੇ ਸਾਡਾ ਵਜੂਦ ਕਦੋਂ ਕਾਇਮ ਹੋਇਆ ਸੀ, ਸਾਨੂੰ ਇਹ ਵੀ ਨਹੀਂ ਪਤਾ ਕਿ ਅਸੀਂ ਪਹਿਲਾਂ ਦਰਖਤ ਬਣੇ ਸੀ ਕਿ ਮੱਛੀਆਂ ਵਿਚ ਗਏ ਸੀ ਜਾਂ ਉੱਡਣ ਵਾਲੇ ਪੰਛੀ ਬਣੇ ਸੀ, ਵਾਹਿਗੁਰੂ ਜਾਣਦੈ, ਜਿਸਨੇ ਸ੍ਰਿਸ਼ਟੀ ਸਾਜੀ ਹੈ। ਇਸਦੀ ਕੋਈ ਕੀਮਤ ਪਾ ਨਹੀਂ ਸਕਦਾ -

***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥***

***ਅੰਗ- 1193***

ਕਿਹੜਾ ਕੀਮਤ ਪਾਵੈ, ਕਿਹੜਾ ਦਸ ਸਕਦੈ। ਵਾਹਿਗੁਰੂ ਨੂੰ ਆਪ ਹੀ ਪਤੈ, ਕਿਉਂਕਿ ਮੁਦਤਾਂ ਹੋ ਗਈਆਂ ਚੱਕਰ ਖਾਂਦਿਆਂ ਨੂੰ। ਮਹਾਰਾਜ ਕਹਿੰਦੇ, ਇਹ ਚੱਕਰ ਖਾਂਦਾ-ਖਾਂਦਾ, ਕਿਤੇ ਸ਼ੁੱਭ ਕਰਮਾਂ ਦੇ ਬਲ ਨਾਲ ਇਹ ਸਤਿਸੰਗਤ 'ਚ ਆ ਆਵੇ -

***ਕਬਹੂ ਸਾਧਸੰਗਤਿ ਇਹੁ ਪਾਵੈ ॥ ਅੰਗ- 278***

ਕਦੇ ਇਸਨੂੰ ਸਤਿਸੰਗ ਦੀ ਪ੍ਰਾਪਤੀ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ, ਜਿਸਨੂੰ ਸਾਧੂ ਕਹਿੰਦੇ ਨੇ, ਸੰਤ ਕਹਿੰਦੇ ਨੇ, ਕਿਤੇ ਹੋ ਜਾਵੇ। ਕਿਉਂ ਮਹਾਰਾਜ ਨੇ ਇਸਨੂੰ ਆਮ ਨਹੀਂ ਬਣਾਇਆ। ਉਹ ਇਸ ਕਰਕੇ ਨਹੀਂ ਬਣਾਇਆ, ਨਾ ਸਾਧੂ ਹੁੰਦੈ, ਨਾ ਸੰਤ ਹੁੰਦੈ, ਹੋਰ ਕੁਛ ਹੁੰਦੈ, ਭੇਖ ਜ਼ਰੂਰ ਹੁੰਦੈ, ਉਹਦੇ ਵਿਚ ਵੀ ਅਦਲੀਆਂ-ਬਦਲੀਆਂ ਹੁੰਦੀਆਂ ਰਹਿੰਦੀਆਂ ਨੇ। ਉਹ ਵੀ ਉਸ ਤਰ੍ਹਾਂ ਦਾ ਹੀ ਨਹੀਂ ਰਹਿੰਦਾ, ਬਦਲ ਜਾਂਦਾ ਹੈ-ਆਦਮੀ ਦੀ ਰੁਚੀ ਦੇ ਅਨੁਸਾਰ। ਮੈਂ ਸੋਹਣਾ ਲੱਗਾਂ, ਐਹੋ ਜਿਹਾ ਰੰਗ ਪਾਵਾਂ, ਇਹੋ ਜਿਹੇ ਕੱਪੜੇ ਪਾਵਾਂ। ਉਹ ਤਾਂ ਮਿਲ ਜਾਏਗਾ ਤੁਹਾਨੂੰ ਚੰਗੇ ਤੋਂ ਚੰਗਾ ਪਰ ਸਾਧੂ ਨਹੀਂ ਮਿਲੇਗਾ, ਸੰਤ ਨਹੀਂ ਮਿਲੇਗਾ। ਇਹ ਟਾਂਵਾਂ ਹੈ, ਮਹਾਰਾਜ ਨੇ ਤਾਂ ਹੱਦ ਲਾ ਦਿਤੀ, ਲੇਕਿਨ ਹੱਦ ਪੂਰੀ ਤਰ੍ਹਾਂ ਨਹੀਂ ਲਾਈ ਹੈ, ਜੋ ਅਸੀਂ ਜਾਣ ਸਕੀਏ। ਜੇ ਤਾਂ ਮਹਾਰਾਜ ਗਿਣਤੀ ਕਰ ਦਿੰਦੇ ਉਨ੍ਹਾਂ ਨੇ ਇਹ ਕਹਿ ਦਿਤਾ ਕਿ ਕਰੋੜਾਂ 'ਚ ਇਕ ਮਿਲ ਜਾਏਗਾ। ਜੇ ਦਸ ਕਰੋੜ ਕਹਿੰਦੇ ਅਸੀਂ ਜਾਣ ਜਾਂਦੇ ਕਿ ਸਾਡੀ ਅਬਾਦੀ ਇਸ ਵੇਲੇ ਪੰਜ ਅਰਬ ਤੋਂ ਟੱਪ ਚੁੱਕੀ ਹੈ ਛੇ ਦੇ ਨੇੜੇ ਲੱਗਣ ਵਾਲੀ ਹੈ। 1 ਅਰਬ ਦੀ ਅਬਾਦੀ ਪਿੱਛੇ 10 ਸੰਤ ਹੋ ਜਾਣਗੇ। ਛੇ ਅਰਬ ਦੀ ਅਬਾਦੀ ਪਿੱਛੇ 60 ਤਾਂ ਦੁਨੀਆਂ ਵਿਚ ਰਹਿਣੇ ਹੀ ਰਹਿਣੇ ਨੇ। ਇਹ ਤਾਂ ਬੜੀ ਨਾਯਾਬ ਚੀਜ਼ ਹੈ। ਨਾਯਾਬ ਕਹਿੰਦੇ ਨੇ ਜਿਹੜੀ ਚੀਜ਼ ਸੁਖਾਲੀ ਨਾ ਮਿਲ ਸਕੇ। ਉਹਦੇ ਵਿਚ ਵੀ ਆਪ ਫੁਰਮਾਉਂਦੇ ਨੇ ਕਿ ਇਵੇਂ ਕਿਵੇਂ ਸੰਤ ਮਿਲ ਨਹੀਂ ਸਕਿਆ ਕਰਦਾ। ਬਹੁਤ ਮੁਸ਼ਕਲ ਹੈ, ਪ੍ਰਮੇਸ਼ਰ ਦੀ ਦਇਆ ਹੋ ਜਾਵੇ, ਉਹ ਵੀ ਪਿਛਲੇ ਜਨਮਾਂ ਦਾ ਤਪ ਹੋਵੇ ਬਹੁਤ, ਪੁੰਨ ਹੋਵੇ, ਦਾਨ ਹੋਵੇ, ਕਰਮ ਐਸੇ ਸ਼ੁਭ ਹੋਣ ਕਿ ਉਹ ਕਰਮ ਦਾ ਸਮਾਂ ਆ ਜਾਵੇ, ਫਲ ਦੇਣ ਦਾ, ਉਸ ਵੇਲੇ ਕੀ ਹੁੰਦੈ, ਜੀਵ ਦੇ ਮਸਤਕ ਦੇ ਵਿਚ ਇਕ ਕਲਮ ਵੱਗ ਜਾਂਦੀ ਹੈ। ਉਹ ਇਹ ਹੁੰਦੀ ਹੈ ਕਿ ਇਸ ਵਾਰੀ ਇਸ ਨੂੰ ਸਮਰੱਥ ਗੁਰੂ ਮਿਲ ਜਾਏਗਾ -

***ਜਿਨ ਮਸਤਕਿ ਧੁਰਿ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ- 450***

ਧੁਰ ਦਰਗਾਹ ਦੀ ਬਾਤ ਹੈ ਇਹ, ਸਤਿਗੁਰੂ ਮਿਲ ਜਾਣਾ, ਸਾਧੂ ਦਾ ਮਿਲਾਪ ਹੋ ਜਾਣਾ ਇਹ ਵਾਹਿਗੁਰੂ ਦੇ ਹੱਥ ਵਿਚ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- 204*

ਜਦੋਂ ਪਿਛਲੇ ਪੁੰਨ ਕਰਮਾਂ ਦਾ ਅੰਕੁਰ ਫੁੱਟਣ ਦਾ ਵਕਤ ਆ ਗਿਆ, ਉਸ ਵੇਲੇ ਪ੍ਰਮੇਸ਼ਰ ਨੇ ਰਸੀਆ ਮਹਾਤਮਾ ਮਿਲਾ ਦਿਤਾ। ਗਿਆਨੀ ਨਹੀਂ, ਖੁਸ਼ਕ ਮਹਾਤਮਾ ਨਹੀਂ, ਜਿਸਦੇ ਅੰਦਰ ਰਸ ਹੈ, ਜਿਹਦੇ ਨੇੜੇ ਜਾ ਕੇ ਝਰਨਾਟਾਂ ਝਿੜਦੀਆਂ ਨੇ, ਐਸਾ ਮਹਾਂਪੁਰਸ਼ ਜਿਹਦੇ ਨੇਤਰਾਂ ਵਲ ਦੇਖਦੇ ਸਾਰ ਅੰਦਰ ਕੁਛ ਹੋਣ ਲਗ ਜਾਂਦੈ। ਬਚਨ ਸੁਣਦੇ ਸਾਰ ਕੁਛ ਅੰਦਰ ਹੋਣ ਲਗ ਜਾਂਦੈ। ਉਹ ਪਰਵਾਨ ਰੂਹ ਮਿਲ ਜਾਂਦੀ ਹੈ। ਉਹਦੀ ਨਿਸ਼ਾਨੀ ਫੇਰ ਕੀ ਹੁੰਦੀ ਹੈ? ਮਿਲਣ 'ਤੇ ਕੀ ਹੁੰਦੈ? ਕਹਿੰਦੇ - 'ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ' ਜਿਹੜਾ ਸਾਡੇ ਅੰਦਰ ਭਰਮ (illusion), ਅਗਿਆਨਤਾ (ignorance) ਮਾਇਆ, ਅਵਿਦਿਆ, ਹਉਮੈ ਕਹਿ ਲਓ, ਅਗਿਆਨ ਕਹਿ ਲਓ, ਕੋਈ ਨਾਮ ਰੱਖ ਲਓ ਤੁਸੀਂ ਇਸ ਦਾ। ਉਹ ਮਿਟ ਜਾਂਦੈ, ਉਹ ਹਨ੍ਹੇਰਾ ਖਤਮ ਹੋ ਜਾਂਦੈ, ਕੋਈ ਸੂਰਜ, ਚੰਦਰਮਾ, ਤਾਰੇ ਉਸ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦੇ। ਇਕ ਥਾਂ ਮਹਾਰਾਜ ਜੀ ਨੇ ਇਸ ਦੇ ਉਤੇ ਬੜੀ ਮਹੱਤਤਾ ਦਿੰਦੇ ਹੋਏ ਐਸਾ ਫੁਰਮਾਨ ਕੀਤੈ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ 2 ॥*
*ਮਃ 1 ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ 3 ॥*
*ਅੰਗ- 463*

ਜੇ ਤਾਂ ਜ਼ਿੰਦਗੀ ਦੇ ਅੰਦਰ ਐਸਾ ਗੁਰੂ ਮਿਲ ਗਿਆ ਤਾਂ, ਜੀਵਨ ਸਫਲ ਹੈ, ਲੇਖੇ ਵਿਚ ਲੱਗਿਆ ਹੈ। ਨਹੀਂ ਤਾਂ ਮਹਾਰਾਜ ਕਹਿੰਦੇ ਜਿਵੇਂ ਤਿਲਾਂ ਦੇ ਵਿਚ ਸੁਆਹ ਪੈ ਜਾਂਦੀ ਹੈ, ਡੋਡੀਆਂ ਦੇ ਵਿਚ, ਕਿਸਾਨ ਨਹੀਂ ਵੱਢਿਆ ਕਰਦਾ, ਉਹਨੂੰ ਬੁਆੜ ਤਿਲ ਕਹਿੰਦੇ ਨੇ। ਜੇ ਕਿਤੇ ਦਾਤੀ ਨਾਲ ਕੱਟ ਲਵੇ, ਉਹਦੇ ਕੱਪੜਿਆਂ ਦੇ ਉਤੇ ਸੁਆਹ ਗਿਰ ਜਾਂਦੀ ਹੈ। ਉਹਨੂੰ ਕੁਛ ਨਹੀਂ ਕਰਦਾ, ਛੇੜਦਾ ਨਹੀਂ ਹੈ। ਜਿਹੜੇ ਡੰਗਰ ਚਾਰਦੇ ਨੇ ਮੁੰਡੇ, ਉਹ ਸੋਟੀਆਂ ਦੇ ਨਾਲ ਉਹਨੂੰ ਭੰਨ ਸੁਟਦੇ ਨੇ। ਕਹਿੰਦੇ, ਉਹ ਆਦਮੀ ਕਿੱਡਾ ਹੀ ਖੂਬਸੂਰਤ ਕਿਉਂ ਨਾ ਹੋਵੇ, ਕਿੰਨਾ ਧਨੀ ਕਿਉਂ ਨਾ ਹੋਵੇ, ਕਿੱਡੀ ਉਹਦੀ ਮਹਿਮਾ ਕਿਉਂ ਨਾ ਹੋਵੇ, ਉਹ ਬੁਆੜ ਤਿਲ ਵਰਗਾ ਹੈ। ਕਿਉਂ

ਹੈ? ਕਿਉਂਕਿ ਉਹਦਾ ਅੰਦਰਲਾ ਅਜੇ ਹਨ੍ਹੇਰਾ ਨਹੀਂ ਮਿਟਿਆ, ਅੰਧਕਾਰ ਖਤਮ ਨਹੀਂ ਹੋਇਆ ਉਹਦੇ ਅੰਦਰ। ਅੰਧਕਾਰ ਦੇ ਵਿਚ ਜੀਵਨ ਜਿਉਂ ਰਿਹਾ ਹੈ। ਜੇ ਕਰਮ ਜਾਗ ਪੈਣ ਵਾਹਿਗੁਰੂ ਦੀ ਹੋ ਜਾਏ ਕਿਰਪਾ ਤਾਂ ਕੋਈ ਰਸਕ ਬੈਰਾਗੀ ਮਿਲ ਜਾਂਦੈ। ਉਹਦੇ ਮਿਲਣ ਨਾਲ –

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* **ਅੰਗ- 204**

ਹਨ੍ਹੇਰਾ ਪਿਆ ਹੋਇਆ ਹੈ। ਰੱਬ ਤੇ ਜੀਵ ਦੋਵੇਂ ਇਕੱਠੇ ਰਹਿੰਦੇ ਨੇ, ਦੋਹਾਂ ਦਾ ਭੋਰਾ ਜਿੰਨਾਂ ਵੀ ਫਰਕ ਨਹੀਂ ਹੈ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* **ਅੰਗ- 1283**

ਇਕ ਖਿਆਲ ਹੈ, ਉਸ ਖਿਆਲ ਨੇ ਦੋਹਾਂ ਨੂੰ ਅੱਡ-ਅੱਡ ਕਰ ਦਿਤਾ। ਖਿਆਲ ਵਿਚ ਬੜੀ ਤਾਕਤ ਹੁੰਦੀ ਹੈ। ਇਥੋਂ ਖਿਆਲ ਕਿਸੇ ਬਾਰੇ ਮਾੜੇ ਚਿਤਵਨੇ ਸ਼ੁਰੂ ਕਰ ਦਿਓ, ਉਹਦੇ ਕੋਲ ਜਾ ਪਹੁੰਚਦੇ ਨੇ ਉਸੇ ਵੇਲੇ ਹੀ। ਖਿਆਲ ਦੀ ਇਧਰੋਂ ਲਹਿਰ ਜਾਂਦੀ ਦਿਸਦੀ ਹੈ, ਖਿਆਲ ਏਧਰੋਂ ਚਿਤਵਦੇ ਹਾਂ, ਓਧਰ ਚਲਿਆ ਜਾਂਦੈ, ਦੂਰ ਚਲੇ ਜਾਂਦੇ ਨੇ। ਜਿੰਨਾਂ ਹਿਰਦਾ ਸ਼ੁੱਧ ਹੁੰਦੈ, ਓਨਾਂ ਉਹਨੂੰ ਛੇਤੀ ਪਤਾ ਲਗ ਜਾਂਦੈ। ਮੈਲੇ ਹਿਰਦੇ ਵਾਲੇ ਨੂੰ ਹੌਲੀ ਪਤਾ ਲਗਦੈ। ਉਹ ਇਕ ਖਿਆਲ ਹੈ, ਉਹਦੇ ਵਿਚ ਇਹ ਮੈਂ ਬਣਿਆ ਹੋਇਐ ਕਿ ਮੈਂ ਹਾਂ। ਕਹਿੰਦੇ, ਇਹ ਤੋੜ ਕੇ ਰੱਖਦੈ, 'ਵਿਚਿ ਹਉਮੈ ਭੀਤਿ ਕਰਾਰੀ।' ਇਕੋ ਘਰ ਦੇ ਵਿਚ ਦੋਵੇਂ ਇਕੱਠੇ ਰਹਿੰਦੇ ਨੇ –

*ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ*
*ਮਿਲਿ ਬਾਤ ਨ ਕਰਤੇ ਭਾਈ ॥* **ਅੰਗ- 205**

ਓਪਰੇ ਬਣੇ ਰਹਿੰਦੇ ਨੇ। ਵਾਹਿਗੁਰੂ ਨਾਲ ਹੈ ਤੇ ਇਹ ਨਾਲ ਹੈ। ਕਿਉਂ ਨਾਲ ਹੈ ਕਿਉਂਕਿ ਜੀਵ ਨੂੰ ਪਤਾ ਨਹੀਂ ਹੈ। ਉਹ ਤਾਂ ਜਾਣਦੈ, ਇਹ ਸੁੱਤਾ ਪਿਆ ਜੀਵ ਨਹੀਂ ਜਾਣਦਾ। ਇਹਨੂੰ ਨਹੀਂ ਪਤਾ ਕਿ ਜਿਹਨੂੰ ਮੈਂ ਟੋਲ੍ਹਦਾ ਫਿਰਦਾ ਹਾਂ, ਸੁੱਖਾਂ ਦੇ ਸਾਗਰ ਨੂੰ ਉਹ ਹੈ ਕਿੱਥੇ। ਹਨ੍ਹੇਰੇ ਵਿਚ ਕੋਈ ਚੀਜ਼ ਕੋਲ ਪਈ ਹੋਵੇ। ਉਹਦੇ ਵਿਚ ਪਤਾ ਹੀ ਨਹੀਂ ਲਗਦਾ ਕਿ ਆਹ ਕੋਠੀ ਵਿਚ ਆ ਗਏ। ਹਨ੍ਹੇਰ ਗਵਾਰ ਪਿਐ। ਇਥੇ ਕੀ ਹੈ, ਕੀ ਨਹੀਂ ਹੈ, ਜੇ ਹਨ੍ਹੇਰੇ ਵਿਚ ਤੁਰਾਂਗੇ ਤਾਂ ਕਿਤੇ ਸੋਫਾ ਗੋਡੇ 'ਚ ਲੱਗਿਆ, ਕਿਤੇ ਟੇਬਲ ਗਿਰ ਗਿਆ ਛੋਟਾ, ਲੱਤਾਂ ਗੋਡੇ ਭੰਨਾ ਲਵਾਂਗੇ, ਕਿਉਂਕਿ ਹਨ੍ਹੇਰਾ ਹੈ। ਸੁਖ ਦੀਆਂ ਚੀਜ਼ਾਂ ਸਨ ਪਰ ਹਨ੍ਹੇਰੇ ਕਰਕੇ ਦੁਖ ਦੀਆਂ ਬਣ ਗਈਆਂ। ਕਿਸੇ ਟੇਬਲ ਦੇ ਉਤੇ ਇਲੈਕਟ੍ਰਿਕ ਲੈਂਪ ਖੜ੍ਹੈ, ਮੱਥੇ 'ਚ ਲੱਗਿਆ ਆ ਕੇ, ਉਹਨੇ ਤਾਂ ਚਾਨਣਾ ਕਰਨਾ ਸੀ, ਬਲਬ ਵੀ ਭੰਨ ਲਿਆ। ਹਨ੍ਹੇਰੇ ਦਾ ਕੰਮ ਜਿਹੜੈ ਇਹ ਦੁਖ ਦਿੰਦੈ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥* **ਅੰਗ- 325**

ਰਾਜਾ ਵੀ ਰੋਂਦੈ, ਗਰੀਬ ਵੀ ਰੋਂਦੈ ਕਿਉਂਕਿ ਹਨ੍ਹੇਰਾ ਹੈ। ਹਨ੍ਹੇਰਾ

ਮਹਾਰਾਜ ਕਹਿੰਦੇ ਤੁਹਾਡੇ ਅੰਦਰ ਪਿਆ ਹੋਇਐ। ਜ਼ਬਰਦਸਤ ਹਨ੍ਹੇਰਾ। ਜਦੋਂ ਤਕ ਹਨ੍ਹੇਰੇ ਨੂੰ ਪ੍ਰਕਾਸ਼ ਕਰਨ ਵਾਲਾ ਕੋਈ ਮਿਲਦਾ ਨਹੀਂ, ਅੰਦਰ ਚਾਨਣਾ ਨਹੀਂ ਹੁੰਦਾ। ਸ਼ਬਦ ਦਾ ਪ੍ਰਕਾਸ਼ ਅੰਦਰ ਨਹੀਂ ਹੁੰਦਾ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ- 124*

ਨਾ ਤਾਂ ਆਤਮ ਵਸਤੂ ਦਾ ਪਤਾ ਲਗਦੈ ਤੇ ਨਾ ਸਾਡਾ ਆਉਣਾ ਜਾਣਾ, ਜੰਮਣਾ ਮਰਨਾ ਛੁਟਦੈ। ਕਿਉਂਕਿ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਨਹੀਂ ਅਜੇ ਤੱਕ ਮਿਲਿਆ-

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- 124*

ਹੋਰ ਕਿਸੇ ਦੇ ਕੋਲ ਇਹ ਤਾਕਤ ਨਹੀਂ ਹੈ ਕਿ ਇਹ ਦਰਵਾਜ਼ਾ ਖੋਲ੍ਹ ਦੇਵੇ, ਪਰ ਪੂਰੇ ਭਾਗ ਬਣਨ ਤਾਂ ਗੁਰੂ ਦਾ ਮਿਲਾਪ ਹੁੰਦੈ, ਐਵੇਂ ਤਾਂ ਨਹੀਂ ਨਾ ਹੁੰਦਾ। ਅਸੀਂ ਤਾਂ ਕਹਿ ਦਿੰਦੇ ਹਾਂ ਕਿ ਜੀ ਅਸੀਂ ਦਸ ਲੱਖ ਨੂੰ ਅੰਮ੍ਰਿਤ ਛਕਾ ਦਿਤਾ। ਕੀ ਕਰ ਦਿਤਾ ਇਹਦੇ 'ਚ? ਪ੍ਰਕਾਸ਼ ਹੋ ਗਿਆ ਉਹਨਾਂ ਦੇ ਦਿਲਾਂ 'ਚ? ਫੇਰ ਸੋਚਣਾ ਪੈਂਦੈ ਕਿ ਗੱਲ ਕੀ ਹੋਈ? ਕਿਸ ਥਾਂ ਤੋਂ ਗਲਤ ਹੋ ਗਈ ਗੱਲ। ਕਿ ਗੱਲ ਬਣਦੀ ਨਹੀਂ ਹੈ ਕਿਸੇ ਤਰੀਕੇ ਦੇ ਨਾਲ। ਉਹ ਕਹਿੰਦੇ ਨਾਮ ਜਪੋ। ਸ੍ਰੀ ਗੁਰੂ ਗ੍ਰੰਥ ਸਾਹਿਬ ਤੁਹਾਡੇ ਗੁਰੂ ਨੇ। ਗੁਰੂ ਗ੍ਰੰਥ ਸਾਹਿਬ ਜੀ ਕੋਲ ਜਾਂਦੇ ਹਾਂ। ਬਾਣੀ ਸੁਣੀ ਜਾਂਦੇ ਹਾਂ, ਕਹਿੰਦੇ ਮੈਂ ਐਨਾ ਪਾਠ ਕਰ ਦਿਤਾ, ਮੈਂ 50 ਪਾਠ ਕਰ ਦਿਤੇ। ਉਹ ਕਹਿੰਦੇ, ਦੇਖ ਪਿਆਰਿਆ! ਜੇ ਤੂੰ ਕੁਛ ਲੈਣੈ ਤਾਂ ਜਿਹੜੇ ਮੇਰੇ ਨਾਲ ਅਭੇਦ ਹੋ ਚੁੱਕੇ ਨੇ, ਮੇਰਾ ਤੇ ਜਿਹਨਾਂ ਦੇ ਵਿਚ ਫਰਕ ਨਹੀਂ ਹੈ ਉਹਨਾਂ ਦੇ ਕੋਲ ਜਾਹ ਤੂੰ। ਉਹ ਤੇਰਾ ਸ਼ੰਕਾ ਨਵਿਰਤ ਕਰ ਦੇਣਗੇ। ਤੈਨੂੰ ਰਾਹ 'ਤੇ ਪਾ ਦੇਣਗੇ। ਨਿਸ਼ਾਨੀ ਅਸੀਂ ਦਸ ਦਿੰਦੇ ਹਾਂ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ- 319*

ਸੰਤਾਂ ਦੀ ਤੂੰ ਸੰਗਤ ਕਰ, ਸਾਧੂਆਂ ਦੀ ਸੰਗਤ ਕਰ। ਪਰ ਪੂਰੇ ਭਾਗ ਬਣਨ ਤਾਂ ਹੁੰਦੀ ਹੈ, ਨਹੀਂ ਤਾਂ ਹੁੰਦੀ ਨਹੀਂ -

*ਬਿਨੁ ਭਾਗਾ ਸਤਸੰਗੁ ਨ ਲਭੈ ............॥ ਅੰਗ- 95*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - 642*

ਇਸ ਤਰ੍ਹਾਂ ਤਾਂ ਮਿਲਦੀ ਨਹੀਂ ਹੈ, ਇਸ ਕਰਕੇ ਹਨ੍ਹੇਰਾ ਦੂਰ ਹੁੰਦੈ। ਜੇ ਕਰਮ ਬਣਨ ਤੇ ਰਸਕ ਬੈਰਾਗੀ ਮਿਲ ਜਾਵੇ - *'ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥'* ਸੁਰਤ ਸੁੱਤੀ ਪਈ ਹੈ। ਇਹ ਸੁੱਤੀ ਪਈ ਸੁਰਤ ਨੂੰ ਪਤਾ ਹੀ ਨਹੀਂ ਲਗਦਾ ਕਿ ਕੀ ਹੈ। ਰਸਕ ਬੈਰਾਗੀ ਨਹੀਂ ਕੋਈ ਮਿਲਦਾ, ਉਹਦੀ ਥਾਂ 'ਤੇ ਜਿਹੜੇ

ਕੋਈ ਮਿਲਦੇ ਨੇ, ਉਹਨਾਂ ਦਾ ਭੇਖ ਤਾਂ ਜ਼ਰੂਰ ਹੈ, ਪਛਾਣ ਕਰ ਲੈਂਦੇ ਹਾਂ ਕਿ ਆਹ ਸੰਤ ਹੋਣੈ। ਲੇਕਿਨ ਜਿਹੜਾ ਵਿਚ ਸੰਤਪੁਣਾ ਉਹ ਗਾਇਬ ਹੈ। ਉਹ ਨਹੀਂ ਹੈ। ਕਿਉਂਕਿ ਉਥੇ ਮਾਇਆ ਵਲ ਰੁਚੀ ਹੈ, ਰੱਬ ਵੱਲ ਰੁਚੀ ਨਹੀਂ ਹੈ। ਅੰਦਰ ਪ੍ਰਕਾਸ਼ ਨਹੀਂ ਹੋਇਆ, ਚਾਨਣਾ ਨਹੀਂ ਆਇਆ, ਅਜੇ ਹਨ੍ਹੇਰੇ 'ਚ ਘੁੰਮਦਾ ਫਿਰਦੈ, ਚਲਾਕੀਆਂ ਕਰਦੈ। ਜੁਗਤਾਂ ਸੋਚਦੈ ਕਿ ਕਿਵੇਂ ਪੈਸਾ ਆ ਜਾਵੇ। ਡੇਰੇ 'ਚ ਬਹਿ ਗਿਆ ਕਿ ਜੇ ਅਖੰਡਪਾਠ ਸਾਹਿਬ ਆਪ ਕਰੀਏ, ਬੜਾ ਪੈਸਾ ਆ ਜਾਂਦੈ। ਵਹਿਮਪ੍ਰਸਤੀ ਸ਼ੁਰੂ ਕਰ ਦਏਗਾ। ਹਰ ਬੰਦੇ ਨੂੰ ਕਹੇਗਾ ਕਿ ਤੂੰ ਪਾਠ ਕਰਾ, ਪਾਠ ਕਰਾ। ਉਹ ਇਕ ਕਿੱਤਾ ਤੋਰ ਲਿਆ ਆਪ ਦਾ। ਵਹਿਮ ਦੇ ਵਿਚ ਪਾਈ ਜਾਂਦੈ। ਪੈਸਾ ਕਮਾਉਣੈ। ਪੈਸਾ ਕਮਾਉਣੈ ਕਿਸੇ ਤਰੀਕੇ ਨਾਲ। ਪੈਸਾ ਚਾਹੇ ਗੱਲਾਂ ਚਲਾ ਕੇ ਮਿਲ ਜਾਵੇ, ਚਾਹੇ ਕੋਈ ਪਾਖੰਡ ਕਰਕੇ ਮਿਲ ਜਾਵੇ, ਚਾਹੇ ਕੋਈ ਭੇਖ ਧਾਰ ਕੇ ਮਿਲ ਜਾਵੇ। ਚਾਹੇ ਕਿਸੇ ਤੋਂ ਖੋਹ ਖਿੰਝ ਕੇ ਮਿਲ ਜਾਵੇ। ਪੈਸੇ ਦੀ ਰੁਚੀ ਜਿਹੜੀ ਹੈ ਉਹ ਅੰਦਰ ਹੋਣ ਕਰਕੇ, ਭੇਖ ਤਾਂ ਹੈਗਾ ਲੇਕਿਨ ਸਾਧੂ ਨਹੀਂ ਹੈਗਾ। ਇਹ ਜਿਹੜਾ ਆਮ ਬੰਦਾ ਹੈ ਉਹ ਬਹੁਤ ਅੱਛਾ ਹੈ। ਉਹਦੇ ਅੰਦਰ ਅਜੇ crookedness (ਕੁਟਲਤਾ) ਨਹੀਂ ਆਈ। ਆਇਆ ਹੈ ਕਿ ਮੇਰਾ ਕੋਈ ਭਲਾ ਹੋ ਜਾਵੇ। ਮੈਨੂੰ ਕੋਈ ਰਾਹ ਲੱਭ ਜਾਵੇ, ਉਹ ਬਹੁਤ ਵਧੀਆ ਹੈ। ਜਿਹਦੇ ਅੰਦਰ ਕੁਟਲਤਾ ਆ ਗਈ, ਸਾਧੂ ਵੀ ਬਣ ਗਿਆ ਤੇ ਬਿਰਤੀ ਅਜੇ ਸਾਫ ਨਹੀਂ ਹੋਈ ਉਹਦੀ। ਉਹਦੀ ਬਿਰਤੀ ਦੇ ਵਿਚ ਜੇ ਅਜੇ ਮਿਲਾਵਟਾਂ ਪਈਆਂ ਨੇ। ਉਹਦਾ ਤਾਂ ਕੁਛ ਵੀ ਨਹੀਂ ਬਣਦਾ, ਉਹਦਾ ਉਧਾਰ ਹੋਣਾ ਔਖੈ ਤੇ ਜਿਹੜਾ ਆਮ ਬੰਦਾ, ਸਾਧਾਰਣ ਹੁੰਦੈ, ਉਹ ਛੇਤੀ ਪਾ ਸਕਦੈ। ਕਿਉਂਕਿ ਕੁਟਲਤਾ ਵਾਲਾ ਵਿਗੜ ਗਿਆ, ਕੱਚੇ ਦੁੱਧ 'ਚ ਖੱਟਾ ਚਲਿਆ ਗਿਆ, ਮਹਾਰਾਜ ਕਹਿੰਦੇ ਉਹ ਕਾਂਜੀ ਬਣ ਗਈ, ਹੁਣ ਰਿੜਕੀ ਜਾਓ ਕਦੇ ਵੀ ਨਹੀਂ ਮੱਖਣ ਆਉਂਦਾ ਕਿਉਂਕਿ ਉਹ ਪਤਿਤ ਹੋ ਗਿਆ, ਆਪਣੀ ਅਵਸਥਾ ਤੋਂ। ਸੋ ਇਸ ਕਰਕੇ ਪਾਖੰਡੀ ਦਾ, ਲਾਲਚੀ ਦਾ, ਸਾਧੂ ਦਾ ਬਾਣਾ ਹੋਵੇ, ਕਹਿੰਦੇ ਇਹਦਾ ਉਧਾਰ ਹੋਣਾ ਬਹੁਤ ਔਖੈ। ਬਹੁਤ ਸਾਰੇ ਐਸੇ ਨੇ ਜਿਨ੍ਹਾਂ ਨੂੰ ਇਸ ਗੱਲ ਦਾ ਭੇਤ ਲਗ ਗਿਆ ਕਿ ਜੇ ਸੁਖਾਲਾ ਜੀਵਨ ਜਿਉਣੈ ਤਾਂ ਕਿਸੇ ਸੰਤ ਦੇ ਚੇਲੇ ਬਣ ਜਾਓ। ਥੋੜ੍ਹਾ ਜਿਹਾ ਸਿੱਖ ਲਓ, ਵਾਜੇ ਤੇ ਉਂਗਲੀਆਂ ਮਾਰਨੀਆਂ, ਥੋੜ੍ਹਾ ਬੋਲਣਾ ਸਿੱਖ ਲਓ, ਫੇਰ ਆਪਣਾ ਸਭ ਕੁਛ ਕਰ ਲਓ, ਮਨ ਮਰਜ਼ੀ ਦੀਆਂ ਕਾਰਾਂ, ਮਨ ਮਰਜ਼ੀ ਦਾ ਸਭ ਕੁਛ, ਖਾਣਾ ਪੀਣਾ, ਗ੍ਰਿਹਸਤੀਆਂ ਨੇ ਕਮਾਈ ਕਰਨੀ ਹੈ, ਖਾਣ ਨੂੰ ਮੁਫਤ ਆਈ ਜਾਣੈ। ਇਹ ਗੱਲਾਂ ਨੇ ਜਿਹੜੀਆਂ ਬਹੁਤ ਗੰਭੀਰ ਵਿਚਾਰਨੀਆਂ ਚਾਹੀਦੀਆਂ ਨੇ। ਕਿਉਂਕਿ ਆਏ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਕਿਤੇ ਵੈਰਾਗ ਲੱਗਿਆ, ਘਰ ਬਾਰ ਛੱਡੇ ਲੇਕਿਨ ਹੋਇਆ ਕੀ?

***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥***

***ਅੰਗ- 1369***

ਚਿੱਤ ਜਿਹੜਾ ਸੀ ਜਵਾਬ ਦੇ ਗਿਆ ਕਿਉਂਕਿ ਮਾਇਆ ਨੇ ਮੋਹ ਲਿਆ ਉਸ ਨੂੰ। ਇਹਦੇ 'ਚ ਬੜੀ ਭਾਰੀ ਸ਼ਕਤੀ ਹੈ। ਮਾਇਆ ਦੇ

ਬੇਅੰਤ ਰੰਗ ਨੇ ਕਿਤੇ ਇਹ ਪੁੱਤਰਾਂ ਦੇ ਰੂਪ ਵਿਚ ਕੰਮ ਕਰਦੀ ਹੈ। ਮੇਰੇ ਪੁੱਤਰ ਨਹੀਂ ਹੋਇਆ, ਹੋਣਾ ਚਾਹੀਦੈ, ਮੇਰੇ ਬੁਢਾਪੇ ਦਾ ਸਹਾਰਾ। ਹੁੰਦਾ ਕੀ ਹੈ? ਪੁੱਤਰ ਵੀ ਹੋ ਗਿਆ, ਪੜ੍ਹਾ ਲਿਖਾ ਵੀ ਲਿਆ, ਵਿਆਹ ਕਰ ਲਿਆ। ਵਿਆਹ ਕਰਕੇ ਉਦੋਂ ਹੀ ਸ਼ਿਕਾਇਤ ਹੋ ਜਾਂਦੀ ਹੈ ਕਿ ਜੀ ਉਹ ਤਾਂ ਸਹੁਰਿਆਂ ਦਾ ਬਣ ਗਿਆ, ਮੇਰੇ ਹੱਥੋਂ ਤਾਂ ਨਿਕਲ ਗਿਆ। ਫੇਰ ਕਿਸੇ ਪਾਖੰਡੀ ਨੂੰ ਟੋਲ੍ਹਦੇ ਨੇ, ਬਾਬਾ! ਪੁੱਤ ਮੇਰਾ ਨਿਕਲਦਾ ਜਾਂਦੈ ਹੱਥ 'ਚੋਂ, ਕੁਛ ਕਰ ਤੂੰ। ਕਹਿੰਦੇ, ਰੁਪਈਏ ਪੰਜਾਹ ਦੇ, ਇਕ ਪੁੜੀ ਲੈ ਜਾ, ਦੇਖ। ਕਹਿੰਦਾ ਕੀ ਬਣੂੰਗਾ? ਉਹ ਸੱਸ ਲੈ ਆਉਂਦੀ ਹੈ, ਜਾਂ ਘਰਵਾਲੀ ਜਾਂ ਮਾਂ ਲੈ ਆਉਂਦੀ ਹੈ, ਲਿਆ ਕੇ ਦੇ ਦਿੰਦੀ ਹੈ। ਉਹਦੇ ਦਿਮਾਗ 'ਤੇ ਐਨਾ ਅਸਰ ਕਰਦੈ, ਉਹ ਕਮਲਾ ਜਿਹਾ ਹੋ ਜਾਂਦੈ। ਫੇਰ ਬਾਬਿਆਂ ਦੇ ਕੋਲ ਜਾਂਦੇ ਨੇ ਕਿ ਬਾਬਾ ਜੀ! ਪਤਾ ਨਹੀਂ ਇਹਨੂੰ ਕੀ ਹੋ ਗਿਆ, ਇਹ ਤਾਂ ਬੜਾ ਖਰਾਬ ਹੋ ਗਿਆ ਜੀ, ਇਹ ਤਾਂ ਕੰਮ ਹੀ ਨਹੀਂ ਕਰਦਾ। ਪਤਾ ਨਹੀਂ, ਚੰਗਾ, ਭਲਾ ਸੀ। ਪੁੱਤਰ ਆਪੇ ਹੀ ਖਰਾਬ ਕਰ ਲਿਆ। ਉਹ ਆਸ ਜਿਹੜੀ ਰੱਖੀ ਸੀ ਉਹ ਆਸ ਪੂਰੀ ਨਾ ਹੋਈ। ਲੋਚਾ ਪੂਰੀ ਨਾ ਹੋਈ। ਹੱਥੋਂ ਨਿਕਲ ਗਿਆ ਪੁੱਤਰ, ਫੇਰ ਪਛਤਾਈ ਜਾਂਦੇ ਨੇ। ਫੇਰ ਸੁੱਖ ਤਾਂ ਨਾ ਹੋਇਆ ਵਿਚ। ਪੈਸਾ ਆ ਗਿਆ। ਪੈਸੇ ਨਾਲ ਵੀ ਸੁੱਖ ਨਹੀਂ ਹੁੰਦਾ। ਗੁਜ਼ਰਾਨ ਹੁੰਦੀ ਹੈ, ਸੁਖ ਨਹੀਂ ਦੇ ਸਕਦਾ। ਹੋਰ ਅਨੇਕਾਂ ਚੀਜ਼ਾਂ ਵੱਡੇ-ਵੱਡੇ ਵਪਾਰ ਨੇ, ਮੈਂ ਕਰੋੜਪਤੀ ਹੋ ਜਾਵਾਂ, ਪੰਜਾਹ ਕਰੋੜ ਮੇਰੇ ਕੋਲ ਹੋ ਜਾਵੇ। ਅਰਬ ਹੋ ਜਾਵੇ, ਨਾਲ ਚਾਰ-ਚਾਰ ਡਾਕਟਰ ਰੱਖ ਲਏ ਕਿ ਦੇਖਦੇ ਰਹਿਓ, ਮੇਰੀ ਨਬਜ਼ ਦੇਖਦੇ ਰਹਿਓ। ਬਲੱਡ ਪਰੈਸ਼ਰ ਚੈੱਕ ਕਰਦੇ ਰਹਿਓ। ਮੇਰੇ ਖ਼ੂਨ ਨੂੰ ਚੈੱਕ ਕਰਦੇ ਰਹਿਓ, ਬਲੱਡ ਸ਼ੂਗਰ ਨਾ ਹੋ ਜਾਵੇ। ਕਿਤੇ ਦੂਜੀ ਸ਼ੂਗਰ ਨਾ ਹੋ ਜਾਵੇ ਕਿਉਂਕਿ ਐਨਾ ਬੋਝ ਚੁੱਕ ਲਿਆ ਜਿਹਦੀ ਲੋੜ ਨਹੀਂ ਸੀ। ਤਿੰਨ ਚੀਜ਼ਾਂ ਦੀ ਲੋੜ ਸੀ, ਕੁੱਲੀ, ਜੁੱਲੀ, ਗੁੱਲੀ। ਉਹ ਪ੍ਰਮੇਸ਼ਰ ਨੇ ਦਿਤੀਆਂ ਹੀ ਹੋਈਆਂ ਸੀ। ਵਾਧੂ ਕਲੇਸ਼ ਪੈ ਗਿਆ। ਹੋਇਆ ਕੀ ਇਹਦਾ ਅਸਰ? ਕਿ ਇਹਨਾਂ ਦੇ ਵਿਚ ਦਿਨ-ਰਾਤ ਖਿਆਲ ਚੱਲਣਾ ਸ਼ੁਰੂ ਹੋ ਗਿਆ। ਸਾਰਿਆਂ ਦਾ ਹੀ ਚਲਦੈ ਵਿਚਾਰ ਕੇ ਦੇਖੋ ਆਪਣੇ ਮਨਾਂ 'ਚ। ਕਿਸੇ ਦਾ ਛੋਟੀ ਮਾਇਆ 'ਚ ਚਲਦੈ, ਕਿਸੇ ਦਾ ਬੜੀ ਮਾਇਆ 'ਚ ਚਲਦੈ। ਨਤੀਜਾ ਇਹ ਹੋਇਆ ਕਿ ਅਸੀਂ ਆਏ ਸੀ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ -

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- 251*

ਉਲਝ ਗਏ ਉਹਨ੍ਹਾਂ ਵਿਚ, ਜਿਹੜੀਆਂ ਚੀਜ਼ਾਂ ਨੇ ਸੁਖ ਨਹੀਂ ਸੀ ਦੇਣਾ। ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਜ਼ਹਿਰ ਛੱਡਣੀ ਸੀ-

***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ.........॥ ਅੰਗ - 644***

ਬਿਹੁ ਇਕੱਠੀ ਕਰਨੀ ਸ਼ੁਰੂ ਕਰ ਦਿਤੀ। ਉਹ ਕਿਉਂ ਹੋ ਗਈ ਕਿਉਂਕਿ ਜਿਸ ਦੇ ਨਾਲ ਜੁੜਿਆ ਹੋਇਆ ਸੀ। ਕਹਿੰਦਾ ਸੀ ਮੈਂ ਨਾਮ ਜਪਾਂਗਾ। ਭਜਨ ਕਰਾਂਗਾ, ਸਵਾਸ-ਸਵਾਸ ਨਾਮ ਜਪਾਂਗਾ। ਵਾਇਦੇ ਕਰਕੇ ਆਇਐ। ਗੁਰੂ ਮਹਾਰਾਜ ਦੇ ਜੋ ਬਚਨ ਨੇ, ਉਹ ਅਸੀਂ ਕਿਸੇ ਤਰ੍ਹਾਂ ਨਾਲ ਠੁਕਰਾ ਨਹੀਂ ਸਕਦੇ। ਸਾਡੀ ਸਮਝ 'ਚ ਨਾ ਆਉਣ ਉਹ ਵੱਲ ਵੱਖਰੀ ਹੈ ਪਰ ਜੋ ਬਚਨ ਨੇ, ਸਤਿ ਬਾਣੀ ਹੈ, ਉਹ ਸਤਿ ਬਾਣੀ ਹੈ, ਉਹਦੇ ਉਤੇ ਕਿੰਤੂ ਕੀਤਾ ਹੀ ਨਹੀਂ ਜਾ ਸਕਦਾ। ਉਹਦੀ ਥਾਂ 'ਤੇ ਅਸੀਂ ਆਪਣੀ ਅਕਲ 'ਤੇ ਕਿੰਤੂ ਕਰ ਸਕਦੇ ਹਾਂ ਕਿ ਸਾਡੇ ਸਮਝ 'ਚ ਨਹੀਂ ਆਈ, ਬਚਨ ਤਾਂ ਸਤਿ ਹੈ। ਮਹਾਰਾਜ ਕਹਿੰਦੇ, ਸਾਸ-ਸਾਸ ਤੂੰ ਨਾਮ ਜਪਣਾ ਸੀ। ਪਰ ਉਲਝ ਗਿਆ ਉਨ੍ਹਾਂ ਚੀਜ਼ਾਂ 'ਚ ਤੇ ਹੋਇਆ ਕੀ -

***ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ- 251***

ਉਸ ਨੂੰ ਭੁੱਲ ਗਿਆ, ਕਿਉਂ ਭੁੱਲ ਗਿਆ ਕਿਉਂਕਿ ਇਕ ਸ਼ਕਤੀ ਹੈ ਸੰਸਾਰ ਦੇ ਅੰਦਰ ਜਿਸਦਾ ਨਾਉਂ ਮਾਇਆ ਹੈ। ਮਾਇਆ ਦੇ ਵਿਚ ਤਿੰਨ ਗੁਣ ਨੇ, ਇਕ ਰਜੋ ਗੁਣ ਹੈ, ਇਕ ਤਮੋ ਗੁਣ ਹੈ, ਇਕ ਸਤੋ ਗੁਣ ਹੈ। ਉਨ੍ਹਾਂ ਤਿੰਨਾਂ ਹੀ ਗੁਣਾਂ ਦੇ ਵਿਚ ਇਕ ਨਸ਼ਾ ਹੈ, ਐਸੀਆਂ ਗੋਲੀਆਂ ਨੇ ਚਾਹੇ ਸਤੋ ਗੁਣ ਦੀ ਖਾ ਲਓ, ਚਾਹੇ ਰਜੋ ਗੁਣ ਦੀ ਖਾ ਲਓ, ਚਾਹੇ ਤਮੋ ਗੁਣ ਦੀ ਖਾ ਲਓ। ਉਹਦੇ ਵਿਚ illustion (ਭਰਮ) ਆ ਜਾਏਗਾ, ਨੀਂਦ ਆ ਗਈ। ਸੰਸਾਰ ਸੌਂ ਜਾਂਦੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ- 920***

ਸੋ ਮਹਾਰਾਜ ਕਹਿੰਦੇ, ਇਹ ਜਿਹੜੀ ਚੀਜ਼ ਹੈ ਨਾ, ਦੂਸਰਾ ਤੱਤ ਹੈ ਇੱਥੇ, ਹੈ ਤਾਂ ਨਹੀਂ, ਲੇਕਿਨ ਉਹ ਮਾਲੂਮ ਦਿੰਦੈ। ਮਾਲੂਮ ਦਿੰਦੈ ਤਾਂ ਜੇ ਚੀਜ਼ ਹੋਵੇ, ਉਸਦਾ ਅਸਰ ਕਿਵੇਂ ਪੈ ਸਕਦੈ ਜਿਹੜੀ ਚੀਜ਼ ਹੈ ਹੀ ਨਹੀਂ? ਇਹ ਵੀ ਸਿਆਣੇ ਆਦਮੀ ਦੇ ਮਨ 'ਚ ਵਿਚਾਰ ਆਉਂਦੀ ਹੈ। ਕਦੇ ਜੇਠ ਦੇ ਮਹੀਨੇ ਉਨ੍ਹਾਂ ਇਲਾਕਿਆਂ 'ਚ ਤੁਰੋ ਜਿਥੇ ਰੜ੍ਹੇ ਮੈਦਾਨ ਨੇ। ਜਿਵੇਂ ਬੀਕਾਨੇਰ ਹੈ, ਗੰਗਾ ਨਗਰ ਦਾ ਜ਼ਿਲਾ, ਜੈਸਲਮੇਰ ਵਲ ਚੱਲ ਕੇ ਦੇਖੋ। ਉਥੇ ਕੀ ਹੈ, ਵੱਡੇ-ਵੱਡੇ ਟਿੱਬੇ ਨੇ, ਦੋ-ਦੋ ਸੌ ਫੁੱਟ ਉੱਚੇ, ਤਿੰਨ-ਤਿੰਨ ਸੌ ਫੁੱਟ ਉੱਚੇ, ਉਡਾਰ ਦੇ। ਦੋ ਉਡਾਰ ਦੇ ਟਿੱਬਿਆਂ ਦੇ ਵਿਚਾਲੇ ਤੇਜ਼ ਹਵਾ ਚਲਦੀ ਹੈ ਤਾਂ ਉਥੇ ਰੜ੍ਹਾ ਮੈਦਾਨ ਮੀਲਾਂ ਤੱਕ ਹੋ ਜਾਂਦੈ। ਟਿੱਬੇ ਪਾਰ ਕਰਦਿਆਂ ਨੂੰ ਪਿਆਸ ਲਗਦੀ ਹੈ। ਮਨੁੱਖਾਂ ਨੂੰ ਵੀ ਲਗਦੀ ਹੈ, ਪਸ਼ੂਆਂ ਨੂੰ ਵੀ ਲਗਦੀ ਹੈ। ਮਨੁੱਖ ਦੇਖਦੈ ਕਿ ਪਾਣੀ ਪੀਣੈ। ਦੋ ਤਿੰਨ ਸੌ ਗਜ਼ ਦੇ ਉਤੇ ਉਹਨੂੰ ਪਾਣੀ ਨਜ਼ਰ ਆਉਂਦੈ। ਸਿਆਣਾ ਬੰਦਾ ਕਹਿੰਦੈ ਕਿ ਉਥੇ ਪਾਣੀ ਨਹੀਂ ਹੈ, ਉਹ ਕਹਿੰਦਾ ਨਹੀਂ ਉਥੇ ਹੈ ਪਾਣੀ, ਕਹਿੰਦਾ ਉਹ ਦੇਖ ਦਰਖਤ ਖੜ੍ਹੈ, ਦਰਖਤ ਦਾ ਪਰਛਾਵਾਂ ਹੈ, ਲਹਿਰਾਂ ਮਾਰਦੈ ਪਾਣੀ। ਉਹ ਕਹਿੰਦਾ, ਹੈ ਨਹੀਂ, ਲੇਕਿਨ ਦਿਸਦੈ ਤੈਨੂੰ। ਉਹਦੀ ਪਿਆਸ ਹੋਰ ਤੇਜ਼ ਹੋ ਜਾਂਦੀ ਹੈ। ਉਹਦੇ ਵਲ ਨੂੰ ਜਾਂਦੈ, ਉਥੇ ਜਾ ਕੇ ਉਸ ਤੋਂ ਦੂਰ ਫੇਰ ਪਾਣੀ

ਦਿਸਦੈ। ਫੇਰ ਅੱਗੇ ਤੁਰਦੈ, ਓਨਾਂ ਹੀ ਦੂਰ ਪਾਣੀ ਫੇਰ ਦਿਸਦੈ। ਇਸੇ ਤਰ੍ਹਾਂ ਦੇ ਨਾਲ ਮਾਇਆ ਹੈ ਤਾਂ ਨਹੀਂ, ਇਹ ਇਕ ਮਨ ਦੀ ਐਸੀ ਸਥਿਤੀ ਹੈ ਕਿ ਪ੍ਰਤੀਤ ਦਿੰਦੀ ਹੈ। ਹੈ ਤਾਂ ਸਾਰੇ ਹੀ ਪ੍ਰਮੇਸ਼ਰ ਕਿਉਂਕਿ ਆਪੇ ਇਕ ਤੋਂ ਅਨੇਕ ਹੋਇਐ। ਪਰ ਇਹਦੇ ਵਿਚ ਇਕ ਜਜ਼ਬਾ ਪੈਦਾ ਹੋ ਗਿਆ, ਤਿੰਨਾਂ ਗੁਣਾਂ ਦੇ ਨਾਲ, ਆਦਮੀ ਦੇ ਮਨ 'ਤੇ ਅਸਰ ਹੋ ਗਿਐ ਕਿ ਇਹ ਤਾਂ ਐਵੇਂ ਗੱਲਾਂ ਕਰਦੇ ਨੇ। ਮਾਇਆ ਦੀ ਹੋਂਦ ਹੈ, ਹੱਥ ਲਾਉਂਦੇ ਹਾਂ, ਛੋਹ ਸਕਦੇ ਹਾਂ, ਅੱਖਾਂ ਨਾਲ ਦੇਖ ਸਕਦੇ ਹਾਂ। ਜੇ ਹੈਗੀ ਤਾਂਹੀ ਦੇਖਦੇ ਹਾਂ, ਮਹਾਰਾਜ ਕਹਿੰਦੇ ਆਹੀ ਭੁਲੇਖਾ ਪੈ ਗਿਆ ਜ਼ਬਰਦਸਤ। ਮਾਇਆ ਹੈ ਨਹੀਂ, ਕੋਈ ਚੀਜ਼ ਵੀ। ਇਹ ਹੈਗਾ ਪ੍ਰਮੇਸ਼ਰ। ਉਹਦੇ ਅਨੇਕ ਰੂਪ ਨੇ, ਅਨੇਕਾਂ ਰੂਪਾਂ 'ਚ ਖੇਡਦੈ। ਜੇ ਇਹਦੀ ਥਾਂ 'ਤੇ ਇਸ ਤਰ੍ਹਾਂ ਦੇਖ ਲਵੇ ਕਿ ਮਾਇਆ ਤਾਂ ਹੈ ਨਹੀਂ, ਪ੍ਰਮੇਸ਼ਰ ਹੈ ਸਭ, ਉਹ ਦੇਖ ਨਹੀਂ ਸਕਦਾ ਕਿਉਂਕਿ ਅੰਦਰ ਅਨੁਭਵ ਨਹੀਂ ਜਾਗਿਆ। ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਇਹਦਾ ਅਸਰ ਕੀ ਹੁੰਦੈ? ਜਿਹੜਾ ਸਭ ਤੋਂ ਪਿਆਰਾ ਹੈ ਇਸ ਸੰਸਾਰ ਦੇ ਅੰਦਰ, ਉਸ ਨੂੰ ਭੁੱਲ ਜਾਂਦੈ –

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥*** ***ਅੰਗ – 267***

ਜਿਹੜਾ ਨਾਲ ਰਹਿੰਦੈ ਤੇ ਹਰ ਵਕਤ ਸਹਾਇਤਾ ਕਰਦੈ। ਬਚਾਉਂਦੈ –

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰੁ ਦੈ ਕਰਿ,***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*** ***(ਅਕਾਲ ਉਸਤਤਿ)***

ਉਹ ਜਿਹੜਾ ਸੰਗ ਸਹਾਈ ਹੈ ਮਹਾਰਾਜ ਕਹਿੰਦੇ ***–'ਸੁ ਆਵੈ ਨ ਚੀਤਿ॥'*** ਆਉਂਦੈ ਚਿੱਤ? ***'ਜੋ ਬੈਰਾਈ ਤਾ ਸਿਉ ਪ੍ਰੀਤਿ॥'*** ਜਿਹੜੇ ਵੈਰ ਕਰਨ ਵਾਲੇ ਨੇ, ਪੰਜ ਠੱਗ–ਰਾਜ, ਮਾਲ, ਰੂਪ, ਜਾਤ, ਜੋਬਨ; ਪੰਜ ਵਿਸ਼ੇ–ਸ਼ਬਦ, ਸਪਰਸ਼, ਰੂਪ, ਰਸ, ਗੰਧ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਪੰਜ ਚੋਰ ਤੇ ਆਸਾ ਤੇ ਤ੍ਰਿਸ਼ਨਾ ਦੀਆਂ ਡੈਣਾਂ। ਆਸਾਂ ਤੇ ਅੰਦੇਸ਼ਾ ਦੇ ਭੰਵਰ। ਸਾਰਿਆਂ ਦੇ ਨਾਲ ਉਹਨੇ ਪ੍ਰੀਤ ਪਾ ਲਈ। ਜਿਹੜੀ ਚੀਜ਼ ਨਾਲ ਨਹੀਂ ਨਿਭਣੀ ਉਹਦੇ ਨਾਲ ਪ੍ਰੀਤ ਪਾ ਲਈ, ਜਿਹੜੀ ਚੀਜ਼ ਹਰ ਵਕਤ ਨਾਲ ਨਿਭਣੀ ਹੈ, ਉਹਨੂੰ ਭੁਲਾ ਦਿਤਾ ਤੇ ਰਹਿੰਦੈ –

***ਬਲੂਆ ਕੇ ਗ੍ਰਿਹ ਭੀਤਰਿ ਬਸੈ ॥***
***ਅਨਦ ਕੇਲ ਮਾਇਆ ਰੰਗਿ ਰਸੈ ॥***
***ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥***
***ਕਾਲੁ ਨ ਆਵੈ ਮੂੜੇ ਚੀਤਿ ॥***
***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***

*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- 267*

ਹਰ ਵਾਰੀ ਮਨੁੱਖ ਬਣ ਕੇ ਅਸੀਂ ਧੋਖਾ ਖਾ ਕੇ ਫਿਸਲ ਜਾਂਦੇ ਹਾਂ। ਉਹ ਕਿਹੜੀ ਚੀਜ਼ ਹੈ? ਚੀਜ਼ ਹੈ ਨਹੀਂ, ਲੇਕਿਨ ਹੈਗੀ ਵੀ। 'ਅਨਰਬਚਨੀ' ਇਹਨੂੰ ਕਹਿੰਦੇ ਨੇ, ਦਿਖਾਈ ਜਾ ਨਹੀਂ ਸਕਦੀ। ਅੱਖਾਂ ਨਾਲ ਦਿਖਾਏ ਦਿਸਦੀ ਹੈ, ਲੇਕਿਨ ਅਸਲ ਚੀਜ਼ ਹੋਰ ਹੈ। ਇਹ ਕਿਵੇਂ ਹੋ ਸਕਦੈ? ਕਹਿੰਦੇ, ਅੱਖ ਦੇ ਵਿਚ ਤੇਰੇ ਨੁਕਸ ਹੈ, ਚੰਗੀ ਭਲੀ ਅੱਖ ਹੈ ਤੇਰੀ ਚੰਦਰਮਾ ਨੂੰ ਦੇਖ ਰਹੀ ਹੈ, ਰਾਤ ਨੂੰ ਮੰਜੇ 'ਤੇ ਪਿਐ, ਕੋਏ ਵਿਚ ਉਂਗਲੀ ਦੇ-ਦੇ ਥੋੜ੍ਹੀ ਜਿਹੀ, ਮਾੜਾ ਜਿਹਾ ਦੱਬ ਦੇ, ਕੀ ਨਜ਼ਰ ਆਏਗਾ? ਦੋ ਚੰਦ ਉਸੇ ਵੇਲੇ ਬਣ ਜਾਣਗੇ। ਕਿਉਂ ਬਣ ਗਏ? ਕਿਉਂਕਿ ਅੱਖ ਦੀ ਜਿਹੜੀ ਸੇਧ ਸੀ, ਦੋਵੇਂ ਅੱਖਾਂ ਦਾ ਫੋਕਸ ਸੀ, ਉਹ ਅੱਡ-ਅੱਡ ਹੋ ਗਿਆ। ਅੱਡ ਹੋਣ ਨਾਲ ਜਿਹੜਾ ਪ੍ਰਮੇਸ਼ਰ ਨੇ ਫੋਕਸ ਸਿੱਧਾ ਫਿੱਟ ਕਰਿਆ ਸੀ, ਉਹਦੇ ਵਿਚ ਨੁਕਸ ਪੈ ਗਿਆ। ਉਹਨੂੰ ਥੋੜ੍ਹਾ ਜਿਹਾ ਹਿਲਾ ਦਿਤਾ, ਹਿਲਾਉਣ ਨਾਲ ਕੀ ਹੋਇਆ, ਦੋ ਚੰਦਰਮਾ ਹੋ ਗਏ, ਜ਼ੋਰ ਲਾ ਲਓ, ਉਹਨੂੰ ਕਹੋ ਕਿ ਇਕ ਹੈ, ਕਹੇਗਾ ਮੈਨੂੰ ਦੋ ਦਿਸਦੇ ਨੇ। ਪੈ ਗਿਆ ਨਾ ਭੁਲੇਖਾ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਘਟ-ਘਟ 'ਚ ਵਿਆਪਕ, ਨਾਲ ਰਹਿਣ ਵਾਲਾ ਉਹ ਤਾਂ ਭੁੱਲ ਗਿਆ। ਭੁੱਲਿਆ ਇਸ ਕਰਕੇ ਕਿਉਂਕਿ ਇਕ ਜਿਹੜਾ ਤੱਤ ਹੈ, ਅਣਹੋਇਆ ਜਿਸਨੂੰ ਮਾਇਆ ਕਹਿੰਦੇ ਨੇ। ਉਸਨੇ ਉਸ ਨੂੰ ਭੁਲਾ ਦਿਤਾ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਤੁਮਰੇ ਚਰਨ ਵਿਸਾਰੇ ਜੀ,*
*ਇਨ ਮਾਇਆ ਜਗਦੀਸ ਗੁਸਾਈਂ।*

*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ॥ ਅੰਗ- 857*

ਕਰਦੀ ਕੀ ਹੈ? ਵਾਹਿਗੁਰੂ ਨਾਲੋਂ ਪ੍ਰੀਤੀ ਤੋੜ ਦਿੰਦੀ ਹੈ। ਬੰਦਾ ਉਲਝ ਜਾਂਦੈ, ਉਹਨੂੰ ਨਹੀਂ ਪਤਾ ਲਗਦਾ ਕਿ ਮੈਂ ਉਲਝ ਗਿਆ। ਦੂਸਰਿਆਂ ਨੂੰ ਪਤੈ ਕਿ ਇਹ ਸੁੱਟ ਲਿਆ ਮਾਇਆ ਨੇ। ਉਹਦੇ ਖਿਆਲ ਹੋਰ ਹੁੰਦੇ ਨੇ, ਕਿਉਂਕਿ ਸੰਸਾਰ ਦੀ ਬਾਤਾਂ ਛੱਡੋ ਤੁਸੀਂ। ਇਹ ਤਾਂ ਵਿਚਾਰਾ ਬੇਸਹਾਰਾ, ਨਾ ਪਤਾ ਹੋਣ ਕਰਕੇ, ਮਾਇਆ ਦੇ ਵਿਚ ਲੀਨ ਹੋਇਆ-ਹੋਇਆ ਹਨ੍ਹੇਰੇ ਦੇ ਵਿਚ ਜੀਵਨ ਗੁਜ਼ਾਰ ਰਿਹੈ। ਪਰ ਮੈਂ ਬੇਨਤੀ ਕਰਦਾਂ ਕਿ ਸਾਧੂ ਸੰਤ ਵੀ ਮਾਇਆ 'ਚ ਉਲਝ ਜਾਂਦੇ ਨੇ। ਜੀਵਨ ਮਨੋਰਥ ਤੋਂ ਖਿੜਕ ਜਾਂਦੇ ਨੇ। ਮਿਸਾਲਾਂ ਨੇ ਬਹੁਤ ਸਾਰੀਆਂ। ਮੈਂ ਇਸ ਕਰਕੇ ਬੇਨਤੀ ਕਰਦਾ ਹਾਂ ਕਿ ਆਪਣੇ ਅੰਦਰ ਝਾਤੀ ਮਾਰੋ ਕਿ ਕਿਸ ਤਰ੍ਹਾਂ ਦੇ ਨਾਲ ਇਹ ਮਾਇਆ 'ਚ ਉਲਝ ਜਾਂਦੈ। ਗੱਲ ਤਾਂ ਕੋਈ ਬਣਦੀ ਨਹੀਂ ਹੈ, ਸਾਧੂਪੁਣੇ ਤੋਂ ਹੇਠਾਂ ਆ ਜਾਂਦੈ। ਸਾਧੂ ਨਹੀਂ ਰਹਿੰਦੇ, ਫੇਰ ਆਮ ਗ੍ਰਿਹਸਤੀਆਂ ਤੋਂ ਵੀ ਹੇਠਾਂ ਆ ਜਾਂਦੇ ਨੇ। ਜੇ ਰੁਚੀ ਦੇ ਉਤੇ ਕਾਬੂ ਹੀ ਨਹੀਂ ਪਿਆ ਅਜੇ ਤੱਕ, ਸਾਧੂ

ਬਿਰਤੀ ਜੇ ਪੈਦਾ ਹੀ ਨਹੀਂ ਹੋਈ, ਜੇ ਉਹਦੇ ਥਾਂ 'ਤੇ ਗਿਣਤੀਆਂ-ਮਿਣਤੀਆਂ ਚਲਦੀਆਂ ਨੇ ਤਾਂ ਅਜੇ ਤਾਂ ਸਮਝਿਆ ਹੀ ਕੱਖ ਨਹੀਂ ਕਿ ਸਾਧੂ ਕੀ ਹੁੰਦੈ। ਸੋ ਇਸ ਤਰ੍ਹਾਂ ਦੇ ਨਾਲ ਅੱਜ ਤੋਂ ਨਹੀਂ, ਪਹਿਲਾ ਤੋਂ ਹੀ ਦੋਹਾਂ ਦਾ ਨਿਸ਼ਾਨਾ ਹੁੰਦੈ। ਇਕ ਦੇ ਸਾਮ੍ਹਣੇ ਤਾਂ ਨਿਸ਼ਾਨਾ ਹੁੰਦੈ ਕਿ ਮੈਂ ਅਗਿਆਨ ਦੇ ਵਿਚੋਂ ਲੰਘ ਕੇ ਇਸ ਜੀਵਨ ਦੇ ਅੰਦਰ-ਅੰਦਰ ਪ੍ਰਮੇਸ਼ਰ ਦੇ ਦਰਸ਼ਨ ਸਾਰੀ ਸ੍ਰਿਸ਼ਟੀ 'ਚ ਕਰਨੇ ਨੇ। ਮੈਂ ਹਉਮੈ ਦਾ ਪੂਰੀ ਤਰ੍ਹਾਂ ਨਾਸ਼ ਕਰ ਦੇਣਾ ਹੈ, ਰਹਿਣ ਨਹੀਂ ਦੇਣੀ। ਇਕ ਇਹ ਆਦਰਸ਼ ਹੁੰਦੈ। ਦੂਸਰਾ ਆਦਰਸ਼ ਹੁੰਦੈ ਕਿ ਮੇਰਾ ਡੇਰਾ ਬਹੁਤ ਚਮਕੇ, ਵੱਡਾ ਹੋਵੇ ਕਿ ਮੁਕਾਬਲੇ 'ਤੇ ਨਾ ਆਵੇ। ਮੈਂ ਨੰਬਰ ਇਕ 'ਤੇ ਰਹਾਂ। ਦੁਨੀਆਂ ਦੇ ਵਿਚ ਬਹੁਤ ਨਾਮ ਹੋਵੇ। ਅਖਬਾਰਾਂ 'ਚ ਨਾਮ ਨਿਕਲਣ ਤੇ ਬੇਅੰਤ ਦੁਨੀਆਂ ਆਵੇ ਤੇ ਧੰਨ-ਧੰਨ ਕਹੇ। ਇਹ ਵੀ ਇਕ ਰੁਚੀ ਹੁੰਦੀ ਹੈ ਸਾਧੂ-ਸੰਤਾਂ ਦੇ ਅੰਦਰ। ਦੁਨੀਆਂ ਦੀ ਬਾਤ ਨਹੀਂ ਮੈਂ ਕਰ ਰਿਹਾ। ਮੈਂ ਸਾਧੂ-ਸੰਤਾਂ ਦੀ ਬਾਤ ਕਰ ਰਿਹਾ ਹਾਂ। ਉਹ ਗੱਲ ਨਹੀਂ ਬਣਦੀ, ਇਸ ਕਰਕੇ ਸਾਧੂ ਦਿਸਦਾ ਕੋਈ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ ਨੂੰ ਆਉਣਾ ਪਿਆ ਸੰਸਾਰ 'ਤੇ ਸਾਧ ਬਣਾਉਣ ਵਾਸਤੇ। ਕਿਉਂਕਿ ਧਰਤੀ ਦਾ ਇਕ ਸੰਤੁਲਨ ਜਿਹੜਾ ਸੀ ਉਹ ਹਿੱਲ ਗਿਆ ਸੀ। ਸਾਧੂ ਰਹੇ ਨਹੀਂ ਸੀ। ਭੇਖ ਪੂਰਾ ਸੀ ਸਾਧੂਆਂ ਵਾਲਾ। ਗੁਰੂ ਨਾਨਕ ਪਾਤਸ਼ਾਹ ਦੇ ਜੋ ਕੌਤਕ ਨੇ ਸਾਡੇ ਵਾਸਤੇ ਬੜਾ ਚਾਨਣ-ਮੁਨਾਰਾ ਬਣੇ ਹੋਏ ਨੇ। ਸੁਣਾਉਣ ਵਾਸਤੇ ਨਹੀਂ ਹੈ, ਆਪਣੇ ਆਪ ਦੇ ਉਤੇ ਲਿਆਉਣ ਵਾਸਤੇ ਹੈ। ਜਿਸ ਵਕਤ ਮਹਾਰਾਜ ਜੀ ਤਲੰਬੇ ਦੇ ਕੋਲ ਗਏ, ਮਰਦਾਨੇ ਦੀ ਉਥੇ ਬੜੀ ਪੂਜਾ ਹੋਈ, ਉਰਲੇ ਪਿੰਡ। ਬਹੁਤ ਪੂਜਾ ਹੋਈ, ਬੜਾ ਧਨ ਮਾਲ ਦਿਤਾ। ਪੈਸੇ ਦਿਤੇ, ਕੱਪੜੇ ਰੇਸ਼ਮ ਦੇ ਦਿਤੇ। ਪੰਡ ਬੰਨ੍ਹ ਕੇ ਮਰਦਾਨੇ ਦੇ ਸਿਰ 'ਤੇ ਰੱਖ ਦਿਤੀ। ਮਰਦਾਨਾ ਚੁੱਕੀਂ ਆਉਂਦੈ, ਪੈਸਿਆਂ ਦੀ ਪੋਟਲੀ ਬੰਨ੍ਹੀਂ ਹੋਈ ਹੈ ਪਿਛਲੇ ਪਾਸੇ। ਮਹਾਰਾਜ ਨੇ ਜਦੋਂ ਦੇਖਿਆ, ਉਥੋਂ ਹੀ ਆਪ ਨੇ ਹੱਸਣਾ ਸ਼ੁਰੂ ਕਰ ਦਿਤਾ। ਮਰਦਾਨਾ ਦੇਖਦੈ ਕਿ ਮਹਾਰਾਜ ਬੜੇ ਖੁਸ਼ ਹੋ ਗਏ ਕਿ ਅੱਜ ਮੈਂ ਕਮਾਈ ਕਰਕੇ ਲਿਆਇਆ ਹਾਂ। ਜਦੋਂ ਨੇੜੇ ਗਿਆ ਤਾਂ ਕਹਿਣ ਲੱਗਿਆ, ਲਓ ਮਹਾਰਾਜ! ਤੁਹਾਡੀ ਕ੍ਰਿਪਾ ਹੈ, ਮੈਨੂੰ ਗਰੀਬ ਨੂੰ ਕੌਣ ਜਾਣਦੈ। ਤੁਹਾਡੇ ਕਰਕੇ ਮੇਰੀ ਪੂਜਾ ਹੋਈ ਹੈ ਤੇ ਮੈਨੂੰ ਉਨ੍ਹਾਂ ਨੇ ਐਨੇ ਸਿਰੋਪੇ ਦਿਤੇ ਨੇ, ਕੋਈ ਘਰ ਨਹੀਂ ਰਿਹਾ ਜਿਹਨੇ ਨਾ ਸਿਰੋਪਾ ਦਿਤਾ ਹੋਵੇ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਕ ਗੱਲ ਵਿਚਾਰੇਂਗਾ?

ਕਹਿੰਦਾ, ਦੱਸੋ?

ਕਹਿੰਦੇ, ਆਪਾਂ ਨੇ ਕੀ ਕਰਨੈ? ਦੱਸ, ਆਹ ਕੱਪੜਿਆ ਨੂੰ ਚੁੱਕੀਂ ਫਿਰਾਂਗੇ, ਪੈਸਿਆਂ ਨੂੰ ਚੁੱਕੀਂ ਫਿਰਾਂਗੇ? ਨਾ ਆਪਾਂ ਜੇਬਾਂ ਲਵਾਈਆਂ ਨੇ, ਨਾ ਕੋਈ ਆਪਣੇ ਕੋਲ ਟਰੰਕੀ ਹੈ ਕਿ ਜਿਹਦੇ 'ਚ ਰੱਖ ਲਈਏ, ਆਪਾਂ ਤਾਂ ਖਾਲੀ ਹੱਥ ਤੁਰੇ ਫਿਰਦੇ ਹਾਂ। ਨਾਹੁੰਣ ਵਾਸਤੇ ਆਪਾਂ ਨੂੰ ਲੋੜ ਹੈ

ਗੜਵੀ ਦੀ, ਉਹ ਰੱਸੀ ਰੱਖੀ ਹੋਈ ਹੈ, ਕੱਢ ਲੈਂਦੇ ਹਾਂ ਪਾਣੀ ਖੂਹ 'ਚੋਂ, ਨਹਾ ਲੈਂਦੇ ਹਾਂ। ਹੋਰ ਤਾਂ ਆਪਾਂ ਨੂੰ ਕੁਛ ਨਹੀਂ ਚਾਹੀਦਾ। ਭੁੰਜੇ ਪੈ ਲਈਦੈ, ਬਿਸਤਰਾ ਕੋਈ ਨਹੀਂ। ਤੂੰ ਆਹ ਕੀ ਚੁੱਕੀਂ ਫਿਰਦੈਂ? ਸੰਭਾਲੇਂਗਾ ਕਿਵੇਂ?

ਕਹਿੰਦਾ, ਸੱਚੇ ਪਾਤਸ਼ਾਹ! ਫੇਰ ਕੀ ਕਰਾਂ?

ਆਹ, ਪੈਸੇ ਤਾਂ ਕੰਮ ਆ ਜਾਣਗੇ?

ਕਹਿੰਦੇ, ਆਪਾਂ ਨੇ ਕੀ ਲੈਣੈ ਪੈਸਿਆਂ ਨਾਲ। ਨਿਰੰਕਾਰ ਦੇ ਚਾਕਰ ਹਾਂ ਉਹਨੇ ਆਪੇ ਹੀ ਦੇਣੈ ਜਦੋਂ ਸਾਨੂੰ ਲੋੜ ਹੋਏਗੀ। ਜਦੋਂ ਅਸੀਂ ਉਹਦਾ ਕੰਮ ਕਰਦੇ ਹਾਂ ਉਹ ਆਪੇ ਹੀ ਖਾਣ ਪੀਣ ਨੂੰ ਦੇਵੇਗਾ। ਫੇਰ ਮਹਾਰਾਜ ਮੈਂ ਕੀ ਕਰਾਂ? ਕਹਿੰਦੇ, ਔਹ ਚੌਰਸਤਾ ਹੈ ਉਥੇ ਜਾ ਕੇ ਰੱਖ ਆ ਗੱਠੜੀ, ਖੋਲ੍ਹ ਦੇ ਗੱਠੜੀ। ਕੱਪੜੇ ਫੈਲਾ ਦੇ ਤੇ ਪੈਸੇ ਵੀ ਉਵੇਂ ਜਿਵੇਂ ਖੋਲ੍ਹ ਕੇ ਰੱਖ ਦੇ। ਲੋੜਵੰਦ ਜਿਹੜੇ ਆਉਣਗੇ, ਉਹ ਲੈ ਜਾਣਗੇ।

ਮਹਾਰਾਜ ਜੀ ਦੇ ਪਾਸ ਆ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਮੈਂ ਇਹ ਸਮਝਾਂ ਕਿ ਤੁਹਾਡਾ ਜਿਹੜਾ ਮੱਤ ਹੈ ਉਹ ਮਾਇਆ ਤੋਂ ਨਿਰਲੇਪ ਹੈ ਕਿ ਹੱਥ ਨਾ ਲਾਓ ਪੈਸਿਆਂ ਨੂੰ? ਹੱਥ ਨਾ ਲਾਓ ਕੱਪੜਿਆਂ ਨੂੰ? ਤੁਸੀਂ ਮਾਇਆ ਛੁਡਾਉਂਦੇ ਹੋਂ?

ਮਹਾਰਾਜ ਕਹਿੰਦੇ, ਨਹੀਂ, ਮਰਦਾਨਿਆਂ! ਨਹੀਂ ਅਸੀਂ ਮਾਇਆਂ ਨਹੀਂ ਛੁਡਾਉਂਦੇ, ਇਹ ਤਾਂ ਕੰਮ ਆਏਗੀ, ਆਉਂਦੀ ਹੈ ਕੰਮ। ਅਸੀਂ ਇਹਦਾ ਮੋਹ ਛੁਡਾਉਂਦੇ ਹਾਂ। ਇਹਦੇ ਮੋਹ 'ਚ ਨਾ ਪਵੋ ਤੁਸੀਂ। ਜਦੋਂ ਮੋਹ 'ਚ ਪਵੋਂਗੇ ਉਸੇ ਵੇਲੇ ਛੋਟੇ ਕੰਮ ਕਰਨੇ ਸ਼ੁਰੂ ਕਰ ਦੇਵਾਂਗੇ, ਉਸੇ ਵੇਲੇ ਗਲਤ ਕੰਮ ਕਰਨੇ ਸ਼ੁਰੂ ਕਰ ਦੇਵਾਂਗੇ ਕਿਉਂਕਿ ਮਾਇਆ ਦਾ ਮੋਹ ਅੰਦਰ ਰਮ ਗਿਆ। ਇਹ ਮੋਹ ਮਾੜਾ ਹੈ, ਮਾਇਆ ਨਹੀਂ ਮਾੜੀ। ਮਾਇਆ ਨੂੰ ਜੇ ਸਹੀ ਤਰੀਕੇ ਨਾਲ ਵਰਤਿਆ ਜਾਵੇ, ਇਹ ਸਹਾਇਤਾ ਕਰਦੀ ਹੈ। ਪਰ ਇਹਦੇ ਉਤੇ ਕਬਜ਼ਾ ਕਰਨਾ ਤੇ ਮੋਹ ਕਰਨਾ, ਆਪਣਾ ਸਮਝਣਾ, ਕਹਿੰਦੇ ਉਹ ਫੇਰ ਗਲਤ ਹੋ ਜਾਇਆ ਕਰਦੈ। ਅਸੀਂ ਉਹ ਚੀਜ਼ ਘਟਾਉਂਦੇ ਹਾਂ, ਮਾਇਆ ਨਹੀਂ ਘਟਾਉਂਦੇ। ਮਾਇਆ ਦੇ ਨਾਲ ਸਾਡੀ ਜਿਹੜੀ ਪਕੜ ਹੈ ਉਹਨੂੰ ਅਸੀਂ ਤੋੜਦੇ ਹਾਂ। ਮਰਦਾਨੇ ਦੇ ਗੱਲ ਸਮਝ ਆ ਗਈ। ਕਹਿਣ ਲੱਗਿਆ, ਮਹਾਰਾਜ ਮੈਂ ਤਾਂ ਬੜਾ ਭੁੱਲ ਗਿਆ ਸੀ। ਹੁਣ ਮੇਰੇ ਯਾਦ ਆਉਂਦੈ ਕਿ ਆਪਾਂ ਕਿੱਥੇ ਚੁੱਕੀਂ ਫਿਰਦੇ। ਜਾਣਾ ਪਰਦੇਸਾਂ 'ਚ ਹੈ, ਕੀਹਦੇ ਘਰ ਰਖਦੇ, ਪਤਾ ਨਹੀਂ ਉਥੇ ਮੁੜ ਕੇ ਆਉਂਦੇ ਕਿ ਨਾ ਆਉਂਦੇ।

ਚੱਲ ਮਰਦਾਨਿਆਂ! ਅੱਗੇ।

ਕਹਿੰਦਾ ਮਹਾਰਾਜ! ਕਿੱਧਰ?

ਕਹਿੰਦੇ, ਦੇਖ, ਹੁਕਮ ਆ ਗਿਆ ਤੇ ਆਪਾਂ ਚਲਣੈ। ਬੜਾ ਗਲਤ ਥਾਉਂ ਹੈ ਜਿੱਥੇ ਆਪਾਂ ਜਾ ਰਹੇ ਹਾਂ। ਉਥੇ ਜਦੋਂ ਆਏ ਤਾਂ ਇਕ ਸਾਧੂ

ਦੀ ਦਸ ਪਈ ਕਿ ਬਹੁਤ ਵੱਡਾ ਸਾਧੂ ਹੈ, ਸਮਦ੍ਰਿਸ਼ਟੀ ਹੈ ਉਹਦੀ, ਹਿੰਦੂਆਂ ਨੂੰ ਵੀ ਉਸੇ ਨਜ਼ਰ ਨਾਲ ਦੇਖਦੈ ਤੇ ਮੁਸਲਮਾਨਾਂ ਨੂੰ ਵੀ ਉਸੇ ਨਜ਼ਰ ਨਾਲ ਦੇਖਦੈ ਤੇ ਬੜੀ ਮਹਿਮਾ ਹੈ ਉਸਦੀ ਤੇ ਬੜਾ ਉਹਦਾ ਜਸ ਗਾਇਆ ਜਾਂਦੈ।

ਮਹਾਰਾਜ ਕਹਿੰਦੇ, ਮਰਦਾਨਿਆਂ! ਉਤੋਂ ਤਾਂ ਆਹ ਗੱਲਾਂ ਨੇ, ਵਿਚੋਂ ਬਿਲਕੁਲ ਉਲਟੀ ਤਸਵੀਰ ਹੈ। ਇਹ ਨਹੀਂ ਹੈ, ਉਹਦੇ ਏਜੰਟ ਰੱਖੇ ਹੋਏ ਨੇ, ਪੈਸੇ ਖਾਣ ਪੀਣ ਨੂੰ ਦਿੰਦੈ। ਆਪਣੀ ਮਹਿਮਾ ਕਰਾ ਰਿਹੈ ਤੇ ਉਹਦੇ ਨਾਲ ਜਿਹੜੀ ਅਸਲੀਅਤ ਹੈ ਉਹਦੇ ਉਤੇ ਪੜਦਾ ਪਾ ਕੇ ਅੰਦਰ ਹੋਰ ਰੂਪ ਹੈ, ਭਿਆਨਕ ਰੂਪ ਤੇ ਬਾਹਰੋਂ ਬੜਾ ਸੰਤ ਬਣਿਆ ਹੋਇਐ। ਵੇਸ ਬਹੁਤ ਸੋਹਣੈ।

ਅੱਗੇ ਜਿਸ ਵਕਤ ਮਹਾਰਾਜ ਜੀ ਗਏ, ਕੀ ਦੇਖਦੇ ਨੇ ਕਿ ਇਕ ਹਵੇਲੀ ਆ ਗਈ ਬਹੁਤ ਸੋਹਣੀ। ਆਸ਼ਰਮ ਆ ਗਿਆ ਬਹੁਤ ਹੀ ਵਧੀਆ। ਬੜਾ ਸਜਿਆ ਧਜਿਆ ਆਸ਼ਰਮ ਹੈ ਤੇ ਉਹਦੇ ਇਕ ਥਾਂ ਮਹਾਤਮਾ ਬੈਠੇ ਨੇ ਜਿਨ੍ਹਾਂ ਦੇ ਦਰਸ਼ਨ ਜਿਹੜੇ ਨੇ ਕੱਪੜਾ, ਲੀੜਾ ਤੇ ਦਾਹੜ੍ਹਾ ਤੇ ਮਾਲਾ ਪਤਾ ਨਹੀਂ ਲਗਦਾ ਪੈਰੀਂ ਖੜ੍ਹਾਵਾਂ ਪਾਈਆਂ ਹੋਈਆਂ ਨੇ, ਉਤੇ ਟੋਪੀ ਰੱਖੀ ਹੋਈ ਹੈ ਮੁਸਲਮਾਨਾਂ ਵਾਲੀ ਤੇ ਹੱਥ ਵਿਚ ਹਿੰਦੂਆਂ ਵਾਲੀ ਮਾਲਾ ਫੜੀ ਹੋਈ ਹੈ ਤੇ ਕੱਪੜਾ ਲੀੜਾ ਦੇਖ ਕੇ ਆਦਮੀ ਬੜਾ ਪ੍ਰਭਾਵਿਤ ਹੁੰਦੈ ਕਿ ਬੜਾ ਕੋਈ ਤਕੜਾ ਮਹਾਤਮਾ ਹੈ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸਾਧੂ ਦੇ ਦਰਸ਼ਨ ਕਰਕੇ ਮਨ ਵਿਚ ਚਾਉ ਆਉਣਾ ਚਾਹੀਦਾ ਸੀ ਤੇ ਸਾਧੂ ਦੇ ਦਰਸ਼ਨ ਕਰਕੇ ਵਾਹਿਗੁਰੂ ਚਿੱਤ ਆਉਣਾ ਚਾਹੀਦਾ ਸੀ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ– 520***

ਪਰ ਪਾਤਸ਼ਾਹ ਮੇਰੇ ਤਾਂ ਅੰਦਰ ਕੁਛ ਹੋਰ ਤਰ੍ਹਾਂ ਦੀ ਗੱਲ ਹੋਣ ਲਗ ਗਈ। ਇਹ ਤਾਂ ਇਸ ਤਰ੍ਹਾਂ ਲਗਦੈ ਜਿਵੇਂ ਕੋਈ ਡਰਾਉਣਾ ਹੁੰਦੈ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਵੇਂ ਜਿਵੇਂ ਹੀ ਹੈ। ਅੱਗੇ ਚਲੇ ਗਏ, ਜਾ ਕੇ ਪੁੱਛਿਆ, ਉਸ ਨੇ ਵੀ ਦੇਖਿਆ ਕਿ ਸਾਧੂ ਆ ਗਏ। ਬਾਹਰ ਆਉਂਦੈ, ਆ ਕੇ ਹੱਥ ਬੰਨ੍ਹਦੈ, ਅੱਧਾ ਲਿਫ ਜਾਂਦੈ, ਧਰਤੀ 'ਤੇ ਹੱਥ ਲਾਉਂਦੈ, ਕਹਿੰਦੈ ਕਿ ਧੰਨ ਭਾਗ ਮੇਰੇ ਕਿ ਅੱਜ ਸੰਤਾਂ ਦੇ ਦਰਸ਼ਨ ਹੋਏ। ਮੇਰਾ ਜਨਮ ਸਫਲਾ ਹੋ ਗਿਆ। ਮੇਰੀ ਅਰਦਾਸ ਪ੍ਰਮੇਸ਼ਰ ਨੇ ਮੰਨ ਲਈ, ਤੁਹਾਡੇ ਵਰਗੇ ਮਹਾਂਪੁਰਸ਼ਾਂ ਦੇ ਦਰਸ਼ਨ ਹੋ ਗਏ। ਮੈਨੂੰ ਸੇਵਾ ਦਾ ਮੌਕਾ ਮਿਲ ਗਿਆ। ਉਸ ਵੇਲੇ ਗੁਰੂ ਮਹਾਰਾਜ ਮੁਸਕਰਾ ਰਹੇ ਨੇ, ਕਹਿੰਦੇ, ਕੋਈ ਨਾ ਪ੍ਰੇਮੀਆਂ! ਤੇਰਾ ਨਾਉਂ ਕੀ ਹੈ? ਕਹਿੰਦਾ, ਮਹਾਰਾਜ! ਨਾਉਂ ਕਾਹਦੈ, ਨਾਉਂ ਤਾਂ ਲੋਕ ਰਖਦੇ ਨੇ। ਆਪ ਦਾ ਤਾਂ ਕੋਈ ਨਾਉਂ ਹੀ ਨਹੀਂ ਹੁੰਦਾ। ਜਿਹੜੇ ਹਿੰਦੂ ਨੇ ਉਹ ਪਿਆਰ ਨਾਲ ਮੈਨੂੰ ਸੱਜਣ ਕਹਿ ਦਿੰਦੇ ਨੇ ਤੇ ਜਿਹੜੇ ਇਸਲਾਮ ਵਾਲੇ ਨੇ ਉਹ ਮੈਨੂੰ ਸ਼ੇਖ ਸੱਜਣ ਕਹਿ ਦਿੰਦੇ ਨੇ, ਮੈਨੂੰ

ਤਾਂ ਦੋਵੇਂ ਬਰਾਬਰ ਨੇ। ਰੱਬ ਸਾਰਿਆਂ ਦਾ ਸਾਂਝਾ ਹੈ, ਇਸ ਕਰਕੇ ਮੈਂ ਇਕ ਨਿਗ੍ਹਾ ਨਾਲ ਦੋਹਾਂ ਨੂੰ ਦੇਖਦਾ ਹਾਂ। ਆਹ ਦੇਖੋ ਏਧਰ ਠਾਕੁਰ ਦੁਆਰਾ ਹੈ ਤੇ ਇਧਰਲੇ ਪਾਸੇ ਮਸਜਿਦ ਹੈ, ਨਮਾਜ਼ ਪੜ੍ਹਨ ਵਾਲਾ ਆ ਗਿਆ, ਉਹ ਵੀ ਮਨਜ਼ੂਰ ਹੈ, ਉਹ ਨਮਾਜ਼ ਪੜ੍ਹੇ। ਜੇ ਆ ਗਿਆ ਗਾਇਤ੍ਰੀ ਪੜ੍ਹਨ ਵਾਲਾ ਤੇ ਪੂਜਾ ਕਰਨ ਵਾਲਾ ਉਹਦੇ ਵਾਸਤੇ ਆਹ ਸਾਰੇ ਸ੍ਰੀ ਰਾਮ ਚੰਦ੍ਰ, ਕ੍ਰਿਸ਼ਨ ਮਹਾਰਾਜ, ਦੇਵੀਆਂ ਸਾਰਿਆਂ ਦੀਆਂ ਮੈਂ ਪ੍ਰਿਤਮਾ ਰੱਖੀਆਂ ਹੋਈਆਂ ਨੇ। ਜਿਹਦੇ ਉਤੇ ਜਿਹਦੀ ਭਾਵਨਾ ਹੈ ਉਹਦੀ ਪੂਜਾ ਕਰ ਲਏਗਾ।

ਮਹਾਰਾਜ ਕਹਿੰਦੇ, ਭਾਈ ਸੱਜਣਾ! ਹੈ ਤਾਂ ਤੇਰੀ ਗੱਲ ਬਹੁਤ ਵਧੀਆ ਜੇ ਕਿਤੇ ਸੱਚੀ ਹੋਵੇ। ਜੇ ਕਿਤੇ ਬਿਲਕੁਲ ਹੀ ਸਤਿ ਹੋਵੇ, ਐਡੀ ਨਿਗ੍ਹਾ ਖੁਲ੍ਹ ਜਾਵੇ, ਫੇਰ ਤਾਂ ਇਹ ਬਹੁਤ ਹੀ ਵੱਡੀ ਗੱਲ ਹੈ। ਐਨੀ ਕਹਿ ਕੇ ਰਮਜ਼ ਮਾਰ ਕੇ, ਚੁੱਪ ਕਰ ਗਏ। ਅੰਦਰ ਸੱਜਣ ਦੇ ਸਰਨ-ਸਰਨ ਹੋਣ ਲੱਗ ਗਿਆ ਕਿ ਅੰਦਰੋਂ ਤਾਂ ਮੈਂ ਇਹੋ ਜਿਹਾ ਹੈ ਨਹੀਂ। ਇਹ ਕੌਣ ਆ ਗਿਆ ਅੱਜ, ਜਿਹਦੇ ਇੱਕੋ ਬਚਨ ਨਾਲ ਮੇਰੇ ਅੰਦਰ ਧੀਰਜ ਟੁੱਟਦਾ ਮਾਲੂਮ ਦਿੰਦੈ। ਉਸ ਵੇਲੇ ਅੰਦਰ ਲੈ ਗਿਆ ਕਹਿਣ ਲੱਗਿਆ, ਮਹਾਰਾਜ! ਮੈਨੂੰ ਸੇਵਾ ਦਾ ਮੌਕਾ ਦਿਓ ਤੇ ਆਪ ਅੰਦਰ ਚੱਲੋ।

ਉਸ ਵੇਲੇ ਮਹਾਰਾਜ ਜੀ ਅੰਦਰ ਜਾਂਦੇ ਨੇ, ਜਾ ਕੇ ਬੈਠ ਜਾਂਦੇ ਨੇ। ਤਾਂ ਆਪ ਬੈਠੇ ਨੇ ਅਜੇ, ਕਹਿੰਦੈ ਜੀ, ਆਹ ਪਲੰਘਾਂ 'ਤੇ ਬੈਠ ਜਾਓ। ਮਹਾਰਾਜ ਜੀ ਕਹਿੰਦੇ, ਪਲੰਘਾਂ ਦੀ ਲੋੜ ਨਹੀਂ। ਅਸੀਂ ਤਾਂ ਭੁੰਜੇ ਸੌਣ ਵਾਲੇ ਹਾਂ, ਕਰਤਾਰ ਦੇ ਹੁਕਮ 'ਚ ਸਫਰ 'ਤੇ ਪਏ ਹੋਏ ਹਾਂ। ਕਿੱਥੇ ਭਾਈ ਸੱਜਣਾਂ ਮੰਜੇ ਮਿਲਣੇ ਨੇ, ਭੁੰਜੇ ਹੀ ਠੀਕ ਹੈ। ਐਨੇ ਨੂੰ ਜਲ ਪਾਣੀ ਆ ਗਿਆ। ਮਰਦਾਨੇ ਨੂੰ ਪੁੱਛਿਆ ਕਿ ਭਾਈ ਮਰਦਾਨਾ! ਤੈਂ ਛਕਣੈ ਕੁਛ?

ਕਹਿਣ ਲੱਗਿਆ, ਨਾ ਮਹਾਰਾਜ। ਮੇਰੀ ਤਾਂ ਅੱਜ ਭੁੱਖ ਹੀ ਮਰ ਗਈ, ਜੀਅ ਨਹੀਂ ਮੇਰਾ ਕਰ ਰਿਹਾ। ਕੀ ਹੋ ਗਿਆ ਅੱਜ ਮੈਨੂੰ ਪਤਾ ਨਹੀਂ ਲਗ ਰਿਹਾ। ਕਹਿੰਦੇ, ਲਗ ਜਾਊ ਤੈਨੂੰ ਥੋੜ੍ਹੀ ਦੇਰ ਨੂੰ ਪਤਾ।

ਪ੍ਰਸ਼ਾਦ ਪਾਣੀ ਮੋੜ ਦਿਤਾ। ਅੰਦਰ ਜਾ ਕੇ ਮੀਟਿੰਗ ਹੋਣੀ ਸ਼ੁਰੂ ਹੋ ਗਈ ਕਿ ਦੇਖੋ ਜਿਹੜਾ ਪਲੰਘ ਹੈ ਇਹਦੇ ਉਤੇ ਠਗਮੂਰੀ ਵਿਛਾਈ ਹੋਈ ਹੈ। ਠਗਮੂਰੀ ਦਾ ਮਤਲਬ ਠੱਗਾਂ ਕੋਲ ਇਕ ਬੂਟੀ ਹੁੰਦੀ, ਉਹ ਜੇ ਆਦਮੀ ਸੁੰਘ ਲੈਂਦਾ ਸੀ, ਆਦਮੀ ਬੇਹੋਸ਼ ਹੋ ਜਾਂਦਾ ਸੀ। ਉਹਨੂੰ ਠਗਮੂਰੀ ਕਹਿੰਦੇ ਨੇ। ਇਹ ਵੀ ਪਲੰਘਾਂ 'ਤੇ ਨਾ ਪਏ, ਨਹੀਂ ਤਾਂ ਬੇਹੋਸ਼ ਹੋ ਹੀ ਜਾਂਦੇ। ਧਨ ਇਨ੍ਹਾਂ ਕੋਲ ਬਹੁਤ ਜ਼ਿਆਦਾ ਹੈ। ਸਾਧੂਆਂ ਦਾ ਭੇਖ ਇਨ੍ਹਾਂ ਨੇ ਧਾਰਿਆ ਹੋਇਐ ਤੇ ਨਾਲਦਿਆਂ ਨੇ ਕਿਹਾ ਕਿ ਦੇਖੋ ਮਹਾਰਾਜ! ਚੰਗੀ ਤਰ੍ਹਾਂ ਪਰਖ ਲਓ, ਕਿਤੇ ਸਾਧੂ ਹੀ ਨਾ ਹੋਣ?

ਕਹਿੰਦੈ, ਸਾਧੂ ਨਾ ਹੋਣ, ਸਾਧੂ ਤਾਂ ਹੈ ਹੀ ਨਹੀਂ ਕੋਈ ਪਿਆਰਿਓ, ਮੈਂ ਜ਼ਿੰਦਗੀ ਦੇ ਤਜਰਬੇ ਕਰ-ਕਰ ਕੇ ਇਸ ਗੱਲ ਦੇ ਉਤੇ ਪਹੁੰਚਿਆਂ ਕਿ ਸਾਧੂ ਕੋਈ ਨਹੀਂ ਦੁਨੀਆਂ ਦੇ ਅੰਦਰ, ਸਭ ਮਕਰ ਹੈ। ਦੂਸਰਾ ਇਹ ਹੈ

ਕਿ ਰੱਬ ਕੋਈ ਨਹੀਂ ਹੈ। ਇਹ ਇਕ ਢਕੌਂਸਲਾ ਕਰਿਆ ਹੋਇਐ, ਜਿਹਦਾ ਰੂਪ ਨੀਂ, ਰੰਗ ਨੀਂ, ਰੇਖ ਨੀਂ, ਭੇਖ ਨੀਂ, ਚੱਕਰ ਨੀਂ, ਚਿਹਨ ਨੀਂ, ਜਾਤ ਨੀਂ, ਪਾਤ ਨੀਂ। ਜਿਹਦੀ ਹੋਂਦ ਹੀ ਕੋਈ ਨਹੀਂ, ਨਾ ਅੱਖਾਂ ਨਾਲ ਦੇਖ ਸਕਦੇ ਹਾਂ, ਨਾ ਹੱਥ ਨਾਲ ਛੂਹ ਸਕਦੇ ਹਾਂ, ਨਾ ਕੰਨ ਨਾਲ ਸੁਣ ਸਕਦੇ ਹਾਂ, ਨਾ ਨੱਕ ਨਾਲ ਸੁੰਘ ਸਕਦੇ ਹਾਂ, ਨਾ ਸਪਰਸ਼ ਨਾਲ ਛੋਹ ਸਕਦੇ ਹਾਂ, ਉਹ ਚੀਜ਼ ਕੀ ਹੋਈ? ਹੈ ਹੀ ਨਹੀਂ ਕੋਈ ਚੀਜ਼। ਮੈਂ ਪੱਕਾ ਨਿਰਣਾ ਕਰ ਲਿਆ ਕਿ ਜੇ ਦੁਨੀਆਂ ਨੂੰ ਲੁੱਟਣਾ ਹੋਵੇ ਤਾਂ ਇਸ ਮਕਰ ਨਾਲ ਲੁਟਿਆ ਜਾ ਸਕਦੈ, ਉਤੇ ਭੇਖ ਵਧੀਆ ਹੋਵੇ, ਮੁਖ ਦੇ ਵਿਚ ਬਚਨ ਵਧੀਆ ਹੋਣ, ਵੱਡੀ ਤੋਂ ਵੱਡੀ ਥਿਊਰੀ ਦਸ ਸਕਦਾ ਹੋਵੇ ਤੇ ਲੋਕਾਂ ਨੂੰ ਹਿਪਨੋਟਾਈਜ਼ (ਜਾਦੂ) ਕਰ ਸਕਦਾ ਹੋਵੇ। ਫੇਰ ਇਨ੍ਹਾਂ ਦੀ ਕਮਾਈ ਆਈ ਜਾਂਦੀ ਹੈ ਤੇ ਪਿਆਰਿਓ! ਸੱਜਣ ਨੇ ਐਵੇਂ ਨੀਂ ਕੁਛ ਕਰਿਆ, ਸਭ ਕੁਝ ਵਿਚਾਰ ਕੇ ਕਰਿਆ ਹੈ। ਜਿੰਨਾਂ ਮੱਕਰ ਜਿੰਨਾ ਜ਼ਿਆਦਾ ਪਾਖੰਡ ਓਨੀਂ ਦੁਨੀਆਂ ਜ਼ਿਆਦਾ ਲੁੱਟੀ ਜਾਂਦੀ ਹੈ। ਸੋ ਇਸ ਗੱਲ 'ਤੇ ਬੇਫਿਕਰ ਰਹੋ, ਕੋਈ ਸੰਤ ਨਹੀਂ ਦੁਨੀਆਂ ਦੇ ਅੰਦਰ, ਨਾ ਕੋਈ ਰੱਬ ਹੈ।

ਇਕ ਖਟਸ਼ਾਸਤਰੀ ਛੇ ਸ਼ਾਸਤਰ ਪੜ੍ਹ ਕੇ ਆਇਆ ਬ੍ਰਾਹਮਣ। ਜਦੋਂ ਉਹਨੇ ਇਹ ਗੁਣ ਪ੍ਰਮੇਸ਼ਰ ਦੇ ਸੁਣੇ, ਉਹ ਕਹਿਣ ਲੱਗਿਆ, ਇਹ ਚੀਜ਼ ਹੈ ਨਹੀਂ। ਇਕ ਮਹਾਤਮਾ ਦੇ ਕੋਲ ਆ ਗਏ, ਬੀਤਰਾਗ ਮਹਾਂਪੁਰਸ਼ ਸੀ। ਚੌਥੇ ਪਦ 'ਚ ਰਹਿਣ ਵਾਲੇ, ਕਹਿੰਦਾ ਮਹਾਂਪੁਰਸ਼ੋ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਇਕ ਸੰਸਾ ਵਿਆਪਿਆ ਹੋਇਐ ਕਿ ਉਹ ਹੈ, ਰੱਬ ਹੈ, ਕਿ ਨਹੀਂ?

ਕਹਿੰਦੇ, ਕਿਉਂ?

ਕਹਿੰਦਾ, ਜਿਸਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਜਿਹਦਾ ਵਜੂਦ ਹੀ ਕੋਈ ਨਹੀਂ ਹੈ। ਉਹ ਚੀਜ਼ ਹੋ ਕਿਵੇਂ ਸਕਦੀ ਹੈ? ਇਹ ਕ੍ਰਿਪਾ ਕਰਕੇ ਮੈਨੂੰ ਸਮਝਾਓ।

ਮਹਾਤਮਾ ਨੇ ਦੇਖਿਆ ਕਿ ਇਹ ਮੇਰਾ ਸਮਝਾਇਆ ਹੋਇਆ ਤਾਂ ਸਮਝਣਾ ਨਹੀਂ। ਪੜ੍ਹਿਆ ਹੋਇਆ ਬਹੁਤ ਹੈ। ਗੱਲਾਂ ਇਹਦੇ ਕੋਲ ਜ਼ਿਆਦਾ ਨੇ, ਇਹਨੇ ਨਹੀਂ ਸਮਝਣਾ। ਉਹ ਕਹਿੰਦੇ, ਇਕ ਹੋਰ ਮਹਾਂਪੁਰਸ਼ ਨੇ ਉਹ ਤੈਨੂੰ ਸਮਝਾ ਦੇਣਗੇ। ਉਨ੍ਹਾਂ 'ਚ ਅੰਦਰ ਸ਼ਕਤੀ ਹੈ। ਉਥੇ ਚਲਿਆ ਗਿਆ, ਉਥੇ ਜਾ ਕੇ ਬੇਨਤੀਆਂ ਕਰੀਆਂ ਕਿ ਮੈਂ ਖਟਸ਼ਾਸਤਰ ਪੜ੍ਹਿਆ ਹੋਇਆਂ ਤੇ ਮੈਨੂੰ ਇਹ ਸੰਸਾ ਵਿਆਪਿਆ ਹੋਇਐ ਕਿ ਕ੍ਰਿਪਾ ਕਰੋ, ਮੈਨੂੰ ਇਹ ਦੱਸੋ ਕਿ ਰੱਬ ਹੈਗਾ? ਜਿਹਦਾ ਕੋਈ ਵਜੂਦ ਹੀ ਨਹੀਂ ਹੈ, ਉਹ ਚੀਜ਼ ਕੀ ਹੁੰਦੀ ਹੈ? ਪੰਜ ਸੱਤ ਵਾਰੀ ਜਦੋਂ ਕਿਹਾ, ਕਹਿੰਦਾ ਮੈਂ ਤੇਰੇ ਕੋਲ ਆਇਆ ਹਾਂ। ਸਿੱਧਾ ਹੋ ਗਿਆ, ਕਹਿੰਦਾ ਤੂੰ ਬੋਲਦਾ ਹੀ ਨਹੀਂ? ਤੇਰੇ ਤੋਂ ਮੈਂ ਜ਼ਿਆਦਾ ਪੜ੍ਹਿਆ ਹੋਇਆਂ ਤੇ ਤੂੰ ਮੈਨੂੰ ਇਸ ਤਰ੍ਹਾਂ ਲਗਦੈਂ ਕਿ ਤੇਰੀ ਅਕਲਸ਼ਹੀ ਹੈਂ? ਇਕ ਅੱਖਰ ਵੀ ਨਹੀਂ ਤੂੰ ਪੜ੍ਹਿਆ ਹੋਇਆ। ਓਮੀ ਸਾਧ ਹੈਂ ਤੂੰ।

ਉਸ ਵੇਲੇ ਕੋਲ ਇਕ ਡਲਾ ਪਿਆ ਸੀ ਮਿੱਟੀ ਦਾ, ਉਨ੍ਹਾਂ ਨੇ ਚੁੱਕਿਆ, ਵਗਾਹ ਕੇ ਮਾਰਿਆ ਤੇ ਉਹਦੇ ਲੱਗਿਆ। ਉਹ ਉੱਠ ਕੇ ਮਹਾਤਮਾ ਦੇ ਆ ਕੇ ਕਹਿਣ ਲੱਗਿਆ, ਇਹਨੇ ਮੇਰੇ ਡਲਾ ਮਾਰਿਐ, ਦੋ ਤਿੰਨ ਥੱਪੜ ਇਹਨੇ ਮਾਰ ਦਿਤੇ।

ਸੰਤ ਕਹਿੰਦੇ, ਕਿਉਂ ਮਾਰਦੈਂ, ਅਸੀਂ ਤਾਂ ਤੇਰੀ ਗੱਲ ਦਾ ਜਵਾਬ ਦਿਤੈ। ਬਹਿ ਜਾ ਵਿਚਾਰ ਕਰ।

ਧੀਰਜਵਾਨ ਸੀ, ਬਿਠਾਲ ਲਿਆ, ਬਿਠਾਲ ਕੇ ਕਹਿਣ ਲੱਗਿਆ, ਇਸ ਤਰ੍ਹਾਂ ਦਸ ਤੂੰ ਮੇਰੇ ਕਿਉਂ ਆ ਕੇ ਮਾਰਨ ਲੱਗਿਆ।

ਕਹਿੰਦਾ, ਮਹਾਰਾਜ! ਤੁਸੀਂ ਮੇਰੇ ਡਲ੍ਹਾ ਮਾਰਿਆ।

ਕਹਿੰਦੇ, ਉਹਦੇ ਨਾਲ ਤੈਨੂੰ ਹੋਇਆ ਕੀ?

ਕਹਿੰਦਾ, ਮੈਨੂੰ ਪੀੜ ਹੋਈ।

ਕਹਿੰਦੇ, ਤੂੰ ਦਿਖਾ ਸਕਦੈ ਕਿ ਉਸ ਪੀੜ ਦਾ ਰੂਪ ਕੀ ਹੈ? ਕਿੰਨਾ ਕੁ ਬੋਝ ਹੈ ਉਹਦਾ, ਕਿੰਨੀ ਡਿਗਰੀ ਦਾ ਦਰਦ ਹੈ, ਕਿਹੋ ਜਿਹੀ ਹੈਗੀ, ਉਹਦਾ ਰੂਪ ਕਿਹੋ ਜਿਹੈ, ਰੰਗ ਕਿਹੋ ਜਿਹਾ ਹੈ, ਉਹਦਾ ਕਿੰਨੇ ਕੁ ਥਾਉਂ ਹੈ? ਦਸ ਸਕਦੈਂ ਤੂੰ?

ਸੋਚਣ ਲੱਗ ਗਿਆ।

ਕਹਿੰਦੇ, ਫੇਰ ਜਿਹੜੀ ਚੀਜ਼ ਹੈ ਨਹੀਂ, ਫੇਰ ਹੋਈ ਨਾ, ਤੂੰ ਕਿਵੇਂ ਕਹਿੰਦੈ ਕਿ ਮੇਰੇ ਦਰਦ ਹੋਇਐ।

ਕਹਿੰਦਾ, ਮਹਾਰਾਜ! ਹੋਈ?

ਕਹਿੰਦੇ, ਫੇਰ ਤੈਨੂੰ ਕਿਵੇਂ ਪਤਾ ਲੱਗਿਆ?

ਕਹਿੰਦਾ, ਮੈਂ ਅਨੁਭਵ ਕਰਿਐ।

ਕਹਿੰਦੇ, ਫੇਰ ਜੇ ਤੂੰ ਇਹ ਅਨੁਭਵ ਕਰਿਐ, ਜਿਹੜਾ ਪ੍ਰਮੇਸ਼ਰ ਹੈ, ਇਹ ਵੀ ਅਨੁਭਵ ਦੀ ਚੀਜ਼ ਹੈ।

ਮਹਾਤਮਾ ਦੇ ਕੋਲ ਜਾਹ, ਨਿਮਰਤਾ ਧਾਰ, ਕਰਮ, ਉਪਾਸ਼ਨਾ ਦੇ ਵਿਚੋਂ ਲੰਘ, ਫੇਰ ਜਾ ਕੇ ਤੇਰੀ ਅੱਖ ਖੁਲ੍ਹੇਗੀ। ਤੇਰੇ ਬੁੱਧੀ ਅੰਦਰ ਪੈਦਾ ਹੋਏਗੀ, ਇਹ ਬੁੱਧੀ ਹਟ ਜਾਏਗੀ, ਅੰਦਰ ਬਿਬੇਕ ਬੁੱਧੀ ਆਏਗੀ। ਫੇਰ ਉਹ ਜਾਣਦੀ ਹੈ ਕਿ ਰੱਬ ਕੀ ਹੁੰਦੈ? ਕਿੱਥੇ ਰਹਿੰਦੈ। ਫੇਰ ਉਹਦਾ ਵਿਸ਼ਵਾਸ਼ ਆਉਂਦੈ। ਤੂੰ ਤਾਂ ਬੁੱਧੀ ਦੇ ਨਾਲ ਰੱਬ ਨੂੰ ਪਾਉਣ ਚਾਹੁੰਦੈਂ। ਰੱਬ ਤਾਂ ਬੁੱਧੀ ਨਾਲ ਮਿਲਿਆ ਨਹੀਂ ਕਰਦਾ।

ਸੋ ਸੱਜਣ ਕਹਿਣ ਲੱਗਿਆ ਕਿ ਕੋਈ ਸਾਧ ਨਹੀਂ ਦੁਨੀਆਂ ਦੇ ਉਤੇ, ਮੈਂ ਸਭ ਦੇਖ ਕੇ, ਭੇਖ ਮਜ਼ਬੂਤ ਕੀਤੈ। ਮਸਜਿਦ ਬਣਾਈ ਹੈ, ਠਾਕੁਰ ਦੁਆਰਾ ਬਣਾਇਆ ਹੈ ਤੇ ਮੈਨੂੰ ਪੈਸਾ ਟਕਾ ਇਨ੍ਹਾਂ ਗੱਲਾਂ 'ਚੋਂ ਹੀ ਆਉਂਦੈ,

ਤੁਸੀਂ ਇਨ੍ਹਾਂ ਗੱਲਾਂ ਦੀ ਵਿਚਾਰ 'ਚ ਨਾ ਪਵੋ।

ਕਹਿੰਦੇ, ਮਾਲਕ! ਅਸੀਂ ਤਾਂ ਤੇਰੇ ਨੌਕਰ ਚਾਕਰ ਹਾਂ, ਦਿਨ ਰਾਤ। ਜਿਹੜਾ ਤੂੰ ਸਾਨੂੰ ਕਹਿਨੈ, ਅਸੀਂ ਬਾਹਰ ਜਾ ਕੇ ਲੋਕਾਂ 'ਚ ਬੋਲਦੇ ਹਾਂ ਕਿ ਐਡਾ ਮਹਾਤਮਾ, ਐਨੀ ਅੰਤਰਜਾਮਤਾ ਹੈ ਉਹਦੇ ਵਿਚ, ਐਨੀ ਪ੍ਰੇਰਨਾ ਸ਼ਕਤੀ ਹੈ, ਕਹਿੰਦੇ ਅਸੀਂ ਦਿਨ ਰਾਤ ਤੇਰੀ ਮਹਿਮਾ ਤਾਂਹੀ ਕਰਦੇ ਹਾਂ। ਤੇਰੀ ਹੋਂਦ ਨੂੰ ਮੰਨਦੇ ਹਾਂ, ਤੇਰੇ ਨਾਲ ਰਲੇ ਹੋਏ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਬਚਨ ਕਰਦੇ ਨੇ, ਕਰਦੇ-ਕਰਦੇ ਵਿਉਂਤਾਂ ਬਣਾਉਂਦੇ ਨੇ ਕਿ ਨਾ ਇਹਨੇ ਖਾਧਾ ਹੈ, ਨਾ ਇਹਨੇ ਕੁਛ ਪੀਤਾ, ਮੰਜੇ ਤੇ ਪਿਆ ਨਹੀਂ ਹੈ ਜਾਂ ਤਾਂ ਇਹ ਕੋਈ ਜਾਸੂਸ ਹੈ, ਇਸੇ ਨੂੰ ਪਤੈ। ਕੋਈ ਜਾਂ ਸਰਕਾਰੀ ਬੰਦਾ ਹੈ। ਉਹ ਕਹਿੰਦੇ, ਕੁਛ ਹੋਵੇ, ਆਪਾਂ ਇਨ੍ਹਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ। ਆਪਣੇ ਕੋਲ ਐਨਾ ਜ਼ਬਰਦਸਤ ਬੰਦੋਬਸਤ ਹੈ ਕਿ ਅੱਜ ਦੀ ਰਾਤ ਹੀ ਗਲ ਘੁੱਟ ਦੇਣੇ ਨੇ ਤੇ ਬਾਹਰ ਜਾਣਗੇ ਤਾਂਹੀ ਗੱਲ ਕਰਨਗੇ। ਜੇ ਜਾਸੂਸ ਹੈ ਤਾਂ ਬੋਲੇਗਾ ਜੇ ਬਾਹਰ ਉੱਘ ਸੁੱਘ ਨਿਕਲੀ। ਇਕੱਲੇ ਆਏ ਨੇ ਤੇ ਆਪਣੇ ਵਸ ਵਿਚ ਨੇ। ਹੁਣ ਆਪਾਂ ਇਨ੍ਹਾਂ ਨੂੰ ਜਾਣ ਨਹੀਂ ਦੇਣਾ।

ਸੋ ਹੱਤਿਆ ਕਰਨੀ, ਪਾਪ ਕਰਨਾ, ਆਦਮੀ ਦੀ ਜ਼ਮੀਰ ਜਿਹੜੀ ਹੈ, ਇਹ ਕਿਸੇ ਹੱਦ ਤੱਕ ਗਾਈਡ ਕਰਦੀ ਹੈ ਇਸਨੂੰ। ਮਾੜਾ ਕੰਮ ਕਰਨ ਲਗਦੈ ਪਹਿਲਾਂ-ਪਹਿਲਾਂ। ਉਹ ਮਾੜਾ ਕੰਮ ਕਰਨ ਵੇਲੇ ਅੰਦਰੋਂ ਆਵਾਜ਼ ਆਏਗੀ ਕਿ ਤੂੰ ਗਲਤ ਕਰ ਰਿਹੈਂ, ਇਹ ਨਾ ਕਰ। ਇਹ ਠੀਕ ਨਹੀਂ ਹੈ, ਬੁਰਾ ਕੰਮ ਹੈ। ਜਦੋਂ ਉਹਦੇ ਵਿਚ ਪ੍ਰਵਿਰਤ ਹੋ ਜਾਏਗਾ ਫੇਰ ਉਹਨੂੰ ਠੀਕ ਸਿੱਧ ਕਰੇਗਾ।

***ਧਾਰਨਾ - ਪਾਪੀ ਬੰਦਿਆਂ ਨੂੰ ਪਾਪ ਪਿਆਰਾ,***
***ਭਗਤੀ ਨਾ ਭਾਵੇ ਰੱਬ ਦੀ।***

ਜ਼ਮੀਰ ਹੌਲੀ-ਹੌਲੀ ਐਨੀ ਅੰਨ੍ਹੀ ਹੋ ਜਾਂਦੀ ਹੈ ਕਿ ਪਾਪ ਪਿਆਰਾ ਲੱਗਣ ਲਗ ਜਾਂਦੈ। ਰਿਸ਼ਵਤਾਂ ਲੈਣੀਆਂ, ਧੋਖੇ ਕਰਨੇ, ਮਿਲਾਵਟਾਂ ਕਰਨੀਆਂ, ਪਾਖੰਡ ਨਾਲ ਲੋਕਾਂ ਨੂੰ ਲੁੱਟਣਾ, ਛਲ ਕਰਨਾ, ਕਪਟ ਕਰਨਾ, ਬੜਾ ਪਿਆਰਾ ਲਗਦੈ -

***ਪਾਪੁ ਬੁਰਾ ਪਾਪੀ ਕਉ ਪਿਆਰਾ ॥***
***ਪਾਪਿ ਲਦੇ ਪਾਪੇ ਪਾਸਾਰਾ॥ ਅੰਗ- 935***

ਜਦੋਂ ਪਾਪ ਨਾਲ ਲਦਿਆ ਗਿਆ, ਉਸ ਵੇਲੇ ਕੀ ਹੁੰਦੈ? ਆਲੇ-ਦੁਆਲੇ ਸਾਰੇ ਪਾਪ ਦਾ ਪਸਾਰਾ ਕਰ ਲੈਂਦੈ। ਇਕ ਝੂਠ ਨੂੰ ਰੋਕਣ ਵਾਸਤੇ ਸੌ ਝੂਠ ਹੋਰ ਬੋਲਣਾ ਪੈਂਦੈ। ਉਸ ਪਾਪ ਦੇ ਨਾਲ ਪਿਆਰ ਹੋ ਜਾਂਦੈ ਉਹਦਾ। ਐਨਾ ਅੰਨ੍ਹਾ ਹੋ ਜਾਂਦੈ ਕਿ ਬੰਦੇ ਨੂੰ ਮਾਰ ਦੇਣਾ ਕੋਈ ਮਾਇਨੇ ਨਹੀਂ ਰਖਦਾ। ਕਹਿੰਦਾ ਹੈ ਫੇਰ ਕੀ ਹੋ ਗਿਆ। ਕੀੜੀ ਮਾਰ ਦਿਤੀ ਕਿ ਬੰਦਾ ਮਾਰ ਦਿਤਾ, ਦੋਵੇਂ ਗੱਲਾਂ ਇੱਕੋ ਹੀ ਨੇ। ਜਿਹੜੇ ਕਹਿੰਦੇ ਮਾਰੋ ਨਾ

ਉਨ੍ਹਾਂ ਨੂੰ ਪੁੱਛੋ ਕਿ ਤੁਹਾਡੇ ਪੈਰ ਥੱਲੇ ਆ ਕੇ ਕੀੜੀ ਨਹੀਂ ਮਰਦੀ। ਤੁਸੀਂ ਕੀੜੀ ਨੂੰ ਮਾਰ ਦਿਤਾ, ਅਸੀਂ ਬੰਦਾ ਮਾਰ ਦਿਤਾ। ਸੋ ਇਸ ਤਰ੍ਹਾਂ ਦਲੀਲ ਦਿੰਦੈ। ਪਾਪ ਨਾਲ ਪਿਆਰ ਹੁੰਦੈ।

***ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥***
***ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥***

***ਅੰਗ- 1368***

ਮੱਖੀ ਜਿਹੜੀ ਹੈ ਚੰਦਨ 'ਤੇ ਨਹੀਂ ਆਉਂਦੀ, ਸੁਗੰਧੀ 'ਤੇ ਨਹੀਂ ਆਉਂਦੀ। ਜਿਥੇ ਮੁਸ਼ਕ ਹੈ ਉਸ ਥਾਂ 'ਤੇ ਉਡ ਕੇ ਚਲੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੁਰਿਆਂ ਕੰਮਾਂ ਵਾਸਤੇ ਸਾਹਸੀ ਬਣ ਜਾਂਦੈ। ਅੰਮ੍ਰਿਤ ਵੇਲੇ ਨਾਲ ਜਪਣ ਵਾਸਤੇ ਆਲਸੀ ਬਣ ਜਾਂਦੈ। ਜਾਗ ਨਹੀਂ ਆਉਂਦੀ ਜੀ, ਭਜਨ ਨਹੀਂ ਮੇਰੇ ਤੋਂ ਹੁੰਦਾ। ਮੈਨੂੰ ਨੀਂਦ ਆਉਂਦੀ ਹੈ, ਬੇਅੰਤ ਹੀ ਬਹਾਨੇ ਹੋ ਜਾਂਦੇ ਨੇ ਤੇ ਕੁਝ ਚੰਗਾ ਕੰਮ ਕਰਨੈ, ਸਤਿਸੰਗ 'ਚ ਜਾਣੈ, ਪੰਜਾਹ ਕੰਮ ਨਿਕਲ ਆਉਣਗੇ। ਜੇ ਕੋਈ ਗਾਉਣਾ ਵਜਾਉਣਾ ਰਾਤ ਨੂੰ ਦੇਖਣ ਜਾਣੈ, ਸਾਰੇ ਕੰਮ ਆਪੇ ਹੀ ਹੋ ਜਾਣਗੇ। ਕਹਿੰਦੇ ਨੇ ਕੱਲ੍ਹ ਨੂੰ ਕਰ ਲਵਾਂਗੇ, ਅੱਜ ਕਿਹੜਾ ਕਾਹਲੀ ਹੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ -

***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥***
***ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥***

***ਅੰਗ- 518***

ਖੋਟੇ ਕੰਮਾਂ ਦਾ ਫਲ ਭੁਗਤਣ ਵੇਲੇ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

ਰੋਣਾ ਵੀ ਕੋਈ ਨਹੀਂ ਸੁਣਦਾ। ਐਸਾ ਫੁਰਮਾਨ ਹੈ -

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥*** ***ਅੰਗ - 464***

ਐਸਾ ਕੰਮ ਕਰਨਾ ਜਿਸਦੇ ਨਾਲ ਸ਼ਰਮਿੰਦਗੀ ਹੋਵੇ ਜ਼ਿੰਦਗੀ ਨੇ ਤਾਂ ਖਤਮ ਹੋ ਜਾਣੈ ਸਾਧਸੰਗਤ ਜੀ! ਚਾਹੇ ਗਰੀਬ ਹੈ, ਚਾਹੇ ਅਮੀਰ ਹੈ, ਦੋਹਾਂ ਦਾ ਸੁਪਨਾ ਟੁੱਟ ਜਾਣੈ ਇਕ ਦਿਨ। ਲੇਕਿਨ ਜਿਹੜੇ ਕੀਤੇ ਹੋਏ

ਕਰਮ ਨੇ ਇਹ ਨਹੀਂ ਹਟਦੇ, ਖਹਿੜਾ ਨਹੀਂ ਛੱਡਦੇ। ਤਿੰਨ ਚੀਜ਼ਾਂ ਜੇ ਇਕੱਠੀਆਂ ਹੋਣ ਤਾਂ ਕਰਮ ਟਿਕਿਆ ਕਰਦੈ। ਇਕ ਤਾਂ ਅਗਿਆਨ ਹੋਵੇ, ਇਕ ਚੇਤਨ ਹੋਵੇ, ਇਕ ਭਾਂਡਾ ਹੋਵੇ। ਇਕ ਚਿੱਤ ਹੋਵੇ ਤੇ ਇਕ ਚੇਤਨ ਸੱਤਾ ਹੋਵੇ, ਤਿੰਨ ਇਕੱਠੀਆਂ ਹੋਣ ਤਾਂ ਜਾ ਕੇ ਕਰਮਾਂ ਦਾ ਭਾਂਡਾ ਤਿਆਰ ਹੁੰਦੈ। ਫੇਰ ਕਰਮ ਉਹਦੇ ਵਿਚ ਟਿਕ ਜਾਂਦੇ ਨੇ। ਜੇ ਵਿਚੋਂ ਇਕ ਚੀਜ਼ ਕੱਢ ਦਿਓ, ਅਗਿਆਨ ਕੱਢ ਦਿਓ। ਗਿਆਨ ਹੋਵੇ ਕਰਮ ਲਗਦਾ ਹੀ ਨਹੀਂ ਹੈ। ਕਿਉਂਕਿ ਉਹ ਕਰਦਾ ਹੋਇਆ ਨਾ ਕਰਦੈ। ਉਹਦੇ ਅੰਦਰੋਂ ਹਉਮੈ ਦਾ ਨਾਸ਼ ਹੋ ਜਾਂਦੈ, ਉਹ ਕਹਿੰਦੈ ਮੈਂ ਨਹੀਂ ਕਰਦਾ। ਮੈਂ ਕਰਦਾ ਹੀ ਨਹੀਂ ਸੱਚੀਓਂ ਕਹਿੰਦੈ। ਇਕ ਤਾਂ ਮੂੰਹ ਨਾਲ ਕਹਿਣੈ –

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***

***ਅੰਗ – 930***

ਇਕ ਹੁੰਦੈ, ਉਹਦੀ ਅੱਖ ਖੁਲ੍ਹ ਜਾਂਦੀ ਹੈ, ਉਹਨੂੰ ਪਤਾ ਲਗ ਜਾਂਦੈ ਕਿ ਮੈਂ ਨਹੀਂ ਹਾਂ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*** ***ਅੰਗ – 827***

ਕਹਿਣ ਮਾਤਰ ਨਹੀਂ ਹੈ, ਸੱਚਮੁੱਚ ਹੀ ਇਸ ਅਵਸਥਾ 'ਚ ਪਹੁੰਚ ਜਾਇਆ ਕਰਦੈ, ਉਹਨੂੰ ਨਹੀਂ ਕਰਮ ਲੱਗਿਆ ਕਰਦਾ। ਬਾਕੀ ਜਿਹੜਾ ਅਗਿਆਨ ਹੈ, ਚੇਤਨ ਸੱਤਾ ਹੈ ਜੀਵ ਦੀ, ਨਾਲ ਅੰਤਸ਼ਕਰਣ ਹੈ। ਇਸ ਤਰ੍ਹਾਂ ਸਮਝੋ ਅਗਿਆਨ ਮਿੱਟੀ ਦਾ ਡਲ੍ਹਾ ਹੈ ਤੇ ਅੰਤਸ਼ਕਰਣ ਜਿਹੜਾ ਹੈ ਇਹ ਹੈ ਪਾਣੀ ਤੇ ਜਿਹੜੀ ਚੇਤਨ ਕਲਾ ਹੈ ਉਹ ਹੈ ਸ਼ਕਲ। ਪਾਣੀ ਨਾਲ ਮਿੱਟੀ ਰਲ ਕੇ ਭਾਂਡਾ ਬਣਾ ਦਿਤਾ ਹੁਣ ਭਾਂਡੇ ਵਿਚ ਚੀਜ਼ ਟਿਕਣੀ ਹੈ, ਜਦੋਂ ਅੰਤਸ਼ਕਰਣ ਦਾ ਭਾਂਡਾ ਬਣ ਗਿਆ ਇਹਦੇ ਵਿਚ ਕਰਮਾਂ ਨੇ ਟਿਕ ਜਾਣੈ। ਉਹ ਕਰਮ ਜਿਹੜਾ ਕੀਤਾ ਹੋਇਆ, ਚਾਹੇ ਚੰਗਾ ਕਰਿਐ, ਚਾਹੇ ਮਾੜਾ ਕਰਿਐ, ਕਰਮ ਦਾ ਨਾਸ਼ ਨਹੀਂ ਹੋਇਆ ਕਰਦਾ, ਨਾਲ ਚਲਿਆ ਜਾਂਦੈ ਬੰਦੇ ਦੇ –

***ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ***
***ਦਰਗਹ ਆਏ ਕੰਮਿ ॥*** ***ਅੰਗ – 1383***

ਦਰਗਾਹ ਦੇ ਵਿਚ ਵੀ ਨਾਲ ਜਾਂਦੇ ਨੇ ਕਰਮ। ਉਥੇ ਹੀ ਨੀਂ ਖਾਤਮਾ ਹੁੰਦਾ। ਅਗਲੇ ਜਨਮ ਵਾਸਤੇ ਉਹਦੀ ਤਿਆਰੀ ਕੀਤੀ ਜਾਂਦੀ ਹੈ, ਤੇ ਪਰਾਲਬਧ ਕਰਮ ਨਾਲ ਭੇਜ ਦਿਤੇ ਜਾਂਦੇ ਨੇ ਕਿ ਇਸ ਜਨਮ ਦੇ ਅੰਦਰ ਐਨੇ ਕਰਮ ਭੋਗੇਗਾ ਬਾਕੀ ਤਾਂ ਸਾਰੇ ਸਟੋਰ ਵਿਚ ਪਏ ਨੇ ਜਿਹਨੂੰ ਸੰਚਤ ਕਰਮ ਕਹਿੰਦੇ ਨੇ। ਇਹੀ ਨਹੀਂ ਕਿ ਉਹ ਭੋਗ ਲਏ ਤਾਂ ਓਨੇ ਘਟ ਗਏ, ਉਸ ਤੋਂ ਦਸ ਗੁਣਾਂ ਜ਼ਿਆਦਾ ਫੇਰ ਕਰ ਲਏਗਾ। ਸਰੀਰਧਾਰੀ ਹੋ ਗਿਆ, ਫੇਰ ਕਿਹੜਾ ਉਹਨੇ ਕਰਮ ਨਹੀਂ ਕਰਨਾ। ਮੈਂ-ਮੈਂ ਕਰਦਾ ਹੈ ਕਿ ਮੈਂ ਗੁਰਦਵਾਰਾ ਬਣਾਇਆ, ਮੈਂ ਦਾਨ ਦਿਤਾ। ਕਰਮ ਕਰ ਦਿਤੇ ਉਹਨੇ। ਮਾੜੇ ਕਰਮ ਵੀ ਕਰ ਦਿਤੇ, ਚੰਗੇ ਵੀ ਕਰ ਦਿਤੇ। ਫਲ ਦੋਹਾਂ ਦਾ ਹੀ ਭੋਗਣਾ ਪੈਣੈ। ਇਕ ਸੋਨੇ ਦੀ ਹੱਥਕੜੀ ਹੈ ਇਕ ਲੋਹੇ ਦੀ ਹੱਥਕੜੀ ਹੈ।

ਬੇੜੀਆਂ ਦੋਵੇਂ ਇਕੋ ਜਿਹੀਆਂ ਨੇ। ਕਰਮ ਭੋਗਣਾ ਪੈਂਦੈ। ਕਰਮ ਭੋਗਣ ਦੇ ਨਾਲ ਇਹਦਾ ਆਉਣਾ ਜਾਣਾ ਨਹੀਂ ਖਤਮ ਹੁੰਦਾ। ਮਹਾਰਾਜ ਕਹਿੰਦੇ, ਇਕ ਗੱਲ ਕਰ ਲੈ। ਪਰਾਲਬਧ ਤਾਂ ਤੈਨੂੰ ਭੋਗਣੀ ਹੀ ਪੈਣੀ ਹੈ –

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ – 937***

ਉਹ ਭਾਣਾ ਤਾਂ ਤੇਰੇ ਨਾਲ ਵਰਤਣਾ ਹੀ ਵਰਤਣਾ ਹੈ, ਉਹਨੂੰ ਤਾਂ ਖੁਸ਼ੀ ਨਾਲ ਭੋਗ ਲੈ।

***ਭੋਗਹਿ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।***

ਉਹ ਐਨੀ ਬਲਵਾਨ ਹੈ, ਭੋਗਣੀ ਪੈਣੀ ਹੈ। ਚਾਹੇ ਈਸ਼ਵਰ ਕੋਟੀ ਦਾ ਹੈ, ਚਾਹੇ ਜੀਵ ਕੋਟੀ ਦਾ ਹੈ, ਚਾਹੇ ਅੰਧ ਕੋਟੀ ਦਾ ਹੈ। ਹਰੇਕ ਨੂੰ ਕਰਮ ਤਾਂ ਭੋਗਣਾ ਹੀ ਪੈਣੈ। ਬਈ ਉਹ ਤਾਂ ਭੋਗ ਲੈ ਤੂੰ ਖੁਸ਼ੀ-ਖੁਸ਼ੀ। ਕਿਉਂਕਿ-

***ਆਪੇ ਬੀਜਿ ਆਪੇ ਹੀ ਖਾਹੁ ॥*** ***ਅੰਗ – 4***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਅੰਗ – 433***

ਬਾਕੀ ਜਿਹੜਾ ਹੈ ਅਗਲੇ ਕਰਮ ਕਰਨੇ ਇਹਦੇ ਵਿਚ ਅਕਲ ਵਰਤ ਥੋੜ੍ਹੀ, ਸੋਚ ਵਰਤ। ਗੁਰੂ ਦਾ ਹੁਕਮ ਮੰਨ-

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ – 918***

***ਫਰੀਦਾ ਜਿਨ੍ੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥***
***ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥***

***ਅੰਗ – 1381***

ਉਹ ਤਾਂ ਤੇਰੇ ਹੱਥ ਵਿਚ ਨੇ। ਤੈਨੂੰ ਸ਼ਕਤੀ ਦਿਤੀ ਹੈ, ਸੋਚ ਸ਼ਕਤੀ ਦਿਤੀ ਹੈ ਉਸ ਤੋਂ ਕੰਮ ਲੈ, ਇਹੋ ਜਿਹੇ ਕੰਮ ਨਾ ਕਰ ਕਿ ਦਰਗਾਹ ਦੇ ਵਿਚ ਜਾ ਕੇ ਤੈਨੂੰ ਸ਼ਰਮਿੰਦਾ ਹੋਣਾ ਪਵੇ ਕਿਉਂਕਿ ਇਹ ਤਾਂ ਲੇਖਾ ਪੱਤਾ ਹੋਣਾ ਹੀ ਹੈ ਜ਼ਰੂਰ –

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥***

***ਅੰਗ – 953***

ਧਰਮਰਾਜ ਦੇ ਕੋਲ ਜਾ ਕੇ ਤਾਂ ਚਿੱਠਾ ਖੁਲ੍ਹ ਜਾਣੈ-

***ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥***
***ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***
***ਕਰਿ ਅਉਗਣ ਪਛੋਤਾਵਣਾ ॥ ਅੰਗ - 471***

ਪਛਤਾਉਣਾ ਪੈਣੈ। ਖੁਸ਼ੀ ਤਾਂ ਨਹੀਂ ਮਿਲਦੀ, ਔਗੁਣ ਕਰਕੇ। ਖੁਸ਼ੀ ਤਾਂ ਮਿਲਣੀ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - 26***

ਦੁਨੀਆ 'ਚ ਆ ਕੇ ਕੁਛ ਕਰ ਜਾ, ਸੇਵਾ ਕਰ ਜਾ।

ਇਸਲਾਮ ਦੇ ਅੰਦਰ ਇਕ ਐਸੀ ਸਾਖੀ ਆਉਂਦੀ ਹੈ ਕਿਉਂਕਿ ਉਨ੍ਹਾਂ ਦਾ ਫਰਿਸ਼ਤਿਆਂ ਰਾਹੀਂ ਸੁਨੇਹਾ ਆਉਂਦੈ। ਇਸਾਈਅਤ ਵਿਚ ਵੀ ਫਰਿਸ਼ਤਿਆਂ ਦੇ ਰਾਹੀਂ ਪੈਗਾਮ ਆਉਂਦੇ ਹਨ। ਮੁਹੰਮਦ ਸਾਹਿਬ ਨੂੰ ਵੀ ਜੋ ਸੁਨੇਹਾ ਆਉਂਦਾ ਸੀ ਉਹ ਗੁਫਾ 'ਚ ਬੈਠਿਆਂ ਨੂੰ ਆਇਆ ਕਰਦਾ ਸੀ, ਕਿ ਲੋਹ ਕਰਮ ਦੇ ਉਤੇ ਲਿਖਿਆ ਹੋਇਆ, ਕੋਈ ਵੀ ਤਰੀਕਾ ਸੀ ਰੱਬ ਦੇ ਸੁਨੇਹੇ ਭੇਜਣ ਕਰਨ ਦਾ ਤਰੀਕਾ। ਕੋਈ ਜ਼ਰੂਰੀ ਨਹੀਂ ਕਿ ਰੱਬ ਅਕਾਸ਼ਬਾਣੀ ਨਾਲ ਹੀ ਭੇਜਦੈ। ਸਾਧੂ, ਸੰਤਾਂ ਦੇ ਹਿਰਦੇ 'ਚ ਬੋਲਦੈ। ਫਰਿਸ਼ਤੇ ਆ ਕੇ ਮੈਸੇਜ ਦਿਆ ਕਰਦੇ ਸੀ, ਈਸਾਈਅਤ ਵਿਚ ਵੀ ਫਰਿਸ਼ਤੇ ਆਇਆ ਕਰਦੇ ਸੀ। ਈਸਾ ਜੀ ਦਾ ਸਾਰਾ ਜਨਮ ਪੜ੍ਹ ਲਓ ਉਸ ਵਿਚ ਇਹੀ ਹੈ ਕਿ ਫਲਾਣਾ ਫਰਿਸ਼ਤਾ ਆਇਆ ਉਹਨੇ ਮੈਨੂੰ ਆ ਕੇ ਇਹ ਗੱਲ ਕਹੀ। ਆਹ ਮੈਨੂੰ ਦੱਸਿਆ। ਉੱਚੀਆਂ ਗੱਲਾਂ ਵੀ ਦਸਦੇ ਸੀ, ਸੰਸਾਰ ਦੀ ਮਰਿਆਦਾ ਵੀ ਦਸਦੇ ਸੀ। ਚਾਹੇ ਮੂਸਾ ਜੀ ਦੇ 10 ਹੁਕਮ (commandments) ਨੇ। ਉਹਨੂੰ ਆ ਕੇ ਪਹਾੜ ਦੇ ਉਤੇ ਲਿਖ ਗਏ। ਬਿਜਲੀ ਚਮਕੀ ਐਨੀ ਜ਼ੋਰ ਦੀ, ਜਦੋਂ ਉਹ ਹਟੀ ਤਾਂ ਕੀ ਦੇਖਦੇ ਨੇ ਕਿ ਪਹਾੜ ਦੇ ਉਤੇ 10 (commandments) ਹਦਾਇਤਾਂ ਲਿਖੀਆਂ ਹੋਈਆਂ ਨੇ ਕਿ ਆਹ ਕੰਮ ਨਹੀਂ ਕਰਨਾ, ਆਹ ਖੁਦਾ ਨੂੰ ਨਹੀਂ ਭਾਉਂਦਾ, ਆਹ ਮੈਨੂੰ ਨਹੀਂ ਭਾਉਂਦਾ ਤੇ ਮੇਰਾ ਨਾਉਂ 'ਮੈਂ' ਹੈ, ਮੈਂ-ਮੈਂ ਹੀ ਹਾਂ, ਹੋਰ ਇਥੇ ਕੋਈ ਨਹੀਂ ਹੈ ਮੇਰੇ ਬਿਨਾਂ। ਇਹ ਵੀ ਗਿਆਨ ਦੇ ਕੇ ਗਏ। ਉਹਦੇ ਵਿਚ ਫਰਿਸ਼ਤਾ ਆਇਆ, ਕਹਿਣ ਲੱਗੇ ਕਿ ਖੁਦਾ ਨੇ ਭੇਜਿਐ ਮੈਨੂੰ ਸੰਸਾਰ 'ਤੇ, ਗੁਪਤ ਰੂਪ 'ਚ ਆਉਂਦੈ ਕਿ ਜਿਹੜੇ ਬੰਦੇ ਨੇਕ ਨੇ, ਉਹਨਾਂ ਦਾ ਨਾਮ ਲਿਖ ਕੇ ਲਿਆ। ਸਾਡੀ ਨਿਗ੍ਹਾ 'ਚ ਕੌਣ ਨੇਕ ਨੇ ਜਿਹੜੇ ਬਹੁਤੇ ਪਾਠ ਕਰਦੇ ਨੇ, ਜਿਹੜੇ ਨਮਾਜ਼ਾਂ ਪੜ੍ਹਦੇ ਨੇ, ਬਹੁਤੇ ਰੋਜ਼ੇ ਰਖਦੇ ਨੇ ਤੇ ਹੋਰ ਇਹੋ ਜਿਹੇ ਕਰਮ ਕਰਦੇ ਨੇ। ਸਾਡੀ ਨਿਗ੍ਹਾ 'ਚ ਉਹ ਪੂਜਯ ਨੇ, ਵੱਡੇ ਨੇ, ਅਸੀਂ ਉਨ੍ਹਾਂ ਦੇ ਚਰਨ ਪਰਸਦੇ ਹਾਂ ਕਿਉਂਕਿ ਉਹ ਰੱਬ ਨੂੰ ਯਾਦ ਕਰਦੇ ਨੇ। ਉਹ ਲਿਖਦੇ-ਲਿਖਦੇ, ਇਕ ਕੋਈ ਪ੍ਰੇਮੀ ਸੀ, ਉਹ ਪਰਉਪਕਾਰੀ

ਸੀ, ਉਹਦਾ ਨਾਉਂ, ਅੱਬੂ-ਬਿਨ-ਆਦਮ ਸੀ। ਉਹਦੇ ਕੋਲ ਚਲੇ ਗਏ, ਜਾ ਕੇ ਕਹਿਣ ਲੱਗੇ ਕਿ ਅਸੀਂ ਤੇਰੇ ਕੋਲ ਵੀ ਆਏ ਹਾਂ ਤੂੰ ਦਸ ਕਿੰਨੀਆਂ ਨਮਾਜ਼ਾਂ ਪੜ੍ਹਦਾ ਹੁੰਦੈ, ਕਿੰਨੇ ਰੋਜ਼ੇ ਰਖਦੈ, ਕਿਉਂਕਿ ਅਸੀਂ ਲਿਸਟ ਬਣਾਈ ਹੈ। ਕਹਿੰਦਾ ਮੈਨੂੰ ਸੁਣਾਓ ਤਾਂ?

ਕਹਿੰਦੇ, ਆਹ ਜਿਹੜੇ ਨੇ ਛੇ-ਛੇ ਮਹੀਨੇ ਪੁੱਠਾ ਲਟਕਦਾ ਰਹਿੰਦੈ, ਭੁੱਖਾ ਰਹਿੰਦੈ। ਇਹਨੇ ਤਨ ਸੁਕਾ ਲਿਆ, ਇਹ ਧੁੱਪੇ ਬੈਠਾ ਰਹਿੰਦੈ। ਇਹ ਖੁਦਾ ਨੂੰ ਯਾਦ ਕਰਦੈ।

ਉਹ ਕਹਿੰਦਾ, ਇਹੋ ਜਿਹੇ ਕੰਮ ਤਾਂ ਮੈਂ ਕੋਈ ਨਹੀਂ ਕਰਦਾ। ਮੇਰਾ ਨਾਉਂ ਤਾਂ ਇਸ ਲਿਸਟ 'ਚ ਲਿਖਣਾ ਹੀ ਫਜ਼ੂਲ ਹੈ।

ਕਹਿੰਦੇ, ਨਹੀਂ, ਲਿਖਣਾ ਤਾਂ ਹੈ ਹੀ ਅਸੀਂ। ਤੂੰ ਦਸ ਕੀ ਕਰਦੈਂ।

ਉਹ ਕਹਿੰਦਾ, ਮੈਂ ਤਾਂ ਖੁਦਾ ਦੀ ਦੁਨੀਆਂ ਦੀ ਸੇਵਾ ਕਰਦਾਂ।

ਆਪਸ ਵਿਚ ਵਿਚਾਰਿਆ ਦੋਹਾਂ ਫਰਿਸ਼ਤਿਆਂ ਨੇ। ਕਹਿਣ ਲੱਗੇ ਇਸ ਤਰ੍ਹਾਂ ਕਰੋ ਨਾਉਂ ਤਾਂ ਇਹਦਾ ਲਿਖ ਲੈਂਦੇ ਹਾਂ, ਜਿਥੇ ਕਾਗਜ਼ ਖਤਮ ਹੁੰਦੈ, ਆਖਰੀ ਲਾਈਨ 'ਤੇ ਲਿਖ ਦਿੰਦੇ ਹਾਂ। ਉਹ ਨਾਉਂ ਭਰ ਕੇ ਲੈ ਗਏ। ਬਾਕੀ ਸਾਰੀਆਂ ਲਾਇਨਾਂ ਭਰ ਕੇ ਜਦੋਂ ਦੂਸਰਾ ਦਿਨ ਹੋਇਆ, ਮੁੜ ਕੇ ਉਹਦੇ ਕੋਲ ਫੇਰ ਆ ਗਏ।

ਕਹਿਣ ਲੱਗੇ, ਅੱਜ ਤੁਸੀਂ ਕੀ ਕਰਨ ਆਏ ਹੋਂ?

ਕਹਿੰਦੇ, ਅੱਜ ਅਸੀਂ ਤੈਨੂੰ ਖੁਸ਼ਖਬਰੀ ਦੇਣ ਆਏ ਹਾਂ ਕਿ ਰੱਬ ਨੇ ਆਪਣੇ ਹੱਥ ਨਾਲ ਨਾਉਂ ਕੱਟ ਕੇ ਤੇਰਾ ਹੇਠਾਂ ਤੋਂ ਸਭ ਤੋਂ ਉਤੇ ਲਿਖ ਦਿਤਾ।

ਰੱਬ ਕਹਿੰਦੈ, ਮੈਨੂੰ ਇਹ ਨਹੀਂ ਭਾਉਂਦੇ, ਨਮਾਜ਼ ਪੜ੍ਹਦਾ ਆਪਣੇ ਵਾਸਤੇ ਪੜ੍ਹਦੈ, ਖੁਦਾ ਵਾਸਤੇ ਵੀ ਕਰਦੈ ਕੁਛ? ਦਸ ਪਾਠ ਜਪੁਜੀ ਸਾਹਿਬ ਦੇ ਕਰਦੈ, ਆਪਣੇ ਵਾਸਤੇ ਕਰਦੈ। 15 ਪਾਠ ਸੁਖਮਨੀ ਸਾਹਿਬ ਦੇ ਕਰਦੈ, ਆਪ ਦੇ ਵਾਸਤੇ ਕਰਦੈ। ਦੁਨੀਆਂ ਦਾ ਤਾਂ ਨਹੀਂ ਕੁਛ ਵੀ ਕਰਦਾ।

ਹੁਣੇ ਮੇਰੀ ਖਰੜ ਵਾਲੇ ਮਾਸਟਰ ਜੀ (ਹੱਡੀਆਂ ਦੇ ਮਾਹਰ) ਨਾਲ ਗੱਲ ਹੋਈ ਸੀ? ਮੈਂ ਕਿਹਾ, ਮਾਸਟਰ ਜੀ! ਇਕ ਪਾਸੇ ਲੱਤ ਟੁੱਟੀ ਹੋਵੇ, ਇਕ ਪਾਸੇ ਦਸ ਵਾਰੀ ਨਮਾਜ਼ ਪੜ੍ਹਦਾ ਹੋਵੇ ਤੇ ਲੱਤ ਜਿਹੜਾ ਠੀਕ ਕਰ ਦੇਵੇਗਾ, ਉਸੇ ਵੇਲੇ ਪ੍ਰਮੇਸ਼ਰ ਦੇ ਦਰ 'ਤੇ ਜਾ ਪਹੁੰਚਦੀ ਹੈ ਇਹ ਗੱਲ ਕਿ ਇਹਨੇ ਸੇਵਾ ਕਰੀ ਹੈ ਤੇ ਜਿਹੜਾ ਕੁਛ ਸੰਸਾਰ 'ਚ ਆ ਕੇ ਕਰਦੈ, ਦੋ ਤਰ੍ਹਾਂ ਦਾ ਹੈ। ਇਕ ਤਾਂ ਆਪਣੇ ਵਾਸਤੇ ਜਿਉਂ ਕੇ ਕਰਿਆ ਜਾਂਦੈ। ਇਕ ਉਹ ਹੈ ਜਿਹੜਾ ਆਪਣਾ ਆਰਾਮ ਛੱਡ ਕੇ, ਮਾਇਆ ਦਾ ਲੋਭ ਛੱਡ ਕੇ ਸੇਵਾ ਕਰਦੈ। ਸੋ ਅਸਲੀਅਤ ਜੋ ਹੈ ਉਹ ਹੋਰ ਚੀਜ਼ ਹੈ। ਉਹਦੇ ਬਾਰੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕੀਤੈ -

*ਧਾਰਨਾ - ਦਰਗਹ ਬੈਸਣੁ ਪਾਈਦੈ,*
*ਜੇ ਵਿਚ ਦੁਨੀਆਂ ਸੇਵ ਕਮਾਈਐ।*

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- 26*

ਸ਼ਰਤ ਰੱਖ ਦਿਤੀ ਮਹਾਰਾਜ ਨੇ। ਸੋ ਕਹਿਣ ਲੱਗੇ, ਅੱਬੂ-ਬਿਨ-ਆਦਮ ਨੂੰ ਕਿ ਦੇਖ ਪਿਆਰਿਆ ਇਹ ਤੱਤ ਦੀ ਬਾਤ ਹੈ। ਖੁਦਾ ਦੀ ਜਿਹੜੀ ਚੋਣ ਹੈ ਉਸ ਤੋਂ ਮੈਂ ਵੀ ਬਹੁਤ ਹੈਰਾਨ ਹਾਂ ਕਿਉਂਕਿ ਮੈਂ ਵੀ ਇਹੀ ਸਮਝਦਾ ਸੀ ਕਿ ਬਹੁਤੀਆਂ ਨਮਾਜ਼ਾਂ ਪੜ੍ਹਨ ਵਾਲੇ, ਰੋਜ਼ੇ ਰੱਖਣ ਵਾਲੇ, ਪੁੱਠੇ ਲਟਕਣ ਵਾਲੇ, ਧੂਣੀਆਂ ਤਾਪਣ ਵਾਲੇ, ਇਹ ਖੁਦਾ ਨੂੰ ਜ਼ਿਆਦਾ ਮਨਜ਼ੂਰ ਹੋਣੇ ਨੇ। ਪਰ ਰੱਬ ਨੇ ਤਾਂ ਫੈਸਲਾ ਹੀ ਕਰ ਦਿਤਾ। ਤੇਰੀ ਨਮਾਜ਼ ਨਹੀਂ ਦੇਖੀ, ਕੁਛ ਨਹੀਂ ਦੇਖਿਆ। ਤੇਰੀ ਸੇਵਾ ਦੇ ਉਤੇ ਖੁਸ਼ ਹੋ ਗਏ। ਸੇਵਾ ਦੇ ਨਾਲ ਦੋਵੇਂ ਚੀਜ਼ਾਂ ਨੇ, ਦੁਨੀਆਂ ਵੀ ਮਿਲ ਜਾਂਦੀ ਹੈ ਤੇ ਦਰਗਾਹ ਵੀ ਮਿਲ ਜਾਂਦੀ ਹੈ।

ਹੁਣ ਸੜਕ ਬਣੀ (ਰਤਵਾੜਾ ਸਾਹਿਬ ਤੋਂ ਮੁੱਲਾਂਪੁਰ ਗਰੀਬਦਾਸ ਤੱਕ), ਸੜਕ ਬਣਨ ਹੀ ਕੋਈ ਨਹੀਂ ਕਿ ਕੀਹਦੀ ਸੜਕ ਸੀ, ਕੀਹਨੇ ਬਣਾ ਦਿਤੀ, ਕੀਹਦੀ ਹੈ, ਸਾਨੂੰ ਤਾਂ ਜ਼ਮੀਨ ਦਾ ਵੀ ਨਹੀਂ ਹਾਲੇ ਤਕ ਪਤਾ ਕਿ ਕੀਹਦੀ ਹੈ। ਸੰਗਤ ਗਈ, ਦੋ ਸੌ ਟਰੱਕ ਇਥੋਂ ਸੰਗਤ ਨੇ, ਬੀਬੀਆਂ ਨੇ ਬੱਚਿਆਂ ਨੇ, ਭਾਈਆਂ ਨੇ ਆਪਣੇ ਸਿਰਾਂ 'ਤੇ ਚੁੱਕ-ਚੁੱਕ ਕੇ ਸੜਕ ਦੇ ਉਤੇ ਪੱਥਰ ਪਾ ਦਿਤੇ ਤੇ ਗਰਮੀ ਵੀ ਕਹਿੰਦੀ ਸੀ ਕਿ ਮੈਂ ਅੱਜ ਹੀ ਪੈਣੈ। ਪਾਣੀ ਪਿਲਾ-ਪਿਲਾ ਕੇ, ਡਰੰਮਾਂ ਦੇ ਡਰੰਮ ਮੁੱਕਦੇ ਸੀ। ਉਥੇ ਕੋਈ ਖਿਆਲ ਨਹੀਂ ਸੀ ਕਿ ਇਹ ਸੜਕ ਕੀਹਦੀ ਬਣ ਰਹੀ ਸੀ। ਬਣਾਉਣੀ ਹੈ ਕਿ ਇਹ ਕੋਈ ਪਰਉਪਕਾਰ ਦਾ ਕੰਮ ਹੈ, ਇਹਦੇ ਉਤੇ ਦੁਨੀਆਂ ਨੂੰ ਸੁਖ ਮਿਲੇਗਾ। ਕਿੰਨੇ ਸਾਧੂ ਲੰਘੇ ਇਹਦੇ ਉਤੋਂ ਦੀ ਨਾਮ ਜਪਣ ਵਾਲੇ, ਕਿੰਨੇ ਪ੍ਰੇਮੀ ਲੰਘੇ, ਕਿੰਨੀਆਂ ਸੰਗਤਾਂ ਲੰਘੀਆਂ, ਕਿੰਨਾਂ ਸਫਰ ਦਾ ਫਰਕ ਪਿਆ ਤੇ ਓਹੀ ਥਾਂ ਜਿੱਥੇ ਗੱਡਾ ਲੰਘਾਉਣ ਵੇਲੇ ਚਾਰ-ਚਾਰ ਬੰਦੇ ਮਗਰ ਧੱਕਾ ਹੀ ਲਾਈ ਜਾਂਦੇ ਸੀ। ਉਹ ਜਿਹੜਾ ਉਤੇ ਬੈਠਾ ਹੁੰਦਾ ਬਲਦਾਂ ਦੇ ਠਾਹ-ਠਾਹ ਪਰਾਣੀਆਂ ਮਾਰਦਾ, ਗੱਡਾ ਫੇਰ ਫਸ ਜਾਣਾ। ਹੁਣ ਬੇਜ਼ੁਬਾਨ ਵੀ ਜਿਹੜਾ ਹੈ ਉਹ ਵੀ ਦੁਆ ਦਿੰਦਾ ਜਾਂਦੈ। ਰੱਬ ਨੂੰ ਤਾਂ ਪਤਾ ਹੈ ਕਿ ਬਲਦ ਸੁਖੀ ਹੋ ਗਏ। ਮੇਰੇ ਬੰਦੇ ਸੁਖੀ ਹੋ ਗਏ ਇਹਦੇ ਨਾਲ। ਕਰੇ ਕੀਹਨੇ, ਉਹਨਾਂ ਨੂੰ ਪੁੱਛੋ ਕਿ ਤੁਸੀਂ ਜਾਣਦੇ ਹੋਂ ਕਿਸੇ ਨੂੰ। ਕਹਿੰਦੇ, ਨਾ, ਅਸੀਂ ਤਾਂ ਕਿਸੇ ਨੂੰ ਨਹੀਂ ਜਾਣਦੇ। ਕੌਣ ਸੀਗੇ, ਕਿਹੜਾ ਬਣਾ ਗਿਆ ਸੜਕ। ਇਹ ਐਸੇ ਕੰਮ ਨੇ ਜਿਨ੍ਹਾਂ ਦੀਆਂ ਦਰਗਾਹ ਦੇ ਵਿਚ ਜਾ ਕੇ ਵਡਿਆਈਆਂ ਮਿਲਦੀਆਂ ਨੇ। ਟਿੱਕੇ ਨਿਕਲਦੇ ਨੇ, ਧੰਨ-ਧੰਨ ਹੁੰਦੀ ਹੈ। ਇਹ ਨਾਮੀ ਦੇ ਜੀਵਨ ਨਾਲ ਸਬੰਧ ਰਖਦੇ ਨੇ, ਖੁਦਗਰਜ਼ ਜੀਵਨ ਨਾਲ ਨਹੀਂ ਇਨ੍ਹਾਂ ਦਾ ਸਬੰਧ ਹੋਇਆ ਹੈ ਕਰਦਾ। ਨਾਮੀ ਜਿਹੜਾ ਹੈ ਉਹ ਸ੍ਰਿਸ਼ਟੀ ਨੂੰ ਇਕ ਜਾਣਦੈ। ਉਹ ਸੇਵਾ ਕਰਦੈ, ਦੂਸਰੇ ਤੋਂ ਤਾਂ ਸੇਵਾ ਹੁੰਦੀਓ ਨਹੀਂ ਹੈ, ਜਿਹੜਾ ਖੁਦਗਰਜ਼

ਹੈ ਉਹ ਕਹਿੰਦੈ ਮੈਂ ਕੀ ਕਰਨੈ। ਲੋਕਾਂ ਨੇ ਲੰਘਣੈ, ਮੈਂ ਕਿਉਂ ਬਣਾਵਾਂ, ਮੇਰਾ ਇਹਦੇ 'ਚ ਕੀ ਹਿਤ ਹੈ। ਉਹ ਨਹੀਂ ਸੇਵਾ ਕਰ ਸਕਦਾ। ਸੋ ਮਹਾਰਾਜ ਕਹਿੰਦੇ, ਇਹੋ ਜਿਹੇ ਕੰਮ ਕਰ ਜਿਹਨਾਂ ਦੇ ਕਰਨ ਦੇ ਨਾਲ ਦਰਗਾਹ ਦੇ ਵਿਚ ਧੰਨ-ਧੰਨ ਹੋਵੇ ਤੇ ਐਸੇ ਕੰਮ ਨਾ ਕਰ ਜਿਹਦੇ ਨਾਲ ਪਛਤਾਉਣਾ ਪਵੇ, ਕਟਹਿਰੇ ਦੇ ਵਿਚ ਖੜ੍ਹਾ ਹੋਵੇਂ, ਉਸ ਵੇਲੇ ਬੜਾ ਦੁਖ ਪ੍ਰਾਪਤ ਹੁੰਦੈ। ਉਥੇ ਬਹੁਤ ਔਖਾ ਹੋ ਜਾਂਦੈ, ਕਿਉਂਕਿ ਲੇਖਾ ਤਾਂ ਦੇਣਾ ਹੀ ਪੈਣੈ, ਇਹ ਤਾਂ ਨਹੀਂ ਕੋਈ ਟਾਲ ਸਕਦਾ ਭਾਵੇਂ ਕੋਈ ਕਹੇ ਕਿ ਜੀ ਧਰਮਰਾਜ ਤਾਂ ਹੈ ਹੀ ਨਹੀਂ।

ਮੈਂ ਇਕ ਕਿਤਾਬ ਪੜ੍ਹਦਾ ਸੀ, ਉਹਦੇ ਵਿਚ ਲਿਖਿਆ ਹੋਇਆ ਸੀ ਕਿਸੇ ਪ੍ਰੋਫੈਸਰ ਨੇ ਕਿਹਾ ਕਿ ਇਹ ਤਾਂ ਮਹਾਰਾਜ ਨੇ ਡਰਾਉਣ ਵਾਸਤੇ ਕਿਹਾ ਹੋਇਐ, ਦਰਅਸਲ ਧਰਮਰਾਜ ਵਗੈਰਾ ਕੋਈ ਨਹੀਂ। ਮਹਾਰਾਜ ਜੀ ਕਹਿੰਦੇ ਨੇ ਕਿ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ***

***ਅੰਗ- 38***

ਮਹਾਰਾਜ ਨੇ ਸਪਸ਼ਟ (define) ਕਰ ਦਿਤਾ ਕਿ ਧਰਮਰਾਜ ਦੇ ਕਿਹੜਾ ਜਾਊਗਾ। ਦੂਜੇ ਭਾਵ ਵਾਲੇ ਮਨਮੁਖ ਬੰਦੇ ਜਾਂ ਜਿਹੜੇ ਬੰਦੇ ਪੁੰਨ ਦਾਨ, ਸੇਵਾ ਕਰਕੇ ਬਦਲਾ ਮੰਗਦੇ ਨੇ ਉਹ ਜਾਣਗੇ ਧਰਮਰਾਜ ਦੇ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ- 1414***

ਕਿਉਂਕਿ ਉਹਨੇ ਦਾਨ ਤੇ ਪੁੰਨ ਦਾ ਬਦਲਾ ਸਵਰਗਾਂ 'ਚ ਦੇਣੈ। ਪਾਪਾਂ ਦਾ ਫਲ ਉਹਨੇ ਨਰਕਾਂ 'ਚ ਦੇਣੈ ਤੇ ਘਟੀਆ ਜੂਨਾਂ 'ਚ ਪਾਉਣੈ। ਸੋ ਇਸ ਤਰ੍ਹਾਂ ਦੇ ਨਾਲ ਮਾੜਾ ਕੰਮ ਜਿਹੜਾ ਹੈ ਚੰਗਾ ਨਹੀਂ, ਸੰਸਾਰ 'ਚ ਉਹਦੇ ਦਰਬਾਰ 'ਚ ਆਦਮੀ ਨੂੰ ਸ਼ਰਮਿੰਦਾ ਹੋਣਾ ਪੈਂਦੈ। ਲੇਕਿਨ ਪਾਪ ਕਰਨ ਵਾਲਾ ਪਾਪ ਨੂੰ ਪਿਆਰਾ ਗਿਣਦੈ। ਮਹਾਰਾਜ ਕਹਿੰਦੇ, ਖੋਟਾ ਵਪਾਰ ਨਾ ਕਰ -

***ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥***

***ਅੰਗ- 23***

ਜਿਨ੍ਹਾਂ ਕੋਲ ਸੱਚ ਦੀ ਰਾਸ ਨਹੀਂ ਹੈ, ਉਨ੍ਹਾਂ ਨੂੰ ਸੁਖ ਕਿਵੇਂ ਪ੍ਰਾਪਤ ਹੋ ਜਾਏਗਾ -

***ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥***

***ਅੰਗ- 23***

ਮਨੁੱਖ ਖੋਟੇ ਵਣਜ ਜਦੋਂ ਕਰਦੈ ਤਾਂ ਮਨ ਵੀ ਤੇ ਤਨ ਵੀ ਖੋਟਾ ਹੋ ਜਾਂਦੈ -

***ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥***

***ਅੰਗ- 23***

ਨਿੰਦਿਆ ਕਰਦੈ, ਖੋਟਾ ਵਿਹਾਰ ਹੈ ਨਾ। ਕਹਿੰਦਾ ਹੈ ਕਿ ਮੈਂ ਨਿੰਦਿਆ ਨਹੀਂ ਕਰਦਾ, ਗੱਲ ਕਰਦਾਂ। ਮਹਾਰਾਜ ਕਹਿੰਦੇ, ਤੂੰ ਗੱਲ ਕਰਦੈਂ, ਇਹ ਐਡਾ ਜ਼ਬਰਦਸਤ ਵਪਾਰ ਹੈ ਕਿ ਅਕਲ ਵਾਲਾ ਬੰਦਾ ਨਹੀਂ ਇਸ ਵਪਾਰ ਨੂੰ ਕਰਦਾ। ਇਕ ਵਪਾਰ ਹੈ, ਘਾਟਾ ਹੀ ਪਾਈ ਜਾਂਦੈ, ਜ਼ਮੀਨ ਵੀ ਵੇਚ ਦਿਤੀ, ਆਪਣੀ ਸਾਰੀ ਜਾਇਦਾਦ ਵੇਚ ਦਿਤੀ। ਘਾਟਾ ਪਈ ਜਾਂਦੈ, ਉਹਦੇ ਵਿਚ ਪੈਸੇ ਪਾਈ ਜਾਂਦੈ। ਖੋਟਾ ਵਪਾਰ ਹੋਇਆ ਕਰਦੈ, ਘਾਟੇ ਦਾ ਵਪਾਰ। ਉਹਦੇ ਵਿਚ ਹੁੰਦਾ ਕੀ ਹੈ, ਆਦਮੀ ਨੂੰ ਅਖੀਰ ਦੇ ਵਿਚ ਪਛਤਾਉਣਾ ਪੈਂਦੈ ਕਿਉਂਕਿ ਘਾਟੇ ਦਾ ਵਣਜ ਕਰਿਆ, ਲਾਹੇ ਦਾ ਵਣਜ ਨਾ ਕਰਿਆ। ਲਾਹੇ ਦੇ ਵਣਜ ਦਾ ਪਤਾ ਨਹੀਂ ਸੀ, ਗਿਆਨ ਨਾ ਆਇਆ, ਉਸ ਵੇਲੇ ਪਤਾ ਲੱਗਿਆ, ਜਦੋਂ ਕੁਛ ਵੀ ਨਾ ਰਿਹਾ। ਹੁਣ ਘਾਟੇ ਦਾ ਵਪਾਰ ਆਪਾਂ ਕਰਦੇ ਹਾਂ, ਚਲੋ ਉਹ ਤਾਂ ਛੱਡੋ ਕਿ ਕਿਸੇ ਨੇ ਜ਼ਮੀਨ ਦੇ ਸੌਦੇ 'ਚ ਘਾਟਾ ਪਾ ਲਿਆ। ਕਿਸੇ ਨੇ ਮਕਾਨ 'ਚ ਘਾਟਾ ਪਾ ਲਿਆ, ਕਿਸੇ ਨੇ ਬਿਜ਼ਨਸ 'ਚ ਘਾਟਾ ਪਾ ਲਿਆ। ਮਹਾਰਾਜ ਕਹਿੰਦੇ, ਇਹ ਤਾਂ ਠੀਕ ਹੈ ਦੁਨੀਆਂ ਦੇ ਵਿਚ ਦੁਖੀ ਹੋ ਜਾਏਂਗਾ, ਅਖੀਰ ਸਰੀਰ ਛੱਡ ਜਾਣੈ, ਫੇਰ ਤੇਰਾ ਕੋਈ ਵਾਹ ਨਹੀਂ ਇਹਦੇ ਨਾਲ। ਪਰ ਐਸੇ ਘਾਟੇ ਨਾ ਪਾ ਕਿ ਇਥੇ ਵੀ ਦੁਖੀ ਹੋਵੇਂ ਤੇ ਅੱਗੇ ਜਾ ਕੇ ਵੀ ਦੁਖੀ ਹੋਵੇਂ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ- 755***

ਕਿਹੋ ਜਿਹਾ ਖੋਟਾ ਵਪਾਰ ਹੈ, ਸਾਰੀ ਜ਼ਿੰਦਗੀ ਦਾਨ ਕਰਦਾ ਰਿਹਾ, ਖੂਹ ਲਵਾਉਂਦਾ ਰਿਹਾ, ਸਰਾਂ ਪਾਉਂਦਾ ਰਿਹਾ, ਹਸਪਤਾਲ ਬਣਵਾਉਂਦਾ ਰਿਹਾ, ਮੁਫਤ ਦਵਾਈਆਂ ਦਿੰਦਾ ਰਿਹਾ, ਬੜੇ ਪੁੰਨ ਦੇ ਕੰਮ ਕਰੇ, ਭੂਮੀ ਦਾਨ ਕਰ ਦਿਤੀ, ਸੋਨਾ ਦਾਨ ਕਰ ਦਿਤਾ। ਲੇਕਿਨ ਮਹਾਰਾਜ ਕਹਿੰਦੇ-

***ਕਰੇ ਨਿੰਦ ਸਭ ਬਿਰਥਾ ਜਾਵੈ ॥*** ***ਅੰਗ- 875***

ਨਿੰਦਾ ਕਰ ਦਿਤੀ, ਉਸ ਤੋਂ ਵੀ ਥੱਲੇ ਚਲਿਆ ਗਿਆ। ਕਹਿੰਦੇ, ਦੱਸੋ ਕਿਹੋ ਜਿਹੇ ਮੂਰਖ ਬੰਦੇ ਨੇ। ਇਕ ਥਾਉਂ ਮਹਾਰਾਜ ਕਹਿੰਦੇ, ਪਰਾਈ ਮੈਲ ਨਿੰਦਕ ਖਾਂਦੈ, ਮੂੰਹ ਦੇ ਨਾਲ ਮੈਲ ਚਟਦੈ। ਪਾਪ ਦੂਸਰੇ ਦੇ ਆਪਣੇ ਸਿਰ 'ਤੇ ਲੈ ਲੈਂਦੈ ਕਿਉਂਕਿ ਖੋਟਾ ਵਪਾਰ ਕਰਕੇ ਘਾਟਾ ਪਾ ਰਿਹੈ, ਝੂਠ ਬੋਲਦੈ, ਚੁਗਲੀ ਕਰਦੈ, ਈਰਖਾ ਕਰਦੈ, ਹਿੰਸਾ ਦੇ ਵਿਚ ਪਿਆ ਹੋਇਐ, (justify) ਠੀਕ ਸਿੱਧ ਕਰਦੈ ਕਿ ਇਹ ਬੱਕਰੇ ਤਾਂ ਖਾਣ ਵਾਸਤੇ ਹੀ ਬਣਾਏ ਨੇ ਰੱਬ ਨੇ।

ਤੈਂ ਜ਼ਰੂਰ ਖਾਣੇ ਨੇ?

ਉਹ ਵੀ ਜਿਉਣਾ ਚਾਹੁੰਦੈ। ਹਰ ਚੀਜ਼ ਜ਼ਿੰਦਗੀ ਚਾਹੁੰਦੀ ਹੈ। ਜਦੋਂ ਤਕ ਤੇਰਾ ਵਿਰੋਧ ਨਹੀਂ ਕਿਸੇ ਚੀਜ਼ ਦੇ ਨਾਲ, ਓਨੀਂ ਦੇਰ ਤਕ ਤੇਰਾ ਇਹ ਜਿਹੜਾ ਕਹਿਣਾ ਹੈ, ਆਪਣੇ ਸਵਾਦ ਵਾਸਤੇ ਖਾਨੈਂ, ਜਾਨਵਰ ਮਾਰ-ਮਾਰ ਕੇ ਲਿਆਉਨੈ, ਕਹਿੰਦੈ ਮੈਂ ਸ਼ਿਕਾਰ ਖੇਲ੍ਹਦਾ ਹਾਂ। ਕਹਿੰਦੇ, ਜੀ ਸ਼ਿਕਾਰ ਖੇਲ੍ਹ ਕੇ ਬੇਸ਼ੱਕ ਖਾ ਲੈ ਮਾਸ।

ਅਸੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣੈ, ਕਿਸੇ ਲਿਖਾਰੀ ਵਗੈਰਾ ਦੀ ਗੱਲ ਨਹੀਂ ਮੰਨਣੀ। ਇਹ ਤਾਂ ਸਭ ਭੁੱਲੇ ਹੋਏ ਨੇ। ਗੁਰੂ ਮਹਾਰਾਜ ਕਹਿੰਦੇ ਨੇ -

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ - 1374***

ਸਾਦੀ ਰੋਟੀ ਨੂੰ ਕਹਿੰਦੇ ਨੇ ਜਿਹਦੇ 'ਚ ਨਮਕ, ਮਿਰਚ ਹੋਵੇ। 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਕੇ ਲਿਆਉਣਾ ਤੇ ਉਸ ਤੋਂ ਬਾਅਦ ਉਹਨੂੰ ਖਾਣਾ। ਕਹਿੰਦੇ ਨੇ ਕਿ ਅੱਜ ਤਾਂ ਤੂੰ ਉਹਨੂੰ ਮਾਰਿਐ, ਕੱਲ੍ਹ ਨੂੰ ਉਹ ਤੈਨੂੰ ਮਾਰੇਗਾ। ਇਹ ਤਾਂ ਚੱਕਰ ਚੱਲ ਪਿਆ ਤੁਹਾਡਾ। ਤੂੰ ਗਲ ਵੱਢਦੈਂ ਤੇਰੇ ਕੋਲ ਕੀ ਅਧਿਕਾਰ ਹੈ ਪ੍ਰਮੇਸ਼ਰ ਦੀ ਸ੍ਰਿਸ਼ਟੀ ਨੂੰ ਤੂੰ ਖਤਮ ਕਰਦੈਂ? ਤੇਰੇ ਕੋਲ ਕੀ ਅਧਿਕਾਰ ਹੈ? ਤੂੰ ਕਹਿੰਦੈ ਕਿ ਮੈਂ ਮੁਕਤੀ ਕਰਦਾਂ ਜਾਨਵਰਾਂ ਦੀ। ਤੇਰੀ ਤਾਂ ਆਪਣੀ ਨਹੀਂ ਮੁਕਤੀ ਹੋਈ। ਤੂੰ ਤਾਂ ਆਪ ਹੀ ਅਗਿਆਨ ਵਿਚ ਤੁਰਿਆ ਫਿਰਦੈਂ। ਪਾਪਾਂ ਦੀਆਂ ਪੰਡਾਂ ਨਾ ਬੰਨ੍ਹ। ਔਖੀਆਂ ਹੋ ਜਾਣਗੀਆਂ ਚੁੱਕਣੀਆਂ। ਖੋਟਾ ਵਪਾਰ ਨਾ ਕਰ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਖਰੇ ਵਪਾਰ ਕਰ। ਜਿਹੜੇ ਜਾ ਕੇ ਦਰਗਾਹ ਦੇ ਵਿਚ ਤੇਰੇ ਬਰਾਬਰ ਖੜ੍ਹਨ, ਦਇਆ ਕਰ, ਖਿਮਾ ਕਰ, ਸੇਵਾ ਕਰ, ਦਾਨ, ਪਿਆਰ ਕਰ ਸੰਸਾਰ ਨੂੰ। ਪ੍ਰਭੂ ਦੀ ਯਾਦ ਵਿਚ ਰਹਿ। ਭਗਤੀ ਭਾਵ ਦੇ ਵਿਚ ਜ਼ਿੰਦਗੀ ਗੁਜ਼ਾਰ। ਜਦੋਂ ਤੂੰ ਇਹ ਕਰੇਂਗਾ, ਨਾਮ ਦੇ ਮੰਡਲ ਦੇ ਵਿਚ ਤੇਰਾ ਪ੍ਰਵੇਸ਼ ਹੋ ਜਾਏਗਾ। ਜਿਹੜੇ ਨਾਮ ਦੇ ਵਪਾਰੀ ਨੇ ਮਹਾਰਾਜ ਕਹਿੰਦੇ ਪਿਆਰਿਓ! ਨਾਮੀ ਜਿਹੜਾ ਬੰਦਾ ਹੈ ਉਹਦੇ ਵਿਚ ਪਿਆਰ ਹੁੰਦੈ। ਪਿਆਰ ਤੋਂ ਜਿਹੜਾ ਹੀਣਾ ਹੈ ਉਹ ਕਹਿੰਦੇ ਮਰਿਆ ਹੋਇਆ ਹੁੰਦੈ-

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ - 253***

ਉਹ ਤਾਂ ਮਰਿਆ ਹੋਇਆ ਬੰਦਾ ਹੈ, ਮੁਰਦਾ ਸਰੀਰ ਤੁਰੇ ਫਿਰਦੇ ਨੇ। ਉਹ ਪਿਆਰ ਤੋਂ ਹੀਣਾ ਹੈ। ਜਿਹੜਾ ਸੰਸਾਰ ਨੂੰ ਪਿਆਰ ਕਰਦੈ, ਨਾਮ ਦੇ ਮੰਡਲ 'ਚ ਪਹੁੰਚਦੈ, ਨਾਮ ਜਪਦੈ, ਨਾਮ ਦਾ ਧਿਆਨ ਕਰਦੈ,

ਨਾਮ ਦਾ ਮੰਨਣ ਕਰਦੈ, ਨਾਮ ਦਾ ਸਰਵਣ ਕਰਦੈ। ਜਿਹੜੇ ਪਿਆਰੇ ਐਸੀ ਜ਼ਿੰਦਗੀ ਬਤੀਤ ਕਰਦੇ ਨੇ, ਖੋਟੇ ਵਪਾਰ ਛੱਡ ਕੇ ਖਰੇ ਵਪਾਰਾਂ 'ਚ, ਉਨ੍ਹਾਂ ਦੀ ਦਰਗਾਹ ਦੇ ਵਿਚ ਜੈ-ਜੈਕਾਰ, ਧੰਨ-ਧੰਨ ਹੁੰਦੀ ਹੈ -

***ਧਾਰਨਾ - ਤੇਰੇ ਨਾਮ ਦੇ ਵਪਾਰੀ ਦਰਗਾਹ ਮਾਣ ਪਾਉਂਦੇ ਨੇ।***

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥*** ***ਅੰਗ - 283***

ਮੁੱਲ ਕੀ ਦੇਣੈ? -

***ਤਜਿ ਅਭਿਮਾਨੁ ਲੇਹੁ ਮਨ ਮੋਲਿ ॥*** ***ਅੰਗ- 283***

ਹੰਗਤਾ ਤੇ ਮਮਤਾ ਦੇ-ਦੇ ਉਨ੍ਹਾਂ ਨੂੰ ਤੇ ਤੈਨੂੰ ਉਹਦੇ ਬਦਲੇ 'ਚ ਨਾਮ ਮਿਲ ਜਾਏਗਾ। ਕਿਉਂਕਿ ਹੰਗਤਾ ਤੇ ਮਮਤਾ ਦੋ ਚੀਜ਼ਾਂ ਐਸੀਆਂ ਨੇ, ਜਦੋਂ ਤਕ ਆਦਮੀ ਦੇ ਵਿਚ ਨੇ, ਨਾਮ ਨਹੀਂ ਆਇਆ ਕਰਦਾ -

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***
***ਅੰਗ- 560***

ਇਹ ਦੇ-ਦੇ ਫੇਰ -

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥*** ***ਅੰਗ- 283***

ਖੇਪ ਭਰ ਲੈ ਨਾਮ ਦੀ, ਇਸ ਨਾਮ ਨੂੰ ਸੁਰਖਸ਼ਿਤ ਕਰ ਲੈ। ਉਹ ਸਮਾਂ ਤਾੜ ਲੈ ਜਿਹਦੇ ਵਿਚ ਬਹੁਤੀ ਖੇਤੀ ਬੀਜੀ ਜਾਵੇ ਕਿਉਂਕਿ ਵੱਤਰ ਬਿਨਾਂ ਖੇਤੀ ਨਹੀਂ ਬੀਜੀ ਜਾਂਦੀ। ਸੋ ਨਾਮ ਦੀ ਜਿਹੜੀ ਵੱਤਰ ਹੈ। ਸਹੀ ਵੱਤਰ ਇਸ ਜੀਵਨ ਦੇ ਅੰਦਰ, ਉਹ ਹੈ ਅੰਮ੍ਰਿਤ ਵੇਲਾ। ਵੈਸੇ ਤਾਂ ਹਰ ਵਕਤ ਦਾ ਹੀ ਹੈ। ਪਰ ਉਸ ਵੇਲੇ ਬਿਰਤੀ ਇਕਾਗਰ ਹੁੰਦੀ ਹੈ, ਸੁਰਤੀਆਂ ਬਿਰਤੀਆਂ ਇਕ ਪੁਆਇੰਟ 'ਤੇ ਕੇਂਦਰਤ ਹੁੰਦੀਆਂ ਨੇ। ਆਲਾ-ਦੁਆਲੇ ਚੁਪ-ਸਾਂਤ ਹੁੰਦੀ ਹੈ। ਸੋ ਉਸ ਵੇਲੇ ਨੂੰ ਤੂੰ ਸੰਭਾਲ ਲੈ-

***ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ***
***ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥***
***ਅੰਗ- 734***

ਕਹਿੰਦੇ, ਨਿਖੁੱਟਦਾ ਹੀ ਨਹੀਂ। ਖਰਚ ਲੈ ਜਿੰਨਾਂ ਤੇਰਾ ਜੀਅ ਕਰਦੈ -

***ਤੋਟਿ ਨ ਆਵੈ ਵਧਦੋ ਜਾਈ ॥*** ***ਅੰਗ- 186***

ਵਧਦਾ ਹੀ ਜਾਂਦੈ, ਘਟਦਾ ਨਹੀਂ ਹੈ, ਅੰਮ੍ਰਿਤ ਵੇਲੇ ਦਾ ਬੀਜਿਆ

ਹੋਇਆ –

*ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥*

*ਅੰਗ – 734*

ਧੰਨ-ਧੰਨ ਹੁੰਦੀ ਹੈ, ਇਥੇ ਵੀ ਤੇ ਦਰਗਾਹ ਦੇ ਵਿਚ ਵੀ। ਦੋਵੇਂ ਥਾਂਵਾਂ 'ਤੇ, ਜਿਹਦੇ ਅੰਦਰ ਨਾਮ ਪ੍ਰਗਟ ਹੋ ਗਿਆ। ਨਾਮ ਪ੍ਰਗਟ ਨਾਲ ਕੀ ਹੁੰਦੈ, ਜਿਸ ਵਕਤ ਨਾਮ ਪ੍ਰਗਟ ਹੋ ਜਾਂਦੈ, ਇਹ ਸਾਰਾ ਹੀ ਸੰਸਾਰ ਆਪਣਾ ਆਪਾ ਬਣ ਜਾਂਦੈ। ਗੈਰ ਨਹੀਂ ਇਥੇ ਕੋਈ ਰਿਹਾ ਕਰਦਾ। ਸਭ ਇਕੋ ਹੀ ਜੋਤ ਵਰਤਦੀ ਹੈ। ਆਪ ਉਹਦੇ ਵਿਚ ਲੀਨ ਹੋ ਜਾਂਦੈ। ਇਹ ਪਤਾ ਨਹੀਂ ਲਗਦਾ ਕਿ ਮੈਂ ਰੱਬ ਹਾਂ ਕਿ ਰੱਬ ਮੈਂ ਹਾਂ –

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*

*ਅੰਗ – 657*

ਜਦੋਂ ਮੈਂ ਸੀਗਾ ਤੂੰ ਨਹੀਂ ਸੀ, ਹੁਣ ਤੂੰ ਹੋ ਗਿਆ, ਮੈਂ ਨਹੀਂ ਹਾਂ। 'ਮੈਂ' ਕਿੱਧਰ ਚਲੇ ਗਈ। ਤੇਰੇ ਵਿਚੇ ਹੀ ਰਲ ਗਈ। ਇਹ ਅਵਸਥਾ ਜਿਹੜੀ ਹੈ ਇਹ ਨਾਮ ਦੇ ਪ੍ਰਗਟ ਹੋਣ ਦੀ ਅਵਸਥਾ ਹੈ। ਇਹਦੇ ਵਿਚ ਅੱਖ ਖੁਲ੍ਹ ਜਾਂਦੀ ਹੈ –

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ – 407*

ਦੂਜਾ ਰਹਿੰਦਾ ਨਹੀਂ ਹੈ। ਸੋ ਇਸ ਕਰਕੇ ਕਹਿੰਦੇ ਇਹ ਜਿਹੜਾ –

*ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥*
*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ॥*

*ਅੰਗ – 734*

ਇਹਦਾ ਨਾਸ਼ ਨਹੀਂ ਹੁੰਦਾ ਕਿਸੇ ਤਰੀਕੇ ਨਾਲ।

*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ ॥* *ਅੰਗ– 734*

ਜਮ ਤਾਂ ਸਗੋਂ ਸੇਵਾ ਕਰਦੇ ਨੇ। ਜਿਨ੍ਹਾਂ ਨੇ ਹਰਿ ਧਨ ਖੱਟ ਲਿਆ ਉਨ੍ਹਾਂ ਦੀ ਤਾਂ ਕਰਨੀ ਹੀ ਕਰਨੀ ਹੈ। ਲੇਕਿਨ ਜਿਹੜੇ ਉਨ੍ਹਾਂ ਦੇ ਵੀ ਸੰਗੀ ਨੇ, ਪਿਆਰ ਦੇ ਨਾਲ ਰਸਤੇ 'ਤੇ ਚੱਲ ਰਹੇ ਨੇ, ਸਰਲ ਸੁਭਾਅ ਦੇ ਨਾਲ। ਉਨ੍ਹਾਂ ਦੀ ਵੀ ਸੇਵਾ ਹੁੰਦੀ ਹੈ, ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ –

*ਧਾਰਨਾ – ਧਰਮਰਾਜਾ ਵੀ ਕਰੇਗਾ ਸੇਵਾ,*
*ਸਾਧੂਆਂ ਦੇ ਸੰਗੀਆਂ ਦੀ।*

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥*** ***ਅੰਗ- 271***

ਸੋਭਾ ਹੁੰਦੀ ਹੈ, ਕਿਉਂਕਿ ਬੰਦਗੀ ਕਰਨ ਵਾਲਿਆਂ ਦੀ ਸੰਗਤ 'ਚ ਆ ਗਿਆ। ਸੋ ਇਸ ਕਰਕੇ ਮਹਾਰਾਜ ਕਹਿੰਦੇ ਕਿ ਤੂੰ ਉਹ ਵਪਾਰ ਕਰ ਕਿ ਧੰਨ-ਧੰਨ ਹੋਵੇ। ***'ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥'*** ਸੰਤਾਂ ਨਾਲ ਰਲ ਕੇ ਕਿਉਂ ਚੱਲ? ਕਿਉਂਕਿ ਉਥੇ ਇਹ ਜਿਹੜੇ ਪੰਜ ਚੋਰ ਨੇ ਇਹ ਪੈਂਦੇ ਨਹੀਂ ਹੈਗੇ, ਡਰ ਜਾਂਦੇ ਨੇ। ਹੋਰ ਕਿਸੇ ਤੋਂ ਨਹੀਂ ਇਹ ਹਟਦੇ -

***ਸਾਧਸੰਗਿ ਓਇ ਦੂਸਟ ਵਸਿ ਹੋਤੇ ॥*** ***ਅੰਗ - 182***

ਸਾਧੂ ਦੀ ਸੰਗਤ ਕਰਨ ਵਾਲੇ ਦੇ ਇਹ ਦੁਸਟ ਵਸ 'ਚ ਹੋ ਜਾਂਦੇ ਨੇ। ਬਾਕੀ ਦੁਨੀਆਂ ਨੂੰ ਤਾਂ ਇਨ੍ਹਾਂ ਨੇ ਚੱਕਰ 'ਚ ਪਾਇਆ ਹੋਇਐ ਸਾਰੀ ਨੂੰ। ਇਸ ਕਰਕੇ ਸਾਧੂਆਂ ਦੀ ਸੰਗਤ 'ਚ ਆਪਣੀ ਖੇਪ ਨੂੰ ਲੈ ਕੇ ਚੱਲ। ਉਹ ਵਾਰਨਿੰਗ (ਚੇਤਾਵਨੀ) ਦਿੰਦੇ ਰਹਿੰਦੇ ਨੇ ਕਿ ਇਥੇ ਖਤਰਾ ਹੈ ਭਾਈ। ਰਿੱਧੀ-ਸਿੱਧੀ ਆ ਗਈ, ਸ਼ਕਤੀਆਂ ਦਿਖਾਉਣ ਲਗ ਗਿਆ ਪਿਆਰਿਆ, ਖਤਰਾ ਹੈ ਕਿਉਂਕਿ ਸ਼ਕਤੀ ਨੂੰ ਆਦਮੀ 'ਮੈਂ' ਕਹਿੰਦੈ ਕਿ ਮੈਂ ਕਰਦਾਂ।

ਸੋ ਸੰਤਾਂ ਨੂੰ ਪਤਾ ਹੁੰਦੈ ਕਿ ਇਹ ਹੁਣ ਭਟਕ ਗਿਆ, ਇਹ ਹੁਣ ਆਪਣੀ ਪਤ ਤੋਂ ਗਿਰ ਜਾਏਗਾ। ਕੁਛ ਵੀ ਨਹੀਂ ਇਹਦੇ ਪੱਲੇ ਰਹਿਣਾ। ਉਹ ਵਾਰਨਿੰਗ ਦੇ ਦਿੰਦੇ ਨੇ ਕਿ ਤੂੰ ਇਸ ਤਰ੍ਹਾਂ ਕਿਉਂ ਕਰਿਐ। ਸੋ ਇਸ ਕਰਕੇ ਮਹਾਰਾਜ ਕਹਿੰਦੇ, ਨਾਮ ਦਾ ਧਨ, ਸੇਵਾ ਦਾ ਫਲ ਲੈ ਕੇ ਲੁਟਾ ਨਾ ਲੋਕਾਂ ਨੂੰ। ਇਹ ਸੰਤਾਂ ਦੀ ਸੰਗਤ ਵਿਚ ਰਹਿ, ਨਹੀਂ ਤਾਂ ਲੁੱਟ ਲੈਣਗੇ।

***'ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥***
***ਅਵਰ ਤਿਆਗਿ ਬਿਖਿਆ ਜੰਜਾਲ ॥***
***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥***

ਸੋ ਇਹ ਬੰਦਾ ਖੋਟੇ ਵਪਾਰ ਕਰਦੈ ਤੇ ਖਰੇ ਵਪਾਰ ਤੋਂ ਦੂਰ ਰਹਿੰਦੈ। ਅਖੀਰ ਦਰਗਾਹ ਦੇ ਵਿਚ ਜਾ ਕੇ ਸ਼ਰਮਿੰਦਾ ਹੋਣਾ ਪੈਂਦੈ।

ਐਸੇ ਬਚਨ ਮਹਾਰਾਜ ਜੀ ਸੁਣਾ ਰਹੇ ਨੇ ਤੇ ਉਹਦੇ ਨਾਲ ਸੁਣਦਾ-ਸੁਣਦਾ ਇਹ ਜਿਹੜਾ ਸੱਜਣ ਠੱਗ ਹੈ, ਅੰਦਰ ਤਿਆਰੀ ਕਰਾ ਰਿਹੈ ਕਿ

ਆਪਾਂ ਮਾਰ ਲਵਾਂਗੇ ਇਨ੍ਹਾਂ ਨੂੰ। ਉਥੇ ਮਹਾਰਾਜ ਜੀ ਨੇ ਕੀਰਤਨ ਸ਼ੁਰੂ ਕਰ ਦਿਤਾ। ਸ਼ਬਦ ਪੜ੍ਹਦੇ ਨੇ, ਜਿਉਂ-ਜਿਉਂ ਬਾਣੀ ਪੜ੍ਹਦੇ ਨੇ ਇਹਦੇ ਅੰਦਰ ਨਿਰਮਲਤਾ ਆਉਂਦੀ ਜਾਂਦੀ ਹੈ। ਕੰਨਾਂ ਤੋਂ ਬਾਣੀ ਹਿਰਦੇ 'ਚ ਪਹੁੰਚਦੀ ਹੈ, ਪਹਿਲਾਂ ਤਾਂ ਉਹਦਾ ਗੜ੍ਹ ਤੋੜਿਆ ਬਾਣੀ ਨੇ, ਉਹ ਤੋੜ ਕੇ ਜਦੋਂ ਸ਼ਬਦ ਸੁਣੇ ਤਾਂ ਡਰ ਗਿਆ ਕਿ ਹੈਂ ਦਰਗਾਹ ਵੀ ਹੈਗੀ। ਇਸ ਭਾਵ ਦਾ ਉਚਾਰਨ ਹੋਇਆ ਪੜ੍ਹੋ ਪਿਆਰ ਨਾਲ -

*ਧਾਰਨਾ - ਘਾਣੀ ਪੀੜਨੀ ਨਿਮਾਣੀ ਜਿੰਦ ਤੇਰੀ,*
*ਦਰਗਾਹ ਵਿਚ ਧਰਮਰਾਜ ਨੇ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - 315*

ਐਸੇ ਭਾਵ ਦੇ ਸ਼ਬਦ ਨੂੰ ਗੁਰੂ ਮਹਾਰਾਜ ਤੋਂ ਸੁਣ ਕੇ ਨੀਂਦ ਜਿਹੀ ਆ ਗਈ ਕਿ ਜਿੰਨੇ ਲੋਕ ਮੈਂ ਮਾਰ ਕੇ ਖੂਹ 'ਚ ਸੁੱਟੇ ਨੇ, ਉਹ ਸਾਰੀਆਂ ਰੂਹਾਂ ਜਿਉਂਦੀਆਂ ਹੋ ਗਈਆਂ। ਸਾਰੇ ਹੀ ਕਹਿੰਦੇ ਨੇ ਕਿ ਮਾਰੋ-ਮਾਰੋ ਆਹ ਹੈ ਪਾਪੀ, ਜਿਹਨੇ ਸਾਨੂੰ ਖਤਮ ਕਰਿਐ। ਜਮਦੂਤ ਆ ਗਏ, ਕੋਈ ਸੋਟੇ ਮਾਰਦੈ, ਦੁਹਾਈ ਪਾਉਂਦੈ ਇਹ ਕਿ ਮੈਨੂੰ ਬਖਸ਼ ਦਿਓ, ਮੈਨੂੰ ਛੱਡ ਦਿਓ। ਇਸ ਤੋਂ ਬਾਅਦ ਦੇਖਦੈ ਕਿ ਨਰਕ ਨੇ, ਬੜੇ ਭਿਆਨਕ ਨੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- 1425*

ਜਾਗ ਆ ਗਈ, ਲੇਕਿਨ ਉਹ ਜਿਹੜਾ ਦ੍ਰਿਸ਼ ਦੇਖਿਆ ਅੱਖਾਂ ਤੋਂ ਓਹਲੇ ਨਹੀਂ ਹੁੰਦਾ। ਕਹਿੰਦਾ, ਓ ਸੱਜਣਾ! ਕਿਉਂ ਵਹਿਮ 'ਚ ਪੈ ਗਿਆ, ਨਰਕ ਵਗੈਰਾ ਤਾਂ ਹੈ ਹੀ ਕੋਈ ਨਹੀਂ। ਇਹ ਤਾਂ ਐਵੇਂ ਡਰਾਉਣ ਦੀਆਂ ਗੱਲਾਂ ਨੇ, ਇਹ ਡਰਾਈ ਜਾਂਦੇ ਸਾਨੂੰ।

ਫੇਰ ਅੱਖ ਲੱਗ ਗਈ, ਉਹ ਫੇਰ ਆ ਗਏ। ਡਰ ਗਿਆ ਬਹੁਤ, ਕੰਬਣ ਲੱਗ ਗਿਆ, ਸਰੀਰ। ਅਜੇ ਜਾਗ ਕੇ ਕੋਈ ਗੱਲ ਨਹੀਂ ਕੀਤੀ ਤੇ ਕੰਨਾਂ ਦੇ ਵਿਚ ਐਸੀ ਆਵਾਜ਼ ਪੈਣੀ ਸ਼ੁਰੂ ਹੋ ਗਈ -

*ਧਾਰਨਾ - ਤੇਰਾ ਅੰਦਰ ਮੈਲ ਦਾ ਭਰਿਆ,*
*ਧੋਤਿਆਂ ਨਾ ਜੂਠ ਉਤਰੇ ਸੱਜਣਾ!*

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥*
*ਅੰਗ- 729*

ਕਿੰਨਾ ਸੋਹਣਾ ਲਗਦੈ ਚਮਕਦਾਰ ਕਾਂਸੀ ਦਾ ਭਾਂਡਾ। ਪਰ ਜਿਉਂ-ਜਿਉਂ ਉਹਨੂੰ ਮਾਂਜਣ ਲਗ ਜਾਓ ਕਿ ਇਹਦੀ ਕਾਲਸ ਲਾਹ ਦੇਣੀ ਹੈ, ਕਹਿੰਦੇ ਚਾਹੇ 10 ਘੰਟੇ ਮਾਂਜੀ ਜਾਹ, ਹੱਥ ਵੀ ਕਾਲੇ ਕਰੀ ਜਾਏਗਾ,

ਜਿਹੜੀ ਚੀਜ਼ ਨਾਲ ਮਾਜੇਂਗਾ ਉਹ ਵੀ ਕਾਲੀ ਕਰੀ ਜਾਏਗਾ। ਐਨੀ ਮੈਲ ਉਹਦੇ ਵਿਚ ਪਈ ਹੋਈ ਹੈ ਕਿ ਧੋਤੇ 'ਤੇ ਸਾਫ ਨਹੀਂ ਹੁੰਦੀ -

***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥***

***ਅੰਗ - 729***

ਕਾਹਦੀ ਮੈਲ ਲਗ ਗਈ ਸਾਨੂੰ। ਨਿੰਦਿਆ ਦੀ ਮੈਲ ਹੈ, ਚੁਗਲੀ ਦੀ, ਵੈਰ ਦੀ, ਛਲ ਦੀ, ਕਪਟ ਦੀ, ਵਿਸਾਹਘਾਤ ਦੀ, ਹਿੰਸਾ ਦੀ, ਈਰਖਾ ਦੀ, ਨਫਰਤ ਦੀ, ਝੂਠ ਦੀ, ਚੋਰੀ ਦੀ, ਲੋਭ, ਮੋਹ, ਅਹੰਕਾਰ, ਕਾਮ, ਕ੍ਰੋਧ ਦੀ, ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗਾਂ ਦੀ। ਸ਼ਬਦ, ਸਪਰਸ, ਰੂਪ, ਰਸ, ਗੰਧ ਪੰਜ ਵਿਸ਼ਿਆਂ ਦੀ। ਇਹ ਅੱਜ ਤੋਂ ਤਾਂ ਨਹੀਂ ਲੱਗੀ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵ ਈ ਜੇ ਸਉ ਧੋਵਣਿ ਪਾਹੁ ॥***
***ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥***
***ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥***

***ਅੰਗ- 651***

ਜੇ ਗੁਰੂ ਮਿਲ ਜਾਵੇ ਉਹ ਮੱਤ ਉਲਟੀ ਕਰ ਦਿੰਦੈ। ਉਹ ਮੈਲ ਲੱਗੀ ਪਈ ਹੈ। ਉਹ ਲਹਿੰਦੀ ਕਿਵੇਂ ਹੈ? ਕਹਿੰਦੇ -

***ਜਨਮ ਜਨਮ ਕੇ ਲਾਗੇ ਬਿਖੁ ਮੋਰਚਾ***
***ਲਗਿ ਸੰਗਤਿ ਸਾਧ ਸਵਾਰੀ ॥ ਅੰਗ- 666***

ਜਰ ਲਗ ਗਈ ਜਨਮਾਂ-ਜਨਮਾਂਤਰਾਂ ਦੀ।

ਸੰਤਾਂ ਦੀ ਸੰਗਤ 'ਚ ਜਾ ਕੇ ਇਹ ਜਿਹੜਾ ਜੰਗਾਲ ਲੱਗਿਆ ਹੋਇਆ ਸੀ, ਉਹਨਾਂ ਨੇ ਐਸੀ ਚੀਜ਼ ਦੇ ਦਿਤੀ ਇਹ ਉਹਦੇ ਨਾਲ ਹੀ ਲਹਿ ਜਾਂਦੀ ਹੈ-

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - 4***

***ਜਿਉ ਕੰਚਨੁ ਬੈਸੰਤਰਿ ਤਾਇਓ***
***ਮਲੁ ਕਾਟੀ ਕਟਿਤ ਉਤਾਰੀ ॥ ਅੰਗ- 666***

ਸੋਨੇ ਨੂੰ ਮੈਲ ਲੱਗੀ ਹੋਈ ਹੈ, ਬਾਰ-ਬਾਰ ਉਹਨੂੰ ਤਾਉ ਦੇਈ ਜਾਓ, ਮੈਲ ਲਹਿੰਦੀ ਜਾਂਦੀ ਹੈ। ਕਹਿੰਦੇ, ਜਦੋਂ ਬਾਰ੍ਹਾਂ ਵੰਨੀ ਦਾ ਸੋਨਾ ਹੋ ਜਾਂਦੈ, ਬਾਰ੍ਹਾਂ ਵਾਰੀ ਤਾਓ ਦੇ ਦਿਤਾ ਫੇਰ ਖਰਾ ਹੋ ਜਾਂਦੈ। ਉਹਦੇ 'ਚੋਂ ਮੈਲ ਨਿਕਲ ਜਾਂਦੀ ਹੈ। ਇਸੇ ਤਰ੍ਹਾਂ ਸਾਧੂਆਂ ਦੀ ਸੰਗਤ ਕਰਦੈ, ਜਦੋਂ ਨਾਮ ਜਪਦੈ। ਫੇਰ ਮੈਲ ਉਤਰਦੀ ਹੈ ਇਸ ਨੇ ਸਮਝ ਲਿਆ ਕਿ ਆਹ ਤਾਂ ਮੇਰੀ ਹੀ ਕਹਾਣੀ ਗੁਰੂ ਸਾਹਿਬ ਨੇ ਕਹਿ ਦਿਤੀ। ਇਹ ਤਾਂ ਜ਼ਰੂਰ ਸੱਚਾ ਸੰਤ ਹੈ। ਇਹ ਮੈਨੂੰ ਜਾਣ ਗਿਆ ਅੰਦਰੋਂ ਕਿ ਮੈਂ ਕੀ ਹਾਂ, ਮੈਂ ਤਾਂ ਬਿਲਕੁਲ ਮੈਲ ਦਾ ਭਰਿਆ ਹੋਇਆ ਹਾਂ। ਬਾਹਰ ਮੇਰੇ ਲਿਸ਼ਕ-ਪੁਸ਼ਕ ਹੈ।

ਬਾਹਰ ਮੇਰਾ ਭੇਖ ਹੈ, ਮੇਰੇ ਵਸਤਰ ਵਧੀਆ ਨੇ, ਰੇਸ਼ਮੀ ਪਹਿਨੇ ਹੋਏ ਨੇ, ਮੇਰਾ ਝੁਕ ਜਾਣਾ, ਮੇਰੀਆਂ ਮਿੱਠੀਆਂ ਗੱਲਾਂ ਮਾਰਨੀਆਂ, ਮੈਂ ਇਕ ਪਾਸੇ ਸ਼ੇਖ ਕਹਾਉਂਨਾ, ਇਕ ਪਾਸੇ ਸੱਜਣ ਸ਼ਾਹ ਕਹਾਉਂਨਾ। ਇਹ ਤਾਂ ਇਨ੍ਹਾਂ ਨੂੰ ਪਤਾ ਲਗ ਗਿਆ। ਅਜੇ ਸੋਚਦਾ ਹੀ ਹੈ, ਉਸੇ ਵੇਲੇ ਦੂਸਰੀ ਧੁਨੀ ਇਸ ਤਰ੍ਹਾਂ ਦੇ ਨਾਲ ਉਠਦੀ ਹੈ-

***ਧਾਰਨਾ - ਭੀੜਾਂ ਪਈਆਂ 'ਤੇ ਸੱਜਣ ਕੰਮ ਆਉਂਦੇ,***
***ਦਰਗਾਹ 'ਚ ਨਾਲ ਚਲਦੇ ਪਿਆਰਿਆ।***

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ- 729***

ਮਿੱਤਰ ਤਾਂ ਉਹ ਹੈ ਜਿਹੜਾ ਹਰ ਥਾਂ ਦੇ ਉਤੇ ਸਹਾਇਤਾ ਕਰੇ। ਦੁਨੀਆਂ ਦਾ ਬੰਦਾ ਤਾਂ ਕਰ ਨਹੀਂ ਸਕਦਾ। ਦੁਨੀਆਂ 'ਚ ਕਰ ਦਏਗਾ, ਅਗਾਹਾਂ ਨਹੀਂ ਕਰ ਸਕਦਾ। ਉਹ ਤਾਂ ਕੋਈ ਪੱਕੇ ਸੱਜਣ ਨੇ -

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥***
***ਅੰਗ - 1102***

ਉਹ ਜਿਉਂਦੇ ਵਿਛੁੜ ਜਾਂਦੇ ਨੇ ਜਦੋਂ ਉਨ੍ਹਾਂ ਦਾ ਹਿਤ ਨਾ ਬਣੇ। ਦੁਨੀਆਂ ਦੀਆਂ ਦੋਸਤੀਆਂ ਕੀਹਦੀਆਂ ਨਿਭੀਆਂ ਨੇ ਅੱਜ ਤਕ। ਉਹ ਤਾਂ ਹਿਤ ਦੀ ਬੰਨੀ ਹੋਈ ਹੁੰਦੀ ਹੈ। ਜਿੰਨਾਂ ਚਿਰ ਹਿਤ ਸਾਂਝੇ ਨੇ ਮਿੱਤਰਤਾ ਹੈ, ਜਦੋਂ ਆਪਣੇ-ਆਪਣੇ ਹਿਤ ਹੋ ਗਏ, ਤਾਂ ਬਿਜ਼ਨਸ 'ਚ ਵੀ ਰੌਲਾ ਪੈ ਗਿਆ, ਉਹ ਉਹਨੂੰ ਮਾੜਾ ਕਹਿੰਦੈ ਕਿ ਖਾ ਗਿਆ, ਉਹ ਉਹਨੂੰ ਕਹਿੰਦੈ ਕਿ ਉਹ ਖਾ ਗਿਆ। ਕਿਉਂਕਿ ਹਿਤ ਦੀ ਬੰਨ੍ਹੀ ਹੋਈ ਮਿਤਰਤਾ ਕਾਇਮ ਨਹੀਂ ਰਹਿੰਦੀ। ਪਿਆਰ ਤਾਂ ਸੰਸਾਰ ਦੇ ਵਿਚ ਵਾਹਿਗੁਰੂ ਨਾਲ ਹੀ ਹੋ ਜਾਏ ਬਹੁਤ ਹੈ। ਹੋਰ ਤਾਂ ਹੈ ਹੀ ਨਹੀਂ ਪਿਆਰ। ਉਹ ਤਾਂ ਗਾਇਬ ਹੋ ਗਿਆ ਪਿਆਰ। ਪਿਛਲੇ ਜੁਗਾਂ 'ਚ ਸੀਗਾ। ਕਰਣ ਨੇ ਨਿਭਾ ਦਿਤਾ ਸੀ, ਦੁਰਯੋਧਨ ਦੇ ਨਾਲ। ਜਾਨ ਦੇ ਦਿਤੀ, ਪਤਾ ਵੀ ਲਗ ਗਿਆ ਕਿ ਮੈਂ ਪਾਂਡਵਾਂ ਦਾ ਭਰਾ ਹਾਂ। ਕਹਿੰਦਾ ਨਹੀਂ, ਹੁਣ ਮਿੱਤਰ ਮੂਹਰੇ ਹੈ। ਸੋ ਮਿੱਤਰ ਪ੍ਰਮੇਸ਼ਰ ਹੈ, ਗੁਰੂ ਹੈ।

ਮੈਂ ਸੜਕ 'ਤੇ ਖੜ੍ਹਾ ਸੀ ਧਮੋਟ ਦੀ ਗੱਲ ਹੈ, ਉਥੇ ਲਾਲਾ ਅਮਰਨਾਥ ਦੀ ਚੱਕੀ ਸੀ ਸੜਕ ਦੇ ਉਤੇ, ਹੁਣ ਵੀ ਹੈ। ਉਹ ਪਿਆ ਸੀ ਮੰਜੇ ਦੇ ਉਤੇ। ਮੈਨੂੰ ਕਹਿੰਦਾ, ਕਿਥੋਂ ਆਇਐਂ? ਮੈਂ ਕਿਹਾ, ਰਾੜਾ ਸਾਹਿਬ ਤੋਂ ਆਇਆਂ। ਰੋਣ ਲੱਗ ਗਿਆ। ਮੈਂ ਕਿਹਾ, ਲਾਲਾ! ਕੀ ਗੱਲ ਤੂੰ ਕਿਉਂ ਰੋਣ ਲਗ ਗਿਆ? ਕਹਿੰਦਾ, ਮੇਰੇ ਭਗਵਾਨ ਨੇ ਉਹ। ਮੈਂ ਕਿਹਾ, ਅੱਛਾ, ਐਨੀ ਸ਼ਰਧਾ ਹੈ ਤੇਰੇ ਮਨ 'ਚ? ਕਹਿੰਦਾ ਹਾਂ। ਮੈਂ ਕਿਹਾ ਕਿਵੇਂ ਹੋਈ?

ਕਹਿੰਦਾ, ਤੈਨੂੰ ਨਹੀਂ ਪਤਾ?

ਮੈਂ ਕਿਹਾ, ਨਾ ਮੈਨੂੰ, ਮਾੜਾ-ਮਾੜਾ ਪਤੈ। ਮੈਂ ਤੇਰਾ ਨਾਉਂ ਪੜ੍ਹਿਐ ਰਾੜਾ ਸਾਹਿਬ ਲਿਖਿਆ ਹੋਇਆ ਕਿ ਲਾਲਾ ਅਮਰਨਾਥ ਨੇ ਦੋ ਹਜ਼ਾਰ

ਰੁਪਿਆ ਦੇ ਕੇ ਕਮਰਾ ਬਣਾਇਆ। ਉਥੇ ਕਿਸੇ ਦਾ ਨਾਉਂ ਨਹੀਂ ਲਿਖਿਆ, ਤੇਰਾ ਲਿਖਿਆ ਹੋਇਐ। ਮੈਂ ਕਿਹਾ, ਕੀ ਗੱਲ ਹੋਈ ਸੀ, ਕਹਿੰਦਾ, ਜੀ ਮੈਂ ਚੜ੍ਹਾਈ ਕਰ ਗਿਆ ਸੀ। ਜਮਦੂਤਾਂ ਨੇ ਆ ਕੇ ਮੈਨੂੰ ਫੜ ਲਿਆ। ਇਧਰ ਮੈਨੂੰ ਥੱਲੇ ਲਾਹ ਦਿਤਾ। ਉਸ ਤੋਂ ਬਾਅਦ ਰੋਣਾ-ਪਿਟਣਾ ਸ਼ੁਰੂ ਹੋ ਗਿਆ, ਮੈਨੂੰ ਤਾਂ ਕੋਈ ਪਤਾ ਨਹੀਂ ਹੈ, ਕਹਿੰਦਾ, ਮੈਂ ਬੜੀਆਂ ਬੇਨਤੀਆਂ ਕਰੀਆਂ, ਜਿੰਨਿਆਂ ਕੁ ਨੂੰ ਮੈਂ ਜਾਣਦਾ ਸੀ, ਸਾਰਿਆਂ ਅੱਗੇ ਬੇਨਤੀਆਂ ਕਰੀਆਂ, ਮੇਰੀ ਸਹਾਇਤਾ ਨਾ ਹੋਈ। ਅਖੀਰ ਮੇਰੇ ਯਾਦ ਆ ਗਿਆ ਕਿ ਜਦੋਂ ਮੈਂ ਸਹੁਰਿਆਂ ਨੂੰ ਜਾਇਆ ਕਰਦਾ ਸੀ, ਘਣਕਸਾਂ ਤਾਂ ਮੈਂ ਵਿਸ਼ੇਸ਼, ਉਚੇਚਾ ਉਸ ਸਮੇਂ ਘਰੋਂ ਤੁਰਨਾਂ ਕਿ ਹੁਣ ਮਹਾਂਪੁਰਸ਼ ਕੁਰਸੀ 'ਤੇ ਦਰਸ਼ਨ ਦੇ ਰਹੇ ਨੇ। ਮੈਂ ਉਥੇ ਜਾ ਕੇ ਨਮਸ਼ਕਾਰ ਕਰਨੀ। ਉਨ੍ਹਾਂ ਨੇ ਪਿਆਰ ਦੇ ਨਾਲ ਮੇਰੇ ਵਲ ਦੇਖਣਾ ਤੇ ਨਾਲ ਹਾਲ-ਚਾਲ ਪੁੱਛਣਾ ਤੇ ਉਥੇ ਮੈਂ ਬੈਠਾ ਰਹਿਣਾ, ਜਦੋਂ ਤਕ ਕੁਰਸੀ 'ਤੇ ਬੈਠੇ ਨੇ ਘੰਟਾ। ਉਸ ਤੋਂ ਬਾਅਦ ਮੈਂ ਚਲਿਆ ਜਾਂਦਾ ਸੀ।

ਮੈਂ ਫੇਰ ਧਿਆਨ ਧਰਿਆ ਉਨ੍ਹਾਂ ਦਾ ਕਿ ਮੈਨੂੰ ਇਸ ਵੇਲੇ ਬਚਾ ਦਿਓ। ਓਧਰ ਜਮਦੂਤਾਂ ਨੂੰ ਦੇਖ-ਦੇਖ ਕੇ ਮੇਰਾ ਬਹੁਤ ਬੁਰਾ ਹਾਲ ਹੁੰਦਾ ਜਾਵੇ। ਐਨੇ ਨੂੰ ਮੈਂ ਕੀ ਦੇਖਿਆ ਕਿ ਆ ਕੇ ਖੜ੍ਹ ਗਏ। ਕਹਿੰਦੇ, ਕਿ ਆਹ ਬਾਂਹ ਛੱਡੋ ਇਹਦੀ। ਹੱਥ ਪਾਏ ਹੋਏ ਸੀ ਜਮਦੂਤਾਂ ਨੇ -

***ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ***
***ਓਨੀ ਤਕੜੇ ਪਾਏ ਹਾਥ ॥*** ***ਅੰਗ- 78***

ਕਹਿੰਦੇ, ਛੱਡੋ ਬਾਂਹ ਇਹਦੀ। ਕਹਿੰਦੇ ਇਹਦੇ ਤਾਂ ਅਜੇ ਰਹਿੰਦੇ ਨੇ ਛੇ-ਸੱਤ ਸਾਲ ਤੇ ਤੁਸੀਂ ਹੁਣੇ ਲੈ ਚੱਲੇ। ਛੱਡੋ ਇਹਨੂੰ। ਕਹਿੰਦਾ, ਮੈਂ ਉਥੇ ਹੀ ਉਸੇ ਹਾਲਤ ਦੇ ਵਿਚ, ਆਪਣੀ ਸਾਰੀ ਜ਼ਮੀਨ ਜਾਇਦਾਦ ਚਰਨਾਂ 'ਚ ਭੇਟਾ ਕਰ ਦਿਤੀ। ਐਨੇ ਨੂੰ ਮੈਨੂੰ ਹੋਸ਼ ਆ ਗਈ, ਰੋਣਾ ਪਿਟਣਾ ਬੰਦ ਹੋ ਗਿਆ ਤੇ ਘਰਵਾਲੀ ਮੇਰੇ ਕੋਲ ਆਈ। ਮੈਂ ਕਿਹਾ ਕਿ ਭਾਗਵਾਨੇ! ਮੈਂ ਜੀਉਂਦਾ ਤਾਂ ਹੋ ਗਿਆ ਪਰ ਆਪਣਾ ਬਾਗ, 25 ਵਿੱਘੇ ਦਾ, ਸਾਡੇ ਖੇਤ ਦੇ ਨਾਲ ਲਗਦਾ ਸੀ। ਕਹਿੰਦਾ, ਜਿਹੜਾ ਤੁਹਾਡੇ ਖੇਤ ਦੇ ਨਾਲ ਬਾਗ ਲਗਦੈ ਉਹ ਮਹਾਰਾਜ ਜੀ ਦੇ ਚਰਨਾਂ 'ਚ ਅਰਪਣ ਕਰ ਦਿਤਾ। ਫੇਰ ਮੈਂ ਤਕੜਾ ਹੋ ਗਿਆ, ਮਹੀਨੇ ਦੇ ਵਿਚ। ਉਥੇ ਮੈਂ ਤੁਰ ਕੇ ਗਿਆ, ਨਾਲ ਮੇਰੇ ਪਿੰਡ ਦੇ ਬਹੁਤ ਸਾਰੇ ਹਿਤੈਇਸ਼ੀ ਸੀ, ਉਥੇ ਮਹਾਂਪੁਰਸ਼ਾਂ ਨੂੰ ਮਿਲਿਆ। ਮਹਾਂਪੁਰਸ਼ ਕਹਿਣ ਲੱਗੇ, ਸੁਣਿਆ ਸੀ ਤੁਸੀਂ ਬਿਮਾਰ ਹੋਂ? ਕਹਿੰਦਾ, ਮਹਾਰਾਜ ਤੁਸੀਂ ਸਭ ਕੁਛ ਜਾਣਦੇ ਹੋਂ।

ਕਹਿੰਦੇ, ਕਿਵੇਂ ਹੋਈ ਫੇਰ?

ਕਹਿਣ ਲੱਗਿਆ, ਮਹਾਰਾਜ! ਤੁਸੀਂ ਸਭ ਕੁਛ ਜਾਣਦੇ ਹੋਂ, ਤੁਸੀਂ ਆ ਕੇ ਉਥੇ ਮੇਰੀ ਬਾਂਹ ਛੁਡਾਈ ਜਮਦੂਤਾਂ ਤੋਂ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***

***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ- 1281***

ਮਹਾਂਪੁਰਸ਼ ਉਥੇ ਸਹਾਇਤਾ ਕਰਦੇ ਨੇ। ਕਹਿਣ ਲੱਗਿਆ, ਮਹਾਰਾਜ! ਤੁਸੀਂ ਉਥੇ ਮੈਨੂੰ ਛੁਡਾ ਦਿਤਾ। ਤੁਸੀਂ ਇਹ ਵੀ ਜਾਣਦੇ ਹੋਂ ਮੈਂ ਉਥੇ ਫੁਰਨਾ ਕਰ ਦਿਤਾ ਸੀ ਕਿ ਮੇਰਾ ਬਾਗ ਜਿਹੜਾ ਹੈ ਉਹ ਮੈਂ ਆਪ ਦੇ ਚਰਨਾਂ 'ਤੇ ਭੇਟਾ ਕਰਦਾ ਹਾਂ। ਅਸੀਂ ਉਹ ਦੇਣ ਵਾਸਤੇ ਆਏ ਹਾਂ। ਜਿਵੇਂ ਜੀਅ ਕਰਦਾ ਹੈ ਹੁਣ ਲਿਖਾ ਲਓ। ਕੋਰਟ 'ਚ ਲਿਖਾਉਣੈ ਉਥੇ ਲਿਖਾ ਲਓ। ਹੋਰ ਕੋਈ ਤਰੀਕਾ ਕਰਨੈ ਹੋਰ ਕਰ ਲਓ।

ਮਹਾਂਪੁਰਸ਼ ਕਹਿਣ ਲੱਗੇ, ਲਾਲਾ ਜੀ! ਐਉਂ ਕਰੋ ਇਹ ਕੰਮ ਛੋਟੇ ਸੰਤ ਕਰਦੇ ਨੇ, ਬਾਬਾ ਕਿਸ਼ਨ ਸਿੰਘ ਜੀ, ਉਨ੍ਹਾਂ ਕੋਲ ਚਲੇ ਜਾਓ ਤੁਸੀਂ।

ਉਥੇ ਗਿਆ ਤਾਂ ਮੈਂ ਸਾਰਾ ਹਾਲ ਦੱਸਿਆ। ਉਹ ਕਹਿਣ ਲੱਗੇ, ਲੈ ਬਈ, ਲਾਲਾ! ਅਸੀਂ ਖੇਤੀ ਕਰਨ ਤਾਂ ਜਾਣਾ ਨਹੀਂ ਧਮੋਟ। ਇਹਦਾ ਮੁੱਲ ਪਾ ਦਿੰਦੇ ਹਾਂ, ਜਾਂ ਤੂੰ ਪਾ ਦੇ ਜਾਂ ਅਸੀਂ ਪਾ ਦਿੰਦੇ ਹਾਂ। ਕਹਿੰਦਾ, ਮੈਂ ਕਿਹਾ, ਮਹਾਰਾਜ! ਤੁਸੀਂ ਹੀ ਪਾ ਦਿਓ। 25 ਵਿੱਘੇ ਅੰਬਾਂ ਦਾ ਤੇ ਬੂਟਿਆਂ ਦਾ ਬਹੁਤ ਸੋਹਣਾ ਬਾਗ ਸੀਗਾ, ਖੂਹ ਲੱਗਿਆ ਹੋਇਆ, ਕੋਠਾ ਪਿਆ ਹੋਇਆ। ਮਹਾਰਾਜ ਕਹਿੰਦੇ, ਜੇ ਅਸੀਂ ਮੁੱਲ ਪਾ ਦਿਤਾ, ਫੇਰ ਅਗਰ ਮਗਰ ਨਾ ਕਰੀਂ। ਕਹਿੰਦਾ, ਨਹੀਂ ਮਹਾਰਾਜ। ਜੋ ਪਾਵੋਂਗੇ, ਮੈਂ ਦੇ ਦੇਵਾਂਗਾ। ਕਹਿੰਦੇ, ਫੇਰ ਉਹਦਾ ਮੁੱਲ 2500 ਰੁਪਿਆ ਪਾਇਆ। 25 ਵਿੱਘੇ ਜ਼ਮੀਨ, ਇਕ ਅੰਬ ਦਾ ਹੀ ਮੁੱਲ 2500 ਤੋਂ ਵੱਧ ਸੀਗਾ। ਉਹ ਕਹਿੰਦਾ, ਮੈਂ 2500 ਰੁਪਿਆ ਦੇ ਆਇਆ ਜਾ ਕੇ।

ਕਹਿਣ ਲੱਗਿਆ, ਹੁਣ ਦੱਸ, ਜਿਹਨੇ ਮੈਨੂੰ ਛੁਡਾ ਦਿਤਾ ਜਾ ਕੇ ਉਹ ਮੇਰਾ ਭਗਵਾਨ ਹੈ ਕਿ ਕੀ ਹੈ?

ਸੋ ਜਿਹੜਾ ਅੰਤ ਦੇ ਸਮੇਂ ਸਹਾਇਤਾ ਕਰੇ, ਉਹ ਸੱਜਣ ਹੋਇਆ ਕਰਦੈ। ਦੂਜਾ ਖਾਣ ਪੀਣ ਵਾਲਾ, ਇਕੱਠੇ ਬੈਠ ਕੇ ਕੌਫੀ ਪੀ ਲਈ, ਬਰਫੀਆਂ ਖਾ ਲਈਆਂ, ਉਹ ਸੱਜਣ ਨਹੀਂ ਹੁੰਦੇ। ਮਿੱਤਰਾਂ ਦੀ ਦੋਸਤੀ ਹੁੰਦੀ ਹੈ ਖਾਣ ਪੀਣ ਨੂੰ ਮਿਲੀ ਜਾਵੇ। ਕਈ ਵਿਗਾੜ ਦਿੰਦੇ ਨੇ, ਕਈ ਹੋਰ ਤਰ੍ਹਾਂ ਕਰ ਦਿੰਦੇ, ਸ਼ਰਾਬ ਪੀਣ ਲਾ ਦਿੰਦੇ ਨੇ, ਚੰਗੇ ਭਲੇ ਬੰਦੇ ਨੂੰ।

ਸੋ ਇਸ ਤਰ੍ਹਾਂ ਜਦੋਂ ਉਹਨੇ ਸੁਣਿਆ, ਆਪਣੇ ਨਾਂ ਦਾ ਮਤਲਬ, ਸ਼ਰਮਿੰਦਾ ਹੋ ਗਿਆ ਕਿ ਮੈਂ ਤਾਂ ਮਾਰਨ ਦੀਆਂ ਤਿਆਰੀਆ ਕਰਦਾਂ ਤੇ ਇਹ ਮੇਰਾ ਜਿਹੜਾ ਅਰਥ ਦੇ ਰਹੇ ਨੇ ਉਹ ਸੱਜਣ ਕਿਹੜਾ ਹੈ? ਮੈਂ ਤਾਂ ਫੇਰ ਬਹੁਤ ਘਟੀਆ ਹਾਂ। ਉਸ ਤੋਂ ਬਾਅਦ ਫੇਰ ਮਹਾਰਾਜ ਜੀ ਨੇ ਫੇਰ ਅਗਲੀਆਂ ਤੁਕਾਂ ਉਚਾਰੀਆਂ -

***ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥***
***ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥***

***ਅੰਗ- 729***

*ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥*

*ਅੰਗ - 1380*

*ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥*
*ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥*

*ਅੰਗ- 1380*

ਸਗੋਂ ਇਹ ਕਰਦੀਆਂ ਕੀ ਨੇ, ਆਦਮੀ ਦੇ ਮਨ ਵਿਚ ਰਹਿ ਜਾਂਦੀਆਂ ਨੇ। ਜਾਇਦਾਦਾਂ ਮਨ ਵਿਚ ਰਹਿ ਜਾਂਦੀਆਂ ਨੇ ਮਰਨ ਵੇਲੇ ਕਿ ਇਹਨੂੰ ਕੌਣ ਸਾਂਭੇਗਾ। ਬੱਚੇ ਤਾਂ ਮੇਰੇ ਨਾਲ ਸਾਰੀ ਜ਼ਿੰਦਗੀ ਲੜਦੇ ਰਹੇ ਨੇ। ਹੁਣ ਉਨ੍ਹਾਂ ਨੇ ਆ ਕੇ ਸਾਂਭਣੈ। ਇਸੇ ਖਿਆਲ 'ਚ ਸਰੀਰ ਦਾ ਅੰਤ ਹੋ ਜਾਂਦੈ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥* *ਅੰਗ- 526*

ਪ੍ਰੇਤ ਬਣਾ ਦਿੰਦੀਆਂ ਨੇ। ਇਹ ਵੀ ਸਾਰੀ ਗੱਲ ਸਮਝ ਗਿਆ। ਉਸ ਤੋਂ ਬਾਅਦ ਮਹਾਰਾਜ ਨੇ ਅਗਲੀ ਤੁਕ ਉਚਾਰੀ -

*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥* *ਅੰਗ - 729*

ਬਗਲੇ ਜਿਹੜੇ ਨੇ ਇਹ ਚਿੱਟੇ ਨੇ, ਤੀਰਥਾਂ 'ਤੇ ਰਹਿੰਦੇ ਨੇ, ਪਵਿੱਤਰ ਥਾਵਾਂ 'ਤੇ, ਜਿਹੜੇ ਇਨ੍ਹਾਂ ਦੇ ਭਰਾ ਨੇ ਚਿੱਟੇ ਐਨੇ ਹੀ ਰੰਗ ਦੇ ਉਨ੍ਹਾਂ ਨੂੰ ਹੰਸ ਕਹਿੰਦੇ ਨੇ। ਹੰਸ ਜਿਹੜੇ ਨੇ ਉਨ੍ਹਾਂ ਦੀ ਖੁਰਾਕ ਹੁੰਦੀ ਹੈ ਹੀਰਾ, ਮੋਤੀ। ਜਿਹੜੀ ਬਗਲਿਆਂ ਦੀ ਖੁਰਾਕ ਹੁੰਦੀ ਹੈ, ਕਾਵਾਂ ਦੀ ਖੁਰਾਕ ਹੁੰਦੀ ਹੈ ਉਹ ਡੱਡੀਆਂ ਭਾਲਣ ਤੀਰਥਾਂ 'ਤੇ ਜਾਂਦੇ ਨੇ।

*ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥*

*ਅੰਗ- 729*

ਉਸ ਤੋਂ ਬਾਅਦ ਸਮਝ ਗਿਆ ਕਿ ਮੈਂ ਤਾਂ ਬਗਲਾ ਹਾਂ, ਠੀਕ ਬਗਲਾ। ਮੈਂ ਭੇਖ ਬਣਾਇਆ ਹੋਇਐ ਬਹੁਤ ਵਧੀਆ। ਲੋਕਾਂ ਨੂੰ ਭੁਲੇਖਾ ਪੈਂਦੈ ਕਿ ਕੋਈ ਉੱਤਮ ਸੰਤ ਹੈ, ਬਹੁਤ ਉੱਚਾ ਸੰਤ ਹੈ ਤੇ ਸਮ ਦ੍ਰਿਸ਼ਟੀ ਹੈ ਇਹਦੇ ਵਿਚ, ਮਸਜਿਦ ਨੂੰ ਓਨਾਂ ਹੀ ਪਿਆਰ ਕਰਦੈ ਤੇ ਮੰਦਰ ਨੂੰ ਵੀ ਓਨਾਂ ਹੀ ਕਰਦੈ ਤੇ ਇਸਲਾਮ ਵਾਲੇ ਨੂੰ ਵੀ ਓਨਾਂ ਹੀ ਚੰਗਾ ਸਮਝਦੈ ਪਰ ਕੌਣ ਜਾਣਦੈ ਕਿ ਮੈਂ ਰਾਤ ਨੂੰ ਅੰਦਰ ਵਾੜ ਕੇ ਗਲ ਘੁੱਟ ਕੇ, ਮਾਰ ਕੇ, ਭੌਰੇ 'ਚ ਸੁੱਟ ਦਿੰਦਾ ਸੀ। ਇਹ ਤਾਂ ਮੈਂ ਘੁੱਟ-ਘੁੱਟ ਜੀਅ ਖਾਂਦਾ। ਹੰਸਾਂ ਵਾਲਾ ਤਾਂ ਮੈਂ ਕੰਮ ਨਹੀਂ ਕਰਦਾ। ਹੰਸਾਂ ਦੀ ਤਾਂ ਖੁਰਾਕ ਹੀ ਹੀਰਾ ਮੋਤੀ ਹੈ। ਬਹੁਤ ਨਿਢਾਲ ਹੋ ਗਿਆ, ਤਸਵੀਰ ਸਾਮ੍ਹਣੇ ਆ ਕੇ ਖੜ੍ਹੀ ਹੋ ਗਈ। ਡਰਾਵਣੀ ਲਗ ਰਹੀ ਹੈ, ਉਸ ਤੋਂ ਬਾਅਦ ਮਹਾਰਾਜ ਜੀ ਨੇ ਅਗਲਾ ਬੰਦ ਉਚਾਰਣ ਕੀਤਾ ਕਿ ਸੱਜਣਾ! ਤੇਰਾ ਜਿਹੜਾ ਜੀਵਨ ਹੈ ਉਹ ਨਿਰਾਰਥ ਹੈ ਕਿਸੇ ਕੰਮ ਦਾ ਨਹੀਂ ਹੈ। ਦਿਖਾਵਾ ਇਹਦੇ ਵਿਚ ਬਹੁਤ ਹੈ, ਕਸ਼ਿਸ਼ ਇਹਦੇ ਵਿਚ ਬਹੁਤ ਹੈ, ਦੁਨੀਆਂ ਭੁਲੇਖੇ ਖਾਂਦੀ ਹੈ ਪਰ ਪਿਆਰਿਆ! ਤੇਰੇ ਕੋਲ ਆ ਕੇ ਮੌਤ ਮਿਲਦੀ ਹੈ, ਖੁਸ਼ੀ ਨਹੀਂ ਮਿਲਦੀ।

ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਸਿੰਮਲ ਰੁਖ ਨੇ ਹੁਲਾਰੇ ਮਾਰੇ,***
***ਪੰਛੀ ਆ ਗਏ ਆਸ ਕਰਕੇ ਪਿਆਰਿਓ।***

***ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥***

***ਅੰਗ – 729***

ਇਹ ਜਿਹੜਾ ਮੇਰਾ ਭੇਖ ਹੈ ਸਿੰਮਲ ਰੁੱਖ ਜਿਵੇਂ ਫਲਦੈ, ਉਹਦੇ ਫਲ ਲਗ ਜਾਂਦੇ ਨੇ ਤੇ ਡੋਡੀਆਂ ਲਗ ਜਾਂਦੀਆਂ ਨੇ। ਉਸ ਵੇਲੇ ਤੋਤੇ, ਮੈਜਨ ਤੋਤੇ ਨੂੰ ਕਹਿੰਦੇ ਨੇ ਕਿ ਤੋਤੇ ਭੁੱਲ ਜਾਇਆ ਕਰਦੇ ਨੇ।

***ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥***

***ਅੰਗ– 729***

ਇਹ ਫਲ ਕਿਸੇ ਕੰਮ ਨਹੀਂ ਆਉਂਦੇ, ਗਲ ਘੁੱਟ ਦਿੰਦੇ ਨੇ। ਗਲ ਘੋਟੂਆ ਹੋ ਜਾਂਦੈ ਜੇ ਇਹਨੂੰ ਖਾ ਲਵੇ। ਦੇਖਣ ਲਗ ਗਿਆ ਕਿ ਮੈਂ ਤਾਂ ਸੱਚਮੁੱਚ ਸਿੰਮਲ ਰੁੱਖ ਹਾਂ। ਮੇਰੇ ਕੋਲ ਲੈਣ ਦੇਣ ਨੂੰ ਕੁਛ ਨਹੀਂ ਹੈ, ਮੈਂ ਤਾਂ ਗਲ ਘੁਟਦਾ ਹਾਂ ਜੀਵਾਂ ਦੇ। ਮਾਰ ਦਿੰਨਾਂ, ਲੁੱਟਦਾ ਹਾਂ, ਦੂਜੇ ਜੋ ਹਨ ਉਨ੍ਹਾਂ ਨੂੰ ਮੈਂ ਪਾਖੰਡ ਕਰਕੇ ਬਹੁਤ ਦਿਖਾਉਂਦਾਂ, ਤਾਂਕਿ ਉਹ ਮੇਰੀ ਮਹਿਮਾ ਬਾਹਰ ਜਾ ਕੇ ਕਰਨ ਤੇ ਮੇਰਾ ਤਾਂ ਜੀਵਨ ਕਿਸੇ ਕੰਮ ਦਾ ਨਹੀਂ, ਫਿੱਕਾ ਜੀਵਨ ਹੈ। ਅਜੇ ਸੋਚਦਾ ਹੀ ਸੀ ਐਨੇ ਨੂੰ ਗੁਰੂ ਮਹਾਰਾਜ ਨੇ ਸਾਰੇ ਜੀਵਨ ਦਾ ਨਿਚੋੜ ਕੱਢ ਕੇ ਸਿਖਿਆ ਦੇਣ ਵਾਸਤੇ ਅਗਲੀ ਤੁਕ ਉਚਾਰਨ ਕਰ ਦਿਤੀ, ਪੜ੍ਹੋ ਪਿਆਰ ਨਾਲ –

***ਧਾਰਨਾ – ਪਿਆਰੇ ਜੀ, ਪਾਪਾਂ ਵਾਲੇ ਭਾਰ ਬੰਨ੍ਹ ਲਏ।***
***ਔਖਾ ਪੈਂਡਾ ਦਰਗਹ ਵਾਲਾ।***

***ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥***

***ਅੰਗ– 729***

ਇਕ ਤਾਂ ਅੱਖਾਂ ਤੋਂ ਅੰਨਾ ਹੈ, ਦੂਜਾ ਭਾਰ ਨਾਲ ਜਾਂਦਾ ਹੈ, ਬੇਅੰਤ ਭਾਰ ਚੁੱਕਿਆ ਹੋਇਐ –

***ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥***

***ਅੰਗ– 729***

ਅੱਖਾਂ ਹੋਣ ਤਾਂ ਰਾਹ ਪਤਾ ਲੱਗੇ। ਅੱਖਾਂ ਹੈ ਨਹੀਂ, ਅੰਨ੍ਹਾ ਹੋਣ ਕਰਕੇ, ਠੋਕਰਾਂ ਖਾਂਦੈ, ਪਹਾੜ ਦੀ ਚੜ੍ਹਾਈ ਹੈ, ਖੱਡਾਂ 'ਚ ਗਿਰਦੈ, ਹੱਡ–ਗੋਡੇ ਤੁੜਾਉਂਦੈ ਜਾਂਦੈ। ਹੁਣ ਕੋਈ ਤਰੀਕਾ ਹੈ ਕਿ ਲੰਘ ਜਾਈਏ? ਉਸ ਵੇਲੇ ਅੰਦਰਲਾ ਪਾਪ ਜ਼ਾਹਿਰ ਹੋ ਗਿਆ ਬਿਲਕੁਲ ਹੀ ਕਿ ਮੈਂ ਹੁਣ ਜਾ ਕੇ ਚਰਨ ਫੜ ਲਵਾਂ। ਇਹ ਤਾਂ ਬਿਲਕੁਲ ਸੱਚਾ ਆ ਗਿਆ ਅੱਜ। ਸੱਜਣਾਂ! ਤੇਰੀ ਧਾਰਨਾ ਗਲਤ ਹੋ ਗਈ। ਦੁਨੀਆਂ ਦੇ ਵਿਚ ਕੋਈ ਹੈਗਾ ਜਿਹੜਾ ਰਾਹ ਦਿਖਾ ਸਕਦੈ। ਉਹ ਅੱਜ ਮੈਨੂੰ ਮਿਲ ਗਿਆ, ਜਿਹੋ ਜਿਹਾ ਮੈਂ ਪਾਪੀ ਸੀ, ਓਡਾ ਹੀ ਵੱਡਾ ਸ਼ਕਤੀ ਵਾਲਾ ਇਹ ਆ ਗਿਆ। ਕੋਈ ਰਾਹ ਮੇਰੇ ਵਾਸਤੇ ਹੈ, ਮੈਂ ਕੀ ਕਰਾਂ? ਅਜੇ ਸੋਚਦਾ ਹੀ ਹੈ ਕਿ ਦੂਜੇ ਪਾਸਿਓਂ ਇਸ ਤਰ੍ਹਾਂ ਦੀ ਆਵਾਜ਼ ਆਉਂਦੀ ਹੈ –

***ਧਾਰਨਾ - ਕੱਟੀ ਜਾਵੇਗੀ ਜਮਾਂ ਵਾਲੀ ਫਾਸੀ,***
***ਨਾਮ ਨੂੰ ਸੰਭਾਲ ਬੰਦਿਆ।***

ਰਸਤਾ ਲੱਭ ਗਿਆ -

***ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥***
***ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥***

***ਅੰਗ- 729***

ਪਾਪਾਂ ਦਾ ਬੰਨ੍ਹਿਆ ਹੋਇਆ ਨਰਕਾਂ ਨੂੰ ਜਾਂਦੈ। ਜੇ ਤੂੰ ਨਾਮ ਨੂੰ ਸੰਭਾਲ ਲਵੇਂ ਛੁਟ ਜਾਏਂਗਾ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ***
***ਸੋ ਗਤਿ ਛਿਨ ਮਹਿ ਪਾਈ ॥*** ***ਅੰਗ- 902***

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਉਸ ਵੇਲੇ ਕਹਿਣ ਲੱਗਿਆ, ਮਨਾਂ! ਆ ਗਿਆ, ਉਹ, ਹੁਣ ਨਾ ਤੂੰ ਘੋਲ਼ੁ ਕਰ, ਰੱਬ ਵੀ ਹੈਗਾ ਤੇ ਤਾਰਨ ਵਾਲਾ ਵੀ ਅੱਜ ਆ ਪਹੁੰਚਿਆ। ਉਸੇ ਵੇਲੇ ਹਿੰਮਤ ਕਰੀ, ਸਾਰਾ ਕੁਛ ਛੱਡ ਕੇ, ਜਾ ਕੇ ਚਰਨਾਂ 'ਤੇ ਢਹਿ ਕੇ ਉੱਚੀ-ਉੱਚੀ ਰੋਣ ਲਗ ਗਿਆ। ਨਾਲ ਦੇ ਸਾਥੀਆਂ ਨੇ ਸਮਝ ਲਿਆ ਕਿ ਸਾਡਾ ਮਾਲਕ ਫੜ ਲਿਆ, ਬਰਛੇ ਲੈ ਕੇ ਨਿਕਲ ਗਏ। ਉਹ ਕਹਿੰਦਾ, ਸੁੱਟ ਦਿਓ ਬਰਛੇ, ਮੈਂ ਮਾਰਿਆ ਗਿਆ। ਆ ਜਾਓ ਜੇ ਬਚਣੈ, ਅੱਜ ਸਾਰੇ ਬਖਸ਼ੇ ਜਾਓਂਗੇ। ਚਰਨ ਫੜ ਲਓ। ਇਸ ਤਰ੍ਹਾਂ ਦੀ ਭਾਵਨਾ ਦੇ ਨਾਲ ਬੇਨਤੀ ਕਰਦੈ -

***ਧਾਰਨਾ - ਤੇਰੇ ਵਰਗਾ ਨਾ ਦਇਆਲ ਸਤਿਗੁਰ ਮੇਰਿਆ,***
ਮੇਰੇ ਵਰਗਾ ਪਾਪੀ ਕੋਈ ਨਾ।

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।***

***ਭਾਈ ਗੁਰਦਾਸ ਜੀ, ਵਾਰ 36/1***

ਪਤਿਤਾਂ ਦਾ ਉਧਾਰ ਕਰਨ ਵਾਲਾ, ਠੱਗਾਂ ਦਾ ਉਧਾਰ ਕਰਨ ਵਾਲਾ, ਚੋਰਾਂ ਦਾ, ਰਾਖਸਸ਼ਾਂ ਦਾ ਉਧਾਰ ਕਰਨ ਵਾਲਾ ਗੁਰੂ ਨਾਨਕ, ਉਹਦੇ ਚਰਨ ਫੜੀ ਬੈਠੇ ਨੇ ਸਾਰੇ। ਪਾਤਸ਼ਾਹ ਹੁਣ ਬਖਸ਼ ਦਿਓ। ਅਸੀਂ ਇਹ ਸਮਝਿਆ ਸੀ ਕਿ ਸੰਸਾਰ ਵਿਚ ਸੱਚ ਨਹੀਂ ਹੈ, ਰੱਬ ਨਹੀਂ ਹੈ। ਮੈਂ ਵੀ ਕਦੇ ਸਾਧੂ

ਹੁੰਦਾ ਸੀ। ਬੜੇ ਮੈਂ ਜਪ ਤਪ ਕਰੇ। ਬੜੇ ਮੈਂ ਫਾਕੇ ਕੱਟੇ। ਪੁੱਠਾ ਵੀ ਮੈਂ ਲਟਕਿਆ, ਹੋਰ ਵੀ ਮੈਂ ਸਭ ਕੁਝ ਕਰਿਆ, ਪਰ ਮੇਰੇ ਪੱਲੇ ਕੀ ਪਿਆ, ਨਿਰਾਸਤਾ ਕਿਉਂਕਿ ਜਿੰਨੇ ਸਾਧੂਆਂ ਨੂੰ ਮੈਂ ਮਿਲਦਾ ਸੀ, ਉਨ੍ਹਾਂ 'ਚ ਮੈਂ ਕੀ ਦੇਖਦਾ ਸੀ ਕਿ ਕੋਈ ਪਾਖੰਡ ਕਰਦੈ, ਪੈਸੇ ਦੇ ਪੁੱਤਰ ਨੇ ਸਭ, ਕੋਈ-ਕੋਈ ਗੱਲ ਕਰਦੈ, ਕੋਈ ਨਿੰਦਿਆ ਕਰਦੈ, ਕੋਈ ਦੂਜੇ ਨੂੰ ਮਾੜਾ ਕਹਿੰਦੈ। ਕਹਿੰਦੇ ਮੈਂ ਹੈਰਾਨ ਹੋ ਗਿਆ ਕਿ ਰੱਬ ਤਾਂ ਹੈ ਨਹੀਂ, ਸਭ ਠੱਗ, ਚੋਰ ਫਿਰਦੇ ਨੇ ਤੇ ਮੈਂ ਫੇਰ ਮਹਾਰਾਜ ਇਹ ਗੱਲ ਕਰੀ ਕਿ ਮਾੜਾ ਜਿਹਾ ਕੀ ਠੱਗ ਬਣਨੈ, ਚੱਜ ਦਾ ਹੀ ਬਣੀਏ। ਐਸਾ ਬਣੀਏ ਕਿ ਪਤਾ ਵੀ ਨਾ ਲੱਗੇ, ਭੇਖ ਮੈਂ ਬਣਾ ਲਿਆ। ਇਕ ਪਾਸੇ ਮੈਂ ਮਸਜਿਦ ਬਣਾ ਦਿਤੀ, ਇਕ ਪਾਸੇ ਮੈਂ ਠਾਕੁਰ ਦੁਆਰਾ ਮੰਦਰ ਬਣਾ ਦਿਤਾ, ਸਾਰੀਆਂ ਮੂਰਤੀਆਂ ਲਾ ਦਿਤੀਆਂ, ਰਾਮ ਦਾ ਉਪਾਸ਼ਕ ਰਾਮ ਕੋਲ ਜਾਵੇ, ਕ੍ਰਿਸ਼ਨ ਮਹਾਰਾਜ ਦਾ ਉਪਾਸ਼ਕ ਕ੍ਰਿਸ਼ਨ ਨੂੰ ਪੂਜੇ, ਦੇਵੀਆਂ ਦਾ ਉਪਾਸ਼ਕ ਦੇਵੀਆਂ ਨੂੰ, ਸ਼ਿਵ ਜੀ ਦਾ ਸ਼ਿਵ ਜੀ ਨੂੰ। ਸੋ ਇਸ ਕਰਕੇ ਮਹਾਰਾਜ ਮੈਂ ਸਾਰਾ ਨਾਟਕ ਰਚ ਦਿਤਾ ਤੇ ਆਪ ਮੈਂ ਮਹਾਂ ਉੱਚਾ ਮਹਾਤਮਾ ਬਣ ਗਿਆ। ਅੱਜ ਤੁਸੀਂ ਉਘਾੜ ਦਿਤਾ ਮੇਰਾ ਅੰਦਰਲਾ ਬਾਹਰ ਕਰਕੇ ਮੈਨੂੰ ਦਿਖਾ ਦਿਤਾ। ਤੁਸੀਂ ਤਾਂ ਮੇਰੀ ਤਸਵੀਰ ਖਿੱਚ ਦਿਤੀ। ਪਾਤਸ਼ਾਹ ਹੁਣ ਮੈਨੂੰ ਬਖਸ਼ ਦਿਓ। ਮੈਂ ਬੜੀਆਂ ਭੁੱਲਾਂ ਕੀਤੀਆਂ ਨੇ। ਮੈਂ ਦਿਖਾਉਣਾ ਚਾਹੁੰਦਾ ਹਾਂ, ਉੱਚੀ-ਉੱਚੀ ਰੋ ਰਿਹੈ। ਗੱਲ ਨਹੀਂ ਕਰ ਰਿਹਾ। ਪਾਤਸ਼ਾਹ! ਅੱਖਾਂ ਨਾਲ ਦੇਖੋ ਮੈਂ ਕੀ ਕਰਿਐ। ਲੋਕ ਮੂੰਹ ਨਾਲ ਕਹਿੰਦੇ ਨੇ ਕਿ ਮੈਂ ਬੜਾ ਪਾਪੀ ਹਾਂ, ਮੈਂ ਦਿਖਾਉਂਨਾ ਕਿ ਮੈਂ ਕਿਹੋ ਜਿਹਾ ਪਾਪੀ ਹਾਂ।

ਮਸਾਲ ਮੰਗਾ ਲਈ, ਹੇਠਾਂ ਭੋਰੇ ਦਾ ਦਰਵਾਜ਼ਾ, ਗੁਪਤ ਦਰਵਾਜ਼ਾ ਚੁੱਕ ਲਿਆ। ਬਦਬੂ ਆ ਰਹੀ ਹੈ। ਕਹਿੰਦਾ, ਇਕ ਵਾਰ ਪਾਤਸ਼ਾਹ ਨਿਗ੍ਹਾ ਮਾਰ ਦਿਓ।

ਮਹਾਰਾਜ ਨੇ ਮਾਰਨੀ ਹੀ ਸੀ ਕਿਉਂਕਿ ਮਹਾਰਾਜ ਦੀ ਦ੍ਰਿਸ਼ਟੀ ਨੇ ਸਾਰਿਆਂ ਨੂੰ ਮੁਕਤ ਕਰ ਦੇਣਾ ਸੀ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਕੋਈ ਠੱਗੀ ਬੱਗੀ ਨਾ ਹੋ ਜਾਏ।

ਕਹਿੰਦੇ, ਮਰਦਾਨਿਆਂ! ਹੁਣ ਬੇਫਿਕਰ ਹੋ ਜਾ। ਸਰੀਰ ਮਾੜੇ ਨਹੀਂ ਹੁੰਦੇ, ਸਰੀਰ ਦੇ ਵਿਚ ਵਸਣ ਵਾਲੀ ਰੂਹ ਮਾੜੀ ਹੁੰਦੀ ਹੈ। ਉਹ ਰੂਹ ਮਰ ਗਈ, ਜਿਹੜੀ ਠੱਗਦੀ ਸੀ। ਇਥੇ ਹੁਣ ਸੰਤ ਦੀ ਰੂਹ ਨੇ ਪੈਦਾ ਹੋਣੈ। ਆਜਾ ਦੇਖ ਲਈਏ, ਸਾਰਾ ਦੇਖ ਲਿਆ, ਪਿੰਜਰ ਹੀ ਪਿੰਜਰ ਪਏ ਨੇ।

ਮਹਾਰਾਜ ਕਹਿੰਦੇ, ਸੱਜਣਾ! ਹੋ ਗਿਆ ਪਿਆਰਿਆ! ਜਿਹੜਾ ਕੁਛ ਹੋਣਾ ਸੀ। ਭੁੱਲ ਜਾ ਓਸ ਨੂੰ। ਢਾਹ ਦੇ ਹਵੇਲੀ, ਜਿੰਨਾਂ ਧਨ ਹੈ ਸਭ ਵੰਡ ਦੇ। ਜੇ ਜਾਣਦੈ ਤਾਂ ਪਹੁੰਚਾ ਦੇ ਉਥੇ ਜਿਥੋਂ ਆਇਆ ਹੈ। ਨਹੀਂ ਤਾਂ ਗਰੀਬਾਂ ਦੇ ਨਮਿੱਤ ਦੇ-ਦੇ। ਮਜ਼ਦੂਰ ਲੈ ਆਇਆ, ਹਵੇਲੀਆਂ ਢਹਿਣ

ਲਗ ਗਈਆਂ। ਵਧੀਆ-ਵਧੀਆ ਕਮਰੇ ਢਹਿਣ ਲਗ ਗਏ। ਸਾਰੀ ਮਾਇਆ ਕੱਢ ਕੇ ਬਾਹਰ ਰੱਖ ਦਿਤੀ। ਕੱਪੜਾ ਲੀੜਾ, ਜੋ ਵੀ ਸਮਾਨ ਸੀ। ਢੰਡੋਰਾ ਫਿਰਾ ਦਿਤਾ ਕਿ ਆ ਜਾਓ, ਚੁੱਕ ਕੇ ਲੈ ਜਾਓ, ਦੁਨੀਆਂ 'ਚ ਹੋ ਗਿਆ ਕਿ ਓ ਸੱਜਣ! ਐਨੀ ਅਮੀਰੀ ਇਹਨੇ ਤਾਂ ਸਾਰੀ ਲੁਟਾ ਦਿਤੀ। ਖਾਲੀ ਹੋ ਗਿਆ। ਮਕਾਨ ਰਹਿਣ ਨੂੰ ਨਾ ਰਿਹਾ। ਦਰਖਤ ਥੱਲੇ ਬੈਠ ਗਿਆ।

ਮਹਾਰਾਜ ਕਹਿੰਦੇ, ਸੱਜਣਾ! ਉਹ ਠੱਗ ਤੇਰੇ 'ਚੋਂ ਨਿਕਲ ਗਿਆ ਤੇ ਇਸ ਸਰੀਰ ਦੇ ਵਿਚ ਸੰਤ ਦੀ ਰੂਹ ਪ੍ਰਵੇਸ਼ ਕਰ ਗਈ। ਤੇਰੀ ਰੂਹ ਜਿਹੜੀ ਹੈ ਉਹ ਸਾਧੂ ਹੋ ਗਈ।

ਮਹਾਰਾਜ ਨੇ ਕ੍ਰਿਪਾ ਕਰਕੇ, ਕੋਈ ਜਪ ਨਹੀਂ ਦੇਖਿਆ, ਕੋਈ ਤਪ ਨਹੀਂ ਦੇਖਿਆ। ਆਪਣਾ ਮਿਹਰ ਭਰਿਆ ਹੱਥ ਚੁੱਕਿਆ ਤੇ ਉਸ ਦੇ ਸੀਸ 'ਤੇ ਰੱਖ ਦਿਤਾ-

***ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ***
***ਮਾਰਿ ਕਢੀਆ ਬੁਰਿਆਈਆ ॥*** ***ਅੰਗ - 473***

ਕਹਿੰਦੇ, ਕਹਿ ਵਾਹਿਗੁਰੂ-ਕਹਿ ਵਾਹਿਗੁਰੂ। ਨਾਮ ਦਾ ਕਹਾਉਣਾ ਕੀ ਸੀ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਸਰੀਰ ਤੋਂ ਸਾਂਭਿਆ ਨਹੀਂ ਜਾਂਦਾ। ਐਸਾ ਪ੍ਰਵੇਸ਼ ਕਰਿਆ, ਬਗੈਰ ਜਪਣ ਤੋਂ ਜਪਿਆ ਜਾ ਰਿਹੈ। ਨੇਤਰ ਅੰਦਰਲੇ ਖੋਲ੍ਹ ਦਿਤੇ, ਪ੍ਰਮੇਸ਼ਰ ਘਟ-ਘਟ ਵਿਚ ਵਸਦਾ ਦਿਖਾ ਦਿਤਾ। ਕਹਿੰਦੇ, ਲੈ ਬਈ ਸੱਜਣਾ, ਪਹੁੰਚ ਗਿਆ ਨਾ ਅਨੰਦ ਦੇ ਦੇਸ਼। ਮਾਇਆ ਨੇ ਜੋ ਦਿਤਾ, ਉਹ ਤਾਂ ਡਰ ਤੇ ਅੰਦੇਸ਼ਾ ਸੀ ਕਿ ਪਤਾ ਨਾ ਲਗ ਜਾਏ, ਮੈਂ ਫੜਿਆ ਨਾ ਜਾਵਾਂ। ਜਾਹ, ਤੈਨੂੰ ਸੱਚੀ ਜ਼ਿੰਦਗੀ ਬਖਸ਼ੀ। ਮੰਜੀ ਲਿਆ ਇਕ, ਹੁਣ ਅਸੀਂ ਤੈਨੂੰ ਭੁੰਜੇ ਨਹੀਂ ਬਿਠਾਉਣਾ। ਮੰਜੀ ਮੰਗਾ ਲਈ, ਕਹਿੰਦੇ, ਲੈ ਸੱਜਣਾ ਇਹਦੇ ਉਤੇ ਬੈਠ ਪਿਆਰਿਆ, ਤੈਨੂੰ ਅਸੀਂ ਮੰਜੀ 'ਤੇ ਬਿਠਾਉਂਨੇ ਹਾਂ। ਇਹ ਅਨੰਦ ਜਿਹੜਾ ਤੈਨੂੰ ਪ੍ਰਾਪਤ ਹੋਇਐ, ਇਹ ਹੁਣ ਸੰਸਾਰ ਨੂੰ ਵੰਡੀਂ। ਕਹਿੰਦੇ, ਤੈਨੂੰ ਕਹਿਣਗੇ ਤਾਂ ਸੱਜਣ ਠੱਗ, ਪਰ ਨਾਲ ਦੀ ਨਾਲ ਇਹ ਪਤੈ ਕਿ ਬਖਸ਼ਿਸ਼ ਹੋ ਚੁੱਕੀ ਹੈ, ਸੋਝੀ ਵਾਲੇ ਤੈਨੂੰ ਭਾਈ ਸੱਜਣ ਕਹਿਣਗੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਸ ਕੁਫਰਗੜ੍ਹ ਨੂੰ ਤੋੜਿਆ, ਇਹ ਕੁਫਰਗੜ੍ਹ ਸਾਡੇ ਅੰਦਰ ਪਿਆ ਹੈ। ਅਸੀਂ ਸਾਰੇ ਹੀ ਇਸ ਕੁਫਰਗੜ੍ਹ ਦੇ ਵਾਸੀ ਹਾਂ, ਆਪਣੇ ਆਪ ਨੂੰ ਖੋਜੋ, ਪਤਾ ਕਰੋ ਕਿ ਅਸੀਂ ਕਿਥੇ ਕੁ ਤੁਰੇ ਫਿਰਦੇ ਹਾਂ। ਲੋਕ ਨਮਸ਼ਕਾਰਾਂ ਕਰਦੇ ਨੇ, ਮੱਥੇ ਟੇਕਦੇ ਨੇ, ਮੱਥੇ ਟਿਕਾਉਣ ਦੇ ਕਾਬਲ ਵੀ ਹਾਂ ਕਿ ਨਹੀਂ? ਅਜੇ ਤਾਂ ਸਾਡੇ 'ਚ ਓ, ਅ ਦੀਆਂ ਗੱਲਾਂ ਚੱਲ ਰਹੀਆਂ ਨੇ, ਰੁਚੀਆਂ ਚਲ ਰਹੀਆਂ ਨੇ, ਪੈਸੇ ਦੀਆਂ ਰੁਚੀਆਂ, ਖੋਹ ਖਿੰਝ ਦੀਆਂ ਰੁਚੀਆਂ, ਧੋਖੇ ਦੇਣ ਦੀਆਂ, ਜ਼ੋਰ ਜ਼ਬਰ ਕਰਨ ਦੀਆਂ, ਚਲਾਕੀਆਂ ਚਲ ਰਹੀਆਂ ਨੇ। ਚਾਲਾਂ ਚਲ ਰਹੇ ਨੇ ਕਿ ਆਹ ਗੱਲ ਜੇ ਮੈਂ ਕਰਾਂ, ਮੈਂ ਇਸ ਤਰ੍ਹਾਂ ਹੋ ਸਕਦਾ ਹਾਂ, ਫਲਾਣਾ

ਬਦਨਾਮ ਹੋਏਗਾ, ਮੈਨੂੰ ਕੀ ਲੋੜ ਪਈ ਹੈ। ਗੱਲ ਸਮਝੋ, ਮੈਂ ਸਾਧੂਆਂ ਨੂੰ ਕਹਿੰਦਾ ਹਾਂ, ਕਿਉਂਕਿ ਸਾਧੂ ਦੀ ਗੱਲ ਚੱਲ ਰਹੀ ਹੈ। ਉਹ ਕੰਮ ਜਿਹੜਾ ਕਰਨ ਵਾਸਤੇ ਆਏ ਹੋਂ, ਸੰਸਾਰ ਤਾਂ ਠੀਕ ਹੈ ਸਾਧੂਆਂ ਦੇ ਰਹਿਮ 'ਤੇ ਹੈ, ਜੇ ਸਾਧੂ ਹੀ ਦੂਸ਼ਿਤ ਹੋ ਜਾਣ, ਫੇਰ ਬਾਕੀ ਸੰਸਾਰ ਦਾ ਕੀ ਕਹਿਣੈ। ਜੇ ਇਹਦੇ ਮਨ ਵਿਚੋਂ ਹੀ ਲਾਲਚ ਨਹੀਂ ਗਿਆ ਤਾਂ ਬਾਕੀਆਂ ਦਾ ਕੀ ਕਹਿਣੈ, ਸਮਾਂ ਨਸ਼ਟ ਹੋ ਰਿਹੈ। ਜ਼ਿੰਦਗੀ ਜਾ ਰਹੀ ਹੈ। ਕੋਈ ਆਸ਼ਰਮ ਦਾ ਮਾਲਕ ਬਣ ਰਿਹੈ, ਜਾਇਦਾਦ ਆਪਣੇ ਘਰ ਦੀ ਬਣਾ ਰਿਹੈ, ਮੋਹ ਪਾ ਲਿਆ ਜਾਇਦਾਦ ਨਾਲ ਕਿ ਮੇਰਾ ਬਣ ਗਿਆ। ਬਾਬਾ ਜੀ, ਹਟਾ ਦੇਵੇ ਹੁਣੇ ਹੀ ਕਿ ਉਥੋਂ ਛਡ ਜਾ, ਤਾਂ ਦੁਖ ਮੰਨੇਗਾ, ਗਾਲ੍ਹਾਂ ਕੱਢੇਗਾ ਕਿ ਮੈਂ ਬੜੀ ਮਿਹਨਤ ਨਾਲ ਬਣਾਇਐ ਤੇ ਇਹ ਮੈਨੂੰ ਕਹਿੰਦੇ ਨੇ ਛੱਡ ਜਾ। ਧੋਖਾ ਨਾ ਖਾਓ, ਉੱਚੇ ਨਿਕਲੋ, ਉੱਚੇ ਨਿਕਲ ਕੇ ਉਹ ਅਵਸਥਾ ਪ੍ਰਾਪਤ ਕਰੋ ਜਿਹਦੇ ਵਾਸਤੇ ਘਰ ਬਾਰ ਛੱਡਿਐ। ਕੀ ਲੋੜ ਹੈ ਨਾਂ ਦੀ। ਨਹੀਂ ਮਸ਼ਹੂਰੀ ਹੋਏਗੀ ਨਾ ਸਹੀ। ਮਸ਼ਹੂਰੀਆਂ ਤਾਂ ਫਸਾਉਂਦੀਆਂ ਨੇ ਬੰਦਿਆਂ ਨੂੰ। ਤੱਤ ਬਾਤ ਨੂੰ ਸਮਝੋ, ਅੰਦਰਲੇ ਪਾਸੇ ਨੈਣ ਖੁਲ੍ਹਣ ਤੇ ਦਿਸੇ ਪ੍ਰਮੇਸ਼ਰ, ਘਟ-ਘਟ 'ਚ ਵਿਆਪਕ। ਫੇਰ ਜੀਵਨ ਸਫਲ ਹੈ, ਨਹੀਂ ਤਾਂ ਫੇਰ ਸੱਜਣ ਨਾਲੋਂ ਵੀ ਅਸੀਂ ਮਾੜੇ ਹਾਂ। ਕਿਉਂਕਿ ਸੱਜਣ ਨੇ ਤਾਂ ਮੰਨ ਲਿਆ, ਅਸੀਂ ਤਾਂ ਮੰਨਦੇ ਹੀ ਨਹੀਂ ਹਾਂ। ਅਸੀਂ ਕਹਿੰਦੇ ਹਾਂ ਠੀਕ ਹੈ ਜਿਹੜਾ ਕੁਛ ਹੈ, ਪਬਲਿਕ 'ਚ ਕਿਵੇਂ ਕਹਿ ਦੇਈਏ ਕਿ ਮੈਂ ਆਹ ਗਲਤੀ ਕਰਦਾਂ?

ਪਰ ਮੈਂ ਐਸੇ ਬੰਦੇ ਦੇਖੇ ਨੇ ਕਿ ਜਦੋਂ ਯੂ.ਪੀ 'ਚ ਕੀਰਤਨ ਹੁੰਦਾ, ਉਤੇ ਇਹੋ ਜਿਹੀ ਸਾਖੀ ਆ ਜਾਣੀ ਜਾਂ ਬਾਲਮੀਕ ਵਰਗੀ ਸਾਖੀ ਆ ਜਾਣੀ, ਉੱਠ ਕੇ ਖੜ੍ਹੇ ਹੋ ਜਾਣਾ, ਰੋਣ ਲਗ ਜਾਣਾ। ਮੈਂ ਬੰਦ ਕਰਕੇ ਪੁੱਛਣਾ ਕਿ ਕੀ ਗੱਲ ਹੈ? ਕਹਿੰਦੇ, ਜੀ ਜਿਹੜਾ ਤੁਸੀਂ ਸੁਣਾ ਰਹੇ ਹੋਂ ਉਹੋ ਜਿਹਾ ਮੈਂ ਹਾਂ-ਮੈਂ ਹਾਂ। ਚੋਰੀਆਂ ਮੈਂ ਕਰੀਆਂ ਨੇ, ਫਸਿਆ ਹੋਰ ਹੈ। ਬੰਦੇ ਮੈਂ ਮਾਰੇ ਨੇ, ਫਾਂਸੀ ਹੋਰ ਚੜ੍ਹਿਆ। ਮੇਰਾ ਵੀ ਕਿਤੇ ਛੁਟਕਾਰਾ ਹੋ ਜਾਏਗਾ, ਮੈਨੂੰ ਵੀ ਬਖਸ਼ਣ ਵਾਲਾ ਆ ਜਾਏਗਾ ਕੋਈ? ਸੰਗਤਾਂ ਨੇ ਜੈਕਾਰੇ ਬੁਲਾਈ ਜਾਣੇ। ਠਾਣੇਦਾਰ ਆਇਆ ਇਕ ਦਿਨ ਕਹਿਣ ਲੱਗਿਆ ਕਿ ਤੁਹਾਡੇ ਦੀਵਾਨ ਦੇ ਅੰਦਰ ਆਪਣੀਆਂ ਭੁੱਲਾਂ ਮੰਨਿਆਂ ਕਰਦੇ ਨੇ, ਉਨ੍ਹਾਂ ਜ਼ੁਲਮਾਂ ਦੀ ਸਜ਼ਾ ਤਾਂ ਮਿਲ ਚੁਕੀ ਹੈ ਬੰਦਿਆਂ ਨੂੰ ਕੈਦ ਵੀ ਹੋ ਚੁੱਕੀ ਹੈ। ਹੁਣ ਤੁਸੀਂ ਕੀ ਕਰਦੇ ਹੋਂ?

ਮੈਂ ਕਿਹਾ, ਤੁਸੀਂ ਦੱਸੋ ਤੁਹਾਡਾ ਆਪਣਾ ਕੀ ਖਿਆਲ ਹੈ?

ਕਹਿੰਦੇ, ਸਾਡਾ ਮਤਲਬ ਹੈ ਬੰਦੇ ਨੂੰ ਸੁਧਾਰਨਾ, ਜੇਲ੍ਹ ਦੇ ਵਿਚ ਸਜ਼ਾ ਦੇਣਾ ਨਹੀਂ ਹੋਇਆ ਕਰਦਾ, ਸੁਧਾਰਨਾ ਹੋਇਆ ਕਰਦੈ। ਜੇ ਸੁਧਰ ਜਾਵੇ ਇਲਾਕਾ, ਤੁਸੀਂ ਬਚਨਾਂ ਨਾਲ ਸੁਧਾਰ ਦਿੰਦੇ ਹੋਂ, ਅਸੀਂ ਡੰਡੇ ਨਾਲ, ਜੇਲ੍ਹਾਂ 'ਚ ਭੇਜ ਕੇ ਸੁਧਾਰਦੇ ਹਾਂ। ਫੇਰ ਸਾਡਾ ਰਵੱਈਆ ਇਹ ਹੈ ਕਿ ਜੇ ਛੇ ਮਹੀਨੇ 'ਚ ਵਾਰਦਾਤ ਉਹਨੇ ਕਰ ਦਿਤੀ, ਫੇਰ ਤਾਂ ਅਸੀਂ ਪਹਿਲੀਆਂ ਵੀ ਨਾਲ ਲਗਾ ਲਵਾਂਗੇ। ਜੇ ਨਾ ਕਰੀ, ਫੇਰ ਜਿਹੜਾ 10 ਨੰਬਰ ਵਾਲਾ ਬਸਤਾ

ਹੈ ਉਹਦੇ 'ਚੋਂ ਉਹਦਾ ਨਾਉਂ ਕੱਢ ਕੇ, ਭਲੇ ਮਾਣਸਾਂ 'ਚ ਪਾ ਦੇਵਾਂਗੇ। ਸੋ ਇਸ ਤਰ੍ਹਾਂ ਉਹ ਹਿੰਮਤ ਵਾਲੇ ਸੀ। ਆਪਣੇ ਔਗੁਣ ਪ੍ਰਗਟ ਦੇਂਦੇ ਸੀ, ਸੰਗਤ ਦੇ ਵਿਚ-

***ਅਉਗਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।***

***ਭਾਈ ਗੁਰਦਾਸ ਜੀ, ਵਾਰ10/19***

ਕਹਿੰਦੇ, ਸਾਨੂੰ ਤਾਂ ਪੈਸਾ ਇਹਦੇ 'ਚੋਂ ਹੀ ਮਿਲਦੈ, ਹਨ੍ਹੇਰਾ ਕਮਾ ਕੇ। ਸਾਡਾ ਪੇਸ਼ਾ ਹੀ ਹੈ ਡੰਗਰ ਚੋਰੀ ਕਰਨਾ। ਹਿਟ ਮੈਨ ਬਣਨਾ। ਹੁਣ ਸਾਡੇ ਨੇਤਰ ਖੁਲ੍ਹ ਗਏ, ਗੁਰੂ ਦੀ ਬਾਣੀ ਸੁਣੀ ਹੈ। ਦਲੇਰ ਸੀਗੇ, ਫੇਰ ਪਹੁੰਚੇ ਕਿੱਥੇ? ਸੱਚਮੁੱਚ ਦੇ ਸਾਧੂਆਂ ਵਰਗੇ ਜੀਵਨ ਬਣਾ ਲਏ। ਪਰਉਪਕਾਰੀ ਬਣ ਗਏ। 50-50 ਟਰੱਕ ਲੈ ਕੇ ਇਥੇ ਸਮਾਗਮ ਵਿਚ ਪਹੁੰਚਦੇ ਨੇ। ਕਿੰਨੇ-ਕਿੰਨੇ ਦਿਨ ਲਈ ਆਉਂਦੇ ਨੇ, ਕਿਵੇਂ ਘਰ ਨੂੰ ਪਿੱਠ ਦਿੰਦੇ ਨੇ, ਕਿਸ ਤਰ੍ਹਾਂ ਦੇ ਨਾਲ ਸੇਵਾ ਕਰਦੇ, ਸਾਡੇ ਨਾਲੋਂ ਅੱਛੇ ਨੇ ਕਿਉਂਕਿ ਅਸੀਂ ਔਗੁਣ ਪੈਰ ਦੇ ਥੱਲੇ ਦੱਬ ਕੇ ਰੱਖੇ ਹੋਏ ਨੇ, ਪ੍ਰਗਟ ਨਹੀਂ ਕਰ ਸਕਦੇ। ਇਹ ਧਰਮਰਾਜ ਦੇ ਜਾ ਕੇ ਪ੍ਰਗਟ ਹੋਣੇ ਨੇ। ਸੋ ਇਸ ਕਰਕੇ ਸਮਝਣ ਦਾ ਯਤਨ ਕਰੋ। ਐਸਾ ਨਾ ਹੋਵੇ ਕਿ ਸੱਜਣ ਠੱਗ ਵਾਂਗੂੰ ਜੀਵਨ ਬਤੀਤ ਹੋਵੇ। ਉਹ ਤਾਂ ਫੇਰ ਵੀ ਸੰਵਾਰ ਗਿਆ, ਸਾਡਾ ਕਿਤੇ ਨਾਲ ਹੀ ਨਾ ਚਲਿਆ ਜਾਵੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ, ਜਿਹੜੇ ਹਾਲੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਗੁਰਸਤੋਤਰ, ਅਰਦਾਸ, ਹੁਕਮਨਾਮਾ।

# 12

# ਧਰਮ ਹੇਤ ਸਾਕਾ ਜਿਨ ਕੀਆ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਬਾਹਰ ਜਾਣ ਤੋਂ ਰੋਕੋ। ਅੱਜ ਦਾ ਜੋ ਦਿਨ ਹੈ, ਇਹ ਸਾਰੇ ਸੰਸਾਰ ਦੇ ਇਤਿਹਾਸ ਵਿਚ ਜਦੋਂ ਤੋਂ ਸੰਸਾਰ ਰਚਿਆ ਹੈ, ਓਸ ਵੇਲੇ ਤੋਂ ਇੱਕ ਮਹਾਨ ਮਹੱਤਵਪੂਰਨ ਦਿਨ ਹੈ। ਇਸਨੂੰ ਅਸੀਂ ਸਮਝ ਨਹੀਂ ਸਕੇ ਤੇ ਦੁਨੀਆਂ ਨੂੰ ਦੱਸ ਨਹੀਂ ਸਕੇ, ਸੰਸਾਰ ਨੂੰ ਨਹੀਂ ਅਸੀਂ ਇਹ ਗੱਲ ਦੱਸ ਸਕੇ। ਕਿਉਂਕਿ ਬਹੁਤ ਵੱਡਾ ਅਸੂਲ ਗੁਰੂ ਮਹਾਰਾਜ ਨੇ ਕਾਇਮ ਕੀਤਾ ਸੀ, ਜਿਸਨੂੰ ਅਸੀਂ ਸੰਸਾਰ ਤੱਕ ਪਹੁੰਚਾ ਨਹੀਂ ਸਕੇ। ਕੇਵਲ ਕੁਰਬਾਨੀ ਤੱਕ ਮਹਿਦੂਦ ਕਰ ਲਿਆ। ਗੁਰੂ ਮਹਾਰਾਜ ਨੇ ਆਪਣਾ ਬਲੀਦਾਨ ਦਿੱਤਾ। ਉਦੋਂ ਅਸੀਂ ਕੋਈ ਸਿੱਖਿਆ ਨਹੀਂ ਲਈ ਕਿਉਂਕਿ ਐਸੀਆਂ ਅਲੌਕਿਕ ਬਾਤਾਂ ਗੁਰੂਆਂ ਨੇ ਸਾਡੀ ਭੂਮੀ ਦੇ ਉਤੇ, ਮੰਚ ਦੇ ਉਤੇ ਕੀਤੀਆਂ ਨੇ ਕਿ ਜਿਨ੍ਹਾਂ ਦੇ ਅਸੀਂ ਅਸਲੀ ਅਰਥ ਨਹੀਂ ਸਮਝ ਸਕੇ। ਜੇ ਅਸੀਂ

ਪੜ੍ਹ ਲੈਂਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਦੇ ਨਾਲ ਜਾ ਕੇ ਮਸਜਿਦ ਦੇ ਵਿਚ ਨਮਾਜ਼ ਪੜ੍ਹਨ ਵੇਲੇ ਉਨ੍ਹਾਂ ਨੂੰ ਇਹ ਕਿਹਾ ਕਿ ਤੁਸੀਂ ਬਾਵਜੂਦ ਨਮਾਜ਼ ਪੜ੍ਹਨ ਦੇ ਨਮਾਜ਼ ਨਹੀਂ ਪੜ੍ਹੀ, ਤੁਹਾਡੀ ਨਮਾਜ਼ ਦਰਗਾਹ ਦੇ ਵਿਚ ਕਬੂਲ ਨਹੀਂ ਹੋਏਗੀ। ਤੁਹਾਡੀ ਨਮਾਜ਼ ਖੰਡਤ ਹੋ ਗਈ ਹੈ, ਕਜ਼ਾ ਹੋ ਗਈ ਹੈ, ਲੇਖੇ 'ਚ ਨਹੀਂ ਪਈ। ਲੇਖੇ 'ਚ ਤੁਹਾਡਾ ਉਠਣਾ ਬੈਠਣਾ ਪਿਆ ਹੈ, ਮਸਜਿਦ 'ਚ ਆ ਜਾਣਾ ਪਿਆ ਹੈ। ਲੇਕਿਨ ਰੱਬ ਨਾਲ ਤੁਹਾਡਾ ਸਬੰਧ (connection) ਨਹੀਂ ਜੁੜਿਆ। ਕਿਉਂਕਿ ਜਿਹਨੇ ਨਮਾਜ਼ ਪੜ੍ਹਨੀ ਸੀ, ਉਹ ਘੋੜੇ ਖਰੀਦਦਾ ਫਿਰਦਾ ਸੀ। ਵਛੇਰੀ ਮੋੜਦਾ ਸੀ। ਅਨੇਕਾਂ ਫੁਰਨੇ ਹੁੰਦੇ ਨੇ ਸਾਡੇ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਜਾਣ ਗਏ ਤਾਂ ਵਾਹਿਗੁਰੂ ਤਾਂ ਜਾਣਦਾ ਹੀ ਹੈ ਸਭ ਕੁਛ। ਜੇ ਭਲਾ ਅਸੀਂ ਥੋੜ੍ਹੀ ਦੇਰ ਵਾਸਤੇ ਮੰਨ ਲਈਏ ਕਿ ਹੁਣ ਤਾਂ ਗੁਰੂ ਨਾਨਕ ਸਾਹਿਬ ਇੱਥੇ ਹੈ ਨਹੀਂ, ਜਿਨ੍ਹਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਵਿਸ਼ਵਾਸ਼ ਘੱਟ ਹੈ, ਤਾਂ ਫੇਰ ਉਹ ਨਮਾਜ਼ ਨੂੰ, ਸਾਡੇ ਜਪੁਜੀ ਸਾਹਿਬ ਨੂੰ ਕੌਣ ਦੇਖ ਰਿਹਾ ਹੈ। ਪੜ੍ਹੀ ਜਾਂਦੇ ਹਾਂ, ਪੜ੍ਹੀ ਜਾਂਦੇ ਹਾਂ, ਮਨ ਕਿਤੇ ਵੀ ਨਹੀਂ ਟਿਕਦਾ, ਡਰ ਨਹੀਂ ਲਗਦਾ ਕਿ ਇਹ ਗੱਲ ਤਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਮਨ੍ਹਾਂ ਕਰ ਦਿੱਤੀ, ਇਹ ਤਾਂ ਕਜ਼ਾ ਹੋ ਰਿਹਾ ਹੈ ਸਾਡਾ ਪਾਠ, ਕਿਸੇ ਲੇਖੇ 'ਚ ਨਹੀਂ ਪੈ ਰਿਹਾ। ਕਿਉਂਕਿ ਅਸੀਂ ਆਪਣੇ ਆਪ ਨੂੰ ਤਿਆਰ ਨਹੀਂ ਕਰਿਆ ਜਪੁਜੀ ਸਾਹਿਬ ਪੜ੍ਹਨ ਵਾਸਤੇ, ਕੇਵਲ ਨਮਾਜ਼ ਤੋਂ ਅੱਗੇ ਨਹੀਂ ਅਸੀਂ ਲੰਘ ਸਕੇ। ਉਹਦੀ ਪ੍ਰਸੰਸਾ ਕਰਦੇ ਹਾਂ, ਆਪਣੇ ਵਾਸਤੇ ਕੁਛ ਨਹੀਂ ਹੈ। ਸੋ ਇਸੇ ਤਰ੍ਹਾਂ ਦੇ ਨਾਲ ਬੇਅੰਤ ਸਿੱਖ ਇਤਿਹਾਸ ਦੇ ਅੰਦਰ, ਗੁਰੂਆਂ ਦੇ ਇਤਿਹਾਸ ਦੇ ਅੰਦਰ ਦੁਨੀਆਂ ਦੇ ਵਾਸਤੇ, ਬੇਅੰਤ ਐਸੀਆਂ ਮਿਸਾਲਾਂ ਕਾਇਮ ਕੀਤੀਆਂ ਨੇ ਕਿ ਜਿਨ੍ਹਾਂ ਨੂੰ ਜੇ ਅਸੀਂ ਅਪਣਾਅ ਲਈਏ ਤਾਂ ਅਸੀਂ ਵਿਸ਼ਵ ਦੇ (universal) ਬੰਦੇ ਬਣ ਜਾਂਦੇ ਹਾਂ। ਸਾਰੇ ਸੰਸਾਰ ਦੇ ਸਾਂਝੇ। ਸਾਰਾ ਹੀ ਸੰਸਾਰ ਸਾਡਾ ਹੋ ਜਾਂਦਾ ਹੈ। ਬਹੁਤ ਵਿਸ਼ਾਲ ਦ੍ਰਿਸ਼ਟੀ ਸੀ ਗੁਰੂ ਨਾਨਕ ਪਾਤਸ਼ਾਹ ਦੀ। ਅਸੀਂ ਰੋਲ ਦਿੱਤੀ, ਕਿਉਂਕਿ ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ। ਆਪਣੀ ਜੋ ਸਾਡੀ ਸੋਚ ਸੀ, ਉਹਦਾ ਜਿਹੜਾ ਸੀਮਤ ਦਾਇਰਾ ਸੀ ਉਸ ਤੋਂ ਬਾਹਰ ਨਹੀਂ ਅਸੀਂ ਕੱਢ ਸਕੇ। ਇਥੇ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਵੀ ਅਸੀਂ ਪਾਬੰਦੀ ਲਾ ਲਈ ਕਿ ਸਿਰਫ ਜਿਹਨੇ ਅੰਮ੍ਰਿਤ ਛਕਿਆ ਹੋਇਆ ਹੈ। ਉਹ ਪੜ੍ਹ ਸਕਦਾ ਹੈ, ਦੂਸਰਾ ਨਹੀਂ ਪੜ੍ਹ ਸਕਦਾ। ਇੱਕ ਵਿਚਾਰ ਦੇ ਨਾਲ ਦੇਖੋ ਗੁਰੂ ਨਾਨਕ ਪਾਤਸ਼ਾਹ ਨੇ ਅੰਮ੍ਰਿਤ ਛਕਣ ਵਾਲਿਆਂ ਦੇ ਸਾਮ੍ਹਣੇ ਬਾਣੀ ਉਚਾਰੀ ਸੀ, ਕਿ ਦੂਜਿਆਂ ਦੇ ਸਾਮ੍ਹਣੇ ਉਚਾਰੀ ਸੀ। ਆਪੇ ਹੀ ਦੇਖੋ ਸੋਚ ਕੇ। ਉਹ ਤਾਂ ਯਾਦ ਨਹੀਂ ਰਹਿੰਦੀ, ਜੇ ਉਨ੍ਹਾਂ ਨੇ ਲਿਖ ਲਈ ਹੋਵੇ, ਉਹ ਪੜ੍ਹਦੇ ਹੋਣ ਫੇਰ ਅਸੀਂ ਉਨ੍ਹਾਂ ਦੇ ਹੱਥ 'ਚੋਂ ਗੁਟਕਾ ਖੋਹ ਲਵਾਂਗੇ, ਤੂੰ ਅਜੇ ਅੰਮ੍ਰਿਤ ਨਹੀਂ ਛਕਿਆ, ਤੂੰ ਨਹੀਂ ਪੜ੍ਹ ਸਕਦਾ ਇਹਨੂੰ। ਕਿੱਡੀ ਤੰਗਦਿਲੀ ਹੈ ਸਾਡੀ ਹਰ ਗੱਲ 'ਚ ਤੰਗਦਿਲੀ ਚਲਦੀ ਹੈ। ਉਹ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਤਾਲੀਮ ਸੀ ਉਸ ਤੋਂ ਵਿਪਰੀਤ ਹੋ ਗਏ ਅਸੀਂ। 100%, ਟੁੱਟ ਗਏ ਉਹਦੇ ਨਾਲੋਂ, ਸਾਨੂੰ ਸੋਝੀ ਨਹੀਂ ਆਉਂਦੀ। ਹੋਰ ਹੀ ਕੁਛ ਬਣ

ਗਿਆ ਧਰਮ ਦਾ। ਉਹ ਰੋਸ਼ਨੀ ਨਹੀਂ ਰਹੀ, ਉਹ ਚੀਜ਼ ਨਹੀਂ ਰਹੀ ਸਾਡੇ ਅੰਦਰ। ਪ੍ਰਕਾਸ਼ ਨਹੀਂ ਰਿਹਾ, ਸਾਡੀ ਵਿਸ਼ਵ ਦ੍ਰਿਸ਼ਟੀ ( Universal approach) ਨਹੀਂ ਰਹੀ। ਨਿੱਕੀ ਜਿਹੀ, ਸੀਮਤ ਦ੍ਰਿਸ਼ਟੀ ਹੋ ਗਈ ਸਾਡੀ। ਬਹੁਤ ਵੱਡਾ ਜੋ ਗਿਆਨ ਸੀ ਦੁਨੀਆਂ ਨੂੰ ਦੇਣ ਵਾਲਾ, ਗੁਰੂ ਨੇ ਸਾਡੇ ਉਪਰ ਬਹੁਤ ਵੱਡਾ ਵਿਸ਼ਵਾਸ਼ ਕਰਿਆ ਸੀ, ਪੁਜਾਰੀ ਕਲਾਸ ਵਿਚੋਂ ਉਡਾ ਦਿਤੀ ਸੀ, ਕਿਉਂਕਿ ਉਹ ਦੂਸ਼ਿਤ ਹੋ ਜਾਂਦੀ ਹੈ। ਪਹਿਲਾਂ ਪੁਰਾਣੇ ਸਮੇਂ ਵਿਚ ਸਾਡੇ ਜਿਹੜੇ ਬਜ਼ੁਰਗ ਸੀ, ਸਾਡੇ ਹੀ ਮਾਂ-ਬਾਪ, ਉਹ ਬੜੇ ਸਿਆਣੇ ਸੀ ਸਾਡੇ ਤੋਂ। ਬੜੀ ਦੇਰ ਤੋਂ ਤੱਕ ਉਨ੍ਹਾਂ ਨੇ ਇੱਕ ਵਰਗ ਬਣਾ ਰੱਖਿਆ ਕਿ ਤੁਸੀਂ ਭਾਈ ਕੰਮ ਨਾ ਕਰੋ, ਕੁਛ ਨਾ ਕਰੋ। ਤੁਹਾਡੇ ਕੱਪੜੇ ਦਾ ਫਿਕਰ, ਤੁਹਾਡੇ ਰਹਿਣ ਦਾ ਫਿਕਰ, ਅਸੀਂ ਕਰਾਂਗੇ। ਤੁਸੀਂ ਕੀ ਕਰਨਾ ਹੈ, ਤੁਸੀਂ ਭਾਈ ਖੋਜ ਕਰੋ, ਅੰਦਰਲੀਆਂ ਖੋਜਾਂ ਖੋਜੋ ਤੇ ਅਟੱਲ ਸਚਾਈਆਂ ਨੂੰ ਤੁਸੀਂ ਅੰਕਿਤ ਕਰੋ ਤੇ ਅਸਾਨੂੰ ਸੁਣਾਓ ਨਹੀਂ ਤਾਂ ਤੁਸੀਂ ਰੋਟੀ ਪਾਣੀ 'ਚ ਰੁਲ ਜਾਓਂਗੇ। ਉਸ ਕਲਾਸ ਨੂੰ ਬ੍ਰਾਹਮਣ ਕਲਾਸ ਬਣਾ ਦਿੱਤਾ। ਜੇ ਤਾਂ ਬੰਦਾ ਚਲਦਾ ਸੀ ਤਾਂ, ਤਾਂ ਰਹਿੰਦਾ ਸੀ, ਜੇ ਗਿਰ ਜਾਂਦਾ ਸੀ, ਹੇਠਲੀਆਂ ਸ਼੍ਰੇਣੀਆਂ 'ਚ ਉਹਨੂੰ ਦਾਖਲ ਕਰ ਦਿੱਤਾ ਜਾਂਦਾ ਸੀ। ਫੇਰ ਉਹ ਬ੍ਰਾਹਮਣ ਨਹੀਂ ਸੀ ਰਹਿੰਦਾ। ਵੱਡੇ-ਵੱਡੇ ਜਿਹੜੇ ਬ੍ਰਾਹਮਣ ਹੋਏ ਨੇ, ਜਿਸ ਤਰ੍ਹਾਂ ਦੇ ਨਾਲ ਸ੍ਰੀ ਰਾਮ ਚੰਦਰ ਜੀ ਦੇ ਗੁਰੂ ਸੀ, ਵਸ਼ਿਸ਼ਟ ਜੀ, ਉਹ ਬ੍ਰਾਹਮਣ ਨਹੀਂ ਸੀਗੇ, ਉਨ੍ਹਾਂ ਨੂੰ ਬ੍ਰਾਹਮਣ ਦੀ ਪਦਵੀ ਮਿਲੀ, ਉਹ ਆਪ ਅਛੂਤ ਸੀਗੇ। ਛੋਟੀਆਂ-ਛੋਟੀਆਂ ਜਾਤਾਂ 'ਚੋਂ ਉਠ ਕੇ ਵੱਡੇ-ਵੱਡੇ ਰੁਤਬੇ ਉਨ੍ਹਾਂ ਨੇ ਪ੍ਰਾਪਤ ਕਰੇ। ਜਿਵੇਂ ਡਿਗਰੀ ਹੁੰਦੀ ਹੈ ਪੀ.ਐਚ.ਡੀ। ਇਨ੍ਹਾਂ ਨੂੰ ਮਹਾਰਾਜ ਕਹਿੰਦੇ ਵੀ ਰਹੇ ਕਿ ਸਾਡੇ ਤਾਂ ਬ੍ਰਾਹਮਣ ਉਹਨੂੰ ਕਹਿੰਦੇ ਨੇ ਜਿਹੜਾ ਬ੍ਰਹਮ ਦੀ ਵਿਚਾਰ ਕਰਦਾ ਹੈ, ਜਾਤ ਨੂੰ ਨਹੀਂ ਅਸੀਂ ਮੰਨਦੇ। ਲੇਕਿਨ ਅੱਗੇ ਜਾ ਕੇ ਕਲਾਸ ਬਣ ਗਈ, ਕਲਾਸ ਬਣ ਕੇ ਇਹ ਪੁਜਾਰੀ ਕਲਾਸ ਬਣ ਗਈ। ਤਰੱਕੀ ਰੁਕ ਗਈ।

ਗੁਰੂਆਂ ਨੇ ਵੀ ਗੱਦੀ ਸ੍ਰੀ ਚੰਦ ਨੂੰ ਨਹੀਂ ਸੀ ਦਿੱਤੀ ਕਿ ਇਹ ਖਾਨਦਾਨੀ ਬਣ ਜਾਏਗੀ। ਦਾਤੂ, ਦਾਸੂ ਜੀ ਨੂੰ ਨਹੀਂ ਸੀ ਦਿੱਤੀ ਕਿ ਖਾਨਦਾਨੀ ਬਣ ਜਾਏਗੀ। ਜੇ ਚੌਥੇ ਪਾਤਸ਼ਾਹ ਤੋਂ ਬਾਅਦ ਚੱਲਿਆ ਹੈ, ਉਹ ਉਤਰਾਅਧਿਕਾਰੀ ਐਨੇ ਜ਼ਬਰਦਸਤ ਹੋਏ, ਉਨ੍ਹਾਂ ਦੇ ਮੁਕਾਬਲੇ ਦਾ ਹੋਰ ਕੋਈ ਹੈ ਨਹੀਂ ਸੀ। ਅਖੀਰ ਗੁਰੂ ਦਸਵੇਂ ਪਾਤਸ਼ਾਹ ਜੋ ਕੁਰਬਾਨੀ ਕਰ ਗਏ, ਹੋਰ ਕੋਈ ਹੈ ਨਹੀਂ ਸੀ ਕੁਰਬਾਨੀ ਕਰਨ ਵਾਲਾ, ਇਸ ਵਾਸਤੇ ਉਹ ਚੋਣ ਗਲਤ ਨਹੀਂ ਸੀ। ਗੁਰੂ ਮਹਾਰਾਜ ਨੇ ਫੇਰ ਪਰਿਵਾਰ 'ਚੋਂ ਕੱਢ ਦਿਤੀ, ਜੇ ਚਾਹੁੰਦੇ ਸਾਹਿਬਜ਼ਾਦਿਆਂ ਨੂੰ ਬਚਾ ਲੈਂਦੇ। ਕੋਈ ਔਖੀ ਬਾਤ ਨਹੀਂ ਸੀ ਉਨ੍ਹਾਂ ਨੂੰ। ਉਨ੍ਹਾਂ ਨੇ ਸਾਡੇ ਉਤੇ ਵਿਸ਼ਵਾਸ਼ ਕਰਿਆ ਕਿ ਹੁਣ ਇਹ ਦੋ ਸੌ ਸਾਲ ਦੀ ਤਾਲੀਮ ਤੋਂ ਬਾਅਦ ਸਭ ਕੁਝ ਸਮਝ ਗਏ। 235-36 ਸਾਲ ਰਹੇ ਨੇ ਗੁਰੂ। ਬਹੁਤ ਵੱਡਾ ਸਮਾਂ ਹੈ ਜਿਹਦੇ ਵਿਚ ਰਹੇ ਤੇ ਸਾਨੂੰ ਸਮਝਾਇਆ। ਲੇਕਿਨ ਸਮੇਂ ਦੇ ਫੇਰ ਨਾਲ ਅਸੀਂ ਫੇਰ ਉਥੇ ਹੀ ਗਿਰ ਗਏ ਜਿੱਥੋਂ ਕੱਢੇ ਸੀਗੇ, ਉਸ ਤੋਂ ਵੀ ਥੱਲੇ ਜਾ ਗਿਰੇ। ਸੋ ਅੱਜ ਦਾ ਜੋ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਹੈ, ਇਹਦੇ ਵਿਚ

ਜੋ ਅਸਲੀ ਚੀਜ਼ ਹੈ ਉਹਨੂੰ ਸਮਝਣ ਦਾ ਯਤਨ ਕਰੋ। ਉਹਦੀ ਗੌਰਵਤਾ ਨਾ ਕਰੋ ਕਿ ਹਾਂ ਇਹ ਸਾਕਾ ਬਹੁਤ ਵੱਡਾ ਹੈ। ਉਹਦੇ ਵਿਚ ਦੇਖੋ ਕਿ ਸਾਡਾ ਕਿਰਦਾਰ ਕੀ ਹੈ। ਗੁਰੂ ਨੇ ਤਾਂ ਇੱਕ ਲੀਹ ਖਿੱਚ ਦਿੱਤੀ ਅਸੀਂ ਉਸ ਲੀਹ 'ਤੇ ਚਲਦੇ ਹਾਂ ਕਿ ਅਸੀਂ ਅੱਡ ਹੋ ਰਹੇ ਹਾਂ। ਗੁਰੂ ਨੇ ਲਕੀਰ ਖਿੱਚੀ ਸੀ ਕਿ ਇੱਕ ਤਾਂ ਕਿਸੇ ਨੂੰ ਭੈ ਨਹੀਂ ਦੇਣਾ ਤੇ ਇੱਕ ਕਿਸੇ ਦੀ ਈਨ ਨਹੀਂ ਮੰਨਣੀ ਜੇ ਸੱਚ ਦੇ ਉਤੇ ਅਸੀਂ ਚੱਲ ਰਹੇ ਹਾਂ। ਦੂਸਰਾ ਇਹ ਸੀ ਕਿ ਧੱਕਾ ਜਿੱਥੇ ਵੀ ਹੁੰਦਾ ਹੈ, ਗਰੀਬ 'ਤੇ ਧੱਕਾ ਹੁੰਦਾ ਹੈ ਉਹਦੇ ਨਾਲ ਤੁਸੀਂ ਓਸ ਪਾਸੇ ਖੜ੍ਹੋ। ਜੇ ਤਾਂ ਤੁਹਾਡੇ 'ਚ ਤਾਕਤ ਹੈ ਤਾਂ, ਤਾਂ ਬਰਾਬਰ ਖੜ੍ਹ ਜਾਓ। ਜੇ ਐਨੀ ਤਾਕਤ ਨਹੀਂ ਹੈ ਤਾਂ ਤੁਸੀਂ ਭਾਈ ਫੇਰ ਉਹਦੇ ਨਾਲ ਹਮਦਰਦੀ ਰੱਖੋ। ਜੇ ਜ਼ਾਹਰਾ ਤੌਰ 'ਤੇ ਹਮਦਰਦੀ ਨਹੀਂ ਰੱਖ ਸਕਦੇ ਤਾਂ ਮਨ ਵਿਚ ਤਾਂ ਚਤਵਨੀ ਚਿਤੋ ਤੇ ਅਰਦਾਸ ਕਰੋ ਕਿ ਗਰੀਬ ਮਾਰ ਹੋ ਰਹੀ ਹੈ -

*ਜੈਸਾ ਬਿਤੁ ਤੈਸਾ ਹੋਇ ਵਰਤੈ*
*ਅਪੁਨਾ ਬਲੁ ਨਹੀ ਹਾਰੈ ॥* *ਅੰਗ - 679*

ਜਿੰਨੀ ਕੁ ਤਾਕਤ ਵਰਤੀ ਜਾ ਸਕਦੀ ਹੈ ਓਨੀ ਕੁ ਵਰਤੋ, ਆਪਣਾ ਬਲ ਨਾ ਹਾਰੋ। ਲੇਕਿਨ ਸੱਚ ਦੀ ਮਦਦ ਕਰੋ। ਝੂਠ ਦੀ ਮਦਦ ਨਾ ਕਰੋ। ਓਸ ਨੂੰ ਘਟਾਉਣ ਦਾ ਯਤਨ ਕਰੋ। ਇਹ ਬਹੁਤ ਵੱਡਾ ਉਪਦੇਸ਼ ਸੀ। ਗੁਰੂ ਮਹਾਰਾਜ ਨਾ ਤਿਲਕ ਦੇ ਵਿਚ ਵਿਸ਼ਵਾਸ਼ ਕਰਦੇ ਸੀ, ਨਾ ਜੰਞੂ 'ਚ ਕਰਦੇ ਸੀ ਅਤੇ ਨਾ ਹੀ ਉਹ ਸੁੰਨਤਾਂ 'ਚ ਕਰਦੇ ਸੀ। ਨਾ ਕਿਸੇ ਰੂਪ ਰੇਖਾ 'ਚ ਕਰਦੇ ਸੀ ਕਿ ਆਹ ਭੇਖ ਧਾਰ ਲਓ, ਆਹ ਧਾਰ ਲਓ। ਕਿਤਾਬਾਂ ਵਿਚ ਪਿਆ ਲਿਖਿਆ ਮਿਲੇ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਉਂਦਾ। ਜੋ ਚੌਰ ਤੇ ਤਖਤ ਦਾ ਮਾਲਕ ਹੁੰਦਾ ਹੈ ਓਹਦੀ ਬਾਤ ਚੱਲਿਆ ਕਰਦੀ ਹੈ। ਜਦੋਂ ਕਹਿੰਦੇ ਓਂ ਰੋਜ਼ ਅਰਦਾਸ ਦੇ ਵਿਚ ਕਿ ਚੌਰ ਤਖਤ ਦੇ ਮਾਲਕ, ਤਖਤ ਦਾ ਮਾਲਕ ਹੋਏਗਾ ਉਹਦਾ ਹੁਕਮ ਚੱਲੇਗਾ। ਇਹ ਤਾਂ ਨਹੀਂ ਹੈ ਕਿ ਫਲਾਣੇ ਦਾ ਹੁਕਮ ਚੱਲਿਆ ਜੀ, ਫਲਾਣੇ ਦਾ ਚੱਲਿਆ, ਫਲਾਣੇ ਨੇ ਐਉਂ ਕਿਹਾ। ਗੁਰੂਆਂ ਦੀ ਕੋਈ ਗੱਲ ਐਸੀ ਨਹੀਂ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਕੂਲ ਨਾ ਹੋਵੇ। ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾ ਰਲਦੀ ਹੋਵੇ, ਉਹ ਬਾਤ ਨਹੀਂ ਹੈ। ਕਿਉਂਕਿ ਕਰਨੀ ਤੇ ਕਥਨੀ ਦਾ ਸੁਮੇਲ ਸੀ। ਇਹ ਨਹੀਂ ਸੀ ਕਿ ਆਪ ਕੁਛ ਹੋਰ ਕਰਦੇ ਨੇ, ਕਵੀਆਂ ਵਾਂਗੂੰ ਕਵਿਤਾ ਬਣਾ ਕੇ ਦੇ ਦਿੱਤੀ, ਲਿਖਾਰੀਆਂ ਵਾਂਗਣ ਕਿਤਾਬ ਬਣਾ ਕੇ ਦੇ ਦਿਤੀ। ਜਦੋਂ ਕਿਤਾਬ ਪੜ੍ਹਦੇ ਹਾਂ ਅਸੀਂ ਤਾਂ ਕਹਿੰਦੇ ਹਾਂ ਕਿ ਇਹ ਤਾਂ ਬੰਦਾ ਹੀ ਬਹੁਤ ਉੱਚਾ ਹੈ। ਐਡੇ ਉਚੇ ਖਿਆਲ, ਜਦੋਂ ਉਹਦੇ ਕੋਲ ਜਾ ਕੇ ਦੇਖਾਂਗੇ ਫੇਰ ਪਤਾ ਲੱਗੇਗਾ ਕਿ ਆਮ ਆਦਮੀ ਹੈ ਇਹਨੇ ਤਾਂ ਚੋਰੀ ਕਰੀ ਹੋਈ ਹੈ। ਹਜ਼ਾਰਾਂ ਕਿਤਾਬਾਂ ਰੱਖ ਕੇ ਵਿਚੋਂ ਇੱਕ ਚੁਣ-ਚੁਣ ਕੇ ਗੁਲਦਸਤਾ ਬਣਾ ਦਿੱਤਾ। ਗੁਲਦਸਤਾ ਖ਼ੂਬਸੂਰਤ ਹੈ ਪਰ ਇਹ ਬਣਾਉਣ ਵਾਲੇ ਦਾ ਜੀਵਨ ਖ਼ੂਬਸੂਰਤ ਨਹੀਂ ਹੈ। ਭੁਲੇਖਾ ਪੈ ਜਾਂਦਾ ਹੈ ਇਹ ਜ਼ਬਰਦਸਤ। ਗੁਰੂਆਂ ਦਾ ਅਜੇਹਾ ਨਹੀਂ ਸੀ, ਗੁਰੂ ਮਹਾਰਾਜ ਨੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਕਿਹਾ ਹੈ, ਉਸ ਤੋਂ ਬਿਪਰੀਤ ਨਹੀਂ ਸੀਗੇ

ਉਹ। ਉਹੀ ਉਨ੍ਹਾਂ ਦਾ ਜੀਵਨ ਸੀ। ਜੇ ਲਿਖਾਰੀ ਦਾ ਮਨ ਵਿਪਰੀਤ ਹੈ, ਲਿਖਾਰੀ ਨੇ ਆਪਣੇ ਮਨ ਦੀ ਗੱਲ ਲਿਖ ਦਿੱਤੀ, ਆਪਣਾ ਖਿਆਲ ਲਿਖ ਦਿੱਤਾ, ਉਹ ਸਾਨੂੰ ਨਹੀਂ ਮੰਨਣਾ ਚਾਹੀਦਾ। ਬੰਦੇ ਨੂੰ, ਜਿਹੋ ਜਿਹਾ ਪੈਦਾ ਹੋਇਆ ਹੈ, ਉਹਦੇ ਉਤੇ ਕੋਈ ਬੰਧਸ਼ ਨਹੀਂ ਸੀ ਲਾਉਂਦੇ, ਜੇ ਲਾਉਂਦੇ ਸੀ ਤਾਂ ਆਚਰਣ ਦੀ ਲਾਉਂਦੇ ਸੀ। ਜੇ ਕੇਸ ਨੇ, ਸਾਡੇ ਤਾਂ ਕੇਸ ਦਰਗਾਹ ਦੇ ਵਿਚੋਂ ਆਏ ਹੋਏ ਨੇ। ਕੋਈ ਚੀਜ਼ ਐਸੀ ਤਾਂ ਨਹੀਂ ਹੈ ਕਿ ਤੁਸੀਂ ਕੇਸ ਉਗਾਓ, ਦਵਾਈਆਂ ਲਾ-ਲਾ ਕੇ। ਹਾਂ, ਇਹਦੇ ਵਿਪਰੀਤ ਕਰਨਾ ਜਿਹੜਾ ਹੈਗਾ, ਉਹਨੂੰ ਹਟਾ ਦਿੱਤਾ। ਮਹਾਰਾਜ ਨੇ ਕਿ ਜਿਹੋ ਜਿਹੇ ਕੁਦਰਤੀ ਤੁਸੀਂ ਆਏ ਹੋਂ, ਉਹੋ ਜਿਹੇ ਰਹੋ। ਕੁਦਰਤ ਨੇ ਦਿੱਤੇ ਨੇ, ਕਦੇ ਖੋਜ ਹੋ ਜਾਏਗੀ, ਪਤਾ ਲੱਗ ਜਾਏਗਾ ਕਿ ਇਹ ਕਿੰਨੇ ਜ਼ਰੂਰੀ ਨੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਤਮੋ ਗੁਣੀ ਭੋਜਨ ਨਹੀਂ ਖਾਣਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***

***ਅੰਗ - 1374***

ਸਾਦੀ ਰੋਟੀ ਖਾਓ -

***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ਅੰਗ- 1374***

ਪਹਿਲਾਂ ਜਾਨਵਰ ਮਾਰ ਕੇ ਖਾਓ, 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਕੇ ਖਾਣਾ। ਹੇਰ, ਬਿਰਤੀ ਹੁੰਦੀ ਹੈ, ਸ਼ਿਕਾਰ ਵਾਲੀ ਬਿਰਤੀ। ਉਹਦੇ ਵਾਸਤੇ ਪਹਿਲਾਂ ਖਾਓ ਤੇ ਫੇਰ ਬਦਲੇ ਦੇ ਕੇ ਆਪਣੇ ਸਿਰ ਕਟਾਓ। ਇਸ ਤਰ੍ਹਾਂ ਦੇ ਨਾਲ ਦੂਸ਼ਿਤ ਹੋ ਜਾਂਦਾ ਹੈ ਪ੍ਰਚਾਰ। ਗਲਤ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਗੱਲ ਨਾ ਮੰਨੋ ਸਾਧਸੰਗਤ ਜੀ, ਕੋਈ ਕਹਿੰਦਾ ਹੈ ਚਾਹੇ, ਕੁਛ ਕਹੀ ਜਾਵੇ। ਜੇ ਹਿੰਮਤ ਹੈ ਤਾਂ ਪੁੱਛ ਲਓ, ਗੁਰਬਾਣੀ 'ਚ ਪੁੱਛ ਲਓ ਕਿ ਕਿਤੇ ਆਉਂਦੀ ਹੈ ਇਹ ਗੱਲ, ਜਿਹੜੀ ਤੂੰ ਕਹੀ ਹੈ। ਰਲਦੀ ਗੱਲ ਕਹਿ ਰਿਹਾ ਹੈ ਕਿਉਂਕਿ ਬੋਲਣਾ ਹੈ, ਬੋਲਣ ਵਿੱਚ ਬਾਣੀ ਤਾਂ ਆਉਂਦੀ ਨਹੀਂ, ਵਿਆਖਿਆ ਹੁੰਦੀ ਹੈ। ਖਿਆਲਾਂ ਦੀ ਚੋਣ ਹੁੰਦੀ ਹੈ, ਉਹ ਜੇ ਗੁਰੂ ਸਾਹਿਬ ਦੇ ਨਾਲ ਚਲਦੇ ਨੇ, ਉਹਦੇ ਵਿਚ ਸਮਾਉਂਦੇ ਨੇ ਤਾਂ ਠੀਕ, ਜਦੋਂ ਉਸ ਤੋਂ ਉਲਟ ਕਹੇ ਤਾਂ ਫੇਰ ਗੱਲ ਸਾਨੂੰ ਮੰਨਣੀ ਨਹੀਂ ਚਾਹੀਦੀ। ਪਰ ਸਾਨੂੰ ਪਤਾ ਨਹੀਂ ਲਗਦਾ ਕਿ ਇਹ ਉਲਟ ਕਹਿ ਰਿਹਾ ਹੈ ਕਿ ਸਹੀ ਕਹਿ ਰਿਹਾ ਹੈ। ਕਿਉਂਕਿ ਸ਼ਬਦ ਦਾ ਬਲ ਬਹੁਤ ਜ਼ਬਰਦਸਤ ਹੈ। ਇਸ ਤਰ੍ਹਾਂ ਜੋ ਉਹ ਸਮਾਂ ਸੀ ਜਿਸ ਸਮੇਂ ਦੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਬੜੀ ਭਾਰੀ ਕੁਰਬਾਨੀ ਕਰਨੀ ਪਈ। ਉਹਦੇ ਨਾਲ ਚੁੱਪ-ਚਾਪ ਪੌਣੇ ਦੋ ਸੌ ਸਾਲ ਤੋਂ ਇੱਕ ਸੰਘਰਸ਼ ਚਲਿਆ ਆਉਂਦਾ ਸੀ ਕਿ ਸਭ ਨੂੰ ਆਜ਼ਾਦੀ ਚਾਹੀਦੀ ਹੈ, ਜਿਹਨੂੰ ਮਨੁੱਖੀ ਅਧਿਕਾਰ ਕਹਿ ਕੇ ਬੜਾ ਵਾ-ਵੇਲਾ ਕੀਤਾ ਜਾ ਰਿਹਾ ਹੈ। ਉਹ ਮਨੁੱਖੀ ਅਧਿਕਾਰ ਭਾਰਤ ਵਰਸ਼ ਵਿਚ ਹੈ ਨਹੀਂ ਸੀ ਓਸ ਸਮੇਂ। ਉਸ ਵੇਲੇ ਧੱਕੇ ਦਾ ਰਾਜ ਸੀ, ਮੂਰਖਾਂ ਦਾ ਰਾਜ ਸੀ। ਐਉਂ ਕਹਿ ਲਓ ਇਨਸਾਨੀਅਤ ਤੋਂ ਪਾਗਲ ਹੋਏ ਬੰਦਿਆਂ

ਦਾ ਰਾਜ ਸੀ। ਜਿਨ੍ਹਾਂ ਦੇ ਮਨ ਦੇ ਵਿਚ ਨਾ ਪ੍ਰਮੇਸ਼ਰ ਦਾ ਭੈ, ਸਭ ਤੋਂ ਵੱਡੀ ਗੱਲ ਇਹ ਸੀ ਕਿ ਜਿਹੜਾ ਉਹ ਕੰਮ ਕਰਦੇ ਸੀ, ਉਹ ਕਹਿੰਦੇ ਸੀ, ਅਸੀਂ ਪੁੰਨ ਕਰ ਰਹੇ ਹਾਂ। ਜਿਵੇਂ ਭੂਮੀਆਂ ਡਾਕੇ ਮਾਰ ਕੇ ਦਾਨ ਕਰ ਰਿਹਾ ਸੀ, ਦਾਨੀ ਬਣਿਆ ਹੋਇਆ ਸੀ, ਇਸੇ ਤਰ੍ਹਾਂ ਦੇ ਨਾਲ ਉਹ ਵੀ ਪੁੰਨ ਕਰ ਰਹੇ ਸੀ। ਪਾਪ ਨਹੀਂ ਸੀ ਕਰ ਰਹੇ। ਵਿਸ਼ਟਾ ਦੇ ਭਾਗੀ ਹੋ ਰਹੇ ਸੀ। ਕਿੰਨਾ ਜ਼ੁਲਮ ਕਰਦੇ ਸੀ। ਹਮਲਾ ਹੋਇਆ ਸੀ ਪਾਲਪੋਰਸ ਦੇ ਉਤੇ, ਪੰਜ ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰਾ ਦਿੱਤਾ। ਅਯੁੱਧਿਆ 'ਤੇ ਹਮਲਾ ਹੁੰਦਾ ਹੈ, ਚੌਦਾ ਹਜ਼ਾਰ ਬੰਦਾ ਫੜ ਲਿਆ ਤੇ ਲਾਇਨ ਲਾ ਲਈ ਤੇ ਚੌਦਾਂ ਹਜ਼ਾਰ ਦਾ ਸਿਰ ਕੱਟ ਦਿੱਤਾ। ਬਨਾਰਸ 'ਤੇ ਹਮਲਾ ਹੋਇਆ, ਉਥੇ ਜ਼ਿਆਦਾ ਪੜ੍ਹੇ ਲਿਖੇ ਵਿਦਵਾਨ ਸੀ ਜਿਹਨੂੰ ਕਾਸ਼ੀ ਕਹਿੰਦੇ ਨੇ, ਇੱਕ ਵਾਰੀ ਪੁੱਛਿਆ ਗਿਆ ਕਿ ਜੇ ਜਾਨ ਚਾਹੀਦੀ ਹੈ, ਇਸ ਲਾਇਨ 'ਤੇ ਹੋ ਜਾਓ, ਇਸਲਾਮ ਧਾਰਨ ਕਰ ਲਓ। ਜੇ ਆਪਣਾ ਨਿਜ ਧਰਮ ਰੱਖਣਾ ਹੈ, ਇਹ ਤਿਲਕ 'ਤੇ ਜੰਞੂ ਨਹੀਂ ਅਸੀਂ ਨਹੀਂ ਰਹਿਣ ਦੇਣਾ ਭਾਰਤ ਵਰਸ਼ 'ਚ। 33 ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰ ਦਿੱਤਾ। ਉਨ੍ਹਾਂ ਦੀਆਂ ਕਿਤਾਬਾਂ 'ਚ ਲਿਖਿਆ ਹੋਇਆ ਹੈ ਜਿਹੜਾ ਮੈਂ ਬੋਲ ਰਿਹਾ ਹਾਂ, ਇਤਿਹਾਸਾਂ ਵਿਚ ਲਿਖਿਆ ਹੈ ਉਨ੍ਹਾਂ ਹੀ ਲੋਕਾਂ ਨੇ। ਉਹਦੇ ਅੱਗੇ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਉਸ ਨੇ ਬੜਾ ਸਵਾਬ ਦਾ ਕੰਮ ਕੀਤਾ, ਪੁੰਨ ਦਾ ਕੰਮ ਕੀਤਾ ਕਿ ਐਨੇ ਕਾਫਰ ਰੱਬ ਦੀ ਦੁਨੀਆਂ 'ਚੋਂ ਚੁਣ ਕੇ ਮਾਰ ਦਿੱਤੇ ਤੇ ਐਨੇ ਮੋਮਨ ਬਣਾ ਲਏ। ਭਟਨੇਰ ਦੇ ਉਤੇ ਹਮਲਾ ਕੀਤਾ, 29000 ਬੰਦਾ ਖੜ੍ਹਾ ਕਰ ਲਿਆ, ਥੋੜ੍ਹਾ ਬਹੁਤਾ ਨਹੀਂ, ਰੂੰ ਲਪੇਟ ਦਿੱਤੀ ਉਨ੍ਹਾਂ ਦੇ ਆਲੇ ਦੁਆਲੇ। ਦਰਖਤਾਂ ਨਾਲ ਬੰਨ੍ਹ ਦਿੱਤੇ, ਰੱਸਿਆਂ ਨਾਲ ਬੰਨ੍ਹ ਦਿੱਤੇ। ਲੱਕੜੀਆਂ ਗੱਡ ਦਿੱਤੀਆਂ, 29000 ਬੰਦੇ ਜਿਵੇਂ ਬੱਲੀਆਂ ਗੱਡ ਦੇਈਏ, ਸਭ ਨੂੰ ਬੰਨ੍ਹ ਦੇਈਏ ਬੱਲੀਆਂ ਦੇ ਨਾਲ। ਬਾਹਾਂ ਬੰਨ੍ਹ ਦਿੱਤੀਆਂ ਪਿੱਛੇ। ਹਿੱਲਣ ਜੁੱਲਣ ਤੋਂ ਹਟਾ ਦਿੱਤੇ, ਰੂੰ ਲਪੇਟ ਦਿੱਤੀ ਆਲੇ-ਦੁਆਲੇ। ਇਕ ਦਮ ਇੱਕ ਪਾਸਿਓਂ ਅੱਗ ਲੱਗਣੀ ਸ਼ੁਰੂ ਹੋਈ, 29000 ਬੰਦਾ ਜਲ ਰਿਹਾ ਹੈ, ਕਿੰਨੀਆਂ ਚੀਕਾਂ ਮਾਰ ਰਿਹਾ ਹੈ, ਕਿੰਨੇ ਪ੍ਰਮੇਸ਼ਰ ਨੂੰ ਯਾਦ ਕਰਦੇ ਹੋਣੇ ਨੇ। ਜਾਲਣ ਤੋਂ ਬਾਅਦ ਉਹਨੇ ਲਿਖਿਆ ਹੈ ਕਿ ਅੱਜ ਮੈਂ ਬੜਾ ਭਾਰਾ ਪੁੰਨ ਕਰਿਆ ਹੈ ਤੇ ਬਹਿਸ਼ਤ ਦੇ ਦਰਵਾਜ਼ੇ ਜ਼ਰੂਰ ਖੁਲ੍ਹ ਜਾਣਗੇ ਤੇ ਇੱਕ ਲੱਖ ਪੱਚੀ ਹਜ਼ਾਰ ਬੰਦਾ, ਤੁਰਕੀ ਤੋਂ ਤੈਮੂਰ ਆਇਆ, ਉਸਨੇ ਇੱਕ ਲੱਖ ਪੱਚੀ ਹਜ਼ਾਰ ਬੰਦਾ ਕਤਲ ਕਰਾ ਦਿੱਤਾ। ਉਹਦੀ ਫੌਜ ਸੀ ਡੇਢ ਲੱਖ ਦੀ, ਉਹ ਕਹਿੰਦਾ ਦੇਖੋ ਭਾਰਤ ਵਰਸ਼ ਵਿੱਚ ਤੁਸੀਂ ਆਏ, ਇਨ੍ਹਾਂ ਕੋਲ ਕੋਈ ਦੌਲਤ ਨਹੀਂ ਰਹਿਣੀ ਚਾਹੀਦੀ, ਕੋਈ ਚੰਗਾ ਬੱਚਾ ਨਹੀਂ, ਕੋਈ ਚੰਗੀ ਲੜਕੀ ਨਹੀਂ ਇਨ੍ਹਾਂ ਕੋਲ ਰਹਿਣੀ ਚਾਹੀਦੀ। ਸਭ ਲੈ ਜਾਓ ਤੁਹਾਨੂੰ ਖੁਲ੍ਹ ਹੈ, ਡੇਢ ਲੱਖ ਬੰਦਾ ਲੁੱਟਣ ਲੱਗਿਆ ਹੈ, ਲੁਟੇਰਾ ਲੁੱਟਣ ਲੱਗਿਆ ਸੀ। ਕਿੰਨੀ ਕੁ ਦੌਲਤ ਲੈ ਗਏ ਇਹਦਾ ਕਿਸੇ ਨੇ ਹਿਸਾਬ ਨਹੀਂ ਲਾਇਆ। ਸੋ ਇਸ ਤਰ੍ਹਾਂ ਦੇ ਨਾਲ ਤੈਮੂਰ ਆਉਂਦਾ ਹੈ ਹਿੰਦੋਸਤਾਨ ਦੇ ਅੰਦਰ, ਉਹਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਮੈਂ ਭਾਰਤ ਵਰਸ਼ ਦੇ ਵਿਚ ਜਾ ਕੇ ਇੱਕ ਵੱਡਾ ਪੁੰਨ ਦਾ ਕੰਮ ਕੀਤਾ ਕਿ ਮੈਂ

ਸੱਤ ਲੱਖ ਕਾਫਰਾਂ ਨੂੰ ਕਤਲ ਕਰਵਾ ਦਿੱਤਾ ਤੇ ਢਾਈ ਲੱਖ ਮੈਂ ਮੋਮਨ ਬਣਾ ਲਏ। ਇਸੇ ਤਰ੍ਹਾਂ ਦੇ ਨਾਲ ਜ਼ੁਲਮ ਹੁੰਦਾ ਚਲਿਆ ਗਿਆ, ਮਹਿਮੂਦ ਆਇਆ, ਬਹੁਤ ਹੀ ਸ਼ਾਨਦਾਰ ਮੰਦਰ ਬਣਿਆ ਸੀ ਉਥੇ। ਦੁਨੀਆਂ ਦੇ ਵਿੱਚ ਉਸ ਤਰ੍ਹਾਂ ਦੀ ਬਿਲਡਿੰਗ ਨਾ ਕਿਤੇ ਦੇਖਣ ਨੂੰ ਆਉਂਦੀ ਸੀ ਨਾ ਸੁਣਨ ਨੂੰ ਆਉਂਦੀ ਸੀ। ਉਹ ਮੰਦਰ ਦੇ ਬਣਾਉਣ ਵਾਸਤੇ 80 ਕਰੋੜ ਮੋਹਰ ਲੱਗੀ ਸੀ, ਉਸ ਸਮੇਂ ਦੀ। ਜਦੋਂ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਹੁੰਦੇ ਸੀ। 80 ਕਰੋੜ ਦਾ ਮਤਲਬ ਹੈ ਕਿ ਖਰਬਾਂ ਰੁਪਿਆ ਲੱਗਿਆ ਸੀ ਉਹਨੂੰ ਬਣਾਉਣ ਵਾਸਤੇ, ਪੰਜ ਸੌ ਰਾਜ ਲੱਗੇ ਰਹੇ, ਸੌ ਸਾਲ 'ਚ ਬਣਿਆ। ਮਿੰਟਾਂ 'ਚ ਹੀ ਉਹਨੇ ਬਾਰੂਦ ਪਾ-ਪਾ ਕੇ, ਜੜ੍ਹਾਂ ਤੋਂ ਹਟਾ ਕੇ ਮਸਜਿਦ ਬਣਾ ਦਿੱਤੀ ਇਹਦੇ ਥਾਂ 'ਤੇ। 1266 'ਚ ਇੱਕ ਬਹੁਤ ਵੱਡਾ ਮੰਦਰ ਸੀ, ਭਿਲਸਾ ਦਾ ਦੱਖਣ ਵਿਚ ਤੇ ਸਮਸ਼ਦੀਨ ਗੌਰੀ ਨੇ ਉਥੇ ਚੜ੍ਹਾਈ ਕੀਤੀ, 72 ਕਰੋੜ ਦੇ ਹੀਰੇ ਇਸ ਮੰਦਰ 'ਚੋਂ ਇਹਦੇ ਹੱਥ ਲੱਗੇ ਢਾਹੁਣ ਵੇਲੇ। 315 ਫੁੱਟ ਉੱਚਾ ਮੰਦਰ ਅੱਧੇ ਕੋਹ ਲੰਬਾ, ਤਿੰਨ ਸੌ ਸਾਲ ਵਿੱਚ ਬਣਿਆ ਸੀ। ਪੰਜਾਹ ਹਜ਼ਾਰ ਹਿੰਦੂਆਂ ਨੂੰ ਉਥੇ ਖੜ੍ਹੇ ਕਰਕੇ ਸਾਰੇ ਮੰਦਰ ਦੀਆਂ ਮੂਰਤੀਆਂ ਇਕੱਠੀਆਂ ਕਰਕੇ ਪੰਜਾਹ ਹਜ਼ਾਰ ਬੰਦਾ ਮੂਰਤੀਆਂ ਦੇ ਉਤੇ ਖੜ੍ਹਾ ਕੇ ਕਤਲ ਕਰਿਆ। ਮੂਰਤੀਆਂ ਖੂਨ ਵਿੱਚ ਡੁੱਬ ਗਈਆਂ। ਉਹਦੇ ਉਤੇ 25000 ਬੰਦਿਆਂ ਨੇ ਖੜ੍ਹੇ ਹੋ ਕੇ ਨਮਾਜ਼ ਪੜ੍ਹੀ ਤੇ ਅੱਲਾਹ ਤਾਲਾਹ ਨੂੰ ਕਿਹਾ ਕਿ ਹੇ ਅੱਲਾਹ ਤਾਲਾ! ਅੱਜ ਜਿੰਨਾਂ ਨੇਕ ਕੰਮ ਅਸੀਂ ਕਰਿਆ ਹੈ, ਇਹ ਸਾਡਾ ਗਿਣਤੀ 'ਚ ਪਾ ਲੈ। ਮੁਹੰਮਦ ਕਾਸਮ ਆਇਆ, ਉਹਨੇ 11000 ਬੰਦਾ ਬਗਦਾਦ ਭੇਜਿਆ, ਖਲੀਫਾ ਹਰਨਸ਼ੀਦ ਦੇ ਗੁਲਾਮ ਬਣਾ ਕੇ। ਏਮਨਾਬਾਦ 'ਚ ਗਿਆ, 16000 ਕਤਲ ਕਰਾਏ, ਅਬਦੁੱਲ ਰਜ਼ਾਕ ਆਇਆ 700 ਸੰਮਤ 'ਚ, ਉਹਨੇ ਜਾ ਕੇ ਦੱਸਿਆ ਤੁਰਕੀ ਦੇ ਅੰਦਰ ਕਿ ਮੈਂ ਬਹਿਸ਼ਤ ਦੇਖ ਕੇ ਆਇਆ ਹਾਂ। ਭਾਰਤ ਵਰਸ਼ ਬਹਿਸ਼ਤ ਹੈ, ਕਹਿੰਦੇ ਉਹ ਕਿਹੜੀ ਗੱਲ ਹੈ? ਕਹਿੰਦੇ ਉਥੇ ਲੋਕ ਐਨੇ ਨੇ ਨਾ ਕੋਈ ਝੂਠ ਬੋਲਦਾ ਹੈ, ਨਾ ਕੋਈ ਸ਼ਰਾਬ ਪੀਂਦਾ ਹੈ, ਨਾ ਕੋਈ ਵਿਭਚਾਰ ਕਰਦਾ ਹੈ, ਨਾ ਕੋਈ ਉਥੇ ਚੋਰੀ ਕਰਦਾ ਹੈ, ਰਾਜ ਵਲੋਂ ਹੁਕਮ ਹੈ ਕਿ ਦਰਵਾਜ਼ੇ ਨਹੀਂ ਬੰਦ ਕਰਨੇ, ਜੌਹਰੀਆਂ ਦੇ ਦਰਵਾਜ਼ੇ ਖੁੱਲ੍ਹੇ ਪਏ ਨੇ। ਉਨ੍ਹਾਂ ਦੇ ਹੀਰੇ-ਮੋਤੀਆਂ ਦੇ ਢੇਰ ਲੱਗੇ ਹੋਏ ਨੇ, ਜਿਵੇਂ ਆਪਣੇ ਦਾਣਿਆਂ ਦੇ ਢੇਰ ਲੱਗੇ ਹੁੰਦੇ ਨੇ। ਉਸੇ ਤਰ੍ਹਾਂ ਛੱਡ ਕੇ ਚਲੇ ਜਾਂਦੇ ਨੇ, ਕਦੇ ਕੋਈ ਚੋਰੀ ਨਹੀਂ ਹੁੰਦੀ, ਐਸਾ ਧਰਮ ਦਾ ਦੇਸ਼ ਹੈ, ਉਹ ਉਹਨੇ ਤਾਰੀਫਾਂ ਲਿਖੀਆਂ ਜਿੰਨੀਆਂ ਜੀਅ ਭਰ ਕੇ ਲਿਖਦਾ ਸੀ। ਇੱਥੇ ਦੇ ਸਾਧੂਆਂ ਦੇ ਬਚਨ ਲਿਖੇ ਨੇ। ਇਸ ਤਰ੍ਹਾਂ ਸਿਕੰਦਰ ਲੋਧੀ ਆਇਆ ਜਿਹਨੇ ਨਾਮਦੇਵ ਦੇ ਕੋਲ ਗਊ ਮਾਰ ਕੇ ਰੱਖ ਦਿੱਤੀ। ਜਿਹਨੇ ਕਬੀਰ ਸਾਹਿਬ ਨੂੰ ਫੜ ਕੇ ਅੱਗ 'ਚ ਬਿਠਾ ਦਿੱਤਾ, ਪਾਣੀ ਦੇ ਵਿੱਚ ਡੋਬਣ ਦਾ ਯਤਨ ਕਰਿਆ-

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਅੰਗ - 1162***

ਉਹ ਕਹਿੰਦਾ ਮੈਂ 4 ਲੱਖ 32 ਹਜ਼ਾਰ ਮੋਮਨ ਬਣਾਏ। ਜਿਵੇਂ ਅਸੀਂ ਕਹਿੰਦੇ ਹਾਂ ਕਿ ਐਨਿਆਂ ਨੂੰ ਅੰਮ੍ਰਿਤ ਛਕਾਇਆ ਤੇ ਦੋ ਲੱਖ 53 ਹਜ਼ਾਰ

ਮੈਂ ਕਤਲ ਕਰਾਏ। ਇਸ ਨੂੰ ਮਹਾਰਾਜ ਕਹਿੰਦੇ ਨੇ ਕਿ ਐਸਾ ਯੁੱਗ ਚੱਲ ਰਿਹਾ ਸੀ। ਨਾਮ ਧਰਮ ਦਾ ਸੀ, ਹੋ ਰਿਹਾ ਸੀ ਅਧਰਮ। ਉਨ੍ਹਾਂ ਨੂੰ ਕਿਵੇਂ ਸਮਝਾਇਆ ਜਾਵੇ, ਜਦ ਬੰਦਾ ਕਹਿ ਰਿਹਾ ਹੈ ਮੈਂ ਧਰਮ ਕਰ ਰਿਹਾ ਹਾਂ। ਸਾਡੇ ਮਨਾਂ 'ਚ ਖਿਆਲ ਹੈ ਜੇ ਕਹਿੰਦੇ ਹਾਂ ਕਿ ਭਾਈ ਪ੍ਰੇਮੀਆਂ! ਤੂੰ ਕਾਹਨੂੰ ਬੱਕਰਾ ਮਾਰਦਾ ਹੈਂ? ਕਹਿੰਦਾ ਮੈਂ ਬੱਕਰਾ ਮਾਰਦਾ ਹਾਂ, ਮੈਂ ਤਾਂ ਇਹਦੀ ਮੁਕਤੀ ਕਰਦਾ ਹਾਂ? ਭਾਈ ਮੁਕਤੀ ਤਾਂ ਅਜੇ ਤੇਰੀ ਵੀ ਨਹੀਂ ਹੋਈ ਹੈ, ਤੂੰ ਬਾਕੀਆਂ ਦੀ ਮੁਕਤੀ ਕੀ ਕਰ ਦਏਂਗਾ? ਕਿਉਂਕਿ ਮਨ ਵਿੱਚ ਗਲਤ ਧਾਰਨਾ ਧਾਰ ਲਈ। ਉਹਦੇ ਨਾਲ ਭਾਈ ਗੁਰਦਾਸ ਜੀ ਨੂੰ ਲਿਖਣਾ ਪਿਆ। ਇਹ ਹਨ੍ਹੇਰਾ ਨਹੀਂ ਸੀ ਪ੍ਰੇਮੀਓਂ! ਗਲਤਫਹਿਮੀ 'ਚ ਨਾ ਰਹਿਓ। ਧੁੰਦ ਸੀ ਉਸ ਵੇਲੇ। ਧੁੰਦ ਦੇ ਵਿਚ ਨਹੀਂ ਦਿਸਦਾ। ਅੱਜ ਅਸੀਂ ਸਵੇਰੇ ਗਏ, ਵੀਹ ਗਜ਼ 'ਤੇ ਵੀ ਨਾ ਨਜ਼ਰ ਆਵੇ। ਤਿੰਨ ਲੱਗੇ ਹੋਏ ਬਲਬ, ਤਿੰਨੋਂ ਜਾਲੇ ਹੋਏ, ਰੋਸ਼ਨੀ ਸਾਨੂੰ ਹੀ ਵਾਪਸ ਆਵੇ, ਬੱਦਲ ਦੇ ਵਿਚ ਰਲ ਕੇ। ਧੁੰਦ ਦੇ ਵਿਚ ਪ੍ਰਕਾਸ਼ ਨਹੀਂ ਹੁੰਦਾ, ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧੁੰਦ ਨੂੰ ਹੱਥ ਪਾਇਆ।

*ਸਤਿਗੁਰ ਨਾਨਕ ਪ੍ਰਗਟਿਆ*
*ਮਿਟੀ ਧੁੰਧੁ ਜਗਿ ਚਾਨਣੁ ਹੋਆ।*

*ਭਾਈ ਗੁਰਦਾਸ ਜੀ, ਵਾਰ 27/1*

ਚਾਨਣਾ ਲਿਆਂਦਾ ਮਹਾਰਾਜ ਜੀ ਨੇ। ਸੋ ਉਸ ਵੇਲੇ ਦੀ ਹਾਲਤ ਜੋ ਦਸਦੇ ਨੇ ਕਿ ਦੁਖੀ ਰੋ ਰਹੇ ਸੀ, ਕੋਈ ਉਨ੍ਹਾਂ ਦੀ ਫਰਿਆਦ ਨਹੀਂ ਸੀ ਸੁਣਦਾ। ਇਨਸਾਨੀਅਤ ਦੇ ਨਾਮ ਉਤੇ ਵਾਸਤੇ ਪਾ ਰਹੇ ਸੀ। ਕੋਈ ਸਮਝਣ ਦਾ ਯਤਨ ਨਹੀਂ ਸੀ ਕਰਦਾ। ਕਿਉਂਕਿ ਸਮਝਣਾ ਕੀਹਨੇ ਸੀ ਸ਼ਾਸਕ ਵਰਗ ਨੇ। ਜਿਹੜਾ ਰਾਜ ਕਰਦਾ ਹੈ, ਉਹਨੇ ਸਮਝਣਾ ਹੁੰਦਾ ਹੈ। ਦੂਜੇ ਤਾਂ ਵਿਚਾਰੇ ਬੇਬਸ ਹੁੰਦੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਭਾਈ ਗੁਰਦਾਸ ਜੀ ਉਸ ਵੇਲੇ ਦਾ ਜੋ ਵਾਤਾਵਰਣ ਸੀ, ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ–

*ਧਾਰਨਾ – ਸਾਰੇ ਜਗ 'ਤੇ ਪਸਾਰਾ ਹੋ ਗਿਆ ਪਾਪ ਦਾ,*
*ਰੋਣਾ ਕੌਣ ਸੁਣੇ ਦੁਖੀ ਦਾ।*

ਜਦੋਂ ਕੋਈ ਕਾਨੂੰਨ ਹੀ ਨਾ ਰਿਹਾ ਹੋਵੇ, ਰਾਜ ਦਾ ਕੋਈ ਅਸੂਲ ਹੀ ਨਾ ਹੋਵੇ, ਫੇਰ ਕੌਣ ਸੁਣਦਾ ਹੈ ਗਰੀਬ ਦੀ ਗੱਲ। ਨਾ ਕੋਈ ਕਚਹਿਰੀ ਸੁਣ ਸਕਦੀ ਹੈ, ਥੋੜ੍ਹਾ ਚਿਰ ਪਹਿਲਾਂ ਐਮਰਜੈਂਸੀ ਦੇ ਵਿਚ ਕਾਨੂੰਨ ਹਟ ਗਏ ਸੀ। ਸਾਡੀਆਂ ਜ਼ਮੀਨਾਂ ਖੋਹ ਲਈਆਂ। ਜਦੋਂ ਕੋਰਟ ਜਾਈਏ, ਕਹਿੰਦੇ ਜੀ ਕੋਈ ਰੱਖ ਹੀ ਨਹੀਂ ਸਕਦਾ। ਕਿਉਂਕਿ ਉਨ੍ਹਾਂ ਨੇ ਕਾਨੂੰਨ ਹੀ ਐਸੇ ਬਣਾ ਦਿੱਤੇ। ਅਰਬਾਂ ਰੁਪਏ ਦੀਆਂ ਜ਼ਮੀਨਾਂ ਸੀਲਿੰਗ 'ਚ ਲਿਆ ਦਿੱਤੀਆਂ। ਉਸ ਵੇਲੇ ਜੇ ਕੋਈ ਆ ਕੇ ਫਰਿਆਦ ਕਰਦਾ ਹੈ, ਕਹਿੰਦੇ ਨਾ ਜੀ ਕਾਨੂੰਨ ਤਾਂ ਬੰਦ ਹੋ ਗਿਆ। ਹੁਣ ਤਾਂ ਅਖਤਿਆਰ ਹੋਰ ਚਲਦੇ ਨੇ। ਅੱਜ ਦੇ ਜ਼ਮਾਨੇ 'ਚ ਵੀ ਇਹ ਗੱਲਾਂ ਹੋ ਜਾਂਦੀਆਂ ਨੇ, ਜਿਹਨੂੰ ਮਨੁੱਖੀ ਅਧਿਕਾਰ ਕਹਿੰਦੇ ਨੇ, ਉਹ ਬਹੁਤ ਸੁਲਝੇ ਹੋਏ ਬੰਦੇ ਨੇ ਜਿਹੜੇ ਇਹਦੀ ਗੱਲ ਕਰਦੇ

ਨੇ। ਪਰ ਧੱਕਾ-ਧੋੜਾ ਹੀ ਚਲਦਾ ਹੈ। ਅਣਜਾਣਪੁਣਾ ਹੀ ਚਲਦਾ ਹੈ, ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਹ ਸਮਾਂ ਐਸਾ ਸੀ, ਧਰਮ ਦੇ ਉਤੇ ਕਿਸੇ ਦਾ ਅਕੀਦਾ ਨਹੀਂ ਸੀ, ਜਿੰਨੇ ਬੰਦੇ ਸੀ ਓਨੇ ਧਰਮ। ਇੱਕ ਘਰ 'ਚ ਦਸ ਬੰਦੇ ਰਹਿੰਦੇ ਨੇ ਕੋਈ ਸੂਰਜ ਨੂੰ ਮੰਨਦਾ ਹੈ, ਕੋਈ ਚੰਦ ਨੂੰ ਮੰਨਦਾ ਹੈ, ਕੋਈ ਦਰਖਤਾਂ ਨੂੰ ਮੰਨਦਾ ਹੈ, ਕੋਈ ਕਬਰ ਨੂੰ ਮੰਨਦਾ ਹੈ। ਕੋਈ ਰਾਮਚੰਦਰ ਜੀ ਨੂੰ ਮੰਨਦਾ ਹੈ, ਕੋਈ ਕ੍ਰਿਸ਼ਨ ਮਹਾਰਾਜ ਜੀ ਨੂੰ ਮੰਨਦਾ ਹੈ। ਕੋਈ ਕਿਸੇ ਚੀਜ਼ ਨੂੰ, ਕੋਈ ਧਰਮਰਾਜ ਨੂੰ ਮੰਨਦਾ ਹੈ, ਕੋਈ ਕਿਸੇ ਦੇਵਤੇ ਨੂੰ ਮੰਨਦਾ ਹੈ, ਇੱਕ ਨੂੰ ਕੋਈ ਮੰਨਣ ਵਾਲਾ ਹੀ ਨਹੀਂ ਸੀਗਾ। ਕਹਿੰਦੇ, ਐਸੀ ਸੰਸਾਰ ਦੇ ਉਤੇ ਗੱਲਬਾਤ ਚੱਲ ਪਈ। ਉਸ ਸਮੇਂ ਦੇ ਵਿੱਚ ਇੱਕ ਮਹਾਨ ਵਿਅਕਤੀ ਆਏ ਜਿਸਨੂੰ ਮੁਹੰਮਦ ਸਾਹਿਬ ਕਹਿੰਦੇ ਨੇ। ਬਹੁਤ ਸੁਲਝੇ ਹੋਏ, ਬਹੁਤ ਹੀ ਜਾਗੇ ਹੋਏ ਪੁਰਸ਼ ਸੀਗੇ ਆਪ। ਤਪਸਿਆ, ਤਤਕਿਸ਼ਾ, ਤਿਆਗ ਬਹੁਤ ਜ਼ਿਆਦਾ ਸੀ ਉਨ੍ਹਾਂ ਦੇ ਅੰਦਰ। ਲਿਖਣ ਵਾਲੇ ਕੁਛ ਲਿਖੀ ਜਾਣ। ਪ੍ਰਮੇਸ਼ਰ ਦਾ ਗਿਆਨ ਨਹੀਂ ਸੀ ਹੋ ਸਕਦਾ ਜੇ ਉਚੇ ਨਾ ਹੁੰਦੇ। 40 ਸਾਲ ਦੀ ਉਮਰ ਦੇ ਵਿਚ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ, ਉਸ ਤੋਂ ਬਾਅਦ ਉਨ੍ਹਾਂ ਨੇ ਸੰਸਾਰ ਨੂੰ ਹੋਕਾ ਦੇਣਾ ਸ਼ੁਰੂ ਕਰਿਆ। ਇੱਕ ਧਰਮ ਚਲਾਇਆ ਜਿਸਨੂੰ ਪਿਆਰ ਤੇ ਮੁਹੱਬਤ ਦਾ ਧਰਮ, ਇਸਲਾਮ ਕਹਿੰਦੇ ਨੇ। ਲੇਕਿਨ ਉਹਦੇ ਵਿਚ ਛੇਤੀ ਨਾਲ ਬਦਲਾਵ ਆ ਗਿਆ। ਲੋਕਾਂ ਨੇ ਉਹਨੂੰ ਚੱਲਣ ਨਾ ਦਿੱਤਾ। ਮੁਹੰਮਦ ਸਾਹਿਬ ਨੂੰ ਵੀ ਮਾਰ ਕੇ ਸੁੱਟ ਦਿਤਾ, ਦੂਜੇ ਵੀ ਮਾਰ ਦਿੱਤੇ। ਮੁਰਦਿਆਂ 'ਚੋਂ ਉਠ ਕੇ ਮਦੀਨੇ ਚਲਿਆ ਗਿਆ, ਉਥੇ ਜਾ ਕੇ ਇਹਨੇ ਕਿਹਾ, ਕਿ ਇਹ ਖਿਆਲਾਂ ਦੀ ਰਾਖੀ ਕਰਨ ਵਾਸਤੇ, ਨੇਕੀ ਨੂੰ ਉਗਾਉਣ ਵਾਸਤੇ ਜੱਥੇਬੰਦੀ ਦੀ ਲੋੜ ਹੈ। ਜੱਥੇਬੰਦੀ ਹੋ ਗਈ, ਜਿਸ ਵਕਤ ਕਿਸੇ ਵੀ ਧਰਮ ਦੇ ਵਿਚ ਕਰਮਕਾਂਡ ਸ਼ਾਮਿਲ ਹੋ ਜਾਏਗਾ। ਉਸ ਵੇਲੇ ਉਹਦੀਆਂ ਬਹੁਤ ਸਾਰੀਆਂ ਕਦਰਾਂ ਕੀਮਤਾਂ ਜਿਹੜੀਆਂ ਨੇ, ਉਨ੍ਹਾਂ ਦੇ ਮਤਲਬ ਬਦਲ ਜਾਂਦੇ ਨੇ। ਸੋ ਉਹਦੇ ਨਾਲ ਬੰਦੇ ਤਕੜੇ ਹੋ ਗਏ, ਦੂਜੇ ਹਾਰਨ ਲੱਗ ਗਏ, ਰਾਜ ਕਰਨ ਲਗ ਗਏ। ਬੰਦੇ ਓਹੀ ਸੀ, ਇਸਲਾਮ ਧਾਰਨ ਕਰ ਲਿਆ। ਲੇਕਿਨ ਕੁਰਾਨ ਸ਼ਰੀਫ ਦੀ ਜੋ ਤਸ਼ਰੀਹ ਸੀ, ਉਹਦੇ ਮਾਇਅਨੇ ਸੀ ਉਹ ਬਦਲ ਦਿੱਤੇ। ਕਾਫਰ ਉਹਨੂੰ ਕਹਿਣ ਲੱਗ ਗਏ ਜਿਹੜਾ ਇਸਲਾਮ ਵਿੱਚ ਨਹੀਂ ਸੀ ਆਇਆ। ਅਸਲ ਵਿਚ ਕਾਫਰ ਉਹ ਹੁੰਦਾ ਹੈ ਜੋ ਰੱਬ ਨੂੰ ਨਹੀਂ ਮੰਨਦਾ ਜਿਹਨੂੰ ਅਸੀਂ ਮਨਮੁੱਖ ਤੇ ਬੇਮੁਖ ਕਹਿੰਦੇ ਹਾਂ। ਅਸੀਂ ਵੀ ਮਨਮੁੱਖ ਨੂੰ ਕਹਿੰਦੇ ਹਾਂ -

***ਮਨਮੁਖੁ ਦੂਖ ਕਾ ਖੇਤੁ ਹੈ ਦੂਖੁ ਬੀਜੇ ਦੂਖੁ ਖਾਇ ॥***
***ਦੂਖ ਵਿਚਿ ਜੰਮੈ ਦੂਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ - 947***

ਮਨ ਦੇ ਪਿੱਛੇ ਲਗਣ ਵਾਲਾ ਬੰਦਾ ਚਾਹੇ ਕਿਸੇ ਧਰਮ ਦਾ ਹੈ, ਉਹ ਮਨਮੁਖ ਹੋਏਗਾ। ਪ੍ਰਮੇਸ਼ਰ ਦੇ ਉਤੇ ਯਕੀਨ ਨਾ ਲਿਆਉਣ ਵਾਲਾ ਬੰਦਾ, ਕਾਫਰ ਹੋਏਗਾ। ਸੋ ਪਰਿਭਾਸ਼ਾ ਗਲਤ ਹੋ ਗਈ, ਦੂਸਰਿਆਂ ਨੂੰ ਇਨ੍ਹਾਂ ਨੇ

ਜ਼ੋਰ ਜ਼ਬਰ ਨਾਲ ਬਣਾਉਣਾ ਸ਼ੁਰੂ ਕਰ ਦਿੱਤਾ। ਮੁਹੰਮਦ ਸਾਹਿਬ ਹੋਏ ਤੇ ਚਾਰ ਖਲੀਫੇ ਹੋਏ ਉਨ੍ਹਾਂ ਦੇ - ਅੱਬੂਬਕਰ ਸਦੀਕ, ਉਮਰਫਾਰੂਕ, ਉਸਮਾਨ ਗਨੀ ਤੇ ਹਜ਼ਰਤ ਅਲੀ; ਇਨ੍ਹਾਂ ਨੂੰ ਮੰਨਣ ਵਾਲੇ ਚਾਰ ਹਿੱਸਿਆਂ 'ਚ ਵੰਡੇ ਗਏ। ਫੇਰ 72 ਖਿਆਲ ਹੋ ਗਏ ਜਿਵੇਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਮੰਨਦੇ ਨੇ, ਸਾਡੇ ਵੀ ਬੇਅੰਤ ਬਣਦੇ ਜਾਂਦੇ ਨੇ, ਹੌਲੀ-ਹੌਲੀ। ਕੋਈ ਕੇਂਦਰ (circle) ਜਿਹੇ ਬਣਦੇ ਜਾਂਦੇ ਨੇ। ਉਨ੍ਹਾਂ ਦੀ ਆਪਣੀ ਪਰਿਭਾਸ਼ਾ ਹੁੰਦੀ ਹੈ, ਆਪਣੇ ਖਿਆਲ ਹੁੰਦੇ ਨੇ, ਇੱਕ ਦੂਜੇ ਦਾ ਖਿਆਲ ਇੱਕ ਦੂਜੇ ਨਾਲ ਰਲਦਾ ਨਹੀਂ। ਫੇਰ ਸੁੰਨੀ ਹੋ ਗਏ, ਹੋਰ ਦੂਸਰੇ ਹੋ ਗਏ। ਇਸ ਤਰ੍ਹਾਂ ਦੇ ਨਾਲ ਕਹਿੰਦੇ ਆਪਸ ਵਿਚ ਹੀ ਰੌਲਾ ਪੈ ਗਿਆ।

***ਕਉਮਿ ਬਹਤਰਿ ਸੰਗਿ ਕਰਿ***
***ਬਹੁਤ ਬਿਧਿ ਵੈਰੁ ਵਿਰੋਧ ਪਸਾਰਾ।***
***ਰੋਜੇ, ਈਦ, ਨਿਮਾਜਿ ਕਰਿ***
***ਕਰਮੀ ਬੰਦਿ ਕੀਆ ਸੰਸਾਰਾ॥***

***ਭਾਈ ਗੁਰਦਾਸ ਜੀ, ਵਾਰ 1/20***

ਕਰਮਾਂ 'ਚ ਬੰਨ੍ਹ ਦਿੱਤਾ ਕਿ ਤੀਹ ਰੋਜ਼ੇ ਰੱਖੋ। ਕਹਿੰਦੇ, ਰੋਜ਼ੇ ਰੱਖਣੇ ਮਾੜੇ ਨੇ? ਨਹੀਂ ਮਾੜੇ ਨਹੀਂ। ਵਰਤ ਰਖਣੇ ਮਾੜੇ ਨੇ? ਕਹਿੰਦੇ ਨਹੀਂ ਮਾੜੇ ਨਹੀਂ, ਜੇ ਕੋਈ ਜ਼ੋਰ ਨਾਲ ਰਖਾਵੇ ਉਹ ਗੱਲ ਮਾੜੀ ਹੁੰਦੀ ਹੈ।

ਜਦੋਂ ਭਾਈ ਮਨਸੁਖ ਜੀ ਜਾਂਦੇ ਨੇ ਲੰਕਾ 'ਚ, ਉਨ੍ਹਾਂ ਨੂੰ ਬਹੁਤ ਵੱਡੀ ਸਜ਼ਾ ਦੇ ਦਿੱਤੀ ਸੀ ਰਾਜੇ ਸ਼ਿਵਨਾਭ ਨੇ ਕਿ ਇਸਨੇ ਵਰਤ ਨਹੀਂ ਰੱਖਿਆ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਨੇ। ਕਹਿੰਦੇ ਵਰਤ ਤਾਂ ਅਸੀਂ ਰੱਖਦੇ ਹਾਂ, ਰੋਜ਼ ਵਰਤ ਰਖਦੇ ਹਾਂ। ਚਾਰ ਰੋਟੀਆਂ ਦੀ ਥਾਂ 'ਤੇ ਅਸੀਂ ਤਿੰਨ ਖਾਂਦੇ ਹਾਂ। ਭੁੱਖ ਸਾਨੂੰ ਚਾਰ ਦੀ ਹੁੰਦੀ ਹੈ, ਅਸੀਂ ਤਾਂ ਰੋਜ਼ ਦੇ ਵਰਤ ਰੱਖਣ ਵਾਲੇ ਹਾਂ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤ।***

ਤੁਸੀਂ 30 ਦਿਨ ਰਖਦੇ ਓਂ, ਅਸੀਂ ਸਾਰਾ ਸਾਲ ਹੀ ਰਖਦੇ ਹਾਂ। ਬੰਧਨ ਪਾ ਦਿੱਤਾ, ਦੋ ਈਦਾਂ ਹੋ ਗਈਆਂ, ਪੰਜ ਨਮਾਜ਼ਾਂ ਹੋ ਗਈਆਂ। ਪੰਜ ਵੇਲੇ ਰੱਬ ਯਾਦ ਕਰਨਾ ਹੈ। ਬਾਕੀ ਚਾਹੇ ਭੁੱਲੇ ਰਹੋ ਸਾਰਾ ਦਿਨ। ਉਹ ਪੰਜ ਜ਼ਰੂਰ ਕਰ ਲੈਣੀਆਂ ਨੇ। ਕਰਿਆ ਤਾਂ ਮੋਮਨ, ਨਾ ਕਰਿਆ ਤਾਂ ਕਾਫਰ। ਕਹਿੰਦੇ ਬੰਨ੍ਹ ਦਿੱਤੇ ਬੰਦੇ, ਸੰਗਲ ਨਾਲ ਬੰਨ੍ਹ ਦਿਤੇ।

***..........ਕਰਨੀ ਬੰਦ ਕੀਆ ਸੰਸਾਰਾ।***
***ਪੀਰ ਪੈਕੰਬਰ, ਅਉਲੀਏ,***
***ਗਉਸ, ਕੁਤਬ ਬਹੁਤ ਭੇਖ ਸਵਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਬੇਅੰਤ ਭੇਖ ਬਣ ਗਏ। ਪੀਰਾਂ ਦਾ ਹੋਰ ਭੇਖ, ਪੈਕੰਬਰਾਂ ਦਾ ਹੋਰ, ਗਉਸ ਦਾ ਹੋਰ, ਕੁਤਬਾਂ ਦਾ ਹੋਰ, ਅੱਡ-ਅੱਡ ਭੇਖ ਧਾਰ ਲਏ ਤੇ ਕੰਮ

ਕੀ ਕਰਨ ਲੱਗ ਗਏ।

***ਠਾਕੁਰ ਦੁਆਰੇ ਢਾਹਿਕੈ***
***ਤਿਹਿ ਠਉੜੀ ਮਾਸੀਤ ਉਸਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਇੱਕ ਰੱਬ ਦਾ ਮੰਦਰ ਢਾਹ ਦਿੱਤਾ, ਦੂਜਾ ਰੱਬ ਦਾ ਮੰਦਰ ਉਸਾਰ ਲਿਆ। ਕਿੰਨੇ ਦਿਲ ਟੁੱਟੇ, ਉਹਨੂੰ ਕਾਹਨੂੰ ਢਾਹੁੰਣਾ ਸੀ, ਤੁਸੀਂ ਆਪਣਾ ਬਰਾਬਰ ਹੋਰ ਬਣਾ ਲੈਂਦੇ। ਰੌਲਾ ਪੈਂਦਾ ਹੈ ਇੱਥੇ ਕਿਤੇ। ਉਹਨੂੰ ਢਾਹੋ, ਢਾਹੁੰਣ ਤੇ ਹੀ ਉਨ੍ਹਾਂ ਦਾ ਦਿਲ ਟੁੱਟਦਾ ਹੈ। ਉਥੇ ਹੀ ਗਲਤੀ ਕਰ ਲਈ। ਕਹਿੰਦੇ ਆਹ ਗਲਤੀ ਕਰ ਰਹੇ ਸੀ, ਤਿੰਨ ਹਜ਼ਾਰ ਮੰਦਰ ਢਾਹ ਦਿੱਤਾ ਸੀ, ਵੱਡੇ-ਵੱਡੇ ਜਿਹੜੇ ਸੀ, ਜਿਹਨੂੰ ਦੇਖਣ ਵਾਸਤੇ ਦੁਨੀਆਂ ਆਇਆ ਕਰਦੀ ਸੀ। ਸੱਤ ਅਜੂਬੇ (seven wonders) ਦੁਨੀਆਂ 'ਚ ਮਸ਼ਹੂਰ ਨੇ। ਇੱਥੇ ਤਾਂ ਪਤਾ ਨਹੀਂ ਕਿੰਨੇ ਸੀ ਜਿਹੜੇ ਢਾਹ ਕੇ ਖਤਮ ਕਰ ਦਿੱਤੇ। ਗਰੀਬ ਨੂੰ ਮਾਰਨਾ ਸ਼ੁਰੂ ਕਰ ਦਿੱਤਾ।

***ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਜਦੋਂ ਗਰੀਬ ਮਾਰਿਆ ਜਾਂਦਾ ਹੈ, ਉਸ ਵੇਲੇ ਪ੍ਰਮੇਸ਼ਰ ਦਾ ਦਿਲ ਦੁੱਖ ਜਾਂਦਾ ਹੈ। ਹੈ ਤਾਂ ਵਾਹਿਗੁਰੂ ਦੁੱਖਾਂ-ਸੁੱਖਾਂ ਤੋਂ ਬਾਹਰ, ਪਰ ਉਹ ਰਹਿੰਦਾ ਹਰੇਕ ਹਿਰਦੇ 'ਚ ਹੈ।

***ਸੰਤਨ ਦੁਖ ਪਾਏ ਤੇ ਦੁਖੀ***
***ਸੁਖ ਪਾਏ ਸਾਧਨ ਕੇ ਸੁਖੀ (ਕਬਯੋ ਬਾਚ ਬੇਨਤੀ ਚੌਪਈ)***
***ਕਾਫਰ ਮੁਲਹਿਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।***

***ਭਾਈ ਗੁਰਦਾਸ ਜੀ ਵਾਰ 1/20***

ਇਹ ਸਾਰੀਆਂ ਕੌਮਾਂ ਜਿਹੜੀਆਂ ਸੀ ਇਹ ਸਾਰੇ ਲੜਨ ਲਗ ਗਏ। ਕੋਈ ਮੰਤਵ ਨਹੀਂ ਸੀ ਇਨ੍ਹਾਂ ਦੇ ਸਾਮ੍ਹਣੇ। ਔਰਤਾਂ ਦੇ ਪਿੱਛੇ ਲੜਨ ਲਗ ਗਏ। ਰਾਜ ਪਿੱਛੇ ਤਾਂ ਰਾਜੇ ਲੜਦੇ ਆਏ ਨੇ, ਔਰਤ ਪਿੱਛੇ ਦੋ ਲੜਾਈਆਂ ਹੋਈਆਂ ਸੀ ਭਾਰਤ ਵਰਸ਼ 'ਚ, ਹੁਣ ਤੱਕ ਯਾਦ ਨੇ। ਇੱਕ ਤਾਂ ਦਰੋਪਤੀ ਵਾਲੀ ਹੋਈ ਸੀ, ਮਹਾਂਭਾਰਤ ਦਾ ਯੁੱਧ ਉਹਦੇ 'ਚ 45 ਲੱਖ ਬੰਦੇ ਨੂੰ ਮਰਨਾ ਪਿਆ। ਬੜੀ ਮਾੜੀ ਗੱਲ ਉਹ ਕਰ ਰਹੇ ਸੀ। ਦੂਸਰੀ ਰਾਵਣ ਨਾਲ ਹੋਈ ਸੀ, ਸੀਤਾ ਜੀ ਦੇ ਜਾਣ ਨਾਲ। ਉਹ ਵੀ ਅੱਜ ਤੱਕ ਮਸ਼ਹੂਰ ਹੈ, ਲੰਕਾ ਗਵਾਉਣੀ ਪਈ ਉਸਨੂੰ, ਫੌਜ ਮਰਵਾਉਣੀ ਪਈ ਓਸਨੂੰ। ਲੇਕਿਨ ਏਧਰ ਆ ਕੇ ਹੁਣੇ ਹੀ ਥੋੜ੍ਹਾਂ ਸਮਾਂ ਪਹਿਲਾਂ, ਅੱਠ-ਸੱਤ ਸੌ ਸਾਲ ਪਹਿਲਾਂ ਔਰਤਾਂ ਦੇ ਪਿੱਛੇ ਲੜਾਈ ਲੜੀ, ਪਦਮਨੀ ਸੀ ਚਿਤੌੜਗੜ੍ਹ ਦੀ, ਭੀਮ ਸਿੰਘ ਦੀ ਔਰਤ, ਹਜ਼ਾਰਾ ਬੰਦਾ ਮਾਰਿਆ ਗਿਆ ਓਸ ਲੜਾਈ 'ਚ। ਬਾਰ੍ਹਾਂ ਪੰਦਰਾਂ ਹਜ਼ਾਰ ਰਾਜਪੂਤ ਮਰਿਆ, ਬਾਰ੍ਹਾਂ-ਪੰਦਰਾਂ ਹਜ਼ਾਰ ਜਾਂ ਵੀਹ ਹਜ਼ਾਰ ਮਰਿਆ ਮੁਹੰਮਦ ਗੌਰੀ ਦਾ ਤੇ ਸਾਰੀਆਂ ਹੀ ਔਰਤਾਂ ਜਿੰਨੀਆਂ ਸੀ ਉਹ ਸਾਰੀਆਂ ਹੀ ਅੱਗ 'ਚ ਜਲ ਕੇ ਮਰ ਗਈਆਂ। ਇੱਕ ਮਾਈ ਜਿਸ ਨੂੰ ਅੱਖਾਂ ਤੋਂ ਦਿਸਦਾ ਨਹੀਂ ਸੀ, ਸਿਰਫ ਉਹ ਜੀਉਂਦੀ ਰਹਿ

ਗਈ, ਘੋੜੇ ਸਾਰੇ ਅੰਨ੍ਹੇ ਕਰ ਦਿੱਤੇ ਉਨ੍ਹਾਂ ਨੇ ਕਿ ਦੁਸ਼ਮਣ ਦੇ ਹੱਥ ਨਾ ਆਵੇ। ਹੀਰੇ-ਜਵਾਰਾਤ ਸਭ ਜਲਾ ਦਿੱਤੇ। ਜਦੋਂ ਆ ਕੇ ਮੁਹੰਮਦ ਗੌਰੀ ਨੇ ਪੁੱਛਿਆ ਕਿ ਪਦਮਨੀ ਕਿੱਥੇ ਹੈ? ਉਸ ਨੇ ਢੇਰ ਵਲ ਹੱਥ ਕਰ ਦਿੱਤਾ ਕਿ ਇਹਦੇ 'ਚੋਂ ਟੋਲ੍ਹ ਲੈ, ਪਦਮਨੀ ਨੂੰ। ਇਸੇ ਤਰ੍ਹਾਂ ਚੰਚਲ ਕੁਮਾਰੀ ਸੀ ਰਾਜੇ ਭੱਟੀ ਦੀ, ਭਟਨੇਰ ਵਾਲੇ ਦੀ ਲੜਕੀ; ਉਹਦੇ ਪਿਛੇ ਬੜਾ ਯੁੱਧ ਹੋਇਆ। ਯੁੱਧ ਇਹੀ ਹੁੰਦੇ ਸੀ, ਕਹਿੰਦੇ ਕੋਈ ਗੱਲ ਨਹੀਂ ਸੀ ਕਰਦਾ ਧਰਮ ਦੀ -

***ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।***
***ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।***
***ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।***
***ਵਰਤਿਆ ਪਾਪੁ ਜਗਤੁ ਤੇ ਧਉਲ ਉਡੀਣਾ ਨਿਸਦਿਨੁ ਹੋਆ।***

***ਭਾਈ ਗੁਰਦਾਸ ਜੀ, ਵਾਰ 1/22***

ਜਦੋਂ ਪਾਪ ਵਰਤ ਜਾਂਦਾ ਹੈ ਸੰਸਾਰ ਦੇ ਉਤੇ, ਉਸ ਵੇਲੇ ਧਰਤੀ ਦਾ ਜਿਹੜਾ ਸੰਤੁਲਨ ਹੈ, ਹਿੱਲਣ ਲਗ ਜਾਂਦਾ ਹੈ। ਕਿਉਂਕਿ ਮਹਾਰਾਜ ਕਹਿੰਦੇ ਧਰਤੀ ਦੇ ਥੱਲੇ ਬੈਲ ਨਹੀਂ ਹੈ ਭਾਈ, ਧਰਤੀ ਤਾਂ ਧਰਮ ਨਾਲ ਖੜ੍ਹੀ ਹੈ। ਧਰਮ ਵਧੇਗਾ ਸੁੱਖ ਸ਼ਾਂਤੀ ਰਹੇਗੀ, ਧਰਮ ਘਟੇਗਾ, ਸੰਤੁਲਨ ਵਿਗੜੇਗਾ, ਮੌਸਮ ਦਾ ਵੀ ਸੰਤੁਲਨ ਵਿਗੜੇਗਾ। ਬੇਮਤਲਬੇ ਮੀਂਹ ਪੈਣਗੇ, ਭੁਚਾਲ ਆਉਣਗੇ। ਅਨੇਕਾਂ ਆਫਤਾਂ ਆਉਣਗੀਆਂ। ਕਿਉਂਕਿ ਧਰਮ ਦਾ ਸੰਤੁਲਨ ਵਿਗੜ ਗਿਆ। ਸੂਖਸ਼ਮ ਲਹਿਰਾਂ ਉਠਦੀਆਂ ਨੇ ਆਦਮੀ ਦੇ ਮਨ 'ਚੋਂ। ਜੇ ਪ੍ਰਮੇਸ਼ਰ ਵਲ ਦੀਆਂ ਲਹਿਰਾਂ ਉਠਦੀਆਂ ਨੇ, ਸੰਸਾਰ ਸੁਖੀ ਵਸਦਾ ਹੈ। ਦੁੱਖ ਨਿਕਲ ਜਾਂਦਾ ਹੈ, ਜੇ ਇਹਦੇ ਵਿਪਰੀਤ ਉਠਦੀਆਂ ਨੇ ਤਾਂ ਧਰਤੀ ਡੋਲਣ ਲਗ ਜਾਂਦੀ ਹੈ। ਹਿੱਲਣ ਲਗ ਜਾਂਦੀ ਹੈ। ਇੱਕ ਸੂਤ ਜਿੰਨਾਂ ਹਿੱਲ ਜਾਵੇ, ਉਸੇ ਵੇਲੇ ਐਕਸੀਡੈਂਟ ਹੋ ਜਾਂਦਾ ਹੈ, ਕਿਸੇ ਹੋਰ ਹੀ ਸਤਾਰੇ ਨਾਲ ਜਾ ਕੇ ਜੁੜ ਜਾਏਗੀ। ਕਹਿੰਦੇ ਇਸ ਤਰ੍ਹਾਂ ਹੋ ਗਿਆ ਧਉਲ, ਧਉਲ ਤੋਂ ਹੁਣ ਬੋਝ ਨਹੀਂ ਸਹਿ ਹੁੰਦਾ -

***ਵਰਤਿਆ ਪਾਪੁ ਜਗਤ੍ਰ ਤੇ***
***ਧਉਲ ਉਡੀਣਾ ਨਿਸਦਿਨੁ ਰੋਆ।***
***ਬਾਝੁ ਦਇਆ ਬਲਹੀਣ***
***ਹੋਇ ਨਿਘਰ ਚਲੋ ਰਸਾਤਲਿ ਟੋਆ।***

***(ਭਾਈ ਗੁਰਦਾਸ ਜੀ, ਵਾਰ 1/22)***

ਦਇਆ ਉਡ ਗਈ। ਮਾਂ ਸੀ ਦਇਆ ਧਰਮ ਦੀ, ਜੇ ਮਾਂ ਚਲੀ ਗਈ, ਬੱਚੇ ਨੂੰ ਕਿਹੜਾ ਥਾਉਂ ਹੈ, ਬੱਚਾ ਤਾਂ ਨਿਆਣਾ ਸੀ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - 3***

ਕਹਿੰਦੇ ਮਾਂ ਚਲੀ ਗਈ ਤੇ ਧੌਲੁ ਜਿਹੜਾ ਸੀ ਮਾਂ ਦੀ ਗੈਰ-ਹਾਜ਼ਰੀ ਦੇ ਵਿਚ ਨਿਗਰਣ (ਧਸਣ) ਲਗ ਗਿਆ ਹੇਠਾਂ ਨੂੰ।

***ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।***

***ਭਾਈ ਗੁਰਦਾਸ ਜੀ, ਵਾਰ 1/22***

ਭਾਰਾ ਹੋ ਗਿਆ, ਸੰਤੁਲਨ ਆਉਂਦਾ ਨਹੀਂ ਸਹੀ। ਪਾਪ ਵਰਤ ਗਿਆ। ਹੁਣ ਇਸ ਪਾਪ ਨੂੰ ਕੋਈ ਸਾਧੂ ਰੋਕ ਸਕਦਾ ਹੈ। ਸਾਧੂ ਰਿਹਾ ਨਾ ਸੰਸਾਰ ਦੇ ਅੰਦਰ।

***ਥੰਮੇ ਕੋਇ ਨ ਸਾਧ ਬਿਨੁ***
***ਸਾਧੁ ਨ ਦਿਸੇ ਜਗਿ ਵਿਚਿ ਕੋਆ।***

***(ਭਾਈ ਗੁਰਦਾਸ ਜੀ, ਵਾਰ 1/22)***

ਸਾਧਾਂ ਦੀ ਅਣਹੋਂਦ ਹੋ ਗਈ –

***ਧਰਮ ਧਉਲੁ ਪੁਕਾਰੇ ਤਲੈ ਖੜੋਆ॥***

***ਭਾਈ ਗੁਰਦਾਸ ਜੀ, ਵਾਰ 1/22***

ਧਰਮ ਜਿਹੜਾ ਹੈ ਉਹ ਪੁਕਾਰਾਂ ਕਰਦਾ ਹੈ। ਕਿਉਂਕਿ ਸਾਧੂ ਨਾ ਰਿਹਾ ਸੰਸਾਰ ਤੇ ਕੋਈ। ਭਾਈ ਗੁਰਦਾਸ ਜੀ ਨੇ ਬਹੁਤ ਵੱਡੀ ਗੱਲ ਲਿਖੀ ਹੈ ਕਿ ਸਾਧ ਤੋਂ ਬਿਨਾਂ ਸੰਸਾਰ ਨਹੀਂ ਥੰਮ ਹੁੰਦਾ। ਸਾਧੂ ਘਟ ਜਾਣਗੇ ਸੰਸਾਰ ਦੇ ਅੰਦਰ, ਚੋਰ ਡਾਕੂਆਂ ਵਾਲੀ ਬਿਰਤੀ ਆ ਜਾਏਗੀ, ਖੋਹ ਖਿੰਝ ਆ ਜਾਏਗੀ। ਚੋਰੀ ਕਰਨੀ ਹੈ ਕਰੋ, ਖੋਹੋ, ਜੋ ਕਰਨਾ ਹੈ ਕਰੋ, ਧਰਮ ਕੋਈ ਚੀਜ਼ ਨਹੀਂ ਹੈ। ਐਸਾ ਹੀ ਸਮਾਂ ਚੱਲ ਰਿਹਾ ਹੈ। ਰਿਸ਼ਵਤਾਂ ਚਲਦੀਆਂ ਨੇ, ਧੋਖੇ ਚੱਲਦੇ ਨੇ, ਮਿਲਾਵਟਾਂ ਚਲਦੀਆਂ ਨੇ। ਪੀ.ਜੀ.ਆਈ ਇੱਕ ਨਹੀਂ, ਚਾਹੇ ਪੰਜਾਹ ਪੀ.ਜੀ.ਆਈ ਵਰਗੇ ਹਸਪਤਾਲ ਬਣਾ ਦਿਓ, ਤਾਂ ਵੀ ਬਿਮਾਰੀਆਂ ਨਹੀਂ ਹਟਣੀਆਂ। ਕਿਉਂਕਿ ਧਰਮ ਹਿੱਲ ਗਿਆ, ਖਾਣ ਨੂੰ ਕੋਈ ਚੀਜ਼ ਸਹੀ ਨਹੀਂ ਮਿਲਦੀ। ਜਿੰਨਾਂ ਜੀਅ ਕਰਦਾ ਹੈ ਪੈਸਾ ਖਰਚ ਲਓ, ਕੱਪੜਾ ਲੈਣ ਜਾਓ, ਕੀ ਪਤਾ ਕੀ ਦਿੱਤਾ, ਸਰੀਰ ਨਾਲ ਹੀ ਚਿੰਬੜੇ ਜਾਂਦੇ ਨੇ। ਹਰੇਕ ਕਹਿੰਦਾ ਹੈ ਕਿ ਪਤਾ ਨਹੀਂ ਜੀ ਮੇਰੀ ਚਮੜੀ ਨੂੰ ਕੀ ਹੋ ਗਿਆ, ਕੱਪੜੇ ਵਾਲਿਆਂ ਨੇ ਕੀ ਕਰ ਦਿੱਤਾ। ਇੰਡਸਟਰੀਆਂ ਲਗ ਗਈਆਂ ਗਲਤ। ਆਦਮੀ ਨੂੰ ਨੁਕਸਾਨ ਪਹੁੰਚਾਉਂਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਕੁਛ ਹੀ ਗਲਤ ਹੋ ਗਿਆ ਸਾਧ ਸੰਗਤ ਜੀ। ਉਹਦੇ ਨਾਲ ਕਹਿੰਦੇ ਸਾਧ ਨਹੀਂ ਰਿਹਾ ਕੋਈ। ਸਾਧ ਨਹੀਂ ਹੈ ਤਾਂ ਥੰਮ ਨਹੀਂ ਹੁੰਦਾ ਇਹ। ਸਾਧੂ ਥੰਮ ਕੇ ਰਖਦੇ ਨੇ, ਲਾਈਟ ਹਾਊਸ ਹੁੰਦੇ ਨੇ ਸਾਧੂ। ਜਿੰਨੇ ਏਰੀਏ 'ਚ ਰਹਿੰਦੇ ਨੇ ਓਨੇ ਏਰੀਏ ਨੂੰ ਸੁਧਾਰਦੇ ਰਹਿੰਦੇ ਨੇ। ਦਿਨ ਰਾਤ ਇੱਕ ਕਰਕੇ ਦਸਦੇ ਨੇ, ਲੇਕਿਨ ਸਾਧੂ ਕਹਿੰਦੇ ਕੀਹਨੂੰ ਨੇ? ਜਿਹਦੇ ਵਿਚ ਪ੍ਰਮੇਸ਼ਰ ਦਾ ਗਿਆਨ ਪ੍ਰਗਟ ਹੋਵੇ। ਐਵੇਂ ਭੇਖ ਧਾਰ ਕੇ ਸਾਧੂ ਨਹੀਂ ਹੁੰਦਾ। ਕਿਸੇ ਸਥਾਨ ਦਾ ਮਾਲਕ ਹੋ ਕੇ ਸਾਧੂ ਨਹੀਂ ਹੁੰਦਾ। ਕਿਸੇ ਡੇਰੇ ਦਾ ਵੱਡਾ ਮਹੰਤ ਹੋ ਕੇ ਸਾਧੂ ਨਹੀਂ ਹੁੰਦਾ। ਸਾਧੂ ਹੁੰਦਾ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥***

***ਅੰਗ – 319***

ਜਿਹਦੇ ਹਿਰਦੇ 'ਚੋਂ ਪੰਜਾਂ ਭਰਮਾਂ ਦਾ ਪੂਰਨ ਤੌਰ 'ਤੇ ਨਾਸ਼ ਹੋ

ਜਾਵੇ, ਜਿਹਨੂੰ ਇਹ ਸਾਰਾ ਸੰਸਾਰ ਪ੍ਰਮੇਸ਼ਰ ਦਾ ਰੂਪ ਦਿੱਸਣ ਲਗ ਜਾਵੇ। ਜਦੋਂ ਅੱਖਾਂ ਨਾਲ ਦੇਖਦਾ ਹੈ ਤਾਂ ਵੀ ਪ੍ਰਮੇਸ਼ਰ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਪ੍ਰਮੇਸ਼ਰ। ਉਹਨੂੰ ਹੋਰ ਕੁਛ ਸੁਣਿਆ ਨਹੀਂ ਕਰਦਾ।

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*

*ਅੰਗ - 1420*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ - 1265*

ਜਿਹਦੀ ਐਸੀ ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਕਿਸੇ ਇੱਕ ਧਰਮ ਦਾ ਬੰਦਾ ਨਹੀਂ ਹੁੰਦਾ। ਇਹ ਭੁਲੇਖਾ ਬੜਾ ਹੈ। ਸਾਧੂ ਦਾ ਧਰਮ ਤਾਂ ਪ੍ਰਮੇਸ਼ਰ ਹੁੰਦਾ ਹੈ, ਹੋਰ ਕੋਈ ਨਹੀਂ ਹੁੰਦਾ। ਕਿਉਂਕਿ ਧਰਮ ਸਭ ਇੱਕੋ ਹੀ ਹੈ, ਦੋ ਨਹੀਂ ਹੁੰਦੇ। ਮਹਾਰਾਜ ਨੇ ਆਪ ਬਾਣੀ 'ਚ ਲਿਖਿਆ ਹੈ–

*ਬੀਜ ਮੰਤ੍ਰ ਸਰਬ ਕੋ ਗਿਆਨੁ ॥* *ਅੰਗ - 274*

ਸਾਰਿਆਂ ਦਾ ਗਿਆਨ ਬੀਜ ਮੰਤ੍ਰ ਹੈ। ਜਿਹੜਾ ਬੀਜ ਮੰਤ੍ਰ ਤੱਕ ਪਹੁੰਚ ਗਿਆ। ਉਹਨੂੰ ਸਾਰੀ ਸ੍ਰਿਸ਼ਟੀ ਇੱਕ ਹੋ ਗਈ, ਦੋ ਨਾ ਰਹੀ। ਕੀ ਭਾਈ ਘਨਈਏ ਨੂੰ ਦੂਜਾ ਦਿਸਿਆ? ਪਾਣੀ ਪਿਲਾਈ ਗਿਆ, ਗੁਰੂ ਦਸਵੇਂ ਪਾਤਸ਼ਾਹ ਦੇ ਪੇਸ਼ੀ ਹੋਈ।

ਭਾਈ ਘਨਈਆ! ਤੂੰ ਮੁਗਲਾਂ ਨੂੰ ਪਾਣੀ ਪਿਲਾਉਂਦਾ ਹੈਂ?

ਕਹਿੰਦੇ ਨਾ ਸਤਿਗੁਰੂ!

ਪਹਾੜੀਆਂ ਨੂੰ ਪਾਣੀ ਪਿਲਾਇਆ ਹੈ ਫੇਰ?

ਨਾ ਸਤਿਗੁਰੂ!

ਫੇਰ ਖਾਲਸੇ ਨੂੰ ਪਾਣੀ ਪਿਲਾਇਆ ਹੈ?

ਨਹੀਂ ਮਹਾਰਾਜ!

ਕਹਿੰਦੇ, ਫੇਰ ਪਾਣੀ ਪਿਲਾਇਆ ਕੀਹਨੂੰ ਹੈ ਤੂੰ?

ਕਹਿੰਦਾ, ਸੱਚੇ ਪਾਤਸ਼ਾਹ! ਪੁਰਾਣੀ ਗੱਲ ਹੈ ਜਦੋਂ ਮੈਨੂੰ ਕੋਈ ਨਜ਼ਰ ਆਉਂਦੇ ਸੀ। ਲੇਕਿਨ ਹੁਣ ਤਾਂ ਤੂੰ ਮੇਰੇ ਨੇਤਰਾਂ ਦੇ ਵਿੱਚ ਗਿਆਨ ਦਾ ਸੁਰਮਾ ਪਾ ਦਿੱਤਾ। ਮੈਨੂੰ ਤਾਂ ਹੁਣ ਤੇਰੇ ਬਗੈਰ ਕਿਤੇ ਦੂਜਾ ਨਜ਼ਰ ਹੀ ਨਹੀਂ ਆਉਂਦਾ। ਜਿਧਰ ਦੇਖਦਾ ਹਾਂ ਤੂੰ ਹੀ ਤੂੰ ਹੈਂ। ਦੂਸਰਾ ਨਹੀਂ ਨਜ਼ਰ ਆਉਂਦਾ –

*ਧਾਰਨਾ – ਤੂੰਹੀਂ ਤੂੰਹੀਂ ਮੋਹਿਨਾ – 2*
*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - 407*

ਗੁਰੂ ਦਸ਼ਮੇਸ਼ ਪਿਤਾ ਨੇ ਉਠ ਕੇ ਬੁੱਕਲ 'ਚ ਲੈ ਲਿਆ, ਕਹਿੰਦੇ

ਘਨਈਆ! ਨਿਹਾਲ! ਨਿਹਾਲ! ਨਿਹਾਲ। ਦੇਖ, ਹੁਣ ਤੂੰ ਮੈਨੂੰ ਪਾਣੀ ਪਿਲਾਉਂਦਾ ਹੈਂ। ਆਹ ਫੜ ਡੱਬੀ ਮਲ੍ਹਮ ਦੀ ਤੇ ਆਹ ਫੜ ਪੱਟੀਆਂ, ਅੱਜ ਤੋਂ ਬਾਅਦ ਮੇਰੇ ਜ਼ਖਮਾਂ ਨੂੰ ਸਾਫ ਕਰਕੇ ਪਹਿਲਾਂ ਮਲ੍ਹਮ ਭਰੀਂ, ਫੇਰ ਪੱਟੀਆਂ ਕਰੀ। ਕਿਉਂਕਿ ਸਾਧ ਹੋ ਗਿਆ ਉਹ। ਖੁਸ਼ੀ ਹੋ ਗਿਆ ਕਿ ਇੱਕ ਸਾਧ ਬਣ ਗਿਆ ਸਾਡੇ। ਇਹਨੂੰ ਸਾਧ ਕਹਿੰਦੇ ਨੇ, ਸਾਧ ਹੈ ਨਹੀਂ ਸੀ –

*ਥੰਮੇ ਕੋਈ ਨ ਸਾਧੁ ਬਿਨੁ*
*ਸਾਧੁ ਨ ਦਿਸੈ ਜਗਿ ਵਿਚਿ ਕੋਆ।*

*ਭਾਈ ਗੁਰਦਾਸ ਜੀ, ਵਾਰ 1/22*

ਅਕਾਲ ਪੁਰਖ ਦਾ ਹੁਕਮ ਹੋਇਆ, ਆਪ ਗੁਰੂ ਪ੍ਰਮੇਸ਼ਰ ਰੂਪ ਧਾਰ ਕੇ, ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟਿਆ। ਬਾਕੀ ਕੌਣ ਸੀਗੇ, ਨੌਂ ਜੋਤਾਂ ਬਾਅਦ ਵਿਚ, ਨੌਂ ਸਰੀਰ ਬਦਲੇ, ਕੋਈ ਵੀ ਨਹੀਂ ਸੀ, ਹੁਣ ਵੀ ਕੋਈ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰੂ ਨਾਨਕ ਨੇ। ਉਹ ਵੀ ਗੁਰੂ ਨਾਨਕ ਸੀ, ਗੱਲ ਕਰਨ ਵਾਸਤੇ ਫਰਕ ਪੈ ਜਾਂਦਾ ਹੈ, ਗੁਰੂ ਤੇਗ ਬਹਾਦਰ ਸਾਹਿਬ। ਜੇ ਅਸੀਂ ਕਹੀਏ ਕਿ ਗੁਰੂ ਨਾਨਕ ਸਾਹਿਬ ਨੇ ਸੀਸ ਦਿੱਤਾ, ਸਾਰੇ ਗੱਲਾਂ ਕਰਨਗੇ ਮੈਨੂੰ ਕਿ ਇਹ, ਇਹ ਕੀ ਕਹਿਣ ਲੱਗ ਗਿਆ। ਸਾਡੀ ਸਮਝ ਤੋਂ ਉਪਰਲੀਆਂ ਗੱਲਾਂ ਕਰਦਾ ਹੈ ਜਾਂ ਇਹਨੂੰ ਗੱਲ ਦਾ ਨਹੀਂ ਪਤਾ। ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਦਿੱਤੀ ਹੈ, ਇਹ ਕਹਿੰਦਾ ਹੈ ਗੁਰੂ ਨਾਨਕ ਸਾਹਿਬ ਨੇ ਦਿੱਤੀ ਹੈ। ਫੇਰ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਨਾਉਂ ਸੀਗਾ। ਨਾਉਂ ਤਾਂ ਸੀਗਾ, ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦਾ ਨਾਉਂ ਹੈ ਕੋਈ? ਉਥੇ ਤਾਂ ਨਾਨਕ ਹੀ ਨਾਉਂ ਹੈ। ਪੰਜਵਾਂ ਨਾਨਕ, ਚੌਥਾ ਨਾਨਕ, ਨੌਵਾਂ ਨਾਨਕ। ਕਿਤੇ ਨਹੀਂ ਲਿਖਿਆ ਹੋਇਆ ਗੁਰੂ ਤੇਗ ਬਹਾਦਰ ਸਾਹਿਬ, ਜਿਹਦੇ ਵਿੱਚ ਅਸੀਂ ਪੜ੍ਹਦੇ ਹਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਇਆ।

*ਬਾਂਹਿ ਜਿਨਾ ਦੀ ਪਕੜੀਐ*
*ਸਿਰ ਦੀਜੈ ਬਾਹਿ ਨ ਛੋਡੀਐ।*
*ਤੇਗ ਬਹਾਦਰ ਬੋਲਿਆ,*
*ਧਰਿ ਪਈਐ ਧਰਮ ਨ ਛੋਡੀਐ।*

ਬਾਣੀ ਵਿਚ ਆਇਆ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਜੋਤ ਹੀ ਸੀ। 236 ਸਾਲ ਦੇ ਕਰੀਬ ਉਨ੍ਹਾਂ ਨੂੰ ਸੰਸਾਰ 'ਤੇ ਰਹਿਣਾ ਪਿਆ, ਸਾਧ ਬਣਾਉਣ ਵਾਸਤੇ ਕਿ ਸਾਧੂ ਬਣਾ ਦਿਓ, ਫੇਰ ਇਹ ਥੰਮ ਲੈਣਗੇ, ਇਕੱਠੇ ਹੋ ਕੇ। ਜੇ ਵਲੀ ਕੰਧਾਰੀ ਕੋਲ ਗਏ ਨੇ, ਉਹਦੇ 'ਚੋਂ ਤਕੱਬਰ ਕੱਢ ਦਿੱਤਾ, ਗਰੂਰ ਹੰਕਾਰ; ਸ਼ੈਤਾਨ ਕੱਢ ਕੇ ਸਰੀਰ ਓਹੀ ਰਹਿਣ ਦਿੱਤਾ। ਲੇਕਿਨ ਸਾਧ ਦਾ ਟੀਕਾ ਲਾ ਦਿੱਤਾ। ਜੇ ਕੌਡੇ ਰਾਕਸ਼ ਕੋਲ ਗਏ ਨੇ, ਉਹਦੇ 'ਚੋਂ ਰਾਕਸ਼ਪੁਣਾ ਕੱਢ ਦਿੱਤਾ ਤੇ ਸਾਧੂ ਬਣਾ ਦਿੱਤਾ, ਮੰਜੀ 'ਤੇ ਬਿਠਾ ਦਿੱਤਾ। ਜੇ ਸੱਜਣ ਠੱਗ ਕੋਲ ਗਏ ਨੇ ਠੱਗਪੁਣਾ ਉਹਦੇ 'ਚੋਂ ਕੱਢ ਦਿੱਤਾ, ਸਾਧੂ ਬਣਾ ਕੇ ਬਿਠਾ ਦਿੱਤਾ। ਕਹਿੰਦੇ ਸੱਜਣਾ! ਆਹ ਜਿਹੜਾ

ਤੈਨੂੰ ਆਨੰਦ ਆਇਆ ਹੈ ਨਾ, ਇਹ ਤਾਂ ਰਹਿਣਾ ਹੈ ਜੇ ਆਹ ਪਾਪ ਦੀ ਕਮਾਈ ਵੰਡ ਦੇਵੇਂ ਸਾਰੀ। ਇੱਕ ਸਕਿੰਟ ਨਹੀਂ ਲਾਇਆ, ਉਜਰ ਨਹੀਂ ਕਰਿਆ। ਬਚਨ ਹੋ ਗਿਆ, ਉਸੇ ਵੇਲੇ ਜਾ ਕੇ 100-50 ਰਾਜ ਲੈ ਆਇਆ, ਗੈਂਤੀਆਂ ਲੈ ਆਂਦੀਆਂ, ਮਜ਼ਦੂਰ ਲੈ ਆਇਆ ਕਹਿੰਦਾ ਢਾਹ ਦਿਓ, ਇੱਟ-ਇੱਟ ਕਰ ਦਿਓ ਇਹਦੀ ਸਾਰੇ ਦੀ। ਹੋਕਾ ਫਿਰਾ ਦਿੱਤਾ ਦੁਨੀਆਂ ਭਰ 'ਚ, ਦੂਰ ਤਕ ਕਿ ਸੱਜਣ ਨੇ ਮਹੱਲ ਢਾਹੇ ਨੇ ਆਪਣੇ, ਜਿਨ੍ਹਾਂ ਨੇ ਮਲਬਾ ਚੁੱਕਣਾ ਹੈ ਆ ਜਾਓ, ਇੱਟਾਂ ਵੱਟੇ ਸਭ ਮੁਫਤ ਮਿਲਦਾ ਹੈ। ਬੇਅੰਤ ਮਾਲ ਹੈ ਉਹਦੇ 'ਚ, ਭਰੇ ਪਏ ਨੇ ਭੰਡਾਰੇ। ਤਿੰਨ ਦਿਨਾਂ ਦੇ ਅੰਦਰ ਸਾਰੀਆਂ ਇੱਟਾਂ ਚੁਕਵਾ ਦਿੱਤੀਆਂ। ਸਾਰਾ ਜਿੰਨਾਂ ਮਾਲ ਮੱਤਾ ਸੀ, ਉਠਾ ਦਿੱਤਾ। ਦਰੱਖਤ ਦੇ ਥੱਲੇ ਬਹਿ ਗਿਆ, ਤੀਜੇ ਦਿਨ। ਜਿਹੜੇ ਨਾਲ ਸੀ, ਕਹਿੰਦਾ ਹੁਣ ਜਾਓ, ਹੁਣ ਤੁਹਾਡਾ ਮੇਰਾ ਸਾਥ ਨਹੀਂ ਰਿਹਾ। ਜੇ ਰਹਿਣਾ ਹੈ ਤਾਂ ਇਵੇਂ ਜਿਵੇਂ ਰਹੋ ਜਿਵੇਂ ਮੈਂ ਹਾਂ। ਝੌਂਪੜੀ ਪੈ ਗਈ, ਮੰਜੇ ਦੇ ਉਤੇ ਗੁਰੂ ਮਹਾਰਾਜ ਬੈਠੇ ਨੇ, ਵਾਣ ਦੇ ਮੰਜੇ 'ਤੇ। ਕਿਉਂਕਿ ਬਾਕੀ ਤਾਂ ਰਿਹਾ ਹੀ ਨਹੀਂ ਕੁਛ, ਮੰਜਾ ਆ ਗਿਆ ਕਿਤੋਂ। ਕਹਿੰਦੇ, ਸੱਜਣਾ! ਇੱਕ ਮੰਜੀ ਹੋਰ ਮੰਗਾ। ਮੰਜੀ ਮੰਗਾ ਲਈ, ਕਹਿੰਦੇ ਲੈ ਬਈ ਸੱਜਣਾ! ਆਹ ਮੰਜੀ ਦੇ ਉਤੇ ਅਸੀਂ ਤੈਨੂੰ ਬਿਠਾਉਂਦੇ ਹਾਂ। ਆਹ ਜਿਹੜਾ ਤੇਰੇ ਅੰਦਰ ਨਾਮ ਦਾ ਨਿਵਾਸ ਹੋਇਆ ਹੈ ਨਾ, ਹੁਣੇ ਸੰਸਾਰ ਨੂੰ ਵੰਡ ਦੇ। ਤੈਨੂੰ ਅਸੀਂ ਸਾਧ ਬਣਾ ਦਿੱਤਾ, ਠੱਗ ਨਹੀਂ ਰਿਹਾ ਤੂੰ। ਸਾਧ ਬਣਾਉਣ ਵਾਸਤੇ ਗੁਰੂ ਸਾਹਿਬ ਆਏ ਸੀ ਕਿਉਂਕਿ ਸੰਸਾਰ ਰਹਿੰਦਾ ਨਹੀਂ ਸਾਧ ਬਿਨਾਂ। ਇੱਕ ਬੰਦਾ ਤਾਂ ਕਰ ਹੀ ਨਹੀਂ ਸਕਦਾ। ਥਾਂ-ਥਾਂ 'ਤੇ ਲਾਈਟ ਹਾਊਸ ਹੋਣ ਤਾਂ ਹਨ੍ਹੇਰਾ ਥੋੜ੍ਹਾ ਜਿਹਾ ਦੂਰ ਹੁੰਦਾ ਹੈ। ਇੱਕ ਬੰਦਾ ਤਾਂ ਸਾਰੀ ਦੁਨੀਆਂ ਨੂੰ ਸਾਂਭ ਨਹੀਂ ਸਕਦਾ। ਪ੍ਰਮੇਸ਼ਰ ਨੇ ਥਾਂ-ਥਾਂ ਦੇ ਉਤੇ ਡਿਊਟੀਆਂ ਲਾਈਆਂ ਹੋਈਆਂ ਨੇ। ਆਪਣੀ-ਆਪਣੀ ਡਿਊਟੀ ਦੇ ਮੁਤਾਬਿਕ ਪ੍ਰਮੇਸ਼ਰ ਕੰਮ ਕਰਾ ਰਿਹਾ ਹੈ ਸਾਰਿਆਂ ਤੋਂ। ਸੋ ਐਸੀ ਹਾਲਤ ਦੇ ਵਿਚ ਮਹਾਰਾਜ ਕਹਿੰਦੇ ਸਮਾਂ ਸੀ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥*** ***ਅੰਗ - 145***

ਧਰਮ ਰਿਹਾ ਹੀ ਨਾ, ਉਡ ਕੇ ਚਲਿਆ ਗਿਆ। ਜਿਹੜੇ ਸਮਾਜ 'ਚੋਂ ਧਰਮ ਨਿਕਲ ਜਾਵੇ, ਉਸ ਸਮਾਜ ਕੀ ਹੁੰਦਾ ਹੈ? ਅਧਰਮੀਆਂ ਦਾ ਸਮਾਜ, ਚੋਰਾਂ ਦਾ, ਡਾਕੂਆਂ ਦਾ, ਕਾਤਲਾਂ ਦਾ, ਬੇਰਹਿਮਾਂ ਦਾ। ਕਹਿੰਦੇ, ਜੀ ਰਾਜਨੀਤੀ ਵਿਚ ਧਰਮ ਨਾ ਰਲਾਓ। ਧਰਮ ਤਾਂ ਚਰਿੱਤਰ ਨੂੰ ਕਹਿੰਦੇ ਨੇ, ਮਜ਼੍ਹਬ ਨੂੰ ਨਹੀਂ ਕਹਿੰਦੇ, ਕਿੱਡੀ ਵੱਡੀ ਗੱਲ ਕਹਿੰਦੇ ਨੇ। ਉਹ ਇਹ ਕਹਿਣ ਕਿ ਮਜ਼੍ਹਬ ਨਾ ਰਲਾਓ, ਕਿਉਂਕਿ ਮਜ਼੍ਹਬ ਰਲਿਆ ਬੁਰਿਆਈ ਕਰਦਾ ਹੈ। ਸਾਰੇ ਮਜ਼੍ਹਬਾਂ ਦੇ ਚੰਗੇ ਅਸੂਲ ਛਾਂਟ ਕੇ, ਸੰਵਿਧਾਨ ਬਣਾ ਦਿਓ ਦਿੱਲੀ ਦਾ, ਜੇ ਕਦੇ ਰੌਲਾ ਪੈ ਜਾਵੇ। ਅਸੂਲ ਬਣਾ ਦਿਓ ਕਿ ਆਹ ਗੱਲਾਂ ਨਹੀਂ ਕਰਨੀਆਂ। ਜਦੋਂ ਧਰਮ ਵਾਲੇ ਹੋਣਗੇ ਸਾਡੇ ਮੁਖੀ। ਫੇਰ ਇੱਥੇ ਤਾਂ ਮੀਂਹ ਵੀ ਸਮੇਂ ਨਾਲ ਪੈਣਗੇ, ਨਾ ਕੋਈ ਰੌਲਾ ਪਵੇ ਨਾ ਹੜਤਾਲਾਂ

ਹੋਣ। ਕੁਛ ਨਹੀਂ ਹੁੰਦਾ, ਕਰਮਚਾਰੀ ਵੀ ਕੰਮ ਕਰਨਗੇ, ਕਿਉਂਕਿ ਧਰਮ ਨੇ ਆ ਕੇ ਰਾਜ ਕਰ ਲਿਆ। 'ਯਥਾ ਰਾਜਾ ਤਥਾ ਪਰਜਾ' ਅਧਰਮ ਜਦੋਂ ਕਰ ਲਏਗਾ, ਫੇਰ ਖੋਹ ਖਿੰਝ ਵਧ ਜਾਏਗੀ। ਸੋ ਧਰਮ ਉਡ ਗਿਆ, ਸਮਾਜ ਦੇ ਵਿਚੋਂ ਨਾ ਸਮਾਜ ਦਾ ਧਰਮ ਰਿਹਾ ਨਾ ਰਾਜੇ ਦਾ ਰਿਹਾ। ਰਾਜੇ ਤਾਂ ਬਣ ਗਏ ਕਸਾਈ, ਕਲਜੁਗ ਦੀ ਕੈਂਚੀ ਹੱਥ 'ਚ ਫੜ ਲਈ ਉਨ੍ਹਾਂ ਨੇ।

***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥*** ***ਅੰਗ - 145***

ਕੂੜ ਦੀ ਹੋ ਗਈ ਮੱਸਿਆ, ਸਚਾਈ ਦਾ ਜੋ ਚੰਦਰਮਾ ਸੀ, ਉਹ ਛੁਪ ਗਿਆ। ਮੱਸਿਆ ਇੱਕ ਦਿਨ ਰਹਿੰਦੀ ਹੈ, ਦੂਜੇ ਦਿਨ ਪਹਿਲੀ ਦਾ ਚੰਦ ਆ ਜਾਂਦਾ ਹੈ, ਲੋਕ ਮੱਥੇ ਟੇਕਦੇ ਨੇ। ਫੇਰ ਚਾਨਣ ਆ ਗਿਆ। ਦੂਜ ਨੂੰ ਬਹੁਤੇ ਟੇਕਦੇ ਨੇ, ਉਹ ਪ੍ਰਕਾਸ਼ ਨੂੰ ਮੱਥਾ ਟੇਕਦੇ ਨੇ। ਮੱਸਿਆ ਮਨਾਉਂਦੇ ਹਾਂ ਕਿ ਹੁਣ ਅੱਜ ਖਤਮ ਹੋ ਜਾਣਾ ਹੈ ਹਨ੍ਹੇਰਾ, ਮਨਾ ਲਓ ਅੱਜ, ਕੱਲ੍ਹ ਤੋਂ ਚਾਨਣਾ ਸ਼ੁਰੂ ਹੋ ਜਾਏਗਾ। ਇਹ ਜ਼ਿੰਦਗੀ ਦੀ ਮੱਸਿਆ ਜਦੋਂ ਮਨਾ ਲਈ ਜਾਵੇ ਫੇਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ, ਮੱਸਿਆ ਛਾ ਗਈ, ਦਿਸਦਾ ਨਹੀਂ ਹੈ ਪ੍ਰਕਾਸ਼। ਕਹਿੰਦੇ-

***ਹਉ ਭਾਲਿ ਵਿਕੁੰਨੀ ਹੋਈ ॥*** ***ਅੰਗ - 145***

ਬੇਤਾਬ ਹੋ ਕੇ, ਸਾਹੋ-ਸਾਹ ਹੋ ਕੇ, ਅਸੀਂ ਕਹਿੰਦੇ ਸੱਚ ਨੂੰ ਭਾਲਦੇ ਫਿਰਦੇ ਹਾਂ। ਕਿਤੇ ਲੱਭਦਾ ਹੀ ਨਹੀਂ ਹੈ -

***ਆਧੇਰੈ ਰਾਹੁ ਨ ਕੋਈ ॥*** ***ਅੰਗ - 145***

ਅਸੀਂ ਸਾਰਿਆਂ 'ਚ ਦੇਖਿਆ ਹੈ, ਜੋਗੀਆਂ 'ਚ ਗਏ, ਮੱਠਾਂ ਵਾਲਿਆ 'ਚ ਗਏ, ਵੱਡੇ-ਵੱਡੇ ਪੀਰਾਂ ਦੇ ਆਸ਼ਰਮਾਂ 'ਚ ਗਏ, ਸਭ ਤੋਂ ਵੱਡਾ ਪੀਰ ਜਿਹੜਾ ਓਸ ਵੇਲੇ ਦਾ ਸੀ, ਬਗਦਾਦ ਦਾ ਦਸਤਗੀਰ ਸੀ, ਆਪ ਨੇ ਉਹਦੇ ਅੰਦਰ ਪਿਆ ਝੂਠ ਦਾ ਪਰਦਾ ਲਾਹਿਆ ਤੇ ਗਿਆਨ ਦਾ ਪ੍ਰਕਾਸ਼ ਕਰਾਇਆ। ਬਹਿਲੋਲ ਸੀ ਉਸ ਦੇ ਪੁੱਤਰ ਦਾ ਨਾਉਂ। ਉਥੇ ਪੱਥਰ ਲੱਗਿਆ ਹੋਇਆ ਹੈ। ਗੁਰੂ ਨਾਨਕ ਲਿਖਦੇ ਨੇ - ਬਹਿਲੋਲ! ਤੈਨੂੰ ਖੋਜਦਾ ਮੈਂ ਇੱਥੇ ਪਹੁੰਚਿਆ ਸੀ, ਕਿਉਂਕਿ ਪਿਆਰ ਵਾਲੀ ਰੂਹ ਸੀ ਉਹ। ਨਿਰਛਲ ਸੀ, ਰੌਸ਼ਨੀ ਵਾਲੀ ਰੂਹ ਸੀ। ਗੁਰੂ ਨਾਨਕ ਆ ਜਾਂਦੇ ਨੇ, ਥੜ੍ਹਾ ਬਣਾਉਂਦਾ ਹੈ ਉਥੇ, ਸਾਮ੍ਹਣੇ ਦੇਖੀ ਜਾਂਦਾ ਹੈ, ਜਿਥੇ ਗੁਰੂ ਨਾਨਕ ਨੇ ਚੌਂਕੜਾ ਮਾਰ ਕੇ, ਨੌਂ ਮਹੀਨੇ ਬੈਠੇ ਗੁਰੂ ਨਾਨਕ ਬਗਦਾਦ 'ਚ। ਹੁਣ ਕਈ ਕਹਿੰਦੇ ਨੇ ਜੀ, ਗੁਰੂ ਨਾਨਕ ਹਿੰਦੂਆਂ ਦੇ ਘਰੋਂ ਮੰਗਾ ਕੇ ਖਾਂਦੇ ਸੀ। ਗੁਰੂ ਨਾਨਕ ਦੀ ਨਿਗ੍ਹਾਂ 'ਚ ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ। ਇਹ ਤਾਂ ਸਾਡੇ ਵਾਸਤੇ ਨੇ। ਕਈਆਂ ਨੂੰ ਇਹ ਗੱਲ ਔਖੀ ਲੱਗੇਗੀ ਕਿ ਹੈਂ ਜੀ! ਫੇਰ ਗੁਰੂ ਨਾਨਕ ਸਾਹਿਬ ਮੁਸਲਮਾਨਾਂ ਦਾ ਖਾਂਦੇ ਰਹੇ, ਮੁਸਲਮਾਨ ਹਿੰਦੂ ਗੁਰੂ ਨਾਨਕ ਸਾਹਿਬ ਦੇ ਸਾਮ੍ਹਣੇ ਇਨਸਾਨ ਸੀ। ਕਹਿੰਦੇ ਜੇ ਸਾਡੇ 'ਚ ਲਹੂ ਹੈ ਤਾਂ ਕੀ ਤੇਰੇ 'ਚ ਦੁੱਧ ਹੈ? ਜਿਹੋ ਜਿਹੇ ਪੰਜ ਤੱਤ ਤੇਰੇ ਓਹੋ ਜਿਹੇ ਸਾਡੇ। ਉਥੇ

ਹੀ ਬਹਿ ਗਿਆ, ਛੱਤੀ ਸਾਲ ਕੰਧ ਦੇ ਵਲ ਮੂੰਹ ਕਰਕੇ ਬੈਠਾ ਰਿਹਾ। ਧੰਨ ਸੀ ਉਹ ਪ੍ਰੇਮੀ, ਜਿਹਨੇ ਇਕ ਵਾਰ ਗੁਰੂ ਨਾਨਕ ਦੇਖ ਲਿਆ, ਫੇਰ ਪਿਆਰ 'ਚ ਐਨਾ ਮਸਤ ਹੋ ਗਿਆ, ਮੁੜ ਨਹੀਂ ਫੇਰ ਉਹਨੇ ਕਿਸੇ ਹੋਰ ਨੂੰ ਦੇਖਿਆ। ਉਹਨੇ ਲਿਖ ਦਿੱਤਾ, ਕੰਧ ਦੇ ਉਤੇ ਕਿ ਮੈਂ ਅੱਲਾਹ ਪਾਕ ਦੀ ਜ਼ਾਤ ਦੇਖੀ ਤੇ ਮੈਂ ਹੁਣ ਕੋਈ ਨਹੀਂ ਦੇਖਣਾ ਚਾਹੁੰਦਾ ਉਸ ਤੋਂ ਬਗੈਰ। ਧਿਆਨ ਐਨਾ ਪਰਪੱਕ ਹੋ ਗਿਆ, ਗੁਰੂ ਨਾਨਕ ਚੌਂਤਰੇ 'ਤੇ ਬੈਠੇ ਹੀ ਉਹਨੂੰ ਦਿਸੀ ਜਾਣ। ਉਹਨੇ ਲਿਖ ਕੇ ਲਾ ਦਿੱਤਾ ਕਿ 36 ਸਾਲ ਮੈਂ ਇਸ ਥਾਂ ਦੇ ਉਤੇ ਗੁਰੂ ਨਾਨਕ ਦੇ ਦਰਸ਼ਨ ਕਰਦਾ ਰਿਹਾ ਬੈਠ ਕੇ, ਮੈਂ ਹੋਰ ਕਿਸੇ ਨੂੰ ਨਹੀਂ ਦੇਖਿਆ। ਪਿਆਰ ਵਾਲਾ ਸੀ, ਗੁਰੂ ਨਾਨਕ ਗਏ ਐਸੇ ਸਖਤ ਬੰਦੇ ਕੋਲ, ਸਾਧ ਬਣਾ ਆਏ ਉਹਨੂੰ। ਕਪੜੇ ਨਹੀਂ ਬਦਲਾਏ, ਕੁਛ ਨਹੀਂ ਬਦਲਾਇਆ, ਅੰਦਰ ਸਾਧ ਦਾ ਟੀਕਾ ਭਰ ਦਿੱਤਾ। ਸੋ ਕਹਿੰਦੇ, ਸਾਧ ਤੋਂ ਬਿਨਾਂ ਕੋਈ ਥੰਮ ਨਹੀਂ ਸਕਦਾ। ਲੱਭਿਆ ਨਹੀਂ ਕੋਈ ਅੰਧੇਰੇ 'ਚ ਰਾਹ –

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ – 145*

ਸੰਸਾਰ ਤਾਂ ਹਉਮੈ 'ਚ ਪੈ ਗਿਆ, ਹੁਣ ਗਤੀ ਕਿਵੇਂ ਹੋਵੇ ਸੰਸਾਰ ਦੀ। ਸੋ ਮੱਸਿਆ ਛਾ ਗਈ ਇੱਥੇ, ਕਿੰਨਾ ਅਧਰਮ ਹੁੰਦਾ ਸੀ। ਇਕ ਦੋ ਮਿਸਾਲਾਂ ਨਾਲ ਸਮਝ ਆ ਜਾਏਗੀ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਸੀ, ਔਰੰਗਜ਼ੇਬ ਦਾ ਰਾਜ ਹੋ ਗਿਆ। ਔਰੰਗਜ਼ੇਬ ਨੇ ਮੀਟਿੰਗ ਬੁਲਾਈ, ਸਾਰੇ ਸੂਬੇਦਾਰ, ਸਾਰੇ ਕਾਜ਼ੀ, ਸਾਰੇ ਮੁਲਾਣੇ; ਉਹਦੇ ਵਿਚ ਫੈਸਲਾ ਹੋਇਆ ਕਿ ਹਿੰਦੁਸਤਾਨ ਨੂੰ ਇਸਲਾਮ ਦੇ ਵਿਚ ਲਿਆਂਦਾ ਜਾਵੇ। ਇਸਲਾਮੀ ਝੰਡਾ ਰਹੇ। ਕਿਸੇ ਮੰਦਰ 'ਤੇ ਕਿਸੇ ਹੋਰ ਠਾਕੁਰ ਦੁਆਰੇ 'ਤੇ ਹੋਰ ਝੰਡਾ ਨਾ ਝੁਲੇ। ਤਾਰੇ ਵਾਲਾ ਝੰਡਾ ਹਰ ਥਾਂ 'ਤੇ ਹੋਣਾ ਚਾਹੀਦਾ ਹੈ। ਇਹ ਵਿਚਾਰ ਕਰੋ ਕਿਵੇਂ ਹੋਵੇ, ਕਿਉਂਕਿ ਆਬਾਦੀ ਬਹੁਤ ਜ਼ਿਆਦਾ ਹੈ। ਉਸ ਵੇਲੇ ਮੁਸਲਮਾਨ ਥੋੜ੍ਹੇ ਸੀਗੇ ਤੇ ਰਾਜ ਪੱਕਾ ਹੋ ਸਕਦਾ ਹੈ ਇਸਲਾਮ ਦਾ। ਜਿਵੇਂ ਅਫਗਾਨਿਸਤਾਨ ਹੋ ਗਿਆ, ਇਰਾਨ ਹੋ ਗਿਆ, ਇਸੇ ਤਰ੍ਹਾਂ ਹਿੰਦੋਸਤਾਨ ਨੂੰ ਵੀ ਜੇ ਮੈਂ ਕਰ ਲਵਾਂ ਤਾਂ ਮੈਂ ਬਹੁਤ ਵੱਡਾ ਪੁੰਨ ਖੱਟਾਂਗਾ। ਉਹਦੇ 'ਚ ਸਕੀਮਾਂ ਬਣਾਈਆਂ। ਕਹਿਣ ਲੱਗੇ, ਰਿਆਇਤਾਂ ਦੇਵੋ ਇਸਲਾਮ ਵਾਲਿਆਂ ਨੂੰ, ਦੂਸਰਿਆਂ ਦੇ ਡੰਨ ਲਾਏ, ਜਜ਼ੀਏ ਲਾ ਦਿੱਤੇ। ਹੁਕਮ ਹੋ ਗਿਆ ਕਿ ਛੇ ਮਹੀਨੇ ਖਾਣ ਤੋਂ ਵੱਧ ਦਾ ਅਨਾਜ ਨਹੀਂ ਤੁਸੀਂ ਘਰ 'ਚ ਰੱਖ ਸਕਦੇ। ਘੋੜੇ ਦੀ ਸਵਾਰੀ ਨਹੀਂ ਕਰ ਸਕਦੇ। ਪਜਾਮਾ ਪਾਉਣਾ ਹੈ ਗਿੱਟੇ ਨਹੀਂ ਢੱਕ ਸਕਦੇ। ਕੋਠੇ 'ਤੇ ਨਹੀਂ ਚੜ੍ਹ ਸਕਦੇ। ਜੇ ਗਲੀ ਪੈ ਜਾਵੇ ਤਾਂ ਨਾਲ ਦੇ ਪੜੌਸੀ ਜੋ ਚਾਰ ਬੰਦੇ ਰਹਿੰਦੇ ਨੇ, ਉਨ੍ਹਾਂ ਦੇ ਘਰ ਜਾ ਕੇ ਸੁਨੇਹਾ ਭੇਜੋ ਕਿ ਸਾਡੇ ਕੋਠੇ 'ਤੇ ਗਲੀ ਪੈ ਗਈ, ਅਸੀਂ ਬੰਦ ਕਰਨੀ ਹੈ ਤੇ ਤੁਸੀਂ ਆ ਕੇ ਕਰੋ। ਆਪਣੇ

ਮਕਾਨ ਦੇ ਉੱਤੇ ਨਹੀਂ ਸੀ ਚੜ੍ਹ ਸਕਦੇ। ਜੇ ਚੜ੍ਹਨਾ ਹੈ ਤਾਂ ਪਹਿਲਾਂ ਖਬਰ ਕਰੋ ਉਨ੍ਹਾਂ ਨੂੰ। ਫੇਰ ਘੋੜੇ 'ਤੇ ਨਹੀਂ ਸੀ ਚੜ੍ਹ ਸਕਦੇ। ਵੱਡੇ-ਵੱਡੇ ਅਮੀਰ ਦੇਖੇ ਨੇ ਮੈਂ ਸਿੰਧ ਵਿਚ। ਮੈਂ ਚਲਿਆ ਗਿਆ ਇੱਕ ਦੇ ਘਰ। ਮੈਂ ਪੁੱਛਿਆ ਕਿ ਕਿਵੇਂ ਤੁਸੀਂ ਰਹਿੰਦੇ ਓਂ? ਮੈਨੂੰ ਸਾਰੀ ਗੱਲ ਦੱਸੀ ਕਿ ਅਸੀਂ ਸਾਰੇ ਇਸ ਤਰ੍ਹਾਂ ਰਹਿੰਦੇ ਹਾਂ। ਮੈਂ ਕਿਹਾ ਕਿ ਤੁਸੀਂ ਸਾਰੇ ਪਿੰਡ ਦੇ ਤਾਂ ਸ਼ਾਹ ਓਂ। ਕਹਿੰਦੇ ਸ਼ਾਹ ਤਾਂ ਹੈਗੇ ਪਰ ਕਾਨੂੰਨ ਐਹੋ ਜਿਹਾ ਹੈ। ਘਟੀਆ ਅਨਾਜ ਸਾਨੂੰ ਖਾਣ ਨੂੰ ਦਿੰਦੇ ਨੇ। ਸ਼ਰ੍ਹਾ ਦੇ ਨਾਲ ਸਾਡੇ ਮੁਕੱਦਮੇ ਹੁੰਦੇ ਨੇ। ਇਥੇ ਸ਼ਰ੍ਹਾ ਚਲਦੀ ਹੈ ਸਾਡੇ। ਹਾਲਾਂਕਿ ਅੰਗਰੇਜ਼ਾਂ ਦਾ ਰਾਜ ਸੀ। ਸੋ ਇਸ ਤਰ੍ਹਾਂ ਦੁਨੀਆਂ ਬੰਨ੍ਹੀ ਗਈ ਸਾਰੀ ਤੇ ਉਸ ਵੇਲੇ ਵਿਚਾਰਾਂ ਹੋਈਆਂ ਕਿ ਅੱਧੇ ਤਾਂ ਲੋਕ ਪਿੰਡਾਂ ਦੇ ਅਸੀਂ ਮੁਸਲਮਾਨ ਬਣਾ ਹੀ ਲਏ, ਕਿਉਂਕਿ ਜਿਹੜੇ ਸਾਡੇ ਪੀਰ ਨੇ ਨਗਾਹੇ ਵਾਲਾ, ਲਾਲਾਂ ਵਾਲਾ ਪੀਰ ਹੈ, ਅਹਿਮਦ ਪੀਰ ਉਹਨੂੰ ਸਾਰੇ ਹੀ ਮੰਨਣ ਲੱਗ ਗਏ ਸੀ। ਕਰਾਮਾਤੀ ਸੀਗਾ ਉਹ, ਭਾਈਆਂ ਨੇ ਹੀ ਮਾਰ ਦਿੱਤਾ ਸੀ, ਨੱਠ ਗਿਆ ਸੀ ਭਾਈਆਂ ਨਾਲ ਲੜ ਕੇ। ਉਨ੍ਹਾਂ ਨੇ ਜਾ ਕੇ ਮਾਰ ਦਿੱਤਾ। ਸਾਰਿਆਂ ਦਾ ਉਥੇ ਸੰਗ ਜਾਂਦਾ ਹੁੰਦਾ, ਪੰਜਾਬ ਦੇ ਜੱਟ ਤਾਂ ਅੱਧੇ ਮੁਸਲਮਾਨ ਬਣ ਗਏ ਸੀ। ਉਵੇਂ ਜਿਵੇਂ ਕਰਨ ਲੱਗ ਗਏ ਸੀ। ਕਹਿੰਦੇ ਭੱਟੀਆਂ ਨੂੰ ਬਣਾ ਲਓ, ਜਦੋਂ ਭੱਟੀ ਬਣ ਜਾਣਗੇ ਰਾਜਪੂਤ ਫੇਰ ਸਾਰੇ ਹੀ ਇਨ੍ਹਾਂ ਤੋਂ ਹੇਠਾਂ ਨੇ, ਦੋ ਨੰਬਰ, ਫੇਰ ਅੱਗੇ ਚੱਲਾਂਗੇ। ਪਹਿਲਾਂ ਜਿਹੜੇ ਦ੍ਰਿੜ੍ਹ ਪੱਕੇ ਨੇ ਉਨ੍ਹਾਂ ਨੂੰ ਬਣਾਓ, ਦੂਸਰਾ ਜਿਹੜੇ ਕਸ਼ਮੀਰ ਦੇ ਪੰਡਤ ਨੇ ਇਹ ਬਹੁਤ ਵਿਦਵਾਨ ਨੇ, ਇਹ ਵੇਦਾਂ ਦੇ ਗਿਆਤਾ ਨੇ। ਮਹਾਨ ਵਿਦਵਾਨ ਨੇ, ਜੇ ਵਿਦਵਾਨ ਬਣ ਜਾਣਗੇ, ਫੇਰ ਆਪੇ ਹੀ ਆਪਣੇ ਧਰਮ ਦਾ ਪ੍ਰਚਾਰ ਕਰਨਗੇ, ਬਾਕੀ ਸਾਰੇ ਬਣ ਜਾਣਗੇ। ਉਥੇ ਦਮਨ ਚੱਕਰ ਚੱਲਿਆ, ਇੱਕ ਤਾਂ ਇਹ ਕਿ ਸਵਾ ਮਣ ਜਨੇਊ ਰੋਜ਼ ਲਹਿਣਾ ਚਾਹੀਦਾ ਹੈ। ਦੂਸਰਾ ਇਹ ਹੈ ਕਿ ਸਾਡੇ ਹਮਾਮ ਦੇ ਅੰਦਰ ਤਿੰਨ ਬਾਦਸ਼ਾਹ ਐਸੇ ਹੋਏ ਨੇ, ਲਗਾਤਾਰ ਜਿਨ੍ਹਾਂ ਦਾ ਹਮਾਮ, ਜਿਹਨੂੰ ਗਰਮ ਪਾਣੀ ਕਹਿੰਦੇ ਨੇ, ਗਰਮ ਪਾਣੀ ਕਰਕੇ ਇਸ਼ਨਾਨ ਵਗੈਰਾ ਕਰਨਾ। ਸਾਰੇ ਭਾਰਤ ਵਰਸ਼ ਦੇ ਵੇਦ, ਪੋਥੀਆਂ, ਪੁਰਾਨ, ਧਾਰਮਿਕ ਪੋਥੀਆਂ ਉਹਦੇ ਚੁਲ੍ਹੇ 'ਚ ਜਲਣਗੀਆਂ ਤਾਂ ਪਾਣੀ ਦੇ ਨਾਲ ਨਾਹੁਣਾ ਹੈ। ਕਿੰਨੇ ਸਾਲ ਪੁਸਤਕਾਂ ਦੀ ਅੱਗ ਮੱਚਦੀ ਰਹੀ, ਹੱਥ ਲਿਖਤ ਕਿਤਾਬਾਂ ਹੁੰਦੀਆਂ ਸੀ। ਕਿਤਾਬਾਂ ਖਤਮ ਕਰ ਦਿਓ, ਆਪਣੇ ਆਪ ਹੀ ਖਤਮ ਹੋ ਜਾਣਗੇ। ਵਿਦਿਆ ਖਤਮ ਕਰ ਦਿਓ, ਆਪਣੇ ਆਪ ਹੀ ਅਗਲੀਆਂ ਪੀੜ੍ਹੀਆਂ ਅਣਜਾਣ ਬਣ ਜਾਣਗੀਆਂ। ਸੋ ਕਸ਼ਮੀਰ ਦੇ ਉਤੇ, ਉਸ ਥਾਂ ਦੇ ਉਤੇ ਇਫਤਖਾਰ ਖਾਨ ਨੂੰ 1674 'ਚ ਗਵਰਨਰ ਬਣਾ ਦਿੱਤਾ। ਹਦਾਇਤਾਂ ਦੇ ਦਿੱਤੀਆਂ ਕਿ ਕਸ਼ਮੀਰ ਨੂੰ ਹਰ ਹਾਲਤ ਦੇ ਵਿਚ, ਇਸਲਾਮ 'ਚ ਲੈ ਆਓ। ਉਹਨੇ ਸਾਰਾ ਇਕੱਠ ਕਰ ਲੈਣਾ, ਸ੍ਰੀ ਨਗਰ ਦੇ ਅੰਦਰ। ਹੁਕਮ ਸੀ ਕਿ ਸ਼ਹਿਰ 'ਚ ਕੋਈ ਨਾ ਰਹੇ। ਸਾਰੇ ਜੇਹਲਮ ਦੇ ਕੰਢੇ ਆਓ। ਉਥੇ ਸੌ ਬੰਦਿਆਂ ਨੂੰ ਬੰਡਲ 'ਚ ਬੰਨ੍ਹ ਦੇਣਾ, ਸੰਗਲਾਂ ਨਾਲ ਤੇ ਦਰਿਆ ਦੇ ਵਿੱਚ ਰੋੜ੍ਹ ਦੇਣਾ। ਉਨ੍ਹਾਂ ਸਾਰਿਆਂ ਨੂੰ ਡੁੱਬਦਿਆਂ ਨੂੰ ਸਾਰਿਆਂ ਨੇ ਦੇਖਣਾ। ਚੀਕਾਂ ਮਾਰਨੀਆਂ, ਬਥੇਰੇ ਹੱਥ ਪੈਰ ਮਾਰਨੇ, ਸੰਗਲਾਂ ਨਾਲ ਬੰਨ੍ਹੇ ਹੁੰਦੇ, ਅਖੀਰ ਜਦੋਂ ਡੁੱਬ

ਜਾਣੇ, ਅੱਗੇ ਜਾ ਕੇ ਜਾਲ ਲੱਗੇ ਹੋਏ ਸੀ ਸੰਗਲ ਖੋਲ੍ਹ ਲਿਆਉਣੇ ਤੇ ਉਹ ਦਰਿਆ 'ਚ ਰੁੜ੍ਹ ਜਾਦੇ ਸੀ। ਰੋਜ਼ ਦਾ ਹੀ ਸੀ, ਬੰਦੇ ਬੇਅੰਤ ਮਰਨੇ ਸ਼ੁਰੂ ਹੋ ਗਏ। ਉਸ ਵੇਲੇ ਸਿਆਣੇ ਬੰਦਿਆਂ ਨੇ ਗੁਪਤ ਰੂਪ ਦੇ ਅੰਦਰ ਇੱਕ ਮੀਟਿੰਗ ਕਰੀ, ਸਾਰੇ ਭਾਰਤ ਵਰਸ਼ ਦੇ ਬ੍ਰਾਹਮਣਾਂ ਨਾਲ ਕਿ ਆਪਾਂ ਕੋਈ ਉਪਾਅ ਕਰੋ, ਆਪਾਂ ਇਸ ਤਰ੍ਹਾਂ ਤਾਂ ਖਤਮ ਹੋ ਜਾਵਾਂਗੇ, ਰਾਜਪੂਤ ਰਾਜਿਆਂ ਦੇ ਕੋਲ ਗਏ। ਰਾਜਪੂਤ ਰਾਜੇ ਕਹਿਣ ਲੱਗੇ, ਸਾਡੀ ਤਾਂ ਅਣਖ ਗਈ ਆਈ, ਅਸੀਂ ਤਾਂ ਲੜਕੀਆਂ ਹੀ ਉਨ੍ਹਾਂ ਨੂੰ ਵਿਆਹੁਣ ਲਗ ਗਏ। ਇੱਕ ਰਾਣਾ ਪ੍ਰਤਾਪ ਤੋਂ ਬਗੈਰ ਸਾਰੇ ਰਾਜਪੂਤ ਰਾਜਿਆਂ ਦੀਆਂ ਲੜਕੀਆਂ ਮੁਗਲਾਂ ਦੇ ਅਫਸਰਾਂ ਦੇ ਨਾਲ ਵਿਆਹੀਆਂ ਗਈਆਂ ਸੀ। ਜਵਾਬ ਮਿਲ ਗਿਆ, ਸ਼ਿਵਾ ਜੀ ਮਰਹੱਟਾ ਹੇਠਾਂ ਦੱਖਣ ਵੱਲ ਹੱਥ ਪੈਰ ਮਾਰ ਰਿਹਾ ਸੀ। ਪੰਜਾਬ ਨੂੰ, ਉਤਰੀ ਹਿੰਦੋਸਤਾਨ ਨੂੰ ਉਹਦਾ ਕੋਈ ਫਾਇਦਾ ਨਹੀਂ ਸੀਗਾ। ਕਿਉਂਕਿ ਇੱਥੇ ਦਮਨ ਚੱਕਰ ਚੱਲ ਰਿਹਾ ਸੀ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਹੁਣ ਐਸ ਵੇਲੇ ਸ਼ਿਵ ਜੀ ਮਹਾਰਾਜ ਨੂੰ ਜਾਗ੍ਰਤ ਕਰੀਏ, ਉਹਦਾ ਅਵਾਹਨ ਕਰੀਏ, ਤੀਸਰੀ ਅੱਖ ਖੋਲ੍ਹ ਕੇ ਸਾਰਿਆਂ ਨੂੰ ਭ੍ਰਿਸ਼ਟ ਕਰ ਦਿੰਦਾ ਸੀ, ਸੁਆਹ ਬਣਾ ਦਿੰਦਾ, ਅੱਗੇ ਵੀ ਬਣਾਉਂਦਾ ਆਇਆ ਹੈ ਤੇ ਚਲੋ ਸਾਰੇ। ਮਤਾ ਪਕਾਇਆ ਗਿਆ, ਮਤੇ ਦੇ ਵਿਚ ਜਿਹੜੇ ਚੰਗੀਆਂ-ਚੰਗੀਆਂ ਕਰਨੀਆਂ ਕਮਾਈਆਂ ਵਾਲੇ ਬੰਦੇ ਸੀ ਛਾਂਟੇ ਗਏ, ਕਿਉਂਕਿ ਇਸ ਦੇਸ਼ ਦੇ ਅੰਦਰ ਅਵਾਹਨ ਕਰਕੇ ਬ੍ਰਹਮਾ ਨੂੰ ਵੀ ਬੁਲਾ ਲੈਂਦੇ ਸੀ, ਦੇਵਤਿਆਂ ਨੂੰ ਬੁਲਾ ਲੈਂਦੇ ਸੀ, ਦੇਵੀਆਂ ਪ੍ਰਗਟ ਕਰ ਲੈਂਦੇ ਸੀ, ਪਰ ਹੁਣ ਬਹੁਤ ਦੇਰ ਤੋਂ ਕੋਈ ਨਹੀਂ ਸੀ ਦੇਵਤਾ ਪ੍ਰਗਟ ਹੋਇਆ। ਆਉਂਦੇ ਹੀ ਨਹੀਂ ਸੀ, ਹਟ ਗਏ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਐਸ ਵੇਲੇ ਅਮਰਨਾਥ ਦੀ ਗੁਫਾ ਪਵਿੱਤਰ ਹੈ, ਜਿੱਥੇ ਦੇਵਤਾ ਪ੍ਰਗਟ ਹੋ ਸਕਦਾ ਹੈ। ਸੋ ਉਥੇ ਚੱਲੀਏ, ਬਰਫਾਂ 'ਚੋਂ ਲੰਘ ਕੇ ਅਮਰਨਾਥ ਦੀ ਗੁਫਾ 'ਚ ਜਾਂਦੇ ਨੇ। ਉਥੇ ਸ਼ਿਵਜੀ ਮਹਾਰਾਜ ਦਾ ਅਵਾਹਨ ਕੀਤਾ ਕਿ ਉਨ੍ਹਾਂ ਨੂੰ ਪ੍ਰਗਟ ਕਰੀਏ, ਉਸ ਵੇਲੇ ਤ੍ਰਿਸ਼ੂਲ ਦੇ ਨਾਲ, ਇਨ੍ਹਾਂ ਦਾ ਨਾਸ਼ ਕਰਨਗੇ ਉਹ। ਤੀਸਰਾ ਨੇਤਰ ਖੋਲ੍ਹ ਕੇ ਇਨ੍ਹਾਂ ਦਾ ਨਾਸ਼ ਕਰ ਦੇਣਗੇ। ਕਿਉਂ ਨਾ ਉਸ ਦੇਵਤੇ ਨੂੰ ਪ੍ਰਗਟ ਕਰੀਏ, ਜਿਹਨੂੰ ਭੋਲੇਨਾਥ ਕਹਿੰਦੇ ਨੇ। ਸੋ ਉਥੇ ਚਲੇ ਜਾਂਦੇ ਨੇ, ਜਾ ਕੇ ਉਥੇ ਅਰਜ਼ਾਂ ਬੇਨਤੀਆਂ, ਅਰਦਾਸਾਂ ਕਰਦੇ ਨੇ। ਇਕਠੇ ਹੋ ਕੇ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਮਹਾਂਦੇਵ! ਐਸ ਵੇਲੇ ਹਿੰਦੂ ਧਰਮ ਦੇ ਉਤੇ ਹੱਦ ਤੋਂ ਜ਼ਿਆਦਾ ਬਿਪਤਾ ਪਈ ਹੋਈ ਹੈ, ਨਈਆ ਡੋਲ ਰਹੀ ਹੈ ਤੇ ਭਵਸਾਗਰ ਦੇ ਵਿਚ ਡੁੱਬ ਰਹੀ ਹੈ। ਤੁਸੀਂ ਪ੍ਰਗਟ ਹੋਵੋ, ਪ੍ਰਗਟ ਹੋ ਕੇ ਸਾਡੀ ਸਹਾਇਤਾ ਕਰੋ। ਕਿਉਂਕਿ ਸਾਨੂੰ ਨਹੀਂ ਕੋਈ ਰਸਤਾ ਨਜ਼ਰ ਆਉਂਦਾ। ਐਸ ਤਰ੍ਹਾਂ ਦੇ ਨਾਲ ਅਰਦਾਸ ਕਰਦੇ ਨੇ -

***ਧਾਰਨਾ - ਕੰਢਾ ਪਾਰ ਦਾ ਨਜ਼ਰ ਨਾ ਆਵੇ,***
***ਮੰਝਧਾਰ ਬੇੜੀ ਡੋਲ੍ਹਦੀ।***

ਕਹਿਣ ਲੱਗੇ, ਹੇ ਪ੍ਰਭੂ! ਤੇਰੇ ਉਤੇ ਆਸ ਰੱਖੀ ਹੈ, ਤੁਸੀਂ ਤਿੰਨ ਮੁੱਖ ਦੇਵਤੇ ਓਂ, ਉਨ੍ਹਾਂ ਦੇ ਵਿਚੋਂ ਤੁਹਾਡੇ 'ਤੇ ਵਿਸ਼ਵਾਸ਼ ਹੈ, ਕਿਉਂਕਿ ਤੁਹਾਡੀ

ਰੁਚੀ ਜੋ ਹੈ ਉਹ ਜੰਗੀ ਰੁਚੀ ਹੈ, ਤੀਸਰਾ ਨੇਤਰ ਖੋਲ੍ਹੋ ਤੇ ਹੁਣ ਸਾਡੀ ਸਹਾਇਤਾ ਕਰੋ। ਇੱਕ ਕਵੀ ਦੇ ਬਚਨਾਂ ਦੇ ਵਿਚ ਜੋ ਉਸ ਨੇ ਨੌਵੇਂ ਪਾਤਸ਼ਾਹ ਦੇ ਬਾਰੇ ਲਿਖੇ ਨੇ ਕਿ –

*ਹੇ ਪ੍ਰਭੂ! ਤੂੰ ਮਹਾਂਦੇਵ! ਹੇ ਸ਼ਿਵ ਜੀ ਭਗਵਾਨ!*
*ਸਾੜਸਤੀ ਹੈ ਗ੍ਰਸਿਆ ਹਿੰਦੂ ਧਰਮ ਮਹਾਨ।*
*ਬੁੱਤ ਸ਼ਿਕਨ ਜਰਵਾਣਿਆਂ ਢਾਹੇ ਮੰਦਰ ਅਨਮੋਲ।*
*ਗੌਰਵਤਾ ਇਸ ਧਰਮ ਦੀ ਘੱਟੇ ਦਿੱਤੀ ਰੋਲ।*
*ਸੁੰਦਰ ਬੁੱਤ ਭਗਵਾਨ ਦੇ ਤੋੜੇ ਤੇਸ਼ੇ ਮਾਰ*
*ਅਤੇ ਪੁਜਾਰੀ ਮੰਦਰੋਂ ਧੂਹ ਕੇ ਕੱਢੇ ਬਾਹਰ।*
*ਕੀਤੇ ਗਊਆਂ ਮਾਰ ਕੇ ਮੰਦਰ ਕਈ ਪਲੀਤ*
*ਕਲ੍ਹ ਸੀ ਮੰਦਰ ਦਿਸਦਾ ਦਿਸੇ ਪਈ ਮਸੀਤ*
*ਨਉਕਾ ਹਿੰਦੂ ਧਰਮ ਦੀ ਡੋਲੇ ਅੱਜ ਮੰਝਧਾਰ।*
*ਨਾ ਦਿਸਦਾ ਉਰਵਾਰ ਹੀ ਤੇ ਨਾ ਹੀ ਦਿਸਦਾ ਪਾਰ।*
*ਇਸ ਅਤਿਆਚਾਰ ਦਾ ਕਰਨਾ ਕਠਨ ਬਿਆਨ*
*ਬਣਿਆ ਹਿੰਦੋਸਤਾਨ ਹੀ ਹਿੰਦੂਆਂ ਲਈ ਮਸਾਨ।*
*ਕਤਲਗਾਹ ਅੱਜ ਧਰਮ ਦੀ ਬਣਿਆ ਭਾਰਤ ਦੇਸ਼*
*ਨਹੀਂ ਜਰਵਾਣੇ ਸਾਮ੍ਹਣੇ ਚਲਦੀ ਸਾਡੀ ਪੇਸ਼।*

ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਬਹੁਤ ਜ਼ਿਆਦਾ ਅਰਦਾਸਾਂ ਕਰਦੇ ਨੇ, ਹੇ ਭਗਵਾਨ! ਹੁਣ ਕੋਈ ਚਾਰਾ ਨਹੀਂ। ਜਿੰਨੇ ਸ਼ਸਤਰਧਾਰੀ ਸੀ, ਕਸ਼ਤਰੀਆਂ ਦਾ ਯੁੱਗ ਲੰਘ ਗਿਆ। ਮਹਾਂਭਾਰਤ ਦਾ ਯੁੱਗ ਲੰਘ ਗਿਆ। ਉਹ ਹੁੰਦਾ ਹੈ ਕਿ ਸਾਡੇ ਧਰਮ ਵਲ ਕੋਈ ਦੇਖ ਨਾ ਸਕੇ, ਲੇਕਿਨ ਅੱਜ ਕੀ ਹੋ ਗਿਆ ਪਤਨ ਹੋ ਗਿਆ। ਹੁਣ ਤੇਰੀ ਸ਼ਰਨ ਆਏ ਹਾਂ ਅਸੀਂ, ਤੇਰੇ ਬਿਨਾਂ ਰੱਖਿਆ ਕੋਈ ਨਹੀਂ ਕਰਦਾ।

*ਭਗਵਾਨ! ਤੇਰੀ ਸ਼ਰਨ ਹਾਂ, ਆਏ ਹੋ ਲਾਚਾਰ*
*ਛੱਡ ਕੇ ਤੇਰੇ ਦੁਆਰ ਨੂੰ ਜਾਈਏ ਕਿਹੜੇ ਦੁਆਰ।*

ਸਾਡੇ ਵਾਸਤੇ ਕੋਈ ਦੁਆਰਾ ਨਹੀਂ ਰਿਹਾ –

*ਲੱਜਾ ਤੇਰੇ ਹੱਥ ਹੈ, ਨੀਲਕੰਠ ਭਗਵਾਨ।*
*ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।*

ਹੁਣ ਸਾਡੀ ਰੱਖਿਆ ਕੋਈ ਨਹੀਂ ਕਰ ਸਕਦਾ ਹੇ ਭਗਵਾਨ! ਕੋਈ ਦੁਆਰਾ ਨਹੀਂ ਰਿਹਾ –

*ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ।*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।*

*(ਦੋਹਰਾ)*

*ਧਾਰਨਾ – ਹੁਣ ਰਿਹਾ ਨਾ ਦੁਆਰਾ ਹੋਰ ਕੋਈ,*
*ਰੱਖਿਆ ਜੋ ਕਰੇ ਹਿੰਦ ਦੀ।*

ਹੇ ਪ੍ਰਭੂ! ਹੁਣ ਹੋਰ ਦੁਆਰਾ ਕੋਈ ਨਹੀਂ। ਸਾਰੇ ਦਰਵਾਜ਼ੇ ਖਟਖਟਾ ਲਏ ਨੇ, ਰਾਜਿਆਂ ਦੇ ਵੀ ਖਟਖਟਾ ਲਏ। ਸੂਰਮਿਆਂ ਨੂੰ ਵੀ ਵੰਗਾਰ ਪਾ

ਕੇ ਦੇਖ ਲਈ। ਕੋਈ ਨਹੀਂ ਹਿਲਦਾ, ਸਾਰਿਆਂ 'ਚੋਂ ਸਾਹ ਸੱਤ ਖਤਮ ਹੋ ਗਿਆ। ਜ਼ੁਲਮ ਦਾ ਐਡਾ ਦਮਨ ਚੱਕਰ ਚੱਲ ਰਿਹਾ ਹੈ ਕਿ ਧੜਾਧੜ ਆਪਣੇ ਧਰਮ ਨੂੰ ਛੱਡ ਕੇ ਇਸਲਾਮ ਦੇ ਵਿਚ ਜਾ ਰਹੇ ਨੇ। ਹੇ ਪ੍ਰਭੂ! ਐਡਾ ਜ਼ੋਰ ਜ਼ਬਰ, ਤੇਰੀ ਦੁਨੀਆਂ ਦੇ ਵਿੱਚ। ਐਡਾ ਕੌਣ ਹੈ? ਜਿਹੜਾ ਸਾਡੀ ਬਾਂਹ ਫੜੇ। ਤੂੰ ਪ੍ਰਗਟ ਹੋ, ਪ੍ਰਗਟ ਹੋ ਕੇ ਆਪਣਾ ਤੀਸਰਾ ਨੇਤਰ ਖੋਲ੍ਹ, ਇਹਦੇ ਨਾਲ ਇਸ ਰਾਜ ਨੂੰ ਖਤਮ ਕਰ ਦੇ।

***ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।***

ਕੋਈ ਜਵਾਬ ਨਹੀਂ ਆ ਰਿਹਾ। ਬਾਰ-ਬਾਰ ਅਰਦਾਸਾਂ ਕਰਦੇ ਨੇ, ਬੇਨਤੀਆਂ ਕਰਦੇ ਨੇ। ਰੋ-ਰੋ ਕੇ ਅਰਦਾਸਾਂ ਕਰਦੇ ਨੇ, ਲੰਮੇ ਪਏ ਨੇ। ਕਿੰਨਿਆਂ ਨੇ ਕਹਿ ਦਿਤਾ ਕਿ ਅੰਨ੍ਹ ਗ੍ਰਹਿਣ ਨਹੀਂ ਕਰਨਾ, ਇੱਥੇ ਹੀ ਜਾਨ ਦੇ ਦੇਣੀ ਹੈ। ਇਸੇ ਦੁਆਰੇ 'ਤੇ ਵਾਪਸ ਨਹੀਂ ਜਾਣਾ। ਅੰਨ ਪਾਣੀ ਛੱਡ ਦਿੱਤਾ। ਉਸ ਠੰਢੀ ਬਰਫ ਦੇ ਵਿਚ ਬੇਨਤੀਆਂ ਕਰ ਰਹੇ ਨੇ। ਸਮਾਂ ਲੰਘ ਗਿਆ, ਕੋਈ ਨਹੀਂ ਪ੍ਰਗਟ ਹੋਇਆ। ਕਹਿਣ ਲੱਗੇ, ਐਨਾ ਚਿਰ ਸ਼ਿਵ ਜੀ ਮਹਾਰਾਜ ਤਾਂ ਲਾਇਆ ਨਹੀਂ ਸੀ ਕਰਦੇ। ਉਸੇ ਵੇਲੇ ਪ੍ਰਗਟ ਹੋ ਕੇ ਵਰ ਦੇ ਦਿੰਦੇ ਸੀ, ਤਥਾਅਸਤੂ, ਕਹਿ ਦਿੰਦੇ ਸੀ। ਵਰ ਮੰਗੋ; ਕੀ ਮੰਗਣਾ ਹੈ।

ਉਸ ਵੇਲੇ ਪ੍ਰਗਟ ਨਹੀਂ ਹੋਏ। ਇੱਕ ਜਟਾਜੂਟ ਸਾਧੂ ਆ ਗਿਆ, ਸਾਰਿਆਂ ਨੇ ਸਮਝ ਲਿਆ ਕਿ ਸ਼ਿਵ ਜੀ ਭਗਵਾਨ ਇਸ ਰੂਪ 'ਚ ਪ੍ਰਗਟ ਹੋ ਗਏ। ਉਸ ਵੇਲੇ ਉਹ ਸਾਧੂ ਕਹਿਣ ਲੱਗਿਆ ਕਿ ਤੁਸੀਂ ਕਿਉਂ ਪਏ ਓਂ ਇੱਥੇ? ਕਹਿੰਦੇ ਆਹ ਸਾਡੇ ਉਤੇ ਭਾਣਾ ਬੀਤ ਗਿਆ। ਕਹਿਣ ਲੱਗੇ, ਫੇਰ ਜਵਾਬ ਨਹੀਂ ਆਇਆ? ਕਹਿੰਦੇ, ਨਹੀਂ। ਕਹਿੰਦਾ, ਮੇਰੇ ਕੋਲ ਆ ਗਿਆ ਜਵਾਬ, ਸੁਣੋ ਧਿਆਨ ਦੇ ਨਾਲ ਤੁਹਾਨੂੰ ਮੈਂ ਦਸਾਂ -

***ਧਾਰਨਾ - ਬਾਂਹ ਫੜੇਗਾ ਤੁਹਾਡੀ ਸਤਿਗੁਰ ਨੌਵਾਂ,***
***ਸ਼ਰਨ ਜਾ ਕੇ ਲੈ ਲਓ ਓਸਦੀ।***

ਕਹਿਣ ਲੱਗੇ, ਪ੍ਰੇਮੀਓ! ਆਵਾਜ਼ ਸੁਣੋ ਜੋ ਆਵਾਜ਼ ਆ ਰਹੀ ਹੈ। ਆਵਾਜ਼ ਹਰੇਕ ਦੇ ਹਿਰਦੇ 'ਚ ਨਹੀਂ ਆਉਂਦੀ, ਕਿਉਂਕਿ ਜਿਹੜਾ ਸੁਣਨ ਵਾਲੇ ਸੈਟ ਨੇ ਉਹ ਖਰਾਬ ਹੋਏ-ਹੋਏ ਨੇ, ਜੰਗਾਲ ਲੱਗੇ ਹੋਏ ਨੇ। ਜਿਹੜਾ ਸੈਟ ਠੀਕ ਹੋਵੇ ਉਥੇ ਹੀ ਆਉਂਦੀ ਹੈ। ਟੈਲੀਫੋਨ ਦੀ ਆਵਾਜ਼ ਨਹੀਂ ਆਉਂਦੀ ਜੇ ਸੁਣਨ ਵਾਲਾ ਯੰਤਰ (receiver) ਖਰਾਬ ਹੋਵੇ। ਕਹਿੰਦੇ, ਆਵਾਜ਼ ਆਈ ਹੈ -

***ਆਖਿਆ ਸ਼ਿਵ ਭਗਵਾਨ ਨੇ ਮੁੱਖੋਂ ਇਉਂ ਉਚਾਰ।***
***ਭਾਰਤ ਵਿਚ ਹੈ ਪ੍ਰਗਟਿਆ ਕਲਜੁਗ ਰਖਣਹਾਰ।***
***ਤੇਗ ਬਹਾਦਰ ਨਾਮ ਹੈ ਮਹਿਮਾ ਅਪਰ ਅਪਾਰ।***
***ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।***
***ਜਾਓ ਉਸਦੀ ਸ਼ਰਨ ਵਿਚ ਛੱਡ ਕੇ ਹੋਰ ਵਿਚਾਰ।***
***ਨਉਕਾ ਹਿੰਦੂ ਧਰਮ ਦੀ ਲਾਏਗਾ ਉਹ ਪਾਰ।***

ਖੁਸ਼ੀ ਹੋ ਗਈ ਮਨ 'ਚ। ਬਈ ਜਵਾਬ ਮਿਲ ਗਿਆ, ਉਤਰ ਮਿਲ ਗਿਆ ਸਾਨੂੰ। ਸਾਧੂ ਅਲੋਪ ਹੋ ਗਿਆ ਗੱਲ ਕਹਿ ਕੇ। ਹੈਰਾਨ ਹੋ ਗਿਆ ਕਿ ਸਾਧੂ ਕਿੱਥੇ ਚਲਿਆ ਗਿਆ। ਕਹਿੰਦੇ, ਇਹ ਤਾਂ ਸ਼ਿਵ ਭਗਵਾਨ ਸੀ, ਕਿਉਂ ਨਾ ਇਹਦੇ ਚਰਨ ਫੜ ਲਏ ਆਪਾਂ, ਇਨ੍ਹਾਂ ਨੂੰ ਕਹਿੰਦੇ ਕਿ ਤੀਸਰਾ ਨੇਤਰ ਖੋਲ੍ਹੋ। ਉਸ ਵੇਲੇ ਭਾਰਤ ਵਰਸ਼ ਵਿਚੋਂ ਸਭ ਤੋਂ ਵਿਦਵਾਨ ਓਸ ਵੇਲੇ ਦਾ ਜੋ ਪੰਡਤ ਸੀ ਉਹ ਕ੍ਰਿਪਾਰਾਮ ਸੀ। ਬ੍ਰਹਮਦਾਸ ਦਾ ਪੋਤਾ-ਪੜੋਤਾ ਸੀ ਉਹ। ਬ੍ਰਹਮਦਾਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਬਖਸ਼ੀ ਸੀ ਮਟਨ ਵਿਚ। ਉਹਦੇ ਮਨ ਵਿਚ ਗੁਰੂ ਦਾ ਪਿਆਰ ਸੀ। ਉਨ੍ਹਾਂ ਨੇ ਕਿਹਾ ਕਿ ਨਾਲੇ ਤਾਂ ਗੁਰੂ ਦਾ ਪਿਆਰਾ ਹੈ, ਬ੍ਰਾਹਮਣ ਜਾਤ ਹੈ ਤੇ ਦੂਸਰਾ ਇਹਦੇ ਨਾਲ ਦਾ ਵਿਦਵਾਨ ਕੋਈ ਨਹੀਂ। ਇਹੀ ਕ੍ਰਿਪਾ ਰਾਮ ਸੀ ਜਿਹਨੇ ਚਮਕੌਰ ਸਾਹਿਬ ਦੇ ਵਿਚ ਆ ਕੇ ਚਾਲੀ ਸਿੰਘਾਂ ਦੇ ਨਾਲ ਸ਼ਹੀਦੀ ਦੇ ਦਿੱਤੀ। ਬੜਾ ਭਾਰਾ ਯੁੱਧ ਕਰਿਆ ਸੀ ਇਸਨੇ। ਐਵੇਂ ਹੀ ਨਹੀਂ ਸੀ ਜਨੇਊ ਵਾਲਾ ਬ੍ਰਾਹਮਣ, ਸੱਚ ਦਾ ਧਾਰਨੀ ਸੀ। ਪੰਜ ਸੌ ਦਾ ਜੱਥਾ ਲਿਆ ਉਸਨੇ। 19 ਬੰਦੇ ਛਾਂਟੇ, ਮੁਖੀ ਕਮੇਟੀ ਬਣਾ ਦਿਤੀ ਕਿ ਇਨ੍ਹਾਂ ਨੇ ਗੱਲ ਕਰਨੀ ਹੈ ਆਪਾਂ ਨਾਲ ਚਲਦੇ ਹਾਂ। ਉਸ ਵੇਲੇ ਆਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ, ਮਹਾਰਾਜ ਜੀ ਨੂੰ ਖਬਰ ਹੋਈ ਕਿ ਸੱਚੇ ਪਾਤਸ਼ਾਹ! ਭਾਰਤ ਵਰਸ਼ ਦਾ ਬ੍ਰਾਹਮਣ ਵਰਗ ਆਇਆ ਹੈ ਤੇ ਆਪ ਦੇ ਚਰਨਾਂ 'ਚ ਕੋਈ ਅਰਜ਼ ਕਰਨੀ ਚਾਹੁੰਦਾ ਹੈ। ਮਹਾਰਾਜ ਨੇ ਕਿਹਾ ਕਿ ਕੋਈ ਨਾ, ਦਰਬਾਰ ਵਿਚ ਹਾਜ਼ਰ ਕਰੋ। ਦਰਬਾਰ ਲਗ ਗਿਆ, ਬੇਅੰਤ ਸੰਗਤਾਂ ਆਈਆਂ ਹੋਈਆਂ ਸੀ, ਗੁਰੂ ਮਹਾਰਾਜ ਦੇ ਦਰਸ਼ਨ ਨੂੰ। ਪੰਜ ਸੌ ਬ੍ਰਾਹਮਣ ਸਨ ਬੜੇ ਪ੍ਰਭਾਵਿਤ ਚਿਹਰੇ ਨੇ। ਦਾਹੜੇ ਵਗੈਰਾ ਸਾਰਿਆਂ ਦੇ ਰੱਖੇ ਹੋਏ ਨੇ, ਦਸਤਾਰਾਂ ਬੰਨ੍ਹੀਆਂ ਹੋਈਆਂ ਨੇ, ਤਿਲ੍ਹਕ ਲੱਗੇ ਹੋਏ ਨੇ, ਹੱਥਾਂ ਵਿੱਚ ਸਿਮਰਨੇ ਨੇ। ਬਹੁਤ ਸੋਹਣੇ ਦੇਖਣ ਨੂੰ ਲਗਦੇ ਨੇ, ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਨਮਸ਼ਕਾਰਾਂ ਕਰਦੇ ਨੇ। ਬੈਠ ਜਾਂਦੇ ਨੇ, ਮਹਾਰਾਜ ਕਹਿਣ ਲੱਗੇ ਕਿ ਪ੍ਰੇਮੀਓਂ! ਵਿਦਵਾਨ ਜਨੋ! ਤੁਸੀਂ ਇਥੇ ਕਿਸ ਤਰ੍ਹਾਂ ਦੇ ਨਾਲ ਦਰਸ਼ਨ ਦਿੱਤੇ ਆ ਕੇ ਅੱਜ। ਕ੍ਰਿਤਾਰਥ ਕੀਤਾ ਤੁਸਾਂ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ। ਉਸ ਵੇਲੇ ਸਾਰਿਆਂ ਦੀਆਂ ਭੁਬਾਂ ਨਿਕਲ ਗਈਆਂ, ਕੋਈ ਦਸ ਨਹੀਂ ਸਕਦਾ। ਬੋਲ ਨਹੀਂ ਹੁੰਦਾ ਕਿਸੇ ਤੋਂ। ਕ੍ਰਿਪਾਰਾਮ ਨੂੰ ਕਿਹਾ ਕਿ ਤੁਸੀਂ ਦੱਸੋ? ਦੱਸ ਨਹੀਂ ਸਕਦੇ, ਕਿਉਂਕਿ ਬੇਦਰਦ ਬੰਦਾ ਜੇ ਮਿਲ ਜਾਵੇ, ਬੰਦਾ ਰੋਂਦਾ ਨਹੀਂ ਹੁੰਦਾ, ਸਖਤ ਹੁੰਦੇ ਨੇ ਬੰਦਿਆਂ ਦੇ ਦਿਲ, ਲੇਕਿਨ ਜੇ ਦਰਦ ਵਾਲਾ ਮਿਲ ਜਾਵੇ, ਫੇਰ ਰੋ ਪੈਂਦਾ ਹੈ। ਮਨਸੂਰ ਵਾਸਤੇ ਹੁਕਮ ਹੋ ਗਿਆ ਕਿ ਇਹਦੇ ਪੱਥਰ ਮਾਰੋ ਸਾਰੇ। ਸੂਲੀ ਦੇਣੀ ਹੈ ਇਹਨੂੰ ਅਧਮੋਆ ਕਰ ਦਿਓ, ਸੂਲੀ ਤੱਕ ਜਾਂਦੇ-ਜਾਂਦੇ। ਪੱਥਰ ਮਾਰਦੇ ਨੇ, ਇੱਕ ਆਵਾਜ਼ ਦਿੰਦਾ ਹੈ 'ਅਨਹਲ ਹੱਕ ਬਗੋ' (ਅਹੰ ਬ੍ਰਹਮਅਸਵੀ) ਬਿਲਕੁਲ ਨਹੀਂ ਰੋਇਆ, ਓਵੇਂ ਹੀ ਹੱਸਦਾ ਜਾ ਰਿਹਾ ਹੈ, ਇੱਟਾਂ ਪੈਂਦੀਆਂ ਨੇ, ਖੂਨ ਚੱਲ ਰਿਹਾ ਹੈ। ਇੱਕ ਭੇਤ ਵਾਲਾ ਬੰਦਾ ਆ ਗਿਆ, ਹੁਕਮ ਸੀ ਕਿ ਜਿਹਨੇ ਨਾ ਪੱਥਰ ਮਾਰੇ, ਸਜ਼ਾ ਮਿਲੇਗੀ। ਉਹਦਾ ਭੇਤੀ ਸੀ, ਜਾਣੂ ਸੀ, ਰਮਜ਼ ਦੇ ਜਾਣਨ ਵਾਲਾ ਸੀ ਕਿ ਇਹ

ਬਿਲਕੁਲ ਠੀਕ ਗੱਲ ਕਹਿ ਰਿਹਾ ਹੈ। ਉਸ ਵੇਲੇ ਉਹ ਸ਼ਿਵਲੀ, ਹੱਥ ਵਿੱਚ ਪੱਥਰ ਤਾਂ ਨਾ ਲਿਆਇਆ ਪੰਜ ਫੁੱਲ ਲੈ ਆਇਆ ਕਿ ਮਾਰੂੰਗਾ ਤਾਂ ਮੈਂ ਜ਼ਰੂਰ ਪਰ ਮਿੱਤਰ ਦੇ ਮੈਂ ਪੱਥਰ ਨਹੀਂ ਮਾਰਨਾ, ਫੁੱਲ ਮਾਰਨਾ ਹੈ, ਇਹ ਚਾਹੇ ਮੇਰੀ ਉਹ ਭੇਟਾ ਸਮਝ ਲਵੇ, ਰਾਜਾ ਚਾਹੇ ਇਹ ਸਮਝ ਲਵੇ ਕਿ ਇਹਨੇ ਵੀ ਮਾਰਿਆ ਹੈ ਕੁਛ। ਜਦੋਂ ਮਨਸੂਰ ਆ ਜਾਂਦਾ ਹੈ, ਨੇਤਰਾਂ ਨਾਲ ਨੇਤਰ ਇੱਕ ਹੋਏ, ਦੇਖਿਆ ਸ਼ਿਵਲੀ ਦੇ ਨੇਤਰਾਂ 'ਚ, ਉਸ ਵੇਲੇ ਬੋਲਿਆ ਨਹੀਂ, ਸਿਰ ਨਿਵਾਇਆ, ਫੁੱਲ ਕੱਢਿਆ ਹੱਥ ਸੱਜੇ ਦੇ ਵਿਚੋਂ, ਪੰਜੇ ਫੁੱਲ ਜਿਵੇਂ ਲੋਕ ਵੱਟੇ ਮਾਰਦੇ ਸੀ, ਉਹਦੇ ਵਿੱਚ ਹੀ ਉਹਦਾ ਫੁੱਲ ਜਾ ਲੱਗਿਆ ਉਹਨੂੰ। ਫੁੱਲ ਲੱਗਣ ਦੀ ਦੇਰ ਸੀ, ਧਾਹਾਂ ਮਾਰ ਕੇ ਰੋ ਪਿਆ ਉੱਚੀ-ਉੱਚੀ ਮਨਸੂਰ, ਮਿੱਤਰ ਸ਼ਿਵਲੀ! ਪੱਥਰਾਂ ਦਾ ਮੈਨੂੰ ਦਰਦ ਨਹੀਂ ਲੱਗਿਆ। ਕਿਉਂਕਿ ਇਹ ਰਮਜ਼ ਤੋਂ ਬਾਹਰ ਨੇ, ਤੂੰ ਰਮਜ਼ ਨੂੰ ਸਮਝਣ ਵਾਲਾ ਬੰਦਾ ਹੈਂ। ਤੇਰੇ ਫੁੱਲ ਦਾ ਮੈਨੂੰ ਦੁੱਖ, ਸਾਰੇ ਹੁਣ ਤੱਕ ਜਿੰਨੇ ਮੇਰੇ ਪੱਥਰ ਲੱਗੇ ਨੇ, ਉਨ੍ਹਾਂ ਸਾਰਿਆਂ ਤੋਂ ਵੱਧ ਹੋਇਆ ਹੈ। ਕਿਉਂਕਿ ਉਹ ਦਰਦ ਵਾਲਾ ਸੀ। ਦਰਦ ਵਾਲਾ ਬੰਦਾ ਜੇ ਆਪਣਾ ਬੰਦਾ ਹਾਅ ਨਾ ਭਰੇ, ਫੇਰ ਉਸ ਵੇਲੇ ਆਦਮੀ ਦਾ ਦਿਲ ਟੁੱਟ ਜਾਂਦਾ ਹੈ। ਵੱਡਿਆ-ਵੱਡਿਆਂ ਦਾ ਟੁੱਟਿਆ ਹੈ।

ਜੂਲੀਅਸ ਸੀਜ਼ਰ ਸਾਰੀ ਦੁਨੀਆਂ ਨੂੰ ਉਹਨੇ ਫਤਹਿ ਕਰਿਆ ਸੀ। ਯੂਰਪ ਸਾਰਾ ਉਹਨੇ ਪੈਰਾਂ ਥੱਲੇ ਰੋਲ ਦਿੱਤਾ। ਇੰਗਲੈਂਡ ਵਿੱਚ ਵੀ ਚਲਿਆ ਗਿਆ, ਰੋਮਨਾਂ ਦਾ ਰਾਜ ਤਬਾਹ ਕਰ ਦਿੱਤਾ, ਮਿਸਰ ਨੂੰ ਵੀ, ਉਥੇ ਕਲਪਾਤਰਾ ਸੀ ਉਹਨੂੰ ਵੀ ਜਿੱਤ ਲਿਆ। ਹੋਰ ਵੀ ਸਾਰੇ ਇਲਾਕੇ ਜਿੱਤ ਲਏ ਟਰਕੀ ਵਗੈਰਾ, ਅਖੀਰ ਵਿਚੇ ਵਿਚ ਸਾਜਿਸ਼ ਹੋਈ, ਸਭ ਤੋਂ ਵੱਡਾ ਉਹਦਾ ਜਿਹੜਾ ਸੱਜਾ ਹੱਥ ਸੀ, ਉਹਦਾ ਨਾਉਂ ਬਰੂਟਸ ਸੀ, ਜਿਸ ਵਕਤ ਕਤਲ ਕਰਨ ਵਾਲੇ ਅੰਦਰ ਆ ਵੜੇ, ਪਹਿਰੇਦਾਰਾਂ ਦੇ ਕੋਲੋਂ ਲੰਘ ਕੇ, ਰਿਸ਼ਵਤ ਦੇ ਕੇ ਉਨ੍ਹਾਂ ਨੂੰ ਨਾਲ ਮਿਲਾ ਕੇ, ਇਕੱਲਾ ਖੜ੍ਹਾ ਹੈ, ਬਹਾਦਰ ਬਹੁਤ ਵੱਡਾ ਸੀ, ਜੇ ਜੂਝਣਾ ਚਾਹੁੰਦਾ, ਸਾਰਿਆਂ ਨਾਲ ਲੜ ਪੈਂਦਾ। ਉਸ ਵੇਲੇ ਜਦੋਂ ਆਪਣੇ ਮਿੱਤਰ ਨੂੰ ਦੇਖਿਆ, ਰਮਜ਼ ਵਾਲੇ ਨੂੰ ਦੇਖਿਆ ਕਿ ਉਹ ਵੀ ਇਨ੍ਹਾਂ ਦੇ ਨਾਲ ਖੜ੍ਹਾ ਹੈ, ਫੇਰ ਹੱਥ ਤਾਂ ਤਲਵਾਰ ਦੇ ਉਤੇ ਪਿਆ ਹੋਇਆ ਹੈ, ਢਾਲ ਹੈ ਦੂਸਰੇ ਹੱਥ 'ਚ। ਲੜਨ ਵਾਸਤੇ ਤਿਆਰ ਹੋਇਆ-ਹੋਇਆ ਹੈ, ਜਦੋਂ ਬਰੂਟਸ ਨੂੰ ਦੇਖਿਆ ਤੇ ਕਿਹਾ ਕਿ ਤੂੰ ਵੀ ਮਿੱਤਰਾ! ਇਨ੍ਹਾਂ ਦੇ ਨਾਲ ਰਲ ਗਿਆ? ਐਨਾ ਕਹਿੰਦੇ ਸਾਰ, ਤਲਵਾਰ ਹੱਥ 'ਚੋਂ ਗਿਰ ਜਾਂਦੀ ਹੈ, ਢਾਲ ਹੱਥ 'ਚੋਂ ਗਿਰ ਜਾਂਦੀ ਹੈ, ਸਾਹਸ ਉਡ ਗਿਆ, ਕਿਉਂਕਿ ਮਿੱਤਰ ਨੇ ਧੋਖਾ ਦੇ ਦਿਤਾ। ਜਦੋਂ ਆਪਣਾ ਬੰਦਾ, ਜਿਹਨੂੰ ਆਪਣਾ ਸਮਝ ਲਓ, ਜਦੋਂ ਉਹ ਧੋਖਾ ਦੇ ਜਾਵੇ, ਉਸ ਵੇਲੇ ਦਿਲ ਟੁੱਟ ਜਾਇਆ ਕਰਦਾ ਹੈ। ਟੁੱਟੇ ਹੋਏ ਦਿਲ ਨਹੀਂ ਜੁੜਿਆ ਕਰਦੇ, ਬੜੇ ਮੁਸ਼ਕਲ ਨੇ। ਉਸ ਵੇਲੇ ਲੜਿਆ ਨਹੀਂ ਫੇਰ, ਉਸ ਵੇਲੇ ਹਥਿਆਰ ਸੁੱਟ ਦਿੱਤੇ ਤੇ ਜੂਲੀਅਸ ਸੀਜ਼ਰ ਉਥੇ ਮਾਰਿਆ ਗਿਆ। ਇਤਿਹਾਸਕ ਵਾਕਿਆ ਹੈ।

ਇਸੇ ਤਰ੍ਹਾਂ ਨਪੋਲੀਅਨ ਨੂੰ ਨੈਲਸਨ ਨੇ ਸ਼ਿਕਸ਼ਤ ਦੇ ਦਿਤੀ, ਸਾਰੀ ਦੁਨੀਆਂ ਨੂੰ ਜਿੱਤਦਾ ਫਿਰਦਾ ਸੀ, ਨਿਪੋਲੀਅਨ। ਜਿਸ ਵੇਲੇ ਉਹਦਾ ਦਿਲ ਟੁੱਟ ਗਿਆ, ਫੇਰ ਵੱਡੀ ਲੜਾਈ ਨਹੀਂ ਲੜੀ, ਫੇਰ ਹਾਰ ਹੀ ਗਿਆ ਬਾਅਦ ਵਿਚ।

ਈਸਾ ਜੀ ਨੂੰ ਜਦੋਂ ਸੂਲੀ ਦਾ ਹੁਕਮ ਹੋ ਗਿਆ ਤਾਂ ਕਿਹਾ ਗਿਆ ਕਿ ਤੂੰ ਗਵਾਹ ਲਿਆ ਆਪਣਾ ਜਿਹੜਾ ਇਹ ਕਹਿ ਦੇਵੇ ਕਿ ਅਸੀਂ ਤੈਨੂੰ ਜਾਣਦੇ ਹਾਂ ਤੇ ਤੂੰ ਬਹੁਤ ਚੰਗੇ ਚਰਿੱਤਰ ਦਾ ਬੰਦਾ ਹੈਂ। ਦੇਸ਼ ਦੇ ਵਿਦਰੋਹ ਦੇ ਹੱਕ ਵਿੱਚ ਤੂੰ ਕੋਈ ਕੰਮ ਨਹੀਂ ਕਰ ਰਿਹਾ। ਬਾਰ੍ਹਾਂ ਉਨ੍ਹਾਂ ਦੇ ਵਿਸ਼ਵਾਸ਼ੀ ਸੀਗੇ, ਇਕੱਲੇ-ਇਕੱਲੇ ਨੂੰ ਬੁਲਾਉਂਦੇ ਨੇ, ਈਸਾ ਜੀ ਨੂੰ ਇਹ ਸੀ ਕਿ ਪਿਤਰਸ ਜਿਹਨੇ ਮੇਰੀ ਪੂਰੀ ਸ਼ਕਤੀ ਦੇਖੀ ਹੋਈ ਹੈ, ਕੈਦ ਵਿੱਚ ਸੀ, ਅਰਦਾਸਾਂ ਕਰਦਾ ਸੀ ਪਿਤਰਸ, ਕਿ ਹੇ ਪ੍ਰਭੂ! ਤੂੰ ਮੈਨੂੰ ਛੁਡਾ ਲੈ, ਮੈਂ ਮਾਰਿਆ ਜਾਵਾਂਗਾ, ਸੱਤ ਜੰਦਿਆਂ ਦੇ ਅੰਦਰ ਬੰਦ ਸੀ, ਸਾਰੇ ਤਾਲੇ ਖੁੱਲ੍ਹ ਗਏ, ਜਿਵੇਂ ਕ੍ਰਿਸ਼ਨ ਮਹਾਰਾਜ ਵੇਲੇ ਖੁਲ੍ਹ ਗਏ ਸੀ। ਸੱਤਾਂ ਤਾਲਿਆਂ 'ਚੋਂ ਨਿਕਲ ਕੇ ਈਸਾ ਜੀ ਦੇ ਚਰਨਾਂ 'ਚ ਆ ਕੇ ਉਨ੍ਹਾਂ ਦਾ ਸਭ ਤੋਂ ਜ਼ਿਆਦਾ ਵਿਸ਼ਵਾਸ਼ੀ (trusted) ਸੀ ਜਿਵੇਂ ਗੁਰੂ ਨਾਨਕ ਪਾਤਸ਼ਾਹ ਵੇਲੇ ਗੁਰੂ ਅੰਗਦ ਸਾਹਿਬ ਸੀ, ਗੁਰੂ ਦਸਵੇਂ ਪਾਤਸ਼ਾਹ ਦੇ ਭਾਈ ਦਇਆ ਸਿੰਘ ਜੀ ਸੀ, ਉਹ ਚੌਦਾਂ ਦੇ ਵਿਚੋਂ ਪਹਿਲੇ ਨੰਬਰ 'ਤੇ ਸੀ। ਜਿਸ ਵਕਤ ਉਹਦੀ ਵਾਰੀ ਆਈ, ਕਹਿੰਦੇ ਪਿਤਰਸ! ਤੂੰ ਇਸਨੂੰ ਜਾਣਦਾ ਹੈਂ? ਕੀ ਜਾਣਦਾ ਹੈਂ ਤੂੰ ਦੱਸ? ਕਹਿੰਦਾ, ਮੈਂ ਇੱਥੇ ਕਦੇ-ਕਦੇ ਆਉਂਦਾ ਹਾਂ, ਜਿਵੇਂ ਦੁਨੀਆਂ ਦੇਖਦੀ ਸੀ, ਉਵੇਂ ਮੈਂ ਦੇਖਦਾ ਸੀ, ਮੈਂ ਇਹਨੂੰ ਕੋਈ ਨਹੀਂ ਜਾਣਦਾ। ਉਸ ਵੇਲੇ ਈਸਾ ਜੀ ਨੇ ਕਿਹਾ ਕਿ ਹੁਣ ਮੈਂ ਕੋਈ ਸਫਾਈ ਨਹੀਂ ਦੇਣੀ। ਕਿਉਂ ਜੋ ਸਭ ਤੋਂ ਵੱਡਾ ਮਿੱਤਰ ਹੀ ਨਾਂਹ ਕਰ ਗਿਆ।

ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ! ਨੌਂ ਮਹੀਨੇ ਰਹਿ ਕੇ ਡੱਲੇ ਨੂੰ ਉਨ੍ਹਾਂ ਨੇ ਤਿਆਰ ਕੀਤਾ, ਭਾਈ ਰਾਮ ਸਿੰਘ ਨੂੰ, ਤਿਆਰ ਕੀਤਾ। ਕੁਲ ਜਿਹੜੀ ਸੀ, ਗੁਰੂ ਚੌਥੇ ਪਾਤਸ਼ਾਹ ਤੋਂ ਭਾਈ ਭਗਤੂ ਦੀ ਕੁਲ ਦੇ ਵਿਚ ਸੀ। ਲੇਕਿਨ ਗੁਰੂ ਦਸਵੇਂ ਪਾਤਸ਼ਾਹ ਨੂੰ ਬੜਾ ਭਰੋਸਾ ਸੀ ਇਹਦੇ ਉਤੇ। ਨਵੇਂ ਬੰਦੇ ਮਿਲੇ ਨੇ, ਚਲੋ ਪੁਰਾਣੇ ਚਲੇ ਗਏ ਤਾਂ ਚਲੇ ਗਏ, ਕੋਈ ਗੱਲ ਨਹੀਂ ਹੈ। ਪਰ ਇਹ ਨਵੇਂ ਗੁਰਸਿੱਖੀ 'ਚ ਆਏ ਨੇ, ਇਨ੍ਹਾਂ ਨੂੰ ਬੇਅੰਤ ਉਪਦੇਸ਼ ਹੋਏ ਨੇ, ਸੇਵਾ ਇਨ੍ਹਾਂ ਨੇ ਬੜੀ ਕਰੀ ਹੈ ਤੇ ਮਹਾਰਾਜ ਨੇ ਬਰਕਤਾਂ ਹੀ ਬਰਕਤਾਂ ਭਾਈ ਡੱਲੇ ਨੂੰ ਦੇ ਦਿਤੀਆਂ, ਰਾਮ ਸਿੰਘ ਨੂੰ ਬਖਸ਼ਸ਼ਾਂ ਦਿੱਤੀਆਂ। ਹੋਰਾਂ ਨੂੰ ਬਖਸ਼ਸ਼ਾਂ ਦਿੱਤੀਆਂ, ਦਰਬਾਰੀ ਸਿੰਘ ਨੂੰ, ਬੇਅੰਤ ਨਵੇਂ ਸਿੱਖ ਤਿਆਰ ਕਰੇ ਇੱਕ ਵੱਡੀ ਗਿਣਤੀ ਕੋਈ ਹਜ਼ਾਰ, ਡੇਢ ਹਜ਼ਾਰ ਬੰਦੇ ਦੇ ਨਾਲ ਆਪ ਚਾਲੇ ਪਾਉਂਦੇ ਨੇ। ਦਮਦਮੇ ਸਾਹਿਬ ਤੋਂ, ਤਲਵੰਡੀ ਤੋਂ ਚਾਲੇ ਪਾਉਂਦੇ ਨੇ, ਤੇ ਮਹਾਰਾਜ ਬਚਨ ਕਰਦੇ ਨੇ ਕਿ ਭਾਈ ਡੱਲਿਆ! ਮੁਗਲਾਂ ਦਾ ਤੇਜ ਪ੍ਰਤਾਪ ਖਤਮ ਹੋ ਗਿਆ, ਤੇਰੇ ਸੀਸ ਦੇ ਉਤੇ ਅਸੀਂ ਦਿੱਲੀ ਦਾ ਤਾਜ ਰੱਖਣਾ ਹੈ। ਚੁਣ ਲਿਆ ਉਸ ਬੰਦੇ ਨੂੰ, ਲੇਕਿਨ

ਹੋਇਆ ਕੀ। ਰਾਮ ਸਿੰਘ ਨੂੰ ਮਹਾਰਾਜ ਕਹਿੰਦੇ ਨੇ, ਰਾਮ ਸਿੰਘ! ਤੇਰੀ ਤਾਂ ਸਾਡੇ ਨਾਲ ਪੁਸ਼ਤਾਂ ਦੀ ਸਾਂਝ ਹੈ। ਗੁਰੂ ਚੌਥੇ ਪਾਤਸ਼ਾਹ ਦਾ ਤੀਸਰਾ ਪੁੱਤਰ ਜਿਹੜਾ ਸੀ, ਸਾਡੇ ਖਾਨਦਾਨ ਦਾ, ਉਹ ਭਾਈ ਆਦਮ ਦੇ ਘਰ ਭੇਜਿਆ ਸੀ ਤੇ ਤੂੰ ਤਾਂ ਸਾਡੇ ਖਾਨਦਾਨ ਵਿਚੋਂ ਖ਼ੂਨ ਦੀ ਸਾਂਝ ਹੈ, ਭਾਵੇਂ ਜਾ ਕੇ ਤੁਹਾਡੇ ਪੈਦਾ ਹੋ ਗਿਆ, ਪਰ ਉਹ ਸੀ ਗੁਰੂ ਰਾਮਦਾਸ ਦਾ ਹੀ ਪੁੱਤਰ। ਤੇਰੇ ਨਾਲ ਗਾੜ੍ਹੀ ਸਾਂਝ ਹੈ। ਉਸ ਵੇਲੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਜਾਂਦੇ ਨੇ, ਮਹਾਰਾਜ ਐਸ ਤਰ੍ਹਾਂ ਕਰਾਂਗੇ, ਇਸ ਤਰ੍ਹਾਂ ਕਰਾਂਗੇ। ਖਬਰ ਹੁੰਦੀ ਹੈ ਮਹਾਰਾਜ ਨੂੰ ਥੋੜ੍ਹੀਆਂ ਮੰਜ਼ਲਾਂ ਚਲ ਕੇ ਕਿ ਮਹਾਰਾਜ! ਬਰਾੜ ਨੱਠ ਗਏ ਨੇ ਸਾਰੇ, ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਫੇਰ ਅਗਲੇ ਪੜਾਅ 'ਤੇ ਖਬਰ ਹੁੰਦੀ ਹੈ ਕਿ ਦਰਬਾਰੀ, ਘਰਬਾਰੀ ਸਿੰਘ, ਹੋਰ ਜਿੰਨੇ ਨਵੇਂ ਸਿੱਖ ਬਣਾਏ ਸੀ ਸੱਚੇ ਪਾਤਸ਼ਾਹ! ਰਾਤ ਨੱਠ ਗਏ ਲੈ ਕੇ ਆਪਣੇ-ਆਪਣੇ ਬੰਦਿਆਂ ਨੂੰ। ਭਾਈ ਪ੍ਰਿਥੀਚੰਦ ਦਾ ਜਿਹੜਾ ਪੜੋਤਾ ਸੀ ਉਹ ਵੀ ਨੱਠ ਗਿਆ। ਕਹਿੰਦੇ, ਕੋਈ ਗੱਲ ਨਹੀਂ। ਕਹਿੰਦੇ, ਡੱਲਾ ਸਿੰਆਂ! ਭਾਈ ਰਾਮ ਸਿੰਘ! ਕੀ ਮਰਜ਼ੀ ਹੈ ਤੁਹਾਡੀ?

ਸੱਚੇ ਪਾਤਸ਼ਾਹ! ਅਸੀਂ ਤਾਂ ਆਖਰੀ ਦਮ ਤੱਕ ਤੁਹਾਡੇ ਵਾਸਤੇ ਸੀਸ ਦੇਵਾਂਗੇ। ਅਖੀਰ ਅਗਲੀ ਮੰਜ਼ਲ ਚਲੇ ਜਾਂਦੇ ਨੇ। ਓਸ ਥਾਂ 'ਤੇ ਜਾ ਕੇ ਡੱਲੇ ਨੂੰ ਮਹਾਰਾਜ ਨੇ ਆਪਣਾ ਨਿੱਜੀ ਖੰਡਾ ਦਿੱਤਾ ਹੋਇਆ ਸੀ। ਦੋ ਹਜ਼ਾਰ ਰੁਪਏ ਦਾ, ਓਸ ਵੇਲੇ ਦੇ ਹੁਣ ਦੇ ਦੋ ਲੱਖ ਦੇ ਲਾ ਲਓ, ਹੀਰੇ ਜੜਤ ਕੰਗਣ ਦਿੱਤੇ ਹੋਏ ਸੀਗੇ, ਜਿਹੜੇ ਕੜੇ ਦੇ ਨਾਲ ਪਾਏ ਹੋਏ ਸੀ। ਹੋਰ ਅਨੇਕਾਂ ਬਖਸ਼ਿਸ਼ਾਂ ਕਰੀਆਂ ਹੋਈਆਂ ਸੀ। ਰਾਤ ਨੂੰ ਪਹਿਰੇ 'ਤੇ ਹੈ ਇਕੱਲਾ, ਕਹਿੰਦਾ ਮੈਂ ਦੇਵਾਂਗਾ ਗੁਰੂ ਸਾਹਿਬ ਦਾ ਪਹਿਰਾ ਹੋਰ ਕੋਈ ਨਾ ਆਵੇ। ਪਹਿਲਾਂ ਵੀ ਦਿੰਦਾ ਰਹਿੰਦਾ ਸੀ ਸਾਰੀ-ਸਾਰੀ ਰਾਤ। ਪਹਿਰੇ ਦੇ ਉਤੇ ਹੈ, ਜਿਸ ਵਕਤ ਗੁਰੂ ਸਾਹਿਬ ਆਰਾਮ ਕਰਨ ਲੱਗੇ, ਓਸ ਵੇਲੇ ਸਾਂਭ ਕੇ ਖੰਡਾ ਮਹਾਰਾਜ ਦੇ ਸਰ੍ਹਾਣੇ ਨਾਲ ਲਾ ਕੇ ਖੜ੍ਹਾ ਦਿੱਤਾ। ਜੜਾਊ ਕੰਗਣ, ਲਾਹ ਕੇ ਮਹਾਰਾਜ ਦੇ ਮੰਜੇ 'ਤੇ ਰੱਖ ਦਿੱਤੇ। ਹੋਰ ਵੀ ਜਿਹੜੀਆਂ ਬਖਸ਼ਿਸ਼ਾਂ ਸੀ ਉਹ ਲਾਹ ਕੇ ਮੰਜੇ 'ਤੇ ਰੱਖ ਦਿਤੀਆਂ। ਜਿਸ ਵਕਤ ਮਹਾਰਾਜ ਨੇ ਆਵਾਜ਼ ਦਿੱਤੀ ਕਿ ਭਾਈ ਡੱਲਾ ਸਿੰਘ! ਓਸ ਵੇਲੇ ਇੱਕ ਫਕੀਰ ਨੇੜੇ ਹੀ ਬੈਠਾ ਸੀ ਜਿਹੜਾ ਦੇਖਦਾ ਸੀ, ਕਹਿੰਦਾ ਗੁਰੂ ਮਹਾਰਾਜ! ਨਾ ਡੱਲਾ, ਨਾ ਮੱਲਾ, ਰਹਿ ਗਿਆ ਗੁਰੂ ਇਕੱਲਾ। ਮਹਾਰਾਜ ਕਹਿੰਦੇ, ਫਕੀਰ ਸਾਂਈ ਦੇਆ, ਗੁਰੂ ਕਦੇ ਨਾ ਇਕੱਲਾ, ਗੁਰੂ ਨਾਲ ਸਦਾ ਅੱਲਾ। ਡੋਲੇ ਨਹੀਂ, ਉਹ ਡੋਲ ਗਏ ਸੀ ਸਾਰੇ ਜਿਹੜੇ ਮੈਂ ਪਹਿਲਾਂ ਦੱਸੇ ਨੇ। ਨਾਲ ਬਰਾੜ ਵੀ ਲੈ ਕੇ ਚਲਿਆ ਗਿਆ। ਬੇਅੰਤ ਸਾਥੀ ਲੈ ਕੇ ਨੱਠ ਗਿਆ। ਥੋੜ੍ਹੇ ਜਿਹੇ ਰਹਿ ਗਏ ਗੁਰੂ ਸਾਹਿਬ ਕੋਲ। ਅੱਗੇ ਵਧੇ ਕਹਿੰਦੇ ਰਾਮ ਸਿੰਘਾ! ਹੁਣ ਤੂੰ ਦੱਸ ਬਈ? ਕਹਿੰਦਾ ਜੀ, ਮਹਾਰਾਜ! ਮੈਂ ਤਾਂ ਆਖਰੀ ਦਮ ਆਪ ਦੇ ਨਾਲ ਹਾਂ, ਜਿੱਥੇ ਜੀਅ ਕਰਦਾ ਹੈ ਮੈਨੂੰ ਲੈ ਜਾਓ। ਭਰਾ ਆਪਣਾ ਭਿਜਵਾ ਦਿੱਤਾ ਕਿ ਇਹਨੂੰ ਭੇਜ ਦਿਓ। ਉਸ ਵੇਲੇ ਜਦੋਂ ਅਗਲੀ ਮੰਜ਼ਲ 'ਤੇ ਗਏ, ਰਾਤ ਨੂੰ ਨੱਠ ਗਿਆ ਸਾਥੀਆਂ ਸਮੇਤ। ਉਹ ਵੀ ਲੈ ਗਿਆ ਆਪਣੇ ਸਾਥੀ।

ਮਹਾਰਾਜ ਨੂੰ ਖਬਰ ਲੱਗੀ ਕਿ ਸੱਚੇ ਪਾਤਸ਼ਾਹ! ਰਾਮ ਸਿੰਘ ਨੱਠ ਗਿਆ। ਸਾਥੀਆਂ ਨੂੰ ਵੀ ਨਾਲ ਲੈ ਗਿਆ। ਕਹਿੰਦੇ, ਰਾਮ ਸਿੰਘ ਨਾਲ ਸਾਡੀ ਗੱਲ ਕਰਾ ਦਿਓ ਇਕ ਵਾਰੀ। ਕਿਉਂਕਿ ਇਹਦੇ ਨਾਲ ਸਾਡੀ ਪੁਸ਼ਤਾਂ ਦੀ ਸਾਂਝ ਹੈ, ਡੱਲਾ ਨਵਾਂ ਆਦਮੀ ਸੀ, ਘਰ ਪਿਆਰਾ ਕਰਿਆ ਹੈ, ਪਰ ਉਥੇ ਕਿਹੜਾ ਬਚ ਜਾਏਗਾ, ਉਥੇ ਮੌਤ ਤਿਆਰ ਖੜ੍ਹੀ ਹੈ ਇਹਦੇ ਵਾਸਤੇ। ਰਾਮ ਸਿੰਘ ਨੂੰ ਕਹਿ ਦਿਓ। ਭੇਜ ਦਿੱਤਾ ਸਵਾਰ। ਜਾ ਕੇ ਉਸ ਨੇ ਰੋਕ ਲਿਆ ਕਿ ਰਾਮ ਸਿੰਘ! ਗੁਰੂ ਸਾਹਿਬ ਨਾਲ ਦੋ ਬਚਨ ਕਰ ਲੈ। ਵਾਪਸ ਨਹੀਂ ਆਇਆ, ਜਵਾਬ ਦੇ ਗਿਆ, ਪਿੱਠ ਦੇ ਗਿਆ। ਉਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਇਹਨੂੰ ਆਣ ਪਾ, ਤਿੰਨ ਆਣ ਪਾ, ਤਿੰਨ ਆਣਾਂ ਹੁੰਦੀਆ ਨੇ, ਉਹ ਤਿੰਨੋ ਆਣਾਂ ਪਾ ਦੇ, ਲਕੀਰਾਂ ਖਿੱਚ ਦੇ ਤਿੰਨ ਕਿ ਆਹ ਆਣਾਂ ਨੇ ਤਿੰਨ। ਜਾਹ ਤੂੰ ਮੋੜ ਕੇ ਲਿਆ ਉਹਨੂੰ। ਫੇਰ ਗੁਰਸਿੱਖ ਜਾਂਦਾ ਹੈ। ਰਾਮ ਸਿੰਘਾ! ਗੁਰੂ ਸਾਹਿਬ ਨੇ ਫੇਰ ਭੇਜਿਆ ਹੈ ਮੈਨੂੰ। ਨਾ ਜਾ ਤੂੰ। ਬੇਮੁਖ ਨਹੀਂ ਹੋਈਦਾ ਗੁਰੂ ਤੋਂ, ਬੇਮੁਖ ਦਾ ਦੋਸ਼ ਬਹੁਤ ਵੱਡਾ ਹੈ। ਅਕ੍ਰਿਤਘਣ ਦਾ ਦੋਸ਼ ਬਹੁਤ ਵੱਡਾ ਹੈ, ਉਪਕਾਰ ਨਾ ਗੁਰੂ ਦੇ ਭੁੱਲ। ਤੁਹਾਡੇ ਖਾਨਦਾਨ ਦੇ ਉਤੇ ਉਪਕਾਰ ਕੀਤੇ ਹੋਏ ਨੇ ਗੁਰੂ ਦੇ। ਤਿੰਨ ਲਕੀਰਾਂ ਖਿੱਚ ਦਿੱਤੀਆਂ, ਰਾਮ ਸਿੰਘ ਨੇ ਘੋੜਾ ਅੱਗੇ ਲੰਘਾ ਲਿਆ। ਕਹਿੰਦਾ, ਬੜੀ ਮਾੜੀ ਗੱਲ ਕਰੀ। ਨਾਮੋਸ਼ ਹੋ ਕੇ ਆ ਗਿਆ ਗੁਰੂ ਮਹਾਰਾਜ ਕੋਲ। ਨੇਤਰਾਂ 'ਚ ਜਲ ਚਲਦਾ ਹੈ, ਕਹਿੰਦੇ ਕੀ ਗੱਲ? ਤੂੰ ਉਦਾਸ ਹੋ ਗਿਆ? ਕਹਿੰਦਾ ਪਾਤਸ਼ਾਹ! ਉਹ ਤਾਂ ਮੁੜਿਆ ਨਹੀਂ ਹੈ। ਕਹਿੰਦੇ, ਜਾਹ ਸਾਡਾ ਰੁਮਾਲ ਲੈ ਜਾ ਤੇ ਹੁਣ ਉਹਨੂੰ ਇਹ ਕਹਿ ਦੇਈਂ ਕਿ ਗੁਰੂ ਸਾਹਿਬ ਦੀ ਦਸਤਾਰ ਹੈ ਇਹ, ਸਾਮ੍ਹਣੇ ਰੱਖ ਦਿੱਤੀ ਲਕੀਰ ਕੱਢ ਕੇ ਉਹਦੇ ਉਤੇ ਜਿ ਜੇ ਜਾਣਾ ਹੀ ਹੈ ਤਾਂ ਦਸਤਾਰ ਦੇ ਉਤੇ ਦੀ ਲੰਘ ਜਾ। ਸਭ ਤੋਂ ਵਿਸ਼ਵਾਸ਼ੀ (trusted) ਬੰਦਾ ਭਾਈ ਡੱਲਾ ਤੇ ਭਾਈ ਰਾਮ ਸਿੰਘ ਸੀ। ਉਸ ਵੇਲੇ ਉਸ ਨੇ ਕਿਹਾ ਕਿ ਰਾਮ ਸਿੰਘਾ! ਹੁਣ ਨਾ ਗਲਤੀ ਕਰੀਂ, ਗੁਰੂ ਦਸ਼ਮੇਸ਼ ਪਿਤਾ ਜਿਹਨੇ ਭਾਰਤ ਵਰਸ਼ ਦੇ ਵਾਸਤੇ ਸਭ ਕੁਛ ਕੁਰਬਾਨ ਕਰ ਦਿੱਤਾ। ਪ੍ਰੇਮੀਆਂ! ਤੈਨੂੰ ਵਾਪਸ ਬੁਲਾ ਕੇ ਦੋ ਗੱਲਾਂ ਕਰਨੀਆਂ ਚਾਹੁੰਦੇ ਨੇ। ਗੱਲਾਂ ਕਰਕੇ ਚਲਿਆ ਜਾਈਂ, ਤੈਨੂੰ ਛੁੱਟੀ ਮਿਲ ਜਾਏਗੀ। ਸਿਰਫ ਬਚਨ ਕਰਨੇ ਨੇ ਦੋ। ਉਸ ਵੇਲੇ ਰੁਮਾਲ ਰੱਖ ਦਿੱਤਾ, ਬੇਪਰਵਾਹੀ ਨਾਲ ਘੋੜੇ ਨੂੰ ਅੱਡੀ ਮਾਰੀ ਉਤੋਂ ਦੀ ਲੰਘ ਗਿਆ। ਉਸ ਵੇਲੇ ਗੁਰਸਿੱਖ ਦਾ ਦਿਲ ਟੁੱਟ ਗਿਆ, ਰੋਣ ਲਗ ਗਿਆ। ਕਹਿੰਦਾ, ਓ ਰਾਮ ਸਿੰਘਾ! ਮਾੜੀ ਗੱਲ ਕਰੀ, ਗੁਰੂ ਦਸ਼ਮੇਸ਼ ਪਿਤਾ ਵਰਗੇ ਗੁਰੂ ਨੂੰ ਧੋਖਾ ਦੇਣਾ ਤੇ ਉਹਦੇ ਨਾਲ ਬੇਵਿਸ਼ਵਾਸ਼ੀ ਕਰਨੀ। ਉਸ ਵੇਲੇ ਗੁਰੂ ਮਹਾਰਾਜ ਕੋਲ ਵਾਪਸ ਆਉਂਦਾ ਹੈ, ਰੋ ਰਿਹਾ ਹੈ। ਮਹਾਰਾਜ ਕਹਿੰਦੇ, ਗੁਰਸਿੱਖਾ! ਕਿਉਂ ਰੋਂਦਾ ਹੈਂ? ਗੱਲ ਦੱਸ? ਗੱਲ ਦਸਦਾ ਹੈ ਇਸ ਤਰ੍ਹਾਂ ਨਾਲ, ਪੜ੍ਹੋ ਪਿਆਰ ਨਾਲ –

***ਧਾਰਨਾ – ਜਿਹੜੇ ਕਹਿੰਦੇ ਸੀ ਦੇਵਾਂਗੇ ਸੀਸ ਗੁਰਾਂ ਨੂੰ,***
***ਪਿੱਠ ਦੇ ਕੇ ਸਾਰੇ ਭੱਜ ਗਏ।***

ਪਾਤਸ਼ਾਹ! ਜਿਨ੍ਹਾਂ ਨੂੰ ਤੁਸੀਂ ਆਪਣੇ ਬਣਾਇਆ ਸੀ, ਜਿਨ੍ਹਾਂ ਦੇ ਉਤੇ

ਦਿਨ ਰਾਤ ਆਪਣੀਆਂ ਮਿਹਰਬਾਨੀਆਂ, ਬਰਕਤਾਂ, ਬਖਸ਼ਿਸ਼ਾਂ ਕਰਦੇ ਸੀ। ਪਾਤਸ਼ਾਹ! ਸਾਰੇ ਇੱਕ-ਇੱਕ ਕਰਕੇ ਸਾਥ ਛੱਡ ਗਏ। ਮੈਂ ਤਾਂ ਰੋਂਦਾ ਹਾਂ। ਮਹਾਰਾਜ ਕਹਿੰਦੇ, ਗੁਰਮੁਖਾ! ਰੋ ਨਾ ਉਨ੍ਹਾਂ ਨੂੰ ਘਰ ਪਿਆਰਾ ਸੀ, ਘਰ ਨਾਲ ਟੱਕਰਾਂ ਮਾਰ ਕੇ, ਮਹੀਨੇ ਦੇ ਅੰਦਰ ਹੀ ਮਰ ਜਾਣਾ ਹੈ ਉਨ੍ਹਾਂ ਨੇ। ਰਾਮ ਸਿੰਘ ਘਰ ਜਾਂਦਾ ਹੈ, ਕਮਲਾ ਹੋ ਗਿਆ ਘਰ ਪਹੁੰਚ ਕੇ, ਘੋੜੇ ਤੋਂ ਦੂਜੇ ਭਰਾ ਨੇ ਉਤਾਰਿਆ, ਕੰਧਾਂ ਦੇ ਨਾਲ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੰਗਲ ਪਾ ਦਿੱਤੇ, ਧਰਤੀ ਨਾਲ ਟੱਕਰਾਂ ਮਾਰੀਆਂ, ਇੱਕ ਮਹੀਨੇ ਬਾਅਦ ਸਰੀਰ ਛੱਡ ਗਿਆ। ਓਧਰ ਭਾਈ ਡੱਲਾ ਦੇ ਪੋਤੇ, ਇੱਕ ਨੂੰ ਸੀਤਲਾ ਨਿਕਲ ਆਈ ਉਹ ਮਰ ਗਿਆ, ਇਕ ਦੇ ਤਕਲਾ ਮਰ ਗਿਆ, ਉਹਦੇ ਉਤੇ ਹਮਲਾ ਕਰ ਦਿੱਤਾ, ਰਾਜ ਭਾਗ ਖੋਹ ਲਿਆ ਉਹਦਾ। ਗੁਰੂ ਤੋਂ ਵਿਸ਼ਵਾਸ਼ ਖੋ ਲਿਆ।

ਸੋ ਮੈਂ ਬੇਨਤੀ ਕਰ ਰਿਹਾ ਸੀ ਜਿਥੇ ਦਰਦ ਵਾਲਾ ਬੰਦਾ ਮਿਲ ਜਾਵੇ, ਉਥੇ ਰਾਠ ਤੋਂ ਰਾਠ ਨੂੰ ਰੋਣਾ ਆ ਜਾਂਦਾ ਹੈ। ਇੱਕੋ ਮਿਸਾਲ ਮਿਲਦੀ ਹੈ, ਸਾਰੀ ਦੁਨੀਆਂ ਦੇ ਇਤਿਹਾਸ 'ਚ। ਗੁਰੂ ਮਹਾਰਾਜ ਦੇ ਨਾਲ ਜਿੰਨੇ ਹੁੰਦੇ ਸੀ ਸਾਥ ਛੱਡ ਗਏ, ਜਿਨ੍ਹਾਂ ਤੇ ਭਰੋਸਾ ਕਰਦੇ ਸੀ ਸਾਥ ਛੱਡਦੇ ਜਾਂਦੇ ਸੀ, ਪਰ ਆਪ ਚੜ੍ਹਦੀ ਕਲਾ 'ਚ ਨੇ। ਸਭ ਕੁਛ ਗਵਾਈ ਬੈਠੇ ਨੇ, ਨਾ ਅਨੰਦਪੁਰ ਸਾਹਿਬ, ਨਾ ਕਿਲ੍ਹਾ, ਨਾ ਕੋਈ ਪੈਸਾ, ਕਿੱਡੀ ਚੜ੍ਹਦੀ ਕਲਾ ਹੈ, ਦੱਖਣ ਵੱਲ ਨੂੰ ਜਾ ਰਹੇ ਨੇ।

ਅਸੀਂ ਵਿਚਾਰ ਕਰ ਰਹੇ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਦੋਂ ਗੁਰੂ ਦਸਵੇਂ ਪਾਤਸ਼ਾਹ ਦੇ ਉਨ੍ਹਾਂ ਕਸ਼ਮੀਰੀ ਪੰਡਤਾਂ ਨੇ ਦਰਸ਼ਨ ਕੀਤੇ, ਮਨ 'ਚ ਆਇਆ ਕਿ ਇਹ ਤਾਂ ਸਾਡੇ ਹਮਦਰਦ ਨੇ, ਉਸ ਵੇਲੇ ਸਾਧਸੰਗਤ ਜੀ! ਰੋਣਾ ਨਿਕਲ ਗਿਆ ਸਾਰਿਆਂ ਦਾ। ਉਚੀ-ਉਚੀ ਰੋ ਰਹੇ ਨੇ ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓ! ਬੈਠ ਜਾਓ, ਸੰਗਤ ਸਾਰੀ ਹੈਰਾਨ ਹੈ ਕਿ ਬੜੇ ਵਿਦਵਾਨ ਪੁਰਸ਼ ਆਏ ਨੇ। ਬਿਪਤਾ ਇਨ੍ਹਾਂ 'ਤੇ ਬਹੁਤ ਵੱਡੀ ਪਈ ਹੋਈ ਹੈ। ਐਨਾ ਰੋ ਰਹੇ ਨੇ ਇਹ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਤੁਸੀਂ ਆਪਣਾ ਹਾਲ ਸੁਣਾਓ, ਕੀ ਗੱਲ ਹੈ, ਕਿਹੜਾ ਸੰਕਟ ਤੁਹਾਡੇ 'ਤੇ ਆ ਗਿਆ। ਕਹਿੰਦੇ, ਪਾਤਸ਼ਾਹ! ਤੁਸੀਂ ਜਾਣੀ-ਜਾਣ ਓਂ। ਸਭ ਕੁਛ ਜਾਣਦੇ ਓਂ। ਐਸ ਤਰ੍ਹਾਂ ਦੇ ਨਾਲ ਅਸੀਂ ਗਏ ਸੀ ਸ਼ਿਵ ਮੰਦਰ ਦੇ ਅੰਦਰ। ਅਮਰਨਾਥ ਦੀ ਗੁਫਾ 'ਚ, ਬਰਫ ਦੇ ਵਿਚ। ਪਾਤਸ਼ਾਹ! ਸਾਡੀ ਕੋਈ ਬਾਂਹ ਫੜਨ ਵਾਲਾ ਨਹੀਂ ਸੰਸਾਰ 'ਤੇ ਰਿਹਾ ਤੇ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਦੇਵਤੇ ਨੇ ਕਿਹਾ ਹੈ ਕਿ ਤੁਹਾਡੀ ਬਾਂਹ ਫੜਨੀ ਹੈ ਤਾਂ ਗੁਰੂ ਤੇਗ ਬਹਾਦਰ ਨੇ ਫੜਨੀ ਹੈ। ਉਹ ਨੇ ਜਿਹੜੇ ਤੁਹਾਡੀ ਬਾਂਹ ਫੜ ਕੇ ਪੂਰਾ ਨਿਭਾ ਦੇਣਗੇ। ਐਸ ਵੇਲੇ ਬਾਂਹ ਕਿਸੇ ਨੇ ਨਹੀਂ ਫੜਨੀ। ਕਹਿੰਦੇ -

***ਕੇਵਲ ਇਕੋ ਆਪ ਹੋ, ਕੇਵਲ ਇਕੋ ਆਪ ਹੋ***
***ਮੇਟਹੁ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।***
***ਜਿਦਾਂ ਲਾਜ ਦ੍ਰੋਪਤੀ ਵਿਚ ਭਰੇ ਦਰਬਾਰ।***
***ਦੇ ਕੇ ਆਪਣਾ ਹੱਥ ਸੀ ਰਖੀ ਕ੍ਰਿਸ਼ਨ ਮੁਰਾਰ।***

*ਉਵੇਂ ਰਖੋ ਲਾਜ ਹੁਣ ਸਤਿਗੁਰ ਕ੍ਰਿਪਾਧਾਰ।*
*ਬਣਿਆ ਭਾਰਤ ਵਰਸ਼ ਅੱਜ ਦੁਰਯੋਧਨ ਦਰਬਾਰ।*

ਗੁਰੂ ਮਹਾਰਾਜ ਕਹਿੰਦੇ, ਕੋਈ ਨਾ ਤੁਸੀਂ ਫਿਕਰ ਨਾ ਕਰੋ, ਵਾਹਿਗੁਰੂ ਸਭ ਦਾ ਰਾਖਾ ਹੈ -

*ਸੱਚਾ ਸਾਹਿਬ ਆਪ ਹੀ ਕਰਕੇ ਕੋਈ ਉਪਾਅ*
*ਡੁੱਬਦਾ ਬੇੜਾ ਧਰਮ ਦਾ ਦੇ ਸੀ ਬੰਨੇ ਲਾ।*

ਫਿਕਰ ਨਾ ਕਰੋ, ਪ੍ਰਮੇਸ਼ਰ ਨੇ ਸਭ ਕੁਛ ਕਰ ਦੇਣਾ ਹੈ। ਉਸ ਵੇਲੇ ਬਚਨ ਮਹਾਰਾਜ ਨੇ ਕੀਤਾ, ਸੰਜੀਦਾ ਹੋ ਗਏ ਆਪ, ਚੁੱਪ ਕਰ ਗਏ। ਸਾਰੇ ਚੁੱਪ ਕਰ ਗਏ, ਹੰਝੂ ਜਾ ਰਹੇ ਨੇ, ਆਪਣੀ ਵਿਥਿਆ ਨਹੀਂ ਸੁਣਾ ਸਕਦੇ, ਅੰਦਰ ਹੀ ਲਏ ਬੈਠੇ ਨੇ ਕਿ ਐਉਂ ਹੋਈ, ਇਸ ਤਰ੍ਹਾਂ ਹੋਈ। ਪੰਜ ਸੌ ਬੰਦਾ ਬੈਠਾ ਹੰਝੂ ਵਗਾ ਰਿਹਾ ਹੈ। ਹਉਕੇ ਲੈ ਰਹੇ ਨੇ, ਉਭੇ ਸਾਹ ਲੈ ਰਹੇ ਨੇ। ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆ ਗਏ, ਦੀਵਾਨ ਦੇ ਵਿਚੀਂ ਲੰਘ ਰਹੇ ਨੇ ਕਿ ਮਹਾਰਾਜ ਵੀ ਚੁੱਪ ਕਰੀਂ ਬੈਠੇ ਨੇ, ਆਹ ਕੀ ਭਾਣਾ ਵਰਤਿਆ ਹੋਇਆ ਹੈ, ਰੋ ਰਹੇ ਨੇ ਸਾਰੇ। ਉਸ ਵੇਲੇ ਤਖਤ ਦੇ ਉਤੇ ਆ ਕੇ ਮਹਾਰਾਜ ਜੀ ਉਪਰ ਚੜ੍ਹ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਡੂੰਘੀ ਸੋਚ ਵਿਚ ਲਿਵਲੀਨ ਹੋਏ ਬੈਠੇ ਨੇ, ਉਸ ਵੇਲੇ ਆਪ ਨੇ ਪਿਛੋਂ ਦੀ ਹੋ ਕੇ, ਪਿੱਠ ਵਲੋਂ ਦੀ, ਗੁਰੂ ਮਹਾਰਾਜ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ, ਪਾਉਂਦੇ ਸਾਰ ਉਲ੍ਹਰ ਕੇ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਜੀ ਨੇਤਰ ਖੋਲ੍ਹੇ, ਪਿਆਰ ਕੀਤਾ। ਬੁੱਕਲ 'ਚ ਲਏ, ਨੌਂ ਸਾਲ ਦੀ ਉਮਰ ਹੈ।

ਪਿਤਾ ਜੀ! ਇਹ ਕੌਣ ਨੇ ਬੰਦੇ, ਐਨੇ ਦੁਖੀਏ, ਐਸ ਵੇਲੇ ਰੋ ਰਹੇ ਨੇ। ਇਨ੍ਹਾਂ ਨੂੰ ਸੰਕਟ ਕੀ ਪਿਆ ਹੋਇਆ ਹੈ? ਆਪ ਤਾਂ ਸਮਰੱਥ ਓਂ, ਸਰਬ ਕਲਾ ਸਮਰੱਥ, ਆਪ ਦੇ ਘਰ ਆ ਕੇ ਤਾਂ ਰੋਂਦੇ ਹੱਸ ਕੇ ਜਾਂਦੇ ਨੇ, ਇੱਥੇ ਹੱਸਣ ਵਾਲੇ ਆ ਕੇ ਰੋਂਦੇ ਨਹੀਂ ਜਾਦੇ, ਇੱਥੇ ਰੋਣ ਵਾਲੇ ਹਸਦੇ ਜਾਂਦੇ ਨੇ। ਪਾਤਸ਼ਾਹ! ਇਹ ਕੀ ਗੱਲ ਹੈ? ਇਥੇ ਸਿਆਣੇ-ਸਿਆਣੇ ਬੰਦੇ, ਤਿਲਕ ਲੱਗੇ ਹੋਏ ਨੇ ਤੇ ਬੜੇ ਸਿਆਣੇ ਨੇ ਦੇਖਣ ਨੂੰ, ਸੋਹਣੇ ਦਰਸ਼ਨੀ ਨੇ। ਚਿਹਰੇ ਇਨ੍ਹਾਂ ਦੇ ਵਾਹਵਾ ਨੇ। ਇਹ ਐਨੇ ਮੁਰਝਾਏ ਹੋਏ ਕਿਉਂ ਨੇ? ਕਿਉਂ ਰੋ ਰਹੇ ਨੇ? ਆਪ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖ ਦਾ ਇਲਾਜ ਕਰੋ ਨਾ ਕੋਈ?

ਉਸ ਵੇਲੇ, ਆਪ ਕਹਿਣ ਲੱਗੇ, ਲਾਲ ਜੀ! ਇਹ ਸਾਰੇ ਭਾਰਤ ਵਰਸ਼ ਦਾ ਪ੍ਰਤੀਨਿਧ ਜੱਥਾ ਆਇਆ ਹੈ, ਸਾਰੇ ਹਿੰਦੂ ਧਰਮ ਦਾ deputation ਆਇਆ ਹੈ, ਭਾਰਤ ਵਰਸ਼ 'ਚੋਂ ਪੰਜ ਸੌ ਬੰਦਾ, ਨੁੰਮਾਇੰਦਾ ਹੋ ਕੇ ਇੱਥੇ ਪਹੁੰਚਿਆ ਹੈ ਤੇ ਇਨ੍ਹਾਂ ਦਾ ਧਰਮ ਖਤਰੇ 'ਚ ਹੈ, ਜੰਞੂ ਵੀ ਖਤਰੇ 'ਚ ਪੈ ਗਿਆ। ਤਿਲਕ ਵੀ ਖਤਰੇ 'ਚ ਪੈ ਗਿਆ, ਜ਼ਬਰਦਸਤੀ ਲਾਹਿਆ ਜਾ ਰਿਹਾ ਹੈ ਤੇ ਗੁਰੂ ਦੇ ਦਰਬਾਰ 'ਚ ਪਹੁੰਚੇ ਨੇ।

ਕਹਿੰਦੇ, ਫੇਰ ਪਾਤਸ਼ਾਹ! ਤੁਸੀਂ ਕੀ ਸੋਚਿਆ ਹੈ ਇਨ੍ਹਾਂ ਦਾ ਦੁੱਖ ਦੂਰ ਕਰੋ, ਤੁਸੀਂ ਸਮਰੱਥ ਪੁਰਸ਼ ਓਂ। ਕਹਿੰਦੇ, ਲਾਲ ਜੀ! ਇਨ੍ਹਾਂ ਦਾ ਦੁੱਖ

ਦੂਰ ਕਰਨ ਵਾਸਤੇ ਜਿਹੜਾ ਕੁਛ ਕਰਨਾ ਹੈ, ਉਹ ਸੁਣੋ ਧਿਆਨ ਨਾਲ –

*ਧਾਰਨਾ – ਤਿਲਕ ਜੰਞੂ ਦੀ ਰਾਖੀ ਨਹੀਂਓਂ ਹੋਣੀ,*
*ਬਿਨਾਂ ਦਿੱਤੇ ਸੀਸ ਲਾਲ ਜੀ।*

ਕਹਿਣ ਲੱਗੇ, ਲਾਲ ਜੀ! ਮੈਂ ਇਸ ਸੋਚ ਵਿਚ ਸੀ ਕਿ ਇਸ ਭਾਰੇ ਜ਼ੁਲਮ ਨੂੰ ਦੂਰ ਕਰਨ ਵਾਸਤੇ, ਕਿਸੇ ਮਹਾਂਪੁਰਸ਼ ਨੂੰ ਆਪਣਾ ਬਲੀਦਾਨ ਦੇਣਾ ਪੈਣਾ ਹੈ ਤੇ ਇਨ੍ਹਾਂ ਨੂੰ ਮੈਂ ਇਹ ਗੱਲ ਕਹਿ ਦਿੱਤੀ ਹੈ ਕਿ ਕੋਈ ਪੂਰਨ ਮਹਾਂਪੁਰਸ਼ ਸੀਸ ਦੇਵੇ, ਇਹ ਨੀਵੀਆਂ ਪਾਈ ਬੈਠੇ ਨੇ–

*ਨੌਵੇਂ ਸਤਿਗੁਰ ਆਖਿਆ ਮੇਰੇ ਸੁਤ ਸੁਜਾਨ*
*ਠੱਲ੍ਹ ਸਕਦਾ ਹੈ ਦੇਸ਼ ਵਿਚ, ਜ਼ੁਲਮਾਂ ਦਾ ਤੂਫਾਨ*
*ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ*
*ਡੱਟ ਖਲੋਵੇ ਸਾਮ੍ਹਣੇ ਆਪਣੀ ਛਾਤੀ ਤਾਣ।*
*ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ।*
*ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ।*
*ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ ਬਲੀਦਾਨ।*
*ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪ੍ਰਾਣ।*

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜਦੋਂ ਸੁਣਦੇ ਸਾਰ ਕਹਿਣ ਲੱਗੇ, ਪਿਤਾ ਜੀ! ਐਸ ਵੇਲੇ ਤੁਹਾਡੇ ਨਾਲੋਂ ਵੱਡਾ ਤਾਂ ਸੰਸਾਰ ਦੇ ਉਤੇ ਕੋਈ ਸੂਰਮਾ ਹੀ ਨਹੀਂ ਹੈ। ਕੋਈ ਮਹਾਂਪੁਰਸ਼ ਨਹੀਂ, ਕੋਈ ਪਵਿੱਤਰ ਆਤਮਾ ਨਹੀਂ। ਫੇਰ ਹੋਰ ਕੀਹਦੇ ਵਲ ਦੇਖਣਾ ਹੈ ਪਿਤਾ ਜੀ। ਤੁਸੀਂ ਹੀ ਇਨ੍ਹਾਂ ਦਾ ਸਹਾਰਾ ਬਣੋ, ਭਾਵੇਂ ਜੰਞੂ ਤੇ ਤਿਲਕ ਦੇ ਵਿਚ ਸਾਡਾ ਵਿਸ਼ਵਾਸ਼ ਨਹੀਂ, ਪਰ ਪਿਤਾ ਜੀ! ਧੱਕਾ ਹੋ ਰਿਹਾ ਹੈ ਧਰਮ ਦੇ ਉਤੇ। ਧੱਕਾ ਨਹੀਂ ਹੋਣ ਦੇਣ ਦੇਣਾ। ਤੁਸੀਂ ਆਪਣਾ ਬਲੀਦਾਨ ਦੇਵੋ। ਗੁਰੂ ਮਹਾਰਾਜ ਨੇ ਫੁਰਮਾਇਆ, ਬੇਟਾ! ਆਹ ਬਿਖੜੇ ਹਾਲਾਤ, ਸਾਡੇ ਬਲੀਦਾਨ ਦੇਣ ਦੇ ਨਾਲ ਗੁਰੂ ਘਰ ਦੇ ਨਾਲ ਸਿੱਧਾ ਵਿਰੋਧ ਬਾਦਸ਼ਾਹੀ ਦਾ ਪੈ ਜਾਏਗਾ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਬਿਠਾ ਸ਼ਹੀਦ ਕਰ ਦਿੱਤਾ। ਫੇਰ ਗੁਰੂ ਅੱਠਵੇਂ ਪਾਤਸ਼ਾਹ ਨੂੰ ਜਾ ਕੇ ਛੋਟੀ ਉਮਰ ਦੇ ਵਿਚ ਆਪਣਾ ਸਰੀਰ ਛੱਡਣਾ ਪਿਆ, ਆਪਣਾ ਪ੍ਰਣ ਪਾਲਣ ਵਾਸਤੇ ਤੇ ਇਹ ਸਰੀਰ ਦੇਣ ਤੋਂ ਬਾਅਦ ਤੁਹਾਡੇ ਨਾਲ ਵੀ ਉਸੇ ਤਰ੍ਹਾਂ ਹੋਏਗੀ, ਤੁਹਾਨੂੰ ਬੁਲਾਉਣਗੇ, ਤੰਗ ਕਰਨਗੇ, ਸਿੱਧਾ ਵੈਰ ਪੈ ਜਾਏਗਾ, ਸੋ ਅਜੇ ਤੁਸੀਂ ਛੋਟੇ ਓਂ। ਮਹਾਰਾਜ ਨੇ ਇਹ ਦੇਖਣ ਵਾਸਤੇ ਕਿ ਕੀ ਕਹਿੰਦੇ ਨੇ ਬਾਲਕ ਗੋਬਿੰਦ ਜੀ। ਆਪ ਚੁੱਪ ਹੋ ਗਏ। ਉਸ ਵੇਲੇ ਗੁਰੂ ਦਸ਼ਮੇਸ਼ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਜਦੋਂ ਮੇਰਾ ਕੋਈ ਵਸ ਨਹੀਂ ਸੀ ਚਲਦਾ, ਮੈਂ ਹੱਥ ਪੈਰ ਨਹੀਂ ਹਿਲਾ ਸਕਦਾ ਸੀ, ਮਾਤਾ ਦੇ ਗਰਭ ਵਿਚ –

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥* *ਅੰਗ – 920*

ਉਥੇ ਮੇਰੀ ਪ੍ਰਤਿਪਾਲਣਾ ਆਪ ਅਕਾਲ ਪੁਰਖ ਕਰਦਾ ਸੀ। ਫੇਰ ਮੇਰੇ ਵਾਸਤੇ ਦੁੱਧ ਬਣਾ ਦਿੱਤਾ। ਜਦੋਂ ਮੈਂ ਕੁਛ ਖਾ ਨਹੀਂ ਸੀ ਸਕਦਾ। ਜਦੋਂ ਦੰਦ ਆ ਗਏ, ਮੇਰੇ ਵਾਸਤੇ ਖੁਰਾਕ ਬਣਾ ਦਿਤੀ, ਮਾਤਾ ਪਿਤਾ ਦਾ

ਹੱਥ ਦੇ ਦਿੱਤਾ। ਹੁਣ ਤਾਂ ਮੈਂ ਨੌਂ ਸਾਲ ਦਾ ਹੋ ਗਿਆ, ਮੇਰੀ ਚਿੰਤਾ ਨਾ ਕਰੋ, ਮੇਰੀ ਚਿੰਤਾ ਜਿਹੜੀ ਹੈ,

**ਮੂਲ ਕਰੋ ਗੁਰਦੇਵ ਨਾ, ਮਨ ਅੰਦਰ ਸੰਸਾ,**
**ਆਪੇ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ।**
**ਇੱਕੋ ਉਹਦਾ ਆਸਰਾ ਤੇ ਇੱਕੋ ਉਹਦਾ ਪਰਨਾ।**
**ਰੱਛਾ ਮੇਰੀ ਕਰੇਗਾ ਉਹ ਸਾਹਿਬ ਸੱਚਾ।**

ਪਿਤਾ ਜੀ! ਮੇਰੀ ਰੱਛਿਆ ਕਰਨ ਵਾਲਾ ਭਗਵਾਨ ਆਪ ਹੈ –

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸ਼ਤਰੂ ਅਨੇਕ ਚਲਾਵਤ ਘਾਵ,***
***ਤਊ ਤਨ ਏਕ ਨਾ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ,***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ਸ੍ਵਯੇ ਪਾਤਸ਼ਾਹੀ 10***

ਮੇਰੀ ਰੱਛਿਆ ਉਨ੍ਹਾਂ ਨੇ ਕਰਨੀ ਹੈ, ਘੁੱਟ ਕੇ ਛਾਤੀ ਨਾਲ ਲਾ ਲਿਆ। ਮੱਥਾ ਚੁੰਮਿਆ, ਪਿਆਰ ਕੀਤਾ, ਨੇਤਰਾਂ 'ਚ ਨੇਤਰ ਪਾ ਕੇ ਝਾਕਿਆ, ਦੇਖਿਆ ਕਿ ਦਿਲ ਦੀ ਗਹਿਰਾਈ ਤੋਂ ਇਹ ਆਵਾਜ਼ ਉਠੀ ਹੈ। ਉਸ ਵੇਲੇ ਮਹਾਰਾਜ ਕਹਿੰਦੇ, ਪ੍ਰੇਮੀਓ! ਰੋਣਾ ਬੰਦ ਕਰੋ, ਖੁਸ਼ੀਆਂ ਦੇ ਘਰ ਵਿਚ ਆਓ। ਗੁਰੂ ਦਰਬਾਰ 'ਚੋਂ ਅੱਜ ਤੱਕ ਰੋਂਦਾ ਨਹੀਂ ਕੋਈ ਗਿਆ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਪਾਸ ਇੱਕ ਪ੍ਰੇਮੀ ਆ ਗਿਆ ਕਲਕੱਤੇ ਤੋਂ ਰਤਨ ਸਿੰਘ ਉਹਦਾ ਨਾਮ ਸੀ, ਦੁਰਾਹੇ ਉਤਰਿਆ ਮਹਾਰਾਜ ਜੀ ਦੇ ਚਰਨਾਂ 'ਚ ਆ ਗਿਆ ਰਾੜਾ ਸਾਹਿਬ। ਕਹਿੰਦੇ, ਪ੍ਰੇਮੀਆਂ! ਕਿਵੇਂ ਆਇਆਂ ਹੈਂ? ਕਹਿੰਦਾ, ਮਹਾਰਾਜ! ਮੈਂ ਮਰਨ ਆਇਆ ਹਾਂ। ਪ੍ਰਾਣ ਦੇਣ ਆਇਆ ਹਾਂ। ਕਹਿੰਦੇ, ਗੁਰਮੁਖਾ! ਗੁਰੂ ਘਰ 'ਚ ਪ੍ਰਾਣ ਦੇਣ ਨਹੀਂ ਆਈਦਾ। ਪ੍ਰਾਣ ਲੈਣ ਆਈਦਾ ਹੈ, ਜ਼ਿੰਦਗੀ ਦੇਣ ਨਹੀਂ ਆਈਦਾ, ਜ਼ਿੰਦਗੀ ਲੈਣ ਆਈਦਾ ਹੈ। ਤਕਲੀਫ ਕੀ ਹੈ? ਕਹਿੰਦਾ, ਮੈਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਕਹਿੰਦੇ, ਫੇਰ ਕੀ ਹੋ ਗਿਆ, ਬਰਤਨ ਮਾਂਜ ਮੂੰਹ ਬੰਨ੍ਹ ਕੇ। ਮੂਲਮੰਤ੍ਰ ਦਾ ਕਰ ਪਾਠ ਤੈਨੂੰ ਜੀਵਨ ਮਿਲੇਗਾ। ਥੋੜ੍ਹੇ ਦਿਨਾਂ ਦੇ ਵਿਚ ਠੀਕ ਹੋ ਗਿਆ, ਐਕਸਰੇ ਕਰਾਈ, ਡਾਕਟਰ ਕਹਿੰਦੇ ਤੈਨੂੰ ਤਾਂ ਟੀ.ਬੀ ਕਦੇ ਹੋਈ ਹੀ ਨਹੀਂ ਹੈ। ਸੋ ਗੁਰੂ ਘਰ ਤੋਂ ਰੋਂਦਾ ਨਹੀਂ ਜਾਂਦਾ, ਗੁਰੂ ਘਰ 'ਚ ਰੋਂਦਾ ਜਿਹੜਾ ਆਉਂਦਾ ਹੈ, ਉਹ ਹੱਸਦਾ ਮੁੜਦਾ ਹੈ। ਉਜੜਿਆ ਹੋਇਆ ਆਉਂਦਾ ਹੈ, ਵਸ ਕੇ ਜਾਂਦਾ ਹੈ ਇੱਥੋਂ।

ਕਹਿੰਦੇ, ਰੋਣਾ ਬੰਦ ਕਰੋ, ਖੁਸ਼ੀ 'ਚ ਆਓ। ਹੋ ਜਾਏਗੀ ਹੁਣ ਤੁਹਾਡੇ ਧਰਮ ਦੀ ਰੱਖਿਆ। ਜਾਓ ਜਾ ਕੇ ਇੱਕ ਅਰਜ਼ਦਾਸਤ ਲਿਖੋ, ਜਿੰਨੇ ਤੁਸੀਂ ਨੁਮਾਇੰਦੇ ਆਏ ਓਂ ਭਾਰਤ ਵਰਸ਼ ਦੇ, ਉਸ 'ਤੇ ਦਸਤਖਤ ਕਰੋ ਸਾਰੇ, ਇਹਦੇ ਉਤੇ ਲਿਖ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਨੇ,

ਬਾਦਸ਼ਾਹ ਸਲਾਮਤ! ਇਕੱਲੇ-ਇਕੱਲੇ ਬੰਦੇ ਦੇ ਪਿੱਛੇ ਨਾ ਫਿਰ, ਇਕੱਲੇ-ਇਕੱਲੇ ਬੰਦੇ ਨੂੰ ਨਾ ਉਜਾੜ, ਇਕੱਲੇ-ਇਕੱਲੇ ਨੂੰ ਨਾ ਮਾਰ, ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ 'ਚ ਲੈ-ਲੈ, ਉਹ ਆ ਗਏ, ਅਸੀਂ ਸਾਰੇ ਆਪੇ ਹੀ ਆ ਜਾਵਾਂਗੇ। ਕਿੱਡਾ ਸੁਖਾਲਾ ਤਰੀਕਾ ਅਸੀਂ ਤੁਹਾਨੂੰ ਦਸਦੇ ਹਾਂ। ਜਾ ਕੇ ਅਰਜ਼ਦਾਸਤ ਦੇ ਦਿੱਤੀ। ਔਰੰਗਜ਼ੇਬ ਸਾਹਿਬ ਦੇ ਪਾਸ ਪਹੁੰਚ ਜਾਂਦੀ ਹੈ। ਹੁਕਮ ਹੋ ਗਿਆ ਕਿ ਕਤਲ ਬੰਦ ਕਰ ਦਿਓ। ਇੱਕ ਨੂੰ ਬਣਾਉਂਦੇ ਹਾਂ ਜੇ ਉਹ ਬਣ ਗਿਆ, ਆਪਾਂ ਨੂੰ ਮਾਰਨ ਦੀ ਕੀ ਲੋੜ ਹੈ, ਆਪਣੇ ਆਪ ਹੀ ਬਣੇ ਬਣਾਏ ਆ ਜਾਣਗੇ ਸਾਰੇ। ਮੰਦਰ ਵੀ ਨਾ ਢਾਹੋ, ਇਨ੍ਹਾਂ ਨੇ ਆਪੇ ਹੀ ਇਨ੍ਹਾਂ ਨੂੰ ਮਸਜਿਦਾਂ ਆਪੇ ਬਣਾ ਲੈਣਾ ਹੈ। ਹਿੰਦੋਸਤਾਨ 'ਚ ਸੁੱਖ ਦਾ ਸਾਹ ਆ ਗਿਆ ਕਿ ਹੁਣ ਸਾਡਾ ਇਲਾਜ ਹੋ ਜਾਏਗਾ, ਗੁਰੂ ਮਹਾਰਾਜ ਸਮਰੱਥ ਨੇ, ਇਨ੍ਹਾਂ ਨੇ ਤਾਂ ਇੱਕ ਦ੍ਰਿਸ਼ਟੀ ਕਰਕੇ ਹੀ ਸਾਰੀ ਫੌਜ ਨੂੰ ਗਰਕ ਕਰ ਦੇਣਾ ਹੈ। ਲੇਕਿਨ ਗੁਰੂ ਸਾਹਿਬ ਦਾ ਇਹ ਨਹੀਂ ਸੀ ਮਤਲਬ ਉਨ੍ਹਾਂ ਦਾ ਬਲੀਦਾਨ ਦਾ ਸੀ ਕਿ ਇਹਦੀ ਸੁੱਤੀ ਹੋਈ ਆਤਮਾ ਜਗਾ ਦੇਈਏ, ਜੇ ਨਾ ਜਾਗੀ, ਫੇਰ ਸ਼ਸਤਰ ਤਿਆਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਰੂਪ ਵਿਚ। ਉਥੇ ਕਿਹੜਾ ਹੋਰ ਗੁਰੂ ਨੇ ਆਉਣਾ ਹੈ, ਉਨ੍ਹਾਂ ਨੇ ਹੀ ਫੇਰ ਆਉਣਾ ਸੀ। ਸੋ ਇਸ ਤਰ੍ਹਾਂ ਅਰਜ਼ਦਾਸਤ ਦੇ ਦਿੱਤੀ।

ਗੁਰੁ ਮਹਾਰਾਜ ਨੂੰ ਹੁਕਮ ਆ ਜਾਂਦਾ ਹੈ, ਅਹਿਦੀਏ ਆ ਜਾਂਦੇ ਨੇ ਨਾਲ ਬਹੁਤ ਸਾਰੇ ਸਵਾਰ ਆ ਜਾਂਦੇ ਨੇ। ਅਨੰਦਪੁਰ ਸਾਹਿਬ ਪਹੁੰਚਦੇ ਨੇ, ਦਰਸ਼ਨ ਕਰਦੇ ਨੇ। ਦਰਸ਼ਨਾਂ ਦੀ ਕਸ਼ਸ਼ ਦੇ ਨਾਲ, ਜੋ ਗੱਲ ਕਹਿਣੀ ਸੀ ਕਹਿ ਨਾ ਸਕੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਨੇ ਬੜੀ ਉਨ੍ਹਾਂ ਨਾਲ ਗੱਲਬਾਤ ਕਰੀ। ਉਹ ਕਹਿੰਦੇ ਦੇਖੋ, ਅਸੀਂ ਆਏ ਤਾਂ ਹਾਂ ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਨ ਵਾਸਤੇ। ਸਾਡਾ ਜੀਅ ਨਹੀਂ ਕਰਦਾ ਕਿ ਅਸੀਂ ਗ੍ਰਿਫਤਾਰ ਕਰੀਏ, ਐਡੀ ਵੱਡੀ ਹਸਤੀ ਨੂੰ। ਅਸੀਂ ਸਲਾਮ ਕਰਦੇ ਹਾਂ, ਸਾਡਾ ਸਿਰ ਝੁਕਦਾ ਹੈ। ਪਰ ਦੂਜੇ ਪਾਸੇ ਸਾਡੀ ਨੌਕਰੀ ਦਾ ਸਵਾਲ ਹੈ। ਮਹਾਰਾਜ ਜੀ ਦੇ ਪੇਸ਼ ਕਰ ਦਿੱਤੇ। ਕਹਿੰਦੇ, ਪ੍ਰੇਮੀਓਂ! ਅਸੀਂ ਤਾਂ ਆਪ ਹੀ ਆਉਣ ਵਾਲੇ ਹਾਂ, ਤੁਸੀਂ ਫਿਕਰ ਨਾ ਕਰੋ। ਅਸੀਂ ਆ ਜਾਵਾਂਗੇ, ਸਮਾਂ ਸਾਡਾ ਆ ਰਿਹਾ ਹੈ, ਇਹੀ ਕੰਮ ਅਸੀਂ ਕਰਨਾ ਹੈ, ਜਾਓ! ਔਰੰਗਜ਼ੇਬ ਨੂੰ ਕਹਿ ਦਿਓ ਕਿ ਆ ਰਹੇ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਅਹਿਦੀਏ ਭੇਜ ਦਿੱਤੇ। ਉਸ ਵੇਲੇ ਮਾਤਾਵਾਂ ਦੇ ਪਾਸ ਆਪ ਜਾਂਦੇ ਨੇ, ਮਾਤਾ ਨਾਨਕੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰੇ ਪੁੱਤਰ ਦੇ ਜਿੰਮੇ ਐਡਾ ਔਖਾ ਹਿੱਸਾ ਆ ਗਿਆ, ਔਰੰਗਜ਼ੇਬ ਨੇ ਤਾਂ ਮੁਆਫ ਨਹੀਂ ਕਰਨਾ। ਉਹ ਤਾਂ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਜਿਹੜੇ ਇਨ੍ਹਾਂ ਦੇ ਸਸੁਰ ਲਗਦੇ ਸੀ, ਪਿਤਾ ਲਗਦੇ ਸੀ, ਉਨ੍ਹਾਂ ਦਾ ਅਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੱਤੀਆਂ ਤਵੀਆਂ 'ਤੇ ਬਿਠਾ ਕੇ ਤਸੀਹੇ ਦਿੱਤੇ ਗਏ, ਮੇਰੇ ਪੁੱਤਰ ਦਾ ਵੀ ਇਹ ਹਾਲ ਹੋਏਗਾ। ਮਨ ਵਿਚ ਥੋੜ੍ਹਾ ਵੈਰਾਗ ਆ ਗਿਆ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰਾ ਸਾਥ ਹੁਣ ਅਲਾਹਿਦਾ ਹੋ ਜਾਏਗਾ ਛੋਟਾ ਬੱਚਾ ਹੈ, ਇੱਕ ਮੁਗਲ ਸਲਤਨਤ ਦੇ ਨਾਲ ਟੱਕਰ ਲੈ ਰਹੇ ਨੇ। ਕੁਛ ਖਦਸ਼ਾ ਆਇਆ, ਸੰਸਾ ਵਿਆਪਿਆ, ਮਹਾਰਾਜ ਨੇ ਕਿਹਾ ਕਿ

ਤੁਸੀਂ ਫਿਕਰ ਨਾ ਕਰੋ, ਇਹ ਗੁਰੂ ਨਾਨਕ ਦੀ ਗੱਦੀ ਹੈ, ਸਾਡਾ ਫਰਜ਼ ਬਣਦਾ ਹੈ ਜਿੱਥੇ ਸੰਸਾਰ ਦੇ ਮਨਾਂ 'ਚੋਂ ਹਨ੍ਹੇਰਾ ਕੱਢਦੇ ਹਾਂ ਉਥੇ ਇਨ੍ਹਾਂ ਦੇ ਦੁੱਖਾਂ ਦਾ ਵੀ ਇਲਾਜ ਕਰੀਏ। ਫੇਰ ਆਤਮਾ ਤਾਂ ਮਰਦੀ ਨਹੀਂ, ਆਤਮਾ ਤਾਂ ਸਦਾ ਅਮਰ ਹੈ। ਕਦੇ ਕਿਤੇ ਜਾਂਦੀ ਨਹੀਂ। ਸਰੀਰ ਕਿਸੇ ਦਾ ਕਿਤੇ ਰਹਿੰਦਾ ਨਹੀਂ। ਉਸ ਵੇਲੇ ਬ੍ਰਹਮਗਿਆਨ ਦੀ ਦਾਤ ਦਿੱਤੀ ਮਾਤਾ ਜੀ ਨੂੰ। ਬ੍ਰਹਮਗਿਆਨ ਦੇ ਵਿਚ ਪਰਪੱਕ ਕਰ ਦਿੱਤੇ। ਉਸ ਤੋਂ ਬਾਅਦ ਬੇਅੰਤ ਸੰਗਤਾਂ ਨੇ ਸੁਣਿਆ, ਸੁਣ ਕੇ ਇਕੱਠ ਹੋ ਗਿਆ, ਇਕੱਠ ਹੋ ਕੇ ਸਾਰੇ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਓਂ, ਕੋਈ ਭਾਣਾ ਐਸਾ ਵਰਤਾਅ ਦਿਓ ਕਿ ਬਲੀਦਾਨ ਨਾ ਦੇਣਾ ਪਵੇ। ਆਪ ਸਮਰੱਥ ਓਂ, ਇੱਕ ਨਿਗ੍ਹਾ ਕਰ ਦੇਵੋਂ ਸਾਰਾ ਠੀਕ ਹੋ ਜਾਏਗਾ। ਕਹਿੰਦੇ, ਨਹੀਂ ਪ੍ਰੇਮੀਓਂ! ਅਸੀਂ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਣਾ ਹੈ ਕਿਉਂਕਿ ਜਦੋਂ ਰਾਜ ਦਿੱਤਾ ਸੀ, ਨਾਲ ਕਿਹਾ ਸੀ ਕਿ ਸੱਤ ਬਾਦਸ਼ਾਹੀਆਂ, ਸੱਤ ਸੀਸ ਦੇਵਾਂਗੇ। ਸੋ ਇਸ ਕਰਕੇ ਅਸੀਂ ਉਹ ਪ੍ਰਣ ਪੂਰਾ ਕਰਨਾ ਹੈ। ਬਚਨ ਪੂਰਾ ਕਰਨਾ ਹੈ। ਤੁਸੀਂ ਫਿਕਰ ਨਾ ਕਰੋ। ਹਰ ਤਰ੍ਹਾਂ ਦੇ ਨਾਲ ਗੋਬਿੰਦ ਰਾਇ ਆਪ ਦੀ ਸਹਾਇਤਾ ਕਰਨਗੇ। ਬੜੇ ਵੱਡੇ-ਵੱਡੇ ਇਨ੍ਹਾਂ ਨੇ ਕੰਮ ਕਰਨੇ ਨੇ, ਤੁਸੀਂ ਇਨ੍ਹਾਂ 'ਤੇ ਭਰੋਸਾ ਰੱਖਿਓ, ਬੱਚੇ ਨਾ ਜਾਣਿਓ, ਇਹ ਧੁਰ ਦਰਗਾਹ ਤੋਂ, ਅਕਾਲ ਪੁਰਖ ਵਲੋਂ ਭੇਜੇ ਆਏ ਨੇ, ਇਸੇ ਕੰਮ ਨੂੰ ਕਰਨ ਵਾਸਤੇ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਬਿਰਹੋਂ ਦੇ ਵਿਚ ਤੱਕ ਕੇ ਆਪ ਵਿਦਾ ਹੁੰਦੇ ਨੇ, ਦਸ ਸਵਾਰ ਨਾਲ ਲੈ ਲਏ। ਪਰ ਸੰਗਤ ਪਿਛੇ-ਪਿਛੇ ਜਾ ਰਹੀ ਹੈ। ਦੌੜ-ਦੌੜ ਕੇ ਨਾਲ ਰਲ ਰਹੇ ਨੇ ਕਿ ਗੁਰੂ ਮਹਾਰਾਜ ਦੇ ਜਿੱਥੇ ਤੱਕ ਦਰਸ਼ਨ ਹੋ ਸਕਣ, ਕਰਦੇ ਹੀ ਜਾਈਏ। ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਰੋਕ ਦਿੱਤਾ ਕਿ ਇਸ ਤੋਂ ਅੱਗੇ ਨਹੀਂ ਆਉਣਾ ਭਾਈ। ਇੱਥੋਂ ਹੁਣ ਸਾਡਾ ਬਚਨ ਮੰਨੋ, ਉਸ ਵੇਲੇ ਵੈਰਾਗੀਆਂ ਦੇ ਮਨਾਂ 'ਚ ਐਸੀ ਹੂਕ ਉੱਠੀ ਕਿ ਐਸ ਤਰ੍ਹਾਂ ਦੀ ਆਵਾਜ਼ ਆਈ।

***ਧਾਰਨਾ - ਕਦੇ ਹੋਣਗੇ ਸਬੱਬਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ।***

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥***
***ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥***

***ਅੰਗ - 439***

ਸੱਜਲ ਨੇਤਰ ਨੇ, ਬਿਰਹੁ ਦੀ ਝਾਲ ਨਹੀਂ ਝੱਲ ਸਕਦੇ। ਗੁਰੂ ਮਹਾਰਾਜ ਜਾ ਰਹੇ ਨੇ, ਟਿਕ ਲਾਈ ਦੇਖ ਰਹੇ ਨੇ।

ਸੰਗਤਾਂ ਤੋਂ ਵਿਛੜਨਾ ਕਿਹੜਾ ਸੁਖਾਲਾ ਹੁੰਦਾ ਹੈ ਸਾਧਸੰਗਤ ਜੀ! ਬਹੁਤ ਔਖਾ ਹੁੰਦਾ ਹੈ।

ਸੋ ਇਸ ਤਰ੍ਹਾਂ ਆਪ ਸਾਥੀਆਂ ਸਮੇਤ ਜਾ ਰਹੇ ਨੇ। ਪਹਿਲਾਂ ਆ ਕੇ ਭਰਤਗੜ੍ਹ ਆਪ ਰਾਤ ਕੱਟਦੇ ਨੇ, ਉਸ ਤੋਂ ਬਾਅਦ ਰੋਪੜ ਜਾਂਦੇ ਨੇ, ਫੇਰ ਮੁਕਾਰਾਂਪੁਰ, ਕਬੂਲਪੁਰ, ਨਨਹੇੜੀ, ਸੈਫਾਬਾਦ, ਸ਼ੈਫਅਲੀ ਦੇ ਪਾਸ ਪਟਿਆਲੇ ਦੇ ਕੋਲ, ਉਸ ਵੇਲੇ ਪਟਿਆਲਾ ਨਹੀਂ ਸੀ ਹੁੰਦਾ, ਇਹ ਤਾਂ

ਮਹਾਰਾਜ ਪਟਿਆਲਾ ਨੇ 'ਪਟੀ-ਆਲਾ' ਕਹਿੰਦੇ ਸੀ, 'ਆਲੇ ਦੀ ਪੱਟੀ' ਉਸ ਥਾਂ 'ਤੇ ਚਲੇ ਜਾਂਦੇ ਨੇ, ਉਥੇ ਬੜੀ ਵੱਡੀ ਹਵੇਲੀ ਬਣਾਈ ਹੋਈ ਸੀ। ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਉਹ। ਉਹ ਕਹਿਣ ਲੱਗਿਆ, ਮਹਾਰਾਜ! ਆਪ ਅੱਗੇ ਨਾ ਜਾਓ ਕਿਉਂਕਿ ਮੈਂ ਜਾਣਦਾ ਹਾਂ, ਮੇਰਾ ਰਿਸ਼ਤੇਦਾਰ ਹੈ, ਬੜਾ ਕਰੂਰ ਸੁਭਾਅ ਦਾ ਹੈ, ਆਪ ਨੂੰ ਸ਼ਹੀਦ ਕਰ ਦਏਗਾ। ਮਹਾਰਾਜ ਕਹਿੰਦੇ, ਸ਼ਹੀਦ ਕਿਹੜੀ ਚੀਜ਼ ਨੂੰ ਕਰ ਦਏਗਾ। ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ -

***ਸਾਧੋ ਇਹੁ ਤਨੁ ਮਿਥਿਆ ਜਾਨਉ ॥***
***ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥***

***ਅੰਗ - 1186***

ਇਹਨੂੰ ਕੋਈ ਤਲਵਾਰ ਕੱਟ ਨਹੀਂ ਸਕਦੀ। ਕੋਈ ਪਾਣੀ ਡੋਬ ਨਹੀਂ ਸਕਦਾ। ਅੱਗ ਇਸਨੂੰ ਜਾਲ ਨਹੀਂ ਸਕਦੀ, ਆਤਮਾ ਸਦਾ ਅਮਰ ਹੈ। ਬਾਕੀ ਹੈ ਸਰੀਰ ਦਾ ਕੱਪੜਾ, ਇਹ ਤਾਂ ਛੱਡਣਾ ਹੀ ਪੈਂਦਾ ਹੈ ਕਿਉਂਕਿ ਸੰਸਾਰ ਦੇ ਉਤੇ ਕੋਈ ਰਿਹਾ ਨਹੀਂ ਅੱਜ ਤੱਕ। ਇਹ ਸੰਸਾਰ ਜਾਣ ਵਾਲੀ ਥਾਂ ਹੈ। ਇਹਦਾ ਨਾਉਂ ਹੀ ਮ੍ਰਿਤੂ ਦਾ ਮੰਡਲ ਹੈ। ਇਥੇ ਆਦਮੀ ਆਉਂਦਾ ਹੀ ਜਾਣ ਵਾਸਤੇ ਹੈ, ਟਿਕਣ ਵਾਸਤੇ ਨਹੀਂ ਆਉਂਦਾ। ਥੋੜ੍ਹੀ ਦੇਰ ਲਈ ਆਉਣਾ ਹੈ, ਆ ਕੇ ਕਿਸੇ ਥਾਂ ਦੇ ਉਤੇ ਟਿਕਣ ਦਾ ਯਤਨ ਕਰਨਾ ਹੈ, ਕਿਉਂਕਿ ਨਾਉਂ ਮ੍ਰਿਤ ਮੰਡਲ ਹੋ ਗਿਆ ਇਸਦਾ, 'ਮੌਤ ਦਾ ਮੰਡਲ'। ਇਥੇ ਤਾਂ ਰਹਿਣਾ ਹੀ ਨਹੀਂ।

***ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥*** ***ਅੰਗ - 740***

ਇੱਥੋਂ ਤਾਂ ਸਾਰੇ ਤੁਰਦੇ ਹੀ ਜਾਂਦੇ ਨੇ। ਸੋ ਸੈਫ ਅਲੀ ਨੂੰ ਆਪ ਨੇ ਸਮਝਾਇਆ। ਐਨੇ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਇੱਥੇ ਨੇ। ਤਾਂ ਸਵਾਰ ਆਉਂਦੇ ਨੇ, ਆਫੀਸਰ ਆਉਂਦਾ ਹੈ ਕੋਈ ਫੌਜ ਦਾ, ਇਨ੍ਹਾਂ ਨੂੰ ਖਬਰ ਲਗਦੀ ਹੈ ਤਾਂ ਇਹ ਮਹੁੰਮਦ ਬਖਸ਼ ਸਮਾਣੇ ਦੀ ਗੜ੍ਹੀ ਵਾਲੇ ਨੇ, ਉਸ ਥਾਂ 'ਤੇ ਗੁਰੂ ਮਹਾਰਾਜ ਨੂੰ ਭੇਜ ਦਿੰਦੇ ਨੇ। ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਆਪ ਨੇ ਆਉਣਾ ਹੈ, ਆਪ ਦਾ ਪਰਮ ਸੇਵਕ ਹੈ ਮਹੁੰਮਦ ਬਖਸ਼, ਬ੍ਰਹਮਗਿਆਨ ਦੀ ਗੱਲ ਸਮਝਦਾ ਹੈ। ਆਪ ਨੇ ਸੈਫ ਅਲੀ 'ਤੇ ਕ੍ਰਿਪਾ ਕੀਤੀ। ਬ੍ਰਹਮਗਿਆਨ ਦੀ ਦਾਤ ਦਿੱਤੀ, ਆਪ ਅੱਗੇ ਚਲੇ ਗਏ। ਉਹ ਸਮਾਣੇ ਜਦੋਂ ਜਾਂਦੇ ਨੇ, ਪਤਾ ਕਰਕੇ ਉਥੇ ਜਦੋਂ ਪਹੁੰਚਦੇ ਨੇ ਤੇ ਗੁਰੂ ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰੋ, ਅੰਦਰ ਚੱਲੋ। ਮਹਾਰਾਜ ਕਹਿਣ ਲੱਗੇ, ਅੰਦਰ ਜਾਣ ਦੀ ਕੀ ਲੋੜ ਹੈ। ਕਹਿੰਦੇ, ਸੱਚੇ ਪਾਤਸ਼ਾਹ! ਆਪ ਦਾ ਜੋ ਸਰੀਰ ਹੈ, ਉਹ ਐਨਾ ਸਸਤਾ ਨਹੀਂ, ਇਹਦਾ ਸੰਸਾਰ ਨੂੰ ਬੇਅੰਤ ਫਾਇਦਾ ਹੈ, ਆਪ ਭਾਵੇਂ ਬ੍ਰਹਮ ਦੇ ਵਿਚ ਲੀਨ ਰਹਿੰਦੇ ਓਂ ਹਰ ਵਕਤ। ਆਪ ਨੂੰ ਕੋਈ ਪ੍ਰਵਾਹ ਨਹੀਂ ਹੈ, ਨਾ ਸੁੱਖ ਦੀ ਨਾ ਦੁੱਖ ਦੀ। ਨਾ ਹਾਨ ਦੀ ਨਾ ਲਾਭ ਦੀ। ਕਿਉਂਕਿ ਮਹਾਰਾਜ ਨੇ ਜੀਵਨ ਪੁਰਸ਼ਾਂ ਦੇ ਲੱਛਣ ਦੱਸੇ ਸੀ, ਪੁੱਛਿਆ ਸੀ ਇਹਨੇ ਕਿ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਕੀ ਹੁੰਦੇ ਨੇ ਮਹਾਰਾਜ।

ਅਸਥਿਰ ਬੁੱਧੀ ਵਾਲਿਆਂ ਦੇ ਲੱਛਣ ਕੀ ਹੁੰਦੇ ਨੇ? ਮਹਾਰਾਜ ਕਹਿੰਦੇ ਨੇ ਉਨ੍ਹਾਂ ਦੇ ਲੱਛਣ ਸੁਖਮਨੀ ਸਾਹਿਬ ਵਿਚ ਵੀ ਹਨ, ਲੇਕਿਨ ਸੁਖਾਲੇ ਤੁਹਾਨੂੰ ਦਸਦੇ ਹਾਂ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ 1 ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ 1 ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ*
*ਸਿਉ ਜਿਉ ਪਾਨੀ ਸੰਗਿ ਪਾਨੀ ॥ ਅੰਗ - 633*
*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ - 275*

ਨਿਸ਼ਾ ਹੋ ਗਈ ਉਸਦੀ।

ਮਹਾਰਾਜ! ਕ੍ਰਿਪਾ ਕਰੋ, ਅਰਦਾਸ ਮੰਨੋ। ਮਹਾਰਾਜ ਜੀ ਨੂੰ ਅੰਦਰ ਲੈ ਗਿਆ ਗੜ੍ਹੀ ਦੇ। ਇੱਥੇ ਆ ਕੇ ਪੁੱਛਿਆ ਤਾਂ ਵਾਪਸ ਮੋੜ ਦਿੱਤੇ। ਲੇਕਿਨ ਫੇਰ ਕਿਸੇ ਨੇ ਖਬਰ ਕਰ ਦਿੱਤੀ ਕਿ ਗੁਰੂ ਮਹਾਰਾਜ ਤਾਂ ਉਥੇ ਹੀ ਨੇ। ਉਥੇ ਦੁਬਾਰਾ ਫੇਰ ਆਉਂਦੇ ਨੇ, ਮਹਾਰਾਜ ਕਹਿੰਦੇ, ਅਸੀਂ ਤਾਂ ਜਾਣਾ ਹੀ ਹੈ ਭਾਈ, ਤੂੰ ਕਿਉਂ ਇਹ ਕੰਮ ਕਰਦਾ ਹੈਂ? ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਮੈਂ ਇਹ ਗੱਲ ਆਪਣੇ ਜੀਉਂਦੇ-ਜੀਉਂਦੇ ਨਹੀਂ ਹੋਣ ਦੇਣੀ। ਉਸ ਤੋਂ ਬਾਅਦ ਤੁਹਾਨੂੰ ਗ੍ਰਿਫਤਾਰ ਕਰ ਲੈਣ, ਮੇਰੀਆਂ ਅੱਖਾਂ ਦੇ ਸਾਮ੍ਹਣੇ ਨਾ ਕਰਨ। ਉਸ ਵੇਲੇ ਬੜਾ ਡਾਂਟ ਕੇ ਕਿਹਾ ਕਿ ਤੁਸੀਂ ਵਿਸ਼ਵਾਸ਼ ਨਹੀਂ

ਕਰਦੇ। ਮੈਂ ਗੁਰੂ ਤੇਗ ਬਹਾਦਰ ਸਾਹਿਬ ਤੋਂ ਕੀ ਲੈਣਾ ਹੈ। ਜੇ ਗ੍ਰਿਫਤਾਰ ਹੋ ਗਏ, ਮੈਨੂੰ ਤਾਂ ਬੜੀ ਖੁਸ਼ੀ ਹੈ, ਤੁਸੀਂ ਕਿਉਂ ਨਹੀਂ ਜਾਂਦੇ। ਇਸ ਤਰ੍ਹਾਂ ਕਰਕੇ ਮੋੜ ਦਿੱਤੇ। ਇਸ ਤਰ੍ਹਾਂ ਗੁਰੂ ਮਹਾਰਾਜ ਹੌਲੀ-ਹੌਲੀ ਚਲਦੇ-ਚਲਦੇ, ਬੇਅੰਤ ਸੰਗਤਾਂ ਉਡੀਕ ਰਹੀਆਂ ਸੀ ਮਹਾਰਾਜ ਨੂੰ। ਹਰ ਥਾਂ 'ਤੇ ਜਾਂਦੇ ਨੇ, ਜਿੱਥੋਂ ਅਰਦਾਸਾਂ ਆਉਂਦੀਆਂ ਨੇ ਉਥੇ ਹੀ ਪਹੁੰਚਦੇ ਨੇ ਤੇ ਚਲਦੇ-ਚਲਦੇ ਇੱਕ ਸਾਧੂ ਬੜੀ ਦੇਰ ਦਾ ਤਪ ਕਰ ਰਿਹਾ ਸੀ। ਪਿੰਡ ਕਨੌੜ ਸੀ ਉਹ, ਨਾਰਨੌਲ ਵੱਲ, ਉਥੇ ਪਹੁੰਚ ਜਾਂਦੇ ਨੇ। ਜਦੋਂ ਉਹਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਆ ਗਏ, ਉਹਨੇ ਤਨੋ ਮਨੋ ਹੋ ਕੇ ਸੇਵਾ ਕਰੀ। ਬੜਾ ਸਿੱਧ ਪੁਰਸ਼ ਸੀਗਾ। ਰਿੱਧੀਆਂ-ਸਿੱਧੀਆਂ ਦਾ ਮਾਲਕ ਸੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਮੈਂ ਜਪ ਵੀ ਕਰਦਾ ਹਾਂ, ਤਪ ਵੀ ਕਰਦਾ ਹਾਂ, ਪ੍ਰਾਣਾਯਾਮ ਵੀ ਕਰਦਾ ਹਾਂ, ਹੋਰ ਸਾਧਨ ਵੀ ਕਰਦਾ ਹਾਂ, ਮੇਰੇ ਮਨ ਨੂੰ ਸ਼ਾਂਤੀ ਨਹੀਂ ਆ ਰਹੀ। ਕ੍ਰਿਪਾ ਕਰੋ ਮੇਰੇ ਉਤੇ, ਮੈਨੂੰ ਦਾਤ ਬਖਸ਼ੋ ਨਾਮ ਦੀ। ਉਸ ਵੇਲੇ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ਣ ਤੋਂ ਬਾਅਦ ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਕ੍ਰਿਪਾ ਕਰ ਦਿੱਤੀ, ਬਜਰ ਕਪਾਟ ਖੋਲ੍ਹ ਦਿੱਤੇ। ਖੁਲ੍ਹਦੇ ਸਾਰ ਕੀ ਦੇਖਦਾ ਹੈ ਦਿਬਯ ਦ੍ਰਿਸ਼ਟ ਹੋ ਗਈ। ਦਿਬਯ ਦ੍ਰਿਸ਼ਟੀ ਨਾਲ ਦੇਖਦਾ ਹੈ ਕਿ ਗੁਰੂ ਮਹਾਰਾਜ ਤਾਂ ਆਪਣਾ ਬਲੀਦਾਨ ਦੇਣ ਵਾਸਤੇ ਜਾ ਰਹੇ ਨੇ। ਆਹ ਜਿਹੜੇ ਨਾਲ ਸਿੱਖ ਜਾ ਰਹੇ ਨੇ ਇਨ੍ਹਾਂ ਨੇ ਵੀ ਬਲੀਦਾਨ ਦੇਣਾ ਹੈ। ਉਸ ਵੇਲੇ ਠਠੰਬਰ ਗਿਆ। ਮਹਾਰਾਜ ਦੇ ਚਰਨ ਫੜ ਲਏ ਆ ਕੇ, ਕਹਿੰਦਾ ਪਾਤਸ਼ਾਹ! ਐਨਾ ਭਿਆਨਕ ਨਾਟਕ ਕਰਨ ਵਾਸਤੇ ਆਪ ਜਾ ਰਹੇ ਓਂ? ਮਹਾਰਾਜ ਕਹਿੰਦੇ, ਯੋਗੀ ਰਾਜ! ਦਿਸ ਗਿਆ ਤੈਨੂੰ? ਕਹਿੰਦਾ ਹਾਂ। ਕਹਿੰਦੇ, ਅਸੀਂ ਠੀਕਰਾ ਭੰਨਣਾ ਹੈ ਪਰ ਉਹਦੇ ਸਿਰ ਜਾ ਕੇ ਭੰਨਣਾ ਹੈ। ਕਹਿਣ ਲੱਗਿਆ, ਪਾਤਸ਼ਾਹ! ਮੈਂ ਨਹੀਂ ਜਾਣ ਦੇਣਾ, ਕ੍ਰਿਪਾ ਕਰੋ। ਮੇਰੇ 'ਚ ਆਪ ਨੇ ਐਨੀ ਸ਼ਕਤੀ ਬਖਸ਼ ਦਿਤੀ ਹੈ ਕਿ ਸਣੇ ਔਰੰਗਜ਼ੇਬ ਜੋ ਵੀ ਸਾਮ੍ਹਣੇ ਆਇਆ, ਮੈਂ ਸਾਰਿਆਂ ਨੂੰ ਨਸ਼ਟ ਕਰ ਦੇਣਾ ਹੈ ਇੱਥੋਂ ਬੈਠੇ ਹੀ। ਮਹਾਰਾਜ! ਯੋਗੀਰਾਜ! ਇਹ ਕੰਮ ਆਪਾਂ ਨਹੀਂ ਕਰਨਾ। ਫੇਰ ਦੇਖ ਧਿਆਨ ਲਾ ਕੇ। ਧਿਆਨ ਲਾ ਕੇ ਦੇਖਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਤਾਂ ਸਮੁੰਦਰ ਨੇ ਸ਼ਕਤੀਆਂ ਦਾ। ਭੰਡਾਰਾ ਨੇ ਜਿੱਥੋਂ ਮੇਰੇ 'ਚ ਭੌਰਾ ਕੁ ਸ਼ਕਤੀ ਆਈ ਹੈ। ਇਹ ਤਾਂ ਆਪ ਹੀ ਸਾਰਾ ਕੁਛ ਕਰ ਸਕਦੇ ਨੇ। ਉਸ ਵੇਲੇ ਭਾਣੇ ਦੀ ਰਜ਼ਾ ਦੇ ਵਿੱਚ ਰਾਜ਼ੀ ਹੋ ਕੇ, ਮੰਨ ਗਿਆ, ਮਹਾਰਾਜ ਕਹਿੰਦੇ, ਤੇਰੇ ਕੋਲ ਡੋਲ੍ਹ ਨਾਮ ਦਾ ਜਗਿਆਸੂ ਆਏਗਾ, ਇਹ ਬ੍ਰਹਮਗਿਆਨ ਦੀ ਦਾਤ ਉਹਨੂੰ ਦੇਈਂ। ਉਹਨੂੰ ਦਾਤ ਦਿੱਤੀ। ਉਸ ਤੋਂ ਬਾਅਦ ਇੱਕ ਬੀਬੀ ਆਈ, ਜੋ ਦਿਨ ਰਾਤ ਉਹਦੀ ਸੇਵਾ 'ਚ ਰਿਹਾ ਕਰਦੀ ਸੀ, ਉਹਦੇ ਉਤੇ ਕ੍ਰਿਪਾ ਕਰ ਦਿੱਤੀ, ਬੇਅੰਤ ਸ਼ਕਤੀਆਂ ਦੀ ਮਾਲਕ ਹੋਈ, ਨਾਮ ਨਾਨਕੀ ਸੀ। ਉਸ ਤੋਂ ਬਾਅਦ ਫੇਰ ਇੱਕ ਬੀਬੀ ਆਈ, ਜਿਸਨੇ ਓਸ ਇਲਾਕੇ ਨੂੰ ਗੁਰਸਿੱਖੀ ਵਿਚ ਰੱਖ ਕੇ ਤਾਰਿਆ। ਉਹਦਾ ਨਾਉਂ ਵੀ ਨਾਨਕੀ ਸੀ। ਤਿੰਨ ਬੀਬੀਆਂ ਨੂੰ ਬ੍ਰਹਮਗਿਆਨ ਉਸ ਤੋਂ ਹੋਇਆ। ਇਸ ਤਰ੍ਹਾਂ ਮਹਾਰਾਜ

ਜੀ ਤਾਰਦੇ, ਗੁਰਸਿੱਖੀ ਫੈਲਾਉਂਦੇ ਹੋਏ ਆਪ, ਅਰਦਾਸਾਂ ਹੋ ਰਹੀਆਂ ਨੇ, ਅਰਦਾਸ ਦੇ ਵਿੱਚ ਇੱਕ ਸੱਯਦ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਬੜਾ ਇਨਾਮ ਰੱਖਿਆ ਗਿਆ ਹੈ ਕਿ ਜੇ ਕਿਤੇ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ ਮੈਨੂੰ ਕੁਛ ਪੈਸਾ ਮਿਲ ਜਾਵੇ। ਮਹਾਰਾਜ! ਉਸੇ ਤਰ੍ਹਾਂ ਬਾਗ ਵਿੱਚ ਜਾ ਬੈਠੇ। ਉਹਦੇ ਕੋਲ ਹੀ ਚਲੇ ਗਏ ਤੇ ਕੌਤਕ ਵਰਤਾ ਦਿੱਤਾ। ਆਪਣਾ ਦੁਸ਼ਾਲਾ ਜੋ ਹਜ਼ਾਰਾਂ ਰੁਪਏ ਦਾ ਤੇ ਕੀਮਤੀ ਮੁੰਦਰੀ, ਕਹਿ ਦਿੱਤਾ ਕਿ ਇਹਦੀ ਮਠਿਆਈ ਲੈ ਆ ਜਾ ਕੇ, ਪਾਉਣ ਨੂੰ ਕਹਿੰਦਾ ਸੀ, ਕਹਿੰਦੇ ਇਹਦੇ 'ਚ ਹੀ ਪੁਆ ਲਿਆਈਂ। ਜਿਸ ਵੇਲੇ ਹਲਵਾਈ ਨੇ ਦੇਖਿਆ ਤਾਂ ਉਹਨੇ ਕਿਹਾ ਕਿ ਇਹ ਤਾਂ ਚੋਰੀ ਕਰਕੇ ਲਿਆਇਆ ਹੈ। ਕੋਤਵਾਲ ਨੂੰ ਖਬਰ ਦੇ ਦਿਤੀ। ਮਹਾਰਾਜ ਉਥੇ ਆ ਗਏ, ਆਪ ਨੂੰ ਗ੍ਰਿਫਤਾਰ ਕਰ ਲਿਆ। ਮਹਾਰਾਜ ਕਹਿੰਦੇ, ਪਹਿਲਾਂ ਇਹਨੂੰ ਇਨਾਮ ਦਿਓ, ਜਿਹੜਾ ਮੇਰੇ ਫੜਨ ਦਾ ਰੱਖਿਆ ਹੈ, ਪੰਜ ਹਜ਼ਾਰ ਰੁਪਿਆ ਉਸ ਵੇਲੇ ਦਾ, ਹੁਣ ਦਾ ਸਮਝ ਲਓ 10-15 ਲੱਖ। ਸੋ ਇਸ ਤੋਂ ਬਾਅਦ ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਉਥੇ ਬਹੁਤ ਲੰਮੀ ਚੌੜੀ ਗੱਲ ਹੁੰਦੀ ਹੈ। ਮਹਾਰਾਜ ਸਮਝਾਉਣ ਦਾ ਯਤਨ ਕਰਦੇ ਨੇ। ਔਰੰਗਜ਼ੇਬ ਕਹਿੰਦਾ, ਮੈਂ 'ਇੱਕ' ਧਰਮ ਕਰਨਾ ਚਾਹੁੰਦਾ ਹਾਂ, ਤੁਹਾਨੂੰ ਤਾਂ ਸਾਰੇ ਧਰਮ ਇੱਕੋ ਨੇ, ਬਾਬੇ ਨਾਨਕ ਨੂੰ ਤਾਂ ਉਹੋ ਜਿਹੇ ਹਿੰਦੂ, ਉਹੋ ਜਿਹੇ ਮੁਸਲਮਾਨ। ਕਹਿੰਦੇ, ਤਾਂ ਹੀ ਤਾਂ ਨਹੀਂ ਅਸੀਂ ਬਣਨ ਦਿੰਦੇ ਕਿ ਇਹ ਅਕਾਲ ਪੁਰਖ ਦੀ ਰਜ਼ਾ 'ਚ ਚੱਲ ਰਹੇ ਨੇ। ਤੂੰ ਧੱਕਾ ਕਰ ਰਿਹਾ ਹੈਂ। ਮਹਾਰਾਜ ਕਹਿੰਦੇ, ਚੰਗਾ ਮਿਰਚਾਂ ਲਿਆ। ਮਿਰਚਾਂ ਜਾਲ ਕੇ ਦੇਖ ਲਈਂ। ਜੇ ਇੱਕ ਰਹਿ ਗਈ ਤਾਂ ਇੱਕ ਹੋ ਜਾਏਗਾ, ਜੇ ਵੱਧ ਹੋ ਗਈਆਂ ਤਾਂ ਓਨੇ ਧਰਮ ਹੋਣਗੇ। ਮਿਰਚਾਂ ਜਾਲੀਆਂ ਗਈਆਂ, ਸੁਆਹ ਛਾਣੀ ਗਈ। ਕੀ ਦੇਖਦੇ ਨੇ ਤਿੰਨ ਮਿਰਚਾਂ ਸਾਬਤ ਨਿਕਲ ਆਈਆਂ। ਮਹਾਰਾਜ ਕਹਿੰਦੇ ਔਰੰਗਜ਼ੇਬ! ਤੂੰ ਤਾਂ ਦੋ ਕਹਿੰਦਾ ਸੀ, ਤਿੰਨ ਹੋ ਜਾਣੇ ਨੇ ਹੁਣ। ਖਾਲਸਾ ਵੀ ਪ੍ਰਗਟ ਹੋ ਰਿਹਾ ਹੈ ਛੇਤੀ ਤੋਂ ਛੇਤੀ। ਐਸ ਤਰ੍ਹਾਂ ਦੇ ਕੌਤਕ ਹੋ ਰਹੇ ਨੇ।

ਅਖੀਰ ਹੋ ਗਿਆ ਕਿ ਬਾਹਰ ਨਾ ਜਾਣ ਦਿਓ, ਪ੍ਰਸ਼ਾਦਾ ਬੰਦ ਕਰ ਦਿਓ। ਕੋਈ ਰੋਟੀ ਨਾ ਇਨ੍ਹਾਂ ਨੂੰ ਪਹੁੰਚੇ। ਧੰਨੇ ਵਾਂਗੂੰ ਗੁਰਸਿੱਖ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਮੇਰੇ ਘਰ ਆਪ ਚਰਨ ਪਾਓ। ਮੇਰੇ ਘਰ ਆ ਕੇ ਪ੍ਰਸ਼ਾਦਾ ਛਕੋ। ਰਿਪੋਰਟਾਂ ਜਾਂਦੀਆ ਨੇ ਕਿ ਉਹ ਤਾਂ ਬਾਹਰ ਫਿਰਦੇ ਨੇ। ਜਦ ਸੀ.ਆਈ.ਡੀ ਕਹਿੰਦੀ ਹੈ ਕਿ ਹੁਣ ਦੇਖ ਕੇ ਆਏ ਹਾਂ ਕਿ ਉਹ ਤਾਂ ਫਲਾਣੇ ਗੁਰਸਿੱਖ ਦੇ ਘਰ ਬੈਠੇ ਨੇ। ਉਸੇ ਵੇਲੇ ਪੜਤਾਲ ਹੁੰਦੀ ਹੈ ਤਾਂ ਹਵੇਲੀ 'ਚ ਬੈਠੇ ਨੇ। ਕਹਿੰਦੇ, ਪਿੰਜਰੇ 'ਚ ਬੰਦ ਕਰ ਦਿਓ ਇਨ੍ਹਾਂ ਨੂੰ। ਪਿੰਜਰਾ ਬਹੁਤ ਸਖਤ ਸਜ਼ਾ ਹੁੰਦੀ ਹੈ, ਪਿੰਜਰੇ ਦੀ। ਕੋਈ ਆਦਮੀ ਦਸ ਮਿੰਟ ਵੀ ਨਹੀਂ ਉਹਦੇ 'ਚ ਕੱਟ ਸਕਦਾ। ਨਾ ਸਿੱਧਾ ਹੋ ਸਕੇ, ਆਲੇ ਦੁਆਲੇ ਬਹੁਤ ਤਿੱਖੇ ਸੂਏ, ਪਿੰਡੇ 'ਚ ਵੜ ਜਾਂਦੇ ਨੇ। ਮੈਂ ਇੰਗਲੈਂਡ 'ਚ ਦੇਖਿਆ ਸੀ। ਮੈਂ ਹੈਰਾਨ ਰਹਿ ਗਿਆ ਦੇਖ ਕੇ ਆਹ ਪਿੰਜਰਾ ਹੈ। ਬਹੁਤ ਬੰਦਾ ਦੁਖੀ ਹੁੰਦਾ ਹੈ ਉਹਦੇ 'ਚ। ਉਸ ਵੇਲੇ ਜਦੋਂ ਅਖੀਰ ਹੋ

ਗਈ। ਭਾਈ ਮਤੀ ਦਾਸ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ! ਲਾਹੌਰ ਤੇ ਦਿੱਲੀ ਦੀ ਇੱਟ ਵਜਾ ਦੇਵਾਂ। ਮਹਾਰਾਜ ਕਹਿੰਦੇ, ਸ਼ਕਤੀ ਕਿੱਥੋਂ ਆਈ ਹੈ? ਕਹਿਣ ਲੱਗਿਆ, ਪਾਤਸ਼ਾਹ! ਆਪ ਦੇ ਚਰਨਾਂ 'ਚੋਂ? ਫੇਰ ਕਹਿੰਦੇ, ਵੱਡੀ ਸ਼ਕਤੀ ਸ਼ਹੀਦੀ ਦੀ ਹੁੰਦੀ ਹੈ, ਆਹ ਨਾ ਸ਼ਕਤੀ ਵਰਤ। ਸੰਸਾਰ ਤੋਂ ਆਪਾਂ ਜਾਣਾ ਹੈ, ਭਾਣਾ ਵਰਤਣਾ ਹੈ। ਦਿਬਯ ਦ੍ਰਿਸ਼ਟੀ ਦੇ ਨਾਲ ਦਿਖਾ ਦਿੱਤਾ, ਸ਼ਾਂਤ ਹੋ ਗਏ। ਉਸ ਵੇਲੇ ਭਾਈ ਮਤੀ ਦਾਸ ਦੇ ਕੋਲ ਕਾਜ਼ੀ ਆਉਂਦਾ ਹੈ, ਫਤਵਾ ਦਿੰਦਾ ਹੈ ਕਿ ਮਤੀ ਦਾਸ! ਤੈਨੂੰ ਦੋ ਚੀਜ਼ਾਂ ਨੇ, ਸਜ਼ਾਏ ਮੌਤ ਦਿੱਤੀ ਜਾਂਦੀ ਹੈ, ਤਸੀਹਿਆਂ ਦੇ ਨਾਲ। ਆਰੇ ਨਾਲ ਚੀਰ ਕੇ ਤੇਰੇ ਦੋ ਫਾੜ ਕੀਤੇ ਜਾਣਗੇ। ਇਧਰਲੇ ਪਾਸੇ ਤੈਨੂੰ ਰਿਆਇਤ ਦਿਤੀ ਜਾ ਰਹੀ ਹੈ ਕਿ ਜੇ ਤੂੰ ਇਸਲਾਮ ਧਾਰਨ ਕਰ ਲਵੇਂ ਤਾਂ ਤੈਨੂੰ ਛੁੱਟੀ ਹੋ ਜਾਏਗੀ। ਉਸ ਵੇਲੇ ਆਪ ਕਹਿਣ ਲੱਗੇ, ਨਾ; ਨਿੱਜ ਧਰਮ ਸਭ ਨੂੰ ਪਿਆਰਾ ਹੈ। ਮੌਤ ਤੋਂ ਡਰ ਕੇ ਇਹ ਚੀਜ਼ ਕਰ ਲੈਣੀ, ਫੇਰ ਗੁਰੂ ਨੇ ਤਾਂ ਕਿਹਾ ਹੈ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ - 1427***

ਕਹਿਣ ਲੱਗੇ, ਮਤੀ ਦਾਸ! ਜਾਨ ਨਾ ਗਵਾਓ। ਤਿਲਕ ਤੇ ਜੰਞੂ ਨਾਲ ਤੁਹਾਡੇ ਧਰਮ ਦਾ ਕੋਈ ਵਾਸਤਾ ਨਹੀਂ ਹੈ। ਕਿਉਂ ਖਾਹਮਖਾਹ ਉਨ੍ਹਾਂ ਦੇ ਵਾਸਤੇ ਜਾਨਾਂ ਦਿੰਦੇ ਓਂ? ਉਸ ਵੇਲੇ ਕਹਿਣ ਲੱਗੇ ਕਿ ਮੇਰਾ ਸਤਿਗੁਰੂ ਜਿਹੜਾ ਹੈ ਉਹ ਸਾਰਿਆਂ ਦਾ ਸਾਂਝਾ ਹੈ, ਸਾਰਿਆ ਨੂੰ ਸਾਂਝਾ ਉਪਦੇਸ਼ ਕਰਦਾ ਹੈ -

***ਖਤ੍ਰੀ ਬ੍ਰਾਹਮਣ ਸੂਦ ਵੈਸ***
***ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ- 748***

ਉਹ ਸਾਰੇ ਸੰਸਾਰ ਦਾ ਸਾਂਝਾ ਹੈ, ਜੋ ਕੁਛ ਤੁਸੀਂ ਧੱਕਾ ਕਰਦੇ ਓਂ। ਤੁਹਾਡੇ ਨਾਲ ਸਾਡੀ ਵਿਰੋਧਤਾ ਕੋਈ ਨਹੀਂ। ਸਿਰਫ ਤੁਹਾਡੀ ਨੀਤੀ ਨਾਲ ਵਿਰੋਧਤਾ ਹੈ। ਜਾਤ ਨਾਲ ਵਿਰੋਧਤਾ ਨਹੀਂ ਹੈ। ਜ਼ਾਤ ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਨੇ ਇੱਥੇ ਦੂਜਾ ਕੋਈ ਨਹੀਂ ਹੈ, ਪਰ ਤੁਹਾਡੀ ਨੀਤੀ ਬਹੁਤ ਗਲਤ ਹੈ। ਇਹਦੀ ਅਸੀਂ ਡੱਟ ਕੇ ਵਿਰੋਧਤਾ ਕਰਾਂਗੇ। ਬਾਕੀ ਜਿਹੜੀ ਤੂੰ ਮੌਤ ਦੀ ਗੱਲ ਕਰਦਾ ਹੈ। ਸਾਨੂੰ ਗੁਰੂ ਨੇ ਮੌਤ ਤੋਂ ਪਾਰ ਕਰ ਦਿੱਤਾ। ਜਿੱਥੇ ਸਾਨੂੰ ਪਹੁੰਚਾ ਦਿੱਤਾ ਉਥੇ ਤਾਂ ਮੌਤ ਪਹੁੰਚ ਹੀ ਨਹੀਂ ਸਕਦੀ। ਐਉਂ ਪੜ੍ਹ ਲਓ-

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***
***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ - 1365***

ਕਬੂਲ ਕਰ ਲਿਆ ਆਰੇ ਨਾਲ ਚੀਰਿਆ ਜਾਣਾ। ਫੱਟਿਆਂ ਦੇ ਵਿਚ ਬੰਨ੍ਹ ਦਿੰਦੇ ਨੇ, ਗੁਰੂ ਮਹਾਰਾਜ ਵਲ ਪਿੱਠ ਕਰ ਦਿੱਤੀ। ਪਿੰਜਰੇ ਦੇ ਵਿਚ

ਮਹਾਰਾਜ ਸਾਮ੍ਹਣੇ ਨੇ। ਦੇਖ ਰਹੇ ਨੇ। ਉਸ ਵੇਲੇ ਜਦੋਂ ਆਰਾ ਧਰਨ ਲੱਗਿਆ ਜਲਾਦ, ਕਹਿੰਦਾ ਮਤੀ ਦਾਸ! ਬਈ ਇੱਕ ਹੈਰਾਨੀ ਹੋਈ ਹੈ ਮੈਨੂੰ। ਕਿਉਂਕਿ ਆਰੇ ਨਾਲ ਚੀਰਨਾ ਤਾਂ ਮੇਰਾ ਰੋਜ਼ ਦਾ ਹੀ ਕੰਮ ਹੈ। ਬੇਅੰਤ ਚੀਰੇ ਨੇ ਪਰ ਚੀਰਨ ਤੋਂ ਪਹਿਲਾਂ ਜਾਂ ਉਹ ਮਰ ਗਏ, ਜਾਂ ਬੇਹੋਸ਼ ਹੋ ਗਏ। ਪਰ ਇੱਕ ਮੈਂ ਤੂੰ ਦੇਖਿਆ ਹੈਂ, ਜਿਹਦੇ ਨੈਣਾਂ ਦੇ ਵਿਚ ਚਮਕ ਵੱਧ ਗਈ, ਚਿਹਰੇ 'ਤੇ ਲਾਲੀ ਆ ਗਈ ਹੈ। ਕੀ ਗੱਲ ਕੋਈ ਨਸ਼ਾ ਪੀ ਲਿਆ ਤੂੰ? ਤੇਰੇ ਉਦਾਸੀ ਕਿਉਂ ਨਹੀਂ ਆਈ ਤੇ ਨਾਲ ਮੈਨੂੰ ਦਸ ਕਿ ਤੇਰੀ ਅੰਤਮ ਇੱਛਾ ਹੋਵੇ ਉਹ ਵੀ ਮੈਂ ਪੂਰੀ ਕਰਾਂ ਜੋ ਮੇਰੇ ਅਖਤਿਆਰ ਵਿਚ ਹੋਵੇ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗੇ, ਜਲਾਦ! ਆਹ ਗੱਲਾਂ ਸਮਝਣ, ਸਮਝਾਉਣ ਦਾ ਮੌਕਾ ਨਹੀਂ ਹੈ, ਤੂੰ ਆਰਾ ਰੱਖ ਮੇਰੇ ਸੀਸ 'ਤੇ ਤੇ ਚੀਰਨਾ ਸ਼ੁਰੂ ਕਰ। ਆਹ ਸਵਾਲ ਮੇਰੇ ਤੋਂ ਨਾ ਪੁੱਛ। ਕਹਿੰਦਾ, ਮਤੀਦਾਸ! ਮੇਰੇ ਮਨ ਵਿੱਚ ਰਹਿ ਜਾਏਗੀ। ਕ੍ਰਿਪਾ ਕਰ, ਮੈਨੂੰ ਇਸ ਸਵਾਲ ਦਾ ਜਵਾਬ ਦੇਹ; ਕੋਈ ਨਸ਼ਾ ਪੀ ਲਿਆ? ਉਹ ਕਹਿੰਦੇ ਹਾਂ, ਇੱਕ ਵਾਰੀ ਪੀਤਾ ਸੀ, ਉਹ ਨਸ਼ਾ ਹੁਣ ਤੱਕ ਉਤਰਿਆ ਹੀ ਨਹੀਂ ਮੁੜ ਕੇ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ-ਨਾਮ ਖੁਮਾਰੀ।***

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

***ਜਨਮਸਾਖੀ***

ਕਹਿੰਦੇ, ਜਲਾਦ! ਤੇਰੀ ਸਮਝ ਤੋਂ ਪਰ੍ਹੇ ਹੈ। ਅਸੀਂ ਅੰਮ੍ਰਿਤ ਦਾ ਪਿਆਲਾ ਪੀਤਾ ਹੋਇਆ ਹੈ, ਨਾਮ ਅੰਮ੍ਰਿਤ ਦਾ। ਮੌਤ ਤੋਂ ਅਸੀਂ ਪਾਰ ਹੋ ਗਏ, ਅੰਮ੍ਰਿਤ ਕਹਿੰਦੇ ਉਸ ਨੂੰ ਨੇ, ਜਿਥੇ ਮੌਤ ਨਾ ਪਹੁੰਚ ਸਕਦੀ ਹੋਵੇ। ਸੋ ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ, ਕਾਹਦੀ ਤੈਨੂੰ ਚਿੰਤਾ। ਹਾਂ, ਸੇਵਾ ਤੂੰ ਕਹਿੰਦਾ ਹੈਂ। ਉਹ ਮੈਂ ਬੇਨਤੀ ਕਰ ਦਿੰਦਾ ਹਾਂ, ਉਹ ਮੈਂ ਧੰਨਵਾਦ ਹੀ ਕਰਾਂਗਾ ਤੇਰਾ। ਉਹ ਇਹ ਹੈ ਕਿ ਮੇਰੀ ਪਿੱਠ ਨਾ ਗੁਰੂ ਵੱਲ ਕਰ। ਤੇਰਾ ਆਰਾ ਚਲਦਾ ਹੋਵੇ, ਤੇ ਮੇਰੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਦਾ ਵਾਸ ਹੋਵੇ ਤੇ ਮੈਂ ਉਨ੍ਹਾਂ ਦੇ ਸੁੰਦਰ ਚਿਹਰੇ ਨੂੰ ਦੇਖਦਾ-ਦੇਖਦਾ ਸਰੀਰ ਨੂੰ ਛੱਡ ਕੇ ਜਾਵਾਂ। ਦੋ ਫਾੜ ਕਰਕੇ ਸੁੱਟ ਦਿੱਤੇ। ਉਸ ਤੋਂ ਬਾਅਦ ਭਾਈ ਦਿਆਲੇ ਦੀ ਵਾਰੀ ਆ ਗਈ। ਫਤਵਾ ਲਗ ਗਿਆ ਕਿ ਇਸਲਾਮ ਕਬੂਲ ਕਰੋ। ਜੇ ਬਚਣਾ ਹੈ, ਮੌਤ ਤੋਂ। ਨਹੀਂ ਤਾਂ ਫੇਰ ਦੇਗ ਦੇ ਵਿੱਚ ਉਬਾਲ ਦਿੱਤੇ ਜਾਓਂਗੇ। ਪਾਣੀ ਉਬਾਲੇ ਖਾ ਰਿਹਾ ਸੀ। ਕੰਢਿਆਂ ਦੇ ਉਤੇ ਦੀ ਹੋ ਕੇ ਡੁਲ੍ਹ ਰਿਹਾ ਸੀ। ਕਹਿਣ ਲੱਗੇ, ਭਾਈ ਦਿਆਲਾ! ਆਹ ਤੇਰਾ ਅੰਜਾਮ ਹੈ। ਕਹਿਣ ਲੱਗੇ, ਕੋਈ ਗੱਲ ਨਹੀਂ, ਇਹ ਤਾਂ ਠੀਕ ਹੈ। ਉਸ ਵੇਲੇ ਦੇਗੇ ਦੇ ਵਿਚ ਪਾਉਣ ਦਾ ਹੁਕਮ ਹੋ ਗਿਆ। ਕਹਿਣ ਲੱਗੇ, ਫੜ ਕੇ ਕਿਉਂ ਸੁੱਟਣਾ ਹੈ ਮੈਂ ਆਪਣੇ ਆਪ ਹੀ ਵੜ ਜਾਂਦਾ ਹਾਂ। ਕਦਮ ਰੱਖਦੇ ਨੇ ਉਬਲਦੇ ਪਾਣੀ 'ਚ ਤੇ ਨਾਲ ਦੀ ਨਾਲ ਇੱਕ ਅਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ 'ਚ ਕਰਦੇ ਨੇ-

*ਧਾਰਨਾ – ਮੇਰੀ ਟੁੱਟੀ ਨਾ ਪ੍ਰੀਤ ਵਾਲੀ ਡੋਰੀ,*
*ਮਿੱਠਾ ਤੇਰਾ ਭਾਣਾ ਲਗਦਾ।*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ 27/4*

ਹੇ ਪ੍ਰਭੂ! ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ। ਪਾਣੀ ਵਿਚ ਉਬਾਲ ਦਿੱਤਾ ਜਿਵੇਂ ਆਲੂ ਉਬਾਲ ਦਿੱਤਾ। ਇਸ ਤਰ੍ਹਾਂ ਸਰੀਰ ਗਲ ਗਿਆ। ਕੱਢ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸੁੱਟ ਦਿੱਤਾ। ਤੀਸਰੇ ਦੀ ਵਾਰੀ ਆਈ ਸਤੀ ਦਾਸ ਦੀ। ਤਿੰਨ ਨੂੰ ਗੁਰੂ ਮਹਾਰਾਜ ਨੇ ਪਹਿਲਾਂ ਭੇਜ ਦਿੱਤਾ ਸੀ ਕਿ ਤੁਸੀਂ ਜਾਓ। ਭਾਈ ਜੇਠਾ, ਭਾਈ ਗੁਰਦਿੱਤੇ ਨੂੰ ਕਿਹਾ ਕਿ ਗੋਬਿੰਦ ਰਾਇ ਨੂੰ ਜਾ ਕੇ ਤੁਸੀਂ ਤਿਲਕ ਦੇਵੋ। ਭਾਈ ਊਧੋ ਤੇ ਭਾਈ ਜੈਤੇ ਦੀ ਡਿਊਟੀ ਲਾ ਦਿਤੀ ਕਿ ਤੁਸੀਂ ਸਾਡਾ ਸੀਸ ਲੈ ਜਾਇਓ ਏਥੋਂ, ਅਨੰਦਪੁਰ ਸਾਹਿਬ। ਬਾਕੀ ਸਰੀਰ ਇਹ ਵੀ ਬੰਦੋਬਸਤ ਹੋ ਚੁੱਕਿਆ ਹੈ। ਕੋਈ ਚਿੰਤਾ ਨਾ ਕਰਿਓ, ਤੁਸੀਂ ਬਾਹਰ ਖੜ ਜਾਓ, ਭੀੜ ਵਿੱਚ ਜਾ ਕੇ। ਸੋ ਉਸ ਵੇਲੇ ਭਾਈ ਸਤੀ ਦਾਸ ਜੀ ਨਾਲ ਨੇ, ਹੁਕਮ ਹੋ ਗਿਆ ਕਿ ਇਹਦੇ ਦੁਆਲੇ ਰੂੰ ਲਪੇਟ ਕੇ ਅੱਗ ਲਾ ਦਿਓ। ਉਸੇ ਵੇਲੇ ਰੂੰ ਲਪੇਟ ਦਿੱਤੀ ਤੇ ਅੱਗ ਲਾ ਦਿੱਤੀ। ਸੀ, ਨਹੀਂ ਕਿਹਾ, ਸੀ ਦੀ ਥਾਂ 'ਤੇ ੴ ਦੀ ਧੁਨੀ ਉਠ ਰਹੀ ਹੈ। 'ਸਤਿਨਾਮ' ਦੀ ਆਵਾਜ਼ ਆ ਰਹੀ ਹੈ। 'ਕਰਤਾ ਪੁਰਖ' ਦੀ ਆਵਾਜ਼ ਆ ਰਹੀ ਹੈ। ਸੋ ਤਿੰਨਾਂ ਨੇ ਸਰੀਰ ਗੁਰੂ ਦੇ ਸਾਮ੍ਹਣੇ ਦੇ ਦਿੱਤੇ। ਕਹਿੰਦੇ ਮਰਨਾ ਤਾਂ ਸਾਰਿਆਂ ਨੇ ਹੈ ਪਰ ਮਰਨਾ ਕੋਈਓ ਜਾਣਦਾ ਹੈ। ਐਉਂ ਪੜ੍ਹ ਲਓ –

*ਧਾਰਨਾ – ਮਰਦਾ ਮਰਦਾ ਸਭ ਜਗ ਮੋਇਆ,*
*ਮਰਨਾ ਕੋਈਓ ਜਾਣਦਾ।*
*ਕਬੀਰਾ ਮਰਤਾ ਮਰਤਾ ਜਗੁ ਮੂਆ*
*ਮਰਿ ਭਿ ਨ ਜਾਨੈ ਕੋਇ ॥*
*ਐਸੀ ਮਰਨੀ ਜੋ ਮਰੈ*
*ਬਹੁਰਿ ਨ ਮਰਨਾ ਹੋਇ ॥ ਅੰਗ – 555*

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*

*ਅੰਗ – 1367*

ਮਹਾਨ ਖੁਸ਼ੀਆਂ ਗੁਰੂ ਮਹਾਰਾਜ ਦੀ ਮਿਹਰ ਦੀਆਂ, ਨਦਰ ਦੀਆਂ ਪ੍ਰਾਪਤ ਕਰਕੇ, ਤਿੰਨਾਂ ਨੇ ਇਸ ਛਿਨ ਭੰਗਰ, ਪੰਜ ਭੂਤਕ ਸਰੀਰ ਨੂੰ ਛੱਡ

ਕੇ ਗੁਰੂ ਦੇ ਲੋਕ ਵਿੱਚ ਚਲੇ ਗਏ। ਦੂਸਰਾ ਦਿਨ ਹੋਇਆ, 13 ਮੱਘਰ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਨਾਲ ਬਚਨ ਹੁੰਦੇ ਨੇ। ਮਹਾਰਾਜ ਕਹਿੰਦੇ, ਜਿਹੜੀ ਬਾਤ ਹੈ ਭਾਈ ਉਹ ਤਾਂ ਕਰ ਲਓ। ਉਸ ਵੇਲੇ 13 ਮੱਘਰ 1732 ਦਾ, ਸੰਨ ਚੱਲ ਰਿਹਾ ਸੀ ਬਿਕ੍ਰਮੀ ਸੰਨ। ਸ਼ਹਿਰ 'ਚ ਮੁਨਾਦੀ ਕਰਾ ਦਿੱਤੀ ਗਈ ਕਿ ਕੋਈ ਬੰਦਾ ਘਰ ਨਾ ਰਹੇ, ਕੱਲ੍ਹ ਨੂੰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨਾ ਹੈ, ਸਾਰੇ ਆ ਕੇ ਨਜ਼ਾਰਾ ਦੇਖੋ, ਦਹਿਸ਼ਤ ਫੈਲਾਉਂਦੇ ਨੇ। ਮਹਾਰਾਜ ਨੂੰ ਇੱਕ ਗੱਲ ਕਹੀ ਗਈ ਕਿ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ, ਵਾਹਿਗੁਰੂ ਦੀ ਚਲਦੀ ਦੁਨੀਆਂ 'ਚ ਅਸੀਂ ਰੋਕ ਕਿਵੇਂ ਪਾ ਦੇਈਏ, ਕਰਾਮਾਤ ਕਹਿਰ ਦਾ ਨਾਮ ਹੁੰਦਾ ਹੈ। ਕਰਾਮਾਤ ਨਹੀਂ ਦਿਖਾਉਣੀ। ਅਸੀਂ ਠੀਕਰਾ ਭੰਨਣਾ ਹੈ, ਔਰੰਗੇ ਦੇ ਸਿਰ, ਤਾਂ ਕਿ ਇਹਦੇ ਅਧਰਮ ਨੂੰ ਕੁਛ ਰੋਕ ਪਵੇ। ਕਰਾਮਾਤਾਂ ਦਿਖਾਉਣ ਨਹੀਂ ਅਸੀਂ ਇੱਥੇ ਆਏ।

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।*

ਪ੍ਰਭੂ ਦੇ ਲੋਕਾਂ ਨੂੰ ਤਾਂ ਨਾਉਂ ਲੈ ਕੇ ਹੀ ਲਾਜ ਆ ਜਾਂਦੀ ਹੈ ਕਿ ਇਹੋ ਜਿਹੇ ਕੰਮ ਅਸੀਂ ਕਰੀਏ। ਇਹ ਤਾਂ ਬੇਅੰਤ ਨੇ। ਇੱਕ ਗੁਰਸਿੱਖ ਹੀ ਕਰਾਮਾਤ ਦਿਖਾ ਸਕਦਾ ਹੈ। ਸੋ ਉਸ ਵੇਲੇ ਫਤਵਾ ਲੱਗ ਗਿਆ। ਚਾਂਦਨੀ ਚੌਂਕ 'ਚ ਮਹਾਰਾਜ ਆ ਜਾਂਦੇ ਨੇ, ਖੂਹ ਦੇ ਪਾਣੀ ਨਾਲ ਇਸ਼ਨਾਨ ਆਪ ਕਰਦੇ ਨੇ, ਬੋਹੜ ਦੇ ਥੱਲੇ, ਬਹੁਤ ਵੱਡਾ ਘੇਰਾ ਸ਼ਹਿਰ ਵਾਸੀਆਂ ਦਾ, ਚਾਰੇ ਪਾਸੇ ਫੈਲ ਜਾਂਦਾ ਹੈ। ਜਿਵੇਂ ਪਹਿਲਵਾਨ ਘੁਲਦੇ ਹੁੰਦੇ ਨੇ। ਉਨ੍ਹਾਂ ਦਾ ਅਖਾੜਾਂ ਹੁੰਦਾ ਹੈ ਬਹੁਤ ਲੰਮਾ ਚੌੜਾ। ਇਸ ਤਰ੍ਹਾਂ ਸੈਂਕੜੇ ਗਜ਼ਾਂ ਦੇ ਵਿੱਚ ਬੰਦੇ ਘੇਰਾ ਘੱਤੀ ਖੜ੍ਹੇ ਨੇ। ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ ਆਹ ਗੱਲ ਨਾ ਹੋਵੇ। ਰੋ ਰਹੀ ਹੈ ਲੋਕਾਈ। ਹਿੰਦੂ ਧਰਮ ਰੋ ਰਿਹਾ ਹੈ ਕਿ ਸਾਡੀ ਰਾਖੀ ਵਾਸਤੇ ਕਿੱਡੀ ਵੱਡੀ ਕੁਰਬਾਨੀ ਦੇ ਰਹੇ ਨੇ। ਆਪਣਾ ਸਭ ਕੁਛ ਦੇ ਰਹੇ ਨੇ। ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਆ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਸੋ ਆਪ ਲੀਨ ਹੋ ਜਾਂਦੇ ਨੇ।

ਉਸ ਵੇਲੇ ਜਦ ਕਹਿੰਦੇ ਨੇ ਕਰਾਮਾਤ ਦਿਖਾਓ। ਤਾਂ ਆਪ ਨੇ ਕਿਹਾ ਕਿ ਬਾਅਦ 'ਚ ਤੁਹਾਨੂੰ ਪਤਾ ਲੱਗੇਗਾ, ਸਰੀਰ ਛੱਡ ਜਾਈਏ। ਇੱਕ ਕਾਗਜ਼ ਗਰਦਨ 'ਤੇ ਪਿਆ ਹੈ, ਉਹਦੇ ਵਿੱਚ ਲਿਖਿਆ ਹੋਇਆ ਹੈ –

*ਬਾਂਹਿ ਜਿਨਾ ਦੀ ਪਕੜੀਏ*
*ਸਿਰ ਦੀਜੈ ਬਾਂਹਿ ਨ ਛੋਡੀਏ।*
*ਤੇਗ ਬਹਾਦਰ ਬੋਲਿਆ ਧਰਿ ਪਈਏ, ਧਰਮ ਨ ਛੋਡੀਏ।*

ਤਲਵਾਰ ਦਾ ਵਾਰ ਹੁੰਦਾ ਹੈ, ਕੱਚਾ ਧਾਗਾ ਬੰਨ੍ਹਿਆ ਹੋਇਆ ਹੈ, ਲੇਕਿਨ ਹੈਰਾਨੀ ਹੁੰਦੀ ਹੈ ਕਿ ਤਲਵਾਰ ਪਿੱਛੋਂ ਆਉਂਦੀ ਹੈ, ਸੀਸ ਪਹਿਲਾਂ ਉਡ ਜਾਂਦਾ ਹੈ। ਨਾਲ ਦੀ ਨਾਲ ਹਨ੍ਹੇਰੀ ਆ ਜਾਂਦੀ ਹੈ ਉਸੇ ਵੇਲੇ, ਕਾਲੀ ਬੋਲੀ ਰਾਤ ਪੈ ਗਈ, ਕੁਝ ਨਹੀਂ ਸੁਝਦਾ। ਹੈਰਾਨ ਹੋ ਜਾਂਦੇ ਨੇ ਸਾਰੇ। ਭਾਈ ਜੈਤੇ ਤੇ ਭਾਈ ਊਧੋ ਦੇ ਕੋਲ ਸੀਸ ਜਾ ਪਹੁੰਚਦਾ ਹੈ। ਉਸ ਵੇਲੇ

ਬਹੁਤ ਰੌਲਾ ਪੈ ਗਿਆ। ਹਿੱਲਣ ਲਗ ਗਈ ਦਿੱਲੀ ਤੇ ਸਰੀਰ ਨੂੰ ਲੱਖੀ ਵਣਜਾਰਾ ਲੈ ਜਾਂਦਾ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਅੱਜ ਦੇ ਦਿਨ ਬੜੀ ਭਾਰੀ ਕੁਰਬਾਨੀ ਦਿੱਤੀ ਹੈ ਇੱਕ ਅਸੂਲ ਨੂੰ ਮੱਦੇ-ਨਜ਼ਰ ਰੱਖ ਕੇ। ਆਪਣੇ ਧਰਮ ਦੀ ਰਾਖੀ ਤਾਂ ਸਾਰਾ ਸੰਸਾਰ ਕਰਦਾ ਹੈ, ਲੇਕਿਨ ਇਨ੍ਹਾਂ ਨੇ ਹਿੰਦਵਾਨ ਦੀ ਰਾਖੀ ਕਰੀ, ਜੇ ਆਪ ਉਸ ਵੇਲੇ ਸ਼ਹੀਦੀ ਨਾ ਦਿੰਦੇ? ਅੱਜ ਨਾ ਕਿਸੇ ਮੰਦਰ 'ਚ ਸੰਖ ਬੋਲਦਾ, ਨਾ ਕਿਸੇ ਦੇ ਜਨੇਊ ਹੁੰਦਾ, ਸਾਰਿਆਂ ਦਾ ਨਾਮ ਦੀਨ ਤੇ ਮੁਹੰਮਦ ਹੋਣਾ ਸੀ। ਸੋ ਹਿੰਦੋਸਤਾਨ ਦਾ ਨਕਸ਼ਾ ਹੋਰ ਹੋਣਾ ਸੀ। ਇਹ ਅਹਿਸਾਨ ਭਾਰਤ ਵਰਸ਼ 'ਤੇ ਗੁਰੂ ਮਹਾਰਾਜ ਨੇ ਮੁੱਢ ਬੰਨ੍ਹਿਆ ਤੇ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਚਾਰੇ ਸਾਹਿਬਜ਼ਾਦੇ, ਸਾਰਾ ਪਰਿਵਾਰ ਇਸੇ ਲਾਈਨ ਦੇ ਉਤੇ ਸ਼ਹਾਦਤ 'ਤੇ ਲਾ ਦਿੱਤਾ ਹਿੰਦੋਸਤਾਨ ਦੀ ਪੱਤ ਰਖ ਲਈ। ਸਾਰੇ ਬੋਲ ਕੇ ਪੜ੍ਹੋ ਇਸ ਤਰ੍ਹਾਂ -

***ਧਾਰਨਾ - ਵਾਹਵਾ ਵਾਹਵਾ ਬਈ ਸੀਸ ਦੇ***
***ਹਿੰਦ ਰੱਖ ਲਈ।***
***ਐਸੀ ਕਰਨੀ ਕਿਸੇ ਨਾ ਕੀਤੀ - 2***

***ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।***
***ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।***

***ਬਚਿਤ੍ਰ ਨਾਟਕ***

ਸਾਰੇ ਸੰਸਾਰ ਦੇ ਇਤਿਹਾਸ 'ਚ ਐਸੀ ਕਿਰਿਆ ਕਿਸੇ ਦੀ ਨਹੀਂ ਹੈ। ਲੜਾਈਆਂ ਤਾਂ ਮਹਾਂਪੁਰਸ਼ਾਂ ਨੇ, ਪੂਰਨ ਪੁਰਸ਼ਾਂ ਨੇ ਬਹੁਤ ਯੁੱਧ ਕੀਤੇ। ਕੁਰਬਾਨੀਆਂ ਵੀ ਕੀਤੀਆਂ। ਸ੍ਰੀ ਰਾਮ ਚੰਦਰ ਜੀ ਦਾ ਯੁੱਧ ਰਾਵਣ ਨਾਲ ਹੋਇਆ। ਪਰ ਕਾਰਨ ਸੀਤਾ ਜੀ ਸੀ। ਮਹਾਂਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ, ਕ੍ਰਿਸ਼ਨ ਮਹਾਰਾਜ ਨੇ ਅਗਵਾਈ ਕਰੀ। ਦਰੋਪਤੀ ਤੋਂ ਝਗੜਾ ਪਿਆ। ਪਾਪ ਦਾ ਖਾਤਮਾ ਕਰਨ ਵਾਸਤੇ, ਯੁੱਧ ਕਰਾਇਆ ਗਿਆ। ਇਸੇ ਤਰ੍ਹਾਂ ਹੋਰ ਵੱਡੇ ਮਹਾਂਪੁਰਸ਼ ਸੰਸਾਰ ਦੇ ਇਤਿਹਾਸ 'ਚ ਕਿਤੇ ਨਹੀਂ ਆਏਗਾ ਕਿ ਦੂਸਰੇ ਦੇ ਧਰਮ ਨੂੰ ਰੱਖਣ ਵਾਸਤੇ ਸੁਪਰੀਮ ਕੁਰਬਾਨੀ ਦਿੱਤੀ ਹੋਵੇ।

***ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।***

***(ਬਚਿਤ੍ਰ ਨਾਟਕ)***

ਇਕ ਵੀ ਬੰਦਾ ਨਾ ਹਿੰਦੂ ਨਾ ਮੁਸਲਮਾਨ; ਜਗਤ ਵਿੱਚ ਸਾਰੇ ਹੀ ਆ ਗਏ। ਸਾਰਿਆਂ ਦੇ ਹਿਰਦੇ 'ਚ ਸ਼ੋਕ ਹੋ ਗਿਆ ਕਿ ਬਹੁਤ ਮਾੜੀ ਗੱਲ ਹੋਈ ਹੈ। ਗੁਰੂ ਤੇਗ ਬਹਾਦਰ ਸਾਹਿਬ ਵਰਗੇ ਜਿਨ੍ਹਾਂ ਦੇ ਉਤੇ ਹਜ਼ਾਰਾਂ ਮੁਸਲਮਾਨਾਂ ਨੂੰ ਅਕੀਦਤ, ਸ਼ਰਧਾ ਸੀ ਪੂਰੀ । ਉਹ ਵੀ ਰੋਂਦੇ ਨੇ, ਹਿੰਦੂਆਂ ਨੇ ਤਾਂ ਰੋਣਾ ਹੀ ਸੀ। ਜਗਤ ਨੂੰ ਸ਼ੋਕ ਹੋ ਗਿਆ ਤੇ ਓਧਰਲੇ ਪਾਸੇ -

*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।*

**ਬਚਿਤ੍ਰ ਨਾਟਕ**

ਦੇਵਤਿਆਂ ਦੇ ਮੰਡਲ ਵਿਚ ਜੈ-ਜੈ ਹੋ ਰਹੀ ਹੈ। ਜਿਥੋਂ ਜਾ ਰਹੇ ਨੇ, ਜੈ-ਜੈਕਾਰ ਹੁੰਦੀ ਚਲੀ ਜਾ ਰਹੀ ਹੈ। ਆਪਣੇ ਘਰ ਨੂੰ ਨਿਰੰਕਾਰ ਦੇ ਦੇਸ਼ 'ਚ ਹੁੰਦੀ ਜਾ ਰਹੀ ਹੈ -

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।* **ਬਚਿਤ੍ਰ ਨਾਟਕ**

ਕਾਰਨ ਵੀ ਲਿਖ ਦਿੱਤਾ ਮਹਾਰਾਜ ਨੇ। ਕਿਉਂਕਿ ਬਾਅਦ ਵਿਚ ਬੜੇ ਇਤਿਹਾਸ ਗਲਤ ਆਏ ਨੇ। ਹੋਰ ਦਾ ਹੋਰ ਹੀ ਲਿਖੀ ਜਾਂਦੇ ਨੇ।

ਸੋ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥ ਨਾਲ ਲਿਖਦੇ ਨੇ ਕਿ ਉਨ੍ਹਾਂ ਦਾ ਕਾਰਨ ਇਹ ਸੀ ਕਿ -

*ਤਿਲਕ ਜੰਞੂ ਰਾਖਾ ਪ੍ਰਭ ਤਾਕਾ।*
*ਕੀਨੋ ਬਡੋ ਕਲੂ ਮਹਿ ਸਾਕਾ।*
*ਸਾਧਨਿਹੇਤਿ ਇਤੀ ਜਿਨਿ ਕਰੀ।*
*ਸੀਸੁ ਦੀਆ ਪਰ ਸੀ ਨ ਉਚਰੀ।* **ਬਚਿਤ੍ਰ ਨਾਟਕ**

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਇਹ ਮਹਾਨ ਦਿਨ ਇਕੱਲਾ ਸਿੱਖਾਂ ਵਾਸਤੇ ਮਹੱਤਤਾ ਨਹੀਂ ਰਖਦਾ, ਨਾ ਇਕੱਲੇ ਹਿੰਦੋਸਤਾਨ ਵਾਸਤੇ ਰਖਦਾ ਹੈ। ਇਹ ਤਾਂ ਸਾਰੀ ਦੁਨੀਆਂ ਦਾ ਇੱਕ ਸਾਂਝਾ ਦਿਨ ਹੈ ਜਿਸ ਦਿਨ ਇਕ ਐਸਾ ਕੌਤਕ ਹੋਇਆ ਕਿ ਬੇਗਾਨੇ ਧਰਮ ਵਾਸਤੇ ਸ਼ਹੀਦੀ ਦਿੱਤੀ ਗਈ। ਭਾਵੇਂ ਉਸ ਤੋਂ ਬਾਅਦ ਅਸੀਂ ਬਦਲਾ ਭਾਲਦੇ ਸੀ, ਪਹਾੜੀ ਰਾਜੇ ਗੁਰੂ ਮਹਾਰਾਜ ਦੇ ਨਾਲ ਮੇਲ ਰਖਦੇ ਤੇ ਫੌਜਾਂ ਨਾ ਚਾੜ੍ਹਦੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਾਰਨ ਨਾ ਬਣਦੇ, ਪਰ ਸੰਸਾਰ ਤਾਂ ਐਸੇ ਤਰ੍ਹਾਂ ਦਾ ਹੈ। ਬਵੰਜਾ ਰਾਜਿਆਂ ਨੂੰ ਗੁਰੂ ਛੇਵੇਂ ਪਾਤਸ਼ਾਹ ਨੇ ਉਮਰ ਕੈਦ 'ਚੋਂ ਕੱਢ ਕੇ ਮੁੜ ਕੇ ਗੱਦੀਆਂ 'ਤੇ ਬਿਠਾਇਆ। ਪਰ ਕਿੰਨੇ ਕੁ ਸੀਗੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਹਾਇਤਾ ਕਰੀ। ਕਿੰਨੇ ਕੁ ਉਨ੍ਹਾਂ ਦੇ ਆਪਣੇ ਬੰਦੇ ਸੀਗੇ, ਜਿਨ੍ਹਾਂ ਦੇ ਕੋਲ ਜਾਂਦੇ ਕਿ ਦਰਵਾਜ਼ਾ ਨਹੀਂ ਸੀ ਖੁਲ੍ਹ ਸਕਦਾ। ਦੂਸਰੇ ਪਾਸੇ ਇਸਲਾਮ ਵਾਲੇ ਨੇ। ਮੈਂ ਇਹ ਬੇਨਤੀ ਤਾਂ ਕਰ ਰਿਹਾ ਹਾਂ ਕਿ ਸਾਡੇ ਮਨਾਂ 'ਚ ਘਿਰਣਾ ਹੋ ਜਾਂਦੀ ਹੈ ਕਿ ਪਤਾ ਨਹੀਂ ਮੁਸਲਮਾਨ ਮਾੜਾ ਹੈ। ਨਾ ਮੁਸਲਮਾਨ ਨਹੀਂ ਮਾੜਾ, ਰਾਜ ਮਾੜਾ ਹੁੰਦਾ ਹੈ। ਬੰਦਾ ਕੋਈ ਮਾੜਾ ਨਹੀਂ ਹੁੰਦਾ। ਮੁਸਲਮਾਨਾਂ ਨੇ ਜਿੰਨੀ ਮਦਦ ਗੁਰੂ ਦਸ਼ਮੇਸ਼ ਪਿਤਾ ਦੀ ਕੀਤੀ ਹੈ ਹਰ ਸੰਕਟ ਦੇ ਵਿਚ ਕਿਤੇ ਮੰਜੇ 'ਤੇ ਬਿਠਾ ਕੇ ਚੁੱਕੀਂ ਫਿਰਦੇ ਨੇ, ਕਿਤੇ ਗਵਾਹੀਆਂ ਦਿੰਦੇ ਨੇ, ਨਿਹੰਗ ਖਾਨ ਆਪਣੇ ਕਿਲ੍ਹੇ ਵਿੱਚ ਲਿਜਾ ਕੇ, ਦੂਜਿਆਂ ਨੂੰ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ। ਰਾਇਕੋਟ ਵਾਲਾ ਜਿਹੜਾ ਮੀਰ ਕੱਲਾ ਸੀ ਮੁਸਲਮਾਨ, ਨਵਾਬ ਸਰਹੰਦ ਦਾ ਜ਼ੋਰ ਲਾ ਰਿਹਾ ਸੀ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਫੜਾ ਦੇ, ਅੱਜ

ਕਿਸੇ ਦੀ ਜ਼ੁਰਅੱਤ ਹੈ ਕਿ ਆਪਣੇ ਵੱਡੇ ਰਾਜ ਦੇ ਖਿਲਾਫ ਕੋਈ ਗੱਲ ਕਰ ਲਵੇ। ਇਹ ਓਹੀ ਸੀਗੇ ਜਿਨ੍ਹਾਂ ਨੇ ਸਾਥ ਦਿੱਤੇ। ਇਹ ਨਾ ਸੋਚੋ ਕਿ ਇਸਲਾਮ ਵਾਲੇ ਮਾੜੇ ਸੀਗੇ, ਉਨ੍ਹਾਂ ਵਿਚ ਵੀ ਬੜੇ ਗੁਣ ਨੇ, ਹਿੰਦੂਆਂ 'ਚ ਵੀ ਬਹੁਤ ਸੋਹਣੇ ਨੇ। ਬੰਦਾ ਜਿੱਥੇ ਚੰਗਾ ਹੈ ਉਹ ਸਾਰਿਆਂ ਦੇ ਵਿਚ ਹੈ, ਇੱਕ ਦਮ ਕੌਮ ਨੂੰ ਰੱਦ ਦੇਣਾ ਦੋ-ਚਾਰ-ਦੱਸ ਬੰਦਿਆਂ ਦੀ ਗਲਤੀ ਤੇ ਉਹ ਗੱਲ ਗਲਤ ਹੋਇਆ ਕਰਦੀ ਹੈ।

ਸੋ ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

# 13

# ਸ੍ਰੀ ਗੁਰੂ ਨਾਨਕ ਦੇਵ ਜੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ, ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਅੱਜ ਦੇ ਮਹਾਨ ਪਵਿੱਤਰ ਦਿਹਾੜੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ, ਕਾਰੋਬਾਰ ਸੰਕੋਚ ਕੇ ਆਪ ਗੁਰੂ ਨਾਨਕ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਗੁਰੂ ਦਰਬਾਰ 'ਚ ਪਹੁੰਚੇ ਓਂ। ਸੁਰਤ ਨੂੰ ਇਕਾਗਰ ਕਰੋ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ

ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਤੇ ਬਾਣੀ ਜੋ ਵਿਚਾਰ ਕੀਤੀ ਜਾ ਰਹੀ ਹੈ ਓਸਨੂੰ ਮਨ ਵਿਚ ਧਾਰਨ ਕਰੋ। ਸੋ ਅੱਜ ਸਾਰਾ ਸੰਸਾਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਦੇ ਸਬੰਧ ਵਿਚ ਅਨੇਕਾਂ ਕਿਸਮ ਦੇ ਪ੍ਰੋਗਰਾਮ ਕਰਕੇ ਆਪਣੀ ਸ਼ਰਧਾ ਭੇਟ ਕਰ ਰਿਹਾ ਹੈ। ਐਸਾ ਵੀ ਬਹੁਤ ਸਾਰੇ ਮਹਾਂਪੁਰਸ਼ਾਂ ਦਾ ਖਿਆਲ ਹੈ ਕਿ ਅੱਜ ਸਾਡੀਆਂ ਭਾਵਨਾਵਾਂ ਤੋਂ ਪ੍ਰਸੰਨ ਹੋ ਕੇ ਗੁਰੂ ਮਹਾਰਾਜ ਦਾਤਾਂ ਵੀ ਬਖਸ਼ ਰਹੇ ਨੇ ਤੇ ਸਾਰਿਆਂ ਦੇ ਉੱਤੇ ਮਿਹਰ ਦਾ ਆਪਣਾ ਹੱਥ ਰੱਖਿਆ ਹੋਇਆ, ਇਕੱਲੇ-ਇਕੱਲੇ ਦਿਲ ਦੀ ਭਾਵਨਾ ਨੂੰ ਜਾਂਚ ਰਹੇ ਨੇ। ਸੋ ਸਾਡਾ ਭਲਾ ਇਸ ਗੱਲ ਵਿਚ ਹੈ ਕਿ ਪਿਆਰ ਭਾਵ ਵਿਚ ਆਓ। ਗੁਰੂ ਨਾਨਕ ਪਾਤਸ਼ਾਹ ਦੀ ਹਾਜ਼ਰੀ ਮਹਿਸੂਸ ਕਰੋ। ਜੋ ਕੁਛ ਉਨ੍ਹਾਂ ਨੇ ਸੰਸਾਰ 'ਤੇ ਆ ਕੇ ਕੀਤਾ ਹੈ, ਉਹਨੂੰ ਕੋਈ ਦੁਨੀਆਂ ਦਾ ਬੰਦਾ ਬਿਆਨ ਨਹੀਂ ਕਰ ਸਕਦਾ, ਦੱਸ ਨਹੀਂ ਸਕਦਾ। ਕਿਉਂਕਿ ਬਹੁਤ ਹੀ ਔਖੀ ਬਾਤ ਹੈ ਦੱਸਣੀ। 'ਕਥਨਾ ਕਰੜਾ ਸਾਰੁ' ਹੈ, ਫੇਰ ਵੀ ਥੋੜ੍ਹੀ ਬਹੁਤੀ ਵਿਚਾਰ ਆਪਾਂ ਕਰਾਂਗੇ ਕਿ ਮਹਾਰਾਜ ਜੀ ਨੇ ਸੰਸਾਰ 'ਤੇ ਆ ਕੇ ਕਿਸ ਤਰ੍ਹਾਂ ਦੇ ਨਾਲ ਗੁਮਰਾਹ ਹੋਈ-ਹੋਈ ਜਨਤਾ ਨੂੰ ਰਾਹੇ ਪਾਇਆ। ਮਹਾਰਾਜ ਜੀ ਨੇ, ਚਾਰ ਉਦਾਸੀਆਂ ਵੱਡੀਆਂ-ਵੱਡੀਆਂ ਕੀਤੀਆਂ। ਜੋ ਅੱਜ ਦੇ ਭੁਗੋਲ ਨੂੰ ਜਾਨਣ ਵਾਲੇ ਬੰਦੇ ਨੇ, ਉਨ੍ਹਾਂ ਨੇ ਕੁਛ ਥਾਵਾਂ ਦਾ ਅੱਟਾ ਸੱਟਾ ਲਾ ਕੇ ਇਹ ਗੱਲ ਜਾਨਣ ਦੀ ਕੋਸ਼ਿਸ਼ ਕਰੀ ਹੈ ਕਿ ਗੁਰੂ ਨਾਨਕ ਫੇਰ ਕਿੱਥੇ ਗਏ? ਇਸ ਤੋਂ ਅੱਗੇ ਹੋਰ ਕਿੱਥੇ ਗਏ? ਕਿਹੜੇ ਰਸਤੇ ਗਏ। ਇਸ ਗੱਲ ਨੂੰ ਦੁਨੀਆਂ ਦੇ ਅੰਦਰ ਤਾਂ ਕੋਈ ਬੰਦਾ ਨਹੀਂ ਹੈ ਜਿਹੜਾ ਦੱਸ ਸਕੇ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੋ ਯਾਤਰਾ ਸਨ, ਉਨ੍ਹਾਂ ਨੂੰ ਕੋਈ ਦੱਸ ਹੀ ਨਹੀਂ ਸਕਦਾ। ਬੜੀ ਅਜੀਬ ਗੱਲ ਹੈ ਕਿ ਉਨ੍ਹਾਂ ਨੂੰ ਦੱਸ ਕਿਉਂ ਨਹੀਂ ਸਕਦੇ ਅਸੀਂ। ਇਹ ਗੱਲ ਸਮਝਿਓ। ਕਈ ਬੰਦੇ ਕਹਿੰਦੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਓਥੇ ਗਏ, ਓਥੇ ਗਏ, ਓਥੇ ਗਏ। ਲੇਕਿਨ ਗੁਰੂ ਨਾਨਕ ਦੇਵ ਜੀ ਨੇ ਜਿੰਨਾਂ ਸਫਰ ਕੀਤਾ ਹੈ, ਏਨਾਂ ਨਾ ਕਿਸੇ ਨੇ ਅੱਜ ਤੋਂ ਪਹਿਲਾਂ ਕੀਤਾ ਸੀ, ਨਾ ਕੋਈ ਹੋਰ ਕਰ ਸਕਿਆ ਹੈ। ਕੁਛ ਸਫਰ ਉਨ੍ਹਾਂ ਨੇ ਸਰੀਰਕ ਰੂਪ ਦੇ ਅੰਦਰ ਕੀਤਾ ਹੈ, ਸਾਡੇ ਵਾਗੂੰ, ਪੈਦਲ ਚੱਲੇ ਨੇ, ਜੰਗਲਾਂ 'ਚੋਂ ਲੰਘੇ ਨੇ। ਉਨ੍ਹਾਂ ਨੂੰ ਪਤਾ ਹੈ ਕਿ ਨਿਰਜਨ ਵਣਾਂ ਦੇ ਵਿਚ ਕਿਉਂ ਤੁਰੇ ਫਿਰਦੇ ਸੀ। ਜਦੋਂ ਅਸੀਂ ਯੂ.ਪੀ 'ਚ ਗਏ। ਤਿੰਨ ਸੌ, ਚਾਰ ਸੌ ਮੀਲ ਦਾ ਇਲਾਕਾ, ਜਿਹਦੇ 'ਚ ਸ਼ੇਰ ਰਹਿੰਦੇ ਸੀ, ਹਾਥੀ ਰਹਿੰਦੇ ਸੀ, ਰਿੱਛ ਰਹਿੰਦੇ ਸੀ, ਚੀਤੇ ਰਹਿੰਦੇ ਸੀ, ਬਘਿਆੜ ਰਹਿੰਦੇ ਨੇ, ਬੇਅੰਤ ਵੱਡੀਆਂ-ਵੱਡੀਆਂ ਸਰਾਲਾਂ ਜਿਹੜੀਆਂ ਹਿਰਨਾਂ ਨੂੰ ਸਾਬਤਾ ਹੀ ਨਿਘਾਰ ਜਾਂਦੀਆਂ ਨੇ, ਉਹ ਅਸੀਂ ਦੇਖੀਆਂ ਓਥੇ ਜਾ ਕੇ ਤੇ ਖਿਆਲ ਆਇਆ ਕਰੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਜੰਗਲਾਂ ਦੇ ਅੰਦਰ ਇਕੱਲੇ ਹੀ ਤੁਰੇ ਫਿਰਦੇ ਸੀ। ਉਹ ਸਾਰੀ ਧਰਤੀ ਨੂੰ ਆਪਣੀ ਛੋਹ ਦੇ ਰਹੇ ਸੀ, ਚਾਹੇ ਜੰਗਲ ਹੈ, ਚਾਹੇ ਪਹਾੜ ਹੈ, ਚਾਹੇ ਆਬਾਦੀ ਹੈ, ਉਹਦੇ ਅੰਦਰ ਆਪ ਨੇ ਜਿੱਥੇ ਵੀ ਕੋਈ ਭੁੱਲਿਆ ਹੋਇਆ ਸੀ, ਰੁਕਿਆ ਹੋਇਆ ਸੀ, ਪਿਛਲੇ ਜੁਗਾਂ ਦੀ ਕਮਾਈ ਕਰਕੇ ਰਾਹ ਨਹੀਂ ਸੀ ਲੱਭ ਰਿਹਾ, ਉਸਨੂੰ ਰਸਤਾ ਦਿਖਾਇਆ। ਆਪ ਦੇ ਸਫਰਾਂ ਬਾਰੇ ਮਿਣਿਆ ਕਿਉਂ ਨਹੀਂ ਜਾਂਦਾ?

ਇਹ ਕਹਿੰਦੇ ਨੇ ਕਿ ਚੌਵੀ ਹਜ਼ਾਰ ਮੀਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਫਰ ਕੀਤਾ। ਇਹ ਵੀ ਬੜੀ ਮਿਹਰਬਾਨੀ ਹੈ ਇਨ੍ਹਾਂ ਦੀ ਕਿ ਏਨਾਂ ਲਿਖ ਦਿੱਤਾ। ਲੇਕਿਨ ਗੁਰੂ ਨਾਨਕ ਨੇ ਜੋ ਰੂਹਾਨੀ ਸਫਰ ਕੀਤੇ, ਆਤਮਕ ਮੰਡਲ ਦੇ ਉਨ੍ਹਾਂ ਨੂੰ ਕੋਈ ਜਾਣ ਨਹੀਂ ਸਕਦਾ। ਜਦੋਂ ਜ਼ਿਕਰ ਆਉਂਦਾ ਹੈ ਕਿ ਦੱਤਾ ਤਰੇ ਦੇ ਪਾਸ ਗਏ, ਦੱਤਾ ਤਰੇ ਤਾਂ ਹੈ ਨਹੀਂ ਸੀ ਓਸ ਵੇਲੇ ਸੰਸਾਰ ਦੇ ਅੰਦਰ। ਸੰਨਿਆਸੀ ਸੀ, ਕਿਸ ਮੰਡਲ 'ਚ ਵਸਦਾ ਸੀ। ਧਰਤੀ ਤੋਂ ਕਿੰਨੀ ਦੂਰੀ ਤੇ ਸੀ, ਆਹ ਬ੍ਰਹਿਮੰਡ ਸਥੂਲ ਤੋਂ ਕਿੰਨੀ ਦੂਰੀ 'ਤੇ ਸੀ? ਪ੍ਰਹਿਲਾਦ ਦੇ ਪਾਸ ਜਾਂਦੇ ਨੇ, ਧਰੂੰ ਦੇ ਪਾਸ ਜਾਂਦੇ ਨੇ। ਕੋਈ ਬੰਦਾ ਨਹੀਂ ਲਾ ਸਕਦਾ ਅੰਦਾਜ਼ਾ ਕਿਉਂਕਿ ਉਹ ਗੱਲਾਂ ਗਿਣਤੀ-ਮਿਣਤੀ ਤੋਂ ਬਾਹਰ ਹੋਰ ਕਿਸਮ ਨਾਲ ਸਬੰਧ ਰਖਦੀਆਂ ਨੇ, ਤੇ ਨਾ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿਉਂਕਿ ਦੁਨੀਆਂ ਦੇ ਅੰਦਰ ਕੋਈ ਐਸੀ ਬਾਤ ਨਹੀਂ ਹੈ, ਨਾ ਕੋਈ ਬੋਲੀ ਹੈ ਜਿਹਦੇ ਨਾਲ ਇਹ ਦੱਸ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਨਾ ਸਫਰ ਕੀਤਾ। ਇਸ ਪੁਰੀ ਤੋਂ ਅਗਲੀ ਪੁਰੀ ਐਨੀ ਦੂਰ ਸੀ। ਕੋਈ ਨਹੀਂ ਦਸ ਸਕਦਾ ਕਿਉਂਕਿ ਸਾਨੂੰ ਗਿਆਨ ਨਹੀਂ ਓਸਦਾ। ਨਾ ਗਿਆਨ ਹੋਣ ਕਰਕੇ ਅਸੀਂ ਅੱਟੇ-ਸੱਟੇ ਲਾ ਨਹੀਂ ਸਕਦੇ। ਲੇਕਿਨ ਸੰਸਾਰ ਦੇ ਅੰਦਰ ਆਹ ਧਰਤੀ ਦੇ ਉਤੇ ਗੁਰੂ ਨਾਨਕ ਦੇਵ ਜੀ ਨੇ ਕੋਈ ਥਾਂ ਨਹੀਂ ਛੱਡੀ, ਨਾ ਅਫਰੀਕਾ ਛੱਡੀ ਹੈ, ਨਾ ਯੂਰਪ ਛੱਡਿਆ ਹੈ, ਨਾ ਕੋਈ ਹੋਰ। ਭਾਈ ਗੁਰਦਾਸ ਜੀ ਜਿਹੜੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਥੋੜ੍ਹਾ ਜਿਹਾ ਚਿਰ ਪਿਛੋਂ ਹੋਏ ਨੇ, ਆਪ ਹੀ ਗਵਾਹੀ ਦਿੰਦੇ ਨੇ ਕਿ ਜਿੱਥੇ ਤੱਕ ਧਰਤੀ 'ਤੇ ਮਨੁੱਖ ਸੀ, ਓਸ ਥਾਂ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਗਏ। ਓਥੇ ਤੱਕ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਨੂੰ ਸੁਮੱਤ ਲਾਈ। ਇਹਦੇ 'ਚ ਸਵਾਲ ਆਉਂਦਾ ਹੈ ਕਿ ਬੋਲੀ ਕਿਵੇ ਸਮਝੀ? ਬੋਲੀ ਤਾਂ ਸਾਰੀ ਸ੍ਰਿਸ਼ਟੀ ਦੀ ਪਹਿਲਾਂ ਇੱਕ ਹੈ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਕੋਈ ਬੰਦਾ ਨਹੀਂ ਹੈ ਜਿਹੜਾ ਉਥੇ ਹੋਰ ਬੋਲੀ ਬੋਲਦਾ ਹੋਵੇ। ਉਸ ਤੋਂ ਬਾਅਦ ਭਾਵਾਂ ਦੀ ਬੋਲੀ ਹੈ ਜਿਹਨੂੰ ਪਸੰਤੀ ਬਾਣੀ ਕਹਿੰਦੇ ਨੇ, ਉਹ ਵੀ ਇੱਕ ਹੈ। ਇੱਥੋਂ ਆ ਕੇ ਫਰਕ ਪੈਂਦਾ ਹੈ, ਬੈਖਰੀ ਅੱਡ ਹੋ ਜਾਂਦੀ ਹੈ। ਮਧਮਾ ਅੱਡ ਹੋ ਜਾਂਦੀ ਹੈ, ਅੰਦਰੋਂ ਸਾਰੀ ਬੋਲੀ ਇੱਕ ਹੈ ਜਿਹਨੂੰ telepathy ਕਹਿੰਦੇ ਨੇ, telepathy ਨੂੰ ਜਾਨਣ ਵਾਲਾ ਚਾਹੇ ਅੰਗਰੇਜ਼ ਹੈ, ਚਾਹੇ ਅਰਬ ਦਾ ਬੰਦਾ ਹੈ, ਚਾਹੇ ਹਿੰਦੋਸਤਾਨ ਦਾ ਹੈ. ਚਾਹੇ ਅਫਰੀਕਾ ਦਾ ਹੈ, ਜੋ telepathy ਜਾਣਦਾ ਹੈ, ਕੁੱਤੇ ਦੀ ਬੋਲੀ ਸਮਝਦਾ ਹੈ, ਹਰਨ ਦੀ ਬੋਲੀ ਸਮਝਦਾ ਹੈ, ਸੱਪ ਦੀ ਬੋਲੀ ਸਮਝਦਾ ਹੈ, ਪੰਛੀਆਂ ਦੀ ਬੋਲੀ ਸਮਝਦਾ ਹੈ ਕਿਉਂਕਿ ਪਰਾ ਤੇ ਪਸੰਤੀ ਬਾਣੀ ਇੱਕੋ ਹੈ। ਜਿੱਥੇ telepathy ਕੰਮ ਕਰਦੀ ਹੈ, ਉਥੇ ਬਾਣੀ ਇੱਕ ਹੈ। ਦੂਸਰਾ ਸ੍ਰੀ ਗੁਰੂ ਨਾਨਕ ਦੇਵ ਜੀ ਸਮਰੱਥ ਸਨ, ਸੋ ਇਸ ਕਰਕੇ ਇਸ ਗੱਲ ਦੇ ਵਿਚ ਬਹਿਸ ਨਹੀਂ ਹੋਇਆ ਕਰਦੀ। ਲੇਕਿਨ ਆਪ ਦਾ ਜਿੰਨਾਂ ਕੁ ਜਨਮ ਸਾਖੀਆਂ ਦੇ ਰਾਹੀਂ, ਜਾਂ ਹੋਰ ਪੁਸਤਕਾਂ ਦੇ ਰਾਹੀਂ, ਸਾਡੇ ਪਾਸ ਕੁਛ ਗਿਆਨ ਪਹੁੰਚਿਆ ਹੈ। ਉਹਦੇ ਵਿਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਾੜਾਂ ਉਤੇ ਚੜ੍ਹਾਈ ਕੀਤੀ, ਓਹੋ ਜਿਹੇ ਹੀ ਵਸਤਰ ਪਹਿਨੇ। ਰੱਸੇ ਪੇਟ

ਦੇ ਨਾਲ ਲਪੇਟੇ। ਓਹੋ ਜਿਹਾ ਹੀ ਕੱਪੜਾ ਪਹਿਨਿਆ, ਚਮੜੇ ਦੇ ਜੋੜੇ ਪਾ ਲਏ। ਪਹਾੜਾਂ 'ਤੇ ਚੜ੍ਹਨ ਵਾਲੇ ਜਿਹੜੇ ਹੁੰਦੇ ਨੇ ਉਸ ਤਰ੍ਹਾਂ ਦੀ ਵਰਦੀ ਪਾ ਲਈ ਉਨ੍ਹਾਂ, ਕਿਉਂਕਿ ਪਹਾੜਾਂ 'ਤੇ ਚੜ੍ਹਨਾ ਸੀ, ਬਰਫਾਂ 'ਚ ਜਾਣਾ ਸੀ। ਉਹੋ ਜਿਹੀਆਂ ਹੀ ਆਪਣੇ ਹੱਥ ਵਿਚ ਚੀਜ਼ਾਂ ਰੱਖ ਲਈਆਂ। ਸੋ ਆਪ ਅੱਜ ਉਥੇ ਪਹੁੰਚਦੇ ਨੇ, ਜਿਸ ਥਾਂ ਦੇ ਉਤੇ ਸਿੱਧ ਮੰਡਲੀ ਬੈਠੀ ਹੈ। ਉਸ ਸਿੱਧ ਮੰਡਲੀ ਜਦੋਂ ਹਿੰਦੋਸਤਾਨ ਦੇ ਵਿਚ ਜ਼ੁਲਮ ਹੋਣ ਲੱਗੇ, ਇਸਲਾਮ ਵਾਲਿਆਂ ਨੇ ਆ ਕੇ ਕਬਜ਼ਾ ਕੀਤਾ, ਉਸ ਵੇਲੇ ਜੋ ਰਾਜੇ ਸੀ, ਜ਼ੋਰ ਜ਼ਬਰ ਦੇ ਨਾਲ, ਦੇਸ਼ ਦੇ ਉਤੇ ਕਾਬੂ ਪਾਉਣਾ ਚਾਹੁੰਦੇ ਸਨ, ਕਿਉਂਕਿ ਭਾਰਤ ਵਰਸ਼ ਦੀ ਸੰਸਕ੍ਰਿਤੀ ਐਸੀ ਸੀ ਕਿ ਸਭ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦੀ ਸੀ। ਪਰ ਇਹ ਜਦੋਂ ਆਏ ਇਨ੍ਹਾਂ ਨੇ ਉਸ ਸੰਸਕ੍ਰਿਤੀ ਨੂੰ ਨਾਸ਼ ਕਰਨਾ ਸ਼ੁਰੂ ਕਰ ਦਿੱਤਾ, ਜ਼ੋਰ ਨਾਲ ਮੰਦਰ ਢਹਿਣੇ ਸ਼ੁਰੂ ਹੋ ਗਏ। ਪੁਸਤਕਾਲਿਆ ਜਲਣੇ ਸ਼ੁਰੂ ਹੋ ਗਏ, ਟੈਕਸਲਾ ਦਾ ਜੋ ਪੁਸਤਕਾਲਿਆ ਸੀ, ਉਹਦੇ 'ਚ ਦੁਨੀਆਂ ਭਰ ਤੋਂ ਉਸ ਵੇਲੇ ਦੀਆਂ ਹੱਥ ਲਿਖਤ ਪੁਸਤਕਾਂ ਸਨ। ਮੁਹੰਮਦ ਗਜ਼ਨਵੀ ਨੇ ਆ ਕੇ ਜਦੋਂ ਪੁੱਛਿਆ ਕਿ ਇਹ ਐਨੀਆਂ ਪੁਸਤਕਾਂ ਦਾ ਭੰਡਾਰ ਕਿਉਂ ਰੱਖਿਆ ਹੈ। ਕਹਿਣ ਲੱਗੇ, ਮਹਾਰਾਜ! ਇਹ ਪੁਸਤਕਾਂ ਹਜ਼ਾਰਾਂ ਸਾਲਾਂ ਤੋਂ ਚਲੀਆਂ ਆ ਰਹੀਆਂ ਨੇ, ਹੱਥ ਲਿਖਤ ਗਿਆਨ ਹੈ, ਕਹਿੰਦਾ ਕੁਰਾਨ ਸ਼ਰੀਫ ਵੀ ਹੈ ਇਹਦੇ 'ਚ? ਕਹਿੰਦੇ, ਨਹੀਂ। ਕਹਿੰਦਾ, ਜੇ ਕੁਰਾਨ ਸ਼ਰੀਫ ਨਹੀਂ ਹੈ, ਬਾਕੀ ਤਾਂ ਜਿੰਨੀ ਪੜ੍ਹਾਈ ਹੈ ਸਭ ਕੁਫਰ ਹੈ। ਇਸ ਕਰਕੇ ਇਹਨੂੰ ਅੱਗ ਲਾ ਦਿਓ। ਪਤਾ ਨਹੀਂ ਕਿੰਨੇ ਹਜ਼ਾਰ ਪੁਸਤਕ ਹੱਥ ਲਿਖਤ, ਓਸ ਲਾਇਬ੍ਰੇਰੀ ਦੀ ਜਾਲੀ ਗਈ। ਮਥਰਾ ਦੇ ਵਿਚ ਪਹੁੰਚਦੇ ਨੇ, ਉਥੇ ਕੁਰਾਨ ਸ਼ਰੀਫ ਰੱਖ ਲਿਆ। ਇਹੀ ਸਵਾਲ ਉਥੇ ਕਰਿਆ, ਉਹ ਬਹੁਤ ਵੱਡੀ ਲਾਇਬ੍ਰੇਰੀ ਸੀ। ਕੁਰਾਨ ਸ਼ਰੀਫ ਹੈ? ਕਹਿੰਦੇ ਹਾਂ। ਕਹਿੰਦਾ ਜੇ ਕੁਰਾਨ ਸ਼ਰੀਫ ਹੈ, ਬਾਕੀ ਕਿਤਾਬਾਂ ਦੀ ਕੀ ਲੋੜ ਹੈ, ਬਾਕੀਆਂ ਨੂੰ ਜਾਲ ਦਿਓ, ਇਕੱਲਾ ਰੱਖ ਲਓ। ਮੰਦਰ ਗਿਰਾਏ ਜਾ ਰਹੇ ਸਨ, ਜ਼ਬਰਦਸਤੀ ਧਰਮ ਬਦਲਿਆ ਜਾਂਦਾ ਸੀ। ਜ਼ੁਲਮ ਐਨਾ ਵਧ ਗਿਆ ਸੀ ਕਿ ਬਾਬਰ ਆਪਣੀ ਤਉਜ਼ਕੇ-ਬਾਬਰੀ 'ਚ ਲਿਖਦਾ ਹੈ ਕਿ ਜਦੋਂ ਮਥੁਰਾ 'ਤੇ ਹਮਲਾ ਕਰਿਆ, ਮੇਰਾ ਬੜਾ ਮੁਕਾਬਲਾ ਹੋਇਆ। ਮਨ 'ਚ ਮੇਰੇ ਬੜਾ ਗੁੱਸਾ ਆਇਆ ਪਬਲਿਕ ਦੇ ਉਤੇ। ਪਬਲਿਕ ਲੜੀ ਉਥੇ ਆ ਕੇ ਲੇਕਿਨ ਅੱਲਾਹ ਤਾਲਾ ਨੇ ਮੈਨੂੰ ਫਤਹਿ ਦੇ ਦਿੱਤੀ ਤੇ ਮੈਂ ਇੱਕ ਲੱਖ ਬੰਦਾ ਕੈਦ ਕਰ ਲਿਆ, ਮੇਰੇ ਮਨ 'ਚ ਆਈ ਕਿ ਮੈਂ ਅੱਲਾਹ ਨੂੰ ਪ੍ਰਸੰਨ ਕਰਾਂ। ਮੈਂ ਆਪਣਾ ਟੈਂਟ ਲਾ ਲਿਆ ਤਾਂ ਕਿ ਮੈਂ ਆਪਣੀਆਂ ਅੱਖਾਂ ਦੇ ਨਾਲ ਦੇਖਾਂ ਕਿ ਕਾਫਰਾਂ ਦੀ ਗਰਦਨ 'ਤੇ ਤਲਵਾਰ ਕਿਵੇਂ ਚੱਲ ਰਹੀ ਹੈ। ਕਹਿੰਦਾ, ਇੱਕੋ ਹੀ ਦਿਨ ਦੇ ਅੰਦਰ ਮੈਂ ਇੱਕ ਲੱਖ ਬੰਦਾ, ਇੱਕੋ ਥਾਂ 'ਤੇ ਕਤਲ ਕਰਾਇਆ, ਐਨਾ ਖ਼ੂਨ ਉੱਚਾ ਉਠਿਆ ਕਿ ਮੈਨੂੰ ਤਿੰਨ ਵਾਰੀ ਆਪਣਾ ਟੈਂਟ ਬਦਲ-ਬਦਲ ਕੇ ਪਿੱਛੇ ਲਾਉਣਾ ਪਿਆ ਤੇ ਮੈਂ ਉਮੀਦ ਕਰਦਾ ਹਾਂ ਕਿ ਅੱਲਾਹ ਤਾਲਾ ਮੇਰੇ ਉਤੇ ਪ੍ਰਸੰਨ ਹੋ ਕੇ ਆਪਣੀ ਬਖਸ਼ਿਸ਼ ਕਰੇਗਾ ਕਿ ਮੈਂ ਇੱਕ ਲੱਖ ਕਾਫਰ ਮਾਰ ਦਿੱਤਾ। ਇਹ ਸੋਚ ਆ ਚੁੱਕੀ ਸੀ। ਇਨ੍ਹਾਂ ਚੀਜ਼ਾਂ ਤੋਂ ਡਰਦੇ ਹੋਏ ਜਿਹੜੇ ਜੋਗੀ ਸਨ, ਉਹ ਸਾਰੇ

ਸ਼ਕਤੀ ਵਾਲੇ ਨਹੀਂ ਸੀ, ਲੇਕਿਨ ਸ਼ਕਤੀ ਉਨ੍ਹਾਂ 'ਚ ਬਹੁਤ ਜ਼ਿਆਦਾ ਸੀ। ਇਧਰ ਜਿਹੜੇ ਪੀਰ ਸੀ ਇਨ੍ਹਾਂ 'ਚ ਵੀ ਬੜੀਆਂ ਸ਼ਕਤੀਆਂ ਸੀ। ਬੜੇ ਆਪਸ ਵਿਚ ਮੁਕਾਬਲੇ ਹੁੰਦੇ, ਇੱਕ ਮੁਕਾਬਲੇ ਦਾ ਜ਼ਿਕਰ ਆਉਂਦਾ ਹੈ ਅਜਮੇਰ ਸ਼ਰੀਫ ਦੇ ਅੰਦਰ। ਜਦੋਂ ਮਯੁਦੀਨ ਆਏ, ਬਾਬਾ ਫਰੀਦ ਦੇ ਦਾਦਾ ਗੁਰੂ, ਉਸ ਵੇਲੇ ਬੜੇ ਕੌਤਕ ਉਥੇ ਹੋਏ ਕਿ ਜੋ ਸਾਗਰ ਸੀ, ਜਿਸਨੂੰ ਪੁਸ਼ਕਰ ਤੀਰਥ ਕਹਿੰਦੇ ਨੇ, ਉਥੇ ਨਾਹੁੰਣ ਵਾਸਤੇ ਗਏ, ਉਹਦੇ ਮੁਰੀਦ। ਹਿੰਦੂਆਂ ਨੇ ਇਸ਼ਨਾਨ ਨਾ ਕਰਨ ਦਿੱਤਾ। ਧੱਕੇ ਮਾਰੇ, ਪੀਰ ਕੋਲ ਆ ਕੇ ਦੱਸੀ। ਪੀਰ ਕਹਿੰਦਾ ਮੇਰਾ ਇੱਕ ਪਿਆਲਾ ਲੈ ਜਾਓ, ਭਰ ਲਿਆਓ, ਪਾਣੀ ਦਾ। ਇੱਕ ਪਿਆਲਾ ਔਰੰਗਜ਼ੇਬ ਨੇ ਓਸਨੂੰ ਭਰਨ ਵੇਲੇ ਯਤਨ ਕੀਤਾ ਤਾਂ ਇਹ ਦਸਦੇ ਨੇ ਉਹਦਾ ਪੜ ਪਾਟਿਆ ਹੋਇਆ ਸੀ ਤੇ ਜੀਵ ਜੰਤੂ ਜਿਸ ਵਕਤ ਤੜਫਣ ਲੱਗੇ, ਪ੍ਰਿਥਵੀ ਰਾਜ ਚੌਹਾਨ ਆਪ ਗਿਆ, ਬੇਨਤੀ ਕਰੀ ਕਿ ਤੇ ਉਸਨੇ ਉਹ ਪਿਆਲਾ ਵਾਪਸ ਪਾ ਦਿੱਤਾ। ਸਾਰਾ ਜਿਹੜਾ ਤੀਰਥ ਸੀ, ਪੁਸ਼ਕਰ ਤੀਰਥ ਸਾਰਾ ਮੁੜ ਕੇ ਫੇਰ ਪਾਣੀ ਨਾਲ ਭਰ ਗਿਆ। ਐਸੀਆਂ ਸ਼ਕਤੀਆਂ ਪੀਰ ਲੋਕ ਵੀ ਦਿਖਾਇਆ ਕਰਦੇ ਸੀ। ਉਹਦੇ ਕੋਲ ਵੀ ਇੱਕ ਸ਼ਕਤੀ ਵਾਲਾ ਰਾਜਪਾਲ ਸੀਗਾ। ਬੜੀਆਂ ਉਨ੍ਹਾਂ ਦੀਆਂ ਆਪਸ ਵਿਚ ਸ਼ਕਤੀਆਂ ਦੀਆਂ ਲੜਾਈਆਂ ਹੋਈਆਂ। ਅਖੀਰ ਮਯੂਦੀਨ ਨੇ ਆਪਣੀ ਸ਼ਕਤੀ ਦੇ ਨਾਲ ਉਸਨੂੰ ਇਸਲਾਮ ਵਿਚ ਲੈ ਆਂਦਾ। ਇਨ੍ਹਾਂ ਗੱਲਾਂ ਤੋਂ ਡਰਦੇ ਹੋਏ ਜੋਗੀ, ਭਾਰਤ ਵਰਸ਼ ਨੂੰ ਛੱਡ ਕੇ ਪਹਾੜਾਂ ਦੇ ਓਸ ਕੋਨੇ 'ਚ ਚਲੇ ਗਏ, ਜਿੱਥੇ ਮਨੁੱਖ ਜਾ ਹੀ ਨਹੀਂ ਸੀ ਸਕਦਾ। ਔਸ਼ਧੀਆਂ ਖਾਂਦੇ ਸੀ ਤੇ ਉਨ੍ਹਾਂ ਕੋਲ ਉਡਣ ਦੀ ਸ਼ਕਤੀ ਸੀ। ਪਹਾੜਾਂ ਦੇ ਉਤੇ ਦੀ ਹੋ ਕੇ ਓਸ ਥਾਂ 'ਤੇ ਪਹੁੰਚ ਜਾਂਦੇ ਨੇ ਤੇ ਜਦੋਂ ਗੁਰੁ ਨਾਨਕ ਪਾਤਸ਼ਾਹ ਪਹਾੜ ਚੜ੍ਹਦੇ ਹੋਏ ਜਾ ਰਹੇ ਨੇ। ਓਸ ਵੇਲੇ ਜੋਗੀਆਂ ਨੇ ਦੇਖਿਆ ਕਿ ਕੋਈ ਮਨੁੱਖ ਆ ਰਹੇ ਨੇ ਕਿ ਪਹਾੜਾਂ 'ਤੇ ਚੜ੍ਹਦੇ ਹੋਏ ਆ ਰਹੇ ਨੇ। ਬਰਫਾਂ 'ਤੇ ਚਲੇ ਆ ਰਹੇ ਨੇ। ਇਨ੍ਹਾਂ ਕੋਲ ਕਿਹੜੀ ਸ਼ਕਤੀ ਹੈ ਜਿਹਦੇ ਕਰਕੇ ਇੱਥੇ ਪਹੁੰਚ ਗਏ। ਜਦੋਂ ਸਿੱਧਾਂ ਦੇ ਪਾਸ ਗੁਰੂ ਨਾਨਕ ਦੇਵ ਜੀ ਜਾਂਦੇ ਨੇ, ਬੈਠ ਗਏ, ਬਚਨ ਬਿਲਾਸ ਚੱਲ ਪਏ ਉਨ੍ਹਾਂ ਦੇ। ਓਸ ਵੇਲੇ ਸਾਰੇ ਸਿੱਧਾਂ ਨੇ ਏਸ ਗੱਲ ਨੂੰ ਜਾਨਣ ਦਾ ਯਤਨ ਕੀਤਾ ਕਿ ਇਹ ਕੋਈ ਵਲੀ ਪੁਰਸ਼ ਆ ਗਿਆ। ਵੈਸੇ ਤਾਂ ਇੱਥੇ ਕੋਈ ਪਹੁੰਚ ਹੀ ਨਹੀਂ ਸਕਦਾ ਤੇ ਇਹ ਆ ਗਏ। ਇਸ ਤੋਂ ਪਹਿਲਾਂ ਹਿੰਦੋਸਤਾਨ ਦਾ ਹਾਲ ਚਾਲ ਪੁੱਛਣਾ ਚਾਹੀਦਾ ਹੈ। ਜਿਹਨੂੰ ਇਹ ਮਾਤ ਲੋਕ ਕਹਿੰਦੇ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਉਨ੍ਹਾਂ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਕਰਕੇ ਪੁੱਛ ਕੀਤੀ–

*ਧਾਰਨਾ – ਮਾਤ ਲੋਕ ਵਿਚ ਕੀ ਹੈ ਵਰਤਾਰਾ,*
*ਸਿੱਧ ਪੁੱਛਣ ਦੱਸੀਂ ਨਾਨਕਾ।*

*ਫਿਰਿ ਪੁਛਣਿ ਸਿਧ ਨਾਨਕਾ!*
*ਮਾਤ ਲੋਕ ਵਿਚਿ ਕਿਆ ਵਰਤਾਰਾ?*

***ਭਾਈ ਗੁਰਦਾਸ ਜੀ, ਵਾਰ /29***

ਕਿਉਂਕਿ ਤੂੰ ਹੁਣੇ-ਹੁਣੇ ਹਿੰਦੋਸਤਾਨ ਤੋਂ ਆਇਆ ਹੈ, ਭਾਰਤ ਵਰਸ਼

'ਚੋਂ ਆਇਆ ਹੈ। ਇਹ ਦੱਸ ਕਿ ਉਥੇ ਹੁਣ ਕੀ ਵਰਤ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਲੋਕ ਰਹਿ ਰਹੇ ਨੇ, ਕਿਵੇਂ ਕਰਮ ਧਰਮ ਚੱਲ ਰਹੇ ਨੇ, ਕਿਵੇਂ ਪੂਜਾ ਪਾਠ ਚੱਲ ਰਹੇ ਨੇ। ਕਿਸ ਤਰ੍ਹਾਂ ਦੇ ਨਾਲ ਪਰਜਾ ਰਹਿ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਉਪਦੇਸ਼ਕ ਲੋਕ ਜਿਹੜੇ ਨੇ ਉਹ ਰਹਿ ਰਹੇ ਨੇ? ਕਿਸ ਤਰ੍ਹਾਂ ਦੇ ਨਾਲ ਸੇਵਾ ਕਰਨ ਵਾਲੇ ਸੇਵਕ ਨੇ, ਚੇਲੇ ਨੇ ਕਿਵੇਂ ਰਹਿ ਰਹੇ ਨੇ? ਰਾਜੇ ਕਿਹੋ ਜਿਹੇ ਨੇ, ਇਸਤਰੀ ਤੇ ਪੁਰਖਾਂ ਨੇ ਮਰਿਯਾਦਾ ਕਾਇਮ ਰੱਖੀ ਹੋਈ ਹੈ ਕਿ ਛੱਡ ਦਿੱਤੀ? ਇਹ ਸਵਾਲ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਕਰ ਦਿੱਤਾ।

***ਸਭ ਸਿਧੀ ਇਹ ਬੁਝਿਆ***
***ਕਲਿ ਤਾਰਣਿ ਨਾਨਕ ਅਵਤਾਰਾ।***

***ਭਾਈ ਗੁਰਦਾਸ ਜੀ, ਵਾਰ /29***

ਬਚਨਾਂ ਤੋਂ ਬੁੱਝ ਲਿਆ ਕਿ ਕਲਜੁਗ ਨੂੰ ਤਾਰਨ ਵਾਲਾ ਇਹ ਆ ਗਿਆ ਨਾਨਕ।

ਬਾਬੇ ਕਿਹਾ ਨਾਥ ਜੀ!

ਕੀ ਦੱਸੀਏ? ਸੱਚ ਦਾ ਚੰਦਰਮਾ ਅਲੋਪ ਹੋ ਗਿਆ ਤੇ ਕੂੜ ਦਾ ਅੰਧਿਆਰਾ ਮੱਸਿਆ ਪੈ ਗਈ ਪੱਕੀਓ ਹੀ। ਚਾਨਣ ਨਜ਼ਰ ਨਹੀਂ ਆਉਂਦਾ –

***ਬਾਬੇ ਆਖਿਆ: ਨਾਥ ਜੀ! ਸਚੁ ਚੰਦਰਮਾਂ ਕੂੜੁ ਅੰਧਾਰਾ।***

***ਭਾਈ ਗੁਰਦਾਸ ਜੀ, ਵਾਰ /29***

ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ ਤੇ ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਕੋਈ ਕਿਰਨ ਰੋਸ਼ਨੀ ਦੀ ਨਜ਼ਰ ਆ ਜਾਵੇ ਲੇਕਿਨ ਆਈ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ – ਸਾਰੇ ਕੂੜ ਦਾ ਹੋ ਗਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ।***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***
***ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥***
***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥***
***ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥***
***ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥***
***ਮਃ 1 ॥***
***ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥***
***ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥***
***ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥***
***ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥***
***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥***

*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*

*ਅੰਗ - 469*

ਕਹਿੰਦੇ, ਨਾਥ ਜੀ! ਸੱਚ ਦਾ ਕਾਲ ਪੈ ਗਿਆ। ਸਾਰੇ ਪਾਖੰਡ ਹੀ ਪਾਖੰਡ ਤੇ ਨਿਰਜਿੰਦ ਰਸਮਾਂ ਆ ਗਈਆਂ। ਕੁਛ ਨਹੀਂ ਪਤਾ ਲਗਦਾ। ਜੋ ਰਾਜੇ ਦੀ ਗੱਲ ਕਰੀ ਹੈ, ਲਬ ਬਣ ਗਿਆ ਤੇ ਪਾਪ ਬਣ ਗਿਆ ਰਾਜਾ, ਲੋਕਾਂ ਦਾ ਧਨ ਖੋਹ-ਖੋਹ ਕੇ, ਇਕੱਠਾ ਕਰਕੇ ਖਜ਼ਾਨੇ ਭਰ ਲਏ, ਟੈਕਸ ਲਾ-ਲਾ ਕੇ, ਜੇਜ਼ੀਏ ਲਾ-ਲਾ ਕੇ, ਐਨਾ ਲਬ ਹੋ ਗਿਆ ਕਿ ਬੇਅੰਤ ਧਨ ਇਕੱਠਾ ਕਰਕੇ ਆਪ ਐਸ਼ਾਂ ਕਰਦੇ ਨੇ ਤੇ ਜਿਹੜਾ ਵਜ਼ੀਰ ਹੈ ਉਹ ਪਾਪ ਦਾ ਰੂਪ ਧਾਰ ਕੇ, ਗਲਤ ਪਾਸੇ ਪੈ ਗਿਆ। ਜਿਹੜੇ ਰਾਖੀ ਕਰਨ ਵਾਲੇ ਨੇ ਪਰਜਾ ਦੇ, ਪਰਜਾ ਨੂੰ ਉਨ੍ਹਾਂ ਨੇ ਖਾਣਾ ਸ਼ੁਰੂ ਕਰ ਦਿੱਤਾ। ਵਾੜ ਖੇਤ ਨੂੰ ਖਾ ਰਹੀ ਹੈ ਤੇ ਜੋ ਰਾਜ ਗੱਦੀ 'ਤੇ ਬੈਠੇ ਨੇ, ਰਾਜੇ ਦਾ ਧਰਮ ਹੋਇਆ ਕਰਦਾ ਹੈ ਕਿ -

*ਰਾਜੇ ਚੁਲੀ ਨਿਆਵ ਕੀ ..........॥* *ਅੰਗ - 1240*

ਨਿਆਂ ਕਰਨਾ, ਪਰਜਾ ਨੂੰ ਪਾਲਣਾ। ਪਰਜਾ ਨੂੰ ਬਾਲ-ਬੱਚੇ ਸਮਝਣਾ, ਆਪਣਾ ਸਮਝਣਾ। ਰਾਜੇ ਨੂੰ ਤਾਂ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਪਰਜਾ ਦੀ ਸੇਵਾ ਕਰੇ, ਸੇਵਾ ਕਰਨ ਦੇ ਨਾਲ ਰਾਜੇ ਦਾ ਉਧਾਰ ਹੋ ਜਾਂਦਾ ਹੈ। ਜੋ ਹੁਣ ਦੇ ਰਾਜੇ ਨੇ, ਮਹਾਰਾਜ ਕਹਿਣ ਲੱਗੇ ਕਿ ਸੇਵਾ ਤਾਂ ਉਨ੍ਹਾਂ ਨੇ ਕੀ ਕਰਨੀ ਹੈ, ਉਹ ਤਾਂ ਜਿਵੇਂ ਭੇਡ ਬੱਕਰੀਆਂ ਨੂੰ ਕਸਾਈ ਵੱਢਦੇ ਨੇ, ਐਸ ਤਰ੍ਹਾਂ ਦੇ ਨਾਲ ਵੱਢ ਰਹੇ ਨੇ ਤੇ ਉਹ ਰਾਜੇ ਨਹੀਂ ਹਨ। ਐਉਂ ਲਗਦਾ ਹੈ ਕਿ ਤਪ ਤੋਂ ਹੀਣੇ ਲੋਕ, ਜਿਨ੍ਹਾਂ ਦੀ ਬਿਰਤੀ ਕਸਾਈਆਂ ਵਾਲੀ ਹੈ, ਉਹ ਰਾਜ ਗੱਦੀਆਂ 'ਤੇ ਕਬਜ਼ਾ ਕਰਕੇ ਬੈਠ ਗਏ ਨੇ, ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ-

*ਧਾਰਨਾ - ਰਾਜ ਗੱਦੀਆਂ 'ਤੇ ਕਸਾਈ ਆ ਕੇ ਬੈਠ ਗਏ।,*
*ਡਾਕੂ ਬਣ ਗਏ ਰਾਖੇ ਪਰਜਾ ਦੇ।*

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।*
*ਵਰਤਿਆ ਪਾਪ ਸਭਸ ਜਗ ਮਾਂਹੀ॥*

*ਭਾਈ ਗੁਰਦਾਸ ਜੀ, ਵਾਰ 1/30*

ਕਹਿਣ ਲੱਗੇ, ਨਾਥ ਜੀ! ਮਰੀਆਂ ਹੋਈਆਂ ਚੀਜ਼ਾਂ ਨੂੰ ਖਾਣ ਵਾਲੇ ਆ ਗਏ, ਪਰਜਾ ਨੂੰ ਖਾ ਰਹੇ ਨੇ, ਲੁੱਟ ਰਹੇ ਨੇ, ਬੇਗਾਨਾ ਹੱਕ ਖਾ ਰਹੇ ਨੇ ਤੇ ਕੁੱਤੀ ਮੁਹੀ ਆ ਗਈ। ਰਾਜੇ ਧਰਮ ਕਰਦੇ ਸੀ, ਨਿਆਂ ਕਰਦੇ ਸੀ, ਪਰਜਾ ਦੇ ਮਾਤਾ ਪਿਤਾ ਕਹਾਉਂਦੇ ਸੀ। ਪਰਜਾ ਰੱਬ ਤੋਂ ਦੂਸਰਾ ਦਰਜਾ ਰਾਜੇ ਨੂੰ ਦਿਆ ਕਰਦੀ ਸੀ। ਪਰ ਹੁਣ

***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***

ਇਹ ਤਾਂ ਵਾੜ ਹੀ ਖੇਤ ਨੂੰ ਖਾਣ ਲਗ ਗਈ –

***ਪਰਜਾ ਅੰਧੀ ਗਿਆਨ ਬਿਨੁ***
***ਕੂੜ ਕੁਸਤਿ ਮੁਖਹੁ ਆਲਾਈ।***

ਪਰਜਾ ਨੂੰ ਕੋਈ ਗਿਆਨ ਨਹੀਂ, ਕੋਈ ਪਤਾ ਨਹੀਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਆਪਣਾ ਜੀਵਨ ਕਿਵੇਂ ਗੁਜ਼ਾਰਨਾ ਹੈ। ਬਿਲਕੁਲ ਅਣਜਾਣ ਹੋ ਗਏ ਤੇ ਓਧਰ ਰਾਜੇ ਦੂਜੇ ਪਾਸੇ ਨੇ ਤੇ ਪਰਜਾ ਇਧਰਲੇ ਪਾਸੇ ਨੇ, ਦੋਹੇਂ ਇੰਤਹਾ (extreme) ਦੇ ਉਤੇ ਨੇ। ਦੋਵੇਂ ਭੁੱਲੀਂ ਫਿਰਦੇ ਨੇ, ਪਰਜਾ ਵੀ ਭੁੱਲੀਂ ਫਿਰਦੀ ਹੈ, ਰਾਜੇ ਵੀ ਭੁੱਲੇ ਫਿਰਦੇ ਨੇ ਤੇ ਗਿਆਨ ਹੈ ਨਹੀਂ, ਝੂਠ ਤੁਫਾਨ ਮੂੰਹੋਂ ਬੋਲੀ ਜਾਂਦੇ ਨੇ। ਆਪਸ ਵਿਚ ਇਤਫਾਕ ਨਹੀਂ ਕਿਸੇ ਦਾ ਵੀ। ਜਿਹੜੇ ਆਚਾਰੀਆਂ ਨੇ ਉਹ ਵੀ ਗਿਰ ਚੁੱਕੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਚਦੇ ਫਿਰਦੇ ਨੇ। ਸੇਵਕ ਘਰਾਂ 'ਚ ਬੈਠੇ ਨੇ, ਹੁਣ ਗੁਰੂ ਟੋਲ੍ਹਦਾ ਫਿਰਦਾ ਹੈ ਕਿ ਫਲਾਣਾ ਸੇਵਕ ਜੇ ਮੇਰੇ ਕਾਬੂ ਆ ਜਾਵੇ, ਪੈਸੇ ਵਾਲਾ ਹੈ, ਉਹਦਾ ਰਸੂਖ ਵੀ ਹੈ, ਉਹਦੇ ਨਾਲ ਆਹ ਪਿੰਡ ਸਾਰਾ ਹੀ ਆ ਜਾਏਗਾ। ਉਹਨੂੰ ਟੋਲ੍ਹਦੇ ਨੇ, ਉਹਦੀ ਵਡਿਆਈ ਕਰਦੇ ਨੇ, ਪਬਲਿਕ ਦੇ ਵਿਚ ਸਿਰੋਪੇ ਦਿੰਦੇ ਨੇ। ਬੜਾ ਮਾਣ ਕਰਦੇ ਨੇ ਕਿ ਇਹ ਲੱਭ ਜਾਵੇ ਮੈਨੂੰ। ਕਹਿੰਦੇ, ਸੇਵਕਾਂ ਨੂੰ ਭਾਲਣ ਵਾਸਤੇ ਗੁਰੂ ਉਨ੍ਹਾਂ ਦੇ ਘਰ ਤੁਰੇ ਫਿਰਦੇ ਨੇ ਕਿ ਆਹ ਬੰਦਾ ਸਾਡੇ ਤੋਂ ਦੂਰ ਨਾ ਹੋ ਜਾਵੇ ਕਿਤੇ, ਤੇ ਸੇਵਕ ਜਿਹੜੇ ਨੇ ਬੇਪਰਵਾਹ ਨੇ ਗੁਰੂ ਦੇ ਦਰਸ਼ਨ ਨੂੰ ਨਹੀਂ ਜਾਂਦੇ, ਘਰ 'ਚ ਬਹਿੰਦੇ ਨੇ। ਗੁਰੂ ਆਪ ਤੁਰੇ ਫਿਰਦੇ ਨੇ ਸੇਵਕਾਂ ਦੇ ਘਰਾਂ 'ਚ। ਜਿਹੜੇ ਜੱਜ ਨੇ ਇਹ ਰਿਸ਼ਵਤ ਤੋਂ ਬਗੈਰ ਕੋਈ ਗੱਲ ਨਹੀਂ ਕਰਦੇ। ਪੈਸੇ ਲੈਂਦੇ ਨੇ। ਜਿਹਦਾ ਹੱਕ ਹੈ ਉਹ ਦੂਸਰੇ ਨੂੰ ਦੇ ਦਿੰਦੇ ਨੇ। ਜਿਹੜਾ ਬੇਕਸੂਰ ਹੈ ਉਹਦੇ ਉਤੇ ਕਸੂਰ ਪਾ ਦਿੰਦੇ ਨੇ। ਕੇਸ ਪਾ ਦਿੰਦੇ ਨੇ, ਕਹਿੰਦੇ ਆਹ ਹੋ ਰਿਹਾ ਹੈ। ਪਹਿਲਾਂ ਇਸਤ੍ਰੀ ਪਤੀਵਰਤਾ ਹੁੰਦੀ, ਆਪਣੇ ਪਤੀ ਤੋਂ ਬਗੈਰ ਕਿਸੇ ਦਾ ਪਰਛਾਵਾਂ ਆਪਣੇ ਸਰੀਰ 'ਤੇ ਨਹੀਂ ਸੀ ਪੈਣ ਦਿੰਦੀ। ਜੋ ਪਤੀ ਹੋਇਆ ਕਰਦਾ ਸੀ ਉਹ ਸਤਿ ਦਾ ਜੀਵਨ ਬਤੀਤ ਕਰਨ ਵਾਲਾ ਹੋਇਆ ਕਰਦਾ ਹੈ। ਕਿਸੇ ਪਰਾਈ ਇਸਤ੍ਰੀ ਵਲ ਨਿਗ੍ਹਾ ਚੁੱਕ ਕੇ ਨਹੀਂ ਸੀ ਦੇਖਦਾ। ਕਹਿੰਦੇ, ਇਹ ਮਰਿਯਾਦਾ ਟੁੱਟ ਗਈ, ਇਸਤਰੀਆਂ ਦੇ ਆਪਣੇ ਰਾਹ ਨੇ, ਪਤੀਆਂ ਦੇ ਆਪਣੇ ਰਾਹ ਨੇ, ਪਿਆਰ ਕਿਸ ਚੀਜ਼ ਦਾ ਰਹਿ ਗਿਆ, ਸਾਂਝ ਕਿਸ ਚੀਜ਼ ਦੀ ਰਹਿ ਗਈ, ਪੈਸੇ ਦੀ ਸਾਂਝ ਰਹਿ ਗਈ। ਉਹ ਭਾਵੇਂ ਕਿਤੇ ਤੁਰਿਆ ਫਿਰੇ, ਉਹ ਕਿਤੇ ਤੁਰੀ ਫਿਰੇ, ਪੈਸਾ ਹੋਣਾ ਚਾਹੀਦਾ ਹੈ। ਪੈਸਾ ਇਨ੍ਹਾਂ ਨੂੰ ਇੱਕ

ਦੂਜੇ ਨਾਲ ਜੋੜਦਾ ਹੈ, ਪਿਆਰ ਨਹੀਂ ਰਿਹਾ। ਕੀ ਦੱਸੀਏ, ਪਾਪ ਦਾ ਪਸਾਰਾ ਹੋ ਗਿਆ ਸਾਰੇ। ਪਾਪ ਹੀ ਪਾਪ ਨਜ਼ਰ ਆਉਂਦਾ ਹੈ।

ਰਾਜੇ ਕਸਾਈ ਬਣ ਗਏ, ਕਲਜੁਗ ਦੀ ਕੈਂਚੀ ਦੇ ਨਾਲ ਪਰਜਾ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਇਨ੍ਹਾਂ ਨੇ।

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥***
***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

***ਅੰਗ - 145***

ਕਹਿੰਦੇ ਨਾਥ ਜੀ! ਘੁੱਪ ਹਨ੍ਹੇਰ ਪਿਆ ਹੈ, ਕੋਈ ਰਸਤਾ ਨਹੀਂ ਲੱਭਦਾ, ਨਾ ਮੱਠਾਂ 'ਤੇ ਕੋਈ ਰਸਤਾ ਹੈ, ਨਾ ਮੰਦਰਾਂ 'ਚ ਕੋਈ ਰਾਹ ਲੱਭਦਾ ਹੈ, ਨਾ ਕਿਤੇ ਮਸੀਤਾਂ 'ਚ ਰਾਹ ਲੱਭਦਾ ਹਾਂ। ਮੈਂ ਸਾਰੇ ਫਿਰ ਤੁਰ ਕੇ ਆਇਆ ਹਾਂ।

***ਵਿਚਿ ਹਉਮੈ ਕਰਿ ਦੁਖੁ ਰੋਈ ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - 145***

ਹੋਏਗਾ ਕੀ ਸੰਸਾਰ ਦਾ? ਇਹ ਤਾਂ ਇੱਕ ਹੋਵੇ ਤਾਂ ਹੋਵੇ, ਇਹ ਤਾਂ ਬਿਮਾਰੀ ਫੈਲ ਗਈ ਸਾਰੇ। ਐਸਾ ਹਾਲ ਹੋ ਗਿਆ ਉਨ੍ਹਾਂ ਦਾ, ਕਰਮ ਧਰਮ ਸਾਰੇ ਟੁੱਟ ਗਏ ਪਹਿਲੇ ਜੁਗਾਂ ਦੇ। ਕਿਉਂ ਟੁੱਟ ਗਏ? ਕਹਿੰਦੇ, ਨੀਚ ਦੇ ਘਰ ਜਨਮ ਹੋ ਗਿਆ।

***ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥***
***ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ - 161***

ਉਸ ਨੇ ਆਪਣੀ ਨੀਚਤਾ ਫੈਲਾਉਣੀ ਸ਼ੁਰੂ ਕਰ ਦਿੱਤੀ।

***ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ ਅੰਗ - 161***

ਬਾਕੀ ਜਿਹੜੇ ਰਾਜੇ ਨੇ ਇਹ ਤਾਂ ਸ਼ੇਰਾਂ ਵਾਂਗੂੰ ਮਾਰਦੇ ਨੇ ਪਬਲਿਕ ਨੂੰ। ਰਾਜੇ ਤੇ ਮੁਕੱਦਮ, ਇੰਤਜ਼ਾਮ ਕਰਨ ਵਾਲੇ ਛੋਟੇ ਅਫਸਰ, ਇਹ ਰਾਜੇ ਦੇ ਕੋਲ ਜਾ ਕੇ ਚੁਗਲੀਆਂ ਕਰਦੇ ਨੇ। ਮੁਖਬਰੀਆਂ ਕਰਦੇ ਨੇ ਕਿ ਆਹ ਬੰਦਾ ਐਉਂ ਕਹਿੰਦਾ ਹੈ ਜੀ ਤੁਹਾਨੂੰ। ਮਹਾਰਾਜ! ਇਹਦੇ ਕੋਲ ਬੜਾ ਧਨ ਹੈ, ਜੇ ਥੋੜ੍ਹਾ ਜਿਹਾ ਖਿੱਚ ਦੇਵੋਂ ਤੁਹਾਨੂੰ ਧਨ ਹੀ ਧਨ ਮਿਲ ਜਾਏਗਾ। ਥੋੜ੍ਹੀ ਜਿਹੀ ਤੰਗੀ ਕਰ ਦਿਓ, ਦੇਖੋ ਤਾਂ ਸਹੀ ਲੈ ਜਾਓ ਫੜ ਕੇ ਦੇਖੋ, ਕਿਵੇਂ ਧਨ ਕਢਦਾ ਹੈ। ਇਹਦੀਆਂ ਲੜਕੀਆਂ ਬੜੀਆਂ ਖ਼ੂਬਸੂਰਤ ਨੇ ਮਹਾਰਾਜ। ਇਹਦੇ ਕੋਲ ਹੋਰ ਬੜੀਆਂ ਚੀਜ਼ਾਂ ਨੇ। ਲੇਕਿਨ ਤੁਹਾਡਾ ਦੋਖੀ ਹੈ ਇਹ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤਾਂ ਰਾਜ ਪ੍ਰਬੰਧ ਚਲਦਾ ਹੈ।

***ਰਾਜੇ ਸੀਹ ਮੁਕਦਮ ਕੁਤੇ ॥***
***ਜਾਇ ਜਗਾਇਨਿ੍ ਬੈਠੇ ਸੁਤੇ ॥ ਅੰਗ - 1288***

ਰਾਜੇ ਸ਼ੇਰ ਨੇ ਤੇ ਹਾਕਮ ਕੁੱਤੇ ਬਣੇ ਹੋਏ ਨੇ। ਰਾਜਾ ਬੈਠਾ ਹੈ ਚੁੱਪ

ਕਰਿਆ ਹੋਇਆ, ਚੁਗਲੀਆਂ ਕਰ-ਕਰ ਕੇ ਉਹਨੂੰ ਜਗਾ ਦਿੰਦੇ ਨੇ। ਉਹ ਕੀ ਕਰਦਾ ਹੈ, ਕਹਿੰਦੇ ਫੇਰ ਉਹ ਝਪਟਾ ਮਾਰਦਾ ਹੈ।

***ਚਾਕਰ ਨਹਦਾ ਪਾਇਨਿ੍ ਘਾਉ ॥*** ***ਅੰਗ - 1288***

ਚਾਕਰਾਂ ਨੂੰ ਹੁਕਮ ਦੇ ਦਿੰਦਾ ਹੈ, ਉਹ ਨਹੁੰਦਰਾਂ ਦੇ ਨਾਲ ਵਲੂੰਦਰ ਦਿੰਦੇ ਨੇ ਉਹਨੂੰ। ਉਹਦਾ ਧਨ ਵੀ ਖੋਹ ਲੈਂਦੇ ਨੇ, ਦੁਖੀ ਕਰਦੇ ਨੇ। ਕਹਿੰਦੇ ਜਿਹੜਾ ਬਾਕੀ ਕੁਛ ਥੋੜ੍ਹਾ ਬਹੁਤਾ ਬਚ ਜਾਂਦਾ ਹੈ -

***ਰਤੁ ਪਿਤੁ ਕੁਤਿਹੋ ਚਟਿ ਜਾਹੁ ॥*** ***ਅੰਗ - 1288***

ਕਹਿੰਦੇ ਜਿਹੜੇ ਛੋਟੇ ਹਾਕਮ ਨੇ, ਜਦੋਂ ਰਾਜੇ ਦੀ ਨਿਗ੍ਹਾ ਗਲਤ ਹੋ ਗਈ ਫੇਰ ਕੁੱਤੇ ਉਹਦਾ ਖ਼ੂਨ ਆਪ ਚੱਟ ਜਾਂਦੇ ਨੇ। ***'ਜਿਥੈ ਜੀਆਂ ਹੋਸੀ ਸਾਰ'*** ਪਰ ਵਾਹਿਗੁਰੂ ਤਾਂ ਸਾਰਿਆਂ ਨੂੰ ਸੰਭਾਲਣ ਵਾਲਾ ਹੈ, ਜਦੋਂ ਪੁੱਛ ਹੋਈ ਉਥੇ ਦਰਗਾਹ 'ਚ ਜਾ ਕੇ, ਇਨ੍ਹਾਂ ਦੇ ਨੱਕ ਵੱਢੇ ਜਾਣੇ ਨੇ। ਸੋ ਇਸ ਤਰ੍ਹਾਂ ਦੇ ਨਾਲ ਰਾਜੇ ਨੂੰ ਜਿਹੜੀ ਪਰਜਾ ਚੌਧਰੀ ਨੇ, ਮੁਕਦਮ ਨੇ, ਇਹ ਜਗਾਉਂਦੇ ਨੇ, ਉਹ ਕਹਿੰਦੇ ਨਹੁੰਦਰਾਂ ਦੇ ਨਾਲ ਧਨ ਮਾਲ ਲੁੱਟ ਕੇ, ਜਿਹੜਾ ਬਾਕੀ ਦੀ ਥੋੜੀ ਬਹੁਤੀ ਰੱਤ ਉਨ੍ਹਾਂ 'ਚ ਰਹਿ ਜਾਂਦੀ ਹੈ, ਉਹਨੂੰ ਇਹ ਕਹਿੰਦੇ ਨੇ ਕੁੱਤੇ ਚੱਟ ਜਾਂਦੇ ਨੇ। ਆਹ ਹਾਲ ਕਹਿੰਦੇ ਭਾਈ ਮਾਤ ਲੋਕ ਦੇ ਵਿਚ ਹੋ ਰਿਹਾ ਹੈ। ਬਾਕੀ ਜਿਹੜੇ ਹੈਗੇ ਆਗੂ ਸੰਸਾਰ ਦੇ, ਉਨ੍ਹਾਂ ਦੀਆਂ ਅੱਖਾਂ ਨਹੀਂ ਰਹੀਆਂ, ਭੇਖ ਦੇ ਵਿਚ ਪੈ ਗਏ, ਭਰਮਾਂ 'ਚ ਪੈ ਗਏ, ਲੋਕਾਂ ਨੂੰ ਵੰਡ ਦਿੱਤਾ, ਮਰਿਆਦਾ ਸੰਪਰਦਾਵਾਂ ਬਣ ਗਈਆਂ। ਹਿੰਦੋਸਤਾਨ 'ਚ ਕਿੰਨੀਆਂ ਹੀ ਸੰਪਰਦਾਵਾਂ ਨੇ, ਕਦੇ ਸੋਚ ਕੇ ਦੇਖੋ। ਇੱਕ ਸੰਤ ਹੋਏ ਨੇ ਗਣੇਸ਼ਾ ਦਾਸ ਜੀ, ਉਨ੍ਹਾਂ ਨੇ ਹਿੰਦੋਸਤਾਨ 'ਚ ਫਿਰ ਕੇ ਇੱਕ ਲਿਸਟ ਬਣਾਈ ਕਿ ਕਿੰਨੀਆਂ ਸੰਪਰਦਾਵਾਂ ਨੇ, ਉਨ੍ਹਾਂ ਨੇ ਗਿਣਿਆ ਕਿ 33,200 ਸੰਪਰਦਾਵਾਂ ਹਿੰਦੋਸਤਾਨ 'ਚ ਨੇ, ਜਿਸ ਦੇਸ਼ 'ਚ 33000 ਕਿਸਮ ਦੇ ਮਾਨਤਾ ਕਰਨ ਵਾਲੇ ਰਹਿੰਦੇ ਹੋਣ, ਉਥੇ ਏਕਤਾ ਕਿਵੇਂ ਹੋ ਸਕਦੀ ਹੈ। ਉਥੇ ਇੱਕ ਖਿਆਲ 'ਤੇ ਕਿਵੇਂ ਆ ਸਕਦੇ ਨੇ, ਮਹਾਰਾਜ ਕਹਿੰਦੇ, ਪਾਰ ਕੋਈ ਨਹੀਂ ਲੰਘ ਰਿਹਾ। ਉਹ ਤਾਂ ਜਿੰਨੀ ਪਰਜਾ ਸੀ, ਜਿੰਨੀ ਦੁਨੀਆਂ ਸੀ, ਕਹਿੰਦੇ ਅੰਨ੍ਹੇ ਆਗੂਆਂ ਨੇ, ਅੰਨ੍ਹੇ ਖੂਹ ਵਿਚ ਸੁੱਟ ਦਿੱਤੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਅੰਨ੍ਹੇ ਖੂਹ ਵਿਚ ਸੁੱਟ 'ਤੀ,***
***ਦੁਨੀਆਂ ਅੰਨ੍ਹੇ ਆਗੂਆਂ ਨੇ।***

ਮਹਾਰਾਜ ਕਹਿੰਦੇ, ਨਾਥ ਜੀ! ਜਿਹੜੇ ਅਨੁਭਵ ਤੋਂ ਹੀਣੇ ਨੇਤ੍ਰਹੀਣ ਆਗੂ ਨੇ, ਉਨ੍ਹਾ ਨੇ ਦੁਨੀਆਂ ਦੀਆਂ ਅੱਖਾਂ ਵੀ ਲੈ ਲਈਆਂ ਤੇ ਉਨ੍ਹਾਂ ਨੂੰ ਅੰਨ੍ਹੇ ਖੂਹ ਵਿਚ ਸੁੱਟਣਾ ਸ਼ੁਰੂ ਕਰਿਆ ਹੋਇਆ ਹੈ, ਕੋਈ ਪਾਰ ਉਤਾਰਾ ਸੁਝਦਾ ਨਹੀਂ ਸੰਸਾਰ ਦਾ। ਭਰਮ ਤੇ ਵਹਿਮ ਪ੍ਰਚਲਤ ਹੋ ਗਏ। ਪਾਖੰਡ ਜਿਹਨੂੰ ਕਹਿੰਦੇ ਨੇ, ਹਰ ਥਾਂ ਦੇ ਉਤੇ ਪਾਖੰਡ ਹੀ ਪਾਖੰਡ ਨਜ਼ਰ ਆਉਂਦਾ ਹੈ। ਬੜੇ ਅਸੀਂ ਦੇਖੇ ਨੇ -

***ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।***
***ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।***

***ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।***
***ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।***
***ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।***
***ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।***
***ਭਾਈ ਗੁਰਦਾਸ ਜੀ, ਵਾਰ 1/26***

ਸਭ ਹਉਮੈ ਹੀ ਹਉਮੈ ਪ੍ਰਧਾਨ ਹੋਈ ਪਈ ਹੈ। ਇੱਕ ਦੂਜੇ ਨੂੰ ਕੋਈ ਨਹੀਂ ਮੰਨਦਾ, ਇੱਕ ਘਰ ਦੇ ਅੰਦਰ, ਇੱਕ ਸੂਰਜ ਨੂੰ ਮੰਨਣ ਵਾਲਾ ਹੈ, ਇੱਕ ਚੰਦਰਮਾ ਨੂੰ ਮੰਨਣ ਵਾਲਾ ਹੈ, ਇੱਕ ਤਾਰਿਆਂ ਨੂੰ ਮੰਨਣ ਵਾਲਾ, ਇੱਕ ਧਰਮਰਾਜ ਨੂੰ ਮੱਥੇ ਟੇਕਦਾ ਹੈ। ਇੱਕ ਰਾਮਚੰਦਰ ਜੀ ਨੂੰ ਮੰਨਦਾ ਹੈ, ਇੱਕ ਸ਼ਿਵ ਜੀ ਨੂੰ ਮੰਨਦਾ ਹੈ, ਇੱਕ ਭੈਰੋ ਨੂੰ ਮੰਨਦਾ ਹੈ, ਇੱਕ ਦੇਵੀ ਨੂੰ ਮੰਨਦਾ ਹੈ, ਇੱਕੋ ਹੀ ਘਰ ਦੇ ਅੰਦਰ ਅੱਡ-ਅੱਡ ਖਿਆਲ, ਅੱਡ-ਅੱਡ ਮੱਤ ਨੇ, ਅੱਡ-ਅੱਡ ਧਾਰਨਾ ਨੇ। ਸੱਚ ਕਿਨਾਰੇ ਰਹਿ ਗਿਆ, ਕਿਤੇ ਨਹੀਂ ਪਤਾ ਲਗਦਾ। ਕਹਿੰਦੇ -

***ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।***

ਅਸੀਂ ਮੇਲਿਆਂ 'ਤੇ, ਯਾਤਰੂ ਜਿਹੜੇ ਜਾ ਰਹੇ ਨੇ ਉਨ੍ਹਾਂ ਨੂੰ ਵੀ, ਤੀਰਥਾਂ ਦੇ ਉਤੇ ਵੀ, ਸਾਰੇ ਢੂੰਡੇ, ਹਿੰਦੂ ਵੀ ਦੇਖੇ ਅਸੀਂ, ਤੁਰਕਾਂ ਨੂੰ ਮਿਲ ਕੇ ਵੱਡਿਆਂ-ਵੱਡਿਆਂ ਨੂੰ ਦੇਖਿਆ -

***ਡਿਠੇ ਹਿੰਦੂ ਤੁਰਕਿ ਸਭਿ***
***ਪੀਰ ਪੈਕੰਬਰਿ ਕਉਮਿ ਕਤੇਲੇ।***
***ਭਾਈ ਗੁਰਦਾਸ ਜੀ, ਵਾਰ 1/26***

ਪੀਰਾਂ-ਪੈਕੰਬਰਾਂ ਨੂੰ ਮਿਲੇ ਤੇ ਉਨ੍ਹਾਂ ਕੌਮਾਂ ਨੂੰ ਜਿਹੜੇ ਤਲਵਾਰ ਦੇ ਜ਼ੋਰ ਨਾਲ ਦੂਜੇ ਦਾ ਧਰਮ ਬਦਲਦੇ ਨੇ, ਉਨ੍ਹਾਂ ਨੂੰ ਵੀ ਮਿਲ ਕੇ ਅਸੀਂ ਦੇਖਿਆ, ਨਤੀਜਾ ਕੱਢਿਆ-

***ਅੰਧੀ ਅੰਧੇ ਖੂਹੇ ਠੇਲੇ। ਭਾਈ ਗੁਰਦਾਸ ਜੀ, ਵਾਰ 1/26***

ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਦੇ ਵਿਚ ਸੁੱਟ ਦਿੱਤਾ। ਕਹਿੰਦੇ, ਆਹ ਹਾਲ ਮਾਤ ਲੋਕ ਦਾ ਹੈ। ਜਦੋਂ ਮਹਾਰਾਜ ਤੋਂ ਬਚਨ ਸੁਣੇ।

***ਬਾਬਾ ਆਖੇ : ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਸੰਸਾਰਾ।***
***ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।***

***(ਭਾਈ ਗੁਰਦਾਸ ਜੀ, ਵਾਰ 1/26)***

ਤੁਹਾਡੇ ਕੋਲ ਵੀ ਮੈਂ ਇਹ ਦੇਖਣ ਵਾਸਤੇ ਆਇਆ ਹਾਂ, ਕੀ ਇੱਥੇ ਸੱਚ ਹੈ ਕਿ ਨਹੀਂ ਹੈ। ਬਾਕੀ ਸੰਸਾਰ ਤਾਂ ਜਿਹੜਾ ਹੈ -

***ਪਾਪ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।***
***(ਭਾਈ ਗੁਰਦਾਸ ਜੀ, ਵਾਰ 1/26)***

ਪੁਕਾਰਾਂ ਕਰ ਰਿਹਾ ਹੈ, ਰੋ ਰਿਹਾ ਹੈ ਧੌਲ, ਅਕਾਲ ਪੁਰਖ ਦੇ ਦਰ 'ਤੇ ਫਰਿਆਦਾਂ ਕਰ ਰਿਹਾ ਹੈ ਤੇ ਐਸ ਵੇਲੇ -

***ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।***
***ਭਾਈ ਗੁਰਦਾਸ ਜੀ, ਵਾਰ 1/23***

ਸਾਧ ਤੋਂ ਬਗੈਰ ਐਸ ਵੇਲੇ ਕੋਈ ਨਹੀਂ ਸੰਸਾਰ ਨੂੰ ਸੰਭਾਲ ਸਕਦਾ। ਲੇਕਿਨ ਸਾਧ ਸੰਸਾਰ ਵਿਚ ਹੈ ਨਹੀਂ।

ਗੁਰੂ ਨਾਨਕ ਪਾਤਸ਼ਾਹ ਸੰਤ ਬਣਾਉਣ ਆਏ ਸੀ, ਸਾਧ ਪੈਦਾ ਕਰਨ ਆਏ ਸੀ। ਕਿਉਂਕਿ ਜਦੋਂ ਸਾਧ ਦੀ ਅਣਹੋਂਦ ਹੋ ਜਾਂਦੀ ਹੈ ਉਸ ਵੇਲੇ ਪ੍ਰਿਥਵੀ ਦੇ ਉਤੇ ਬੇਅੰਤ ਜ਼ੁਲਮ, ਸ਼ੁਰੂ ਹੋ ਜਾਂਦੇ ਨੇ। ਕਹਿੰਦੇ, ਸਾਧ ਕੋਈ ਦਿਸਦਾ ਨਹੀਂ ਹੈ। ਸਾਧ ਬਿਨਾਂ ਇਹ ਪ੍ਰਿਥਵੀ ਜਿਹੜੀ ਹੈ, ਇਹਦਾ ਧੌਲ ਜਿਹੜਾ ਹੈ ਉਹ ਪੁਕਾਰਾਂ ਕਰ ਰਿਹਾ ਹੈ ਤੇ ਤੁਸੀਂ ਲੋਕ ਡਰ ਗਏ, ਚੰਗਿਆਈ ਸਾਰੀ ਨਿਕਲ ਆਈ, ਸੁਸਾਇਟੀ 'ਚੋਂ, ਨਿਕਲ ਕੇ ਤੁਸੀਂ ਛੁਪ ਕੇ ਬਹਿ ਗਏ, ਹੁਣ ਮਾੜੇ ਬੰਦਿਆਂ ਦਾ ਹਾਲ ਓਹੀ ਹੋਣਾ ਹੈ ਜਿਹੜਾ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਲੈ ਲਓ ਤੁਸੀਂ ਪ੍ਰਚਾਰ ਨਾ ਕਰੋ। ਥੋੜ੍ਹੇ ਦਿਨਾਂ 'ਚ ਦੇਖੋ, ਦੋ ਕੁ ਸਾਲਾਂ ਦੇ ਵਿਚ ਕੀ ਭਾਣਾ ਵਰਤਦਾ ਹੈ। ਆਦਮੀ ਬਹਿ ਜਾਏ ਕਿ ਮੈਂ ਤਾਂ ਨਾਮ ਜਪਣਾ ਹੈ ਇਕੱਲੇ ਨੇ, ਮੈਨੂੰ ਕੀ ਹੈ, ਕੋਈ ਕੁਛ ਖਾਵੇ, ਕੋਈ ਕੁਛ ਪੀਵੇ, ਮੇਰੇ ਨਾਲ ਕੀ ਸਬੰਧ ਹੈ, ਮੈਂ ਆਪਣਾ ਆਪ ਠੀਕ ਰੱਖਾਂ। ਕਹਿੰਦੇ, ਤੁਸੀਂ ਏਸ ਖੁਦਗਰਜ਼ੀ 'ਚ ਆ ਗਏ। ਚਾਹੀਦਾ ਤਾਂ ਇਹ ਸੀ ਕਿ ਤੁਸੀਂ ਸੰਸਾਰ 'ਚ ਰਹਿੰਦੇ। ਜਿਹੜੇ ਵੱਡੇ-ਵੱਡੇ ਰਾਜਿਆਂ ਨੂੰ ਤੁਸੀਂ ਆਪਣੇ ਚੇਲੇ ਬਣਾਇਆ ਹੈ, ਇਨ੍ਹਾਂ ਨੂੰ ਸ਼ੁੱਭ ਮੱਤ ਦੇ ਕੇ ਰਾਜ ਕਰਨ ਲਾਉਂਦੇ ਤੇ ਪਰਜਾ ਦਾ ਉਧਾਰ ਹੁੰਦਾ, ਗਿਆਨ ਦਾ ਪ੍ਰਕਾਸ਼ ਹੁੰਦਾ। ਤੁਸੀਂ ਤਾਂ ਤਖਤਾਂ ਤੋਂ ਲਾਹ ਕੇ ਉਨ੍ਹਾਂ ਨੂੰ ਕੰਦਰਾਂ 'ਚ ਬਿਠਾ ਦਿੱਤਾ। ਹੁਣ ਦੱਸੋ ਜਗਤ ਦਾ ਕੀ ਹਾਲ ਹੋਵੇਗਾ?

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।***
***ਭਾਈ ਗੁਰਦਾਸ ਜੀ, ਵਾਰ 1/29***

ਜਿਹੜੇ ਤੁਹਾਡੇ ਉਥੇ ਮਾੜੇ-ਮੋਟੇ ਜੋਗੀ ਰਹਿੰਦੇ ਨੇ, ਉਹ ਜਾਂ ਤਾਂ ਸ਼ਰਾਬ ਪੀਂਦੇ ਨੇ, ਜਾਂ ਸੁਲਫਾ ਪੀਈ ਜਾਂਦੇ ਨੇ ਦਿਨ-ਰਾਤ। ਸਵੇਰੇ ਉਠ ਨਾਹੁੰਣਾ ਨਹੀਂ, ਧੂੰਏਂ ਦੀ ਸੁਆਹ ਹੋਰ ਮਲ ਲੈਣੀ ਹੈ ਉਤੇ, ਕੇਸਾਂ ਨੂੰ ਵਾਹੁੰਣਾ ਨਹੀਂ, ਤੇਲ ਨਹੀਂ ਲਾਉਣਾ ਤੇ ਜਟਾਵਾਂ ਬਣਾਂ ਲੈਣੀਆਂ। ਵਿੱਚ ਜੂੰਆਂ ਤੁਰੀਆਂ ਫਿਰਦੀਆਂ ਨੇ। ਫੁਰਮਾਨ ਹੈ -

***ਧਾਰਨਾ - ਡੁੱਬ ਗਿਆ ਜਗ ਸਾਰਾ ਜੀ,***
***ਪੂਰੇ ਸਤਿਗੁਰ ਬਾਝੋਂ।***

ਇੱਕ ਦੋ ਚਾਰ ਨਹੀਂ, ਸਾਰਾ ਜਗ ਡੁੱਬ ਗਿਆ, ਕਿਉਂਕਿ ਪੂਰੇ ਗੁਰੂ ਦੀ ਅਣਹੋਂਦ ਹੋ ਗਈ। ਸਾਰੀ ਵਿਚਾਰ ਸੁਣੀ, ਬਹੁਤ ਵਿਸਥਾਰ ਦੇ ਨਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਨਕਸ਼ਾ ਖਿੱਚਿਆ ਕਿ ਆਦਮੀ ਦਾ ਮੌਲਿਕ ਅਧਿਕਾਰ, ਆਜ਼ਾਦੀ ਦਾ ਖਤਮ ਹੋ ਗਿਆ। ਭੇਡਾਂ, ਬੱਕਰੀਆਂ ਵਾਂਗੂੰ ਬੰਦੇ ਹੋ ਗਏ। ਕੋਈ ਆਪਣੀ ਰਾਖੀ ਨਹੀਂ ਕਰ ਸਕਦਾ। ਆਪ-ਹੁਦਰਾ ਜੀਵਨ ਹੋ ਗਿਆ। ਹਜ਼ਾਰਾਂ ਦੀ ਤਾਦਾਦ ਦੇ ਵਿਚ ਸੰਪਰਦਾਵਾਂ

ਹੋਣ ਕਰਕੇ, ਇਕ ਸੰਪਰਦਾ ਦੂਜੇ ਨਾਲ ਮੇਲ ਨਹੀਂ ਖਾਂਦੀ। ਉਹਦੀ ਨਿੰਦਿਆ ਕਰਦੇ, ਉਹਨੂੰ ਗਿਰਾਉਂਦੇ ਨੇ, ਇਸ ਤਰ੍ਹਾਂ ਦੇ ਨਾਲ ਕੋਈ ਪਾਰ-ਉਤਰਾ ਨਹੀਂ ਹੋ ਰਿਹਾ ਤੇ ਸੰਸਾਰ ਡੁੱਬ ਗਿਆ ਤੇ ਦੁੱਖਾਂ ਵਿਚ ਪੈ ਗਿਆ ਭਾਰਤ ਵਰਸ਼। ਸੋ ਜਦੋਂ ਐਨੀ ਵਿਚਾਰ ਸਰਵਣ ਕੀਤੀ, ਉਸ ਵੇਲੇ ਮਨ 'ਚ ਉਨ੍ਹਾਂ ਦੇ ਖਿਆਲ ਆਇਆ। ਵੱਖਰੇ ਹੋ ਕੇ ਸੋਚਿਆ ਕਿ ਇਹ ਜਿਹੜਾ ਬੱਚਾ ਆਇਆ ਹੈ ਸਾਡੇ ਕੋਲ, ਕਿਉਂਕਿ ਉਨ੍ਹਾਂ ਦੀਆਂ ਉਮਰਾਂ ਤਾਂ ਸੈਂਕੜੇ ਸਾਲਾਂ ਦੀਆਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ ਅਜੇ ਛੋਟੀ ਸੀ। ਚਾਲੀ-ਬਿਤਾਲੀ ਦੇ ਨੇੜੇ ਸੀ। ਇਕ ਇਹ ਜਿਹੜਾ ਬੱਚਾ ਆਇਆ ਹੈ, ਇਹਦਾ ਤਾਂ ਕੋਈ ਜਵਾਬ ਨਹੀਂ ਹੈ, ਹਰ ਗੱਲ ਦੇ ਉਤੇ ਪਤੇ ਦੀ ਗੱਲ ਕਰਦਾ ਹੈ। ਜੇ ਕਿਤੇ ਇਹ ਸਾਡੇ ਧਰਮ ਵਿਚ ਆ ਜਾਵੇ, ਤਾਂ ਸਾਡਾ ਬਹੁਤ ਪ੍ਰਚਾਰ ਵਧ ਸਕਦਾ ਹੈ। ਨੌਜਵਾਨ ਹੈ, ਪ੍ਰਾਣਾਯਾਮ ਦੇ ਨਾਲ ਉਮਰ ਵਧਾਉਣ ਦੀ ਕਿਰਿਆ ਅਸੀਂ ਦਸ ਹੀ ਦੇਣੀ ਹੈ। ਜੇ ਦੋ ਹਜ਼ਾਰ ਸਾਲ ਜੀਉਂਦਾ ਰਹਿ ਗਿਆ ਇਹ ਤਾਂ ਸਾਡਾ ਧਰਮ ਤਾਂ ਸਾਰੀਆਂ ਦੁਨੀਆਂ 'ਚ ਜਾ ਸਕਦਾ ਹੈ, ਕਿਉਂਕਿ ਐਨਾ ਅਨੁਭਵ ਤਾਂ ਸਾਡੇ ਕੋਲ ਵੀ ਨਹੀਂ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਕਹਿੰਦੇ ਹੇ ਨਾਨਕ! ਤੇਰਾ ਧਰਮ ਕੀ ਹੈ, ਮਹਾਰਾਜ ਕਹਿੰਦੇ ਮੇਰਾ ਧਰਮ ਤਾਂ ਨਿਰੰਕਾਰ ਹੈ, ਅਕਾਲ ਪੁਰਖ, ਹੋਰ ਕੋਈ ਸੰਪਰਦਾ ਨਹੀਂ ਹੈ। ਇਹ ਰੂਹ ਵਿਛੜੀ ਹੋਈ ਹੈ ਪ੍ਰਮੇਸ਼ਰ ਤੋਂ। ਇਹਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਣਾ ਆਹ ਧਰਮ ਹੈ, ਹੋਰ ਸਾਡਾ ਕੋਈ ਧਰਮ ਨਹੀਂ, ਸਾਡੀ ਰੂਪ-ਰੇਖਾ ਨਹੀਂ, ਕੁਛ ਨਹੀਂ। ਕਹਿਣ ਲੱਗੇ, ਸੰਸਾਰ ਦੇ ਅੰਦਰ ਰੌਲਾ-ਗੌਲਾ ਬਹੁਤ ਹੈ। ਤੂੰ ਹੀ ਦੱਸਿਆ ਕਿ ਐਨਾ ਝਗੜਾ ਝਾਟਾ ਹੈ, ਇਹੋ ਜਿਹੜੇ ਝਗੜਿਆਂ ਦੇ ਵਿਚ ਕੋਈ ਬੰਦਾ ਭਗਤੀ ਕਰ ਲਏਗਾ? ਕੋਈ ਲੰਘ ਜਾਏਗਾ ਪਾਰ? ਕੀ ਸਾਧਨ ਤੂੰ ਕਰਨਾ ਚਾਹੁੰਦਾ ਹੈਂ, ਪ੍ਰਾਣਾਯਾਮ ਸਿਖਾ, ਹੱਠ ਯੋਗ ਦੀਆਂ ਕਿਰਿਆ, ਨਿਉਲੀ, ਧੋਤੀ, ਬਸਤੀ, ਕਪਾਲੀ ਇਹ ਚੀਜ਼ਾਂ ਜੇ ਸੰਸਾਰ ਨੂੰ ਦੱਸੇਂਗਾ ਤਾਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਆ ਜਾਣਗੀਆਂ ਤੇ ਬੜੀ ਮਾਨਤਾ ਹੋ ਜਾਏਗੀ। ਇਹ ਦੱਸ ਤੂੰ ਪਹਿਲਾਂ ਕਿ ਤੇਰੇ ਕੋਲ ਕੀ ਹੈ? ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ ਨਾ, ਹੱਠ ਯੋਗ ਦੀਆਂ; ਜੇ ਹਜ਼ਾਰ ਬੰਦਾ ਹੱਠ ਯੋਗ ਦੇ ਨਾਲ ਪ੍ਰਾਣਾਯਾਮ ਕਰਨ ਲੱਗੇ, ਕੁੰਡਲੀ ਨੂੰ ਜਗਾਵੇ ਤੇ ਛੇ ਚੱਕਰ ਮੂਲਧਾਰ ਚੱਕਰ ਤੋਂ ਲੈ ਕੇ ਭੰਨਦਾ ਜਾਵੇ। ਕਹਿੰਦੇ, ਵੈਸੇ ਤਾਂ ਹੈ ਨਹੀਂ ਕੋਈ, ਉਹਦੇ ਵਾਸਤੇ ਬ੍ਰਹਮਚਰੀਆ ਚਾਹੀਦਾ ਹੈ, ਖੁਰਾਕ ਸ਼ੁੱਧ ਚਾਹੀਦੀ ਹੈ। ਖਿਆਲ ਸ਼ੁੱਧ ਚਾਹੀਦੇ ਨੇ, ਆਚਾਰ ਸ਼ੁੱਧ ਚਾਹੀਦਾ ਹੈ। ਰਿਹਾਇਸ਼ ਸ਼ੁੱਧ ਚਾਹੀਦੀ ਹੈ, ਇਹ ਚੀਜ਼ਾਂ ਹੈ ਨਹੀਂ। ਫੇਰ ਇਕਾਂਤ ਚਾਹੀਦੀ ਹੈ ਕਿ ਕੋਈ ਬੰਦਾ ਨੇੜੇ-ਤੇੜੇ ਨਾ ਆਵੇ। ਫੇਰ ਉਹਦੇ ਗੁਜ਼ਾਰੇ ਵਾਸਤੇ ਰੋਟੀ ਪਾਣੀ ਵੀ ਚਾਹੀਦਾ ਹੈ। ਕੱਪੜੇ ਵੀ ਉਹਨੂੰ ਚਾਹੀਦੇ ਨੇ, ਸਰੀਰ ਢਕਣ ਵਾਸਤੇ। ਕੋਈ ਛੱਤ ਵੀ ਚਾਹੀਦੀ ਹੈ ਜਿਹਦੇ ਵਿਚ ਉਹ ਰਹੇ, ਕਹਿੰਦੇ ਫੇਰ ਤਾਂ ਲੋੜਾਂ ਤਾਂ ਹਟੀਆਂ ਨਾ, ਇਨ੍ਹਾਂ ਦੇ ਵਿਚ ਜੇ ਕੋਈ ਹਜ਼ਾਰ ਬੰਦਾ ਕਰਨ ਵੀ ਲਗ ਜਾਏ, ਨੌਂ ਸੌ ਨੜਿਨਵੇਂ ਤਾਂ ਪਾਗਲਖਾਨੇ ਚਲੇ ਜਾਣਗੇ। ਕਿਉਂਕਿ ਕੋਈ ਝਾਲ ਨਹੀਂ ਝੱਲ ਸਕਦਾ ਕਿਉਂਕਿ ਬਹੁਤ ਸਾਰੇ ਪ੍ਰੇਮੀ ਨੇ ਪ੍ਰਾਣਾਯਾਮ ਕਰਨ ਲਗ ਜਾਂਦੇ

ਨੇ, ਸੁਣ ਸੁਣਾ ਕੇ। ਤਾਕਤ ਹੈ ਨਹੀਂ ਅੰਦਰ, ਬਾਕੀ ਦੀ ਰਹਿਤ ਰਹੀ ਨਹੀਂ। ਖੁਰਾਕ ਕੀ ਹੈ? ਡਾਲਡਾ ਖਾਂਦੇ ਨੇ। ਅੰਨ ਦੇ ਵਿਚੋਂ ਵੀ ਸੱਤਿਆ ਨਿਕਲ ਗਈ ਸਾਧਸੰਗਤ ਜੀ! ਜਿਹੜਾ ਅਸੀਂ ਅੰਨ੍ਹ ਖਾਂਦੇ ਹਾਂ ਇਹ ਸਾਰਿਆਂ ਨੂੰ ਨਹੀਂ ਪਤਾ।

ਇੱਕ ਵਾਰੀ ਮੈਂ ਯੂ.ਪੀ ਸੀ, ਉਥੇ ਡਾਕਟਰ ਆਏ ਦੁਨੀਆਂ ਭਰ ਦੇ। ਸਾਇੰਸਦਾਨ ਆਏ ਸਾਰੇ ਖੇਤੀ-ਬਾੜੀ ਵਾਲੇ ਤੇ ਉਥੇ ਇੱਕ ਮੀਟਿੰਗ ਹੋਈ ਪੰਤ ਨਗਰ, ਉਹਦੇ ਵਿਚ ਉਨ੍ਹਾਂ ਨੇ ਗੱਲ ਕਰੀ ਕਿ ਜਿਹੜੀ ਪਹਿਲਾਂ ਕਣਕ ਹੋਇਆ ਕਰਦੀ ਸੀ, ਦੇਸੀ ਕਣਕ। ਉਹਦੇ ਵਿਚ 21% ਪ੍ਰੋਟੀਨ ਹੋਇਆ ਕਰਦੀ ਹੈ ਤੇ ਜਿਹੜੀਆਂ ਅਸੀਂ ਭੁੱਖ ਦੂਰ ਕਰਨ ਵਾਸਤੇ ਹੁਣ ਕਣਕਾਂ ਬਣਾਈਆਂ ਨੇ, ਇਹਦੇ ਵਿੱਚ ਜਿਹੜੀ ਕਲਿਆਣ ਕਣਕ ਹੈ ਇਹਦੇ 'ਚ 11% ਪ੍ਰੋਟੀਨ ਹੈ, ਯਾਨਿ 10% ਘਟ ਗਈ। ਪੁਰਾਣੀ ਕਣਕ ਦੀਆਂ ਜੇ ਕੋਈ ਚਾਰ ਰੋਟੀਆਂ ਖਾਂਦਾ ਸੀ ਤਾਂ ਕਲਿਆਣ ਦੀਆਂ ਅੱਠ ਖਾਵੇ ਤਾਂ ਬਰਾਬਰ ਹੁੰਦਾ ਹੈ। ਕਹਿੰਦੇ ਜਿਹੜੇ ਹੁਣ ਨਵੇਂ ਬੀਜ ਕੱਢੇ ਨੇ, ਇਨ੍ਹਾਂ ਦੇ ਵਿਚ 8% ਰਹਿ ਗਈ ਤੇ ਇਹਦਾ ਮਤਲਬ ਹੈ ਕਿ ਜੇ ਚਾਰ ਰੋਟੀਆਂ ਖਾਂਦਾ ਹੈ ਆਦਮੀ ਤੇ ਜੇ ਹੁਣ ਦਸ ਖਾਵੇ ਤਾਂ ਚਾਰ ਦੀ ਤਾਕਤ ਆਉਂਦੀ ਹੈ ਐਨੀ ਤਾਕਤ ਅਨਾਜ 'ਚ ਘਟ ਗਈ। ਐਨੀ ਹੀ ਤਾਕਤ ਗੰਨੇ 'ਚ ਘਟ ਗਈ, ਗੁੜ 'ਚ ਘਟ ਗਈ। ਪਹਿਲਾਂ ਗੁੜ ਖਾਂਦੇ ਸੀ ਲੋਕ ਸ਼ੇਰਾਂ ਵਰਗੇ ਰਹਿੰਦੇ ਸੀ, ਸਿਹਤਾਂ ਬਣਦੀਆਂ ਸੀ। ਘੋੜਿਆਂ ਨੂੰ ਦਿੰਦੇ ਸੀ, ਬਲਦਾਂ ਨੂੰ ਦਿੰਦੇ ਸੀ, ਪਾਲਾ ਨਹੀਂ ਸੀ ਲਗਦਾ, ਹੁਣ ਗੁੜ 'ਚ ਤਾਕਤ ਹੀ ਨਹੀਂ, ਚੀਨੀ ਬਣ ਗਈ, ਜ਼ਹਿਰ ਬਣ ਗਈ ਚੀਨੀ, ਸਿਹਤ ਨੂੰ ਖਰਾਬ ਕਰ ਰਹੀ ਹੈ। ਹੋਰ ਜਿੰਨੀਆਂ ਖੁਰਾਕਾਂ ਖਾਂਦੇ ਹਾਂ, ਦੁੱਧ ਪੀਂਦੇ ਹਾਂ, ਇਹਦੇ ਵਿਚ 10% ਯੂਰੀਆ ਦੁੱਧ ਵਿਚ ਆ ਜਾਂਦਾ ਹੈ। ਉਹ ਯੂਰੀਆ ਸਾਡੇ ਸਰੀਰ 'ਚ ਵੜ ਜਾਂਦਾ ਹੈ। ਅਸੀਂ ਰੋਗੀ ਹੋ ਜਾਂਦੇ ਹਾਂ। ਜਿਹੜਾ ਦੁੱਧ ਸ਼ਹਿਰ 'ਚ ਵਿਕਦਾ ਹੈ, ਉਹਦੇ ਵਿਚ ਦਵਾਈ ਪੈਂਦੀ ਹੈ। ਦਵਾਈ ਪੈਣ ਦੇ ਨਾਲ ਉਹ ਬਿਲਕੁਲ ਹੀ ਜ਼ਹਿਰ ਹੈ ਤੇ ਪੀ.ਜੀ.ਆਈ ਮੇਰੇ ਦੇਖਦੇ-ਦੇਖਦੇ ਭਰ ਗਈ, ਮੇਲਾ ਲਗਦਾ ਹੈ ਇੱਥੇ। ਪਹਿਲਾਂ ਕੋਈ ਨਹੀਂ ਸੀ ਹੁੰਦਾ ਜਦੋਂ ਮੈਂ ਇੱਥੈ ਹੁੰਦਾ ਸੀ। ਟਾਂਵੇਂ-ਟਾਂਵੇਂ ਬੰਦੇ ਜਾਂਦੇ ਸੀ, ਡਾਕਟਰ ਵਿਹਲੇ ਹੀ ਬੈਠੇ ਰਹਿੰਦੇ ਸੀ। ਹੁਣ ਤਾਂ ਚਾਹੇ ਸਾਰਾ ਚੰਡੀਗੜ੍ਹ ਬਣਾ ਦਿਓ ਤੁਸੀਂ ਹਸਪਤਾਲਾਂ ਦਾ ਤਾਂ ਵੀ ਨਹੀਂ ਲੋਕਾਂ ਦੀ ਵਾਰੀ ਆਉਂਦੀ। ਹੁਣ ਕਿਹੜਾ ਬੰਦਾ ਹੈ ਜਿਹੜਾ ਐਹੋ ਜਿਹੇ ਸਾਧਨ ਕਰ ਲਏਗਾ ਕਰੜੇ। ਹੁਣ ਤਾਂ ਰਸਤਾ ਇਹੋ ਜਿਹਾ ਚਾਹੀਦਾ ਹੈ, ਜਿਹੜਾ ਬਹੁਤਾ ਹੀ ਸੁਖਾਲਾ ਹੋਵੇ। ਸੋ ਮਹਾਰਾਜ ਕਹਿੰਦੇ ਨਾਥ ਜੀ! ਇਹ ਜਿਹੜੀ ਤੁਹਾਡੀ ਕਿਰਿਆ ਹੈ, ਨੇਤੀ, ਧੋਤੀ, ਕਪਾਲੀ, ਬਸਤੀ ਆਦਿ ਇਹ ਗ੍ਰਿਹਸਤੀ ਬੰਦੇ ਨਹੀਂ ਕਰ ਸਕਦੇ। ਗ੍ਰਿਹਸਤੀ ਬੰਦਾ ਜੇ ਨਹੀਂ ਤਰਦਾ, ਬਾਕੀ ਤਾਂ ਸਾਰੇ ਗ੍ਰਿਹਸਤੀ ਨੇ, ਤੁਸੀਂ ਥੋੜ੍ਹੇ ਜਿਹੇ ਸਾਧ-ਸੰਤ ਬਾਹਰ ਫਿਰਦੇ ਓਂ। ਬਾਕੀ ਸੰਸਾਰ ਨੂੰ ਕਿਵੇਂ ਤਾਰੋਂਗੇ। ਜਿਹੜੇ ਤੁਸੀਂ ਬਾਹਰ ਵੀ ਫਿਰਦੇ ਓਂ, ਤੁਹਾਡੇ ਵੀ ਮਨ ਜਿਹੜੇ ਨੇ ਇਹ ਚੋਰਾਂ ਦੇ ਨਾਲ ਰੁਕੇ ਪਏ ਨੇ -

***ਦੇਸ ਛੋਡਿ ਪਰਦੇਸ ਸਿਧਾਇਆ***
***ਪੰਚ ਚੰਡਾਲ ਨਾਲੇ ਲੈ ਆਇਆ।***

ਮਨ ਤਾਂ ਸਾਧਿਆ ਨਹੀਂ ਹੈ। ਸਰੀਰ ਦੀਆਂ ਤੁਸੀਂ ਸਾਧਨਾ ਕਰਾਈ ਜਾਂਦੇ ਓਂ, ਇਹਦੇ ਨਾਲ ਤਾਂ ਲੰਘਣਾ ਨਹੀਂ ਪਾਰ। ਕਹਿਣ ਲੱਗੇ ਨਾਨਕ! –

***ਨਾਨਕ ਸਾਗਰੁ ਦੂਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥***
***ਅੰਗ – 938***

ਦੂਤਰ ਉਹ ਹੁੰਦਾ ਹੈ ਜਿਹੜਾ ਤਰਿਆ ਹੀ ਨਾ ਜਾਵੇ। ਦਸ ਉਹਨੂੰ ਪਾਰ ਕਿਵੇਂ ਲੰਘਾਂਗੇ –

***ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥***
***ਅੰਗ – 938***

ਮਹਾਰਾਜ ਕਹਿੰਦੇ, ਚਰਪਟ ਜੀ! ਤੁਸੀਂ ਤਾਂ ਪਹਿਲਾਂ ਹੀ ਦੂਤਰ ਕਹਿ ਦਿੱਤਾ ਇਹਨੂੰ ਕਿ ਤਰਿਆ ਹੀ ਨਹੀਂ ਜਾਂਦਾ। ਅਸੀਂ ਤਾਂ ਨਹੀਂ ਨਾ ਮੰਨਦੇ ਕਿ ਤਰਿਆ ਨਹੀਂ ਜਾਂਦਾ। ਅਸੀਂ ਤਾਂ ਕਹਿੰਦੇ ਹਾਂ ਕਿ ਤਰਿਆ ਜਾਂਦਾ ਹੈ। ਤੁਹਾਡੇ ਮੱਤ ਦੇ ਮੁਤਾਬਿਕ ਇਹ ਦੂਤਰ ਹੈ, ਕਿਉਂਕਿ ਤੁਹਾਡੀ ਜਿਹੜੀ ਕਿਰਿਆ ਹੈ ਇਹ ਤਰ ਨਹੀਂ ਸਕਦੀ, ਲੰਘ ਨਹੀਂ ਸਕਦੀ। ਜਿਹੜੀ ਕਿਰਿਆ ਲੰਘਾ ਨਾ ਸਕੇ, ਫੇਰ ਉਹਨੂੰ ਰੱਦ ਕਰ ਦਿਓ। ਇਸ ਕਰਕੇ ਤੁਹਾਡੇ ਕਹਿਣ ਦੇ ਮੁਤਾਬਿਕ ਇਹ ਤੁਹਾਡਾ ਜਿਹੜਾ ਮਤ ਹੈ ਇਹ ਕਿਸੇ ਕਿਨਾਰੇ ਨਹੀਂ ਪਹੁੰਚਾਉਂਦਾ, ਸੋ ਇਹਦਾ ਪ੍ਰਚਾਰ ਤੁਸੀਂ ਕਿਉਂ ਕਰਦੇ ਓਂ, ਜਿਹੜਾ ਤਰ ਹੀ ਨਹੀਂ ਸਕਦਾ, ਲੰਘ ਹੀ ਨਹੀਂ ਸਕਦਾ। ਕਿਹਾ ਹੈ ਨਾ ਤੁਸੀਂ ਦੂਤਰ? ਜਿਹੜਾ ਤਰਿਆ ਹੀ ਨਹੀਂ ਜਾਂਦਾ, ਫੇਰ ਉਹਨੂੰ ਦੱਸੋ ਤਾਰੋਗੇ ਕਿਵੇਂ? ਤੁਹਾਡੇ ਜਿੰਨੇ ਸਾਧਨ ਨੇ, ਫੇਰ ਇਹ ਤਾਰਦੇ ਨਾ ਹੋਏ। ਕਹਿਣ ਲੱਗੇ, ਹੇ ਨਾਨਕ! ਤੂੰ ਫੇਰ ਕੀ ਕਰਿਆ ਹੈ, ਮਹਾਰਾਜ ਕਹਿੰਦੇ, ਦੇਖੋ ਆਦਮੀ ਦੇ ਸਰੀਰ ਅੰਦਰ ਸੁਰਤ ਹੈ, ਇਹ ਸੁਰਤ ਹੈਗੀ ਹਉਮੈ ਦੀ। ਇਹਦੇ ਉਤੇ ਇੱਕ ਹੋਰ ਸੁਰਤ ਹੈ ਜਿਹਨੂੰ ਉਨਮਨੀ ਸੁਰਤ ਕਹਿੰਦੇ ਨੇ। ਆਤਮ ਬੁੱਧੀ ਕਹਿੰਦੇ ਨੇ। ਆਤਮ ਵਿਸ਼ੈਣੀ ਬੁੱਧੀ, ਇਹ ਜਿਹੜੀ ਹੈ, ਇਹ ਪ੍ਰਾਕ੍ਰਿਤੀ ਨੂੰ ਵਿਸ਼ੇ ਕਰਨ ਵਾਲੀ ਬੁੱਧੀ ਆਦਮੀ ਦੇ ਅੰਦਰ ਹੈ ਤੇ ਅਸੀਂ ਇਸ ਸੁਰਤ ਦੇ ਨਾਲ ਨਾਮ ਜੋੜ ਦੇਣਾ ਹੈ। ਸ਼ਬਦ ਜੋੜ ਦੇਣਾ ਹੈ, ਸ਼ਬਦ ਦੀ ਧੁਨ ਦੇ ਨਾਲ ਇਸ ਬੁੱਧੀ 'ਚੋਂ ਪਾਰ ਹੋ ਕੇ ਆਤਮਕ ਬੁੱਧੀ 'ਚ ਬਿਰਤੀ ਪਹੁੰਚ ਜਾਣੀ ਹੈ। ਫੇਰ ਆਦਮੀ ਬੱਚੇ ਪਾਲਦਾ, ਖੇਤੀਬਾੜੀ ਕਰਦਾ, ਵਣਜ–ਵਪਾਰ ਕਰਦਾ, ਸਾਰੇ ਕੰਮ ਕਰਦਾ ਹੋਇਆ, ਇਸ ਸਾਗਰ ਨੂੰ ਸੁਖਾਲਾ ਹੀ ਤਰ ਜਾਂਦਾ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਨਾਨਕ ਨਾਮ ਵਖਾਣੇ ਜੀ,***
***ਸੁਰਤ ਸ਼ਬਦ ਭਵਸਾਗਰ ਤਰੀਐ।***

ਮਹਾਰਾਜ ਕਹਿਣ ਲੱਗੇ, ਚਰਪਟ ਜੀ! ਸਾਡਾ ਜੋ ਮਾਰਗ ਹੈ ਇਹ

ਬੜਾ ਹੀ ਸਿੱਧਾ ਹੈ। ਗੁਰੂ ਸ਼ਬਦ ਦਿੰਦਾ ਹੈ। ਸ਼ਬਦ ਦੀ ਧੁਨ ਜਿਹੜੀ ਹੈ, ਸੁਰਤ ਉਹਦੇ ਨਾਲ ਜੁੜ ਜਾਂਦੀ ਹੈ ਤੇ ਸ਼ਬਦ ਆਇਆ ਹੈ ਅਕਾਲ-ਪੁਰਖ ਦੇ ਦਰ ਤੋਂ। ਜਦੋਂ ਸੁਰਤ ਇਹਦੇ ਨਾਲ ਜੁੜ ਜਾਏਗੀ, ਉਸ ਵੇਲੇ ਸੁਰਤ ਨੂੰ ਉਹ ਉਸ ਪਾਸੇ ਵਲ ਨੂੰ ਖਿਚਣਾ ਸ਼ੁਰੂ ਕਰ ਦਿੰਦਾ ਹੈ। ਆਹ ਜਿਹੜੀ ਸਰੀਰੀ ਸੁਰਤ ਹੈ, ਇਹਦੇ ਵਿਚੋਂ ਉੱਚਾ ਹੋ ਕੇ ਆਤਮਕ ਸੁਰਤ ਦੇ ਵਿਚ ਦਾਖਲ ਹੋ ਜਾਂਦਾ ਹੈ ਤੇ ਇਹਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਕੇ, ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਨੇ। ਮਹਾਰਾਜ ਕਹਿੰਦੇ-

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***

***ਅੰਗ - 938***

ਕਹਿੰਦੇ ਤੁਸੀਂ ਗ੍ਰਿਹਸਤ ਦੀ ਗੱਲ ਕਰਦੇ ਓਂ ਨਾ ਬਾਰ-ਬਾਰ ਕਿ ਗ੍ਰਿਹਸਤੀ ਤਾਂ ਲੰਘ ਹੀ ਨਹੀਂ ਸਕਦਾ। ਕਹਿੰਦੇ, ਹੁਣ ਵੀ ਸਾਡਾ ਇਹ ਮਤ ਹੈ ਕਿ ਗ੍ਰਿਹਸਤੀ ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਸੋਚਣ ਵਾਲੀ ਗੱਲ ਨਹੀਂ ਹੈ, ਕਿ ਗ੍ਰਿਹਸਤੀ ਪਾਰ ਹੋ ਜਾਏਗਾ। ਮਹਾਰਾਜ ਕਹਿੰਦੇ, ਠੀਕ ਹੈ ਜਿਹੜਾ ਆਮ ਗ੍ਰਿਹਸਤੀ ਹੈ, ਸਾਧੂ ਹੈ, ਉਹ ਵੀ ਦੋਵੇਂ ਨਹੀਂ ਪਾਰ ਹੋ ਸਕਦੇ। ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਬਖੀਲੀ, ਹੰਕਾਰ ਨੇ ਗ੍ਰਿਹਸਤੀ ਦੱਬਿਆ ਹੋਇਆ ਹੈ, ਉਹਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਲੰਘਣ ਦਾ। ਪਰ ਜਿਹੜੇ ਅਸੀਂ ਗ੍ਰਿਹਸਤੀ ਪੈਦਾ ਕਰਦੇ ਹਾਂ। ਆਦਰਸ਼ਕ ਗ੍ਰਿਹਸਤੀ ਪੈਦਾ ਕਰ ਰਹੇ ਹਾਂ। ਉਹ ਗ੍ਰਿਹਸਤੀ ਜਿਹੜੇ ਗ੍ਰਹਿਸਤ ਵਿਚ ਰਹਿੰਦੇ ਹੋਣ ਤੇ ਹੋਣ ਸਾਧੂ। ਪਕੜ ਨਾ ਕੋਈ ਵੀ ਹੋਵੇ।

***ਸੋ ਗਿਰਹੀ ਜੋ ਨਿਗ੍ਰਹੁ ਕਰੈ ॥***
***ਜਪੁ ਤਪੁ ਸੰਜਮੁ ਭੀਖਿਆ ਕਰੈ ॥ ਅੰਗ - 952***

ਹਰ ਵਕਤ ਜਪ ਦੀ, ਤਪ ਦੀ, ਅਰਦਾਸ ਕਰਦਾ ਰਹਿੰਦਾ ਹੈ ਕਿ ਮੈਂ ਨਾਮ ਜਪਦਾ ਰਹਿੰਦਾ ਹਾਂ ਕਿ ਮੈਂ ਨਾਮ ਜਪਾਂ, ਬੰਦਗੀ ਕਰਾਂ, ਸੱਚੇ ਪਾਤਸ਼ਾਹ! ਮੈਨੂੰ ਜੀਵਨ ਦੇ ਸਿੱਖਾਂ ਵਾਲਾ। ਮੈਂ ਤੇਰਾ ਨਾਮ ਜਪਾਂਗਾ, ਮੈਨੂੰ ਓਹੀ ਮਿਲਾਈਂ ਜਿਹੜਿਆਂ ਦੇ ਮਿਲਿਆ 'ਤੇ ਤੇਰਾ ਨਾਮ ਚਿੱਤ ਆਵੇ। ਉਹ ਜਾਗੇ ਹੋਏ ਗ੍ਰਿਹਸਤੀ ਪੈਦਾ ਕਰਨੇ ਨੇ।

***ਪੁੰਨ ਦਾਨ ਕਾ ਕਰੇ ਸਰੀਰੁ ॥***
***ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - 952***

ਸੋ ਗ੍ਰਹਿਸਤੀਆਂ ਦੀ ਗੱਲ ਇਹ ਬਾਰ-ਬਾਰ ਨਾ ਸੋਚੋ। ਉਨ੍ਹਾਂ ਦੇ ਮਨ 'ਚ ਕਿੰਨੀ ਗੱਲ ਸੀ। ਜਿਸ ਵਕਤ ਗੁਰੂ ਮਹਾਰਾਜ ਜੀ ਆਏ ਅਚੱਲ ਵਟਾਲੇ, ਉਥੇ ਸਿੱਧਾਂ ਨੇ ਬੜੀਆਂ ਸਿੱਧੀਆਂ ਦਿਖਾਈਆਂ। ਕੋਈ ਸ਼ੇਰ ਬਣ ਗਏ, ਕੋਈ ਵੱਡੇ-ਵੱਡੇ ਸੱਪ ਬਣ ਗਏ। ਕੋਈ ਅੱਗ ਸੁੱਟਣ ਲਗ ਗਏ। ਕੋਈ ਉਤੋਂ ਅੱਗ ਦੇ ਵੱਡੇ-ਵੱਡੇ ਗੋਲੇ ਤੋੜ-ਤੋੜ ਸੁੱਟਣ ਲਗ ਗਏ। ਕੋਈ ਕੁਛ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ। ਕੋਈ ਹਨ੍ਹੇਰੀ ਲਿਆ ਰਿਹਾ ਹੈ, ਕੋਈ ਬਿਲਕੁਲ ਕਾਲੀ ਬੋਲੀ ਰਾਤ ਪਾ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਿਹੜੇ ਸਿੱਖ ਸੀ ਕਹਿਣ ਲੱਗੇ ਸੱਚੇ ਪਾਤਸ਼ਾਹ! ਆਪਾਂ ਵੀ ਕੁਛ ਦਿਖਾਈਏ। ਮਹਾਰਾਜ ਕਹਿੰਦੇ ਨਾ, ਕੁਛ ਨਹੀਂ ਦਿਖਾਉਣਾ।

ਮਹਾਰਾਜ ਨੇ ਨਿਗ੍ਹਾ ਕਰ ਦਿੱਤੀ। ਸਾਰਿਆਂ ਦੀ ਸ਼ਕਤੀ ਉਪਰ ਨੂੰ ਹੱਥ ਕਰਕੇ ਖਿੱਚ ਲਈ, ਦੜੰਮ-ਦੜੰਮ ਥੱਲੇ ਗਿਰਦੇ ਨੇ, ਜਿਹੜੇ ਅਸਮਾਨਾਂ 'ਚ ਉਡਦੇ ਸੀ। ਲੰਮੇ ਗਿਰਦੇ ਨੇ, ਧਰਤੀ ਤੋਂ ਉਠਣ ਦੀ ਤਾਕਤ ਨਹੀਂ, ਸ਼ਰਮਿੰਦੇ ਹੋਏ ਪਏ ਨੇ ਕਿ ਆਹ ਕੀ ਹੋ ਗਿਆ। ਹੁਣ ਤਾਂ ਰਹੀ ਨਹੀਂ ਤਾਕਤ। ਸ਼ੇਰ ਜਿਹੜਾ ਸੀ ਉਹ ਅਸਲੀ ਰੂਪ 'ਚ ਆ ਗਿਆ। ਸੱਪ ਵੀ ਆ ਗਿਆ। ਹੁਣ ਮੁੜ ਕੇ ਨਹੀਂ ਕੁਛ ਕਰ ਸਕਦੇ। ਬਹੁਤ ਸ਼ਰਮਿੰਦੇ ਹੋ ਗਏ। ਬਚਨ ਬਿਲਾਸ ਕੀਤੇ, ਉਹਦੇ 'ਚ ਹਾਰ ਗਏ ਤੇ ਸਾਰਿਆਂ ਸਿੱਧਾਂ ਨੇ ਨਮਸ਼ਕਾਰ ਕਰ ਦਿੱਤੀ। ਇਕ ਸਿੱਧ ਭੰਗਰਨਾਥ ਨਾਮ ਦਾ ਉਹਨੂੰ ਕਹਿੰਦੇ ਕਿ ਤੂੰ ਨਮਸ਼ਕਾਰ ਨਹੀਂ ਕਰਦਾ? ਉਹ ਕਹਿੰਦਾ, ਮੈਂ ਗੁਰੂ ਨਾਨਕ ਨੂੰ ਨਮਸ਼ਕਾਰ ਕਰਾਂ? ਗ੍ਰਿਹਸਤੀ ਨੂੰ? ਦੇਖੋ ਕਹਿੰਦਾ ਮੇਰਾ ਪ੍ਰਣ ਹੈ ਕਿ ਜੇ ਸੂਰਜ ਛਿਪਦੇ 'ਚੋਂ ਨਿਕਲਣ ਲਗ ਜਾਵੇ, ਚੜ੍ਹਦੇ ਵਲ ਨੂੰ ਆਉਣ ਲਗ ਜਾਵੇ, ਦਰਿਆ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ 'ਤੇ ਚਲੇ ਜਾਣ। ਧਰਤੀ ਮਰਿਆਦਾ ਬਦਲ ਲਵੇ, ਸਮੁੰਦਰ ਮਰਿਆਦਾ ਬਦਲ ਲਵੇ। ਸਭ ਕੁਛ ਹੋ ਜਾਵੇ ਪਰ ਭੰਗਰਦਾਸ ਗੁਰੂ ਨਾਨਕ ਨੂੰ ਨਾ ਕਦੇ ਮੱਥਾ ਟੇਕੇ। ਗ੍ਰਹਿਸਤੀ ਨੂੰ ਨਿਵਾਂ ਮੈਂ, ਬਿਲਕੁਲ ਨਹੀਂ। ਐਨਾ ਕਹਿ ਕੇ ਅਸਮਾਨ ਵਿਚ ਉਡਣ ਲੱਗਿਆ, ਜਿਸ ਵਕਤ ਉਡਣ ਲੱਗਿਆ, ਮਹਾਰਾਜ ਨੇ ਖੜਾਵ ਵਲ ਨਿਗ੍ਹਾ ਕੀਤੀ, ਖੜਾਵ ਨਾਲ ਹੀ ਉਡ ਗਈ। ਜਾ ਕੇ ਐਨੇ ਜ਼ੋਰ ਦੀ ਸਿਰ 'ਚ ਵੱਜੇ, ਜਿਵੇਂ ਕੋਈ ਬਹੁਤ ਵੱਡੀ ਜ਼ੋਰ ਨਾਲ ਡਾਂਗ ਮਾਰਦਾ ਹੈ। ਉਹ ਇੱਕ ਦਮ ਦੂਜੇ ਪਾਸੇ ਨੂੰ ਮੂੰਹ ਕਰ ਲਿਆ। ਗੁਰੂ ਨਾਨਕ ਸਾਹਿਬ ਨੇ, ਜਦੋਂ ਫੇਰ ਉਹ ਦੂਜੇ ਪਾਸੇ ਨੂੰ ਉਡਣ ਲੱਗੇ, ਤਾਂ ਫੇਰ ਸਿਰ 'ਚ ਲੱਗੇ। ਉਹ ਖੜਾਂਵ ਕੁੱਟਦੀ-ਕੁੱਟਦੀ ਉਸਨੂੰ ਥੱਲੇ ਲੈ ਆਈ। ਜਦੋਂ ਹੇਠਾਂ ਆ ਗਿਆ, ਹੁਣ ਝੁਕਦਾ ਨਹੀਂ, ਖੜਾਂਵ ਸਿਰ 'ਚ ਦੜਾਕ-ਦੜਾਕ ਪੈਂਦੀ ਹੈ, ਮਲ੍ਹਕ ਦੇ ਕੇ ਝੁਕ ਗਿਆ, ਮੱਥਾ ਟੇਕ ਦਿੱਤਾ। ਐਨਾ ਕੱਟੜਪੁਣਾ ਉਨ੍ਹਾਂ ਲੋਕਾਂ ਦੇ ਅੰਦਰ ਸੀ। ਸਭ ਕੁਛ ਦੇਖਦੇ ਸੀ ਕਿ ਸਾਡੇ ਨਾਲੋਂ ਹਜ਼ਾਰਾਂ ਗੁਣਾਂ ਸ਼ਕਤੀ ਹੈ ਗੁਰੂ ਨਾਨਕ ਦੇਵ ਜੀ ਵਿਚ। ਟਟਿਆਣਾ ਸੂਰਜ ਦਾ ਮੁਕਾਬਲਾ ਕਰਦਾ ਹੈ। ਲੇਕਿਨ ਗ੍ਰਿਹਸਤ ਦੀ ਐਨੀ ਨਫਰਤ ਸੀ ਤੇ ਗ੍ਰਹਿਸਤੀ ਦੇ ਹੱਥ ਦਾ ਖਾਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਨਾਲ ਗੱਲ ਕਰਨ ਨੂੰ ਵੀ ਨਹੀਂ ਤਿਆਰ ਸੀ। ਮੰਗਦੇ ਉਨ੍ਹਾਂ ਕੋਲੋਂ ਹੀ ਸੀ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਕਿੰਨਾਂ ਪਾਖੰਡ ਹੈ, ਜਿਨ੍ਹਾਂ ਨੂੰ ਨਿੰਦਦੇ ਓ, ਉਨ੍ਹਾਂ ਦੇ ਘਰ ਜਾ ਕੇ ਹੀ ਰਾਸ਼ਨ ਮੰਗ ਕੇ ਲਿਆਉਂਦੇ ਓਂ। ਕਹਿੰਦੇ ਇਹ ਗੱਲਾਂ ਗਲਤ ਨੇ ਭਾਈ, ਸੋ ਗ੍ਰਿਹਸਤੀ ਅਸੀਂ ਸੁੱਚਾ-ਸੱਚਾ ਬਣਾ ਦੇਣਾ ਹੈ। ਕਹਿੰਦੇ ਇਕਾਂਤ ਕਿੱਥੋਂ ਦੇਵੋਂਗੇ, ਗ੍ਰਿਹਸਤੀ ਨੂੰ ਇਕਾਂਤ ਬਿਨਾਂ ਭਜਨ ਨਹੀਂ ਹੁੰਦਾ, ਉਹ ਤਾਂ ਬਾਲ-ਬੱਚਿਆਂ 'ਚ ਉਲਝਿਆ ਰਹੇਗਾ। ਮਹਾਰਾਜ ਕਹਿੰਦੇ, ਅਸੀਂ ਜੁਗਤ ਦਸ ਦੇਣੀ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - 522ਵ*

ਮਨੁੱਖ ਨੂੰ ਐਸੀ ਜੁਗਤ ਦੇ ਦੇਣੀ ਹੈ ਕਿ ਕਾਰੋਬਾਰ ਕਰਦਾ, ਬਾਲ

ਬੱਚਿਆਂ 'ਚ ਰਹਿੰਦਾ, ਪਿਆਰ ਕਰਦਾ, ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ, ਦੇਸ਼ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ, ਧਰਮ ਦੀਆਂ ਲੋੜਾਂ ਪੂਰੀਆਂ ਕਰਦਾ, ਫੇਰ ਉਹਨੂੰ ਅਸੀਂ ਐਸੀ ਜੁਗਤ ਦੇ ਦੇਵਾਂਗੇ, ਜਿਹਦੀ ਜੁਗਤ ਦੇ ਨਾਲ ਉਹ ਪਾਰ ਲੰਘ ਜਾਏਗਾ। ਉਹ ਜੁਗਤ ਕੀ ਹੈ –

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ***
***ਨਾਨਕ ਨਾਮੁ ਵਖਾਣੇ ॥*** ***ਅੰਗ – 938***

ਮੁਰਗਾਬੀ ਰਹਿੰਦੀ ਹੈ ਪਾਣੀ 'ਚ, ਉਹਦੇ ਖੰਭ ਨਹੀਂ ਭਿੱਜਦੇ, ਜਿਥੋਂ ਜੀਅ ਕਰਦਾ ਹੈ ਉਡ ਜਾਂਦੀ ਹੈ ਤੇ ਕਮਲ ਫੁੱਲ ਹੈ ਉਹ ਡੁੱਬਦਾ ਨਹੀਂ ਪਾਣੀ 'ਚ, ਜਿੰਨਾਂ ਪਾਣੀ ਚੜ੍ਹ ਜਾਵੇ, ਓਨੀ ਹੀ ਡੰਡੀ ਓਹਦੀ ਵਧ ਜਾਂਦੀ ਹੈ। ਇਕਾਂਤ ਜਿਹੜੀ ਅਸੀਂ ਉਹਨੂੰ ਦੇਣੀ ਹੈ ਨਾ –

***ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥***
***ਅੰਗ – 938***

ਸ਼ਬਦ ਦੀ ਧੁਨ ਹਰ ਵਕਤ ਉਹਦੇ ਅੰਦਰ ਵਾਹਿਗੁਰੂ–ਵਾਹਿਗੁਰੂ ਹੋਈ ਜਾਣਾ ਹੈ, ਕਹਿੰਦੇ ਉਹਦਾ ਮਨ ਇਕਾਂਤ ਹੋਏਗਾ, ਉਹਦੇ ਮਨ ਨੇ ਨੱਠਣਾ ਨਹੀਂ। ਏਧਰ ਓਧਰ ਨਹੀਂ ਜਾਣਾ ਤੇ ਆਸ਼ਾਵਾਂ ਮੇਰੇ ਸਿੱਖ ਨੇ ਨਹੀਂ ਸੋਚਣੀਆਂ, ਭਾਣੇ 'ਚ ਰਹਿਣਾ ਹੈ। ਜੋ ਕੁਛ ਰਜ਼ਾ ਵਿਚ ਹੋ ਗਿਆ ਠੀਕ ਹੈ, ਚਿਤਵਨੀਆਂ ਨਹੀਂ ਕਰਨੀਆਂ।

***ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥***
***ਅੰਗ – 938***

ਸੋ ਐਨੀ ਗੱਲ ਜਿਸ ਵਕਤ ਉਨ੍ਹਾਂ ਨੇ ਸੁਣੀ, ਕਹਿਣ ਲੱਗੇ, ਨਾਨਕ ਜੀ! ਤੁਸੀਂ ਸਾਡੀ ਸਲਾਹ ਮੰਨੋ। ਉਹ ਇਹ ਹੈ ਕਿ ਆਹ ਦੁਨੀਆਂ ਨੂੰ ਛੱਡ ਕੇ ਜਿੰਨਾਂ ਚਿਰ ਗੋਸ਼ਾ ਨਸ਼ੀਨੀ ਨਹੀਂ ਅਖਤਿਆਰ ਕਰਦੇ, ਓਨੀਂ ਦੇਰ ਔਖ ਹੀ ਔਖ ਹੈ, ਦੁੱਖ ਹੀ ਦੁੱਖ ਹੈ। ਗ੍ਰਿਹਸਤੀ ਨੂੰ ਕਿੰਨੇ ਝੰਜਟ ਪੈਣੇ ਨੇ ਤੇ ਅਸੀਂ ਸਲਾਹ ਦਿੰਦੇ ਹਾਂ ਇਸ ਤਰ੍ਹਾਂ ਕਹਿੰਦੇ ਨੇ –

***ਧਾਰਨਾ – ਕੰਦ ਮੂਲ ਖਾ ਕੇ ਕਰ ਲੈ ਗੁਜ਼ਾਰਾ,***
***ਘਰ ਬਾਰ ਛੱਡ ਆਪਣਾ।***

***ਹਾਟੀ ਬਾਟੀ ਰਹਹਿ ਨਿਰਾਲੇ***
***ਰੂਖਿ ਬਿਰਖਿ ਉਦਿਆਨੇ ॥*** ***ਅੰਗ – 938***

ਆਹ ਜਿਹੜੇ ਝੰਜਟ ਨੇ, ਹੱਟੀਆਂ ਦੇ, ਖੇਤੀਆਂ ਬਾੜੀਆਂ ਵਣਜ ਵਪਾਰ ਦੇ। ਇਨ੍ਹਾਂ ਨੂੰ ਛੱਡ ਕੇ ਆਦਮੀ ਨਿਰਾਲਾ ਰਹਿਣਾ ਚਾਹੀਦਾ ਹੈ। ਬਾਹਰ ਰੋਹੀਆਂ ਦੇ ਵਿਚ ਫਿਰਨਾ ਤੁਰਨਾ ਚਾਹੀਦਾ ਹੈ। ਨਾ ਕਿਸੇ ਦੇ ਦੁੱਖ ਦਾ ਪਤਾ ਲੱਗੇ ਤੇ ਨਾ ਆਪਣੇ ਮਨ ਵਿਚ ਕਲਪਨਾ ਆਵੇ –

***ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥***
***ਅੰਗ – 939***

ਕਹਿੰਦੇ, ਕੰਦ ਮੂਲ ਚੁਣ ਕੇ ਖਾ ਲਓ, ਨਾ ਕਿਸੇ ਨਾਲ ਰੌਲਾ, ਨਾ

ਕਿਸੇ ਨਾ ਝਗੜਾ ਨਾ ਕਿਸੇ ਨਾਲ ਝਾਟਾ -

***ਤੀਰਥਿ ਨਾਈਐ ਸੁਖੁ ਫਲੁ ਪਾਈਐ***
***ਮੈਲੁ ਨ ਲਾਗੈ ਕਾਈ ॥*** ***ਅੰਗ - 939***

ਤੀਰਥਾਂ 'ਤੇ ਨਾਹੁੰਦਾ ਰਹੇ, ਤੀਰਥਾਂ ਦੇ ਕੰਢੇ ਠੰਢੇ ਪਾਣੀ ਕੋਲ ਰਹਿ ਕੇ ਸੁਖ ਫਲ ਪਾਵੇ ਤੇ ਮੈਲ ਨਹੀਂ ਲਗਦੀ।

***ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥***
***ਅੰਗ - 939***

ਕਹਿੰਦੇ ਆਹ ਤਰੀਕਾ ਹੈ ਜੋਗ ਜੁਗਤ ਦਾ, ਤੁਹਾਡੇ ਵਾਲਾ ਤਰੀਕਾ ਹੈ ਕੋਈ? ਗ੍ਰਿਹਿਸਤੀ ਨੂੰ ਤਾਂ ਹਜ਼ਾਰਾਂ ਹੀ ਝੰਜਟ ਨੇ, ਹਜ਼ਾਰਾਂ ਹੀ ਸੋਚੀ ਜਾਂਦਾ ਹੈ। ਲੰਘੇਗਾ ਕਿਵੇਂ, ਰਹਿ ਜਾਏਗਾ ਇਹ ਤਾਂ ਵਿਚੇ ਹੀ। ਉਸ ਵੇਲੇ ਮਹਾਰਾਜ ਕਹਿੰਦੇ, ਨਾਥ ਜੀ! ਅਸਲੀ ਚੀਜ਼ ਮਨ ਹੋਇਆ ਕਰਦੈ, ਜੇ ਘਰ ਬਾਰ ਛੱਡ ਕੇ ਵੀ ਮਨ ਓਹੀ ਗੱਲਾਂ ਸੋਚੀ ਜਾਵੇ। ਫੇਰ ਘਰ-ਬਾਰ ਛੱਡਣ ਦਾ ਫਾਇਦਾ ਕੀ? ਇਹ ਤਾਂ ਹਾਟੀ-ਬਾਟੀ ਜਿਹੜੀ ਹੈ, ਦੁਨੀਆਂ ਹੈ ਇਹਦੇ 'ਚ ਬੰਦਾ ਦੁੱਖ ਸਹਾਰਦਾ ਹੈ, ਦੁੱਖ ਸਹਾਰਨ ਵਾਲੇ ਬੰਦੇ ਨੂੰ ਨੀਂਦ ਨਹੀਂ ਆਇਆ ਕਰਦੀ ਅਗਿਆਨ 'ਚ। ਦੂਸਰਾ ਇਹ ਹੈ ਕਿ ਬੇਗਾਨੇ ਘਰਾਂ 'ਚ ਚਿੱਤ ਨਹੀਂ ਡੋਲਾਂਦਾ। ਅੰਦਰ ਤਾਂ ਚੋਰ ਬੈਠਾ ਹੈ ਕਾਮ ਦਾ। ਕਿਵੇਂ ਰੋਕ ਲਏਗਾ ਓਸਨੂੰ? ਬਾਹਰੋਂ ਸਾਧੂ ਬਣਿਆ ਹੋਇਆ ਹੈ, ਉਹਦੇ ਖਿਆਲ ਗੰਦੇ ਫਿਰੀ ਜਾਣੇ ਨੇ, ਲਕੋ ਕੇ ਰਖਦਾ ਹੈ, ਮਹਾਰਾਜ ਕਹਿੰਦੇ-

***ਹਾਟੀ ਬਾਟੀ ਨੀਦ ਨ ਆਵੈ***
***ਪਰ ਘਰਿ ਚਿਤੁ ਨ ਡੁੋਲਾਈ ॥*** ***ਅੰਗ - 939***

ਗ੍ਰਿਹਿਸਤੀ ਬੰਦਾ ਆਪਣੇ ਹੱਕ ਦੇ ਉਤੇ ਰਹਿੰਦਾ, ਬੇਗਾਨਿਆਂ ਵਲ ਚਿੱਤ ਨਹੀਂ ਡੋਲਾਂਦਾ।-

***ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥***
***ਅੰਗ - 939***

ਨਾਮ ਤੋਂ ਬਗੈਰ ਕਿਵੇਂ ਮਨ ਟਿਕ ਜਾਏਗਾ। ਮਨ ਟਿਕਣਾ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬਿਨਾਂ ਨਾਮ ਤੋਂ ਮਨ ਵਸ ਨਹੀਂਓਂ ਆਉਣਾ।***

ਲੇਕਿਨ ਜਿਹੜਾ ਬੰਦਗੀ ਕਰਨ ਵਾਲਾ ਹੈ, ਜਦੋਂ ਨਾਮ ਪ੍ਰਗਟ ਹੋ ਗਿਆ ਅੰਦਰ, ਉਸ ਵੇਲੇ ਮਨ ਟਿਕ ਜਾਇਆ ਕਰਦਾ ਹੈ। ਮਨ ਅ-ਮਨ, ਹੋ ਜਾਇਆ ਕਰਦਾ ਹੈ। ਮਨੋ-ਨਾਸ਼, ਵਾਸ਼ਨਾ ਖ੍ਹੈ, ਤਤੂ ਗਿਆਨ ਹੋ ਜਾਇਆ ਕਰਦਾ ਹੈ। ਸੋ ਸਾਨੂੰ ਗੁਰੂ ਨੇ ਅੰਦਰ ਦਿਖਾ ਦਿੱਤਾ। ਹੱਟੀਆਂ ਦਿਖਾ ਦਿਤੀਆਂ, ਬਜ਼ਾਰ ਦਿਖਾ ਦਿੱਤੇ, ਸਭ ਕੁਛ ਦਿਖਾ ਦਿੱਤਾ। ਅੰਦਰ ਘਰ ਦਿਖਾ ਦਿੱਤਾ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ – 1291***

ਕਹਿੰਦੇ, ਗੁਰੂ ਨੇ ਦਿਖਾ ਦਿੱਤਾ ਇਹ, ਹੁਣ ਅਸੀਂ ਵਪਾਰ ਕਾਹਦਾ ਕਰਦੇ ਹਾਂ। ਸਹਿਜ ਨਾਲ ਕਰਦੇ ਹਾਂ।

***ਧਾਰਨਾ – ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ***
***ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਵਾਹਿਗੁਰੂ.।***

ਮਹਾਰਾਜ ਕਹਿਣ ਲੱਗੇ, ਨਾਥ ਜੀ! ਅਸੀਂ ਸਹਿਜ ਦੇ ਨਾਲ ਨਾਮ ਦਾ ਵਪਾਰ ਕਰਦੇ ਹਾਂ। ਸਾਨੂੰ ਲੋੜ ਨਹੀਂ ਹੈ ਤੁਹਾਡੇ ਵਾਂਗਣ ਪੁੱਠੇ ਹੋ ਕੇ ਲੀਰਾਂ ਅੰਦਰ ਲੰਘਾਉਣੀਆਂ ਪੰਦਰਾਂ-ਪੰਦਰਾਂ ਹੱਥ ਲੰਬੀਆਂ, ਫੇਰ ਅੰਦਰੋਂ ਕੱਢਣੀਆਂ, ਮਿਹਦਾ ਸਾਫ ਕਰਨਾ, ਨੱਕ ਵਿਚ ਰੱਸੀ ਪਾ ਕੇ ਉਹਨੂੰ ਮਧਾਣੀ ਵਾਂਗਣ ਰਿੜਕਣਾ, ਧੌਂਕਣੀ ਵਾਂਗਣ ਪੇਟ ਨੂੰ ਕਰਨਾ। ਨਾ, ਸਾਨੂੰ ਨਹੀਂ ਲੋੜ, ਅਸੀਂ ਤਾਂ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਇਹ ਵੱਡਾ ਵਪਾਰ ਹੈ –

***ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥***
***ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥***

***ਅੰਗ – 939***

ਕਿਉਂਕਿ –

***ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥***

***ਅੰਗ – 939***

ਜਿਹੜਾ ਹਰ ਵਕਤ ਸ਼ਬਦ ਅੰਦਰ ਚੱਲ ਜਾਣਾ ਹੈ, ਇਹ ਕਹਿੰਦੇ ਮੁੰਦਰਾਂ ਪੈ ਗਈਆਂ ਸਾਡੇ। ਹਉਮੈ ਵੀ, ਹੰਗਤਾ ਤੇ ਮਮਤਾ ਦੂਰ ਕਰ ਦਿੱਤੀਆਂ, ਸਭ ਕੁਛ ਪ੍ਰਮੇਸ਼ਰ ਦਾ ਜਾਣ ਕੇ –

***ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ***
***ਗੁਰ ਕੈ ਸਬਦਿ ਸੁ ਸਮਝ ਪਰੀ ॥ ਅੰਗ – 939***

ਪੰਜੇ ਚੋਰਾਂ ਨੂੰ ਨਾਮ ਨੇ ਨਠਾ ਦਿੱਤਾ। ਗੁਰੂ ਦੇ ਸ਼ਬਦ ਦੀ ਜਦੋਂ ਸਮਝ ਪੈ ਗਈ ਕਿ ਘਟ-ਘਟ 'ਚ ਵਿਆਪਕ ਵਾਹਿਗੁਰੂ ਹੈ, ਇਹ ਪੰਜੋ ਚੋਰ ਨੱਠ ਗਏ –

***ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥***

***ਅੰਗ – 939***

ਝੋਲੀ ਪੈ ਗਈ ਸਾਡੇ, ਜਿਧਰ ਦੇਖਦੇ ਹਾਂ ਵਾਹਿਗੁਰੂ ਹੈ, ਇਹ ਕਹਿੰਦੇ ਝੋਲੀ ਪਾ ਲਈ ਅਸੀਂ।

***ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥***

***ਅੰਗ – 939***

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਉਨ੍ਹਾਂ ਦੇ ਨਾਲ ਬਚਨ ਕੀਤੇ, ਉਸ ਵੇਲੇ ਸਿੱਧਾਂ ਨੇ ਫੇਰ ਸੋਚਿਆ ਕਿ ਗੱਲਾਂ 'ਚ ਤਾਂ ਇਹ ਆਉਣ ਨਹੀਂ ਦਿੰਦਾ। ਇਹਨੂੰ ਕੋਈ ਚਮਤਕਾਰ ਦਿਖਾਈਏ, ਹੋ ਸਕਦਾ ਹੈ ਫੇਰ ਇਹ

ਮੰਨ ਜਾਵੇ। ਓਸ ਵੇਲੇ ਗੋਰਖ ਕਹਿਣ ਲੱਗਿਆ, ਨਾਨਕ ਜੀ! ਔਹ ਦੇਖੋ ਸਾਮ੍ਹਣੇ ਪਾਣੀ ਨਜ਼ਰ ਆਉਂਦਾ ਹੈ ਨਾ। ਦੇਖੋ ਧਿਆਨ ਨਾਲ, ਕਹਿੰਦੇ ਹਾਂ ਨਾਥ ਜੀ! ਪਾਣੀ ਹੈ। ਜਾਓ ਕਹਿੰਦੇ ਇੱਕ ਕੁਮੰਡਲ ਪਾਣੀ ਦਾ ਭਰ ਲਿਆਓ। ਚਿੱਪੀ ਦੇ ਦਿੱਤੀ ਤੇ ਗੁਰੁ ਨਾਨਕ ਪਾਤਸ਼ਾਹ ਪਾਣੀ ਭਰਨ ਵਾਸਤੇ ਚਿੱਪੀ ਲੈ ਕੇ ਜਾਂਦੇ ਨੇ। ਅੱਗੇ ਜਾ ਕੇ ਕੀ ਦੇਖਦੇ ਨੇ ਕਿ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੀਰੇ ਲਾਲ ਜਵਾਹਰਾਤ ਅਨੇਕਾਂ ਹੀ ਰੰਗਾਂ ਦੇ, ਜਿਧਰ ਦੇਖਦੇ ਨੇ ਅੱਖਾਂ ਨਹੀਂ ਟਿਕਦੀਆਂ, ਮਾਇਆ ਹੀ ਮਾਇਆ ਪਸਾਰ ਦਿੱਤੀ। ਪਹਾੜ ਸੋਨੇ ਦੇ ਬਣਾ ਦਿੱਤੇ ਤੇ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਇਹ ਤਾਂ ਛਲ ਕਰਿਆ ਹੈ। ਮਹਾਰਾਜ ਨੇ ਦ੍ਰਿਸ਼ਟੀ ਕਰੀ ਸਾਰੀ ਮਾਇਆ ਗੁੰਮ ਕਰ ਦਿੱਤੀ ਓਹਦੀ। ਇੱਕ ਨਾ ਰਹਿਣ ਦਿੱਤੀ, ਸੋ ਉਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ ਕਿ –

***ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏਹ ਲੇਵੈ ਬਾਲਾ।***
***ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।***
***ਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।***
***ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।***
***ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।***

***ਭਾਈ ਗੁਰਦਾਸ ਜੀ, ਵਾਰ 1/31***

ਸਾਰਾ ਕੁਛ ਗੁੰਮ ਕਰ ਦਿੱਤਾ। ਪਾਣੀ ਵੀ ਨਾ ਰਹਿਣ ਦਿੱਤਾ –

***ਫਿਰਿ ਆਇਆ ਗੁਰ :***
***ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।***

***ਭਾਈ ਗੁਰਦਾਸ ਜੀ, ਵਾਰ 1/31***

ਕਹਿੰਦੇ, ਦੇਖੋ ਉਥੇ ਤਾਂ ਪਾਣੀ ਹੀ ਨਹੀਂ ਹੈ। ਹੈਰਾਨ ਹੋ ਗਿਆ ਗੋਰਖ ਕਿ ਕਿਧਰ ਗਏ ਹੀਰੇ, ਲਾਲ, ਜਵਾਹਰਾਤ ਜਿੰਨੇ ਸੀਗੇ ਪਏ ਇਥੇ, ਸੋਨੇ ਦੇ ਪਹਾੜ ਬਣਾਏ ਸੀ। ਇਹ ਤਾਂ ਕੁਛ ਵੀ ਨਹੀਂ ਰਿਹਾ, ਪਾਣੀ ਵੀ ਗਿਆ ਹੱਥੋਂ। ਬਥੇਰੀ ਕੋਸ਼ਿਸ਼ ਕਰਦਾ ਹੈ ਕਿ ਪਾਣੀ ਆ ਜਾਏ, ਪਰ ਆਇਆ ਨਾ ਹੱਥ। ਮਹਾਰਾਜ ਕਹਿੰਦੇ, ਇਹ ਕੀ ਤੁਸੀ ਕੌਤਕ ਕਰਦੇ ਓਂ। ਕਹਿੰਦੇ, ਦੇਖੋ ਨਾਨਕ ਜੀ! ਇੱਕ ਫੁਰਨਾ ਕਰਿਆ ਹੈ ਸਿਰਫ ਆਹ ਸਾਰਾ ਪਾਣੀ, ਸਾਰਾ ਪਹਾੜ ਹੀਰੇ ਲਾਲ, ਜਵਾਹਰਾਤ ਦਾ ਬਣਾ ਦਿਤਾ। ਤੂੰ ਸਾਡਾ ਜੋਗ ਧਾਰਨ ਕਰ ਲੈ, ਦੇਖ ਕਿੰਨੀ ਸ਼ਕਤੀ ਹੈ। ਮਹਾਰਾਜ ਕਹਿੰਦੇ, ਨਾਥ ਜੀ! ਇਹ ਤਾਂ ਸਾਰੀ ਮਾਇਆ ਦੀ ਚੀਜ਼ ਹੈ। ਮਾਇਆ ਤੋਂ ਆਪਾਂ ਉਚਾ ਉਠ ਕੇ ਪਾਰਬ੍ਰਹਮ ਪ੍ਰਮੇਸ਼ਰ 'ਚ ਜਾਣਾ ਹੈ, ਤੁਸੀਂ ਪ੍ਰਮੇਸ਼ਰ ਨੂੰ ਨਹੀਂ ਮੰਨਦੇ। ਸੁੰਨ ਨੂੰ ਮੰਨਦੇ ਓਂ, ਸਾਡਾ ਪ੍ਰਮੇਸ਼ਰ ਸੁੰਨ ਨਹੀਂ ਹੈ, ਉਹ ਜੀਵਨ ਹੈ, ਅਫੁਰ ਅਵਸਥਾ 'ਚ ਹੈ, ਲੇਕਿਨ ਉਹ ਹੋਂਦ ਹੈ, ਅਣਹੋਂਦ ਨਹੀਂ। ਤੁਹਾਡਾ ਰੱਬ ਜਿਹੜਾ ਹੈ ਉਹ ਅਣਹੋਂਦ ਹੈ। ਕੁਛ ਨਹੀਂ ਕਰਦਾ। ਸੋ ਇਸ ਤਰ੍ਹਾਂ ਬੇਅੰਤ ਬਚਨ ਹੋਏ, ਤਾਂ ਸਿੱਧਾਂ ਨੇ ਅਖੀਰ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ, ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,*
*ਸ਼ਬਦਾਂ ਦੇ ਬਾਣ ਮਾਰ ਕੇ।*

*ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।*

*ਭਾਈ ਗੁਰਦਾਸ ਜੀ, ਵਾਰ 1/31*

ਦੱਸ ਦਿੱਤਾ ਕਿ ਨਾਮ ਜਪਣਾ ਸੁਖਾਲਾ ਤੇ ਕਲਿਆਣਕਾਰੀ ਹੈ। ਇਹ ਤਾਂ ਕਿਲ੍ਹਾ ਬੜਾ ਵੱਡਾ ਫਤਹਿ ਕਰ ਲਿਆ ਗੁਰੂ ਨਾਨਕ ਪਾਤਸ਼ਾਹ ਨੇ। ਤੇ ਦੂਜੇ ਪਾਸੇ ਪੱਛਮ ਦਾ ਕਿਲ੍ਹਾ ਉਹ ਬਹੁਤ ਸਖਤ ਸੀਗਾ। ਇਸ ਤੋਂ ਵੀ ਕਿਤੇ ਜ਼ਿਆਦਾ ਸਖਤ, ਉਹ ਸੀ ਇਸਲਾਮ ਦਾ, ਇਸਲਾਮ ਵਾਲਿਆਂ ਨੂੰ ਇਹ ਭਰਮ ਪੈ ਗਿਆ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ, ਪੱਕਾ ਹੋ ਗਿਆ ਸੀ। ਇਹ ਦੋ ਕਿਸਮ ਦੇ ਸੀ ਇੱਕ ਸੂਫੀ ਸੀ, ਉਨ੍ਹਾਂ ਦੇ ਖਿਆਲ ਤਾਂ ਹੋਰ ਸੀਗੇ। ਲੇਕਿਨ ਉਹ ਨਾਲ ਟਕਰਾਅ ਹੋ ਜਾਣ ਕਰਕੇ ਸੂਫੀਆਂ ਦੀਆਂ ਖੱਲ੍ਹਾਂ ਲਾਹ ਦਿੱਤੀਆਂ। ਸੂਲੀਆਂ 'ਤੇ ਚਾੜ੍ਹ ਦਿੱਤਾ। ਬਰਦਾਸ਼ਤ ਨਹੀ ਸੀ ਕਰਦੇ ਕਿ ਜੋ ਗੱਲ ਅਸੀਂ ਜਾਣੀ ਹੈ ਇਸ ਤੋਂ ਵੱਧ ਗਿਆਨ ਹੈ ਹੀ ਨਹੀਂ। ਧਰਮ ਦੇ ਵਿਚ ਜਦੋਂ ਐਸੀ ਗੱਲ ਹੋਵੇ ਉਹ ਫੇਰ ਕੱਟੜ ਰੂਪ ਧਾਰਨ ਕਰਿਆ ਕਰਦਾ ਹੈ। ਉਹਦੇ 'ਚ ਲਚਕ ਨਹੀਂ ਰਿਹਾ ਕਰਦੀ। ਜਿਹੜੇ ਧਰਮ ਦੇ ਵਿਚ ਗਿਆਨ ਦੇ ਬੇਅੰਤ ਭੰਡਾਰੇ ਨੇ, ਉਹਦੀ ਹੋਰ ਵਿਚਾਰਧਾਰਾ ਹੋਇਆ ਕਰਦੀ ਹੈ।

ਸੋ ਉਥੇ ਗੁਰੂ ਨਾਨਕ ਪਾਤਸ਼ਾਹ ਨੂੰ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੱਕਾ ਸੁਣੀਦਾ ਹੈ, ਕਿਤੇ ਜੇ ਲੋਟ ਲਗ ਜਾਵੇ ਤਾਂ ਉਹਦੀ ਵੀ ਆਪਾਂ ਜ਼ਿਆਰਤ ਕਰ ਲਈਏ। ਮਹਾਰਾਜ ਕਹਿੰਦੇ, ਮਰਦਾਨਿਆਂ! ਤੈਨੂੰ ਪਤਾ ਹੈ ਜੇ ਹਿੰਦੂ ਮੱਕੇ ਚਲਿਆ ਜਾਵੇ, ਉਹਨੂੰ ਜਾਨ ਤੋਂ ਮਾਰ ਦਿੰਦੇ ਨੇ, ਜਿਹੜਾ ਹਿੰਦੂ ਵੀ ਜਾਂਦਾ ਹੈ ਉਹ ਵੀ ਬਾਹਰ ਇੱਕ ਲਾਇਨ ਹੈ,ਉਸ ਤੋਂ ਅੰਦਰ ਨਹੀਂ ਜਾ ਸਕਦਾ। ਉਥੇ ਆਪਾਂ ਕਿਵੇਂ ਪਹੁੰਚ ਜਾਵਾਂਗੇ। ਫੇਰ ਆਹ ਸਾਰਾ ਹੀ ਇਸਲਾਮ ਦਾ ਦੇਸ਼ ਹੈ ਤੇ ਲੰਘਣ ਨਹੀਂ ਦੇਣਾ ਸਾਨੂੰ ਕਿਸੇ ਨੇ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਤੁਹਾਡੇ ਤੋਂ ਕੋਈ ਵੱਡਾ ਨਹੀਂ ਹੈ, ਤੁਸੀਂ ਸਭ ਕੁਛ ਕਰ ਸਕਦੇ ਓਂ। ਹਾਜ਼ੀਆਂ ਦੇ ਨਾਲ ਰਲ ਕੇ ਤੁਰ ਪਏ ਤੇ ਗੁਰੂ ਨਾਨਕ ਤੁਰੇ ਜਾਂਦੇ ਨੇ। ਇੱਕ ਬਦਲੀ ਆਈ ਹੋਈ ਹੈ, ਧੁੱਪ ਬਹੁਤ ਹੀ ਕੜਕਦੀ ਹੈ, ਉਹ ਬਦਲੀ ਗੁਰੂ ਨਾਨਕ ਪਾਤਸ਼ਾਹ ਦੇ ਛਾਂ ਕਰੀ ਜਾਂਦੀ ਹੈ। ਨਾਲ ਜਿਹੜੀ ਜਾਂਦੀ ਹੈ ਹਾਜੀਆਂ ਦੀ ਜਮਾਤ ਉਨ੍ਹਾਂ 'ਤੇ ਵੀ ਛਾਂ ਕਰਦੀ ਹੈ। ਉਹ ਜਿਹੜੇ ਪੀਰ ਸੀ ਉਹ ਕਹਿਣ ਲੱਗੇ ਕਿ ਹਿੰਦੂ ਆਪਣੇ ਨਾਲ ਜਾ ਰਿਹਾ ਹੈ, ਇਹਨੇ ਜਹਾਜ਼ ਚੜ੍ਹ ਜਾਣਾ ਹੈ ਆਪਣੇ ਨਾਲ ਹੀ। ਜਦੋਂ ਪਤਾ ਲਗ ਗਿਆ ਤਾਂ ਨਾਲ ਆਪਾਂ ਨੂੰ ਤੇ ਨਾਲ ਇਹਨੂੰ ਪਤਾ ਹੈ ਕੀ ਸਜ਼ਾ ਮਿਲੇਗੀ। ਹੋ ਸਕਦਾ ਹੈ ਮਾਰ ਦੇਣ, ਚੰਗਾ ਇਹ ਹੈ ਕਿ ਇਹਨੂੰ ਕਹਿ ਦੇਈਏ ਕਿ ਸਾਡੇ ਨਾਲ ਨਾ ਜਾਹ। ਕਹਿਣ ਲੱਗੇ, ਨਾਨਕ ਦਰਵੇਸ਼! ਦੇਖ ਅਸੀਂ ਜਾਦੇ ਹਾਂ ਹੱਜ ਨੂੰ, ਉਥੇ ਹਿੰਦੂ ਨੂੰ ਨਹੀਂ ਜਾਣ

ਦਿੰਦੇ। ਜੇ ਤੂੰ ਗਿਆ ਸਾਨੂੰ ਔਖ ਹੋ ਜਾਏਗੀ, ਕਸ਼ਟ ਦੇ ਵਿਚ ਪੈ ਜਾਵਾਂਗੇ, ਤੂੰ ਸਾਡੇ ਨਾਲ ਨਾ ਤੁਰ, ਇਕੱਲੇ ਨੇ ਜਾਣਾ ਹੈ ਜਾਹ, ਮਹਾਰਾਜ ਕਹਿੰਦੇ, ਅਸੀਂ ਤੁਹਾਡਾ ਕੀ ਵਿਗਾੜਦੇ ਹਾਂ, ਧਰਤੀ ਰੱਬ ਦੀ ਹੈ ਉਹਦੇ ਉਤੇ ਤੁਰੇ ਜਾਂਦੇ ਹਾਂ। ਕਹਿੰਦੇ ਸਾਡੇ ਨਾਲ ਨਾ ਤੁਰ। ਮਹਾਰਾਜ ਕਹਿੰਦੇ, ਮਰਦਾਨਿਆਂ! ਫੇਰ ਬਹਿ ਜਾ। ਜਾਣ ਦਿੰਦੇ ਨੇ ਕਿਤੇ ਆਪਾਂ ਨੂੰ? ਆਹ ਸਿੰਧ ਦੀ ਗੱਲ ਹੈ, ਸੱਖਰ ਦੇ ਕੋਲ ਬੈਠ ਗਏ, ਉਹ ਬਦਲੀ ਮਹਾਰਾਜ 'ਤੇ ਠਹਿਰ ਗਈ, ਉਹ ਧੁੱਪ ਦੇ ਵਿਚ ਤੁਰੇ ਜਾਂਦੇ ਨੇ। ਕਹਿੰਦੇ, ਹੈਫ ਹੈ ਅੱਲਾਹ ਦਾ, ਦੇਖੋ, ਕਾਫਰ ਦੇ ਉਤੇ ਅੱਲਾਹ ਤਾਲਾਹ ਦਿਆਲ ਹੋਇਆ-ਹੋਇਆ ਹੈ। ਉਹਦੇ ਉਤੇ ਛਾਂ ਕਰ ਦਿੱਤੀ ਸਾਡੇ ਉਤੇ ਧੁੱਪ ਕਰ ਦਿੱਤੀ ਤੇ ਇਧਰੋਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਨਾ ਕਰਿਆ ਮੱਕੇ 'ਚ ਚਲੇ ਗਏ। ਜਾ ਕੇ ਹਾਜੀ ਲੋਕ ਜਿਹੜੇ ਪਹਿਲਾਂ ਪਹੁੰਚੇ ਹੋਏ ਨੇ, ਉਹ ਸਾਰੇ ਲੰਮੇ ਪਏ ਨੇ, ਮੱਕੇ ਵਲ ਨੂੰ ਸਭ ਨੇ ਸਿਰ ਕਰਿਆ ਹੋਇਆ ਹੈ। ਜਿਵੇਂ ਆਪਾਂ ਦਰਬਾਰ ਸਾਹਿਬ ਜਾਈਏ ਤੇ ਪ੍ਰਕਰਮਾ 'ਚ ਸੌਂ ਜਾਈਏ ਤੇ ਅਸੀਂ ਸਿਰ ਹਰਿਮੰਦਰ ਸਾਹਿਬ ਵਲ ਨੂੰ ਕਰਕੇ ਪੈਂਦੇ ਹਾਂ, ਕਿਉਂਕਿ ਸਤਿਕਾਰ ਦਾ ਤਰੀਕਾ ਹੈ ਇਹ। ਗੁਰੂ ਨਾਨਕ ਪਾਤਸ਼ਾਹ ਨੇ ਭਰਮ ਕੱਢਣਾ ਸੀ ਤੇ ਉਹ ਪ੍ਰਕਰਮਾ ਦੇ ਵਿਚ ਪੈਰ ਓਧਰ ਕਰਕੇ ਪੈ ਗਏ ਤੇ ਸਵੇਰ ਵੇਲੇ ਜਦੋਂ ਆਇਆ ਇੰਤਜ਼ਾਮ ਕਰਨ ਵਾਲਾ ਜੀਵਨ, ਉਸ ਨੇ ਆ ਕੇ ਦੇਖਿਆ ਕਿ ਬਾਕੀ ਤਾਂ ਸਾਰੇ ਪਏ ਨੇ ਠੀਕ, ਆਹ ਬੰਦਾ ਕੌਣ ਆ ਗਿਆ ਜਿਹੜਾ ਕਾਹਬੇ ਵਲ ਪੈਰ ਕਰੀਂ ਪਿਆ ਹੈ। ਐਡਾ ਕ੍ਰੋਧ ਚੜ੍ਹਿਆ, ਗੁਰੂ ਨਾਨਕ ਪਾਤਸ਼ਾਹ ਦੀ ਵੱਖੀ ਵਿਚ, ਪੂਰੇ ਜ਼ੋਰ ਨਾਲ ਲੱਤ ਮਾਰੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।***
***ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।***
***ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।***
***ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।***
***ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?***
***ਲਤਾਂ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬਜਿਗਾਰੀ।***

***ਭਾਈ ਗੁਰਦਾਸ ਜੀ, ਵਾਰ 1/32***

ਮਹਾਰਾਜ ਕਹਿਣ ਕਿਉਂ ਮਾਰਦਾ ਹੈਂ? ਕਹਿੰਦਾ, ਤੂੰ ਖੁਦਾ ਦੇ ਘਰ ਵਲ ਪੈਰ ਕਰੀਂ ਪਿਆ ਹੈਂ। ਮਹਾਰਾਜ ਕਹਿੰਦੇ, ਹਨ੍ਹੇਰੇ ਹੋਏ ਆਏ ਸੀ। ਥੱਕੇ ਹੋਏ ਸੀ, ਸਾਨੂੰ ਨਹੀਂ ਪਤਾ ਕਿ ਅਸੀਂ ਖੁਦਾ ਦੇ ਘਰ ਵਲ ਸਿਰ ਕਰਕੇ ਪਏ ਹਾਂ ਜਾਂ ਪੈਰ ਕਰਕੇ ਪਏ ਹਾਂ। ਹੋ ਸਕਦਾ ਹੈ ਸੁੱਤੇ ਪਏ ਹੀ ਬਦਲ ਗਏ ਹੋਈਏ ਪਾਸੇ ਲੈਂਦੇ-ਲੈਂਦੇ। ਹੁਣ ਤੂੰ ਮਿਹਰਬਾਨੀ ਕਰ, ਲੱਤ ਤੂੰ ਮਾਰੀ ਜ਼ੋਰ ਦੀ, ਉਠ ਨਹੀਂ ਹੁੰਦਾ ਸਾਡੇ ਤੋਂ ਤੇ ਤੂੰ ਸਾਡੇ ਪੈਰ ਓਧਰ ਕਰ ਦੇ, ਜਿਧਰ ਖੁਦਾ ਦਾ ਘਰ ਨਹੀਂ ਹੈ। ਭਾਈ ਸਾਹਿਬ ਕਹਿੰਦੇ ਨੇ ਕਿ-

***ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।***
***ਹੋਇ ਹੈਰਾਨੁ ਕਰੇਨਿ ਜੁਹਾਰੀ॥***

***ਭਾਈ ਗੁਰਦਾਸ ਜੀ, ਵਾਰ 1/32***

ਉਥੇ ਹੀ ਨਹੀਂ ਕਿ ਮਾੜਾ ਜਿਹਾ ਘੁੰਮਾ ਦੇ, ਘੜੀਸ ਲਿਆ ਗੁੱਸੇ 'ਚ ਆਏ ਨੇ। ਕਹਿੰਦਾ ਕਰਦਾ ਹਾਂ ਤੇਰੇ ਪੈਰ। ਜਦੋਂ ਘੁੰਮਾ ਕੇ ਜ਼ੋਰ ਨਾਲ ਪੈਰ ਮਾਰੇ ਨਾ ਧਰਤੀ 'ਤੇ ਤਾਂ ਮਹਾਰਾਜ ਕਹਿੰਦੇ ਦੇਖ ਲੈ ਕਿਤੇ ਖ਼ੁਦਾ ਦਾ ਘਰ ਨਾ ਏਧਰ ਹੋਵੇ, ਕੀ ਦੇਖਦਾ ਹੈ ਸਾਮ੍ਹਣੇ ਮੱਕਾ। ਡਰ ਗਿਆ ਕਿ ਹੈਂ ਆਹ ਕੀ ਭਾਣਾ ਵਰਤਿਆ। ਮਹਾਰਾਜ ਕਹਿੰਦੇ, ਦੂਜੇ ਪਾਸੇ ਕਰ ਦੇ। ਜਦੋਂ ਉਸ ਨੇ ਦੂਜੇ ਪਾਸੇ ਕਰੇ ਓਧਰ ਵੀ ਮੱਕਾ, ਜਿਧਰ ਕਰੇ ਮੱਕਾ। ਚਰਨਾਂ ਨੂੰ ਹੱਥ ਲਾਉਣ ਦੀ ਦੇਰ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੋਈ ਮਾਮੂਲੀ ਚਰਨ ਤਾਂ ਨਹੀਂ ਨਾ, ਸਾਧਸੰਗਤ ਜੀ! ਚਰਨਾਂ ਨੂੰ ਹੱਥ ਲਾਉਣ ਨਾਲ ਹੀ, ਛੋਹਣ ਨਾਲ ਬਿਰਤੀ ਖੁਲ੍ਹ ਜਾਂਦੀ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਤਲਵੰਡੀ ਦੇ ਵਿਚ ਆਰਾਮ ਕਰ ਰਹੇ ਨੇ, ਮਾਤਾ ਜੀ ਨੇ ਪ੍ਰਸ਼ਾਦਾ ਤਿਆਰ ਕਰ ਦਿੱਤਾ। ਤੁਲਸਾਂ ਦਾਸੀ ਨੂੰ ਕਹਿਣ ਲੱਗੇ, ਤੁਲਸਾਂ! ਔਹ ਨਾਨਕ ਜੀ! ਸੁੱਤੇ ਪਏ ਨੇ, ਜਾਹ, ਜਾ ਕੇ ਜਗਾ ਲਿਆ ਤੇ ਪ੍ਰਸ਼ਾਦਾ ਛਕ ਲੈਣ। ਮਾਤਾ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਦੇਵ ਜੀ ਕਦੇ ਵੀ ਨਹੀਂ ਸੌਂਦਾ, ਉਹ ਤਾਂ ਸਦਾ ਜਾਗਦਾ ਹੈ, ਸਾਨੂੰ ਜਗਾਉਣ ਆਇਆ ਹੈ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨਾਲ ਬਚਨ ਹੋਏ। ਮੈਂ ਕਿਹਾ ਕਿ ਮਹਾਰਾਜ ਜੀ! ਬਹੁਤ ਥੋੜ੍ਹੀ ਨੀਂਦ ਲੈਂਦੇ ਓਂ ਤੁਸੀਂ, ਰਾਤ ਨੂੰ ਸਾਢੇ ਗਿਆਰ੍ਹਾਂ ਦੀਵਾਨ ਤੋਂ ਆਉਂਦੇ ਓਂ ਤੇ ਤੁਸੀਂ ਇੱਕ ਵਜੇ ਫੇਰ ਉਠ ਖੜ੍ਹਦੇ ਓਂ। ਡੇਢ ਘੰਟਾ ਹੀ ਨੀਂਦ ਲੈਂਦੇ ਓਂ। ਮਹਾਰਾਜ ਹੱਸ ਪਏ, ਮੈਂ ਕਿਹਾ ਮਹਾਰਾਜ! ਕੀ ਗੱਲ? ਮਹਾਰਾਜ ਕਹਿੰਦੇ, ਡੇਢ ਘੰਟਾ ਅਸੀਂ ਕਿਤੇ ਸੌਂਦੇ ਹਾਂ? ਮੈਂ ਕਿਹਾ, ਫੇਰ ਕੀ ਕਰਦੇ ਓਂ? ਮੰਜੇ 'ਤੇ ਪਏ ਰਹਿੰਦੇ ਓਂ? ਕਹਿੰਦੇ, ਨਾ ਸਰੀਰ ਮੰਜੇ 'ਤੇ ਹੁੰਦਾ ਹੈ, ਅਸੀਂ ਤਾਂ ਜੇ ਸਰੀਰ ਨੂੰ ਨਾਲ ਲੈ ਕੇ ਜਾਈਏ, ਪਾਸਪੋਰਟ ਦੀ ਲੋੜ ਹੈ, ਜਹਾਜ਼ 'ਤੇ ਚੜ੍ਹਨ ਦੀ ਲੋੜ ਹੈ। ਕਹਿੰਦੇ, ਬੇਅੰਤ ਨੇ ਪ੍ਰੇਮੀ ਜੋ ਕੋਈ ਅਰਦਾਸ ਕਰਦਾ ਹੈ ਕਿ ਸਾਡਾ ਆਹ ਕਰ ਦਿਓ, ਆਹ ਕਰ ਦਿਓ, ਕਹਿੰਦੇ ਅਸੀਂ ਰਾਤ ਨੂੰ ਫੇਰ ਸੂਖਸ਼ਮ ਸਰੀਰ ਦੇ ਨਾਲ ਜਾ ਕੇ ਕਿਸੇ ਨੂੰ ਦਰਸ਼ਨ ਦਿੰਦੇ ਹਾਂ, ਕਿਸੇ ਦਾ ਕਾਰਜ ਸਿੱਧ ਕਰਦੇ ਹਾਂ। ਮੈਂ ਕਿਹਾ ਮਹਾਰਾਜ! ਸਰੀਰ ਇੱਥੇ ਕਿਵੇਂ ਰਹਿ ਜਾਂਦਾ ਹੈ। ਕਹਿੰਦੇ, ਇਹ ਵੀ ਗੱਲ ਪੁਛਣੀ ਹੈ? ਮੈਂ ਕਿਹਾ, ਹਾਂ ਜੀ। ਕਹਿੰਦੇ, ਇੱਕ ਚਾਂਦੀ ਦੀ ਕਿਰਨ ਹੁੰਦੀ ਹੈ। ਜਦੋਂ ਸਰੀਰ ਦੇ ਵਿਚੋਂ ਨਿਕਲ ਜਾਂਦੀ ਹੈ ਰੂਹ ਤੇ ਉਹ ਕਿਰਨ ਇਹਦੇ ਨਾਲ ਜੁੜੀ ਰਹਿੰਦੀ ਹੈ। ਇਸੇ ਕਰਕੇ ਸੰਤਾਂ ਨੂੰ ਇੱਕ ਦਮ ਨਹੀਂ ਉਠਾਉਣਾ ਚਾਹੀਦਾ। ਪਤਾ ਨਹੀਂ ਕਿੱਥੇ ਗਏ ਹੁੰਦੇ ਨੇ। ਸੋ ਇਹ ਤੁਲਸਾਂ ਦਾਸੀ ਆਈ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਲ ਖੜ੍ਹ ਗਈ, ਆਵਾਜ਼ ਨਹੀਂ ਮਾਰਦੀ। ਸ਼ਰਧਾ ਵਾਲੀ ਸੀ, ਇਹਦੇ ਮਨ ਵਿਚ ਆਇਆ ਕਿ ਆਪ ਦੇ ਚਰਨ ਦਾ ਅੰਗੂਠਾ ਕੱਪੜੇ ਤੋਂ ਬਾਹਰ ਹੈ। ਕਿਉਂ ਨਾ ਮੈਂ ਮਸਤਕ ਲਾ ਦੇਵਾਂ। ਮਸਤਕ ਦੀ ਛੋਹ ਦੇ ਨਾਲ ਇਨ੍ਹਾਂ ਨੂੰ ਜਾਗ ਆ ਜਾਏਗੀ। ਓਸ ਵੇਲੇ ਇਹਨੇ ਮਸਤਕ ਗੁਰੂ ਨਾਨਕ ਪਾਤਸ਼ਾਹ ਦੇ ਅੰਗੂਠੇ ਨਾਲ ਲਾ ਦਿੱਤਾ। ਲਾਉਣ ਦੀ ਦੇਰ ਸੀ, ਤੜੱਕ ਹੋਈ ਆਵਾਜ਼, ਕੀ ਦੇਖਦੀ ਹੈ ਸਾਰਾ ਹੀ ਸੰਸਾਰ ਖੁੱਲ੍ਹ ਗਿਆ, ਕੰਧਾਂ ਉਹਦੇ ਵਾਸਤੇ ਰਹੀਆਂ ਹੀ ਨਾ, ਦੂਰੀ ਰਹੀ ਤੇ ਜਿੱਥੇ ਗੁਰੂ ਨਾਨਕ ਸੀ ਉਥੇ ਪਹੁੰਚ ਗਈ। ਉਥੇ

ਕੀ ਕਰਦੇ ਨੇ, ਮਨਸੁਖ ਦਾ ਜਹਾਜ਼ ਡੁੱਬ ਰਿਹਾ ਹੈ। ਉਹ ਅਰਦਾਸਾਂ ਕਰ ਰਿਹਾ ਹੈ ਕਿ ਪਾਤਸ਼ਾਹ ਮੇਰਾ ਜਹਾਜ਼ ਬੰਨ੍ਹੇ ਲਾਓ। ਮਹਾਰਾਜ ਉਹਦੀ ਸਹਾਇਤਾ ਕਰ ਰਹੇ ਨੇ, ਤੇ ਜਹਾਜ਼ ਨੂੰ ਬੰਨ੍ਹੇ ਲਾ ਰਹੇ ਨੇ। ਵਾਪਸ ਆ ਗਈ ਕਿ ਜਹਾਜ਼ ਡੁੱਬ ਜਾਏਗਾ, ਜੇ ਮੈਂ ਜਗਾ ਦਿੱਤੇ। ਮਾਤਾ ਜੀ ਨੇ ਪੁੱਛਿਆ ਕਿ ਜਗਾਇਆ ਨਹੀਂ ਤੂੰ? ਕਹਿੰਦੀ ਕੀਹਨੂੰ ਜਗਾਵਾਂ? ਕਹਿੰਦੇ, ਮੈਂ ਤੈਨੂੰ ਕਿਹਾ ਹੈ ਕਿ ਨਾਨਕ ਜੀ ਨੂੰ ਜਗਾ ਕੇ ਲਿਆ। ਕਹਿੰਦੀ, ਉਹ ਤਾਂ ਮਨਸੁਖ ਦਾ ਜਹਾਜ਼ ਕੰਢੇ ਲਾ ਰਹੇ ਨੇ। ਬੜੀ ਨਰਾਜ਼ ਹੋਈ ਮਾਤਾ। ਜਾ ਕੇ ਆਪ ਆਵਾਜ਼ ਦੇ ਦਿਤੀ। ਪਾਤਸ਼ਾਹ ਉਠੇ, ਕਹਿੰਦੀ, ਨਾਨਕ ਜੀ! ਅੱਗੇ ਤਾਂ ਸ਼ਰੀਕ ਹੀ ਮਸ਼ਕਰੀਆਂ ਕਰਦੇ ਸੀ, ਹੁਣ ਤਾਂ ਘਰ ਦੇ ਨੌਕਰ ਚਾਕਰ ਵੀ ਕਰਨ ਲਗ ਗਏ। ਕਹਿੰਦੇ ਕੀ ਗੱਲ? ਕਹਿੰਦੇ, ਆਹ ਤੁਲਸਾਂ ਦਾਸੀ ਦੀ ਗੱਲ ਸੁਣੋ, ਮੈਂ ਭੇਜਿਆ ਕਿ ਜਗਾ ਕੇ ਲਿਆਓ। ਮੈਨੂੰ ਆ ਕੇ ਖਬਰਾਂ ਦਿੰਦੀ ਹੈ ਕਿ ਗੁਰੂ ਨਾਨਕ ਸਮੁੰਦਰ 'ਚ ਜਹਾਜ਼ ਬੰਨ੍ਹੇ ਲਾ ਰਿਹਾ ਹੈ ਮਨਸੁਖ ਦਾ। ਲੰਕਾ ਨੂੰ ਜਾ ਰਿਹਾ ਹੈ। ਕਹਿੰਦੇ ਇਹ ਤਾਂ ਝੱਲੀ ਹੈ, ਓਸੇ ਵੇਲੇ ਬੇਬੇ ਨੇ ਬੋਚ ਲਈ ਗੱਲ, ਕਹਿੰਦੀ ਵੀਰ ਜੀ! ਕ੍ਰਿਪਾ ਕਰੋ, ਕ੍ਰਿਪਾ ਕਰੋ। ਝੱਲੀ ਨਾ ਕਹੋ। ਕਹਿੰਦੇ, ਐਨੀ ਕੁ ਝੱਲੀ ਹੋ ਜਾਊ, ਭੇਤ ਲਕੋ ਲਏਗੀ, ਬੱਸ ਬਾਕੀ ਸਾਰੀ ਸਾਵਧਾਨ ਰਹੇਗੀ।

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਹੱਥ ਲਾ ਕੇ ਹੋਇਆ ਕੀ? ਉਹਦੀ ਸੁਰਤੀ ਖੁੱਲ੍ਹ ਗਈ। ਉਹ ਜਿਧਰ ਦੇਖਦਾ ਹੈ, ਮੱਕਾ ਹੀ ਮੱਕਾ। ਕੋਈ ਥਾਂ ਹੀ ਨਹੀਂ ਹੈ ਕਾਹਬੇ ਤੋਂ ਬਿਨਾਂ। ਅੱਲਾਹ ਦੇ ਦਰਸ਼ਨ ਹੋ ਰਹੇ ਨੇ ਹਰ ਥਾਂ ਤੋਂ। ਹੈਰਾਨ ਹੋ ਗਿਆ, ਕਿ ਖ਼ੁਦਾ ਆ ਗਿਆ, ਖ਼ੁਦਾ ਆ ਗਿਆ। ਦੁਨੀਆਂ ਇਕੱਠੀ ਹੋ ਗਈ। ਉਸ ਵੇਲੇ ਸਾਰੇ ਇਕੱਠੇ ਹੋ ਗਏ, ਚਾਰੇ ਇਮਾਮ ਆ ਗਏ ਤੇ ਬਚਨ ਚੱਲਣ ਲਗ ਗਏ। ਉਸ ਨੇ ਸਾਰੀ ਗੱਲ ਦੱਸ ਦਿਤੀ ਤੇ ਉਨ੍ਹਾਂ ਦੇ ਮਨ ਵਿਚ ਵੀ ਕੁਛ ਗਿਆਨ ਹੋ ਗਿਆ, ਕੋਈ ਵੱਡਾ ਕਲਾਵਾਨ ਪੁਰਸ਼ ਆ ਗਿਆ, ਬਈ ਚਲੋ ਇਸ 'ਤੇ ਕੋਈ ਸਵਾਲ ਕਰੀਏ, ਇਸ ਤੋਂ ਕੋਈ ਗੱਲ ਪੁੱਛੀਏ? ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਤੋਂ ਆਹ ਗੱਲ ਪੁੱਛਦੇ ਨੇ –

***ਧਾਰਨਾ – ਵੱਡਾ ਹਿੰਦੂ ਹੈ ਕਿ ਮੁਸਲਮਨੋਈ***
***ਖੋਲ੍ਹ ਕੇ ਕਿਤਾਬ ਪੁੱਛਦੇ।***

ਕਹਿਣ ਲੱਗੇ, ਹੇ ਨਾਨਕ! ਤੂੰ ਇਹ ਦੱਸ ਕਿ ਤੂੰ ਹਿੰਦੂ ਹੈਂ ਕਿ ਮੁਸਲਮਾਨ ਹੈਂ? ਮਹਾਰਾਜ ਕਹਿੰਦੇ ਅਸੀਂ ਤਾਂ ਪੰਜ ਤੱਤ ਦੇ ਪੁਤਲੇ ਹਾਂ, ਨਾ ਹਿੰਦੂ ਨਾ ਮੁਸਲਮਾਨ; ਦੋਹਾਂ ਤੋਂ ਅਲੱਗ। ਉਸ ਵੇਲੇ ਸਵਾਲ ਕਰਨੇ ਸ਼ੁਰੂ ਕਰ ਦਿਤੇ, ਵੱਡੀ ਗੋਸ਼ਟ ਹੋਈ, ਉਹਦੇ 'ਚ ਇੱਕ ਸਵਾਲ ਕਰਿਆ–

***ਵੱਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।***
***ਭਾਈ ਗੁਰਦਾਸ ਜੀ, ਵਾਰ 1/33***

ਗੁਰੂ ਨਾਨਕ ਦੀ ਤਾਕਤ ਨੂੰ ਕੋਈ ਲਖ ਨਹੀਂ ਸਕਦਾ। ਮਹਾਰਾਜ ਕਹਿੰਦੇ ਵੱਡੇ ਤਾਂ ਪ੍ਰੇਮੀਓ ਅਮਲ ਹੋਇਆ ਕਰਦੇ ਨੇ। ਜੇ ਮੁਸਲਮਾਨ ਗੰਦੇ ਕੰਮ ਕਰਦਾ ਹੈ ਉਹਨੂੰ ਵੱਡਾ ਕਿਵੇਂ ਕਹਿ ਦੇਈਏ। ਜੇ ਹਿੰਦੂ ਆਪਣੇ ਧਰਮ ਦੇ ਵਿਪਰੀਤ ਮਾੜੇ ਕੰਮ ਕਰਦਾ ਹੈ, ਉਹਨੂੰ ਵੱਡਾ ਕਿਵੇਂ ਕਹਿ

ਦੇਈਏ।

***ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।***

***ਭਾਈ ਗੁਰਦਾਸ ਜੀ, ਵਾਰ 1/33***

ਰੱਬ ਦੇ ਦਰ 'ਤੇ ਕੋਈ ਮਜ਼੍ਹਬ ਨਹੀਂ ਚਲਦਾ, ਉਥੇ ਤਾਂ ਅਮਲਾਂ ਦਾ ਨਿਬੇੜਾ ਹੁੰਦਾ ਹੈ।

***ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।***

***ਭਾਈ ਗੁਰਦਾਸ ਜੀ, ਵਾਰ 1/33***

ਉਹ ਨਮਾਜ਼ ਪੜ੍ਹਦਾ ਹੈ, ਉਹ ਪੂਜਾ ਕਰਦਾ ਹੈ। ਦੋਵੇਂ ਕਿਹਦੀ ਪੂਜਾ ਕਰਦੇ ਨੇ? ਇਕ ਕਹਿੰਦਾ ਕਿ ਮੈਂ ਰਾਮ ਦੀ, ਪ੍ਰਭੂ ਦੀ, ਪ੍ਰਮੇਸ਼ਰ ਦੀ, ਗੋਬਿੰਦ ਦੀ। ਦੂਜਾ ਕਹਿੰਦਾ ਕਿ ਮੈਂ ਅੱਲਾਹ ਤਾਲਾ ਦੀ ਨਮਾਜ਼ ਪੜ੍ਹਦਾ ਹਾਂ, ਖੁਦਾ ਦੀ। ਕਹਿੰਦੇ ਇਹ ਤਾਂ ਇੱਕੋ ਹੀ ਹੋਇਆ ਤੁਹਾਡੇ ਦੋਹਾਂ ਦਾ, ਕਿਉਂ ਅੰਨ੍ਹੇ ਹੋ ਕੇ ਲੜਦੇ ਓਂ, ਆਪਸ ਵਿਚ। ਇੱਕੋ ਹੀ ਹੈ ਉਹ –

***ਕਰਨਿ ਬਖੀਲੀ ਆਪਿ ਵਿਚਿ***
***ਰਾਮ ਰਹੀਮ ਇਕ ਥਾਇ ਖਲੋਈ।***
***ਰਾਹਿ ਸੈਤਾਨੀ ਦੁਨੀਆਂ ਗੋਈ॥***

***ਭਾਈ ਗੁਰਦਾਸ ਜੀ, ਵਾਰ 1/33***

ਸ਼ੈਤਾਨ ਦੇ ਰਾਹ ਪੈ ਗਈ, ਸੋ ਗੁਰੂ ਨਾਨਕ ਪਾਤਸ਼ਾਹ ਨੇ ਉਥੇ ਬੈਠ ਕੇ ਬੜੀ ਲੰਮੀ ਗੋਸ਼ਟ ਕੀਤੀ। ਕਿੰਨੇ ਮਹੀਨੇ ਚਲਦੀ ਰਹੀ। ਅਖੀਰ ਹਾਜ਼ੀਆਂ ਨੇ, ਸਾਰਿਆਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕਰ ਦਿਤੀ। ਚਾਰੇ ਇਮਾਮਾਂ ਨੇ ਸਿਜਦਾ ਕਰ ਦਿੱਤਾ, ਕਹਿਣ ਲੱਗੇ, ਨਾਨਕ! ਤੂੰ ਵਲੀ ਪੁਰਸ਼ ਆਇਆ ਤੇ ਹੁਣ ਤੂੰ ਚਲੇ ਜਾਣੈ ਤੇ ਸਾਨੂੰ ਕੋਈ ਨਿਸ਼ਾਨੀ ਦੇ ਜਾ। ਗੁਰੂ ਨਾਨਕ ਨੇ ਆਪਣੀ ਖੜਾਵ ਉਥੇ ਨਿਸ਼ਾਨੀ ਦੇ ਦਿਤੀ। ਉਸ ਤੋਂ ਬਾਅਦ ਬਗਦਾਦ ਵਿਚ ਪਹੁੰਚਦੇ ਨੇ, ਨਦੀ ਦਾ ਕਿਨਾਰਾ ਹੈ, ਓਸ ਥਾਂ 'ਤੇ ਬੈਠੇ ਅੰਮ੍ਰਿਤ ਵੇਲੇ ਤੋਂ ਸਮਾਧੀ ਸਥਿਤ, ਦਿਨ ਚੜ੍ਹ ਆਇਆ ਤਾਂ ਇੱਕ ਪੀਰ ਦਾ ਮੁਰੀਦ ਜੋ ਹਿੰਦੀ ਸਮਝਣ ਵਾਲਾ ਸੀ। ਉਹ ਜਿਸ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬੈਠੇ ਸੀ, ਉਥੇ ਨੇੜੇ ਆ ਕੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਇਹ ਫਕੀਰ ਕੌਣ ਨੇ। ਕਿਸ ਘਰਾਣੇ ਦੇ ਨੇ, ਇਨ੍ਹਾਂ ਕੋਲ ਰਬਾਬ ਹੈ ਤੇ ਇਹ ਕੁਛ ਪੜ੍ਹਦੇ ਨੇ, ਸੁਣਨ ਦੀ, ਕੋਸ਼ਿਸ਼ ਕਰੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇਸ ਦੇ ਭਾਵ ਨਾਲ ਪੜ੍ਹ ਰਹੇ ਨੇ –

***ਧਾਰਨਾ – ਲੱਖਾਂ ਪਾਤਾਲ ਤੇ ਆਕਾਸ਼ ਕੁਦਰਤ ਤੇਰੀ,***
***ਆਵੇ ਨਾ ਕੋਈ ਅੰਤ ਮਾਲਕਾ।***

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥***
***ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ – 5***

ਚੰਗੀ ਤਰ੍ਹਾਂ ਸਮਝ ਲਈ ਗੱਲ ਓਸ ਮੁਰੀਦ ਨੇ। ਹੈਰਾਨ ਹੋ ਗਿਆ

ਇਕ ਇਹ ਕਾਫਰ ਮੁਸਲਮਾਨ ਦੇਸ਼ ਵਿਚ? ਤੇ ਆਇਆ ਵੀ ਉਥੇ ਹੈ ਜਿਥੇ ਇਸਲਾਮ ਦੀ ਜਗ੍ਹਾ ਹੈ। ਜਿਵੇਂ ਆਪਣੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਹੈ, ਬਗਦਾਦ ਇਸੇ ਤਰ੍ਹਾਂ ਮੁਸਲਮਾਨਾਂ ਲਈ ਸੀ, ਉਥੋਂ ਫਤਵੇ ਆਉਂਦੇ ਸੀ, ਉਥੋਂ ਹੀ ਸ਼ਰ੍ਹਾ ਦੀ ਤਸ਼ਰੀਹ ਆਇਆ ਕਰਦੀ ਸੀ। ਕੋਈ ਗੁੰਝਲ ਪੈ ਜਾਏ, ਓਸ ਥਾਂ ਨੂੰ ਲਿਖਦੇ ਸੀ। ਓਸ ਥਾਂ ਦਾ ਪੀਰ, ਓਸ ਨੂੰ ਦਸਤਗੀਰ ਕਹਿੰਦੇ ਸੀ। ਜਿਵੇਂ ਨਾਨਕ ਕਹਿੰਦੇ ਨੇ, ਇਸ ਤਰ੍ਹਾਂ ਉਨ੍ਹਾਂ ਨੂੰ ਦਸਤਗੀਰ ਕਹਿੰਦੇ ਸੀ। ਓਹ ਮੁਰੀਦ ਜਦੋਂ ਗਿਆ ਤਾਂ ਪੀਰ ਨੇ ਪੁੱਛਿਆ ਕਿ ਕੀ ਗੱਲ ਹੈ? ਅੱਜ ਦੇਰ ਕਰ ਦਿੱਤੀ। ਕਹਿੰਦਾ, ਮਹਾਰਾਜ ਦੇਰ ਕਾਹਦੀ ਕਰ ਦਿੱਤੀ। ਇੱਕ ਕਾਫਰ ਆਇਆ ਬੈਠਾ ਹੈ ਸ਼ਹਿਰ ਦੇ ਬਾਹਰ ਤੇ ਕੁਫਰ ਬੋਲ ਰਿਹਾ ਹੈ, ਕਹਿੰਦੇ ਕੀ ਕੁਫਰ ਬੋਲਦਾ ਹੈ? ਕਹਿੰਦਾ, ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ; ਮੈਂ ਧਿਆਨ ਨਾਲ ਸੁਣਿਆ ਹੈ। ਕਿਉਂਕਿ ਮੈਂ ਹਿੰਦੀ ਜਾਣਦਾ ਹਾਂ। ਇੱਕ ਗੱਲ ਨਹੀਂ ਦੂਸਰਾ ਉਹਨੇ ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਰਬਾਬ ਹੈ ਕੋਲ ਤੇ ਉਹਦੇ ਨਾਲ ਕੁਛ ਗਾ ਰਿਹਾ ਹੈ। ਕਹਿੰਦਾ ਹੈਂ! ਇਹ ਨਗਰੀ ਹੋਵੇ ਇਸਲਾਮ ਦੀ ਤੇ ਉਥੇ ਆ ਕੇ ਕੋਈ ਕੁਫਰ ਦਾ ਪ੍ਰਚਾਰ ਕਰੇ? ਕ੍ਰੋਧ ਵਿਚ ਆ ਗਿਆ, ਲਾਲ ਗੁਲਾਲ ਹੋ ਗਿਆ। ਅੱਗ ਬਗੋਲਾ ਹੋ ਗਿਆ। ਹੁਕਮ ਦਿੱਤਾ ਕਿ ਸਾਰੇ ਸ਼ਹਿਰ ਵਿਚ ਹੁਕਮ ਕਰ ਦਿਓ ਕਿ ਸਾਰੇ ਉਥੇ ਚਲੋ ਦਰਿਆ ਦੇ ਕੰਢੇ ਤੇ ਉਹ ਜੋ ਕਾਫਰ ਹੈ ਉਹਦੇ ਉਤੇ ਐਨੇ ਵੱਟੇ ਸੁੱਟੋ ਕਿ ਐਨੇ ਵੱਟੇ ਮਾਰੋ ਕਿ ਹੇਠਾਂ ਆ ਕੇ ਦਬ ਕੇ ਮਰ ਜਾਵੇ। ਹੁਕਮ ਹੋ ਗਿਆ, ਸਾਰੇ ਹੀ ਚੱਲ ਪਏ। ਮਰਦਾਨੇ ਨੇ ਦੇਖ ਲਏ, ਕਹਿੰਦਾ ਸੱਚੇ ਪਾਤਸ਼ਾਹ! ਆਹ ਜਿਹੜੇ ਲੋਕ ਆਉਂਦੇ ਨੇ ਸੁੱਖ ਨਹੀਂ ਹੈ। ਬੜੇ ਕ੍ਰੋਧ ਨਾਲ ਕਾਹਲੇ-ਕਾਹਲੇ ਤੁਰੇ ਆਉਂਦੇ ਨੇ, ਇੱਕ ਤੋਂ ਇੱਕ ਅੱਗੇ ਤੇ ਇਨ੍ਹਾਂ ਦੇ ਹੱਥਾਂ ਵਿਚ ਤਾਂ ਵੱਟੇ ਨੇ। ਕਹਿੰਦੇ, ਮਰਦਾਨਿਆਂ! ਕੋਈ ਗੱਲ ਨਹੀਂ। ਤੂੰ ਨਾ ਫਿਕਰ ਕਰ, ਜਦੋਂ ਨੇੜੇ ਆਏ ਉਸ ਵੇਲੇ ਗੁਰੂ ਮਹਾਰਾਜ ਨੇ ਇੱਕ ਜੈਕਾਰਾ ਬੁਲਾਇਆ। ਐਉਂ ਪੜ੍ਹ ਲਓ -

***ਧਾਰਨਾ - ਏਕੰਕਾਰ ਦਾ ਜੈਕਾਰਾ ਸੁਣ ਕੇ,***
***ਸੁੰਨ ਮੁੰਨ ਨਗਰੀ ਹੋ ਗਈ।***

ਐਨੀ ਜਦੋਂ ਆਵਾਜ਼ ਸੁਣੀ ਸਾਰਿਆਂ ਨੇ, ਐਸੀ ਆਵਾਜ਼ ਵਿਚ ਤਾਸੀਰ ਸੀ, ਸਾਰੇ ਜਿੱਥੇ ਕੋਈ ਖੜ੍ਹਾ ਹੈ ਖੜ੍ਹਾ ਹੀ ਰਹਿ ਗਿਆ। ਚੁੱਪ ਕਰੇ ਬੈਠੇ ਨੇ, ਸਮਾਧੀਆਂ ਲਗ ਗਈਆਂ। ਪੀਰ ਨੇ ਦੇਖਿਆ ਕਿ ਸਾਰੀ ਨਗਰੀ ਚੁੱਪ ਹੋ ਗਈ, ਕੀ ਹੋ ਗਿਆ ਇਹ? ਅੰਤਰ ਧਿਆਨ ਹੋਇਆ ਦੇਖਣ ਵਾਸਤੇ। ਕਰਾਮਾਤੀ ਪੀਰ ਬਹੁਤ ਵੱਡਾ ਸੀ, ਅਰ ਇਹ ਸਮਝਦਾ ਸੀ ਕਿ ਅੱਜ ਸੰਸਾਰ 'ਚ ਮੇਰੇ ਨਾਲੋਂ ਤਾਕਤ ਵਿਚ ਕੋਈ ਵੱਡਾ ਨਹੀਂ। ਮਾੜੇ ਮੋਟੇ ਦੇ ਪੈਰ ਨਹੀਂ ਸੀ ਲਗਣ ਦਿੰਦਾ। ਦੇਖਿਆ ਕਿ ਕੋਈ ਬਹੁਤ ਵੱਡਾ ਆ ਗਿਆ ਤੇ ਉਹਦੇ ਬੋਲ ਵਿਚ ਐਸੀ ਤਾਸੀਰ ਹੈ ਕਿ ਇਹ ਤਾਂ ਉਹਨੇ ਆਵਾਜ਼ ਦਿੱਤੀ ਹੈ, ਆਵਾਜ਼ ਦੇ ਨਾਲ ਹੀ ਲੋਕਾਂ ਦੀ ਸਮਾਧੀ ਲਾ ਦਿੱਤੀ। ਉਸ ਵੇਲੇ ਪੀਰ ਨੇ ਆਪਣੀ ਸ਼ਕਤੀ ਲਾਈ ਤੇ ਲਾ ਕੇ ਉਨ੍ਹਾਂ ਦੀ ਜੜ੍ਹਤਾ ਦੂਰ ਕਰ ਦਿਤੀ। ਲਿਖਦੇ ਨੇ -

*ਸ਼੍ਰੀ ਨਾਨਕ ਸੁਨਿਕੈ ਤਿਹ ਕਾਲਾ।*
*ਊਚੀ ਦੀਨੀ ਬਾਂਗ ਬਿਸਾਲਾ॥*
*ਨਿਰੰਕਾਰ ਸਤਿ ਸ੍ਰੀ ਅਕਾਲਾ।*
*ਗੁਰਬਰ ਏਕੰਕਾਰ ਕ੍ਰਿਪਾਲਾ।*
*ਸੁਨਿ ਕਰਿ ਬਾਂਗ ਸਰਬ ਨਰ ਨਾਰੀ।*
*ਸੁੰਨ ਮੁੰਨ ਹੋਏ ਇਕ ਵਾਰੀ॥*

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1047***

ਸੁੰਨ-ਮੁੰਨ ਹੋ ਗਏ। ਨਾ ਕੋਈ ਤੁਰਦਾ ਹੈ, ਨਾ ਕਿਸੇ ਨੂੰ ਧਿਆਨ ਹੈ ਕਿ ਵੱਟੇ ਮਾਰਨ ਆਏ ਸੀ। ਚੁੱਪ ਕਰੇ ਬੈਠੇ ਨੇ। ਪੀਰ ਉਠ ਕੇ ਆ ਗਿਆ, ਦੇਖਿਆ ਉਨ੍ਹਾਂ ਵਲ, ਉਨ੍ਹਾਂ ਦੀ ਜੜ੍ਹਤਾ ਦੂਰ ਕਰਕੇ ਕਹਿਣ ਲੱਗਿਆ, ਤੁਹਾਨੂੰ ਵੱਟੇ ਮਾਰਨ ਭੇਜਿਆ ਹੈ, ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ ਆਵਾਜ਼ ਦੀ ਤਾਸੀਰ ਐਸੀ ਹੈ ਅਸੀਂ ਸਭ ਕੁਛ ਭੁੱਲ ਗਏ। ਅਫੁਰ ਅਵਸਥਾ 'ਚ ਪਹੁੰਚਾ ਦਿਤੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਸ ਤਰ੍ਹਾਂ ਹੋ ਵੀ ਜਾਂਦਾ ਹੈ?

ਬਾਬਾ ਰਾਮ ਸਿੰਘ ਜੀ ਨਾਮਧਾਰੀ, ਇਕ ਵਾਰੀ ਦੀਵਾਨ ਵਿਚ ਕੀਰਤਨ ਕਰ ਰਹੇ ਨੇ। ਇੱਕ ਤਰਕਬਾਜ਼ ਨੇ ਉੱਠ ਕੇ ਤਰਕ ਕਰ ਦਿੱਤੀ ਕਿ ਤੁਸੀਂ ਵਾਹਿਗੁਰੂ ਨਹੀਂ ਕਦੇ ਵੀ ਕਹਿੰਦੇ, ਸਤਿਨਾਮ ਕਹਿੰਦੇ ਓਂ। ਕਹਿਣ ਲੱਗੇ, ਪ੍ਰੇਮੀਆਂ! ਇਹ ਜਿਹੜਾ ਤੂੰ ਮੰਤਰ ਕਹਿੰਦਾ ਹੈਂ ਇਹ ਗੋਪ ਮੰਤਰ ਹੈ, ਅੰਦਰ ਰੱਖਿਆ ਫਲ ਦਿੰਦਾ ਹੈ, ਬਾਹਰ ਰੱਖਿਆ ਨਹੀਂ ਦਿੰਦਾ। ਇਹਨੂੰ ਜਿੰਨਾਂ ਗੁਪਤ ਰੱਖ ਲਓ, ਓਨਾਂ ਹੀ ਫਲ ਹੈ ਇਹਦਾ। ਕਹਿੰਦੇ, ਸਾਨੂੰ ਕੀ ਪਤਾ ਤੁਹਾਡਾ ਖਿਆਲ ਹੈ ਇਹ। ਕਹਿੰਦੇ, ਚੰਗਾ! ਸਵੇਰੇ ਆ ਜਾਇਓ, ਇੱਕ ਰੱਸੀ ਲੈ ਆਇਓ, ਸਾਰੇ ਜਣੇ ਲੰਮੀ ਰੱਸੀ, ਬਾਣ ਦੀ। ਰੱਸੀ ਲੈ ਆਂਦੀ, ਬਾਬਾ ਜੀ ਖੜ੍ਹੇ ਨੇ, ਕੀਰਤਨ ਕਰਦੇ ਨੇ, ਲਓ ਕਹਿੰਦੇ ਪ੍ਰੇਮੀਓਂ ਹੁਣ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਛੱਤੀ ਜੁਗ ਦਾ ਜਪਿਆ ਹੋਇਆ ਨਾਮ, ਉੱਚੀ ਬੋਲਣ ਲੱਗਿਆ ਹਾਂ ਹੋਸ਼ ਸੰਭਾਲੋ। ਰੱਸੀ ਫੜਾ ਦਿੱਤੀ ਸਾਰਿਆਂ ਨੂੰ। ਉਚੀ ਆਵਾਜ਼ 'ਚ ਪੂਰੇ ਗਲੇ ਦੇ ਨਾਲ 'ਵਾਹਿਗੁਰੂ' ਆਵਾਜ਼ ਬੋਲ ਦਿੱਤੀ। ਬੋਲਣ ਦੀ ਦੇਰ ਸੀ, ਸਾਰੀ ਸੰਗਤ ਸੁੰਨ ਮੁੰਨ ਹੋ ਗਈ। ਇੱਕ ਵੀ ਨਾ ਬੋਲੇ। ਚੁੱਪ ਕਰਕੇ ਸਮਾਧੀ ਲਗ ਗਈ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਜੈਕਾਰਾ ਦਿੱਤਾ, ਉਸੇ ਵੇਲੇ ਸੁੰਨ ਮੁੰਨ ਹੋ ਗਏ, ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਫਿਰਿ ਬਾਬਾ ਗਇਆ ਬਗਦਾਦ ਨੋ*
*ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*

***ਭਾਈ ਗੁਰਦਾਸ ਜੀ, ਵਾਰ 1/35***

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਪੜ੍ਹਨ ਤੋਂ ਬਾਅਦ, ਨਮਾਜ਼ ਕਹਿ ਲਓ, ਪੂਜਾ ਕਹਿ ਲਓ; ਗੱਲ ਇੱਕੋ ਹੀ ਹੋਇਆ ਕਰਦੀ ਹੈ -

*ਦਿਤੀ ਬਾਂਗਿ ਨਿਵਾਜਿ ਕਰਿ*

*ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*

***ਭਾਈ ਗੁਰਦਾਸ ਜੀ, ਵਾਰ 1/35***

ਹੈਰਾਨ ਹੋ ਗਿਆ।

*ਵੇਖੈ ਧਿਆਨੁ ਲਗਾਇ ਕਰਿ*
*ਇਕੁ ਫਕੀਰੁ ਵਡਾ ਮਸਦਾਨਾ।*

***ਭਾਈ ਗੁਰਦਾਸ ਜੀ, ਵਾਰ 1/35***

ਕਹਿਣ ਲੱਗਿਆ, ਇੱਕ ਫਕੀਰ ਆ ਗਿਆ ਤੇ ਜਿਹਦੀ ਗੱਲ ਕਰਦੇ ਨੇ, ਉਹ ਤਾਂ ਬਹੁਤ ਸ਼ਕਤੀ ਵਾਲਾ ਹੈ ਤੇ ਉਸ ਵੇਲੇ ਪੀਰ ਉਨ੍ਹਾਂ 'ਚ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ, ਵੱਟੇ ਮਾਰੋ। ਸਾਰੇ ਫੇਰ ਵੱਟੇ ਮਾਰਨ ਤੁਰ ਜਾਂਦੇ ਨੇ। ਪੀਰ ਮੂਹਰੇ ਹੈ, ਬਾਕੀ ਸਭ ਪਿੱਛੇ ਨੇ। ਜਦੋਂ ਹੱਥ ਉਚੇ ਕਰਕੇ ਲੱਗੇ ਮਾਰਨ, ਗੁਰੂ ਮਹਾਰਾਜ ਨੇ ਉਪਰ ਨੂੰ ਦ੍ਰਿਸ਼ਟੀ ਕਰ ਦਿਤੀ, ਉਥੇ ਹੀ ਰੁਕ ਗਏ ਸਾਰੇ, ਨਾ ਕੋਈ ਵੱਟਾ ਮਾਰਦਾ ਹੈ, ਨਾ ਕੋਈ ਹਿਲਦਾ ਹੈ, ਨਾ ਕਿਸੇ ਦਾ ਪੈਰ ਪੁੱਟ ਹੁੰਦਾ ਹੈ। ਜਿਹਨੇ ਪੈਰ ਚੁੱਕਿਆ ਹੋਇਆ ਹੈ, ਚੁਕਿਆ ਹੀ ਖੜ੍ਹਾ ਹੈ। ਜਿਹਨੇ ਧਰਤੀ 'ਤੇ ਰੱਖ ਕੇ ਪਿਛਲਾ ਚੁੱਕ ਲਿਆ ਉਹਨੇ ਪਿਛਲਾ ਹੀ ਚੁੱਕਿਆ ਹੈ। ਜਿਹਨੇ ਵੱਟਾ ਘੁੰਮਾਉਣ ਵਾਸਤੇ ਬਾਂਹ ਘੁੰਮਾਈ ਹੈ, ਉਹਦੀ ਬਾਂਹ ਘੁੰਮ ਹੀ ਰਹੀ ਹੈ। ਜੜ੍ਹ ਬਣੇ ਖੜ੍ਹੇ ਨੇ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ, ਨਾ ਆਪ ਹਿਲਦਾ ਹੈ, ਨਾ ਕੋਈ ਦੂਜਿਆਂ ਨੂੰ ਹਿਲਾਉਂਦਾ ਹੈ। ਉਸ ਵੇਲੇ ਅੰਦਰ ਹੀ ਅੰਦਰ ਹੰਕਾਰ ਢਲ ਗਿਆ ਤੇ ਅੰਦਰ ਹੀ ਅੰਦਰ ਅਰਦਾਸ ਕਰੀ ਕਿ ਪੀਰ ਜੀ, ਮੈਂ ਗੱਲ ਕਰਨੀ ਹੈ ਤੁਹਾਡੇ ਨਾਲ। ਮੰਨਿਆ ਨਹੀਂ ਹੈ, ਇਹ ਤਾਂ ਮੰਨ ਲਿਆ ਕਿ ਸ਼ਕਤੀ ਇਹਦੀ ਮੇਰੇ ਨਾਲੋਂ ਵੱਧ ਹੈ, ਪਰ ਮੈਂ ਚਰਚਾ 'ਚ ਹਰਾ ਦੇਣਾ ਹੈ ਇਹ। ਅੰਦਰ ਹੀ ਕਰੀ ਅਰਦਾਸ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕਰ ਦਿੱਤੀ, ਪੀਰ ਗੁਰੂ ਨਾਨਕ ਦੇਵ ਜੀ ਦੇ ਪਾਸ ਆ ਕੇ ਬਹਿ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪੀਰ ਜੀ, ਐਨਾ ਕ੍ਰੋਧ?

ਕਹਿੰਦਾ ਕ੍ਰੋਧ? ਤੁਸੀਂ ਤਾਂ ਸ਼ਰ੍ਹਾ ਦੀਆਂ ਧੱਜੀਆਂ ਉਡਾ ਦਿੱਤੀਆਂ।

ਕਹਿੰਦੇ, ਫੇਰ ਮਾਰੀਦਾ ਹੁੰਦਾ ਹੈ ਕਿ ਵਿਚਾਰ ਕਰੀਦੀ ਹੁੰਦੀ ਹੈ? ਸਿਆਣਾ ਬੰਦਾ ਵਿਚਾਰ ਕਰਦਾ ਹੈ, ਕਮਲਾ ਬੰਦਾ ਦੰਡ ਦਿੰਦਾ ਹੈ।

ਤੇ ਤੁਸੀਂ ਵਿਚਾਰ ਕਰੋ, ਵਿਚਾਰ ਵਾਲੀ ਗੱਲ 'ਤੇ ਕਿ ਤੁਹਾਨੂੰ ਕੀ ਇਤਰਾਜ਼ ਹੈ? ਨਾ ਕਿ ਪੱਥਰ ਚੁੱਕ ਲਓ।

ਕਹਿੰਦਾ, ਮਹਾਰਾਜ! ਇਨ੍ਹਾਂ 'ਤੇ ਕ੍ਰਿਪਾ ਕਰੋ, ਪੱਥਰ ਸੁੱਟ ਦਿੰਦੇ ਨੇ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਹਿੰਦਾ ਸੁੱਟ ਦਿਓ ਪੱਥਰ। ਆ ਜਾਓ, ਬਹਿ ਜਾਓ ਸਾਰੇ। ਸਾਰੇ ਘੇਰਾ ਘੱਤ ਕੇ ਬੈਠ ਗਏ। ਵਿਚਾਲੇ ਗੁਰੂ ਨਾਨਕ ਪਾਤਸ਼ਾਹ ਨੇ, ਸਾਮ੍ਹਣੇ ਪੀਰ ਬੈਠਾ ਹੈ। ਉਹਦਾ ਲੜਕਾ ਬੈਠਾ ਹੈ,

ਹੋਰ ਮੁਖੀ-ਮੁਖੀ ਚੇਲੇ ਬੈਠੇ ਨੇ। ਬਾਕੀ ਸ਼ਹਿਰ ਬੈਠਾ ਹੈ। ਪੂਰਨ ਸ਼ਾਂਤੀ (Pin drop silence) ਹੋਈ ਹੋਈ ਹੈ ਕਿ ਦੋਹਾਂ ਦੇ ਬਚਨ ਸੁਣੀਏ ਕਿ ਕੀ ਕਹਿੰਦੇ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕੀ ਇਤਰਾਜ਼ ਹੈ, ਕਹਿੰਦੇ, ਸਰੋਦ ਵਜਾਉਂਦੇ ਓਂ। ਤੁਸੀਂ ਸਾਜ ਵਜਾਉਂਦੇ ਓਂ। ਮਹਾਰਾਜ ਕਹਿੰਦੇ, ਇਹ ਕੋਈ ਮਾੜੀ ਗੱਲ ਹੈ ਇਹ ਰੂਹ ਦੀ ਖੁਰਾਕ ਹੈ। ਇਹਦੀ ਜੇ ਦੁਰਵਰਤੋਂ ਕਰੀ ਜਾਵੇ ਤਾਂ ਇਹ ਮਾੜਾ ਹੈ। ਜੇ ਵਿਸ਼ੇ ਵਿਕਾਰ, ਇਸ਼ਕੀਏ ਮਜਾਜ਼ੀ ਗੀਤ ਇਹਦੇ ਨਾਲ ਗਾਏ ਜਾਣ ਤਾਂ ਇਹ ਬੁੱਧੀ ਨੂੰ ਵਿਚਿਲਤ ਕਰਦੀ ਹੈ। ਲੇਕਿਨ ਜੇ ਹਰੀ ਦਾ ਜਸ ਕਰਿਆ ਜਾਵੇ ਤਾਂ ਆਤਮਾ ਨੂੰ ਚੁੱਕ ਕੇ ਆਪਣੇ ਘਰ ਵਿਚ ਲੈ ਜਾਂਦੀ ਹੈ। ਕਹਿੰਦੇ, ਤੁਹਾਡੇ ਇਸਲਾਮ ਵਿਚ ਹੀ ਲਿਖਿਆ ਹੋਇਆ ਹੈ ਕਿ ਜਦੋਂ ਖੁਦਾ ਨੇ ਜੁੱਸਾ ਬਣਾਇਆ, ਇਹਦੇ 'ਚ ਰੂਹ ਪਾਈ, ਰੂਹ ਟਿਕੀ ਨਾ। ਬਾਹਰ ਨਿਕਲ ਗਈ, ਖੁਦਾ ਨੇ ਕਿਹਾ ਕਿ ਕੀ ਗੱਲ ਤੂੰ ਟਿਕਦੀ ਨਹੀਂ। ਕਹਿੰਦੀ ਉਥੇ ਤਾਂ, ਸੁੰਨ-ਮੁੰਨ ਪਿਆ ਹੈ, ਮੈਂ ਕੀ ਟਿਕਾਂ। ਕਹਿੰਦੇ ਜਾਹ, ਆਪਣੀ ਦਰਗਾਹ ਦੇ ਨਾਦ ਇਹਦੇ ਵਿਚ ਪਾ ਦਿੱਤੇ। ਅਨਹਦ ਨਾਦ ਪਾ ਦਿੱਤੇ, ਜਦੋਂ ਗਈ ਤਾਂ ਅਨਹਦ ਨਾਦਾਂ ਦੀ ਮਸਤੀ ਚੜ੍ਹ ਗਈ। ਲੇਕਿਨ ਫੇਰ ਬਾਹਰ ਆ ਗਈ। ਕਹਿੰਦੇ ਹੁਣ ਕਿਉਂ ਬਾਹਰ ਆ ਗਈ? ਕਹਿੰਦੀ, ਹਨ੍ਹੇਰ ਗੁਬਾਰ ਪਿਆ ਹੈ। ਕਹਿੰਦੇ ਚੰਗਾ ਮੈਂ ਦਰਗਾਹ ਦਾ ਚਾਨਣਾ ਵੀ ਇਹਦੇ 'ਚ ਪਾ ਦਿੰਦਾ ਹਾਂ। ਜਿਹੜਾ ਸਾਡੇ ਵਿਚ ਹੈ ਸਾਧਸੰਗਤ ਜੀ, ਓਹੀ ਦਰਗਾਹ ਵਿਚ ਹੈ। ਇੱਥੇ ਵੀ ਛੋਟੀ ਜਿਹੀ ਦਰਗਾਹ ਹੈ ਦਸਵੇਂ ਦੁਆਰ 'ਚ। ਕਹਿੰਦੇ ਓਸ ਵੇਲੇ ਤੋਂ ਰੂਹ ਉਸ ਰਾਗ ਨੂੰ ਸੁਣ ਕੇ ਆਹ ਸਰੀਰ 'ਚ ਰਹੀ ਹੈ, ਰਾਗ ਤਾਂ ਮਾੜਾ ਨਹੀਂ। ਇਹ ਥੱਲੇ ਉਤਰ ਆਈ, ਇਹਦੇ ਵਾਪਸ ਲਿਜਾਣ ਦਾ ਕੇਵਲ ਇੱਕੋ ਸਾਧਨ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - 1075***

ਪੀਰ ਮੰਨ ਗਿਆ ਤੇ ਦੂਸਰਾ ਕੀ ਇਤਰਾਜ਼ ਹੈ। ਕਹਿਣ ਲੱਗਿਆ, ਦੂਸਰਾ ਇਹ ਹੈ ਕਿ ਤੁਸੀਂ ਕੁਫਰ ਬੋਲਿਆ ਹੈ। ਝੂਠ ਬੋਲਿਆ ਹੈ -

***ਧਾਰਨਾ - ਸੱਤ ਪਤਾਲ ਤੇ ਆਕਾਸ਼ ਸਾਰੇ ਆਖਦੇ,***
***ਦੱਸ ਕਾਹਨੂੰ ਕੁਫਰ ਬੋਲਦੈਂ।***

ਕਹਿਣ ਲੱਗਿਆ, ਨਾਨਕ ਜੀ! ਸਾਰਾ ਸੰਸਾਰ ਹਿੰਦੂ ਧਰਮ ਚੌਦਾਂ, ਸੱਤ ਆਕਾਸ਼ ਤੇ ਸੱਤ ਪਾਤਾਲ; ਅਤਲ, ਬਿਤਲ, ਸਤਲ ਨਾਉਂ ਨੇ ਉਨ੍ਹਾਂ ਦੇ। ਭਵ, ਭੂਤ ਇਹ ਸਾਰੇ ਆਕਾਸ਼ਾਂ ਦੇ ਨਾਉਂ। ਅਸੀਂ ਵੀ ਸੱਤ ਕਹਿੰਦੇ ਹਾਂ ਉਹ ਵੀ ਸੱਤ ਕਹਿੰਦੇ ਨੇ। ਤੂੰ ਲੱਖਾਂ ਕਿਵੇਂ ਬੋਲਦਾ ਹੈਂ? ਝੂਠ ਬੋਲਦਾ ਹੈਂ ਤੂੰ ਇਹ ਗੱਲ। ਕੁਫਰ ਬੋਲਦਾ ਹੈਂ, ਗੁਮਰਾਹ ਕਰੇਂਗਾ ਸੁਣਨ ਵਾਲਿਆਂ ਨੂੰ। ਮਹਾਰਾਜ ਮੁਸਕਰਾ ਪਏ, ਕਹਿੰਦੇ ਪੀਰ ਜੀ! ਇਹ ਤਾਂ ਨਿਗ੍ਹਾ ਦੀ ਗੱਲ ਹੈ। ਜਿਹਦੀ ਨਿਗ੍ਹਾ 'ਚ ਸੱਤ ਆਉਂਦੇ ਨੇ ਉਹ ਸੱਤ ਕਹਿੰਦਾ ਹੈ।

ਜਿਹਦੀ ਨਿਗ੍ਹਾ 'ਚ ਲੱਖਾਂ ਆਉਂਦੇ ਨੇ ਉਹ ਲੱਖਾਂ ਬੋਲਦਾ ਹੈ –

***ਧਾਰਨਾ – ਜਿਹਨੂੰ ਲੱਖਾਂ ਹੀ ਆਕਾਸ਼ ਨਜ਼ਰ ਆਏ***
***ਲੱਖਾਂ ਦੀ ਉਹ ਗੱਲ ਕਰਦਾ।***

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥***
***ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ – 5***

ਪੀਰ ਜੀ! ਲੱਖਾਂ ਦੀ ਕੀ ਗੱਲ ਕਰਦੇ ਓਂ। ਇਹ ਤਾਂ ਲੇਖੇ ਤੋਂ ਅੱਗੇ ਦੀਆਂ ਗੱਲਾਂ ਨੇ। ਇਹਦਾ ਲੇਖਾ ਨਹੀਂ ਹੋ ਸਕਦਾ। ਕੋਈ ਇਹਦਾ ਹਿਸਾਬ ਕਿਤਾਬ ਨਹੀਂ। ਬੇਅੰਤ ਜਿਹਨੂੰ ਕਹਿ ਦਿੱਤਾ ਉਹਦਾ ਅੰਤ ਕਿਵੇਂ ਲੈ ਲਓਂਗੇ ਤੁਸੀਂ। ਕਹਿੰਦੇ ਦੇਖੋ, ਤੁਹਾਡਾ ਪੈਗੰਬਰ ਜਿਸ ਵਕਤ ਇਹਨੂੰ ਬੁਲਾਇਆ। ਜ਼ਬਰਾਈਲ ਇਹਨੂੰ ਲੈਣ ਵਾਸਤੇ ਆਉਂਦਾ ਹੈ, ਜਦੋਂ ਦਰਗਾਹ ਨੂੰ ਜਾਂਦਾ ਹੈ ਤਾਂ ਰਸਤੇ ਦੇ ਵਿਚ ਇੱਕ ਊਠਾਂ ਦੀ ਕਤਾਰ ਆ ਗਈ। ਉਹਨੂੰ ਦੇਖ ਕੇ ਪੈਗੰਬਰ ਖੜ੍ਹਾ ਹੋ ਗਿਆ। ਹੈ ਨਾ ਤੁਹਾਡੇ ਲਿਖਿਆ ਹੋਇਆ। ਕਹਿੰਦਾ, ਉਥੇ ਉਹ ਕਹਿਣ ਲੱਗੇ ਕਿ ਲੰਘ ਗਿਆ ਉਹ। ਇੱਕ ਦੀ ਜਿਹੜੀ ਮੁਹਾਰ ਹੈ ਇਹਨੂੰ ਚੁੱਕੋ ਤੇ ਥੱਲੇ ਦੀ ਲੰਘ ਆਓ। ਕਹਿੰਦਾ ਇਹ ਮੁੱਕੇ ਤਾਂ ਲੰਘ ਆਵਾਂਗੇ। ਕਹਿੰਦਾ, ਇਹ ਤਾਂ ਮੈਂ ਜਦੋਂ ਪੈਦਾ ਹੋਇਆ ਸੀ ਉਸ ਵੇਲੇ ਵੀ ਚਲਦੀ ਸੀ। ਮੇਰੇ ਤੋਂ ਜਿਹੜਾ ਪਹਿਲਾਂ ਜ਼ਬਰਾਈਲ ਸੀ ਉਹ ਵੀ ਚਲਦਾ ਸੀ। ਮੇਰੀ ਉਮਰ ਸੋਲਾਂ ਕਰੋੜ, ਖਰਬ ਸਾਲ ਦੀ ਹੈ। ਮੇਰੇ ਤੋਂ ਪਹਿਲਾਂ ਵੀ ਇਹ ਚਲਦੀ ਸੀ, ਪਤਾ ਨਹੀਂ ਕਿਹੜੇ ਵੇਲੇ ਦੇ ਇਹ ਚਲਦੇ ਨੇ ਉੱਠ। ਕਹਿੰਦੇ ਇਹਦੇ ਉਤੇ ਕੀ ਹੈ, ਕਹਿੰਦੇ ਇੱਕ ਲਾਈਨ 'ਚੋਂ ਕੱਢ ਕੇ ਦੇਖ ਲੈਂਦੇ ਹਾਂ। ਇੱਕ ਉਠ ਕੱਢ ਲਿਆ, ਜਿਸ ਵਕਤ ਬਿਠਾਇਆ, ਉਹਦੇ ਉਤੇ ਦੋ ਬਕਸੇ ਲੱਦੇ ਹੋਏ, ਬਕਸਾ ਖੋਲ੍ਹਿਆ ਤਾਂ ਇੱਕ ਆਂਡਾ ਵਿਚੋਂ ਕੱਢ ਲਿਆ। ਆਂਡਾ ਭੰਨਿਆਂ ਤਾਂ ਕੀ ਦੇਖਦੇ ਨੇ ਕਿ ਇੱਕ ਬ੍ਰਹਿਮੰਡ ਦਿਸਿਆ ਸਾਰਾ। ਕਹਿੰਦਾ ਐਨੇ ਬ੍ਰਹਿਮੰਡ ਨੇ, ਪ੍ਰਮੇਸ਼ਰ ਦਾ ਕੋਈ ਅੰਤ ਨਹੀਂ ਹੈ, ਕਿੰਨੀ ਕੁਦਰਤ ਹੈ ਉਹਦੀ, ਇਥੇ ਤਾਂ ਵਾਹ-ਵਾਹ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਵਾਹਿਗੁਰੂ-ਵਾਹਿਗੁਰੂ। ਇਹੀ ਅੰਤਮ ਨਾਮ ਹੈ। ਪੀਰ ਚੁੱਪ ਕਰ ਗਿਆ, ਕਹਿੰਦਾ ਫੇਰ ਅਸੀਂ ਤਾਂ, ਤਾਂ ਮੰਨਦੇ ਹਾਂ ਜੇ ਸਾਨੂੰ ਦਿਖਾਵੇਂ। ਭਾਈ ਗੁਰਦਾਸ ਜੀ ਲਿਖਦੇ ਨੇ –

***ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।***
***ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।***
***ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰਿ ਸੁਣਾਈ।***
***ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।***
***ਭਾਈ ਗੁਰਦਾਸ ਜੀ, ਵਾਰ 1/36***

ਸਾਨੂੰ ਦਿਖਾਲ, ਮਹਾਰਾਜ ਕਹਿੰਦੇ ਚੱਲ ਪੀਰ ਜੀ! ਤੈਨੂੰ ਦਿਖਾਲੀਏ। ਲੱਖਾਂ ਹੀ ਆਕਾਸ਼ ਪਾਤਾਲ, ਪੀਰ ਕਹਿੰਦਾ ਮੇਰੀ ਉਮਰ ਬੁਢਾਪੇ ਦੀ ਹੈ। ਦੇਖਦੇ-ਦੇਖਦੇ ਮੈਂ ਉਥੇ ਹੀ ਨਾ ਚੜ੍ਹਾਈ ਕਰ ਜਾਵਾਂ। ਐਉਂ ਕਰੋ ਮੇਰੇ ਲੜਕੇ ਨੂੰ ਲੈ ਜਾਓ। ਕਹਿੰਦੇ ਇਤਬਾਰ ਹੈ ਤੈਨੂੰ ਇਸ ਲੜਕੇ 'ਤੇ। ਕਹਿੰਦੇ

ਹਾਂ, ਇਹ ਲੜਕਾ ਬਿਲਕੁਲ ਕਾਬਲ ਹੈ, ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਸੀ, ਉਹਦਾ ਨਾਉਂ ਬਹਿਲੋਲ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਇੱਥੇ ਹੀ ਬੈਠਿਓ, ਆਏ ਅਸੀਂ। ਉਸ ਵੇਲੇ ਬਾਂਹ ਫੜ ਲਈ, ਕਹਿੰਦੇ ਮੀਚ ਅੱਖਾਂ। ਨੇਤਰ ਬੰਦ ਕਰ ਲਏ, ਦੇਖ ਆਕਾਸ਼, ਦੇਖ ਆਕਾਸ਼, ਦੇਖਦਾ ਹੀ ਤੁਰਿਆ ਜਾਂਦਾ ਹੈ, ਦੇਖਦਾ ਹੀ ਤੁਰਿਆ ਜਾਂਦਾ ਹੈ। ਦਿਨ ਰਾਤ ਮੁਕਦੇ ਜਾਂਦੇ ਨੇ। ਥੱਕ ਗਿਆ। ਕਹਿੰਦਾ, ਇਹ ਤਾਂ ਅੰਤ ਹੀ ਨਹੀਂ ਆਉਂਦਾ। ਕਹਿੰਦਾ, ਚੱਲ ਤੈਨੂੰ ਪਾਤਾਲ ਦਿਖਾਈਏ। ਫੇਰ ਪਾਤਾਲ ਦਿਖਾਉਣੇ ਸ਼ੁਰੂ ਕਰ ਦਿਤੇ। ਕਹਿੰਦਾ ਮਹਾਰਾਜ! ਇਹ ਤਾਂ ਪਤਾ ਨਹੀਂ ਕਿੰਨੇ ਕੁ ਸਾਲ ਆਪਾਂ ਨੂੰ ਹੋ ਗਏ, ਉਹ ਤਾਂ ਮਰ-ਮੁਰ ਵੀ ਗਏ ਹੋਣੇ, ਜਿਹਨੂੰ ਅਸੀਂ ਜਾ ਕੇ ਦਸਣਾ ਸੀ। ਹੁਣ ਕ੍ਰਿਪਾ ਕਰੋ ਆਪਾਂ ਵਾਪਸ ਚੱਲੀਏ। ਕਹਿੰਦੇ, ਮਰੇ ਨਹੀਂ ਹੈਗੇ ਇਹ ਸਮੇਂ ਦਾ ਹੇਰ ਫੇਰ ਹੈ। ਇਹ ਗੱਲ ਸਮਝ 'ਚ ਨਹੀਂ ਆਉਂਦੀ, ਦੁਨੀਆਂ ਦੇ, ਸਮੇਂ ਦਾ ਹੇਰ ਫੇਰ ਹੈ। ਇਸ ਤਰ੍ਹਾਂ ਕਰ ਤੇਰੇ ਅੱਬਾ ਜਾਨ ਨੇ ਨਹੀਂ ਮੰਨਣਾ, ਆਹ ਦੇਖ ਆਪਣੀ ਸੰਗਤ। ਅੱਗੇ ਗਏ ਤਾਂ ਇਕ ਸੰਗਤ ਹਰੀ ਦਾ ਜਸ ਕਰ ਰਹੀ ਹੈ, ਜਿਸ ਵਕਤ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਉਸੇ ਵੇਲੇ ਸਾਰੀ ਸੰਗਤ ਸਤਿਕਾਰ ਵਾਸਤੇ ਨਮਸ਼ਕਾਰਾਂ ਕਰਨ ਲਗ ਗਈ। ਮਹਾਰਾਜ ਸੰਗਤ 'ਚ ਬੈਠ ਗਏ। ਪ੍ਰਸ਼ਾਦ ਵਰਤਾਓ ਭਾਈ, ਪ੍ਰਸ਼ਾਦ ਵਰਤਾਇਆ, ਬਰਤਨ ਲਿਆ, ਉਹਦੇ ਵਿਚ ਉਹਨੂੰ ਪ੍ਰਸ਼ਾਦ ਪਾ ਦਿੱਤਾ। ਫੇਰ ਅਗਲੇ ਪਾਤਾਲ 'ਚ ਗਏ, ਫੇਰ ਪ੍ਰਸ਼ਾਦ। ਜਿੱਥੇ ਦੇਖੇ ਗੁਰੂ ਨਾਨਕ ਦੀ ਸੰਗਤ, ਕਹਿਣ ਲੱਗਿਆ ਹੈਂ, ਕ੍ਰੋੜਾਂ ਬ੍ਰਹਿਮੰਡਾਂ ਵਿਚ ਇੱਕੋ ਗੁਰੂ ਨਾਨਕ ਪਾਤਸ਼ਾਹ ਨੇ। ਜੇ ਮੈਂ ਧੋਖਾ ਨਾ ਖਾਵਾਂ ਇਹ ਤਾਂ ਅੱਲਾਹ ਤਾਲਾਹ ਆਪ ਆ ਗਿਆ। ਬੋਲਦਾ ਨਹੀਂ ਹੁਣ, ਵਿਸਮਾਦ 'ਚ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਚੱਲ ਆ ਹੁਣ ਚੱਲੀਏ। ਭਾਂਡਾ ਭਰਿਆ ਹੋਇਆ ਹੈ ਪ੍ਰਸ਼ਾਦ ਦਾ। ਥਾਂ-ਥਾਂ 'ਤੇ ਕੜਾਹ ਪ੍ਰਸ਼ਾਦ, ਥਾਂ-ਥਾਂ ਤੋਂ ਕੜਾਹ ਪ੍ਰਸ਼ਾਦ। ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੀਆਂ ਸੰਗਤਾਂ, ਏਸ ਵੇਲੇ ਸਾਰੇ ਬ੍ਰਹਿਮੰਡਾਂ 'ਚ ਅਕਾਲ ਪੁਰਖ ਨੇ ਸਾਡੀ ਡਿਊਟੀ ਲਾਈ ਹੈ।

ਸਾਧਸੰਗਤ ਜੀ! ਸਾਡਾ ਹੀ ਨਹੀਂ ਇਕੱਲਿਆਂ ਦਾ ਸ੍ਰੀ ਗੁਰੂ ਨਾਨਕ ਦੇਵ ਜੀ। ਉਹ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀਆਂ ਜਿੰਨੀਆਂ ਅਬਾਦੀਆਂ ਨੇ ਸਭ ਦਾ ਹੀ ਹੈ। ਹੋ ਸਕਦਾ ਹੈ ਸਾਡੇ ਨਾਲੋਂ ਜ਼ਿਆਦਾ ਉਨ੍ਹਾਂ ਦੀ ਕਦਰ ਪਾ ਲਈ ਹੋਵੇ। ਅਸੀਂ ਤਾਂ ਪਾਈ ਨਹੀਂ ਹੈ, ਅਸੀਂ ਤਾਂ ਸ਼ਰਾਬ ਹੀ ਨਹੀਂ ਛੱਡਦੇ, ਉਹਦੇ ਕਹਿਣ 'ਤੇ। ਨਾਮ ਹੀ ਨਹੀਂ ਜਪਦੇ। ਸੋ ਉਸ ਵੇਲੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਏਧਰ ਥੋੜ੍ਹਾ ਜਿਹਾ ਸਮਾਂ ਲੰਘਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਨਾਲਿ ਲੀਤਾ ਬੇਟਾ ਪੀਰ ਦਾ***
***ਅਖੀ ਮੀਟਿ ਗਇਆ ਹਾਵਾਈ।***
***ਲਖ ਆਕਾਸ ਪਤਾਲ ਲਖ***
***ਅਖਿ ਫੁਰਕ ਵਿਚਿ ਸਭਿ ਦਿਖਲਾਈ।***

*ਭਰਿ ਕਚਕੌਲ ਪ੍ਰਸਾਦਿ ਦਾ*
*ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ।*

***ਭਾਈ ਗੁਰਦਾਸ ਜੀ, ਵਾਰ 1/36***

ਹੁਣ ਕਿਵੇਂ ਛੁਪ ਜਾਵੇ। ਉਹਨੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਕਹਿੰਦਾ ਅੱਬਾ ਜਾਨ! ਸਿਜਦਾ ਕਰੋ ਇਹ ਤਾਂ ਖੁਦਾਵੰਦ ਤਾਲਾ ਆਪ ਆ ਗਿਆ। ਆਪ ਹੀ ਹੈ, ਮੈਂ ਸਭ ਕੁਛ ਦੇਖ ਲਿਆ। ਜੋ ਕਹਿੰਦੇ ਨੇ ਠੀਕ ਹੈ ਇਸਦਾ ਕੋਈ ਅੰਤ ਨਹੀਂ ਆਉਣਾ, ਤੇ ਹੁਣ ਕੌਣ ਹੈ ਜਿਹੜਾ ਇਹ ਚੀਜ਼ ਕਰ ਦੇਵੇ –

*ਧਾਰਨਾ – ਵਾਹਵਾ ਵਾਹਵਾ ਬਈ*
*ਝੱਲੇ ਕਿਹੜਾ ਝਾਲ ਗੁਰਾਂ ਦੀ।*

ਲੱਖਾਂ ਆਕਾਸ਼ ਪਾਤਾਲ ਦਿਖਾਏ।

*ਜਾਹਰ ਕਲਾ ਨ ਛਪੈ ਛਪਾਈ।*

***ਭਾਈ ਗੁਰਦਾਸ ਜੀ, ਵਾਰ 1/36***

ਕੌਣ ਸੀ ਦੁਨੀਆਂ ਦੇ ਅੰਦਰ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਝਾਲ ਝੱਲ ਸਕਦਾ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਵਾਹਿਗੁਰੂ ਨਾਮ ਦਾ ਸਤਿਨਾਮੁ ਦਾ ਡੰਕਾ ਸਾਰੇ ਸੰਸਾਰ 'ਚ ਵਜਾ ਕੇ, ਸਾਰਾ ਸੰਸਾਰ ਜਿੱਤ ਲਿਆ –

*ਧਾਰਨਾ – ਸਤਿਨਾਮ ਵਾਲਾ ਡੰਕਾ ਵਜਾ ਕੇ,*
*ਬਾਬੇ ਜਿੱਤੀ ਸਾਰੀ ਦੁਨੀਆਂ।*

*ਗੜ ਬਗਦਾਦੁ ਨਿਵਾਇਕੈ*
*ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ*
*ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।*
*ਜੀਤੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈਤ ਸਭ*
*ਚਿਤਿ ਗੁਪਤਿ ਸਭ ਚਰਨੀ ਲਾਇਆ।*
*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।*
*ਭਇਆ ਅਨੰਦੁ ਜਗਤੁ ਵਿਚਿ*
*ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਣਿ ਨਿਵਾਇਆ।*

***ਭਾਈ ਗੁਰਦਾਸ ਜੀ, ਵਾਰ 1/37***

*ਧਾਰਨਾ – ਵਾਹਵਾ-ਵਾਹਵਾ ਬਈ ਕਲਜੁਗ ਤਾਰਨੇ ਨੂੰ।*
*ਸਤਿਗੁਰ ਨਾਨਕ ਜਗ ਵਿਚ ਆਇਆ।*

ਸੋ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸ਼ਬਦ ਸੁਰਤਿ ਦਾ ਨਾਮ ਮਾਰਗ ਪ੍ਰਚਲਤ ਕੀਤਾ। ਗ੍ਰਿਹਸਤ ਵਿਚ ਰਹਿੰਦੇ ਹੋਏ, ਕਾਰੋਬਾਰ ਕਰਦੇ

ਹੋਏ, ਨੇਕ ਨੀਤ ਹੋ ਕੇ, ਪ੍ਰਮੇਸ਼ਰ ਦੇ ਦਰ 'ਤੇ ਪਹੁੰਚਣ ਦੀ ਜਾਂਚ ਦੱਸੀ। ਜ਼ਿੰਦਗੀ ਨੂੰ ਸੁਖਾਲਾ ਕਰ ਦਿੱਤਾ, ਭਰਮਾਂ-ਭੁਲੇਖਿਆਂ ਵਿਚੋਂ ਕੱਢ ਦਿੱਤਾ। ਮਨੁੱਖ ਕਿਹੋ ਜਿਹਾ ਹੀ ਹੈ, ਜਿਹੋ ਜਿਹਾ ਵੀ ਹੈ, ਜੇ ਉਹਦਾ ਪ੍ਰਮੇਸ਼ਰ ਵਲ ਉਸ ਦਾ ਚਿੱਤ ਹੋ ਜਾਵੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੁੰਦਾ ਹੈ। ਸਾਨੂੰ ਰੂਪ-ਰੇਖਾਂ 'ਚੋਂ, ਭੇਖਾਂ 'ਚੋਂ ਕੱਢ ਦਿੱਤਾ, ਨਿਰਾਰਥਕ ਰਸਮਾਂ ਵਿਚੋਂ ਕੱਢ ਦਿੱਤਾ। ਜੇ ਜਨੇਊ ਨੂੰ ਦੇਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਕਹਿ ਦਿੱਤਾ ਕਿ ਇਹ ਜਨੇਊ ਸੱਚ ਦਾ ਨਹੀਂ ਹੈ। ਜਨੇਊ ਉਹ ਪਾਇਆ ਜਿਹੜਾ ਦਰਗਾਹ ਵਿਚ ਨਾਲ ਜਾਵੇ। ਮੱਥੇ 'ਤੇ ਚਿੰਨ੍ਹ ਉਹ ਲਾ, ਜਿਹੜਾ ਦਰਗਾਹ ਦੇ ਵਿਚ ਨਿਸ਼ਾਨ ਬਣ ਜਾਵੇ, ਉਹ ਨਾਮ ਦਾ ਹੈ। ਇਸੇ ਤਰ੍ਹਾਂ ਜੇ ਨਮਾਜ਼ ਪੜ੍ਹਨੀ ਹੈ ਤਾਂ ਚਿੱਤ ਨੂੰ ਇਕਾਗਰ ਕਰਕੇ ਹਰੀ ਦੀ ਹਜ਼ੂਰੀ ਵਿਚ ਪੜ੍ਹ। ਅੱਖਰ ਨਾ ਗਿਣ, ਅੱਖਰ ਗਿਣਨ ਤੋਂ ਹਟਾ ਦਿੱਤਾ, ਜਿੰਦ ਪਾ ਦਿੱਤੀ ਧਰਮ ਦੇ ਅੰਦਰ ਤੇ ਨਵੀਂ ਰੌਂ ਦੇ ਕੇ ਨਵੇਂ ਖਿਆਲ ਦੇ ਕੇ, ਨਰੋਏ ਮਨੁੱਖ ਪੈਦਾ ਕਰਕੇ ਉਹਨੂੰ ਖਾਲਸੇ ਦੀ ਪਦਵੀ ਦੇ ਦਿਤੀ। ਬ੍ਰਹਮਗਿਆਨੀ ਦੀ ਤੇ ਸੰਸਾਰ ਦੇ ਉਧਾਰ ਵਾਸਤੇ ਜੁਗੋ ਜੁਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਸਾਰ ਨੂੰ ਸੇਧ ਦੇ ਦਿਤੀ। ਹੁਣ ਅਸੀਂ ਲੋਕ ਹਾਂ ਸਾਡਾ ਫਰਜ਼ ਬਣ ਜਾਂਦਾ ਹੈ। ਅਸੀਂ ਆਪ ਕਿੰਨਾ ਬਾਣੀ ਦੇ ਉਤੇ ਚੱਲ ਕੇ ਕਮਾਈ ਕਰਦੇ ਹਾਂ। ਕਿੰਨਾ ਕੁ ਸਾਧਨ ਕਰਦੇ ਹਾਂ। ਪਹਿਲਾਂ ਆਪਣੇ ਆਪ ਨੂੰ ਸਮਝਾਵੇ -

***ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥***

***ਅੰਗ - 31***

ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰੋ, ਫੇਰ ਕਿਸੇ ਨੂੰ ਕੋਈ ਗੱਲ ਕਹੋ। ਜੇ ਗੱਲ ਦੂਜੀ ਕਹੀ ਜਾਵੇ ਉਹਦਾ ਅਸਰ ਨਹੀਂ ਹੋਇਆ ਕਰਦਾ, ਅਸਰ ਉਸੇ ਗੱਲ ਦਾ ਹੁੰਦਾ ਹੈ, ਜੋ ਮਨੁੱਖ ਆਪ ਕਰਦਾ ਹੈ। ਗੁਰੂ ਨਾਨਕ ਨੇ ਨਿਰੰਕਾਰ ਦੀ ਆਵਾਜ਼ ਮਾਰੀ ਸੁੰਨ ਮੁੰਨ ਨਗਰੀ ਹੋ ਗਈ। ਅਸੀਂ ਜਿੰਨੀਆਂ ਜੀਅ ਕਰਦਾ ਹੈ ਮਾਰੀ ਜਾਈਏ, ਚਿੜੀ ਵੀ ਨਹੀਂ ਉਡਦੀ। ਸੋ ਫਰਕ ਹੈ ਸਾਡੀ ਕਮਾਈ ਦੇ ਵਿਚ। ਸੋ ਸਾਧਸੰਗਤ ਜੀ! ਗੁਰੂ ਨਾਨਕ ਨੂੰ ਪਛਾਣੋ।

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ - 1395***

ਹਾਜ਼ਰ ਨਾਜ਼ਰ ਨੇ ਉਨ੍ਹਾਂ ਦਾ ਧਿਆਨ ਕਰੋ, ਧਿਆਨ ਕਰਕੇ ਪ੍ਰਮੇਸ਼ਰ ਦਾ ਨਾਮ ਜਪੋ ਤੇ ਆਪਣਾ ਜੀਵਨ ਸਫਲਾ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

***ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ***

# 14

## ਮਹਾਨ ਸ਼ਹੀਦੀ ਸਾਕਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - 694*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ,

ਸਤਿਨਾਮੁ ਸ੍ਰੀ ਵਾਹਿਗੁਰੂ। ਇਸ ਪੰਡਾਲ ਦੇ ਆਖਰੀ ਦੀਵਾਨ ਵਿਚ ਆਪ ਕਾਰੋਬਾਰ ਛੱਡਦੇ ਹੋਏ ਪਹੁੰਚੇ ਓਂ। ਮਾਨਸ ਜਨਮ ਦੀ ਮਹੱਤਤਾ, ਪ੍ਰਮੇਸ਼ਰ ਕਿਵੇਂ ਮਿਲਦਾ ਹੈ, ਗੁਰੂ ਧਾਰਨ ਤੋਂ ਬਗੈਰ ਰਸਤਾ ਨਹੀਂ ਲੱਭਦਾ। ਇਸ ਤਰ੍ਹਾਂ ਹੀ ਬਹੁਤ ਸਾਰੇ ਬਚਨ ਆਪ ਨੇ ਸਰਵਣ ਕਰੇ, ਗੁਰਬਾਣੀ ਦੇ ਆਧਾਰ 'ਤੇ। ਮੇਰੇ ਪਿਛਲੇ ਪਾਸੇ ਇੱਕ ਬੋਰਡ ਲੱਗਿਆ ਹੋਇਆ ਹੈ ਉਸ 'ਤੇ ਲਿਖਿਆ ਹੋਇਆਂ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਇਹ ਦੀਵਾਨ ਸਮਰਪਿਤ ਕਰਦੇ ਹਾਂ। ਬਹੁਤ ਵੱਡੀ ਚੀਜ਼ ਹੈ ਕਿ ਇੱਕ ਐਸਾ ਵਾਕਿਆ ਜੋ ਦੁਨੀਆਂ ਦੇ ਵਿਚ ਕਿਤੇ ਵੀ ਨਹੀਂ ਹੋਇਆ। ਮਿਸਾਲ ਹੀ ਨਹੀਂ ਜਿਸਦੀ ਮਿਲਦੀ। ਉਸ ਨੂੰ ਸਮਰਪਿਤ ਕਰਨ ਵਾਸਤੇ ਆਪ ਹੁੰਮ-ਹੁੰਮਾ ਕੇ, ਪਹੁੰਚਦੇ ਓਂ, ਦੀਵਾਨ ਅਸਥਾਨ ਦੇ ਅੰਦਰ। ਜਦੋਂ ਤੱਕ ਸਾਨੂੰ ਸਹੀ ਗੱਲ ਦਾ ਪਤਾ ਨਹੀਂ ਲਗਦਾ, ਓਨੀਂ ਦੇਰ ਤੱਕ ਬਹੁਤ ਕਿਸਮ ਦੇ ਸਾਡੇ ਮਨਾਂ ਦੇ ਅੰਦਰ ਖਿਆਲ ਆਪੋ ਆਪਣਾ ਰੰਗ ਦਿੰਦੇ ਨੇ। ਗੁਰੂ ਦਸ਼ਮੇਸ਼ ਪਿਤਾ ਦਾ ਜੀਵਨ ਜੋ ਹੈ ਪਿਆਰ ਭਰਿਆ ਹੈ। ਜਿੰਨਾਂ ਪਿਆਰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੀਤਾ ਹੈ, ਉਥੇ ਆਪ ਨੇ ਫੁਰਮਾਨ ਇਹ ਕਰ ਦਿੱਤਾ ਕਿ ਪਿਆਰਿਓ! ਰੱਬ ਨੂੰ ਮਿਲਣਾ ਚਾਹੁੰਦੇ ਓਂ, ਪਰ ਇੱਕ ਮੇਰੀ ਗੱਲ ਸੁਣ ਲਓ -

*ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ*
*ਤਿਨ ਹੀ ਪ੍ਰਭ ਪਾਇਓ॥* *(ਸ੍ਵਯੇ ਪਾ. 10)*

ਸੋ ਪਿਆਰ ਦੇ ਸਾਗਰ ਸਨ ਆਪ। ਐਨੇ ਪਿਆਰ ਦੇ ਹੁੰਦਿਆਂ ਯੁੱਧ ਜੰਗ ਕਿਵੇਂ ਗਲ ਪੈ ਗਏ? ਯੁੱਧ ਤਾਂ ਉਹਦੇ ਨਾਲ ਹੀ ਪੈਂਦੇ ਨੇ ਜਿਹਨੇ ਕੁਛ ਗੈਰ-ਕਾਨੂੰਨੀ ਕਰੀ ਹੋਵੇ, ਗਲਤ ਕੰਮ ਕਰੇ ਹੋਣ, ਜਾਂ ਆਪ ਰਾਜ ਵਗੈਰਾ ਲੈਣਾ ਚਾਹੁੰਦੇ ਹੁੰਦੇ, ਤਾਂ ਯੁੱਧ ਪੈਂਦੇ ਨੇ ਗਲ। ਉਹ ਤਾਂ ਆਰਾਮ ਦੇ ਨਾਲ ਐਸੇ-ਐਸੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਾਰਜ ਕੀਤੇ, ਆਪਣੀ ਛੋਟੀ ਜਿਹੀ ਜ਼ਿੰਦਗੀ 'ਚ, 42 ਕੁ ਸਾਲ ਦੇ ਸਨ ਆਪ। ਹੈਰਾਨ ਹੋ ਜਾਈਦਾ ਹੈ ਕਿ ਆਪ ਨੂੰ ਸਮਾਂ ਕਿੱਥੋਂ ਮਿਲ ਗਿਆ, ਐਨੀਆਂ ਪੁਸਤਕਾਂ ਤੇ ਐਨਾ ਲਿਖਣ ਵਾਸਤੇ ਤੇ ਫੇਰ ਕਿੱਡੀ ਵੱਡੀ ਸੋਚ, ਉਥੇ ਚੁੱਪ ਕਰ ਜਾਈਦਾ ਹੈ ਕਿ ਉਨ੍ਹਾਂ ਦੇ ਬਾਰੇ ਸੋਚਿਆ ਨਹੀਂ ਜਾ ਸਕਦਾ। ਆਪ ਦਾ ਸਾਰਿਆਂ ਨਾਲ ਪਿਆਰ ਸੀ, ਸਭ ਧਰਮਾਂ ਨਾਲ। ਆਪ ਦੇ ਖਿਲਾਫ ਜੋ ਯੁੱਧ ਜੰਗ ਹੋਏ ਨੇ, ਉਹਦੇ 'ਚ ਅਸੀਂ ਕਿਸੇ ਕੌਮ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ, ਇਹ ਗੱਲ ਧਿਆਨ ਨਾਲ ਸੁਣਿਓ।

300 ਸਾਲ ਤੋਂ ਸਾਡੇ ਬਜ਼ੁਰਗ ਇੱਕ ਗੱਲ ਕਹਿੰਦੇ ਆਉਂਦੇ ਸੀ, ਉਹ ਗੱਲ ਇਹ ਸੀ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਕਦੋਂ ਗੱਲ ਚੱਲ ਪਈ, ਵਾਹਿਗੁਰੂ ਜਾਣੇ। ਫੇਰ ਨਾਲ ਇਹ ਕਹਿ ਦਿੰਦੇ ਸੀ, ਜਦੋਂ ਮੈਂ ਛੋਟਾ ਸੀ, ਜਦ ਮੈਂ ਸੁਣਦਾ ਹੁੰਦਾ ਕਿ ਲਾਲਾ ਹੁੰਦਾ ਹੈ ਗੁੜ ਦਾ ਗਰਮ, ਨਾ ਤਾਂ ਗੁੜ ਬਣਿਆ ਹੁੰਦਾ, ਨਾ ਰਸ ਹੀ ਹੁੰਦਾ ਹੈ ਉਸ ਵਿਚ, ਵਿਚ ਵਿਚਾਲੇ ਜਿਹੇ ਹੁੰਦਾ ਹੈ। ਹੱਥ ਨਾਲ ਚਿੰਬੜ ਜਾਂਦਾ ਹੈ ਉਹ। ਜੇ ਬਾਂਹ ਪਾ ਦਿਓ ਉਹਦੇ ਵਿਚ ਬਾਂਹ ਦੇ ਉਤੇ ਉਹਦੀਆਂ ਤੈਹਾਂ ਦੀਆਂ ਤੈਹਾਂ ਜਮ

ਜਾਂਦੀਆਂ ਨੇ। ਫੇਰ ਕਹਿੰਦੇ ਤਿਲਾਂ 'ਚ ਪਾ ਦੇਵੋ। ਜਿੰਨੇ ਤਿਲ ਜੜ ਜਾਣ, ਜੇ ਐਨੀਆਂ ਸਹੁੰਆਂ ਇਸਲਾਮ ਵਾਲਾ ਮੁਸਲਮਾਨ ਖਾਵੇ, ਤਾਂ ਵੀ ਨਾ ਇਤਬਾਰ ਕਰੋ। ਐਸੀਆਂ ਬਾਤਾਂ ਸੀਨਾ-ਬ-ਸੀਨਾ ਚਲਦੀਆਂ ਹੋਈਆਂ, ਬਗੈਰ ਸੋਚ ਤੋਂ ਅਸੀਂ ਇਸਨੂੰ ਦੱਬੀ ਗਏ, ਪਰ ਜਦੋਂ ਅਸੀਂ ਗੁਰੂ ਸਾਹਿਬ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਹਨੇ ਗੁਰੂ ਸਾਹਿਬ ਦੀ ਪੈਗੰਬਰੀ ਦਾ ਐਲਾਨ ਕੀਤਾ ਹੈ, ਉਹ ਭੀਖਣਸ਼ਾਹ ਪੀਰ ਸੀ। ਮੁਸਲਮਾਨ ਸੀ। ਮੁਸਲਮਾਨਾਂ ਦਾ ਨਿਹਚਾ ਸੀ ਕਿ ਆਖਰੀ ਪੈਗੰਬਰ ਮੁਹੰਮਦ ਸਾਹਿਬ ਹੈ। ਪਰ ਈਸਾ ਜੀ ਨੇ 1600 ਸਾਲ ਪਹਿਲਾਂ ਇਹ ਗੱਲ ਕਹਿ ਦਿੱਤੀ ਸੀ ਕਿ ਇੱਕ ਪੈਗੰਬਰ ਸੰਸਾਰ 'ਤੇ ਆ ਰਿਹਾ ਹੈ। ਅੱਜ ਮੈਂ ਉਹ ਦੇਖਿਆ ਹੈ, ਅਸਮਾਨ ਖੁੱਲ੍ਹ ਗਿਆ ਮੇਰੇ ਸਾਮ੍ਹਣੇ। ਉਹ ਸਫੈਦ ਘੋੜੇ 'ਤੇ ਥੋੜ੍ਹਾ ਜਿਹਾ ਨੀਲੇ ਰੰਗ ਦਾ ਹੈ, ਉਹਦੇ ਉਤੇ ਬੈਠਾ ਹੈ। ਕਮਾਨ ਉਹਨੇ ਮੋਢੇ 'ਚ ਪਾਈ ਹੋਈ ਹੈ, ਦੂਜੇ ਮੋਢੇ 'ਚ, ਭੱਥੇ 'ਚ ਤੀਰ ਪਾਏ ਹੋਏ ਨੇ। ਤਲਵਾਰ ਲਟਕਦੀ ਹੈ, ਉਹਦੇ ਘੋੜੇ ਦੀ ਜੋ ਥੈਲੀ ਹੈ ਉਹਦੇ ਨਾਲ। ਬਰਛਾ ਲਟਕ ਰਿਹਾ ਹੈ। ਸ਼ਸਤਰਧਾਰੀ ਹੋ ਕੇ ਆ ਰਿਹਾ ਹੈ, ਕਲਗੀ ਲੱਗੀ ਹੋਈ ਹੈ ਤੇ ਸੱਚੇ ਪਾਤਸ਼ਾਹ ਕਹਾਉਂਦਾ ਹੈ। 1600 ਸਾਲ ਪਹਿਲਾਂ ਇਹ ਪੇਸ਼ੀਨਗੋਈ ਈਸਾ ਜੀ ਨੇ ਦੋ ਵਾਰੀ ਆਪਣੇ ਚੇਲਿਆਂ ਨੂੰ ਸੁਣਾਈ। ਉਸ ਤੋਂ ਬਾਅਦ ਕੋਈ ਵੀ ਐਸਾ ਮਹਾਂਪੁਰਸ਼ ਨਹੀਂ ਆਇਆ ਜਿਹਦੀ ਇਹ ਸ਼ਕਲ ਹੋਵੇ। ਇਸਲਾਮ ਵਾਲਿਆਂ ਦਾ ਖਿਆਲ ਸੀ ਕਿ ਮੁਹੰਮਦ ਸਾਹਿਬ ਆਖਰੀ ਪੈਗੰਬਰ ਨੇ, ਇਨ੍ਹਾਂ ਤੋਂ ਬਾਅਦ ਕੋਈ ਆ ਨਹੀਂ ਸਕਦਾ। ਠੀਕ ਹੈ ਉਨ੍ਹਾਂ ਦਾ ਨਿਸ਼ਚਾ ਇਵੇਂ ਜਿਵੇਂ ਹੋਣਾ ਚਾਹੀਦਾ। ਆਪਣੇ ਗੁਰੂ 'ਤੇ, ਆਪਣੇ ਪੀਰ ਪੈਗੰਬਰ 'ਤੇ ਨਿਸ਼ਚਾ ਪੂਰਾ ਹੋਣਾ ਚਾਹੀਦਾ ਹੈ। ਪਰ ਇਹ ਜੋ ਦੁਨੀਆਂ ਹੈ, ਇਹ infinity (ਬੇਅੰਤ) ਹੈ, ਅੰਗ੍ਰੇਜ਼ੀ ਦਾ ਅੱਖਰ ਹੈ। ਜਿਹਦਾ ਕੋਈ ਹੱਦ ਬੰਨਾ ਹੀ ਨਾ ਹੋਵੇ, ਬੇਅੰਤ ਕਹਿ ਦਿਓ ਜਿਹਨੂੰ, ਉਹ ਹੈ ਇਹ। limit (ਸੀਮਾ) 'ਚ ਨਹੀਂ ਲਿਆਂਦੀ ਜਾ ਸਕਦੀ। ਇਹਦਾ ਕੋਈ ਅੰਤ ਨਹੀਂ, ਕਿਹੜੇ ਵੇਲੇ ਬਣੀ, ਕਿੰਨੀ ਦੇਰ ਇਹਨੇ ਰਹਿਣਾ ਹੈ, ਵਾਹਿਗੁਰੂ ਜਾਣੇ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥***

***ਅੰਗ - 4***

ਇਸ ਤੋਂ ਬਾਅਦ ਜਿੱਥੇ ਵੀ ਬਹੁਤ ਜ਼ਰੂਰੀ ਮਸਲੇ ਆਏ। ਉਥੇ ਇਸਲਾਮ ਵਾਲਿਆਂ ਨੇ ਹੀ ਹਮਦਰਦੀ ਦਿਖਾਈ ਬਹੁਤ, ਜ਼ਬਰਦਸਤ। ਇਤਿਹਾਸ ਗਵਾਹ ਹੈ।

ਜਦੋਂ ਆਪ ਲਖਨੌਰ ਆਉਂਦੇ ਨੇ, ਉਥੇ ਦਾ ਜੋ ਪੀਰ ਸੀ, ਉਹਨੇ ਸੱਤ ਸਿਜਦੇ ਕੀਤੇ, ਪਾਲਕੀ 'ਚੋਂ ਉਤਰ ਕੇ, ਜਿਹੜੇ ਮੁਰੀਦ ਸੀ ਉਹ ਕੱਟੜ ਕਿਸਮ ਦੇ ਹੁੰਦੇ ਨੇ, ਕਹਿਣ ਲੱਗੇ, ਪੀਰ ਜੀ! ਇਹ ਕੀ ਹੈ, ਬਾਲਕ ਨੂੰ ਤੁਸੀਂ ਕਿਉਂ ਸਿਜਦੇ ਕਰਦੇ ਓਂ? ਕਹਿਣ ਲੱਗੇ, ਅੱਖਾਂ ਖੋਲ੍ਹੋ। ਮੈਂ ਜਦੋਂ ਰੱਬ ਦੀ ਦਰਗਾਹ 'ਚ ਜਾਂਦਾ ਹਾਂ, ਉਥੇ ਇਹੀ ਹੁੰਦੇ ਹਨ

ਜਿਹੜਾ ਸਾਡੀਆਂ ਅਰਜ਼ੀਆਂ, ਪਰਚੇ ਅੱਗੇ ਲੈ ਕੇ ਜਾਂਦੇ ਹਨ। ਇਹ ਹੁਣ ਇਥੇ ਦੇਖੇ ਹਨ ਮੈਂ ਅੱਜ, ਫੇਰ ਕਿਉਂ ਨਾ ਮੈਂ ਸਿਜਦਾ ਕਰਾਂ। ਹੋਸ਼ 'ਚ ਆਓ, ਸ਼ਰਧਾ 'ਚ ਆਓ, ਤੁਸੀਂ ਵੀ ਸਾਰੇ ਮੱਥਾ ਟੇਕੋ। ਜਿਸ ਵਕਤ ਬਗੈਰ ਕਿਸੇ ਕਾਰਨ ਤੋਂ ਪਾਉਂਟਾ ਸਾਹਿਬ ਪਹਾੜੀਆਂ ਨੇ ਇਕੱਠੇ ਹੋ ਕੇ ਗੁਰੂ ਮਹਾਰਾਜ 'ਤੇ ਹਮਲਾ ਕਰ ਦਿੱਤਾ। ਮਹਾਰਾਜ ਇਸ ਤਰ੍ਹਾਂ ਕਹਿੰਦੇ ਸਨ –

*ਫਤੇ ਸਾਹ ਕੋਪਾ ਤਬਿ ਰਾਜਾ।*
*ਲੋਹ ਪਰਾ ਹਮ ਸੋਂ ਬਿਨੁ ਕਾਜਾ।* *ਬਚਿਤ੍ਰ ਨਾਟਕ*

ਅਸੀਂ ਤਾਂ ਉਹਦੀ ਲੜਕੀ ਨੂੰ ਤਿੰਨ ਲੱਖ ਦਾ ਤੰਬੋਲ ਭੇਜਿਆ ਸੀ, ਕਿਉਂਕਿ ਉਹਦੀ ਸ਼ਾਦੀ ਸੀ। ਉਸ ਵੇਲੇ ਦਾ ਤਿੰਨ ਲੱਖ, ਹੁਣ ਦੇ ਤਿੰਨ ਕਰੋੜ ਦੇ ਬਰਾਬਰ ਹੈ। ਤਿੰਨ ਕਰੋੜ ਦਾ ਸਮਾਨ ਰਾਜੇ ਨੂੰ ਮਹਾਰਾਜ ਜੀ ਨੇ ਭੇਜਿਆ ਕਿ ਇਹਦੀ ਲੜਕੀ ਦੀ ਸ਼ਾਦੀ ਹੈ, ਐਨੇ ਤੋਹਫੇ ਭੇਜੇ, ਸੈਂਕੜੇ ਹੀ ਘੋੜ ਸਵਾਰ ਲੈ ਕੇ ਗਏ। ਇਹ ਤਾਂ ਬਹੁਤ ਪਿਆਰ ਦਾ ਸਲੂਕ ਕਰ ਰਹੇ ਨੇ ਮਹਾਰਾਜ, ਉਧਰਲੇ ਪਾਸੇ ਗੁੰਦਾਂ ਗੁੰਦੀਆਂ ਜਾਂਦੀਆਂ ਨੇ ਕਿ ਇਨ੍ਹਾਂ ਦਾ ਸਮਾਨ ਖੋਹ ਲਓ। ਦੀਵਾਨ ਨੰਦ ਚੰਦ ਲੈ ਕੇ ਗਿਆ, ਉਹਨੂੰ ਪਤਾ ਲਗ ਗਿਆ ਉਹ ਵਾਪਸ ਲੈ ਆਇਆ। ਕਹਿੰਦਾ, ਸੱਚੇ ਪਾਤਸ਼ਾਹ ਉਹ ਤਾਂ ਐਨਾ ਮਾੜਾ ਕੰਮ ਕਰਦੇ ਨੇ, ਸਾਨੂੰ ਗਿਣਿਆ ਹੀ ਨਹੀਂ ਹੈ, ਜ਼ਬਰਦਸਤੀ ਖੋਹਣ ਲੱਗੇ ਸੀ ਸਾਰੇ। ਗਲਤ ਨੇ ਇਹ ਬੰਦੇ। ਅਖੀਰ ਇਹ ਹੋਇਆ ਕਿ ਲੜਾਈ ਬੜੀ ਜ਼ਬਰਦਸਤ ਪਾਉਂਟੇ ਸਾਹਿਬ ਹੋਈ। ਪਠਾਣ ਜੋ ਸੀ ਉਹ ਉਨ੍ਹਾਂ ਨੇ ਗੱਠ ਲਏ। ਚਾਰ ਸੌ ਪਠਾਣ। ਕਾਲੇ ਖਾਂ ਦਾ ਜੋ ਸੌ ਦਾ ਜੱਥਾ ਸੀ ਉਹ ਟਿਕਿਆ ਰਿਹਾ। ਬੁੱਧੂ ਸ਼ਾਹ ਨੂੰ ਪਤਾ ਲਗਦਾ ਹੈ, ਸੱਤ ਸੌ ਮੁਰੀਦ ਦੋ ਪੁੱਤਰ, ਦੋ ਆਪਣੇ ਰਿਸ਼ਤੇਦਾਰ, ਘਰਵਾਲੀ ਦੇ ਭਰਾ, ਮੈਦਾਨੇ–ਏ–ਜੰਗ 'ਚ ਲਿਆ ਕੇ ਐਨੇ ਜ਼ੋਰ ਨਾਲ ਲੜਿਆ ਕਿ ਉਹ ਪਾਸਾ ਦਬਿਆ ਹੀ ਨਾ ਬੁੱਧੂਸ਼ਾਹ ਵਾਲਾ, ਚੜ੍ਹਦਾ ਹੀ ਚਲਿਆ ਗਿਆ। ਅਖੀਰ ਰਾਜਿਆਂ ਨੂੰ ਹਾਰ ਹੋਈ, ਗੁਰੂ ਮਹਾਰਾਜ ਨੇ ਜਦੋਂ ਬਖਸ਼ਿਸ਼ਾਂ ਦੇਣੀਆਂ ਸ਼ੁਰੂ ਕਰੀਆਂ, ਬੁੱਧੂਸ਼ਾਹ ਦੀ ਵਾਰੀ ਆਈ। ਮਹਾਰਾਜ ਕਹਿਣ ਲੱਗੇ, ਪੀਰ ਬੁੱਧੂਸ਼ਾਹ! ਤੇਰੇ ਦੋ ਪੁੱਤਰ ਚੜ੍ਹਾਈ ਕਰ ਗਏ, ਦੋ ਸਾਲੇ ਚੜ੍ਹਾਈ ਕਰ ਗਏ। ਮੰਗ ਕੀ ਮੰਗਦਾ ਹੈਂ, ਜੋ ਮੰਗੇਂਗਾ, ਅਕਾਲਪੁਰਖ ਤੋਂ ਤੈਨੂੰ ਅੱਜ ਦਿਵਾ ਦੇਵਾਂਗੇ। ਪੀਰ ਇਹ ਬਚਨ ਸੁਣ ਕੇ ਝੁਕ ਗਿਆ, ਸਿਜਦੇ ਵਿਚ ਆ ਗਿਆ। ਕਹਿਣ ਲੱਗੇ, ਹੇ ਖੁਦਾਵੰਦ ਤਾਲਾ! ਜੇ ਕੁਛ ਤੂੰ ਮੈਨੂੰ ਦੇਣਾ ਚਾਹੁੰਦਾ ਹੈਂ, ਮੇਰੇ 'ਤੇ ਅਤਿ ਦਾ ਖੁਸ਼ ਹੋਇਆ ਹੈ ਤਾਂ ਆਹ ਜਿਹੜੇ ਤੁਹਾਡੇ ਕੰਘੇ 'ਚ, ਕੰਘਾ ਕਰਨ ਵੇਲੇ ਕੇਸ ਟੁੱਟੇ ਹੋਏ ਨੇ, ਕ੍ਰਿਪਾ ਕਰਕੇ ਮੈਨੂੰ ਇਹ ਦੇ ਦਿਓ, ਮੈਨੂੰ ਸਾਰੀ ਦੁਨੀਆਂ ਦੀ ਦੌਲਤ ਮਿਲ ਜਾਏਗੀ। ਮੈਨੂੰ ਅਫਸੋਸ ਨਹੀਂ ਪਾਤਸ਼ਾਹ। ਮੇਰੇ ਪੁੱਤਰ ਤੇਰੇ ਲੋਕ 'ਚ ਚਲੇ ਗਏ। ਉਨ੍ਹਾਂ ਨੇ ਜਨਮ ਸਫਲਾ ਕਰ ਲਿਆ। ਮੇਰੇ ਰਿਸ਼ਤੇਦਾਰ ਸਾਰੇ ਜਿਹੜੇ ਨੇ ਤੇਰੇ ਲੋਕ ਪਹੁੰਚ ਗਏ। ਉਨ੍ਹਾਂ ਨੇ ਬਗੈਰ ਤਪ ਕਰਨ 'ਤੇ ਬਹੁਤ ਵੱਡੀ ਪਦਵੀ ਪ੍ਰਾਪਤ ਕਰ ਲਈ। ਮੇਰੇ ਵਰਗਾ ਭਾਗਾਂ ਵਾਲਾ ਕੌਣ ਹੈ।

ਉਹ ਵੀ ਇਸਲਾਮ ਵਾਲਾ ਹੀ ਸੀ। ਕੌਣ ਕਿਸੇ ਦੇ ਵਾਸਤੇ ਕੁਰਬਾਨੀਆਂ ਦਿੰਦਾ ਹੈ? ਦੇਖੋ, ਪੀਰ ਬੁੱਧੂਸ਼ਾਹ ਮਹਾਰਾਜ ਨੂੰ ਇੱਕ ਵਾਰੀ ਮਿਲਿਆ ਹੈ, ਕਿੰਨਾਂ ਸ਼ਰਧਾਲੂ ਹੋਇਆ, ਕਿੱਡੀ ਵੱਡੀ ਉਹਨੇ ਕੁਰਬਾਨੀ ਕੀਤੀ। ਤਿੰਨ ਸੌ ਮੁਰੀਦ ਮਾਰਿਆ ਗਿਆ ਇਸ ਜੰਗ 'ਚ, ਸੱਤ ਸੌ ਵਿਚੋਂ। ਚਾਰ ਸੌ ਬਚੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ7 ਗੁਰੂ ਮਹਾਰਾਜ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਨਿਹੰਗ ਖਾਨ ਦੇ ਕੋਲ ਭਾਈ ਬਚਿੱਤਰ ਸਿੰਘ ਨੂੰ ਛੱਡਣ ਗਏ ਕਿ ਇਹ ਜ਼ਖਮੀ ਜ਼ਿਆਦਾ ਹੋ ਗਿਆ, ਸਾਡੇ ਨਾਲ ਜਾ ਨਹੀਂ ਸਕਦਾ। ਇਲਾਜ ਕਰਾਓ ਜੇ ਰਾਜ਼ੀ ਹੋ ਗਿਆ ਤਾਂ ਠੀਕ ਹੈ, ਨਹੀਂ ਜੇ ਚੜ੍ਹਾਈ ਕਰ ਗਿਆ ਤਾਂ ਤੁਸੀਂ ਇਹਦਾ ਸਸਕਾਰ ਬਾ-ਇਜ਼ਤ ਤਰੀਕੇ ਨਾਲ ਕਰ ਦਿਓ, ਕਿਉਂਕਿ ਸੂਰਮਾ ਹੈ, ਗੁਰਮੁਖ ਪਿਆਰਾ ਹੈ। ਪਿੱਛੇ ਹੀ ਫੌਜ ਆ ਜਾਂਦੀ ਹੈ, ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਕਿਲੇ ਦੀ ਤਲਾਸ਼ੀ ਹੋਣੀ ਸ਼ੁਰੂ ਹੋ ਗਈ। ਉਹ ਇੱਕ ਕਮਰਾ ਜਿਹੜਾ ਸੀ, ਉਹਦੀ ਤਲਾਸ਼ੀ ਨਾ ਉਹਨੇ ਹੋਣ ਦਿੱਤੀ, ਜਦੋਂ ਕਹਿਣ ਲੱਗੇ ਕਿ ਇਹ ਵੀ ਖੋਲ੍ਹ, ਕਹਿੰਦਾ ਇਹ ਨਹੀਂ ਮੈਂ ਖੋਲ੍ਹਣਾ ਮੇਰੀ ਅਣਖ ਦਾ ਸਵਾਲ ਹੈ। ਇਹਦੇ ਪਿੱਛੇ ਮੈਂ ਮਰ ਜਾਣਾ ਹੈ ਕਟ ਕੇ। ਇਹ ਕਮਰਾ ਨਹੀਂ ਮੈਂ ਖੋਲ੍ਹਣ ਦੇਣਾ। ਕਿਉਂ? ਕਹਿੰਦਾ ਐਸ ਵੇਲੇ ਮੇਰਾ ਦਾਮਾਦ ਤੇ ਮੇਰੀ ਲੜਕੀ ਕਮਰੇ ਦੇ ਅੰਦਰ ਨੇ। ਭਾਈ ਬਚਿੱਤਰ ਸਿੰਘ ਜ਼ਖਮੀ ਹੋਇਆ ਪਿਆ ਸੀ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੂੰ ਪਤਾ ਲੱਗਿਆ, ਉਹ ਲੜਕੀ ਕਹਿੰਦੀ ਅੱਬਾ ਜਾਨ! ਦੇਖੋ, ਨੇਕ ਲੜਕੀਆਂ ਮਾਂ-ਬਾਪ ਦੇ ਬਚਨ ਨੂੰ ਪਾਲਦੀਆਂ ਨੇ। ਤੇਰੇ ਮੁੱਖ ਤੋਂ ਬਚਨ ਨਿਕਲ ਗਿਆ ਕਿ ਮੇਰਾ ਦਾਮਾਦ 'ਤੇ ਮੇਰੀ ਲੜਕੀ ਅੰਦਰ ਕਮਰੇ ਵਿਚ ਨੇ। ਹੁਣ ਮੇਰੇ ਵਾਸਤੇ ਕੋਈ ਵਰ ਨਾ ਟੋਲ੍ਹੀਂ। ਮੈਨੂੰ ਜੋ ਖੁਦਾ ਨੇ ਦੇ ਦਿਤਾ ਉਹ ਮੈਨੂੰ ਮਨਜ਼ੂਰ ਹੈ। ਭਾਈ ਬਚਿੱਤਰ ਸਿੰਘ ਚੜ੍ਹਾਈ ਕਰ ਗਿਆ, ਇਸ ਬੀਬੀ ਨੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਾਇਆ। ਗੁਰੂ ਦਸ਼ਮੇਸ਼ ਪਿਤਾ ਨਾਲ ਪਿਆਰ ਕਰਦੀ ਸੀ। ਇਹ ਵੀ ਮੁਸਲਮਾਨ ਹੀ ਸੀ।

ਜਦੋਂ ਮਾਛੀਵਾੜੇ ਜਾ ਕੇ ਗੁਲਾਬਾ ਮਸੰਦ ਡਰ ਜਾਂਦਾ ਹੈ। ਉਸ ਵੇਲੇ ਗਨੀ ਖਾਂ ਤੇ ਨਬੀ ਖਾਂ ਦੋਵੇਂ ਭਰਾ, ਗੁਰੂ ਮਹਾਰਾਜ ਨੂੰ ਆਪਣੇ ਘਰ ਲੈ ਜਾਂਦੇ ਨੇ। ਹਾਂਲਾਂਕਿ ਘੇਰਿਆ ਹੋਇਆ ਸੀ ਸਾਰਾ ਮਾਛੀਵਾੜਾ। ਇਕੱਲੇ-ਇਕੱਲੇ ਘਰ ਦੀ ਤਲਾਸ਼ੀ ਲੈਂਦੀ ਹੈ ਫੌਜ, ਹੁਣ ਤਾਂ ਸਭ ਨੂੰ ਪਤਾ ਹੀ ਹੈ ਤੇ ਹੋਣਾ ਕੀ ਸੀ, ਉਨ੍ਹਾਂ ਨੇ ਪਨਾਹ ਦਿੱਤੀ ਹੋਈ ਸੀ। ਪਹਿਲਾਂ ਤਾਂ ਉਹ ਮਾਰੇ ਜਾਂਦੇ ਸਾਰੇ ਪਰਿਵਾਰ ਸਮੇਤ, ਕਿੱਡੀ ਦੁਰਘਟਨਾ ਹੋਣੀ ਸੀ। ਕਿੰਨੀ ਦੇਰ ਆਪਣੀ ਜਾਨ 'ਤੇ ਖੇਲ੍ਹ ਕੇ ਗੁਰੂ ਮਹਾਰਾਜ ਨੂੰ ਪਾਰ ਕਰਾ ਦਿਤਾ। ਤਿੰਨ ਮੁਸਲਮਾਨ ਗਵਾਹੀ ਦੇਣ ਆਏ। ਸਲੋਅ ਵਾਲੇ ਪੀਰ ਸੀ, ਗੁਰੂ ਮਹਾਰਾਜ ਨੂੰ ਫਾਰਸੀ ਪੜ੍ਹਾਉਣ ਵਾਲੇ ਸੀ, ਇੱਕ ਸੱਯਦ ਸੀ। ਚੰਗੀ ਤਰ੍ਹਾਂ ਦਲੇਰ ਖਾਂ ਨਵਾਬ ਨੇ ਪੁੱਛਿਆ, ਸਿਪਾਸਲਾਰ ਨੇ, ਕਿ ਦੇਖੋ, ਪੀਰ ਜੀ! ਤੁਸੀਂ ਇਸਲਾਮ ਨਾਲ ਸਬੰਧ ਰਖਦੇ ਓਂ ਤੇ ਗੁਰੂ ਗੋਬਿੰਦ ਸਿੰਘ ਤੋਂ ਇਸਲਾਮ ਨੂੰ ਬੜਾ ਭਾਰਾ ਖਤਰਾ ਹੈ। ਉਹ ਇਹਦਾ ਫੈਲਾਓ ਨਹੀਂ ਹੋਣ ਦੇ ਰਿਹਾ,

ਨਹੀਂ ਤਾਂ ਸਾਰਾ ਭਾਰਤਵਰਸ਼ ਮੁਸਲਮਾਨ ਬਣ ਜਾਂਦਾ ਜੇ ਗੁਰੂ ਗੋਬਿੰਦ ਸਿੰਘ ਨਾ ਹੁੰਦਾ। ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਜੇ ਉਹ ਬੰਦਾ ਫੜਿਆ ਜਾਵੇ, ਤੁਸੀਂ ਅੱਲਾਹ ਨੂੰ ਜਾਮਨ ਜਾਣ ਕੇ ਦੱਸੋ ਕਿ ਗੁਰੂ ਗੋਬਿੰਦ ਸਿੰਘ ਹੈ ਕਿੱਥੇ? ਸਲੋਅ ਵਾਲੇ ਪੀਰ ਕਹਿਣ ਲੱਗੇ, ਕਹਿੰਦੇ ਤੋਬਾ, ਤੋਬਾ ਇਹ ਤਾਂ ਪੀਰਾਂ ਦੇ ਪੀਰ, ਇਹ ਸਾਰੀਆਂ ਦੁਨੀਆਂ ਦੇ ਪੀਰਾਂ ਦੇ ਪੀਰ ਨੇ। ਸਭ ਤੋਂ ਵੱਡੇ ਤੇ ਉਚੇ ਪੀਰ ਨੇ, ਦੇਖੀਂ ਕੋਈ ਗੱਲ ਕਹਿ ਨਾ ਦੇਣ। ਤਬਾਹ ਕਰ ਦੇਣਗੇ ਜੇ ਇਨ੍ਹਾਂ ਦਾ ਬਚਨ ਨਿਕਲ ਗਿਆ। ਦੂਸਰੇ ਨੇ ਤੀਸਰੇ ਨੇ, ਤਿੰਨਾਂ ਨੇ ਇੱਕ ਬਿਆਨ ਦੇ ਦਿਤਾ। ਗੁਰੁ ਮਹਾਰਾਜ ਉਸ ਥਾਂ ਤੋਂ ਨਿਕਲ ਕੇ ਦੀਨੇ ਕਾਂਗੜ, ਰਾਏਕੋਟ ਜਾਂਦੇ ਨੇ। ਰਾਏਕੋਟ ਦਾ ਜੋ ਨਵਾਬ ਹੈ ਉਹ ਮੁਸਲਮਾਨ ਹੈ, ਗੁਰੂ ਮਹਾਰਾਜ ਨਾਲ ਬਹੁਤ ਪਿਆਰ ਕਰਦਾ ਹੈ ਤੇ ਨਵਾਬ ਸਰਹੰਦ ਉਹਨੂੰ ਚਿੱਠੀ ਲਿਖਦਾ ਹੈ ਕਿ ਤੇਰੇ ਵਰਗਾ ਕੋਈ ਅਕਲਮੰਦ ਨਹੀਂ ਹੈ ਕਿਉਂਕਿ ਤੂੰ ਗੁਰੂ ਗੋਬਿੰਦ ਸਿੰਘ ਜਿਹੜਾ ਕਿਸੇ ਦੇ ਕਾਬੂ ਨਹੀਂ ਸੀ ਆ ਰਿਹਾ, ਤੂੰ ਆਪਣਾ ਜਾਲ ਵਿਛਾ ਕੇ ਇੱਥੇ ਆਪਣੇ ਰਾਜ ਵਿੱਚ ਹੀ ਰੱਖਿਆ ਹੋਇਆ ਹੈ। ਉਹਨੂੰ ਫੜ ਕੇ ਹੱਥਕੜੀਆਂ, ਬੇੜੀਆਂ ਲਾ ਕੇ ਮੇਰੇ ਪੇਸ਼ ਕਰ ਦੇ। ਤੈਨੂੰ ਵੱਡਾ ਰਾਜ ਹੋਰ ਮਿਲੇਗਾ। ਉਹਨੇ ਜਵਾਬ ਦਿੱਤਾ ਕਿ ਨਵਾਬ ਸਾਹਿਬ! ਮੈਂ ਗੁਰੂ ਗੋਬਿੰਦ ਸਿੰਘ ਦਾ ਮੁਰੀਦ ਹਾਂ, ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਨੇ, ਜਦੋਂ ਤਕ ਮੇਰੇ ਰਾਜ ਦੇ ਅੰਦਰ ਇੱਕ ਵੀ ਬੰਦਾ ਜੀਉਂਦਾ ਹੈ, ਗੁਰੂ ਦਸਵੇਂ ਪਾਤਸ਼ਾਹ ਵਲ ਕੋਈ ਝਾਕ ਨਹੀਂ ਸਕਦਾ। ਉਹ ਵੀ ਮੁਸਲਮਾਨ ਸੀ ਤੇ ਫੇਰ ਰਾਜਸੀ ਬੰਦਾ ਸੀ, ਪਰਵਾਹ ਨਾ ਕਰੀ ਕਿ ਮੇਰਾ ਰਾਜ ਚਲਿਆ ਜਾਏਗਾ ਜਾਂ ਸਜ਼ਾ ਹੋਏਗੀ ਮੈਨੂੰ।

ਸੋ ਇਹ ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਇੱਕ ਐਵੇਂ ਵਾਧੂ ਦੀ ਗੱਲ ਚੱਲ ਰਹੀ ਹੈ। ਸਾਡੇ ਵੇਲੇ ਤਾਂ ਹੀ ਹੁੰਦੀ ਸੀ ਉਨ੍ਹਾਂ ਦਿਨਾਂ 'ਚ, ਹੁਣ ਤਾਂ ਮੈਨੂੰ ਪਤਾ ਨਹੀਂ। ਸੋ ਗੁਰੂ ਦਸਵੇਂ ਪਾਤਸ਼ਾਹ ਸਾਰਿਆਂ ਦੇ ਪਿਆਰੇ ਸੀ। ਮਸਜਿਦ ਦਾ ਓਨਾਂ ਹੀ ਸਤਿਕਾਰ ਕਰਦੇ ਸੀ, ਜਿੰਨਾਂ ਮੰਦਰ ਦਾ ਕਰਦੇ ਸੀ। ਸਗੋਂ ਇਹ ਕਹਿੰਦੇ ਸੀ ਕਿ –

***ਦੇਹਰਾ ਮਸੀਤ ਸੋਈ ਪੂਜਾ ਓ ਨਮਾਜ਼ ਓਈ।***

ਪੂਜਾ ਤੇ ਨਾਮ ਵਿਚ ਕੋਈ ਫਰਕ ਨਹੀਂ, ਬੋਲੀ ਦਾ ਫਰਕ ਹੈ। ਦੇਹੁਰਾ ਜਿਹੜਾ ਹੈ, ਮੰਦਰ ਹੈ ਉਹ ਵੀ ਪੂਜਨੀਕ ਥਾਂ ਹੈ ਤੇ ਜਿਹੜੀ ਮਸਜਿਦ ਹੈ, ਉਹ ਪੂਜਨੀਕ ਥਾਂ ਹੈ ਇਨ੍ਹਾਂ ਦਾ ਸਤਿਕਾਰ ਕਰੋ, ਕਿਉਂਕਿ ਇੱਥੇ ਪ੍ਰਮੇਸ਼ਰ ਦੇ ਪਿਆਰੇ ਇਕੱਠੇ ਹੋ ਕੇ ਵਾਹਿਗੁਰੂ ਨਾਲ ਆਪਣਾ ਧਿਆਨ ਜੋੜਦੇ ਨੇ। ਗੁਰੂ ਦਸ਼ਮੇਸ਼ ਪਿਤਾ ਨੂੰ ਸਮਝਣਾ ਬੜਾ ਔਖਾ ਹੈ ਕਿਉਂਕਿ ਬਹੁ ਚਰਚਿਤ ਚਰਿਤ੍ਰ ਉਨ੍ਹਾਂ ਦਾ ਸੀ। ਬਹੁਤ ਵੱਡੀਆਂ ਬਾਤਾਂ ਨੇ ਗੁਰੂ ਦਸਵੇਂ ਪਾਤਸ਼ਾਹ ਦੀਆਂ। ਜਿੰਨੀਆਂ ਗੱਲਾਂ ਕਰੀ ਜਾਓ, ਓਨੀਆਂ ਹੀ ਹੋਰ ਆਈ ਜਾਂਦੀਆ ਨੇ। ਸੋ ਆਪ ਦੇ ਨਾਲ ਅਕਾਰਨ ਯੁੱਧ ਛਿੜੇ। ਗੁਰੂ ਨੌਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ, ਗੁਰੂ ਪੰਜਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ? ਉਹਦਾ ਕਾਰਨ ਸੀ ਇੱਕ ਜ਼ਬਰਦਸਤ, ਲਿਖਦੇ ਤਾਂ

ਹੋਰ ਤਰ੍ਹਾਂ ਨੇ ਲੇਕਿਨ ਅੰਦਰੋਂ ਗੱਲ ਹੋਰ ਸੀ। ਗੁਰੂ ਸਾਹਿਬ ਇਹ ਕਹਿੰਦੇ ਸੀ ਕਿ ਦੇਖੋ ਰਾਜਾ ਰਾਜ ਕਰੇ, ਠੀਕ ਹੈ ਰਾਜ ਕਿਸੇ ਨਾ ਕਿਸੇ ਨੇ ਕਰਨਾ ਹੈ, ਪਰ ਰਾਜੇ ਦਾ ਜਿਹੜਾ ਧਰਮ ਹੁੰਦਾ ਹੈ ਉਹ ਇਹ ਹੁੰਦਾ ਹੈ ਕਿ ਇੱਕ ਅੱਖ ਦੇ ਨਾਲ ਦੇਖਣਾ ਸਭ ਨੂੰ, ਕਿਸੇ ਨੂੰ ਛੋਟਾ ਨਹੀਂ, ਕਿਸੇ ਨੂੰ ਵੱਡਾ ਨਹੀਂ। ਇੱਥੇ ਇਸਲਾਮ ਦਾ ਰਾਜ ਹੋਣ ਕਰਕੇ ਇੱਕ ਗਲਤ ਗੱਲ ਉਨ੍ਹਾਂ ਦੇ ਮਨਾਂ 'ਚ ਪੈ ਗਈ ਸੀ ਕਿ ਇਸਲਾਮ ਨੂੰ ਜਿਹੜਾ ਨਹੀਂ ਮੰਨਦਾ ਉਹ ਕਾਫਰ ਹੈ, ਉਹ ਕੁਫਰ ਕਰਦਾ ਹੈ। ਕਾਫਰ ਨਾਸਤਕ ਨੂੰ ਕਹਿੰਦੇ ਨੇ, ਇੱਥੇ ਤਾਂ ਮੰਨਦੇ ਸੀ ਸਾਰੇ, ਚਾਹੇ ਮੂਰਤੀਆਂ 'ਚ ਮੰਨਦੇ ਸੀ, ਚਾਹੇ ਕਿਸੇ ਹੋਰ ਤਰੀਕੇ ਨਾਲ। ਪ੍ਰਮੇਸ਼ਰ ਨੂੰ ਤਾਂ ਸਾਰੇ ਹੀ ਮੰਨਦੇ ਸੀ, ਉਨ੍ਹਾਂ ਦਾ ਇਸ ਤਰ੍ਹਾਂ ਸੀ ਕਿ ਕਾਫਰ ਨੂੰ ਮੋਮਨ ਬਣਾਓ, ਚਾਹੇ ਲਾਲਚ ਦੇ ਕੇ ਬਣਾਓ, ਪੈਸੇ ਦੇ ਕੇ ਬਣਾਓ, ਜੇ ਨਹੀਂ ਬਣਦਾ ਤਾਂ ਮਾਰਿਆ ਵੀ ਜਾ ਸਕਦਾ ਹੈ, ਉਹਦਾ ਦੋਸ਼ ਨਹੀਂ ਹੈ ਕੋਈ। ਆਹ ਜਿਹੜਾ ਮੈਂ ਪਿਛਲਾ ਪਹਿਰਾ ਬੋਲਿਆ ਹੈ ਇਹ ਤਾਂ ਅਪਣਾਅ ਲਿਆ, ਪਰ ਬਾਕੀ ਨਹੀਂ ਅਪਣਾਇਆ। ਨਤੀਜਾ ਇਹ ਹੋਇਆ ਕਿ ਇੱਥੇ ਕਤਲਾਮ ਹੁੰਦੀ ਰਹਿੰਦੀ ਸੀ ਹਰ ਵਕਤ। ਬੰਦੇ ਫੜ ਲੈਣੇ, ਮਾਰ ਦੇਣੇ, ਕੋਈ ਦਾਦ ਫਰਿਆਦ, ਕੋਈ ਕਾਨੂੰਨ ਕੁਛ ਨਹੀਂ ਸੀ। ਰਾਜੇ ਦੀ ਜ਼ੁਬਾਨ ਕਾਨੂੰਨ ਸੀ। ਮਹਾਰਾਜ ਇਹ ਕਹਿੰਦੇ ਸੀ ਕਿ ਜੀਉਣ ਦਾ ਹੱਕ ਹੈ, ਤੂੰ ਰਾਜਾ ਹੈਂ, ਰਾਜ ਕਰ, ਤੇਰੇ ਰਾਜ ਨੂੰ ਨਹੀਂ ਅਸੀਂ ਖੋਂਹਦੇ। ਤੇਰੀ ਫੌਜ ਨਾਲ ਨਹੀਂ ਅਸੀਂ ਲੜਦੇ। ਅਸੀਂ ਕੋਈ ਵੱਖਰੇ ਹੋ ਕੇ ਨਹੀਂ ਬਹਿੰਦੇ ਕਿ ਨਵੀਆਂ ਅਸੀਂ ਫੌਜਾਂ ਰੱਖਦੇ ਹਾਂ। ਤੂੰ ਰਾਜ ਕਰ, ਪਰ ਨਿਆਂ ਦਾ ਰਾਜ ਕਰ।

***ਰਾਜੇ ਚੁਲੀ ਨਿਆਵ ਕੀ***

ਸਭ ਨੂੰ ਇੱਕੋ ਜਿਹਾ ਅਧਿਕਾਰ ਦੇ। ਪੂਜਾ ਕਰਨ ਵਾਲੇ ਨੂੰ ਪੂਜਾ ਕਰਨ ਦੇ, ਮਸਜਿਦ ਜਾਣ ਵਾਲੇ ਨੂੰ ਮਸਜਿਦ ਜਾਣ ਦੇ। ਜੋ ਆਦਮੀ ਦਾ ਹੱਕ ਹੈ ਉਹ ਕਾਨੂੰਨ ਦੇ ਅੰਦਰ ਰਹਿ ਕੇ ਉਹਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ, ਆਪਣੇ ਜੀਵਨ ਦੇ ਨਿਰਭਾਹ ਵਾਸਤੇ। ਲੇਕਿਨ ਉਹ ਰਾਜੇ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ। ਉਨ੍ਹਾਂ ਦਾ ਕਾਨੂੰਨ ਕੋਈ ਨਹੀਂ ਸੀ, ਜ਼ੁਬਾਨ ਸੀ ਰਾਜੇ ਦੀ, ਜੋ ਕਹਿ ਦਿੱਤਾ ਉਹ ਹੋ ਗਿਆ। ਉਹਦੇ ਨਾਲ ਇਹ ਹੋ ਗਿਆ ਕਿ ਹਿੰਦੂਆਂ ਨੂੰ ਐਨੀ ਤੰਗੀ ਆ ਗਈ ਕਿ ਨਾ ਇਹ ਪੂਜਾ ਕਰ ਸਕਣ, ਨਾ ਮੰਦਰ ਬਣਾ ਸਕਣ। ਬਹੁਤ ਮੁਸ਼ਕਲਾਂ ਪੇਸ਼ ਆ ਗਈਆਂ, ਇੱਥੇ ਹੀ ਨਹੀਂ ਜਿਹੜੇ ਛੋਟੇ ਹਾਕਮ ਸੀ, ਉਹ ਬਹੁਤ ਜ਼ਿਆਦਤੀਆਂ ਕਰਨ ਲੱਗ ਗਏ, ਅਰ ਪਾਪ ਕਰਨੇ ਸ਼ੁਰੂ ਕਰ ਦਿੱਤੇ ਉਨ੍ਹਾਂ ਦੀਆਂ ਧੀਆਂ, ਨੂੰਹਾਂ ਚੁੱਕ ਕੇ ਲੈ ਜਾਣੀਆਂ। ਧਰਮ ਤੋਂ ਕੁਧਰਮ ਕਰਦੇ ਸੀ। ਐਸੇ-ਐਸੇ ਅਫਸਰ ਆਏ, ਜਿਨ੍ਹਾਂ ਨੇ ਗਰੀਬ ਜਨਤਾ ਨੂੰ ਇਹ ਕਹਿ ਦਿੱਤਾ ਕਿ ਜੇ ਸਾਨੂੰ ਥੁੱਕਣ ਦੀ ਲੋੜ ਪਵੇ ਤਾਂ ਮੂੰਹ ਅੱਡਣਾ ਹੈ ਤੁਸੀਂ। ਕਿਉਂਕਿ ਸਾਡਾ ਹੱਕ ਹੈ ਰੱਬ ਵਾਲਿਆਂ ਦਾ, ਤੁਹਾਡੇ ਮੂੰਹ 'ਚ ਥੁੱਕ ਦੇਣਾ। ਇੱਕ ਗੱਲ ਨਹੀਂ ਬੇਅੰਤ ਨੇ ਇਹ ਗੱਲਾਂ। ਹਿਸਾਬ ਕਿਤਾਬ ਤੋਂ ਬਾਹਰੀਆਂ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਵੀ ਇੱਹ ਗੱਲ ਕਹੀ ਕਿ ਇਨਸਾਫ

ਹੋਣਾ ਚਾਹੀਦਾ ਹੈ। ਗੁਰੂ ਨੌਂਵੇਂ ਪਾਤਸ਼ਾਹ ਨੇ ਵੀ ਇਹੀ ਕਿਹਾ ਕਿ ਹਿੰਦੂ ਕਿਉਂ ਨਹੀਂ ਜੰਞੂ ਪਾ ਸਕਦੇ, ਕਿਉਂ ਇਹ ਪੂਜਾ ਨਹੀਂ ਕਰ ਸਕਦੇ, ਇਹ ਤਿਲਕ ਕਿਉਂ ਨਹੀਂ ਲਾ ਸਕਦੇ। ਇਨ੍ਹਾਂ ਦਾ ਧਾਰਮਿਕ ਚਿੰਨ੍ਹ ਹੈ, ਜੇ ਤੁਸੀਂ ਸੁੰਨਤ ਕਰਦੇ ਓਂ ਤਾਂ ਇਹ ਵੀ ਤਿਲਕ ਲਾ ਸਕਦੇ ਨੇ। ਹੱਕ ਹੋਣਾ ਚਾਹੀਦਾ ਹੈ ਆਪਣੇ ਧਰਮ ਦੇ ਮੁਤਾਬਿਕ ਸਭ ਨੂੰ ਪੂਜਾ ਪਾਠ ਕਰਨ ਦਾ। ਏਸ ਗੱਲ ਦੇ ਉਤੇ ਮਹਾਰਾਜ ਜੀ ਨੂੰ ਸ਼ਹੀਦ ਕਰ ਦਿੱਤਾ। ਗੁਰੂ ਦਸ਼ਮੇਸ਼ ਪਿਤਾ ਦੇ ਗਲ ਕੁਦਰਤੀ ਤੌਰ ਤੇ ਝਗੜਾ ਪੈਣਾ ਹੀ ਪੈਣਾ ਸੀ। ਇਹ ਇਸਲਾਮ ਵਾਲਿਆਂ ਨੇ ਨਹੀਂ ਪਾਇਆ, ਨਾ ਪਹਿਲਾਂ ਪਹਾੜੀਆਂ ਨੇ ਪਾਇਆ। ਉਹ ਤਾਂ ਪਹਿਲਾਂ ਦੂਰ ਰਹੇ। ਉਹ ਤਾਂ ਜਦੋਂ ਬੁਲਾਏ ਤਾਂ ਹੀ ਆਏ। ਪਹਿਲਾਂ ਬਿਲਾਸਪੁਰੀਏ ਸਾਰੇ ਇੱਕਠੇ ਹੋ ਕੇ ਲੜਦੇ ਰਹੇ ਮਹਾਰਾਜ ਨਾਲ। ਮਹਾਰਾਜ ਨੇ ਮੀਟਿੰਗ ਕਰਕੇ ਸਮਝਾਏ ਕਿ ਅਸੀਂ ਤਾਂ ਤੁਹਾਡੇ ਹੱਕਾਂ ਵਾਸਤੇ ਲੜ ਰਹੇ ਹਾਂ। ਅਸੀਂ ਰਾਜ ਨਹੀਂ ਲੈਣਾ, ਤੁਹਾਨੂੰ ਕਿਉਂ ਖਤਰਾ ਪੈ ਗਿਆ? ਤੁਹਾਡੀਆਂ ਫੌਜਾਂ ਕਿੰਨੀ ਵਾਰ ਸਾਡੇ ਤੋਂ ਹਾਰੀਆਂ ਨੇ, ਕਦੀ ਅਸੀਂ ਰਾਜ ਲਿਆ? ਅਸੀਂ ਜੇ ਰਾਜ ਲੈਣਾ ਹੁੰਦਾ ਤਾਂ ਹੁਣ ਨੂੰ ਤਾਂ ਅਸੀਂ ਸਾਰਿਆਂ ਦਾ ਰਾਜ ਲੈ ਲੈਂਦੇ। ਇੱਥੇ ਥਾਂ-ਥਾਂ ਦੇ ਉਤੇ ਖਾਲਸਾ ਗੱਜਦਾ ਹੁੰਦਾ। ਉਹ ਨਹੀਂ ਇਹ ਸਮਝੇ, ਉਨ੍ਹਾਂ ਨੇ ਸਗੋਂ ਚਿੱਠੀ ਲਿਖ ਕੇ ਉਨ੍ਹਾਂ ਨੂੰ ਉਕਸਾਇਆ ਤੇ ਬੁਲਾਇਆ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਜੰਗ ਯੁੱਧ ਹੁੰਦੇ ਰਹੇ। ਅੱਜ ਬਹੁਤ ਭਿਆਨਕ ਯੁੱਧ ਹੈ ਜਿਹਦੇ ਵਿਚ ਦਿੱਲੀ ਤੋਂ ਬਹੁਤ ਵੱਡੀ ਫੌਜ ਆਈ ਹੋਈ ਹੈ, ਕਿਲ੍ਹਾ ਫਤਹਿ ਨਹੀਂ ਕਰ ਸਕਦੇ। ਬਹੁਤ ਵਾਰੀ ਹੱਲੇ ਕੀਤੇ, ਹਰ ਵਾਰੀ ਮੂੰਹ ਦੀ ਖਾ ਕੇ ਪਿੱਛੇ ਹਟਦੇ ਨੇ। ਚਾਰ ਮਹੀਨੇ ਲੰਘ ਗਏ, ਓਸ ਵੇਲੇ ਰੋਪੜ ਦਾ ਇੱਕ ਵੱਡਾ ਸਿਪਾਸਲਾਰ ਜਰਨੈਲ ਸੀ, ਮੁਗਲ ਖਾਨ ਉਹਦਾ ਨਾਉਂ ਸੀ, ਪਠਾਣ ਜਾਤੀ ਸੀ। ਉਹਨੇ ਸਾਰਿਆਂ ਨੂੰ ਮੀਟਿੰਗ ਕਰਕੇ, ਸੀਨੀਅਰ ਸੀ, ਕਹਿਣ ਲੱਗਿਆ ਕਿ ਓ ਐਨੇ ਬੁਜ਼ਦਿਲੋ, ਕਿੰਨੇ ਕੁ ਨੇ ਸਿੱਖ? ਸਾਡੀ ਇਹ ਖਬਰ ਹੈ ਕਿ ਸਿਰਫ ਪੰਜ ਹਜ਼ਾਰ ਨੇ ਅਨੰਦਪੁਰ ਸਾਹਿਬ ਵਿੱਚ ਆਏ ਹੋਏ। ਆਪਾਂ ਲੱਖਾਂ ਦੀ ਤਾਦਾਦ 'ਚ ਬੈਠੇ ਹਾਂ। ਜੇ ਸਾਡੇ 'ਚੋਂ ਮਰ ਵੀ ਜਾਣਗੇ, ਤੀਹ ਚਾਲੀ, ਪੰਜਾਹ ਹਜ਼ਾਰ ਤਾਂ ਕੀ ਹੈ, ਅੱਜ ਜੰਗ ਦਾ ਖਾਤਮਾ ਕਰ ਦੇਈਏ। ਬਾਕੀ ਤਾਂ ਚੁੱਪ ਕਰ ਰਹੇ, ਏਸੇ ਨੇ ਬੀੜਾ ਚੁੱਕ ਲਿਆ ਮੁਗਲ ਖਾਨ ਨੇ, ਬਹੁਤ ਸਖਤ ਹੱਲਾ ਹੋਇਆ, ਓਧਰ ਸਿੰਘ ਵੀ ਜਾਨਾਂ ਤੋੜ ਕੇ ਮੁਕਾਬਲਾ ਕਰਦੇ ਰਹੇ। ਓਸ ਵੇਲੇ ਐਹੋ ਜਿਹੇ ਯੁੱਧ ਦੇ ਵਿਚ ਘਟਨਾ ਵਾਪਰਦੀ ਹੈ ਜਿਹਦੇ ਨਾਲ ਪਤਾ ਲਗ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਆਦਰਸ਼ ਕੀ ਸੀਗਾ। ਕੀ ਉਹ ਬਦਲੇ ਦੀ ਭਾਵਨਾ ਲਈਂ ਬੈਠੇ ਸੀ? ਜਾਂ ਉਨ੍ਹਾਂ ਦਾ ਕਿਤੇ ਹੋਰ ਨਿਸ਼ਾਨਾ ਸੀ। ਉਸ ਵੇਲੇ ਇੱਕ ਗੁਰਸਿੱਖ ਜਿਸਦਾ ਨਾਮ ਘਨ੍ਹਈਆ ਸੀ, ਉਹ ਪਾਣੀ ਪਿਲਾ ਰਿਹਾ ਹੈ। ਇੱਕ ਗੱਲ ਇਹ ਹੈ ਕਿ ਜੰਗ ਮੱਚਿਆ ਹੋਇਆ ਹੈ, ਨਾ ਕੋਈ ਉਹਦੇ ਗੋਲੀ ਮਾਰਦਾ ਹੈ, ਨਾ ਕੋਈ ਉਹਦੇ ਤਲਵਾਰ ਮਾਰਦਾ ਹੈ, ਨਾ ਕੋਈ ਬਰਛਾ ਮਾਰਦਾ ਹੈ, ਜੰਗ 'ਚ ਐਉਂ ਤੁਰਿਆ ਫਿਰਦਾ ਹੈ ਜਿਵੇਂ ਕੋਈ ਜਾਣਦਾ ਹੀ ਨਹੀਂ। ਮਸ਼ਕ ਪਾਈ ਹੋਈ ਹੈ,

ਜਿਹੜਾ ਗਿਰ ਜਾਂਦਾ ਹੈ, ਨੱਠ ਕੇ, ਜਾ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਹੋਸ਼ 'ਚ ਆ ਜਾਂਦਾ ਹੈ, ਮੁੜ ਕੇ ਫੇਰ ਲੜਨ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਦਿਨ ਪਲਾਈ ਗਿਆ, ਯੁੱਧ ਵੀ ਸਾਰਾ ਦਿਨ ਹੁੰਦਾ ਰਿਹਾ ਇੱਕ ਗੱਲ ਤੋਂ ਸਿੰਘ ਹੈਰਾਨ ਹੋਣ, ਕਹਿਣ ਘਨ੍ਹਈਆ ਪਾਣੀ ਪਿਲਾਉਂਦਾ ਹੈ, ਨਾ ਇਹਦੇ ਕੋਈ ਗੋਲੀ ਲਗਦੀ ਹੈ, ਨਾ ਕੋਈ ਤੀਰ ਲਗਦਾ ਹੈ, ਵਿਚੇ ਤੁਰਿਆ ਫਿਰਦਾ ਹੈ ਕਿ ਉਹ ਮਾਰਦੇ ਨਹੀਂ, ਹੋਵੇ ਨਾ ਤਾਂ ਇਹ ਉਨ੍ਹਾਂ ਦਾ ਜਾਸੂਸ ਨਾ ਹੋਵੇ ਕਿਤੇ? ਗੁਰੂ ਮਹਾਰਾਜ ਦੇ ਕੋਲ ਸ਼ਿਕਾਇਤ ਕਰੀ, ਗੁਰੂ ਜੋ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸਕਦਾ। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਭਾਈ ਗੁਰਦਾਸ ਜੀ, ਵਾਰ 34/1***

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਸਤਿਗੁਰੂ, ਜਿਹਦੀ ਕ੍ਰਿਆ ਨੂੰ ਕੋਈ ਜਾਣ ਨਾ ਸਕੇ, ਉਹਨੂੰ ਅਗੰਮ ਕਹਿੰਦੇ ਨੇ, ਕਿਸੇ ਨਾਲ ਵੀ ਉਹਦਾ ਵੈਰ ਨਹੀਂ ਹੁੰਦਾ ਤੇ ਉਹਦੀ ਸਾਰੀ ਕ੍ਰਿਆ ਨਿਰਾਲੀ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਸ਼ਾਮ ਨੂੰ ਪੁੱਛਦੇ ਨੇ ਕਿ ਪਿਆਰਿਓ! ਯੁੱਧ ਦਾ ਹਾਲ ਕਿਵੇਂ ਰਿਹਾ? ਕਹਿੰਦੇ, ਮਹਾਰਾਜ! ਅੱਜ ਤਾਂ ਬਹੁਤ ਸਖਤ ਯੁੱਧ ਹੋਇਆ ਹੈ, ਪਰ ਮਹਾਰਾਜ! ਇੱਕ ਸ਼ਿਕਾਇਤ ਹੈ ਕਿ ਆਪਣੀ ਫੌਜ ਦੇ ਅੰਦਰ ਇੱਕ ਘਨ੍ਹਈਆ ਸਾਧ ਹੈ। ਸਾਧ ਬਿਰਤੀ ਵਾਲੇ ਨੂੰ ਸਾਧ ਕਹਿੰਦੇ ਨੇ। ਮਹਾਰਾਜ ਨੇ ਕਿਹਾ ਕਿ ਘਨ੍ਹਈਆ ਤੂੰ ਵੀ ਕ੍ਰਿਪਾਨ ਪਾਇਆ ਕਰ। ਕਹਿੰਦਾ ਸਤਿ ਬਚਨ। ਐਧਰਲੇ ਪਾਸੇ ਤਾਂ ਮਸ਼ਕ ਹੁੰਦੀ ਹੈ ਉਹਦੀ, ਉਹ ਕ੍ਰਿਪਾਨ ਦਾ ਜਿਹੜਾ ਮੁੱਠਾ ਸੀ ਉਹ ਪਿਛਲੇ ਪਾਸੇ ਰੱਖਿਆ ਕਰੇ, ਮੂਹਰਲੇ ਪਾਸੇ ਹੇਠਲਾ ਪਾਸਾ ਰੱਖਿਆ ਕਰੇ। ਬਹੁਤ ਵਾਰੀ ਸਿੰਘਾਂ ਨੇ ਕਿਹਾ ਕਿ ਤੂੰ ਕ੍ਰਿਪਾਨ ਐਉਂ ਪਾਇਆ ਕਰ। ਮਹਾਰਾਜ ਨੂੰ ਕਿਹਾ। ਮਹਾਰਾਜ ਜੀ ਨੇ ਉਸ ਨੂੰ ਪੁੱਛਿਆ ਕਿ ਘਨ੍ਹਈਆ ਤੂੰ ਉਸ ਤਰ੍ਹਾਂ ਨਹੀਂ ਪਾਉਂਦਾ ਕ੍ਰਿਪਾਨ ਭਾਈ? ਕਹਿੰਦਾ, ਸੱਚੇ ਪਾਤਸ਼ਾਹ! ਜੇ ਕਿਸੇ ਨੇ ਮੈਨੂੰ ਮਾਰਨਾ ਹੋਏਗਾ, ਉਹ ਪਿਛੋਂ ਹੀ ਖਿੱਚ ਲਏਗਾ। ਉਹਦੀ ਬਿਰਤੀ ਐਸੀ ਸੀ, ਉਹਨੂੰ ਫਰਕ ਨਹੀਂ ਸੀ ਜੀਉਣ ਦਾ ਤੇ ਮਰਨ ਦਾ। ਡਿਊਟੀ ਕਰਦਾ ਸੀ ਪਾਣੀ ਪਿਲਾਉਣ ਦੀ।

ਸੋ ਮਹਾਰਾਜ ਜੀ ਕੋਲ ਸ਼ਿਕਾਇਤ ਕੀਤੀ ਕਿ ਘਨ੍ਹਈਆ ਸਾਧ ਹੈ

ਨਾ ਜਿਹੜਾ, ਸ਼ੱਕ ਪੈਂਦਾ ਹੈ ਸਾਨੂੰ ਉਸ 'ਤੇ। ਇੱਕ ਤਾਂ ਉਹ ਪਾਣੀ ਪਿਲਾਈ ਜਾਂਦਾ ਹੈ ਜਿਹੜਾ ਮੂਹਰੇ ਆਉਂਦਾ ਹੈ ਉਹਨੂੰ ਪਿਲਾਉਂਦਾ ਹੈ। ਅਸੀਂ ਹਾਕਾਂ ਮਾਰਦੇ ਰਹਿ ਜਾਂਦੇ ਹਾਂ, ਜਿਹੜਾ ਪਾਣੀ ਕਹਿ ਦੇਵੇ ਪਹਿਲਾਂ ਓਧਰ ਨੂੰ ਨੱਠ ਜਾਂਦਾ ਹੈ, ਚਾਹੇ ਉਨ੍ਹਾਂ ਵੈਰੀਆਂ ਦਾ ਬੰਦਾ ਹੋਵੇ, ਚਾਹੇ ਸਾਡਾ ਹੋਵੇ। ਦੂਸਰਾ ਮਹਾਰਾਜ! ਜੇ ਉਹ ਆਪਣੀ ਖਾਲਸਾ ਫੌਜ ਦਾ ਹੋਵੇ ਤਾਂ ਉਹ ਮਾਰਨ, ਪਰ ਉਹ ਇਹਨੂੰ ਮਾਰਦੇ ਨਹੀਂ। ਜੇ ਕਿਤੇ ਸਾਮ੍ਹਣੇ ਵੀ ਆ ਜਾਵੇ, ਤੀਰ ਚਲਾਉਣ ਲੱਗਿਆ ਅਗਲਾ ਤੀਰ ਰੋਕ ਲੈਂਦਾ ਹੈ ਕਿ ਇਹਦੇ ਨਾ ਕਿਤੇ ਲਗ ਜਾਵੇ। ਉਹ ਤਾਂ ਐਨ ਨਿਧੜਕ ਤੁਰਦਾ ਫਿਰਦਾ ਹੈ, ਨਾ ਕੋਈ ਗੋਲੀ ਲਗਦੀ ਹੈ ਉਹਦੇ, ਨਾ ਕੋਈ ਤੀਰ ਲਗਦਾ ਹੈ, ਕੁਛ ਨਹੀਂ ਹੁੰਦਾ। ਵਿਚ ਘਮਸਾਨ ਦੇ ਜਦੋਂ ਕੋਈ ਗਿਰਦਾ ਹੈ, ਨੱਠ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਮਹਾਰਾਜ ਕਹਿੰਦੇ, ਹਾਜ਼ਰ ਕਰੋ। ਕਹਿੰਦੇ, ਘਨ੍ਹਈਆ! ਤੇਰੀ ਸ਼ਿਕਾਇਤ ਹੋ ਰਹੀ ਹੈ, ਤੂੰ ਪਾਣੀ ਪਿਲਾਉਂਦਾ ਹੈਂ ਦੁਸ਼ਮਣਾਂ ਨੂੰ? ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਤਾਂ ਕੋਈ ਸਮਝ ਨਹੀਂ ਹੈ, ਜਿਹੜੀ ਮੈਨੂੰ ਸਮਝ ਹੈ ਉਹ ਐਨੀ ਹੀ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥***

***ਅੰਗ – 290***

ਤੂੰਹੀਂ ਦੁਨੀਆਂ ਦਾ ਮਾਲਕ ਹੈਂ, ਤੂੰ ਹੀ ਰਚਨਾ ਰਚੀ ਹੈ। ਤੂੰ ਹੀ ਆਪਣਾ ਇੱਕ ਸਰੂਪ ਲੱਖਾਂ, ਕਰੋੜਾਂ, ਅਰਬਾਂ, ਖਰਬਾਂ 'ਚ ਬਣਾ ਲਿਆ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਸੱਚੇ ਪਾਤਸ਼ਾਹ! ਤੇਰੀ ਬਾਣੀ ਇਹ ਕਹਿੰਦੀ ਹੈ –

***ਪਾਰਬ੍ਰਹਮ ਕੇ ਸਗਲੇ ਠਾਉ ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥***
***ਆਪੇ ਕਰਨ ਕਰਾਵਨ ਜੋਗੁ ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ ॥***
***ਪਸਰਿਓ ਆਪਿ ਹੋਇ ਅਨਤ ਤਰੰਗ ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ – 275***

ਤੂੰ ਹੀ ਪਸਰਿਆ ਹੋਇਆ ਹੈਂ ਸਾਰੇ। ਇੱਕ ਤੋਂ ਤੂੰ ਅਨੇਕ ਹੋਇਆਂ-ਹੋਇਆਂ ਹੈਂ, ਆਪੇ ਹੀ। ਮੈਂ ਕੀ ਜੀਵ ਹਾਂ ਜਿਹੜਾ ਤੇਰੇ ਖੇਲ੍ਹ ਨੂੰ ਜਾਣ ਜਾਵਾਂ। ਤੇਰੀ ਖੇਲ੍ਹ ਨੂੰ ਨਹੀਂ ਕੋਈ ਦੁਨੀਆਂ 'ਚ ਜਾਣ ਸਕਦਾ। ਕਿਉਂਕਿ ਤੁਸੀਂ ਆਪ ਹੀ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ –

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***

*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਪਾਤਸ਼ਾਹ! ਪਾਣੀ ਦੇ ਉਤੋਂ ਉੱਠੀਆਂ ਹੋਈਆਂ ਲਹਿਰਾਂ ਪਾਣੀ ਦਾ ਰੂਪ ਹੁੰਦੀਆਂ ਨੇ। ਸੋ ਤੇਰਾ ਆਪ ਹੀ ਪਸਾਰਾ ਕੀਤਾ ਹੋਇਆ ਹੈ।

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ - 275*

*ਸੋਧਤ ਸੋਧਤ ਸੋਧਤ ਸੀਝਿਆ ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ - 281*

ਤੂੰ ਆਪ ਹੀ ਸੂਖਮ ਹੈਂ, ਆਪ ਹੀ ਅਸਥੂਲ ਹੈਂ, ਆਪਣੀ ਖੇਡ ਕਰ ਰਿਹਾ ਹੈਂ ਪਾਤਸ਼ਾਹ! -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ - 537*

*ਆਪਿ ਕਥੈ ਆਪਿ ਸੁਨਨੈਹਾਰੁ ॥*
*ਆਪਹਿ ਏਕੁ ਆਪਿ ਬਿਸਥਾਰੁ ॥*
*ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥*
*ਆਪਨੈ ਭਾਣੈ ਲਏ ਸਮਾਏ ॥ ਅੰਗ - 292*

ਜਿਸ ਦਿਨ ਤੇਰਾ ਜੀਅ ਕਰਿਆ ਸ੍ਰਿਸ਼ਟੀ ਖਤਮ ਕਰ ਦਏਗਾ -

*ਤੁਮ ਤੇ ਭਿੰਨ ਨਹੀ ਕਿਛੁ ਹੋਇ ॥*
*ਆਪਨ ਸੂਤਿ ਸਭੁ ਜਗਤੁ ਪਰੋਇ ॥ ਅੰਗ - 292*

ਸੋ ਪਾਤਸ਼ਾਹ! ਜਿਹਦੇ ਉਤੇ ਕ੍ਰਿਪਾ ਕਰ ਦਿੰਦਾ ਹੈਂ -

*ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥*
*ਸਚੁ ਨਾਮੁ ਸੋਈ ਜਨੁ ਪਾਏ ॥*
*ਸੋ ਸਮਦਰਸੀ ਤਤ ਕਾ ਬੇਤਾ ॥ ਅੰਗ - 292*

ਸੋ ਇਸ ਤਰ੍ਹਾਂ ਪਾਤਸ਼ਾਹ! ਮੈਂ ਤਾਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ। ਜਿੱਥੇ ਵੀ ਮੈਂ ਦੇਖਦਾ ਹਾਂ -

*ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ਅੰਗ - 292*

ਜਿਧਰ ਨੂੰ ਮੈਂ ਦੇਖਦਾ ਹਾਂ, ਤੇਰਾ ਹੀ ਰੂਪ ਮੈਨੂੰ ਨਜ਼ਰ ਆਉਂਦਾ ਹੈ, ਉਹੀ ਜਿਗਾ ਕਲਗੀ ਲੱਗੀ ਹੋਈ, ਓਹੀ ਤੇਰਾ ਨੂਰਾਨੀ ਚਿਹਰਾ, ਪਾਣੀ

ਦੀ ਆਵਾਜ਼ ਆਉਂਦੀ ਹੈ ਪਾਤਸ਼ਾਹ! ਮੈਂ ਤੈਨੂੰ ਕਿਵੇਂ ਛੱਡ ਦੇਵਾਂ ਪਾਣੀ। ਐਧਰ ਵੀ ਤੂੰ ਓਧਰ ਵੀ ਤੂੰ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ, ਪੜ੍ਹੋ ਪਿਆਰ ਨਾਲ–

*ਧਾਰਨਾ – ਪਾਣੀ ਤੈਨੂੰ ਹੀ ਪਿਲਾਵਾਂ ਸਾਹਿਬ ਮੇਰਿਆ,*
*ਮੈਂ ਕੀ ਜਾਣਾ ਤੇਰੀ ਸਾਰ ਨੂੰ।*

ਪਾਤਸ਼ਾਹ! ਤੇਰੀ ਹੀ ਬਾਣੀ ਇਸ ਤਰ੍ਹਾਂ ਦੇ ਨਾਲ ਸਮਝਾਉਂਦੀ ਹੈ ਕਿ ਤੂੰ ਆਪੇ ਹੀ ਪਸਾਰਾ ਕਰ ਲੈਂਦਾ ਹੈਂ ਆਪਣੀ ਮੌਜ ਦੇ ਵਿਚ, ਜਦੋਂ ਤੇਰਾ ਜੀਅ ਕਰਦਾ ਹੈ ਸੰਕੋਚ ਕਰ ਦਿੰਦਾ ਹੈਂ, ਜਿੰਨੀ ਖੇਲ੍ਹ ਹੋ ਰਹੀ ਹੈ ਸਭ ਤੂੰ ਆਪ ਹੀ ਕਰਾ ਰਿਹਾ ਹੈਂ, ਦੂਜਾ ਇੱਥੇ ਹੈ ਨਹੀਂ ਹੈ –

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ – 968*

ਸੋ ਸਮਦ੍ਰਿਸ਼ਟੀ ਦੇ ਵਿਚ ਬੋਲ ਰਿਹਾ ਹੈ –

*ਸੋ ਸਮਦਰਸੀ ਤਤ ਕਾ ਬੇਤਾ ॥*
*ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ਅੰਗ – 292*

ਸਾਰੀ ਸ੍ਰਿਸ਼ਟੀ ਨੂੰ ਫਤਹਿ ਕਰਨ ਵਾਲਾ ਉਹ ਵਜੂਦ ਹੁੰਦਾ ਹੈ ਜਿਹਦੇ ਵਿਚ ਇਹ ਗਿਆਨ ਪਰਪੱਕ ਤੌਰ 'ਤੇ ਆ ਜਾਵੇ। ਪਾਤਸ਼ਾਹ! ਤੇਰੇ ਬਿਨਾਂ ਤਾਂ ਮੈਨੂੰ ਹੋਰ ਦੂਜਾ ਕੋਈ ਦਿਸਿਆ ਹੀ ਨਹੀਂ। ਸਗੋਂ ਜਦੋਂ ਤੋਂ ਮੈਂ ਤੇਰੀ ਸ਼ਰਨ ਲਈ ਹੈ, ਮੇਰਾ ਭੇਦ ਮੁੱਕ ਗਿਆ ਸਾਰਾ ਹੀ –

*ਧਾਰਨਾ – ਨਾ ਦਿਸੇ ਬੇਗਾਨਾ ਜੀ,*
*ਨਾ ਕੋਈ ਬੈਰੀ – ਨਾ ਕੋਈ ਬੈਰੀ।*

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ – 1299*

ਪਾਤਸ਼ਾਹ! ਤੇਰੀ ਬਾਣੀ ਦੇ ਪ੍ਰਕਾਸ਼ ਵਿਚ ਕਿੱਥੇ ਰਹਿ ਗਿਆ ਬੈਰੀ, ਕਿੱਥੇ ਰਹਿ ਗਿਆ ਬੇਗਾਨਾ। ਮੇਰੀ ਤਾਂ ਦ੍ਰਿਸ਼ਟੀ ਦੇ ਵਿਚ ਤੂੰ ਹੀਂ ਨਜ਼ਰ ਆਉਂਦਾ ਹੈਂ। ਜਦੋਂ ਤੋਂ ਸੁਰਮਾ ਗਿਆਨ ਦਾ ਪੈ ਗਿਆ –

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ – 293*

ਮੈਨੂੰ ਤਾਂ ਤੇਰੇ ਬਿਨਾਂ ਹੋਰ ਕੋਈ ਨਜ਼ਰ ਆਉਂਦਾ ਹੀ ਨਹੀਂ।

ਜਿੱਥੇ ਤਕ ਮੇਰੀ ਨਿਗ੍ਹਾ ਜਾਂਦੀ ਹੈ ਤੇਰਾ ਹੀ ਖੇਲ੍ਹ ਹੋ ਰਿਹਾ ਹੈ। ਤੂੰ ਆਪੇ ਕਰ ਰਿਹਾ ਹੈਂ –

*"ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ*

*''ਤੁਰਕ ਅਤੁਰਕ ਨ ਦਿਸਦਾ ਮੈਨੂ,*
*ਤੂੰ ਸਾਰੇ ਦਿਸ ਆਈਂ।*
*''ਪਿਆਰੇ ਦੇ ਇਕ ਪਿਆਰ ਪ੍ਰੋਤਾ,*
*ਉਸ ਦੀ ਸੇਵ ਕਰਾਵਾਂ,*
*''ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।''*
*ਹੱਸੇ ਤੇ ਗਲ ਲਾਇਆ ਪਯਾਰਾ, ਡੱਬੀ ਹੱਥ ਫੜਾਈ -*
*''ਪਾਣੀ ਨਾਲ ਮਲ੍ਹਮ ਬੀ ਰੱਖੀਂ, ਲੋੜ ਪਈ ਤੇ ਲਾਈਂ''*
*(ਕਲਗੀਧਰ ਚਮਤਕਾਰ) ਪੰਨਾ - 746*

ਹੱਸੇ ਜਦੋਂ ਐਨੇ ਬਚਨ ਸੁਣੇ, ਮਹਾਰਾਜ ਖਿੜ-ਖਿੜਾ ਕੇ ਹੱਸ ਪਏ, ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਤਾਂ ਸਜ਼ਾ ਦੇਣਗੇ ਇਹਨੂੰ। ਬੜੀ ਭਾਰੀ ਅਵੱਗਿਆ ਕਰਦਾ ਹੈ, ਮਹਾਰਾਜ ਬਹੁਤ ਹੱਸੇ ਤੇ ਖਿੱਚ ਕੇ ਭਾਈ ਘਨ੍ਹਈਏ ਨੂੰ ਗਲ ਲਾ ਲਿਆ। ਨਾਲ ਹੁਕਮ ਦੇ ਦਿੱਤਾ ਕਿ ਆਹ ਮਲ੍ਹਮ ਤੇ ਪੱਟੀਆਂ ਦਿਓ, ਵੱਡੀ ਡੱਬੀ ਹਾਜ਼ਰ ਹੋ ਗਈ, ਪੱਟੀਆਂ ਆ ਗਈਆਂ। ਮਹਾਰਾਜ ਕਹਿੰਦੇ, ਲੈ ਘਨ੍ਹਈਆ! ਹੁਣ ਤੂੰ ਮੈਨੂੰ ਇਕੱਲਾ ਪਾਣੀ ਨਾ ਪਿਲਾਇਆ ਕਰੀਂ, ਮੇਰੇ ਜ਼ਖਮਾਂ ਦੇ ਉਤੇ ਮਲ੍ਹਮ ਭਰ ਕੇ ਪੱਟੀਆਂ ਵੀ ਲਾਇਆ ਕਰੀਂ। ਪ੍ਰਵਾਨਗੀ ਦੇ ਦਿੱਤੀ ਗੁਰੂ ਨੇ।

ਹੁਣ ਗੁਰਸਿੱਖੀ ਕਿੱਥੇ ਅਕਾਸ਼ਾਂ 'ਚ ਉਡਾਰੀਆਂ ਮਾਰਦੀ ਹੈ ਸਾਧਸੰਗਤ ਜੀ, ਅਸੀਂ ਸਮਝਾ ਨਹੀਂ ਸਕੇ ਦੁਨੀਆਂ ਨੂੰ ਕਿ ਸਿੱਖ ਦਾ ਹਿਰਦਾ ਤਾਂ ਐਨਾ ਵਿਸ਼ਾਲ ਹੈ, ਸਾਰਾ ਸੰਸਾਰ ਉਹਦੇ ਵਿਚ ਸਮਾਅ ਜਾਂਦਾ ਹੈ। ਉਹ ਤਾਂ ਕਿਸੇ ਦਾ ਵੈਰੀ ਹੈ ਹੀ ਨਹੀਂ। ਕਿਸੇ ਦਾ ਮਾੜਾ ਕਰਦਾ ਹੀ ਨਹੀਂ। ਉਹ ਨਿਤਨੇਮ ਕਰਕੇ ਰੋਜ਼ ਕਹਿੰਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਉਹ ਤਾਂ ਦੁਨੀਆਂ ਦਾ ਭਲਾ ਕਰਦਾ ਹੈ, ਕਿਸਾਨ ਹੋ ਕੇ ਬੇਅੰਤ ਖੇਤੀ ਪੈਦਾ ਕਰਦਾ ਹੈ, ਭੁੱਖਿਆਂ ਦੇ ਢਿੱਡ ਭਰਦਾ ਹੈ। ਹੋਰ ਕਾਰੋਬਾਰੀ ਹੋ ਕੇ ਨੇਕ ਕੰਮ ਕਰਦਾ ਹੈ। ਲੋਕ ਕਹਿੰਦੇ ਨੇ ਕਿ ਸਰਦਾਰ ਆ ਗਿਆ, ਕੋਈ ਦੁੱਖ ਹੈ, ਕੋਈ ਆਪਸ ਵਿਚ ਝਗੜਾ ਹੈ, ਸਰਦਾਰ ਜੀ, ਜ਼ਰਾ ਖੜ੍ਹਿਓ। ਆਹ ਸਾਡੀ ਗੱਲ ਸੁਣ ਕੇ ਜਾਇਓ। ਵਿਸ਼ਵਾਸ਼ ਹੈ ਗੁਰਸਿੱਖ ਦੇ ਉਤੇ, ਸੋ ਐਸਾ ਉੱਚਾ ਆਦਰਸ਼ ਗੁਰੂ ਨੇ ਪੈਦਾ ਕੀਤਾ। ਜਿਹਨੂੰ ਖਾਲਸਾ ਆਦਰਸ਼ ਕਹਿੰਦੇ ਨੇ, ਖਾਲਸਾ ਆਦਰਸ਼ ਇਹੀ ਹੈ ਕਿ ਇੱਕ ਤੋਂ ਬਗੈਰ ਦੂਜਾ ਨਜ਼ਰ ਨਾ ਆਵੇ। ਸੋ ਐਸੇ ਵਾਕਿਆਤ ਯੁੱਧ ਵਿਚ ਹੁੰਦੇ ਵੀ ਰਹੇ।

ਅੱਜ ਮਾਤਾ ਜੀਤੋ ਜੀ, ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਜਲਦੀ ਆ ਕੇ ਨਮਸ਼ਕਾਰ ਕਰਨ ਲੱਗ ਗਏ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਅੱਜ ਤੁਸੀਂ ਜਲਦੀ ਆ ਗਏ? ਕਹਿੰਦੇ ਪਾਤਸ਼ਾਹ! ਜਦੋਂ ਮੈਂ ਭਜਨ ਕਰਨ ਲਈ ਸੁਰਤ ਚਾੜ੍ਹੀ ਤ੍ਰਿਕੁਟੀ ਤੋਂ ਲੰਘੀ, ਸਹੰਸਰਾਰ ਦਲ 'ਚੋਂ ਲੰਘ ਕੇ ਦਸਵੇਂ ਦੁਆਰ 'ਚ ਗਈ, ਪਾਤਸ਼ਾਹ! ਉਥੇ ਤਾਂ ਮੈਂ ਹੋਰ ਹੀ ਕੁਛ

ਦੇਖਿਆ, ਮੈਂ ਤਾਂ ਕੰਬ ਗਈ ਦੇਖ ਕੇ, ਕਹਿੰਦੇ ਕੀ? ਕਹਿੰਦੇ ਤੁਹਾਡੀ ਖੇਲ੍ਹ ਦੇਖੀ ਮੈਂ। ਐਡੀ ਬਿਖੜੀ ਖੇਲ੍ਹ ਤੁਸੀਂ ਖੇਲ੍ਹਣੀ ਚਾਹੁੰਦੇ ਓਂ? ਸਾਹਿਬਜ਼ਾਦੇ ਕਿਤੇ, ਮਾਤਾ ਕਿਤੇ, ਤੁਸੀਂ ਕਿਤੇ, ਅਨੰਦਪੁਰ ਉਜੜਿਆ ਹੋਇਆ, ਵੱਡੇ ਸਾਹਿਬਜ਼ਾਦੇ ਯੁੱਧ ਦੇ ਵਿੱਚ ਸ਼ਹੀਦੀਆਂ ਪਾ ਰਹੇ ਨੇ। ਛੋਟਿਆਂ ਨੂੰ ਨੀਹਾਂ 'ਚ ਚੁਣਿਆ ਜਾ ਰਿਹਾ ਹੈ। ਮਹਾਰਾਜ ਜੀ ਨੇ ਬੜੇ ਧਿਆਨ ਨਾਲ ਉਨ੍ਹਾਂ ਵਲ ਦੇਖਿਆ, ਚੁੱਪ ਕਰ ਗਏ।

ਕਹਿੰਦੇ, ਮਹਾਰਾਜ! ਇਹ ਕੀ ਹੋਇਆ?

ਕਹਿੰਦੇ, ਤੁਸੀਂ ਭਜਨ ਦੇ ਬਲ ਨਾਲ ਜਿਹੜਾ ਕੁਛ ਹੋਣ ਵਾਲਾ ਹੈ ਉਹ ਦੇਖ ਲਿਆ।

ਮਹਾਰਾਜ! ਭਾਣਾ ਇਵੇਂ ਵਰਤੇਗਾ?

ਕਹਿੰਦੇ, ਹਾਂ।

ਬੱਚਿਆਂ ਨੂੰ ਤਾਂ ਬਚਾ ਲਓ?

ਕਿਤੇ ਭੇਜ ਦਿਓ, ਨਾਹਨ ਵਾਲਿਆਂ ਵਲ ਭੇਜ ਦਿਓ, ਹੋਰ ਦੂਰ-ਦਰਾਜ਼ ਸਿੱਖੀ ਹੈ ਉਥੇ ਭੇਜ ਦਿਓ, ਆਸਾਮ ਵਲ ਭੇਜ ਦਿਓ, ਰਾਜਾ ਰਤਨਰਾਇ ਵਲ ਭੇਜ ਦਿਓ, ਹੋਰ ਕਿਤੇ ਭੇਜ ਦਿਓ, ਕਹਿੰਦੇ ਇਨ੍ਹਾਂ ਦੇ ਜ਼ਿੰਮੇ ਜੋ ਡਿਊਟੀ ਲੱਗੀ ਹੈ, ਇਨ੍ਹਾਂ ਨੇ ਓਹੀ ਨਿਭਾਉਣੀ ਹੈ।

ਫੇਰ ਮਹਾਰਾਜ! ਮੈਂ ਤਾਂ ਦੇਖ ਨਹੀਂ ਸਕਦੀ? ਮੇਰੇ ਤੋਂ ਕਿਵੇਂ ਦੇਖਿਆ ਜਾਵੇਗਾ ਸਾਰਾ ਹਾਲ?

ਕਹਿੰਦੇ, ਦੇਖੋ, ਤੁਸੀਂ ਹੋਂ ਯੋਗੀ, ਮਾਤਾ ਜੀ ਯੋਗੀ ਨੇ, ਪਿਤਾ ਜੀ ਯੋਗੀ ਸੀ। ਯੋਗੀਆਂ ਨੂੰ ਮਰਨ ਦਾ ਤੇ ਜੰਮਣ ਦਾ ਫਰਕ ਨਹੀਂ ਹੋਇਆ ਕਰਦਾ। ਜਦੋਂ ਜੀਅ ਕਰਦਾ ਹੈ ਸਰੀਰ ਛੱਡ ਕੇ ਮੌਜਾਂ ਲੈ ਸਕਦੇ ਨੇ, ਸਰੀਰ 'ਚ ਆਉਣਾ ਹੋਵੇ ਆ ਜਾਣ, ਨਹੀਂ ਆਉਣਾ, ਨਾ ਵਾਪਸ ਆਉਣ। ਸਹੰਸਰਾਰ ਦਲ ਕਮਲ ਤੱਕ ਤੁਹਾਡੀ ਪਹੁੰਚ, ਉਸ ਤੋਂ ਉਪਰ ਦਸਵੇਂ ਦੁਆਰ ਤਕ ਹੋ ਗਈ ਹੈ। ਉਸ ਤੋਂ ਵੀ ਉਤੇ ਤੁਸੀਂ ਸੁੰਨ ਮੰਡਲ ਤੇ ਸਚਖੰਡ ਤੱਕ ਪ੍ਰਵੇਸ਼ ਰਖਦੇ ਓਂ। ਤੁਹਾਨੂੰ ਕੋਈ ਦੋਸ਼ ਨਹੀਂ ਹੈ, ਤੁਸੀਂ ਨਹੀਂ ਕੋਈ ਖੇਲ੍ਹ ਦੇਖਣੀ ਤਾਂ ਤੁਸੀਂ ਸਰੀਰ ਦੇ ਵਿਚੋਂ ਚਲੇ ਜਾਵੋ। ਮਾਤਾ ਜੀ ਚਲੇ ਜਾਂਦੇ ਨੇ, ਜਾ ਕੇ ਮਾਤਾ ਗੁਜਰੀ ਜੀ ਨੂੰ ਨਮਸ਼ਕਾਰ ਕਰੀ, ਇੱਕ ਥਾਂ ਬੈਠ ਗਏ, ਮਾਤਾ ਗੁਜਰੀ ਜੀ ਨੇ ਦੇਖਿਆ ਕਿ ਅੱਜ ਇਹ ਸਮਾਧੀ ਲਾ ਕੇ ਕਿਉਂ ਬੈਠ ਗਏ। ਥੋੜ੍ਹੀ ਦੇਰ ਤੋਂ ਬਾਅਦ ਜੋ ਦਾਸੀ ਸੀ ਜਾ ਕੇ ਕਹਿਣ ਲੱਗੀ, ਮਾਤਾ ਜੀਤੋ ਜੀ ਤਾਂ ਸਰੀਰ ਛੱਡ ਗਏ। ਉਸੇ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੂੰ ਖਬਰ ਦਿੱਤੀ ਗਈ। ਮਹਾਰਾਜ ਕਹਿੰਦੇ ਹਾਂ, ਇਨ੍ਹਾਂ ਨੇ ਦੇਖਣਾ ਪਸੰਦ ਨਹੀਂ ਕਰਿਆ। ਨਾਟਕ ਬੜਾ ਬਿਖੜਾ ਆ ਰਿਹਾ ਅੱਗੇ ਵਾਸਤੇ। ਸਿੱਖ ਵੀ ਡੋਲ੍ਹ ਜਾਣਗੇ। ਬੜਾ ਭਾਰਾ ਇਮਤਿਹਾਨ ਹੈ ਜਿਹੜਾ ਦੁਨੀਆਂ 'ਤੇ ਅੱਜ ਤੱਕ ਨਹੀਂ ਕਿਸੇ ਨੇ ਦਿੱਤਾ। ਉਹ ਟੈਸਟ ਉਹ ਪਰਚਾ ਸਾਡੇ ਉਤੇ ਪਿਆ

ਹੋਇਆ ਹੈ, ਅਸੀਂ ਉਸ ਇਮਤਿਹਾਨ 'ਚੋਂ ਪਾਸ ਹੋਣਾ ਹੈ। ਸੋ ਉਸ ਵੇਲੇ ਯੁੱਧ ਜਾਰੀ ਨੇ, ਛੇ ਮਹੀਨੇ ਲੰਘ ਗਏ, ਰਾਸ਼ਨ ਰਿਹਾ ਨਾ, ਮਹਾਰਾਜ ਇੱਕ ਦਿਨ ਬਾਹਰ ਆਏ, ਦੇਖ ਕੇ ਪੁੱਛਿਆ ਕਿ ਆਹ ਦਰਖਤਾਂ ਦੇ ਪੱਤੇ ਕਿਉਂ ਨਹੀਂ ਹਨ? ਛਿੱਲਾਂ ਕਿੱਥੇ ਚਲੀਆਂ ਗਈਆਂ। ਕਹਿੰਦੇ, ਸੱਚੇ ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਉਬਾਲ-ਉਬਾਲ ਕੇ ਖਾ ਲਏ, ਕਿਉਂਕਿ ਰਾਸ਼ਨ ਨਹੀਂ ਮਿਲਦਾ। ਰਾਸ਼ਨ ਕਿੰਨਾ ਮਿਲਦਾ ਸੀ, ਇੱਕ ਮੁੱਠੀ ਦੂਸਰੇ ਦਿਨ ਜਾਂ ਤੀਸਰੇ ਦਿਨ ਮਿਲਦੀ ਸੀ ਛੋਲਿਆਂ ਦੀ, ਸਾਹਿਬਜ਼ਾਦਿਆਂ ਨੂੰ ਛੋਟੀ ਮੁੱਠੀ ਦਿੰਦੇ ਸੀਗੇ, ਮਹਾਰਾਜ ਵੀ ਇੱਕ ਦਿਨ ਛੱਡ ਕੇ ਲੈਂਦੇ ਹੁੰਦੇ ਸੀ। ਕਹਿੰਦੇ, ਪਾਤਸ਼ਾਹ! ਉਨ੍ਹਾਂ ਨੇ ਸਰੀਰ ਨੂੰ ਨਰੋਆ ਰੱਖਣ ਵਾਸਤੇ ਇਹ ਪੱਤੇ ਖਾ ਲਏ ਤੇ ਛਿੱਲ ਪੀਹ-ਪੀਹ ਕੇ ਖਾ ਗਏ। ਮਹਾਰਾਜ ਕਹਿੰਦੇ, ਖਾਲਸੇ ਨੇ ਬਹੁਤ ਵੱਡਾ ਤਪ ਕਰਿਆ ਹੈ। ਜੇ ਨਿਭ ਗਿਆ ਇਹਦਾ ਫਲ ਇੱਥੇ ਹੀ ਪਾਉਣਗੇ, ਏਸ ਸੰਸਾਰ ਦੇ ਅੰਦਰ। ਅਖੀਰ ਉਹ ਸਮਾਂ ਆ ਗਿਆ ਜਦੋਂ ਛਲ ਕਪਟ ਸ਼ੁਰੂ ਹੋ ਗਏ, ਧੋਖੇ ਨਾਲ ਚਿੱਠੀ ਲਿਖੀ ਕਿ ਮਹਾਰਾਜ ਕਿਲ੍ਹਾ ਛੱਡ ਜਾਓ, ਅਸੀਂ ਕੀ ਲੈਣਾ ਹੈ ਇੱਕ ਫਕੀਰ ਨਾਲ ਮੱਥਾ ਲਾ ਕੇ, ਹੁਣ ਤਾਂ ਸਵਾਲ ਬਣ ਗਿਆ, ਛੇ ਮਹੀਨੇ ਦੇ ਅਸੀਂ ਬੈਠੇ ਹਾਂ, ਬਾਦਸ਼ਾਹ ਵਲੋਂ ਬਾਰ-ਬਾਰ ਤਾਕੀਦ ਆਉਂਦੀ ਹੈ ਤੇ ਕਿਲ੍ਹਾ ਛੱਡ ਦਿਓ, ਸਾਡਾ ਵੀ ਮੂੰਹ ਮੱਥਾ ਬਚ ਜਾਏਗਾ ਤੇ ਤੁਹਾਨੂੰ ਫਰਕ ਕੋਈ ਨਹੀਂ, ਤੁਸੀਂ ਮਾਲਵੇ ਵਲ ਚਲੇ ਜਾਓ। ਬੇਅੰਤ ਸਿੱਖੀ ਹੈ ਉਥੇ। ਉਥੇ ਪ੍ਰਚਾਰ ਕਰ ਲਿਓ। ਚਾਹੇ ਫੇਰ ਆ ਹੀ ਜਾਣਾ ਥੋੜ੍ਹੇ ਦਿਨਾਂ 'ਚ, ਇੱਕ ਵਾਰੀ ਛੱਡ ਦਿਓ, ਉਹ ਜਿਸ ਵਕਤ ਗੱਲ ਹੋਈ, ਉਸ ਵੇਲੇ ਵਿਚਾਰਾਂ ਹੋਣੀਆਂ ਸ਼ੁਰੂ ਹੋ ਗਈਆਂ ਕਿ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਅਖੀਰ ਇਕੱਠ ਹੋ ਗਿਆ, ਸਾਰੇ ਇਕੱਠੇ ਹੋ ਕੇ ਆਏ। ਬਹੁਤ ਐਸੇ ਅਵਸਰ ਸੰਤਾਂ ਦੇ ਜੀਵਨ 'ਚ ਆਉਂਦੇ ਨੇ, ਗੁਰੂਆਂ ਦੇ ਵੀ, ਵੱਡੇ-ਵੱਡੇ ਲੀਡਰਾਂ ਦੇ, ਜਦੋਂ ਸਾਰੇ ਇੱਕ ਰਾਏ ਹੋ ਕੇ ਆਪਣੀ ਰਾਏ ਦੇਣ ਆਉਂਦੇ ਨੇ।

ਮਹਾਰਾਜ ਕਹਿੰਦੇ, ਕਿਵੇਂ ਆਏ?

ਕਹਿੰਦੇ ਮਹਾਰਾਜ! ਦੇਖੋ, ਚਿੱਠੀ ਆ ਗਈ ਹੈ, ਬੜਾ ਸੁਨਹਿਰੀ ਮੌਕਾ ਹੈ, ਦਿੱਕਤਾਂ 'ਚੋਂ ਬਚ ਜਾਣ ਦਾ, ਸੰਕਟਾਂ 'ਚੋਂ ਲੰਘ ਜਾਣ ਦਾ, ਰਾਸ਼ਨ ਹੈ ਨਹੀਂ, ਭੁੱਖ ਨਾਲ ਇਨ੍ਹਾਂ ਸਾਰਿਆਂ ਨੇ ਚੜ੍ਹਾਈ ਕਰ ਜਾਣੀ ਹੈ। ਦੇਖੋ, ਵੱਡੇ-ਵੱਡੇ ਜਿਹੜੇ ਸਾਡੇ ਕੋਲ ਹਾਥੀ ਵਗੈਰਾ ਸੀ, ਸਭ ਮਰ ਚੁੱਕੇ ਨੇ, ਕੋਈ ਚੀਜ਼ ਨਹੀਂ ਖਾਣ ਨੂੰ, ਕੋਠੇ ਬਿਲਕੁਲ ਖਾਲੀ ਹੋ ਗਏ ਨੇ, ਜਿਹੜਾ ਥੋੜ੍ਹਾ ਜਿਹਾ ਰਾਸ਼ਨ ਹੈ ਦੋ ਚਾਰ ਦਿਨ 'ਚ ਉਹ ਵੀ ਖਤਮ ਹੋ ਜਾਏਗਾ। ਫੇਰ ਤਾਂ ਇੱਕ ਦਾਣਾ ਵੀ ਨਹੀਂ ਮਿਲਣਾ, ਬਾਹਰੋਂ ਆ ਨਹੀਂ ਰਿਹਾ। ਚੰਗਾ ਇਹ ਹੈ ਕਿ ਇਨ੍ਹਾਂ ਦੀ ਗੱਲ ਮੰਨ ਲਈਏ।

ਮਹਾਰਾਜ ਕਹਿੰਦੇ, ਸਾਰਾ ਹੀ ਧੋਖਾ ਹੈ। ਮਾਤਾ ਜੀ ਆ ਗਏ। ਉਨ੍ਹਾਂ ਨੂੰ ਵੀ ਕਿਹਾ ਕਿ ਮਾਤਾ ਜੀ! ਧੋਖਾ ਹੈ। ਤੁਹਾਨੂੰ ਦਿਖਾ ਦਿੰਦੇ ਹਾਂ। ਰਾਤ ਨੂੰ ਗੱਡਿਆਂ ਦੇ ਅੰਦਰ ਜਿੰਨਾਂ ਕੂੜ-ਕਬਾੜ ਸੀ ਭਰ ਕੇ ਉਤੇ ਮਖਮਲੀ

ਵੱਡੇ-ਵੱਡੇ ਦੁਸ਼ਾਲੇ ਦੇ ਦਿੱਤੇ, ਮਿਸਾਲਾਂ ਜਲਾ ਦਿੱਤੀਆਂ, ਬਲਦਾਂ ਦੇ ਸਿੰਗ ਰੇਸ਼ਮੀ ਕੱਪੜਿਆਂ ਨਾਲ ਬੰਨ੍ਹ ਦਿੱਤੇ, ਗੱਡਿਆਂ 'ਤੇ ਤੋਰ ਦਿੱਤੇ, ਘੁੰਗਰੂ ਖੜਕਦੇ ਜਾਂਦੇ ਨੇ, ਟੱਲ੍ਹ ਖੜਕਦੇ ਜਾਂਦੇ ਨੇ, ਪਤਾ ਲਗ ਗਿਆ ਕਿ ਗੁਰੂ ਕਾ ਮਾਲ ਜਾ ਰਿਹਾ ਹੈ, ਨੱਠ ਕੇ ਪੈ ਗਏ ਉਸ 'ਤੇ। ਜਦੋਂ ਬੋਰੀਆਂ ਖੋਲ੍ਹੀਆਂ, ਹੋਰ ਖੋਲ੍ਹਿਆ ਸਮਾਨ, ਕੀ ਨਿਕਲਦਾ ਹੈ ਟੁੱਟੇ ਹੋਏ ਛਿੱਤਰ, ਹੋਰ ਪੁਰਾਣੀਆਂ ਚੀਜ਼ਾਂ। ਬੜੇ ਸ਼ਰਮਿੰਦੇ ਹੋਏ ਤੇ ਅਫਸਰਾਂ ਨੇ ਦੂਜੇ ਦਿਨ ਹੀ ਮਹਾਰਾਜ ਕੋਲ ਸੁਨੇਹਾ ਭੇਜ ਦਿੱਤਾ ਕਿ ਆਹ ਸਿਪਾਹੀਆਂ ਨੇ ਜਿਹੜੀ ਗਲਤੀ ਕਰੀ ਹੈ ਅਸੀਂ ਉਨ੍ਹਾਂ ਨੂੰ ਦੰਡ ਦੇ ਦਿੱਤਾ। ਅਸੀਂ ਬੜੀ ਈਮਾਨਦਾਰੀ ਨਾਲ ਕਹਿੰਦੇ ਹਾਂ। ਉਸ ਤੋਂ ਥੋੜ੍ਹੇ ਦਿਨਾਂ ਬਾਅਦ ਫੇਰ ਇਕੱਠ ਹੋਇਆ, ਇਹ ਗੱਲ ਚਲਦੀ ਰਹੀ। ਬਹੁਤ ਸਾਰਿਆਂ ਨੇ ਇਹ ਗੱਲ ਕਹੀ ਕਿ ਮਹਾਰਾਜ! ਦੇਖੋ, ਅਸੀਂ ਵੀ ਮਨੁੱਖ ਹਾਂ, ਸਾਨੂੰ ਵੀ ਅਕਲ ਹੈ। ਮਹਾਰਾਜ ਕਹਿੰਦੇ, ਤੁਸੀਂ ਸਿੱਖ ਓਂ ਕਿ ਗੁਰੂ ਓਂ? ਕਹਿੰਦੇ, ਮਹਾਰਾਜ! ਹਾਂ ਤਾਂ ਸਿੱਖ, ਪਰ ਸਾਨੂੰ ਇਹ ਤਾਂ ਪਤਾ ਹੈ ਨਾ ਕਿ ਬਿਪਤਾ 'ਚੋਂ ਕਿਵੇਂ ਬਚ ਜਾਈਦਾ ਹੈ। ਕਿਲ੍ਹਾ ਛੱਡ ਦਿਓ। ਮਹਾਰਾਜ ਕਹਿੰਦੇ, ਜੇ ਕਿਲ੍ਹਾ ਛੱਡਣਾ ਹੈ, ਭਾਈ ਲਿਖ ਕੇ ਦੇ ਦਿਓ ਕਿ ਨਾ ਤੂੰ ਸਾਡਾ ਗੁਰੂ ਤੇ ਨਾ ਅਸੀਂ ਤੇਰੇ ਸਿੱਖ। ਦਸਤਖਤ ਹੋਣੇ ਸ਼ੁਰੂ ਹੋ ਗਏ। ਬਹੁਤ ਸਾਰੇ ਨਿਕਲ ਗਏ, ਉਸ ਤੋਂ ਬਾਅਦ ਜਿਹੜੇ ਅੰਦਰ ਰਹਿ ਗਏ, ਉਹ ਦ੍ਰਿੜ੍ਹ ਨਿਸ਼ਚੇ ਨਾਲ ਨੇ ਲੇਕਿਨ ਸੋਚਦੇ ਨੇ ਕਿ ਕੋਈ ਤਰੀਕਾ ਐਸਾ ਹੋਵੇ, ਜਿਹਦੇ ਨਾਲ ਬਚਾਓ ਹੋ ਜਾਵੇ। ਅਖੀਰ ਦਿੱਲੀ ਤੋਂ ਚਿੱਠੀ ਆਈ, ਮੋਹਰ ਲੱਗੀ ਹੋਈ ਬਾਦਸ਼ਾਹ ਦੀ, ਕੁਰਾਨ ਸ਼ਰੀਫ ਰੱਖਿਆ ਹੋਇਆ, ਗਊ ਆਟੇ ਦੀ ਬਣਾ ਕੇ ਰੱਖੀ ਹੋਈ, ਪੋਥੀਆਂ ਰੱਖੀਆਂ ਹੋਈਆਂ, ਤਿਲਕ ਰੱਖਿਆ ਹੋਇਆ, ਜੰਞੂ ਨਾਲ ਰੱਖ ਕੇ ਭੇਜਿਆ। ਪਹਾੜੀ ਰਾਜਿਆਂ ਨੇ ਸਹੁੰ ਖਾਧੀ, ਮੁਗਲ ਫੌਜਾਂ ਨੇ ਸਹੁੰ ਖਾਧੀ ਕਿ ਅਸੀਂ ਅੱਲਾ ਤਾਲਾਹ ਨੂੰ ਜਾਮਨ ਦੇ ਕੇ ਇਹ ਬਾਤ ਆਪ ਨੂੰ ਪ੍ਰਗਟ ਕਰਦੇ ਹਾਂ ਕਿ ਕਿਲ੍ਹਾ ਛੱਡ ਜਾਓ, ਲੜਾਈ ਝਗੜਾ ਸਾਡਾ ਤੁਹਾਡੇ ਨਾਲ ਕੋਈ ਨਹੀਂ, ਸਾਡਾ ਕਾਹਦਾ ਝਗੜਾ ਤੁਹਾਡੇ ਨਾਲ, ਤੁਸੀਂ ਕੋਈ ਦੇਸ਼ ਮੱਲੀਂ ਬੈਠੇ ਓਂ? ਕਿਲ੍ਹੇ ਦਾ ਰੌਲਾ ਹੈ।

ਉਸ ਵੇਲੇ ਸਿੰਘਾਂ ਦਾ ਇਕੱਠ ਹੋਇਆ, ਮਹਾਰਾਜ ਜੀ ਨੂੰ ਸਾਰੇ ਕਹਿਣ ਲੱਗੇ। ਮਹਾਰਾਜ ਕਹਿੰਦੇ, ਦੇਖੋ ਪਹਿਲਾਂ ਵੀ ਧੋਖਾ ਸੀ, ਹੁਣ ਵੀ ਧੋਖਾ ਹੈ। ਰਾਜੇ ਦਾ ਕਦੇ ਇਤਬਾਰ ਨਹੀਂ ਕਰੀਦਾ। ਰਾਜੇ ਦੀ ਜ਼ੁਬਾਨ ਨਹੀਂ ਹੋਇਆ ਕਰਦੀ, ਬੰਦੇ ਦੀ ਹੋਇਆ ਕਰਦੀ। ਰਾਜਾ ਹਿਤ ਦਾ ਹੁੰਦਾ ਹੈ, ਹਿਤ ਪੁੱਗ ਗਿਆ ਤਾਂ ਜ਼ੁਬਾਨ; ਜੇ ਹਿਤ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਥੇ ਹੀ ਜ਼ੁਬਾਨ ਤੋੜ ਦਏਗਾ। ਲਿਖੇ ਹੋਏ ਅਹਿਦਨਾਮੇ ਟੁੱਟ ਜਾਂਦੇ ਨੇ। ਬੜਾ ਸਮਝਾਇਆ ਮਹਾਰਾਜ ਨੇ। ਕੋਈ ਨਾ ਸਮਝਿਆ। ਜਿਹੜੇ ਸਿੱਖ ਸਿਦਕ ਵਾਲੇ ਉਹ ਚੁੱਪ ਕਰੇ ਬੈਠੇ ਨੇ। ਜਿਸ ਵਕਤ ਪੁੱਛਿਆ ਮਹਾਰਾਜ ਜੀ ਨੇ, ਬਹੁਤ ਸਾਰਿਆਂ ਨੇ ਤਾਂ ਕਿਹਾ ਕਿ ਮਹਾਰਾਜ! ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਜਿਹੜੇ ਸਿਦਕੀ ਸੀ ਉਹ ਕਹਿਣ ਲੱਗੇ ਕਿ ਪਾਤਸ਼ਾਹ! ਅਸੀਂ ਤਾਂ ਤੇਰੇ ਉਤੇ ਵਿਕ ਗਏ ਹਾਂ, ਸਾਡਾ ਤਾਂ ਆਪਣਾ

ਬਿਕਾਇਆ ਰਿਹਾ ਕੋਈ ਨਹੀਂ। ਇਹ ਜਿਹੜੇ ਸੀਸ ਨੇ ਜਿੱਥੇ ਤੇਰਾ ਜੀਅ ਕਰਦਾ ਹੈ ਲਾ ਦੇ, ਚਾਹੇ ਇਨ੍ਹਾਂ ਨੂੰ ਰੱਖ ਲੈ।

ਅਖੀਰ ਐਸਾ ਇਤਿਹਾਸ ਵਿਚ ਆਉਂਦਾ ਹੈ ਕਿ ਮਾਤਾ ਜੀ ਨੂੰ ਕਿਹਾ ਕਿ ਸਾਹਿਬਜ਼ਾਦੇ ਛੋਟੇ ਲੈ ਕੇ ਤੁਰ ਪਵੋ। ਆਪੇ ਹੀ ਆਉਣਗੇ ਪਿੱਛੇ। ਮਹਾਰਾਜ ਨੇ ਕਿਹਾ, ਗੁਰਸਿੱਖੋ! ਸੱਤ ਦਿਨ ਹੋਰ ਠਹਿਰੋ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅੱਗੇ ਛੇ ਮਹੀਨੇ 'ਚ ਕੁਛ ਨਹੀਂ ਬਣਿਆ, ਹੁਣ ਸੱਤਾਂ ਦਿਨਾਂ 'ਚ ਕੀ ਬਣ ਜਾਣਾ ਹੈ। ਫੌਜ ਤਾਂ ਉਵੇਂ ਜਿਵੇਂ ਬੈਠੀ ਹੈ ਆਲੇ-ਦੁਆਲੇ, ਇੱਥੇ ਖਾਣ ਪੀਣ ਨੂੰ ਕੁਛ ਹੈ ਨਹੀਂ। ਐਨੀਆਂ ਦਿੱਕਤਾਂ ਪੈ ਗਈਆਂ, ਐਡਾ ਸਖਤ ਇਮਤਿਹਾਨ ਹੋ ਗਿਆ, ਉਹਦੇ 'ਚੋਂ ਪਾਸ ਹੋਣਾ ਹੀ ਔਖਾ ਹੋ ਗਿਆ, ਭਾਈ ਦਇਆ ਸਿੰਘ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਦੱਸੋ? ਕਹਿੰਦੇ ਕਿ ਸੱਚੇ ਪਾਤਸ਼ਾਹ! ਅਸੀਂ ਤਾਂ ਹਾਂ ਹੀ ਨਹੀਂ, ਤੁਹਾਡੀ ਜਿਵੇਂ ਰਜ਼ਾ ਹੈ ਅਸੀਂ ਉਸ ਤਰ੍ਹਾਂ ਹੀ ਚੱਲਾਂਗੇ। ਲੇਕਿਨ ਕੁਛ ਐਸੇ ਨਿਕਲੇ ਜਿਨ੍ਹਾਂ ਨੇ ਸਮਾਨ ਲੱਦਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਜਦੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਤੁਰਨ ਲੱਗੇ, ਮਹਾਰਾਜ! ਕਹਿੰਦੇ, ਮਾਤਾ ਜੀ! ਜਾਂਦੇ ਤਾਂ ਤੁਸੀਂ ਹੋਂ, ਪਰ ਅੱਗੇ ਸੰਕਟ ਬਹੁਤ ਪਏ ਨੇ। ਇਹ ਤੁਹਾਨੂੰ ਫੇਰ ਸਾਡੀ ਗੱਲ ਚੇਤੇ ਆਏਗੀ। ਚੰਗਾ ਜੇ ਤੁਹਾਡੀ ਰਜ਼ਾ ਇਸ ਤਰ੍ਹਾਂ ਹੀ ਹੈ ਤਾਂ ਸਾਨੂੰ ਵੀ ਕੋਈ ਇਤਰਾਜ਼ ਨਹੀਂ। ਦੂਸਰੀ ਬਾਤ ਇਹ ਹੈ ਕਿ ਇਸ ਵੇਲੇ ਇਨ੍ਹਾਂ ਨੇ ਕੁਰਾਨ ਸ਼ਰੀਫ ਰੱਖ ਕੇ ਭੇਜਿਆ ਹੈ, ਸਾਨੂੰ ਪਤਾ ਹੈ ਕਿ ਇਹ ਧੋਖਾ ਦੇ ਰਹੇ ਨੇ, ਨਾਸਤਕ ਲੋਕ ਨੇ। ਲੇਕਿਨ ਸਾਡੇ ਮੂਹਰੇ ਇਕ ਬੜੀ ਭਾਰੀ ਸਮੱਸਿਆ ਆ ਗਈ ਹੈ, ਉਹ ਇਹ ਹੈ ਕਿ ਧਰਮ ਗ੍ਰੰਥ ਦਾ ਅਸੀਂ ਆਦਰ ਕਰਨਾ ਹੈ, ਦੁਨੀਆਂ ਦੇ ਜਿੰਨੇ ਧਰਮ ਗ੍ਰੰਥ ਨੇ ਉਨ੍ਹਾਂ ਸਾਰਿਆਂ ਦਾ ਆਦਰ ਕਰਨਾ ਹੈ, ਚਲੋ ਅਸੀਂ ਇਸ ਆਦਰ ਦੇ ਨਮਿੱਤ ਕਿਲ੍ਹਾ ਛੱਡ ਦਿੰਦੇ ਹਾਂ। ਕਿਲ੍ਹਾ ਛੱਡਣ ਲਈ ਘੰਟੇ, ਦੋ ਘੰਟਿਆਂ ਬਾਅਦ ਵਾਰੀ-ਵਾਰੀ ਤੁਰ ਪਏ। ਸਵਾ ਪਹਿਰ ਜਦੋਂ ਰਾਤ ਲੰਘ ਗਈ ਤਾਂ ਉਸ ਵੇਲੇ ਗੁਰੂ ਮਹਾਰਾਜ ਜੀ ਪੰਜ ਸੌ ਸਿੰਘ ਨਾਲ ਹੈ ਤੇ ਚੱਲ ਪੈਂਦੇ, ਹਨ੍ਹੇਰ ਗੁਬਾਰ ਹੋਈ-ਹੋਈ ਹੈ, ਹੱਥ ਮਾਰਿਆਂ ਕੁਛ ਲੱਭਦਾ ਨਹੀਂ। ਜਿਸ ਵਕਤ ਰੌਲਾ-ਗੌਲਾ ਸੁੰਨ ਹੋ ਗਿਆ, ਉਸ ਵੇਲੇ ਫੌਜਾਂ ਇੱਕ ਦਮ ਅਨੰਦਪੁਰ ਸਾਹਿਬ ਟੁੱਟ ਕੇ ਪੈ ਗਈਆਂ, ਲੁੱਟਣ ਵਾਸਤੇ। ਉਥੇ ਮਹਾਰਾਜ ਨੇ ਛੱਡਿਆ ਹੀ ਕੁਛ ਨਹੀਂ ਸੀ। ਉਸ ਤੋਂ ਬਾਅਦ ਉਹ ਕਹਿਣ ਲੱਗੇ ਜਿਹੜੇ ਜਰਨੈਲ ਸੀ ਕਿ ਦੇਖੋ, ਇਸ ਤੋਂ ਵੱਧ ਮੌਕਾ ਕਦੇ ਨਹੀਂ ਮਿਲਣਾ, ਓਧਰ ਸਰਸਾ ਦਰਿਆ ਹੈ, ਏਧਰ ਆਪਾਂ ਹਾਂ, ਵਿਚਾਲੇ ਘੇਰ ਕੇ ਗੁਰੂ ਗੋਬਿੰਦ ਸਿੰਘ ਨੂੰ ਸ਼ਹੀਦ ਕਰ ਦਿਓ। ਬੜਾ ਭਾਰਾ ਇਨਾਮ ਪਾਵਾਂਗੇ। ਨਾ ਕਸਮ ਦੀ ਲਿਹਾਜ਼ ਨਾ ਕੋਈ ਬਚਨ ਦੀ ਲਿਹਾਜ਼।

ਉਸ ਵੇਲੇ ਹੱਲਾ ਹੋ ਜਾਂਦਾ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਪੰਜ ਸੌ ਸਿੰਘ ਲੈ ਕੇ ਰੋਕਦੇ ਨੇ। ਬੜਾ ਭਾਰੀ ਘਮਸਾਨ ਦਾ ਯੁੱਧ ਹੁੰਦਾ ਹੈ। ਗੁਰੂ ਮਹਾਰਾਜ ਨੇ ਭਾਈ ਆਲਮ ਸਿੰਘ ਨੂੰ ਕਿਹਾ, ਦੂਜਿਆਂ ਨੂੰ ਕਿਹਾ ਕਿ ਸਾਹਿਬ ਅਜੀਤ ਸਿੰਘ ਨੂੰ ਲਿਆਓ ਸਾਡੇ ਕੋਲ। ਉਸ ਥਾਂ

ਬਹੁਤ ਡੱਟ ਕੇ ਮੁਕਾਬਲਾ ਹੋਇਆ। ਭਾਈ ਜੀਵਨ ਸਿੰਘ ਵੀ ਉਸ ਥਾਂ ਦੇ ਉਤੇ ਸ਼ਹੀਦ ਹੋ ਗਿਆ। ਸਰਸੇ ਨੂੰ ਲੰਘਣ ਵੇਲੇ ਸਾਰਾ ਹੀ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਤਾਵਾਂ ਇੱਕ ਪਾਸੇ ਹੋ ਗਈਆਂ, ਮਾਤਾ ਗੁਜਰੀ ਜੀ ਦੋਵੇਂ ਸਾਹਿਬਜ਼ਾਦਿਆਂ ਨੂੰ ਲੈ ਕੇ ਇੱਕ ਪਾਸੇ ਹੋ ਗਏ। ਗੁਰੂ ਮਹਾਰਾਜ ਜੀ ਸਰਸੇ ਤੋਂ ਪਾਰ ਲੰਘੇ। ਉਸ ਤੋਂ ਬਾਅਦ ਜਦੋਂ ਇਕੱਠ ਹੋਇਆ, ਥੋੜ੍ਹੇ ਸਿੰਘ ਹੋਰ ਰਲੇ, ਉਹ ਕਹਿੰਦੇ ਸੱਚੇ ਪਾਤਸ਼ਾਹ! ਸਰਸੇ ਨੇ ਤਾਂ ਸਭ ਕੁਛ ਰੋੜ੍ਹ ਦਿੱਤਾ। ਬਹੁਤ ਸਿੰਘ ਲੰਘੇ ਕਿਉਂਕਿ ਜ਼ੋਰ ਪੈ ਰਿਹਾ ਸੀ ਪਿੱਛੋਂ, ਉਸ ਵੇਲੇ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਫੌਜ ਪਾਰ ਹੋਣ ਦੀਆਂ ਤਿਆਰੀਆਂ ਕਰ ਰਹੀ ਹੈ, ਸਰਸਾ ਥੋੜ੍ਹਾ ਉਤਰ ਰਿਹਾ ਹੈ, ਆਪ ਬੰਦੋਬਸਤ ਕਰੋ। ਮਹਾਰਾਜ ਜੀ ਰੋਪੜ ਦੇ ਵਿੱਚ ਆ ਕੇ ਭਾਈ ਬਚਿੱਤਰ ਸਿੰਘ ਨੂੰ, ਨਿਹੰਗ ਖਾਨ ਉਨ੍ਹਾਂ ਕੋਲ ਸੰਭਾਲਦੇ ਨੇ, ਕਿਉਂਕਿ ਬਹੁਤੇ ਜ਼ਖਮੀ ਸੀ। ਉਸ ਤੋਂ ਬਾਅਦ ਆਪ ਚਮਕੌਰ ਸਾਹਿਬ ਚਲੇ ਜਾਂਦੇ ਨੇ। ਇਨ੍ਹਾਂ ਦਿਨਾਂ ਦੇ ਅੰਦਰ ਬਹੁਤ ਭਿਆਨਕ ਯੁੱਧ ਹੋ ਰਿਹਾ। ਇਹ ਸਿੱਖ ਇਤਿਹਾਸ ਦਾ ਕਰਬਲਾ ਦਾ ਦਿਨ ਹੈ। ਇਹਦੇ ਉਤੇ ਸਿੱਖੀ ਪਰਖੀ ਗਈ ਪੂਰੀ ਤਰ੍ਹਾਂ ਨਾਲ। ਕਿਉਂਕਿ ਬਚਨਾਂ ਨੂੰ ਕਰ ਲੈਣਾ, ਇਹ ਹੋਰ ਗੱਲ ਹੈ, ਰੱਬ ਨੂੰ ਮਿਲ ਜਾਣਾ ਹੋਰ ਗੱਲ ਹੈ, ਪਰ ਰੱਬ ਨੂੰ ਮਿਲ ਕੇ ਰੱਬ ਵਰਗਾ ਜੀਵਨ ਗੁਜ਼ਾਰ ਦੇਣਾ, ਉਹ ਔਖਾ ਹੈ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥***

***ਅੰਗ - 68***

ਸੋ ਇਸ ਤਰ੍ਹਾਂ ਦੇ ਨਾਲ ਭਿਆਨਕ ਯੁੱਧ ਹੁੰਦਾ ਹੈ, ਚਮਕੌਰ ਸਾਹਿਬ ਦੇ ਅੰਦਰ, ਬਹੁਤ ਭਿਆਨਕ, ਚਾਲੀ ਸਿੰਘ ਨੇ ਤੇ ਬਾਹਰਲੇ ਪਾਸੇ ਫੌਜ ਨਵੀਂ ਵੀ ਇਕ ਦਮ ਆ ਗਈ, ਉਸ ਵੇਲੇ ਬਹੁਤ ਵਧ-ਵਧ ਕੇ, ਅੱਗੇ ਹੋ-ਹੋ ਕੇ ਲੜਦੇ ਨੇ, ਪਹਿਲਾਂ ਸਾਰਿਆਂ ਤੋਂ ਦੋ ਸਿੰਘ ਗੇਟ ਵਾਲੇ ਜ਼ਖਮੀ ਹੋ ਗਏ ਸੀ। ਫੇਰ ਇੱਕ ਸਿੰਘ ਬਾਹਰ ਨਿਕਲ ਗਿਆ, ਫੇਰ ਪੰਜ-ਪੰਜ ਨਿਕਲਦੇ ਰਹੇ, ਸ਼ਾਮ ਤੱਕ ਯੁੱਧ ਹੁੰਦਾ ਰਿਹਾ। ਵਾਰੀ-ਵਾਰੀ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਜੱਥੇ ਲੈ ਕੇ ਗਏ। ਅਨੇਕਾਂ ਨੂੰ ਮੌਤ ਦੇ ਘਾਟ ਉਤਾਰਦੇ ਆਪ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਜਿਸ ਵਕਤ ਸ਼ਾਮ ਪੈ ਗਈ, ਉਸ ਵੇਲੇ ਪੰਜ ਸਿੰਘ ਬਚੇ ਕਿਲ੍ਹੇ ਦੇ ਅੰਦਰ, ਕਈ ਅੱਠ ਕਹਿੰਦੇ ਨੇ; ਉਸ ਵੇਲੇ ਪੰਜਾਂ ਨੂੰ ਇਕੱਠੇ ਹੋਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਕੱਲ੍ਹ ਨੂੰ ਜੰਗ ਕਰਾਂਗੇ। ਤੁਸੀਂ ਨਾ ਕਰਿਓ, ਅਸੀਂ ਇਕੱਲੇ ਬਾਹਰ ਨਿਕਲਾਂਗੇ, ਤੁਸੀਂ ਸਾਡਾ ਯੁੱਧ ਦੇਖਿਓ ਤੁਸੀਂ ਅੱਖਾਂ ਨਾਲ ਕਿ ਅਸੀਂ ਕਿਵੇਂ ਕਰਨਾ ਹੈ। ਉਹ ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਵਰਗੇ ਲੱਖਾਂ ਮਾਰੇ ਜਾਣ, ਕੋਈ ਫਰਕ ਨਹੀਂ ਪੈਂਦਾ। ਜੇ ਗੁਰੂ ਦਸ਼ਮੇਸ਼ ਪਿਤਾ ਸ਼ਹੀਦ ਹੋ ਗਏ, ਫੇਰ ਸਿੱਖ ਕਿੱਥੋਂ ਬਣਨਗੇ। ਖਾਲਸਾ ਕਿੱਥੋਂ ਹੋਏਗਾ। ਇਹ ਤਾਂ ਇੱਥੇ ਹੀ ਸਾਰਾ ਖਤਮ ਹੋ ਗਿਆ। ਪੰਜਾਂ ਨੇ ਉਸ ਵੇਲੇ ਹੁਕਮ ਦਿੱਤਾ ਮਹਾਰਾਜ ਨੂੰ ਕਿ ਅਸੀਂ ਪੰਜ ਸਿੰਘ; ਤੁਸੀਂ ਬਚਨ ਕੀਤਾ ਹੈ ਕਿ ਜਿੱਥੇ ਪੰਜ ਸਿੰਘ ਹੋਣਗੇ, ਉਥੇ ਮੈਂ ਵਰਤਾਂਗਾ। ਸੋ ਸੱਚੇ ਪਾਤਸ਼ਾਹ! ਤੁਸੀਂ

ਹੁਣ ਚਾਹੇ ਸ਼ਕਤੀ ਵਰਤੋ, ਚਾਹੇ ਇਨਸਾਨੀ ਤਾਕਤ ਵਰਤੋ, ਪਰ ਕਿਲ੍ਹੇ 'ਚੋਂ ਨਿਕਲ ਕੇ ਜਾ ਕੇ ਦੁਬਾਰਾ ਪੰਥ ਦੀ ਸਾਜਨਾ ਕਰੋ, ਅਸੀਂ ਇੱਥੇ ਯੁੱਧ ਕਰਾਂਗੇ ਆਖਰੀ ਦਮ ਤੱਕ। ਸੋ ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਠੀਕ ਹੈ ਕਿ ਮੈਂ ਖਾਲਸੇ ਨੂੰ ਕੁਛ ਦੇਣਾ ਚਾਹੁੰਦਾ ਹਾਂ, ਉਨ੍ਹਾਂ ਪ੍ਰਕਰਮਾ ਕਰਕੇ, ਐਸਾ ਲਿਖਿਆ ਹੈ ਕਿ ਭਾਈ ਸੰਤ ਸਿੰਘ ਨੂੰ ਕਲਗੀ ਦਿੱਤੀ, ਨਾਲ ਸਮਝਾ ਦਿੱਤਾ ਕਿ ਤੇਰੀ ਸ਼ਕਲ ਮੇਰੇ ਨਾਲ ਰਲਦੀ ਹੈ, ਬੜਾ ਸਮਾਂ ਮਿਲ ਜਾਏਗਾ ਇਹ ਨਿਰਣਾ ਹੋਣ ਵਾਸਤੇ ਕਿ ਮੈਂ ਸ਼ਹੀਦ ਹੋਇਆ ਹਾਂ ਕਿ ਮੈਂ ਜੀਉਂਦਾ ਚਲਿਆ ਗਿਆ। ਨਾਲ ਮਹਾਰਾਜ ਜੀ ਨੇ ਕਿਹਾ ਕਿ ਦੇਖੋ, ਅਸੀਂ ਚੋਰਾਂ ਵਾਂਗਣ ਨਹੀਂ ਜਾਣਾ, ਕਲੰਕ ਲਗ ਜਾਏਗਾ, ਅਸੀਂ ਸੂਰਮਿਆਂ ਵਾਂਗਣ ਨਿਕਲਣਾ ਹੈ। ਜਦੋਂ ਮਹਾਰਾਜ ਜੀ ਆਏ ਤਾੜੀ ਸਾਹਿਬ, ਉਥੇ ਆ ਕੇ ਤਿੰਨ ਵਾਰੀ ਉੱਚੀ ਆਵਾਜ਼ ਵਿਚ ਕਿਹਾ ਕਿ ਹਿੰਦ ਦਾ ਪੀਰ ਜਾ ਰਿਹਾ ਹੈ, 'ਹਿੰਦ ਪੀਰ ਮੇ ਰਵੀ', ਤਿੰਨ ਵਾਰੀ ਐਨੇ ਉੱਚੇ ਬੋਲੇ ਕਿ ਮਿਸਾਲਾਂ ਵਾਲੇ ਨੱਠ ਕੇ ਆਏ, ਮਹਾਰਾਜ ਜੀ ਨੇ ਬਾਣ ਮਾਰੇ ਤੇ ਉਸ ਤੋਂ ਬਾਅਦ ਘਮਸਾਨ ਦਾ ਯੁੱਧ ਆਪਸ ਵਿਚ ਹੁੰਦਾ ਰਿਹਾ, ਤਾਰੇ ਦੀ ਸੇਧ ਮਹਾਰਾਜ ਜੀ ਨੇ ਦੱਸੀ ਹੋਈ ਸੀ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਨੂੰ ਓਸ ਸੇਧ 'ਤੇ ਮਹਾਰਾਜ ਕਹਿੰਦੇ ਤੁਸੀਂ ਤੁਰ ਆਇਓ, ਐਧਰ ਹੋ ਜਾਓ, ਓਧਰ ਹੋ ਜਾਓ, ਮਹਾਰਾਜ ਕਹਿੰਦੇ, ਤੁਸੀਂ ਸੇਧ ਨਾ ਛੱਡਿਓ। ਆਪਾਂ ਮਿਲ ਜਾਵਾਂਗੇ ਸਵੇਰੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਇਸ ਭਿਆਨਕ ਯੁੱਧ 'ਚੋਂ ਨਿਕਲਣ ਤੋਂ ਬਾਅਦ ਮਾਛੀਵਾੜੇ ਜਾਂਦੇ ਨੇ ਗੁਲਾਬੇ ਦੇ, ਉਸ ਤੋਂ ਬਾਅਦ ਗਨੀ ਖਾਂ, ਨਬੀ ਖਾਂ ਲੈ ਜਾਂਦੇ ਨੇ, ਉੱਚ ਦਾ ਪੀਰ ਬਣਾ ਕੇ, ਮਹਾਰਾਜ ਜੀ ਮਾਲਵੇ ਵਲ ਨੂੰ ਜਾਂਦੇ, ਅੱਜ ਰਾਏਕੋਟ, ਰਾਏ ਕੱਲੇ ਦੇ ਪਾਸ ਜੋ ਮੁਸਲਮਾਨ ਹਾਕਮ ਹੈ, ਉਥੇ ਆਪ ਗਏ। ਜਦੋਂ ਉਹਨੂੰ ਪਤਾ ਲੱਗਿਆ ਤਾਂ ਬਹੁਤ ਸ਼ਰਧਾ 'ਤੇ ਪਿਆਰ ਨਾਲ ਗੁਰੂ ਮਹਾਰਾਜ ਜੀ ਨੂੰ ਲੈਣ ਵਾਸਤੇ ਆਉਂਦਾ ਹੈ। ਟਿਕਾਣਾ ਕਰਾਇਆ ਤਾਂ ਉਸ ਤੋਂ ਬਾਅਦ ਮਹਾਰਾਜ ਜੀ ਨੇ ਕਿਹਾ ਕਿ ਰਾਏ ਕੱਲਾ! ਕੋਈ ਸਹੀ ਬੰਦਾ ਦੇ ਜਿਹੜਾ ਸਹੀ ਖਬਰ ਸਰਹੰਦ ਜਾ ਕੇ ਲੈ ਆਵੇ। ਉਹਨੇ ਕਿਹਾ ਕਿ ਮਹਾਰਾਜ! ਬਹੁਤ ਪਿਆਰ ਕਰਨ ਵਾਲਾ ਤੇ ਵਿਸ਼ਵਾਸ਼ ਪਾਤਰ ਇੱਕ ਮਾਹੀ ਹੈ ਇੱਥੇ, ਬੜਾ ਸਿਆਣਾ ਹੈ ਉਹ। ਉਸ ਨੂੰ ਅਸੀਂ ਭੇਜਦੇ ਹਾਂ। ਮਹਾਰਾਜ ਕਹਿੰਦੇ, ਦੇਖ ਬਈ ਮਾਹੀ! ਅੱਜ ਹੀ ਅੱਜ ਖਬਰ ਲਿਆਈਂ। ਕਹਿੰਦਾ, ਸੱਚੇ ਪਾਤਸ਼ਾਹ! ਇਥੋਂ ਪੰਜਾਹ ਕੋਹ ਹੈ ਸਰਹੰਦ। ਪੰਜਾਹ ਕੋਹ ਦਾ ਮਤਲਬ ਹੋ ਗਿਆ ਸੌ-ਸਵਾ ਸੌ ਕਿਲੋਮੀਟਰ। ਸੱਚੇ ਪਾਤਸ਼ਾਹ! ਜੇ ਤੁਹਾਡੀ ਸ਼ਕਤੀ ਹੋਵੇ ਤਾਂ ਮੈਂ ਉਥੋਂ ਆ ਸਕਦਾ ਹਾਂ, ਮੇਰੇ 'ਚ ਨਹੀਂ ਐਨੀ ਤਾਕਤ, ਮੈਂ ਤਾਂ ਜੇ ਇੱਕ ਦਿਨ ਵਿੱਚ ਪਹੁੰਚ ਵੀ ਜਾਵਾਂ ਤਾਂ ਵੀ ਵੱਡੀ ਬਾਤ ਹੈ। ਮਹਾਰਾਜ ਕਹਿੰਦੇ, ਕੋਈ ਨਾ ਤੂੰ ਹੁਣੇ ਪਹੁੰਚ ਜਾਏਂਗਾ। ਖਬਰ ਲਈਂ, ਖਬਰ ਲੈ ਕੇ ਆ ਜਾਈਂ। ਸਾਰੇ ਹੈਰਾਨ ਨੇ ਕਿ ਅੱਜ ਕਿਵੇਂ ਆ ਜਾਏਗਾ। ਉਥੇ ਹੀ ਬੈਠੇ ਨੇ ਮਹਾਰਾਜ। ਬੋਹੜ ਦਾ ਦਰਖਤ ਹੈ, ਰਾਏ ਕੱਲੇ ਨੂੰ ਕਹਿਣ ਲੱਗੇ, ਕੋਈ ਬੰਦਾ ਉਪਰ

ਦਰਖਤ 'ਤੇ ਚਾੜ੍ਹ ਦੇਖ ਤਾਂ ਆਉਂਦਾ ਹੈ ਉਹ। ਕਹਿੰਦੇ, ਸੱਚੇ ਪਾਤਸ਼ਾਹ! ਅਜੇ ਤਾਂ ਪਹੁੰਚਿਆ ਵੀ ਨਹੀਂ ਹੋਣਾ, ਕਿਉਂਕਿ ਜਾਣਦੇ ਨਹੀਂ ਸੀ ਲੀਲਾ ਨੂੰ। ਫੇਰ ਮਹਾਰਾਜ ਨੇ ਦੂਸਰੀ ਵਾਰੀ ਫੇਰ ਕਿਹਾ, ਤੀਸਰੀ ਦਫਾ ਜਦ ਕਿਹਾ ਤਾਂ ਇੱਕ ਬੰਦਾ ਚੜ੍ਹ ਗਿਆ, ਦੇਖਦਾ ਹੈ ਤਾਂ ਬਹੁਤ ਕਾਹਲੀ ਨਾਲ ਕੋਈ ਆ ਰਿਹਾ ਹੈ। ਹੇਠਾਂ ਉਤਰ ਆਇਆ ਕਹਿਣ ਲੱਗਿਆ ਕਿ ਮਹਾਰਾਜ! ਹੋਵੇ ਨਾ ਤਾਂ ਉਹ ਮਾਹੀ ਹੀ ਲਗਦਾ ਹੈ ਮੈਨੂੰ ਤਾਂ। ਬਹੁਤ ਕਾਹਲੀ-ਕਾਹਲੀ ਆ ਰਿਹਾ ਹੈ। ਸਾਰੇ ਹੈਰਾਨ ਹੋ ਗਏ। ਮਹਾਰਾਜ ਪਲੰਘ 'ਤੇ ਬੈਠੇ ਨੇ, ਉਹ ਜਿਸ ਵਕਤ ਆਇਆ ਤਾਂ ਉੱਚੀ-ਉੱਚੀ ਆ ਕੇ ਰੋਂਦਾ ਹੈ ਮਹਾਰਾਜ ਕੋਲ ਆ ਕੇ, ਬੋਲਦਾ ਨਹੀਂ। ਮਹਾਰਾਜ ਕਹਿੰਦੇ, ਕੀ ਗੱਲ ਪ੍ਰੇਮੀਆਂ! ਹੋਇਆ ਕੀ? ਤੂੰ ਦੱਸ ਸਾਰੀ ਗੱਲ? ਕਹਿੰਦਾ, ਮਹਾਰਾਜ! ਕੀ ਦੱਸਾਂ? ਜੋ ਕੁਛ ਹੋਇਆ ਮੇਰੀ ਜ਼ੁਬਾਨ ਨਹੀਂ ਦੱਸ ਸਕਦੀ। ਮੈਂ ਕਹਿ ਨਹੀਂ ਸਕਦਾ। ਮਹਾਰਾਜ ਕਹਿੰਦੇ, ਦੇਖ ਅਸੀਂ ਤੈਨੂੰ ਪੁੱਛਣ ਲਈ ਭੇਜਿਆ ਹੈ ਤੇ ਹੁਣ ਤੂੰ ਹਾਲ ਦੱਸ ਸਾਰੇ ਬੈਠੇ ਨੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਜੋ ਤੁਹਾਡਾ ਰਸੋਈਆ ਸੀ ਗੰਗੂ ਨਾਮ ਦਾ, ਬੇਈਮਾਨ, ਨਮਕ ਹਰਾਮ ਉਸ ਨੇ ਜਾ ਕੇ ਪੈਸੇ 'ਤੇ ਅੱਖ ਰੱਖ ਕੇ ਹਾਕਮ ਨੂੰ ਖਬਰ ਦਿੱਤੀ, ਉਹ ਹਾਕਮ ਮੁਰਿੰਡੇ ਵਾਲਾ ਸਰਹੰਦ ਲੈ ਗਿਆ ਤੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਬੁਰਜ ਦੇ ਵਿਚ ਕੈਦ ਕਰ ਦਿੱਤਾ। ਉਸ ਤੋਂ ਬਾਅਦ ਜਦੋਂ ਦੂਸਰੇ ਦਿਨ ਕਚਹਿਰੀ ਲੱਗੀ, ਤਾਂ ਉਸ ਵੇਲੇ ਮੁਰਿੰਡੇ ਵਾਲੇ ਨੇ ਕਿਹਾ ਕਿ ਮੈਂ ਗੁਰੂ ਸਾਹਿਬ ਦੇ ਬੱਚਿਆਂ ਨੂੰ ਤੇ ਮਾਤਾ ਨੂੰ ਲੈ ਆਇਆ ਹਾਂ। ਨਵਾਬ ਨੇ ਕਿਹਾ ਕਿ ਬੱਚਿਆਂ ਨੂੰ ਅਸੀਂ ਦੇਖਣਾ ਚਾਹੁੰਦੇ ਹਾਂ। ਕਚਹਿਰੀ ਵਿਚ ਪੇਸ਼ ਕਰੋ। ਮਾਤਾ ਜੀ ਕੋਲ ਗਏ, ਮਾਤਾ ਜੀ ਨੇ ਦਿਲਾਸਾ ਦਿੱਤਾ ਬੱਚਿਆਂ ਨੂੰ। ਹੌਂਸਲਾ ਦਿੱਤਾ ਕਿ ਦੇਖਿਓ ਹੌਂਸਲਾ ਨਹੀਂ ਹਾਰਨਾ, ਕਿਉਂਕਿ ਉਮਰ ਛੋਟੀ ਹੈ ਪੰਜ ਸਾਲ, ਸੱਤ ਸਾਲ ਦੀ; ਝੁਕਣਾ ਨਹੀਂ, ਡਰਨਾ ਨਹੀਂ, ਤੁਸੀਂ ਆਪਣੇ ਆਦਰਸ਼ ਦੇ ਉਤੇ ਕਾਇਮ ਰਹਿਣਾ ਹੈ। ਮੌਤ ਕੋਈ ਚੀਜ਼ ਦੁਨੀਆਂ 'ਚ ਨਹੀਂ ਹੋਇਆ ਕਰਦੀ। ਮੌਤ ਸਿਰਫ ਉਨ੍ਹਾਂ ਵਾਸਤੇ ਹੁੰਦੀ ਹੈ ਜਿਹੜੇ ਪਾਪ ਕਰਦੇ ਨੇ। ਗੁਰਮੁਖਾਂ ਵਾਸਤੇ ਕੋਈ ਮੌਤ ਨਹੀਂ ਹੋਇਆ ਕਰਦੀ। ਹੌਂਸਲਾ ਦੇ ਕੇ ਭੇਜਿਆ, ਜਿਸ ਵਕਤ ਸਾਹਿਬਜ਼ਾਦੇ ਆਉਂਦੇ ਨੇ, ਉਹ ਖਿੜਕੀ ਖੁੱਲ੍ਹੀ ਸੀ, ਖਿੜਕੀ ਦੇ ਵਿਚੋਂ ਹੇਠਾਂ ਸਿਰ ਕੱਢ ਕੇ ਪਹਿਲਾਂ ਫੇਰ ਲੰਘਣਾ ਪੈਂਦਾ ਸੀ। ਦੋਵੇਂ ਭਰਾ ਰੁਕ ਗਏ, ਕਹਿੰਦੇ ਦੇਖੋ, ਅੰਦਰ ਬੈਠੇ ਨੇ, ਵੱਡੇ। ਕਹਿਣ ਲੱਗੇ ਜ਼ੋਰਾਵਰ ਸਿੰਘ! ਆਪਣਾ ਸੀਸ ਝੁਕ ਜਾਏਗਾ, ਆਪਾਂ ਸੀਸ ਨਹੀਂ ਇਨ੍ਹਾਂ ਨੂੰ ਝੁਕਾਉਣਾ, ਕਿਉਂਕਿ ਇਨ੍ਹਾਂ ਵਿਚ ਧਰਮੀ ਬੰਦਾ ਇੱਕ ਵੀ ਨਹੀਂ ਹੈ, ਪਾਪ ਕਰਨ ਵਾਲੇ ਨੇ। ਸਾਡਾ ਜੋ ਪਵਿੱਤਰ ਸੀਸ ਹੈ, ਜਿਸ ਦੇ ਅੰਦਰ ਅੰਮ੍ਰਿਤ ਦੇ ਛਿੱਟੇ ਪਏ ਨੇ, ਚੂਲ੍ਹੀਆਂ ਪਈਆਂ ਨੇ, ਇਹ ਪਾਪੀਆਂ ਦੇ ਅੱਗੇ ਨਿਵਣ ਵਾਲਾ ਨਹੀਂ ਹੈ। ਧਰਮੀਆਂ ਦੇ ਧਰਮਾਂ ਦੀ ਅਸੀਂ ਧੂੜ ਹਾਂ, ਉਨ੍ਹਾਂ ਦੇ ਚਰਨ ਧੂੜ ਲੋਚਦੇ ਹਾਂ, ਲੇਕਿਨ ਇਨ੍ਹਾਂ ਪਾਪੀਆਂ ਦੇ ਅੱਗੇ ਨਿਵੀਏ?

ਪਹਿਲਾਂ ਪੈਰ ਕੱਢੇ ਤੇ ਅੰਦਰ ਚਲੇ ਗਏ, ਜਾ ਕੇ ਅੰਦਰ ਗੱਜ ਕੇ

ਫਤਹਿ ਬੁਲਾਈ। ਜੋ ਉਥੇ ਦਾ ਮਰਿਆਦਾ ਰੱਖਣ ਵਾਲਾ ਸੀ ਕਹਿੰਦਾ ਬੱਚਿਓ! ਐਉਂ ਨਹੀਂ ਹੁੰਦਾ, ਪਹਿਲਾਂ ਔਂਧੇ ਝੁਕੋ, ਫੇਰ ਸੱਤ ਵਾਰੀ ਸਲਾਮ ਕਰੋ। ਕਹਿੰਦੇ, ਅਸੀਂ ਤਾਂ ਨਹੀਂ ਝੁਕਦੇ। ਇੱਕ ਦੂਜੇ ਨਾਲ ਸਲਾਹ ਕਰੀ। ਜਦੋਂ ਪੁੱਛਿਆ ਕਿ ਝੁਕਦੇ ਕਿਉਂ ਨਹੀਂ ਓਂ, ਉਸ ਵੇਲੇ ਇਸ ਤਰ੍ਹਾਂ ਦੇ ਨਾਲ ਜਵਾਬ ਦਿੰਦੇ ਨੇ ਪੜ੍ਹੋ ਸਾਰੇ -

***ਧਾਰਨਾ - ਸੀਸ ਅਰਪ 'ਦੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਂਓਂ ਝੁਕਣੇ।***

ਕਹਿੰਦੇ, ਨਵਾਬ ਸਾਹਿਬ! ਤੁਸੀਂ ਸਾਰੇ ਪਾਪ ਕਮਾਉਣ ਵਾਲੇ ਬੈਠੇ ਓਂ। ਇੱਕ ਗੱਲ ਦਾ ਜਵਾਬ ਦੇਵੋ, ਕੁਰਾਨ ਸ਼ਰੀਫ ਰੱਖ ਕੇ ਤੁਸੀਂ ਕਸਮਾਂ ਤੋੜੀਆਂ। ਜਦੋਂ ਤੁਸੀਂ ਕੁਰਾਨ ਸ਼ਰੀਫ ਨੂੰ ਹੀ ਨਹੀਂ ਮੰਨਦੇ, ਤਾਂ ਫੇਰ ਤੁਸੀਂ ਨਾਸਤਕ ਹੋ ਗਏ, ਕਾਫਰ ਹੋ ਗਏ। ਪਾਮਰ ਲੋਕ ਹੋਂ ਤੁਸੀਂ। ਆਹ ਸੀਸ ਜਿਹੜਾ ਸਾਡਾ ਹੈ ਇਹ ਗੁਰੂ ਨੂੰ ਦਿੱਤਾ ਹੋਇਆ ਹੈ, ਅਰਪਿਆ ਹੋਇਆ ਹੈ। ਸਾਡਾ ਸੀਸ ਨਹੀਂ ਹੈ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - 827***

ਇਹ ਲੱਗਿਆ ਸਾਡੇ ਉਤੇ ਹੈ ਪਰ ਹੈ ਗੁਰੂ ਦਾ; ਏਸ ਗੁਰੂ ਦੇ ਪਵਿੱਤਰ ਸੀਸ ਨੂੰ ਪਾਪੀਆਂ ਦੇ ਅੱਗੇ ਝੁਕਾ ਦੇਈਏ ਆ ਕੇ, ਕਾਫਰਾਂ ਦੀ ਸਭਾ ਵਿਚ ਝੁਕਾ ਦੇਈਏ। ਜਿਨ੍ਹਾਂ ਨੂੰ ਆਪਣੇ ਇਸ਼ਟ ਦਾ ਹੀ ਧਿਆਨ ਨਹੀਂ ਹੈ, ਕੁਰਾਨ ਸ਼ਰੀਫ ਦੀ ਹੀ ਇੱਜ਼ਤ ਨਹੀਂ ਹੈ, ਪੈਗੰਬਰ ਤੋਂ ਜਿਹੜੇ ਬਾਗੀ ਹੋਏ-ਹੋਏ ਨੇ, ਇਨ੍ਹਾਂ ਨੂੰ ਨਹੀਂ ਸਾਡਾ ਸੀਸ ਝੁਕਾਣਾ।

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਕਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***
***ਇਹ ਨਰ ਪਾਮਰ ਪਾਪ ਕਮਾਵੈਂ।***

***ਸ੍ਰੀ ਗੁ. ਪ੍ਰਤਾਪ ਸੂਰਜ ਗ੍ਰੰਥ,ਪੰਨਾ 5951***

***ਕਿਮ ਇਨ ਆਗੇ ਸੀਸ ਨਿਵਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸੀਸ ਨਿਵਾਉਂਦੇ ਹਾਂ ਅਸੀਂ, ਸਾਧੂ ਸੰਤਾਂ ਦੇ, ਬੰਦਗੀ ਕਰਨ ਵਾਲਿਆਂ ਦੇ ਚਰਨਾਂ ਦੀ ਧੂੜ ਹਾਂ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਇਹ ਹੰਕਾਰੀ ਸਿਰ ਨਹੀਂ ਹੈਗਾ, ਨਿਮ੍ਰਤਾ ਦਾ ਭਰਿਆ ਹੋਇਆ ਹੈ। ਪਰ ਇਹ ਪਾਪੀਆਂ ਨੂੰ ਨਹੀਂ ਨਿਵਣਾ। ਬੰਦਗੀ ਕਰਨ ਵਾਲਿਆਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ, ਤਾਂ ਅਸੀਂ ਕਹਿੰਦੇ ਹਾਂ ਕਿ ਇਸ ਸੀਸ ਦਾ ਮੂੜ੍ਹਾ ਬਣਾ ਦੇਈਏ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***

***ਅੰਗ - 558***

ਉਹ ਥਾਂ ਹੈ ਸਾਡੇ ਝੁਕਣ ਦਾ, ਉਥੇ ਅਸੀਂ ਚਰਨਾਂ ਦੀ ਧੂੜ ਬਣਨ ਨੂੰ ਤਿਆਰ ਹਾਂ ਪਰ ਪਾਪੀਆਂ ਦੇ ਅੱਗੇ? ਕਹਿਣ ਲੱਗੇ, ਬੱਚਿਓ! ਕਿਸ ਜ਼ੋਰ ਦੇ ਅੱਗੇ ਤੁਸੀਂ ਗੱਲਾਂ ਕਰ ਰਹੇ ਓਂ? ਤੁਹਾਡਾ ਪਿਤਾ, ਤੁਹਾਡੇ ਭਰਾ ਸਾਰੇ ਸ਼ਹੀਦ ਹੋ ਚੁੱਕੇ ਨੇ। ਅੱਖਾਂ ਨਾਲ ਦੇਖਿਆ ਅਸੀਂ, ਗੁਰੂ ਗੋਬਿੰਦ ਸਿੰਘ ਸ਼ਹੀਦ ਹੋਇਆ ਤੇ ਤੁਸੀਂ ਹੁਣ ਕਿਸ ਦੀ ਆਸ ਰੱਖਦੇ ਓਂ। ਕਹਿਣ ਲੱਗੇ, ਹੱਸ ਪਏ ਦੋਵੇਂ, ਕਹਿੰਦੇ ਪਿਤਾ ਜੀ? ਕੌਣ ਹੈ ਦੁਨੀਆਂ ਦੇ ਅੰਦਰ ਪੈਦਾ ਹੋਇਆ, ਜਿਹੜਾ ਉਨ੍ਹਾਂ ਦੀ ਝਾਲ ਨੂੰ ਝੱਲ ਲਵੇ –

***ਧਾਰਨਾ – ਐਸਾ ਜੰਮਿਆ ਨਾ ਜਗਤ ਉਤੇ ਕੋਈ,***
***ਝਾਲ ਜਿਹੜਾ ਝੱਲੇ ਗੁਰਾਂ ਦੀ।***

ਇਹ ਗੱਲ ਕਹਿੰਦੇ ਓਂ ਕਿ ਸ਼ਹੀਦ ਕਰ ਦਿੱਤੇ। ਕੌਣ ਹੈ ਦੁਨੀਆਂ ਦੇ ਵਿੱਚ ਜਿਹੜਾ ਗੁਰੂ ਮਹਾਰਾਜ ਦੀ ਝਾਲ ਝੱਲੇ।

***ਸ੍ਰੀ ਸਤਿਗੁਰ ਜੋ ਪਿਤਾ ਹਮਾਰਾ।***
***ਜਗ ਮਹਿੰ ਕੌਨ ਸਕਹਿ ਤਿਹ ਮਾਰਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਕੋਈ ਵੀ ਦੁਨੀਆਂ ਦੇ ਅੰਦਰ ਐਸਾ ਨਹੀਂ ਜਿਹੜਾ ਉਨ੍ਹਾਂ ਨੂੰ ਮਾਰ ਸਕੇ। ਐਨਾ ਕੂੜ ਬੋਲਦੇ ਓਂ? ਓਸ ਵੇਲੇ ਸਾਰੇ ਚੁੱਪ ਕਰ ਰਹੇ, ਬਚਨ ਸੁਣਦੇ ਨੇ ਕਿ ਐਨੀ ਦਲੇਰੀ? ਐਨੀ ਸਾਫਗੋਈ ਤੇ ਐਨੀ ਬਾਤ ਇਹ ਕਰ ਰਹੇ ਨੇ, ਤਾਂ ਉਸ ਵੇਲੇ ਜਿਹੜੇ ਸਿਆਣੇ ਸੀ ਵਿੱਚ ਬੈਠੇ ਉਹ ਕਹਿਣ ਲੱਗੇ ਨਵਾਬ ਸਾਹਿਬ! ਇਹ ਬੱਚੇ ਨੇ, ਬੱਚਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਕਿਉਂਕਿ ਸ਼ੀਰਖੋਰ ਨੇ, ਪੰਜ ਸਾਲ ਤੇ ਸੱਤ ਸਾਲ ਦੇ। ਤੁਸੀਂ ਆਪਣੇ ਬੱਚਿਆਂ ਵਲ ਨਿਗ੍ਹਾ ਮਾਰੋ ਕਿਸੇ ਨਾਲ ਲੜਾਈ ਕਰਦੇ ਨੇ, ਝਗੜਾ ਕਰਦੇ ਨੇ।

***ਸ਼ੀਰ ਖੋਰ ਇਨ ਕਹਾਂ ਬਿਗਾਰਾ।***
***ਲਰਿਬੇ ਮਿਲਿਬੇਨਹਿਨ ਬਿਚਾਰਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਨਾ ਇਨ੍ਹਾਂ ਨੂੰ ਪਤਾ ਹੈ ਕਿ ਲੜਾਈ ਕੀ ਹੁੰਦੀ ਹੈ, ਨਾ ਇਨ੍ਹਾਂ ਨੂੰ ਪਤਾ ਹੈ ਕਿ ਮਿਲਾਪ ਕੀ ਹੁੰਦਾ ਹੈ? ਇਹ ਬੱਚੇ ਆਪਣੀ ਮਰਜ਼ੀ ਦੇ ਨਾਲ ਬੋਲੀ ਜਾਂਦੇ ਨੇ, ਜੋ ਕੁਛ ਇਨ੍ਹਾਂ ਨੇ ਸਮਝਿਆ ਹੈ, ਮਾੜੀ ਤਾਂ ਕੋਈ ਗੱਲ ਇਨ੍ਹਾਂ ਨੇ ਕਹੀ ਨਹੀਂ, ਸਾਰੀ ਗੱਲ ਤਾਂ ਇਨ੍ਹਾਂ ਨੇ ਸਹੀ ਕਹਿ ਦਿੱਤੀ। ਅਸੀਂ ਸਾਰੇ ਸ਼ਰਮਸ਼ਾਰ ਹਾਂ, ਕੁਰਾਨ ਸ਼ਰੀਫ ਰੱਖ ਕੇ ਅਸੀਂ ਕਸਮਾਂ ਤੋੜੀਆਂ, ਠੀਕ ਹੈ ਬੱਚੇ ਕਹਿੰਦੇ ਨੇ ਕਿ ਤੁਸੀਂ ਕਾਫਰ ਓਂ, ਤੁਸੀਂ ਆਪਣੇ ਧਰਮ ਨੂੰ ਨਹੀਂ ਮੰਨਿਆ। ਤੁਸੀਂ ਐਡੀ ਵੱਡੀ ਗਲਤ ਗੱਲ ਕਰੀ ਹੈ। ਕੀ ਤੁਹਾਡਾ ਇਤਬਾਰ ਤੁਸੀਂ ਤਾਂ ਕਾਫਰ ਓਂ। ਨਵਾਬ ਨਰਮੀ 'ਚ ਆ ਗਿਆ ਕਹਿਣ ਲੱਗਿਆ, ਅੱਛਾ, ਫੇਰ ਇਨ੍ਹਾਂ ਨੂੰ ਸਜ਼ਾ ਕਾਹਦੀ ਦੇਣੀ ਹੈ। ਬੱਚਿਆਂ ਨੂੰ ਛੱਡ ਦਿਓ।

ਉਸ ਵੇਲੇ ਸਾਰਿਆਂ ਦੇ ਮਨਾਂ 'ਚ ਇੱਕ ਖੁਸ਼ੀ ਜਿਹੀ ਦੌੜੀ ਕਿਉਂਕਿ ਸਾਰੇ ਬਾਲ ਬੱਚਿਆਂ ਵਾਲੇ ਸੀ। ਇੱਕ ਖੜ੍ਹਾ ਹੋ ਗਿਆ ਖਤਰੀ ਸੁੱਚਾ ਨੰਦ

ਨਾਮ ਦਾ, ਜਿਹਨੂੰ ਝੂਠਾ ਨੰਦ ਕਹਿੰਦੇ ਨੇ, ਕਹਿੰਦਾ ਨਵਾਬ ਸਾਹਿਬ! ਮੇਰੀ ਜਾਤ ਦੇ, ਮੇਰੇ ਭਾਈਚਾਰੇ ਦੇ ਨੇ, ਮੈਂ ਤੁਹਾਡਾ ਹੈਗਾ ਖੈਰ ਖੁਵਾ ਗਲਤੀ ਨਾ ਕਰੋ, ਇਹ ਬੱਚੇ ਬੱਚੇ ਨਹੀ ਰਹਿਣੇ, ਇਹ ਤਾਂ ਇਨ੍ਹਾਂ ਨੇ ਦਿਨਾਂ 'ਚ ਹੀ ਵੱਡੇ ਹੋ ਜਾਣਾ ਹੈ। ਜੋ ਕੁਛ ਇਨ੍ਹਾਂ ਦੇ ਪਿਤਾ ਨੇ ਕਰਿਆ ਹੈ ਉਸ ਤੋਂ ਇਨ੍ਹਾਂ ਨੇ ਘੱਟ ਨਹੀਂ ਕਰਨਾ। ਆਓ ਮੈਂ ਤੁਹਾਨੂੰ ਦਿਖਾ ਦੇਵਾਂ। ਬਾਹਰ ਲੈ ਗਏ ਤਿੰਨ ਦੁਕਾਨਾਂ ਲਾ ਦਿੱਤੀਆਂ। ਬੱਚਿਆਂ ਨੂੰ ਬੁਲਾ ਲਿਆ, ਪਹਿਲੀ ਮਠਿਆਈ ਦੀ ਦੁਕਾਨ ਹੈ, ਦੂਸਰੀ ਜੋ ਹੈ ਉਹ ਖੇਡਾਂ ਦੀ ਹੈ, ਤੀਸਰੀ ਸਸ਼ਤਰਾਂ ਦੀ ਹੈ, ਕਾਜ਼ੀ ਕਹਿਣ ਲੱਗਿਆ, ਕਿ ਮੇਰੀ ਕਿਤਾਬ ਦੇ ਵਿੱਚ ਕੋਈ ਫਤਵਾ ਨਹੀਂ ਜਿਹੜਾ ਇਨ੍ਹਾਂ ਬੱਚਿਆਂ 'ਤੇ ਲਗ ਜਾਵੇ ਇਨ੍ਹਾਂ ਦੀ ਬਾਗੀ ਗੱਲ ਮੈਂ ਸੁਣੀ ਹੀ ਨਹੀਂ ਹੈ। ਨਾਲੇ ਬੱਚੇ ਕਿਹੜੀ ਬਗਾਵਤ ਕਰ ਸਕਦੇ ਨੇ। ਇਨ੍ਹਾਂ ਨੂੰ ਤਾਂ ਮੁਆਫ ਹੁੰਦਾ ਹੈ ਸਾਰਾ ਕੁਛ। ਕਹਿਣ ਲੱਗੇ, ਹੁਣੇ ਦਿਖਾ ਦਿੰਦੇ ਹਾਂ। ਦੁਕਾਨ 'ਤੇ ਲੈ ਗਏ। ਮਠਿਆਈ ਵਲ ਦੇਖਿਆ ਤਕ ਨਹੀਂ, ਖੇਡਾਂ ਵਲ ਨਿਗ੍ਹਾ ਹੀ ਨਹੀਂ ਕਰੀ। ਜਿਥੇ ਸ਼ਸਤਰ ਸੀ, ਛੋਟੀਆਂ-ਛੋਟੀਆਂ ਬਰਛੀਆਂ, ਛੋਟੇ-ਛੋਟੇ ਕਮਾਣਾਂ ਤੀਰ ਕਟਾਰਾਂ ਕ੍ਰਿਪਾਨਾਂ, ਉਹ ਚੁੱਕ ਕੇ ਫਟਾ-ਫਟ ਲਾਉਣ ਲਗ ਗਏ, ਪੇਟੀ ਲੈ ਕੇ ਉਹਦੇ ਵਿਚ, ਐਨ ਸਜ ਗਏ। ਬੜੇ ਪਿਆਰ ਨਾਲ ਕਹਿਣ ਲੱਗਿਆ, ਝੂਠਾ ਨੰਦ। ਕਹਿੰਦਾ, ਸ਼ਸਤਰ ਤਾਂ ਬੜੇ ਤੁਹਾਡੇ ਸਜਦੇ ਨੇ। ਜੇ ਤੁਹਾਨੂੰ ਅਸੀਂ ਛੱਡ ਦੇਈਏ, ਤੁਸੀਂ ਕੀ ਕਰੋਂਗੇ।

ਵੱਡੇ ਬੋਲੇ ਕਿ ਦੇਖੋ ਅਸੀਂ ਜਿਸ ਮੰਤਵ ਵਾਸਤੇ ਸਾਡੇ ਨਾਲ ਯੁੱਧ ਹੋ ਰਿਹਾ ਹੈ ਜਦ ਤੱਕ ਇਹ ਸਹੀ ਨਹੀਂ ਹੁੰਦਾ, ਓਨਾਂ ਚਿਰ ਤੱਕ ਇਹ ਯੁੱਧ ਹਟਣਾ ਨਹੀਂ ਹੈ। ਉਹ ਹੈ ਕਿ ਸਾਰਿਆਂ ਨੂੰ ਆਪਣੇ ਧਰਮ ਦੇ ਮੁਤਾਬਿਕ ਖੁੱਲ੍ਹ। ਬੰਦੇ ਆਜ਼ਾਦ ਹੋਣ, ਰਾਜਾ ਸਹੀ ਰਾਜ ਕਰਦਾ ਹੋਵੇ। ਪੱਖ-ਪਾਤ ਨਾ ਕੋਈ ਕਰਦਾ ਹੋਵੇ। ਤੁਸੀਂ ਕੀ ਕਰੋਂਗੇ? ਕਹਿੰਦੇ ਅਸੀਂ ਵੱਡੇ ਹੋ ਕੇ, ਆਪਣੇ ਹਮ ਖਿਆਲ ਅਸੀਂ ਇਕੱਠੇ ਕਰਾਂਗੇ। ਫੇਰ ਯੁੱਧ ਲੜਾਂਗੇ। ਜਦ ਐਨੀ ਗੱਲ ਹੋਈ, ਕਹਿੰਦਾ, ਕਾਜ਼ੀ ਸਾਹਿਬ! ਦੇਖੋ, ਕਿਤਾਬ, ਇਹਦੇ ਵਿਚ ਆਉਂਦਾ ਹੈ ਫਤਵਾ?

ਕਹਿੰਦਾ, ਤੁਸੀਂ ਮੇਰੀ ਗੱਲ ਮੰਨੋ। ਮੈਂ ਪੂਰੀ ਤਰ੍ਹਾਂ ਨਾਲ ਤਾੜੀ ਹੋਈ ਹੈ ਗੱਲ, ਇਸ ਤਰ੍ਹਾਂ ਕਹਿੰਦਾ ਹੈ -

***ਧਾਰਨਾ - ਇਹ ਬੱਚੇ ਨਾਗਾਂ ਦੇ,***
***ਇਹ ਨਹੀਂ ਜੀਉਂਦੇ ਛੱਡਣ ਜੋਗੇ।***

***ਨਵਾਬ ਸਾਹਿਬ! ਐਡੀ ਗਲਤੀ?***

***ਸੁਨਤਿ ਜਰਯੋ ਖੱਤ੍ਰੀ ਮਤਿਮੰਦ।***
***ਬੋਲਯੋ ਬਾਕ ਸੁਨਾਵਨ ਬ੍ਰਿੰਦ।***
***ਇਹ ਨਾਗਨ ਕੇ ਬੱਚੇ ਛੋਟੇ।***
***ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸੁਣ ਲਈਆਂ ਗੱਲਾਂ ਇਨ੍ਹਾਂ ਦੀਆਂ?

*ਨਹਿਂ ਨਬਾਬ ਕੋ ਕਰਹਿਂ ਸਲਾਮੂ।*
*ਡਰਪਤਿ ਨਹੀਂ ਬਿਲੋਕਿ ਤਮਾਮੂ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਇਹ ਡਰਦੇ ਨਹੀਂ, ਭੋਰਾ ਜਿੰਨਾਂ ਵੀ ਨਹੀਂ ਝੁਕੇ ਹੈਗੇ। ਬੱਚਾ ਹੈ ਡਰ ਜਾਂਦਾ ਹੈ, ਕੰਬ ਜਾਂਦਾ ਹੈ। ਅਸੀਂ ਐਨੇ ਬੈਠੇ ਹਾਂ, ਕਿਹੋ ਜਿਹੀਆਂ ਅੱਖਾਂ ਵਾਲੇ ਬੈਠੇ ਨੇ ਜਿਨ੍ਹਾਂ ਨੂੰ ਦੇਖ ਕੇ ਆਦਮੀ ਐਵੇਂ ਹੀ ਡਰ ਜਾਂਦਾ ਹੈ, ਕਿਹੋ ਜਿਹੇ ਦਿਉ ਕੱਦ ਬੰਦੇ ਬੈਠੇ ਨੇ ਮਾੜਾ ਝਾਕਣ ਵਾਲੇ ਉਨ੍ਹਾਂ ਤੋਂ ਨਹੀਂ ਡਰਦੇ, ਇਹ ਤਾਂ ਐਉਂ ਖੜ੍ਹੇ ਨੇ ਜਿਵੇਂ ਡਰ ਨੂੰ ਜਾਣਦੇ ਹੀ ਨਹੀਂ ਹਨ। ਉਸ ਵੇਲੇ ਬੋਲਿਆ ਕਿ ਤੁਹਾਨੂੰ ਡਰ ਨਹੀਂ ਲਗਦਾ? ਬੱਚੇ ਕਹਿੰਦੇ ਡਰ, ਅਸੀਂ ਨਿਰਭਉ ਨੂੰ ਜਪਦੇ ਹਾਂ। ਨਿਰਭਉ ਨੂੰ ਜਿਹੜਾ ਜਪੇਗਾ ਉਹਦਾ ਭਉ ਖਤਮ ਹੋ ਜਾਏਗਾ, ਡਰ ਨਹੀਂ ਰਿਹਾ ਕਰਦਾ।

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* ***ਅੰਗ - 293***

ਡਰਦੇ ਤਾਂ ਓਹੀ ਨੇ, ਜਿਹੜੇ ਗਲਤ ਕੰਮ ਕਰਦੇ ਹੋਣ, ਕੋਈ ਚੋਰੀਆਂ ਕਰਦਾ ਹੈ, ਕੋਈ ਯਾਰੀਆਂ ਕਰਦਾ ਹੈ, ਕੋਈ ਵਿਭਚਾਰ ਕਰਦਾ ਹੈ, ਕੋਈ ਕਾਨੂੰਨ ਤੋਂ ਉਲਟ ਗੱਲ ਕਰਦਾ ਹੈ। ਕਹਿੰਦੇ, ਬਾਕੀ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਣਾ ਹੈ ਭਜਨ ਕਰਨਾ ਹੈ, ਦੁਨੀਆਂ ਦਾ ਭਲਾ ਕਰਨਾ ਹੈ, ਉਹ ਵੀ ਡਰਦੇ ਨੇ ਕਦੇ?

*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ*
*ਸੋ ਡਰੈ ਜਿਨਿ ਪਾਪ ਕਮਤੇ ਰਾਮ ॥*
*ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥*

***ਅੰਗ - 540***

ਉਸ ਵੇਲੇ ਕਹਿਣ ਲੱਗੇ ਕਿ ਦੇਖੋ, ਤੁਹਾਨੂੰ ਅਸੀਂ ਜੀਉਂਦਾ ਤਾਂ ਛੱਡ ਦਿੰਦੇ ਹਾਂ ਪਰ ਸ਼ਰਤ ਇੱਕ ਹੈ। ਉਹ ਇਹ ਹੈ ਕਿ ਹੁਣ ਪਿਤਾ ਤੁਹਾਡਾ ਮਾਰਿਆ ਗਿਆ, ਭਰਾ ਤੁਹਾਡੇ ਮਾਰੇ ਗਏ, ਘਰ ਤੁਹਾਡੇ ਢਾਹ ਦਿੱਤੇ, ਕੋਈ ਥਾਂ ਨਹੀਂ ਹੈ ਤੁਹਾਨੂੰ ਕਿਸੇ ਥਾਂ ਦੇ ਜਾਣ ਲਈ। ਤੁਸੀਂ ਹੁਣ ਸਾਡੇ ਦੀਨ ਵਿਚ ਆ ਜਾਓ -

*ਦੀਨ ਬਿਖੈ ਆਵਹੁ ਤੁਮ ਅਬੈ।*
*ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਸਾਡੀ ਜੋ ਸ਼ਰ੍ਹਾ ਹੈ ਤੁਰਕ ਦੀ ਉਸਨੂੰ ਮੰਨੋ।

*ਪੁਨ ਤੁਮ ਕੋ ਦੇਂ ਬਹੁ ਬਡਿਆਈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਤੁਹਾਨੂੰ ਫੇਰ ਬਾਅਦ ਵਿਚ ਵਡਿਆਈ ਦੇ ਦੇਵਾਂਗੇ, ਪਿੰਡ ਦੇ ਦੇਵਾਂਗੇ, ਇਲਾਕਾ ਪਰਗਣਾ ਦੇ ਦੇਵਾਂਗੇ ਤੇ ਨਾਲ ਹਾਥੀ ਘੋੜੇ ਦੇ ਦੇਵਾਂਗੇ।

*ਗਜ ਬਾਜੀ ਅਰੁ ਧਨ ਸਮੁਦਾਈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਬੇਅੰਤ ਲੱਖਾਂ ਦੀ ਤਾਦਾਦ 'ਚ ਧਨ ਦੇ ਦੇਵਾਂਗੇ। ਨਾਲ ਗ੍ਰਾਮ ਦੇਵਾਂਗੇ, ਨਾਲ ਵਡਿਆਈ ਦੇਵਾਂਗੇ।

***ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।***
***ਕੇਤਿਕ ਚਮੂੰ ਸੰਗ ਤੁਮ ਲਾਵਹਿ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5951***

ਤੁਹਾਨੂੰ ਅਸੀਂ ਫੌਜ ਵੀ ਦੇ ਦੇਵਾਂਗੇ। ਜੇ ਲੜਨ ਭਿੜਨ ਦਾ ਸ਼ੌਂਕ ਹੀ ਹੈ। ਤੀਰ ਕਮਾਨ ਚਲਾਉਣ ਦਾ, ਫੌਜਾਂ ਆਪਣੀਆਂ ਹੈਗੀਆਂ ਇਹਦੇ ਵਿਚ ਤੁਹਾਡੀ ਮਤੈਹਿਤ ਅਸੀਂ ਫੌਜ ਦੇ ਦੇਵਾਂਗੇ।

***ਜਿਮ ਹਮ ਕਰਹਿਂ ਅਧਿਕ ਸਿਰਦਾਰੀ।***
***ਤਿਮ ਹੋਵਹੁਗੇ ਲਿਹੁ ਸੁਖ ਭਾਰੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਜਿਸ ਤਰ੍ਹਾਂ ਦੇ ਨਾਲ ਅਸੀਂ ਸਿਰਦਾਰੀ ਕਰਦੇ ਹਾਂ, ਸਾਡੇ ਵਾਂਗੂੰ ਤੁਸੀਂ ਵੀ ਹੋ ਜਾਵੋਂਗੇ। ਪਰ ਅਸਾਡੀ ਗੱਲ ਤੁਸੀਂ ਮੰਨ ਲਓ। ਉਸ ਵੇਲੇ ਕਹਿਣ ਲੱਗੇ, ਨਵਾਬ ਸਾਹਿਬ! ਗੱਲ ਤਾਂ ਇਹ ਹੈ ਕਿ ਅੱਲਾਹ ਨੂੰ ਮੰਨਣਾ ਹੈ, ਅਸੀਂ ਕਿਸਨੂੰ ਮੰਨਦੇ ਹਾਂ? ਅਸੀਂ ਅੱਲਾਹ ਨੂੰ ਹੀ ਮੰਨ ਰਹੇ ਹਾਂ। ਅਸੀਂ ਅੱਲਾਹ ਨੂੰ ਵਾਹਿਦ ਸਮਝਦੇ ਹਾਂ, ਤੁਸੀਂ ਕਹਿੰਦੇ ਓਂ ਇਲ-ਇਲਾ ਲਾ ਇਲਾ, ਵਾਹਿਗੁਰੂ ਇੱਕ ਹੈ ਸਾਰੇ ਪਰੀਪੂਰਨ ਹੈ। ਅਸੀਂ ਵੀ ਇਹੀ ਕਹਿੰਦੇ ਹਾਂ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਅਸੀਂ ਆਪਣੀ ਬੋਲੀ 'ਚ ਕਹਿੰਦੇ ਹਾਂ, 'ੴ ਸਤਿਨਾਮੁ ਕਰਤਾ ਪੁਰਖੁ' ਉਹ ਕਲਮਾਂ ਅਰਬੀ 'ਚ ਹੈ, ਸਾਡਾ ਜੋ ਕਲਮਾ ਹੈ ਇਹ ਅਸੀਂ ਆਪਣੀ ਬੋਲੀ ਵਿਚ ਪੜ੍ਹ ਰਹੇ ਹਾਂ। ਦੱਸੋ ਫਰਕ ਕੀ ਪੈ ਗਿਆ। ਜੇ ਤਾਂ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਮੁੜ ਕੇ ਅਸੀਂ ਮਰਨਾ ਨਹੀਂ ਹੈ, ਸਦਾ ਵਾਸਤੇ ਸੰਸਾਰ 'ਤੇ ਰਹਿਣਾ ਹੈ ਤਾਂ ਤਾਂ, ਗੱਲ ਕੋਈ ਸੋਚ ਸਕਦਾ ਹੈ ਕਮਲਾ ਬੰਦਾ ਫੇਰ ਵੀ, ਸਿਆਣਾ ਤਾਂ ਫੇਰ ਵੀ ਨਹੀਂ ਸੋਚਦਾ, ਪਰ ਇਹ ਦੱਸੋ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਜੀਉਂਦਾ ਰਹੇਗਾ, ਮਰੇਗਾ ਨਹੀਂ। ਨੀਵੀਆਂ ਪਾ ਲਈਆਂ, ਕਹਿੰਦੇ ਮਰਨਾ ਤਾਂ ਹੈ। ਫੇਰ ਦਰਗਾਹ ਵਿਚ ਜਾਏਗਾ ਕਿ ਨਹੀਂ। ਕਹਿੰਦੇ, ਉਹ ਵੀ ਜਾਏਗਾ। ਫੇਰ ਉਥੇ ਜਿਹੜਾ ਇਹ ਧਰਮ ਹਾਰਿਆ ਹੈ, ਇਹਦਾ ਲੇਖਾ ਦੇਣਾ ਪਵੇਗਾ ਕਿ ਟੁੱਟ ਜਾਏਗਾ ਉਹ। ਨਾ ਪ੍ਰੇਮੀਓਂ! ਬੜਾ ਤੁਹਾਡੇ ਮਨਾਂ ਵਿਚ ਭਰਮ ਪੈ ਗਿਆ। ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਹਰੀ ਵੀ ਓਹੀ ਹੈ, ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਆਪਸ ਵਿਚ ਵਾਦ-ਵਿਵਾਦ ਕਰਦੇ ਓਂ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ,***
***ਭਰਮਾਂ ਵਿੱਚ ਪੈ ਗਈ ਦੁਨੀਆਂ।***

ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਰਾਮ ਵੀ ਓਹੀ ਹੈ, ਨਾਰਾਇਣ ਵੀ ਓਹੀ ਹੈ, God ਵੀ ਓਹੀ ਹੈ, ਕਿਹੜੀ ਗੱਲ ਦਾ ਰੌਲਾ ਰਹਿ ਗਿਆ।

***ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥***

***ਅੰਗ - 483***

ਜਿਹਨੂੰ ਤੁਸੀਂ ਅੱਲਾਹ ਕਹਿੰਦੇ ਓਂ ਉਹ ਘਟ-ਘਟ ਦੇ ਵਿਚ ਸਾਡੇ ਵਿਆਪਕ ਹੈ। ਉਹਨੂੰ ਕਿਵੇਂ ਕੱਢ ਲਓਂਗੇ, ਅਸੀਂ ਤਾਂ ਪਹਿਲਾਂ ਹੀ ਓਥੇ ਹਾਂ। ਉਹਦਾ ਨਾਮ ਰਹੀਮ ਹੈ, ਉਹਨੂੰ ਹੀ ਕਰਨ ਕਾਰਨ ਕਹਿੰਦੇ ਨੇ -

***ਕਾਰਨ ਕਰਨ ਕਰੀਮ ॥***
***ਸਰਬ ਪ੍ਰਤਿਪਾਲ ਰਹੀਮ ॥***
***ਅਲਹ ਅਲਖ ਅਪਾਰ ॥***
***ਖੁਦਿ ਖੁਦਾਇ ਵਡ ਬੇਸੁਮਾਰ ॥ 1 ॥***
***ਓੁਂ ਨਮੋ ਭਗਵੰਤ ਗੁਸਾਈ ॥***
***ਖਾਲਕੁ ਰਵਿ ਰਹਿਆ ਸਰਬ ਠਾਈ ॥ ਅੰਗ - 897***
***ਕਹੁ ਨਾਨਕ ਗੁਰਿ ਖੋਏ ਭਰਮ ॥***
***ਏਕੋ ਅਲਹੁ ਪਾਰਬ੍ਰਹਮ ॥ ਅੰਗ - 897***

ਸਾਡੇ 'ਚ ਤਾਂ ਭਰਮ ਹੈ ਹੀ ਨਹੀਂ। ਇਹ ਜਿਹੜੀ ਤੁਸੀਂ ਮਰਿਆਦਾ ਕਹਿੰਦੇ ਓਂ, ਇਹ ਤੁਹਾਡੀ ਵਾਧੂ ਦੀ ਗੱਲ ਹੈ। ਇਹ ਤਾਂ ਗੁਰੂ ਮਹਾਰਾਜ ਨੇ ਸਾਡਾ ਭਰਮ ਨਿਬੇੜ ਦਿੱਤਾ -

***ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥***
***ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ 4 ॥***
***ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ਅੰਗ - 885***

ਕਹਿੰਦੇ ਨਹੀਂ ਜਿਵੇਂ ਅਸੀਂ ਹਾਂ ਉਸ ਤਰ੍ਹਾਂ ਦਾ ਹੋਣਾ ਪਵੇਗਾ, ਕਹਿੰਦੇ ਨਾਮ ਨਹੀਂ ਸਾਡੇ ਅੰਦਰੋਂ ਨਿਕਲਣਾ।

***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥***
***ਅੰਗ - 808***

ਬਾਕੀ ਤੁਹਾਡੀ ਮਰਜ਼ੀ ਹੈ ਜੋ ਕੁਛ ਕਰਨਾ ਹੈ ਕਰੋ, ਅਸੀਂ ਤੁਹਾਨੂੰ ਦੱਸ ਦਿੱਤੀ ਗੱਲ ਸਾਰੀ। ਮੀਟਿੰਗ ਹੁੰਦੀ ਹੈ, ਕਹਿਣ ਲੱਗੇ, ਇਹ ਤਾਂ ਜਾਂ ਤਾਂ ਇਹ ਬਣ ਜਾਣ, ਨਹੀਂ ਫੇਰ ਇਨ੍ਹਾਂ ਨੂੰ ਛੱਡਣਾ ਨਹੀਂ ਹੈ। ਵਿਚਾਰਾਂ ਚਲਦੀਆਂ ਨੇ। ਏਧਰ ਇਹ ਦੋਵੇਂ ਵੀਚਾਰ ਕਰਦੇ ਨੇ। ਕਹਿਣ ਲੱਗੇ, ਭਰਾ ਜੀ! ਹੁਣ ਆਪਾਂ ਕੀ ਕਰੀਏ, ਦੇਖੋ, ਆਪਣੇ ਪਿਤਾ ਜੀ ਦੇ ਜੋ ਪੜਦਾਦਾ ਜੀ ਸੀਗੇ, ਗੁਰੂ ਪੰਜਵੇਂ ਪਾਤਸ਼ਾਹ ਉਨ੍ਹਾਂ ਨੇ ਆਪਣਾ ਧਰਮ ਨਹੀਂ ਹਾਰਿਆ ਤੇ ਉਨ੍ਹਾਂ ਨੇ ਆਪਣਾ ਸੀਸ ਦੇ ਦਿੱਤਾ, ਫੇਰ ਆਪਣੇ ਦਾਦਾ ਜੀ ਨੂੰ ਕਿੰਨਾਂ ਇਨ੍ਹਾਂ ਨੇ ਵਰਗਲਾਇਆ ਕਿ ਆਹ ਕਰਾਂਗੇ, ਔਹ ਕਰਾਂਗੇ, ਸਾਰੀ ਮੁਸਲਿਮ ਕੌਮ ਦਾ ਪੀਰ ਮੰਨਾਂਗੇ। ਤੁਸੀਂ ਇੱਕ ਵਾਰੀ ਇਸਲਾਮ ਵਿੱਚ ਆ ਜਾਓ, ਸਾਰਾ ਭਾਰਤ ਵਰਸ਼ ਅਸੀਂ ਇਸਲਾਮ 'ਚ ਕਰਕੇ, ਫੇਰ ਤੁਸੀਂ ਵੱਡੇ ਪੀਰ ਤੁਹਾਨੂੰ ਹੀ ਮੰਨਾਂਗੇ, ਤੁਹਾਡੀਆਂ ਯਾਦਾਂ ਕਾਇਮ ਕਰਾਂਗੇ, ਕਿੰਨਾਂ ਕੁਛ ਕਿਹਾ। ਦਾਦਾ ਜੀ ਨੂੰ ਪੜਦਾਦਾ ਜੀ ਨੂੰ, ਫੇਰ ਤਨ ਤਾਂ ਆਪਣਾ ਨਾਸ਼ਵੰਤ ਹੈ, ਇਹਨੇ ਤਾਂ ਰਹਿਣਾ ਨਹੀਂ ਹੈ, ਲਾਲਚਾਂ ਦੇ ਵਿੱਚ ਦਾਦਾ ਜੀ ਨਾ ਆਏ। ਉਨ੍ਹਾਂ ਨੇ ਵੀ ਆਪਣਾ ਸੀਸ ਦੇ ਦਿੱਤਾ ਤੇ ਇਸੇ ਤਰ੍ਹਾਂ ਦੇ ਨਾਲ ਬੜਾ ਕੁਛ ਉਨ੍ਹਾਂ ਨੂੰ ਦਿਖਾਇਆ। ਉਨ੍ਹਾਂ ਨੇ ਸ਼ਹੀਦੀ ਦਾ ਸਾਕਾ ਕਰਕੇ ਦਿਖਾ ਦਿੱਤਾ।

*ਤਿਮ ਸ਼ਾਕਾ ਜਗ ਤੁਮ ਦਿਖਰਾਵੋ।*
*ਮਨ ਕੋ ਥਿਰ ਕਰਿ ਨਹੀਂ ਡੁਲਾਵੋ।*

***ਸ਼੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - 5952***

ਮਨ ਆਪਾਂ ਤਕੜਾ ਕਰ ਲਈਏ, ਡੋਲਾਈਏ ਨਾ ਕਿਸੇ ਤਰੀਕੇ ਨਾਲ। ਕੁਛ ਕਹੀ ਜਾਣ ਜਿਹੜਾ ਇਨ੍ਹਾਂ ਦਾ ਜੀਅ ਕਰਦਾ ਹੈ -

*ਹਮਰੇ ਬੰਸ ਰੀਤਿ ਇਮ ਆਈ।*
*ਸੀਸ ਦੇਤਿ ਪਰ ਧਰਮ ਨ ਜਾਈ।*

***ਸ਼੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - 5952***

ਜਿਵੇਂ ਰਘੁਕੁਲ ਵੰਸ਼ ਦੀ ਰੀਤ ਹੈ ਕਿ ਕਿੰਨੀਆਂ ਹੀ ਤਕਲੀਫਾਂ ਹੋਣ ਬਚਨ ਨਹੀਂ ਹਾਰਦੇ। ਕਿੰਨੀਆਂ ਹੀ ਤਕਲੀਫਾਂ ਹੋ ਗਈਆਂ। ਸ੍ਰੀ ਰਾਮਚੰਦਰ ਜੀ ਬਨਵਾਸ 'ਚ ਗਏ ਲੇਕਿਨ ਬਚਨ ਨਹੀਂ ਹਾਰਿਆ ਉਨ੍ਹਾਂ ਨੇ। ਆਪਣੀ ਬੰਸ ਦੀ ਵੀ ਜੋ ਰੀਤ ਹੈ, ਉਹਦੇ ਵਲ ਧਿਆਨ ਦੇਵੋ -

*ਧਾਰਨਾ - ਸੀਸ ਦੇਣਾ ਤੇ ਧਰਮ ਨਹੀਂਓਂ ਹਾਰਨਾ,*
*ਇਹ ਹੈ ਰੀਤ ਗੁਰੂ ਪੰਥ ਦੀ।*

ਕਹਿਣ ਲੱਗੇ, ਭਰਾਤਾ ਜੀ! ਫਤਹਿ ਸਿੰਘਾ ਡੋਲਣਾ ਨਹੀਂ ਹੈ। ਸੀਸ ਦੇਵਾਂਗੇ, ਧਰਮ ਨਹੀਂ ਹਾਰਨਾ, ਆਪਣੇ ਤਾਂ ਵੰਸ ਦੀ ਰੀਤ ਤੁਰੀ ਆਈ ਹੈ, ਦੋ ਸੀਸ ਅਰਪਣ ਕਰ ਦਿੱਤੇ, ਸੱਤ ਕਿਵੇਂ ਪੂਰੇ ਹੋਣਗੇ, ਦੋ ਵੱਡੇ ਭਰਾਤਾ ਨੇ ਦੇ ਦਿੱਤੇ, ਚਾਰ ਤਾਂ ਹੋ ਗਏ ਨਾ, ਦੋ ਆਪਾਂ ਦੇ ਦੇਈਏ ਛੇ ਹੋ ਗਏ। ਇੱਕ ਰਹਿ ਗਿਆ ਬਾਕੀ। ਇਹ ਜੜ੍ਹ ਪੁੱਟੀ ਜਾਣੀ ਹੈ ਇਨ੍ਹਾਂ ਦੇ ਜ਼ੁਲਮ ਦੇ ਰਾਜ ਦੀ, ਪਰ ਪੁੱਟ ਹੋਣੀ ਹੈ ਸਾਡੇ ਸੀਸ ਦਿੱਤਿਆਂ। ਸਾਡਾ ਖ਼ੂਨ ਡੁਲ੍ਹਿਆਂ 'ਤੇ, ਸੋ ਆਪਾਂ ਨੂੰ ਏਸ ਨੇਕ ਕਾਰਜ ਦੇ ਵਿਚ ਦ੍ਰਿੜ੍ਹ ਹੋਣਾ ਚਾਹੀਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਉਹ ਸੁੱਚਾ ਨੰਦ ਚੁੱਕਦਾ ਹੈ, ਨਾਲ ਇਹ ਕਹਿੰਦਾ ਹੈ ਕਿ ਇਹ ਬੱਚੇ ਜਿਹੜੇ ਨੇ ਇਹ ਛੱਡਣੇ ਨਹੀਂ ਚਾਹੀਦੇ। ਬਿਲਕੁਲ ਗਲਤੀ ਨਾ ਕਰੋ, ਉਸ ਵੇਲੇ, ਸਭਾ ਦੇ ਵਿਚ ਮਲੇਰਕੋਟਲੀਏ ਬੈਠੇ ਸੀ। ਸੁਣ ਰਹੇ ਸੀ ਸਾਰੀਆਂ ਗੱਲਾਂ, ਪੁੱਛਿਆ ਕਿ ਸਭ ਦੀ ਰਾਏ ਕੀ ਹੈ, ਤੁਸੀਂ ਸਾਰੇ ਬੈਠੇ ਓਂ ਵੱਡੇ-ਵੱਡੇ, ਕੀ ਰਾਏ ਹੈ। ਕਹਿਣ ਲੱਗੇ, ਨਵਾਬ ਸਾਹਿਬ! ਬਿਲਕੁਲ ਅਨਿਆਏ ਹੋ ਰਿਹਾ ਹੈ। ਕੁਰਾਨ ਸ਼ਰੀਫ 'ਤੇ ਅਸੀਂ ਡੋਲੇ ਹਾਂ, ਇਹ ਸੱਚ ਕਹਿੰਦੇ ਨੇ, ਅਸੀਂ ਧੋਖਾ ਦਿੱਤਾ ਹੈ, ਅਸੀਂ ਕਾਫਰ ਬਣੇ ਹੋਏ ਹਾਂ ਇਸ ਵੇਲੇ। ਪਰ ਆਹ ਸ਼ੀਰਖੋਰ ਬੱਚਿਆਂ ਨੂੰ ਕਿਹੜੀ ਕਿਤਾਬ ਹੈ ਜਿਹੜੀ ਦਫਾ ਲਾ ਦਏਗੀ। ਜਿਹੜੀ ਦਫਾ ਕਾਜ਼ੀ ਲਾ ਰਿਹਾ ਹੈ, ਇਨ੍ਹਾਂ ਬੱਚਿਆਂ ਨੂੰ ਹਾਨ ਤੇ ਲਾਭ ਦਾ ਪਤਾ ਹੀ ਨਹੀਂ ਹੈ।

*ਹੁਤੇ ਸਭਾ ਮਹਿਂ ਖਾਨ ਮਲੇਰੀ।*
*ਹਤਹਿ ਜਾਨਿ ਬੋਲੇ ਤਿਸ ਬੇਰੀ।*
*ਬਾਲਕ ਸ਼ੀਰ ਖੋਰ ਕਯਾ ਦੋਸ਼।*
*ਹਾਨ ਲਾਭ ਕੀ ਇਨਹਿ ਨ ਹੋਸ਼।*

***ਸ਼੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ 5953***

ਉਸੇ ਵੇਲੇ ਖੜ੍ਹੇ ਹੋ ਕੇ ਬੋਲਣ ਲਗ ਗਏ ਕਿ ਇਨ੍ਹਾਂ ਨੂੰ ਕੀ ਹੋਸ਼ ਹੈ ਹਾਨ ਕਿੱਥੇ ਹੈ, ਲਾਭ ਕਿੱਥੇ ਹੈ। ਇਨ੍ਹਾਂ ਨੂੰ ਤੁਸੀਂ ਇਹੋ ਜਿਹੀ ਸਜ਼ਾ ਦਿੰਦੇ ਓ? ਜੇ ਸਜ਼ਾ ਦਿੰਦੇ ਓਂ ਤਾਂ ਅਸੀਂ ਇਸ ਸਜ਼ਾ ਦੇ ਕਸੂਰ ਦੇ ਭਾਗੀ ਨਹੀਂ ਬਣਦੇ, ਅਸੀਂ ਤੁਹਾਡੀ ਸਭਾ ਛੱਡ ਕੇ ਬਾਹਰ ਜਾ ਰਹੇ ਹਾਂ। ਅਸੀਂ ਨਹੀਂ ਇਸ ਪਾਪ ਦੇ ਭਾਗੀ ਬਣਨਾ। ਐਨਾ ਕਹਿ ਕੇ ਨਵਾਬ ਮਲੇਰਕੋਟਲੀਏ ਉਠੇ, ਸਭਾ ਦੇ ਵਿਚੋਂ ਬਾਹਰ ਚਲੇ ਗਏ। ਲੇਕਿਨ ਏਧਰ ਉਹ ਸੁੱਚਾ ਨੰਦ ਚੱਕੀ ਜਾਂਦਾ ਹੈ, ਮੌਕਾ ਨਾ ਗਵਾਓ ਤੇ ਤੁਸੀਂ ਹੁਣ ਇਨ੍ਹਾਂ ਨੂੰ ਛੱਡੋ ਨਾ ਜੀਉਂਦੇ। ਮੇਰੀ ਤਾਂ ਰਾਏ ਪੱਕੀ ਹੈ ਕਿ ਇਨ੍ਹਾਂ ਨੂੰ ਇੱਥੇ ਹੀ ਸ਼ਹੀਦ ਕਰ ਦਿਓ। ਉਸ ਵੇਲੇ ਫੇਰ ਪੁੱਛਦਾ ਹੈ ਨਵਾਬ, ਕਹਿੰਦਾ ਦੇਖੋ ਜਿਵੇਂ ਤੁਹਾਡਾ ਪਿਤਾ ਮਾਰਿਆ ਗਿਆ, ਤੁਹਾਡੇ ਭਰਾ ਮਾਰੇ ਗਏ, ਲੱਖਾਂ ਹਜ਼ਾਰਾਂ ਸਿੱਖ ਮਾਰੇ ਗਏ, ਬਚਾ ਲਓ ਜੇ ਜਾਨ ਤੁਹਾਡੇ ਤੋਂ ਬਚਦੀ ਹੈ। ਤੁਹਾਨੂੰ ਮੌਤ ਤੋਂ ਡਰ ਨਹੀਂ ਲਗਦਾ। ਸਾਹਿਬ ਜ਼ੋਰਾਵਰ ਸਿੰਘ, ਫਤਹਿ ਸਿੰਘ ਦੋਵੇਂ ਬੋਲੇ, ਮੌਤ ਤੋਂ ਡਰ, ਮੌਤ ਤਾਂ ਅਸੀਂ ਜਿੱਤੀ ਹੋਈ ਹੈ। ਮੌਤ ਤੋਂ ਉਹ ਡਰਦਾ ਹੈ ਜਿਹਨੇ ਜ਼ਿੰਦਗੀ 'ਚ ਆ ਕੇ ਮਾੜੇ ਕੰਮ ਕਰੇ ਨੇ, ਉਹਨੂੰ ਅੱਗੇ ਜਾ ਕੇ ਦਰਗਾਹ ਦੇ ਵਿੱਚ ਚੋਟਾਂ ਪੈਣਗੀਆਂ। ਉਹਨੂੰ ਰੋਣਾ ਪਏਗਾ –

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*

*ਅੰਗ – 315*

ਡਰੋ ਤੁਸੀਂ, ਪਾਪ ਕਮਾਇਆ ਹੈ। ਅਸੀਂ ਕਿਉਂ ਡਰੀਏ, ਮੌਤ ਤਾਂ ਹੁੰਦੀ ਹੀ ਨਹੀ, ਪਿਆਰਿਓ! ਤੁਹਾਨੂੰ ਕੀ ਪੜਦਾ ਪੈ ਗਿਆ, ਮੌਤ ਹੈ ਹੀ ਨਹੀਂ, ਰੱਬ ਨੇ ਬਣਾਈ ਨਹੀਂ।

*ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਅੰਗ – 281*

ਦਿਸਦੀ ਚੀਜ਼ ਦਿਸਣ ਤੋਂ ਹਟ ਜਾਂਦੀ ਹੈ ਕਿਉਂਕਿ ਕਦੇ ਆਤਮਾ ਵੀ ਮਰਦੀ ਹੈ? ਸਰੀਰ ਨੇ ਰਹਿਣਾ ਕਦੇ ਨਹੀਂ ਜਿਸ ਤੋਂ ਤੁਸੀਂ ਡਰਦੇ ਓਂ, ਇਹਨੇ ਤਾਂ ਜਾਣਾ ਹੀ ਜਾਣਾ ਹੈ।

*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥*

*ਅੰਗ – 1380*

ਸੌ ਵਰ੍ਹਿਆ ਨਾਲ ਨਹੀਂ ਜੀਉਂਦਾ ਰਹਿੰਦਾ ਤੇ ਫੇਰ ਸੰਸਾਰ ਦੇ ਉਤੇ ਬਹੁਤ ਵੱਡੇ-ਵੱਡੇ ਪੀਰ ਪੈਗੰਬਰ ਆਏ ਨੇ, ਕੋਈ ਰਿਹਾ ਹੈ ਇਸ ਥਾਂ 'ਤੇ? –

*ਧਾਰਨਾ – ਇੱਥੇ ਰਿਹਾ ਨਾ ਜਗਤ ਉਤੇ ਕੋਈ,*
*ਵਾਰੀ ਆਈ ਉਠ ਜਾਵਣਾ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*

*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਕਹਿਣ ਲੱਗੇ ਨਵਾਬ ਸਾਹਿਬ! ਤੁਸੀਂ ਰਹਿ ਜਾਓਂਗੇ ਇੱਥੇ। ਆਹ ਜਿਹੜੀ ਤੁਹਾਡੀ ਸਭਾ ਬੈਠੀ ਹੈ ਇਹ ਰਹਿ ਜਾਊਗੀ। ਤੁਸੀਂ ਤਾਂ ਤੁਸੀਂ ਆਹ ਮਕਾਨ ਵੀ ਨਹੀਂ ਰਹਿਣੇ। ਕਿਲ੍ਹੇ ਵੀ ਨਹੀਂ ਰਹਿਣੇ, ਸੂਰਜ ਨਹੀਂ ਰਹਿਣਾ, ਚੰਦਰਮਾ ਵੀ ਨਹੀਂ ਰਹਿਣਾ, ਕੋਈ ਚੀਜ਼ ਵੀ ਨਹੀਂ ਇਹ ਤਾਂ ਸਾਰੀ ਕਾਲ ਨੇ ਖਾਧੀ ਪਈ ਹੈ। ਉਸ ਜੀਵਨ ਵਾਸਤੇ ਅਸੀਂ ਧਰਮ ਹਾਰ ਕੇ ਉਹਦੀ ਲੋਚਾ ਕਰੀ ਹੈ ਸਾਨੂੰ ਤਾਂ ਅਨੰਦ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - 1365*

ਜਾਣਦਾ ਨਹੀਂ ਹੈ -

*ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥*
*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ ਅੰਗ - 555*

ਜਿਹੜਾ ਸਰੀਰ ਧਰਮ ਵਾਸਤੇ ਦੇ ਗਿਆ, ਸਤਿ ਵਾਸਤੇ ਜੂਝ ਗਿਆ, ਉਹ ਦੁਬਾਰਾ ਚੱਕਰ 'ਚ ਨਹੀਂ ਆਉਂਦਾ, ਜਨਮ ਮਰਨ ਤੋਂ ਛੁੱਟ ਜਾਂਦਾ ਹੈ। ਜਦੋਂ ਚੱਕਰ 'ਚੋਂ ਅਸੀਂ ਛੁੱਟ ਜਾਣਾ ਹੈ, ਸਾਨੂੰ ਅਫਸੋਸ ਹੋਣਾ ਚਾਹੀਦਾ ਹੈ ਕਿ ਖੁਸ਼ੀ ਹੋਣੀ ਚਾਹੀਦੀ ਹੈ। ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ। ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ। ਜੋ ਅਸੀਂ ਕਹਿ ਦਿੱਤਾ, ਅਸੀਂ ਉਸ ਦੇ ਉਤੇ ਅਟੱਲ ਹਾਂ। ਉਸ ਵੇਲੇ ਨਵਾਬ ਨੇ ਚਾਰੇ ਪਾਸੇ ਦੇਖਿਆ, ਜਿਧਰ ਦੇਖੇ ਨੀਵੀਆਂ ਪਾ ਲੈਣ, ਕਹਿੰਦਾ ਕੋਈ ਵੀ ਨਹੀਂ ਉਠਦਾ ਇਨ੍ਹਾਂ ਨੂੰ ਮਾਰਨ ਵਾਸਤੇ, ਇੱਕ ਨਾ ਉਠਿਆ। ਅਖੀਰ ਇਕ ਅਫਗਾਨ ਸੀਗਾ, ਉਹਦੇ ਵਲ ਇਸ਼ਾਰਾ ਹੋਇਆ। ਪਹਿਲਾਂ ਕੰਧਾਂ ਦੇ ਵਿਚ ਚਿਣਦੇ ਨੇ, ਚਿਣਨ ਦੇ ਨਾਲ ਬੜੀਆਂ ਮੰਨੋਰੰਜਕ ਬਾਤਾਂ ਦੱਸਿਆ ਕਰਦੇ ਨੇ ਕਿ ਐਸ ਤਰ੍ਹਾਂ ਹੋਇਆ, ਐਸ ਤਰ੍ਹਾਂ ਹੋਇਆ ਕਿ ਕੰਧ ਜਦ ਛਾਤੀ ਤੱਕ ਆ ਗਈ ਤਾਂ ਜ਼ੋਰਾਵਾਰ ਸਿੰਘ ਦੇ ਨੇਤਰਾਂ 'ਚੋਂ ਜਲ ਆ ਗਿਆ, ਫਤਹਿ ਸਿੰਘ ਕਹਿੰਦਾ, ਵੀਰ ਜੀ ਤੁਸੀਂ ਡੋਲਦੇ ਓਂ, ਕਹਿੰਦਾ ਨਹੀਂ ਭਰਾਤਾ ਤੂੰ ਸੰਸਾਰ 'ਚ ਮੇਰੇ ਤੋਂ ਬਾਅਦ ਆਇਆ ਲੇਕਿਨ ਹੁਣ ਜਾ ਮੇਰੇ ਤੋਂ ਪਹਿਲਾਂ ਰਿਹਾ ਹੈਂ ਤੇ ਮੈਂ ਪਿੱਛੇ ਰਹਿ ਗਿਆ। ਜੇ ਇਨ੍ਹਾਂ ਨੇ ਨਾ ਸ਼ਹੀਦ ਕਰਿਆ ਫੇਰ ਮੈਂ ਤਾਂ ਪਿੱਛੇ ਰਹਿ ਗਿਆ। ਐਸੀਆਂ ਮੰਨੋਰੰਜਕ ਬਾਤਾਂ ਹੋਇਆ ਕਰਦੀਆਂ ਨੇ। ਜੋ ਤੱਤ ਬਾਤ ਹੈ ਉਹਦੀ ਮੈਂ ਬੇਨਤੀ ਕਰਦਾ ਹਾਂ ਕਿ ਕੰਧ ਫਟ ਜਾਂਦੀ ਹੈ, ਫਟਣ ਦੇ ਨਾਲ ਐਸਾ ਹੋਇਆ ਜਿਵੇਂ ਭੁਚਾਲ ਆ ਗਿਆ ਹੁੰਦਾ ਹੈ। ਰੋੜੇ ਉਡਣ ਲੱਗ ਗਏ ਹਵਾ 'ਚ, ਅਜੇ ਵੀ ਨਬਜ਼ ਨਹੀਂ ਪਛਾਣੀ ਉਸ ਨੇ ਕੁਦਰਤ ਦੀ। ਰੌਲਾ ਪੈ ਗਿਆ, ਹਾਹਾਕਾਰ ਮਚ ਗਿਆ।

ਉਸ ਵੇਲੇ ਸਾਰਿਆਂ ਵਲ ਦੇਖਿਆ, ਕਹਿਣ ਲੱਗਿਆ ਕਿ ਇਨ੍ਹਾਂ ਨੂੰ ਕਤਲ ਕਰੋ। ਜਿਹੜੇ ਨਾਮੀ ਜਲਾਲ ਸੀ ਨੀਵੀਆਂ ਪਾਈ ਬੈਠੇ ਨੇ ਕਿ ਅਸੀਂ ਮਾਸੂਮਾਂ ਨੂੰ ਕਤਲ ਕਰੀਏ? ਇੱਕ ਉਠਿਆ ਫੇਰ ਅਫਗਾਨਿਸਤਾਨ ਦਾ ਸੀ, ਅਫਰੀਦੀ ਸੀ, ਬੜਾ ਵੱਡਾ ਸਾਢੇ ਛੇ ਫੁੱਟ ਲੰਮਾ, ਚੌੜਾ ਆ ਕੇ ਉਸ ਨੇ ਛੁਰੀ ਲੈ ਕੇ ਜਿਵੇਂ ਬੱਕਰਿਆਂ ਨੂੰ ਜਿਹਵਾ ਕਰੀਦਾ ਹੈ, ਐਉਂ ਗਰਦਨਾਂ ਕੱਟ ਦਿੱਤੀਆਂ।

ਐਨੀ ਜਦੋਂ ਗੱਲ ਹੋਈ, ਸਾਰੇ ਓਥੇ ਜਿੰਨੇ ਬੈਠੇ ਸੀ ਮਹਾਰਾਜ ਜੀ ਦੇ ਆਲੇ-ਦੁਆਲੇ ਸਾਰੇ ਰੋਣ ਲੱਗ ਗਏ। ਕਈ ਤਾਂ ਹੁਭਕੀਆਂ ਲੈ-ਲੈ ਰੋਂਦੇ ਨੇ, ਕਈ ਉੱਚੀ-ਉੱਚੀ ਰੋਣ ਲਗ ਗਏ। ਮਹਾਰਾਜ ਜੀ ਕਹਿਣ ਲੱਗੇ, ਮਾਹੀ! ਮਾਤਾ ਜੀ ਦਾ ਨਹੀਂ ਤੂੰ ਹਾਲ ਦੱਸਿਆ, ਕਹਿੰਦਾ ਸੱਚੇ ਪਾਤਸ਼ਾਹ! ਜਿਸ ਵਕਤ ਸਾਹਿਬਜ਼ਾਦਿਆਂ ਨੇ ਸੀਸ ਦਿੱਤਾ ਉਸ ਵੇਲੇ ਜਿਹੜੇ ਪਿਆਰ ਵਾਲੇ ਬੰਦੇ ਬਾਹਰ ਸੀ ਉਹ ਮੈਨੂੰ ਮਿਲੇ, ਕਹਿਣ ਲੱਗੇ, ਅਸਮਾਨਾਂ ਦੇ ਵਿਚੋਂ ਆਵਾਜ਼ਾਂ ਆਉਂਦੀਆਂ ਸੀ ਜੈ-ਜੈਕਾਰ ਦੀਆਂ। ਐਉਂ ਪੜ੍ਹ ਲਓ-

***ਧਾਰਨਾ - ਵਾਹਵਾ-ਵਾਹਵਾ ਬਈ***
***ਸੀਸ ਦੇ ਕੇ ਧਰਮ ਰੱਖਿਆ,***
***ਜੈ-ਜੈਕਾਰ ਦਰਗਾਹ ਵਿਚ ਹੋਵੇ।***

ਕਹਿਣ ਲੱਗਿਆ, ਮਹਾਰਾਜ! ਮਾਤਾ ਜੀ ਬਾਰੇ ਮੈਂ ਸੁਣਿਆ ਹੈ। ਉਸ ਵੇਲੇ ਟੋਡਰ ਮੱਲ ਨੂੰ ਜਦੋਂ ਪਤਾ ਲਗਦਾ ਹੈ। ਕੋਸ਼ਿਸ਼ ਕਰੀ ਉਹਨੇ ਕਿ ਮੈਂ ਪੈਸੇ ਦੇ ਕੇ ਛੁਡਾ ਲਵਾਂ, ਇਨ੍ਹਾਂ ਦੇ ਬਦਲੇ, ਸੋਨਾ ਚਾਂਦੀ ਜੋ ਮੰਗਣ ਦੇ ਦੇਵਾਂ। ਇਨ੍ਹਾਂ ਨੂੰ ਛੁਡਾ ਲਵਾਂ ਕਿਉਂਕਿ ਉਸ ਵੇਲੇ ਦਾ ਰਿਵਾਜ਼ ਸੀ। ਮਾਇਆ ਨਾਲ ਤੋਲ ਕੇ ਛੁਡਾ ਲਿਆ ਕਰਦੇ ਸੀ। ਮਾਤਾ ਜੀ ਦੇ ਕੋਲ ਪਹੁੰਚ ਜਾਂਦਾ ਹੈ ਸਰਕਾਰੀ ਅਸਰ-ਰਸੂਖ ਹੈ, ਪੈਸੇ ਦਾ ਬਲ ਹੈ। ਉਥੇ ਜਾ ਕੇ ਦੇਖਿਆ ਮਾਤਾ ਜੀ ਚੁੱਪ ਕਰੇ ਬੈਠੇ ਨੇ, ਕਿਸੇ ਨਤੀਜੇ ਵਲ ਨਿਗ੍ਹਾ ਹੈ, ਕਿਉਂਕਿ ਅੰਤਰਜਾਮੀ ਸੀ, ਜਾਣਦੇ ਸੀ ਕਿ ਕੀ ਭਾਣਾ ਵਰਤਣਾ ਹੈ। ਉਸ ਵੇਲੇ ਅਚਾਨਕ ਮਾਤਾ ਜੀ ਬੋਲੇ ਕਹਿਣ ਲੱਗੇ, ਬੇਟਾ! ਆ ਗਏ ਤੁਸੀਂ? ਦੋਹਾਂ ਨੇ ਨਮਸ਼ਕਾਰ ਕਰੀ। ਤੁਸੀਂ ਆ ਗਏ? ਪਿਆਰ ਦੇਣ ਵਾਸਤੇ ਕਲਾਵੇ 'ਚ ਲੈਣ ਦਾ ਯਤਨ ਕਰਿਆ, ਦੋਵੇਂ ਨਾ ਆਏ ਬਾਹਾਂ 'ਚ। ਕਹਿਣ ਲੱਗੀ, ਇਹ ਕੀ ਹੋ ਗਿਆ ਕਿ ਅੱਜ ਤੁਸੀਂ ਫੜੇ ਹੋਏ ਨਹੀਂ ਮੇਰੇ ਤੋਂ ਫੜ ਹੁੰਦੇ, ਕੀ ਭਾਣਾ ਵਰਤਿਆ ਹੈ? ਕਹਿੰਦੇ, ਮਾਤਾ! ਅਸੀਂ ਪੰਜ ਭੂਤਕ ਚੋਲਾ ਧਰਮ ਦੀ ਖਾਤਰ ਛੱਡ ਦਿੱਤਾ ਹੈ ਤੇ ਹੁਣ ਅਸੀਂ ਤੁਹਾਡੇ ਕੋਲ ਆਏ ਹਾਂ, ਸਾਨੂੰ ਹੁਕਮ ਦੇਵੋ ਕਿ ਅਸੀਂ ਇਕੱਲੇ ਹੀ ਜਾਈਏ ਕੀ ਹੁਕਮ ਹੈ? ਮਾਤਾ ਜੀ ਕਹਿਣ ਲੱਗੇ, ਦੇਖੋ ਲਾਲ ਜੀ! ਕਿੱਡੇ ਯੁੱਧ ਦੇ ਵਿੱਚ ਮੈਂ ਤੁਹਾਨੂੰ ਨਾਲ ਰੱਖਿਆ। ਇੱਥੇ ਵੀ ਮੈਂ ਤੁਹਾਡੇ ਨਾਲ ਆਈ ਹਾਂ। ਹੁਣ ਮੈਂ ਤੁਹਾਨੂੰ ਇਕੱਲਿਆਂ ਨੂੰ ਨਹੀਂ ਜਾਣ ਦੇਣਾ। ਮੈਂ ਵੀ ਨਾਲ ਚੱਲਾਂਗੀ। ਥੋੜ੍ਹਾ ਇੰਤਜ਼ਾਰ ਕਰੋ।

ਮਹਾਰਾਜ! ਮੇਰੇ ਤਾਂ ਨੇਤਰਾਂ 'ਚ ਜਲ ਜਾ ਰਿਹਾ ਸੀ। ਬਈ ਇਹ ਤਾਂ ਭਾਣਾ ਹੋਰ ਵਰਤ ਗਿਆ। ਲੇਕਿਨ ਮਾਤਾ ਜੀ ਦੀ ਦ੍ਰਿੜ੍ਹਤਾ ਦੇਖ ਕੇ ਮੈਨੂੰ ਹੈਰਾਨੀ ਬੜੀ ਆ ਰਹੀ ਸੀ। ਮਾਤਾ ਜੀ ਨੇ ਉਸ ਵੇਲੇ

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਸ਼ੁਰੂ ਕਰ ਲਿਆ ਤੇ ਜਿਸ ਵਕਤ ਪਹੁੰਚਦੇ ਨੇ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥*

*ਅੰਗ – 8*

ਐਨਾ ਕਹਿ ਕੇ ਸਵਾਸ ਖਿੱਚ ਲਿਆ ਅੰਦਰ। ਮਹਾਰਾਜ! ਦਸਵੇਂ ਦੁਆਰ ਤੱਕ ਸਵਾਸ ਉਨ੍ਹਾਂ ਨੇ ਛੱਡ ਦਿੱਤਾ ਤੇ ਟੋਡਰ ਮੱਲ ਨੇ ਇਹ ਬਾਤ ਦੱਸੀ ਕਿ ਐਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਆਪਣਾ ਸਰੀਰ ਛੱਡਿਆ। ਮਹਾਰਾਜ ਕਹਿੰਦੇ, ਪਿਆਰਿਓ! ਮਾਤਾ ਜੀ ਯੋਗੀ ਸਨ, ਪਿਤਾ ਜੀ ਯੋਗੀ ਸਨ। ਜਿਸਦੀ ਵੀ ਬਿਰਤੀ ਦਸਵੇਂ ਦੁਆਰ ਤੱਕ ਪਹੁੰਚ ਜਾਂਦੀ ਹੈ। ਉਹ ਆਪਣੀ ਮਰਜ਼ੀ ਦੇ ਨਾਲ ਸਵਾਸ ਸਰੀਰ 'ਚੋਂ ਕੱਢ ਸਕਦਾ ਹੈ। ਐਸਾ ਫੁਰਮਾਨ ਗੁਰੂ ਗ੍ਰੰਥ ਸਾਹਿਬ ਦਾ ਹੈ –

*ਧਾਰਨਾ – ਆਵੇ ਜਾਏ ਨਿਸੰਗ*
*ਗੁਰਮੁਖ ਪਿਆਰਾ–ਗੁਰਮੁਖ ਪਿਆਰਾ।*

ਸੋ ਦਾਦੀ ਅੰਮਾਂ ਨੇ ਕਿਹਾ ਕਿ ਬੱਚਿਓ! ਤੁਸੀਂ ਹੁਣ ਇਕੱਲੇ ਨਾ ਜਾਣਾ। ਤੁਹਾਡੇ ਨਾਲ ਰਹੀ ਹਾਂ ਤੇ ਹੁਣ ਆਪਾਂ ਤਿੰਨੋਂ ਇਕੱਠੇ ਚਲਦੇ ਹਾਂ। ਸਰੀਰ ਛੱਡ ਦਿੱਤਾ ਮਹਾਰਾਜ! ਉਨ੍ਹਾਂ ਨੇ ਵੀ। ਐਨੇ ਬਚਨ ਸੁਣਦਿਆਂ ਕੋਈ ਵੀ ਐਸਾ ਨਾ ਰਿਹਾ ਜਿਸਦੀਆਂ ਅੱਖਾਂ 'ਚੋਂ ਜਲ ਨਾ ਜਾਂਦਾ ਹੋਵੇ। ਗੁਰੂ ਮਹਾਰਾਜ ਜੀ ਉਸ ਵੇਲੇ ਬਹੁਤ ਗੰਭੀਰ ਹੋਏ–ਹੋਏ, ਮੰਜੇ 'ਤੇ ਬੈਠੇ ਹੇਠਾਂ ਨੀਵੀਂ ਪਾਈ ਹੋਈ ਹੈ ਤੇ ਇੱਕ ਕਾਂਹੀ ਦੇ ਬੂਟੇ ਦੀ ਜੜ੍ਹ ਦੇ ਵਿਚ ਛੋਟੀ ਕਰਦ ਘੁਮਾ ਰਹੇ ਨੇ ਤੇ ਓਸ ਵੇਲੇ ਆਪ ਨੇ ਕਿਹਾ ਕਿ ਤੁਸੀਂ ਐਨਾ ਅਫਸੋਸ ਨਾ ਕਰੋ। ਉਹ ਸਦਾ ਵਾਸਤੇ ਦੁਨੀਆਂ ਨੂੰ ਰਸਤਾ ਦਿਖਾ ਗਏ। ਕਮਜ਼ੋਰਾਂ ਨੂੰ ਪ੍ਰਕਾਸ਼ ਕਰ ਗਏ। ਰੋਣਾ ਉਹਨੂੰ ਚਾਹੀਦਾ ਹੈ –

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*

*ਅੰਗ – 1365*

ਐਸ ਤਰ੍ਹਾਂ ਕਹਿੰਦੇ ਨੇ –

*ਧਾਰਨਾ – ਵਾਹਵਾ–ਵਾਹਵਾ ਬਈ*
*ਰੋਵਹੁ ਸਾਕਤੁ ਬਪੁਰੇ ਨੂੰ।*
*ਜਿਹੜਾ ਹਾਟੋ ਹਾਟ ਬਕਾਇ।*

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥*

*ਅੰਗ – 1365*

ਜਿਹਨੇ ਕੁੱਤੇ ਬਿੱਲੇ ਬਣਨਾ ਹੈ, ਘਾਣੀਆਂ 'ਚ ਜਾ ਕੇ ਪੀੜੇ ਜਾਣਾ ਹੈ, ਕੁੰਭੀ ਨਰਕ ਦੇ ਵਿਚ ਸੜਨਾ ਹੈ ਜਿਨ੍ਹਾਂ ਨੂੰ ਅੱਗ ਦੇ ਥੰਮ੍ਹਾਂ ਨਾਲ ਲਾਉਣਾ ਹੈ ਰੋਵੋ ਉਨ੍ਹਾਂ ਨੂੰ, ਬਰਬਾਦ ਕਰਕੇ ਚਲੇ ਗਏ। ਅਪਜਸ ਖੱਟ ਕੇ ਚਲੇ ਗਏ। ਪਿਆਰਿਓ! ਇਹ ਨਿੱਕੀਆਂ ਜਿੰਦਾਂ ਨੇ ਐਸਾ ਜਸ ਖੱਟਿਆ ਹੈ ਕਿ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਦੇ ਕਾਰਨਾਮੇ ਦੇ ਉਤੇ ਦੁਨੀਆ ਜਸ

ਗਾਏਗੀ।

***ਧਾਰਨਾ - ਵਾਹਵਾ ਵਾਹਵਾ ਜਸ ਗਾਉ ਸਾਰੀ ਦੁਨੀਆਂ।***

***ਐਸੀ ਕਰਨੀ ਕਰ ਗਏ ਪਿਆਰੇ।***

ਮਹਾਰਾਜ ਮੁਖਾਤਬ ਹੋਏ, ਨਾਲ ਦੀ ਨਾਲ ਉਹ ਕਾਹੀ ਦਾ ਬੂਟਾ, ਜੜ੍ਹੋਂ ਪੁੱਟ ਲਿਆ, ਸਾਰਿਆਂ ਵਲ ਦੇਖਿਆ, ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਕਹਿੰਦੇ ਕਿਉਂ ਤੁਸੀਂ ਵੈਰਾਗ ਕਰ ਰਹੇ ਓਂ, ਉਨ੍ਹਾਂ ਨੇ ਤਾਂ ਧਰਮ ਦਾ ਪ੍ਰਤੱਖ ਰੂਪ ਦਿਖਾਇਆ ਹੈ। ਦੁਨੀਆਂ ਨੇ ਜਦੋਂ ਤੱਕ ਰਹਿਣਾ ਹੈ ਜਸ ਗਾਉਣਾ ਹੈ ਇਨ੍ਹਾ ਨਿੱਕੀਆਂ ਜਿੰਦਾਂ ਦਾ। ਬਾਕੀ ਇਹ ਹੈ ਕਿ ਇਹ ਪਾਪ ਐਨਾ ਭਾਰਾ ਹੋ ਗਿਆ, ਆਹ ਪਾਪ ਦੀ ਜੜ੍ਹ ਪੁੱਟੀ ਗਈ, ਉਨ੍ਹਾਂ ਦੇ ਸ਼ਹੀਦੀ ਦੇਣ ਨਾਲ। ਮੁਗਲ ਰਾਜ ਦਾ ਹੁਣ ਖਾਤਮਾ ਹੋਣ ਵਾਲਾ ਹੀ ਹੈ। ਥੋੜ੍ਹਾ ਚਿਰ ਰਹਿੰਦਾ ਹੈ, ਤੁਸੀਂ ਲੋਕ ਦੇਖ ਲਓਗੇ।

ਕਿਉਂਕਿ -

ਪਾਪੀ ਕੇ ਮਾਰਨੇ ਕਉ ਪਾਪ ਮਹਾਂ ਬਲੀ ਹੈ।

ਜਦੋਂ ਪਾਪ ਵਧ ਜਾਂਦਾ ਹੈ, ਪਾਪੀ ਮਰ ਜਾਂਦਾ ਹੈ। ਉਹਨੂੰ ਪਾਪ ਹੀ ਮਾਰਦਾ ਹੈ, ਮਾਰਦਾ ਨਹੀਂ ਹੈ ਕੋਈ ਹੋਰ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਜਦੋਂ ਕਾਹੀਂ ਦਾ ਬੂਟਾ ਪੁੱਟ ਦਿੱਤਾ ਕਹਿਣ ਲੱਗੇ, ਮਲੇਰਕੋਟਲੀਆਂ ਦੀ ਜੜ੍ਹ ਹਰੀ ਰਹੇਗੀ। ਕਿਉਂਕਿ ਭਾਵੇਂ ਉਹ ਲੜਦੇ ਨੇ ਸਾਡੇ ਨਾਲ, ਠੀਕ ਹੈ ਚੜ੍ਹ ਕੇ ਆਉਂਦੇ ਨੇ, ਸੂਰਮੇ ਸੂਰਮਿਆਂ ਨਾਲ ਲੜਦੇ ਨੇ, ਕੋਈ ਵੈਰ ਨਹੀਂ ਹੁੰਦਾ ਆਪਸ ਵਿਚ। ਕੋਈ ਕੀਨਾਖੋਰੀ ਨਹੀਂ ਹੁੰਦੀ। ਠੀਕ ਹੈ ਯੁੱਧ ਆਉਂਦਾ ਹੈ, ਯੁੱਧ ਆਦਿ ਜੁਗਾਦਿ ਤੋਂ ਚੱਲੇ ਹੋਏ ਨੇ, ਫੇਰ ਵੀ ਸੂਰਮੇ ਨਿਕਲੇ ਜਿਨ੍ਹਾਂ ਨੇ ਇਨਸਾਫ ਦੇ ਉਤੇ ਆਵਾਜ਼ ਉਠਾ ਦਿੱਤੀ, ਇਨ੍ਹਾਂ ਦੀ ਜੜ੍ਹ ਲੱਗੀ ਰਹੇਗੀ। ਪੰਥ ਦਾ ਰਾਜ ਤੇਜ ਵਧੇਗਾ ਓਸ ਵੇਲੇ ਇਨ੍ਹਾਂ ਵਲ ਕੋਈ ਝਾਕੇਗਾ ਨਹੀਂ, ਸਤਿਕਾਰ ਹੋਵੇਗਾ ਇਨ੍ਹਾਂ ਦਾ ਸਦਾ ਵਾਸਤੇ। ਇਨ੍ਹਾਂ ਨੇ ਹਾਅ ਦਾ ਨਾਅਰਾ ਮਾਰਿਆ। ਹਾਅ ਦਾ ਨਾਅਰਾ ਮਾਰਨ ਵਾਲਾ ਬਹੁਤ ਵੱਡਾ ਬੰਦਾ ਗਿਣਿਆ ਜਾਂਦਾ ਹੈ। ਸੋ ਇਸ ਤਰ੍ਹਾਂ ਕਹਿਣ ਲੱਗਿਆ ਰਾਏ ਕੱਲਾ! ਮਹਾਰਾਜ! ਮੈਨੂੰ ਬੜਾ ਅਫਸੋਸ ਹੈ, ਮੇਰੇ ਤੋਂ ਬੋਲਿਆ ਨਹੀਂ ਜਾਂਦਾ, ਕਹਿੰਦੇ ਗੱਲ ਕਰ। ਕਹਿਣ ਲੱਗਿਆ ਕਿ ਪਾਤਸ਼ਾਹ! ਇਹ ਸਰਾਪ ਬਖਸ਼ ਦਿਓ। ਇਹ ਇਸਲਾਮ ਵਾਲਿਆਂ ਵਿੱਚ ਮੈਂ ਵੀ ਆਉਂਦਾ ਹਾਂ। ਮੇਰਾ ਵੀ ਰਾਜ ਭਾਗ ਹੈ। ਸਾਰਾ ਰਾਜ ਲੈ ਕੇ ਜਿੱਥੇ ਚੱਲੋਂਗੇ, ਮੈਂ ਤੁਹਾਡੇ ਪਿੱਛੇ ਚੱਲਾਂਗਾ ਪਾਤਸ਼ਾਹ, ਜਦੋਂ ਤੱਕ ਤੁਸੀਂ ਬਖਸ਼ਦੇ ਨਹੀਂ ਓਂ, ਓਨੀਂ ਦੇਰ ਤੱਕ ਅਸੀਂ ਰਾਜ ਭਾਗ ਹੁਣੇ ਛੱਡ ਦਿੰਦੇ ਹਾਂ, ਫੇਰ ਵੀ ਤਾਂ ਛੁਟਣਾ ਹੀ ਹੈ। ਜਿੱਥੇ ਜਾਓਂਗੇ ਬਾਲ ਬੱਚਿਆਂ ਸਮੇਤ ਅਸੀਂ ਤੁਹਾਡੇ ਪਿੱਛੇ ਹੀ ਚੱਲਾਂਗੇ। ਮਹਾਰਾਜ ਕਹਿਣ ਲੱਗੇ, ਰਾਏ ਕੱਲੇ! ਠੀਕ ਹੈ ਬਚਨ ਹੋ ਗਿਆ ਸਾਡੇ ਤੋਂ, ਇਹ ਤਾਂ ਨਹੀਂ ਟਲਣਾ। ਪਰ ਆਹ ਸ੍ਰੀ ਸਾਹਿਬ ਅਸੀਂ ਤੈਨੂੰ ਦਿੰਦੇ ਹਾਂ, ਜਦੋਂ ਤੱਕ ਤੁਸੀਂ ਇਸ ਸ੍ਰੀ

ਸਾਹਿਬ ਦਾ ਸਤਿਕਾਰ ਕਰੋਂਗੇ, ਪੂਜਾ ਕਰੋਂਗੇ, ਓਨੀਂ ਦੇਰ ਤੱਕ ਤੁਹਾਡੇ ਰਾਜ ਵੱਲ ਕੋਈ ਝਾਕ ਨਹੀਂ ਸਕੇਗਾ। ਪਰ ਪਿਆਰਿਆ! ਜਿਸ ਦਿਨ ਇਹ ਪਹਿਨ ਲਈ ਤੇਰੀ ਓਲਾਦ ਨੇ ਕਿਸੇ ਨੇ। ਉਸੇ ਦਿਨ ਤੁਹਾਡਾ ਰਾਜ ਖਤਮ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਕਾ ਜੋ ਹੈ ਸਰਹੰਦ ਦਾ ਕਿਉਂਕਿ ਉਥੇ ਲਿਖਿਆ ਹੋਇਆ ਹੈ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ। ਉਹਨੂੰ ਸਮਰਪਿਤ ਕਰਦੇ ਹਾਂ ਇਹ ਸਾਰਾ ਪ੍ਰੋਗਰਾਮ, ਉਨ੍ਹਾਂ ਦੇ ਬਾਰੇ ਕਿੱਡੀ ਵੱਡੀ ਉਨ੍ਹਾਂ ਦੀ ਸੋਚ ਸੀ। ਮਹਾਨ ਹਸਤੀਆਂ ਸਨ ਉਹ। ਜਿਨ੍ਹਾਂ ਨੂੰ ਐਵੇਂ ਨਹੀਂ ਭੁੱਲਿਆ ਜਾ ਸਕਦਾ। ਸਾਡੇ ਵਾਸਤੇ ਬਹੁਤ ਵੱਡੀ ਮਿਸਾਲ ਨੇ ਉਹ। ਪੈਰ-ਪੈਰ ਤੇ ਸਾਨੂੰ ਡੋਲਦਿਆਂ ਨੂੰ ਬਚਾਉਣ ਵਾਲੇ ਨੇ, ਗੁਰੂ ਦਸ਼ਮੇਸ਼  ਪਿਤਾ, ਉਨ੍ਹਾਂ ਬਾਰੇ ਤਾਂ ਕੁਛ ਕਿਹਾ ਹੀ ਨਹੀਂ ਜਾ ਸਕਦਾ, ਐਉਂ ਪੜ੍ਹ ਲਓ-

***ਧਾਰਨਾ - ਤੇਰੇ ਵਰਗਾ ਨਾ ਜਗਤ ਉਤੇ ਹੋਇਆ,***

***ਮਹਿਮਾ ਤੇਰੀ ਕੌਣ ਜਾਣਦਾ।***

ਸੋ ਸਾਧਸੰਗਤ ਜੀ! ਇਸ ਤਰ੍ਹਾਂ ਦੇ ਨਾਲ -

***ਸਤਿਗੁਰ ਪੁਰਖ ਅਗੰਮ ਹੈ ਨਿਰਵੈਰੁ ਨਿਰਾਲਾ।***

ਸੋ ਐਨੀਆਂ ਜੋ ਮੈਂ ਬੇਨਤੀਆਂ ਕੀਤੀਆਂ ਨੇ, ਸੋ ਇਨ੍ਹਾਂ ਨੂੰ ਯਾਦ ਰੱਖੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 15

# ਲਾਲ ਰੰਗੁ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ- 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ - ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*

*ਅੰਗ- 827*

*ਧਾਰਨਾ - ਖੇਲੇ ਸੁਆਮੀ ਮੇਰਾ*
*ਨਿਰਗੁਣ ਹੋ ਕੇ, ਸਰਗੁਣ ਹੋ ਕੇ।*

ਸਾਧਸੰਗਤ ਜੀ, ਚਿੱਤ ਬਿਰਤੀਆਂ ਇਕਾਗਰ ਕਰੋ। ਨੇਤਰਾਂ ਦੇ ਨਾਲ

ਗੁਰੂ ਸਰੂਪ ਦਾ ਧਿਆਨ ਧਰੋ। ਕੰਨਾਂ ਦੇ ਨਾਲ, ਜੋ ਬੋਲਿਆ ਜਾ ਰਿਹਾ ਹੈ, ਇਸ ਨੂੰ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਦੂਰ-ਦਰਾਜ਼ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਨੇ। ਬਹਿਰਾਮ ਤੋਂ ਸੰਗਤ ਆਈ ਹੈ, ਧਮੋਟ ਤੋਂ ਆਏ ਨੇ, ਦਿੱਲੀ ਤੋਂ ਆਏ ਨੇ, ਹੋਰ ਦੂਰ-ਦਰਾਜ਼ ਤੋਂ ਅਮਰੀਕਾ ਤੋਂ ਆਏ ਹੋਏ ਪ੍ਰੇਮੀ ਵੀ ਬੈਠੇ ਨੇ। ਥੋੜ੍ਹਾ ਜਿਹਾ ਧਿਆਨ ਦੇ ਕੇ ਸਰਵਣ ਕਰੋ ਕਿਉਂਕਿ ਜੋ ਅੱਜ ਤਿਉਹਾਰ ਹੈ, ਉਸਨੂੰ ਰੰਗਾਂ ਦਾ ਤਿਉਹਾਰ ਕਿਹਾ ਜਾਂਦਾ ਹੈ। ਬੜੀ ਖੁਸ਼ੀ ਦੇ ਨਾਲ ਰੰਗ ਉਤੇ ਪੁਆਏ ਜਾ ਰਹੇ ਨੇ। ਖਾਸ ਕਰਕੇ ਜੋ ਲਾਲ ਰੰਗ ਹੈ, ਗੁਲਾਬੀ ਰੰਗ ਹੈ, ਉਸਨੂੰ ਜ਼ਿਆਦਾ ਪਸੰਦ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕੋਈ ਬਹੁਤ ਵੱਡੀ ਚੀਜ਼ ਹੈ। ਦੁਨਿਆਵੀ ਅਤੇ ਅਧਿਆਤਮਕ ਦੋ ਪੱਖ ਹੋਇਆ ਕਰਦੇ ਨੇ। ਦੁਨਿਆਵੀ ਉਹਦਾ ਬਾਹਰਲਾ ਪਾਸਾ ਹੋਇਆ ਕਰਦਾ ਹੈ, ਅਧਿਆਤਮਕ ਅੰਦਰਲਾ ਪਾਸਾ ਹੋਇਆ ਕਰਦਾ ਹੈ। ਵਿਚਾਰਨਾ ਸੁਘੜ ਬੰਦੇ ਦਾ ਆਪਣਾ ਕੰਮ ਹੋਇਆ ਕਰਦਾ ਹੈ। ਉਹਦੀ ਆਪਣੀ ਸੋਝੀ ਦੇ ਮੁਤਾਬਿਕ ਹੈ। ਸੋ ਰੰਗ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਲੇਕਿਨ ਇਹ ਰੰਗ ਜੋ ਹੈ ਹੁਣ ਪੈ ਰਿਹਾ ਹੈ, ਖੁਸ਼ੀਆਂ ਨੇ ਬਹੁਤ ਮਨ ਦੇ ਅੰਦਰ, ਬੱਚੇ ਦੇਖੇ ਨੇ ਕਿ ਦੌੜੇ ਹੀ ਫਿਰਦੇ ਨੇ ਮੋਟਰ-ਸਾਇਕਲਾਂ 'ਤੇ, ਸੈਲੰਸਰ ਲਾਹੇ ਹੋਏ ਨੇ, ਐਨੀ ਖੱਪ ਪੈ ਰਹੀ ਹੈ। ਕੋਈ ਖੁਸ਼ੀ ਦਾ ਐਸਾ ਵਾਤਾਵਰਣ ਹੈ ਜਿਸਦੇ ਅੰਦਰ ਇਸ ਜੀਵ ਨੂੰ ਕੁਝ ਅਤੀ ਵਿਸ਼ੇਸ਼, ਕੁਝ ਚੰਗੇਰਾ ਮਹਿਸੂਸ ਹੋ ਰਿਹਾ ਹੈ। ਆਦਮੀ ਦੇ ਅੰਦਰ ਜਜ਼ਬੇ ਹੁੰਦੇ ਨੇ। ਉਨ੍ਹਾਂ ਵਿਚੋਂ ਬਹੁਤ ਸਾਰੇ ਜਜ਼ਬੇ ਮਾਰੂ ਹੁੰਦੇ ਨੇ, ਉਨ੍ਹਾਂ 'ਤੇ ਕੰਟਰੋਲ ਕਰਨਾ ਜ਼ਰੂਰੀ ਹੋਇਆ ਕਰਦਾ ਹੈ। ਬਹੁਤ ਸਾਰੇ ਐਸੇ ਹੁੰਦੇ ਨੇ ਜੋ ਕੇਵਲ ਖੁਸ਼ੀਆਂ ਦਿੰਦੇ ਨੇ। ਉਹ ਖੁਸ਼ੀਆਂ ਜਿਸ ਤਰ੍ਹਾਂ ਦੇ ਨਾਲ ਬਰਫ ਜੰਮੀ ਹੋਵੇ, ਧੁੱਪ ਪੈ ਜਾਵੇ ਤੇ ਬਰਫ ਪਿਘਲ ਕੇ ਪਾਣੀ ਬਣ ਜਾਂਦੀ ਹੈ, ਮੈਦਾਨਾਂ 'ਚ ਆ ਜਾਂਦਾ ਹੈ, ਬੇਅੰਤ ਪਰਉਪਕਾਰ ਕਰਦਾ ਹੈ ਤੇ ਉਸ ਤੋਂ ਬਾਅਦ ਜਾ ਕੇ ਸਮੁੰਦਰ ਵਿਚ ਫੇਰ ਲੀਨ ਹੋ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਜੋ ਖੁਸ਼ੀਆਂ ਹਨ, ਉਹ ਇਕ ਨਰੋਈ ਨਿਸ਼ਾਨੀ ਹੋਇਆ ਕਰਦੀ ਹੈ, ਸਿਹਤ ਦੀ, ਸਮਾਜ ਦੀ। ਜੇ ਰੋਂਦੂ ਹੋਵੇ ਆਦਮੀ ਤਾਂ ਉਹਦੀ ਸਿਹਤ ਵੀ ਖਰਾਬ ਹੈ ਤੇ ਖਿਝਿਆ-ਖਿਝਿਆ, ਦੂਜਿਆਂ ਨੂੰ ਵੀ ਬੁਰਾ ਮੰਨਦਾ ਹੈ, ਉਹਦੇ ਅੰਦਰ ਜੀਵਨ ਰੌ ਨਹੀਂ ਰੁਮਕਿਆ ਕਰਦੀ। ਇਹ ਗੱਲ ਸਮਝਣੀ ਚਾਹੀਦੀ ਹੈ। ਇਕ ਖੁਸ਼ੀ ਹੈ ਜੋ ਥੋੜ੍ਹੀ ਦੇਰ ਹੈ ਜਿਹਨੂੰ ਛਿਨ-ਭੰਗਰ ਕਹਿੰਦੇ ਨੇ। ਕੀ ਕੋਈ ਐਸੀ ਖੁਸ਼ੀ ਵੀ ਹੈ ਜਿਹੜੀ ਕਦੇ ਹਟੇ ਹੀ ਨਾ। ਉਹ ਖੁਸ਼ੀ ਕਦੇ ਵੀ ਨਿਵਾਣ ਵਲ ਨਾ ਜਾਵੇ ਵਧਦੀ ਤਾਂ ਜਾਵੇ, ਹੇਠਾਂ ਨੂੰ ਨਾ ਆਵੇ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਲਾਲ ਰੰਗ ਜੋ ਬਾਹਰਲਾ ਹੈ ਇਹ ਲਹਿ ਜਾਏਗਾ ਜਦੋਂ ਮੂੰਹ ਧੋਵੋਂਗੇ, ਨਾਵ੍ਹੋਂਗੇ, ਕੱਚਾ ਰੰਗ ਹੈ, ਲੇਕਿਨ ਇਕ ਰੰਗ ਐਸਾ ਹੈ ਜੋ ਵੱਡੇ ਭਾਗਾਂ ਵਾਲੇ ਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦਾ ਹੈ, ਹੈ ਉਹ ਵੀ ਲਾਲ। ਇਹ ਰੰਗ ਜੋ ਹੈ ਕੱਪੜਾ ਰੰਗ ਲਓ ਮੈਲਾ ਹੋ ਜਾਏਗਾ, ਲੇਕਿਨ ਇਸ ਰੰਗ ਦੇ ਵਿਚ ਖਾਸੀਅਤ ਹੈ ਕਿ ਕਦੇ ਵੀ ਮੈਲਾ ਨਹੀਂ ਹੋਏਗਾ। ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥* *ਅੰਗ - 808*

ਐਸਾ ਰੰਗ ਦੁਨੀਆਂ ਦੇ ਅੰਦਰ ਜੇ ਇਕ ਵਾਰੀ ਲਗ ਜਾਵੇ, ਮੁੜ ਕੇ ਨਾ ਮੈਲਾ ਹੁੰਦਾ ਹੈ, ਨਾ ਦਾਗ ਲਗਦਾ ਹੈ। ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਫੁਰਮਾ ਦਿਤੀ ਹੈ ਕਿ ਹੈ ਕੋਈ ਐਸਾ ਰੰਗ ਸੰਸਾਰ ਦੇ ਅੰਦਰ? ਜੋ ਮਲੀਨ ਨਹੀਂ ਹੁੰਦਾ, ਚਾਹੇ ਦੁਖ ਆ ਜਾਵੇ, ਚਾਹੇ ਸੁਖ ਆ ਜਾਣ, ਚਾਹੇ ਕਿੰਨੀ ਹੀ ਬਿਪਤਾ ਆ ਜਾਵੇ, ਕਿੰਨੀਆਂ ਹੀ ਉਦਾਸੀਆਂ ਆ ਜਾਣ, ਰੰਗ ਕਦੇ ਮੈਲਾ ਨਹੀਂ ਹੋਏਗਾ। ਚਾਹੇ ਆਹ ਸਰੀਰ ਦੇ ਟੁਕੜੇ-ਟੁਕੜੇ ਕਰਕੇ ਰਖ ਦਿਓ, ਫੇਰ ਵੀ ਮੈਲਾ ਨਹੀਂ ਹੋਏਗਾ -

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥* *ਅੰਗ - 985*

ਬੜਾ ਵਧੀਆ ਰੰਗ ਹੈ ਜੇ ਕਿਤੇ ਮਿਲ ਜਾਵੇ। ਪਰ ਇਹ ਹੈ ਕਿ ਜੇ ਰੰਗਣ ਵਾਲਾ ਰੰਗ ਦੇਵੇ, ਇਹ ਸ਼ਰਤ ਹੈ, ਇਹ ਆਪਣੇ ਹੱਥ ਵਿਚ ਗੱਲ ਨਹੀਂ ਹੈ। ਰੰਗਣ ਵਾਲੇ ਦੇ ਹੱਥ ਵਿਚ ਹੈ ਕਿ ਜੇ ਕਿਤੇ ਕ੍ਰਿਪਾ ਕਰਕੇ ਉਹ ਰੰਗ ਦੇਵੇ, ਤਾਂ ਮੁੜ ਇਹ ਰੰਗ ਨਹੀਂ ਲਹਿਆ ਕਰਦਾ। ਇਸ ਦਾ ਦੂਸਰਾ ਨਾਂ ਕੀ ਹੈ? ਜੇ ਹੋਰ ਸਮਝਣਾ ਹੋਵੇ ਕਿ ਰੰਗ ਬੜੇ ਨੇ ਸਾਡੇ ਅੰਦਰ ਰੰਗੇ ਹੋਏ, ਬੜੇ ਭੈੜੇ ਰੰਗ ਨੇ, ਬੁਰੇ ਰੰਗ ਨੇ। ਇਕ ਰੰਗ ਤਾਂ ਉਹ ਨੇ ਜਿਨ੍ਹਾਂ ਦਾ ਇਕ ਗਰੁੱਪ ਹੈ ਬਹੁਤ ਵੱਡਾ, ਸਮਝੋ ਜੋ ਕੁਛ ਮੈਂ ਕਹਿ ਰਿਹਾ ਹਾਂ। ਉਹ ਗਰੁੱਪ ਐਸਾ ਹੈ ਕਿ ਨਫਰਤ ਦਾ ਰੰਗ ਹੈ, ਨਿੰਦਿਆ ਦਾ ਰੰਗ ਹੈ, ਈਰਖਾ ਦਾ ਰੰਗ ਹੈ, ਕ੍ਰੋਧ ਦਾ ਰੰਗ ਹੈ, ਲੋਭ ਦਾ, ਮੋਹ ਦਾ ਰੰਗ ਹੈ, ਕਾਮ ਦਾ ਰੰਗ ਹੈ, ਗੁਮਾਨ ਦਾ, ਆਸ਼ਾਵਾਂ ਦਾ, ਤ੍ਰਿਸ਼ਨਾਵਾਂ ਦਾ ਰੰਗ ਹੈ, ਵਿਸ਼ੇ-ਵਿਕਾਰਾਂ ਦੇ ਭੋਗਾਂ ਦਾ ਰੰਗ ਹੈ। ਬੇਅੰਤ ਰੰਗ ਨੇ ਇਸ ਕਿਸਮ ਦੇ ਅੰਦਰ। ਇਸ ਰੰਗ ਦੇ ਵਿਚ ਜੇ ਰੰਗ ਲਿਆ ਜਾਵੇ ਆਹ ਚੋਲਾ, ਕਹਿੰਦੇ ਪਿਆਰਿਓ! ਇਹ ਪ੍ਰਮੇਸ਼ਰ ਨੂੰ ਬਿਲਕੁਲ ਨਹੀਂ ਭਾਉਂਦਾ। ਇਹ ਐਨੇ ਗਲਤ ਰੰਗ ਨੇ ਕਿ ਅੱਖਾਂ ਨੂੰ ਦੇਖਣ ਵਾਸਤੇ ਵੀ ਚੰਗੇ ਨਹੀਂ ਲਗਦੇ। ਕਿੰਨੀਓਂ ਸੁੰਦਰਤਾ ਹੋਵੇ ਇਹ ਰੰਗ ਉਹਨੂੰ ਮੈਲਾ ਕਰ ਦਿੰਦੇ ਨੇ -

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥*
*ਅੰਗ - 722*

ਕਹਿੰਦੇ, ਉਹ ਭਾਉਂਦਾ ਹੀ ਨਹੀਂ ਹੈ। ਜਿਹਨੇ ਸ੍ਰਿਸ਼ਟੀ ਸਾਜੀ ਹੈ, ਵਾਹਿਗੁਰੂ, ਮਾਲਕ-ਏ-ਕੁਲ ਹੈ ਉਹਨੂੰ ਇਹ ਰੰਗ ਨਹੀਂ ਭਾਉਂਦਾ। ਉਹ ਰੰਗ ਬਦਬੂਦਾਰ ਨੇ, ਅੱਖਾਂ ਨੂੰ ਦੇਖਣ ਨੂੰ ਚੰਗੇ ਨਹੀਂ ਲਗਦੇ। ਖਿੱਚ ਨਹੀਂ ਪਾਉਂਦੇ, ਇਨ੍ਹਾਂ ਨੂੰ ਮਾਇਆ ਦੇ ਰੰਗਾਂ ਦੀ ਕੈਟਾਗਿਰੀ ਦਿਤੀ ਗਈ ਹੈ। ਜਿਹੜੇ ਦੂਸਰੇ ਇਹਦੇ ਮੁਕਾਬਲੇ 'ਤੇ ਰੰਗ ਨੇ, ਉਹਨੂੰ ਨਾਮ ਦਾ ਰੰਗ ਆਖਿਆ ਗਿਆ ਹੈ। ਅਸਰ ਸਰੀਰ ਦੇ ਉਤੇ ਇਨ੍ਹਾਂ ਦਾ ਵੀ ਹੁੰਦਾ ਹੈ,

ਅਸਰ ਉਨ੍ਹਾਂ ਦਾ ਵੀ ਹੁੰਦਾ ਹੈ। ਮਾਇਆ ਦੇ ਰੰਗਾਂ ਵਿਚ ਨਿਰਾਸਤਾ ਆਉਂਦੀ ਹੈ, ਨਫਰਤ ਆਉਂਦੀ ਹੈ, ਸਰੀਰ ਦੇ ਜਿਹੜੇ ਸੈਲ ਨੇ ਉਹ ਨਾਸ ਹੁੰਦੇ ਰਹਿੰਦੇ ਨੇ ਤੇ ਐਸਾ ਭੈੜਾ ਰੰਗ ਹੈ ਕਿ ਸਰੀਰ ਦੇ ਉਤੇ ਵੀ ਅਸਰ ਪਾਉਂਦਾ ਹੈ। ਮਨ ਦੇ ਉਤੇ ਵੀ ਅਸਰ ਪਾਉਂਦਾ ਹੈ, ਬੁੱਧੀ ਦੇ ਉਤੇ ਵੀ ਅਸਰ ਪਾਉਂਦਾ ਹੈ, ਚਿੱਤ 'ਤੇ ਵੀ ਅਸਰ ਪਾਉਂਦਾ ਹੈ। ਆਦਮੀ ਦਾ ਸਰੀਰ ਜਿਹੜਾ ਹੈ, ਇਨ੍ਹਾਂ ਰੰਗਾਂ ਕਰਕੇ ਵਕਤ ਤੋਂ ਪਹਿਲਾਂ ਹੀ ਬੁੱਢਾ ਹੋ ਜਾਂਦਾ ਹੈ। ਲੇਕਿਨ ਦੂਸਰਾ ਰੰਗ ਕਿਹੜਾ ਹੈ? ਉਸ ਰੰਗ ਨੂੰ ਜੇ ਕੈਟਾਗਿਰੀ ਦੇ ਵਿਚ ਲਿਆਂਦਾ ਜਾਵੇ ਤਾਂ ਉਹ ਨਾਮ ਦਾ ਰੰਗ ਹੈ। ਨਾਮ ਦਾ ਰੰਗ ਜੋ ਹੈ ਉਹ ਮਹਿਸੂਸ ਕਿਸ ਚੀਜ਼ ਨਾਲ ਹੁੰਦਾ ਹੈ? ਦੋ ਚੀਜ਼ਾਂ ਹੁੰਦੀਆਂ ਨੇ – ਇਕ ਤਾਂ ਆਦਮੀ ਦੇ ਅੰਦਰ ਹਰ ਵਕਤ ਖੇੜਾ ਰਹਿੰਦਾ ਹੈ, ਜਦੋਂ ਆਦਮੀ ਮੁਰਝਾ ਜਾਵੇ ਤਾਂ ਸਮਝ ਲਓ ਕਿ ਟੁੱਟ ਗਿਆ, ਕੋਈ ਗਲਤੀ ਹੋ ਗਈ ਬੜੀ ਭਾਰੀ, ਮੁਰਝਾਹਟ ਆ ਗਈ, ਸੋਮੇ ਨਾਲੋਂ ਟੁੱਟ ਗਿਆ। ਪ੍ਰਮੇਸ਼ਰ ਤੋਂ ਬੇ-ਵਿਸ਼ਵਾਸ਼ੀ ਹੋ ਗਈ। ਪਿੱਠ ਕਰ ਲਈ ਪ੍ਰਮੇਸ਼ਰ ਵਲ। ਕਿਉਂਕਿ ਉਹ ਪਿਆਰ ਦਾ ਸੋਮਾ ਹੈ ਉਹਦੇ ਵਿਚੋਂ ਨਿਰਾ ਹੀ ਪਿਆਰ ਆਉਂਦਾ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਉਹ ਪਿਆਰ ਦੇ ਸੋਮੇ ਨਾਲੋਂ ਟੁੱਟ ਗਿਆ, ਟੁੱਟਣ ਦੇ ਨਾਲ ਰੰਗ ਫਿੱਕਾ ਪੈ ਗਿਆ। ਚੜ੍ਹਿਆ ਨਹੀਂ ਪੂਰੀ ਤਰ੍ਹਾਂ ਨਾਲ ਅਜੇ। ਜਦੋਂ ਪੂਰੀ ਤਰ੍ਹਾਂ ਚੜ੍ਹ ਗਿਆ – ***'ਕਾਇਆ ਕਾਪਰੁ ਚੀਰ ਬਹੁ ਫਾਰੇ, ਹਰਿ ਰੰਗੁ ਨ ਲਹੈ ਸਭਾਗਾ ॥'***

ਭਾਈ ਮਤੀ ਦਾਸ ਜੀ ਨੂੰ ਫਰਜ਼ੀ ਦੋਸ਼ ਲਗ ਗਿਆ ਕਿ ਇਸ ਬੰਦੇ ਨੇ ਇਹ ਗੱਲ ਕਹੀ ਹੈ ਕਿ ਜੇ ਚਾਹਾਂ ਤਾਂ ਮੈਂ ਦਿੱਲੀ ਤੇ ਲਾਹੌਰ ਨੂੰ ਗਰਕ ਕਰ ਦੇਵਾਂ। ਇਹ ਗੱਲ ਜ਼ਰੂਰ ਹੈ ਕਿ ਇਸਦੇ ਮੁਰਸ਼ਦ ਨੇ ਕਿਹਾ ਕਿ ਇਹ ਗੱਲ ਆਪਾਂ ਨਹੀਂ ਕਰਨੀ। ਸੋ ਜਾਣਦੇ ਨੇ ਕਿ ਇਹਨੇ ਹੁਣ ਇਹ ਗੱਲ ਤਾਂ ਕਰਨੀ ਨਹੀਂ ਹੈ। ਇਹਨੂੰ ਸਜ਼ਾ ਦੇ ਦੇਈਏ ਚੰਗੀ ਤਰ੍ਹਾਂ ਨਾਲ। ਕਹਿਣ ਲੱਗੇ, ਇਹਨੂੰ ਲੱਕੜੀਆਂ 'ਚ ਬੰਨ੍ਹ ਕੇ, ਸ਼ਤੀਰਾਂ 'ਚ, ਸਿਰ ਦੇ ਉਤੇ ਆਰਾ ਰੱਖ ਕੇ, ਦੋਹਾਂ ਪਾਸਿਓ ਤੋਂ ਖਿੱਚ ਕੇ ਇਹਨੂੰ, ਦੋ ਹਿੱਸਿਆਂ 'ਚ ਚੀਰ ਦਿਓ। ਸਜ਼ਾ ਮਿਲ ਗਈ। ਸੁਣਾ ਦਿਤੀ ਗਈ, ਰੰਗ ਨਹੀਂ ਲਹਿਆ। ਲਾਲੀ ਚੜ੍ਹੀ ਪਈ ਹੈ। ਉਸ ਤੋਂ ਬਾਅਦ ਫੱਟਿਆਂ 'ਚ ਬੰਨ੍ਹ ਦਿਤਾ ਗਿਆ, ਜਲਾਦ ਨੇ ਕਿਹਾ ਭਾਈ ਮਤੀ ਦਾਸ! ਇਕ ਗੱਲ ਅਸੀਂ ਪੁੱਛਦੇ ਹੁੰਦੇ ਹਾਂ, ਪਹਿਲਾਂ ਉਹ ਇਹ ਹੈ ਕਿ ਮੌਤ ਤੇ ਦੀਨ-ਏ-ਇਸਲਾਮ, ਇਹ ਦੋਵੇਂ ਤੁਲਨਾ 'ਚ ਨੇ। ਜੇ ਤੂੰ ਦੀਨ ਵਿਚ ਆ ਜਾਵੇਂ, ਤੈਨੂੰ ਜੀਉਣ ਦੀ ਗਾਰੰਟੀ ਦੇ ਦਿਤੀ ਜਾਵੇਗੀ ਤੇ ਨਹੀਂ ਤਾਂ ਫੇਰ ਸਜ਼ਾ-ਏ-ਮੌਤ ਹੈ ਹੀ। ਦੋਹਾਂ 'ਚੋਂ ਚੁਣ ਲੈ।

ਕਹਿਣ ਲੱਗੇ, ਜਲਾਦ! ਇਸ ਵੇਲੇ ਮੈਂ ਕੀ ਚੁਣਨਾ ਹੈ, ਜਿਹਨੂੰ ਤੁਸੀਂ ਮੌਤ ਕਹਿੰਦੇ ਓਂ, ਇਹ ਮੇਰੇ ਵਾਸਤੇ ਮੌਤ ਨਹੀਂ ਹੈ, ਅਸੀਂ ਮੌਤ ਤੋਂ ਜਿੱਥੇ

ਅੱਗੇ ਦਾ ਚੱਕਰ ਸ਼ੁਰੂ ਹੁੰਦਾ ਹੈ, ਕਾਲ ਤੋਂ ਉਤੇ, ਉਥੋਂ ਸਾਡਾ ਜੀਵਨ ਸ਼ੁਰੂ ਹੋਇਆ ਕਰਦਾ ਹੈ। ਮੌਤ ਨੂੰ ਅਸੀਂ ਪਾਰ ਕਰ ਗਏ ਹਾਂ ਜਿਉਂਦੇ-ਜਿਉਂਦੇ। ਮੌਤ ਹਉਮੈ ਨੂੰ ਹੋਇਆ ਕਰਦੀ ਹੈ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***

***ਅੰਗ - 999***

ਸੋ ਇਹ ਤਾਂ ਕੋਈ ਗੱਲ ਨਹੀਂ ਹੈ ਜਿਹੜੀ ਤੂੰ ਕਹਿੰਦਾ ਹੈਂ।

ਜਲਾਦ ਕਹਿਣ ਲੱਗਿਆ ਕਿ ਦੂਸਰਾ ਇਹ ਹੈ ਕਿ ਤੇਰੀ ਕੋਈ ਅੰਤਮ ਇੱਛਾ ਹੋਵੇ, ਖਾਣ ਪੀਣ ਤੋਂ ਰਹਿ ਗਿਆ ਹੋਵੇਂ, ਕੋਈ ਹੋਰ ਇੱਛਿਆ ਹੋਵੇ, ਉਹ ਜੇ ਤੂੰ ਮੈਨੂੰ ਦੱਸੇਂ ਤਾਂ ਤੈਨੂੰ ਫੱਟਿਆਂ 'ਚ ਬੰਨ੍ਹਣ ਤੋਂ ਪਹਿਲਾਂ, ਮੈਂ ਉਹ ਪੂਰੀ ਕਰਨ ਦੀ ਕੋਸ਼ਿਸ਼ ਕਰਾਂ।

ਕਾਜ਼ੀ ਖੜ੍ਹਾ ਹੈ, ਫਤਵਾ ਲਾਉਣ ਵਾਲਾ। ਉਹ ਕਹਿਣ ਲੱਗੇ, ਹੋਰ ਤਾਂ ਮੈਨੂੰ ਕੋਈ ਇੱਛਿਆ ਨਹੀਂ ਹੈ, ਇੱਕ ਇਛਿਆ ਹੈ ਮੇਰੇ ਮਨ ਦੇ ਅੰਦਰ ਕਿ ਤੁਸੀਂ ਮੇਰੀ ਪਿੱਠ ਗੁਰੂ ਵੱਲ ਨਾ ਕਰੋ, ਮੇਰਾ ਚਿਹਰਾ ਓਧਰ ਕਰ ਦਿਓ। ਕਹਿਣ ਲੱਗਿਆ, ਭਾਈ ਮਤੀ ਦਾਸ! ਚਿਹਰਾ ਤਾਂ ਅਸੀਂ ਕਰ ਦਿੰਦੇ ਹਾਂ, ਪਰ ਇਕ ਗੱਲ ਸਮਝ 'ਚ ਨਹੀਂ ਆਈ ਕਿ ਤੇਰੇ ਚਿਹਰੇ ਦੇ ਉਤੇ ਪਿਲੱਤਣ ਕਿਉਂ ਨਹੀਂ ਛਾਈ? ਤੇਰਾ ਚਿਹਰਾ ਲਾਲ ਕਿਉਂ ਹੈ? ਐਨਾ ਲਾਲ ਤਾਂ ਜੇ ਰੰਗ ਲਾਈਏ ਤਾਂ ਵੀ ਨਹੀਂ ਹੁੰਦਾ, ਤੂੰ ਤਾਂ ਇਸ ਤਰ੍ਹਾਂ ਲਾਲ ਹੋ ਗਿਆ ਜਿਵੇਂ ਕੋਈ ਵਿਆਹ ਕਰਾਉਣ ਜਾਂਦਾ ਹੁੰਦਾ ਹੈ, ਜਾਂ ਕੋਈ ਬਹੁਤ ਵੱਡੀ ਉਹਨੂੰ ਪ੍ਰਾਪਤੀ ਹੋਈ ਹੁੰਦੀ ਹੈ। ਇਹਦਾ ਕੋਈ ਕਾਰਨ ਹੈ?

ਭਾਈ ਮਤੀ ਦਾਸ ਜੀ ਕਹਿਣ ਲੱਗੇ, ਤੈਨੂੰ ਇਸ ਵੇਲੇ ਕਾਰਨ ਦੀ ਸਮਝ ਨਹੀਂ ਆਉਣੀ ਕਿਉਂਕਿ ਤੁਹਾਡੇ ਲੋਕਾਂ ਨੂੰ ਅਸਲੀ ਜੀਵਨ ਦਾ ਕੋਈ ਗਿਆਨ ਹੀ ਨਹੀਂ ਹੈ। ਤੁਸੀਂ ਜੀਵਨ ਇਸੇ ਨੂੰ ਕਹਿੰਦੇ ਓਂ ਕਿ ਆਹ ਸਰੀਰ ਰੋਟੀ ਪਾਣੀ ਖਾ ਕੇ, ਜਿਉਂਦਾ ਰਹੇ, ਸਾਹ ਲੈਂਦਾ ਰਹੇ। ਅਸੀਂ ਇਸ ਨੂੰ ਜੀਵਨ ਨਹੀਂ ਕਹਿੰਦੇ। ਸਾਡੀ ਤੇ ਤੁਹਾਡੀ ਸਮਝ ਵਿਚ ਫਰਕ ਹੈ।

ਕਹਿੰਦਾ, "ਇਸ ਨੂੰ ਕੀ ਕਹਿੰਦੇ ਓਂ?"

ਕਹਿੰਦੇ, "ਜਿਹੜਾ ਜੀਵਨ ਰੰਗ ਤੋਂ ਖਾਲੀ ਹੈ, ਪਿਆਰ ਤੋਂ ਖਾਲੀ ਹੈ, ਉਹ ਸਾਡੇ ਵਾਸਤੇ ਜੀਵਨ ਨਹੀਂ, ਭਾਵੇਂ ਉਹ ਬਾਦਸ਼ਾਹ ਹੋਵੇ। ਚਾਹੇ ਸਾਰੀ ਦੁਨੀਆਂ ਤੋਂ ਵੱਧ ਅਮੀਰ ਹੋਵੇ, ਸਾਰੀ ਦੁਨੀਆਂ ਤੋਂ ਵੱਧ ਸੁੰਦਰਤਾ ਉਹਦੇ ਕੋਲ ਹੋਵੇ, ਸਾਰੀ ਦੁਨੀਆਂ ਤੋਂ ਵੱਧ ਚਤੁਰ ਹੋਵੇ। ਬਹੁਤ ਵੱਡੀ ਕੁਲ ਨਾਲ ਸਬੰਧ ਰੱਖਣ ਵਾਲਾ ਹੋਵੇ ਪਰ ਪਿਆਰਿਆ! ਅਸੀਂ ਉਹਨੂੰ ਜੀਉਂਦਾ ਨਹੀਂ ਕਹਿੰਦੇ, ਜਦੋਂ ਤੱਕ ਜੀਵਨ ਉਹਦੇ ਅੰਦਰ ਨਹੀਂ ਪ੍ਰਵੇਸ਼ ਕੀਤਾ, ਜਦੋਂ ਤੱਕ ਉਹਨੂੰ ਲਾਲ ਰੰਗ ਨਹੀਂ ਲੱਗਿਆ। ਓਨੀਂ ਦੇਰ ਤੱਕ ਅਸੀਂ ਜੀਵਨ

ਨਹੀਂ ਕਹਿੰਦੇ। ਉਸ ਵੇਲੇ ਤੱਕ ਉਹ ਜਿਹੜਾ ਜੀਵਨ ਹੈ, ਉਸਨੂੰ ਅਸੀਂ ਮੁਰਦਾ ਹੀ ਕਹਿੰਦੇ ਹਾਂ -

***ਧਾਰਨਾ - ਮਿਰਤਕ ਕਹੀਏ ਨਾਨਕਾ,***
***ਜਿਹ ਪ੍ਰੀਤ ਨਹੀਂ ਭਗਵੰਤ।***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 253***

ਪੰਜ ਸਿਫਤਾਂ ਅਤੀ ਉੱਤਮ ਦੀਆਂ, ਜੇ ਸਾਰੀਆਂ ਦੀਆਂ ਸਾਰੀਆਂ ਇੱਕੋ ਬੰਦੇ ਵਿਚ ਹੋਣ। ਸੰਸਾਰ 'ਚ ਐਸਾ ਕੋਈ ਬੰਦਾ ਨਹੀਂ ਜਿਹਦੇ 'ਚ ਇਹ ਪੰਜ ਸਿਫਤਾਂ ਹੋਣ। ਸਭ ਤੋਂ ਸੁੰਦਰ ਹੋਵੇ, ਬਹੁਤ ਉੱਚੀ ਕੁਲ, ਖਾਨਦਾਨ ਨਾਲ ਸਬੰਧ ਰੱਖਣ ਵਾਲਾ ਹੋਵੇ, ਕਿਸੇ ਨੂੰ ਵੀ ਗੱਲ ਦੇ ਵਿਚ ਵਾਰੇ ਨਾ ਆਉਣ ਦੇਵੇ। ਹਰ ਨੁਕਤੇ ਤੋਂ, ਹਰ ਵਿਸ਼ੇ ਦੇ ਉਤੇ ਗੱਲ ਕਰ ਸਕਦਾ ਹੋਵੇ ਤੇ ਮੂੰਹ ਦੇ ਗਿਆਨ ਦੇ ਨਾਲ ਦੂਸਰਿਆਂ 'ਤੇ ਪ੍ਰਭਾਵ ਪਾ ਸਕੇ ਕਿ ਇਹ ਤਾਂ ਬਹੁਤ ਵੱਡਾ ਵਿਦਵਾਨ, ਗਿਆਨਵਾਨ ਪੁਰਸ਼ ਹੈ, ਧਨ ਉਸ ਕੋਲ ਐਨਾ ਹੋਵੇ ਕਿ ਕਿਸੇ ਕੋਲ ਹੋਵੇ ਹੀ ਨਾ। ਸੰਸਾਰ ਵਾਸਤੇ ਤਾਂ ਉਹ ਬੰਦਾ ਅਲੌਕਿਕ ਹੈ, ਉਹ ਬੜਾ ਅਜੀਬ ਬੰਦਾ ਹੈ, ਉਹ ਉੱਚੇ ਬੰਦਿਆਂ ਦੇ ਵਿਚ ਗਿਣਿਆ ਜਾਏਗਾ, ਪਰ ਜਦੋਂ ਰੂਹਾਨੀਅਤ ਦੀ ਕਸਵੱਟੀ ਦੇ ਨਾਲ ਨਾਪੀਏ ਤਾਂ ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਹੈ। ਉਹ ਤਾਂ ਇਕ ਮਿਰਤਕ ਸਰੀਰ ਹੈ। ***'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥'*** ਕਿਉਂਕਿ ਜਿਸਦੇ ਅੰਦਰ ਪਿਆਰ ਦੀ ਰੌ ਨਹੀਂ ਰੁਮਕਦੀ, ਉਹਨੂੰ ਕਹਿੰਦੇ ਜਿਉਂਦਿਆਂ ਵਿਚ ਨਾ ਗਿਣੋ, ਉਹਦੀ ਤਾਂ ਰਸਾਇਣਕ ਜੀਵਨ ਹੈ। ਰੋਟੀ ਖਾ ਲਈ, ਦਾਲਾਂ ਖਾ ਲਈਆਂ, ਸਬਜ਼ੀਆਂ ਖਾ ਲਈਆਂ, ਸਵੇਰੇ ਉੱਠ ਕੇ ਨਹਾ ਲਿਆ, ਫਿਰਿਆ-ਤੁਰਿਆ, ਕਾਰੋਬਾਰ ਕਰ ਲਿਆ, ਮੁੜ ਕੇ ਫੇਰ ਸੌਂ ਗਿਆ। ਉਹਨੂੰ ਨਹੀਂ ਪਤਾ ਕਿ ਰੂਹਾਨੀ ਜ਼ਿੰਦਗੀ ਕੀ ਹੁੰਦੀ ਹੈ, ਪਿਆਰ ਵਾਲੀ ਜ਼ਿੰਦਗੀ ਕੀ ਹੁੰਦੀ ਹੈ। ਕਿਉਂਕਿ ਉਸ ਨੂੰ ਰੰਗ ਨਹੀਂ ਲੱਗਿਆ ਅਜੇ। ਰੰਗ ਚੜ੍ਹਿਆ ਨਹੀਂ ਹੈ। ਵੱਡਿਆਂ ਭਾਗਾਂ ਵਾਲਾ ਹੁੰਦਾ ਹੈ - *'ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥'* ਜਿਸਨੂੰ ਲਾਲ ਰੰਗ ਲਗ ਜਾਵੇ, ਪਿਆਰ ਅੰਦਰ ਪੈਦਾ ਹੋ ਜਾਵੇ।

ਕਹਿਣ ਲੱਗੇ, ਪਿਆਰਿਆ! ਇਹ ਤੇਰੀ ਸਮਝ 'ਚ ਆਉਣ ਵਾਲੀਆਂ ਗੱਲਾਂ ਨਹੀਂ ਹਨ। ਤੁਹਾਡੀ ਬੁੱਧ ਮੋਟੀ ਹੁੰਦੀ ਹੈ। ਤੁਹਾਡੀ ਜੋ ਬਰਾਬਰੀ ਹੈ ਉਹ ਮਨੁੱਖਾਂ ਦੇ ਵੀ ਬਰਾਬਰ ਨਹੀਂ, ਇਹ ਤਾਂ ਪਸ਼ੂਆਂ ਤੋਂ ਵੀ ਹੇਠਾਂ ਹੈ -

***ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ - 1356***

ਜਿਸਨੂੰ ਜੀਵਨ ਦੀ ਸੋਝੀ ਦਾ ਮੰਤਰ ਹੀ ਨਹੀਂ ਮਿਲਿਆ ਗੁਰੂ ਤੋਂ, ਕਹਿੰਦੇ ਉਹ ਦੇਖਣ ਨੂੰ ਤਾਂ ਲਗਦਾ ਹੈ ਬੰਦਾ, ਲੇਕਿਨ ਪਸ਼ੂਆਂ ਤੋਂ ਵੱਧ

ਉਹਦੀ ਬੁੱਧੀ ਦੀ ਸੁਰਤ ਨਹੀਂ ਹੈ। ਪਸ਼ੂ 25% ਤੋਂ ਲੈ ਕੇ 50% ਤੱਕ ਵੱਖਰੀ-ਵੱਖਰੀ ਸੁਰਤ, ਵੱਖਰੇ-ਵੱਖਰੇ ਪਸ਼ੂਆਂ ਦੀ ਹੈ। ਮਨੁੱਖ ਦੀ ਸੁਰਤ 50% ਤੋਂ ਉਤੇ ਸ਼ੁਰੂ ਹੁੰਦੀ ਹੈ। ਬ੍ਰਹਮਗਿਆਨੀਆਂ ਦੀ ਸੁਰਤ 75% ਤੋਂ ਸ਼ੁਰੂ ਹੋ ਕੇ 100% ਤੱਕ ਹੁੰਦੀ ਹੈ। ਪੂਰਨ ਹੁੰਦਾ ਹੈ ਉਹ, ਪੂਰੀ ਸੁਰਤ ਵਾਲਾ, ਪੂਰੀ ਹੋਸ਼ ਵਾਲਾ। ਤਿੰਨਾਂ ਹੀ ਲੋਕਾਂ ਦੀਆਂ ਬਾਤਾਂ ਜਾਨਣ ਵਾਲਾ, ਭੂਤ, ਭਵਿੱਖਤ, ਵਰਤਮਾਨ ਨੂੰ ਜਾਨਣ ਵਾਲਾ। ਕੀ ਹੋਣਾ ਹੈ, ਕਿਉਂ ਹੋਣਾ ਹੈ, ਕਦੋਂ ਹੋਣਾ ਹੈ, ਕਿਉਂ ਹੋਇਆ, ਕਦੋਂ ਹੋਇਆ। ਸਭ ਕੁਛ ਜਾਣਦਾ ਹੁੰਦਾ ਹੈ। ਸੁਰਤ 'ਚ ਫਰਕ ਹੈ। ਸੋ ਕਹਿੰਦੇ, ਪੂਰੀ ਸੁਰਤ ਨਹੀਂ ਹੁੰਦੀ ਉਨ੍ਹਾਂ ਦੀ। ਮਨੁੱਖਾਂ ਵਾਲੀ ਵੀ ਸੁਰਤ ਨਹੀਂ ਹੁੰਦੀ। ਮਨੁੱਖ ਦੀ ਸੁਰਤ ਤੋਂ ਵੀ ਹੇਠਾਂ ਹੁੰਦੇ ਨੇ, ਪਸ਼ੂਆਂ ਵਰਗੇ। ਕੁੱਤੇ, ਬਿੱਲੇ, ਸੂਰ, ਸੱਪ, ਗਧੇ, ਕਾਵਾਂ ਵਰਗੀ ਸੁਰਤ ਹੋਇਆ ਕਰਦੀ ਹੈ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ - 251***

ਆ ਤਾਂ ਗਏ, ਮਨੁੱਖਾਂ ਵਰਗਾ ਸਰੀਰ ਹੈ। ਲੇਕਿਨ ਹੈ ਪਸ਼ੂ ਪੱਧਰ ਦੇ ਤੇ ਕਹਿਣ ਲੱਗੇ, ਪਿਆਰਿਆ! ਜੇ ਸੁਰਤ ਅੰਦਰ ਜਾਗ ਪਵੇ, ਰੰਗ ਲਗ ਜਾਵੇ ਪਿਆਰ ਦਾ, ਫੇਰ ਇਹ ਖਾਲੀ ਨਹੀਂ ਹੋਇਆ ਕਰਦਾ। ਇਹਦੇ ਅੰਦਰ ਇਕ ਰਸ ਹੋਇਆ ਕਰਦਾ ਹੈ, ਇਕ ਖਿੱਚ ਹੁੰਦੀ ਹੈ। ਪਿਆਰ ਵਾਲੇ ਨੂੰ ਕਿਸੇ ਨੂੰ ਦੇਖ ਲਓ, ਅੰਦਰ ਖਿੱਚ ਹੋਏਗੀ, ਰਸ ਹੋਏਗਾ। ਉਹਦੇ ਜੀਵਨ ਦੇ ਅੰਦਰ ਖੇੜਾ ਹੋਏਗਾ। ਪਿਆਰ ਤੋਂ ਹੀਣਾ ਜੋ ਹੈ ਉਹ ਮੁਰਝਾ ਜਾਏਗਾ। ਕਿੰਨੀਆਂ ਹੀ ਕਿਤਾਬਾਂ ਪੜ੍ਹੀ ਜਾਵੇ, ਕਿੰਨੇ ਹੀ ਵਿਟਾਮਿਨ ਖਾਈ ਜਾਵੇ, ਕਿੰਨੇ ਹੀ ਸੈਰ-ਸਪਾਟੇ ਕਰੀ ਜਾਵੇ, ਕਿੰਨਾ ਹੀ ਲੋਕਾਂ ਨਾਲ ਮਿਲੀ ਜਾਵੇ, ਉਹ ਵਕਤੀ ਅਸਰ ਹੈ, ਉਸ ਤੋਂ ਬਾਅਦ ਫੇਰ ਮੁਰਝਾ ਕੇ ਥੱਲੇ ਗਿਰ ਜਾਏਗਾ। ਸਿਰਫ ਜਿਹੜੇ ਜਾਗੀ ਹੋਈ ਸੁਰਤ ਵਾਲੇ ਨੇ ਜਿਨ੍ਹਾਂ ਨੂੰ ਰੰਗ ਲੱਗਿਆ ਹੋਇਆ ਹੈ, ਉਨ੍ਹਾਂ ਨੂੰ ਪਿਆਰ ਦਾ ਰਸ ਹਰ ਵਕਤ ਚੜ੍ਹਿਆ ਰਹਿੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ-ਨਾਮ ਖੁਮਾਰੀ।***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ। ਜਨਮਸਾਖੀ***

ਖੁਮਾਰੀ ਦਾ ਜੋ ਰੰਗ ਹੈ ਲਾਲ ਰੰਗ, ਪਿਆਰ ਦਾ ਰੰਗ, ਕਹਿੰਦੇ ਉਹ ਨਹੀਂ ਉਤਰਿਆ ਕਰਦਾ। ਆਰੇ ਦੇ ਨਾਲ ਦੋ ਫਾੜ ਕਰ ਦਿਤੇ ਭਾਈ ਮਤੀ ਦਾਸ ਜੀ ਦੇ, ਨਹੀਂ ਰੰਗ ਉਤਰਿਆ, ਦੇਗਾਂ ਦੇ ਵਿਚ ਭਾਈ ਦਿਆਲਾ ਜੀ ਨੂੰ ਉਬਾਲੇ ਦੇ ਦਿਤੇ, ਨਹੀਂ ਰੰਗ ਉਤਰਿਆ। ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿਤਾ, ਰੰਗ ਨਹੀਂ ਉਤਰਿਆ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹ ਦਿਤੀ, ਨਹੀਂ ਰੰਗ ਉਤਰਿਆ। ਇਹ ਜੋ ਰੰਗ ਹੈ ਦੂਸਰੇ ਰੰਗਾਂ ਨਾਲੋਂ ਸ੍ਰੇਸ਼ਟ ਹੈ, ਇਕ ਵਾਰੀ ਚੜ੍ਹ ਗਿਆ ਤੇ ਮੁੜ ਨਹੀਂ ਉਤਰਦਾ,

ਨਾਲ ਨਿਰਮਲ ਹੈ, ਚਮਕਦਾ ਹੈ, ਨਾਲ ਖੁਮਾਰੀ ਦਿੰਦਾ ਹੈ। ਬਾਹਰ ਦੇ ਰੰਗ ਨੂੰ ਅਸੀਂ ਰੱਖ ਨਹੀਂ ਸਕਦੇ। ਸਰੀਰ 'ਤੇ ਗਿਰ ਗਿਆ ਖੁਜਲੀ ਹੋਏਗੀ। ਨਾਹੁਣਾ ਪਵੇਗਾ, ਕੱਪੜਿਆਂ 'ਤੇ ਗਿਰ ਗਿਆ, ਫਟਾਫਟ ਕੱਪੜੇ ਧੋਵਾਂਗੇ। ਲੇਕਿਨ ਪਵਿੱਤਰ ਰੰਗ ਜੋ ਹੈ ਮਹਾਰਾਜ ਕਹਿੰਦੇ ਪਿਆਰਿਓ –

***ਹੋਲੀ ਕੀਨੀ ਸੰਤ ਸੇਵ ॥*** ***ਅੰਗ – 1180***

ਸਾਧੂਆਂ ਦੀ ਸੇਵਾ ਕਰਕੇ, ਹਰੀ ਦਾ ਜਸ ਕਰਕੇ ਜੋ ਹੋਲੀ ਮਨਾਉਂਦਾ ਹੈ, ਉਹ ਪਰਮ ਪਵਿੱਤਰ ਤਿਉਹਾਰ ਤੋਂ ਵਿਸ਼ੇਸ਼ ਲਾਭ ਪ੍ਰਾਪਤ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਹੋਲੇ ਦਾ ਤਿਉਹਾਰ ਆਪ ਸਾਰੇ ਗੁਰੂ ਘਰ ਦੇ ਅੰਦਰ ਕੀਰਤਨ ਕਥਾ ਦੇ ਰੂਪ ਵਿਚ ਇਕੱਠੇ ਹੋ ਕੇ ਮਨਾਇਆ ਜਾਂਦਾ ਹੈ। ਸੋ ਆਪ ਸਾਰੇ ਥਾਂ-ਥਾਂ ਤੋਂ ਗੁਰੂ ਦਰਬਾਰ 'ਚ ਪਹੁੰਚੇ ਓਂ। ਵਿਚਾਰ ਇਹ ਹੈ ਕਿ ਇਹ ਰੰਗ ਲੱਗੇ ਕਿਵੇਂ? ਕੋਈ ਤਰੀਕਾ ਹੈ ਜਿਹਦੇ ਨਾਲ ਇਹ ਰੰਗ ਲਗ ਜਾਵੇ ਤੇ ਚੜ੍ਹਦੀ ਕਲਾ ਦੀ ਅਵਸਥਾ ਪ੍ਰਾਪਤ ਹੋ ਜਾਵੇ, ਸੋਝੀ ਵਾਲਾ ਜੀਵਨ ਪ੍ਰਾਪਤ ਹੋ ਜਾਵੇ। ਸੋ ਇਹ ਜੇ ਵਿਚਾਰ ਸਾਡੀ ਸਮਝ ਵਿਚ ਆ ਜਾਵੇ, ਸਾਡੇ ਲੱਖਾਂ ਹੀ ਦੁੱਖ ਇਕ ਦਮ ਟੁੱਟ ਸਕਦੇ ਹਨ, ਪਰੇਸ਼ਾਨੀਆਂ ਹਟ ਸਕਦੀਆਂ ਨੇ, ਜੀਵਨ ਕੀ ਹੈ? ਵੱਖਰੇ-ਵੱਖਰੇ ਭਾਵ ਨੇ ਜੀਵਨ ਦੇ, ਕਿਸੇ ਨੂੰ ਇਹ ਜੀਵਨ ਮਹਾਨ ਉੱਚਾ-ਸੁੱਚਾ ਤੇ ਰਸ ਭਰਿਆ ਲਗਦਾ ਹੈ। ਕਿਸੇ ਦਾ ਇਹ ਖਿਆਲ ਹੈ ਕਿ ਭਾਈ, ਜੀਵਨ ਦੀ ਬਾਤ ਨਾ ਕਰੋ। ਉਹ ਜੀਵਨ ਦੇ ਬਾਰੇ ਤਾਂ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਦਸ ਗਏ ਨੇ –

***ਧਾਰਨਾ – ਨਾਨਕ ਦੁਖੀਆ ਸਭੁ ਸੰਸਾਰੁ।***

ਜਿੰਨੀਆਂ ਵੀ ਵੱਡੀਆਂ ਹਸਤੀਆਂ, ਮਸ਼ਹੂਰ ਹਸਤੀਆਂ ਭਾਰਤ ਵਰਸ਼ ਵਿਚ ਹੋਈਆਂ, ਚਾਹੇ ਕੋਈ ਹਿੰਦੂ ਹੈ ਮੁਸਲਮਾਨ ਹੈ, ਗੁਰੂ ਮਹਾਰਾਜ ਨੇ ਸਭ ਦਾ ਜ਼ਿਕਰ ਕਰਕੇ ਸਵਰਗ ਦੇ ਰਾਜੇ ਇੰਦਰ ਤੋਂ ਸ਼ੁਰੂ ਕਰਕੇ ਪਰਸਰਾਮ ਵਰਗੇ ਰਿਸ਼ੀ, ਸ੍ਰੀ ਰਾਮ ਚੰਦਰ ਜੀ, ਪਾਂਡਵਾਂ ਦਾ, ਰਾਵਣ ਦਾ, ਜਨਮੇਜੇ ਦਾ, ਭਰਥਰੀ, ਗੋਪੀ ਚੰਦ, ਰਾਜਿਆਂ ਦਾ, ਪੀਰਾਂ ਦਾ ਸਾਰਿਆਂ ਦਾ ਜ਼ਿਕਰ ਕਰਕੇ ਗੁਰੂ ਮਹਾਰਾਜ ਕਹਿੰਦੇ –

***ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥***
***ਅੰਗ – 954***

ਹੁਣ ਇਹਦੇ ਵਿਚ ਇਕ ਬੜੀ ਭਾਰੀ ਸਮੱਸਿਆ ਸਾਡੇ ਸਾਮ੍ਹਣੇ ਆ ਗਈ ਕਿ ਦੁੱਖਾਂ ਦੇ ਸੰਸਾਰ ਵਿਚ ਕੀ ਲੈਣਾ ਹੈ ਜਿਉਂ ਕੇ? ਕੋਈ ਥਾਂ ਐਹੋ ਜਿਹਾ ਹੈ ਜਿੱਥੇ ਸੁੱਖ ਵੀ ਮਿਲ ਜਾਵੇ, ਇਹ ਤਾਂ ਮਹਾਰਾਜ ਨੇ ਢਹਿੰਦੀ ਕਲਾ ਦੀ ਗੱਲ ਕਰ ਦਿਤੀ। ਸੰਸਾਰ ਨੂੰ ਢਹਿੰਦੀ ਕਲਾ ਵਿਚ ਲੈ ਗਏ ਮਹਾਰਾਜ। ਜਿਨ੍ਹਾਂ ਨੂੰ ਨਹੀਂ ਸੋਝੀ ਉਹ ਆਹੀ ਗੱਲ ਕਹਿਣਗੇ ਜਿਹੜੀ ਮੈਂ ਕਹਿੰਦਾ ਹਾਂ। ਜਿਨ੍ਹਾਂ ਨੂੰ ਅਸੀਂ ਬੁੱਧੀਜੀਵੀ ਕਹਿੰਦੇ ਹਾਂ, ਬੜਾ ਉਨ੍ਹਾਂ ਦਾ ਮਾਣ ਹੈ। ਪਰ ਉਹ ਬੁੱਧੀ ਦੀ ਹੱਦ ਤਕ ਨੇ, ਉਸ ਤੋਂ ਅਗਾਂਹਾਂ ਦਾ ਨਹੀਂ ਉਨ੍ਹਾਂ ਨੂੰ ਪਤਾ ਕਿ ਬੁੱਧ ਤੋਂ ਉਤੇ ਹੋਰ ਕੀ ਹੁੰਦਾ ਹੈ –

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥*** ***ਅੰਗ - 339***

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*** ***ਅੰਗ - 8***

ਆਦਮੀ ਦੇ ਅੰਦਰ ਐਸੀ ਸ੍ਰੇਸ਼ਟ ਮਤ ਵੀ ਹੈ ਜਿਸਦੇ ਅੰਦਰ ਬੁੱਧੀਆਂ ਬਿਲਕੁਲ ਨਿਰਜਿੰਦ ਪ੍ਰਤੀਤ ਦਿੰਦੀਆਂ ਹਨ। ਸੋ ਜੋ ਨਿਰਜਿੰਦ ਦੀ ਹੱਦ ਵਿਚ ਰਹਿ ਕੇ ਲਿਖਦਾ ਹੈ ਉਹਦੇ ਬਚਨ ਵੀ ਨਿਰਜਿੰਦ ਵਾਲੇ ਨੇ, ਚੜ੍ਹਦੀ ਕਲਾ ਨਹੀਂ ਹੋ ਸਕਦੀ ਉਹਦੇ ਬਚਨਾਂ 'ਚ। ਸੋ ਮਹਾਰਾਜ ਨੇ ਇਕ ਜ਼ਿੰਦਗੀ ਦਾ ਪੱਖ ਦਰਸਾ ਕੇ ਬਚਨ ਕਿਹਾ ਕਿ ਜੇ ਆਹ ਜ਼ਿੰਦਗੀ ਦੀ ਲਾਈਨ ਤੁਰੀ ਆਉਂਦੀ ਹੈ, ਭੋਗਾਂ ਦੀ ਪ੍ਰਾਪਤੀਆਂ ਦੀ - ***'ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥'*** ਇੰਦਰ ਕੋਲ ਕੀ ਘਾਟਾ ਸੀ ਮਾਇਕ ਪਦਾਰਥਾਂ ਦਾ। ਸੰਸਾਰ ਦੇ ਬਾਦਸ਼ਾਹ ਨਾਲੋਂ 10 ਅਰਬ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦਾ ਹੈ। ਪਾਰਜਾਤ ਵਰਗਾ ਬਿਰਖ ਉਹਦੇ ਬਾਗ ਵਿਚ ਹੈ, ਜਿਸਨੂੰ ਨੰਦਨ ਬਾਗ ਕਹਿੰਦੇ ਨੇ। ਕਾਮਧੇਨ ਵਰਗੀ ਗਊ ਜਿਸਦੇ ਕੋਲ ਖੜ੍ਹ ਕੇ ਕੋਈ ਚੀਜ਼ ਮੰਗ ਲਓ ਉਸੇ ਵੇਲੇ ਮਿਲ ਜਾਂਦੀ ਹੈ ਤੇ ਪਾਰਜਾਤੁ ਰੁਖ ਦੇ ਘੇਰੇ 'ਚ ਜਾ ਕੇ ਜੋ ਹਜ਼ਾਰਾਂ ਹੀ ਮੀਲਾਂ ਦਾ ਹੈ, ਕੋਈ ਗੱਲ ਕਹਿ ਦਿਓ ਕਿ ਇਸ ਤਰ੍ਹਾਂ ਚਾਹੀਦਾ ਹੈ, ਉਸੇ ਵੇਲੇ ਹੋ ਜਾਏਗਾ। ਐਸਾ ਬ੍ਰਿਛ ਕਿਸੇ ਕੋਲ ਹੋਵੇ ਉਹ ਤਾਂ ਜੋ ਮੰਗੇ ਮਿਲ ਜਾਂਦਾ ਹੈ। ਫੇਰ ਕਾਮਧੇਨ ਗਊ ਹੋਵੇ, ਚਿੰਤਾਮਨ ਵੱਟੀ ਹੋਵੇ। ਫੇਰ ਉਹਦੇ ਦੁਖ ਦਾ ਸਵਾਲ ਕੀ ਹੈ? ਉਹ ਕਿਉਂ ਦੁਖੀ ਹੈ? ਕਿਉਂਕਿ ਉਹਨੂੰ ਇਕ ਢੰਗ ਨਹੀਂ ਆਇਆ, ਉਹਨੇ ਮਨ ਵਸੀਕਾਰ ਨਹੀਂ ਕਰਿਆ। ਸੋ ਇਥੋਂ ਫੇਰ ਇਹ ਲਗਦਾ ਹੈ ਕਿ ਜੇ ਮਨ ਵਸੀਕਾਰ ਨਾ ਹੋਵੇ, ਦੁਨੀਆਂ ਦੀ ਕੋਈ ਪ੍ਰਾਪਤੀ ਹੋਵੇ, ਆਦਮੀ ਸੁਖ 'ਚ ਨਹੀਂ ਜਾ ਸਕਿਆ ਕਰਦਾ -

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥***
***ਪਰਸ ਰਾਮੁ ਰੋਵੈ ਘਰਿ ਆਇਆ ॥***
***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥***
***ਰੋਵੈ ਰਾਮੁ ਨਿਕਾਲਾ ਭਇਆ ॥***
***ਸੀਤਾ ਲਖਮਣੁ ਵਿਛੁੜਿ ਗਇਆ ॥***
***ਰੋਵੈ ਦਹਸਿਰੁ ਲੰਕ ਗਵਾਇ ॥***
***ਜਿਨਿ ਸੀਤਾ ਆਦੀ ਡਉਰੂ ਵਾਇ ॥***
***ਰੋਵਹਿ ਪਾਂਡਵ ਭਏ ਮਜੂਰ ॥***
***ਜਿਨ ਕੈ ਸੁਆਮੀ ਰਹਤ ਹਦੂਰਿ ॥***
***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***

*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੂਖੀਆ ਸਭੁ ਸੰਸਾਰੁ ॥* *ਅੰਗ - 954*

ਇਹ ਤਾਂ ਬੜੀ ਗਲਤ ਗੱਲ ਹੋ ਗਈ। ਇਕ ਲਾਈਨ ਗੁਰੂ ਮਹਾਰਾਜ ਨੇ ਦਸ ਦਿਤੀ ਕਿ ਆਹ ਜਿਹੜੀ ਲਾਈਨ ਤੁਰੀ ਆ ਰਹੀ ਹੈ ਇਹਦੇ ਵਿਚ ਕੋਈ ਵੀ ਬੰਦਾ, ਚਾਹੇ ਕਿੰਨੀਆਂ ਹੀ ਪ੍ਰਾਪਤੀਆਂ ਕਰਨ ਵਾਲਾ ਹੈ, ਉਹ ਜ਼ਰੂਰ ਦੁਖੀ ਹੋਵੇਗਾ। ਦੂਸਰੀ ਲਾਈਨ ਕੀ ਹੈ ਮਹਾਰਾਜ ਕਹਿੰਦੇ, ਤੁਸੀਂ ਨਿਰਾਸ਼ਾਵਾਦ 'ਚ ਨਾ ਆਓ। ਦੇਖਿਓ ਕਿਤੇ ਮੇਰੇ ਬਚਨ ਨੂੰ ਇਹ ਕਹਿ ਲਓਂ ਕਿ ਢਹਿੰਦੀ ਕਲਾ ਦਾ ਬਚਨ ਕਰ ਦਿਤਾ। ਮੈਂ ਤਾਂ ਇਕ ਤਸਵੀਰ ਰੱਖੀ ਹੈ ਉਨ੍ਹਾਂ ਬੰਦਿਆਂ ਦੀ ਜਿਹੜੇ ਸੁਖ ਮੰਗਦੇ ਨੇ ਲੇਕਿਨ ਰਾਈ ਜਿੰਨਾ ਸੁਖ ਮੰਗਿਆ ਤੇ ਮਣ ਜਿੰਨਾ ਦੁਖ ਵੀ ਨਾਲ ਆ ਗਿਆ ਉਹਦੇ। ਇਹੋ ਜਿਹਾ ਸੁਖ ਕਹਿੰਦੇ ਮੈਨੂੰ ਨਹੀਂ ਭਾਉਂਦਾ ਮੰਗਿਆ ਹੋਇਆ। ਸੋ ਕੋਈ ਉਹ ਚਾਹੀਦਾ ਹੈ ਜਿਹੜਾ ਸੁਖ ਆ ਕੇ ਸਾਰੇ ਦੁਖ ਜਿੰਨੇ ਵੀ ਨੇ, ਸੁਖਾਂ 'ਚ ਬਦਲ ਜਾਣ। ਦੁੱਖ ਨਾਮ ਦੀ ਕੋਈ ਚੀਜ਼ ਹੀ ਨਾ ਰਹੇ। ਇਹ ਵੀ ਕੋਈ ਰਸਤਾ ਹੈ? ਮਹਾਰਾਜ ਕਹਿੰਦੇ, ਇਹ ਰਸਤਾ ਪਿਆਰਿਓ! ਨਾਮ ਦੇ ਉਤੇ ਵਿਸ਼ਵਾਸ਼ ਲਿਆਉਣ ਨਾਲ ਪ੍ਰਾਪਤ ਹੁੰਦਾ ਹੈ-

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ - 954*

ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਸੁਖ ਨਹੀਂ ਦਿੰਦੀਆਂ, ਉਨ੍ਹਾਂ ਦੇ ਨਾਲ ਆਦਮੀ ਸੁਖੀ ਨਹੀਂ ਹੁੰਦਾ ਕਦੇ ਵੀ ਤੇ ਉਹਦੀ ਹਾਲਤ ਜਿਹੜੀ ਹੈ, ਜੇ ਉਹ ਨਾਮ ਦੇ ਮੰਡਲ ਤੋਂ ਬਾਹਰ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਬਾਹਰ, ਪ੍ਰਮੇਸ਼ਰ ਦੇ ਪਿਆਰ ਨਾਲ ਮਨ ਰੰਗਿਆ ਹੋਇਆ ਨਹੀਂ ਹੈ ਤਾਂ ਕਹਿੰਦੇ ਉਹਦੀਆਂ ਬਾਹਰਲੀਆਂ ਪ੍ਰਾਪਤੀਆਂ ਦੇਖ ਕੇ ਨਾ ਅੰਦਾਜ਼ੇ ਲਾਓ ਕਿ ਇਹ ਬੜਾ ਸੁਖੀ ਹੈ। ਉਹਦੀ ਜੋ ਹਾਲਤ ਹੈ ਉਹ ਤਾਂ ਬਿਲਕੁਲ ਨੀਵੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਵਿਸ਼ਟਾ ਕੇ ਕੀਰੇ ,*
*ਸੋ ਪ੍ਰਭੁ ਚਿਤਿ ਨ ਆਵਈ।*
*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - 707*

ਦੁਨੀਆਂ ਦੀਆਂ ਪ੍ਰਾਪਤੀਆਂ ਕੋਈ ਐਸਾ ਰਸ ਨਾ ਹੋਵੇ ਜੋ ਭੋਗਿਆ ਨਾ ਜਾਂਦਾ ਹੋਵੇ। ਹੀਰੇ ਤੇ ਮੋਤੀਆਂ ਦੇ ਨਾਲ ਸਜਾਇਆ ਹੋਵੇ ਤੇ ਸੋਨੇ ਦੀਆਂ ਪਲੇਟਾਂ ਦੇ ਨਾਲ ਕੰਧਾਂ ਤੇ ਦਰਵਾਜ਼ੇ ਸਾਰੇ ਸਜਾਵਟ ਨਾਲ ਝਿਲਮਿਲ-

ਝਿਲਮਿਲ ਕਰਦੇ ਹੋਣ। ਜੋ ਵੀ ਸੁੱਖ ਦੀ ਇਛਿਆ ਹੋਵੇ ਪ੍ਰਾਪਤ ਕਰ ਲਵੇ, ਪਰ ਅੰਦਰ ਜ਼ਿੰਦਗੀ ਨਹੀਂ ਰੁਮਕੀ ਤਾਂ ਉਹਦਾ ਹਾਲ ਜਿਹੜਾ ਹੈ – 'ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥' ਜੇ ਵਾਹਿਗੁਰੂ ਨੂੰ ਭੁੱਲਿਆ ਹੋਇਆ ਹੈ ਤਾਂ ਕੁਛ ਨਹੀਂ ਹੈ, ਹਉਕੇ-ਹਾਵੇ ਨੇ ਉਸਦੇ ਪੱਲੇ। ਬੇਮਲੂਮੇ ਹਉਕੇ ਆਉਂਦੇ ਨੇ। ਝੁੰਜਲਾਹਟ 'ਚ ਰਹਿੰਦਾ ਹੈ, ਚੀਜ਼ਾਂ ਪਈਆਂ ਨੇ ਕੋਲ, ਕੋਈ ਰਸ ਨਹੀਂ ਉਨ੍ਹਾਂ ਦਾ, ਖਾਣ ਵਾਲੀਆਂ ਪਈਆਂ ਨੇ ਕੋਈ ਰਸ ਨਹੀਂ ਹੈ ਅੰਦਰ ਉਨ੍ਹਾਂ ਦਾ। ਬਹੁਤ ਸੋਹਣੇ ਪਲੰਘ ਨੇ, ਲੇਕਿਨ ਰਸ ਨਹੀਂ ਜ਼ਿੰਦਗੀ ਦੇ ਅੰਦਰ। ਇਹ ਕੋਈ ਜ਼ਿੰਦਗੀ ਹੋਰ ਹੈ, ਚੀਜ਼ ਹੋਰ ਹੈ, ਜਿਹਦਾ ਸਾਨੂੰ ਪਤਾ ਨਹੀਂ ਹੈ। ਮਹਾਰਾਜ ਕਹਿੰਦੇ, ਉਹ ਨਾਮ ਦੇ ਮੰਡਲ ਦੀ ਜ਼ਿੰਦਗੀ ਹੈ ਪਿਆਰਿਓ, ਦੁਨੀਆਂਦਾਰਾਂ ਨੂੰ ਸਮਝ ਨਹੀਂ ਆਈ। ਜਿਹੜਾ ਅਸੀਂ ਕਹਿੰਦੇ ਹਾਂ, 'ਨਾਨਕ ਦੁਖੀਆ ਸਭ ਸੰਸਾਰ।' ਉਸ ਸੰਸਾਰ ਨੂੰ ਕਹਿੰਦੇ ਹਾਂ, ਜਿਹੜਾ ਜ਼ਿੰਦਗੀ ਦੇ ਨਾਲੋਂ ਟੁੱਟ ਕੇ ਮੁਰਦੇ ਪਦਾਰਥਾਂ ਦੇ ਨਾਲ ਜੁੜਿਆ ਹੋਇਆ ਹੈ। ਦੂਜੇ ਅੱਖਰਾਂ 'ਚ ਪ੍ਰਮੇਸ਼ਰ ਦੀ ਹੋਂਦ ਨਾਲੋਂ ਟੁੱਟ ਕੇ ਮਾਇਆ ਦੇ ਨਾਲ ਜੁੜਿਆ ਹੋਇਆ ਹੈ। ਮਾਇਆ ਅੰਧ ਹੈ, ਜੜ੍ਹ ਹੈ, ਜੜ੍ਹ ਦੀ ਸੰਗਤ ਜੜ੍ਹ ਬਣਾ ਦਿੰਦੀ ਹੈ। ਪਰ ਜ਼ਿੰਦਗੀ ਦੀ ਛੋਹ ਪ੍ਰਾਪਤ ਹੈ, ਉਨ੍ਹਾਂ ਦੇ ਅੰਦਰ ਜ਼ਿੰਦਗੀ ਦੀ ਰੌ ਰੁਮਕਦੀ ਹੈ, ਖੇੜਾ ਹੀ ਖੇੜਾ, ਬਾਹਰਲੀ ਹਾਲਤ ਚਾਹੇ ਕੁਛ ਹੋਵੇ। ਲੇਕਿਨ ਉਨ੍ਹਾਂ ਦੇ ਅੰਦਰ ਐਸੀ ਚੀਜ਼ ਹੈ ਕਿ ਉਹ ਕਿਸੇ ਤਰੀਕੇ ਨਾਲ ਉਨ੍ਹਾਂ ਦਾ ਰੰਗ ਨਹੀਂ ਲਹਿੰਦਾ ਤੇ ਉਨ੍ਹਾਂ ਦਾ ਚਾਉ ਨਹੀਂ ਮੱਠਾ ਹੁੰਦਾ ਤੇ ਜ਼ਿੰਦਗੀ ਨੂੰ ਮਾਣ ਰਹੇ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ –

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

***ਅੰਗ – 707***

ਕੋਈ ਵੀ ਪ੍ਰਾਪਤੀ ਨਹੀਂ ਦੁਨੀਆਂ ਦੀ। ਪਾਟੇ ਹੋਏ ਕੱਪੜੇ ਨੇ, ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ। ਕੋਈ ਜਾਤ ਨਹੀਂ, ਕੋਈ ਪੱਤ ਨਹੀਂ, ਕੋਈ ਆਦਰ ਦੇਣ ਵਾਲਾ ਨਹੀਂ ਹੈ ਤੇ ਜੰਗਲਾਂ ਦੇ ਵਿਚ ਘੁੰਮਦਾ ਰਹਿੰਦਾ ਹੈ, ਬਾਹਰ ਫਿਰੀ ਜਾਂਦਾ ਹੈ ਰੋਹੀਆਂ 'ਚ। ਮਿੱਤਰ ਵੀ ਕੋਈ ਨਹੀਂ ਹੈ, ਰੂਪਹੀਣ ਵੀ ਹੈ, ਆਸਰਾ ਵੀ ਕੋਈ ਨਹੀਂ, ਸਾਕ ਨਹੀਂ ਕੋਈ ਚੱਜ ਦਾ, ਪਰ ਜੇ ਉਹਦੇ ਅੰਦਰ ਜ਼ਿੰਦਗੀ ਦੀ ਰੌ ਰੁਮਕਦੀ ਹੈ, ਲਾਲ ਰੰਗ ਲੱਗਿਆ ਹੋਇਆ ਹੈ ਉਸਨੂੰ ਤਾਂ ਕਹਿੰਦੇ, ***'ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥'*** ਨਾਮ ਦੇ ਵਿਚ ਮਨ ਭਿੱਜ ਗਿਆ ਤਾਂ ਕਹਿੰਦੇ ਰਾਜਾ ਹੈ ਉਹ ਤੇ ਉਹਦਾ ਸਰੀਰ, ਉਹਦਾ ਵਜੂਦ ਐਨਾ ਪਵਿੱਤਰ ਹੈ ਕਿ ਉਹਦੀ ਧੂੜ ਦੇ ਨਾਲ ਸੰਸਾਰ ਉਧਰ ਸਕਦਾ ਹੈ। ਜੇ ਉਹਦੀ ਧੂੜ ਵੱਡੇ-ਵੱਡੇ ਤੀਰਥਾਂ ਦੇ ਵਿਚ ਪੈ ਜਾਵੇ ਉਡ ਕੇ, ਕਹਿੰਦੇ ਉਨ੍ਹਾਂ ਦੀ ਜੋ ਮੈਲ ਹੈ,

ਉਹ ਦੂਰ ਹੋ ਜਾਂਦੀ ਹੈ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - 1263*

ਸੋ ਇਹ ਦੋ ਤਰ੍ਹਾਂ ਦੇ ਜੀਵਨ ਨੇ, ਜੋ ਮੈਂ ਬੇਨਤੀ ਕਰੀ ਹੈ ਕਿ ਰੰਗ ਅਸੀਂ ਬਾਹਰੋਂ ਵੀ ਪਾਉਂਦੇ ਹਾਂ। ਉਤਰ ਜਾਂਦਾ ਹੈ, ਰੰਗਾਂ ਦਾ ਤਿਉਹਾਰ ਹੈ, ਲੇਕਿਨ ਜੇ ਕਿਸੇ ਨੂੰ ਅੰਦਰੋਂ ਰੰਗ ਲਗ ਜਾਵੇ, ਫੇਰ ਉਹ ਚੜ੍ਹਿਆ ਹੋਇਆ ਨਹੀਂ ਉਤਰਦਾ। ਖੁਸ਼ਬੂਦਾਰ ਰੰਗ, ਖੇੜੇ ਹੀ ਖੇੜੇ, ਖੁਸ਼ੀਆਂ ਹੀ ਖੁਸ਼ੀਆਂ। ਇਹ ਬੰਦਿਆਂ ਨੂੰ ਚੜ੍ਹਦਾ ਕਿਉਂ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮੁਕੰਮਲ ਰੂਹਾਨੀਅਤ ਦੀ ਸੋਝੀ ਦੇਣ ਵਾਲੀ ਗੁਰੂ ਰੂਪ ਬਾਣੀ ਹੋਵੇ ਫੇਰ ਕੀ ਵਜ੍ਹਾ ਹੈ ਕਿ ਉਹਨੂੰ ਮੰਨਣ ਵਾਲੇ ਦੁਖੀ ਕਿਉਂ ਨੇ, ਝੁੰਜਲਾਹਟ ਵਿਚ ਕਿਉਂ ਨੇ, ਢਹਿੰਦੀ ਕਲਾ 'ਚ ਕਿਉਂ ਨੇ? ਕਿਉਂ ਲੜਦੇ ਨੇ, ਕਿਉਂ ਝਗੜਦੇ ਨੇ, ਕਿਉਂ ਪ੍ਰਭਾਵ ਅੱਛਾ ਨਹੀਂ ਪਾਉਂਦੇ? ਕਾਰਨ ਇਹ ਹੈ ਕਿ ਉਨ੍ਹਾਂ ਨੇ ਬਾਣੀ ਨੂੰ ਵਿਚਾਰਿਆ ਨਹੀਂ, ਬਾਣੀ ਨੂੰ ਕਮਾਇਆ ਨਹੀਂ ਹੈ। ਬਾਹਰੋਂ-ਬਾਹਰੋਂ ਸਭ ਕੁਛ ਹੈਗਾ, ਅੰਦਰ ਕੁਛ ਨਹੀਂ ਹੈ, ਖਾਲੀ ਪਏ ਨੇ। ਜੇ ਅੰਦਰ ਹੋਵੇ ਤਾਂ, ਤਾਂ ਗੱਲ ਬਣ ਜਾਂਦੀ ਹੈ। ਬਈ ਕਾਰਨ ਕੀ ਹੈ?

ਇਕ ਮਿਸਾਲ ਦੇ ਨਾਲ ਗੱਲ ਸਮਝ 'ਚ ਆ ਜਾਏਗੀ। ਇਕ ਅਯੁੱਧਿਆ ਦੇ ਰਹਿਣ ਵਾਲਾ ਪ੍ਰੇਮੀ ਜਿਸ ਦਾ ਨਾਉਂ ਭਾਈ ਭਾਨਾ ਹੈ, ਉਹ ਗੁਰੂ ਮਹਾਰਾਜ ਦੀ ਚਰਨ ਸ਼ਰਨ ਆਉਂਦਾ ਹੈ ਤੇ ਕਹਿਣ ਲੱਗਿਆ ਪਾਤਸ਼ਾਹ! ਆਪ ਦੇ ਗੁਰਸਿੱਖਾਂ ਤੋਂ ਸੁਣਿਆ ਹੈ ਜੀਵਨ ਦਾ ਮਨੋਰਥ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - 12*

ਮਹਾਰਾਜ! ਬਣਦਾ ਨਹੀਂ ਹੈ ਕੁਛ। ਕ੍ਰਿਪਾ ਕਰਕੇ ਮੈਨੂੰ ਇਸ ਗੱਲ ਦੀ ਸੋਝੀ ਪਾਵੋ ਕਿ ਕਿਸ ਤਰ੍ਹਾਂ ਦੇ ਨਾਲ ਅਸੀਂ ਪ੍ਰਮੇਸ਼ਰ ਦੇ ਦਰ ਤੱਕ ਪਹੁੰਚ ਸਕਦੇ ਹਾਂ।

ਮਹਾਰਾਜ ਕਹਿਣ ਲੱਗੇ, ''ਪਿਆਰਿਆ! ਆਦਮੀ ਦੇ ਅੰਦਰ ਇਕ ਸ਼ਕਤੀ ਹੈ ਜਿਸਨੂੰ ਮਨ ਆਖਦੇ ਨੇ। ਇਹ ਮਨ ਜਿਹੜਾ ਹੈ ਜੇ ਤਾਂ ਬਣ ਜਾਵੇ ਮਿੱਤਰ ਤਾਂ, ਤਾਂ ਵੱਡੇ ਤੋਂ ਵੱਡੇ ਕੰਮ ਕਰ ਦਿੰਦਾ ਹੈ। ਜੇ ਮਨ ਨਾ ਮੰਨੇ ਆਪਣੀਆਂ ਵਾਗਾਂ ਖੁੱਲ੍ਹੀਆਂ ਛੱਡ ਕੇ ਦੌੜਦਾ ਫਿਰੇ, ਗਲਤ ਚੀਜ਼ਾਂ 'ਚ ਪਰਚਿਆ ਰਹੇ। ਫੇਰ ਇਹਦੇ ਵਰਗਾ ਦੁਸ਼ਮਣ ਵੀ ਕੋਈ ਨਹੀਂ ਹੈ। ਫੇਰ

ਇਹ ਵੱਡੇ-ਵੱਡਿਆਂ ਨੂੰ ਸੁੱਟ ਦਿੰਦਾ ਹੈ। ਛੋਟਿਆਂ-ਛੋਟਿਆਂ ਦੀ ਗੱਲ ਛੱਡੋ।

ਭਰਥਰੀ ਰਾਜਾ ਗੋਰਖਨਾਥ ਦੀ ਸਿਖਸ਼ਾ ਦੇ ਅਨੁਸਾਰ ਰਾਜ ਭਾਗ ਛੱਡ ਕੇ, ਆਪਣੀਆਂ ਰਾਣੀਆਂ ਨੂੰ ਮਾਤਾ ਕਹਿ ਕੇ ਭਿੱਖਿਆ ਮੰਗ ਕੇ ਸੰਸਾਰ ਤੋਂ ਉਪਰਾਮ ਹੋਇਆ। ਮਨ ਵਿਚ ਬੜੀ ਜ਼ਬਰਦਸਤ ਲਗਨ ਸੀ ਕਿਉਂਕਿ ਰਾਜ ਛੱਡਿਆ ਸੀ ਕਿ ਅਗਾਂਹਾਂ ਮਿਲਣਾ ਚਾਹੀਦਾ ਹੈ ਕੁਛ। ਐਡਾ ਕੁਛ ਮੈਂ ਛੱਡ ਦਿਤਾ। ਸੱਚਮੁੱਚ ਇਸ ਨੇ ਕੋਸ਼ਿਸ਼ਾਂ ਸ਼ੁਰੂ ਕਰੀਆਂ। ਮਿਹਨਤ ਕਰੀ, ਯੋਗ ਕਮਾਇਆ, ਜੰਗਲਾਂ 'ਚ ਰਹਿਣਾ ਸ਼ੁਰੂ ਕਰ ਦਿਤਾ, ਜਿੱਥੇ ਕਿਸੇ ਬੰਦੇ ਦਾ ਦਰਸ਼ਨ ਤੱਕ ਵੀ ਨਹੀਂ ਸੀ ਹੁੰਦਾ। ਕਲਪਾਤੀ ਬਿਰਤੀ ਧਾਰਨ ਕਰ ਲਈ, ਨਾ ਕੱਪੜਾ ਪਹਿਨਦਾ ਹੈ, ਨਾ ਕਿਤੇ ਮੰਗਣ ਜਾਂਦਾ ਹੈ, ਦਰਖਤਾਂ ਦੇ ਥੱਲੇ ਜੋ ਮਿਲ ਗਿਆ, ਫਲ ਵਗੈਰਾ ਗਿਰੇ ਹੋਏ, ਕੰਦ ਮੂਲ ਹੈ, ਉਹ ਖਾ ਲੈਂਦਾ ਹੈ।

ਇਕ ਦਿਨ ਐਸਾ ਹੋਇਆ ਕਿ ਅੰਮ੍ਰਿਤ ਵੇਲਾ ਹੈ, ਚੰਦ ਦੀ ਚਾਂਦਨੀ ਹੈ ਤੇ ਇਕ ਨਿਗ੍ਹਾ ਪਈ, ਕੀ ਦੇਖਦਾ ਹੈ ਕਿ ਵੱਡਾ ਲਾਲ ਘਾਹ 'ਤੇ ਗਿਰਿਆ ਪਿਆ ਹੈ ਕਿਸੇ ਦਾ। ਉਸ ਵੇਲੇ ਮਨ ਦੇ ਅੰਦਰ ਇਕ ਦਮ ਐਸਾ ਖਿਆਲ ਆਇਆ ਕਿ ਐਸਾ ਲਾਲ ਤਾਂ ਬਹੁਤ ਹੀ ਕੀਮਤੀ ਹੈ। ਇਹੋ ਜਿਹਾ ਤਾਂ ਮੇਰੇ ਖਜ਼ਾਨੇ ਵਿਚ ਵੀ ਨਹੀਂ ਸੀ। ਉਹਨੇ ਚੁੱਕਣ ਲਈ ਹੱਥ ਵਧਾਇਆ ਤੇ ਹੱਥ ਵਿਚ ਕੀ ਆਇਆ, ਪਾਨ ਦੀ ਥੁੱਕੀ ਹੋਈ ਪੀਕ ਆ ਗਈ। ਪਛਤਾਇਆ, ਰੋਇਆ ਉਥੇ ਬਹੁਤ। ਬੜਾ ਹੀ ਉਸ ਨੇ ਅਫਸੋਸ ਕਰਿਆ ਕਿ ਮੈਂ ਰਾਣੀਆਂ ਛੱਡ ਦਿਤੀਆਂ, ਖਜ਼ਾਨੇ ਭਰੇ ਹੋਏ ਛੱਡ ਆਇਆ, ਕੱਪੜੇ ਲਾਹ ਦਿਤੇ, ਰਾਜ ਭਾਗ ਛੱਡ ਦਿਤਾ, ਰੋਟੀ ਮੈਂ ਨਹੀਂ ਕਿਤੇ ਖਾਣ ਜਾਂਦਾ। ਮੈਂ ਜੋ ਜੰਗਲ 'ਚ ਲੱਭ ਜਾਂਦਾ ਹੈ, ਖਾਂਦਾ ਪੀਂਦਾ ਹਾਂ। ਪਰ ਆਹ ਵੈਰੀ ਮੇਰੇ ਅੰਦਰ ਹੀ ਬੈਠਾ ਸੀ? ਮੈਂ ਤਾਂ ਸਮਝਦਾ ਸੀ ਕਿ ਮੈਂ ਜਿੱਤ ਲਿਆ, ਪਰ ਜਿੱਤਿਆ ਹੀ ਨਹੀਂ ਗਿਆ ਮੇਰੇ ਤੋਂ। ਬੜਾ ਮਨ ਦੇ ਅੰਦਰ ਅਫਸੋਸ ਹੋਇਆ ਤੇ ਉਸ ਨੇ ਇਕ ਸਲੋਕ ਲਿਖਿਆ -

***ਮਨ ਰਿਪ ਜਿਤੇ ਸਭ ਰਿਪ ਜਿਤੇ।***

ਜਿੰਨਾਂ ਚਿਰ ਮਨ ਦੁਸ਼ਮਣ ਜੀਉਂਦਾ ਹੈ ਓਨੀਂ ਦੇਰ ਤੱਕ ਸਾਰੇ ਦੁਸ਼ਮਣ ਜੀਉਂਦੇ ਨੇ। ਜਦੋਂ ਏਸ ਮਨ ਦੁਸ਼ਮਣ ਨੂੰ ਜਿੱਤ ਲਿਆ ਤਾਂ ਸਾਰੇ ਜਿੱਤ ਲਏ। 'ਮਨ ਰਿਪ ਜਿਤੇ ਸਭ ਰਿਪ ਜਿਤੇ।' ਸੋ ਮਹਾਰਾਜ ਕਹਿੰਦੇ ਪਿਆਰਿਆ! ਮਨ ਇਕ ਸਾਧਨ ਹੈ ਜਿਹੜਾ ਪ੍ਰਮੇਸ਼ਰ ਨੂੰ ਤੇ ਦੁਨੀਆਂ ਨੂੰ ਜੋੜਦਾ ਹੈ ਇਹਦੇ ਵਿਚ ਬੈਠਾ। ਜੇ ਤਾਂ ਉਹਦਾ ਰੁਖ ਹੋ ਜਾਏ ਦੁਨੀਆਂ ਵਲ। ਫੇਰ ਤਾਂ ਸਮਝ ਲੈ ਦੁਖ ਹੀ ਦੁਖ ਨੇ। ਜੇ ਉਹਦਾ ਰੁਖ ਹੋ ਜਾਵੇ ਪ੍ਰਮੇਸ਼ਰ ਵਲ ਤਾਂ ਸਾਰੇ ਹੀ ਸੁੱਖ ਹੀ ਸੁਖ ਹਨ, ਉਹ ਆਪ ਹੀ ਪ੍ਰਮੇਸ਼ਰ ਰੂਪ ਬਣ ਜਾਇਆ ਕਰਦਾ ਹੈ। ਗੱਲ ਐਨੀ ਹੀ ਸਮਝਣ ਵਾਲੀ ਹੈ, ਜਿਹੜਾ ਕੇਂਦਰ ਬਿੰਦੂ ਹੈ ਉਹਦੇ ਰੁਖ ਦੀ ਬਾਤ ਹੈ। ਜੇ ਤਾਂ ਉਪਰ ਨੂੰ ਰੁਖ ਹੋ ਗਿਆ ਸਾਂਈ ਵਲ ਤਾਂ, ਤਾਂ ਉਹ ਸਾਂਈ ਦਾ ਰੂਪ ਬਣ ਗਿਆ। ਜੇ ਦੁਨੀਆਂ ਵਲ ਰੁਖ ਹੋ ਗਿਆ ਤਾਂ ਪੱਕਾ ਦੁਨੀਆਂਦਾਰ ਬਣ ਗਿਆ। ਦੁਨੀਆਂ ਦੇ ਵਿਚ ਕੁਛ ਖੱਟਣ ਨੂੰ ਨਹੀਂ ਹੁੰਦਾ। ਦੇਹ ਦੇ ਅੰਦਰ ਉਸਨੂੰ ਕੋਈ ਪ੍ਰਾਪਤੀਆਂ ਨਹੀਂ ਹੁੰਦੀਆਂ। ਦੁਖੀ ਰਹਿੰਦਾ ਹੈ। ਸੋ ਇਹ ਮਨ ਦੀ ਬਾਤ ਹੈ। ਜੇ ਤਾਂ ਮਨ ਕਾਬੂ

ਆ ਜਾਵੇ, ਮਨ ਸ਼ੁੱਧ ਹੋ ਜਾਵੇ ਤਾਂ, ਤਾਂ ਇਹ ਵੱਡਾ ਮਿੱਤਰ ਹੈ। ਜੇ ਨਹੀਂ ਆਖਾ ਮੰਨਦਾ ਤਾਂ ਇਹ ਵੱਡਾ ਵੈਰੀ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਸਾਧ ਪਿਆਰਿਆ! ਪਹਿਲਾਂ ਮਨ ਆਪਣੇ ਨੂੰ।*

ਮਹਾਰਾਜ ਕਹਿਣ ਲੱਗੇ, ਭਾਈ ਭਾਨਾ! ਇਸ ਇਨਸਾਨ ਦੇ ਅੰਦਰ ਜੜ੍ਹ ਤੇ ਚੇਤਨ ਦੀ ਜਿੱਥੇ ਗੱਠ ਹੈ, ਉਹਦੇ ਵਿਚਕਾਰ ਇਕ ਸ਼ਕਤੀ ਹੈ ਜਿਹਨੂੰ ਮਨ ਕਹਿੰਦੇ ਨੇ। ਇਹ ਮਨ ਦਾ ਜੇ ਤਾਂ ਰੁਖ ਮਾਇਆ ਵਲ ਹੋ ਜਾਵੇ, ਤਾਂ ਫੇਰ ਸਾਰੇ ਦੁਖ, ਸਾਰੇ ਉਪੱਦਰ, ਘਾਟੇ, ਝੁੰਜਲਾਹਟ ਸਾਰਾ ਕੁਛ ਇਹਦੇ ਪੱਲੇ ਪੈ ਜਾਂਦਾ ਹੈ। ਜੇ ਇਹਦਾ ਰੁਖ ਮਾਇਆ ਵਲੋਂ ਹਟ ਕੇ ਪ੍ਰਮੇਸ਼ਰ ਵਲ ਹੋ ਜਾਵੇ ਤਾਂ ਫੇਰ ਇਹ ਪਰਮੇਸ਼ਰ ਦਾ ਹੀ ਰੂਪ ਬਣ ਜਾਂਦਾ ਹੈ। ਕਿਉਂਕਿ ਮਨ ਮਾਇਆ ਨਾਲ ਮਿਲ ਕੇ ਮਾਇਆ ਦਾ ਰੂਪ, ਪ੍ਰਮੇਸ਼ਰ ਨਾਲ ਮਿਲ ਕੇ ਪ੍ਰਮੇਸ਼ਰ ਰੂਪ ਕਿਉਂ ਹੁੰਦਾ ਹੈ, ਕਿਉਂਕਿ ਸਤੋ ਗੁਣ ਦੀ ਅੰਸ ਹੈ। ਜਿਵੇਂ ਪਾਣੀ ਦੇ ਵਿਚ ਕੋਈ ਰੰਗ ਨਹੀਂ ਹੋਇਆ ਕਰਦਾ। ਜਿਸ ਰੰਗ ਦੇ ਨਾਲ ਮਿਲਾ ਦਿਓ ਓਹੀ ਰੰਗ ਉਹਨੂੰ ਚੜ੍ਹ ਜਾਂਦਾ ਹੈ। ਜਿਹੋ ਜਿਹੇ ਭਾਂਡੇ ਵਿਚ ਪਾ ਦਿਓ, ਉਹੋ ਜਿਹਾ ਹੀ ਉਹ ਦਿੱਸਣ ਲਗ ਜਾਂਦਾ ਹੈ। ਸੋ ਮਨ ਐਸੀ ਚੀਜ਼ ਹੈ ਜਿਸ ਚੀਜ਼ ਦੇ ਨਾਲ ਰਲ ਜਾਏਗਾ, ਉਹੋ ਜਿਹਾ ਹੋ ਜਾਏਗਾ।

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥*

*ਅੰਗ - 1369*

ਜਿਹੋ ਜਿਹੀ ਸੰਗਤ ਵਿਚ ਚਲਿਆ ਗਿਆ, ਉਹੋ ਜਿਹਾ ਫਲ ਉਹ ਖਾਣਾ ਸ਼ੁਰੂ ਕਰ ਦਿੰਦਾ ਹੈ। ਚੋਰਾਂ ਵਿਚ ਚਲਿਆ ਗਿਆ ਚੋਰ ਬਣ ਜਾਏਗਾ। ਡਾਕੂਆਂ ਵਿਚ ਚਲਿਆ ਗਿਆ, ਡਾਕੂ ਬਣ ਜਾਏਗਾ। ਲੋਭੀਆਂ 'ਚ ਚਲਿਆ ਗਿਆ, ਲੋਭੀ ਬਣ ਜਾਏਗਾ। ਹੰਕਾਰੀਆਂ ਦੀ ਸੰਗਤ ਕਰੀ, ਹੰਕਾਰੀ ਹੋ ਜਾਏਗਾ। ਨਾਸਤਕ ਦੀ ਸੰਗਤ ਕਰੀ ਨਾਸਤਕ ਹੋ ਜਾਏਗਾ। ਸ਼ਰਾਬੀਆਂ ਦੀ ਸੰਗਤ 'ਚ ਬੈਠਣ ਲਗ ਗਿਆ, ਸ਼ਰਾਬੀ ਹੋ ਜਾਏਗਾ। ਸੋ ਇਹ ਸਾਰੀ ਚੀਜ਼ ਮਾਇਆ ਦੀ ਹੈ। ਕਹਿੰਦੇ, ਦੇਖ ਸਵਾਂਤੀ ਬੂੰਦ ਕਿੰਨੀ ਪਵਿੱਤਰ ਹੁੰਦੀ ਹੈ, ਪਰ ਜੇ ਪਪੀਹੇ ਦੇ ਮੁੱਖ ਵਿਚ ਚਲੀ ਜਾਵੇ ਤਾਂ ਉਹਦੀ ਸਾਲ ਭਰ ਦੀ ਪਿਆਸ ਬੁਝਾ ਦਿੰਦੀ ਹੈ, ਉਸਨੂੰ ਤ੍ਰਿਪਤੀ ਹੋ ਜਾਂਦੀ ਹੈ। ਜੇ ਕੇਲੇ ਵਿਚ ਪੈ ਜਾਵੇ ਤਾਂ ਉਹਦੇ ਵਿਚ ਕਪੂਰ ਪੈਦਾ ਹੋ ਜਾਂਦਾ ਹੈ। ਜੇ ਸੱਪ ਦੇ ਮੂੰਹ ਵਿਚ ਪੈ ਜਾਵੇ ਤਾਂ ਜ਼ਹਿਰ ਬਣ ਜਾਂਦੀ ਹੈ। ਜੇ ਸਿੱਪ ਦੇ ਵਿਚ ਪੈ ਜਾਵੇ ਤਾਂ ਮੋਤੀ ਬਣ ਜਾਂਦੀ ਹੈ। ਸੋ ਇਸ ਕਰਕੇ ਇਹ ਜੋ ਮਨ ਹੈ ਇਹਨੂੰ 'ਜੈਸੀ ਸੰਗਤ ਤੈਸੀ ਰੰਗਤ।'

*ਇਹੁ ਮਨੁ ਸਕਤੀ ਇਹੁ ਮਨੁ ਸੀਉ ॥* *ਅੰਗ - 342*

ਜੇ ਤਾਂ ਹੇਠਲੇ ਪਾਸੇ ਨੂੰ ਹੋ ਗਿਆ ਤਾਂ, ਤਾਂ ਇਹ ਮਨ ਜੜ੍ਹ ਹੈ। ਜੇ ਉਪਰਲੇ ਪਾਸੇ ਵਾਹਿਗੁਰੂ ਵਲ ਰੁਖ ਹੋ ਗਿਆ ਤਾਂ ਇਹ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ-

*ਇਹੁ ਮਨੁ ਪੰਚ ਤਤ ਕੋ ਜੀਉ ॥* *ਅੰਗ - 342*

ਜੇ ਇਸੇ ਮਨ ਨੂੰ ਉਪਰਲੇ ਰੁਖ ਕਰ ਲਿਆ ਤਾਂ ਫੇਰ ਉਨਮਨ ਦੇ ਵਿਚ ਇਹ ਤਿੰਨ ਲੋਕਾਂ ਦੀਆਂ ਬਾਤਾਂ ਕਹਿਣ ਦੀ ਸਮਰੱਥਾ ਰੱਖ ਲੈਂਦਾ ਹੈ। ਭੂਤ ਵੀ ਜਾਣਦਾ ਹੈ, ਭਵਿੱਖਤ ਵੀ ਜਾਣਦਾ ਹੈ, ਵਰਤਮਾਨ ਵੀ ਜਾਣਦਾ ਹੈ। ਸੋ ਜੈਸਾ ਮਨ ਨੂੰ ਬਣਾ ਲਿਆ, ਉਹੋ ਜਿਹਾ ਬਣ ਜਾਂਦਾ ਹੈ।

ਬਾਕੀ ਹੈ ਭਾਈ ਭਾਨਾ! ਇਹ ਜੋ ਸੰਸਾਰ ਹੈ, ਇਹਦੇ ਵਿਚ ਦੋ ਚੀਜ਼ਾਂ ਨੇ। ਇਕ ਤਾਂ ਪ੍ਰਮੇਸ਼ਰ ਹੈ, ਇਕ ਪ੍ਰਮੇਸ਼ਰ ਦੀ ਬਣਾਈ ਹੋਈ ਮਾਇਆ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ - 537*

ਵਾਹਿਗੁਰੂ ਤੋਂ ਬਗੈਰ ਜੋ ਵੀ ਚੀਜ਼ ਤੁਹਾਡੇ ਦਿਮਾਗ ਦੇ ਵਿਚ ਆਵੇ, ਦੇਖੀ ਜਾਵੇ, ਸੁੰਘੀ ਜਾਵੇ, ਛੋਹੀ ਜਾਵੇ, ਮਹਿਸੂਸ ਕੀਤੀ ਜਾਵੇ, ਚਖੀ ਜਾਵੇ ਜਾਂ ਹੋਰ ਵੀ ਕਿਸੇ ਤਰੀਕੇ ਨਾਲ ਜਾਣੀ ਜਾਵੇ, ਕਹਿੰਦੇ ਉਹ ਮਾਇਆ ਹੋਇਆ ਕਰਦੀ ਹੈ। ਪ੍ਰਮੇਸ਼ਰ ਜਿਹੜਾ ਹੈ, ਉਹ ਇਸ ਮਾਇਆ ਦੇ ਪਿੱਛੇ ਹੈ। ਅਰਜਨ ਨੂੰ ਕਹਿਣ ਲੱਗੇ, ਕ੍ਰਿਸ਼ਨ ਮਹਾਰਾਜ ਕਿ ਅਰਜਨ! ਮੈਂ ਇਸ ਸੰਸਾਰ ਨੂੰ ਆਪਣੀ ਤ੍ਰਿਗੁਣੀ ਮਾਇਆ ਦੇ ਓਹਲੇ ਬੈਠ ਕੇ ਚਲਾ ਰਿਹਾ ਹਾਂ ਤੇ ਸਾਰਾ ਸੰਸਾਰ ਮੇਰੀ ਮਰਜ਼ੀ ਦੇ ਮੁਤਾਬਿਕ ਚਲਦਾ ਹੈ, ਪਰ ਮੂਰਖ ਇਸ ਨੂੰ ਆਪਣੇ ਸਿਰ ਲੈ ਲੈਂਦਾ ਹੈ ਕਿ ਮੈਂ ਕਰਦਾ ਹਾਂ। ਇਹ ਮੇਰੀ ਮਾਇਆ ਦਾ ਕ੍ਰਿਸ਼ਮਾ ਹੈ ਕਿ ਮੈਂ ਇਹਦੇ ਓਹਲੇ ਬੈਠਾ ਹੋਇਆ ਦਿਸਦਾ ਨਹੀਂ, ਹਾਲਾਂਕਿ ਸਾਰਾ ਕੁਛ ਮੈਂ ਹੀ ਕਰ ਰਿਹਾ ਹਾਂ। ਮੇਰੇ ਤੋਂ ਹੀ ਹੋ ਰਿਹਾ ਹੈ ਕਹਿਣ ਲੱਗੇ, ਹੁਣ ਇਸ ਤਰ੍ਹਾਂ ਦੇ ਨਾਲ ਇਹ ਜੋ ਮਾਇਆ ਹੈ, ਜੜ੍ਹ ਰੂਪ ਹੋਣ ਕਰਕੇ ਪ੍ਰਮੇਸ਼ਰ ਦਾ ਗਿਆਨ ਨਹੀਂ ਹੋਣ ਦਿੰਦੀ।

ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਹੈ, ਜਿਨ੍ਹਾਂ ਨੇ ਤੁਹਾਨੂੰ ਜਾਣ ਲਿਆ, ਉਹ ਵੀ ਭੁੱਲ ਸਕਦੇ ਨੇ?

ਕਹਿਣ ਲੱਗੇ, ਅਰਜਨ! ਭੁੱਲ ਸਕਦੇ! ਉਹ ਤਾਂ ਮੇਰਾ ਨਾਮ ਵੀ ਨਹੀਂ ਲੈਣਗੇ। ਕਿਉਂਕਿ ਜਜ਼ਬਾ ਹੀ ਐਸਾ ਹੈ। ਦਿਮਾਗ ਦੇ ਵਿਚ ਫਰਕ ਹੀ ਪੈਂਦਾ ਹੈ ਥੋੜ੍ਹਾ ਜਿਹਾ। ਮਾਇਆ ਵਾਲਾ ਵੀ ਦਿਮਾਗ ਉਸੇ ਤਰ੍ਹਾਂ ਦਾ ਹੈ ਜਿਹੋ ਜਿਹਾ ਦੂਸਰਿਆਂ ਦਾ, ਬ੍ਰਹਮਗਿਆਨੀਆਂ ਦਾ ਹੈ। ਪਰ ਉਨ੍ਹਾਂ ਨੂੰ ਕੁਛ ਦ੍ਰਿਸ਼ਟੀ ਆਉਂਦਾ ਹੈ, ਇਨ੍ਹਾਂ ਨੂੰ ਨਹੀਂ ਆਉਂਦਾ। ਦਿਮਾਗ ਦਾ ਹੀ ਫਰਕ ਹੋਇਆ ਕਰਦਾ ਹੈ, ਸੋਚ ਦਾ ਹੀ ਫਰਕ ਹੋਇਆ ਕਰਦਾ ਹੈ। ਉਹ ਸੋਚ ਦ੍ਰਿੜ੍ਹ ਹੋਣ ਕਰਕੇ ਛੱਡਦਾ ਨਹੀਂ ਮਨ।

ਮੈਂ ਇਕ ਵਾਰੀ ਇਕ ਰਿਸ਼ਤੇਦਾਰੀ 'ਚ ਚਲਿਆ ਗਿਆ। ਉਥੇ ਮੈਂ ਬਾਹਰ ਨੂੰ ਜਾ ਰਿਹਾ ਸੀ ਤਾਂ ਮੈਨੂੰ ਆਵਾਜ਼ ਆਈ ਖਿੜਕੀ ਦੇ ਵਿਚੋਂ ਕਿ ਮੇਰੇ ਕੋਲ ਆ, ਮੈਂ ਪਛਾਣ ਲਿਆ ਤੈਨੂੰ। ਮੈਂ ਜਦੋਂ ਨੇੜੇ ਹੋਣ ਲੱਗਿਆ ਤਾਂ ਉਹ ਐਸੀ ਪੋਜ਼ੀਸ਼ਨ ਦੇ ਨਾਲ ਸੀ ਕਿ ਉਸ ਖਿੜਕੀ ਨੂੰ ਹੱਥ ਨਹੀਂ ਸੀ

ਲਾ ਸਕਦਾ। ਮੈਂ ਜਾ ਕੇ ਖੜ੍ਹਾ ਹੋ ਗਿਆ, ਉਹ ਕਹਿੰਦਾ ਮੈਨੂੰ ਮਿਲ ਆ ਕੇ। ਵਤਨ ਸਿੰਘ ਉਹਦਾ ਨਾਉਂ ਸੀ, ਦਿਮਾਗ ਹਿੱਲ ਗਿਆ ਸੀ ਉਹਦਾ। ਕਹਿਣ ਲੱਗਿਆ, ਤੂੰ ਦੇਖ ਖੜ੍ਹਾ ਹੈਂ ਚੰਗਾ ਨਹੀਂ ਲਗਦਾ। ਆਹ ਦੇਖ ਕਿੰਨੇ ਸੋਫੇ ਪਏ ਨੇ, ਕਿੰਨੀਆਂ ਕੁਰਸੀਆਂ ਪਈਆਂ ਨੇ, ਇਨ੍ਹਾਂ 'ਤੇ ਬੈਠਦਾ ਕਿਉਂ ਨਹੀਂ ਹੈਂ?

ਮੈਂ ਚੁੱਪ ਕਰ ਰਿਹਾ। ਇਥੇ ਕਿਹੜਾ ਸੋਫਾ ਪਿਆ ਹੈ? ਵਿਚਾਰੇ ਨੂੰ ਸੰਗਲ ਲਾ ਕੇ ਬੰਨ੍ਹਿਆ ਹੋਇਆ ਹੈ। ਐਨੇ ਨੂੰ ਪਰਲੇ ਪਾਸੇ ਇਕ ਥੇਹ ਸੀ, ਉਥੇ ਗੱਡਾ ਲੈ ਕੇ ਕੋਈ ਆ ਗਿਆ, ਉਹਨੇ ਮਿੱਟੀ ਭਰਨੀ ਸ਼ੁਰੂ ਕਰ ਦਿਤੀ ਤੇ ਉਹ ਗਾਲ੍ਹਾਂ ਲੱਗ ਗਿਆ ਕੱਢਣ ਉਸ ਨੂੰ। ਕਹਿੰਦਾ ਕਿ ਤੂੰ ਮੇਰਾ ਕਿਲ੍ਹਾ ਢਾਹ ਰਿਹਾ ਹੈਂ। ਮੇਰੀਆਂ ਰਾਣੀਆਂ ਨੇ ਅੰਦਰ, ਪਕੜੋ ਇਹਨੂੰ ਸਿਪਾਹੀਓ, ਫੜ ਕੇ ਲਿਆਓ ਅੰਦਰ। ਇਹਨੂੰ ਮਾਰ ਦਿਓ।

ਮੈਂ ਹੈਰਾਨ ਕਿ ਦੇਖੋ, ਕਿੰਨਾ ਚੰਗਾ ਬੰਦਾ ਸੀ। ਇਹਦੇ ਇਕ ਖਿਆਲ ਆ ਗਿਆ ਰਾਜੇ ਦਾ। ਉਹ ਰਾਜਾ ਹੀ ਬਣਿਆ ਹੋਇਆ, ਇਹਨੂੰ ਇਕ ਥੇਹ ਕਿਲ੍ਹਾ ਨਜ਼ਰ ਆਉਂਦਾ ਹੈ ਤੇ ਆਹ ਜਿਹੜਾ ਖਾਲੀ ਪਿਆ ਹੈ ਇਹਨੂੰ ਇਥੇ ਸੋਫੇ ਦਿਸਦੇ ਨੇ। ਭੁਲੇਖਾ ਹੀ ਹੈ।

ਮਹਾਰਾਜ ਕਹਿੰਦੇ, ਉਹ ਭੁਲੇਖਾ ਹੀ ਪਿਆ ਹੋਇਆ ਹੈ ਸਾਨੂੰ। ਸਾਡੇ ਉਤੇ ਮਾਇਆ ਦਾ ਅਸਰ ਪਿਆ ਹੋਇਆ ਹੈ, ਜੋ ਅਸਲੀ ਚੀਜ਼ ਨੂੰ ਦਿੱਸਣ ਨਹੀਂ ਦਿੰਦਾ।

ਅਰਜਨ ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਤੁਹਾਨੂੰ ਜਾਣਦਾ ਹਾਂ, ਕੀ ਮੈਂ ਵੀ ਤੁਹਾਡੇ ਤੋਂ ਦੂਰ ਹੋ ਸਕਦਾ ਹਾਂ?

ਕਹਿੰਦੇ, ਅਰਜਨ! ਤੂੰ ਤਾਂ ਮੇਰਾ ਨਾਉਂ ਵੀ ਨਹੀਂ ਸੁਣੇਗਾ। ਜਿਹੜਾ ਤੇਰੇ ਕੋਲ ਮੇਰਾ ਨਾਉਂ ਲਏਗਾ ਉਹਨੂੰ ਤੂੰ ਮਾਰਨ ਨੂੰ ਪਏਂਗਾ।

ਕਹਿੰਦਾ, ਦਿਖਾ ਤਾਂ ਦਿਓ।

ਕਹਿੰਦੇ, ਕੀ ਲੈਣਾ ਹੈ ਦੁਖੀ ਹੋ ਕੇ।

ਦੂਸਰੇ ਦਿਨ ਫੇਰ ਹੱਠ ਕਰਿਆ, ਕਹਿਣ ਲੱਗਿਆ, ਮਹਾਰਾਜ! ਕੱਲ੍ਹ ਤੁਸੀਂ ਮਾਇਆ ਦੀ ਗੱਲ ਕਰੀ ਸੀ ਤੇ ਮੈਨੂੰ ਦਿਖਾ ਤਾਂ ਦਿਓ ਉਹਦਾ ਅਸਰ ਕੀ ਹੈ?

ਕਹਿੰਦੇ, ਕੀ ਲੈਣਾ ਹੈ, ਦੁਖੀ ਹੋਏਂਗਾ।

ਜਦ ਨਾ ਹਟਿਆ, ਤਾਂ ਕਹਿੰਦੇ, ਆਹ ਸਰੋਵਰ ਦੇ ਵਿਚ ਇਸ਼ਨਾਨ ਕਰ ਆ, ਜੰਗਲ ਦੇ ਵਿਚ ਰਥ ਖੜ੍ਹਾ ਦਿਤਾ। ਕਹਿੰਦੇ, ਦੇਖ ਮੈਂ ਇਥੇ ਬੈਠਾ ਹੋਵਾਂਗਾ। ਕਿਤੇ ਜਾਂਦਾ ਨਹੀਂ ਹਾਂ, ਲੇਕਿਨ ਤੈਨੂੰ ਮੈਂ ਨਜ਼ਰ ਨਹੀਂ ਆਵਾਂਗਾ, ਕੋਲ ਬੈਠਾ ਹੋਇਆ ਵੀ। ਤੂੰ ਰੋਵੇਂਗਾ, ਪਛਤਾਵੇਂਗਾ, ਤੂੰ ਮੈਨੂੰ ਭੁੱਲ ਜਾਏਂਗਾ। ਕਹਿੰਦਾ, ਇਹ ਹੋ ਹੀ ਨਹੀਂ ਸਕਦਾ ਮਹਾਰਾਜ।

ਅਸੀਂ ਵੀ ਕਹਿ ਦਿੰਦੇ ਹਾਂ ਕਿ ਅਸੀਂ ਕਿਵੇਂ ਭੁੱਲ ਜਾਵਾਂਗੇ।

ਅਰਜਨ ਇਸ਼ਨਾਨ ਕਰਨ ਜਿਸ ਵਕਤ ਸਰੋਵਰ 'ਚ ਵੜਿਆ, ਮਾਇਆ ਪੈ ਗਈ। ਕੀ ਦੇਖਦਾ ਹੈ ਕਿ ਉਥੇ ਨਾ ਕੋਈ ਸਰੋਵਰ ਹੈ, ਨਾ ਕ੍ਰਿਸ਼ਨ ਮਹਾਰਾਜ ਨੇ, ਬੜਾ ਭਿਆਨਕ ਜੰਗਲ ਹੈ, ਸ਼ੇਰ ਤੁਰੇ ਆਉਂਦੇ ਨੇ। ਵੱਡੀਆਂ-ਵੱਡੀਆਂ ਸਰਾਲਾਂ ਤੁਰੀਆਂ ਫਿਰਦੀਆਂ ਨੇ, ਨੱਠ ਲਿਆ ਮੂਹਰੇ। ਹਾਕਾਂ ਮਾਰਦਾ ਹੈ ਕਿ ਮਹਾਰਾਜ ਕਿੱਥੇ ਗਏ? ਕੁਛ ਨਹੀਂ ਪਤਾ ਲਗਦਾ। ਰਾਤ ਨੂੰ ਕਦੇ ਦਰਖਤਾਂ 'ਤੇ ਚੜ੍ਹ ਕੇ ਪਿਆ। ਤਿੰਨ ਦਿਨ, ਤਿੰਨ ਰਾਤਾਂ ਜੰਗਲ 'ਚ ਘੁੰਮਦੇ ਨੂੰ, ਹਾਕਾਂ ਮਾਰਦੇ ਨੂੰ ਲੰਘ ਗਏ। ਜੰਗਲ ਤੋਂ ਬਾਹਰ ਗਿਆ ਤਾਂ ਕਿਸੇ ਪ੍ਰੇਮੀ ਨੇ ਮਿਲ ਕੇ ਪੁੱਛਿਆ ਕਿ ਕੀ ਗੱਲ ਹੈ? ਆਹ ਹਾਲਤ ਤੂੰ ਕਿਵੇਂ ਬਣਾਈ ਹੈ, ਕੇਸ ਤੇਰੇ ਖਿਲਰੇ ਪਏ ਨੇ।

ਕਹਿਣ ਲੱਗਿਆ, ਪ੍ਰੇਮੀਆਂ! ਮੈਨੂੰ ਇਸ ਤਰ੍ਹਾਂ ਦਸ ਕਿ ਹਸਤਨਾਪੁਰ ਕਿੱਥੇ ਹੈ? ਮੇਰੇ ਨਾਲ ਕ੍ਰਿਸ਼ਨ ਮਹਾਰਾਜ ਆਏ ਸੀ, ਮੈਨੂੰ ਪਤਾ ਨਹੀਂ ਲਗ ਰਿਹਾ।

ਉਹ ਕਹਿੰਦਾ, ਤੂੰ ਪਾਗਲਖਾਨੇ ਤੋਂ ਤਾਂ ਨਹੀਂ ਆਇਆ? ਕਹਿੰਦਾ, ਦੇਖ ਸਾਡਾ ਰਾਜਾ ਹੈ ਕ੍ਰਿਸ਼ਨ ਭਗਤ, ਕ੍ਰਿਸ਼ਨ ਨੂੰ ਹੋਏ ਨੂੰ ਤਾਂ 300 ਸਾਲ ਹੋ ਗਏ ਤੇ ਹੁਣ ਦਾ ਰਾਜਾ, ਰਾਜਾ ਪ੍ਰੀਛਤ ਹੈ। ਅਰਜਨ ਦਾ ਪੜੋਤਾ ਇਸ ਵੇਲੇ ਰਾਜ ਗੱਦੀ 'ਤੇ ਬੈਠਾ ਹੈ, ਤੂੰ ਕਿਹੜੇ ਵੇਲੇ ਦੀਆਂ ਗੱਲਾਂ ਕਰਦਾ ਹੈਂ?

ਕਹਿਣ ਲੱਗਿਆ, ਨਹੀਂ-ਨਹੀਂ, ਮੈਂ ਅਰਜਨ ਹਾਂ। ਕਹਿੰਦਾ, ਮੈਂ ਤਾਂ ਸੁਣ ਲਿਆ ਪਰ ਅਗਾਂਹਾਂ ਨਾ ਕਹੀਂ। ਇੱਟਾਂ ਵੱਟੇ ਮਾਰਨਗੇ ਬੱਚੇ, ਚੱਲ ਤੈਨੂੰ ਮੈਂ ਕਥਾ ਸੁਣਾ ਦੇਵਾਂ। ਧਰਮਸਾਲਾ 'ਚ ਲੈ ਗਿਆ, ਉਥੇ ਕਥਾ ਹੋ ਰਹੀ ਸੀ, ਪਾਂਡਵਾਂ ਨੇ ਮਹਾਂਭਾਰਤ ਦਾ ਯੁੱਧ ਜਿੱਤ ਲਿਆ ਤੇ ਕੁਛ ਦੇਰ ਰਾਜ ਕਰਨ ਤੋਂ ਬਾਅਦ ਆਪ ਪਹਾੜਾਂ ਵਿਚ ਤਪ ਕਰਨ ਗਏ। ਉਥੇ ਬਰਫਾਂ 'ਚ ਪਤਾ ਹੀ ਨਹੀਂ ਲੱਗਿਆ, ਮੁੜ ਕੇ ਆਏ ਹੀ ਨਹੀਂ। ਉਸ ਤੋਂ ਬਾਅਦ ਉਨ੍ਹਾਂ ਦਾ ਲੜਕਾ ਗੱਦੀ 'ਤੇ ਬੈਠਿਆ, ਪੋਤਾ ਬੈਠਾ, ਉਹ ਸੱਪ ਨੇ ਮਾਰ ਦਿਤਾ ਤੇ ਜਨਮੇਜੇ ਨੇ ਸੱਪਾਂ ਦਾ ਅਵਾਹਨ ਕਰਿਆ। ਉਹ ਕੋਹੜ ਨਾਲ ਮਰ ਗਿਆ ਤੇ ਉਹਦਾ ਲੜਕਾ ਇਸ ਵੇਲੇ ਰਾਜ ਕਰ ਰਿਹਾ ਹੈ। ਸਾਰੀ ਕਥਾ ਸੁਣੀ ਬੈਠ ਕੇ। ਕਹਿਣ ਲੱਗਿਆ, ਇਹ ਕੀ ਹੋ ਰਿਹਾ ਹੈ, ਮੈਂ ਜਾਗਦਾ ਹਾਂ ਕਿ ਸੁੱਤਾ ਪਿਆ ਹਾਂ।

ਉਸ ਵੇਲੇ ਉਹ ਪ੍ਰੇਮੀ ਕਹਿੰਦਾ, ਦੇਖੀਂ, ਅਰਜਨ ਨਾ ਕਹਿ ਦੇਈਂ ਆਪਣੇ ਆਪ ਨੂੰ ਇਥੇ। ਦੂਜਿਆਂ ਨੇ ਪੁੱਛਿਆ ਕਿ ਤੇਰਾ ਨਾਉਂ ਕੀ ਹੈ? ਕਹਿੰਦਾ, ਪਰਦੇਸੀ। ਅਰਜਨ ਤੋਂ ਪਰਦੇਸੀ ਬਣ ਗਿਆ। ਰਾਜੇ ਦੇ ਕੋਲ ਗਿਆ ਤੇ ਜਾ ਕੇ ਕੋਈ ਗੱਲ ਨਹੀਂ ਕਰਦਾ। ਰਾਜੇ ਨੇ ਦੇਖਿਆ ਕਿ ਬੜਾ ਸੂਰਮਾ ਹੈ ਉਹਦਾ ਟੈਸਟ ਲਿਆ, ਉਸ ਤੋਂ ਬਾਅਦ ਇਸਨੂੰ ਕਮਾਂਡਰ-ਇਨ-ਚੀਫ ਬਣਾ ਦਿਤਾ ਫੌਜਾਂ ਦਾ ਇਹਨੂੰ। ਆਪਣੀ ਲੜਕੀ ਦੀ ਸ਼ਾਦੀ

ਕਰ ਦਿਤੀ। ਬੜਾ ਚਿਰ ਉਥੇ ਰਿਹਾ ਸੁਖ ਦੇ ਨਾਲ। ਅਖੀਰ ਇਹਦੀ ਘਰਵਾਲੀ ਚੜ੍ਹਾਈ ਕਰ ਗਈ ਇਕ ਦਿਨ। ਜਦੋਂ ਸਸਕਾਰ ਕਰਨ ਲੱਗੇ ਤਾਂ ਕਹਿੰਦਾ ਮੈਂ ਵੀ ਨਾਲ ਹੀ ਜਾਣਾ ਹੈ। ਭੋਗਾਂ ਦੇ ਵਿਚ ਐਨਾ ਗੁਲਤਾਨ ਹੋਇਆ ਕਿ ਨਾ ਕੋਈ ਸੰਧਿਆ, ਨਾ ਕੋਈ ਗਾਇਤ੍ਰੀ, ਨਾ ਕੋਈ ਨਿਤਨੇਮ, ਵਿਸ਼ੇ-ਵਿਕਾਰਾਂ 'ਚ ਪੈ ਗਿਆ, ਨਸ਼ਿਆਂ 'ਚ ਪੈ ਗਿਆ। ਸ਼ਰਾਬਾਂ-ਕਬਾਬਾਂ 'ਚ ਪੈ ਗਿਆ। ਜੇ ਕੋਈ ਕ੍ਰਿਸ਼ਨ ਮਹਾਰਾਜ ਦਾ ਨਾਉਂ ਲੈਂਦਾ ਹੈ, ਨੱਠ ਕੇ ਪੈਂਦਾ ਹੈ। ਕਹਿੰਦਾ, ਖਬਰਦਾਰ ਜੇ ਉਹਦਾ ਨਾਉਂ ਲਿਆ ਮੇਰੇ ਕੋਲ। ਬਿਲਕੁਲ ਹੀ ਵਿਪਰੀਤ ਨਿਸ਼ਚਾ ਹੋ ਗਿਆ। ਜਿਹੜਾ ਰਾਜਾ ਸੀ ਉਹ ਕ੍ਰਿਸ਼ਨ ਭਗਤ ਹੈ, ਉਹਦਾ ਜਰਨੈਲ ਜਿਹੜਾ ਹੈ ਉਹ ਕ੍ਰਿਸ਼ਨ ਦੇ ਖਿਲਾਫ ਹੈ। ਰਾਜੇ ਨੂੰ ਵੀ ਕਹਿੰਦਾ ਹੈ ਕਿ ਇਹਦੀ ਮੱਤ ਟਿਕਾਣੇ ਨਹੀਂ ਹੈ। ਦੋਸ਼ ਕੱਢਦਾ ਹੈ ਕ੍ਰਿਸ਼ਨ ਮਹਾਰਾਜ 'ਚ।

ਕਿਉਂਕਿ ਨਿੰਦਕ ਦਾ ਸੁਭਾਅ ਹੁੰਦਾ ਹੈ ਦੋਸ਼ ਕੱਢਣਾ। ਕੋਈ ਨਾ ਕੋਈ ਭਾਲ ਲੈਂਦਾ ਹੈ, ਕੱਢੀ ਜਾਂਦਾ ਹੈ ਆਪਣੇ ਮਨ ਦੇ ਮੁਤਾਬਿਕ।

ਅਖੀਰ ਜਦੋਂ ਨਾ ਹਟਿਆ ਕਿ ਮੈਂ ਤਾਂ ਨਾਲ ਇਹਦੇ ਜਲਣਾ ਹੈ। ਉਸ ਵੇਲੇ ਬ੍ਰਾਹਮਣਾਂ ਨੇ ਕਿਹਾ ਕਿ ਚੰਗਾ ਜੇ ਨਹੀਂ ਹਟਦਾ ਤਾਂ ਤੂੰ ਫੇਰ ਇਸ਼ਨਾਨ ਕਰ ਆ ਸਰੋਵਰ 'ਚ। ਜਦੋਂ ਇਸ਼ਨਾਨ ਕਰਨ ਗਿਆ, ਇਕ ਚੁੱਭੀ ਮਾਰੀ। ਕੀ ਦੇਖਦਾ ਹੈ, ਨਾ ਉਥੇ ਕੋਈ ਸ਼ਮਸ਼ਾਨ ਭੂਮੀ ਹੈ। ਨਾ ਕੋਈ ਬ੍ਰਾਹਮਣ ਨੇ, ਆਲਾ-ਦੁਆਲਾ ਝਾਕਦਾ ਹੈ। ਕ੍ਰਿਸ਼ਨ ਮਹਾਰਾਜ ਬੈਠੇ ਨੇ। ਉਹ ਹੱਸ ਰਹੇ ਨੇ। ਕਹਿੰਦੇ, ਅਰਜਨ! ਇਸ਼ਨਾਨ ਕਰ ਲਿਆ, ਆ ਜਾ ਸਾਡੇ ਕੋਲ।

ਕਹਿੰਦਾ, ਕਿਹੜਾ ਅਰਜਨ?

ਕਹਿੰਦੇ, ਤੂੰ ਅਰਜਨ ਨਹੀਂ ਹੈਂ?

ਕਹਿੰਦਾ, ਮੈਂ ਤਾਂ ਪਰਦੇਸੀ ਹਾਂ।

ਊਧੋ ਨੂੰ ਭੇਜਿਆ ਕਿ ਇਹਨੂੰ ਸਮਝਾ, ਊਧੋ ਨੂੰ ਕਹਿਣ ਲੱਗਿਆ ਕਿ ਤੂੰ ਕਿਹੜੇ ਵੇਲੇ ਦੀਆਂ ਗੱਲਾਂ ਕਰਦਾ ਹੈਂ, ਕ੍ਰਿਸ਼ਨ ਨੂੰ ਤਾਂ ਹੋਏ ਨੂੰ 300 ਸਾਲ ਹੋ ਗਏ, ਆਹ ਤਾਂ ਵੈਸੇ ਹੀ ਕੋਈ ਪਖੰਡੀ ਬੰਦਾ ਬੈਠਾ ਹੈ। ਉਹਦਾ ਰੂਪ ਧਾਰੀ ਬੈਠਾ ਹੈ, ਮੈਂ ਨਹੀਂ ਜਾਣਦਾ, ਨਾ ਕ੍ਰਿਸ਼ਨ ਨੂੰ, ਨਾ ਮੈਂ ਕਿਸੇ ਹੋਰ ਨੂੰ ਜਾਣਦਾ। ਮੇਰੀ ਤਾਂ ਘਰਵਾਲੀ ਚੜ੍ਹਾਈ ਕਰ ਗਈ। ਉਹ ਕਹਿੰਦਾ, ਤੇਰੀ ਘਰਵਾਲੀ ਤਾਂ ਹੈ ਹੀ ਨਹੀਂ ਕੋਈ, ਤੇਰੇ ਉਪਰ ਤਾਂ ਮਾਇਆ ਪਾਈ ਹੈ।

ਸਮਝ 'ਚ ਨਹੀਂ ਆਉਂਦਾ। ਅਖੀਰ ਕ੍ਰਿਸ਼ਨ ਮਹਾਰਾਜ ਉਠੇ। ਉਨ੍ਹਾਂ ਨੇ ਹਲਕਾ ਜਿਹਾ ਤਿੰਨ ਉਂਗਲਾਂ ਦਾ ਮੂੰਹ ਤੇ ਥੱਪੜ ਜਿਹਾ ਮਾਰਿਆ। ਮਾਇਆ ਲਾਹ ਦਿਤੀ।

ਕਹਿੰਦੇ, ਕਿਉਂ ਬਈ ਅਰਜਨ! ਕਹਿੰਦਾ, ਜੀ ਮੇਰੀ ਇਸਤ੍ਰੀ। ਕਹਿੰਦੇ,

ਤੇਰੀ ਇਸਤ੍ਰੀ, ਉਹ ਤਾਂ ਮਾਇਆ ਪਾਈ ਸੀ ਤੇਰੇ ਉਪਰ। ਨਾ ਉਹ ਕੋਈ ਥਾਂ ਹੈ, ਨਾ ਜੰਗਲ ਹੈ। ਕਿੱਥੇ ਗਿਆ ਸੀ ਤੂੰ। ਤੂੰ ਤਾਂ ਇਸ਼ਨਾਨ ਕਰਨ ਵਾਸਤੇ ਗਿਆ ਸੀ, ਮੈਂ ਤੈਨੂੰ ਕਿਹਾ ਸੀ ਇਕ ਚੁੱਭੀ ਮਾਰ ਕੇ ਆ ਜਾ। ਐਨਾ ਹੀ ਸਮਾਂ ਲੱਗਿਆ ਹੈ।

ਸੋ ਅਸਚਰਜ ਹੈ ਪ੍ਰਮੇਸ਼ਰ ਦੀ ਮਾਇਆ ਜਿਹਨੂੰ ਕੋਈ ਕਹਿ ਨਹੀਂ ਸਕਦਾ। ਅਨਰਬਚਨੀ ਹੈ। ਸਾਧੂ ਕਹਿੰਦੇ-ਕਹਿੰਦੇ ਚੁੱਪ ਕਰ ਜਾਂਦੇ ਨੇ ਕਿ ਇਹਨੂੰ ਕੀ ਕਹੇ।

ਸੋ ਮਹਾਰਾਜ ਕਹਿੰਦੇ ਇਹ ਜਿਹੜੀ ਮਾਇਆ ਹੈ ਇਹਦਾ ਜ਼ਬਰਦਸਤ ਅਸਰ ਹੈ ਬੰਦੇ ਦੇ ਉਤੇ।

***ਧਾਰਨਾ - ਇਸ ਮਾਇਆ ਮੋਹਣੀ ਮੋਹਣੀ ਨੇ।***
***ਵਿਣੁ ਦੰਤਾ ਜਗ ਖਾਇਆ।***

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥***
***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ ॥***
***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥***
***ਅੰਗ - 644***

ਕਹਿੰਦੇ, ਗੁਰੂ ਨੇ ਦੇਖ ਲਿਆ ਕਿ ਸੰਸਾਰ ਕਮਲਾ ਹੋਇਆ ਫਿਰਦਾ ਹੈ। ਮਹਾਰਾਜ ਨੇ ਇਕ ਥਾਂ 'ਤੇ ਐਸਾ ਵੀ ਫੁਰਮਾਨ ਕੀਤਾ ਹੈ ਕਿ -

***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥***
***ਅੰਗ - 644***

ਹਲਕਿਆ ਹੋਇਆ ਸੰਸਾਰ ਤੁਰਿਆ ਫਿਰਦਾ ਹੈ। ਕੋਈ ਅਮਨ ਨਹੀਂ, ਕੋਈ ਚੈਨ ਨਹੀਂ, ਇਕ ਦੂਜੇ ਨਾਲ ਕੋਈ ਪਿਆਰ ਨਹੀਂ, ਸੋਝੀ ਨਹੀਂ ਹੈ। ਦੂਸਰੇ ਦਾ ਧਨ ਹਾਸਲ ਕਰਨ ਲਈ ਵੱਡੇ ਤੋਂ ਵੱਡਾ ਪਾਪ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਕੋਈ ਮਾਣ ਮਰਿਆਦਾ ਨਹੀਂ ਹੈ। ਮਾਇਆ ਦਾ ਕੋਈ ਇਕ ਰੂਪ ਹੈ, ਬੇਅੰਤ ਰੂਪ ਨੇ। ਜਿੰਨੇ ਵੀ ਤੁਸੀਂ ਦੇਖਦੇ ਓਂ, ਸਾਰੇ ਮਾਇਆ ਦੇ ਰੂਪ ਨੇ। ਕਿਤੇ ਪੁੱਤਰ ਹੋ ਕੇ ਮੋਹ ਰਹੀ ਹੈ ਮਾਇਆ, ਕਿਤੇ ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪਰ-ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪੈਸਾ ਟਕਾ ਹੋ ਕੇ ਮੋਂਹਦੀ ਹੈ। ਕਿਤੇ ਅਹੁਦੇ ਹੋ ਕੇ ਮੋਂਹਦੀ ਹੈ, ਕਿਸੇ ਥਾਂ ਵੱਡਾ-ਵੱਡਾ ਹੋਣ ਦੀ ਲਾਲਸਾ ਹੋ ਕੇ ਮੋਂਹਦੀ ਹੈ। ਜਿੰਨੇ ਜਜ਼ਬੇ ਸਾਡੇ ਅੰਦਰ ਪੈਦਾ ਕੀਤੇ ਨੇ ਪ੍ਰਮੇਸ਼ਰ ਨੇ ਉਹ ਸਾਰੇ ਜਜ਼ਬਿਆਂ ਦੇ ਨਾਲ ਮਾਇਆ ਮੋਹ ਰਹੀ ਹੈ। ਕਿਤੇ ਦੁਸ਼ਮਣ ਹੋ ਕੇ ਮੋਹ ਰਹੀ ਹੈ। ਕਿਸੇ ਥਾਂ ਦੇ ਉਤੇ ਕੋਈ ਭਾਵ ਹੈ, ਕਿਤੇ ਕੋਈ ਭਾਵ ਹੈ। ਮਹਾਰਾਜ ਕਹਿੰਦੇ, ਇਹ ਤਾਂ ਸਾਰਾ ਘੇਰ ਲਿਆ ਮਾਇਆ ਨੇ। ਬਹੁਤ ਵੱਡੇ ਸੱਪ ਦੇ ਨਾਲ ਤਰਜੀਹ ਦਿਤੀ ਹੈ -

***ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥***
***ਅੰਗ- 1415***

'ਭੁਇਅੰਗਮੁ' ਕਹਿੰਦੇ ਨੇ ਫਣਦਾਰ, ਬਹੁਤ ਤਾਕਤਵਾਰ ਸਰਪ। ਬਿਹੁ, ਜ਼ਹਿਰ ਹੈ ਇਹਦੇ ਅੰਦਰ। ਮੂੰਹ ਦੇ ਵਿਚੋਂ ਐਨੀ ਜ਼ਹਿਰ ਕੱਢਦਾ ਹੈ, ਉਹ ਐਨੀ ਫੈਲ ਗਈ ਕਿ ਸਾਰੇ ਸੰਸਾਰ ਨੂੰ ਉਹਨੇ ਘੇਰ ਲਿਆ। ਹੁਣ ਕਰਿਆ ਕੀ ਜਾਵੇ, ਐਸੇ ਸੰਸਾਰ ਦੇ ਵਿਚ ਆਪਾਂ ਵੀ ਵਸਦੇ ਹਾਂ। ਮਹਾਰਾਜ ਕਹਿੰਦੇ ਪਿਆਰਿਓ! ਇਕ ਅਸੀਂ ਤੁਹਾਨੂੰ ਵੱਟੀ ਦਿੰਦੇ ਹਾਂ। ਜਿਹਦੇ ਨਾਲ ਜ਼ਹਿਰ ਨਹੀਂ ਚੜ੍ਹਦੀ, ਜ਼ਹਿਰ ਉਤਰ ਜਾਂਦੀ ਹੈ। ਕਹਿੰਦੇ -

***ਬਿਖੁ ਕਾ ਮਾਰਣੁ ਹਰਿ ਨਾਮੁ ਹੈ***
***ਗੁਰ ਗਰੁੜ ਸਬਦੁ ਮੁਖਿ ਪਾਇ॥*** ***ਅੰਗ - 1415***

ਜੇ ਨਾਮ ਮਿਲ ਜਾਵੇ ਤਾਂ ਬਿਹੁ ਮਰ ਜਾਂਦੀ ਹੈ। ਜਦੋਂ ਅਸੀਂ ਗੁਰੂ ਦੇ ਸ਼ਬਦ ਨੂੰ ਮੂੰਹ 'ਚ ਪਾ ਲਵਾਂਗੇ, ਗੁਰੂ ਤੋਂ ਸ਼ਬਦ ਲੈ ਕੇ ਜਿਸ ਵਕਤ ਸਾਡੇ ਮੁੱਖ ਦੇ ਅੰਦਰ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਹੋਣ ਲਗ ਜਾਏਗਾ, ਕਹਿੰਦੇ, ਫੇਰ ਮਾਇਆ ਜਿਹੜੀ ਹੈ ਮਰ ਜਾਂਦੀ ਹੈ। ਪਰ ਇਹ ਹਰੇਕ ਦੇ ਹਿੱਸੇ 'ਚ ਨਹੀਂ ਆਉਂਦਾ -

***ਜਿਨ ਕਉ ਪੂਰਬਿ ਲਿਖਿਆ***
***ਤਿਨ ਸਤਿਗੁਰੁ ਮਿਲਿਆ ਆਇ ॥*** ***ਅੰਗ - 1415***

ਹਰੇਕ ਨੂੰ ਸਤਿਗੁਰੂ ਨਹੀਂ ਮਿਲਦਾ ਹੈ। ਜੇ ਕਹਿੰਦਾ ਹੈ ਕਿ ਜੀ ਅੰਮ੍ਰਿਤ ਛਕ ਲਿਆ ਮੈਂ। ਇਕੱਲਾ ਅੰਮ੍ਰਿਤ ਛਕਣ ਨਾਲ ਨਹੀਂ ਗੱਲ ਬਣਦੀ। ਅੰਮ੍ਰਿਤ ਛਕਣ ਵੇਲੇ ਪੰਜ ਪਿਆਰੇ ਇਕ ਸ਼ਬਦ ਦਿੰਦੇ ਨੇ, ਮੰਤ੍ਰ ਦਿੰਦੇ ਨੇ, ਉਸ ਮੰਤ੍ਰ ਦਾ ਜਿਹੜਾ ਜਾਪ ਹੈ ਉਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤ੍ਰ ਜਪੁ ਕੇ।***
***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥***
***ਭਾਈ ਗੁਰਦਾਸ ਜੀ***

ਇਹ ਮੰਤ੍ਰ ਪੰਜ ਪਿਆਰਿਆਂ ਨੇ ਦੇ ਦਿਤਾ। ਅਗਾਂਹਾਂ ਸ਼ਰਤ ਕੀ ਹੈ - ਇਹਨੂੰ ਜਪੋ, ਇਹਨੂੰ ਕਮਾਓ, ਇਹਨੂੰ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ, ਇਹਦੇ ਜ਼ਰੀਏ ਓਸ ਅੰਮ੍ਰਿਤ ਤਕ ਪਹੁੰਚੋ ਜਿਹੜਾ ਪ੍ਰਮੇਸ਼ਰ ਨੇ ਹਰੇਕ ਦੇ ਅੰਦਰ ਰੱਖਿਆ ਹੋਇਆ ਹੈ, ਜਿਹਨੂੰ ਅਸੀਂ ਅਸਲੀ ਮਾਅਨਿਆਂ 'ਚ ਅੰਮ੍ਰਿਤ ਕਹਿੰਦੇ ਹਾਂ। ਬਾਹਰਲਾ ਵੀ ਜ਼ਰੂਰੀ ਹੈ ਅੰਦਰਲਾ ਵੀ ਜ਼ਰੂਰੀ ਹੈ। ਬਾਹਰਲਾ ਕਿਉਂ ਜ਼ਰੂਰੀ ਹੈ। ਆਹ ਟਿਊਬਵੈੱਲ ਲਾਇਆ ਅਸੀਂ। 600 ਫੁੱਟ ਬੋਰ ਕਰਿਆ। ਪਾਣੀ ਬੇਅੰਤ ਹੈ ਇਹਦੇ ਅੰਦਰ। reflex bal ਫਿੱਟ ਕਰ ਦਿਤਾ। ਬੱਟਨ ਦੱਬ ਦਿਤਾ ਪਾਣੀ ਆ ਨਹੀਂ ਰਿਹਾ। ਮੋਟਰ ਵੀ ਚੱਲ ਰਹੀ ਹੈ, ਸਭ ਕੁਛ ਹੋ ਰਿਹਾ ਹੈ। ਕਾਰਨ ਕੀ ਹੈ ਕਿ reflex bal ਤੋਂ ਹੇਠਾਂ ਹਵਾ ਭਰੀ ਹੋਈ ਹੈ। ਉਹ ਹਵਾ ਬਾਹਰੋਂ ਪਾਣੀ ਪਾ ਕੇ ਨਿਕਲਦੀ ਹੈ। ਜਿਸ ਵਕਤ ਬਟਨ ਦੱਬਦੇ ਹਾਂ, ਉਹ ਸੂੱਟਾ ਮਾਰਦਾ ਹੈ। ਜਿੰਨਾਂ ਪਾਣੀ ਪਾਇਆ ਬਾਹਰ ਆ ਜਾਂਦਾ ਹੈ, ਓਨਾਂ ਹੀ ਹੇਠਾਂ ਨਾਲ 'ਚੋਂ ਪਾਣੀ ਚੜ੍ਹ ਆਉਂਦਾ ਹੈ। ਉਸ ਤੋਂ ਬਾਅਦ ਜਦੋਂ ਪਾਣੀ reflex bal ਨਾਲ ਲਗ ਗਿਆ, ਫੇਰ ਬਟਨ ਦੱਬੋ ਉਸੇ ਵੇਲੇ ਪਾਣੀ ਚੱਲ ਪਏਗਾ। ਨਾ ਬਾਹਰਲਾ ਮੁੱਕੇ, ਨਾ ਅੰਦਰਲਾ ਮੁੱਕੇ। ਸੋ ਇਹ ਇਕ

ਮਿਸਾਲ ਹੈ, ਸਾਡੇ ਅੰਦਰ ਹੈ ਅੰਮ੍ਰਿਤ। ਅਸੀਂ ਬੋਰ ਕਰਕੇ ਉਥੇ ਤੱਕ ਲੈ ਗਏ। ਹੁਣ ਉਹ ਜਿਹੜਾ ਅੰਮ੍ਰਿਤ ਹੈ ਉਹ ਬਾਹਰ ਕਿਵੇਂ ਆਵੇ? ਉਹ ਇਸੇ ਤਰ੍ਹਾਂ ਆਉਂਦਾ ਹੈ ਕਿ ਬਾਹਰੋਂ ਪੰਜ ਪਿਆਰੇ ਨਾਮ ਗੁਰੂ ਦਾ ਮੰਤ੍ਰ ਰੂਪ ਸ਼ਬਦ ਦਿੰਦੇ ਨੇ ਤੇ ਉਹ ਜਪਦਿਆਂ-ਜਪਦਿਆਂ ਹਉਮੈ ਦੀ ਹਵਾ ਜਦੋਂ ਨਿਕਲ ਜਾਂਦੀ ਹੈ ਤਾਂ ਅੰਮ੍ਰਿਤ ਤਕ ਰੁਸਵਾਈ ਹੋ ਜਾਂਦੀ ਹੈ। ਜਿਹੜੇ ਅੰਮ੍ਰਿਤ ਨੂੰ ਕਹਿੰਦੇ ਨੇ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - 918*

ਦੇਵੀ ਦੇਵਤੇ, ਸਿੱਧ-ਸਾਧਕ ਸਾਰੇ ਇਸ ਅੰਮ੍ਰਿਤ ਨੂੰ ਖੋਜਦੇ ਨੇ ਪਰ ਇਹ ਮਿਲਿਆ ਨਹੀਂ। ਵੱਡੇ-ਵੱਡੇ ਬਾਦਸ਼ਾਹ ਵੀ ਇਹਨੂੰ ਖੋਜਦੇ ਰਹੇ ਨੇ। ਸਿਕੰਦਰ ਦੀ ਮਿਸਾਲ ਦਿੰਦੇ ਨੇ, ਕੋਹ-ਕਾਫ ਦੇ ਉਤੇ ਅੰਮ੍ਰਿਤ ਦੇ ਚਸ਼ਮੇ ਦਾ ਪਤਾ ਲਗ ਗਿਆ, ਪਰ ਪੀ ਨਾ ਸਕਿਆ। ਮਹਾਰਾਜ ਕਹਿੰਦੇ, ਕੋਹ-ਕਾਫ ਤੁਹਾਡੇ ਅੰਦਰ ਹੀ ਹੈ, ਬਾਹਰ ਨਹੀਂ ਹੈਗਾ, ਐਵੇਂ ਨਾ ਭੁਲੇਖਾ ਖਾਓ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*
*ਅੰਗ - 644*

ਜ਼ਹਿਰ ਇਕੱਠੀ ਕਰੀ ਜਾਂਦਾ ਹੈ, ਅੰਮ੍ਰਿਤ ਵਲ ਨੂੰ ਨਹੀਂ ਜਾਂਦਾ। ਅੰਮ੍ਰਿਤ ਦਾ ਚਸ਼ਮਾ ਤੁਹਾਡੇ ਅੰਦਰ ਲਬਾ-ਲਬ ਭਰਿਆ ਪਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - 293*

ਉਹ ਕੋਹ-ਕਾਫ ਦੇ ਉਤੇ ਨਿਸ਼ਾਨੀ ਵੀ ਦੇ ਦਿਤੀ ਗੁਰੂ ਮਹਾਰਾਜ ਨੇ ਕਿ ਉਥੇ ਪੂਰਨ ਸ਼ਾਂਤੀ ਹੈ ਤੇ ਅਨੰਦ ਦੇ ਐਨੇ ਹੁਲਾਰੇ ਵਜਦੇ ਨੇ ਕਿ ਦੁਨੀਆਂ ਨੂੰ ਦੱਸਿਆ ਹੀ ਨਹੀਂ ਜਾ ਸਕਦਾ। ਰੰਗ ਚੜ੍ਹ ਜਾਂਦਾ ਹੈ, ਜਦੋਂ ਉਹ ਅੰਮ੍ਰਿਤ ਦੇ ਕੁੰਡ ਦੇ ਕੋਲ ਪਹੁੰਚਦਾ ਹੈ। ਸੋ ਕਹਿੰਦੇ ਇਹ ਜਿਹੜਾ ਅੰਮ੍ਰਿਤ ਹੈ ਇਸਨੂੰ ਨਾਮ ਕਹਿੰਦੇ ਨੇ।

*ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* *ਅੰਗ - 538*

ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਉਹਦੀ ਮਤ ਧਾਰਨ ਨਾਲ। ਪਰ ਗੁਰੂ ਮਿਲਦਾ ਕਿਵੇਂ ਹੈ -

*ਜਿਨ ਕਉ ਪੂਰਬਿ ਲਿਖਿਆ*
*ਤਿਨ ਸਤਿਗੁਰੁ ਮਿਲਿਆ ਆਇ॥*

***ਮਿਲਿ ਸਤਿਗੁਰ ਨਿਰਮਲੁ ਹੋਇਆ***
***ਬਿਖੁ ਹਉਮੈ ਗਇਆ ਬਿਲਾਇ ॥*** ***ਅੰਗ - 1415***

ਜਦੋਂ ਉਹ ਅੰਮ੍ਰਿਤ ਮਿਲ ਗਿਆ ਤਾਂ ਹਉਮੈ ਦੀ ਵਿਹੁ ਉਤਰ ਗਈ ਉਸੇ ਵੇਲੇ -

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*** ***ਅੰਗ - 538***

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਭਾਨਾ! ਇਹ ਜੋ ਮੈਲ ਲੱਗੀ ਹੋਈ ਹੈ ਮਾਇਆ ਦੀ, ਜਦੋਂ ਤਕ ਇਹ ਲਹਿੰਦੀ ਨਹੀਂ ਹੈ, ਓਨੀਂ ਦੇਰ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ। ਆਦਮੀ ਮਾਇਆ ਦੇ ਅਧੀਨ ਦੁਖੀ ਹੋ ਰਿਹਾ ਹੈ, ਸੁਖ ਨਹੀਂ ਆਇਆ ਕਰਦਾ, ਰੰਗ ਨਹੀਂ ਚੜ੍ਹਿਆ ਕਰਦਾ। ਰੰਗ ਤਾਂ ਚੜ੍ਹਦਾ ਹੈ ਜੇ ਮਾਇਆ ਤੋਂ ਉਤੇ ਹੋ ਜਾਏ। ਕਹਿਣ ਲੱਗਿਆ, ਫੇਰ ਮਹਾਰਾਜ ਮਾਇਆ ਮਾੜੀ ਹੋਈ? ਮਹਾਰਾਜ ਕਹਿੰਦੇ, ਨਹੀਂ, ਮਾਇਆ ਮਾੜੀ ਨਹੀਂ ਹੈ। ਮਾਇਆ ਦੀ ਕੁਵਰਤੋਂ ਮਾੜੀ ਹੈ। ਜਿਹੜਾ ਮਾਇਆ ਨੂੰ ਵਰਤਣ ਜਾਣਦਾ ਹੈ, ਉਹਦੇ ਵਾਸਤੇ ਨਹੀਂ। ਜਿਹੜਾ ਇਹਦੇ ਵਿਚ ਖਚਤ ਹੋ ਜਾਦਾ ਹੈ, ਉਹਨੂੰ ਤਾਂ ਇਹ ਸਵਾਦ ਦਿਖਾ ਦਿੰਦੀ ਹੈ। ਜਿਹੜਾ ਇਹਨੂੰ ਦਲ ਦਿੰਦਾ ਹੈ, ਪਿੱਠ ਕਰਦਾ ਹੈ ਇਹਦੇ ਵਲ ਉਹਦੇ ਪਿੱਛੇ-ਪਿੱਛੇ ਲੱਗੀ ਫਿਰਦੀ ਹੈ। ਐਸਾ ਫੁਰਮਾਨ ਹੈ -

***ਧਾਰਨਾ - ਦਾਸੀ ਹੋ ਕੇ ਕਾਰ ਕਮਾਵੇ,***
***ਮਾਇਆ ਸਾਧੂਆਂ ਦੀ।***

ਕਹਿਣ ਲੱਗੇ, ਇਹਨੇ ਸਾਰੀ ਦੁਨੀਆਂ ਜਿੱਤ ਲਈ। ਮਾਇਆ ਨੇ ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਯੋਗੀ, ਵੱਡੇ-ਵੱਡੇ ਸ਼ਾਸਤਰਾਂ ਦੇ ਗਿਆਤਾ, ਵੱਡੇ-ਵੱਡੇ ਮੁਨੀ, ਤੀਨ ਦੇਵ, ਤੇਤੀ ਕਰੋੜ ਦੇਵਤਾ, ਬ੍ਰਹਮਾ, ਵਿਸ਼ਨੂੰ, ਮਹੇਸ਼ ਹੈਰਾਨ ਹੋ ਗਏ, ਮਾਇਆ ਦਾ ਬਲ ਦੇਖ ਕੇ-

***ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥ ਤੀਨਿ ਦੇਵ ਅਰੁ ਕੋੜਿ ਤੇਤੀਸਾ***
***ਤਿਨ ਕੀ ਹੈਰਤਿ ਕਛੁ ਨ ਰਹੀ॥*** ***ਅੰਗ - 499***

***ਬਲਵੰਤਿ ਬਿਆਪਿ ਰਹੀ ਸਭ ਮਹੀ ॥***
***ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥ 1॥***
***ਅੰਗ - 499***

ਕੋਈ ਤਰੀਕਾ ਨਹੀਂ ਇਹਨੂੰ ਉਤਾਰਨ ਦਾ, ਸਿਰਫ ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਲਹਿੰਦੀ ਹੈ, ਨਹੀਂ ਤਾਂ ਨਹੀਂ ਲਹਿੰਦੀ। ਇਹਨੇ ਸਭ ਥਾਂ ਧਰਮ ਦੇ ਜਿੱਤ ਲਏ, ਸਾਰੇ ਤੀਰਥ ਜਿੱਤ ਲਏ, ਸਾਰੇ ਮੰਦਰ ਜਿੱਤ ਲਏ, ਸਾਰੀਆਂ ਮਸਜਿਦਾਂ ਜਿੱਤ ਲਈਆਂ। ਹਰ ਥਾਂ ਇਹਦਾ ਹੀ ਬੋਲ-ਬਾਲਾ ਹੈ। ਆਪਣੇ ਏਜੰਟ ਇਹਨੇ ਧਰਮ ਅਸਥਾਨਾਂ 'ਤੇ ਲਿਆ ਕੇ ਖੜ੍ਹੇ ਕਰ ਦਿਤੇ-

***ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥***
***ਅੰਗ - 499***

ਉਨ੍ਹਾਂ ਦੇ ਵਿਚ ਲਿਪਟੀ ਪਈ ਹੈ, ਸਾਰਿਆਂ ਦੇ ਉਤੇ ਅਸਰ ਪਾਇਆ ਪਿਆ ਹੈ –

***ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥***

***ਅੰਗ – 499***

ਚਰਨਾਂ ਦੀ ਚੇਰੀ ਬਣ ਕੇ, ਚਰਨ ਫੜ ਕੇ ਕਹਿੰਦੀ ਮੇਰੇ ਤੋਂ ਕੰਮ ਲਓ। ਸਾਧੂ ਧੱਕੇ ਮਾਰਦੇ ਨੇ, ਇਹ ਬੇਨਤੀਆਂ ਕਰਦੀ ਹੈ। ਸੋ ਮਹਾਰਾਜ ਕਹਿਣ ਲੱਗੇ, ਪਿਆਰਿਆ! ਇਹ ਜਿਹੜਾ ਮਾਇਆ ਦਾ ਖੇਲ੍ਹ ਸੰਸਾਰ 'ਤੇ ਚੱਲ ਰਿਹਾ ਹੈ। ਇਹਨੂੰ ਸਮਝਣ ਦੀ ਲੋੜ ਹੈ। ਮਨ ਜਿਹੜਾ ਬੇਕਾਬੂ ਹੋਇਆ–ਹੋਇਆ ਹੈ। ਇਹਨੂੰ ਸੁਧਾਰਨ ਦੀ ਲੋੜ ਹੈ।

ਭਾਈ ਭਾਨਾ ਜੀ ਨੂੰ ਨਾਮ ਦੀ ਦਾਤ ਦਿਤੀ, ਸੋਝੀ ਦਿਤੀ। ਕਿਉਂਕਿ ਨਾਮ ਤਾਂ ਜਪਦੇ ਹਾਂ ਅਸੀਂ ਵੀ ਸਾਰੇ। ਵਾਹਿਗੁਰੂ–ਵਾਹਿਗੁਰੂ ਵੀ ਅਸੀਂ ਕਰਦੇ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹਦੇ ਵਿਚ ਸਮਝਣ ਵਾਲੀ ਗੱਲ ਹੈ –

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ – 491***

ਰਾਮ–ਰਾਮ ਸਭ ਕਹਿੰਦੇ ਨੇ ਪਰ –

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥***

***ਅੰਗ – 1374***

ਰਾਮ ਤਾਂ ਕਹਿੰਦੇ, ਸਾਰੇ ਹੀ ਕਹਿੰਦੇ ਨੇ ਪਰ ਇਕ ਕਉਤਕਹਾਰ ਹੈ। ਕਹਿੰਦੇ ਤਾਂ ਸਾਰੇ ਹੀ ਵਾਹਿਗੁਰੂ–ਵਾਹਿਗੁਰੂ ਨੇ। ਇਹ ਵਜ੍ਹਾ ਕੀ ਹੈ? ਉਹ ਕੀ ਹੈ ਕਿ ਜੁਗਤ ਨਹੀਂ ਆਉਂਦੀ, ਜੁਗਤ ਤੋਂ ਬਿਨਾਂ ਗੱਲ ਨਹੀਂ ਬਣਦੀ। ਵੀ.ਸੀ.ਆਰ ਹੁੰਦਾ ਹੈ ਇਹਦੀ ਇਕ ਤਾਰ ਵਿਗੜ ਜਾਵੇ। ਨਹੀਂ ਆਉਂਦੀ ਸ਼ਕਲ। ਟੈਲੀਵੀਜ਼ਨ ਦੇ ਵਿਚ ਇਕ ਤਾਰ ਗਲਤ ਹੋ ਜਾਵੇ, ਚੈਨਲ ਹੀ ਗਲਤ ਆ ਜਾਵੇ, ਆਉਂਦੀ ਹੀ ਨਹੀਂ ਤਸਵੀਰ। ਇਸੇ ਤਰ੍ਹਾਂ ਦੇ ਨਾਲ ਸਾਡੀ ਇਕ ਚੈਨਲ ਗਲਤ ਹੋ ਜਾਵੇ, ਉਹ ਨਹੀਂ ਆਇਆ ਕਰਦੀ। ਵਾਹਿਗੁਰੂ ਕਹਿਣਾ ਹੈ ਵਾਹਿਗੁਰੂ ਨੂੰ ਸਮਝ ਕੇ ਕਹੋ। ਉਹ ਹੈ ਕੀ? ਪਹਿਲਾਂ ਉਸ 'ਤੇ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਤੋਂ ਬਗੈਰ ਕੀਹਨੂੰ ਵਾਹਿਗੁਰੂ ਕਹੋਂਗੇ? ਖਾਲੀ ਅਸਮਾਨ 'ਚ ਹਾਕਾਂ ਮਾਰੋਂਗੇ? ਜਦੋਂ ਤੱਕ ਉਹਦੀ ਹਸਤੀ ਦੇ ਉਤੇ ਯਕੀਨ ਨਹੀਂ ਆਉਂਦਾ, ਉਹਦਾ ਪਤਾ ਨਹੀਂ ਲਗਦਾ। ਉਹਦੀਆਂ (ਤੁਓਲਟਿਇਸ) ਖੂਬੀਆਂ ਲਿਖੀਆਂ ਹੋਈਆਂ ਨੇ। ਜੋ ਮੂਲਮੰਤ੍ਰ ਹੈ ਉਹਦੇ ਵਿਚ

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ 1॥*

ਸਾਡੇ ਨਾਲ ਤਾਂ ਇਕ ਚੀਜ਼ ਸਬੰਧ ਰਖਦੀ ਹੈ ਬਈ ਉਹ ਇਹ ਹੈ ਕਿ ਉਹ ਕਰਤਾ ਹੈ। ਬਾਕੀ ਤਾਂ ਉਸ ਨਾਲ ਹੀ ਸਬੰਧ ਰਖਦੀਆਂ ਨੇ ਕਿ ਸਾਨੂੰ ਬਣਾਉਣ ਵਾਲਾ ਹੈ ਉਹ। ਸਾਡੇ ਨਾਲ ਇਕ ਸਾਂਝ ਪੈ ਗਈ ਉਹਦੀ। ਮਹਾਰਾਜ ਕਹਿੰਦੇ, ਐਨੀ ਕੁ ਸਾਂਝ ਜਿਹੜੀ ਹੈ ਇਹ ਪਤਲੀ ਜਿਹੀ ਹੈ। ਤੁਸੀਂ ਇਸ ਤੋਂ ਅੱਗੇ ਚੱਲੋ, ਉਹ ਨਿਰਾ ਹੀ ਪਿਆਰ ਦੀ ਮੂਰਤ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

***ਜਾਪੁ ਸਾਹਿਬ***

ਉਹ ਸਤਿ ਹੈ, ਚੇਤਨ ਹੈ, ਨਿਰੀਓ ਹੀ ਉਹ ਹੋਸ਼ ਹੈ, ਉਹ ਨਿਰਾ ਹੀ ਪਿਆਰ ਹੈ, ਪ੍ਰਿਅ ਹੈ। ਪਿਆਰ ਨੂੰ ਅਸੀਂ ਜਾਣਦੇ ਹਾਂ। ਪਿਆਰ ਦੀ ਨਿਸ਼ਾਨੀ ਹੁੰਦੀ ਹੈ–'ਖਿੱਚ।' ਜਿਹਦੇ ਨਾਲ ਪਿਆਰ ਹੋਵੇ ਉਹਦੀ ਖਿੱਚ ਹਿਰਦੇ ਦੇ ਵਿਚ ਹਰ ਵਕਤ ਰਹਿੰਦੀ ਹੈ। ਉਹ ਖਿੱਚਦਾ ਹੈ ਜਿਹਦੇ ਨਾਲ ਪਿਆਰ ਹੋਵੇ। ਮਾਇਆ ਨਾਲ ਪਿਆਰ ਹੈ ਮਾਇਆ ਖਿੱਚੀ ਜਾਂਦੀ ਹੈ, ਅਹੁਦਿਆਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੁੱਤਰਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੈਸੇ ਨਾਲ ਪਿਆਰ ਹੈ ਉਹ ਖਿੱਚਦਾ ਹੈ, ਮਕਾਨਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ। ਜੇ ਵਾਹਿਗੁਰੂ ਨਾਲ ਪਿਆਰ ਹੈ ਤਾਂ ਵਾਹਿਗੁਰੂ ਦੀ ਖਿੱਚ ਸਾਡੇ ਹਿਰਦੇ 'ਚ ਪੈਂਦੀ ਹੈ –

*ਸੀਨੇ ਖਿ'ਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ***

ਹਰ ਵਕਤ ਖਿੱਚ ਪੈਂਦੀ ਹੈ। ਦੁਨੀਆਂ ਦੀਆਂ ਮਿਸਾਲਾਂ ਦੇਖ ਲਓ। ਕਿੱਡੀਆਂ-ਕਿੱਡੀਆਂ ਖਿੱਚਾਂ ਦੇ ਵਿਚ ਸੋਹਣੀ ਤੇ ਮਹੀਵਾਲ ਦਾ ਭਾਈ ਗੁਰਦਾਸ ਜੀ ਨੇ ਹਵਾਲਾ ਦਿਤਾ ਹੈ ਕਿ ਉਹ ਰਾਤ ਨੂੰ ਘੜੇ 'ਤੇ ਨਦੀ ਪਾਰ ਕਰਿਆ ਕਰਦੀ ਸੀ। ਉਸਦੀ ਨਣਦ ਨੇ ਜਦ ਦੇਖਿਆ ਕਿ ਇਹ ਹਟਦੀ ਨਹੀਂ ਤਾਂ ਉਹਨੇ ਕੱਚਾ ਘੜਾ ਉਥੇ ਰੱਖ ਦਿਤਾ। ਦਰਿਆ ਝਨਾਅ ਦੇ ਵਿਚ ਹੜ੍ਹ ਆਇਆ ਹੋਇਆ ਹੈ, ਪਾਣੀ ਕੰਢਿਆਂ ਤੋਂ ਉਪਰ ਦੀ ਹੋ ਕੇ ਚੱਲ ਰਿਹਾ ਹੈ। ਉਹ ਖਿੱਚ ਦੀ ਖਿੱਚੀ ਹੋਈ ਆ ਜਾਂਦੀ ਹੈ। ਉਥੇ ਆ ਕੇ ਘੜਾ ਚੁੱਕ ਲਿਆ। ਜਦੋਂ ਉਤੇ ਠੋਲ੍ਹਾ ਮਾਰਿਆ ਤਾਂ ਉਂਗਲੀ ਦੀ ਗੱਠ ਦਾ ਤਾਂ ਉਹਨੇ ਆਵਾਜ਼ ਨਾ ਕੀਤੀ। ਸਮਝ ਗਈ ਕਿ ਕੱਚਾ ਹੈ। ਲੇਕਿਨ ਇਕ ਪਾਸੇ ਖਿੱਚ ਹੈ, ਇਕ ਪਾਸੇ ਜ਼ਿੰਦਗੀ ਦਾ ਸਵਾਲ ਹੈ। ਖਤਰਾ ਬੜਾ ਜ਼ਬਰਦਸਤ ਹੋ ਗਿਆ। ਉਹਨੇ ਘੜਾ ਠੇਲ੍ਹ ਲਿਆ ਤੇ ਘੜਾ ਗਿੱਲਾ ਹੋ ਗਿਆ, ਗਿੱਲਾ ਹੋ ਕੇ ਪਾਣੀ ਵਿਚ ਖੁਰ ਗਿਆ ਤੇ ਅਖੀਰ ਉਹ ਰੁੜ੍ਹ ਗਈ, ਮਹੀਵਾਲ ਵੀ ਛਾਲ ਮਾਰੀ ਉਹ ਵੀ ਰੁੜ੍ਹ ਗਿਆ।

ਇਹ ਇਕ ਦੁਨੀਆਂਦਾਰੀ ਦਾ ਪਿਆਰ ਹੈ ਜੋ ਦਰਗਾਹ ਦੇ ਵਿਚ

ਨਹੀਂ ਨਿਭਿਆ ਕਰਦਾ। ਸੰਸਾਰ ਦੇ ਵਿਚ ਇਹ ਖਤਮ ਹੋ ਜਾਇਆ ਕਰਦਾ ਹੈ। ਲੇਕਿਨ ਜੋ ਪ੍ਰਮੇਸ਼ਰ ਦਾ ਪਿਆਰ ਹੈ ਉਹ ਸਦਾ ਹੀ ਨਿਭਦਾ ਹੈ। ਉਹਦਾ ਰੂਪ ਹੀ ਪਿਆਰ ਹੈ, ਉਹਦੇ ਨਾਲ ਕੌਣ ਪਿਆਰ ਕਰਦਾ ਹੈ ਦੁਨੀਆਂ ਦੇ ਅੰਦਰ।

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676***

ਦਿਤੀਆਂ ਹੋਈਆਂ ਚੀਜ਼ਾਂ ਨੂੰ ਅਸੀਂ ਪਿਆਰ ਕਰਦੇ ਹਾਂ, ਉਹਦਾ ਸਾਡੇ ਮਨ 'ਚ ਕੋਈ ਪਿਆਰ ਨਹੀਂ ਹੈ। ਜਦੋਂ ਪਿਆਰ ਨਹੀਂ ਤਾਂ ਵਾਹਿਗੁਰੂ ਕੀਹਨੂੰ ਕਹੋਂਗੇ। ਮਹਾਰਾਜ ਦੂਜੇ ਪਾਸੇ ਸਾਨੂੰ ਸਖਤ ਹਦਾਇਤ ਦਿੰਦੇ ਨੇ -

***ਸਾਚੁ ਕਹੋਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

ਉਹ ਪਿਆਰ ਦੇ ਵਸ ਆਉਂਦਾ ਹੈ -

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - 962***

ਉਹ ਪਿਆਰ ਕਰਨ ਵਾਲਿਆਂ ਦੇ ਵਸ 'ਚ ਆਉਂਦਾ ਹੈ। ਨਾ ਦਾਨ ਦੇਣ ਵਾਲਿਆਂ ਦੇ ਆਉਂਦਾ ਹੈ, ਨਾ ਬਹੁਤਾ ਪੜ੍ਹਨ ਵਾਲਿਆਂ ਦੇ ਆਉਂਦਾ ਹੈ। ਚਾਰੇ ਵੇਦ ਪੜ੍ਹੀ ਜਾਓ, ਅਖੰਡਪਾਠ ਕਰੀ ਜਾਓ, ਨਹੀਂ ਵਸ ਆਉਂਦਾ। ਨਾ ਤੀਰਥਾਂ 'ਤੇ ਭਰਮਣ ਨਾਲ ਆਉਂਦਾ ਹੈ, ਨਾ ਧਰਤੀ 'ਤੇ ਐਵੇਂ ਘੁੰਮਣ ਨਾਲ ਵਸ ਵਿਚ ਆਉਂਦਾ ਹੈ। ਮਹਾਰਾਜ ਕਹਿੰਦੇ, ਐਵੇਂ ਥਕੇਵਾਂ ਪੱਲੇ ਪੈਂਦਾ ਹੈ -

***ਅੰਗਨਾ ਅਧੀਨ ਕਾਮ ਕ੍ਰੋਧ ਮਹਿ ਪ੍ਰਬੀਨ***
***ਏਕ ਗਿਆਨ ਕੇ ਬਿਹੀਨ ਛਨਿ ਕੈਸੇ ਕੈ ਤਰਤ ਹੈਂ।***

ਤੇਰੀ ਸੁਰਤੀ-ਬਿਰਤੀ ਤਾਂ ਮਾਇਆ ਨਾਲ, ਇਸਤ੍ਰੀਆਂ ਨਾਲ ਬਿੜੀ ਹੋਈ ਹੈ। ਬਾਲ-ਬੱਚਿਆਂ 'ਚੋਂ ਨਿਕਲਣ ਵਾਸਤੇ ਤਿਆਰ ਨਹੀਂ। ਕਹਿੰਦੇ, ਪਿਆਰਿਆ! ਰੱਬ ਦਾ ਤੈਨੂੰ ਗਿਆਨ ਨਹੀਂ, ਕਿਵੇਂ ਤਰ ਜਾਏਂਗਾ ਤੂੰ?

***ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ***
***ਪੂਦਨਾ ਸਦੀਵ ਤੁਹੀਂ ਤੁਹੀਂ ਉਚਰਤ ਹੈਂ।***

ਆਹ ਚਿੜੀ ਹੈ ਤੂੰਹੀ-ਤੂੰਹੀ ਕਰੀ ਜਾਂਦੀ ਹੈ। ਕੀ ਰੱਬ ਮਿਲ ਜਾਏਗਾ ਇਹਨੂੰ? ਇਹਨੂੰ ਤਾਂ ਪਤਾ ਹੀ ਨਹੀਂ ਰੱਬ ਕੀ ਹੈ। ਉਹ ਜੇ ਇਸੇ ਤਰ੍ਹਾਂ ਅਸੀਂ ਕਰੀ ਜਾਵਾਂਗੇ, ਮਹਾਰਾਜ ਕਹਿੰਦੇ ਪਛਾਣ ਪ੍ਰਮੇਸ਼ਰ ਨੂੰ, ਜਦੋਂ ਤੱਕ ਤੂੰ ਪਛਾਣਦਾ ਨਹੀਂ ਤੇਰਾ ਸਬੰਧ ਨਹੀਂ ਉਹਦੇ ਨਾਲ ਜੁੜਨਾ। ਪਛਾਣਨਾ ਕੀ ਹੈ? ਕਿ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

ਮੈਨੂੰ ਦੇਖਦਾ ਵੀ ਹੈ, ਮੇਰੀ ਗੱਲ ਸੁਣਦਾ ਵੀ ਹੈ। ਹੁਣ ਕਹਿੰਦੇ, ਮੂਰਖਤਾ ਨੂੰ ਛੱਡ ਕੇ ਤੂੰ ਉਹਨੂੰ ਹਜ਼ੂਰ ਜਾਣ ਜੋ ਕਿ ਮੇਰੇ ਅੰਗ-ਸੰਗ ਰਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥* *ਅੰਗ - 677*

ਜਿਹੜਾ ਵਿਛੜਦਾ ਹੀ ਨਹੀਂ ਹੈ ਤੂੰ ਉਹਨੂੰ ਵਾਹਿਗੁਰੂ ਕਹਿ ਕੇ ਆਵਾਜ਼ ਮਾਰ, ਥੋੜ੍ਹੇ ਜਿਹੇ ਦਿਨਾਂ 'ਚ ਹੀ ਦੇਖ ਲਈਂ ਕੀ ਬਣਦਾ ਹੈ। ਨਹੀਂ ਤਾਂ ਭੋਰਿਆਂ 'ਚ ਬੈਠਾ ਰਹਿ, ਲਾਈ ਜਾਹ ਸਮਾਧੀਆਂ, ਬੋਲੀ ਜਾਹ ਜਿੰਨਾਂ ਚਿਰ ਬੋਲਣਾ ਹੈ, ਨਹੀਂ ਗੱਲ ਬਣਨੀ ਕਿਉਂਕਿ ਤੇਰੇ ਮੂਹਰੇ ਨਿਸ਼ਾਨਾ ਕੋਈ ਨਹੀਂ ਹੈ। ਜਦੋਂ ਤੱਕ ਨਿਸ਼ਾਨਾ ਨਹੀਂ ਹੈ, ਫੇਰ ਕੁਛ ਬਣਨਾ ਨਹੀਂ। ਹੁਣ ਇਹਦਾ ਕਰਿਆ ਕੀ ਜਾਵੇ। ਨਾ ਤਾਂ ਰੱਬ ਹੱਥ 'ਚ ਆਉਂਦਾ ਹੈ, ਨਾ ਦਿਸਦਾ ਹੈ। ਉਹਨੂੰ ਅਗੰਮ ਅਗੋਚਰ ਕਹਿੰਦੇ ਨੇ। ਕੋਈ ਹੱਲ ਨਹੀਂ ਹੈ ਇਹਦਾ? ਕਹਿੰਦੇ, ਹੱਲ ਤਾਂ ਹੈਗਾ ਪਿਆਰਿਆ! ਪਰ ਤੇਰੇ ਅੰਦਰ ਨਿਹਚਾ ਆਉਣਾ ਚਾਹੀਦਾ ਹੈ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨ ਭਾਈ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - 442*

ਹੁਣ ਮਸਲਾ ਸਾਡਾ ਹੱਲ ਹੋ ਗਿਆ ਕਿ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ। ਉਹ ਨਿਰਗੁਣ ਹੈ ਇਹ ਸਰਗੁਣ ਹੈ। ਗੁਰੂ ਜਿਹੜਾ ਹੈ ਉਹ ਪ੍ਰਮੇਸ਼ਰ ਦੀ ਹੀ ਮੂਰਤ ਹੈ।

ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਨੌਂ ਖੰਡਾਂ, ਸੱਤਾਂ ਦੀਪਾਂ, ਜਿੱਥੇ ਤੱਕ ਸ੍ਰਿਸ਼ਟੀ ਸੀ, ਉਥੇ ਤੱਕ ਨਾਲ ਰਹੇ ਹੋ ਤੇ ਆਪ ਨੇ ਸਾਰੇ ਕੌਤਕ ਉਨ੍ਹਾਂ ਦੇ ਦੇਖੇ ਨੇ। ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਕਈ ਪ੍ਰੇਮੀਆਂ ਜਿਨ੍ਹਾਂ ਨੂੰ ਖੋਜੀ ਕਹਿੰਦੇ ਨੇ, ਨਵੀਨ ਖੋਜੀ, ਉਹ ਡਰ ਜਾਂਦੇ ਨੇ ਕਿ ਜੇ ਗੁਰੂ ਦੀ ਗੱਲ ਕਰੀ, ਉਥੇ ਕੁ ਤਕ ਹੀ ਕਰੀਏ ਜਿੱਥੇ ਕੁ ਤੱਕ ਦੁਨੀਆਂ ਮੰਨ ਜਾਵੇ ਤੇ ਜੇ ਅਸੀਂ ਗੁਰੂ ਨੂੰ ਬਹੁਤ ਉੱਚਾ ਕਰ ਦਿਤਾ, ਲੋਕਾਂ ਨੇ ਨਹੀਂ ਮੰਨਣਾ। ਜੇ ਅਸੀਂ ਕਹਿ ਦਿਤਾ ਕਿ ਗੁਰੂ ਸਾਹਿਬ ਸਾਰੇ ਯੂਰਪ ਵਿਚ ਵੀ ਗਏ ਨੇ, ਅਫਰੀਕਾ ਵਿਚ ਵੀ ਗਏ ਨੇ ਤਾਂ ਬੋਲੀ ਕਿਵੇਂ ਬੋਲਦੇ ਸੀ ਉਥੇ ਦੀ? ਚਲੋ, ਮੰਨ ਲਓ ਕਿ ਕਾਹਬਾ ਦੇ ਵਿਚ ਗਏ, ਉਥੇ ਬੋਲੀ ਅਰਬੀ ਬੋਲੀ ਉਨ੍ਹਾਂ ਨੇ। ਹੋ ਸਕਦਾ ਹੈ ਬਚਪਨ ਵਿਚ ਸਿੱਖ ਲਈ ਹੋਵੇ, ਸੂਫੀਆਂ ਦੇ, ਮੁਸਲਮਾਨਾਂ ਦੇ ਜਾਂਦੇ ਰਹੇ, ਉਥੋਂ ਕੋਈ ਅੱਖਰ ਸਿੱਖ ਲਏ ਹੋਣ। ਪਰ ਗੋਸ਼ਟ ਤਾਂ ਨਹੀਂ ਨਾ ਹੁੰਦੀ। ਗੋਸ਼ਟ ਤਾਂ, ਤਾਂ ਹੁੰਦੀ ਹੈ ਜੇ ਉਨ੍ਹਾਂ ਦੇ ਸਾਰੇ ਮਸਲੇ, ਉਨ੍ਹਾਂ ਤੋਂ ਵੀ ਉਪਰ ਦੀ ਹੋ ਕੇ ਬੋਲੇ ਜਾਣ, ਫੇਰ ਉਹ ਉਦਾਸੀਆਂ ਦੇ ਵਿਚ ਕਦੇ ਸਕੂਲ 'ਚ ਨਹੀਂ ਆਏ ਕਿ ਉਥੇ ਦਾਖਲ ਹੋ ਕੇ ਅਰਬੀ ਸਿੱਖੀ। ਉਥੋਂ ਵੀ ਤਾਸ਼ਕੰਦ ਤਕ ਗਏ ਉਥੇ ਕਿਹੜੀ ਬੋਲੀ ਸੀ, ਅਫਰੀਕਾ

'ਚ ਗਏ, ਉਥੇ ਕਿਹੜੀ ਬੋਲੀ ਸੀ।

ਭਾਈ ਗੁਰਦਾਸ ਜੀ, ਉਦੋਂ ਹੀ ਹੋਏ ਨੇ, ਬਹੁਤਾ ਚਿਰ ਬਾਅਦ 'ਚ ਨਹੀਂ ਹੋਏ। ਉਸ ਵੇਲੇ ਹੀ ਸਾਰੀਆਂ ਗੱਲਾਂ ਤਾਜ਼ੀਆਂ-ਤਾਜ਼ੀਆਂ ਸੀ, ਕੋਈ ਪੁਰਾਣੀਆਂ ਨਹੀਂ ਸੀ ਹੋਈਆਂ, ਕੋਈ ਮਿਲਾਵਟਾਂ ਨਹੀਂ ਸੀ ਹੋਈਆਂ, ਉਹ ਲਿਖਦੇ ਨੇ ਕਿ ਗੁਰੂ ਨਾਨਕ ਉਥੇ ਤੱਕ ਗਏ ਜਿੱਥੇ ਤੱਕ ਦੁਨੀਆਂ ਸੀ ਸਾਰੀ। ਬੋਲੀ ਕਿਵੇਂ ਬੋਲੀ?

ਇਥੇ ਵੇਦ ਭਾਰਤੀ ਜੀ ਆਏ ਸੀ, ਉਹ ਕਹਿਣ ਲੱਗੇ ਕਿ ਮੈਂ ਹਾਲੈਂਡ ਦੇ ਵਿਚ ਜਾ ਕੇ ਪੀਐਚ.ਡੀ ਕਰਨ ਲੱਗਿਆ ਤਾਂ ਉਹ ਮੈਨੂੰ ਕਹਿਣ ਲੱਗੇ ਕਿ ਤੂੰ ਪੜ੍ਹੀ ਹੀ ਨਹੀਂ ਹੈ ਡੱਚ ਭਾਸ਼ਾ, ਤੇ ਪੀਐਚ.ਡੀ ਕਿਵੇਂ ਕਰ ਲਵੇਂਗਾ। ਜਿਵੇਂ ਇਥੇ ਕੋਈ ਕਹੇ ਆ ਕੇ ਕਿ ਮੈਂ ਸੰਸਕ੍ਰਿਤ ਦੀ ਪੀਐਚ.ਡੀ ਕਰਨੀ ਹੈ। ਜਦ ਤੂੰ ਸੰਸਕ੍ਰਿਤ ਪੜ੍ਹੀ ਨਹੀਂ ਪੀਐਚ.ਡੀ ਕਿਵੇਂ ਕਰ ਲਏਂਗਾ? ਕਿਵੇਂ ਪੁਰਾਣੀਆਂ ਕਿਤਾਬਾਂ ਫਰੋਲ ਲਏਂਗਾ?

ਕਹਿੰਦੇ, ਮੈਂ ਕਿਹਾ ਕਿ ਸਾਨੂੰ ਯੋਗੀਆਂ ਨੂੰ ਬੋਲੀ ਬੋਲਣ ਬਾਰੇ ਕੋਈ ਮਸਲਾ ਨਹੀਂ ਹੁੰਦਾ। ਸਿਰਫ ਇਕ ਹਫਤਾ ਲਗਦਾ ਹੁੰਦਾ ਹੈ। ਇਕ ਹਫਤੇ ਬਾਅਦ ਤੁਹਾਨੂੰ ਬੋਲੀ ਸਾਰੀ ਸੁਣਾ ਦੇਵਾਂਗਾ। ਉਹ ਕਹਿੰਦੇ ਮੈਂ ਹਫਤਾ ਯੋਗ ਕਰਿਆ, ਯੋਗ ਹੈ ਇਕ ਸਰਬ ਵਿਦਿਆ ਯੋਗ। ਉਹ ਟਾਂਵੇਂ-ਟਾਂਵੇਂ ਬੰਦੇ ਨੇ, ਡਾ. ਸਵਾਮੀ ਰਾਮ ਜੀ ਦਸਦੇ ਸੀ ਕਿ ਭਾਰਤ ਵਿਚ ਸਿਰਫ 10 ਬੰਦੇ ਨੇ ਜਿਹੜੇ ਇਸ ਯੋਗ ਨੂੰ ਜਾਣਦੇ ਨੇ। ਅਸੀਂ ਤਾਂ ਇਨ੍ਹਾਂ ਚੀਜ਼ਾਂ ਦੀ ਮਿਹਨਤ ਹੀ ਨਹੀਂ ਕਰਦੇ, ਨਾ ਸਾਨੂੰ ਪਤਾ ਹੈ। ਅਸੀਂ ਤਾਂ ਕਹਿ ਦਿੰਦੇ ਹਾਂ ਕਿ ਗਪੌੜ (ਫਜ਼ੂਲ) ਹੈ ਇਹ। ਇਹਦੇ ਨਾਲ ਸਾਡਾ ਮਨ ਜਿਹੜਾ ਹੈ ਉਹ ਸੰਤੁਸ਼ਟ ਹੋ ਜਾਂਦਾ ਹੈ। ਪਰ ਜਦ ਗੱਲ ਸਾਡੇ ਸਾਮ੍ਹਣੇ ਆਉਂਦੀ ਹੈ, ਫੇਰ ਅਸੀਂ ਚੁੱਪ ਕਰ ਜਾਂਦੇ ਹਾਂ। ਨਾ ਸਮਝਣ ਕਰਕੇ ਅਸੀਂ ਉਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦੇ ਸਕਦੇ।

ਡਾ. ਵੇਦ ਭਾਰਤੀ ਜੀ ਕਹਿਣ ਲੱਗੇ ਕਿ ਹਫਤਾ ਮੈਂ ਸਾਧਨਾ ਕਰਕੇ ਜਦੋਂ ਦੁਬਾਰਾ ਗਿਆ ਉਥੇ, ਉਹ ਕਹਿੰਦੇ, ਤੁਸੀਂ ਤਾਂ ਬਹੁਤ ਅੱਛੀ ਤਰ੍ਹਾਂ ਨਾਲ ਸਾਡੀ ਭਾਸ਼ਾ ਜਾਣਦੇ ਹੋ। ਕਹਿੰਦੇ, ਮੈਂ ਪਹਿਲਾਂ ਨਹੀਂ ਸੀ ਜਾਣਦਾ, ਹੁਣੇ ਜਾਣਿਆ। ਉਹ ਜੇ ਸਾਰੀਆਂ ਬੋਲੀਆਂ ਬੋਲਣ ਨੂੰ ਸਮਰੱਥ ਹੋ ਸਕਦੇ ਨੇ ਫੇਰ ਗੁਰੂ ਨਾਨਕ ਸਾਹਿਬ ਨੂੰ ਅਸੀਂ ਬਿਲਕੁਲ ਹੀ ਨਹੀਂ ਮੰਨਦੇ, ਕਿੱਡੀ ਵੱਡੀ ਭੁੱਲ ਹੈ ਸਾਡੇ ਵਿਚ, ਹਾਲਾਂਕਿ ਗੁਰੂ ਨਾਨਕ ਪਾਤਸ਼ਾਹ ਨੂੰ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਗੁਰੂ ਪ੍ਰਮੇਸ਼ਰ, ਮੇਰਾ ਰੂਪ ਹੈਂ, ਗੁਰੂ ਹੈਂ, ਸੰਸਾਰ ਦਾ ਉਧਾਰ ਕਰਨ ਵਾਲਾ ਤੂੰਹੀਂ ਹੈ ਹੈ।

ਸੋ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ, ਉਨ੍ਹਾਂ ਨੂੰ ਤੁਸੀਂ ਕੀ ਜਾਣਿਆ?

ਭਾਈ ਬਾਲਾ ਜੀ ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਸੰਤ ਸੀ।

ਆਪ ਨੇ ਕਿਹਾ ਕਿ ਚੰਗਾ ਭਾਈ, ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਤੁਸੀਂ ਵੀ ਅੱਠ ਸਾਲ ਦੀ ਉਮਰ 'ਚ ਆ ਗਏ ਸੀ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਜਾਣਿਆ?

ਕਹਿੰਦੇ, ਮਹਾਰਾਜ ਪੂਰਨ ਬ੍ਰਹਮਗਿਆਨੀ ਸੀ।

ਕਹਿੰਦੇ, ਤੁਸੀਂ ਬ੍ਰਹਮਗਿਆਨੀ ਹੋਏ।

ਬਾਕੀਆਂ ਨੂੰ ਪੁੱਛਿਆ, ਆਪਣਾ-ਆਪਣਾ ਨੇਸ਼ਟਾ ਸਾਰਿਆਂ ਨੇ ਕਿਹਾ। ਅਖੀਰ ਸਾਰਿਆਂ ਨੇ ਪੁੱਛਿਆ ਕਿ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਿਆ? ਉਸ ਵੇਲੇ ਆਪ ਗੰਭੀਰ ਹੋ ਗਏ, ਨੇਤਰਾਂ ਦੇ ਕੋਇਆਂ 'ਚੋਂ ਦੋ ਕਤਰੇ ਹੇਠਾਂ ਨੂੰ ਵਗ ਪਏ। ਥੋੜ੍ਹੀ ਦੇਰ ਤੋਂ ਬਾਅਦ ਸਾਵਧਾਨ ਹੋ ਕੇ ਆਪ ਕਹਿਣ ਲੱਗੇ, ਪਿਆਰਿਓ! ਕਰੋੜਾਂ ਬ੍ਰਹਿਮੰਡਾਂ ਦਾ ਮਾਲਕ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ - 1395***

ਗੁਰੂ ਦਾ ਰੂਪ ਹੋ ਕੇ ਪ੍ਰਗਟ ਹੋਇਆ। ਨਿਰੰਕਾਰ ਆਪ ਹੀ ਗੁਰੂ ਬਣ ਕੇ, ਗੁਰੂ ਜੋਤੀ ਸੀ ਨਿਰੰਕਾਰ। ਐਨੀ ਜਦ ਗੱਲ ਕਹੀ, ਸਾਰਿਆਂ ਨੇ ਨੇਤਰ ਬੰਦ ਕਰ ਲਏ, ਅਖੀਰ ਕਹਿਣ ਲੱਗੇ, ਪਾਤਸ਼ਾਹ! ਤੁਸੀਂ ਐਡੇ ਉੱਚੇ ਨਿਸ਼ਚੇ ਕਰਕੇ ਤਾਂਹੀ ਪ੍ਰਮੇਸ਼ਰ ਬਣ ਗਏ। ਸੋ ਇਹ ਨਿਸ਼ਚਾ ਹੈ, ਵਾਹਿਗੁਰੂ ਤਾਂ ਸਾਡੇ ਧਿਆਨ ਵਿਚ ਨਹੀਂ ਆਉਂਦਾ। ਗੁਰੂ ਤਾਂ ਧਿਆਨ 'ਚ ਆਉਂਦਾ ਹੈ। ਉਨ੍ਹਾਂ ਨੇ ਇਥੇ ਆ ਕੇ ਬਹੁਤ ਕੌਤਕ ਕੀਤੇ ਨੇ, ਪਿਆਰ ਕੀਤੇ ਨੇ, ਗੱਲਾਂ ਕੀਤੀਆਂ ਨੇ, ਬਾਣੀ ਰਚੀ ਹੈ, ਬਾਣੀ ਵਿਚੋਂ ਉਨ੍ਹਾਂ ਦਾ ਸੁਭਾਅ ਜਾਣ ਜਾਂਦੇ ਹਾਂ ਕਿ ਉਹ ਪਿਆਰ ਕਰਨ ਵਾਲੇ ਨੇ। ਭੁੱਲਾਂ ਬਖਸ਼ਣ ਵਾਲੇ ਨੇ। ਕੌੜਾ ਬੋਲਦੇ ਨਹੀਂ -

***ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥***
***ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥***

***ਅੰਗ - 784***

ਕੌੜਾ ਜਾਣਦਾ ਹੀ ਨਹੀਂ ਉਹ ਬੋਲਣਾ। ਕਿਸੇ ਨੂੰ ਕੁਛ ਕਹਿਣ ਜਾਣਦਾ ਹੀ ਨਹੀਂ, ਵੱਡੇ ਤੋਂ ਵੱਡਾ ਪਾਪੀ ਵੀ ਜਦੋਂ ਆ ਜਾਂਦਾ ਹੈ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - 544***

ਉਹ ਵੀ ਦੀਵਾਰ ਟੁੱਟ ਜਾਂਦੀ ਹੈ ਕਿ ਮੈਂ ਪਾਪੀ ਹਾਂ, ਸੱਚੇ ਪਾਤਸ਼ਾਹ ਮੈਂ ਪਾਪੀ ਹਾਂ। ਇਹ ਤਾਂ ਇਕ ਵੱਡੀ ਦੀਵਾਰ ਹੈ, ਜਦ ਹੁਣ ਤੇਰੀ ਚਰਨ ਸ਼ਰਨ ਆ ਗਿਆ, ਹੁਣ ਤਾਂ ਮੈਂ ਤੇਰਾ ਹੀ ਹਾਂ। ਤੇਰੇ ਚਰਨਾਂ 'ਚ ਆ ਕੇ ਹੁਣ ਕਿਹੜਾ ਪਾਪ ਰਹਿ ਗਿਆ। ਪਾਪਾਂ ਨੇ ਮੇਰੇ ਨਾਲ ਕਿੱਥੇ ਰਹਿਣਾ ਹੈ, ਤੇਰੀ ਸ਼ਰਨ 'ਚ ਆ ਕੇ ਨੱਠ ਗਏ ਸਾਰੇ ਪਾਪ।

ਸੋ ਇਸ ਤਰ੍ਹਾਂ ਦੀ ਮਨੋਬਿਰਤੀ ਜਦੋਂ ਅਸੀਂ ਬਣਾਉਂਦੇ ਹਾਂ - ***'ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥'*** ਅਸੀਂ ਫੇਰ

ਜਦੋਂ ਨਾਮ ਜਪਦੇ ਹਾਂ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ, ਸਾਕਾਰ ਰੂਪ ਗੁਰੂ ਹੈ। ਜਦੋਂ advanced (ਉਚੇਰੀ) ਸਾਡੀ ਸੁਰਤੀ ਪਹੁੰਚ ਜਾਏਗੀ, ਸਾਡੇ ਅੰਦਰ ਆਤਮ ਵਿਸ਼ੈਣੀ ਬੁੱਧੀ ਪ੍ਰਗਟ ਹੋ ਜਾਏਗੀ। ਫੇਰ ਇਹ ਜਿਹੜੀ ਬੁੱਧੀ ਹੈ ਇਹਨੂੰ ਅਸੀਂ surpass (ਪਾਰ) ਕਰ ਲਵਾਂਗੇ। ਉਸ ਵੇਲੇ ਗੁਰੂ ਦਾ ਜੋ ਅਸਲੀ ਨਿਰਗੁਣ ਸਰੂਪ ਹੈ, ਆਪਣੇ ਆਪ ਹੀ ਬਿਰਤੀ ਉਥੇ ਚਲੀ ਜਾਂਦੀ ਹੈ। ਲੇਕਿਨ ਉਥੇ ਤਕ ਲਿਜਾਣ ਵਾਸਤੇ ਜੋ ਸਾਧਨ ਗੁਰੂ ਮਹਾਰਾਜ ਨੇ ਦੱਸੇ ਨੇ ਕਿ ਨਾਮ ਜਪਣਾ, ਰਸਨਾ ਦੇ ਨਾਲ ਨਾਮ ਜਪਣਾ, ਸਵਾਸ ਦੇ ਨਾਲ ਜਪਣਾ, ਮਧਮਾ ਬਾਣੀ 'ਚ ਜਪਣਾ, ਪਸੰਤੀ ਬਾਣੀ 'ਚ ਜਪਣਾ, ਪਰਾ ਬਾਣੀ 'ਚ ਜਪਣਾ ਤੇ ਇਨ੍ਹਾਂ ਸਾਰਿਆਂ ਦੇ ਵਿਚੋਂ ਸਹਾਇਤਾ ਦੇਣ ਵਾਲੀ ਇਕ ਕਿਰਿਆ ਜਿਸ ਦੇ ਬਾਰੇ ਐਸਾ ਬਿਆਨ ਕੀਤਾ ਹੈ –

*ਧਾਰਨਾ – ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*
*ਗੁਰ ਕੇ ਚਰਨ ਰਿਦੈ ਲੈ ਧਾਰਉ ॥*
*ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥* *ਅੰਗ – 864*

ਜਦੋਂ ਗੁਰੂ ਦਾ ਵਜੂਦ ਅਸੀਂ ਅੰਦਰ ਲੈ ਆਉਂਦੇ ਹਾਂ ਤੇ ਉਸ ਵੇਲੇ ਪਵਿੱਤਰ ਵਜੂਦ ਸਾਰੇ ਬਾਕੀ ਦੇ ਵਜੂਦਾਂ ਨੂੰ ਕੱਢ ਦਿੰਦਾ ਹੈ ਅੰਦਰੋਂ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਇਹ ਤਾਂ ਬੁੱਤ ਪ੍ਰਸਤੀ ਹੈ। ਬੁੱਤਾਂ ਨੂੰ ਤਾਂ ਅਸੀਂ ਮੰਨਦੇ ਹੀ ਹਾਂ, ਮਾਇਆ ਕੀ ਹੈ ਬੁੱਤ ਹੈ, ਪੁੱਤਰ ਬੁੱਤ ਹੈ ਜੋ ਕੁਛ ਅਸੀਂ ਕਰਦੇ ਹਾਂ ਸਾਰਾ ਦਿਨ ਬੁੱਤ ਪ੍ਰਸਤੀ ਕਰਦੇ ਹਾਂ। ਗੁਰੂ ਦਾ ਸਰੀਰ ਬੁੱਤ ਨਹੀਂ, ਉਹ ਤਾਂ ਮਹਾਂ ਪਵਿੱਤਰ ਹਸਤੀ ਹੈ ਰੋਸ਼ਨੀ ਦੀ ਬਣੀ ਹੋਈ, ਨਿਰੇ ਗਿਆਨ ਦੀ ਬਣੀ ਹੋਈ। ਉਹ ਐਨੀ ਪਵਿੱਤਰ ਹੈ ਜਿੱਥੇ ਉਹ ਚਰਨ ਵੀ ਰੱਖ ਦੇਵੇ ਓਹੀ ਥਾਂ ਪੂਜਣ ਯੋਗ ਹੋ ਜਾਂਦਾ ਹੈ। ਉਹਨੂੰ ਬੁੱਤ ਕੌਣ ਕਹਿੰਦਾ ਹੈ, ਉਹ ਤਾਂ ਗੁਰੂ ਸਦਾ-ਸਦਾ ਜਾਗਦਾ ਹੈ –

*ਸਤਿਗੁਰੁ ਜਾਗਤਾ ਹੈ ਦੇਉ ॥* *ਅੰਗ – 479*

ਕਿਤੇ ਅਲੋਪ ਹੁੰਦਾ ਹੈ ਗੁਰੂ। ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਉਂਦੀਆਂ ਨੇ, ਦੇਵੀਦਾਸ ਨੇ ਧਿਆਨ ਧਰਿਆ ਗੁਰੂ ਦਾ, ਅੱਖਾਂ ਦੇ ਵਿਚ ਗਰਮ ਸਿਲਾਈਆਂ ਫਿਰੀਆਂ, ਧਿਆਨ ਧਰਿਆ ਹੋਇਆ ਸੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਦਾ। ਜਿਸ ਵਕਤ ਅੱਖਾਂ ਅੰਨ੍ਹੀਆਂ ਨਾ ਹੋਈਆਂ, ਉਥੇ ਮਹਾਰਾਜ ਕੋਲ ਆ ਗਿਆ ਆ ਕੇ ਪਤਾ ਲੱਗਿਆ ਕਿ ਮਹਾਰਾਜ ਦੇ ਚਰਨਾਂ 'ਚ ਕੋਈ ਅਕਾਰਨ ਜ਼ਖਮ ਹੋ ਗਏ। ਪੱਟੀਆਂ ਬੰਨ੍ਹੀਆਂ ਹੋਈਆਂ ਨੇ। ਜਾ ਕੇ ਨਮਸ਼ਕਾਰ ਕਰਦਾ ਹੈ, ਪੁੱਛਦਾ ਹੈ ਕਿ ਪਾਤਸ਼ਾਹ! ਇਹ ਕੀ ਹੋਇਆ? ਆਪ ਨੇ ਫੁਰਮਾਇਆ ਕਿ ਪ੍ਰੇਮੀਆ! ਕਿਸੇ ਪ੍ਰੇਮੀ ਦੇ ਅੱਖਾਂ ਦੇ ਅੰਦਰ ਗਰਮ ਸਿਲਾਈਆਂ ਫਿਰਦੀਆਂ ਸੀ, ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ।

ਹੁਣ ਇਸ ਤੋਂ ਜ਼ਿਆਦਾ ਕੀ ਹੋਏਗੀ ਗੱਲ।

ਗੁਰੂ ਛੇਵੇਂ ਪਾਤਸ਼ਾਹ ਲਹਿਰੇਗਾਗੇ ਬੈਠੇ ਨੇ, ਪੱਟੀ ਦੇ ਵਿਚੋਂ ਦੁਸ਼ਾਲੇ ਲੈ ਕੇ ਜਿਸ ਵਕਤ ਨਿਕਲ ਰਿਹਾ ਹੈ ਭਾਈ ਬਿਧੀ ਚੰਦ, ਭੱਠ ਵਿਚ ਛਾਲ ਮਾਰੀ ਉਹਨੇ। ਇਧਰ ਗੁਰੂ ਮਹਾਰਾਜ ਕਹਿੰਦੇ ਕਿ ਭਾਈ, ਜਲਦੀ ਲਿਆਓ ਮਸ਼ਕਾਂ ਪਾਣੀ ਦੀਆਂ ਭਰ ਕੇ, ਉਤੇ ਪੁਆਈ ਜਾਂਦੇ ਨੇ। ਉਹ ਠੰਡਾ ਤੇ ਇੱਧਰ ਤੱਤਾ।

ਸਵਾਮੀ ਵਿਵੇਕਾਨੰਦ ਇਕ ਦਰਿਆ ਦੇ ਕੰਢੇ ਬੈਠੇ ਨੇ। ਇਕ ਧੋਬੀ ਉਥੇ ਕੱਪੜੇ ਧੋਂਦਾ ਹੈ, ਉਹਦਾ ਧਿਆਨ ਐਨਾ ਵਿਵੇਕਾਨੰਦ 'ਚ ਆ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਐਨੇ ਨੂੰ ਉਹਦਾ ਕੋਈ ਦੁਸ਼ਮਣ ਆਇਆ, ਬੇ ਧਿਆਨਾ ਦੇਖ ਕੇ ਸੋਟੀਆਂ ਮਰਨ ਲਗ ਗਿਆ। ਸਵਾਮੀ ਜੀ ਦੌੜੇ ਹੀ ਗਏ, ਕਹਿੰਦੇ ਓਏ ਨਾ ਮਾਰ-ਨਾ ਮਾਰ।

ਕਹਿੰਦਾ, ਤੈਨੂੰ ਕੀ ਦੁਖ ਹੁੰਦਾ ਹੈ?

ਕਹਿੰਦੇ, ਮੇਰੀ ਪਿੱਠ ਤੋਂ ਕੱਪੜਾ ਚੁੱਕ ਕੇ ਦੇਖ।

ਜਦੋਂ ਕੱਪੜਾ ਚੁੱਕਿਆ ਤਾਂ ਸਾਰੀਆਂ ਸੋਟੀਆਂ ਦੇ ਨਿਸ਼ਾਨ ਉਨ੍ਹਾਂ ਦੀ ਪਿੱਠ 'ਤੇ ਪਏ ਹੋਏ ਨੇ।

ਸੋ ਸਾਧਸੰਗਤ ਜੀ! ਧਿਆਨ ਐਵੇਂ ਹੀ ਨਹੀਂ ਹੁੰਦਾ। ਕੱਛੂ ਅੰਡੇ ਦਿੰਦੀ ਹੈ ਬਾਹਰ, ਧਿਆਨ ਦੇ ਨਾਲ ਪਾਲ ਲੈਂਦੀ ਹੈ। ਸੋ ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

ਭਾਈ ਗੋਂਦੇ ਨੇ ਗੁਰੂ ਸੱਤਵੇਂ ਪਾਤਸ਼ਾਹ ਦੇ ਚਰਨਾਂ ਨੂੰ ਜੱਫਾ ਪਾ ਲਿਆ, ਮਹਾਰਾਜ ਚਾਰ ਵਜੇ ਤੱਕ ਬੈਠੇ ਰਹੇ।

ਸਿੱਖਾਂ ਨੇ ਪੁੱਛਿਆ, ਪਾਤਸ਼ਾਹ! ਅੱਜ ਆਪ ਉਠੇ ਨਹੀਂ, ਸਾਵਧਾਨ ਨਹੀਂ ਹੋਏ। ਕਹਿੰਦੇ, ਭਾਈ! ਕਾਬਲ ਦੇ ਅੰਦਰ ਭਾਈ ਗੋਂਦਾ ਅੱਜ ਨਦੀ ਦੇ ਕਿਨਾਰੇ ਬੈਠਾ, ਸਾਡੇ ਚਰਨਾਂ ਨੂੰ ਜੱਫਾ ਮਾਰ ਬੈਠਿਆ, ਇਕ ਰਸ ਸਮਾਧੀ ਲਾ ਕੇ। ਹੁਣ ਜੇ ਅਸੀਂ ਚਰਨ ਹਿਲਾਉਂਦੇ ਹਾਂ, ਤਾਂ ਉਹਦੀ ਸਮਾਧੀ ਟੁੱਟਦੀ ਹੈ। ਇਸ ਕਰਕੇ ਅਸੀਂ ਸਿੱਖ ਦੇ ਪਿਆਰ ਦੇ ਬੰਨ੍ਹੇ ਹੋਏ ਉਵੇਂ ਜਿਵੇਂ ਬੈਠੇ ਰਹੇ।

ਧਿਆਨ ਤਿੰਨ ਤਰ੍ਹਾਂ ਦੇ ਹੋਇਆ ਕਰਦੇ ਨੇ ਇਕ ਸੰਪਤ ਧਿਆਨ, ਦੂਜਾ ਪ੍ਰਤੀਕ ਧਿਆਨ, ਤੀਜਾ ਅਹੰਗ੍ਰਹਿ ਧਿਆਨ।

ਜਿਹੜੇ ਲੋਕ ਇਸ ਨੂੰ ਬੁੱਤ ਪ੍ਰਸਤੀ ਕਹਿੰਦੇ ਨੇ, ਉਨ੍ਹਾਂ ਨੂੰ ਪਤਾ ਨਹੀਂ ਹੈ। ਪੁੱਛ ਲੈਣ ਸਾਧੂਆਂ, ਸੰਤਾਂ ਨੂੰ ਕਿ ਧਿਆਨ ਕੀ ਹੁੰਦਾ ਹੈ। ਧਿਆਨ ਜਿਹੋ ਜਿਹੀ ਬੁੱਧੀ ਉਹੋ ਜਿਹਾ ਹੀ ਧਿਆਨ ਹੈ। ਸ਼ਬਦ ਦਾ ਵੀ ਧਿਆਨ ਹੁੰਦਾ ਹੈ, ਸਾਊਂਡ ਦਾ, ਜੋਤੀ ਦਾ ਵੀ ਧਿਆਨ ਹੁੰਦਾ ਹੈ, ਪਰ ਗੁਰੂ ਦਾ ਵੀ ਧਿਆਨ ਹੁੰਦਾ ਹੈ। ਇਹ ਸਾਨੂੰ ਛੇਤੀ ਦੇ ਕੇ ਵਾਹਿਗੁਰੂ ਦੇ

ਨਾਲ ਨੇੜਤਾ ਪੁਆ ਦਿੰਦਾ ਹੈ ਪਰ ਗੁਰੂ ਛੇਵੇਂ ਪਾਤਸ਼ਾਹ ਦਾ ਧਿਆਨ ਤਾਂ ਕਿੱਡਾ ਵੱਡਾ ਧਿਆਨ ਹੈ।

ਸੋ ਆਪ ਅੰਮ੍ਰਿਤ ਵੇਲੇ ਉਠ ਕੇ ਨਦੀ ਦੇ ਕੰਢੇ ਬੈਠ ਜਾਂਦੇ ਨੇ, ਬੈਠੇ ਰਹਿੰਦੇ ਨੇ ਬਹੁਤ ਦੇਰ ਤੱਕ, ਗੰਗਾ ਦੀ ਬਰੇਤੀ ਦੇ ਉਤੇ। ਉਥੇ ਇਕ ਨਾਸਤਕ ਬੰਦਾ ਰੋਜ਼ ਆਉਂਦਾ ਹੈ। ਹਰ ਰੋਜ਼ ਆ ਕੇ ਦੇਖਦਾ ਹੈ ਕਿ ਆਹ ਬੰਦਾ ਇਥੇ ਹੀ ਬੈਠਾ ਰਹਿੰਦਾ ਹੈ। ਬੜਾ ਪਾਖੰਡ ਕਰਦਾ ਹੈ ਤੇ ਉਸ ਵੇਲੇ ਇਕ ਦਿਨ ਕੋਲ ਆਇਆ, ਆ ਕੇ ਮੋਢਾ ਹਿਲਾ ਕੇ ਕਹਿੰਦਾ ਕਿ ਓਏ ਤੂੰ ਇਥੇ ਕੀ ਬੈਠਾ ਰਹਿੰਦਾ ਹੈਂ, ਆਹ ਕੀ ਮੂੰਹ ਦੇ ਵਿਚ ਬੁੜ-ਬੁੜ ਕਰਦਾ ਹੈਂ? ਕਹਿੰਦੇ ਪਿਆਰਿਆ! ਮੈਂ ਆਪਣੇ ਮਾਲਕ ਦਾ ਨਾਉਂ ਲੈ ਰਿਹਾ ਹਾਂ। ਕਹਿੰਦਾ, ਕਿਉਂ ਲੈ ਰਿਹਾ ਹੈਂ? ਕਹਿੰਦੇ, ਇਥੇ ਚੋਰ ਬਹੁਤੇ ਨੇ। ਉਹ ਚੋਰ ਨੱਠ ਜਾਂਦੇ ਨੇ ਜਦੋਂ ਮੈਂ ਨਾਉਂ ਲੈਂਦਾ ਹਾਂ ਮਾਲਕ ਦਾ।

ਕਹਿੰਦਾ, ਕਿਹੜੇ ਚੋਰ ਨੇ?

ਕਹਿੰਦੇ, ਗਿਣਤੀ ਨਹੀਂ ਹੈ ਚੋਰਾਂ ਦੀ।

***ਧਾਰਨਾ - ਜੀਵ ਇਕ ਤੇ ਸ਼ਿਕਾਰੀ ਬਹੁਤੇ,***
***ਇਕੋ ਤੇਰੀ ਆਸ ਮਾਲਕਾ।***

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥***
***ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥***

***ਅੰਗ - 1384***

ਕਹਿੰਦੇ, ਗਿਣਤੀ ਮਿਣਤੀ ਨਹੀਂ ਹੈ ਚੋਰਾਂ ਦੀ। ਐਨੇ ਨੇ, ਭੁਲਾ ਰਹੇ, ਲੁੱਟ ਰਹੇ ਨੇ, ਇਹਨੂੰ ਖਾਣ ਤੱਕ ਤਿਆਰ ਹੋਏ-ਹੋਏ ਨੇ। ਕਿੰਨੇ ਭਿਆਨਕ ਨੇ। ਕਹਿੰਦੇ, ਮਾੜਿਆਂ-ਮਾੜਿਆ ਦਾ ਨਾਉਂ ਲਓ -

***ਜਹਾ ਕਾਮ ਤਹਾ ਨਾਮ ਨਹਿ ਜਹਾ ਨਾਮ ਨਹ ਕਾਮ।***

ਜਿਥੇ ਕਾਮ ਵਾਸ਼ਨਾ ਹੈ ਉਥੇ ਨਾਮ ਨਹੀਂ ਟਿਕਿਆ ਕਰਦਾ।

***ਦੋਨਹੁ ਕਬਹੂੰ ਨਾ ਮਿਲੇ ਰਵਿ ਰਜਨੀ ਇਕ ਠਾਮ।***

ਜਿਵੇਂ ਰਾਤ ਤੇ ਦਿਨ ਨਹੀਂ ਮਿਲਦਾ, ਇਸੇ ਤਰ੍ਹਾਂ ਕਾਮ ਤੇ ਨਾਮ ਨਹੀਂ ਮਿਲਿਆ ਕਰਦਾ।

***ਕਾਮ ਕ੍ਰੋਧ ਮਦ ਲੋਭ ਸੀ ਜਬ ਲਗ ਮਨ ਮਹਿ....***

ਜਿੰਨਾਂ ਚਿਰ ਕਾਮ ਦੀ, ਕ੍ਰੋਧ ਦੀ, ਲੋਭ ਦੀ, ਮੋਹ ਦੀ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਤ੍ਰਿਸ਼ਨਾ, ਆਸ਼ਾ, ਅੰਦੇਸਾ ਦੀ ਖਾਨ ਅੰਦਰ ਹੈ, ਓਨੀਂ ਦੇਰ ਤੱਕ ਕਹਿੰਦੇ ਕੁਛ ਨਹੀਂ ਬਣਦਾ।

***ਤੁਲਸੀ ਪੰਡਤ ਮੂਰਖੇ ਦੋਨੋ ਏਕ ਸਮਾਨ।***

ਚਾਹੇ ਪੰਡਤ, ਪੜ੍ਹਿਆ ਵਿਦਵਾਨ ਹੈ ਇਕੋ ਜਿਹੇ ਨੇ-

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***

***ਅੰਗ - 140***

ਸੋ ਕਹਿਣ ਲੱਗੇ, ਪਿਆਰਿਆ! ਇਹ ਬੜੇ ਖਤਰਨਾਕ ਨੇ।

ਇਕ ਮਹਾਤਮਾ ਸੀ, ਲੋਕ ਉਨ੍ਹਾਂ ਨੂੰ ਆ ਕੇ ਮਾਇਆ ਚਾੜ੍ਹ ਜਾਂਦੇ ਸੀ। ਮਾਈ ਲੈ ਕੇ ਜਾਂਦੀ ਹੁੰਦੀ ਸੀ ਪ੍ਰਸ਼ਾਦੇ ਤੇ ਮਨ ਵਿਚ ਲੋਭ ਆ ਗਿਆ ਕਿ ਸੰਤ ਫਲਾਣੇ ਥਾਂਉਂ ਰਖਦੇ ਨੇ ਮਾਇਆ। ਤੇ ਕਿਉਂ ਨਾ ਇਹ ਮਾਇਆ ਮੇਰੇ ਬੱਚਿਆਂ ਨੂੰ ਮਿਲ ਜਾਵੇ।

ਇਕ ਦਿਨ ਸੰਤ ਪ੍ਰਸ਼ਾਦਾ ਲੈਣ ਆਏ। ਮਾਈ ਨੇ ਬਹੁਤ ਵਧੀਆ ਪਰਾਉਂਠੇ ਲਾਹੇ। ਪਰਾਉਂਠੇ ਲਾਹ ਕੇ ਵਿਚ ਜ਼ਹਿਰ ਪਾ ਦਿਤੀ। ਉਹ ਲੈ ਕੇ ਚਲੇ ਗਏ। ਉਥੇ ਨੇੜੇ ਹੀ ਉਹਦੇ ਲੜਕੇ ਹਲ ਵਾਹੁੰਦੇ ਸੀ। ਦੋ ਲੜਕੇ ਸੀ ਤੇ ਪ੍ਰਸ਼ਾਦਾ ਆਇਆ ਨਾ। ਪ੍ਰਸ਼ਾਦਾ ਲੈ ਕੇ ਹਾਲੇ ਜਾਂਦੀ ਹੈ। ਏਧਰ ਲੜਕੇ ਜਿਹੜੇ ਨੇ ਉਨ੍ਹਾਂ ਨੇ ਕਿਹਾ ਕਿ ਬਾਬਾ ਜੀ ਕੋਲ ਚਲਦੇ ਹਾਂ, ਕੋਈ ਪ੍ਰਸ਼ਾਦਾ ਮਾੜਾ ਮੋਟਾ ਬਚਿਆ ਪਿਆ ਹੋਣਾ ਉਹ ਖਾ ਲੈਂਦੇ ਹਾਂ। ਕੁਦਰਤੀ ਸੰਤ ਇਸ਼ਨਾਨ ਕਰਨ ਚਲੇ ਗਏ, ਆਏ ਅਜੇ ਪ੍ਰਸ਼ਾਦਾ ਛਕਿਆ ਨਾ। ਲੜਕੇ ਕਹਿੰਦੇ, ਬਾਬਾ ਜੀ! ਅੱਜ ਪ੍ਰਸ਼ਾਦਾ ਨਹੀਂ ਆਇਆ ਘਰੋਂ। ਕਹਿੰਦੇ, ਕੋਈ ਨਾ, ਪਿਆਰਿਓ! ਆਹ ਪ੍ਰਸ਼ਾਦੇ ਮੈਂ ਲੈ ਕੇ ਆਇਆ ਹਾਂ ਤੁਹਾਡੀ ਮਾਤਾ ਤੋਂ, ਤੁਸੀਂ ਛਕ ਲਓ। ਉਹ ਦੋਹਾਂ ਨੇ ਛਕ ਲਏ, ਬਹੁਤ ਸਖਤ ਕਿਸਮ ਦੀ ਜ਼ਹਿਰ ਸੀ, ਦੋਵੇਂ ਮਰ ਗਏ। ਐਨੇ ਨੂੰ ਮਾਈ ਆ ਗਈ ਪ੍ਰਸ਼ਾਦਾ ਲੈ ਕੇ ਉਥੇ ਦੇਖਦੀ ਹੈ ਕਿ ਮੇਰੇ ਮੁੰਡੇ ਲੰਮੇ ਪਏ ਨੇ, ਸਾਧ ਤਾਂ ਉਵੇਂ ਹੀ ਜਿਉਂਦੇ ਦਾ ਜਿਉਂਦਾ ਬੈਠਾ ਹੈ। ਕਹਿੰਦੀ, ਬਾਬਾ ਜੀ! ਤੁਸੀਂ ਪ੍ਰਸ਼ਾਦਾ ਨਹੀਂ ਛਕਿਆ? ਕਹਿੰਦੇ, ਜਿਹੜਾ ਤੂੰ ਮੈਨੂੰ ਛਕਾਉਣਾ ਸੀ ਤੇਰੇ ਲੜਕਿਆਂ ਨੇ ਖਾ ਲਿਆ। ਲੱਗ ਗਈ ਰੋਣ ਉਥੇ ਹੀ।

ਕਹਿੰਦੇ, ਇਕ-ਇਕ ਚੋਰ ਐਡਾ ਜ਼ਬਰਦਸਤ ਹੈ, ਕਿਸੇ ਚੋਰ ਦੀ ਗੱਲ ਕਰ ਲਓ। ਐਨੇ ਤਕੜੇ ਨੇ ਇਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ। ਕਹਿੰਦੇ –

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ – 1288*

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ 2 ॥*
*ਉਨ ਤੇ ਰਾਖੈ ਬਾਪੁ ਨ ਮਾਈ ॥*
*ਉਨ ਤੇ ਰਾਖੈ ਮੀਤੁ ਨ ਭਾਈ ॥*
*ਦਰਬਿ ਸਿਆਣਪ ਨਾ ਓਇ ਰਹਤੇ ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ ॥* *ਅੰਗ – 182*

ਸਾਧੂ ਦੀ ਸੰਗਤ ਮਿਲ ਜਾਵੇ ਤਾਂ, ਇਹ ਚੋਰ ਵਸ ਹੋ ਜਾਂਦੇ ਨੇ। ਕਹਿੰਦੇ ਪਿਆਰਿਆ! ਮੈਂ ਤਾਂ ਆਪਣੇ ਗੁਰੂ ਨੂੰ ਆਵਾਜ਼ ਮਾਰ ਰਿਹਾ ਹਾਂ।

ਕਿਉਂਕਿ ਮੈਨੂੰ ਚੋਰਾਂ ਤੋਂ ਡਰ ਲਗਦਾ ਹੈ। ਕਹਿੰਦਾ, ਕਿਹੜੇ ਚੋਰ ਨੇ ਉਥੇ, ਮੂਰਖ ਬੰਦਾ ਸੀ, ਕਹਿੰਦੇ ਮੂਰਖ ਜਿਹੜਾ ਸੀ, ਉਹਦੇ ਨਾਲ ਕੀ ਗੱਲ ਕਰੇ। ਮੂਰਖ ਦੀਆਂ ਗੱਲਾਂ ਓਹੀ ਸੁਣੇ ਜਿਹੜਾ ਆਪ ਮੂਰਖ ਹੋਵੇ -

***ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥***
***ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥***
***ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥***

***ਅੰਗ - 953***

ਉਹਦੇ 'ਚ ਅਭਿਮਾਨ ਹੁੰਦਾ ਹੈ ਹੱਦ ਤੋਂ ਜ਼ਿਆਦਾ।

***ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥***

***ਅੰਗ - 953***

ਦੁਖ 'ਚ ਹੀ ਰਹਿੰਦਾ ਹੈ। ਸੋ ਉਸ ਵੇਲੇ ਕਹਿਣ ਲੱਗਿਆ, ਤੂੰ ਤਾਂ ਇਥੇ ਦੁਨੀਆਂ ਨੂੰ ਗੁਮਰਾਹ ਕਰ ਰਿਹਾ ਹੈਂ। ਮੈਂ ਤੈਨੂੰ ਬੜੇ ਦਿਨ ਦਾ ਦੇਖ ਰਿਹਾ ਹਾਂ।

ਕਹਿੰਦਾ, ਪਿਆਰਿਆ! ਮੈਂ ਤੇਰਾ ਤਾਂ ਕੁਛ ਨਹੀਂ ਵਿਗਾੜਦਾ।

ਕਹਿੰਦਾ, ਵਿਗਾੜਦਾ ਨਹੀਂ ਹੈ? ਨਾ ਡਰਦਾ ਤੂੰ ਮੇਰੇ ਤੋਂ। ਥੱਪੜ ਮਾਰਿਆ ਮੂੰਹ 'ਤੇ।

ਭਾਈ ਸਾਹਿਬ ਕਹਿਣ ਲੱਗੇ, ਕੋਈ ਨਾ ਪ੍ਰੇਮੀਆਂ! ਹੱਥ ਨੂੰ ਸੱਟ ਤਾਂ ਨਹੀਂ ਲੱਗੀ ਤੇਰੇ?

ਬਹੁਤ ਗਾਲ੍ਹਾਂ ਕੱਢੀਆਂ, ਫਿੱਕਾ ਬੋਲਿਆ।

ਕਿਉਂਕਿ ਸਾਧੂ ਦਾ ਸੁਭਾਅ ਇਹ ਹੈ ਕਿ ਬੁਰੇ ਦਾ ਬੁਰਾ ਨਹੀਂ ਲੋਚਦਾ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥*** ***ਅੰਗ - 259***

ਇਹ ਵਿਸ਼ੇਸ਼ਤਾ ਹੈ ਕਿ ਵੈਰ ਨਹੀਂ ਕਿਸੇ ਨਾਲ ਕਰਨਾ-

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***

***ਅੰਗ - 1382***

ਪਰ ਜਦ ਨਿਰਵੈਰਾਂ ਨਾਲ ਕੋਈ ਵੈਰ ਰਚਾਉਂਦਾ ਹੈ, ਤਾਂ ਉਹ ਆਪ ਅੰਦਰੋਂ ਖਾਲੀ ਹੋ ਜਾਂਦੇ ਹਨ ਅਤੇ ਕਿਸੇ ਤਰ੍ਹਾਂ ਦੀ ਬਦਲੇ ਦੀ ਭਾਵਨਾ ਨਹੀਂ ਰਖਦੇ। ਫੇਰ ਮਿੱਤਰਾਂ-ਮਿੱਤਰਾਂ ਦੀ ਲੜਾਈ ਹੋ ਜਾਂਦੀ ਹੈ।

ਇਕ ਮਹਾਤਮਾ ਸੀ ਉਹ ਜਾ ਰਹੇ ਨੇ ਆਰਾਮ ਨਾਲ, ਕੁਛ ਨਹੀਂ ਕਰਦੇ। ਇਕ ਵੇਸਵਾ ਦੇ ਦਰਵਾਜ਼ੇ ਦੇ ਅੱਗੇ ਬੰਦੇ ਖੜ੍ਹੇ ਨੇ। ਮੀਂਹ ਪਿਆ ਹੋਇਆ ਹੈ, ਚਿੱਕੜ ਬਹੁਤ ਹੈ, ਕਿਤੇ ਉਸ ਮਹਾਤਮਾ ਦਾ ਪੈਰ ਤਿਲਕ ਗਿਆ, ਛਿੱਟਾ ਵੇਸਵਾ ਦੇ ਕੱਪੜੇ 'ਤੇ ਪੈ ਗਿਆ ਮਾੜਾ ਜਿਹਾ। ਉਹਦੇ

ਨਾਲ ਦਾ ਬੰਦਾ ਕਹਿਣ ਲੱਗਿਆ ਕਿ ਓ ਸਾਧਾ! ਤੈਨੂੰ ਸੁਰਤ ਨਹੀਂ ਹੈ? ਦੇਖ ਉਹਦਾ ਕੱਪੜਾ ਖਰਾਬ ਹੋ ਗਿਆ।

ਕਹਿੰਦੇ, ਪਿਆਰਿਆ! ਮੈਂ ਤਾਂ ਆਪ ਗਿਰ ਗਿਆ। ਜੇ ਗਲਤੀ ਹੈ ਤਾਂ ਮਾਫ ਕਰ ਦੇ।

ਕਹਿੰਦਾ, ਮਾਫ ਕਰ ਦੇ? ਜਾ ਕੇ ਲੱਤਾਂ ਮਾਰੀਆਂ, ਲੱਤਾਂ ਮਾਰਦੇ-ਮਾਰਦੇ, ਆਪ ਤਿਲਕ ਗਿਆ, ਤਿਲਕਦੇ ਦਾ ਲੱਕ ਕੋਲੋਂ ਪੱਟ ਟੁੱਟ ਗਿਆ। ਹਾਏ-ਹਾਏ ਕਰਨ ਲੱਗ ਗਿਆ। ਵੇਸਵਾ ਸਿਆਣੀ ਸੀ ਕਹਿੰਦੀ, ਸੰਤ ਜੀ ਕ੍ਰਿਪਾ ਕਰੋ-ਕ੍ਰਿਪਾ ਕਰੋ।

ਸੰਤ ਕਹਿੰਦੇ, ਬੀਬੀ! ਨਾ ਤੇਰਾ ਕਸੂਰ ਹੈ, ਨਾ ਮੇਰਾ ਕਸੂਰ ਹੈ, ਇਹ ਤਾਂ ਆਪਣੇ ਮਿੱਤਰਾਂ ਦੀ ਲੜਾਈ ਹੋ ਰਹੀ ਹੈ। ਮੇਰਾ ਮਿੱਤਰ ਵਾਹਿਗੁਰੂ ਹੈ, ਤੇਰਾ ਮਿੱਤਰ ਇਹ ਹੈ।

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***

***ਅੰਗ - 306***

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸਰਹੱਦੀ ਸੂਬੇ ਦੇ ਅੰਦਰ ਜਿੱਥੇ ਪਠਾਣਾਂ ਦਾ ਬੜਾ ਹੀ ਜ਼ੋਰ ਸੀ, ਓਸ ਥਾਂ 'ਤੇ ਸੰਗਤਾਂ ਨੂੰ ਤਾਰ ਰਹੇ ਨੇ। ਇਕ ਪਿੰਡ ਅਕਾਰਨ ਹੀ ਉਨ੍ਹਾਂ ਦੇ ਨਾਲ ਵੈਰ ਕਰਦਾ ਸੀ, ਕੋਈ ਮਤਲਬ ਨਹੀਂ, ਸੰਗਤਾਂ ਲੰਘਦੀਆਂ ਸੀ, ਉਹ ਕਹਿੰਦੇ ਕਿ ਇਹ ਸਾਡੇ ਪਿੰਡ ਕੋਲ ਦੀ ਕਿਉਂ ਲੰਘਦੇ ਨੇ? ਕੁੱਤੇ ਬੜੇ ਜ਼ਹਿਰੀ ਰੱਖੇ ਹੋਏ ਸੀ ਉਨ੍ਹਾਂ ਨੇ। ਜਦੋਂ ਸੰਗਤ ਨੇ ਆਉਣਾ ਕੁੱਤੇ ਛੱਡ ਦੇਣੇ। ਨੱਠ-ਭੱਜ ਪੈ ਜਾਣੀ, ਮੁਕਾਬਲਾ ਹੱਥਾਂ ਨਾਲ ਹੀ ਕਰਦੇ ਸੀ। ਦੂਰੋਂ ਹੀ ਆਵਾਜ਼ਾਂ ਦਿੰਦੇ ਸੀ ਕਿ ਮੇਰੇ ਕੁੱਤੇ ਦੇ ਨਾ ਮਾਰੀ ਕੁਛ, ਨਹੀਂ ਤਾਂ ਬਹੁਤ ਬੁਰੀ ਹੋਊਗੀ। ਕੱਪੜੇ ਫਟ ਜਾਣੇ, ਖੂਨ ਚੱਲ ਪੈਣਾ, ਬਾਬਾ ਜੀ ਕੋਲ ਆਉਣਾ ਕਹਿਣਾ ਬਾਬਾ ਜੀ! ਬੜਾ ਦੁਖੀ ਕਰਦੇ ਨੇ ਇਹ। ਆਪ ਨੇ ਕਹਿਣਾ, ਕੋਈ ਨਾ ਭਾਈ -

***ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥***

***ਅੰਗ - 1373***

ਸੰਤ ਜਿਹੜਾ ਹੈ ਉਹ ਸੰਤਪੁਣਾ, ਸ਼ਾਂਤੀ ਨਹੀਂ ਛੱਡਿਆ ਕਰਦਾ। ਭਾਵੇਂ ਚੰਦਨ ਦਾ ਬਿਰਖ ਸੱਪਾਂ ਨੇ ਵੇੜਿਆ ਵੀ ਹੋਵੇ ਤਾਂ ਵੀ ਉਹ ਸੀਤਲਤਾ ਨਹੀਂ ਛੱਡਿਆ ਕਰਦਾ। ਕਹਿੰਦੇ, ਰਸਤਾ ਕਿੰਨੀ ਦੂਰ ਹੈ? ਕਹਿੰਦੇ, ਜੀ! ਮੀਲ-ਡੇਢ ਮੀਲ ਦਾ ਫਰਕ ਪੈਂਦਾ ਹੈ। ਕਹਿੰਦੇ, ਕੋਈ ਗੱਲ ਨਹੀਂ ਹੈ, ਉਧਰੋਂ ਦੀ ਆ ਜਾਇਆ ਕਰੋਂ ਤੁਸੀਂ। ਉਥੋਂ ਦੀ ਜਾਣ ਲੱਗ ਗਏ, ਉਨ੍ਹਾਂ ਨੇ ਕਿਹਾ ਕਿ ਹੁਣ ਉਹ ਉਥੋਂ ਦੀ ਲੰਘਦੇ ਨੇ। ਇਹ ਹਟਾਉਣੇ ਨੇ, ਆਉਣ ਨਹੀਂ ਦੇਣੇ। ਉਥੇ ਜਾ ਕੇ ਕੁੱਤੇ ਛੱਡਣੇ ਸ਼ੁਰੂ ਕਰ ਦਿਤੇ।

ਕਹਿਣ ਲੱਗੇ, ਬਾਬਾ ਜੀ! ਹੁਣ ਤਾਂ ਉਥੇ ਵੀ ਪਹੁੰਚ ਗਏ।

ਬਾਬਾ ਜੀ ਕਹਿਣ ਲੱਗੇ, ਕੋਈ ਨਾ ਪਿਆਰਿਓ! ਹੁਣ ਵਾਹਿਗੁਰੂ ਜਾਣੇ, ਉਹ ਜਾਨਣ। ਆਪਾਂ ਚੁੱਪ ਕਰ ਰਹੋ। ਸੋ ਦਰਵੇਸ਼ ਦਾ ਕੀ ਹੁੰਦਾ ਹੈ, ਦਰਵੇਸ਼ ਤਾਂ ਹਾਰੇ ਹੋਏ ਪੱਲੜੇ ਵਿਚ ਹੀ ਰਹਿੰਦਾ ਹੁੰਦਾ ਹੈ।

ਐਸੀ ਕਰਨੀ ਹੋਈ ਪਿੰਡ ਵਿਚੋਂ ਰੋਜ਼ ਬੰਦੇ ਮਰਨੇ ਸ਼ੁਰੂ ਹੋ ਗਏ। ਦੋ ਮਰ ਜਾਣ, ਤਿੰਨ ਮਰ ਜਾਣ। ਮਹੀਨੇ ਦੇ ਅੰਦਰ-ਅੰਦਰ ਨਰ ਆਬਾਦੀ ਸਾਰੀ ਖਤਮ ਹੋ ਗਈ। ਇਕ ਬੱਚਾ ਰਹਿ ਗਿਆ ਸਾਲ ਕੁ ਦਾ। ਉਹ ਮਾਈ ਨੂੰ ਸੋਝੀ ਸੀ, ਲਿਆ ਕੇ ਬਾਬਿਆਂ ਦੇ ਚਰਨਾਂ 'ਤੇ ਰੱਖ ਦਿਤਾ। ਬਾਬਾ ਜੀ! ਪਿੰਡ ਦੀ ਜੜ੍ਹ ਰੱਖ ਲਓ। ਠੀਕ ਹੈ ਉਹ ਪਾਪ ਕਰਦੇ ਸੀ ਪਰ ਅਸੀਂ ਮਾਈਆਂ ਪਾਪ ਨਾਲ ਸਹਿਮਤ ਨਹੀਂ ਸੀਗੀਆਂ। ਅਸੀਂ ਬੁਰਾ ਮੰਨਦੀਆਂ ਸੀ, ਸਾਡਾ ਕਿਹਾ ਕੌਣ ਮੰਨਦਾ। ਕ੍ਰਿਪਾ ਕਰੋ, ਇਸ ਪਿੰਡ ਦੀ ਜੜ੍ਹ ਨਾ ਪੁੱਟੋ। ਕਹਿੰਦੇ, ਚੰਗਾ ਮਾਈ! ਜੜ੍ਹ ਰਹਿ ਜਾਏਗੀ ਤੁਹਾਡੀ, ਪਰ ਇਹਦਾ ਨਾਉਂ ਅੱਲਾ ਬਖਸ਼ ਰੱਖ ਲੈ। ਅੱਲਾਹ ਦਾ ਬਖਸ਼ਿਆ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਅਕਾਰਨ ਵੈਰ ਕਰਨ ਵਾਲੇ –

***ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥***

***ਅੰਗ – 306***

ਕਹਿੰਦੇ, ਪਚਣਾ ਪੈਂਦਾ ਹੈ ਉਨ੍ਹਾਂ ਨੂੰ। ਸੋ ਇਸ ਪ੍ਰੇਮੀ ਨੇ ਜਦੋਂ ਥੱਪੜ ਮਾਰਿਆ, ਬੇਇਜ਼ਤੀ ਕਰੀ, ਧੱਕੇ ਦਿਤੇ। ਕਹਿਣ ਲੱਗੇ, ਪਿਆਰਿਆ! ਮੈਂ ਤਾਂ ਹਾਂ ਹੀ ਬੁਰਾ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ – 1364***

ਸਰਬ ਸ਼ਕਤੀ ਸੰਪੰਨ ਹੁੰਦੇ ਹੋਏ ਇਕ ਵੀ ਬਚਨ ਮਾੜਾ ਨਹੀਂ ਕਿਹਾ। ਕਹਿੰਦੇ, ਕੋਈ ਨਾ, ਤੈਨੂੰ ਗੁਰੂ ਸੁਮੱਤ ਦੇਵੇ। ਤੈਨੂੰ ਵੀ ਸੋਝੀ ਦੇਵੇ ਗੁਰੂ। ਇਸ ਤਰ੍ਹਾਂ ਕਹਿ ਕੇ ਕਹਿਣ ਲੱਗੇ, ਚੰਗਾ ਮੈਂ ਕੱਲ੍ਹ ਤੋਂ ਨਹੀਂ ਇਥੇ ਆਉਂਦਾ, ਜੇ ਤੈਨੂੰ ਬੁਰਾ ਲਗਦਾ ਹਾਂ। ਮੈਂ ਕਿਤੇ ਹੋਰ ਚਲਿਆ ਜਾਇਆ ਕਰਾਂਗਾ। ਹੋਰ ਥਾਉਂ ਭਾਲ ਲਿਆ ਉਨ੍ਹਾਂ ਨੇ।

ਇਧਰਲੇ ਪਾਸੇ ਕੀ ਹੋਇਆ, ਸਰੀਰ ਗਲ ਗਿਆ ਉਹਦਾ। ਕੋਹੜ ਹੋ ਗਿਆ, ਹਰ ਵਕਤ ਹਾਏ-ਹਾਏ ਦੀ ਆਵਾਜ਼ ਆਉਂਦੀ ਹੈ। ਟੋਲ੍ਹਦਾ ਫਿਰਦਾ ਹੈ ਉਨ੍ਹਾਂ ਨੂੰ। ਉਹ ਲੱਭਦੇ ਨਹੀਂ ਪਤਾ ਨਹੀਂ ਕਿੱਥੇ ਚਲੇ ਗਏ। ਅਖੀਰ ਜਦੋਂ ਸਰੀਰ ਦਾ ਬਹੁਤ ਬੁਰਾ ਹਾਲ ਹੋ ਗਿਆ। ਕੱਢ ਦਿਤਾ ਸਾਰਿਆਂ ਨੇ, ਘਰਦਿਆਂ ਨੇ ਕੱਢ ਦਿਤਾ, ਦੂਸਰਿਆਂ ਨੇ ਵੀ ਦੂਰ ਕਰ ਦਿਤਾ। ਸੁਸਾਇਟੀ ਨੇ ਵੀ ਦੂਰ ਕਰ ਦਿਤਾ ਕਿ ਕੋਹੜ ਦਾ ਰੋਗ ਹੈ ਲਗ ਜਾਏਗਾ। ਉਸ ਵੇਲੇ ਆਪਣੇ ਔਗੁਣ ਨੂੰ ਚਿਤਾਰਦਾ ਹੈ ਕਿ ਇਕ ਸਾਧੂ ਦੇ, ਇਕ ਭਲੇ ਲੋਕ ਦੇ ਅਹੰਕਾਰ 'ਚ ਆ ਕੇ ਮਾਰਿਆ। ਜੇ ਸਾਧੂਆਂ ਨਾਲ ਪਿਆਰ ਕਰਦਾ ਹੈ, ਗੁਰਸਿੱਖਾਂ ਨਾਲ ਕੋਈ ਪਿਆਰ ਕਰਦਾ ਹੈ ਮਹਾਰਾਜ ਕਹਿੰਦੇ –

***ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ***
***ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਅੰਗ - 317***

ਜਿਹੜਾ ਸਿੱਖਾਂ ਨੂੰ ਲੋਚਦਾ ਹੈ, ਉਹਦੇ ਪਿਆਰਿਆਂ ਨੂੰ, ਗੁਰੂ ਉਸ 'ਤੇ ਖੁਸ਼ੀ ਹੋ ਕੇ ਜੋ ਮੰਗਦੇ ਨੇ ਦੇ ਦਿਆ ਕਰਦਾ ਹੈ। ਜਿਹੜਾ ਉਨ੍ਹਾਂ ਨੂੰ ਤੰਗ ਕਰਦਾ ਹੈ ਉਹਦਾ ਉਲਟਾ ਅਸਰ ਹੋਇਆ ਕਰਦਾ ਹੈ। ਇਹ ਤਾਂ ਨਹੀਂ ਹੈ ਕਿ ਜਿੰਨੀ ਦੁਨੀਆਂ ਸਾਨੂੰ ਦਿਸਦੀ ਹੈ ਇਸ ਤੋਂ ਅੱਗੇ ਕੁਛ ਹੈ ਨਹੀਂ। ਗੈਬ ਦੇ ਵਿਚ ਬੇਅੰਤ ਦੁਨੀਆਂ ਹੈ ਜਿਹਨੂੰ ਅਸੀਂ ਜਾਣਦੇ ਨਹੀਂ। ਗੈਬ ਦੇ ਵਿਚ ਕੀ ਹੋ ਰਿਹਾ ਹੈ ਅਸੀਂ ਨਹੀਂ ਜਾਣਦੇ।

ਸੋ ਉਥੋਂ ਤਾਰ ਹਿਲੀ, ਕੋਹੜ ਕਰ ਦਿਤਾ, ਸਰੀਰ ਰੋਗੀ ਹੋ ਗਿਆ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਅੰਗ - 135***

ਰੋਗ ਵਿਆਪ ਗਿਆ, ਹੁਣ ਕੋਈ ਨੇੜੇ ਨਹੀਂ ਆਉਂਦਾ। ਟੋਲ੍ਹਦਾ ਫਿਰਦਾ ਹੈ। ਅਖੀਰ ਇਕ ਦਿਨ ਫਿਰਦਾ-ਫਿਰਦਾ ਦੇਖਿਆ ਕਿ ਇਹ ਤਾਂ ਉਹੀ ਬੈਠਾ ਹੈ। ਉਸ ਵੇਲੇ ਜਾ ਕੇ ਰੋਂਦਾ ਹੈ ਉੱਚੀ-ਉੱਚੀ, ਚਰਨਾਂ 'ਤੇ ਢਹਿ ਪਿਆ, ਲੰਮਾ ਪੈ ਗਿਆ। ਕਹਿੰਦਾ, ਬਾਬਾ! ਮੈਨੂੰ ਬਖਸ਼ ਦੇ। ਮੈਂ ਬੜਾ ਬੁਰਾ ਕਰਿਆ ਤੇਰੇ ਨਾਲ। ਮੈਂ ਭੁੱਲਿਆ ਹੋਇਆ ਸੀ।

ਸੰਤ ਕਹਿੰਦੇ, ਕੋਈ ਨਾ ਪ੍ਰੇਮੀਆਂ! ਤੂੰ ਭੁੱਲਿਆ ਹੋਇਆ ਨਾ ਕਹਿ। ਤੂੰ ਤਾਂ ਬੜੀ ਸੋਝੀ ਵਾਲਾ ਸੀ, ਤੂੰ ਤਾਂ ਮੈਨੂੰ ਬੜੀ ਚੰਗੀ ਗੱਲ ਕਹੀ ਸੀ ਕਿ ਤੂੰ ਉਥੇ ਬੈਠਾ ਹੈਂ, ਲੋਕਾਂ ਨੂੰ ਚੰਗਾ ਨਹੀਂ ਲਗਦਾ, ਫੇਰ ਮੈਂ ਉਥੋਂ ਉਠ ਕੇ ਇਥੇ ਆ ਗਿਆ। ਬਾਕੀ ਤੂੰ ਮੈਨੂੰ ਸੁਮੱਤ ਵੀ ਦੇ ਦਿਤੀ ਤੇ ਮੈਂ ਤਾਂ ਤੇਰਾ ਭਲਾ ਹੀ ਮੰਗਦਾ ਹਾਂ।

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬੱਤ ਕਾ ਭਲਾ।***

ਗੁਰਮੁਖ ਕਦੇ ਵੀ ਬੁਰਾ ਨਹੀਂ ਮੰਗਦੇ। ਕਦੇ ਵੀ ਜਿਹੜਾ ਗੁਰਮੁਖ ਹੈ, ਸਾਧੂ ਹੈ, ਮਹਾਂਪੁਰਸ਼ ਹੈ ਉਹਦੇ ਚਰਿੱਤਰ ਵਿਚ ਇਹ ਚੀਜ਼ ਨਹੀਂ ਹੈ ਕਿ ਸੰਸਾਰ ਦਾ ਬੁਰਾ ਮੰਗੇ -

***ਧਾਰਨਾ - ਭਲਾ ਮੰਗਦੇ ਦੁਨੀਆਂ ਦਾ ਸਾਧੂ,***
***ਲੋਚਦੇ ਨਾ ਬੁਰਾ ਕਿਸੇ ਦਾ।***

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - 1382***

***ਬੁਰਿਆਂ ਨਾਲ ਬੁਰਿਆਈ ਕਰਦੇ ਮੁਆਫ ਕਰਨ ਕਈ ਸਿਆਣੇ।***
***ਬੁਰਿਆਂ ਨਾਲ ਭਲਿਆਈ ਕਰਨੀ ਇਹ ਗੁਰੂ ਨਾਨਕ ਜਾਣੇ।***

ਗੁਰੂ ਘਰ ਵਿਚ ਹੈ ਕਿ ਬੁਰਿਆਂ ਦਾ ਵੀ ਭਲਾ ਕਰਨਾ, ਸੱਚੇ ਦਿਲੋਂ ਕਹਿਣਾ - 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ'।

ਕਿਉਂਕਿ ਐਸੀ ਕੁਆਲਿਟੀ ਹੈ-

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ 1 ॥*
*ਮਨ ਮੇਰੇ ਰਾਮ ਰਉ ਨਿਤ ਨੀਤਿ ॥*
*ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥*

*ਅੰਗ - 1018*

ਦਰਖਤ ਨੂੰ ਕੱਟਦੇ ਨੇ ਕਿੰਨੇ ਕੰਮ ਕਰਦਾ ਹੈ, ਬਿਲਡਿੰਗਾਂ ਵਾਸਤੇ ਲੱਕੜ ਦਿੰਦਾ ਹੈ। ਖੜ੍ਹਾ ਹੈ ਤਾਂ ਛਾਂ ਦਿੰਦਾ ਹੈ, ਇੱਟਾਂ ਮਾਰਦੇ ਨੇ ਤਾਂ ਫਲ ਸੁੱਟਦਾ ਹੈ। ਕਹਿੰਦੇ, ਇਹ ਸਾਧੂਆਂ ਦਾ ਸੁਭਾਅ ਹੋਇਆ ਕਰਦਾ ਹੈ। ਜਿਵੇਂ ਬੇੜੀ ਬਣਾ ਲਈ, ਬੇੜੀ ਉਹਨੂੰ ਹੀ ਪਾਰ ਕਰ ਦਿੰਦੀ ਹੈ, ਕੱਟਣ ਵਾਲੇ ਨੂੰ। ਮਿੱਤਰ ਤੇ ਸ਼ਤਰੂ ਇਕ ਸਮਾਨ ਜਾਣਦੇ ਨੇ ਸਾਧੂ। ਦੋ ਨਹੀਂ ਇਨ੍ਹਾਂ ਲਈ ਹੋਇਆ ਕਰਦਾ।

ਭਾਈ ਘਨੱਈਏ ਨੂੰ ਪੁੱਛਿਆ ਕਿ ਭਾਈ ਘਨੱਈਆ! ਤੂੰ ਪਾਣੀ ਪਿਲਾਈ ਜਾਂਦਾ ਹੈਂ? ਤੂੰ ਖਾਲਸੇ ਨੂੰ ਪਾਣੀ ਨਹੀਂ ਪਿਲਾਉਂਦਾ ਤੇ ਤੁਰਕਾਂ ਨੂੰ ਪਿਲਾਈ ਜਾਂਦਾ ਹੈਂ?

ਕਹਿਣ ਲੱਗਿਆ, ਪਾਤਸ਼ਾਹ! -

ਤੁਰਕ ਅਤਰੁਕ ਨ ਦਿਸਦਾ ਮੈਨੂੰ।

ਮੈਨੂੰ ਤਾਂ ਦਿਸਣ ਤੋਂ ਹਟ ਗਿਆ, ਤੁਰਕ ਨਾ ਅਤੁਰਕ। ਮੈਂ ਤਾਂ ਤੈਨੂੰ ਪਾਣੀ ਪਿਲਾਉਂਦਾ ਹਾਂ, ਤੈਨੂੰ ਹੀ ਦੇਖਦਾ ਹਾਂ, ਤੇਰੀ ਹੀ ਆਵਾਜ਼ ਸੁਣਦਾ ਹਾਂ। ਮੇਰੇ ਨੇਤਰਾਂ ਨੂੰ ਦੂਸਰਾ ਦਿਸਣ ਤੋਂ ਹਟ ਗਿਆ, ਮੈਂ ਕਰਾਂ ਕੀ?

ਮਹਾਰਾਜ ਹੱਸੇ, ਹੱਸ ਕੇ ਬੁੱਕਲ 'ਚ ਲੈ ਲਿਆ। ਕਹਿੰਦੇ, ਨਿਹਾਲ! ਨਿਹਾਲ! ਨਿਹਾਲ ਘਨੱਈਆ। ਲੈ ਹੁਣ ਮੱਲ੍ਹਮ ਵੀ ਲੈ ਤੇ ਪੱਟੀਆਂ ਵੀ ਲੈ, ਲੋੜ ਪਈ ਤਾਂ ਮੇਰੇ ਲਾਈਂ।

ਕਿੱਡੀ ਵੱਡੀ ਗੱਲ ਹੈ, ਕਿੱਡਾ ਵੱਡਾ ਸਿਧਾਂਤ ਹੈ। ਜੇ ਦੁਨੀਆਂ ਦੇ ਵਿਚ ਇਹਨੂੰ ਪ੍ਰੈਕਟੀਕਲੀ ਕਰੀਏ ਤਾਂ ਕਿੱਥੇ ਚਲੀ ਜਾਵੇ। ਸੱਚਮੁੱਚ ਸਰਦਾਰ ਬਣ ਜਾਵੇ ਸਿੱਖ। ਲੇਕਿਨ ਜਦੋਂ ਵੈਰ ਭਾਵਨਾ 'ਚ ਆਉਂਦਾ ਹੈ, ਦੂਜੇ ਨੂੰ ਬੁਰਾ ਕਹਿੰਦਾ ਹੈ, ਮੰਦਾ ਚਿਤਵਦਾ ਹੈ, ਫੇਰ ਇਹ ਗੁਰਸਿੱਖੀ ਦੀ ਬਾਤ ਨਹੀਂ ਹੈ, ਮਨੁੱਖ ਦੀ ਬਾਤ ਹੈ। ਗੁਰੂ ਨਾਲੋਂ ਟੁੱਟ ਜਾਂਦਾ ਹੈ, ਪਿੱਠ ਕਰ ਲੈਂਦਾ ਹੈ ਉਸ ਵੱਲ।

ਸੋ ਉਸ ਵੇਲੇ ਕਹਿਣ ਲੱਗੇ, ਤੈਨੂੰ ਬੜਾ ਦੁਖ ਹੋਇਆ, ਮੈਂ ਤਾਂ ਪਿਆਰਿਆ! ਚਿਤਵਿਆ ਹੀ ਨਹੀਂ ਹੈ। ਮੈਂ ਤਾਂ ਅਰਦਾਸ ਕਰਦਾ ਹਾਂ, ਆਹ ਤੈਨੂੰ ਕਾਹਨੂੰ ਹੋਣਾ ਸੀ, ਤੂੰ ਤਾਂ ਮੈਨੂੰ ਕੰਮ ਦੀ ਹੀ ਗੱਲ ਕਹੀ ਸੀ, ਮੈਂ ਇਥੇ ਆ ਗਿਆ, ਮੇਰੇ ਮਨ ਵਿਚ ਤਾਂ ਗੱਲ ਹੀ ਨਹੀਂ। ਵਾਹਿਗੁਰੂ ਭਲਾ ਕਰੇ ਤੇਰਾ।

ਉਸ ਵੇਲੇ ਕਹਿਣ ਲੱਗੇ ਜਦੋਂ ਬਹੁਤ ਹੀ ਨਿਮ੍ਰਤਾ ਨਾਲ ਗਿਰਿਆ ਕਿ ਹਾਂ ਗੁਰੂ ਨੇ ਇਕ ਦਵਾਈ ਦਿਤੀ ਹੋਈ ਹੈ। ਉਹ ਤੇਰੇ ਅੰਦਰ ਪਈ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ – 259*

ਇਹਨੂੰ ਜੇ ਸੰਜਮ ਦੇ ਨਾਲ ਵਰਤ ਲਵੇ ਤਾਂ ਇਹ ਦਵਾਈ ਸਾਰੇ ਰੋਗਾਂ ਨੂੰ ਦੂਰ ਕਰਨ ਦੀ ਸਮਰੱਥਾ ਰਖਦੀ ਹੈ –

*ਧਾਰਨਾ – ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇੱਕੋ ਨਾਮ ਵਾਹਿਗੁਰੂ ਦਾ।*

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ– 274*

ਕਹਿੰਦੇ, ਪਿਆਰਿਆ! ਦਾਰੂ ਤੇਰੇ ਅੰਦਰ ਪਈ ਹੈ, ਦਸ ਮੈਂ ਦਿੰਦਾ ਹਾਂ। ਬਹਿ ਜਾ ਸਾਮ੍ਹਣੇ। ਬਹਿ ਗਿਆ। ਕਹਿੰਦੇ, ਤੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾ, ਦਵਾਈ ਤੱਕ ਪਹੁੰਚ ਜਾਏਂਗਾ, ਜਦੋਂ ਦਵਾਈ ਤੱਕ ਪਹੁੰਚ ਗਿਆ ਤੇਰਾ ਸਰੀਰ ਜਿਹੜਾ ਹੈ ਉਹ ਤੰਦਰੁਸਤ ਹੋ ਜਾਏਗਾ।

ਕਿਉਂਕਿ ਭੁੱਲਣ ਨਾਲ ਬੀਮਾਰ ਹੁੰਦਾ ਹੈ, ਯਾਦ ਦੇ ਨਾਲ ਰਾਜ਼ੀ ਹੁੰਦਾ ਹੈ। ਇਹ ਬੜੀ ਗਹਿਰੀ ਫਿਲਾਸਫੀ ਹੈ। ਬੜਾ ਵੱਡਾ ਸਿਧਾਂਤ ਹੈ, ਕਈ ਵਾਰੀ ਵਿਚਾਰ ਕਰੀ ਹੈ ਇਸ 'ਤੇ।

ਸੋ ਉਸ ਵੇਲੇ ਕਹਿਣ ਲੱਗਿਆ ਭਾਈ ਭਾਨਾ ਜੀ, ਮੈਂ ਤਾਂ ਭੁੱਲਿਆ ਹੀ ਰਿਹਾ ਹਾਂ। ਜਿਨ੍ਹਾਂ ਨੂੰ ਮੈਂ ਆਪਣੇ ਸਮਝਦਾ ਸੀ, ਉਹ ਤਾਂ ਸਾਰੇ ਬੇਗਾਨੇ ਹੋ ਗਏ। ਧੱਕੇ ਦੇ ਕੇ ਮੈਨੂੰ ਕੱਢ ਦਿਤਾ, ਉਸ ਸਮਾਜ ਨੇ। ਜੇ ਸਾਂਭਿਆ ਹੈ ਤਾਂ ਤੁਸੀਂ ਪਿਆਰ ਦੇ ਚਾਰ ਬਚਨ ਕਹੇ ਨੇ, ਤੇ ਮੈਨੂੰ ਰਾਹ ਪਾਇਆ ਹੈ।

ਸੋ ਉਸ ਵੇਲੇ ਉਹ ਵੀ ਅੰਮ੍ਰਿਤ ਵੇਲੇ ਆਉਂਦੇ ਨੇ, ਉਹ ਵੀ ਆਉਂਦਾ ਹੈ। ਥੋੜ੍ਹੇ ਦਿਨਾਂ ਦੇ ਅੰਦਰ ਰਾਜ਼ੀ ਹੋਣਾ ਹੀ ਸੀ ਕਿਉਂਕਿ ਪ੍ਰਮੇਸ਼ਰ ਦਾ ਨਾਮ ਦਾਰੂ ਹੈ।

ਸਮਾਂ ਲੰਘ ਗਿਆ ਤੇ ਹੋਰ ਸੰਗਤਾਂ ਸਮੇਤ ਜਦੋਂ ਗੁਰੂ ਛੇਵੇਂ ਪਾਤਸ਼ਾਹ ਕੋਲ ਆਉਂਦੇ ਨੇ। ਬਹੁਤ ਸੰਗਤ ਆ ਰਹੀ ਹੈ। ਮਹਾਰਾਜ ਜੀ ਨੇ ਵਿਸ਼ੇਸ਼ ਕਰਕੇ ਬੁਲਾਇਆ, ਭਾਈ ਭਾਨਾ! ਆਓ, ਲਿਆਓ ਉਸ ਪ੍ਰੇਮੀ ਨੂੰ। ਕਹਿਣ ਲੱਗੇ, ਭਾਈ ਭਾਨਾ! ਉਹ ਥੱਪੜ ਤੇਰੇ ਨਹੀਂ ਸੀ ਮਾਰਿਆ। ਉਹ ਮੇਰੇ ਲੱਗਿਆ ਸੀ। ਕਿਉਂਕਿ ਗੁਰੂ ਦਾ ਸਿੱਖ ਗੁਰੂ ਨਾਲ ਇਕਮਿਕ ਹੋਇਆ ਹੁੰਦਾ ਹੈ।

ਪਾਤਸ਼ਾਹ! ਇਹਦੇ ਉਪਰ ਕ੍ਰਿਪਾ ਕਰੋ। ਨਾਮ ਧਰੀਕ ਸਿੱਖ ਹੋਇਆ,

ਗੁਰੂ ਮਹਾਰਾਜ ਨੇ ਨਾਮ ਦੀ ਦਾਤ ਬਖਸ਼ੀ। ਸੋ ਇਸ ਤਰ੍ਹਾਂ ਗੁਰੂ ਦਾ ਜੋ ਸਿੱਖ ਹੈ ਉਹ ਇਸ ਮਾਇਆ ਦੇ ਵਿਚੋਂ ਨਿਕਲ ਕੇ ਸੱਚੇ ਰੰਗ ਦੇ ਵਿਚ ਰੰਗਿਆ ਜਾਂਦਾ ਹੈ। ਉਹ ਰੰਗ ਦੁਬਾਰਾ ਨਹੀਂ ਉਤਰਦਾ। ਥੱਪੜ ਮਾਰਿਆ ਰੰਗ ਨਹੀਂ ਉਤਰਿਆ। ਆਰਿਆਂ ਨਾਲ ਚੀਰ ਦਿਤੇ ਗਏ ਨਹੀਂ ਰੰਗ ਉਤਰਿਆ। ਦੇਗਾਂ 'ਚ ਉਬਾਲ ਦਿਤੇ, ਨਹੀਂ ਰੰਗ ਉਤਰਿਆ। ਕਿਸੇ ਦਾ ਬੁਰਾ ਮੰਗਿਆ ਹੀ ਨਹੀਂ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਤੱਤੀ ਤਵੀ 'ਤੇ ਬੈਠਣ ਲੱਗੇ, ਉਸ ਵੇਲੇ ਗੁਰਸਿੱਖਾਂ ਦੇ ਮਨ 'ਚ ਆਇਆ ਕਿ ਸ਼ਕਤੀ ਦੇ ਨਾਲ ਸ਼ਹਿਰ ਨੂੰ ਤਬਾਹ ਕਰ ਦੇਈਏ।

ਮਹਾਰਾਜ ਜੀ ਨੇ ਭਾਈ ਪ੍ਰਾਣਾ ਨੂੰ ਕਿਹਾ ਠਹਿਰ! ਭਾਈ ਪ੍ਰਾਣੇ ਇਹ ਕੀ ਕਰਦਾ ਹੈਂ? ਕੀਹਨੂੰ ਸਜ਼ਾ ਦੇਣ ਲੱਗਿਆ ਹੋਇਆ ਹੈਂ, ਇੱਥੇ ਵਾਹਿਗੁਰੂ ਤੋਂ ਬਗੈਰ ਹੈ ਕੋਈ ਹੋਰ? ਮੀਆਂ ਮੀਰ ਆ ਗਿਆ, ਗੋਰਖਨਾਥ ਆ ਗਿਆ, ਮਹਾਰਾਜ! ਜੇ ਤੁਸੀਂ ਨਹੀਂ ਇਹ ਗੱਲ ਕਰਨੀ ਅਸੀਂ ਕਰਦੇ ਹਾਂ। ਜੇ ਤੁਸੀਂ ਬਦਦੁਆ ਨਹੀਂ ਦਿੰਦੇ ਅਸੀਂ ਦਿੰਦੇ ਹਾਂ। ਇਹ ਸ਼ਹਿਰ ਕੀ ਰੱਖਣ ਵਾਲਾ ਹੈ, ਇਹ ਤਾਂ ਗਰਕ ਕਰਨ ਵਾਲਾ ਸ਼ਹਿਰ ਹੈ।

ਮਹਾਰਾਜ ਕਹਿੰਦੇ, ਗੋਰਖਨਾਥ! ਮੀਆਂਮੀਰ ਜੀ! ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਹੈ ਨਹੀਂ ਕੋਈ। ਕੀਹਨੂੰ ਸਜ਼ਾ ਦੇ ਦੇਈਏ, ਇਥੇ ਤਾਂ ਆਪ ਹੀ ਪ੍ਰਮੇਸ਼ਰ ਹੈ, ਜਿੱਧਰ ਦੇਖਦੇ ਹਾਂ ਓਹੀ ਨਜ਼ਰ ਆਉਂਦਾ ਹੈ।

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥1 ॥*** ***ਅੰਗ- 407***

ਸੋ ਇਹ ਸੱਚਾ ਰੰਗ ਹੈ ਜੋ ਚੜ੍ਹਦਾ ਹੈ -

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥***
***ਅੰਗ- 808***

ਨਾ ਦਾਗ ਲਗਦਾ ਹੈ, ਚੜ੍ਹਦੀਆਂ ਕਲਾ 'ਚ ਰਹਿੰਦਾ ਹੈ, ਆਦਮੀ ਭੁੱਲਦਾ ਨਹੀਂ ਹੈ, ਰੰਗ ਲੱਗਿਆ ਹੁੰਦਾ ਹੈ, ਮਸਤੀ 'ਚ ਦਿਨ ਕੱਟਦਾ ਹੈ ਤੇ ਜਿਸ ਕੰਮ ਨੂੰ ਸੰਸਾਰ ਤੇ ਕਰਨ ਵਾਸਤੇ ਆਇਆ ਹੈ, ਉਹ ਪ੍ਰਾਪਤ ਕਰਕੇ, ਜਦੋਂ ਇਥੋਂ ਜਾਂਦਾ ਹੈ -

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥*** ***ਅੰਗ - 283***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 16

## ਨਾਨਕ ਕਹਤ ਮਿਲਨ ਕੀ ਬਰੀਆ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਸਗਲ ਭਵਨ ਕੇ ਨਾਇਕਾ*
*ਮੈਨੂੰ ਇਕ ਛਿਨ ਦਰਸ ਦਿਖਾਇ ਜੀ।*

*ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ 1 ॥*
*ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥*
*ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ 2 ॥*
*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥*

*ਅੰਗ- 346*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਲਜੁਗ ਦੇ ਅੰਦਰ ਦੋ ਚੀਜ਼ਾਂ ਦੁਰਲੱਭ ਨੇ, ਦੁਰਲੱਭ ਉਹਨੂੰ ਕਹਿੰਦੇ ਨੇ ਜਿਹੜੀ ਕੋਸ਼ਿਸ਼ ਕਰਨ 'ਤੇ ਵੀ ਮਿਲਦੀ ਨਾ ਹੋਵੇ। ਇਕ ਤਾਂ ਹੈ ਹਰੀ ਦਾ ਜਸ, ਦੂਸਰਾ ਹੈ ਸਾਧੂ ਦੀ ਸੰਗਤ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- 647*

ਲੇਕਿਨ ਸਾਨੂੰ ਏਸ ਗੱਲ ਦੀ ਸੋਝੀ ਨਾ ਹੋਣ ਕਰਕੇ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਪੂਰਾਂ ਦੇ ਪੂਰ ਲੰਘ ਗਏ, ਹੋਰ ਪਿੱਛੇ ਆ ਰਹੇ ਨੇ ਉਹ ਵੀ ਲੰਘ ਜਾਣਗੇ। ਲੇਕਿਨ ਇਸ ਗੱਲ ਦੀ ਹੈਰਾਨੀ ਹੈ ਕਿ ਮਨੁੱਖ ਨੂੰ ਸਮਝ ਨਹੀਂ ਆ ਰਹੀ। ਸਾਰੇ ਸਮਝਾ ਰਹੇ ਨੇ ਇਸਨੂੰ, ਚਾਰੋ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਲੇਕਿਨ ਇਸ ਨੂੰ ਪਤਾ ਨਹੀਂ ਲਗਦਾ ਬਹੁਤ ਕੀਮਤੀ ਚੀਜ਼ਾਂ ਇਹਦੇ ਕੋਲੋਂ ਵੈਸੇ ਹੀ ਰਹਿ ਜਾਂਦੀਆਂ ਨੇ। ਮਾਨਸ ਜਨਮ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੁੰਦੈ, ਇਹ ਨਹੀਂ ਹੈ ਕਿ ਐਵੇਂ ਹੀ ਸਾਨੂੰ ਮਿਲ ਗਿਆ। ਇਹ ਤਾਂ ਬਹੁਤ ਜਨਮਾਂ ਦੇ ਵਿਚ ਘੁੰਮਦਿਆਂ-ਘੁੰਮਦਿਆਂ ਦਾ ਕੋਈ ਪੂਰਬਲਾ ਕਰਮ ਜਾਗ ਪਿਆ, ਜਿਸ ਕਰਕੇ ਸਾਨੂੰ ਮਨੁੱਖ ਜੂਨੀ ਪ੍ਰਾਪਤ ਹੋ ਗਈ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਵਾਰੀ ਆ ਗਈ ਵਾਹਿਗੁਰੂ ਨੂੰ ਮਿਲਣ ਦੀ, ਕਿਉਂਕਿ ਗੇੜੇ ਖਾਂਦੇ ਨੂੰ ਪਤਾ ਨਹੀਂ ਕਿੰਨਾ ਕੁ ਚਿਰ ਹੋ ਗਿਆ। ਮਹਾਰਾਜ ਕਹਿੰਦੇ – 'ਫਿਰਤ ਫਿਰਤ ਬਹੁਤੇ ਜੁਗ ਹਾਰਿਓ' ਸੈਂਕੜੇ ਵੀ ਹੋ ਸਕਦੇ, ਹਜ਼ਾਰਾਂ ਵੀ ਹੋ ਸਕਦੇ ਨੇ। ਚਾਰ ਜੁਗਾਂ ਦਾ ਜੇ ਸਮਾਂ ਗਿਣੀਏ ਤਾਂ 43 ਲੱਖ 20 ਹਜ਼ਾਰ ਸਾਲ ਦਾ ਹੁੰਦੈ। ਮਹਾਰਾਜ ਕਹਿੰਦੇ, ਬਹੁਤ ਜੁੱਗ ਬੀਤ ਗਏ ਤੈਨੂੰ ਤੁਰਦੇ-ਤੁਰਦੇ ਨੂੰ। ਰਿਹਾ ਕਿੱਥੇ, ਕਿੱਥੇ ਸੈਰ ਕਰੀ? ਆਦਮੀ ਤੁਰਦੈ, ਸਫਰ ਕੱਟਦੈ, ਉਸ ਨੂੰ ਯਾਦ ਹੁੰਦੈ ਕਿ ਮੈਂ ਫਲਾਣੇ-ਫਲਾਣੇ ਦੇਸ਼ ਵਿਚ ਗਿਆ। ਦੁਨੀਆਂ ਦੇ ਵਿਚ ਮੈਂ ਫਲਾਣੇ-ਫਲਾਣੇ ਥਾਂ 'ਤੇ ਗਿਆ ਲੇਕਿਨ ਸਾਨੂੰ ਆਪਣੇ ਸਫਰ ਦਾ ਕੋਈ ਗਿਆਨ ਨਹੀਂ ਹੈ ਕਿ ਅਸੀਂ ਕਿੱਥੇ-ਕਿੱਥੇ ਤੁਰਦੇ ਫਿਰਦੇ ਰਹੇ। ਪੁੱਛ ਲਓ ਮਹਾਰਾਜ ਜੀ ਨੂੰ ਕਿ ਸੱਚੇ ਪਾਤਸ਼ਾਹ! ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ ਕਿ ਅਸੀਂ ਕਿੱਥੇ ਰਹੇ, ਸਾਨੂੰ ਤਾਂ ਇਸ ਜਨਮ ਦੇ ਅੰਦਰ ਵੀ ਬਹੁਤ ਸਾਰੀਆਂ ਗੱਲਾਂ ਭੁੱਲ ਗਈਆਂ ਬਚਪਨ ਦੀਆਂ। ਬਚਪਨ ਬਹੁਤ ਮੱਧਮ ਯਾਦ ਰਹਿ ਗਿਆ ਤੇ ਆਪ ਫੁਰਮਾਉਂਦੇ ਹੋਂ ਕਿ ਜੁਗਾਂ ਜੁਗਾਤਰਾਂ ਤੋਂ ਤੂੰ ਘੁੰਮਦਾ ਫਿਰਦਾ ਹੈਂ। ਸੱਚੇ ਪਾਤਸ਼ਾਹ! ਫੇਰ ਮੈਂ ਰਿਹਾ ਕਿੱਥੇ? ਆਪਾਂ ਸਾਰੇ ਕਿੱਥੇ ਰਹੇ? ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ –

*ਧਾਰਨਾ – ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ- 176*

ਆਪਣਾ ਜੋ ਸਫਰ ਕੀਤਾ ਗਿਆ ਹੈ ਜਿਹੜਾ ਸਾਡੇ ਯਾਦ ਨਹੀਂ ਹੈ, ਉਹ ਮਹਾਰਾਜ ਜੀ ਦਸਦੇ ਨੇ, ਸੁਣੋ ਧਿਆਨ ਦੇ ਨਾਲ, ਆਪਾਂ ਕਿੱਥੋਂ-ਕਿੱਥੋਂ ਤੁਰਦੇ ਆਏ ਹਾਂ-'ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥' ਕੀੜੇ ਤੇ ਪਤੰਗੇ ਬਣਦੇ ਰਹੇ, ਕਈ ਜਨਮਾਂ ਦੇ ਅੰਦਰ ਹਾਥੀ ਵੀ ਬਣੇ, ਮੱਛੀਆਂ ਵੀ ਬਣੇ, ਹਰਨ ਵਗੈਰਾ ਵੀ ਬਣੇ, ਘੋੜੇ ਵੀ ਬਣਦੇ ਰਹੇ, ਬੈਲ ਵੀ ਬਣਦੇ ਰਹੇ।

*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥* *ਅੰਗ- 176*

ਪੱਥਰ ਬਣ ਕੇ ਲੱਖਾਂ ਸਾਲ ਸੁੱਤੇ ਪਏ ਰਹੇ।

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*

*ਅੰਗ- 156*

24 ਲੱਖ ਕਿਸਮ ਦੇ ਦਰਖਤ, ਜੜ੍ਹੀਆਂ-ਬੂਟੀਆਂ, ਬਨਸਪਤੀ ਸਿਆਣਿਆਂ ਨੇ ਗਿਣੀ ਹੈ। ਇਸ ਤੋਂ ਇਲਾਵਾ ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪੇਟ ਭਾਰ ਚਲਦੇ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਪੰਛੀ ਨੇ ਜਿਹੜੇ ਉਡਾਰੀਆਂ ਮਾਰਦੇ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ ਦੇ ਅੰਦਰ ਜਾਨ ਗਿਣੀ ਗਈ ਹੈ। ਚਾਰ ਲੱਖ ਕਿਸਮ ਦੇ ਪੈਰਾਂ ਨਾਲ ਤੁਰਨ ਵਾਲੇ ਜੀਵ ਜੰਤੂ ਨੇ, ਬਾਕੀ ਜੂਨਾਂ ਸਮੁੰਦਰ ਦੇ ਅੰਦਰ ਨੇ। 83 ਲੱਖ 99 ਹਜ਼ਾਰ 999 ਸਰੀਰਾਂ 'ਚੀਂ ਹੋ ਕੇ ਆਹ, ਮਨੁੱਖ ਦੇਹ ਪ੍ਰਾਪਤ ਹੋਈ ਹੈ। ਇਕ ਵਾਰੀ ਨਹੀਂ ਹੋਈ ਮਹਾਰਾਜ ਕਹਿੰਦੇ ਕਈ ਵਾਰੀ ਮਿਲੀ ਹੈ ਤੈਨੂੰ। ਪਰ ਹੁੰਦਾ ਕੀ ਹੈ ਅਣਜਾਣਪੁਣੇ ਦੇ ਵਿਚ ਗਵਾ ਕੇ ਫੇਰ ਉਥੇ ਹੀ ਗਿਰ ਜਾਂਦੈ। ਇਹ ਵੀ ਵਾਹਿਗੁਰੂ ਦੀ ਮਿਹਰ ਹੈ ਕਿ ਤੈਨੂੰ ਯਾਦ ਨਹੀਂ ਹੈ। ਜੇ ਕਿਤੇ ਯਾਦ ਹੋਵੇ ਕਿ ਮੈਂ ਫਲਾਣੇ ਦਾ ਬੈਲ ਸੀ ਪਿਛਲੇ ਜਨਮ 'ਚ, ਮੈਨੂੰ ਬੜਾ ਮਾਰਦਾ ਹੁੰਦਾ, ਫੇਰ ਤੇਰਾ ਮਨ ਹੋਰ ਤਰ੍ਹਾਂ ਹੋ ਜਾਇਆ ਕਰਦਾ। ਉਹ ਭੁਲਾ ਦਿੰਦੇ ਨੇ। ਲੇਕਿਨ ਮਹਾਂਪੁਰਸ਼ ਦਸ ਦਿੰਦੇ

ਨੇ ਕਿ ਆਹ ਤੇਰਾ ਸਫਰ ਹੈ। ਇਹਦੇ ਵਿਚੀਂ ਤੂੰ ਨਿਕਲ ਕੇ ਆਇਆ ਹੈਂ। ਕਿੰਨਾ ਔਖਾ ਹੈ। ਪੰਛੀਆਂ ਨੂੰ ਦੇਖ ਲਓ, ਚੋਗਾ ਪਾ ਦਿਓ, ਚੋਗਾ ਚੁਗ ਨਹੀਂ ਸਕਦੇ, ਆਲੇ-ਦੁਆਲੇ ਦੇਖੀ ਜਾਂਦੇ ਨੇ ਕਿ ਕੋਈ ਬਾਜ ਝੱਪਟਾ ਨਾ ਮਾਰੇ, ਵੈਰੀ ਨਾ ਆ ਜਾਵੇ ਕੋਈ। ਪਰਾਏ ਵਸ ਨੇ, ਪਸ਼ੂ ਬੰਨ੍ਹਿਆ ਖੜ੍ਹਾ ਹੈ, ਛਾਵੇਂ ਬੰਨ੍ਹ ਦਿਓ, ਧੁੱਪੇ ਬੰਨ੍ਹ ਦਿਓ। ਉਹਦੀ ਕੋਈ ਮਰਜ਼ੀ ਨਹੀਂ ਹੈ ਕਿ ਮੈਨੂੰ ਕੋਈ ਜ਼ਰੂਰ ਹੀ ਧੁੱਪੇ ਬੰਨ੍ਹੇ। ਉਹਦਾ ਕੋਈ ਅਧਿਕਾਰ ਨਹੀਂ ਹੈ, ਹੱਕ ਨਹੀਂ ਹੈ। ਇਹ ਤਾਂ ਮਾਲਕ ਦੇ ਮਨ ਦੀ ਬਾਤ ਹੈ, ਮਿਹਰਬਾਨੀ ਆ ਗਈ ਠੀਕ ਹੈ, ਹਲ ਚਲਦੇ-ਚਲਦੇ ਨੂੰ। ਯੂ.ਪੀ 'ਚ ਅਸੀਂ ਦੇਖਦੇ ਸੀ, ਮੁਸਲਮਾਨਾਂ ਦੀ ਆਬਾਦੀ ਜ਼ਿਆਦਾ ਹੋਣ ਕਰਕੇ ਜਦੋਂ ਵਿਆਹ ਸ਼ਾਦੀ ਹੁੰਦੀ ਤਾਂ ਭਾਈਚਾਰਾ ਕਹਿੰਦਾ ਸੀ ਕਿ ਆਹ ਪਸ਼ੂ ਕੱਟ, ਆਹ ਖਾਣੈ ਅਸੀਂ। ਉਹਦੀ ਕੋਈ ਜ਼ਿੰਦਗੀ ਨਹੀਂ ਹੈ, ਕੋਈ ਸੁਰੱਖਿਆ (security) ਨਹੀਂ ਹੈ। ਐਨਾ ਪਰਤੰਤਰ ਹੈ, 83 ਲੱਖ 99 ਹਜ਼ਾਰ, 999 ਜੂਨਾਂ ਵਿਚ ਉਹਨੂੰ ਕੋਈ ਆਜ਼ਾਦੀ ਨਹੀਂ ਹੈ। ਇਹਦੇ 'ਚੀਂ ਫਿਰਦਾ-ਫਿਰਦਾ ਮਨੁੱਖ ਦੀ ਦੇਹੀ ਪ੍ਰਾਪਤ ਕਰ ਗਿਆ। ਮਨੁੱਖ ਦੀ ਦੇਹੀ ਪ੍ਰਾਪਤ ਕਰਕੇ, ਮਹਾਰਾਜ ਕਹਿੰਦੇ ਕਈ ਬਿਮਾਰੀਆਂ ਲੱਗ ਗਈਆਂ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ*** ***ਅੰਗ- 268***

ਸੋ ਇਹ ਸਾਡਾ ਸਫਰ ਹੈ -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥***
***ਅੰਗ - 999***

ਕਿੰਨੀ ਕੁ ਦੇਰ ਦਾ ਤੂੰ ਚੱਲਿਆ ਹੋਇਆ ਹੈਂ, ਚਲਦੇ-ਚਲਦੇ ਨੂੰ ਕੋਈ ਕਿਸੇ ਸਮੇਂ ਕੋਈ ਪੂਰਬਲੇ ਕਰਮਾਂ ਦਾ ਬਲ ਉਠ ਖੜ੍ਹੇ, ਤੇ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ ਤੇ ਸੰਤ ਸਮਝਾ ਦਿੰਦੇ ਨੇ ਕਿ ਪਿਆਰਿਆ! ਜਿਹੜੇ ਕੰਮਾਂ 'ਚ ਤੂੰ ਲੱਗਿਆ ਹੋਇਆ ਹੈਂ, ਇਹ ਕਿਸੇ ਵੀ ਕੰਮ ਨਹੀਂ ਹਨ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥*** ***ਅੰਗ- 12***

ਫਜ਼ੂਲ ਕੰਮ ਕਰ ਰਿਹਾ ਹੈਂ ਤੂੰ। ਜਿਨ੍ਹਾਂ ਦਾ ਕੋਈ ਮਤਲਬ ਨਹੀਂ, ਪੂਰਾਂ ਦੇ ਪੂਰ ਇਥੇ ਆਏ ਨੇ, ਬਾਦਸ਼ਾਹ ਬਣ ਗਏ। ਵੱਡੇ-ਵੱਡੇ ਪੀਰ

ਪੈਗੰਬਰ ਅਉਲੀਏ ਬਣ ਗਏ ਨੇ। ਲੇਕਿਨ ਸੰਸਾਰ ਦੇ ਉਤੇ ਅੱਜ ਤਾਂ ਕੋਈ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੇ ਕਿਲ੍ਹੇ ਵਗੈਰਾ ਖੜ੍ਹੇ ਨਜ਼ਰ ਆਉਂਦੇ ਨੇ। ਨਾਲ ਕੀ ਲੈ ਗਏ? ਕੁਛ ਵੀ ਨਹੀਂ ਲੈ ਕੇ ਗਏ। ਇਕ ਤਰ੍ਹਾਂ ਦਾ ਫਤੂਰ ਹੈ ਮਨ ਦੇ ਵਿਚ ਪਿਆ ਹੋਇਆ, ਦਿਮਾਗ ਦੇ ਵਿਚ ਪਿਆ ਹੋਇਆ। ਕੋਈ ਬਾਦਸ਼ਾਹ ਬਣ ਕੇ ਦੂਸਰਿਆਂ ਦੇਸ਼ਾਂ ਨੂੰ ਜਿੱਤਦਾ ਤੁਰਿਆ ਆਉਂਦੈ।

ਸਿਕੰਦਰ ਬੜੀ ਸੋਹਣੀ ਆਪਣੇ ਘਰ ਰੋਟੀ ਖਾਂਦਾ ਸੀ, ਮਕਦੂਨੀਆਂ ਦੇ ਰਹਿਣ ਵਾਲਾ, ਗਰੀਕ ਦਾ ਵਾਸੀ ਸੀ, ਰਾਜਾ ਸੀ। 20 ਸਾਲ ਦੀ ਉਮਰ ਦੇ ਅੰਦਰ ਦਿਮਾਗ 'ਚ ਆਇਆ ਕਿ ਮੈਂ ਸਾਰੀ ਦੁਨੀਆਂ ਨੂੰ ਫਤਹਿ ਕਰਨੈ। ਦੁਨੀਆਂ ਨੂੰ ਜਿੱਤਦਾ ਚਲਿਆ ਗਿਆ, ਅਖੀਰ ਹਿੰਦੋਸਤਾਨ 'ਚ ਆ ਗਿਆ, ਭਾਰਤ ਵਰਸ਼ 'ਚ। ਏਥੇ ਲੋਕ ਕਰਨੀ ਕਮਾਈ ਵਾਲੇ, ਧਰਮ ਕਰਮ ਵਿਚ ਪੱਕੇ ਸੀ, ਰਾਜੇ ਪੋਰਸ ਨੇ ਨਾ ਉਸ ਨੂੰ ਲੰਘਣ ਦਿਤਾ। ਬੜੀ ਮੁਸ਼ਕਲ ਦੇ ਨਾਲ ਉਸ ਨੂੰ ਹਰਾਇਆ। ਲੇਕਿਨ ਵਾਪਸ ਚਲਿਆ ਗਿਆ। 12 ਸਾਲ ਬੀਤ ਗਏ ਉਸ ਨੂੰ ਤੇ ਬਾਰ੍ਹਾਂ ਸਾਲਾਂ ਤੋਂ ਬਾਅਦ ਸਮੁੰਦਰ ਦੇ ਰਸਤੇ ਮੁੜਿਆ, ਜਿਸ ਵਕਤ ਇਸ਼ਨਾਨ ਸਮੁੰਦਰ 'ਚ ਕਰਿਆ, ਗਰਮ ਸਰਦ ਹੋ ਗਿਆ। ਬਿਮਾਰੀ ਲੰਮੀ ਹੋ ਗਈ। ਪੁੱਛਿਆ ਜੋਤਸ਼ੀਆਂ ਨੂੰ ਬੁਲਾ ਕੇ ਕਿ ਮੇਰੀ ਮੌਤ ਕਦੋਂ ਆਏਗੀ। ਜੋਤਸ਼ੀਆਂ ਨੇ ਹਿਸਾਬ-ਕਿਤਾਬ ਲਾਇਆ, ਨਿਸ਼ਾਨੀਆਂ ਦਸ ਦਿਤੀਆਂ ਕਿ ਬਾਦਸ਼ਾਹ! ਤੇਰੀ ਮੌਤ ਉਸ ਵੇਲੇ ਆਏਗੀ ਜਦੋਂ ਧਰਤੀ ਲੋਹੇ ਦੀ ਬਣ ਜਾਏਗੀ ਤੇ ਅਸਮਾਨ ਸੋਨੇ ਦਾ ਬਣ ਜਾਏਗਾ। ਅਜੀਬ ਬਾਤ ਹੈ! ਨਾ ਕਦੇ ਧਰਤੀ ਲੋਹੇ ਦੀ ਬਣੇ, ਨਾ ਅਸਮਾਨ ਸੋਨੇ ਦਾ ਬਣੇ। ਸਾਰੇ ਜੋਤਸ਼ੀਆਂ ਨੇ ਕਹਿ ਦਿਤਾ ਕਿ ਆਹੀ ਗੱਲ ਹੈ। ਚਲਦੇ-ਚਲਦੇ ਘੋੜੇ 'ਤੇ ਸਵਾਰ ਹੈ, ਛੇਤੀ-ਛੇਤੀ ਵੱਡੀਆਂ ਮੰਜ਼ਿਲਾਂ ਲਾ ਰਿਹੈ ਤੇ ਗਸ਼ ਖਾ ਕੇ ਘੋੜੇ ਤੋਂ ਗਿਰ ਗਿਆ। ਕੋਲ ਕੋਈ ਚੀਜ਼ ਨਹੀਂ ਹੈ। ਜ਼ਰਾ ਬਕਤਰ ਉਸ ਦੇ ਜਿਹੜੀ ਸੰਜੋਅ (ਲੋਹੇ ਦੀ ਵਰਦੀ) ਪਹਿਨੀ ਹੋਈ ਸੀ ਉਹ ਉਸ ਦੇ ਹੇਠਾਂ ਵਿਛਾ ਦਿਤੀ। ਧਰਤੀ ਬਹੁਤ ਗਰਮ ਸੀ। ਮੂੰਹ ਦੇ ਉਤੇ ਛਾਉਂ ਕਰਨ ਵਾਸਤੇ ਉਹਦੀ ਸੋਨੇ ਦੀ ਪਲੇਟ ਲੱਗੀ ਹੋਈ ਜੋ ਢਾਲ ਸੀ, ਉਹ ਬਰਛੇ ਦੇ ਉਤੇ ਟੰਗ ਕੇ ਖੜ੍ਹੀ ਕਰ ਦਿਤੀ। ਜਦੋਂ ਦਵਾਈਆਂ ਦੇ ਨਾਲ ਹੋਸ਼ ਆਈ। ਹੱਥ ਮਾਰਿਆ ਧਰਤੀ 'ਤੇ, ਦੇਖਦਾ ਹੈ ਕਿ ਮੇਰੇ ਹੇਠਾਂ ਤਾਂ ਲੋਹੇ ਦੀ ਸੰਜੋਅ ਪਈ ਹੈ, ਉਤੇ ਦੇਖਿਆ ਤਾਂ ਕਿਰਨਾਂ ਸੋਨੇ ਰੰਗੀਆਂ ਆ ਰਹੀਆਂ ਨੇ। ਰੋ ਪਿਆ ਉਸ ਵੇਲੇ। ਡਾਕਟਰਾਂ ਨੂੰ ਬੁਲਾਇਆ, ਵੱਡੇ ਹਕੀਮਾਂ ਨੂੰ ਬੁਲਾਇਆ, ਕਹਿਣ ਲੱਗਿਆ, ਮੈਨੂੰ ਕੋਈ ਐਸੀ ਦਵਾਈ ਦੇਵੋ, ਜਿਹਦੇ ਨਾਲ ਮੈਂ ਘਰ ਪਹੁੰਚ ਕੇ ਆਪਣੀ ਮਾਂ ਨੂੰ ਘਟ ਤੋਂ ਘਟ ਦਸ ਸਕਾਂ ਕਿ 12 ਸਾਲਾਂ ਦੇ ਅੰਦਰ ਮੈਂ ਕਿੰਨੇ ਯੁੱਧ ਕੀਤੇ, ਕਿੰਨੇ ਰਾਜੇ ਮੈਂ ਜਿੱਤੇ। ਕੋਈ ਜਵਾਬ ਨਹੀਂ ਆਉਂਦਾ ਉਨ੍ਹਾਂ ਵਲੋਂ ਕਿਉਂਕਿ ਜੋ ਸਮਾਨ ਪ੍ਰਾਣ ਸੀ ਉਹਦੀ ਗੰਢ ਖੁਲ੍ਹ ਚੁੱਕੀ ਸੀ। ਕਹਿਣ ਲੱਗਿਆ,

ਤੁਸੀਂ ਬੋਲਦੇ ਕਿਉਂ ਨਹੀਂ? ਜੇ ਤੁਸੀਂ ਮੈਨੂੰ ਕੋਈ ਦਵਾਈ ਐਸ ਵੇਲੇ ਇਸ ਤਰ੍ਹਾਂ ਨਹੀਂ ਦੇ ਸਕਦੇ ਤਾਂ ਮੈਂ ਅੱਧਾ ਰਾਜ ਤੁਹਾਨੂੰ ਦੇਵਾਂਗਾ ਤੇ ਮੈਨੂੰ ਦਵਾਈ ਦਿਓ। ਫੇਰ ਨਹੀਂ ਉਹ ਬੋਲੇ। ਕਹਿਣ ਲੱਗਿਆ, ਮੈਂ ਸਾਰਾ ਹੀ ਜਿੰਨਾਂ ਜਿੱਤਿਆ ਹੈ ਸਭ ਦੇ ਦੇਵਾਂਗਾ। ਮੈਂ ਗਰੀਸ ਦੇ ਵਿਚ ਆਪਣੇ ਰਾਜ ਵਿਚ ਦਿਨ ਕੱਟ ਲਵਾਂਗਾ। ਫੇਰ ਨਹੀਂ ਬੋਲੇ। ਕਹਿੰਦਾ, ਮੇਰੇ ਤੋਂ ਸਾਰਾ ਹੀ ਰਾਜ ਲੈ ਲਓ।

ਫੇਰ ਕਹਿਣ ਲੱਗਿਆ, ਤੁਸੀਂ ਬੋਲਦੇ ਕਿਉਂ ਨਹੀਂ? ਜਵਾਬ ਕਿਉਂ ਨਹੀਂ ਦਿੰਦੇ।

ਵੱਡਾ ਹਕੀਮ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਇਸ ਵੇਲੇ ਤੁਹਾਡੇ ਪ੍ਰਾਣਾਂ ਦੀ ਗੰਢ ਖੁਲ੍ਹ ਚੁੱਕੀ ਹੈ, ਇਹ ਤਾਂ ਦੁਨੀਆਂ ਦਾ ਰਾਜ ਕਹਿੰਦੇ ਹੋਂ ਤੁਸੀਂ, ਜੇ ਤੁਸੀਂ ਤਿੰਨਾਂ ਲੋਕਾਂ ਦਾ ਵੀ ਰਾਜ ਦੇਵੋਂ, ਤੁਹਾਨੂੰ ਹੁਣ ਅਸੀਂ ਇਕ ਸਵਾਸ ਵੀ ਵਾਧੂ ਨਹੀਂ ਦਿਵਾ ਸਕਦੇ। ਕਿਉਂਕਿ ਸਵਾਸ ਹੁਣ ਗਿਣਵੇਂ ਰਹਿ ਗਏ ਤੇ ਤੁਹਾਡਾ ਸਰੀਰ ਹੁਣ ਇਥੇ ਹੀ ਸ਼ਾਂਤ ਹੋ ਜਾਣੈ।

ਬੜਾ ਰੋਇਆ ਉਹ, ਕਹਿਣ ਲੱਗਿਆ ਕਿ ਇਹਦਾ ਮਤਲਬ ਇਹ ਹੈ ਕਿ ਮੇਰਾ ਸਾਰਾ ਰਾਜ ਜਿੱਤਿਆ ਹੋਇਆ, ਇਕ ਸਵਾਸ ਦੀ ਕੀਮਤ ਵੀ ਨਹੀਂ ਰਖਦਾ?

ਅਸੀਂ ਕਿੰਨੇ ਸਵਾਸ ਬਰਬਾਦ ਕਰ ਦਿੰਦੇ ਹਾਂ। 24000 ਸਵਾਸ ਸਾਨੂੰ ਰੋਜ਼ ਆਉਂਦੈ। ਕਿੰਨਾ ਕੀਮਤੀ ਸਵਾਸ ਹੈ। ਸੌ ਸਾਲ ਦੀ ਉਮਰ ਜੇ ਪ੍ਰਮੇਸ਼ਰ ਕਿਸੇ ਨੂੰ ਦੇ ਦੇਵੇ ਤਾਂ 87 ਕਰੋੜ 60 ਲੱਖ ਸਵਾਸ ਆਇਆ ਕਰਦੇ ਨੇ। ਜੇ 75 ਸਾਲ ਦੀ ਉਮਰ ਦਿੰਦੈ ਤਾਂ 65 ਕਰੋੜ 70 ਲੱਖ ਸਵਾਸ ਹੋਇਆ ਕਰਦੈ। ਇਹਨਾਂ ਸਵਾਸਾਂ ਦੇ ਵਿਚੋਂ ਕਿੰਨੇ ਨੇ ਜਿਹੜੇ ਲੇਖੇ ਵਿਚ ਲਗ ਗਏ। ਸਾਰੇ ਦੇ ਸਾਰੇ ਬਰਬਾਦ ਕਰਕੇ ਅਸੀਂ ਸੰਸਾਰ ਤੋਂ ਚਲੇ ਜਾਂਦੇ ਹਾਂ। ਕੋਈ ਚੀਜ਼ ਖਟਦੇ ਨਹੀਂ ਹਾਂ। ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਹੈ। ਜਿਸ ਦੀ ਕੀਮਤ ਅਸੀਂ ਜਾਣ ਨਹੀਂ ਸਕੇ। ਸਾਨੂੰ ਨਹੀਂ ਇਸ ਗੱਲ ਦਾ ਪਤਾ ਕਿ ਇਹ ਕਿੰਨੀ ਕੀਮਤੀ ਚੀਜ਼ ਹੈ। ਜੇ ਭਲਾ ਇਹਦੇ ਬਾਰੇ ਗੱਲ ਵੀ ਕਰੀਏ ਤਾਂ ਧਿਆਨ ਨਾਲ ਸੁਣੋ।

ਜਿਸ ਤਰ੍ਹਾਂ ਅਸੀਂ ਮਕਾਨ ਬਣਾਉਂਦੇ ਹਾਂ ਇੱਟਾਂ ਲਾ ਕੇ, ਇਸ ਤਰ੍ਹਾਂ ਇਹਦੀ ਬਣਤਰ ਦੇ ਵਿਚ 14 ਖਰਬ ਸੈੱਲ ਲੱਗਿਆ ਹੋਇਐ, ਪਹਿਲਾਂ ਤਾਂ ਗਿਣਨਾ ਹੀ ਬੜਾ ਮੁਸ਼ਕਲ ਹੈ। ਨੌਂ ਮਹੀਨਿਆਂ ਦੇ ਅੰਦਰ ਪ੍ਰਮੇਸ਼ਰ ਨੇ ਕਿੱਡਾ ਸੋਹਣਾ ਮੰਦਰ ਬਣਾ ਕੇ ਜੀਵ ਆਤਮਾ ਨੂੰ ਦੇ ਦਿਤਾ। 72 ਕਰੋੜ, 72 ਲੱਖ, 72 ਹਜ਼ਾਰ ਦੋ ਸੌ ਬਲੱਡ ਚੈਨਲ ਹੈ, ਪੰਜ ਇਹਦੇ ਵਿਚ ਪ੍ਰਾਣ ਨੇ। ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਦੇ ਨਾਲ ਅੱਖਾਂ, ਕੰਨ ਆਦਿ ਬਣੇ

ਹੋਏ ਨੇ ਤੇ ਪੰਜ ਜੋ vital forces ਨੇ, ਜਿਹੜੀਆਂ ਸਰੀਰ ਦਾ ਕੰਮ ਚਲਾਉਂਦੀਆਂ ਨੇ। ਜਿਹਨੂੰ ਅਸੀਂ ਪ੍ਰਾਣ ਕਹਿੰਦੇ ਹਾਂ, ਉਹ ਆਖਰੀ ਦਮ ਤਕ ਆਪਣਾ ਕੰਮ ਕਰਦੇ ਨੇ। 20 ਹਜ਼ਾਰ ਨਾੜੀਆਂ ਇਹਦੇ 'ਚ ਦਿਖਦੀਆਂ ਹਨ ਤੇ 20 ਨਾੜੀਆਂ ਇਹਦੇ ਵਿਚ ਬਹੁਤ ਕੀਮਤੀ ਨੇ, ਜਿਨ੍ਹਾਂ 'ਚੋਂ ਤਿੰਨ ਨਾੜੀਆਂ ਇੜਾ, ਪਿੰਗਲਾ, ਸੁਖਮਨਾ, ਜਿਹਨੂੰ ਜੀਵਨ ਰੌ (life current) ਕਹਿੰਦੇ ਨੇ, ਉਹ ਵਗਦੀ ਹੈ ਇਹਨਾਂ ਦੇ ਵਿਚ।

ਸੋ ਐਡਾ ਕੀਮਤੀ ਸਰੀਰ ਜੋ ਪ੍ਰਮੇਸ਼ਰ ਨੇ ਸਾਨੂੰ ਦਿਤੈ ਉਹ ਇਸ ਵਾਸਤੇ ਨਹੀਂ ਦਿਤਾ ਕਿ 'eat drink and be marry for we shall have to die. ਖਾਓ ਪੀਓ ਤੇ ਐਸ਼ ਕਰੋ। ਇਹਦੇ ਨਾਲ ਹੁੰਦਾ ਕੀ ਹੈ, ਜੇ ਜੀਵਨ ਵਿਅਰਥ ਚਲਿਆ ਗਿਆ, ਕਿਸੇ ਲੇਖੇ ਵਿਚ ਨਾ ਲੱਗਿਆ, ਤਾਂ ਕਰਮ ਜਿਹੜੇ ਕੀਤੇ ਨੇ ਉਹ ਭੁਗਤਣੇ ਪੈਣੇ ਨੇ। ਉਸ ਵੇਲੇ ਆਦਮੀ ਰੋਂਦੈ ਜਦੋਂ ਕਰਮਾਂ ਨੂੰ ਭੋਗਦੈ। ਸੋ ਇਹ ਸਰੀਰ ਲੇਖੇ 'ਚ ਲੱਗਣਾ ਚਾਹੀਦੈ। ਮਹਾਰਾਜ ਕਹਿੰਦੇ, ਤੈਨੂੰ ਇਹਦੀ ਕੀਮਤ ਦਾ ਨਹੀਂ ਪਤਾ, ਸਾਰੀ ਕਾਇਨਾਤ, ਜਿੰਨੀ ਰਚਨਾ ਹੈ ਵਾਹਿਗੁਰੂ ਜੀ ਦੀ, ਸ੍ਰਿਸ਼ਟੀ ਇਹਦੇ ਵਿਚੋਂ ਸਭ ਤੋਂ ਜੋ ਕੀਮਤੀ ਚੀਜ਼ ਹੈ, ਉਹ ਤੇਰਾ ਸਰੀਰ ਹੈ ਤੇ ਐਨਾ ਕੀਮਤੀ ਹੈ ਕਿ ਤੇਰੇ ਨਾਲੋਂ ਮਹਾਨ ਸੁੱਖਾਂ 'ਚ ਬੈਠੇ ਹੋਏ ਦੇਵਤੇ, ਸਵਰਗ ਲੋਕਾਂ 'ਚ ਇਸ ਦੀ ਲੋਚਾ ਕਰਦੇ ਨੇ। ਬਹੁਤਿਆਂ ਨੂੰ ਨਹੀਂ ਪਤਾ ਕਿ ਸਵਰਗ ਲੋਕ ਕੀ ਹੁੰਦੇ ਨੇ, ਕਿੰਨਾਂ ਸੁਖ ਹੁੰਦੈ ਉਥੇ। ਅਨੁਭਵੀ ਮਹਾਂਪੁਰਸ਼ਾਂ ਦਾ ਹਿਸਾਬ ਕਿਤਾਬ ਜੋ ਹੈ, ਉਹ ਇਹ ਦਸਦੇ ਨੇ ਕਿ ਇਥੇ ਇਕ ਬਾਦਸ਼ਾਹ ਹੋਵੇ ਜਿਹੜਾ ਸਾਰੀ ਦੁਨੀਆਂ ਦਾ ਬਾਦਸ਼ਾਹ ਹੋਵੇ, ਸਾਰੀ ਦੁਨੀਆਂ ਉਹਦੇ ਕਹਿਣੇ 'ਚ ਚਲਦੀ ਹੋਵੇ। ਰੱਬ ਵਾਂਗੂੰ ਉਹਨੂੰ ਮੰਨਦੀ ਹੋਵੇ। ਉਹ ਕਦੇ ਵੀ ਬਿਰਧ ਨਾ ਹੋਵੇ, ਕਦੇ ਵੀ ਬਿਮਾਰ ਨਾ ਹੋਵੇ, ਕਦੇ ਉਹਦਾ ਖਜ਼ਾਨਾ ਖਾਲੀ ਨਾ ਹੋਵੇ ਤੇ ਲੋਕ ਉਹਨੂੰ ਪ੍ਰਮੇਸ਼ਰ ਵਾਂਗੂੰ ਮੰਨਦੇ ਹੋਣ। ਉਸ ਰਾਜੇ ਨੂੰ ਜੋ ਸੁਖ ਹੈ, ਉਹ ਇਕ ਯੂਨਿਟ ਹੋਇਆ ਕਰਦੈ, ਉਹਨੂੰ ਇਕ ਲਾ ਲਓ। ਇਸ ਤੋਂ ਸੌ ਗੁਣਾਂ ਸੁਖ ਪਹਿਲੇ ਸਵਰਗ 'ਚ ਜਿਹਨੂੰ ਗੰਧਰਬ ਲੋਕ ਕਹਿੰਦੇ ਨੇ, ਉਹਦੇ 'ਚ ਪ੍ਰਾਪਤ ਹੋਇਆ ਕਰਦੈ, ਉਨ੍ਹਾਂ ਜੀਵ ਆਤਮਾਵਾਂ ਨੂੰ ਜਿਹੜੇ ਇਥੇ ਪੁੰਨ ਦਾਨ ਬੀਜਣ ਤੋਂ ਬਾਅਦ ਸਵਰਗ ਲੋਕਾਂ 'ਚ ਪ੍ਰਵੇਸ਼ ਕਰ ਜਾਂਦੇ ਨੇ। ਕਿਉਂਕਿ ਸਾਰੇ ਨਹੀਂ ਕਰਦੇ। ਕੁਛ ਤਾਂ ਉਹ ਨੇ ਜਿਹੜੇ ਇਥੇ ਆ ਕੇ ਵਿਕਾਰਾਂ 'ਚ ਪੈਂਦੇ ਨੇ। ਮਾੜੇ ਲੇਖ ਲਿਖਦੇ ਨੇ ਤੇ ਉਹ ਜਦੋਂ ਸਹਿਣੇ ਪੈਂਦੇ ਨੇ ਉਸ ਵੇਲੇ ਬਹੁਤ ਦੁਖੀ ਹੁੰਦੇ ਨੇ, ਕਿਉਂਕਿ ਕੋਈ ਕੀਤਾ ਹੋਇਆ ਕਰਮ ਅਕਾਰਥ ਨਹੀਂ ਜਾਂਦਾ, ਆਪਣਾ ਫਲ ਦੇਣ ਨੂੰ ਸਮਰਥ ਹੁੰਦੈ। ਸੋ ਮਹਾਰਾਜ ਕਹਿੰਦੇ ਪਿਆਰਿਆ –

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ- 918***

ਨਾ ਕਰ ਇਹੋ ਜਿਹਾ ਕੰਮ ਜਿਹੜਾ ਤੈਨੂੰ ਅਖੀਰ ਦੇ ਉਤੇ ਪਛਤਾਉਣਾ ਪਵੇ -

***ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥***

***ਅੰਗ- 469***

ਦਰਗਾਹ 'ਚ ਜਾ ਕੇ ਹਾਰ ਜਾਵੇਂ, ਐਸੀ ਬਾਜ਼ੀ ਨਾ ਖੇਲ੍ਹ। ਬਹੁਤ ਔਖਾ ਹੋਵੇਂਗਾ। ਪਛਤਾਉਣਾ ਪਵੇਗਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ- ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*** ***ਅੰਗ- 315***

***ਆਪੀਨੑੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥*** ***ਅੰਗ- 464***

ਦੋ ਤਰੀਕੇ ਨੇ, ਇਕ ਤਾਂ ਉਹ ਨੇ ਜਿਨ੍ਹਾਂ ਆ ਕੇ ਇਥੇ ਸਮਝ ਨਹੀਂ ਕੀਤੀ, ਮਨਮਰਜ਼ੀਆਂ ਕੀਤੀਆਂ ਨੇ, ਧੱਕੇ ਕੀਤੇ ਨੇ, ਦੂਜਿਆਂ ਨੂੰ ਧੋਖੇ ਦਿਤੇ ਨੇ। ਵੈਰ-ਵਿਰੋਧ ਕੀਤੇ ਨੇ, ਦੁਖੀ ਕੀਤਾ ਹੈ, ਜ਼ੋਰ ਕੀਤੇ ਨੇ, ਲੁਟਿਆ ਹੈ, ਖੋਹਿਆ ਹੈ। ਮਹਾਰਾਜ ਕਹਿੰਦੇ, ਉਨ੍ਹਾਂ ਦੇ ਕਰਮ ਉਨ੍ਹਾਂ ਨੂੰ ਐਸੇ ਥਾਂ ਲੈ ਜਾਣਗੇ, 'ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।'

***ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥***

***ਅੰਗ- 473***

ਜਿਵੇਂ ਤੇਲ ਕੱਢਦੇ ਨੇ ਇਸ ਤਰ੍ਹਾਂ ਕੱਢਿਆ ਜਾਏਗਾ। ਕਹਿੰਦੇ, 18 ਨਰਕ ਵੱਡੇ-ਵੱਡੇ ਨੇ ਜਿੱਥੇ ਐਸੇ ਕਰਮ ਕਰਨ ਵਾਲੇ ਜਾਂਦੇ ਨੇ। ਇਨ੍ਹਾਂ ਲੋਕਾਂ ਨੂੰ ਪਾਮਰ ਕਹਿੰਦੇ ਨੇ, ਪਾਪੀ ਕਹਿੰਦੇ ਨੇ। ਆਪਣਾ ਦੇਖਦੇ ਨੇ, ਦੂਸਰੇ ਦਾ ਨਹੀਂ ਭਲਾ ਮਨਾਉਂਦੇ।

ਦੂਸਰੇ ਉਹ ਨੇ ਜਿਹੜੇ ਪੁੰਨ ਦਾਨ ਕਰਦੇ ਨੇ, ਨੇਕ ਕੰਮ ਕਰਦੇ ਨੇ, ਰਸਤਿਆਂ ਦੇ ਉਤੇ ਨਲਕੇ ਲਵਾਉਂਦੇ ਨੇ, ਹੋਰ ਅਨੇਕਾਂ ਕਿਸਮ ਦੇ ਕੰਮ; ਸੜਕਾਂ ਸਾਫ ਰਖਦੇ ਨੇ, ਦਰਖਤ ਲਾਉਂਦੇ ਨੇ। ਦੂਸਰਿਆਂ ਨੂੰ ਦੁੱਖ ਨਹੀਂ ਹੋਣ ਦਿੰਦੇ। ਦੁਖੀ ਦੇ ਜਾ ਕੇ ਹਾਅ ਦਾ ਨਾਹਰਾ ਮਾਰਦੇ ਨੇ। ਜੋ ਸਰਦਾ ਹੈ ਉਹਦੀ ਮਦਦ ਕਰਦੇ ਨੇ, ਲੇਕਿਨ ਉਹਦਾ ਬਦਲਾ ਚਾਹੁੰਦੇ ਨੇ ਕਿ ਇਹਦਾ ਮੈਨੂੰ ਫਲ ਮਿਲੇ। ਉਹ ਫਲ ਮਿਲਦੈ, ਕੁਛ ਇਥੇ ਵੀ ਮਿਲਦੈ, ਕੁਛ ਦਰਗਾਹ 'ਚ ਜਾ ਕੇ ਵੀ ਮਿਲਦੈ। ਆਮ ਸਾਧਾਰਣ ਕੀਤੇ ਹੋਏ ਦਾਨ 70 ਗੁਣਾਂ ਵਧਦੇ ਨੇ ਦਰਗਾਹ ਦੇ ਵਿਚ। 10 ਗੁਣਾਂ ਇਥੇ ਵਧਿਆ ਕਰਦੇ ਨੇ। ਖੇਤ ਦਾ ਫਰਕ ਹੈ –

***ਖੇਤੁ ਪਛਾਣੈ ਬੀਜੈ ਦਾਨੁ ॥*** ***ਅੰਗ– 1411***

ਚੰਗੇ ਖੇਤ ਵਿਚ ਫਸਲ ਹੋਵੇ, ਵੱਧ ਵੱਧਦੀ ਹੈ। ਮਹਾਂਪੁਰਸ਼ਾਂ ਦੇ, ਬ੍ਰਹਮਗਿਆਨੀਆਂ ਦੇ ਜਿੱਥੇ ਦਿਨ ਰਾਤ ਲੰਗਰ ਚਲਦੇ, ਹਸਪਤਾਲ ਚਲਦੇ ਨੇ, ਗਰੀਬਾਂ ਦੀ ਮਦਦ ਕੀਤੀ ਜਾਂਦੀ ਹੈ, ਐਸੇ ਥਾਂ ਬੀਜਿਆ ਹੋਇਆ ਹਜ਼ਾਰ ਤੇ ਲੱਖਾਂ ਗੁਣਾਂ ਵਧਦਾ ਹੈ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ– 1414***

ਇਹ ਧਰਮਰਾਜ ਦੇ ਜਾਂਦੇ ਨੇ, ਤੀਸਰੇ ਉਹ ਨੇ ਜਿਹੜੇ ਭਜਨ ਬੰਦਗੀ ਕਰਦੇ ਨੇ, ਮਹਾਂਪੁਰਸ਼ਾਂ ਨੂੰ ਮਿਲ ਗਏ ਪਰ ਪੂਰੇ ਨਹੀਂ ਹੋ ਸਕੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਿਹਾ ਜਾਂਦਾ ਹੈ। ਜਾਣ ਤਾਂ ਗਏ, ਗੁਰੂ ਵੀ ਧਾਰਨ ਕਰ ਲਿਆ, ਬਾਣੀਆਂ ਵੀ ਪੜ੍ਹਦੇ ਨੇ ਪਰ ਅੰਦਰ ਅਜੇ ਪ੍ਰਕਾਸ਼ ਨਹੀਂ ਹੋਇਆ, ਅੰਦਰ ਸੋਝੀ ਨਹੀਂ ਆਈ। ਮਾਇਆ ਦੇ ਲੇਪ ਤੋਂ ਉੱਚੇ ਨਹੀਂ ਉੱਠ ਸਕੇ। ਉਹ ਜਿਹੜੇ ਪ੍ਰੇਮੀ ਨੇ ਉਨ੍ਹਾਂ ਦੇ ਮਨ ਵਿਚ ਪਛਤਾਵਾ ਹੁੰਦੈ ਕਿ ਮਾਨਸ ਜਨਮ ਵੀ ਮਿਲਿਆ ਤੇ ਅਸੀਂ ਕਿਸੇ ਕਿਨਾਰੇ ਵੀ ਨਾ ਪਹੁੰਚੇ। ਉਨ੍ਹਾਂ ਨੂੰ ਯੋਗ ਭ੍ਰਿਸ਼ਟ ਕਹਿੰਦੇ ਨੇ, ਉਹ ਜਿਸ ਵਕਤ ਸਰੀਰ ਛਡਦੇ ਨੇ, ਉਸ ਵੇਲੇ ਉਨ੍ਹਾਂ ਦੀ ਪਿਛਲੀ ਕਰਨੀ ਕਮਾਈ ਨੂੰ ਤੋਲ ਕੇ, ਜੋਖ ਕੇ, ਪਰਖ ਕੇ, ਮੁੜ ਕੇ ਫੇਰ ਮਨੁੱਖ ਦੇਹੀ ਦੇ ਵਿਚ ਉਨ੍ਹਾਂ ਦਾ ਜੀਵ–ਆਤਮਾ ਪ੍ਰਵੇਸ਼ ਕਰਾ ਦਿੰਦੈ ਕਿ ਜਿਹੜੀ ਪਿਛਲੀ ਕਮੀ ਰਹਿ ਗਈ, ਹੁਣ ਪੂਰੀ ਕਰ ਲਵੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ ਵਾਲੇ) ਦਸਿਆ ਕਰਦੇ ਸੀ ਕਿ ਜੇ ਤਿੰਨ ਚਾਰ ਵਾਰੀ ਐਸਾ ਹੋ ਜਾਵੇ ਤਾਂ ਉਹਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਬੱਚਾ ਹੀ, 4–5 ਸਾਲ ਦਾ, ਇਸ ਤੋਂ ਵੀ ਛੋਟਾ, ਉਹ ਕਹਿੰਦੈ ਕਿ ਮੈਨੂੰ ਗੁਰੂ ਧਾਰਨ ਕਰਾਓ, ਮੈਨੂੰ ਅੰਮ੍ਰਿਤ ਛਕਾਓ, ਮੈਂ ਨਾਮ ਜਪਣੈ, ਮੈਂ ਬਾਣੀ ਪੜ੍ਹਨੀ ਹੈ, ਉਹਨੂੰ ਗਿਆਨ ਹੁੰਦੈ

ਪਿਛਲੇ ਜਨਮ ਦਾ। ਜਿੰਨੇ ਮਹਾਂਪੁਰਸ਼ ਹੋਏ ਨੇ, ਉਨ੍ਹਾਂ ਨੂੰ ਤਾਂ ਵੈਸੇ ਵੀ ਗਿਆਨ ਹੋਇਆ ਕਰਦੈ ਪਿਛਲਾ। ਵੈਸੇ ਉਹ ਜਾਣ ਜਾਂਦੇ ਨੇ ਕਿ ਆਹ ਜਿਹੜਾ ਛੋਟਾ ਬੱਚਾ ਆਇਆ ਹੈ, ਇਹਨੇ ਕਈ ਜਨਮ ਪਹਿਲਾਂ ਭਗਤੀ ਕੀਤੀ ਹੋਈ ਹੈ ਪਰ ਅਧੂਰਾ ਰਹਿ ਗਿਆ, ਹਰ ਵਾਰੀ ਅਧੂਰਾ ਰਹਿ ਗਿਆ। ਉਹ ਯੋਗ ਭ੍ਰਿਸ਼ਟ ਹੋਇਆ ਕਰਦੇ ਨੇ। ਜੇ ਉਨ੍ਹਾਂ ਦੇ ਮਨ ਵਿਚ ਕਿਤੇ ਐਸੀ ਵਾਸ਼ਨਾ ਆ ਜਾਵੇ ਕਿ ਅਸੀਂ ਇਹਦਾ ਫਲ ਲਈਏ ਤਾਂ ਉਹ ਬ੍ਰਹਮ ਲੋਕ 'ਚ ਵਾਸਾ ਪਾਇਆ ਕਰਦੇ ਨੇ। ਮਹਾਨ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਲੇਕਿਨ ਪਾਰ ਨਹੀਂ ਲੰਘਿਆ ਕਰਦੇ। ਇਸ ਤੋਂ ਅੱਗੇ ਐਸੇ ਵੀ ਹੁੰਦੇ ਨੇ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਦਿਨ ਰਾਤ ਭਜਨ ਕਰਦੇ ਨੇ, ਹਰ ਵਕਤ ਨਾਮ ਜਪਦੇ ਨੇ, ਨੇਕ ਕੰਮ ਕਰਦੇ ਨੇ, ਸੱਚੇ ਦਿਲੋਂ ਕਹਿੰਦੇ ਨੇ ਕਿ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'। ਕਿਸੇ ਦਾ ਬੁਰਾ ਨਹੀਂ ਮੰਗਦੇ ਤੇ ਪ੍ਰਮੇਸ਼ਰ ਦੇ ਨਾਲ ਜੁੜੇ ਰਹਿੰਦੇ ਨੇ। ਐਸੀ ਬਿਰਤੀ ਹੁੰਦੀ ਹੈ ਕਿ ਜ਼ਰਾ ਕੁ ਵੀ ਵਿਸਰ ਜਾਵੇ ਭੋਰਾ, ਤਾਂ ਉਨ੍ਹਾਂ ਦੀ ਜੋ ਹਾਲਤ ਹੋਇਆ ਕਰਦੀ ਹੈ ਉਹਦੇ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ– 708*

ਐਸਾ ਪਿਆਰ ਜੋ ਗੁਰੂ ਨਾਲ ਕਰਦੇ ਨੇ, ਜਿਵੇਂ ਮੱਛੀ ਜਿਉਂਦੀ ਨਹੀਂ ਪਾਣੀ ਤੋਂ ਬਗੈਰ। ਜੇ ਐਸਾ ਪਿਆਰ ਗੁਰੂ ਨਾਲ ਗੁਰਸਿੱਖ ਦਾ ਪੈ ਜਾਵੇ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*

*ਅੰਗ– 517*

ਉਹਨੂੰ ਵਾਹਿਗੁਰੂ ਦੀ ਦਰਗਾਹ ਤੇ ਗੁਰੂ ਦੀ ਦਰਗਾਹ ਦੇ ਵਿਚ ਵਾਸਾ ਮਿਲ ਜਾਇਆ ਕਰਦੈ।

*ਧਾਰਨਾ – ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ-ਰੱਤਿਆਂ।*

ਇਹ ਚਾਰ ਕਿਸਮ ਦੇ ਮਨੁੱਖਾਂ ਦੀ ਚਾਰ ਕਿਸਮ ਦੀ ਗਤੀ ਹੁੰਦੀ ਹੈ। ਪੰਜਵੀਂ ਉਹ ਹੁੰਦੀ ਹੈ ਜਿਨ੍ਹਾਂ ਨੂੰ ਪ੍ਰਮੇਸ਼ਰ ਭੇਜਿਆ ਕਰਦੈ ਕਿ ਜਾਓ

ਸੰਸਾਰ 'ਤੇ ਭੁੱਲੇ ਲੋਕਾਂ ਨੂੰ ਰਸਤੇ ਪਾਓ। ਕਬੁੱਧ ਕਰਨ ਤੋਂ ਹਟਾਓ। ਉਲਟੀਆਂ ਗੱਲਾਂ ਸੋਚਣ ਤੋਂ ਹਟਾਓ, ਜਾ ਕੇ ਉਨ੍ਹਾਂ ਨੂੰ ਸਹੀ ਮਾਰਗ ਦੱਸੋ ਤਾਂ ਕਿ ਆਪਣਾ ਜਨਮ ਬਿਰਥਾ ਨਾ ਗੁਆ ਬੈਠਣ। ਉਹ ਜਿਹੜੇ ਹੁੰਦੇ ਨੇ ਮਰਜ਼ੀ ਨਾਲ ਆਇਆ ਕਰਦੇ ਨੇ-

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਅੰਗ- 749***

ਉਨ੍ਹਾਂ ਦਾ ਕੰਮ ਹੁੰਦੈ, ਵਾਹਿਗੁਰੂ ਦੇ ਨਾਲ ਟੁੱਟੀਆਂ ਰੂਹਾਂ ਨੂੰ ਜੋੜ ਦੇਣਾ। ਛੇਵੇਂ ਉਹ ਹੋਇਆ ਕਰਦੇ ਨੇ ਜਿਨ੍ਹਾਂ ਨੂੰ ਇਥੇ ਆ ਕੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ -

***ਕਬਹੂ ਸਾਧਸੰਗਤਿ ਇਹੁ ਪਾਵੈ ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ ॥***
***ਅੰਤਰਿ ਹੋਇ ਗਿਆਨ ਪਰਗਾਸੁ ॥***
***ਉਸੁ ਅਸਥਾਨ ਕਾ ਨਹੀ ਬਿਨਾਸੁ ॥***
***ਮਨ ਤਨ ਨਾਮਿ ਰਤੇ ਇਕ ਰੰਗਿ ॥***
***ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥***
***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥*** ***ਅੰਗ- 278***

ਉਹ ਕਿਤੇ ਜਾਇਆ ਨਹੀਂ ਕਰਦੇ, ਉਹ ਇਸ ਸਰੀਰ ਦੇ ਵਿਚ ਰਹਿੰਦੇ ਹੁੰਦੇ ਹੀ ਜੀਵਨ ਮੁਕਤ ਹੋ ਜਾਇਆ ਕਰਦੇ ਨੇ ਤੇ ਪ੍ਰਮੇਸ਼ਰ ਨੂੰ ਇਸ ਤਰ੍ਹਾਂ ਦੇਖ ਲੈਂਦੇ ਨੇ ਜਿਵੇਂ ਕੋਈ ਹੱਥ 'ਤੇ ਕੋਈ ਚੀਜ਼ ਪਈ ਹੋਵੇ, ਅਸੀਂ ਖੁਲ੍ਹੀਆਂ ਅੱਖਾਂ ਨਾਲ ਦੇਖ ਲਈਏ। ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਮੇਸ਼ਰ ਹਰ ਥਾਂ ਨਜ਼ਰ ਆਇਆ ਕਰਦੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥***

***ਅੰਗ- 677***

ਸੋ ਮੈਂ ਇਹ ਬੇਨਤੀ ਕਰ ਰਿਹਾ ਸੀ, ਸਵਰਗ ਦੀ ਬਾਤ ਕਰ ਰਿਹਾ ਸੀ ਮੈਂ। ਕਿਉਂਕਿ ਅਸੀਂ ਸਵਰਗ ਨੂੰ ਬਹੁਤ ਉੱਚਾ ਗਿਣਦੇ ਹਾਂ, ਉਸ ਤੋਂ ਉੱਚੀਆਂ ਅਵਸਥਾ ਤਾਂ ਉਹ ਨੇ ਜਿਹੜੀਆਂ ਮੈਂ ਪਿਛਲੀਆਂ ਤਿੰਨ

ਦੱਸੀਆਂ ਨੇ। ਸਵਰਗ ਦੇ ਵਿਚ ਤਾਂ ਚਲੇ ਜਾਈਦੈ ਮੁੜ ਕੇ ਫੇਰ ਇਥੇ ਆ ਜਾਈਦੈ। ਫੇਰ ਉਹੀ ਕੰਮ, ਉਹੀ ਕਰਮ ਫੇਰ ਬੰਨ੍ਹ ਲੈਂਦੇ ਨੇ। ਫੇਰ ਪਰਾਲਬਧ ਕਰਮਾਂ ਦਾ ਸਾਨੂੰ ਦੁਖ ਸੁਖ ਭੋਗਣਾ ਪੈਂਦੈ, ਫੇਰ ਅਸੀਂ ਰੋਂਦੇ ਹਾਂ, ਸੁਖ ਦੇ ਵਿਚ ਭੁੱਲ ਜਾਂਦੇ ਹਾਂ। ਉਹ ਜੋ ਦੇਵ ਲੋਕ ਨੇ ਉਹਦਾ ਮੈਂ ਜ਼ਿਕਰ ਕਰਿਆ ਸੀ ਕਿ ਇਥੇ ਦੇ ਬਾਦਸ਼ਾਹ ਨਾਲੋਂ ਗੰਧਰਬ ਲੋਕ ਵਿਚ ਸੌ ਗੁਣਾਂ ਜ਼ਿਆਦਾ ਸੁਖ ਹੁੰਦੈ। ਗੰਧਰਬ ਲੋਕ ਨਾਲੋਂ ਸੌ ਗੁਣਾਂ ਸੁਖ ਜ਼ਿਆਦਾ ਦੇਵ ਗੰਧਰਬ ਲੋਕ 'ਚ ਹੋਇਆ ਕਰਦੈ। ਇਥੇ ਨਾਲੋਂ ਦਸ ਹਜ਼ਾਰ ਗੁਣਾਂ ਸੁਖ, ਬਾਦਸ਼ਾਹ ਨਾਲੋਂ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਪਿੱਤਰ ਲੋਕ 'ਚ ਹੋਇਆ ਕਰਦੈ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਸਵਰਗ ਲੋਕ 'ਚ ਹੋਇਆ ਕਰਦੈ, ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦੈ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਕਰਮ ਦੇਵ ਲੋਕ 'ਚ ਹੋਇਆ ਕਰਦੈ, ਫੇਰ ਅਜਾਨ ਦੇਵ ਲੋਕ ਹੈ, ਪ੍ਰਜਾਪਤ ਲੋਕ ਹੈ, ਬ੍ਰਹਮ ਲੋਕ ਹੈ, ਸ਼ਿਵ ਲੋਕ ਹੈ, ਬੈਕੁੰਠ ਧਾਮ ਹੈ, ਜ਼ਰਬ ਦੇ ਲਿਓ ਕਿਤੇ ਵਿਹਲੇ ਬੈਠ ਕੇ। ਸੌ-ਸੌ ਵਧਾਈ ਜਾਇਓ। ਉਨ੍ਹਾਂ ਮੰਡਲਾਂ ਦੇ ਵਿਚ ਜਿਹੜੇ ਦੇਵਤੇ ਬੈਠੇ ਨੇ, ਤੁਸੀਂ ਹੈਰਾਨ ਹੋ ਜਾਓਂਗੇ ਕਿ ਐਨੇ ਸੁਖੀ ਹੁੰਦੇ ਹੋਏ, ਫੇਰ ਆਹ ਮਨੁੱਖ ਦੇਹੀ ਨੂੰ ਕਿਉਂ ਲੋਚਦੇ ਨੇ। ਉਹ ਇਹ ਹੈ ਕਿ ਉਹ ਤਪ ਕਰਕੇ ਉਪਰ ਤਾਂ ਚਲੇ ਜਾਂਦੇ ਨੇ, ਲੇਕਿਨ ਸਮਾਂ ਚਾਹੇ ਲੱਖ ਸਾਲ ਬਾਅਦ, ਚਾਹੇ ਕਰੋੜ ਸਾਲ ਬਾਅਦ, ਮੁੜ ਕੇ ਫੇਰ ਉਨ੍ਹਾਂ ਨੂੰ ਥੱਲੇ ਆਉਣਾ ਪੈਂਦੈ। ਕੋਈ ਟਿਕਾਣਾ ਤਾਂ ਮਿਲਿਆ ਨਾ। ਉਹ ਕੋਈ ਪੱਕਾ ਟਿਕਾਣਾ ਤਾਂ ਹੋਇਆ ਨਾ। ਦੂਸਰਾ ਇਹ ਹੈ ਕਿ ਜਿਹੜਾ ਸਾਡਾ ਮਨੁੱਖ ਦਾ ਸਰੀਰ ਹੈ। ਧਿਆਨ ਨਾਲ ਸੁਣਿਓ ਇਨ੍ਹਾਂ ਗੱਲਾਂ ਨੂੰ। ਇਹਦੇ ਵਿਚ ਵਾਹਿਗੁਰੂ ਪ੍ਰਗਟ ਹੋ ਜਾਂਦੈ। ਹੋਰ ਕਿਸੇ ਸਰੀਰ 'ਚ ਪ੍ਰਗਟ ਨਹੀਂ ਹੁੰਦਾ। ਇਹਦੇ 'ਚ ਉਹਨੇ ਆਪਣਾ ਆਪ ਰੱਖਿਆ ਹੋਇਐ-

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥*

*ਅੰਗ- 1033*

ਇਹਦੇ ਸਰੀਰ ਦੇ ਵਿਚ ਬੈਠਾ ਹੈ। ਇਹਨੂੰ ਦੇਖਣਾ ਹੋਵੇ, ਅੱਖ ਹੈ ਅੰਦਰਲੀ ਖੋਲ੍ਹ ਲਓ, ਮਹਾਂਪੁਰਸ਼ਾਂ ਨੂੰ ਮਿਲ ਕੇ। ਕਿਉਂਕਿ ਅੱਖ ਖੋਲ੍ਹਣ ਦਾ ਯਤਨ ਵੀ ਮਹਾਰਾਜ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਐ। ਪੜ੍ਹੋ ਪਿਆਰ ਨਾਲ-

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- 954*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- 947*

ਆਹ ਜਿਹੜਾ ਸਰੀਰ ਹੈ, ਨੌਂ ਦਰਵਾਜ਼ਿਆਂ ਵਾਲਾ ਕਿਲ੍ਹਾ। ਦੋਵੇਂ ਅੱਖਾਂ, ਨੱਕ ਦਾ ਰਸਤਾ ਤੇ ਦੋਵੇਂ ਕੰਨ, ਮੂੰਹ ਤੇ ਮਲਮੂਤਰ ਦੇ ਇੰਦਰੇ। ਨੌਂ ਬਣ ਜਾਂਦੇ ਨੇ। ਨੌਂ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਅੰਦਰ ਨੂੰ ਨਹੀਂ ਖੁਲ੍ਹਦੇ। ਪਰ ਬਹੁਤ ਥੋੜ੍ਹੇ ਬੰਦਿਆਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਅੰਦਰ ਨੂੰ ਵੀ ਖੁਲ੍ਹਦੇ ਨੇ? ਜਦੋਂ ਅੰਦਰਲੀ ਅੱਖ ਖੁਲ੍ਹ ਜਾਂਦੀ ਹੈ, ਇਹਨੂੰ ਦਿਬਯ ਅੱਖ ਕਹਿੰਦੇ ਨੇ। ਉਹਦੇ ਨਾਲ ਕੀ ਹੁੰਦੈ? ਸਾਰੀ ਸ੍ਰਿਸ਼ਟੀ ਨਜ਼ਰ ਆਉਣ ਲਗ ਜਾਂਦੀ ਹੈ। ਜਦੋਂ ਦਿਬਯ ਕੰਨ ਖੁਲ੍ਹ ਜਾਂਦੇ ਨੇ ਤਾਂ ਇਹ ਅਨਹਦ ਨਾਦ, ਜੋ ਕੁਛ ਵੀ ਪ੍ਰਮੇਸ਼ਰ ਦੀ ਦਰਗਾਹ 'ਚ ਹੋ ਰਿਹੈ ਸਭ ਕੁਛ ਸੁਣਨ ਲਗ ਜਾਂਦੈ। ਜਦੋਂ ਦਿਬਯ ਰਸਨਾ ਖੁਲ੍ਹ ਜਾਂਦੀ ਹੈ, ਉਸ ਵੇਲੇ ਐਸਾ ਮਹਾਨ ਅਨੰਦ ਨਾਮ ਦਾ ਰਸ ਜੋ ਹੈ, ਉਹ ਐਨਾ ਜ਼ਬਰਦਸਤ ਚੜ੍ਹ ਜਾਂਦੈ ਕਿ ਦਿਨ ਤੇ ਰਾਤ ਉਸ ਦਾ ਜੋ ਨਸ਼ਾ ਹੈ, ਉਤਰਿਆ ਨਹੀਂ ਕਰਦਾ।

*ਧਾਰਨਾ - ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ-ਨਾਮ ਖੁਮਾਰੀ।*
*ਪੋਸਤ ਮਦ ਅਫੀਮ ਭੰਗ, ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ। (ਜਨਮ ਸਾਖੀ)*

ਮਹਾਨ ਰਸ ਦੇ ਵਿਚ ਚਲਿਆ ਜਾਂਦੈ ਜਦੋਂ ਦਿਬਯ ਰਸਨਾ ਖੁਲ੍ਹ ਜਾਂਦੀ ਹੈ। ਜਦੋਂ ਦਿਬਯ ਨਾਸਕਾ ਖੁਲ੍ਹ ਜਾਂਦੀ ਹੈ ਉਸ ਵੇਲੇ ਬਗੈਰ ਸੁਗੰਧੀਆਂ ਤੋਂ, ਬਗੈਰ ਪਰਫਿਊਮਾਂ ਤੋਂ ਆਪਣੇ ਆਪ ਹੀ ਸੁਗੰਧੀਆਂ ਆਉਂਦੀਆਂ ਨੇ। ਇਨ੍ਹਾਂ ਦਾ ਸਾਨੂੰ ਨਾ ਪਤਾ ਹੋਣ ਕਰਕੇ ਮਾਨਸ ਸਰੀਰ ਵੀ ਮਿਲਿਐ। ਐਸੇ ਕੀਮਤੀ ਜੋ ਸਾਡੇ ਇੰਦਰੇ ਸੀ ਉਹ ਸਾਰੇ ਬੇਫਲ ਚਲੇ ਜਾਂਦੇ ਨੇ। ਕਿਸੇ ਲੇਖੇ 'ਚ ਨਹੀਂ ਆਉਂਦੇ। ਵਰਤੋਂ ਵਿਚ ਹੀ ਨਹੀਂ ਅਸੀਂ ਲਿਆਉਂਦੇ। ਮਹਾਰਾਜ ਕਹਿੰਦੇ, ਪਿਆਰਿਓ! ਇਹ ਜਿਹੜਾ ਸਰੀਰ ਹੈ ਇਹਦੇ ਨੌਂ ਦਰਵਾਜ਼ੇ ਹਨ। ਪਰ ਇਹਦੇ ਵਿਚ ਇਕ ਐਸਾ ਦਰਵਾਜ਼ਾ ਹੈ ਜਿਸਨੂੰ ਕਦੇ ਵੀ ਤੁਸੀਂ ਖੋਲ੍ਹਣ ਦਾ ਯਤਨ ਨਹੀਂ ਕਰਿਆ। ਉਹ ਖੁਲ੍ਹਦਾ ਨਹੀਂ ਹੈ ਕਿਉਂਕਿ ਉਹਦੇ ਅੱਗੇ ਦਰਵਾਜ਼ਾ ਲੱਗਿਆ ਹੋਇਐ। ਬਜਰ ਕਪਾਟ ਕਹਿੰਦੇ ਨੇ ਉਸ ਨੂੰ। ਜਦੋਂ ਤਕ ਗੁਰੂ ਤੋਂ ਸ਼ਬਦ ਨਹੀਂ ਮਿਲਦਾ, ਪੰਜ ਪਿਆਰਿਆਂ ਤੋਂ ਵਾਹਿਗੁਰੂ ਮੰਤਰ ਨਹੀਂ ਪ੍ਰਾਪਤ ਹੁੰਦਾ। ਅਰ ਉਹ ਚਾਬੀ ਨਹੀਂ ਲਾਉਂਦਾ, ਓਨੀਂ ਦੇਰ ਤਕ ਦਰਵਾਜ਼ਾ ਕਿਵੇਂ ਖੁਲ੍ਹ ਜਾਏਗਾ। ਕਿਉਂਕਿ ਪ੍ਰਮੇਸ਼ਰ ਨੇ ਬੰਦ ਕਰਿਆ ਹੋਇਐ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***
***ਅੰਗ- 205***

ਜਿੰਨਾਂ ਜੀਅ ਕਰਦੈ ਯਤਨ ਕਰ ਲੈ, ਨਹੀਂ ਦਰਵਾਜ਼ਾ ਖੁਲ੍ਹਿਆ ਕਰਦਾ। ਜਦੋਂ ਤਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ। ਸਤਿਗੁਰੂ ਚਾਬੀ ਨਹੀਂ ਦਿੰਦਾ। ਗੁਰੂ ਸ਼ਬਦ ਨਹੀਂ ਦਿੰਦਾ। ਸ਼ਬਦ ਲਾ ਕੇ ਇਹ ਖੁਲ੍ਹਦਾ ਹੈ। ਇਹ ਕੋਈ ਲੋਹੇ ਦੀ ਚਾਬੀ ਤਾਂ ਹੈ ਨਹੀਂ। ਨਾ ਨੰਬਰਾਂ ਦੀ ਚਾਬੀ ਹੈ, ਇਹ ਤਾਂ ਮੰਤਰ ਦੀ ਚਾਬੀ ਹੈ, ਜਿਵੇਂ ਮੰਤਰ ਦੇ ਕਹੇ 'ਤੇ ਸਿਮ-ਸਿਮ ਕਹੇ ਤੇ ਅਲੀ ਬਾਬਾ ਦਾ ਦਰਵਾਜ਼ਾ ਖੁਲ੍ਹ ਜਾਂਦਾ ਸੀ। ਦਰਵਾਜ਼ਾ ਖੁਲ੍ਹਦੈ, ਉਹ ਪ੍ਰਤੀਕ ਹੈ ਸਾਖੀ। ਕਹਾਣੀ ਕਿਸੇ ਨੇ ਬਹੁਤ ਸੋਹਣੀ ਬਣਾਈ ਹੈ, ਲੇਕਿਨ ਉਹਦਾ ਅੰਤਰੀਵ ਭਾਵ ਬੜਾ ਜ਼ਬਰਦਸਤ ਹੈ। ਅੰਦਰ ਬੇਅੰਤ ਦੌਲਤਾਂ ਪਈਆਂ ਨੇ, ਆਦਮੀ ਦੇਖ ਕੇ ਹੈਰਾਨ ਹੋ ਜਾਂਦੈ ਕਿ ਐਨੀ ਦੌਲਤ? ਉਹ ਦਰਵਾਜ਼ਾ ਖੋਲ੍ਹ ਲੈਂਦੇ ਸੀ। ਬਜਰ ਕਪਾਟ ਲੱਗੇ ਹੋਏ ਸੀ ਉਹ ਵੀ ਖੁਲ੍ਹ ਜਾਂਦੇ ਸੀ। ਮਹਾਰਾਜ ਕਹਿੰਦੇ -

***ਗੁਰਦੁਆਰੈ ਲਾਇ ਭਾਵਨੀ***
***ਇਕਨਾ ਦਸਵਾ ਦੁਆਰੁ ਦਿਖਾਇਆ ॥***
***ਤਹ ਅਨੇਕ ਰੂਪ ਨਾਉ ਨਵ ਨਿਧਿ***
***ਤਿਸ ਦਾ ਅੰਤੁ ਨ ਜਾਈ ਪਾਇਆ ॥ ਅੰਗ- 922***

ਐਨੇ ਖਜ਼ਾਨੇ ਨੇ ਕਿ ਉਹਦਾ ਅੰਤ ਹੀ ਨਹੀਂ ਪਾਇਆ ਜਾ ਸਕਦਾ। ਅਰ ਮਨੁੱਖ ਦੇ ਅੰਦਰ ਪਏ ਨੇ ਸਾਰੇ। ਪਿੱਛੇ ਲੱਗੇ ਫਿਰਦੇ ਨੇ, ਕਹਿੰਦੇ ਸਾਨੂੰ ਵਰਤੋ। ਲੇਕਿਨ ਮਨ੍ਹਾਂ ਕੀਤਾ ਹੋਇਐ ਮਹਾਰਾਜ ਨੇ ਕਿ ਨਹੀਂ ਇਹ ਵਰਤਣੇ ਨਹੀਂ ਹਨ। ਇਹਨਾਂ ਨੂੰ ਨਹੀਂ ਵਰਤਣਾ ਆਪਣੇ ਵਾਸਤੇ। ਸੋ ਐਸਾ ਸਰੀਰ - ***'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥'*** ਜਦੋਂ ਖੁਲ੍ਹ ਗਏ, ਨਿਸ਼ਾਨੀ ਕੀ ਹੈ? ਕਹਿੰਦੇ - ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥'*** ਧੁਨ ਹੈ ਉਥੇ ਲਗਾਤਾਰੀ, 24 ਘੰਟੇ ਅਨਹਦ ਦੀ। ਕੌਣ ਪਹੁੰਚਾ ਸਕਦੈ ਉਥੇ? ਮਹਾਰਾਜ ਕਹਿੰਦੇ, ਗੁਰੂ ਤੋਂ ਬਗੈਰ ਹੋਰ ਕੋਈ ਪਹੁੰਚਾਉਣ ਨੂੰ ਸਮਰੱਥ ਹੀ ਨਹੀਂ ਹੈ। ਗੁਰੂ ਕਹਿੰਦੇ ਹੀ ਉਹਨੂੰ ਨੇ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ- 1291***

ਜਿਹੜਾ ਇਸ ਸਰੀਰ ਦੇ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ ਉਹ ਗੁਰੂ ਹੋਇਆ ਕਰਦੈ। ਕਹਿੰਦੇ, ਨਿਸ਼ਾਨੀ ਕੀ ਹੈ ਫੇਰ? ਐਵੇਂ ਹੀ

ਕਹਿ ਦੇਵੇ ਕਿ ਤੈਨੂੰ ਘਰ ਦਿਸ ਗਿਆ।

ਮਹਾਰਾਜ ਕਹਿੰਦੇ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***

***ਅੰਗ - 1291***

ਪੰਜਾਂ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ ਉਥੇ। ਨਿਸ਼ਾਨੀ ਹੈ ਉਥੇ ਉਨ੍ਹਾਂ ਸ਼ਬਦਾਂ ਦੀ। ਵਿਸਮਾਦ ਹੀ ਵਿਸਮਾਦ ਹੈ। ਐਨੇ ਨਾਦ ਵਜਦੇ ਨੇ ਕੋਈ ਹਿਸਾਬ ਹੀ ਨਹੀਂ, ਗਿਣਤੀ-ਮਿਣਤੀ ਨਹੀਂ ਹੈ। ਮਹਾਰਾਜ ਨੇ 'ਸੋ ਦਰੁ' ਦੀ ਪਉੜੀ ਦੇ ਵਿਚ ਇਸ ਦਰਵਾਜ਼ੇ ਦੇ ਉਤੇ ਜਿਹੜੇ ਖੜ੍ਹ ਕੇ ਗਾ ਰਹੇ ਨੇ ਉਨ੍ਹਾਂ ਦੀ ਗਿਣਤੀ ਕਰਕੇ ਨਾਲ ਲਿਖਿਐ ਕਿ -

***ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ***
***ਨਾਨਕੁ ਕਿਆ ਵੀਚਾਰੇ ॥*** ***ਅੰਗ- 6***

ਕਿੰਨਿਆਂ ਕੁ ਨੂੰ ਕਹਿ ਦੇਈਏ, ਉਥੇ ਕੋਈ ਗਿਣਤੀ ਮਿਣਤੀ ਹੈ। ਕਹਿੰਦੇ, ਆਹ ਸਰੀਰ ਦੇ ਅੰਦਰ ਹੋ ਰਿਹੈ ਸਾਰਾ ਕੁਛ। ਕਿਉਂਕਿ 'ਵਾਹਿਗੁਰੂ' ਏਸ ਸਰੀਰ ਤੋਂ ਬਾਹਰ ਨਹੀਂ ਬੈਠਾ।

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***

***ਅੰਗ - 1291***

ਹੁਣ ਮਹਾਰਾਜ ਕਹਿੰਦੇ, ਜੋ ਸੁਖਮਨਾ ਨਾੜੀ ਤੇਰੇ ਅੰਦਰ ਹੈ ਉਹਦੇ ਨਾਲ ਸੁਰਤ ਨੂੰ ਜੋੜ। ਜਦੋਂ ਤੂੰ ਸ਼ਬਦ ਦੇ ਨਾਲ ਸੁਰਤ ਜੋੜੇਂਗਾ। ਉਹ ਸ਼ਬਦ ਚੁੱਕੇਗਾ ਤੇਰੀ ਸੁਰਤ ਨੂੰ ਤੇ ਉਸ ਥਾਂ 'ਤੇ ਲੈ ਜਾਏਗਾ ਜਿਸ ਥਾਂ ਦੇ ਉਤੇ ਅਨਹਦ ਝੁਨਕਾਰ ਹੋ ਰਹੀ ਹੈ। ਕਰਨਾ ਹੀ ਕੁਛ ਨਹੀਂ ਹੈ, ਫੇਰ ਸੁਰਤਾਂ ਕਿੱਥੇ ਰਹਿਣ। ਸੁਰਤ ਤਾਂ ਸਾਡੀ ਬਾਹਰ ਖਿੰਡੀ ਪਈ ਹੈ। ਬਾਹਰਲਾ ਅਨੰਦ ਆਉਂਦੈ ਕਿ ਮੇਰੇ ਕੋਲ ਐਨੀ ਜ਼ਮੀਨ ਹੈ, ਮੇਰੇ ਕੋਲ ਐਨੀ ਜ਼ਮੀਨ ਹੈ। ਨਾਲ ਲੈ ਜਾਏਂਗਾ ਭਾਈ? ਕੀ ਕਰੇਂਗਾ ਜ਼ਮੀਨਾਂ ਨੂੰ, ਚਾਰ ਦਿਨ ਦਾ ਵਾਜਾ ਤੂੰ ਵਜਾ ਲੈ। ਚਲੇ ਗਏ ਸਾਰੇ -

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***

***ਅੰਗ- 1381***

ਕਿੱਥੇ ਗਏ ਮਾਂ-ਬਾਪ ਜਿਹੜੇ ਗੋਦੀ ਚੁੱਕੀਂ ਫਿਰਦੇ ਸੀ। ਉਂਗਲੀ ਲਾ ਕੇ ਚਲਾਇਆ ਕਰਦੇ ਸੀ। ਉਹ ਚਲੇ ਗਏ, ਏਵੇਂ ਜਿਵੇਂ ਤੇਰਾ ਹਾਲ ਹੋਣੈ।

ਤੂੰ ਵੀ ਚਲਿਆ ਜਾਣੈ। ਇਨ੍ਹਾਂ ਚੀਜ਼ਾਂ 'ਚ ਨਾ ਫਸ। ਅੰਦਰਲੀ ਖੋਜ ਕਰ। ਜਿਹੜਾ ਤੈਨੂੰ ਸਰੀਰ ਮਿਲਿਐ। ਉਹਨੂੰ ਵਾਂਝਾ ਨਾ ਗੁਆ। ਵਾਂਝਾ ਗਵਾਇਆ ਤਾਂ ਮਹਾਰਾਜ ਬੜਾ ਜ਼ਬਰਦਸਤ ਉਲਾਂਭਾ ਦਿੰਦੇ ਨੇ ਇਸ ਤਰ੍ਹਾਂ ਨਾਲ –

***ਧਾਰਨਾ – ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆ ਓਏ।***

ਐਸਾ ਸਰੀਰ ਜੇ ਇਸ ਦੀ ਪੜਤਾਲ ਨਹੀਂ ਕਰੀ, ਅੰਦਰ ਖੋਜ ਨਹੀਂ ਕਰੀ, ਦੱਸ ਕਹਿੰਦੇ ਤੂੰ ਕਾਹਤੋਂ ਮਾਣਸ ਜਨਮ ਧਾਰਿਐ। ਤੇਰੇ ਆਉਣ ਦਾ ਕੀ ਫਾਇਦਾ ਹੈ –

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ ॥***
***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥*** ***ਅੰਗ- 450***

ਕਿਸੇ ਕੰਮ ਨਹੀਂ ਆਉਂਦਾ। ਜਾਂਦਾ ਹੋਇਆ ਲੱਕੜੀਆਂ ਨਾਲ ਲੈ ਜਾਂਦੈ। ਨੁਕਸਾਨ ਕਰਕੇ ਜਾਂਦੈ –

***ਨਰੂ ਮਰੈ ਨਰੁ ਕਾਮਿ ਨ ਆਵੈ ॥***
***ਪਸੂ ਮਰੈ ਦਸ ਕਾਜ ਸਵਾਰੈ ॥*** ***ਅੰਗ- 871***

84 ਲੱਖ ਜੂਨਾਂ ਦੇ ਭੈੜੇ ਸਰੀਰਾਂ 'ਚੋਂ ਲੰਘ ਕੇ ਤੂੰ ਮਨੁੱਖ ਬਣਿਐਂ, ਤੇਰੀ ਵਤ ਲੱਗੀ ਹੋਈ ਹੈ, ਹੁਣ ਤੂੰ ਨਾਮ ਨਹੀਂ ਬੀਜਦਾ। ਜੇ ਵਤ ਲੱਗੀ ਹੋਵੇ, ਕਣਕ ਬੀਜੇ ਨਾ, ਫੇਰ ਕੀ ਖਾਏਗਾ।

***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ ॥*** ***ਅੰਗ - 450***

ਖੇਤ ਉਵੇਂ ਜਿਵੇਂ ਰਹਿ ਜਾਣਗੇ ਖਾਲੀ, ਵੱਤਰ 'ਚ ਦਾਣਾ ਨਹੀਂ ਪਿਆ। ਹੁਣ ਵੱਤਰ ਆਈ ਹੋਈ ਹੈ। ਕਹਿੰਦੇ, ਮਨ ਦੇ ਪਿੱਛੇ ਲਗ ਕੇ ਜੀਵਨ ਗੁਜ਼ਾਰ ਦਿਤਾ। ਗੁਰੂ ਦੀ ਬਾਤ ਨਹੀਂ ਮੰਨੀ। ਫੇਰ ਹੋਏਗਾ ਕੀ –

***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***
***ਅੰਗ- 947***

ਮੈਂ-ਮੈਂ ਕਰਦੇ ਨੇ ਜਨਮ ਲੰਘਾ ਲਿਆ ਤੂੰ ਸਾਰਾ ਤੇ ਹੋਏਗਾ ਕੀ?

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥***
***ਅੰਗ- 450***

***ਮਨਮੁਖਿ ਆਵੈ ਮਨਮੁਖਿ ਜਾਵੈ ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ ॥*** ***ਅੰਗ- 1073***

ਗੁਰਮੁਖ ਨੂੰ ਤਾਂ ਹੈ ਨਹੀਂ ਇਹ ਰਸਤਾ। ਮਨਮੁਖ ਦੇ ਪਿੱਛੇ ਲੱਗਣ ਵਾਲੇ ਜੋ ਬੰਦੇ ਨੇ ਉਹਨਾਂ ਵਾਸਤੇ ਗੁਰੂ ਮਹਾਰਾਜ ਕਹਿੰਦੇ ਇਹ ਰਸਤਾ ਹੈ ਭਾਈ! 'ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥'

ਸੋ ਐਸਾ ਜੋ ਤੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਛੁਪਾ ਕੇ ਰੱਖਿਆ ਹੋਇਐ, ਉਹਨੂੰ ਤੂੰ ਖੋਜ ਨਹੀਂ ਸਕਿਆ ਤੇ ਗੁਰੂ ਤੋਂ ਤੂੰ ਚਾਬੀ ਨਹੀਂ ਲੈ ਸਕਿਆ। ਦੱਸ ਤੇਰੇ ਜਨਮ ਦਾ ਫਾਇਦਾ ਕੀ? ਜਿਹੋ ਜਿਹਾ ਜਗ 'ਤੇ ਆਇਆ, ਜਿਹੋ ਜਿਹਾ ਨਾ ਆਇਆ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ- 251***

ਆ ਤਾਂ ਗਿਆ, ਲੇਕਿਨ ਬੁੱਝਿਆ ਨਹੀਂ। ਬੁੱਝਣ ਤੋਂ ਬਗੈਰ ਪਸ਼ੂ ਦਾ ਪਸ਼ੂ ਰਹਿ ਗਿਆ।

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥*** ***ਅੰਗ- 251***

ਜੰਮਦਾ ਹੀ ਮਾਇਆ ਨੇ ਮੋਹ ਲਿਆ। ਆਇਆ ਤਾਂ ਇਸ ਕਰਕੇ ਸੀ ਕਿ ਮੈਂ ਨਾਮ ਜਪਾਂਗਾ। ਐਸਾ ਬਾਣੀ ਦੇ ਵਿਚ ਆਉਂਦਾ ਹੈ -

***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*** ***ਅੰਗ- 251***

ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਤਪ ਕਰਦਾ ਸੀ। ਸੁਖਮਨਾ ਨਾੜੀ ਦੇ ਵਿਚ ਸੁਰਤ ਹੋਣ ਕਰਕੇ ਇਕ ਸੌ ਜਨਮ ਦਾ ਪਿਛਲਾ ਗਿਆਨ ਸੀ ਇਸ ਨੂੰ। ਪਛਤਾਉਂਦਾ ਸੀ ਕਿ ਮੈਂ ਆਹ ਵੀ ਜਨਮ ਇਸੇ ਤਰ੍ਹਾਂ ਲੰਘਾਇਆ, ਆਹ ਜਨਮ ਐਵੇਂ ਹੀ ਲੰਘਾਇਆ, ਇਹਦੇ ਵਿਚ ਮੈਂ ਵੈਰ ਕਰਦਾ ਰਿਹਾ, ਵਿਰੋਧ ਕਰਦਾ ਰਿਹਾ, ਈਰਖਾ ਕਰਦਾ ਹੈ, ਇਹ ਵੀ ਮੇਰਾ ਐਵੇਂ ਹੀ ਗਿਆ। ਫੇਰ ਕਹਿੰਦਾ, ਹੁਣ ਮੈਂ ਜਪੂੰਗਾ। ਜੇ ਮੈਨੂੰ ਹੁਣ ਮੌਕਾ ਮਿਲ ਜਾਏ ਤਾਂ ਮੈਂ ਹੁਣ ਨਾਮ ਜਪਾਂਗਾ। ਸਵਾਸ-ਸਵਾਸ ਜਪਾਂਗਾ, ਇਕ ਮਿੰਟ ਨਹੀਂ ਮੈਂ ਹਟਦਾ। ਬੇਨਤੀਆਂ ਕਰਦੈ ਕਿ ਹੇ ਪ੍ਰਭੂ! ਹੁਣ ਤੂੰ ਮੈਨੂੰ ਇਸ ਅੰਧ ਕੂਪ ਦੇ ਵਿਚੋਂ ਕੱਢ ਦੇ, ਹੁਣ ਮੈਂ ਤੇਰਾ ਨਾਮ ਜਪਾਂਗਾ। ਉਹ ਕਹਿੰਦੇ, ਐ ਜੀਵ! ਤੈਨੂੰ ਇਕ ਵਾਰੀ ਮਨੁੱਖ ਬਣਾਇਐ ਕਿਤੇ? ਬਹੁਤ ਵਾਰੀ ਤੂੰ ਮਨੁੱਖ ਬਣਿਐ ਤੇ ਜਦੋਂ ਵੀ ਤੂੰ ਮਨੁੱਖ ਬਣਦੈਂ, ਉਸ ਵੇਲੇ ਤੂੰ ਵਾਇਦਾ ਫਰਾਮੋਸ਼ (ਵਾਇਦੇ ਤੋਂ ਮੁਨਕਰ) ਹੋ ਜਾਨੈਂ, ਭੁੱਲ ਜਾਂਦੈ ਆਪਣੇ ਕੀਤੇ ਵਾਅਦਿਆਂ ਨੂੰ। ਉਥੇ ਹੋਰ ਹੀ ਚੀਜ਼ਾਂ ਨੇ, ਉਨ੍ਹਾਂ ਦੇ ਵਿਚ ਫਸ ਜਾਨੈਂ। ਉਹ ਤੈਨੂੰ ਸੁਰਤ ਨਹੀਂ ਆਉਣ ਦਿੰਦੀਆਂ।

ਨਹੀਂ, ਮਹਾਰਾਜ! ਹੁਣ ਮੈਂ ਨਾਮ ਜਪਾਂਗਾ।

ਕਹਿੰਦੇ, ਜਮਾਨਤ ਦੇਹ।

ਕਹਿੰਦਾ, ਮਹਾਰਾਜ! ਜਮਾਨਤ ਇਥੇ ਮੈਂ ਕਾਹਦੀ ਦੇ ਦੇਵਾਂ?

ਕਹਿੰਦੇ, ਪੰਜ ਤੱਤਾਂ ਦੇ ਦੇਵਤੇ ਤੇਰੇ ਨਾਲ ਨੇ।

ਅਕਾਸ਼ ਨੂੰ ਕਿਹਾ, ਉਹਨੇ ਕਿਹਾ ਕਿ ਮੇਰਾ ਤਾਂ ਵਜੂਦ ਹੀ ਨਹੀਂ। ਅੱਗ ਨੂੰ ਕਿਹਾ, ਉਹ ਕਹਿੰਦਾ ਤੇਰਾ ਮੇਰਾ ਕੀ ਸਾਥ ਹੈ? ਮੈਂ ਜਿਥੇ ਹੋਵਾਂ ਉਥੇ ਤੂੰ ਨਹੀਂ ਹੋ ਸਕਦਾ। ਆਪਣਾ ਸਾਥ ਕੀ ਹੈ? ਮੈਂ ਤੈਨੂੰ ਕਿਵੇਂ ਪ੍ਰੇਰਨਾ ਕਰੂੰਗਾ, ਤੂੰ ਤਾਂ ਮੇਰੇ ਤੋਂ ਦੂਰ-ਦੂਰ ਨੱਠਦੈਂ। ਧਰਤੀ ਨੂੰ ਕਿਹਾ, ਉਹ ਕਹਿੰਦਾ ਤੂੰ ਦੇ-ਦੇ, ਜਮਾਨਤ। ਉਹ ਕਹਿੰਦੀ, ਮਾੜੀ ਜਿਹੀ ਮੈਂ ਉਡ ਕੇ ਤੇਰੇ ਉਪਰ ਪੈ ਜਾਵਾਂ, ਹੱਥਾਂ ਨਾਲ ਝਾੜੀ ਜਾਨੈਂ। ਮੈਨੂੰ ਤਾਂ ਤੂੰ ਪੈਰਾਂ ਥੱਲੇ ਹੀ ਰੱਖਦੈਂ। ਕਦੇ ਸੀਸ 'ਤੇ ਵੀ ਚੁੱਕਿਐ? ਮੈਂ ਨਹੀਂ ਤੇਰੀ ਜਮਾਨਤ ਦੇ ਸਕਦੀ। ਇਸ ਤਰ੍ਹਾਂ ਦੇ ਨਾਲ ਹਵਾ ਨੇ ਕਿਹਾ ਕਿ ਮੇਰਾ ਵਜੂਦ ਹੀ ਨਹੀਂ, ਮੈਂ ਤੇਰੀ ਕਿਵੇਂ ਜਮਾਨਤ ਦੇ ਦੇਵਾਂ। ਪਾਣੀ ਰਹਿ ਗਿਆ, ਪਾਣੀ ਦੇ ਕੋਲ ਮਿੰਨਤਾਂ ਕਰਦੈ ਕਿ ਹੇ ਵਰੁਣ ਦੇਵਤਾ! ਤੂੰ ਨਾ ਕਿਤੇ ਮੁਕਰ ਜਾਈਂ, ਹੁਣ ਚਾਰ ਤਾਂ ਜਵਾਬ ਦੇ ਗਏ।

ਉਹ ਕਹਿੰਦਾ, ਦੇਖ ਤੇਰਾ ਇਤਬਾਰ ਕੋਈ ਨਹੀਂ। ਬੇਵਿਸ਼ਵਾਸ਼ਾ ਹੈਂ ਤੂੰ। ਪਰ ਮੈਂ ਸ਼ਰਤ ਰੱਖ ਕੇ ਦੇਵਾਂਗਾ ਜਮਾਨਤ। ਫੇਰ ਬੇਨਤੀ ਕਰਦੈ ਕਿ ਹੇ ਪ੍ਰਭੂ! ਇਹ ਸ਼ਰਤੀਆ ਜਮਾਨਤ ਦਿੰਦੈ।

ਹਾਜ਼ਰ ਹੋਏ, ਦੋਵੇਂ ਜਣੇ। ਕਹਿਣ ਲੱਗੇ, ਕਿਵੇਂ ਦਿੰਨੈਂ?

ਕਹਿਣ ਲੱਗਿਆ, ਮਹਾਰਾਜ! ਇਸ ਜੀਵ ਦਾ ਇਤਬਾਰ ਤਾਂ ਨਹੀਂ ਹੈ। ਇਹ ਤਾਂ 'ਨੈਂ ਲੰਘੀਂ ਖਵਾਜਾ ਵਿਸਰਿਆ। ਕਿੱਡਾ ਹੀ ਇਸ ਉਪਰ ਉਪਕਾਰ ਕਰ ਦੇ, ਮੁੜ ਕੇ ਭੁੱਲ ਜਾਂਦੈ। ਯਾਦ ਹੀ ਨਹੀਂ ਰੱਖਦਾ। ਇਹ ਤੁਹਾਨੂੰ ਨਹੀਂ ਯਾਦ ਰੱਖਦਾ ਜਿਨ੍ਹਾਂ ਨੇ ਸਰੀਰ ਬਣਾਇਐ। ਮੇਰਾ ਕੀ ਇਹਦੇ ਉਤੇ ਬਲ ਚੱਲਣੈ। ਕਹਿੰਦੇ, ਫੇਰ ਜਮਾਨਤ ਦੇਣ ਕਿਉਂ ਆਇਐਂ।

ਕਹਿੰਦਾ, ਮਹਾਰਾਜ ਮੈਂ ਐਨਾ ਕੁ ਕਰ ਦਿੰਦਾ ਹਾਂ। ਜਦੋਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਲੱਗਿਆ ਕਰੇਗਾ, ਸਰੀਰ ਦੇ ਉਤੇ ਇਕ ਦੋ ਕੱਪ ਪਾਣੀ ਦੇ ਪਾਊ, ਮੈਂ ਇਹਦੇ ਮੁੱਖ 'ਚੋਂ ਵਾਹਿਗੁਰੂ, ਰਾਮ, ਅੱਲਾਹ ਕਢਾ ਦਿਆ ਕਰੂੰ। ਅਗਾਂਹਾ ਇਹ ਜਾਣੇ ਇਹਦਾ ਕੰਮ ਜਾਣੇ। ਸੋ ਮਹਾਰਾਜ ਕਹਿੰਦੇ, ਐਸੇ ਵਾਇਦੇ ਕਰਕੇ ਆਇਆ ਹੋਇਆ ਹੈਂ ਪਿਆਰਿਆ-

***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥*** ***ਅੰਗ - 251***

ਭੁੱਲ ਗਿਆ। ਹੁਣ ਸੰਤ ਹਾਕਾਂ ਮਾਰਦੇ ਫਿਰਦੇ ਨੇ, ਸੰਤਾਂ ਨੂੰ ਬੜੀ ਮੁਸ਼ਕਲ ਆ ਗਈ, ਕਹਿੰਦੇ ਕਿ ਇਹ ਸੁਣਦਾ ਹੀ ਨਹੀਂ ਹੈ, ਬੋਲਾ ਹੈ

ਇਹ ਤਾਂ, ਇਹਦੇ ਮਤਲਬ ਦੀ ਗੱਲ ਕਰ ਦਿਓ ਇਕ ਸਕਿੰਟ ਨਹੀਂ ਲਾਉਂਦਾ ਸੁਣਨ ਨੂੰ। ਉਹ ਦੂਰ ਕਰ ਦਿਓ ਤਾਂ ਵੀ ਕਹੂਗਾ ਕਿ ਮੈਂ ਸੁਣ ਲਈ ਸੀ। ਜੋ ਇਹਦੇ ਭਲੇ ਦੀਆਂ ਗੱਲਾਂ ਕਰੋ, ਕਹਿੰਦੇ, ਉਹ ਨਹੀਂ ਇਹ ਸੁਣਦਾ। ਇਹਦੀ ਬਿਰਤੀ ਐਸੀ ਬਣੀ ਹੋਈ ਕਿ ਉਹ ਬਾਤ ਇਹਨੇ ਸੁਣਨੀ ਨਹੀਂ। ਮਨ 'ਚ ਵਸਾਉਣੀ ਨਹੀਂ ਹੈ –

***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥***

***ਅੰਗ– 518***

ਬੁਰਿਆਈਆਂ ਨੂੰ ਤਾਂ ਸ਼ੇਰ ਵਰਗਾ ਬਣ ਜਾਂਦਾ ਹੈ। ਜੇ ਕਹੇ ਕਿ ਸਤਿਸੰਗ ਹੈ। ਸਤਿਸੰਗ ਮਿਲਦੈ ਸਾਧਸੰਗਤ ਜੀ ਕਦੇ? ਮਹਾਰਾਜ ਕਹਿੰਦੇ, ਨਹੀਂ ਮਿਲਦਾ –

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥*** ***ਅੰਗ– 95***

ਉਹ ਤਾਂ ਭਾਗ ਹੋਣ, ਪੁੰਨ ਦਾਨ ਕੀਤੇ ਹੋਣ ਤਾਂ ਦੋ ਚੀਜ਼ਾਂ ਮਿਲਦੀਆਂ ਨੇ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ– 642***

ਮਿਲਦਾ ਹੀ ਨਹੀਂ ਹੈ, ਕੋਈ ਪੁੰਨ ਕਰਮ ਕਰੇ ਹੋਣ। ਫੇਰ ਮੈਂ ਬੇਨਤੀ ਕਰਦਾਂ, ਕਿ ਸਤਿਸੰਗ ਐਵੇਂ ਨਹੀਂ ਹੁੰਦਾ ਕਿ ਤੁਸੀਂ ਆ ਕੇ ਬੈਠ ਗਏ ਤੇ ਚਲੇ ਗਏ ਸੁਣ ਕੇ ਬਾਬਾ ਜੀ ਦੀਆਂ ਗੱਲਾਂ। ਜਦੋਂ ਤੋਂ ਤੁਸੀਂ ਘਰੋਂ ਇਰਾਦਾ ਬਣਾਇਐ, ਉਸ ਵੇਲੇ ਤੋਂ ਤੁਹਾਡੀ ਹਾਜ਼ਰੀ ਦਰਗਾਹ ਦੇ ਵਿਚ ਚਲ ਪਈ ਹੈ। ਜਿੰਨੇ ਕਦਮ ਤੁਸੀਂ ਤੁਰ ਕੇ ਆਏ ਹੋਂ, ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੋਈ ਜਾਂਦੈ। ਜਿੰਨਾਂ ਚਿਰ ਤੁਸੀਂ ਬੈਠੇ ਹੋਂ ਮਨ ਚਿੱਤ ਇਕਾਗਰ ਕਰਕੇ, ਸ਼ਰਧਾ ਤੇ ਭਰੋਸੇ ਦੇ ਨਾਲ ਉਹਦਾ ਫਲ ਕਿੰਨਾ ਹੁੰਦੈ? ਮਹਾਰਾਜ ਕਹਿੰਦੇ ਜੇ ਸਤਿ ਮੰਨੇ –

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***

***ਅੰਗ– 669***

ਉਹਦਾ ਫਲ ਕਿੰਨਾ ਹੋਏਗਾ? ਕਹਿੰਦੇ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ– 546***

ਕੰਨ ਵੀ ਇਥੇ ਕੰਮ ਕਰ ਰਹੇ ਨੇ, ਜ਼ੁਬਾਨ ਵੀ ਕਰ ਰਹੀ ਹੈ। ਜਦੋਂ ਜ਼ੁਬਾਨ ਨਾਲ ਸ਼ਬਦ ਵਿਚ ਬੋਲਦੇ ਹਾਂ, ਕੰਨਾਂ ਨਾਲ ਸੁਣਦੇ ਹਾਂ ਤੇ ਬੁੱਧੀ ਦੇ

ਨਾਲ ਵਿਚਾਰਦੇ ਹਾਂ, ਹਿਰਦੇ 'ਚ ਧਾਰਨ ਕਰਦੇ ਹਾਂ ਮਹਾਰਾਜ ਕਹਿੰਦੇ ਫੇਰ ਉਹਨੂੰ ਸਤਿਸੰਗ ਦਾ ਫਲ ਪ੍ਰਾਪਤ ਹੁੰਦੈ। ਕਿੰਨਾ ਫਲ ਹੁੰਦੈ?

ਦੋ ਮਹਾਨ ਰਿਸ਼ੀ ਹੋਏ ਨੇ, ਇਕ ਵਸ਼ਿਸ਼ਟ ਜੀ ਤੇ ਇਕ ਵਿਸ਼ਵਾ ਮਿੱਤਰ। ਵਿਸ਼ਵਾਮਿੱਤਰ ਤਪੀਆ ਸੀ, ਕਹਿਣ ਲੱਗਿਆ, ਵਸ਼ਿਸ਼ਟ ਜੀ ਤੁਸੀਂ ਸਤਿਸੰਗ ਦੀ ਉਸਤਤ ਕਰਦੇ ਹੋਂ। ਤਪ ਦਾ ਕੀ ਮੁਕਾਬਲਾ ਹੈ? ਬੰਦਾ ਪਾਣੀ 'ਚ ਖੜ੍ਹੈ, ਠੰਢ ਦਾ ਮਹੀਨਾ ਹੋਵੇ ਤੇ ਨਹਿਰ 'ਚ ਖੜ੍ਹਾ ਰਹੇ ਬੰਦਾ ਸਾਰੀ ਰਾਤ, ਸਾਰਾ ਦਿਨ? ਊਈਂ ਸੁੰਨ ਹੋ ਜਾਏਗਾ, ਖ਼ੂਨ ਜੰਮ ਜਾਏਗਾ। ਜਿਨ੍ਹਾਂ ਨੇ ਇਹ ਕਰੇ ਨੇ, ਦਸਦੇ ਨੇ ਉਹ, ਅਸੀਂ ਕਿਵੇਂ ਕਰਦੇ ਸੀ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਦਸਦੇ ਨੇ ਕਿ ਜਦੋਂ ਅਸੀਂ ਹੋਤੀ ਮਰਦਾਨ ਜਾਂਦੇ ਸੀ। ਉਥੇ ਕਲਪਾਣੀ ਨਦੀ ਦੇ ਵਿਚ ਇਸ਼ਨਾਨ ਕਰਿਆ ਕਰਦੇ ਸੀ। ਬਰਫ ਜੰਮੀ ਹੁੰਦੀ ਸੀ। ਕਹਿੰਦੇ, ਇਕ ਦਮ ਹੀ ਚੌਂਕੜਾ ਮਾਰ ਕੇ ਬਹਿ ਜਾਂਦੇ ਸੀ। ਕਛਹਿਰਾ ਤਾਂ ਕਸ ਹੋ ਜਾਂਦਾ ਸੀ। ਪਰ ਬਟਨ ਨਹੀਂ ਸੀ ਲਾ ਹੁੰਦੇ ਚੋਲੇ ਦੇ। ਐਨੀ ਠੰਢ ਸੀ। ਬੁੱਕਲ ਮਾਰਨੀ, ਕਹਿੰਦੇ ਬਹਿ ਜਾਣਾ। ਫੇਰ ਨਹੀਂ ਸੀ ਉੱਠ ਹੁੰਦਾ ਕਿ ਫੇਰ ਉੱਠ ਜਾਓ ਘੰਟੇ ਬਾਅਦ। 10 ਵਜਣੇ ਸੂਰਜ ਦੀ ਧੁੱਪ ਲੱਗਣੀ, ਸਰੀਰ ਦੇ ਵਿਚ ਗਰਮੀ ਪੈਦਾ ਹੋਣੀ, ਫੇਰ ਜਾ ਕੇ ਉੱਠ ਕੇ ਖੜ੍ਹੇ ਹੋਣਾ।

ਸੰਤ ਮਹਾਰਾਜ ਮਸਤੂਆਣੇ ਵਾਲੇ, ਜਦੋਂ ਬੰਨੂ ਪਹਾੜ 'ਚ ਤਪ ਕਰਦੇ ਸੀ ਤੇ ਆਪ ਹੇਠਾਂ ਬਉਲੀ ਸੀ, ਉਹਦੇ 'ਚ ਇਸ਼ਨਾਨ ਕਰਕੇ ਬਹਿ ਜਾਂਦੇ ਸੀ ਉਥੇ ਹੀ, ਬਰਫ ਪੈ ਜਾਂਦੀ ਉਤੇ। ਸੇਵਾਦਾਰ ਨੇ ਆਉਣਾ ਤੇ ਕਹਿਣਾ ਕਿ ਫੇਰ ਕੰਬਲ ਦੇ ਦੇਈਂ ਸਾਡੇ ਉਤੇ ਤੇ ਨਾਲ ਆਪਣਾ ਭਖਾਰਾ ਦੇਈਂ ਸਾਨੂੰ, ਤਾਂ ਹੱਡ-ਪੈਰ ਖੁੱਲ੍ਹਣਗੇ।

ਐਵੇਂ ਤਾਂ ਨਹੀਂ ਮਹਾਂਪੁਰਸ਼ ਐਡੇ-ਐਡੇ ਹੁੰਦੇ, ਤਪ ਕੀਤੇ ਹੋਏ ਨੇ ਉਨ੍ਹਾਂ ਨੇ, ਬੰਦਗੀਆਂ ਕੀਤੀਆਂ ਹੋਈਆਂ ਨੇ ਤੇ ਫੇਰ ਜਾ ਕੇ ਕਿਤੇ ਪ੍ਰਾਪਤੀਆਂ ਹੋਇਆ ਕਰਦੀਆਂ ਨੇ। ਐਵੇਂ ਨਹੀਂ ਪ੍ਰਾਪਤੀ ਹੋਇਆ ਕਰਦੀ ਕਿ ਸੁਖਾਲਾ ਜਿਹਾ ਹੀ ਹੋ ਜਾਏ।

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੇ ਬੰਦਗੀਆਂ ਕੀਤੀਆਂ ਨੇ ਉਨ੍ਹਾਂ ਨੂੰ ਪਤੈ। ਉਹ ਖੱਟ ਲੈਂਦੇ ਨੇ, ਉਨ੍ਹਾਂ ਨੂੰ ਉਹ ਚੀਜ਼ਾਂ ਪ੍ਰਾਪਤ ਹੋ ਜਾਇਆ ਕਰਦੀਆਂ ਨੇ।

ਸੋ ਵਿਸ਼ਵਾ ਮਿੱਤਰ ਕਹਿਣ ਲੱਗਿਆ, ਮੈਂ ਤਪ ਕਰਿਐ। ਤਪ ਵੱਡੀ ਚੀਜ਼ ਹੈ। ਉਹ ਕਹਿੰਦੇ ਕਿ ਫੈਸਲਾ ਕਰਾ ਲਓ। ਜਦੋਂ ਦੋ ਦੀ ਰਾਇ ਨਾ ਰਲਦੀ ਹੋਵੇ, ਕਿਸੇ ਨਤੀਜੇ ਤੇ ਨਾਂਹ ਪਹੁੰਚਦੇ ਹੋਈਏ। ਫੇਰ ਤੀਸਰੇ ਬੰਦੇ

ਕੋਲ ਜਾਂਦੇ ਨੇ। ਬ੍ਰਹਮਾ ਜੀ ਕੋਲ ਚਲੇ ਗਏ। ਬ੍ਰਹਮਾ ਜੀ ਨੇ ਕਿਹਾ ਕਿ ਦੋਵੇਂ ਮਹਾਨ ਰਿਸ਼ੀ ਨੇ, ਇਨ੍ਹਾਂ ਨੂੰ ਜਦੋਂ ਤੱਕ ਪ੍ਰਤੱਖ ਨਹੀਂ ਦਿਖਾਇਆ ਜਾਂਦਾ, ਓਨੀਂ ਦੇਰ ਤਕ ਇਨ੍ਹਾਂ ਨੇ ਮੰਨਣਾ ਨਹੀਂ ਹੈ। ਕਹਿੰਦੇ, ਤੁਸੀਂ ਸ਼ਿਵ ਜੀ ਮਹਾਰਾਜ ਕੋਲ ਚਲੇ ਜਾਓ। ਉਹ ਕਹਿਣ ਲੱਗੇ, ਮੈਂ ਤਾਂ ਧਿਆਨ 'ਚ ਬੈਠਾਂ, ਤੁਸੀਂ ਵਿਸ਼ਨੂੰ ਜੀ ਜਿਹੜੇ ਪ੍ਰਮੁੱਖ ਦੇਵਤਾ ਨੇ ਉਨ੍ਹਾਂ ਕੋਲ ਚਲੇ ਜਾਓ। ਉਹ ਉਥੇ ਚਲੇ ਜਾਂਦੇ ਨੇ, ਉਹ ਕਹਿੰਦੇ ਮੈਂ ਤਾਂ ਇਸ ਵੇਲੇ ਸੰਸਾਰ ਨੂੰ ਰਿਜ਼ਕ ਦੇਣ ਵਾਸਤੇ ਰੁਝਿਆ ਹੋਇਆ ਹਾਂ ਕਿਉਂਕਿ ਮੇਰਾ ਨਾਮ ਵਿਸ਼ੰਭਰ ਹੈ, ਤੇ ਮੈਂ ਸਾਰੇ ਭੁੱਖਿਆਂ ਨੂੰ ਪ੍ਰਸ਼ਾਦਾ ਦੇ ਰਿਹਾਂ ਤੇ ਤੁਸੀਂ ਸ਼ੇਸ਼ ਨਾਗ ਕੋਲ ਚਲੇ ਜਾਓ। ਸੇਸ਼ ਨਾਗ ਕੋਲ ਗਏ, ਉਹ ਕਹਿੰਦੇ, ਦੇਖੋ ਭਾਈ! ਮੈਂ ਤਾਂ ਪ੍ਰਮੇਸ਼ਰ ਦਾ ਨਾਮ ਜਪਦਾਂ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਲਿਖਦੇ ਨੇ ਕਿ ਸ਼ੇਸ਼ ਨਾਗ ਦੋ ਹਜ਼ਾਰ ਨਵੇਂ ਨਾਉਂ ਰੋਜ਼ ਜਪਦੈ। ਮੈਨੂੰ ਤਾਂ ਨਹੀਂ ਹੈ ਫੁਰਸਤ। ਪਹਿਲਾਂ ਇਨ੍ਹਾਂ ਧਰਤੀਆਂ ਨੂੰ ਸਾਂਭਣ ਦਾ ਕੋਈ ਵਸੀਲਾ ਬਣਾਓ, ਫੇਰ ਮੈਂ ਗੱਲ ਕਰੂੰ। ਵਿਸ਼ਵਾਮਿੱਤਰ ਜੀ ਨੇ ਕਿਹਾ ਕਿ ਮੈਂ ਦਸ ਹਜ਼ਾਰ ਸਾਲ ਦਾ ਤਪ ਦਿੰਦਾਂ।

ਧਿਆਨ ਨਾਲ ਸੁਣਿਓ ਗੱਲ, ਐਵੇਂ ਨਹੀਂ ਇਹ ਗੱਲਾਂ ਹੈਗੀਆਂ।

ਧਰਤੀਆਂ ਡੋਲ ਰਹੀਆਂ ਨੇ, ਗੁਰੂਤਾ ਸ਼ਕਤੀ ਜਿਹੜੀ ਸੀ ਉਹ ਤੁਲਨਾ ਕਰ ਨਾ ਸਕੀ ਉਹਦੀ। ਕਹਿੰਦਾ ਹੁਣ 20 ਹਜ਼ਾਰ ਸਾਲ, ਹੁੰਦੇ-ਹੁੰਦੇ 58 ਹਜ਼ਾਰ ਸਾਲ ਤਪ ਦਾ ਫਲ ਦੇ ਦਿਤਾ। ਕਹਿੰਦੇ, ਹੋਰ ਦੇ ਇਹ ਤਾਂ ਧਰਤੀਆਂ ਡੋਲਦੀਆਂ ਨੇ? ਕਹਿੰਦੇ, ਹੋਰ ਤਾਂ ਮੈਂ ਤਪ ਨਹੀਂ ਕਰਿਆ। ਕਹਿੰਦੇ, ਵਸਿਸ਼ਟ ਜੀ ਤੁਸੀਂ ਦਿਓ?

ਕਹਿੰਦੇ, ਮੈਂ ਸਿਰਫ 4 ਘੜੀ ਮਨ, ਚਿੱਤ, ਇਕਾਗਰ ਕਰਕੇ ਪ੍ਰਭੂ ਦਾ ਜਸ ਕੀਤਾ ਹੋਇਐ, ਸਤਿਸੰਗ ਕੀਤੀ ਹੋਈ, ਉਹਦਾ ਫਲ ਦਿੰਨਾਂ। ਜਦੋਂ ਉਹਦਾ ਫਲ ਦਿਤਾ ਤਾਂ ਸਾਰੇ ਹੀ ਉਸੇ ਵੇਲੇ ਡੋਲਣ ਤੋਂ ਹਟ ਗਏ।

ਉਹ ਕਹਿਣ ਲੱਗੇ, ਦੇਖੋ ਹੁਣ ਮੈਂ ਕੀ ਫੈਸਲਾ ਕਰਨਾ ਹੈ। ਕਿੱਥੇ ਚਾਰ ਘੜੀ, 100 ਮਿੰਟ ਦੀ ਸਤਿਸੰਗ ਤੇ ਕਿੱਥੇ 58 ਹਜ਼ਾਰ ਸਾਲ ਦਾ ਤਪ। ਤੁਸੀਂ ਆਪੇ ਹੀ ਦੇਖ ਲਓ ਕਿ ਕਿਹੜੀ ਚੀਜ਼ ਜ਼ਿਆਦਾ ਹੋ ਗਈ। ਸੋ ਉਹ ਸਤਿਸੰਗ ਕਲਜੁਗ ਦੇ ਵਿਚ ਪ੍ਰਾਪਤ ਹੋਇਐ ਆਪਾਂ ਨੂੰ। ਵਾਹਿਗੁਰੂ ਦੀ ਮਿਹਰ ਹੋਈ ਹੈ। ਕਿਉਂਕਿ ਜ਼ਮਾਨਾ ਜਿਹੜਾ ਹੈ ਸੜ ਬਲ ਰਿਹਾ ਹੈ। ਇਹਦੇ ਵਿਚ ਸਤਿਸੰਗ ਮਿਲ ਜਾਣਾ, ਇਹ ਜਿਹੜੇ ਪੂਰਬਲੇ ਕਰਮ ਨੇ, ਉੱਚੇ ਭਾਗ ਨੇ ਉਨ੍ਹਾਂ ਕਰਕੇ ਮਿਲਿਆ ਕਰਦੈ - ***'ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ '*** ਇਹ

ਸਤਿਸੰਗ ਦੇ ਵਿਚ ਆ ਕੇ ਸੋਝੀ ਪੈਂਦੀ ਹੈ।

ਸੋ ਇਹ ਬੰਦਾ ਜਿਹੜਾ ਹੈ ਇਹ ਵਾਇਦੇ ਕਰ-ਕਰ ਕੇ ਆਇਐ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ। ਹੋਇਆ ਕੀ? ਕਹਿੰਦੇ, ਜਿਸ ਵਕਤ ਪੈਦਾ ਹੋਇਆ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***

***ਅੰਗ- 921***

ਪਰਿਵਾਰ 'ਚ ਵਧਾਈਆਂ-ਵਧਾਈਆਂ ਹੋਣ ਲਗ ਗਈਆਂ। ਜਿਹੜੇ ਇਸ ਤੋਂ ਵੀ ਜ਼ਿਆਦਾ ਨੇ ਉਹ ਜਾਨਵਰ ਵੱਢ-ਵੱਢ ਕੇ ਖਾਣ ਲਗ ਗਏ। ਸ਼ਰਾਬ ਦੀਆਂ ਬੋਤਲਾਂ ਆ ਗਈਆਂ। ਦੂਜੇ ਪਾਸੇ ਕੀ ਹੋਇਆ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***

***ਅੰਗ- 921***

ਜਿਹੜੀ ਲਿਵ ਲੱਗੀ ਹੋਈ ਸੀ, ਪ੍ਰਮੇਸ਼ਰ ਦੇ ਨਾਮ ਦੀ ਧੁਨ ਸੁਣਦੀ ਸੀ, ਉਹ ਟੁੱਟ ਗਈ। ਹੁਣ ਤ੍ਰਿਸ਼ਨਾ ਕਾਹਦੀ ਲਗ ਗਈ-

***ਪਹਿਲੈ ਪਿਆਰਿ ਲਗਾ ਥਣ ਦੁਧਿ ॥ ਅੰਗ - 137***

ਦੁੱਧ ਦੀ ਵਾਸ਼ਨਾ ਆਈ ਇਹਨੂੰ। ਦੁੱਧ ਪੀਤਾ, ਕੋਈ ਜਾਨਵਰ ਹੈ ਚਾਹੇ ਕੋਈ, ਚਾਹੇ ਬੱਛਰੂ ਹੈ, ਕੱਟਰੂ ਹੈ। ਆਪੇ ਦੁੱਧ ਵਲ ਨੂੰ ਆ ਜਾਂਦੈ।

***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ- 137***

ਫੇਰ ਜਿਹੜੇ ਸਭ ਤੋਂ ਨੇੜੇ ਲਗਦੇ ਸੀ - ਮਾਂ, ਪਤਾ ਲੱਗ ਗਿਆ ਕਿ ਆਹ ਹੈ ਮੇਰੀ। ਆਹ ਮੇਰਾ ਪਿਉ ਹੈ। ਥੋੜ੍ਹਾ ਚਿਰ ਪਹਿਲਾਂ ਤਾਂ ਕੁਛ ਵੀ ਨਹੀਂ ਸੀਗਾ। ਨਾ ਮਾਂ ਸੀ, ਨਾ ਪਿਓ ਸੀ। ਰਿਸ਼ਤਾ ਗੰਢਿਆ ਗਿਆ।

***ਤੀਜੈ ਭਯਾ ਭਾਭੀ ਬੇਬ ॥***
***ਚਉਥੈ ਪਿਆਰਿ ਉਪੰਨੀ ਖੇਡ ॥***
***ਪੰਜਵੈ ਖਾਣ ਪੀਅਣ ਕੀ ਧਾਤੁ ॥***
***ਛਿਵੈ ਕਾਮੁ ਨ ਪੁਛੈ ਜਾਤਿ ॥***
***ਸਤਵੈ ਸੰਜਿ ਕੀਆ ਘਰ ਵਾਸੁ ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥***
***ਨਾਵੈ ਧਉਲੇ ਉਭੇ ਸਾਹ ॥*** ***ਅੰਗ- 137***

ਫੇਰ ਆ ਗਿਆ ਵੇਲਾ, ਕ੍ਰੋਧ ਆਉਣ ਲਗ ਗਿਆ। ਬੱਚੇ ਕਹਿਣਾ ਨਹੀਂ ਮੰਨਦੇ। ਉਹ ਕਹਿੰਦੈ ਇਸ ਤਰ੍ਹਾਂ ਕਰਨੈ। ਉਹ ਕਹਿੰਦਾ ਤੂੰ ਬਿਲਕੁਲ ਹੀ ਗਲਤ ਹੈਂ। ਤੂੰ ਕੀ ਕਰਿਐ ਸਾਰੀ ਜ਼ਿੰਦਗੀ 'ਚ, ਅਸੀਂ ਕਰਕੇ

ਦਿਖਾਵਾਂਗੇ। ਕੋਨੇ 'ਤੇ ਲਾ ਦਿੰਦੇ ਨੇ, ਕੱਢ ਕੇ ਬਿਠਾ ਦਿੰਦੇ ਨੇ ਕਿ ਤੂੰ ਬਾਹਰ ਹੀ ਰਿਹਾ ਕਰ। ਪਿਆਰ ਨਹੀਂ ਮਿਲਦਾ, ਜਿਹੜੇ ਪਿਆਰ ਨਾਲ ਬੱਚੇ ਪਾਲੇ ਨੇ, ਉਹ ਪਿਆਰ ਮੁੜ ਕੇ ਮਿਲਿਆ ਨਹੀਂ ਕਰਦਾ। ਮਾਂ-ਬਾਪ ਤਰਸਦੇ ਨੇ ਬੱਚਿਆਂ ਦੇ ਪਿਆਰ ਨੂੰ। ਬੱਚਿਆਂ ਨੂੰ ਵਿਹਲ ਹੀ ਨਹੀਂ ਹੈ ਕਿ ਬੱਚਿਆਂ ਨਾਲ ਗੱਲ ਵੀ ਕਰ ਲਈਏ। ਘੱਟ ਤੋਂ ਘੱਟ ਸੌਣ ਤੋਂ ਪਹਿਲਾਂ ਐਨਾ ਹੀ ਕਹਿ ਦਿਓ ਕਿ ਅਸੀਂ ਹੁਣ ਸੌਂ ਰਹੇ ਹਾਂ। ਉੱਠ ਕੇ ਅਸੀਂ ਸਤਿ ਸ੍ਰੀ ਅਕਾਲ ਹੀ ਬੁਲਾ ਦੇਈਏ ਜਾਂ ਚਰਨੀਂ ਮੱਥਾ ਟੇਕ ਦੇਈਏ। ਮਾਯੂਸ ਹੋ ਜਾਂਦੇ ਨੇ ਜ਼ਿੰਦਗੀ ਤੋਂ ਮਾਂ-ਬਾਪ।

***ਦਸਵੈ ਦਧਾ ਹੋਆ ਸੁਆਹ ॥*** ***ਅੰਗ- 137***

ਆਹ ਜੀਵਨ ਬਣ ਜਾਂਦੈ। ਭੁੱਲ ਜਾਂਦਾ ਹੈ ਇਹ ਆ ਕੇ ਸੰਸਾਰ ਦੇ ਅੰਦਰ। ਮਹਾਰਾਜ ਕਹਿੰਦੇ, ਬਹੁਤ ਵਾਰੀ ਹੋਇਐ, ਹਰ ਵਕਤ ਭੁੱਲਦੈ। ਸਾਧੂ, ਸੰਤਾਂ ਦੀ ਪ੍ਰਮੇਸ਼ਰ ਨੇ ਡਿਊਟੀ ਲਾ ਦਿਤੀ। ਉਹ ਕਹਿੰਦੇ, ਅਸੀਂ ਕਰੀਏ ਕੀ ਇਹ ਸੁਣਦਾ ਹੀ ਨਹੀਂ। ਬੋਲੇ ਜੀਵ ਨਾਲ ਵਾਹ ਪੈ ਗਿਆ ਜਾਂ ਇਸ ਤਰ੍ਹਾਂ ਕਹਿ ਲਓ ਕਿ ਇਹਦੇ ਭਾਗ ਐਨੇ ਮੰਦੇ ਨੇ ਕਿ ਚਾਰੇ ਵੇਦ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਛੇ ਸ਼ਾਸਤਰ, ਤੌਰੇਤ, ਅੰਜੀਲ, ਜੰਬੂਰ, ਬਾਈਬਲ; ਸਾਰੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਮੇਤ, ਇਸ ਜੀਵ ਨੂੰ ਇਕੋ ਗੱਲ ਸਮਝਾਉਂਦੇ ਨੇ ਕਿ ਪਿਆਰਿਆ! ਤੂੰ ਇਕ ਗੱਲ ਨੋਟ ਕਰ ਲੈ ਸਾਡੀ-

***ਧਾਰਨਾ- ਇਹੋ ਤੇਰੀ ਵਾਰੀ ਐ,***
***ਗੋਬਿੰਦ ਮਿਲਣੇ ਦੀ।***
***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ- 12***

ਜਿਹੜੇ ਕੰਮਾਂ 'ਚ ਰੁਝਿਆ ਹੋਇਐਂ, ਇਹ ਨਹੀਂ ਕਿਸੇ ਕੰਮ ਆਉਣੇ। ਵੱਡਾ ਬਣ ਜਾ ਜਿੰਨਾਂ ਬਣਨੈ। ਜੋ ਕੁਛ ਕਰਨੈ ਕਰ ਲੈ। ਸਭ ਛੱਡ ਕੇ ਤੁਰ ਜਾਏਂਗਾ। ਤੂੰ ਅਸਲੀ ਕੰਮ ਜਿਹੜਾ ਕਰਨ ਆਇਐਂ ਉਹ ਤਾਂ ਤੂੰ ਕੀਤਾ ਨਹੀਂ ਹੈ। ਸੋ ਮਹਾਤਮਾ ਹਾਕਾਂ ਮਾਰਦੇ ਨੇ, ਉੱਚੀ-ਉੱਚੀ ਕਹਿੰਦੇ ਨੇ, ਤੁਰੇ ਫਿਰਦੇ ਨੇ ਕਿ ਕਿਸੇ ਬੋਲੇ ਦੇ ਕੰਨ ਵਿਚ ਖਬਰ ਪਹੁੰਚ ਜਾਵੇ। ਪਰ ਕਹਿੰਦੇ ਕਿ ਕਰੀਏ ਕੀ-

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ- 1378***

ਪਰ ਕਹਿੰਦੇ ਚਿੱਤ ਨਹੀਂ ਫੇਰਦਾ -

*ਧਾਰਨਾ – ਭਾਗ ਜਿਨ੍ਹਾਂ ਦੇ ਮੰਦੇ,*
*ਦਿੱਤੀਆਂ ਬਾਂਗਾਂ ਤੋਂ ਨਾ ਜਾਗਦੇ।*

ਬੇਵਸੀ ਦਿਖਾ ਦਿਤੀ। ਸੈਤਾਨ ਬੈਠਾ ਹੈ ਅੰਦਰ, ਚਿੱਤ ਨਹੀਂ ਫੇਰਨ ਦਿੰਦਾ। ਸੁਣਦੈ ਸਤਿਸੰਗ, ਫੇਰ ਉਥੇ ਦਾ ਉਥੇ। ਕਿਉਂ ਭੁੱਲ ਪੈਂਦੀ ਹੈ? ਸਾਰੇ ਮਹਾਂਪੁਰਸ਼ ਸੋਚਦੇ ਨੇ ਕਿ ਭੁੱਲ ਕਿਉਂ ਪੈ ਜਾਂਦੀ ਹੈ। ਕਾਰਨ ਕੀ ਹੈ? ਇਹ ਬੰਦਾ ਕਿਉਂ ਨਹੀਂ ਲਗਦਾ।

ਗੁਰੂ ਨੌਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਇਹ ਬੰਦਾ ਸਮਝਦੈ, ਵੱਡੀਆਂ-ਵੱਡੀਆਂ ਗੱਲਾਂ ਸਮਝ ਜਾਂਦੈ। ਪਰ ਇਹ ਪ੍ਰਮੇਸ਼ਰ ਦੇ ਰਸਤੇ ਤੇ ਕਿਉਂ ਨਹੀਂ ਲਗਦਾ। ਮਹਾਰਾਜ ਕਹਿੰਦੇ, ਪਿਆਰਿਓ! ਇਹਨੂੰ ਇਹ ਪੱਕਾ ਭਰੋਸਾ ਹੋਇਆ-ਹੋਇਆ ਹੈ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ, ਮੈਂ ਇੱਥੇ ਹੀ ਰਹਿਣਾ ਹੈ। ਜੇ ਇਹਨੂੰ ਇਹ ਚਿੱਤ 'ਚ ਹੋਵੇ ਕਿ ਆਹ ਸੰਸਾਰ ਤਾਂ ਛੱਡ ਜਾਣੈ, ਕੋਈ ਜਗ੍ਹਾ ਹੋਰ ਹੈ ਜਿੱਥੇ ਮੈਂ ਜਾਣਾ ਹੈ। ਉਹਨੂੰ ਸੰਭਾਲਾਂ। ਇਕ ਦ੍ਰਿਸ਼ਟਾਂਤ ਦੇ ਨਾਲ ਗੱਲ ਸਮਝ 'ਚ ਆ ਜਾਵੇਗੀ।

ਇਕ ਰਾਜਾ ਸੀ, ਬੜਾ ਸਿਆਣਾ ਸੀ। ਉਸ ਰਾਜ ਦੇ ਵਿਚ ਇਹ ਰੂਲ ਚਲਦਾ ਸੀ ਕਿ ਰਾਜਾ ਵੀਹ ਸਾਲ ਤੋਂ ਵੱਧ ਗੱਦੀ 'ਤੇ ਨਹੀਂ ਸੀ ਬੈਠ ਸਕਦਾ। ਉਸ ਤੋਂ ਬਾਅਦ ਦੋ ਤਿੰਨ ਸੌ ਮੀਲ ਦੇ ਉਤੇ ਇਕ ਨਿਰਜਨ ਟਾਪੂ ਸੀ। ਉਹਦੇ ਵਿਚ ਉਹਨੂੰ ਛੱਡ ਆਉਂਦੇ ਸੀ। ਕੋਈ ਤਖਤ ਦਾ ਦਾਵੇਦਾਰ ਨਾ ਬਣਿਆ ਕਰੇ। ਬੜੀਆਂ ਅਪੀਲਾਂ ਕਰਿਆ ਕਰਨ। ਪਤਾ ਸੀ ਕਿ ਵੀਹ ਸਾਲ ਬਾਅਦ ਕੀ ਕਰਿਆ ਕਰਾਂਗੇ। ਵੀਹ ਸਾਲ ਤਾਂ ਐਵੇਂ ਲੰਘ ਜਾਂਦੇ ਨੇ। ਇਕ ਸਿਆਣਾ ਨੌਜਵਾਨ ਆ ਗਿਆ। ਕਹਿਣ ਲੱਗਿਆ ਕਿ ਮੈਂ ਬੈਠਣਾ ਹੈ ਗੱਦੀ 'ਤੇ, ਗੱਦੀ 'ਤੇ ਬਹਿ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਰਾਜ ਭਾਗ ਦੇ ਸਾਰੇ ਕਾਨੂੰਨਾਂ ਨੂੰ ਸਮਝ ਲਿਆ, ਹੱਥ ਆ ਗਈ ਤਾਕਤ। ਕਹਿਣ ਲੱਗਿਆ, ਇਸ ਤਰ੍ਹਾਂ ਜਹਾਜ਼ ਬਣਾਓ। ਜਹਾਜ਼ ਭਰ ਕੇ ਉਥੇ ਲੈ ਗਿਆ, ਜਿੱਥੇ ਜਾ ਕੇ ਰਾਜੇ ਨੂੰ ਛੱਡਿਆ ਕਰਦੇ ਸੀ। ਉਤਰ ਗਏ, ਉਤਰ ਕੇ ਕੀ ਦੇਖਦੇ ਨੇ ਕਿ ਬੜੀ ਭਿਆਨਕ ਥਾਂ ਹੈ। ਬੜੇ ਭਿਆਨਕ ਇਥੇ ਜੰਗਲੀ ਜਾਨਵਰ ਰਹਿੰਦੇ ਨੇ। ਇਹ ਤਾਂ ਬੰਦੇ ਨੂੰ ਆਉਂਦੇ ਨੂੰ ਹੀ ਖਾ ਪੀ ਜਾਂਦੇ ਨੇ। ਰੋਟੀ ਦਾ ਇਥੇ ਕੋਈ ਪ੍ਰਬੰਧ ਨਹੀਂ। ਇੰਜਨੀਅਰਜ਼ ਨੂੰ ਕਹਿਣ ਲੱਗਿਆ ਕਿ ਇਸ ਨੂੰ ਐਨਾ ਚੰਗਾ ਬਣਾ ਦਿਓ ਕਿ ਦੁਨੀਆਂ ਘੁੰਮਣ ਫਿਰਨ, ਦੇਖਣ ਵਾਸਤੇ ਤਾਂਤੇ ਬੰਨ੍ਹ ਲਏ। ਸਹੂਲਤਾਂ ਪੈਦਾ ਕਰ ਦਿਓ, ਇਸ ਜਜੀਰੇ ਦੇ ਵਿਚ ਇਹੋ ਜਿਹੀਆਂ ਚੀਜ਼ਾਂ ਲਿਆਓ। ਵੀਹ ਸਾਲ ਦੀ ਮਿਹਨਤ ਦੇ ਨਾਲ ਐਨਾ ਸੋਹਣਾ ਹੋ ਗਿਆ ਕਿ ਹਰੇਕ ਦਾ ਜੀਅ ਕਰੇ ਕਿ ਉਥੇ ਜਾ ਕੇ ਵਸੀਏ। ਰਾਜਾ ਕਹਿਣ ਲੱਗਿਆ ਕਿ ਲਓ ਬਈ, ਵੀਹ ਸਾਲ ਪੂਰੇ ਹੋਣ 'ਚ ਰਹਿ ਗਏ ਛੇ ਮਹੀਨੇ ਤੇ ਮੈਂ ਤੁਹਾਨੂੰ ਸਮਾਂ ਦਿੰਨਾਂ ਕਿ ਛੇ ਮਹੀਨਿਆਂ ਦੇ ਅੰਦਰ-ਅੰਦਰ ਨਵਾਂ ਰਾਜਾ ਟੋਲ੍ਹ ਲਓ

ਜਿਹਨੇ ਗੱਦੀ 'ਤੇ ਬੈਠਣੈ। ਮੀਟਿੰਗ ਹੋਈ ਸਾਰਿਆਂ ਦੀ। ਕਹਿਣ ਲੱਗੇ, ਹੁਣ ਤਾਂ ਉਹ ਥਾਂ ਹੀ ਐਹੋ ਜਿਹਾ ਵਧੀਆ ਬਣ ਗਿਆ, ਉਥੇ ਸਾਡਾ ਵੀ ਜੀਅ ਕਰਦੈ ਕਿ ਚੱਲੀਏ। ਇਸ ਰਾਜੇ ਨੂੰ ਹੀ ਰਹਿਣ ਦਿਓ ਇਹ ਸੋਝੀ ਵਾਲੈ। ਇਹ ਇਕ ਦ੍ਰਿਸ਼ਟਾਂਤ ਹੈ।

ਜਿਹਨੇ ਆਪਣਾ ਅੱਗਾ ਸੰਵਾਰ ਲਿਆ, ਇਥੇ ਬੈਠੇ-ਬੈਠੇ ਨੇ। ਉਹ ਤਾਂ ਕਹਿੰਦੈ ਕਿ ਮੈਂ ਕਿਹੜੇ ਵੇਲੇ ਪੰਜ ਭੂਤਕ ਸਰੀਰ 'ਚੋਂ ਨਿਕਲਾਂ ਤੇ ਅਸੀਂ ਆਪਣੇ ਘਰ ਜਾ ਕੇ ਮਹਾਨ ਅਨੰਦ ਦੀ ਪ੍ਰਾਪਤੀ ਕਰੀਏ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ- 1365***

ਕਿਉਂਕਿ ਅੱਗਾ ਸੰਵਾਰ ਲਿਆ ਉਸ ਨੇ। ਜਿਹੜਾ ਅੱਗਾ ਨਹੀਂ ਸੰਵਾਰਦਾ ਉਸ ਲਈ ਮੁਸ਼ਕਲ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਦਾ ਨਹੀਂ ਬੰਦਾ। ਸਮਝਾਉਂਦੇ ਨੇ ਸਾਰੇ। ਕਹਿੰਦੇ, ਇਹ ਗੱਲ ਹੈ ਕਿ ਇਹ ਸਮਝਦਾ ਕਿਉਂ ਨਹੀਂ?

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਹਿਣ ਲੱਗੇ, ਪਿਆਰਿਓ! ਇਹਨੂੰ ਅਗਲੇ ਘਰ ਦਾ ਪਤਾ ਨਹੀਂ ਕਿ ਮੇਰੇ ਨਾਲ ਕੀ ਵਰਤਣਾ ਹੈ। ਉਹ ਇਹ ਸਮਝਦੈ ਕਿ ਮੈਂ ਇਥੇ ਹੀ ਰਹਿਣੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਨਹੀਂਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ 1 ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 2 ॥ 1 ॥***

***ਅੰਗ- 726***

ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ਕਿਉਂ ਕਰ ਲੈ - ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਘੜਾ ਤਿੜਕਿਆ ਹੋਵੇ ਉਹਦੇ 'ਚੋਂ ਪਾਣੀ ਨਿਕਲ ਜਾਂਦੈ, ਬੂੰਦ-ਬੂੰਦ ਕਰਕੇ। ਇਸ ਤਰ੍ਹਾਂ ਤੇਰੇ 24000 ਸਵਾਸ ਰੋਜ਼ ਦੇ ਘਟ ਜਾਂਦੇ ਨੇ, ਮੁੜ ਨਹੀਂ ਮਿਲਦੇ। 'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥'

ਐਨਾ ਮੂਰਖ ਹੈਂ ਐਨਾ ਬੇਸਮਝ ਹੈ ਕਿ ਤੂੰ ਹਰੀ ਦੇ ਗੁਣ ਨਹੀਂ ਗਾਉਂਦਾ।
***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ '***

ਮੂਰਖਾਂ ਦੀ ਬਾਤ ਮਹਾਂਪੁਰਸ਼ ਦਸਿਆ ਕਰਦੇ ਸੀ ਕਿ ਇਕ ਵਾਰੀ ਇਕ ਰਾਜਾ ਸੀ। ਉਸ ਦੀ ਰਾਣੀ ਉਹਨੂੰ ਰੋਜ਼ ਕਿਹਾ ਕਰੇ ਕਿ ਰਾਜਨ! ਮਾਨਸ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਐ। ਫੇਰ ਤੈਨੂੰ ਦੇਖ ਰਾਜ ਦਿਤੈ ਉਹਨੇ। ਉਸ ਪ੍ਰਮੇਸ਼ਰ ਦਾ ਤੂੰ ਭਜਨ ਕਰਿਆ ਕਰ, ਅੰਮ੍ਰਿਤ ਵੇਲੇ ਉੱਠ ਕੇ ਬੈਠਿਆ ਕਰ। ਬਿਰਤੀ ਇਕਾਗਰ ਕਰਕੇ ਉਹਦੀ ਯਾਦ ਵਿਚ ਬੈਠਿਆ ਕਰ।

ਹਾਂ, ਕਹਿੰਦਾ ਗੱਲ ਤਾਂ ਠੀਕ ਹੈ, ਮੈਨੂੰ ਸਵੇਰੇ ਜਗਾਈਂ। ਸਵੇਰਾ ਹੋਇਆ, ਉਹਨੇ ਆਵਾਜ਼ ਮਾਰੀ। ਕੱਪੜਾ ਲੈ ਕੇ ਫੇਰ ਸੌਂ ਗਿਆ। ਛੇ ਸਾਲ ਲੰਘ ਗਏ ਉਹਨੂੰ। ਉਹ ਹਟੀ ਨਹੀਂ, ਇਹ ਉਠਿਆ ਨਹੀਂ। ਇਕ ਦਿਨ ਖਿਝ ਗਈ, ਕਹਿਣ ਲੱਗੀ, ਤੂੰ ਤਾਂ ਮੂਰਖ ਹੈਂ। ਛੇ ਸਾਲ ਹੋ ਗਏ, ਛੇ ਸਾਲ ਕਿਤੇ ਥੋੜ੍ਹਾ ਸਮਾਂ ਹੁੰਦੈ। ਇਹ ਸਮਾਂ ਹੱਥ ਵਿਚ ਤਾਂ ਆਉਣਾ ਨਹੀਂ ਮੁੜ ਕੇ।

ਕਹਿਣ ਲੱਗਿਆ, ਮੈਂ ਮੂਰਖ ਹਾਂ? ਉੱਠ ਕੇ ਬਹਿ ਗਿਆ।

ਕਹਿੰਦੀ, ਮੈਂ ਨਹੀਂ ਕਹਿੰਦੀ, ਵੇਦ ਸ਼ਾਸਤਰ ਸਾਰੇ ਕਹਿੰਦੇ ਨੇ ਕਿ ਮੂਰਖ ਹੂੰਦੈ ਜਿਹੜਾ ਆਪਣਾ ਅੱਗਾ ਨਾ ਸੰਵਾਰੇ। ਅਗਲਾ ਪਾਸਾ ਜਿਹਨੇ ਬਣਾਇਆ ਨਹੀਂ ਹੈ, ਸੰਵਾਰਿਆ ਨਹੀਂ ਹੈ, ਇਥੇ ਹੀ ਲੱਗਿਆ ਪਿਐ, ਅੱਗੇ ਵੀ ਤਾਂ ਆਪਾਂ ਜਾਣੈ। ਜਿਸ ਤਰ੍ਹਾਂ ਉਸ ਰਾਜੇ ਨੇ ਸੰਵਾਰ ਲਿਆ, ਇਸ ਤਰ੍ਹਾਂ ਆਪਾਂ ਸੰਵਾਰ ਲਈਏ। ਕਹਿੰਦਾ, ਨਹੀਂ ਤੂੰ ਮੈਨੂੰ ਮੂਰਖ ਕਿਹੈ। ਕਹਿੰਦੀ, ਮੈਂ ਨਹੀਂ ਕਿਹਾ, ਵੇਦ, ਸ਼ਾਸਤਰ ਕਹਿੰਦੇ ਨੇ, ਧਰਮ ਗ੍ਰੰਥ ਕਹਿੰਦੇ ਨੇ। ਉਹ ਤਾਂ ਪੜ੍ਹੇ-ਲਿਖਿਆਂ ਨੂੰ ਕਹਿੰਦੇ ਨੇ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***

***ਅੰਗ- 140***

ਉਹ ਬੁੱਧੀਜੀਵੀ ਕਾਹਦੈ, ਜਿਹਦੇ ਵਿਚ ਲਭ ਹੈ, ਕ੍ਰੋਧ ਹੈ, ਅਹੰਕਾਰ ਹੈ, ਕਾਮ ਹੈ, ਈਰਖਾ ਕਰਦੈ, ਨਿੰਦਿਆ ਕਰਦੈ, ਚੁਗਲੀਆਂ ਕਰਦੈ, ਧੋਖੇ ਦਿੰਦੈ, ਫਰੇਬ ਕਰਦੈ, ਉਹਦੀ ਤਾਂ ਬੁੱਧੀ ਤਿੱਖੀ ਹੋ ਗਈ। ਉਹਨੂੰ ਪੜ੍ਹਿਆ ਹੋਇਆ ਕੌਣ ਕਹਿੰਦੈ, ਉਹ ਤਾਂ ਮੂਰਖ ਹੈ।

ਕਹਿੰਦੀ, ਉਹ ਤਾਂ ਮਹਾਰਾਜ! ਬਾਣੀ ਕਹਿੰਦੀ ਹੈ, ਵੇਦ ਸ਼ਾਸਤਰ ਕਹਿੰਦੇ ਨੇ। ਚੁੱਪ ਕਰ ਗਿਆ ਤੇ ਸਵੇਰੇ ਸਭਾ ਲਾ ਲਈ।

ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਆਪਣੇ ਰਾਜ ਵਿਚ ਮੂਰਖ ਕਿੰਨੇ ਨੇ?

ਹੱਥ ਜੋੜ ਕੇ ਖੜ੍ਹ ਗਿਆ ਵਜ਼ੀਰ।

ਕਹਿੰਦੇ, ਕੀ ਗੱਲ ਦਸਦਾ ਨਹੀਂ ਹੈਂ?

ਕਹਿੰਦਾ, ਮਹਾਰਾਜ! ਜੇ ਤਾਂ ਤੁਸੀਂ ਇਸ ਤਰ੍ਹਾਂ ਪੁੱਛਦੇ ਕਿ ਸਿਆਣੇ ਕਿੰਨੇ ਨੇ ਤਾਂ, ਤਾਂ ਮੈਂ ਗਿਣ ਕੇ ਦਸ ਦਿੰਦਾ। ਸਾਰਾ ਸੰਸਾਰ ਮੂਰਖਾਂ ਦਾ ਹੀ ਹੈ। ਇਥੇ ਅਕਲ ਵਾਲਾ ਕਿਹੜਾ ਹੈ। ਆਪਣਾ ਆਪ ਗਵਾਈ ਜਾਂਦੇ ਨੇ। ਚੰਗਾ ਭਲਾ ਪਤਾ ਹੈ ਕਿ ਸੰਸਾਰ 'ਚ ਰਹਿਣਾ ਨਹੀਂ ਹੈ –

***ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥***

***ਅੰਗ- 473***

ਜਦੋਂ ਰਹਿਣਾ ਨਹੀਂ ਇਥੇ ਫੇਰ ਕਾਹਦੇ ਹੰਕਾਰ, ਕਾਹਦੇ ਰੌਲੇ-ਰੱਪੇ। ਫੇਰ ਇਹਨੂੰ ਪਤਾ ਨਹੀਂ ਕਿ ਜਿਹੜੇ ਕੰਮ ਮੈਂ ਕਰਦਾਂ, ਮੈਨੂੰ ਦੁੱਖ ਕਿੰਨੇ ਦੇਣਗੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਾਹਬੇ ਵਿਚ ਹੇ ਨਾਨਕ! ਇਹ ਦੱਸੋ ਕਿ ਜਿਹੜੇ ਨਸ਼ੇ ਪੀਂਦੇ ਨੇ, ਦਰਗਾਹ 'ਚ ਉਨ੍ਹਾਂ ਦਾ ਕੀ ਹਾਲ ਹੁੰਦੈ?

ਮਹਾਰਾਜ ਕਹਿਣ ਲੱਗੇ, ਰੁਕਨਦੀਨ! ਸੂਖਸ਼ਮ ਸਰੀਰ ਉਥੇ ਜਾ ਕੇ ਬੜਾ ਦੁੱਖ ਪਾਉਂਦੈ। ਇਕ ਹਜ਼ਾਰ ਮਣ ਸਿੱਕਾ ਰੋਜ਼ ਗਰਮ ਕਰਕੇ ਉਹਦੇ ਗਲ 'ਚੀਂ ਲੰਘਾਉਂਦੇ ਨੇ। ਫੇਰ ਉਹ ਚੀਕਾਂ ਮਾਰਦੈ। ਦੁਖੀ ਹੁੰਦੈ। ਬੜੇ ਸਵਾਲ ਮਹਾਰਾਜ ਦੇ ਉਤੇ ਉਥੇ ਕੀਤੇ ਉਨ੍ਹਾਂ ਨੇ। ਮਹਾਰਾਜ ਨੇ ਸਾਰਿਆਂ ਦੇ ਜਵਾਬ ਦਿਤੇ ਕਿ ਜਿਹਨੂੰ ਇਹੀ ਨਹੀਂ ਪਤਾ ਕਿ ਮੈਂ ਆਹ ਕਰਮ ਕਰਨੈ, ਸ਼ਰਾਬ ਨਾਲ ਕੀ ਕਰ ਲਏਗਾ। ਤੰਬਾਕੂ ਨਾਲ ਕੀ ਕਰ ਲਏਗਾ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।***

ਦੇਵਤੇ ਤੇ ਪਿੱਤਰ ਜਿਹੜੇ ਸਾਡੇ ਉਤੇ ਨਿਗ੍ਹਾ ਰੱਖੀਂ ਬੈਠੇ ਨੇ, ਸਾਡਾ ਬੁਰਾ ਨਹੀਂ ਹੋਣ ਦਿੰਦੇ, ਉਹ ਛੱਡ ਜਾਂਦੇ ਨੇ। ਉਹ ਦੇ ਹੱਥੋਂ ਪਾਪ ਕਿੰਨਾ ਲਗਦੈ –

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।***

ਜਿੰਨਾਂ ਸ਼ਰਾਬ ਦਾ ਪਾਪ ਹੁੰਦੈ, ਐਨਾ ਤਮਾਕੂ ਵਾਲੇ ਦੇ ਹੱਥੋਂ ਪਾਣੀ ਪੀ ਕੇ ਹੁੰਦੈ।

ਮੇਰੇ ਕੋਲ ਆਉਂਦੇ ਨੇ ਟਰੱਕਾਂ ਦੇ ਡਰਾਈਵਰ ਕਿ ਜੀ ਅਸੀਂ ਕੀ ਕਰੀਏ?

ਮੈਂ ਕਿਹਾ, ਦੇਖੋ ਭਾਈ, ਗੱਲ ਤੁਹਾਨੂੰ ਦਸ ਦਿੰਦੇ ਹਾਂ। ਇਕ ਚੀਜ਼ ਬਹੁਤ ਪਵਿੱਤਰ ਹੈ ਜਿਹੜੀ ਪਾਪਾਂ ਨੂੰ ਧੋ ਦਿੰਦੀ ਹੈ। ਉਹ ਹੈ ਪ੍ਰਮੇਸ਼ਰ

ਦਾ ਨਾਮ। ਜਦੋਂ ਇਹੋ ਜਿਹੇ ਥਾਂ ਤੁਹਾਨੂੰ ਪ੍ਰਸ਼ਾਦਾ ਛਕਣਾ ਪੈਂਦੈ, ਪਹਿਲਾਂ ਪ੍ਰਸ਼ਾਦੇ ਉਤੇ ਨਿਗ੍ਹਾ ਜਮਾਂ ਕੇ ਪੰਜ ਵਾਰੀ ਮੂਲਮੰਤ੍ਰ ਦਾ ਪਾਠ ਕਰਕੇ, ਫੇਰ 'ਤ੍ਵਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਪ੍ਰਸ਼ਾਦਾ ਛਕ ਲਿਆ ਕਰੋ। ਕਹਿੰਦੇ ਉਹਦੇ ਹੱਥੋਂ ਪਾਣੀ ਪੀਣ ਦਾ ਐਨਾ ਪਾਪ ਹੁੰਦੈ, ਜਿੰਨਾਂ ਸ਼ਰਾਬ ਪੀਣ ਦਾ ਹੁੰਦੈ। ਕਹਿੰਦੇ ਸ਼ਰਾਬ ਦਾ ਕਿੰਨਾ ਪਾਪ ਹੁੰਦੈ? ਕਹਿੰਦੇ -

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।***

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਭੰਗ ਇਕ ਤਨ ਦਾ ਨਾਸ਼ ਕਰਦੀ ਹੈ।

***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।***

ਤਮਾਕੂ ਸੌ ਕੁਲ ਦਾ ਨਾਸ਼ ਕਰਦੈ। ਅਮਰੀਕਾ ਵਾਲਿਆਂ ਨੇ ਰੋਕ ਲਾ ਦਿਤੀ ਕਿ ਕੋਈ ਬੰਦਾ ਫੈਕਟਰੀ 'ਚ ਨਹੀਂ ਪੀ ਸਕਦਾ। ਕੋਈ ਪਬਲਿਕ ਪਲੇਸ 'ਤੇ ਨਹੀਂ ਪੀ ਸਕਦਾ। ਕਿਉਂਕਿ ਪੀਣ ਵਾਲੇ ਨਾਲੋਂ ਜ਼ਿਆਦਾ ਧੂੰਆਂ ਕੈਂਸਰ ਦੀ ਬਿਮਾਰੀ ਕਰਦੈ। ਹੁਣ ਤਾਂ ਮੰਨ ਲਿਆ ਇਨ੍ਹਾਂ ਨੇ ਕਿ ਤਮਾਕੂ ਤੇ ਰੋਕ ਲਾ ਦੇਣੀ ਚਾਹੀਦੀ ਹੈ। ਤਮਾਕੂ 'ਚ ਤਾਂ ਕੈਂਸਰ ਹੈ। ਦੂਜਾ ਇਹ ਹੈ ਕਿ ਇਹ ਖਾਨਦਾਨ ਦੀ ਜੀਨ ਨੂੰ ਕੱਟ ਦਿੰਦੈ। 10 ਸਾਲਾਂ ਬਾਅਦ ਜਿਹੋ ਜਿਹਾ ਪਹਿਲਾ ਬਾਬਾ ਸੀ, 10 ਪੁਸ਼ਤਾਂ ਪਹਿਲਾਂ ਪੋਤਾ ਉਸ ਸੁਭਾਅ ਦਾ, ਉਸ ਸਰੀਰ ਦਾ ਹੋ ਜਾਇਆ ਕਰਦੈ, ਉਹਨੂੰ ਜੀਨ ਕਹਿੰਦੇ ਨੇ। ਇਸ ਕਰਕੇ ਖਾਨਦਾਨੀਆਂ ਦੇਖਿਆ ਕਰਦੇ ਸੀ। ਸ਼ਰਾਬ ਵੀ ਇਸੇ ਤਰ੍ਹਾਂ ਨਾਲ ਨੁਕਸ ਪਾਉਂਦੀ ਹੈ, 20% ਕੈਂਸਰ ਸ਼ਰਾਬ ਨਾਲ ਹੋਇਆ ਕਰਦੈ, 70% ਹੋਇਆ ਕਰਦੈ ਤਮਾਕੂ ਦੇ ਨਾਲ। ਉਹ ਜੀਨ ਕੱਟ ਦਿੰਦੈ, ਜੀਨ ਕੱਟ ਕੇ ਖਾਨਦਾਨ ਗਲਤ ਹੋ ਜਾਇਆ ਕਰਦੈ। ਉਹ ਮੁੜ ਕੇ ਨਹੀਂ ਆਉਂਦਾ। ਹੁਣ ਸਾਰੇ ਸਮਝਦੇ ਨੇ ਕਿਸਾਨ, ਕਣਕਾਂ ਦਾ ਜੀਨ ਹੈ ਛੋਟਾ ਕਰ ਦਿਤਾ ਇਹ। ਛੋਟੇ ਦਾ ਪਾ ਦਿਤਾ ਉਨ੍ਹਾਂ 'ਚ ਜੀਨ। ਉਹਦੇ ਨਾਲ ਕੀ ਹੋਇਆ, ਮਧਰੀਆਂ ਕਣਕਾਂ ਤੇ ਜ਼ਿਆਦਾ ਦਾਣੇ ਦੇਣ ਵਾਲੀਆਂ ਹੋ ਗਈਆਂ।

ਸੋ ਇਸ ਤਰ੍ਹਾਂ ਦੇ ਨਾਲ ***'ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।'*** ਸੌ ਕੁਲ ਦਾ ਨਾਸ਼ ਕਰਦੀ ਹੈ, ਜੇ ਕਿਸੇ ਘਰ ਵਿਚ ਨਿੰਦਕ ਪੈਦਾ ਹੋ ਜਾਵੇ, ਉਹ ਕੁਲਾਂ ਦੀਆਂ ਕੁਲਾਂ ਗਾਲ ਦਿਆ ਕਰਦੈ। ਇਸ ਕਰਕੇ ਸਾਡੇ ਬਜ਼ੁਰਗ ਜਿਹੜੇ ਥੋੜ੍ਹਾ-ਥੋੜ੍ਹਾ ਪੁੰਨ ਕਰਕੇ ਉਤੇ ਬੈਠੇ ਨੇ ਸਵਰਗਾਂ 'ਚ, ਉਹ ਛੱਡ ਦਿੰਦੇ ਨੇ।

ਜੋ ਨਸ਼ਾ ਪੀਂਦਾ ਹੈ, ਜਿਹਨੂੰ ਐਨੀਓ ਸਮਝ ਨਹੀਂ ਕਿ ਅਗਾਂਹਾਂ ਜਾ ਕੇ ਦਰਗਾਹ 'ਚ ਮੇਰਾ ਆਹ ਹਾਲ ਹੋਣੈ। ਉਹਨੂੰ ਕੀ ਕਹੇ। ਚਾਹੇ ਕਿੰਨਾ ਹੀ ਪੜ੍ਹਿਆ ਹੋਇਐ, ਕਿੰਨਾ ਹੀ ਅਕਲ ਵਾਲਾ ਹੈ। ਕਹਿੰਦੇ, ਮੂਰਖ ਹੈ ਇਹ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਮੂਰਖ ਹੈ ਇਹ - ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥'*** ਜਿਹੜਾ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਉਹ ਮੂਰਖ ਅਤੇ ਅਗਿਆਨੀ ਹੈ।

ਰਾਜਾ ਕਹਿਣ ਲੱਗਿਆ ਕਿ ਲਿਸਟ ਬਣਾਓ। ਵਜ਼ੀਰ ਕਹਿਣ ਲੱਗਿਆ ਕਿ ਮਹਾਰਾਜ! ਜੇ ਤਾਂ ਅਕਲਮੰਦਾਂ ਦੀ ਕਹਿੰਦੇ, ਫੇਰ ਤਾਂ ਬਣ ਜਾਂਦੀ। ਪਰ ਮੂਰਖ ਤਾਂ ਸਾਰਾ ਸੰਸਾਰ ਹੀ ਹੈ, ਆਪਣੇ ਪੈਰੀਂ ਆਪ ਕੁਹਾੜਾ ਮਾਰ ਕੇ ਨਰਕਾਂ ਨੂੰ ਜਾਂਦੈ। ਆਪੇ ਹੀ ਦੁਖੀ ਹੁੰਦੈ। ਕਿਸੇ ਨੂੰ ਕੋਈ ਦੁਖੀ ਨਹੀਂ ਕਰਦਾ, ਆਪਣੇ ਕਰਮ ਦੁਖੀ ਕਰਦੇ ਨੇ।

ਕਹਿੰਦਾ, ਚਲੋ ਵੱਡਿਆਂ-ਵੱਡਿਆਂ ਦੀ ਬਣਾ ਲਓ। ਵੱਡੇ-ਵੱਡੇ ਵੀ ਤਾਂ ਹੋਣਗੇ। ਕਹਿੰਦੇ, ਇਹ ਮਨਜ਼ੂਰ ਹੈ। ਇਕ ਸਭਾ ਬਣਾ ਲਈ।

ਲਿਖਣਾ ਸ਼ੁਰੂ ਕਰ ਦਿਤਾ, ਲਿਖਦੇ ਹੋਏ, ਪਤਾ ਹੀ ਹੁੰਦੈ ਪਿੰਡਾਂ ਵਾਲਿਆਂ ਨੂੰ ਕਿ ਆਹ ਮੂਰਖਾਂ ਦਾ ਟੱਬਰ ਹੈ। ਉਹ ਇਕ ਟੱਬਰ 'ਚ ਚਲੇ ਗਏ। ਉਹ ਕਹਿੰਦੇ, ਰਾਜੇ ਨੇ ਕਿਹਾ।

ਉਹ ਕਹਿੰਦੇ ਕਿ ਸਾਡਾ ਨਾਉਂ ਜ਼ਰੂਰ ਲਿਖੋ। ਬਜ਼ੁਰਗ ਨੂੰ ਕਹਿੰਦੇ, ਕਿਵੇਂ ਹੋਂ ਤੁਸੀਂ ਮੂਰਖ?

ਛੜੀ ਦਿਤੀ ਹੋਈ ਕਿ ਮੁੱਖ ਮੰਤਰੀ ਉਹਨੂੰ ਬਣਾਉਣੈ ਜਿਹੜਾ ਸਾਰਿਆਂ ਨਾਲੋਂ ਵੱਡਾ ਮੂਰਖ ਹੋਵੇ। ਲਿਖ ਰਹੇ ਨੇ, ਪੁੱਛ-ਗਿੱਛ ਕਰ ਰਹੇ ਨੇ।

ਕਹਿਣ ਲੱਗਿਆ ਕਿ ਦੇਖੋ, ਸਾਡਾ ਇਕ ਰਿਸ਼ਤੇਦਾਰ ਮਰ ਗਿਆ, ਨੇੜੇ ਦਾ। ਆਹ ਨਾਲ ਹੀ ਪਿੰਡ ਸਹੁਰੇ ਸੀ ਮੇਰੇ, ਉਨ੍ਹਾਂ ਵਿਚੋਂ ਇਨ੍ਹਾਂ ਬੱਚਿਆਂ ਦਾ ਮਾਮਾ ਮਰ ਗਿਆ। ਮੈਂ ਹਲ ਵਾਹੁੰਦਾ ਸੀ, ਖਬਰ ਆਈ, ਮੈਂ ਵੱਡੇ ਨੂੰ ਭੇਜਿਆ ਕਿ ਜਾਹ ਤੂੰ ਚਲਿਆ ਜਾ। ਸਸਕਾਰ ਹੋਏਗਾ ਉਸ ਤੋਂ ਬਾਅਦ ਤੂੰ ਬੈਠੀਂ, ਬੈਠ ਕੇ ਗੱਲ ਕਰਕੇ ਆਈਂ।

ਮੈਂ ਇਹਨੂੰ ਭੇਜ ਦਿਤਾ ਇਹਨੇ ਕੁਛ ਨਹੀਂ ਕਰਿਆ। ਵਾਪਸ ਆ ਗਿਆ। ਮੈਂ ਕਿਹਾ, ਕਿ ਤੂੰ ਕੀ ਕਿਹਾ ਸੀ? ਕਹਿੰਦਾ, ਮੈਂ ਤਾਂ ਕੁਛ ਵੀ ਨਹੀਂ ਕਿਹਾ। ਕਹਿੰਦਾ, ਕੋਈ ਗੱਲ ਤਾਂ ਕਰੀ ਹੋਣੀ, ਤੇਰਾ ਮਾਮਾ ਚੜ੍ਹਾਈ ਕਰਿਐ।

ਕਹਿੰਦਾ, ਮੈਂ ਤਾਂ ਕੁਛ ਕਿਹਾ ਹੀ ਨਹੀਂ। ਮੈਂ ਕਿਹਾ, ਤੂੰ ਤਾਂ ਮੂਰਖ ਹੈਂ।

ਛੋਟੇ ਮੁੰਡੇ ਨੂੰ ਕਿਹਾ ਕਿ ਤੂੰ ਜਾਹ।

ਉਹ ਕਹਿੰਦਾ, ਬਾਪੂ ਮੈਂ ਤਾਂ ਇਹੋ ਜਿਹੇ ਥਾਂ ਕਦੇ ਗਿਆ ਨਹੀਂ ਤੇ ਮੈਂ ਕੀ ਕਹਾਂ।

ਮੈਂ ਕਿਹਾ, ਲੋਕ ਜਿਵੇਂ ਕਹਿੰਦੇ ਹੁੰਦੇ ਨੇ, ਇਹ ਕਿਹੜਾ ਕਿਤਾਬਾਂ 'ਚ ਲਿਖਿਆ ਹੁੰਦੈ, ਸੁਣ ਸੁਣਾ ਕੇ ਗੱਲਾਂ ਕਰ ਦੇਈਦੀਆਂ ਨੇ। ਉਹ ਜਿਸ

ਵਕਤ ਗਿਆ ਤਾਂ ਉਨ੍ਹਾਂ ਦੇ ਦੁਸ਼ਮਣ ਖੜ੍ਹੇ ਸੀ ਬਾਹਰਲੇ ਪਾਸੇ। ਉਹ ਕਹਿੰਦੇ, ਸਵਾਦ ਆ ਗਿਆ ਮਰ ਗਿਆ ਇਹ। ਹੁਣ ਪਤਾ ਲੱਗੂ ਇਨ੍ਹਾਂ ਨੂੰ। ਇਹ ਬੜੇ ਬੁਰੇ ਬੰਦੇ ਨੇ, ਇਹ ਮਰੇ ਤੋਂ ਬਗੈਰ ਠੀਕ ਨਹੀਂ ਹੋਣੇ, ਇਕ ਅੱਧਾ ਹੋਰ ਮਰੇ ਤਾਂ ਠੀਕ ਹੋਣੇ ਨੇ।

ਅਗਾਂਹਾਂ ਆਏ ਹੋਏ ਸੀ ਸਿਆਣੇ ਬੰਦੇ ਬਹੁਤ। ਪਰਚੌਣੀ ਕਰ ਰਹੇ ਸੀ। ਇਹਨੇ ਕਿਹਾ ਕਿ ਮੈਂ ਭੁੱਲ ਨਾ ਜਾਵਾਂ। ਇਕ ਦਮ ਹੀ ਖੜ੍ਹਾ ਹੋ ਕੇ ਕਹਿੰਦਾ, ਭਰਾਵੋ, ਮੇਰੀ ਗੱਲ ਸੁਣੋ। ਕਹਿੰਦਾ, ਬੜਾ ਚੰਗਾ ਹੋਇਆ ਇਹ ਮਰ ਗਿਆ। ਇਕ ਅੱਧਾ ਹੋਰ ਮਰਨਾ ਚਾਹੀਦੈ ਤਾਂ ਠੀਕ ਹੋਣਗੇ ਮੇਰੇ ਨਾਨਕੇ। ਉਨ੍ਹਾਂ ਨੇ ਫੜ ਲਿਆ ਤੇ ਕੁੱਟਿਆ। ਕਹਿੰਦੇ ਆਹ ਕੀ ਕਰਦੈਂ।

ਬਾਪੂ ਕੋਲ ਆ ਗਿਆ, ਨੇੜੇ ਖੇਤ ਸੀ। ਬਾਪੂ ਨੇ ਪੁੱਛਿਆ ਕਿ ਆਹ ਤੇਰੇ ਨੀਲ ਪਏ ਹੋਏ ਨੇ? ਕਹਿੰਦਾ, ਮੈਨੂੰ ਮਾਰਿਆ।

ਕਹਿੰਦਾ, ਕਿਉਂ?

ਕਹਿੰਦਾ, ਤੂੰ ਹੀ ਕਿਹਾ ਸੀ ਕਿ ਜਿਹੜੀਆਂ ਲੋਕ ਗੱਲਾਂ ਕਰਦੇ ਹੋਣਗੇ। ਤੂੰ ਕਰ ਲਈਂ। ਕਹਿੰਦਾ, ਮੈਂ ਇਸ ਤਰ੍ਹਾਂ ਦੀਆਂ ਗੱਲਾਂ ਕਹਿ ਦਿਤੀਆਂ।

ਕਹਿੰਦਾ, ਤੂੰ ਤਾਂ ਇਹਦੇ ਨਾਲੋਂ ਵੀ ਮੂਰਖ ਹੈਂ।

ਕਹਿੰਦਾ, ਮੈਨੂੰ ਹੀ ਜਾਣਾ ਪੈ ਗਿਆ। ਉਵੇਂ ਜਿਵੇਂ ਪਰਾਣੀ ਕੱਛ ਵਿਚ ਲਈ ਹੋਈ ਹੈ। ਪੈਰ ਵੀ ਨਹੀਂ ਧੋਤੇ, ਨੱਠਿਆ ਹੀ ਗਿਆ ਕਿ ਕਿਤੇ ਚਲੇ ਨਾ ਜਾਣ। ਮੈਂ ਹੁਣੇ ਜਾ ਕੇ ਮਾਫੀ ਮੰਗ ਲਵਾਂ। ਉਥੇ ਜਾ ਕੇ ਕਹਿੰਦਾ ਕਿ ਭਰਾਵੋ! ਮਾਫੀ ਮੰਗਣ ਆਇਆਂ। ਪਹਿਲਾ ਮੁੰਡਾ ਤੁਸੀਂ ਦੇਖਿਆ ਕਿ ਬੋਲਿਆ ਹੀ ਨਹੀਂ। ਦੂਜੇ ਨੇ ਕੀ ਕਿਹਾ ਕਿ ਤੁਹਾਨੂੰ ਪਤਾ ਹੀ ਹੈ, ਚੰਗਾ ਹੋਇਆ ਤੁਸੀਂ ਕੁੱਟਿਆ।

ਕਹਿਣ ਲੱਗਿਆ, ਭਰਾਵੋ! ਹੁਣ ਤਾਂ ਕਰ ਦਿਓ ਮਾਫ ਹੁਣ ਜਦੋਂ ਤੁਹਾਡਾ ਅਗਲਾ ਮਰੂ ਮੈਂ ਆਪ ਹੀ ਆਉਂਗਾ।

ਕਹਿੰਦੇ, ਇਹ ਤਾਂ ਸਾਰਾ ਟੱਬਰ ਹੀ ਮੂਰਖਾਂ ਦਾ ਹੈ। ਲਿਖ ਲਿਆ ਉਹਨਾਂ ਨੇ ਕਿ ਤੂੰ ਤਾਂ ਸੱਚਮੁੱਚ ਹੀ ਲਿਖਣ ਵਾਲਾ ਹੈਂ।

ਰਾਜੇ ਕੋਲ ਆ ਗਏ। ਉਹ ਦੱਸੀ ਗਏ, ਦੱਸੀ ਗਏ। ਰਾਜੇ ਨੂੰ ਪੁੱਛਿਆ ਕਿ ਰਾਜਾ ਸਾਹਿਬ ਨੂੰ ਮਿਲਣੈ। ਕਹਿੰਦੇ, ਉਹ ਤਾਂ ਬਿਮਾਰ ਨੇ। ਕਹਿੰਦੇ, ਪੁੱਛੋ, ਅਸੀਂ ਮਿਲਣਾ ਹੈ। ਸੋਨੇ ਦੇ ਹੱਥੇ ਵਾਲੀ ਖੂੰਡੀ ਫੜਾਉਣੀ ਹੈ ਜਿਹੜਾ ਸਭ ਤੋਂ ਮੂਰਖ ਹੈ। ਰਾਜੇ ਦੇ ਕੋਲ ਚਲੇ ਗਏ।

ਕਹਿੰਦੇ, ਕੀ ਗੱਲ?

ਕਹਿੰਦਾ, ਮੈਂ ਤਾਂ ਜਾ ਰਿਹਾਂ?

ਕਹਿੰਦੇ, ਕਿੱਥੇ ਜਾ ਰਿਹੈਂ?

ਕਹਿੰਦਾ, ਇਸ ਤਰ੍ਹਾਂ ਮੈਨੂੰ ਪਤਾ ਨਹੀਂ ਕਿ ਕਿੱਥੇ ਜਾ ਰਿਹਾਂ। ਕਹਿੰਦੇ ਨੇ ਕਿ ਕਿਤੇ ਲੰਮੇ ਸਫਰ 'ਤੇ ਜਾ ਰਿਹੈਂ –

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ – 264***

ਕਹਿੰਦੇ, ਫੇਰ ਐਡੇ ਲੰਮੇ ਸਫਰ 'ਚ ਤੇਰੇ ਨਾਲ ਫੌਜ ਜਾ ਰਹੀ ਹੈ?

ਕਹਿੰਦਾ, ਨਹੀਂ।

ਰਾਣੀਆਂ ਜਾ ਰਹੀਆਂ ਨੇ?

ਕਹਿੰਦਾ, ਨਹੀਂ।

ਖਜ਼ਾਨੇ ਜਾ ਰਹੇ ਨੇ?

ਕਹਿੰਦਾ, ਨਹੀਂ।

ਹੋਰ ਧਨ, ਧਾਨ, ਜਾਇਦਾਦ ਜਾ ਰਹੀ ਹੈ?

ਕਹਿੰਦਾ, ਕੁਛ ਵੀ ਨਹੀਂ ਜਾ ਰਿਹਾ। ਮੈਂ ਤਾਂ ਖਾਲੀ ਹੱਥ ਜਾ ਰਿਹਾਂ। ਨੰਗੇ ਪੈਰੀਂ ਤੇ ਖਾਲੀ ਹੱਥ।

ਕਹਿੰਦੇ, ਲੈ ਰਾਜਨ! ਫੇਰ ਆਹ ਖੂੰਡੀ ਤੂੰਹੀਂ ਸਾਂਭ।

ਕਹਿੰਦੇ, ਤੂੰ ਸਾਰੀ ਜ਼ਿੰਦਗੀ ਗਵਾ ਦਿਤੀ ਤੇ ਤੈਨੂੰ ਨਾ ਪਤਾ ਲੱਗਿਆ ਕਿ ਅਗਲਾ ਸਫਰ ਕੀ ਹੈ। ਉਥੇ ਕੀ ਚਾਹੀਦੈ?

ਫੇਰ ਸਾਰਿਆਂ ਨਾਲੋਂ ਮੂਰਖ ਤਾਂ ਤੂੰ ਹੋਇਆ। ਆਹ ਖੂੰਡੀ ਫੜ।

ਗੁਰੂ ਮਹਾਰਾਜ ਦਸਦੇ ਨੇ ਪਿਆਰਿਓ! ਮੂਰਖ ਉਹ ਹੈ –

***ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥***

***ਅੰਗ – 1015***

ਜਿਹੜਾ ਨਾਮ ਦੀ ਮਹਿਮਾ ਨੂੰ ਨਹੀਂ ਜਾਣਦਾ, ਕਹਿੰਦੇ ਉਹ ਮੂਰਖਾਂ ਦਾ ਸਰਦਾਰ ਹੈ। ਕਿਉਂਕਿ ਉਹਨੂੰ ਪਤਾ ਨਹੀਂ ਹੈ ਕਿ ਨਾਮ ਕੀ ਚੀਜ਼ ਹੁੰਦੀ ਹੈ। ਕਿੱਥੇ ਸਹਾਇਤਾ ਕਰਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪਿਆਰੇ ਜੀ, ਜਿੱਥੇ ਨਾ ਕੋਈ ਮਾਤ ਪਿਤਾ,***
***ਉਥੇ ਨਾਮ ਨੇ ਸਹਾਇਤਾ ਕਰਨੀ।***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- 264***

ਅਜਾਮਲ ਨੂੰ ਆਖਰੀ ਸਵਾਸ ਆ ਰਿਹਾ ਸੀ, ਜਮਦੂਤ ਆ ਕੇ ਫੜ

ਰਹੇ ਸੀ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*

*ਭਾਈ ਗੁਰਦਾਸ ਜੀ, ਵਾਰ 10/20*

ਮਹਾਂ ਪਾਪੀ ਸੀ, ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ। ਜਦੋਂ ਜਮਦੂਤ ਦੇਖੇ, ਪੁੱਤਰ ਨੂੰ ਹਾਕ ਮਾਰ ਦਿਤੀ। ਪੁੱਤਰ ਦਾ ਨਾਉਂ ਸੀ ਨਰਾਇਣ।

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ – 981*

ਕਹਿੰਦੇ, ਜਿਸ ਵਕਤ ਕਹਿ ਦਿਤਾ ਨਰਾਇਣ ਕਹਿ ਦਿਤਾ ਪੁੱਤਰ ਨੂੰ, ਕਹਿੰਦਾ-ਕਹਿੰਦਾ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ ਉਹਦਾ। ਹੋਇਆ ਕੀ? ਉਸੇ ਵੇਲੇ ਦੇਵਗਣ ਆ ਗਏ –

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੁਖੁ ਡੇਰਾ ਢਹਿਆ॥*

*ਭਾਈ ਗੁਰਦਾਸ ਜੀ, ਵਾਰ 10/20*

ਇਕ ਵਾਰੀ 'ਵਾਹਿਗੁਰੂ' ਕਹਿਣ ਦੇ ਨਾਲ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।* *ਅਕਾਲ ਉਸਤਤਿ*

ਐਸੇ ਨਾਮ ਦੀ ਮਹਿਮਾ ਨੂੰ ਜਿਹੜਾ ਨਹੀਂ ਮੰਨਦਾ ਮਹਾਰਾਜ ਕਹਿੰਦੇ –

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥*

*ਅੰਗ- 1015*

ਹੁਣ ਨਾਮ ਮਿਲਦਾ ਕਿਥੋਂ ਹੈ? ਮਹਾਰਾਜ ਕਹਿੰਦੇ ਇਹੀ ਕੰਮ ਕਰਨ ਆਇਆ ਹੈਂ ਤੂੰ –

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ – 283*

ਵਿਰਲੇ ਪੁਰਸ਼ ਨੇ ਜਿਹੜੇ ਨਾਮ ਦਾ ਵਪਾਰ ਕਰਦੇ ਨੇ। ਬਾਕੀ ਸੰਸਾਰ ਜਿਹੜਾ ਹੈ ਵਿਸ਼ੇ ਵਿਕਾਰਾਂ ਦੇ ਵਿਚ ਗੁਲਤਾਨ ਹੋਇਆ, ਨਿੰਦਿਆ,

ਚੁਗਲੀ, ਈਰਖਾ, ਬਖੀਲੀ, ਝਗੜੇ ਝਾਟੇ, ਵੈਰ ਭਾਵ, ਨਸ਼ੇ ਇਨ੍ਹਾਂ ਦੇ ਵਪਾਰ ਵਿਚ ਗਲਤਾਨ ਹੋਇਆ ਪਿਐ। ਸੋ ਇਸ ਤਰ੍ਹਾਂ ਦੇ ਨਾਮ ਜਿਹੜਾ ਹੈ, ਜਦੋਂ ਤੱਕ ਆਦਮੀ ਨੂੰ ਨਾਮ ਨਹੀਂ ਮਿਲਦਾ, ਮੰਤਰ ਨਹੀਂ ਮਿਲਦਾ। ਮਹਾਰਾਜ ਕਹਿੰਦੇ, ਉਹਨੂੰ ਮਨੁੱਖ ਨਾ ਕਹੋ –

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***

***ਅੰਗ– 1356***

ਜਿਹਨੂੰ ਮੰਤਰ ਨਹੀਂ ਮਿਲਿਆ ਉਹਦਾ ਧਿਰਕਾਰਯੋਗ ਜਨਮ ਹੈ। ਸੌ ਫਿੱਟੇ ਮੂੰਹ ਕਹੋ ਇਕ ਵਾਰੀ ਧਿਰਕਾਰ ਕਹਿ ਦਿਓ ਤੇ ਭ੍ਰਿਸਟਿਆ ਹੋਇਆ ਜਨਮ ਹੈ, ਚਾਹੇ ਉਹ ਕਿੱਡਾ ਹੀ ਵੱਡਾ ਕਿਉਂ ਨਹੀਂ ਹੈ ਤੇ ਉਹਦੀ ਤੁਲਨਾ ਕੀਹਦੇ ਬਰਾਬਰ ਹੈ –

***ਕੂਕਰਹ ਸੂਕਰਹ ਗਰਧਭਹ ਕਾਕਹ***
***ਸਰਪਨਹ ਤੁਲਿ ਖਲਹ ॥*** ***ਅੰਗ– 1356***

ਉਹ ਕੁੱਤੇ, ਬਿੱਲੇ, ਸੂਰ, ਸੱਪਾਂ ਦੇ ਬਰਾਬਰ ਹੈ ਤੇ ਮਰਨ ਤੋਂ ਬਾਅਦ ਇਨ੍ਹਾਂ ਜੂਨੀਆਂ 'ਚ ਉਹਨੂੰ ਜਾਣਾ ਪਿਆ ਕਰਦੈ ਕਿਉਂਕਿ ਉਹ ਅਸਲੀ ਚੀਜ਼ ਲੈ ਨਾ ਸਕਿਆ। ਦਰਗਾਹ ਵਿਚ ਨਹੀਂ ਉਹਨੂੰ ਥਾਂ ਮਿਲਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਮਾਲਵੇ ਵਿਚ ਗਏ ਹੋਏ ਨੇ। ਉਸ ਥਾਂ ਦਾ ਜੋ ਸਰਦਾਰ ਹੈ ਡੱਲਾ, ਸਾਬੋ ਦੀ ਤਲਵੰਡੀ ਵਾਲਾ। ਉਹ ਬਹੁਤ ਸੇਵਾ ਕਰ ਰਿਹੈ ਤੇ ਮਹਾਰਾਜ ਬੜੇ ਪ੍ਰਸੰਨ ਨੇ ਉਹਦੇ ਉਤੇ ਤੇ ਇਕ ਦਿਨ ਸਾਰੀ ਰਾਤ ਪਹਿਰਾ ਦੇਈ ਗਿਆ। ਜਦੋਂ ਵੀ ਮਹਾਰਾਜ ਜੀ ਆਵਾਜ਼ ਦੇਣ ਕਿ ਕੌਣ ਹੈ ਪਹਿਰੇ 'ਤੇ?

ਕਹਿੰਦੇ, ਮੈਂ ਡੱਲਾ।

ਮਹਾਰਾਜ ਪ੍ਰਸੰਨ ਹੋ ਗਏ। ਅੰਮ੍ਰਿਤ ਵੇਲੇ ਕਹਿਣ ਲੱਗੇ, ਡੱਲਿਆ! ਅੱਜ ਤੂੰ ਸੇਵਾ ਕਰਕੇ ਸਾਡਾ ਮਨ ਪ੍ਰਸੰਨ ਕਰ ਲਿਆ। ਮੰਗ ਕੀ ਮੰਗਦੈਂ? ਤੈਨੂੰ ਦੁਨੀਆਂ ਦੀ ਜਿਹੜੀ ਚੀਜ਼ ਦੀ ਲੋੜ ਹੈ ਦਿਵਾ ਦੇਈਏ। ਪ੍ਰਸੰਨ ਹੋਇਆ ਗੁਰੂ ਮਹਾਰਾਜ ਨੂੰ ਦੇਖ ਕੇ, ਹੱਥ ਬੰਨ੍ਹ ਕੇ ਖੜ੍ਹ ਗਿਆ। ਚਰਨਾਂ ਤੇ ਨਿਵਿਆ। ਗਲ 'ਚ ਪੱਲਾ ਪਾ ਕੇ ਕਹਿਣ ਲੱਗਿਆ, ਮਹਾਰਾਜ! ਪਾਤਸ਼ਾਹ ਜੇ ਤੁਸੀਂ ਪ੍ਰਸੰਨ ਹੋਂ ਤਾਂ ਮੈਨੂੰ ਆਪਣੀ ਦਰਗਾਹ ਦੇ ਵਿਚ ਇਕ ਪੀੜ੍ਹੀ ਜੋਗਾ ਥਾਂ ਦੇ ਦਿਓ। ਮੈਂ ਤੁਹਾਡੇ ਨਾਲ ਰਹਿਣਾ ਚਾਹੁੰਨਾਂ, ਤੁਹਾਨੂੰ ਮਿਲਣਾ ਚਾਹੁੰਨਾਂ। ਮਹਾਰਾਜ ਚੁੱਪ ਕਰ ਗਏ, ਕਹਿੰਦੇ ਡੱਲ੍ਹਿਆ! ਦੁਨੀਆਂ ਮੰਗ, ਤੈਨੂੰ ਰਾਜ ਦਿਵਾ ਦਿੰਦੇ ਹਾਂ, ਰਿੱਧੀਆਂ-ਸਿੱਧੀਆਂ ਤੇਰੇ ਘਰ ਭੰਡਾਰਿਆਂ ਨਾਲ ਭਰ ਦਿੰਦੇ ਹਾਂ। ਬਾਲ-ਬੱਚੇ, ਮੱਝਾਂ ਗਾਈਆਂ, ਹੋਰ ਜਾਇਦਾਦ ਜੋ ਤੂੰ ਕਹੇਂ ਤੈਨੂੰ ਦੇ ਦਿੰਦੇ ਹਾਂ। ਪਿਆਰਿਆ! ਦਰਗਾਹ ਦਾ ਥਾਂ ਇਸ ਤਰ੍ਹਾਂ ਨਹੀਂ ਮਿਲਿਆ ਕਰਦਾ। ਤੇਰੀ ਤੇ ਸਾਡੀ ਕੋਈ ਸਾਂਝ ਨਹੀਂ ਅਜੇ ਪਈ। ਤੂੰ ਅਜੇ ਸਾਡੇ ਤੋਂ ਦੂਰ ਹੈਂ, ਅਜੇ ਤੂੰ ਗੁਰਸਿੱਖੀ ਨਹੀਂ ਧਾਰਨ ਕਰੀ। ਕਹਿੰਦੇ, ਜਾਹ ਕਿਸੇ ਗੁਰਸਿੱਖ ਨੂੰ ਪੁੱਛ ਲੈ। ਤੈਨੂੰ ਸਾਰੀ ਗੱਲ ਸਮਝਾ ਦੇਣਗੇ।

ਭਾਈ ਡੱਲ੍ਹੇ ਦਾ ਚਿਹਰਾ ਉਤਰ ਗਿਆ। ਮਹਾਰਾਜ ਕਹਿੰਦੇ ਨੇ, ਦੁਨੀਆਂ ਮੰਗ, ਪ੍ਰਸੰਨਤਾ ਸਾਡੀ ਕਾਇਮ ਹੈ। ਪਰ ਦੁਨੀਆਂ ਵਾਸਤੇ ਹੈ, ਦਰਗਾਹ ਵਾਸਤੇ ਤਾਂ ਹੈ ਨਹੀਂ। ਦਰਗਾਹ ਵਿਚ ਤਾਂ ਤੂੰ ਜਾ ਨਹੀਂ ਸਕਦਾ।

ਆ ਗਿਆ ਇਕ ਗੁਰਸਿੱਖ ਕੋਲ। ਉਹ ਕਹਿਣ ਲੱਗਿਆ, ਕੀ ਗੱਲ ਭਾਈ ਡੱਲ੍ਹੇ ਤੂੰ ਅੱਜ ਉਦਾਸ ਨਜ਼ਰ ਆਉਂਨੈ। ਕਹਿੰਦਾ, ਸੇਵਾ ਕਰਕੇ ਗੁਰੂ ਪ੍ਰਸੰਨ ਕਰੇ ਸੀ। ਪਰ ਕੋਈ ਮਤਲਬ ਨਾ ਨਿਕਲਿਆ। ਉਨ੍ਹਾਂ ਨੇ ਕਿਹਾ, ਮੰਗ ਜੋ ਕੁਛ ਮੰਗਦੈਂ।

ਕਹਿੰਦੇ, ਮੈਂ ਮੰਗ ਲਿਆ ਕਿ ਸੱਚੇ ਪਾਤਸ਼ਾਹ! ਆਪਣੇ ਚਰਨਾਂ 'ਚ ਨਿਵਾਸ ਦੇ ਦਿਓ। ਮੈਂ ਤੁਹਾਡੇ ਨਾਲ ਹੀ ਰਹਾਂ ਤੇ ਤੁਹਾਡੀ ਦਰਗਾਹ ਦੇ ਵਿਚ ਬਹੁਤਾ ਥਾਂ ਨਹੀਂ ਮੰਗਦਾ, ਸਿਰਫ ਪੀੜ੍ਹੀ ਜੋਗਾ ਥਾਂ ਦੇ ਦਿਓ।

ਕਹਿੰਦੇ, ਡੱਲ੍ਹਿਆ! ਉਹ ਕਿਵੇਂ ਮਿਲ ਜਾਊ।

ਜਦੋਂ ਤਕ ਤੂੰ ਸਿੱਖੀ ਨਹੀਂ ਧਾਰਨ ਕਰਦਾ। ਤੇਰਾ ਗੁਰੂ ਨਾਲ ਸੰਪਰਕ ਹੀ ਨਹੀਂ ਹੁੰਦਾ।

ਕਹਿਣ ਲੱਗਿਆ, ਸਿੱਖ ਤਾਂ ਮੈਂ ਹੈਗਾ, ਸੇਵਾ ਕਰਦਾਂ, ਸਿੱਖ ਨਹੀਂ ਹਾਂ?

ਕਹਿੰਦੇ, ਨਹੀਂ ਅਜੇ ਤੈਨੂੰ ਸਿੱਖੀ ਦੀ ਸਮਝ ਨਹੀਂ ਆਈ। ਨਾ ਤੈਨੂੰ ਸਿੱਖੀ ਪ੍ਰਾਪਤ ਹੋਈ ਹੈ। ਦੇਖ, ਜੇ ਤੂੰ ਗੁਰੂ ਦੇ ਨਾਲ ਮਿਲਣੈ ਹੈ ਤਾਂ, ਗੁਰੂ ਦੀ ਦਰਗਾਹ 'ਚ ਰਹਿਣੈ ਤਾਂ ਮੇਰੀ ਗੱਲ ਧਿਆਨ ਦੇ ਨਾਲ ਤੂੰ ਹਿਰਦੇ 'ਚ ਵਸਾ ਲੈ -

***ਧਾਰਨਾ - ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਵਾਜਾਂ ਵਾਲੇ ਨੂੰ,***
***ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ, ਵਾਰ 41/1***

ਡੱਲ੍ਹਿਆ! ਸਿੱਖੀ ਦੀ ਜੋ ਰੀਤ ਹੈ, ਨੌਂਵਾਂ ਪਾਤਸ਼ਾਹੀਆਂ ਤਾਈਂ ਚਰਨਾਮ੍ਰਿਤ ਦਿਆ ਕਰਦੇ ਸੀ। ਲੇਕਿਨ ਗੁਰੂ ਮਹਾਰਾਜ ਨੇ ਸੰਤ ਨੂੰ ਨਾਲ ਸਿਪਾਹੀ ਬਣਾ ਦਿਤਾ। ਦੁਨੀਆਂ ਦੀ ਰਾਖੀ ਕਰਨ ਵਾਲਾ, ਦੁਨੀਆਂ 'ਤੇ ਇਨਸਾਫ ਕਰਨ ਵਾਲਾ, ਦੁਨੀਆਂ ਦੇ ਦੁਖਾਂ ਨੂੰ ਦੂਰ ਕਰਨ ਵਾਲਾ, ਆਪਾ ਤਿਆਗ ਕਰਨ ਵਾਲਾ। ਪਿਆਰਿਆ! ਖੰਡੇ ਦੀ ਪਾਹੁਲ ਦੇ ਦਿਤੀ ਇਨ੍ਹਾਂ ਨੂੰ। ਮੰਤਰਿਆ ਹੋਇਆ ਜਲ ਇਹਦੇ ਅੰਦਰ ਪ੍ਰਵੇਸ਼ ਕਰ ਦਿਤਾ। ਜਿੰਨੀ

ਦੇਰ ਤੱਕ ਪਾਹੁਲ ਨਹੀਂ ਤੂੰ ਪੀਂਦਾ। ਓਨੀਂ ਦੇਰ ਤਕ ਤੈਨੂੰ ਮੰਤਰ ਨਹੀਂ ਮਿਲਦਾ। ਜਦੋਂ ਤਕ ਤੂੰ ਗੁਰੂ ਤੋਂ ਮੰਤਰ ਨਹੀਂ ਲੈਂਦਾ, ਤੇਰਾ ਗੁਰੂ ਨਾਲ ਸਬੰਧ ਨਹੀਂ ਜੁੜਦਾ। ਗੁਰੂ ਨਾਲ ਤਾਂ ਸਬੰਧ ਤਾਂ ਜੁੜਦੈ ਜੇ ਉਹਦਾ ਮੰਤਰ ਲੈ ਲਵੇ। ਸੋ ਇਸ ਕਰਕੇ ਤੈਨੂੰ ਅੰਮ੍ਰਿਤ ਛਕਣਾ ਪੈਣੈ, ਫੇਰ ਪੀੜ੍ਹੀ ਜੋਗਾ ਥਾਂ ਕਿਉਂ ਮੁਰੱਬੇ ਰੋਕ ਲਈਂ। ਗੁਰੂ ਦਰਗਾਹ ਛੋਟੀ ਨਹੀਂ ਹੈ, ਬੇਅੰਤ ਵੱਡੀ ਦਰਗਾਹ ਹੈ, ਇਥੇ ਬੇਅੰਤ ਦੁਨੀਆਂ ਨੇ ਸਮਾਉਣੈ। ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹੜਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ- 264***

ਨਾਮ ਤਾਂ ਗੁਰਮੰਤ੍ਰ ਜਪ-ਜਪ ਕੇ, ਜਪ-ਜਪ ਕੇ ਅੰਦਰ ਪ੍ਰਗਟ ਹੋਣੈ। ਹੈਗਾ ਅੰਦਰ ਹੀ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- 293***

ਸੋ ਨਾਮ ਦੇ ਮੰਡਲ 'ਚ ਜਦੋਂ ਤਕ ਸਾਡੀ ਸੁਰਤ ਨਹੀਂ ਪਹੁੰਚਦੀ ਅਸੀਂ ਕੁਛ ਵੀ ਨਹੀਂ ਹੈਗੇ। ਸਰੀਰ ਸਾਨੂੰ ਦਿਤਾ ਹੈ। ਕਿਹੋ ਜਿਹਾ?

ਮੈਂ ਬੇਨਤੀ ਕਰਦਾ ਸੀ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅੰਗ - 954***

ਜਿਹੜਾ ਸ਼ਬਦ ਪੰਜ ਪਿਆਰਿਆਂ ਤੋਂ ਲਿਆ ਹੈ, ਇਹ ਘਰ ਰੱਖਣ ਵਾਸਤੇ ਨਹੀਂ ਹੁੰਦਾ, ਇਹ ਜਾਪ ਕਰਨ ਵਾਸਤੇ ਹੁੰਦੈ। ਇਹਨੂੰ ਜਪੋ ਸੰਤਾਂ ਨਾਲ ਮਿਲ ਕੇ ਜਪੋ। ਸੰਤਾਂ ਕੋਲ ਜੁਗਤੀ ਹੁੰਦੀ ਹੈ, ਸੁਖਾਲੇ ਫਾਰਮੂਲੇ ਹੁੰਦੇ ਨੇ। ਉਹ ਸੁਖਾਲਾ ਜਪਾ ਦਿੰਦੇ ਨੇ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***
***ਅੰਗ- 1373***

ਸੰਤਾਂ ਦੀ ਡਿਊਟੀ ਲੱਗੀ ਹੋਈ ਹੈ। ਪਦਵੀ ਕਿੱਡੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਉਸ ਗੁਰਸਿੱਖ ਦੀ ਗੁਰੂ ਨਾਨਕ ਸਾਹਿਬ ਕਹਿੰਦੇ ਮੈਂ ਧੂੜੀ ਮੰਗਦਾਂ ਜਿਹੜਾ ਨਾਮ ਆਪ ਜਪਦੈ ਤੇ ਸੰਸਾਰ ਨੂੰ ਨਾਮ ਜਪਾਉਂਦੈ। ਪਿਆਰਿਓ! ਨਾਮ ਦੀ ਦਾਤ ਤੁਹਾਨੂੰ ਪ੍ਰਾਪਤ ਹੋਏਗੀ। ਤੁਹਾਡੇ ਅੰਦਰ ਨਾਮ ਹੈ। ਇਸ ਨਾਮ ਨੇ ਬਜਰ ਕਪਾਟ ਖੋਲ੍ਹਣੇ ਨੇ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ- 954*

ਗੁਰੂ ਦੇ ਸ਼ਬਦ ਦੀ ਚਾਬੀ ਲੱਗਣੀ ਹੈ। ਜਦੋਂ ਚਾਬੀ ਲਗ ਗਈ ਫੇਰ ਕੀ ਦਿਸਦੈ? ਕਹਿੰਦੇ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*

*ਅੰਗ- 954*

ਆਤਮਕ ਸੰਗੀਤ ਦੀ ਦੀਆਂ ਧੁਨਾਂ ਆਦਮੀ ਦੇ ਅੰਦਰ ਸੁਤੇ ਸਿਧ ਹੋ ਰਹੀਆਂ ਨੇ। ਸੂਖਸ਼ਮ ਬਿਰਤੀ ਹੋ ਜਾਂਦੀ ਹੈ, ਵਿਰਲੇ-ਵਿਰਲੇ ਨੇ ਜਿਹੜੇ ਸੁਣਦੇ ਨੇ, ਉਥੇ ਸੁਣਦਾ ਕੀ ਹੈ, ਸ਼ਬਦ ਦੀ ਧੁਨ ਸੁਣਦੀ ਹੈ। ਨਾਲ ਇਹੀ ਨਹੀਂ, ਅੰਧਕਾਰ ਵੀ ਦੂਰ ਹੋ ਜਾਂਦਾ ਹੈ, ਪ੍ਰਕਾਸ਼ ਹੋ ਜਾਂਦੈ-

*ਨਾਮੁ ਜਪਤ ਕੋਟਿ ਸੂਰ ਉਜਾਰਾ........॥ ਅੰਗ- 700*

ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਗਿਆਨ ਦਾ ਹੋ ਜਾਂਦੈ। ਫੇਰ ਦਿਸਦਾ ਕੀ ਹੈ? -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ- 954*

ਫੇਰ ਹੁਣ ਅੱਗੇ ਵਾਹਿਗੁਰੂ ਰਹਿ ਗਿਆ, ਹੁਣ ਭਗਤੀ ਕਰ। ਇਹਦੇ ਨਾਲ ਮਿਲ ਜਾਏਗਾ ਫੇਰ ਦੇਖੇਂਗਾ ਕੀ?-

*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*

*ਅੰਗ- 954*

ਸਾਰੇ ਸਰੀਰਾਂ ਦੇ ਵਿਚ ਇਕੋ ਹੀ ਵਾਹਿਗੁਰੂ ਵਰਤ ਰਿਹੈ -

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- 947*

ਸੋ ਮੈਂ ਬੇਨਤੀ ਕਰਦਾ ਸੀ ਕਿ ਏਸ ਘਰ ਨੂੰ ਦਿਖਾਉਣ ਵਾਲਾ ਗੁਰੂ ਹੁੰਦੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*

*ਅੰਗ- 1291*

ਦਸਵੇਂ ਦੁਆਰ 'ਚ ਅਫੁਰ ਅਵਸਥਾ 'ਚ ਬਿਰਤੀ ਲਿਜਾ ਕੇ ਤੂੰ ਇਹ ਰਾਗ ਸੁਣ -

*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*

*ਅੰਗ- 1291*

ਜਿਸ ਵਕਤ ਅੰਦਰ ਵਿਵੇਕ ਮੰਡਲ 'ਚ ਤੇਰੀ ਬਿਰਤੀ ਜਾਏਗੀ। ਤੈਨੂੰ ਪਤਾ ਲਗ ਜਾਏਗਾ ਕਿ ਵਾਹਿਗੁਰੂ ਕੀ ਹੈ? ਨਹੀਂ ਤਾਂ ਪਤਾ ਹੀ

ਨਹੀਂ ਲਗਦਾ। ਪੜ੍ਹ ਲੈ ਜਿੰਨੀਆਂ ਕਿਤਾਬਾਂ ਪੜ੍ਹਨੀਆਂ ਨੇ। ਸਾਧਨਾ ਬਿਨਾਂ ਨਹੀਂ ਪ੍ਰਕਾਸ਼ ਹੋਣਾ ਅੰਦਰ। ਉਸ ਵੇਲੇ ਜਦੋਂ ਪ੍ਰਕਾਸ਼ ਹੋ ਗਿਆ, ਮਨ ਦਾ ਨਾਸ਼ ਹੋ ਜਾਣੈ। ਵਾਸ਼ਨਾ ਖ੍ਹੈ, ਮਨੋ ਨਾਸ਼, ਤੱਤ ਗਿਆਨ ਪ੍ਰਗਟ ਹੋ ਜਾਣੈ। ਫੇਰ ਹੋਏਗਾ ਕੀ? ਕਹਿੰਦੇ –

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥* *ਅੰਗ– 1291*

ਜਿਹੜਾ ਦੌੜਿਆ ਫਿਰਦਾ ਸੀ ਛਾਲਾਂ ਮਾਰਦਾ ਮਨ ਹੁਣ ਨਹੀਂ ਜਾਂਦਾ ਕਿਤੇ। ਉਸ ਅੰਮ੍ਰਿਤ ਦੇ ਵਿਚ ਮਸਤ ਹੋ ਗਿਆ। ਕਮਲ ਪੁੱਠਾ ਹੋਇਆ–ਹੋਇਆ ਸਿੱਧਾ ਹੋ ਗਿਆ। ਇਹਦੇ 'ਚ ਅੰਮ੍ਰਿਤ ਨਾਲ ਭਰ ਗਿਆ। ਹੁਣ ਸੁਖ ਹੀ ਸੁਖ ਹੈ, ਦੁਖ ਨਹੀਂ ਹੈ। ਮਹਾਨ ਸੁਖ ਦੇ ਵਿਚ ਆ ਗਿਆ। ਭਾਈ ਮਤੀ ਦਾਸ ਨੂੰ ਜਿਸ ਵਕਤ ਚੀਰਨ ਲੱਗੇ। ਜਲਾਦ ਨੇ ਆਰਾ ਧਰਿਆ, ਬੰਨ੍ਹ ਦਿਤਾ ਲੱਕੜੀਆਂ ਦੇ ਵਿਚ, ਹੈਰਾਨ ਹੋ ਗਿਆ ਕਿ ਇਹਦਾ ਤਾਂ ਚਿਹਰਾ ਲਾਲ ਹੋ ਗਿਆ। ਲਾਲੀ ਭਾਅ ਮਾਰਨ ਲੱਗ ਗਈ। ਵਿਚੋਂ ਚਮਕ ਨਿਕਲਦੀ ਹੈ ਚਿਹਰੇ 'ਚੋਂ। ਨਾਲ ਨੇਤਰਾਂ ਦੇ ਵਿਚ ਦੇਖਿਆ, ਨੇਤਰਾਂ ਵਿਚ ਚਮਕ ਹੈ। ਰੁਕ ਗਿਆ ਆਰਾ ਚਲਾਉਣ ਤੋਂ। ਕਹਿਣ ਲੱਗਿਆ, ਮਤੀ ਦਾਸ! ਇਕ ਗੱਲ ਤਾਂ ਦੱਸ ਦੇ। ਬੰਦੇ ਬੜੇ ਚੀਰੇ ਨੇ ਪਰ ਮਰੇ ਹੋਏ ਚੀਰੇ ਨੇ। ਜਿਉਂਦਾ ਨਹੀਂ ਚੀਰਿਆ ਕੋਈ। ਪਹਿਲਾਂ ਹੀ ਮਰ ਜਾਂਦੇ ਸੀ। ਪਰ ਸਾਡਾ ਇਕ ਜਿਉਂਦੇ ਬੰਦੇ ਨਾਲ ਹੀ ਵਾਹ ਨਹੀਂ ਪਿਆ, ਕੋਈ ਅਲੌਕਿਕ ਬੰਦਾ ਹੈ। ਇਹ ਤਾਂ ਦਸ ਕਿ ਤੇਰੇ ਚਿਹਰੇ 'ਤੇ ਕਿਉਂ ਲਾਲੀ ਆ ਗਈ, ਮੌਤ ਨੂੰ ਦੇਖ ਕੇ ਤਾਂ ਵੱਡੇ–ਵੱਡੇ ਸੂਰਮੇ ਪੀਲੇ ਪੈ ਜਾਂਦੇ ਨੇ। ਦੂਸਰਾ ਤੇਰੇ ਨੇਤਰਾਂ 'ਚ ਚਮਕ ਕਿਉਂ ਆ ਗਈ? ਇਸ ਤਰ੍ਹਾਂ ਲਗਦੈ ਜਿਵੇਂ ਬੜਾ ਭਾਰਾ ਕੋਈ ਨਸ਼ਾ ਪੀਤਾ ਹੁੰਦੈ?

ਕਹਿਣ ਲੱਗੇ, ਜਲਾਦ ਤੂੰ ਕੀ ਲੈਣੈ, ਇਹ ਗੱਲਾਂ ਨਾ ਤੇਰੇ ਸਮਝ 'ਚ ਆਉਣ ਵਾਲੀਆਂ ਨੇ, ਤੂੰ ਆਪਣਾ ਕੰਮ ਕਰ।

ਕਹਿਣ ਲੱਗਿਆ, ਮੈਨੂੰ ਸੇਵਾ ਦੱਸ?

ਕਹਿੰਦੇ, ਸੇਵਾ ਦਸ ਦਿੰਨਾਂ। ਮੇਰਾ ਜਿਹੜਾ ਮੂੰਹ ਹੈ ਮੇਰੇ ਗੁਰੂ ਵਲ ਨੂੰ ਕਰ ਦੇ। ਤੇਰਾ ਚੱਲੇ ਆਰਾ ਤੇ ਮੈਂ ਗੁਰੂ ਦਾ ਚਿਹਰਾ, ਗੁਰੂ ਵਜੂਦ ਹਿਰਦੇ 'ਚ ਵਸਾਵਾਂ। ਹੁਣ ਮੈਂ ਤੈਨੂੰ ਦਸ ਦਿੰਨਾਂ ਕਿ ਪਿਆਰਿਆ! ਸਾਡੇ ਅੰਦਰ ਨਾਮ ਦਾ ਪ੍ਰਕਾਸ਼ ਹੈ। ਅਸੀਂ ਕਿਸੇ ਦਾ ਬੁਰਾ ਨਹੀਂ ਮੰਨਦੇ। ਕਿਸੇ ਨਾਲ ਸਾਡੀ ਈਰਖਾ ਨਹੀਂ। ਤੂੰ ਆਰਾ ਚਲਾਉਣ ਲੱਗਿਐਂ, ਚਾਹਾਂ ਤਾਂ ਮੈਂ ਸਰਾਪ ਦੇ ਕੇ ਤੈਨੂੰ ਵੀ ਤੇ ਤੇਰੇ ਬਾਦਸ਼ਾਹ ਨੂੰ ਵੀ ਗਰਕ ਕਰ ਦੇਵਾਂ। ਪਰ ਅਸੀਂ ਸਭ ਦਾ ਭਲਾ ਮਨਾਉਂਦੇ ਹਾਂ। ਸਾਡਾ ਗੁਰੂ ਜਿਹੜੈ–

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
*ਤਿਸ ਦਾ ਬੁਰਾ ਕਿਉ ਹੋਇ ॥* *ਅੰਗ – 302*

ਕਹਿੰਦੇ, ਸਾਡੇ ਅੰਦਰ ਜਿਹੜਾ ਕੌਲ ਫੁੱਲ ਹੈ ਉਹ ਸਿੱਧਾ ਹੋ ਗਿਆ, ਉਹਦੇ 'ਚ ਅੰਮ੍ਰਿਤ ਲਬਾ–ਲਬ ਭਰਿਆ ਪਿਐ। ਹੁਣ ਸਾਨੂੰ ਦੁਖ ਲਗਦਾ

ਹੀ ਨਹੀਂ ਕਿਸੇ ਚੀਜ਼ ਦਾ। ਉਦਾਸੀ ਲਗਦੀ ਹੀ ਨਹੀਂ। ਕੋਈ ਜਮ ਪਏ, ਕੋਈ ਮਰ ਜਾਏ, ਸਾਡਾ ਚਿੱਤ ਉਦਾਸ ਹੁੰਦਾ ਹੀ ਨਹੀਂ। ਕਿਉਂਕਿ ਅੰਮ੍ਰਿਤ ਐਨਾ ਹੋ ਗਿਆ, ਉਹਦੀਆਂ ਲਹਿਰਾਂ ਅੰਦਰ ਐਨੀਆਂ ਜਬਰਦਸਤ ਚਲਦੀਆਂ ਨੇ, ਖੇੜਾ ਹੀ ਖੇੜਾ ਹੈ ਸਾਡੇ ਅੰਦਰ।

ਸੋ ਮਹਾਰਾਜ ਕਹਿੰਦੇ – 'ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥' ਹੁਣ ਨਹੀਂ ਮਨ ਜਾਂਦਾ ਕਿਤੇ।

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ- 1291***

ਹੁਣ ਵਾਹਿਗੁਰੂ–ਵਾਹਿਗੁਰੂ ਕਹਿਣ ਦੀ ਲੋੜ ਨਹੀਂ ਹੈ। ਆਪੇ ਹੀ ਵਾਹਿਗੁਰੂ–ਵਾਹਿਗੁਰੂ ਧੁਨ ਸੁਣਦੀ ਹੈ, ਸਾਰੇ ਸੰਸਾਰ 'ਚੋਂ ਸੁਣਦੀ ਹੈ। ਉਸ ਤੋਂ ਬਗੈਰ ਕੋਈ ਆਵਾਜ਼ ਨਹੀਂ ਸੁਣਦੀ। ਜਿਧਰ ਵੀ ਦੇਖਦੇ ਹਾਂ –

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥***

***ਅੰਗ - 1420***

ਤੇ ਸਾਰੇ ਨਾਮ ਦੀ ਧੁਨ ਹੁੰਦੀ ਹੈ –

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265***

ਕਹਿੰਦੇ, ਹੁਣ ਅਜਪਾ ਜਾਪ ਚਲ ਪਿਆ।

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***

***ਅੰਗ- 1291***

ਹੁਣ ਸਾਰੀਆਂ ਸਹੀਆਂ ਇਕੱਠੀਆਂ ਹੋ ਗਈਆਂ। ਮਨ ਠਾਕਿਆ ਗਿਆ, ਅੱਖਾਂ ਠਾਕੀਆਂ ਗਈਆਂ, ਕੰਨ ਠਾਕੇ ਗਏ। ਹੁਣ ਸਾਡਾ ਨਿਜ ਘਰ ਦੇ ਵਿਚ ਵਾਸਾ ਹੋ ਗਿਆ, ਜਿਹੜਾ ਵਾਹਿਗੁਰੂ ਇਸ ਸਰੀਰ ਦੇ ਵਿਚ ਹੈ। ਮਹਾਰਾਜ ਕਹਿੰਦੇ ਪਿਆਰਿਓ! ਜਿਹੜਾ ਇਥੇ ਪਹੁੰਚ ਗਿਆ –

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ - 1291***

ਹੁਣ ਮੈਂ ਉਹਦਾ ਦਾਸ ਬਣਨ ਨੂੰ ਤਿਆਰ ਹਾਂ ਜਿਹੜਾ ਇਸ ਘਰ 'ਚ ਪਹੁੰਚ ਗਿਆ। ਸੋ ਆਹ ਸਰੀਰ ਦੀ ਮੈਂ ਬਾਤ ਕਰਦਾ ਸੀ, ਇਹ ਐਵੇਂ ਨਹੀਂ ਹੈ ਸਾਧਸੰਗਤ ਜੀ। ਇਹਦੇ ਵਿਚ ਵਾਹਿਗੁਰੂ ਰਹਿੰਦੇ –

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥***
***ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***
***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***

***ਅੰਗ - 1033***

ਇਹ ਜਿਹੜੇ ਮੈਂ ਦੇਵਤਿਆਂ ਦੀ ਗੱਲ ਤੁਹਾਨੂੰ ਪਹਿਲਾਂ ਸੁਣਾਈ ਸੀ ਉਨ੍ਹਾਂ ਨੂੰ ਇਹ ਦੇਹ ਨਹੀਂ ਪ੍ਰਾਪਤ ਹੁੰਦੀ, ਉਨ੍ਹਾਂ ਦੇ ਅੰਦਰ ਆਹ ਮਨੁੱਖੀ ਢਾਂਚਾ (system) ਰੱਖਿਆ ਹੀ ਨਹੀਂ।ਇਹ ਤਾਂ ਮਨੁੱਖ ਦੇ ਅੰਦਰ ਰੱਖਿਐ। ਵਾਹਿਗੁਰੂ ਮਨੁੱਖ ਦੇ ਅੰਦਰ, ਅੰਮ੍ਰਿਤ ਮਨੁੱਖ ਦੇ ਅੰਦਰ। ਫੇਰ ਇਹ ਦੇਹੀ ਉੱਤਮ ਹੋਈ ਕਿ ਨਾ ਹੋਈ? ਦੇਵਤਿਆਂ ਦੀ ਦੇਹੀ ਇਹਦੇ ਮੁਕਾਬਲੇ 'ਤੇ ਕੀ ਹੈ? ਇਸ ਕਰਕੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ? -

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਉਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।***

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ 1 ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ 1 ॥ ਰਹਾਉ ॥***
***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ਅੰਗ - 1159***

ਐਨਾ ਸੁਖ ਦੇਵਤਿਆਂ ਨੂੰ। ਜਿਹੜਾ ਗਿਣਿਆ ਹੀ ਨਹੀਂ ਜਾ ਸਕਦਾ। ਖਰਬ ਗੁਣਾ ਖਰਬ ਲਾਈਏ ਤਾਂ ਬਾਦਸ਼ਾਹ ਦੇ ਨਾਲੋਂ ਸੁਖ ਬੈਕੁੰਠ 'ਚ ਹੋਇਆ ਕਰਦੈ। ਲੇਕਿਨ ਉਹ ਲੋਚਦੇ ਕਿਉਂ ਨੇ? ਕਿਉਂਕਿ ਉਨ੍ਹਾਂ ਨੂੰ ਵਾਹਿਗੁਰੂ ਦਾ ਦਰਸ਼ਨ ਨਹੀਂ ਹੁੰਦਾ।

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***

***ਅੰਗ - 7***

ਬ੍ਰਹਮਾ ਜੀ ਪੈਦਾ ਕਰਦੇ ਨੇ, ਸ਼ਿਵ ਜੀ ਲੈਅ ਕਰਦੇ ਨੇ, ਵਿਸ਼ਨੂੰ ਜੀ ਪਾਲਦੇ ਨੇ।

***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***

***ਅੰਗ- 7***

ਵਾਹਿਗੁਰੂ ਤਾਂ ਉਨ੍ਹਾਂ ਨੂੰ ਦੇਖਦੈ ਤੇ ਵਾਹਿਗੁਰੂ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਮਨੁੱਖ ਨੂੰ ਆ ਜਾਂਦੈ। ਮਨੁੱਖ ਦੇ ਜਦੋਂ ਨੇਤਰ ਖੁਲ੍ਹਦੇ ਨੇ ਉਸ ਵੇਲੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਰਹਿੰਦਾ ਹੀ ਨਹੀਂ। ਸਾਰੇ ਹੀ ਵਾਹਿਗੁਰੂ ਬਣ ਜਾਂਦੇ। ਜਿਧਰ ਦੇਖਦੈ -

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***

***ਤੂੰਹੀ ਤੂੰਹੀ ਮੋਹਿਨਾ ॥*** ***ਅੰਗ- 407***

ਇਹ ਅੱਖ ਤਾਂ ਦੇਵਤਿਆਂ ਕੋਲ ਨਹੀਂ ਪਿਆਰਿਓ, ਐਨਾ ਸਰੀਰ ਵਧੀਆ, ਇਹਨੂੰ ਭੰਗ ਦੇ ਭਾੜੇ ਨਾ ਗੁਆਓ, ਨਿਗੁਰੇਪਨ 'ਚ ਨਾ ਗੁਆਓ। ਗੁਰੂ ਵਾਲੇ ਬਣੋ। ਜੇ ਭਲਾ ਨਹੀਂ ਵੀ ਪੂਰੇ ਹੋਵਾਂਗੇ। ਜਨਮ ਫੇਰ ਮਨੁੱਖ ਦਾ ਮਿਲ ਜਾਊ, ਫੇਰ ਨਹੀਂ ਹੋਵਾਂਗੇ ਫੇਰ ਮਿਲ ਜਾਊ। ਗੁਰੂ ਜਾਣ ਨਹੀਂ ਦਿੰਦਾ -

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥***
***ਅੰਗ - 649***

43 ਲੱਖ 20 ਹਜ਼ਾਰ ਸਾਲ ਗਾਰੰਟੀ ਹੋ ਜਾਂਦੀ ਹੈ ਜੇ ਗੁਰੂ ਦਾ ਬਣ ਕੇ ਰਹੇ। ਸੋ ਐਸੀਆਂ ਬਖਸ਼ਿਸ਼ਾਂ ਸਾਨੂੰ ਕਲਜੁਗ ਦੇ ਅੰਦਰ ਹੋਈਆਂ-ਹੋਈਆਂ ਤੇ ਐਨੀਆਂ ਰਿਆਇਤਾਂ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਇਕ ਵਾਰੀ ਵਾਹਿਗੁਰੂ ਬੋਲ ਕੇ ਸਾਰੇ ਪਾਪ ਕੱਟੇ ਜਾਣ ਫੇਰ ਤਾਂ ਅਸੀਂ ਮੰਦ-ਭਾਗੇ ਹੀ ਹਾਂ ਜੇ ਇਸ ਰਸਤੇ ਨਹੀਂ ਆਉਂਦੇ। ਜੇ ਕਹੇ ਜੀ ਮੈਂ ਆਪੇ ਹੀ ਵਾਹਿਗੁਰੂ ਕਹਿ ਲਊਂਗਾ। ਆਪੇ ਨਹੀਂ ਕਹਿ ਹੁੰਦਾ ਕਿਸੇ ਤੋਂ ਵੀ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***
***ਅੰਗ- 491***

ਸੋ ਇਸ ਤਰ੍ਹਾਂ ਦੇ ਆਪ ਦੇ ਨਾਲ ਜੋ ਵਿਚਾਰਾਂ ਕੀਤੀਆਂ ਨੇ ਇਨ੍ਹਾਂ ਨੂੰ ਹਿਰਦੇ 'ਚ ਧਾਰਨ ਕਰੋ। ਵਿਚਾਰਿਓ, ਵਿਚਾਰ ਕੇ ਦੇਖੋ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

***ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।***

# 17

# ਜਉ ਸੁਖ ਕਉ ਚਾਹੈ ਸਦਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਕੋਈ ਨਾਉਂ ਨਾ ਜਾਣੈ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥*

*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*

*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥*
*ਰਹਾਉ ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ ॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥*

*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥*
*ਅੰਗ - 383*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਸਦਕਾ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮੇਰੇ ਤੋਂ ਪਹਿਲਾਂ ਦੱਸਿਆ ਜਾ ਰਿਹਾ ਸੀ ਕਿ ਦੋ ਚੀਜ਼ਾਂ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦੀਆਂ। ਇਕ ਹਰੀ ਦਾ ਜਸ ਤੇ ਇਕ ਸਾਧੂ ਦੀ ਸੰਗਤ। ਹਜ਼ਾਰਾਂ ਜਨਮ ਘੁੰਮਣ ਤੋਂ ਬਾਅਦ ਕਿਤੇ ਵਾਹਿਗੁਰੂ ਦੀ ਨਿਗ੍ਹਾ ਹੋ ਜਾਵੇ ਤਾਂ -

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥* *ਅੰਗ- 278*

ਐਸਾ ਅਵਸਰ ਕਰੋੜਾਂ ਜਨਮਾਂ 'ਚ ਘੁੰਮਦਿਆਂ-ਘੁੰਮਦਿਆਂ ਨੂੰ ਵਾਹਿਗੁਰੂ ਦੀ ਦਇਆ ਹੋ ਜਾਵੇ ਤਾਂ ਹਰੀ ਦਾ ਜਸ 'ਤੇ ਸਾਧੂ ਦੀ ਸੰਗਤ ਪ੍ਰਾਪਤ ਹੋਇਆ ਕਰਦੀ ਹੈ। ਧਮੋਟ ਦੇ ਇਲਾਕੇ ਦੇ ਕੋਈ ਪੁੰਨ ਕਰਮ ਆਪਣਾ ਫਲ ਦੇਣ ਵਾਸਤੇ ਜਾਗ ਪਏ।

ਸੋ ਮੈਂ ਬੇਨਤੀ ਕੀਤੀ ਹੈ ਕਿ ਨਾਮ ਜਪਣ ਨਾਲ ਆਦਮੀ ਦੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਕਿਉਂਕਿ ਸੰਸਾਰ ਦੁਖੀ ਹੈ ਏਸ ਵੇਲੇ। ਪਹਿਲਾਂ ਤੋਂ ਹੀ ਦੁਖੀ ਹੈ। ਮਹਾਤਮਾ ਬੁੱਧ ਅੱਜ ਤੋਂ 2500 ਸਾਲ ਪਹਿਲਾਂ ਹੋਏ ਨੇ। ਕਪਲ ਵਸਤੂ ਇਕ ਸਟੇਟ ਸੀ ਛੋਟੀ ਜਿਹੀ, ਨੇਪਾਲ ਦੇ ਵਿਚ। ਉਹਦੇ ਰਾਜੇ ਸੀ। ਰਾਜਭਾਗ ਵਿਚੋਂ ਸੁੱਖ ਦਾ ਕੋਈ ਨਿਸ਼ਾਨ ਨਾ ਮਿਲਣ ਕਰਕੇ, ਉਨ੍ਹਾਂ ਨੇ ਰਾਜ ਭਾਗ ਛੱਡ ਕੇ ਬਹੁਤ ਤਤਿਕਸ਼ਾ, ਤਪਸਿਆ ਕਰਨ ਤੋਂ ਬਾਅਦ ਇਕ ਨਤੀਜਾ ਕੱਢਿਆ ਕਿ ਸੰਸਾਰ ਦੁਖੀ ਹੈ। ਇਥੇ ਤਕ ਕਹਿ ਦਿਤਾ ਕਿ ਸੰਸਾਰ ਦੁੱਖਾਂ ਦਾ ਘਰ ਹੈ। ਵਿਚਾਰ ਕੇ ਦੇਖ ਲਓ ਕਿਸੇ ਨੂੰ ਸਰੀਰ ਦਾ ਦੁੱਖ ਹੈ, ਕਿਸੇ ਨੂੰ ਉਲਾਦ ਦਾ ਦੁੱਖ ਹੈ, ਕਿਸੇ ਨੂੰ ਪੈਸੇ ਦਾ ਦੁੱਖ ਹੈ, ਕਿਸੇ ਨੂੰ ਕੋਈ ਰਾਜਸੀ ਸੰਕਟ ਹੈ, ਕਿਸੇ ਨੂੰ ਕੋਈ ਦੁੱਖ, ਕਿਸੇ ਨੂੰ ਕੋਈ ਦੁੱਖ, ਕੋਈ ਵੀ ਸੁਖੀਆ ਨਹੀਂ ਹੈ ਤੇ ਗੁਰੂ ਨਾਨਕ ਪਾਤਸ਼ਾਹ ਨੇ ਤਾਂ ਫੈਸਲਾ ਕਰਕੇ ਐਸਾ ਫੁਰਮਾਨ ਕਰ ਦਿਤਾ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਵੱਡਿਆਂ-ਵੱਡਿਆਂ ਨੂੰ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ ਗਿਣ ਕੇ ਸਾਨੂੰ ਦੱਸਿਆ ਹੈ ਕਿ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥* *ਅੰਗ - 953*

ਇੰਦਰ ਨੂੰ ਇਥੋਂ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ ਦੱਸ ਖਰਬ ਗੁਣਾਂ ਜ਼ਿਆਦਾ ਸੁਖ ਹੈ। ਲੇਕਿਨ ਅਸਲੀ ਸੁੱਖ ਨਹੀਂ ਉਹਨੂੰ ਪ੍ਰਾਪਤ ਹੋਇਆ। ਬਾਹਰਲਾ ਸੁਖ ਜ਼ਰੂਰ ਹੈ, ਮਾਇਆ, ਜਾਇਦਾਦਾਂ, ਨਾਮ ਆਪਣੇ ਉੱਚੇ ਕਰਨੇ, ਇਹ ਬਾਹਰਲਾ ਸੁਖ ਦਿਖਾਈ ਦਿੰਦੈ ਲੇਕਿਨ ਅੰਦਰੋਂ ਨਹੀਂ ਬੰਦਾ ਸੁਖੀ ਹੋ ਸਕਦਾ। ਅੰਦਰੋਂ ਘੁਣ ਲੱਗਿਆ ਹੀ ਰਹਿੰਦੈ। ਵੱਡੇ-ਵੱਡੇ ਗਿਣੇ ਮਹਾਰਾਜ ਨੇ ਇਹਦੇ 'ਚ -

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥* *ਅੰਗ- 954*

13ਵਾਂ ਸਾਲ ਜਦੋਂ ਪਾਂਡਵਾਂ ਦਾ ਆਇਆ, ਗੁਪਤ ਵਾਸ ਦਾ, ਉਸ ਵੇਲੇ ਰਾਤ ਨੂੰ ਛੁਪ ਕੇ ਚੋਰੀ-ਚੋਰੀ ਮਿਲਿਆ ਕਰਦੇ ਸੀ, ਨਾਉਂ ਬਦਲ ਲਏ, ਕੰਮ ਕਰਨ ਲਗ ਗਏ। ਕਿਸੇ ਨੇ ਡੰਗਰਾਂ ਦਾ ਕੰਮ ਸਾਂਭ ਲਿਆ, ਕਿਸੇ ਨੇ ਘੋੜਿਆਂ ਦਾ ਸਾਂਭ ਲਿਆ, ਭੀਮਸੈਨ ਨੇ ਰਸੋਈਏ ਦਾ ਕੰਮ ਸ਼ੁਰੂ ਕਰ ਲਿਆ। ਅਰਜਨ ਨੇ ਨਾਚ ਗਾਣੇ ਦਾ ਕਰ ਲਿਆ ਤੇ ਜਿਹੜੀ ਦਰੋਪਤੀ ਸੀ ਉਹ ਰਾਣੀ ਦੀ ਨੌਕਰਾਣੀ ਬਣ ਗਈ। ਹੈਰਾਨ ਹੋਇਆ ਕਰਦੇ ਸੀ ਕਿ ਅਸੀਂ ਹਿੰਦੁਸਤਾਨ ਦੇ ਚੱਕਰਵਰਤੀ ਬਾਦਸ਼ਾਹ! ਸਾਡਾ ਕੀ ਹਾਲ ਹੋ ਰਿਹੈ! ਰਾਤ ਨੂੰ ਮਿਲਣਾ ਚੋਰੀ, ਦੂਰ ਜਾ ਕੇ ਕਿਸੇ ਜੰਗਲ ਦੇ ਅੰਦਰ। ਉਥੇ ਪਹਿਲਾਂ ਰੋਣਾ ਸਾਰਿਆਂ ਨੇ ਇਕੱਠੇ ਹੋ ਕੇ। ਮਹਾਰਾਜ ਕਹਿੰਦੇ, 16 ਕਲਾਂ ਸੰਪੂਰਨ ਅਵਤਾਰ ਕ੍ਰਿਸ਼ਨ ਮਹਾਰਾਜ, ਉਨ੍ਹਾਂ ਦੇ ਉਤੇ ਉਨ੍ਹਾਂ ਦੀ ਮਿਹਰ ਸੀ। ਪਰ ਉਹ ਵੀ ਰੋਂਦੇ ਰਹੇ।

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥* *ਅੰਗ - 954*

ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਸਾਰੀ ਦੁਨੀਆਂ ਰੋਂਦੀ ਹੈ। ਅਖੀਰ 'ਤੇ ਆਪ ਫੁਰਮਾਨ ਕਰਦੇ ਨੇ ਕਿ -

*ਰੋਵਹਿ ਸੇਖ ਮਸਾਇਕ ਪੀਰ ॥*

*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ- 954*

ਹੁਣ ਸੁਖੀਆ ਕਿਵੇਂ ਹੋਵੇਗਾ? -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ 1 ॥* *ਅੰਗ - 954*

ਹੁਣ ਨਾਮ ਨੂੰ ਮੰਨਣ ਵਾਲੀ ਗੱਲ ਸਮਝ 'ਚ ਨਹੀਂ ਆਉਂਦੀ ਕਿ ਨਾਮ ਦੇ ਮੰਨਣ ਨੂੰ ਮਹਾਰਾਜ ਨੇ ਕਹਿ ਦਿਤਾ ਤੇ ਨਾਲੇ ਇਸ਼ਾਰੇ ਕਰ ਦਿਤੇ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* *ਅੰਗ- 3*

ਉਸ ਨਾਮ ਨੂੰ ਮੰਨਣਾ ਕੀ ਹੁੰਦੈ, ਇਹ ਬਹੁਤ ਵੱਡੀ ਵਿਆਖਿਆ ਹੈ ਇਸ ਦੀ। ਸੰਖੇਪ ਸ਼ਬਦਾਂ 'ਚ ਮੈਂ ਦਸਦਾਂ ਹਾਂ ਕਿ ਜਿਸ ਵਕਤ ਆਦਮੀ ਅਗਿਆਨ, ਜੋ ਆਦਮੀ ਦੇ ਅੰਦਰ ਭਰਿਆ ਪਿਆ ਹੈ ਹਨ੍ਹੇਰਾ। ਉਹਦੇ ਵਿਚ ਪ੍ਰਕਾਸ਼ ਆ ਜਾਵੇ। ਅੰਦਰਲੇ ਨੇਤਰ ਖੁਲ੍ਹ ਜਾਣ। ਉਹਦੇ ਨਾਲ ਪ੍ਰਮੇਸ਼ਰ ਘਟ-ਘਟ 'ਚ ਵਿਆਪਕ ਤੇ ਆਪਣੇ ਵਿਚ ਵਿਆਪਕ ਨਜ਼ਰ ਆ ਜਾਵੇ। ਉਹ ਜਿਹੜਾ ਮੰਡਲ ਹੈ, ਜਿਸ ਨੂੰ ਆਤਮਕ ਸੋਝੀ ਦਾ ਮੰਡਲ ਕਹਿੰਦੇ ਨੇ। ਨਾਮ ਦੇ ਪ੍ਰਕਾਸ਼ ਦਾ ਮੰਡਲ ਹੋਇਆ ਕਰਦੈ। ਉਸ ਨਾਮ ਨੂੰ ਮੰਨਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦੈ, ਹੋਰ ਕਿਸੇ ਨਹੀਂ ਹੁੰਦਾ। ਪ੍ਰਮੇਸ਼ਰ ਦਾ ਨਾਮ ਸਭ ਤੋਂ ਸ੍ਰੇਸ਼ਟ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ- 274*

ਦੂਸਰਾ ਹੈ -

*ਗੁਰ ਕੀ ਸੇਵਾ ਪਾਏ ਮਾਨੁ ॥* *ਅੰਗ - 864*

ਗੁਰੂ ਦੀ ਸੇਵਾ ਕਰੋ ਮਾਣ ਪ੍ਰਾਪਤ ਹੁੰਦੈ। ਵਾਸ਼ਨਾਵਾਂ ਸਾਰੀਆਂ ਹੀ

ਪੂਰੀਆਂ ਹੁੰਦੀਆਂ ਨੇ, ਸੁਖ ਮਿਲਦੈ। ਜਿਸ ਨੇ ਵੀ ਗੁਰੂ ਦੀ ਸੇਵਾ ਕਰੀ ਹੈ ਤਨ, ਮਨ, ਧਨ ਨਾਲ ਉਹਨੂੰ ਮਨ ਮੰਗੀਆਂ ਮੁਰਾਦਾਂ ਪ੍ਰਾਪਤ ਹੋਇਆ ਕਰਦੀਆਂ ਨੇ। ਕੋਈ ਵੀ ਦੇਖ ਲਓ। ਕਹਿੰਦੇ ਇਕ ਨਹੀਂ, ਜਿਹਦਾ ਵੀ ਜੀਅ ਕਰਦੈ, ਉਹ ਕਰਕੇ ਦੇਖੋ ਇਸ ਚੀਜ਼ ਨੂੰ।

*ਧਾਰਨਾ - ਕਰਕੇ ਕੋਈ ਦੇਖ ਲਓ, ਸੇਵਾ ਤੋਂ ਮਿਲਦੈ ਮੇਵਾ।*

*ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ,*
*ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ॥*
*ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,*
*ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥*
*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥*
*ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,*
*ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥*

*ਕਬਿੱਤ ਭਾਈ ਗੁਰਦਾਸ ਜੀ 673*

ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਮਾਣ ਪ੍ਰਾਪਤ ਹੋਇਐ। ਜੋ ਗੁਰਮਤਿ ਸਿਧਾਂਤ ਨੂੰ ਆਪਣੀਆਂ ਵਾਰਾਂ ਤੇ ਕਬਿੱਤਾਂ ਦੇ ਰਾਹੀਂ ਬੜੇ ਸੁਖੈਨ ਢੰਗ ਦੇ ਨਾਲ ਪ੍ਰਗਟ ਕਰਕੇ ਸਾਡੀ ਸਮਝ ਵਾਸਤੇ ਆਪ ਨੇ ਬੜਾ ਭਾਰਾ ਪਰਉਪਕਾਰ ਕੀਤਾ ਹੈ। ਆਪ ਸੇਵਾ ਦਾ ਪੁੰਨ ਦਸਦੇ ਨੇ। ਜਿਸ ਤਰ੍ਹਾਂ ਦੇ ਕੋਈ ਬੰਦਾ ਪੰਜ ਵਾਰੀ ਗੰਗਾ ਦਾ ਇਸ਼ਨਾਨ ਕਰਨ ਜਾਵੇ। ਪੰਜ ਵਾਰੀ ਪਰਾਗ ਦਾ ਇਸ਼ਨਾਨ ਕਰਨ ਜਾਵੇ, ਕਿੰਨੀ ਖੇਚਲ ਹੈ, ਕਿੰਨਾ ਖਰਚਾ ਹੈ। ਕਿੰਨਾਂ ਸਮਾਂ ਲਗਦੈ। ਜੇ ਬੰਦਗੀ ਕਰਨ ਵਾਲੇ ਇਕ ਗੁਰਸਿੱਖ ਦਾ ਇਸ਼ਨਾਨ ਕਰਾ ਦਿਤਾ ਤਾਂ ਦਸ ਵਾਰੀ ਤੀਰਥਾਂ 'ਤੇ ਜਾਣ ਜਿੰਨਾਂ ਫਲ ਉਹਨੂੰ ਘਰ ਬੈਠੇ ਪ੍ਰਾਪਤ ਹੋ ਗਿਆ। ਇਸੇ ਤਰ੍ਹਾਂ ਜੇ ਪਾਣੀ ਪਿਲਾ ਦਿਤਾ ਗੁਰਸਿੱਖ ਨੂੰ, ਬੰਦਗੀ ਕਰਨ ਵਾਲੇ ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਤੇ ਕਹਿੰਦੇ ਕੁਰਸ਼ੇਤਰ ਵਿਚ ਜਾ ਕੇ ਅਸ੍ਵਮੇਧ ਜਗ ਕਰਨ ਦਾ ਪੁੰਨ ਉਸ ਨੂੰ ਪ੍ਰਾਪਤ ਹੋ ਜਾਂਦੈ। ਜੇ ਉਹ ਪ੍ਰਸ਼ਾਦਾ ਛਕਾ ਕੇ ਸਿੱਖ ਨੂੰ ਤ੍ਰਿਪਤ ਕਰ ਦੇਵੇ। ਇਕ ਸ਼ਬਦ ਸਿਖਾਉਣ ਦਾ ਪੁੰਨ ਸੱਤ ਮੰਦਰ ਸੋਨੇ ਦੇ ਬਣਾ ਕੇ ਜਿੰਨਾ ਪੁੰਨ ਪ੍ਰਾਪਤ ਹੁੰਦੈ। ਓਨਾਂ ਇਕ ਸ਼ਬਦ ਇਕ ਗੁਰਸਿੱਖ ਨੂੰ ਸਿਖਾ ਕੇ ਪ੍ਰਾਪਤ ਹੁੰਦੈ। ਵੀਹ ਵਾਰ ਕਿਸੇ ਸਾਧ ਦੇ ਦਰਸ਼ਨ ਕਰਨ ਜਾਂਦੈ ਤੇ ਜੇ ਇਕ ਗੁਰਸਿੱਖ ਥੱਕਿਆ ਹੋਇਐ, ਮਹਾਂਪੁਰਸ਼, ਉਹਦੀ ਮੁੱਠੀ ਚਾਪੀ ਕਰਕੇ ਉਸਨੂੰ ਸੁਲਾ ਦਿਤਾ, ਓਨਾ ਪੁੰਨ ਪ੍ਰਾਪਤ ਹੁੰਦੈ। ਕੋਈ ਵੀ ਨੇਕ ਕੰਮ ਕਰ ਲਓ, ਕੋਈ ਵੀ ਦਾਨ ਕਰ ਲਓ, ਹਰ ਚੀਜ਼ ਦਾ ਪ੍ਰਤੀਕਰਮ ਹੁੰਦੈ। ਮਾੜਾ ਕਰਮ ਕਰ ਲਓ, ਕਿੰਨੀ ਤਕਲੀਫ ਦੇ ਵਿਚੋਂ ਜੀਵ ਆਤਮਾ ਨੂੰ ਲੰਘਣਾ ਪੈਂਦੈ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*

*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*

***ਅੰਗ- 315***

ਕਿਹੋ ਜਿਹੀਆਂ ਸਜ਼ਾਵਾਂ ਮਿਲਦੀਆਂ ਨੇ। ਨੇਕ ਕੰਮ ਕਰ ਲਓ ਉਸੇ ਤਰ੍ਹਾਂ ਦੇ ਨਾਲ ਸਨਮਾਨ ਮਿਲਦੈ, ਜੈ-ਜੈਕਾਰ ਹੁੰਦੀ ਹੈ, ਆਦਰ ਹੁੰਦੈ, ਸਤਿਕਾਰ ਹੁੰਦੈ, ਧੰਨ-ਧੰਨ ਹੁੰਦੀ ਹੈ, ਫੁੱਲ ਵਰਸਦੇ ਨੇ ਜਦੋਂ ਸੰਸਾਰ ਤੋਂ ਜਾਂਦੈ। ਸੋ ਕੋਈ ਵੀ ਕਰਮ ਕਰ ਲਓ, ਚੰਗਾ ਕਰ ਲਓ, ਮਾੜਾ ਕਰ ਲਓ, ਫਲ ਅਵੱਸ਼ ਮਿਲਣੈ ਦੋਹਾਂ ਦਾ। ਇਹ ਨਹੀਂ ਹੈ ਕਿ ਕੀਤਾ ਹੋਇਆ ਐਵੇਂ ਹੀ ਚਲਿਆ ਗਿਆ। ਨਿੱਕਾ ਜਿਹਾ ਕੀਤਾ ਹੋਇਆ ਵੀ ਫਲ ਦਿੰਦੈ।

ਮੈਂ ਇਕ ਬੇਨਤੀ ਕਰਦਾ ਹਾਂ ਕਿ ਇਥੇ ਇਕ ਮਸ਼ਹੂਰ ਬਾਦਸ਼ਾਹ ਹੋਇਐ, ਸਭ ਜਾਣਦੇ ਨੇ, ਬਿਕਰਮਾਜੀਤ। ਖਾਸ ਕਰਕੇ ਧਮੋਟ ਪਿੰਡ ਨਾਲ ਉਹਦਾ ਜ਼ਿਆਦਾ ਸਬੰਧ ਹੈ। ਕਿਉਂਕਿ ਉਹ ਇਨ੍ਹਾਂ ਦਾ ਵੱਡਾ-ਵਡੇਰਾ ਲਗਦੈ। ਬਿਨੈਪਾਲ ਤੋਂ 26ਵੀਂ ਪੁਸ਼ਤ ਉਪਰ ਸੀ। ਹੁਣ ਜਿਹੜੀਆਂ ਪੁਸ਼ਤਾਂ ਚਲ ਰਹੀਆਂ ਨੇ ਉਹ 31ਵੀਂ ਜਾਂ 32ਵੀਂ ਚਲ ਰਹੀ ਹੈ। ਇਸ ਤਰ੍ਹਾਂ ਸਮਝ ਲਓ ਕਿ ਇਨ੍ਹਾਂ ਦਾ ਵਡੇਰਾ ਸੀ। ਸਾਰੇ ਹਿੰਦੁਸਤਾਨ ਦਾ ਬਾਦਸ਼ਾਹ। ਇਕ ਪਾਸੇ ਤਾਸ਼ਕੰਦ ਤਕ ਉਹਦਾ ਰਾਜ ਸੀ, ਅਫ਼ਗਾਨਿਸਤਾਨ ਈਰਾਨ ਦੇ ਉਤੇ। ਇਧਰ ਬ੍ਰਹਮਾ ਵਲ, ਬ੍ਰਹਮਾ ਤਕ ਤੇ ਹੇਠਾਂ ਵਿੰਧਿਆਚਲ ਪਰਬਤ ਤਕ ਸੀ, ਦੱਖਣ ਵਿਚ ਉਸ ਦਾ ਰਾਜ ਨਹੀਂ ਸੀ। ਦੱਖਣ ਵਿਚ ਸਲਵਾਨ ਰਾਜਾ ਰਾਜ ਕਰਦਾ ਸੀ, ਉਸ ਵੇਲੇ ਤੇ ਬੜਾ ਭਾਰੀ ਉਹਦਾ ਤਪ ਤੇਜ ਸੀ। ਉਸ ਨੇ ਇਕ ਵਾਰੀ ਆਪਣੇ ਰਾਜ ਪੰਡਤ ਨੂੰ ਬੁਲਾਇਆ। ਜੋਤਸ਼ੀਆਂ ਨੂੰ ਬੁਲਾਇਆ, ਕਹਿਣ ਲੱਗੇ ਕਿ ਮੈਨੂੰ ਇਹ ਦੱਸੋ ਕਿ ਮੈਂ ਕਿਹੜਾ ਪੁੰਨ ਕਰਿਆ ਹੈ ਜਿਹਦੇ ਕਰਕੇ ਮੈਨੂੰ ਐਡਾ ਰਾਜ ਮਿਲਿਐ। ਕਿਉਂਕਿ ਚੰਗਾ ਜੋ ਬਾਦਸ਼ਾਹ ਹੈ ਉਹਨੂੰ ਇਹ ਗਿਆਨ ਹੋ ਜਾਂਦੈ ਕਿ ਮੈਂ ਪਿਛਲੇ ਜਨਮਾਂ ਦੇ ਅੰਦਰ, ਕੋਈ ਪੁੰਨ ਕਰਿਆ ਹੋਇਐ। ਪੂਰਬਲੇ ਕੀਤੇ ਹੋਏ ਦਾਨ ਨੂੰ ਭੋਗਦੇ ਨੇ ਬਾਦਸ਼ਾਹ। ਅਕਬਰ ਦੇ ਮਨ ਵਿਚ ਵੀ ਹੋ ਗਿਆ ਸੀ ਕਿ ਮੈਂ ਕਿਹੜਾ ਦਾਨ ਕਰ ਦਿਤਾ ਜਿਹਦੇ ਕਰਕੇ ਮੈਨੂੰ ਐਡਾ ਵੱਡਾ ਰਾਜ ਪ੍ਰਾਪਤ ਹੋ ਗਿਆ। ਉਸ ਨੂੰ ਵੀ ਦਸ ਦਿਤਾ ਸੀ ਜੋਤਸ਼ੀਆਂ ਨੇ। ਇਸ ਨੇ ਜਦੋਂ ਪੁੱਛਿਆ ਤਾਂ ਇਹਨੇ ਕਿਹਾ ਕਿ ਮੈਨੂੰ ਸਹੀ-ਸਹੀ ਨਾ ਦੱਸਿਆ ਤਾਂ ਸਜ਼ਾ ਦੇਵਾਂਗਾ। ਸੱਤ ਦਿਨਾਂ ਦੇ ਅੰਦਰ-ਅੰਦਰ ਇਹਦਾ ਜਵਾਬ ਮੈਨੂੰ ਮਿਲਣਾ ਚਾਹੀਦਾ ਹੈ ਤੇ ਮੇਰੀ ਤਸੱਲੀ ਹੋਣੀ ਚਾਹੀਦੀ ਹੈ। ਜਿਸ ਵਕਤ ਉਨ੍ਹਾਂ ਨੇ ਆਪਣੇ ਫਲਾਅਦੇਸ਼ ਦੇਖੇ, ਜਵਾਬ ਕੁਛ ਆਵੇ ਹੀ ਨਾ। ਕੁਛ ਵੀ ਨਾ ਆਵੇ, ਵਿਚਾਰੇ ਘਬਰਾ ਗਏ ਕਿ ਕੀ ਕਹੀਏ ਏਸਨੂੰ। ਐਡਾ ਵੱਡਾ ਰਾਜ, ਐਨੀ ਛੋਟੀ ਜਿਹੀ ਚੀਜ਼ ਦਾਨ ਕਰਨ ਦੇ ਨਾਲ ਹੋ ਗਿਆ। ਸੱਤ ਦਿਨ

ਹੋ ਗਏ, ਰਾਜ ਜੋਤਸ਼ੀ ਨਾ ਰੋਟੀ ਚੰਗੀ ਤਰ੍ਹਾਂ ਖਾਵੇ, ਚਿੰਤਾ 'ਚ ਬੈਠਾ ਸਾਰੀ ਰਾਤ ਲੰਘਾ ਦੇਵੇ। ਕਿਉਂਕਿ ਜਦੋਂ ਆਦਮੀ ਦੇ ਉਤੇ ਚਿੰਤਾ ਸਵਾਰ ਹੋ ਜਾਵੇ ਤਾਂ ਤਿੰਨ ਚੀਜ਼ਾਂ ਉਹਦੀਆਂ ਜਾਂਦੀਆਂ ਰਹਿੰਦੀਆਂ ਨੇ - ਇਕ ਤਾਂ ਖੁਸ਼ੀ ਨਹੀਂ ਉਹਦੇ ਚਿਹਰੇ 'ਤੇ ਆਉਂਦੀ, ਇਕ ਨੀਂਦ ਨਹੀਂ ਆਇਆ ਕਰਦੀ, ਤੀਸਰਾ ਉਹਨੂੰ ਭੁੱਖ ਨਹੀਂ ਲੱਗਿਆ ਕਰਦੀ, ਹਜ਼ਮ ਨਹੀਂ ਹੁੰਦਾ ਖਾਣਾ। ਲੜਕੀ ਨੇ ਦੇਖਿਆ ਕਿ ਪਿਤਾ ਜੀ, ਛੇ ਸੱਤ ਦਿਨ ਤੋਂ ਬੜੇ ਚਿੰਤਾ ਵਿਚ ਗ੍ਰਸਤ ਨੇ। ਪੁਛਿਆ, ਕਹਿਣ ਲੱਗੀ, ਪਿਤਾ ਜੀ! ਕੀ ਗੱਲ ਹੈ? ਤੁਸੀਂ ਦਸਦੇ ਕਿਉਂ ਨਹੀਂ ਹੋਂ? ਚਿੰਤਾ ਦਾ ਕਾਰਨ ਤਾਂ ਦਸ ਦੇਣਾ ਚਾਹੀਦੈ, ਅੰਦਰ ਨਹੀਂ ਰੱਖਣਾ ਚਾਹੀਦੈ। ਕਹਿੰਦੀ, ਕੰਧ ਨੂੰ ਵੀ ਪੁੱਛ ਲਓ, ਕੀ ਪਤੈ ਜਵਾਬ ਆ ਜਾਵੇ। ਮੈਂ ਤੁਹਾਡੀ ਲੜਕੀ ਹਾਂ, ਤੁਸੀਂ ਮੈਨੂੰ ਦੱਸੋ ਕਿ ਕੀ ਸਮੱਸਿਆ ਆ ਗਈ ਤੁਹਾਨੂੰ?

ਨਾ ਪ੍ਰਸ਼ਾਦਾ ਤੁਸੀਂ ਠੀਕ ਤਰ੍ਹਾਂ ਨਾਲ ਛਕਦੇ ਹੋਂ। ਨਾ ਸੌਂਦੇ ਹੋਂ, ਸਾਰਾ ਦਿਨ ਹਿਸਾਬ-ਕਿਤਾਬ ਜੋੜੀ ਜਾਂਦੇ ਹੋਂ। ਵਿਚੋਂ ਇਸ ਤਰ੍ਹਾਂ ਲਗਦੈ ਕਿ ਲੱਭਦਾ ਕੁਛ ਨਹੀਂ।

ਕਹਿਣ ਲੱਗਿਆ, ਬੇਟੀ! ਤੂੰ ਮੈਨੂੰ ਬਿਲਕੁਲ ਸਹੀ ਪੜ੍ਹਿਆ ਹੈ। ਮੈਂ ਇਸ ਵੇਲੇ ਹੱਦ ਤੋਂ ਜ਼ਿਆਦਾ ਚਿੰਤਾ 'ਚ ਹਾਂ। ਕੱਲ੍ਹ ਨੂੰ ਮੇਰੀ ਜ਼ਿੰਦਗੀ ਦਾ ਫੈਸਲਾ ਹੋਣਾ ਹੈ। ਬਾਦਸ਼ਾਹ ਐਨਾ ਨਰਾਜ਼ ਹੋਇਆ-ਹੋਇਆ ਹੈ ਕਿ ਜਾਂ ਤਾਂ ਮੈਨੂੰ ਦੱਸੋ, ਨਹੀਂ ਤਾਂ ਮੈਂ ਸਜ਼ਾਏ ਮੌਤ ਦੇ ਦੇਵਾਂਗਾ।

ਕਹਿਣ ਲੱਗੀ, ਕੀ ਗੱਲ ਹੈ?

ਕਹਿਣ ਲੱਗਿਆ ਕਿ ਉਹ ਪੁੱਛਦੈ ਕਿ ਮੈਂ ਕਿਹੜਾ ਪੁੰਨ ਕਰਿਆ ਹੈ ਜਿਹਦੇ ਕਰਕੇ ਮੈਨੂੰ ਐਡਾ ਵੱਡਾ ਰਾਜ ਪ੍ਰਾਪਤ ਹੋਇਐ?

ਕਹਿੰਦੀ, ਫੇਰ?

ਕਹਿੰਦੀ, ਹਿਸਾਬ ਵਿਚੋਂ ਨਿਕਲਦਾ ਕੁਛ ਨਹੀਂ ਜੋ ਦਿਸ ਰਿਹਾ ਹੈ। ਕੋਈ ਚੀਜ਼ ਨਹੀਂ ਨਿਕਲੀ ਛੋਟਾ ਜਿਹਾ ਪੁੰਨ ਕਰਿਆ ਹੈ।

ਕਹਿਣ ਲੱਗੀ, ਤੁਸੀਂ ਇਸ ਤਰ੍ਹਾਂ ਨਾ ਕਰੋ, ਮੈਨੂੰ ਇਸ ਗੱਲ ਦਾ ਜਵਾਬ ਆਉਂਦੈ। ਤੇ ਤੁਸੀਂ ਜਾ ਕੇ ਉਹਨੂੰ ਬੇਨਤੀ ਕਰ ਦਿਓ ਕਿ ਮੇਰੀ ਲੜਕੀ ਤੁਹਾਨੂੰ ਬਿਲਕੁਲ ਸਹੀ-ਸਹੀ ਦਸੇਗੀ।

ਲੜਕੀ ਨੂੰ ਬੁਲਾ ਲਿਆ, ਸਾਰੇ ਜੋਤਸ਼ੀਆਂ ਦੀ ਜਾਨ 'ਚ ਜਾਨ ਆਈ ਕਿ ਹੁਣ ਸ਼ਾਇਦ ਅਸੀਂ ਬਚ ਜਾਈਏ। ਉਸਨੇ ਕਿਹਾ ਕਿ ਬੇਟੀ! ਮੈਂ ਕਿਹੜਾ ਪੁੰਨ ਕਰਿਆ ਹੈ ਜਿਹਦੇ ਕਰਕੇ ਮੈਨੂੰ ਹਿੰਦੁਸਤਾਨ ਦਾ ਰਾਜ ਪ੍ਰਾਪਤ ਹੋ ਗਿਆ।

ਕਹਿਣ ਲੱਗੀ, ਮਹਾਰਾਜ! ਦਸ ਤਾਂ ਮੈਂ ਦਿੰਦੀ ਹਾਂ। ਪਰ ਤੁਹਾਡਾ

ਮਨ ਨਹੀਂ ਮੰਨਣਾ, ਵਿਸ਼ਵਾਸ਼ ਨਹੀਂ ਆਉਣਾ। ਹਾਂ ਇਥੋਂ 35 ਮੀਲ 'ਤੇ ਇਕ ਸਾਧੂ ਹੈ, ਉਹ ਤੁਹਾਨੂੰ ਦੱਸੇਗਾ ਫੇਰ ਤੁਸੀਂ ਮੰਨ ਜਾਓਂਗੇ। ਜਿਹੜਾ ਕੁਛ ਮੈਨੂੰ ਪਤੈ ਉਹਨੂੰ ਵੀ ਪਤੈ।

ਅਤਾ ਪਤਾ ਦਸ ਦਿਤਾ ਉਥੇ ਚਲਿਆ ਗਿਆ। ਕਹਿਣ ਲਈ ਉਹਦੀ ਨਿਸ਼ਾਨੀ ਇਹ ਹੈ ਕਿ ਸੁਆਹ ਘੋਲ-ਘੋਲ ਕੇ ਪੀਈ ਜਾਂਦੈ। ਉਥੇ ਗਿਆ, ਉਥੇ ਜਾ ਕੇ ਪ੍ਰਸ਼ਨ ਕਰਿਆ, ਉਹ ਕਹਿਣ ਲੱਗਿਆ, ਲੈ ਬਈ ਮੈਂ ਤੈਨੂੰ ਦਸ ਤਾਂ ਦਿੰਦਾ ਹਾਂ ਪਰ ਤੇਰਾ ਮਨ ਨਹੀਂ ਮੰਨਣਾ। ਤੈਨੂੰ ਇਕ ਸਾਧੂ ਕੋਲ ਹੋਰ ਅਗਾਂਹਾਂ ਭੇਜਦੇ ਹਾਂ, ਇਥੋਂ 40 ਮੀਲ 'ਤੇ ਹੈ। ਉਹ ਅੰਗਿਆਰ ਖਾ ਰਿਹੈ। ਜਲਦੇ-ਜਲਦੇ ਕੋਲੇ ਕੱਢ ਕੇ ਦੰਦਾਂ ਥੱਲੇ ਲੈ ਲੈਂਦੈ। ਫੇਰ ਚੱਬ ਲੈਂਦੈ।

ਉਥੇ ਪਹੁੰਚ ਗਿਆ, ਉਹ ਕਹਿੰਦਾ ਮੈਂ ਦਸ ਤਾਂ ਤੈਨੂੰ ਦਿੰਦਾ ਹਾਂ, ਪਰ ਤੈਨੂੰ ਇਤਬਾਰ ਨਹੀਂ ਆਉਣਾ, ਚੰਗਾ ਹੋਇਆ ਤੂੰ ਸਵਾਲ ਕਰ ਦਿਤਾ।

ਕਹਿਣ ਲੱਗਿਆ, ਕੱਲ੍ਹ ਨੂੰ ਫਲਾਣਾ ਜੋ ਰਾਜਾ ਹੈ ਤੇਰੇ ਮੁਤੈਹਤ, ਉਹਦੇ ਘਰ ਇਕ ਲੜਕਾ ਪੈਦਾ ਹੋ ਰਿਹੈ, ਉਥੇ ਜਾ ਕੇ ਬਹਿ ਜਾ, ਉਸ ਬੱਚੇ ਨੇ ਪੈਦਾ ਹੁੰਦੇ ਨੇ ਹੀ ਮਰ ਜਾਣੈ। ਉਹ ਬੱਚਾ ਜਿਵੇਂ ਬੰਦੇ ਗੱਲ ਕਰਦੇ ਨੇ ਇਸ ਤਰ੍ਹਾਂ ਗੱਲ ਕਰੇਗਾ ਤੇ ਤੇਰੀ ਤਸੱਲੀ ਕਰਾ ਦਏਗਾ, ਉਸ ਤੋਂ ਬਾਅਦ ਉਹਨੇ ਮਰ ਜਾਣੈ। ਜਦੋਂ ਤੇਰੀ ਤਸੱਲੀ ਹੋ ਗਈ ਹੋਵੇਗੀ, ਮੈਂ ਵੀ ਮਰ ਜਾਣੈ ਤੇ ਜਿਹੜਾ ਸੁਆਹ ਘੋਲ ਕੇ ਪੀਂਦਾ ਹੈ, ਉਹਨੇ ਵੀ ਮਰ ਜਾਣੈ।

ਹੈਰਾਨ ਹੋ ਗਿਆ ਕਿ ਇਹ ਕਾਹਦੀ ਸਮੱਸਿਆ ਹੋਈ। ਇਹ ਤਾਂ ਗੱਲ ਹੀ ਹੋਰ ਤਰ੍ਹਾਂ ਉਲਝ ਗਈ ਬਹੁਤ। ਉਸ ਵੇਲੇ ਉਹ ਉਥੇ ਚਲਿਆ ਗਿਆ। ਰਾਜੇ ਨੇ ਹੁਕਮ ਕਰਿਆ ਕਿ ਕੱਲ੍ਹ ਨੂੰ ਆਪ ਦੇ ਜੋ ਲੜਕਾ ਪੈਦਾ ਹੋਵੇਗਾ, ਉਹਨੂੰ ਪੈਦਾ ਹੁੰਦੇ ਹੀ ਮੇਰੇ ਪਾਸ ਲੈ ਕੇ ਆਓ। ਮੈਂ ਇਕ ਪ੍ਰਸ਼ਨ ਕਰਨਾ ਹੈ।

ਕੋਲ ਲੈ ਆਏ, ਉਸ ਨੇ ਪ੍ਰਸ਼ਨ ਕਰਿਆ। ਕਹਿਣ ਲੱਗਿਆ, ਐ ਲੜਕੇ, ਕੀ ਤੂੰ ਦਸ ਸਕਦੈਂ ਕਿ ਮੈਂ ਕਿਹੜਾ ਪੁੰਨ ਕਰਿਆ ਹੈ, ਜਿਹਦੇ ਕਰਕੇ ਮੈਨੂੰ ਐਡਾ ਵੱਡਾ ਰਾਜ ਮਿਲ ਗਿਆ।

ਬੱਚਾ ਕਹਿਣ ਲੱਗਿਆ ਕਿ ਹਾਂ, ਮੈਂ ਤੇਰੇ ਸਵਾਲ ਦਾ ਜਵਾਬ ਦੇਣ ਵਾਸਤੇ ਹੀ ਜੰਮਦਾ ਮਰਦਾ ਹਾਂ। ਚੰਗਾ ਹੋਇਆ ਤੂੰ ਆ ਗਿਆ ਤੇ ਮੇਰਾ ਵੀ ਹੁਣ ਖਹਿੜਾ ਛੁਟੇਗਾ। ਕਹਿਣ ਲੱਗਿਆ, ਮੈਂ, ਤੂੰ, ਤੇ ਜਿਹੜਾ ਅੰਗਿਆਰ ਖਾਂਦਾ ਤੇ ਸੁਆਹ ਘੋਲ-ਘੋਲ ਪੀਂਦਾ ਸੀ। ਆਪਾਂ ਚਾਰੋ ਪਿਛਲੇ ਜਨਮ 'ਚ ਜੰਗਲ 'ਚ ਤਪ ਕਰਦੇ ਸੀ ਇਕੱਠੇ ਹੀ। ਜੋ ਤੇਰੇ ਰਾਜ ਪੰਡਤ ਦੀ ਲੜਕੀ ਹੈ, ਇਹ ਆਪਾਂ ਨੂੰ ਦੋ-ਦੋ ਪ੍ਰਸ਼ਾਦੇ ਰੋਜ਼ ਦੇ ਜਾਂਦੀ ਸੀ। ਸਾਡਾ ਤਪ ਜੋ

ਸੀ ਜਿਸ ਵਕਤ ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋਇਆ। ਉਸ ਵੇਲੇ ਵਿਸ਼ਨੂੰ ਜੀ ਆਏ ਤੇ ਉਨ੍ਹਾਂ ਨੇ ਆਪਣਾ ਇਮਤਿਹਾਨ ਲਿਆ। ਇਕ ਬਿਰਧ ਬ੍ਰਾਹਮਣ ਦਾ ਉਨ੍ਹਾਂ ਨੇ ਰੂਪ ਧਾਰ ਲਿਆ ਤੇ ਪਹਿਲੇ ਕੋਲ ਗਏ, ਕਹਿਣ ਲੱਗੇ ਕਿ ਮੈਂ ਬਹੁਤ ਭੁੱਖਾ ਹਾਂ। ਉਨ੍ਹਾਂ ਨੇ ਦੋ ਪ੍ਰਸ਼ਾਦੇ ਜੋ ਉਨ੍ਹਾਂ ਆਏ ਸੀ, ਲੜਕੀ ਨੇ ਦੋ-ਦੋ ਪ੍ਰਸ਼ਾਦੇ, ਲਿਆਉਂਦੀ ਸੀ। ਉਹਨੇ ਇਕ ਪ੍ਰਸ਼ਾਦਾ ਉਹਨੂੰ ਦੇ ਦਿਤਾ, ਇਕ ਆਪ ਰੱਖ ਲਿਆ। ਉਹਨੇ ਕਿਹਾ ਐਨੇ ਨਾਲ ਤਾਂ ਮੇਰੀ ਭੁੱਖ ਨਹੀਂ ਜਾਣੀ। ਉਹਨੇ ਅੱਧਾ ਤੋੜ ਕੇ ਹੋਰ ਦੇ ਦਿਤਾ। ਉਹ ਕਹਿੰਦਾ, ਕਿ ਅਤਿਥੀ ਨੂੰ ਜੇ ਨਾ ਰੱਜ ਕੇ ਖਾਣ ਨੂੰ ਦਿਓ ਤਾਂ ਆਪਣੇ ਪੁੰਨਾਂ ਦਾ ਨਾਸ਼ ਹੋ ਜਾਇਆ ਕਰਦੈ। ਇਹ ਅਸੂਲ ਹੈ। ਕੋਈ ਮਹਿਮਾਨ ਬੁਲਾ ਲਿਆ ਤੇ ਅੱਧਾ ਭੁੱਖਾ ਘਰੋਂ ਚਲਿਆ ਜਾਵੇ। ਤਪ ਹਾਰ ਜਾਇਆ ਕਰਦੈ, ਪੁੰਨ ਜਲ ਜਾਇਆ ਕਰਦੇ ਨੇ। ਉਹ ਕਹਿੰਦਾ, ਆਹ ਰੋਟੀ ਦੇ ਕੇ ਵੀ ਮੈਂ ਆਪ ਕੀ ਸੁਆਹ ਪੀਊਂਗਾ। ਉਹ ਕਹਿੰਦਾ, ਤਥਾ ਅਸਤੂ। ਦੂਸਰੇ ਕੋਲ ਆਇਆ ਤੇ ਉਸ 'ਤੇ ਵੀ ਇਵੇਂ ਜਿਵੇਂ ਸਵਾਲ ਕਰਿਆ। ਜਦੋਂ ਉਹਨੇ ਕਿਹਾ ਕਿ ਅੱਧਾ ਵੀ ਬਾਕੀ ਦਾ ਦੇ-ਦੇ। ਉਹ ਕਹਿੰਦਾ, ਮੈਂ ਕੀ ਅੰਗਿਆਰ ਖਾਊਂਗਾ? ਉਹਨੇ ਕਿਹਾ ਤਥਾਅਸਤੂ ਤੇ ਫੇਰ ਮੇਰੇ ਕੋਲ ਆ ਗਿਆ, ਮੈਂ ਵੀ ਇਸ ਤਰ੍ਹਾਂ ਕਿਹਾ ਕਿ ਮੈਂ ਫੇਰ ਮਰੂੰਗਾ? ਕਹਿੰਦਾ, ਤਥਾਅਸਤੂ। ਕਹਿੰਦੇ, ਫੇਰ ਤੇਰੇ ਕੋਲ ਆਏ ਅਖੀਰ ਦੇ ਉਤੇ, ਪਹਿਲਾਂ ਤੂੰ ਉਸ ਬ੍ਰਾਹਮਣ ਦਾ ਬਹੁਤ ਆਦਰ ਕਰਿਆ। ਉਸ ਤੋਂ ਬਾਅਦ ਤੂੰ ਪ੍ਰਸ਼ਾਦਾ ਇਕ ਦੇ ਦਿਤਾ, ਇਕ ਆਪਣੇ ਕੋਲ ਰੱਖ ਲਿਆ। ਉਹਨੇ ਕਿਹਾ ਕਿ ਇਹਦੇ ਨਾਲ ਨਹੀਂ ਮੇਰੀ ਭੁੱਖ ਜਾਂਦੀ। ਤਾਂ ਅੱਧਾ ਤੋੜ ਕੇ ਹੋਰ ਦੇ ਦਿਤਾ। ਉਹ ਕਹਿੰਦੇ ਇਹਦੇ ਨਾਲ ਵੀ ਨਹੀਂ ਜਾਂਦੀ। ਤਾਂ ਬਾਕੀ ਦਾ ਅੱਧਾ ਪ੍ਰਸ਼ਾਦਾ ਦੇ ਕੇ ਬੇਨਤੀ ਕਰੀ ਕਿ ਦੇਵਤਾ ਜੀ! ਪਿੰਡ ਵਿਚ ਮੈਂ ਅੱਜ ਤਕ ਗਿਆ ਤਾਂ ਨਹੀਂ ਹਾਂ ਮੰਗਣ ਵਾਸਤੇ। ਪਰ ਤੁਸੀਂ ਕਿਉਂਕਿ ਅਤਿਥੀ ਆ ਗਏ ਹੋਂ, ਮੈਂ ਆਪਣਾ ਅਸੂਲ ਭੰਗ ਕਰਕੇ ਤੁਹਾਨੂੰ ਹੋਰ ਪ੍ਰਸ਼ਾਦਾ ਲਿਆ ਦਿੰਦਾ ਹਾਂ ਤੇ ਕ੍ਰਿਪਾ ਕਰੋ ਮੈਨੂੰ ਸਮਾਂ ਦਿਓ। ਕਹਿੰਦੇ, ਪ੍ਰਸ਼ਾਦਾ ਤਾਂ ਕੀਹਨੇ ਛਕਣਾ ਸੀ, ਤੇਰੇ 'ਤੇ ਪ੍ਰਸੰਨ ਹੋ ਗਏ। ਦਰਸ਼ਨ ਦੇ ਦਿਤੇ। ਅਸੀਂ ਜਾ ਕੇ ਚਰਨ ਫੜ ਲਏ ਕਿ ਸਾਡਾ ਉਧਾਰ ਕਦੋਂ ਹੋਏਗਾ?

ਕਹਿਣ ਲੱਗੇ ਕਿ ਦੇਖੋ, ਇਹ ਹਿੰਦੋਸਤਾਨ ਦਾ ਬਾਦਸ਼ਾਹ ਬਣੇਗਾ। ਐਨਾ ਕੁ ਪੁੰਨ ਕਰਨ ਦੀ ਵਜ੍ਹਾ ਨਾਲ ਤੇ ਉਸ ਵੇਲੇ ਇਹਦੇ ਮਨ 'ਚ ਫੁਰਨਾ ਆਏਗਾ ਕਿ ਮੈਂ ਰਾਜਾ ਕਿਉਂ ਬਣਿਆ। ਕਿਹੜਾ ਪੁੰਨ ਕਰਿਆ। ਪਹਿਲਾਂ ਤੇਰੇ ਕੋਲ ਆਏਗਾ, ਸੁਆਹ ਪੀਣ ਵਾਲੇ ਨੂੰ ਕਿਹਾ। ਦੂਸਰੇ ਨੂੰ ਕਿਹਾ, ਓਨੀਂ ਦੇਰ ਤੂੰ ਅੰਗਿਆਰ ਖਾਏਂਗਾ, ਤੇਰੇ ਕੋਲ ਆਏਗਾ। ਮੈਨੂੰ ਕਿਹਾ ਕਿ ਓਨਾਂ ਚਿਰ ਜੰਮਦਾ-ਮਰਦਾ ਰਹੇਂਗਾ ਤੇ ਇਹਨੂੰ ਮੈਂ ਪ੍ਰੇਰਨਾ ਕਰਕੇ ਤੇਰੇ ਕੋਲ ਭੇਜਾਂਗਾ। ਜਿਸ ਦਿਨ ਤੂੰ ਇਸ ਗੱਲ ਦਾ ਜਵਾਬ ਦੇ ਦਏਂਗਾ, ਉਸ ਦਿਨ ਤੁਹਾਡੀ ਤਿੰਨਾਂ ਦੀ ਮੁਕਤੀ ਹੋ ਜਾਏਗੀ। ਇਹ ਰਾਜ ਭਾਗ ਭੋਗ ਕੇ ਆ ਜਾਏਗਾ। ਉਹ ਜਿਹੜੀ ਲੜਕੀ ਹੈ ਰਾਜ ਪੰਡਤ ਦੀ

ਉਹ ਉਹੀ ਲੜਕੀ ਹੈ, ਜਿਹੜੀ ਤੁਹਾਡੇ ਲਈ ਪ੍ਰਸ਼ਾਦਾ ਲਿਆਉਂਦੀ ਸੀ।

ਯਾਨਿ ਦੋ ਪ੍ਰਸ਼ਾਦੇ ਦਾਨ ਕਰਨ ਨਾਲ, ਅਤਿਥੀ ਦੀ ਸੇਵਾ ਕਰਨ ਦੇ ਨਾਲ ਕਿੱਡਾ ਵੱਡਾ ਫਲ ਪ੍ਰਾਪਤ ਹੋ ਗਿਆ। ਇਸ ਤੋਂ ਵੀ ਛੋਟਾ ਦਾਨ, ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਐਸੇ ਬਚਨ ਕਰ ਰਹੇ ਸੀ। ਇਕ ਗੁਰਸਿੱਖ ਉਠ ਕੇ ਖੜ੍ਹਾ ਹੋ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਜਿਨ੍ਹਾਂ ਕੋਲ ਤੁਸੀਂ ਦਿਤਾ ਹੈ, ਉਹ ਤਾਂ ਦਾਨ ਕਰ ਸਕਦੇ ਨੇ। ਪਰ ਸਾਡੇ ਵਰਗੇ ਗਰੀਬ ਵੀ ਕੁਝ ਕਰ ਸਕਦੇ ਨੇ? ਸਾਨੂੰ ਤਾਂ ਦੋ ਡੰਗ ਦੀ ਰੋਟੀ ਨਹੀਂ ਜੁੜਦੀ। ਭੁੱਖੇ ਰਹਿ ਜਾਂਦੇ ਹਾਂ, ਸਾਡਾ ਵੀ ਕਿਵੇਂ ਉਧਾਰ ਹੋ ਸਕਦੈ।

ਮਹਾਰਾਜ ਕਹਿੰਦੇ, ਕਿੰਨੇ ਪ੍ਰਸ਼ਾਦੇ ਛਕਦੈਂ? ਕਹਿੰਦਾ, ਚਾਰ।

ਮਹਾਰਾਜ ਕਹਿੰਦੇ, ਤਿੰਨ ਖਾ ਲਿਆ ਕਰ। ਇਕ ਪ੍ਰਸ਼ਾਦੇ ਦਾ ਆਟਾ ਕੱਢ ਕੇ ਰੱਖ ਦਿਆ ਕਰ ਤੇ ਜਿਸ ਵਕਤ ਕਾਫੀ ਸਾਰਾ ਹੋ ਗਿਆ, ਉਸ ਦਿਨ ਤੂੰ ਜਿਸ ਥਾਂ ਦੇ ਉਤੇ ਹਰ ਰੋਜ਼ ਲੰਗਰ ਚਲਦੇ ਨੇ ਉਥੇ ਜਾ ਕੇ ਦੇ ਆਇਆ ਕਰ। ਹਰ ਰੋਜ਼ ਕਿਉਂ? ਬਹੁਤ ਸਾਰੇ ਥਾਂ ਅਸੀਂ ਆਟਾ ਦਿੰਦੇ ਹਾਂ, ਦਾਣੇ ਦਿੰਦੇ ਹਾਂ, ਵੇਚ ਦਿੰਦੇ ਨੇ, ਵੇਚ ਕੇ ਪਤਾ ਨਹੀਂ ਕਾਹਦੇ ਵਿਚ ਲਗਦੇ ਨੇ, ਚਾਹੇ ਲਗਦੇ ਨੇਕ ਥਾਂ ਨੇ, ਪਰ ਅੰਨ ਦਾਨ ਵਰਗਾ ਪੁੰਨ ਨਹੀਂ ਹੋਇਆ ਕਰਦਾ ਦੁਨੀਆਂ 'ਚ। ਸਭ ਤੋਂ ਸ੍ਰੇਸ਼ਟ ਪੁੰਨ ਅੰਨ ਦਾਨ ਹੈ, ਲੰਗਰ ਚਲਾਉਣਾ। ਘਰ 'ਚ ਚਲਾਓ ਚਾਹੇ।

ਪਹਿਲੇ ਗੁਰਸਿੱਖ ਘਰਾਂ ਵਿਚ ਲੰਗਰ ਚਲਾਇਆ ਕਰਦੇ ਸੀ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਤੁਹਾਨੂੰ ਅਸੀਂ ਇਕ ਕਥਾ ਸੁਣਾਉਂਦੇ ਹਾਂ ਜੋ ਇਥੇ ਹੀ ਕੀਰਤਪੁਰ ਸਾਹਿਬ ਦੇ ਵਿਚ ਵਾਪਰੀ ਹੈ। ਕਹਿੰਦੇ, ਇਥੇ ਇਕ ਬਹੁਤ ਗਰੀਬ ਬੰਦਾ ਰਹਿੰਦਾ ਹੁੰਦਾ ਸੀ। ਹੁਣ ਵੀ ਹੈਗਾ। ਕਹਿੰਦੇ, ਉਹ ਪੈੜਾਂ ਦੇ ਦਾਣੇ ਹੂੰਝ-ਹੂੰਝ ਕੇ, ਘਰ ਲਿਆ ਕੇ ਧੋ ਕੇ ਸੁੱਕਣੇ ਪਾ ਦਿੰਦਾ। ਛਪਰੀ 'ਚ ਰਹਿੰਦੇ ਸੀ, ਇਸਤ੍ਰੀ ਪੁਰਸ਼ ਤੇ ਉਥੇ ਹੀ ਇਕ ਚਿੜਾ ਤੇ ਚਿੜੀ ਨੇ ਆਲ੍ਹਣਾ ਪਾਇਆ ਹੋਇਆ ਸੀ ਤੇ ਉਹ ਚਿੜਾ ਚਿੜੀ ਸਰਾਪ ਵਸ, ਇਸ ਜੂਨੀ 'ਚ ਪੈ ਗਏ ਸੀ। ਕਿਸੇ ਗੁਰਸਿੱਖ ਨੇ ਸਰਾਪ ਦੇ ਦਿਤਾ ਸੀ। ਉਨ੍ਹਾਂ ਨੇ ਦਾਣੇ ਸੁੱਕਣੇ ਪਾ ਦੇਣੇ ਤੇ ਦੋਹਾਂ ਨੇ ਖਾ ਲੈਣੇ। ਇਕ ਦਿਨ ਦੋਹਾਂ ਨੇ ਵਿਚਾਰ ਕਰੀ, ਕਹਿੰਦੇ ਇਹ ਤਾਂ ਵਿਚਾਰਾ ਪਹਿਲਾਂ ਦਲਿੱਦਰ ਦਾ ਮਾਰਿਆ ਹੋਇਐ, ਇਹਦਾ ਦਲਿੱਦਰ ਕਿਸੇ ਤਰੀਕੇ ਨਾਲ ਹਟਾਉਣਾ ਚਾਹੀਦੈ। ਦਾਨ ਕਰੇ ਤੋਂ ਬਗੈਰ ਗਰੀਬੀ ਨਹੀਂ ਕਦੇ ਵੀ ਹਟਿਆ ਕਰਦੀ। ਕੇਵਲ ਦਾਨ ਇਲਾਜ ਹੈ ਗਰੀਬੀ ਦਾ, ਦਲਿੱਦਰਤਾ ਦਾ, ਹੋਰ ਕੋਈ ਇਲਾਜ ਨਹੀਂ ਹੈ। ਜਿੰਨਾ ਕਰੇ ਓਨਾਂ ਹੀ ਵੱਧ ਜਾਂਦੈ। ਕਹਿਣ ਲੱਗੇ, ਆਪਾਂ ਚਾਰ ਦਾਣੇ, ਦੋ ਤੂੰ ਚੁੱਕਿਆ ਕਰ, ਦੋ ਮੈਂ, ਗੁਰੂ ਕੇ ਲੰਗਰ 'ਚ ਪਾ ਆਇਆ ਕਰੀਏ। ਗੁਰੂ ਕੇ ਲੰਗਰ 'ਚ ਬ੍ਰਹਮਗਿਆਨੀ, ਮਹਾਂਪੁਰਸ਼ ਪ੍ਰਸ਼ਾਦਾ ਛਕਦੇ ਨੇ। ਬ੍ਰਹਮਗਿਆਨੀ ਨੂੰ ਦਾਨ ਕੀਤਾ ਹੋਇਆ ਲੱਖ ਗੁਣਾਂ

ਵਧ ਜਾਂਦੈ –

***ਖੇਤੁ ਪਛਾਣੈ ਬੀਜੈ ਦਾਨੁ ॥*** ***ਅੰਗ– 1411***

ਮਾੜੇ ਬੰਦੇ ਨੂੰ ਦਾਨ, ਜਿਹਨੇ ਪੈਸਾ ਲੈ ਸ਼ਰਾਬ ਪੀ ਲਈ, ਮਾਸ ਖਾ ਲਿਆ, ਆਂਡੇ ਖਾ ਲਏ। ਨੁਕਸਾਨ ਕਿਸੇ ਦਾ ਕਰ ਦਿਤਾ। ਨਜਾਇਜ਼ ਵਰਤੋਂ ਕਰੀ ਉਸ ਦਾਨ ਦੀ, ਕਹਿੰਦੇ ਉਹ ਦਾਤੇ ਨੂੰ ਨਰਕ ਵਿਚ ਲੈ ਜਾਇਆ ਕਰਦੈ। ਉਹਨੇ ਤਾਂ ਦਾਨ ਕਰਿਆ ਸੀ ਲੇਕਿਨ ਉਹਨੂੰ ਨਰਕਾਂ 'ਚ ਲੈ ਗਿਆ। ਦੇਖਿਆ ਨਾ ਕਿ ਇਹ ਬੰਦਾ ਕੀ ਕਰੇਗਾ।

ਕਬੀਰ ਸਾਹਿਬ ਅੰਮ੍ਰਿਤ ਵੇਲੇ ਜਾ ਰਹੇ ਨੇ, ਤਾਣਾ ਤਣਨੈ ਉਨ੍ਹਾਂ ਨੇ। ਰਸਤੇ ਦੇ ਵਿਚ ਕੋਈ ਬੰਦਾ ਮਿਲਿਆ, ਕਹਿਣ ਲੱਗਿਆ ਜੀ ਮੈਂ ਬੜਾ ਗਰੀਬ ਹਾਂ, ਮੈਨੂੰ ਕੋਈ ਦਾਨ ਕਰੋ। ਉਹ ਕਹਿੰਦੇ, ਭਾਈ! ਮੇਰੇ ਕੋਲ ਐਸ ਵੇਲੇ ਕੁਛ ਨਹੀਂ। ਕਹਿੰਦਾ, ਮੈਨੂੰ ਆਹੀ ਦੇ ਦਿਓ, ਜਿਹੜਾ ਤੁਸੀਂ ਚੁੱਕੀਂ ਜਾਨੇ ਓਂ। ਤਾਣਾ ਬਾਣਾ ਕਬੀਰ ਸਾਹਿਬ ਦੇ ਆਏ। ਕਾਫੀ ਸਮਾਂ ਲੰਘ ਗਿਆ। ਇਕ ਵਾਰੀ ਕਬੀਰ ਸਾਹਿਬ ਨੂੰ ਫੇਰ ਮਿਲਿਆ, ਪੀਲਾ ਸਾਫਾ ਬੰਨ੍ਹਿਆ ਹੋਇਆ, ਰੇਸ਼ਮ ਦੇ ਕੱਪੜੇ ਪਾਏ ਹੋਏ।

ਕਹਿਣ ਲੱਗਿਆ, ਮਹਾਰਾਜ! ਨਮਸ਼ਕਾਰ।

ਕਬੀਰ ਸਾਹਿਬ ਕਹਿਣ ਲੱਗੇ, ਕੌਣ ਹੈ ਪ੍ਰੇਮੀਆਂ! ਮੈਂ ਪਛਾਣਿਆ ਨਹੀਂ।

ਕਹਿੰਦਾ, ਮੈਂ ਓਹੀ ਹਾਂ ਮਹਾਰਾਜ ਜਿਹਨੂੰ ਤੁਸੀਂ ਤਾਣਾ ਦਾਨ ਕਰਿਆ ਸੀ।

ਕਹਿੰਦੇ, ਹੁਣ ਤਾਂ ਤੂੰ ਬਹੁਤ ਵਧੀਆ ਬਾਂਕਾ ਬਣਿਆ ਫਿਰਦੈਂ।

ਕਹਿੰਦਾ, ਤੁਹਾਡੇ ਬਾਣ 'ਚ ਬੜੀ ਬਰਕਤ ਪਈ। ਮੈਂ ਜਾਲ ਬਣਾ ਲਿਆ ਤੇ ਮੈਂ ਸਵੇਰੇ ਹੀ ਜਾਲ ਲੈ ਕੇ ਚਲਿਆ ਜਾਂਦਾ ਹਾਂ। ਹੇਠਾਂ ਚੌਲ ਵਿਛਾ ਦਿੰਨਾਂ, ਪੰਛੀ ਫਸ ਜਾਂਦੇ ਨੇ ਆ ਕੇ, ਮੈਂ ਉਨ੍ਹਾਂ ਨੂੰ ਲਿਆ ਕੇ ਇਥੇ ਵੇਚ ਦਿੰਦਾ ਹਾਂ, ਖਾਣ ਵਾਲਿਆਂ ਨੂੰ। ਕਬੀਰ ਸਾਹਿਬ ਕਹਿਣ ਲੱਗੇ, ਬੜਾ ਮਾੜਾ ਕੰਮ ਹੋਇਆ ਸਾਡੇ ਤੋਂ। ਅਸੀਂ ਪਛਾਣ ਨਾ ਕਰੀ ਕਿ ਤੇਰੀ ਬਿਰਤੀ ਕਿਹੋ ਜਿਹੀ ਹੈ, ਤੇਰੀ ਰੁਚੀ ਕਿਹੋ ਜਿਹੀ ਹੈ। ਸੋ ਮਹਾਰਾਜ ਕਹਿੰਦੇ, 'ਖੇਤੁ ਪਛਾਣੈ ਬੀਜੈ ਦਾਨੁ ॥' ਦਾਨ ਕਰਨ ਤੋਂ ਪਹਿਲਾਂ ਪਛਾਣੋ ਕਿ ਅਸੀਂ ਕਿੱਥੇ ਦੇ ਰਹੇ ਹਾਂ। ਇਹ ਲੇਖੇ 'ਚ ਪਏਗਾ ਕਿ ਕੁਲੇਖੇ 'ਚ ਪਏਗਾ।

ਸੋ ਉਨ੍ਹਾਂ ਨੇ ਗੁਰੂ ਕੇ ਲੰਗਰ ਵਿਚ ਦਾਣੇ ਪਾਉਣੇ ਸ਼ੁਰੂ ਕਰ ਦਿਤੇ। ਮਹਾਰਾਜ ਕਹਿੰਦੇ ਦੇਖੋ, ਦਾਨ ਕਰਨ ਦੇ ਨਾਲ ਮਾਇਆ ਆਉਂਦੀ ਹੈ। ਕੋਈ ਬਹਾਨਾ ਲਾਵੇ, ਏਧਰੋਂ-ਉਧਰੋਂ। ਕਹਿੰਦੇ, ਇਹਦਾ ਕੰਮ ਚੱਲਣ ਲਗ ਗਿਆ, ਠੇਕੇ ਲੈਣ ਲਗ ਗਿਆ। ਹੌਲੀ-ਹੌਲੀ ਚੰਗਾ ਅਮੀਰ ਹੋ ਗਿਆ, ਛੱਪਰ ਢਾਹ ਦਿਤਾ, ਘਰ ਪੱਕਾ ਪਾ ਲਿਆ। ਚਿੜਾ-ਚਿੜੀ ਬਾਹਰ ਨਿਕਲ

ਗਏ। ਵਿਸ਼ੇ-ਵਿਕਾਰਾਂ 'ਚ ਪੈ ਗਿਆ। ਕਿਉਂਕਿ ਰੁਚੀਆਂ ਜਿਹੜੀਆਂ ਦਬੀਆਂ ਹੁੰਦੀਆਂ ਨੇ, ਗਰੀਬ ਆਦਮੀ ਨਹੀਂ ਸ਼ਰਾਬ-ਕਬਾਬ ਲੈ ਸਕਦਾ। ਮਨ ਦੇ ਵਿਚ ਰੁਚੀ ਹੁੰਦੀ ਹੈ। ਜਦੋਂ ਉਹਦੇ ਕੋਲ ਪੈਸਾ ਹੋ ਜਾਏ। ਫੇਰ ਖੁਲ੍ਹ-ਖੇੜਦੈ। ਕਹਿਣ ਲੱਗੇ, ਉਹਦੇ ਮਨ ਵਿਚ ਵਿਕਾਰ ਹੋਣ ਕਰਕੇ, ਵਿਕਾਰੀ ਮਨ ਫੇਰ ਛਾਲਾਂ ਮਾਰਨ ਲਗ ਗਿਆ। ਮਾੜੇ ਕੰਮ ਕਰਨ ਲਗ ਗਿਆ। ਚਿੜਾ-ਚਿੜੀ ਨੇ ਕਿਹਾ ਕਿ ਆਪਾਂ ਤਾਂ ਮਾੜਾ ਕੰਮ ਕਰਿਆ। ਕਹਿੰਦੇ, ਫੇਰ।

ਕਹਿੰਦੇ ਉਥੇ ਹੀ ਗਰੀਬੀ 'ਚ ਲਿਆਓ ਇਹਨੂੰ। ਉਹ ਗਰੀਬੀ ਲਿਆਉਣਾ ਕੀ ਹੈ, ਗੁਰੂ ਘਰ 'ਚੋਂ ਜਿਸ ਦੇ ਘਰ ਵਿਚ ਅੰਸ ਆਉਣ ਲਗ ਜਾਵੇ ਤੇ ਉਹਨੂੰ ਉਹ ਖਾਣ ਲਗ ਜਾਵੇ, ਉਹਦੇ ਉਤੇ ਇਸ ਤਰ੍ਹਾਂ ਸਮਝ ਲਓ ਵਿਘਨਾਂ ਦੀ ਬਾਰਿਸ਼ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰੂ ਦਾ ਦਾਣਾ, ਗੁਰੂ ਦਾ ਅੰਨ੍ਹ, ਪੂਜਾ ਦਾ ਧਾਨ ਜਿਹੜਾ ਵੀ ਬੰਦਾ ਖਾਏਗਾ ਉਹਦੇ ਤਪ ਜਾਂਦੇ ਰਹਿਣਗੇ। ਲੰਘੇਗਾ ਨਹੀਂ, ਵਿਕਾਰੀ ਹੋਣਗੇ -

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ,***

ਹਡ ਗਾਲਣ ਮੱਤ ਮਾਰਨ ਭਜਨ ਕਰਨ ਨਾ ਦੇਣ। ਭਜਨ ਤੋਂ ਬਿਲਕੁਲ ਦੂਰ ਚਲਿਆ ਜਾਏਗਾ। ਅੰਦਰਲੀ ਰੁਚੀ ਖਤਮ ਹੋ ਜਾਏਗੀ। ਬਾਹਰੋਂ ਗੁਰਸਿੱਖ ਲੱਗੇਗਾ, ਲੇਕਿਨ ਉਹਦਾ ਮਨ ਪੂਰੀ ਤਰ੍ਹਾਂ ਨਾਸਤਕ ਹੋਏਗਾ ਤੇ ਵਿਘਨ ਲੱਗਣਗੇ, ਦੁਖੀ ਹੋ ਜਾਏਗਾ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਦੇ ਅੰਦਰ ਐਸਾ ਫੁਰਮਾਨ ਕਰਿਆ ਹੈ ਕਿ ਜਿਹੜੇ ਪੂਜਾ ਦਾ ਧਾਨ ਖਾਂਦੇ ਨੇ, ਉਹ ਘੁਣ ਖਾਧੀ ਲੱਕੜੀ ਵਰਗੇ ਹੁੰਦੇ ਨੇ ਤੇ ਨਾਲ ਵਾਰਨਿੰਗ ਦਿੰਦੇ ਨੇ, ਇਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ।***
***ਧਾਨ ਬੁਰਾ ਪੂਜਾ ਦਾ।***

***ਜਿਉ ਮਰਿਜਾਦਾ ਹਿੰਦੂਆ ਗਊ ਮਾਸ ਅਖਾਜੁ।***
***ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।***
***ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।***
***ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।***
***ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।***
***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।***

***ਭਾਈ ਗੁਰਦਾਸ ਜੀ, ਵਾਰ 35/12***

ਜਿਵੇਂ ਕੈਪਸੂਲਾਂ ਦੇ ਵਿਚ ਬਿਹੁ ਅੰਦਰ ਲੰਘਾਉਂਦੈ, ਇਸ ਤਰ੍ਹਾਂ ਪੂਜਾ ਦਾ ਧਾਨ ਅਸਰ ਕਰਿਆ ਕਰਦੈ। ਇਹ ਕਰਕੇ ਗੁਰੂ ਮਹਾਰਾਜ ਨੇ ਹੱਦ ਤੋਂ ਜ਼ਿਆਦਾ ਬੁਰਾ ਲਿਖਿਆ ਹੈ। ਜੇ ਕਹੋ ਕਿ ਸਾਧੂ ਸੰਤ ਪ੍ਰਸ਼ਾਦੇ ਛਕਦੇ ਨੇ। ਉਨ੍ਹਾਂ ਨੇ ਜ਼ਿੰਦਗੀਆਂ ਦਿਤੀਆਂ ਹੋਈਆਂ ਨੇ, ਕੋਈ ਤਨਖਾਹ ਨਹੀਂ

ਲੈਂਦੇ, ਕੋਈ ਆਪਣਾ ਮਕਾਨ ਨਹੀਂ ਬਣਾਉਂਦੇ, ਕੋਈ ਆਪਣੀ ਜਾਇਦਾਦ ਨਹੀਂ ਬਣਾਉਂਦੇ। ਜੋ ਕੁਛ ਬਣਾਉਂਦੇ ਨੇ, ਬਣਾ ਕੇ ਛੱਡ ਜਾਂਦੇ ਨੇ, ਚਾਹੇ ਹੁਣ ਕਹਿ ਦਿਓ ਚਲੋ ਭਾਈ, ਤੁਰ ਜਾਣਗੇ। ਆਪਣਾ ਨਹੀਂ ਕੁਛ। ਸੋ ਇਸ ਤਰ੍ਹਾਂ ਦੇ ਨਾਲ ਆਪਣਾ ਬਣਾਉਣਾ, ਜਾਇਦਾਦਾਂ ਬਣਾਉਣੀਆਂ, ਬੱਚਿਆਂ ਵਾਸਤੇ ਜੋੜਨਾ ਇਹ ਪੂਜਾ ਦਾ ਧਾਨ ਬੁਰਾ ਕਰਿਆ ਕਰਦੈ।

ਮਹਾਰਾਜ ਕਹਿੰਦੇ, ਜਦੋਂ ਚਾਰ ਦਾਣੇ ਜਾਣ ਲੱਗੇ ਉਨ੍ਹਾਂ ਦੇ ਅੰਨ੍ਹ ਵਿਚ ਇਹ ਪੂਜਾ ਦੇ ਧਾਨ ਨੇ ਮੁੜ ਕੇ ਗਰੀਬੀ ਲਿਆ ਦਿਤੀ। ਸਾਡੇ ਕੋਲ ਆਇਆ, ਅਸੀਂ ਦੇਖੀ ਸਾਰੀ ਗੱਲ, ਅਸੀਂ ਉਸ ਨੂੰ ਕਿਹਾ ਕਿ ਦੇਖ ਪ੍ਰੇਮੀਆਂ! ਤੇਰੀ ਕਿਸਮਤ ਵਿਚ ਨਹੀਂ ਸੀ। ਜੇ ਤੇਰੀ ਕਿਸਮਤ ਬਣੀ ਹੈ, ਪਰਾਲਬਧ ਬਣੀ ਹੈ। ਉਹ ਚਿੜਾ ਚਿੜੀ ਨੇ ਬਣਾਈ ਸੀ ਤੇ ਤੂੰ ਗੁਰੂ ਕੇ ਲੰਗਰ ਦੀ ਸੇਵਾ ਕਰਿਆ ਕਰ, ਯਥਾਸਕਤ ਕੁਝ ਕੱਢਿਆ ਕਰ, ਮੁੜ ਕੇ ਫੇਰ ਅਮੀਰੀ ਆ ਜਾਏਗੀ।

ਸੋ ਇਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰਦਾ ਸੀ ਕਿ ਸੇਵਾ ਕਰ ਕੇ ਦੇਖ ਲਓ। ਫਲ ਮਿਲਦਾ ਹੀ ਮਿਲਦੈ। ਲੇਕਿਨ ਇਹ ਸੇਵਾ ਜੇ ਗੁਰੂ ਦਾ ਮਨ ਪ੍ਰਸੰਨ ਹੋ ਜਾਏ–

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥***

***ਅੰਗ - 644***

ਫੇਰ ਇਹਦਾ ਬਦਲਾ ਕੀ ਮਿਲੇਗਾ –

***ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥***

***ਅੰਗ - 644***

ਸਾਡੇ ਕਾਫੀ ਦੇਰ ਤਕ ਇਕ ਸਿੰਘ ਸੀਗਾ, ਡਾਕਟਰ ਸੀ, ਉਲਾਦ ਨਹੀਂ ਸੀ ਉਸਦੇ। ਆਹ ਬੀਬੀ ਬੈਠੀ ਹੈ ਇਨ੍ਹਾਂ ਦੀ ਦੀਵਾਨ ਵਿਚ। ਬੀਮਾਰ ਸੀ ਬੀਬੀ। ਸੇਵਾ ਬਹੁਤ ਕਰਦੇ ਸੀ। ਨਿਸ਼ਾਨ ਸਾਹਿਬ ਜਦੋਂ ਅਸੀਂ ਲਵਾਇਆ, ਉਨ੍ਹਾਂ ਨੇ ਕਿਹਾ ਕਿ ਅਸੀਂ ਇਹਦਾ ਖਰਚਾ ਦੇਵਾਂਗੇ। ਦੋ ਜਣਿਆ ਨੇ ਦਿਤਾ, 36000 ਰੁਪਿਆ ਲੱਗਿਆ। ਸੰਗਤ ਨੇ ਅਰਦਾਸ ਕਰੀ, ਸੱਚੇ ਪਾਤਸ਼ਾਹ! ਤੁਹਾਡਾ ਨਿਸ਼ਾਨ ਗੁਰੂ ਘਰ 'ਚ ਇਨ੍ਹਾਂ ਨੇ ਲਵਾਇਆ ਹੈ। ਤੁਸੀਂ ਇਨ੍ਹਾਂ ਦੇ ਨਿਸ਼ਾਨ ਕਾਇਮ ਕਰ ਦਿਓ। ਆਉਂਦੇ ਸਾਲ ਹੀ ਲੜਕਾ ਹੋ ਗਿਆ। ਕਿਉਂਕਿ ਮਨ ਦੇ ਵਿਚ ਜੋ ਇੱਛਿਆ ਸੀ ਉਹ ਪੂਰੀ ਹੋ ਗਈ। ਸੇਵਾ ਨਹੀਂ ਜਾਂਦੀ ਕਦੇ ਵੀ। ਸਾਡੇ ਆਉਂਦੇ ਨੇ ਕਈ ਪ੍ਰੇਮੀ, ਰੋਗ ਹਟ ਜਾਂਦੇ ਨੇ, ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਨੇ, ਗੁਰੂ ਉਧਾਰ ਨਹੀਂ ਰਖਦਾ ਕਿਸੇ ਦਾ ਵੀ। ਗੁਰੂ ਤਾਂ ਬਹੁਤਾ ਮੋੜਦਾ ਹੈ ਤੇ ਸੇਵਾ ਮਿਲਦੀ ਨਹੀਂ ਭਾਗਾਂ ਤੋਂ ਬਗੈਰ। ਰਹਿ ਜਾਂਦੈ ਬੰਦਾ। ਨਾ ਹੱਥਾਂ ਨਾਲ ਸੇਵਾ ਕਰੇ, ਨਾ ਮਾਇਆ ਨਾਲ ਕਰੇ। ਕਿਉਂਕਿ ਮਹਾਰਾਜ ਦਾ ਫੁਰਮਾਨ ਹੈ ਕਿ ਜਿੰਨੀ ਦੇਰ ਤਕ ਭਾਗ ਨਹੀਂ ਜਾਗਦੇ ਸੇਵਾ ਨਹੀਂ ਮਿਲਿਆ ਕਰਦੀ

–

***ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥***
***ਮਨਮੁਖ ਭੂਲੇ ਮੁਏ ਬਿਲਲਾਇ ॥*** ***ਅੰਗ- 1065***

ਮਨਮੁਖ ਬਿਲਲਾ ਕੇ ਮਰਦੇ ਨੇ। ਕਹਿੰਦੇ, ਜਿਨ੍ਹਾਂ ਨੇ ਸਤਿਗੁਰ ਦੀ ਸੇਵਾ ਕਰੀ ਹੈ ਉਨ੍ਹਾਂ ਨੂੰ ਫਲ ਮਿਲਿਆ ਕਰਦੈ। ਜਿਹੜੇ ਨਹੀਂ ਕਰਦੇ –

***ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥***
***ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥***
***ਅੰਗ- 1418***

ਕਹਿੰਦੇ, ਉਹ ਤਾਂ ਪਸ਼ੂ ਆਏ ਹੋਏ ਨੇ। ਸੇਵਾ ਦੇ ਨਾਲ ਸਭ ਕੁਛ ਮਿਲਦਾ ਹੈ। ਐਸਾ ਇਤਿਹਾਸ ਵਿਚ ਆਉਂਦਾ ਹੈ ਕਿ ਇਕ ਪ੍ਰੇਮੀ ਲਾਹੌਰ ਦੇ ਰਹਿਣ ਵਾਲਾ, ਗੁਰਮੁਖ ਪਿਆਰਾ, ਨਾਮ ਜਪਣ ਵਾਲਾ, ਗੁਰੂ ਘਰ ਨਾਲ ਅਨਿੰਨ ਪਿਆਰ ਕਰਨ ਵਾਲਾ। ਬਿਜਨਸ ਕਰਦੈ, ਲੇਕਿਨ ਬਿਜਨਸ ਦੇ ਵਿਚ ਹਰ ਸਾਲ ਘਾਟਾ ਪੈ ਜਾਂਦੈ। ਫੇਰ ਵੀ ਬੜਾ ਇਮਾਨਦਾਰ ਹੈ, ਜੋ ਕੁਛ ਵਟਦੈ, ਉਹਦੇ ਵਿਚੋਂ ਗੁਰੂ ਮਹਾਰਾਜ ਵਾਸਤੇ, ਆਪਣਾ ਦਸਵੰਧ ਕੱਢਦੈ। ਦਸਵੰਧ ਲੈ ਕੇ ਆਉਂਦੈ ਤੇ ਗੁਰੂ ਦੇ ਚਰਨਾਂ ਵਿਚ ਭੇਟਾ ਕਰਦੈ।

ਕੋਈ ਕੱਢ ਕੇ ਦੇਖ ਲਓ ਦਸਵੰਧ। ਦਸਵੰਧ ਦਾ ਫਾਰਮੂਲਾ ਇਹ ਹੁੰਦੈ, ਕਿਸਾਨਾਂ ਵਾਸਤੇ ਜੇ ਸੌ ਬੋਰੀ ਹੋਈ ਹੈ ਤਾਂ ਇਕ ਬੋਰੀ ਗੁਰੂ ਘਰ ਵਾਸਤੇ ਕੱਢ ਦਿਓ। ਉਹ ਨਾ ਖਾਓ, ਉਹ ਗੁਰੂ ਦਾ ਹਿੱਸਾ ਖਾ ਰਹੇ ਹੋਂ ਤੁਸੀਂ। ਦੁਕਾਨ ਚਲਾਉਨੈ, ਜੇ ਸੌ ਰੁਪਿਆ ਵਿਕਰੀ ਹੋਈ ਹੈ ਤਾਂ ਡੇਢ ਰੁਪਿਆ ਗੁਰੂ ਦੇ ਨਮਿੱਤ ਕੱਢ ਦੇ। ਕੋਈ ਟਰੱਕ ਵਗੈਰਾ ਚਲਾਉਂਨੈ ਤਾਂ ਉਹਦੇ ਪਿੱਛੇ ਇਕ ਰੁਪਿਆ ਕੱਢੀ ਜਾਹ। ਉਹ ਗੁਰੂ ਘਰ 'ਚ ਦੇ, ਉਸ ਥਾਂ ਦੇ ਜਿੱਥੇ ਦਾਨ ਫਲ ਜਾਵੇ। ਸੋ ਇਸ ਕਰਕੇ ਦਸਵੰਧ ਕੱਢਣਾ, ਦਲਿੱਦਰ ਕੱਢਣਾ ਹੋਇਆ ਕਰਦੈ। ਮਹਾਰਾਜ ਫੁਰਮਾਨ ਕਰਦੇ ਨੇ ਰਹਿਤਨਾਮੇ 'ਚ –

***ਦਸ ਨਖ ਕਰ ਜੋ ਕਾਰ ਕਮਾਵੈ।***

ਦਸਾਂ ਨੌਂਹਾਂ ਦੇ ਨਾਲ ਈਮਾਨਦਾਰੀ ਦੀ ਜੋ ਕਿਰਤ ਕਰਦੈ। ਉਹਦੇ ਵਿਚੋਂ ਬੱਚਤ ਹੋਈ, ਕੱਢ ਕੇ ਖਰਚੇ ਸਾਰੇ–

***ਤਿਸ ਤੇ ਗੁਰ ਦਸ਼ੌਂਧ ਜੋ ਦੇਈ।***

ਜਿਹੜਾ ਗੁਰੂ ਦਾ ਦਸੌਂਧ ਉਹਦੇ ਵਿਚੋਂ ਦੇਵੇਗਾ –

***ਸਿੰਘ ਸਵਸ ਬਹੁ ਜਗ ਮਹਿ ਲੇਹੀ।***

ਉਹਦਾ ਬੜਾ ਜਸ ਹੋਏਗਾ। ਬੱਚਤ ਹੋ ਗਈ। ਮੈਂ ਸਿੱਧਾ ਦਸ ਦਿੰਦਾਂ ਕਿ ਖੇਤੀ 'ਚ 10% ਬਚਤ ਹੁੰਦੀ ਹੈ, ਵੱਧ ਨਹੀਂ ਹੁੰਦੀ। ਇਸ ਲਈ 100 ਬੋਰੀਆਂ ਪਿੱਛੇ ਇਕ ਬੋਰੀ ਕੱਢ ਦਿਆ ਕਰੋ। ਬਿਜਨਸ ਵਿਚ ਡੇਢ ਰੁਪਿਆ ਬੱਚਤ ਹੁੰਦੀ ਹੈ, ਸੌ ਰੁਪਏ ਪਿੱਛੇ ਉਹਨੂੰ ਡੇਢ ਕੱਢ ਦੇਣਾ

ਚਾਹੀਦੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਦਾ ਹੁਕਮ ਹੈ ਪਿਆਰਿਓ! ਉਹ ਗੁਰੂ ਕਾ ਦਿਓ। ਵਪਾਰ ਕਰਦੈ-

***ਗੋਲਕ ਰਾਖੈ ਨਾਹਿ ਜੋ ਛਲ ਕਾ ਕਰੇ ਵਪਾਰ।***

ਜਿਹੜਾ ਧੋਖੇ ਦਾ ਵਪਾਰ ਕਰਦੈ, ਅਸਲੀ ਕਹਿ ਕੇ ਨਕਲੀ ਚੀਜ਼ਾਂ ਦਿੰਦੈ। ਦਵਾਈ ਦੀ ਲੋੜ ਹੈ ਤੇ ਲੈ ਕੇ ਨਕਲੀ ਆ ਗਿਆ। ਬਿਮਾਰ ਦਾ ਇਲਾਜ ਨਹੀਂ ਹੁੰਦਾ, ਉਹ ਵਿਚਾਰਾ ਮਰ ਜਾਂਦੈ। ਕੀਹਦੇ ਸਿਰ ਪਾਪ ਲੱਗਿਆ? ਉਹਦੇ ਲੱਗਿਆ ਜਿਹਨੇ ਨਕਲੀ ਦਵਾਈ ਦਿਤੀ ਹੈ। ਜਿਹੜਾ ਛਲ ਦਾ ਵਪਾਰ ਕਰਦੈ, ਚੀਜ਼ ਦੇ ਵਿਚ ਮਿਲਾਵਟ ਕਰ ਦਿੰਦੈ। ਰੇਟ ਕੋਈ ਹੋਰ ਚੱਲ ਰਿਹੈ, ਭੋਲਾ ਭਾਲਾ ਦੇਖ ਕੇ ਉਸ ਤੋਂ ਬਹੁਤਾ ਲੈ ਲੈਂਦੈ, ਇਹਨੂੰ ਛਲ ਦਾ ਵਪਾਰ ਕਹਿੰਦੇ ਨੇ। ਇਹ ਸਾਡੇ ਦੇਸ਼ ਵਿਚ ਹੈ ਬਾਹਰ ਨਹੀਂ ਹੈ। ਅਮਰੀਕਾ 'ਚ ਨਹੀਂ ਬਿਲਕੁਲ, ਇੰਗਲੈਂਡ 'ਚ ਨਹੀਂ ਹੈ, ਜਰਮਨੀ 'ਚ ਨਹੀਂ ਹੈ, ਕਨੇਡਾ 'ਚ ਨਹੀਂ, ਆਸਟਰੇਲੀਆ 'ਚ ਨਹੀਂ, ਉਥੇ ਤਾਂ ਬਿਲਕੁਲ ਸੁਥਰਾ ਵਪਾਰ ਹੈ। ਸੁਥਰਾ ਵਿਹਾਰ ਚਲਦੈ। ਸਾਡੇ ਵਾਲਾ ਛਲ ਦਾ ਵਿਹਾਰ ਨਹੀਂ ਹੈ। ਕਹਿੰਦੇ -

***ਗੋਲਕ ਰਾਖੈ ਨਾਹਿ ਜੋ ਛਲ ਕਾ ਕਰੇ ਵਪਾਰ।***
***ਕਹਿ ਗੋਬਿੰਦ ਸਿੰਘ ਲਾਲ ਜੀ ਭੋਗੇ ਨਰਕ ਹਜ਼ਾਰ।***

ਹਜ਼ਾਰ ਵਾਰੀ ਨਰਕ 'ਚ ਜਾਏਗਾ, ਜੰਮ ਪਏਗਾ, ਮਰ ਜਾਏਗਾ-ਜੰਮ ਪਏਗਾ, ਮਰ ਜਾਏਗਾ।

***ਦਸਵੰਧ ਗੁਰੂ ਨਾ ਦੇਵਈ, ਝੂਠ ਬੋਲ ਜੋ ਖਾਇ।***
***ਕਹਿ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨ ਬਸਾਇ।***

ਉਹਦਾ ਕੋਈ ਵਸਾਹ ਨਹੀਂ ਹੁੰਦਾ ਕਿਉਂਕਿ ਗੁਰੂ ਦਾ ਵੀ ਖਾ ਜਾਂਦੈ। ਉਹਨੇ ਬਾਕੀ ਦਾ ਕੀ ਕਰਨੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਇਕ ਵਾਰੀ ਪੁੱਛਿਆ ਕਿ ਸੱਚੇ ਪਾਤਸ਼ਾਹ! ਜੇ ਤੁਸੀਂ ਖੁਸ਼ ਹੋ ਜਾਵੋਂ, ਕਿਸੇ ਸਿੱਖ ਦੇ ਉਤੇ ਪ੍ਰਸੰਨ ਹੋ ਜਾਵੋਂ। ਸਾਨੂੰ ਕਿਵੇਂ ਪਤਾ ਲੱਗੇ ਕਿ ਤੁਸੀਂ ਸਿੱਖ 'ਤੇ ਪ੍ਰਸੰਨ ਹੋਂ। ਮਹਾਰਾਜ ਕਹਿੰਦੇ ਪਿਆਰਿਓ! ਅਸੀਂ ਉਹਦੀ ਦੁਨੀਆਂ ਦੀਆਂ ਲੋੜਾਂ ਪੂਰੀਆਂ ਕਰ ਦਿੰਦੇ ਹਾਂ। ਰਿਜ਼ਕ ਦੇ ਦਿੰਦੇ ਹਾਂ ਪ੍ਰਸੰਨ ਹੋਏ ਨੂੰ। ਲੋੜਾਂ ਪੂਰੀਆਂ ਕਰ ਦਿੰਦੇ ਹਾਂ। ਰਾਜ ਭਾਗ ਸੰਭਾਲ ਦਿੰਦੇ ਹਾਂ, ਅਹੁਦੇ ਦੇ ਦਿੰਦੇ ਹਾਂ ਤੇ ਹੋਰ ਸੁਖਾਲਾ ਕਰ ਦਿੰਦੇ ਹਾਂ। ਪੁੱਤਰ ਧੀਆਂ, ਆਗਿਆਕਾਰ ਹੋ ਜਾਣਗੇ, ਸ਼ਰਾਬੀ ਕਬਾਬੀ ਨਹੀਂ ਰਹਿਣਗੇ ਘਰ ਦੇ ਵਿਚ। ਸਤਿਸੰਗ ਕਰਨਗੇ ਇਹ ਸਾਡੀ ਪ੍ਰਸੰਨਤਾ ਦੀ ਨਿਸ਼ਾਨੀ ਹੈ। ਇਕ ਗੁਰਸਿੱਖ ਹੋਰ ਖੜ੍ਹਾ ਹੋ ਗਿਆ, ਕਹਿਣ ਲੱਗਿਆ, ਮਹਾਰਾਜ! ਇਥੇ ਕਿਉਂ ਬਸ ਹੋ ਗਈ, ਜੇ ਤੁਸੀਂ ਇਸ ਤੋਂ ਜ਼ਿਆਦਾ ਪ੍ਰਸੰਨ ਹੋ ਜਾਓਂ, ਮਹਾਰਾਜ ਕਹਿੰਦੇ, ਹੁਣ ਇਥੇ ਰਸਤਾ ਮੁੜਦੈ,

ਪਰੰਤੂ ਲਗਦੈ, ਕਹਿਣ ਲੱਗੇ, ਜੇ ਤਾਂ ਸਿੱਖ ਨੇ ਦਾਤਾਂ ਲੈ ਕੇ ਗੁਰੂ ਨੂੰ ਯਾਦ ਰੱਖਿਆ ਤੇ ਗੁਰੂ ਦੇ ਦੱਸੇ ਹੁਕਮ ਦੇ ਮੁਤਾਬਿਕ ਆਪਣਾ ਜੀਵਨ ਗੁਜ਼ਾਰਦੈ, ਗੁਰੂ ਦਾ ਹੁਕਮ ਕੀ ਹੈ? -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*ਅੰਗ - 305*

ਗੁਰਸਿੱਖ ਨੂੰ ਰਿਜ਼ਕ ਮਿਲ ਗਿਆ। ਲਹਿਰੇ ਬਹਿਰੇ ਹੋ ਗਏ, ਪੈਸਾ ਘਰ ਆਉਣ ਲਗ ਗਿਆ, ਇੱਜ਼ਤ ਮਿਲ ਗਈ, ਕਹਿੰਦੇ, ਫੇਰ ਉਹ ਗੁਰਸਿੱਖ ਅੰਮ੍ਰਿਤ ਵੇਲੇ ਉੱਠੇ। ਇਸ਼ਨਾਨ ਕਰੇ, ਜੋ ਪੰਜ ਪਿਆਰਿਆਂ ਨੇ ਮੰਤਰ ਦਿਤਾ ਹੈ, ਵਾਹਿਗੁਰੂ ਮੰਤਰ, ਉਹਦਾ ਜਾਪ ਕਰੇ, ਬੈਠ ਕੇ। ਉਹਦੇ ਨਾਲ ਹੋਏਗਾ ਕੀ, ਸਾਰੇ ਪਾਪਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਏਗਾ। ਫੇਰ ਗੁਰਬਾਣੀ ਜੋ ਹੈ, ਅੰਮ੍ਰਿਤ ਦਾ ਸਰੋਵਰ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਬਾਣੀ ਦੇ ਵਿਚ ਮਨ ਦਾ ਇਸ਼ਨਾਨ ਕਰਾਓ। ਇਹਦੇ ਵਿਚ, ਅੰਮ੍ਰਿਤਸਰ ਨਾਹੁੰਣਾ ਹੋਇਆ ਕਰਦੈ। ਫੇਰ ਤੁਰਦਾ-ਫਿਰਦਾ ਵਾਹਿਗੁਰੂ ਦਾ ਜਾਪ ਕਰੇ। ਸ਼ੁੱਧ ਜੀਵਨ ਗੁਜ਼ਾਰੇ, ਗੁਰੂ ਦੇ ਦੱਸੇ ਬਚਨਾਂ 'ਤੇ ਚਲ ਕੇ ਆਪਣਾ ਜੀਵਨ ਬਤੀਤ ਕਰੇ। ਕਹਿੰਦੇ, ਜੇ ਤਾਂ ਇਸ ਤਰ੍ਹਾਂ ਕਰਦੈ, ਫੇਰ ਤਾਂ ਅਸੀਂ ਉਸ ਤੋਂ 10 ਗੁਣਾਂ, ਵੀਹ ਗੁਣਾਂ, ਪੰਜਾਹ ਗੁਣਾ ਬਖਸ਼ਿਸ਼ ਕਰ ਦਿੰਦੇ ਹਾਂ। ਪਰ ਕੁਛ ਐਸੇ ਨੇ ਜਿਹੜੇ ਦਾਤਾਂ ਪਾ ਕੇ ਮੁਨਕਰ ਹੋ ਜਾਂਦੇ ਨੇ ਕਿਉਂਕਿ ਸਾਡਾ ਸੁਭਾਅ ਹੈ -

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥* *ਅੰਗ - 686*

ਦਾਤ ਤਾਂ ਮਿਲ ਗਈ, ਦੇਣ ਵਾਲੇ ਨੂੰ ਭੁੱਲ ਗਏ, ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਮਨਮੁਖਾਂ ਨੇ ਵਿਸਾਰ ਦਿਤਾ ਦਾਤਾ,*
*ਦਾਤ ਨੂੰ ਪਿਆਰੀ ਜਾਣ ਕੇ।*

ਪੁੱਤਰ ਵਾਸਤੇ ਤਰਲੇ ਮਾਰਦਾ ਫਿਰਦੈ। ਮਹਾਂਪੁਰਸ਼ਾਂ ਦੀ ਸੇਵਾ ਕਰਦੈ, ਹੋਰ ਜੋ ਕੁਛ ਕਹਿੰਦਾ ਹੈ ਕਰਦਾ ਹੈ, ਬਾਣੀ ਪੜ੍ਹਦੈ, ਅਰਦਾਸਾਂ ਕਰਾਉਂਦੈ। ਜਿਸ ਵਕਤ ਪੁੱਤਰ ਹੋ ਗਿਆ, ਫੇਰ ਮਹਾਤਮਾ ਕਹਿੰਦੇ, ਹੁਣ ਤੂੰ ਦੇਖਿਆ

ਹੀ ਨਹੀਂ ਕਦੇ ਸਤਿਸੰਗ 'ਚ।

ਕਹਿੰਦੇ ਜੀ, ਕਾਕੇ ਤੋਂ ਹੀ ਵਿਹਲ ਨਹੀਂ ਮਿਲਦਾ। ਕਿਉਂਕਿ ਉਹਦੇ ਵਿਚ ਪਰਚ ਗਿਆ, ਗੁਰੂ ਦੇ ਵਿਚ ਪਰਚਣਾ ਚਾਹੀਦਾ ਸੀ। ਗਲਤੀ ਖਾ ਗਿਆ ਉਸ ਥਾਂ ਦੇ ਉਤੇ। ਸੋ ਇਸ ਤਰ੍ਹਾਂ ਜਿਹੜੇ ਦਾਤਾਂ ਲੈ ਕੇ ਭੁੱਲ ਜਾਂਦੇ ਨੇ ਮਾਲਕ ਨੂੰ -

***ਦਸ ਬਸਤੂ ਲੇ ਪਾਛੈ ਪਾਵੈ ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥***
***ਤਉ ਮੂੜਾ ਕਹੁ ਕਹਾ ਕਰੇਇ ॥***
***ਜਿਸੁ ਠਾਕੁਰ ਸਿਉ ਨਾਹੀ ਚਾਰਾ ॥***
***ਤਾ ਕਉ ਕੀਜੈ ਸਦ ਨਮਸਕਾਰਾ ॥*** ***ਅੰਗ- 268***

ਸੋ ਇਹ ਭਾਈ ਬੁੱਧੂ ਗੁਰਸਿੱਖ ਸੀਗਾ, ਗੁਰਸਿੱਖੀ ਨੂੰ ਸਮਝਦਾ ਸੀਗਾ। ਦਸਵੰਧ ਦੀ ਰਕਮ ਲੈ ਕੇ ਗੁਰੂ ਪੰਜਵੇਂ ਪਾਤਸ਼ਾਹ ਦੇ ਹਾਜ਼ਰ ਹੋਇਆ ਤੇ ਨਾਲ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਐਤਕੀਂ ਮੈਂ ਬਹੁਤ ਵੱਡਾ ਆਵਾ ਪਾਇਆ, ਬਹੁਤ ਧਨ ਮੈਂ ਉਧਾਰਾ ਲਿਆ ਹੈ। ਮੇਰੀ ਤਾਕਤ ਤੋਂ ਬਾਹਰਲੀ ਗੱਲ ਹੈ। ਪਾਤਸ਼ਾਹ! ਤੇ ਕ੍ਰਿਪਾ ਕਰਨਾ ਇਹਦੇ ਵਿਚੋਂ ਮੈਨੂੰ ਲਾਭ ਹੋਵੇ, ਨਾਲ ਮੇਰੀਆਂ ਇੱਟਾਂ ਵੀ ਬਹੁਤ ਪੱਕੀਆਂ ਨਿਕਲਣ।

ਮਹਾਰਾਜ ਕਹਿਣ ਲੱਗੇ, ਭਾਈ ਬੁੱਧੂ! ਅਸੀਂ ਤਾਂ ਕੋਈ ਵੀ ਗੱਲ ਛੁਪਾ ਕੇ ਨਹੀਂ ਰੱਖੀ। ਅਸੀਂ ਤਾਂ ਸਾਰੀਆਂ ਗੱਲਾਂ ਸਪੱਸ਼ਟ ਕੀਤੀਆਂ ਹੋਈਆਂ ਨੇ। ਤੂੰ ਸੁਖਮਨੀ ਸਾਹਿਬ ਪੜ੍ਹਦਾ ਹੁੰਦੈਂ?

ਕਹਿੰਦਾ, ਹਾਂ ਮਹਾਰਾਜ! ਮੈਂ ਦੋ-ਦੋ ਪਾਠ ਵੀ ਕਰ ਲੈਨਾ।

ਕਹਿੰਦੇ, ਅਸੀਂ ਤਾਂ ਉਹਦੇ ਵਿਚ ਲਿਖਿਆ ਹੋਇਐ, ਤੂੰ ਕਦੇ ਵਿਚਾਰਿਐ?

ਸਮਝ 'ਚ ਨਹੀਂ ਆਉਂਦਾ ਕਿ ਮਹਾਰਾਜ ਕਿੱਥੇ ਇਸ਼ਾਰਾ ਕਰ ਰਹੇ ਨੇ।

ਕਹਿਣ ਲੱਗਿਆ, ਪਾਤਸ਼ਾਹ! ਏਸ ਵੇਲੇ ਮੇਰੀ ਸਿਮ੍ਰਤੀ 'ਚ ਨਹੀਂ ਆ ਰਿਹਾ ਕਿ ਕਿਸ ਸ਼ਬਦ ਵਲ ਆਪ ਦਾ ਇਸ਼ਾਰਾ ਹੈ। ਕ੍ਰਿਪਾ ਕਰਕੇ ਮੈਨੂੰ ਸਮਝਾ ਦਿਓ, ਤਾਂਕਿ ਮੈਨੂੰ ਪਤਾ ਲਗ ਜਾਏ। ਉਸ ਵੇਲੇ ਗੁਰੂ ਜੀ ਨੇ ਐਸਾ ਫੁਰਮਾਨ ਕੀਤਾ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***
***ਚਾਰਿ ਪਦਾਰਥ ਜੇ ਕੋ ਮਾਗੈ ॥***

*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥* *ਅੰਗ- 266*

ਕਹਿਣ ਲੱਗੇ, ਦੇਖ ਪਿਆਰਿਆ! ਬੰਦਗੀ ਕਰਨ ਵਾਲੇ, ਨਾਮ ਜਪਣ ਵਾਲੇ, ਇਹ ਨਾ ਦੇਖੀਂ ਕਿ ਉਹ ਗ੍ਰਹਿਸਤੀ ਨੇ ਜਾਂ ਤਿਆਗੀ ਨੇ। ਸਾਧਨਾ ਸੰਪੰਨ ਜੋ ਪੁਰਸ਼ ਹੋਇਆ ਕਰਦੈ ਉਹਨੂੰ ਸਾਧੂ ਕਹਿੰਦੇ ਨੇ। ਨਾ ਸਾਧੂ ਭੇਖ ਨਾਲ ਬਣਦੈ, ਨਾ ਕਿਸੇ ਡੇਰੇ 'ਚ ਰਹਿਣ ਨਾਲ ਬਣਦੈ। ਜੋ ਸਾਧਨਾ ਕਰਦੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਉਪਦੇਸ਼ ਨੇ ਉਹਦੇ ਮੁਤਾਬਿਕ ਜੀਵਨ ਢਾਲਦੈ। ਨਿਮਰਤਾ 'ਚ ਰਹਿੰਦੈ, ਦਇਆ ਉਹਦੇ ਵਿਚ ਹੈ, ਧੀਰਜ ਉਹਦੇ ਵਿਚ ਹੈ, ਖਿਮਾ ਉਹਦੇ ਵਿਚ ਹੈ, ਸੌਚ ਉਹਦੇ ਅੰਦਰ ਹੈ, ਸ਼ੀਲ ਉਹਦੇ ਅੰਦਰ ਹੈ, ਮਿੱਠਾ ਬੋਲਣਾ ਉਹਦੇ ਅੰਦਰ, ਸੰਤੋਖ ਉਸਦੇ ਅੰਦਰ ਹੈ, ਐਸਾ ਜੋ ਪੁਰਸ਼ ਹੈ ਉਹ ਗੁਰੂ ਨੂੰ ਪਿਆਰਾ ਹੋਇਆ ਕਰਦੈ। ਧਰਮੀ ਹੁੰਦੈ ਉਹ। ਕਹਿੰਦੇ, ਮੇਰੇ ਗੁਰਸਿੱਖਾਂ ਦੇ ਵਿਚ ਸਾਰੇ ਹੀ ਗੁਣ ਨੇ। ਕਿਉਂਕਿ ਸਾਧੂ ਦੀ ਨਿਸ਼ਾਨੀ ਹੁੰਦੀ ਹੈ –

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥*
*ਅੰਗ- 320*

ਜੇ ਸਾਧੂ ਨੂੰ ਮਿਲ ਕੇ ਤਰਦਾ ਨਹੀਂ ਹੈ ਬੰਦਾ, ਡੁੱਬਦੈ, ਫੇਰ ਤਾਂ ਉਹ ਸਾਧੂ ਨਹੀਂ ਹੈ। ਵਿਕਾਰਾਂ 'ਚ ਮਨ ਜਾਂਦੈ ਤਾਂ ਸਾਧੂ ਨਹੀਂ ਹੈ। ਈਰਖਾ 'ਚ ਮਨ ਜਾਂਦੈ ਤਾਂ ਸਾਧੂ ਨਹੀਂ ਹੈ। ਜੇ ਕਿਸੇ ਦੀ ਨਿੰਦਿਆ 'ਚ ਮਨ ਜਾਂਦੈ ਤਾਂ ਵੀ ਸਾਧੂ ਨਹੀਂ ਹੈ। ਸਾਧੂ ਨੂੰ ਮਿਲ ਕੇ ਤਾਂ ਤਰਨਾ ਹੀ ਤਰਨਾ ਹੁੰਦੈ। ਡੁੱਬਦਾ ਨਹੀਂ ਹੁੰਦਾ, ਇਹ ਨਿਸ਼ਾਨੀ ਹੈ ਸਾਧੂ ਦੀ। ਦੂਸਰੀ ਨਿਸ਼ਾਨੀ ਹੈ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- 520*

ਜਿਹਨੂੰ ਦੇਖਦੇ ਸਾਰ ਹੀ ਮਨ ਵਿਚ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਵੇ, ਸਮਝ ਇਹ ਕੋਈ ਪੁੱਗੀ ਹੋਈ ਰੂਹ ਹੈ। ਪ੍ਰਵਾਨ ਹੋਈ-ਹੋਈ ਆਤਮਾ ਹੈ। ਨਾਮ ਚਲ ਪੈਂਦੈ, ਆਪਣੇ ਆਪ।

'ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਜਦੋਂ ਦਬਲਾਨ ਹੁੰਦੇ, ਬਹੁਤ ਸਾਰੇ ਪ੍ਰੇਮੀ ਇਥੋਂ ਪਟਿਆਲੇ ਤੋਂ ਦਰਸ਼ਨ ਕਰਨ ਜਾਂਦੇ ਹੁੰਦੇ ਮੇਰੇ ਨਾਲ। ਬੜੇ ਸਵਾਲ ਹੋਣੇ ਤੇ ਜਿਸ ਵਕਤ ਪਟਿਆਲੇ ਦੇ ਸਟੇਸ਼ਨ ਤੋਂ ਦਬਲਾਨ ਦਾ ਟਿਕਟ ਲੈ ਕੇ ਬਹਿ ਜਾਣਾ, ਫੇਰ ਕੋਈ ਨਹੀਂ ਸੀ ਬੋਲਦਾ ਇਕ ਦੂਜੇ ਨਾਲ।

ਇਕ ਦਿਨ ਮੈਂ ਕਿਹਾ, ਤੁਸੀਂ ਪਹਿਲਾਂ ਤਾਂ ਬਹੁਤ ਗੱਲਾਂ ਮਾਰਦੇ ਹੋ

ਤੇ ਹੁਣ ਕੋਈ ਵੀ ਨਹੀਂ ਬੋਲਦਾ? ਕਹਿੰਦੇ, ਹੁਣ ਤੁਸੀਂ ਸਾਨੂੰ ਕੋਈ ਗੱਲ ਨਾ ਕਹੋ। ਕਹਿੰਦੇ, ਨਾਮ ਜਿਵੇਂ ਉੱਭਲ ਚਲਦੀ ਹੈ ਇਸ ਤਰ੍ਹਾਂ ਚੱਲਣਾ ਸ਼ੁਰੂ ਹੋ ਗਿਆ। ਉਥੇ ਜਾ ਕੇ ਤਾਂ ਚੱਲਣਾ ਹੀ ਸੀ, ਉਧਰ ਵਲ ਨੂੰ ਮੂੰਹ ਕਰਨ ਤੇ ਹੀ ਚੱਲ ਪੈਂਦਾ ਸੀ। ਇਹ ਸਾਧੂ ਦੀ ਨਿਸ਼ਾਨੀ ਹੋਇਆ ਕਰਦੀ ਹੈ, ਬੰਦਗੀ ਕਰਨ ਵਾਲੇ ਦਾ ਪ੍ਰਭਾਵ ਹੁੰਦੈ। ਜਦੋਂ ਹਿਰਦੇ 'ਚ ਵਸਿਆ, ਉਹਨੇ ਆਪਣਾ ਆਪਾ ਲਿਆ ਕੇ ਅੰਦਰ ਅਸਰ ਕਰ ਦੇਣੈ। ਮਾੜੇ ਆਦਮੀ ਦਾ ਧਿਆਨ ਧਰ ਲਓ, ਈਰਖਾ ਵਾਲੇ ਦਾ ਧਿਆਨ ਕਰ ਲਓ, ਦੁਸ਼ਮਣ ਦਾ ਕਰ ਲਓ, ਓਹੀ ਅਸਰ ਹੋ ਜਾਂਦੈ। ਸਾਧੂ ਦਾ ਧਿਆਨ ਕਰ ਲਓ ਸਾਧੂ ਦਾ ਅਸਰ ਅੰਦਰ ਹੋ ਜਾਂਦੈ। ਸੋ ਇਹ ਜ਼ਰੂਰੀ ਨਹੀਂ ਹੁੰਦਾ, ਚਾਹੇ ਹਲ ਵਾਹੁੰਣ ਵਾਲਾ ਪੁਰਸ਼ ਹੈ, ਚਾਹੇ ਕੋਈ ਟਰੱਕ ਚਲਾਉਣ ਵਾਲਾ ਹੈ, ਚਾਹੇ ਕੋਈ ਦੁਕਾਨ 'ਤੇ ਬੈਠਾ ਸੌਦਾ ਵੇਚਦੈ, ਸਾਧੂ ਤਾਂ ਸਾਧੂ ਹੀ ਹੈ, ਸਾਧਨਾ ਸੰਪੰਨ ਜੋ ਹੈ। ਉਹਦੇ ਵਾਸਤੇ ਜ਼ਰੂਰੀ ਨਹੀਂ ਕਿ ਉਹ ਕਿਤੇ ਡੇਰੇ ਵਿਚ ਜਾ ਕੇ ਬੈਠੇ। ਠੀਕ ਹੈ ਡੇਰੇ 'ਚ ਬੈਠਦੈ, ਸੰਸਾਰ ਦਾ ਉਧਾਰ ਕਰਦੈ। ਕਿਉਂਕਿ ਅਸੀਂ ਭੁਲੇਖਾ ਖਾ ਜਾਂਦੇ ਹਾਂ ਭੇਖ ਵਗੈਰਾ ਦੇਖ ਕੇ, ਅਸੀਂ ਕਹਿੰਦੇ ਹਾਂ ਕਿ ਮਹਾਰਾਜ ਇਸ ਤਰ੍ਹਾਂ ਕਹਿੰਦੇ ਨੇ। ਬੜਾ ਔਖਾ ਹੈ ਸਾਧਸੰਗਤ ਜੀ! ਸਾਧੂ ਬਣਨਾ ਕੋਈ ਖੇਲ੍ਹ ਨਹੀਂ ਹੈ। ਸਿੱਖ ਬਣਨਾ ਕੋਈ ਮਾਮੂਲੀ ਬਾਤ ਨਹੀਂ ਹੈ। ਬਹੁਤ ਔਖਾ ਹੈ।

ਸੋ ਮਹਾਰਾਜ ਕਹਿੰਦੇ, ਸੇਵਾ ਕਰ ਤੂੰ ਸਿੱਖਾਂ ਦੀ ਤੇਰਾ ਕਾਰਜ ਸਿੱਧ ਹੋ ਜਾਏਗਾ। ਤੇਰੀਆਂ ਇੱਟਾਂ ਬਹੁਤ ਪੱਕੀਆਂ ਤੇ ਸੁਥਰੀਆਂ ਹੋਣਗੀਆਂ। ਤੇਰਾ ਮਨੋਰਥ ਪੂਰਾ ਹੋ ਜਾਏਗਾ ਜੋ ਜੀਅ ਵਿਚ ਧਾਰਿਆ ਹੋਇਐ ਤੇ ਜਾ ਕੇ ਗੁਰਸਿੱਖਾਂ ਨੂੰ ਬੁਲਾ। ਘਰ ਬੁਲਾ ਕੇ ਉਨ੍ਹਾਂ ਦੀ ਸੇਵਾ ਕਰ ਤੇ ਅਸੀਂ ਤਾਂ ਤੈਨੂੰ ਕਹਿ ਦਿਤਾ ਕਿ ਤੇਰੀਆਂ ਇੱਟਾਂ ਪੱਕੀਆਂ ਹੋਣਗੀਆਂ, ਬਹੁਤ ਸੋਹਣਾ ਤੇਰਾ ਕਾਰਜ ਹੋ ਜਾਏਗਾ। ਇਸੇ ਤਰ੍ਹਾਂ ਦੇ ਨਾਲ ਉਹ ਬੜਾ ਖੁਸ਼ ਹੋ ਗਿਆ, ਘਰ ਆ ਗਿਆ, ਭਾਈਚਾਰਾ ਬੁਲਾਇਆ, ਕਹਿਣ ਲੱਗਿਆ ਕਿ ਸੰਗਤ ਬੁਲਾਉਣੀ ਹੈ ਕਿਉਂਕਿ ਲਾਹੌਰ ਵਿਚ ਬੜੇ ਕਰਨੀ ਕਮਾਈ ਵਾਲੇ ਗੁਰਸਿੱਖ ਹੋਏ ਨੇ। ਹਰ ਥਾਂ ਹੀ ਹੋਇਆ ਕਰਦੇ ਨੇ, ਜਿਸ ਨੇ ਗੁਰੂ ਦੀ ਚਾਕਰੀ ਕੀਤੀ ਹੋਈ ਹੈ ਉਹਦੇ ਉਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ। ਉਹਦਾ ਬਚਨ ਵੀ ਪੂਰਾ ਹੋ ਜਾਂਦੈ, ਉਹਦੀ ਸੇਵਾ ਕੀਤੀ ਵੀ ਥਾਂ ਪੈਂਦੀ ਹੈ। ਸੋ ਕਹਿਣ ਲੱਗਿਆ, ਪਿਆਰਿਓ! ਗੁਰਸਿੱਖਾਂ ਨੂੰ ਘਰ ਬੁਲਾ ਕੇ ਚਰਨ ਪੁਆਉਣੇ ਨੇ ਤੇ ਦੂਸਰਾ ਅਰਦਾਸ ਕਰਾਉਣੀ, ਗੁਰੂ ਮਹਾਰਾਜ ਦਾ ਇਸ ਤਰ੍ਹਾਂ ਨਾਲ ਬਚਨ ਹੈ। ਉਸ ਵੇਲੇ ਉਨ੍ਹਾਂ ਨੇ ਗੁਰਸਿੱਖਾਂ ਨੂੰ ਨਿਉਤਾ ਦੇ ਦਿਤਾ। ਤਰੀਕ ਬੰਨ੍ਹ ਲਈ, ਸਾਰਿਆਂ ਨੂੰ ਕਹਿ ਦਿਤਾ ਕਿ ਸਾਡੇ ਘਰ ਵਿਚ ਤੁਸੀਂ ਚਰਨ ਪਾਇਓ। ਇਹ ਸਾਧਸੰਗਤ ਜੀ ਮਰਿਯਾਦਾ ਹੁੰਦੀ ਹੈ। ਗੁਰੂ ਦਸਵੇਂ ਪਾਤਸ਼ਾਹ ਦਾ ਇਕ ਬਚਨ ਹੈ ਉਹ ਇਹ ਹੈ ਕਿ ਜਿੱਥੇ ਪੰਜ

ਗੁਰਸਿੱਖ ਹੋਣਗੇ ਉਥੇ ਮੈਂ ਹੋਵਾਂਗਾ। ਮਹਾਰਾਜ ਨੂੰ ਇਕ ਸਵਾਲ ਕਰਿਆ ਸੀ, ਜਦੋਂ ਜਾਣ ਲੱਗੇ ਕਿ ਸੱਚੇ ਪਾਤਸ਼ਾਹ ਅਸੀਂ ਗ੍ਰਹਿਸਤੀ ਲੋਕ ਹਾਂ। ਗ੍ਰਹਿਸਤੀ ਲੋਕ ਹੋਣ ਨਾਲ ਸਾਨੂੰ ਲੋੜਾਂ ਨੇ, ਕਿਸੇ ਦੀ ਮੱਝ ਬਿਮਾਰ ਹੈ, ਕਿਸੇ ਦਾ ਲੜਕਾ ਬਿਮਾਰ ਹੋ ਗਿਆ, ਕਿਸੇ ਨੂੰ ਕੋਈ ਔਕੜ ਆ ਗਈ, ਕਿਸੇ ਨੂੰ ਕੋਈ। ਔਕੜਾਂ ਸਾਡੀਆਂ ਕਿਹੜਾ ਥੋੜ੍ਹੀਆਂ ਨੇ। ਮੇਰੇ ਕੋਲ ਆਉਂਦੇ ਨੇ ਕਿ ਜੀ! ਮੇਰੇ ਖੇਤਾਂ 'ਚ ਪਾਣੀ ਨਹੀਂ ਨਿਕਲਦਾ। ਕਿੱਡੀ ਵੱਡੀ ਔਕੜ ਹੈ। ਮੈਂ ਸਾਰੇ ਬੋਰ ਕਰਾ ਲਏ ਨੇ ਮੇਰੇ ਪਾਣੀ ਨਹੀਂ ਨਿਕਲਿਆ। ਸਾਡੇ ਕੋਲ ਤਾਂ ਕੋਈ ਇਲਾਜ ਨਹੀਂ ਹੈ। ਨਾ ਧਰਤੀ 'ਚ ਦੇਖ ਸਕਦੇ ਹਾਂ ਕਿ ਇਥੇ ਕੁ ਹੈ ਪਾਣੀ। ਮਹਾਰਾਜ ਨੂੰ ਯਾਦ ਕਰੀਦੈ ਕਿ ਸੱਚੇ ਪਾਤਸ਼ਾਹ! ਤੁਹਾਡਾ ਇਕ ਬਚਨ ਹੈ ਕਿ ਜਿਹੜਾ ਤੁਸੀਂ ਜਾਣ ਵੇਲੇ ਦਿਤਾ ਹੈ ਸਾਨੂੰ। ਉਹ ਇਹ ਹੈ ਕਿ ਜਦੋਂ ਗੁਰੂ ਦਸਵੇਂ ਪਾਤਸ਼ਾਹ ਨੂੰ ਕਿਹਾ ਕਿ ਅਸੀਂ ਗ੍ਰਹਿਸਤੀ ਲੋਕ ਹਾਂ ਮਹਾਰਾਜ, ਸਾਡੇ ਕਾਰਜ ਕਿਵੇਂ ਸਿੱਧ ਹੋਣਗੇ। ਸਾਨੂੰ ਤਾਂ ਹਰ ਥਾਂ ਦੇ ਉਤੇ ਲੋੜ ਹੈ। ਸਾਡੀ ਤਾਂ ਜ਼ਿੰਦਗੀ ਹੀ ਤੁਸੀਂ ਹੋਂ। ਤੁਹਾਡੇ ਬਗੈਰ ਤਾਂ ਅਸੀਂ ਸੁੰਨੇ ਹੋ ਜਾਂਦੇ ਹਾਂ, ਪਾਤਸ਼ਾਹ! ਸਾਡੇ ਕਾਰਜ ਕਿਵੇਂ ਹੋਣਗੇ। ਗ੍ਰਹਿਸਤੀ ਆਦਮੀ ਹਾਂ, ਵਿਰੱਕਤ ਹੋਈਏ, ਫੇਰ ਵੀ ਚਲੋ ਠੀਕ ਹੈ। ਸਾਨੂੰ ਤਾਂ ਪੈਰ-ਪੈਰ 'ਤੇ ਲੋੜ ਹੈ ਹਰ ਚੀਜ਼ ਦੀ। ਮਹਾਰਾਜ ਕਹਿੰਦੇ, ਦੇਖੋ ਗੁਰਸਿੱਖੋ! ਜਿੱਥੇ ਤੁਸੀਂ ਪੰਜ ਗੁਰਸਿੱਖਾਂ ਨੂੰ ਇਕੱਠੇ ਕਰ ਲਓਂਗੇ। ਉਨ੍ਹਾਂ ਨੂੰ ਸ਼ਰਧਾ ਦੇ ਨਾਲ ਪ੍ਰਸ਼ਾਦ ਪਾਣੀ ਛਕਾਓ। ਉਹਦੀ ਵੀ ਵਿਧੀ ਹੁੰਦੀ ਹੈ, ਪ੍ਰਸ਼ਾਦ ਪਾਣੀ ਛਕਾਉਣ ਦੀ। ਫੇਰ ਉਹ ਅਰਦਾਸ ਕਰਨਗੇ। ਤੁਸੀਂ ਵਿਸ਼ਵਾਸ਼ ਰੱਖਿਓ ਉਨ੍ਹਾਂ ਵਿਚ ਮੈਂ ਬੈਠਾ ਹੋਵਾਂਗਾ। ਐਡਾ ਵਿਸ਼ਵਾਸ਼ ਚਾਹੀਦਾ ਹੈ। ਇਹ ਪ੍ਰਤਿਆ ਕੇ ਦੇਖਿਆ ਹੈ ਮੈਂ।

ਮਾੜੀਆਂ-ਮਾੜੀਆਂ ਗੱਲਾਂ ਨੇ ਐਵੇਂ ਹੀ। ਇਕ ਪ੍ਰੇਮੀ ਆਇਆ, ਕਹਿਣ ਲੱਗਿਆ ਜੀ ਮੈਂ ਮੱਝਾਂ ਲਿਆਂਦੀਆਂ ਨੇ, ਥਣ ਬੰਦ ਹੋ ਗਏ। ਹੁਣ ਇਹਦਾ ਇਲਾਜ ਕੀ ਹੈ? ਡਾਕਟਰ ਨੂੰ ਬੁਲਾ ਤੇ ਉਹਨੂੰ ਦਿਖਾ ਭਾਈ। ਪਰ ਖਹਿੜੇ ਪਿਆ ਕਿ ਨਹੀਂ ਜੀ। ਮੈਂ ਕਿਹਾ ਤੂੰ ਇਸ ਤਰ੍ਹਾਂ ਕਰ, ਪੰਜ ਸਿੰਘਾਂ ਨੂੰ ਬੁਲਾ ਸ਼ਰਧਾ ਦੇ ਨਾਲ, ਸਿੰਘ ਕਿਹੜੇ? ਜਿਹੜੇ ਗੁਰੂ ਨਾਲ ਪਿਆਰ ਕਰਨ ਵਾਲੇ ਹੋਣ, ਇਹ ਨਹੀਂ ਕਿ ਆਪਣੇ ਨਾਲ ਹੀ ਪਿਆਰ ਕਰਨ ਵਾਲੇ ਹੋਣ, ਗੁਰੂ ਨੂੰ ਹਰ ਵਕਤ ਭੁੱਲੇ ਰਹਿੰਦੇ ਹੋਣ। ਨਿੰਦਿਆ, ਚੁਗਲੀ, ਈਰਖਾ, ਵਖੀਲੀ ਤੋਂ ਦੂਰ ਹੋਣ। ਰਸ ਵਾਲਿਆਂ ਨੂੰ ਬੁਲਾ ਤੂੰ। ਜਿਹੜੇ ਬੰਦਗੀ ਕਰਦੇ ਨੇ ਜਿਨ੍ਹਾਂ ਨੇ ਆਪਣੇ ਜੀਵਨ ਗੁਰੂ ਦੇ ਅਰਪਣ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਸਾਰ ਕਰਦੇ ਨੇ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਅਸੀਂ ਗੁਰਬਾਣੀ ਤੋਂ ਬਾਹਰ ਨਹੀਂ ਜਾਣਾ। ਜਿਹੜਾ ਕੁਛ ਬਾਣੀ ਕਹਿੰਦੀ ਹੈ, ਉਸ ਤੋਂ ਅੱਗੇ ਸੋਚਣਾ ਹੀ ਨਹੀਂ ਅਸੀਂ।

ਸਾਨੂੰ ਲੋੜ ਹੀ ਨਹੀਂ ਸੋਚਣ ਦੀ, ਕਿਉਂਕਿ ਅਸੀਂ ਆਪਣੇ ਗੁਰੂ ਦੀ ਬਾਤ ਮੰਨਣੀ ਹੈ। ਮੈਂ ਕਿਹਾ, ਇਸ ਤਰ੍ਹਾਂ ਕਰੀਂ, ਜਦੋਂ ਉਹ ਆਉਣਗੇ, ਸ਼ਰਧਾ ਨਾਲ ਉਨ੍ਹਾਂ ਦੇ ਚਰਨ ਧੋਈਂ, ਉਸ ਤੋਂ ਬਾਅਦ ਪ੍ਰਸ਼ਾਦ ਛਕਾਈਂ, ਪਹਿਲਾਂ ਪ੍ਰਸ਼ਾਦ ਤੇ ਖੀਰ ਪਾਂਈ, ਜੇ ਕਹਿਣ ਦਾਲ ਦਿਓ, ਦਾਲ ਦੇ ਦੇਈਂ। ਤੂੰ ਜਿੰਨਾਂ ਚਿਰ ਪ੍ਰਸ਼ਾਦਾ ਛਕਾਉਣੈ, ਇਸ ਤਰ੍ਹਾਂ ਕਹੀਂ ਕਿ ਮੇਰੇ ਘਰ ਗੁਰੂ ਕਲਗੀਧਰ ਆਏ ਹੋਏ ਨੇ। ਜੇ ਤਾਂ ਐਡਾ ਤੇਰਾ ਵਿਸ਼ਵਾਸ਼ ਹੋਏਗਾ, ਫੇਰ ਤਾਂ ਤੇਰੀ ਮੁਰਾਦ ਪੂਰੀ ਹੋ ਜਾਏਗੀ, ਜੇ ਤੂੰ ਕਿਹਾ ਕਿ ਫਲਾਣਾ-ਫਲਾਣਾ ਆਇਆ ਹੋਇਐ, ਇਹ ਫਲਾਣੇ ਥਾਉਂ ਬਜ਼ਾਰ 'ਚ ਮੈਂ ਦੇਖਿਆ ਸੀ, ਉਥੇ ਦੇਖਿਆ ਸੀ, ਤਾਂ ਨਹੀਂ ਹੋਣੀ। ਇਕੱਠਾ ਦੇਖੀਂ ਗੁਰੂ ਨੂੰ, ਪੰਜਾਂ ਦੇ ਵਿਚ ਗੁਰੂ ਨੂੰ ਦੇਖੀਂ।

ਕਹਿੰਦਾ ਠੀਕ ਹੈ ਜੀ। ਮੇਰੇ ਕੋਲ ਫੇਰ ਆ ਗਿਆ, ਕਹਿੰਦਾ ਜੀ, ਸਿੰਘ ਤਾਂ ਆ ਗਏ, ਉਹ ਚਰਨ ਨਹੀਂ ਧੁਆਉਂਦੇ। ਸਮੱਸਿਆ ਹੋ ਗਈ ਕਿ ਚਰਨ ਧੁਆਉਂਦੇ ਨਹੀਂ, ਉਹ ਤਾਂ ਧੋਣ ਵਾਲੇ ਨੇ, ਦੂਜੇ ਤੋਂ ਕਿਵੇਂ ਧੁਆਉਣ। ਮੈਂ ਕਿਹਾ ਇਸ ਤਰ੍ਹਾਂ ਕਰ ਪਾਣੀ ਰੱਖ ਲੈ। ਉਨ੍ਹਾਂ ਨੂੰ ਕਹਿਣ ਕਿ ਮਹਾਰਾਜ! ਕ੍ਰਿਪਾ ਕਰਕੇ, ਪਾਣੀ ਵਿਚ ਦੀ ਲੰਘ ਜਾਓ। ਉਸੇ ਤਰ੍ਹਾਂ ਨਾਲ ਕਰਿਆ। ਮੈਂ ਕਿਹਾ, ਮੱਝਾਂ ਨੂੰ ਪਿਲਾ ਦੇਈਂ ਪਾਣੀ।

ਤੀਜੇ ਕੁ ਦਿਨ ਦੁੱਧ ਲੈ ਕੇ ਆ ਗਿਆ। ਬੀਬੀਆਂ ਬੈਠੀਆਂ ਨੇ ਇਥੇ ਦੀਵਾਨ 'ਚ ਹੀ। ਮੈਂ ਕਿਹਾ, ਕਿਵੇਂ ਫੇਰ? ਕਹਿੰਦਾ, ਜੀ ਸਾਰੀਆਂ ਦੇ ਹੀ ਥਣ ਖੁੱਲ੍ਹ ਗਏ, ਪਤਾ ਨਹੀਂ ਕੀ ਹੋਇਆ ਸੀ।

ਇਕ ਆਇਆ ਕਹਿਣ ਲੱਗਿਆ, ਮੇਰੀ ਤਾਂ ਜ਼ਮੀਨ 'ਚੋਂ ਪਾਣੀ ਨਹੀਂ ਨਿਕਲਦਾ। ਮੈਂ ਕਿਹਾ, ਪੰਜ ਸਿੰਘਾਂ ਨੂੰ ਪ੍ਰਸ਼ਾਦ ਛਕਾ, ਨਾਲ ਲੈ ਜਾ, ਸ਼ਰਧਾ ਨਾਲ ਜਾਈਂ ਸਿਰ 'ਤੇ ਪ੍ਰਸ਼ਾਦ ਚੁੱਕ ਲਈਂ ਤੇ ਇਸ ਤਰ੍ਹਾਂ ਸਮਝੀਂ ਕਿ ਮੇਰੇ ਨਾਲ ਗੁਰੂ ਜਾ ਰਹੇ ਨੇ। ਤੂੰ ਤੁਰਿਆਂ ਜਾਈਂ, ਜਿੱਥੇ ਤੇਰੇ ਮਨ 'ਚ ਆ ਗਿਆ ਕਿ ਇਥੇ ਖੜ੍ਹ ਜਾ, ਉਥੇ ਹੀ ਖੜ੍ਹ ਜਾਈਂ, ਪਾਣੀ ਨਿਕਲ ਆਏਗਾ। ਬੜਾ ਖੁਸ਼ ਹੋਇਆ, ਪਾਣੀ ਨਿਕਲ ਆਇਆ। ਕਹਿੰਦਾ, ਜੀ ਮੇਰੇ ਖੇਤ 'ਚ ਤਾਂ ਹੈ ਨਹੀਂ। ਮੈਂ ਕਿਹਾ, ਗੁਰੂ ਮਹਾਰਾਜ ਸੱਚੇ ਪਾਤਸ਼ਾਹ! ਉਹ ਕਿਤੇ ਗਏ ਹੋਏ ਨਹੀਂ। ਗੁਰੂ ਦਸਵੇਂ ਪਾਤਸ਼ਾਹ ਨੇ ਬਚਨ ਕਰਿਆ ਹੈ ਕਿ -

***ਪੰਥ ਖਾਲਸਾ ਖੇਤੀ ਮੇਰੀ, ਕਰਹੂੰ ਸੰਭਾਲ ਮੈਂ ਤਿਸ ਕੇਰੀ।***

ਖੇਤ ਨੂੰ ਛੱਡ ਕੇ ਅਸੀਂ ਜਾਨੇ ਆਂ? ਖੇਤ ਦੇ ਵਿਚ ਰਹਿੰਦੇ ਹਾਂ। ਗੁਰੂ ਨੇ ਆਪਣਾ ਸਰੀਰ ਅਲੋਪ ਕਰਕੇ, ਪੰਜਾਂ ਦੇ ਵਿਚ ਪਾ ਦਿਤਾ। ਸੋ ਜੇ ਤਾਂ ਸ਼ਰਧਾ ਹੈ ਫੇਰ ਤਾਂ ਠੀਕ ਹੈ, ਨਹੀਂ ਸ਼ਰਧਾ ਹੈ ਤਾਂ ਗੱਲ ਨਹੀਂ

ਬਣਦੀ। ਮਹਾਰਾਜ ਕਹਿਣ ਲੱਗੇ, ਪਿਆਰਿਆ! ਸਿੱਖਾਂ ਦੀ ਮਨ ਲਾ ਕੇ ਸੇਵਾ ਕਰ। ਤੇਰਾ ਕਾਰਜ ਸਿੱਧ ਹੋ ਜਾਏਗਾ। ਲੰਗਰ ਤਿਆਰ ਹੋ ਗਿਆ, ਬੜੇ ਹੀ ਪਿਆਰ ਦੇ ਨਾਲ ਸੰਗਤਾਂ ਨੂੰ ਲੈ ਆਇਆ। ਪ੍ਰਸ਼ਾਦਾ ਛਕਾ ਦਿਤਾ। ਅਰਦਾਸ ਹੋਣ ਲੱਗੀ। ਐਨੇ ਨੂੰ ਇਕ ਗੁਰਸਿੱਖ ਆ ਗਿਆ, ਜਿਸਨੂੰ ਬਹੁਤ ਭੁੱਖ ਲੱਗੀ ਹੋਈ ਸੀ। ਬੀਤਰਾਗ ਅਵਸਥਾ ਦਾ ਸਿੱਖ ਸੀ। ਪੂਰਨ ਮਹਾਂਪੁਰਸ਼ ਸੀ। ਉਹ ਕਹਿਣ ਲੱਗਿਆ, ਭਾਈ ਬੁੱਧੂ! ਮੈਂ ਸੁਣਿਆ ਕਿ ਅੱਜ ਤੇਰੇ ਗ੍ਰਹਿ ਵਿਚ ਗੁਰਸਿੱਖ ਆਏ ਨੇ, ਮੈਨੂੰ ਬੜੀ ਭੁੱਖ ਲੱਗੀ ਹੋਈ ਹੈ, ਕ੍ਰਿਪਾ ਕਰ, ਮੈਨੂੰ ਪੰਗਤ 'ਚ ਬਿਠਾ ਕੇ ਪ੍ਰਸ਼ਾਦਾ ਛਕਾ ਦਿਓ। ਕੁਛ ਥੋੜ੍ਹਾ ਜਿਹਾ ਮਾਣ ਹੋਇਆ-ਹੋਇਆ ਸੀ, ਕੁਛ ਉਹਦੇ ਕੱਪੜੇ-ਲੀੜੇ ਦੇਖੇ ਕਿ ਗਰੀਬੜਾ ਜਿਹਾ ਸਿੱਖ ਹੈ, ਜੁੱਤੀ ਪੈਰਾਂ ਵਿਚ ਨਹੀਂ ਹੈ, ਕੁੜਤਾ ਪਾਟਿਆ ਹੋਇਆ ਹੈ, ਧੂੜ ਨਾਲ ਲੱਥ-ਪੱਥ ਹੋਇਆ-ਹੋਇਆ ਹੈ। ਕਹਿਣ ਲੱਗਿਆ, ਹੁਣ ਤੂੰ ਕਿੱਥੋਂ ਆ ਗਿਆ, ਜਦੋਂ ਲੰਗਰ ਵਰਤਦਾ ਸੀ ਉਦੋਂ ਸੁੱਤਾ ਪਿਆ ਸੀ। ਉਸ ਵੇਲੇ ਤੇ ਹੁਣ ਤੂੰ ਆ ਗਿਆ, ਤੈਨੂੰ ਕਿਹੜਾ ਪ੍ਰਸ਼ਾਦਾ ਹੁਣ ਮੈਂ ਦੇ ਦੂੰ। ਸਪੈਸ਼ਲ ਲਾਵਾਂ ਹੁਣ ਤੇਰੇ ਵਾਸਤੇ, ਅਰਦਾਸ ਹੋ ਰਹੀ ਹੈ। ਗੁਰਸਿੱਖ ਕਹਿਣ ਲੱਗਿਆ, ਪਿਆਰਿਆ! ਮੈਨੂੰ ਭੁੱਖ ਬੜੀ ਲੱਗੀ ਹੋਈ ਹੈ। ਤੂੰ ਗੁਰਸਿੱਖ ਬੁਲਾਏ ਨੇ ਨਾ ਮੈਨੂੰ ਵੀ ਉਨ੍ਹਾਂ ਦੇ ਵਿਚ ਗਿਣ ਲੈ। ਬਹੁਤ ਫਿੱਕਾ ਬੋਲਿਆ, ਕਹਿਣ ਲਗਿਆ ਤੈਨੂੰ ਗਿਣਨੈ, ਮੂੰਹ ਤਾਂ ਦੇਖ ਆਪਣਾ। ਹੁਣ ਆ ਕੇ ਲੱਗਿਆ ਕਰਨ। ਉਸ ਵੇਲੇ ਭਾਈ ਲੱਖੂ ਨੇ ਉਸ ਨੂੰ ਸਮਝਾਉਣ ਵਾਸਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ-

***ਧਾਰਨਾ - ਤੈਨੂੰ ਸਿੱਖੀ ਦੀ ਸਮਝ ਨਾ ਆਈ,***
***ਫਿੱਕੇ ਕਾਹਤੋਂ ਬੋਲ ਬੋਲਦੈਂ।***

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥***

***ਅੰਗ - 473***

ਕਹਿਣ ਲੱਗੇ, ਗੁਰੂ ਮਹਾਰਾਜ ਦਾ ਬਚਨ, ਫਿੱਕੇ ਵਾਸਤੇ ਕੀ ਹੈ? ਦਰਗਾਹ 'ਚੋਂ ਸੁੱਟਿਆ ਜਾਂਦੈ। ਕਿਉਂਕਿ ਗੁਰਸਿੱਖੀ ਵਿਚ ਮਿੱਠਾ ਬੋਲਣਾ, ਮ੍ਰਿਦੁਲ ਬਚਨ ਕਹਿੰਦੇ ਨੇ, ਜਵਾਬ ਵੀ ਦੇਣਾ ਹੱਥ ਬੰਨ੍ਹ ਕੇ, ਟੁੱਟ ਕੇ ਨਹੀਂ ਪੈਣਾ, ਕਿਉਂਕਿ ਕੌੜੇ ਬੋਲ ਦੇ ਵਿਚ ਬੜੇ ਨੁਕਸਾਨ ਨਿਕਲਦੇ ਨੇ।

ਹਿੰਦੁਸਤਾਨ ਦਾ ਸਭ ਤੋਂ ਵੱਡਾ ਜੰਗ ਜਿਸਨੂੰ ਮਹਾਂਭਾਰਤ ਕਹਿੰਦੇ ਨੇ, ਇਕ ਫਿੱਕਾ ਬੋਲ ਬੋਲਣ ਦੇ ਨਾਲ ਹੋਇਆ। ਪਾਂਡਵਾਂ ਨੇ ਆਪਣੇ ਰਾਜ ਦੇ

ਵਿਚ ਇਕ ਮਹਿਲ ਬਣਾਇਆ। ਮਾਇਆ ਮਹਿਲ ਕਹਿੰਦੇ ਨੇ, ਐਨਾ ਵਧੀਆ ਬਣਾਇਆ ਕਿ ਧਰਤੀ ਤਾਂ ਲੱਗੇ ਪਾਣੀ, ਪਾਣੀ ਲੱਗੇ ਧਰਤੀ, ਐਸੇ ਰੰਗ ਭਰੇ। ਬੰਦ ਦਰਵਾਜ਼ਾ ਖੁੱਲ੍ਹਾ ਲੱਗੇ, ਖੁੱਲ੍ਹਾ ਬੰਦ ਲੱਗੇ। ਦੁਰਯੋਧਨ ਨੂੰ ਤੇ ਹੋਰ ਸਾਰਿਆਂ ਨੂੰ ਚੱਠ ਕਰਨ ਵਾਸਤੇ ਬੁਲਾਇਆ। ਇਹ ਜਦੋਂ ਦੁਰਯੋਧਨ ਲੰਘਣ ਲੱਗਿਆ ਤਾਂ ਇਹਨੇ ਭੁਲੇਖਾ ਖਾ ਲਿਆ ਕਿ ਆਹ ਜਿਹੜਾ ਸੁੱਕਾ ਥਾਉਂ ਤਾਂ ਏਧਰ ਰਹਿ ਗਿਆ, ਪਾਣੀ ਓਧਰ ਹੈ। ਰੰਗ ਐਸੇ ਕਰੇ ਹੋਏ ਸੀ। ਪਾਣੀ ਦੇ ਵਿਚ ਗਿਰ ਗਿਆ। ਬੜਾ ਘਬਰਾਇਆ। ਅੱਗੇ ਜਾ ਕੇ ਜਦੋਂ ਦਰਵਾਜ਼ੇ 'ਚੋਂ ਲੰਘਣ ਲੱਗਿਆ ਤਾਂ ਦਰਵਾਜ਼ਾ ਜਿਹੜਾ ਖੁੱਲ੍ਹਾ ਸੀ ਉਹਦੇ ਵਿਚੋਂ ਤਾਂ ਲੰਘਿਆ ਨਾ, ਜਿਹੜਾ ਲਗਦਾ ਖੁੱਲ੍ਹਾ ਸੀ ਪਰ ਬੰਦ ਸੀ ਉਥੇ ਜਾ ਕੇ ਮੱਥਾ ਲੱਗਿਆ ਇਹਦਾ। ਉੱਤੇ ਦਰੋਪਤੀ ਬੈਠੀ ਸੀ, ਹੱਸੀ ਬਹੁਤ, ਨਾਲ ਕਹਿ ਬੈਠੀ, ਅੰਨ੍ਹੇ ਦਾ ਅੰਨ੍ਹਾ ਹੀ ਜੰਮਿਆ। ਉਹ ਕਹਿੰਦਾ, ਮੈਂ ਅੰਨ੍ਹਾ ਹੈਗਾ, ਮੈਂ ਤੈਨੂੰ ਐਸਾ ਸਬਕ ਸਿਖਾਉਂਗਾ। ਪੁੱਛਾਂਗਾ ਇਸ ਗੱਲ ਦਾ ਜਵਾਬ ਤੇਰੇ ਤੋਂ। ਭਰੀ ਸਭਾ 'ਚ ਤੇਰੀ ਬੇਇਜ਼ਤੀ ਕਰਾਂਗਾ। ਫੇਰ ਹੋਇਆ ਕੀ -

***ਅੰਦਰਿ ਸਭਾ ਦੁਸਾਸਣੈ ਮਥੈਵਾਲ ਦ੍ਰੋਪਤੀ ਆਂਦੀ।***
***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਧੀ।***

***ਭਾਈ ਗੁਰਦਾਸ ਜੀ, ਵਾਰ 10/8***

ਨਤੀਜਾ ਇਸ ਦਾ ਮਹਾਨ ਵੱਡਾ ਮਹਾਂਭਾਰਤ ਦਾ ਯੁੱਧ ਹੋਇਆ। ਫਿੱਕਾ, ਕੌੜਾ ਬੋਲਣ ਨਾਲ। ਮਿੱਠਾ ਬੋਲਣ ਨਾਲ ਔਖੇ ਤੋਂ ਔਖਾ ਕੰਮ ਸੁਖਾਲਾ ਹੋ ਜਾਂਦੈ। ਕੌੜਾ ਬੋਲਣ ਨਾਲ ਸੌਖੇ ਤੋਂ ਸੌਖਾ ਕੰਮ ਬਿਖਮ ਹੋ ਜਾਇਆ ਕਰਦੈ।

ਸੋ ਉਸ ਗੁਰਸਿੱਖ ਨੇ ਜਦੋਂ ਐਸੇ ਬੋਲ ਬੋਲੇ, ਕਹਿੰਦਾ ਦੇਖ ਲਊਂਗਾ ਤੈਨੂੰ ਮੈਂ, ਇਕ ਪਾਸੇ ਸੰਗਤ ਹੈ ਤੂੰ ਕੀ ਗੱਲਾਂ ਕਰਦੈ?

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ! ਅਜੇ ਛੋਟੀ ਆਯੂ ਦੇ ਵਿਚ ਸਨ ਸਰੀਰਕ ਤੌਰ 'ਤੇ। ਮਸੰਦ ਜਿਹੜੇ ਸੀ, ਕਈਆਂ ਨੂੰ ਗੁਰੂ ਸਾਹਿਬ 'ਤੇ ਸ਼ਰਧਾ ਨਹੀਂ ਸੀ ਆ ਰਹੀ ਕਿ ਅਜੇ ਬੱਚਾ ਹੀ ਹੈ। ਸੀਂਹੇਂ ਮਸੰਦ ਵਰਗੇ, ਚੇਤੂ ਮਸੰਦ ਵਰਗੇ, ਚੋਰੀਆਂ ਕਰਦੇ ਸੀ ਤੇ ਇਕ ਦਿਨ ਐਸਾ ਉਥੇ ਵਾਪਰਿਆ ਕਿ ਇਕ ਮਦਾਰੀ ਜਾਂਦੈ ਰਿੱਛ ਲਈਂ। ਮਹਾਰਾਜ ਨੇ ਜਦੋਂ ਦੇਖਿਆ, ਕਹਿੰਦੇ, ਇਹਨੂੰ ਬੁਲਾਓ। ਉਸ ਨੂੰ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਕਿ ਤਮਾਸ਼ਾ ਦਿਖਾ। ਮਸੰਦ ਕਹਿਣ ਲੱਗੇ, ਮਹਾਰਾਜ! ਤੁਸੀਂ ਐਸ ਵੇਲੇ ਗੱਦੀ 'ਤੇ ਬੈਠੇ ਹੋਂ, ਸੰਗਤਾਂ ਬੈਠੀਆਂ ਨੇ, ਇਹ ਬੱਚਿਆਂ ਵਾਲਾ ਕੰਮ ਫੇਰ ਕਰ ਲਿਓ ਤੁਸੀਂ ਇਹ ਕੀ ਕਰਨ ਲੱਗੇ ਹੋਂ, ਸਾਰੀ ਸੰਗਤ ਦੇ

ਸਾਮ੍ਹਣੇ ਕਹਿ ਦਿਤਾ ਕਿ ਤਮਾਸ਼ਾ ਦਿਖਾ। ਰੂਹਾਨੀ ਮਾਹੌਲ ਬਣਿਆ ਹੋਇਆ ਹੈ, ਇਹ ਲੋਕ ਹੱਸਣਗੇ ਤਮਾਸ਼ਾ ਦੇਖ ਕੇ। ਸਾਡਾ ਫਰਜ਼ ਬਣ ਜਾਂਦੈ, ਸਾਡੀ ਵੀ ਡਿਊਟੀ ਹੈ ਕਿ ਅਸੀਂ ਵੀ ਤੁਹਾਨੂੰ ਕੁਛ ਸਮਝਾਈਏ। ਮਹਾਰਾਜ ਕਹਿੰਦੇ, ਖਾਮੋਸ਼, ਚੁੱਪ ਰਹੋ। ਤੁਹਾਨੂੰ ਨਹੀਂ ਪਤਾ ਕੀ ਗੱਲ ਹੈ।

ਉਹ ਰਿੱਛ ਨੱਚਣ ਲਗ ਗਿਆ, ਕਦੇ ਕੁਛ ਕਰਦੈ, ਕਦੇ ਤਮਾਸ਼ੇ ਕਰਦੈ। ਉਹ ਭਾਈ ਕੀਰਤੀਆ ਜਿਹੜਾ ਚੌਰ ਕਰਦਾ ਸੀ ਮਹਾਰਾਜ ਜੀ ਨੂੰ, ਉਹ ਉੱਚੀ-ਉੱਚੀ ਹੱਸਣ ਲਗ ਗਿਆ। ਮਹਾਰਾਜ ਜੀ ਨੇ ਪਿੱਛੇ ਨੂੰ ਦੇਖਿਆ ਕਹਿੰਦੇ, ਭਾਈ ਕੀਰਤੀਆਂ ਤੂੰ ਨਾ ਹੱਸ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਕਿਉਂ ਨਾ ਹੱਸਾਂ ਜਦ ਸਾਰੇ ਹੱਸਦੇ ਨੇ?

ਕਹਿੰਦੇ, ਤੇਰਾ ਪਿਉ ਹੈ ਇਹ।

ਦੂਸਰੇ ਪਾਸੇ ਆਇਆ ਤੇ ਆ ਕੇ ਚੌਰ ਰੱਖ ਦਿਤਾ ਮਹਾਰਾਜ ਜੀ ਦੇ ਚਰਨਾਂ 'ਚ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰੇ ਪਿਤਾ ਨੇ ਗੁਰੂ ਨੌਵੇਂ ਪਾਤਸ਼ਾਹ ਦੀ ਚੌਰ ਬਰਦਾਰੀ ਸਾਰੀ ਜ਼ਿੰਦਗੀ ਕਰੀ ਤੇ ਮੈਂ ਉਹਦਾ ਪੁੱਤਰ ਹੋ ਕੇ ਤੁਹਾਡਾ ਚੌਰ ਕਰ ਰਿਹਾ ਹਾਂ। ਉਹ ਤਾਂ ਬਣ ਗਿਆ ਰਿੱਛ ਤੇ ਤੁਸੀਂ ਮੈਨੂੰ ਬਾਂਦਰ ਬਣਾਓਂਗੇ? ਗੁੱਸੇ ਹੋ ਗਿਆ।

ਮਹਾਰਾਜ ਕਹਿੰਦੇ, ਪਿਆਰਿਆ! ਗੱਲ ਸਮਝੀਦੀ ਹੈ, ਇਸ ਤਰ੍ਹਾਂ ਗੁਰੂਆਂ ਪੀਰਾਂ ਦੇ ਨਾਲ ਹਨੌਰੇ ਨਹੀਂ ਕਰੀਦੇ ਹੁੰਦੇ, ਨਾ ਉਨ੍ਹਾਂ ਨੂੰ ਕੋਈ ਪਰਵਾਹ ਹੁੰਦੀ ਹੈ ਕਿਸੇ ਦੀ ਹਨੌਰੇ ਦੀ। ਉਨ੍ਹਾਂ ਨੇ ਤਾਂ ਤਾਰਨਾ ਹੁੰਦੈ, ਜੁਗਤ ਹੁੰਦੀ ਹੈ। ਠਹਿਰ ਜਾ ਕਹਿੰਦੇ ਤੂੰ, ਤੈਨੂੰ ਪਤਾ ਲਗ ਜਾਊਗਾ।

ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਮਦਾਰੀ ਨੂੰ ਕਿ ਕੀ ਇਹ ਵੇਚਣਾ ਹੈ?

ਕਹਿੰਦਾ, ਹਾਂ ਜੀ।

ਕਹਿੰਦੇ, ਕਿੰਨੇ ਪੈਸੇ ਲੈਣੇ ਨੇ?

ਕਹਿੰਦਾ, 200 ਮੋਹਰ।

ਮਹਾਰਾਜ ਨੇ ਖਜ਼ਾਨਚੀ ਨੂੰ ਕਿਹਾ, ਦੇ ਦਿਓ ਇਸ ਨੂੰ। ਜਦੋਂ ਦੇਣ ਲੱਗੇ, ਮੁੱਕਰ ਗਿਆ।

ਮਹਾਰਾਜ ਕਹਿੰਦੇ, ਹੁਣ ਰਿੱਛ ਨਹੀਂ ਜਾਣ ਦੇਣਾ, ਕਹਿੰਦੇ ਸਾਡਾ ਸਿੱਖ ਹੈ ਇਹ।

ਉਹਨੂੰ ਤੋਰ ਦਿਤਾ ਤੇ ਰਿੱਛ ਰੱਖ ਲਿਆ। ਮਹਾਰਾਜ ਕਹਿੰਦੇ, ਪ੍ਰਸ਼ਾਦ ਲਿਆਓ ਬਣਾ ਕੇ, ਪ੍ਰਸ਼ਾਦ ਲਿਆਂਦਾ, ਸੰਗਤ 'ਚ ਵਰਤਾਇਆ। ਮਹਾਰਾਜ ਨੇ ਆਪ ਲਿਆ ਤੇ ਆਪਣਾ ਸ਼ੀਤ ਪ੍ਰਸ਼ਾਦ ਅਰਦਾਸ ਕਰਕੇ ਉਸ ਰਿੱਛ ਨੂੰ ਪਾ ਦਿਤਾ। ਕੀ ਦੇਖਦੇ ਨੇ ਜਦੋਂ ਉਹਨੇ ਮੂੰਹ ਲਾਇਆ ਪ੍ਰਸ਼ਾਦ ਨੂੰ, ਛਕਿਆ ਅਤੇ ਉਸੇ ਵੇਲੇ ਧਰਤੀ 'ਤੇ ਗਿਰ ਪਿਆ। ਗਿਰੇ ਹੋਏ ਦੇ ਵਿਚੋਂ ਇਕ ਰੂਹ ਨਿਕਲਣੀ ਸ਼ੁਰੂ ਹੋ ਗਈ। ਦੇਖਦੇ-ਦੇਖਦੇ ਸਾਰੇ ਹੀ ਪਛਾਣ ਗਏ ਕਿ ਇਹ ਤਾਂ ਭਾਈ ਕੀਰਤੀਏ ਦਾ ਬਾਪੂ ਹੈ ਸੋਭਾ ਰਾਮ। ਬਾਰ-ਬਾਰ ਨਮਸ਼ਕਾਰਾਂ ਕਰੀ ਜਾਂਦੈ ਗੁਰੂ ਮਹਾਰਾਜ ਦੇ ਚਰਨਾਂ 'ਚ। ਹੈਰਾਨ ਹੋ ਗਿਆ, ਕਹਿੰਦੇ, ਹੁਣ ਪੁੱਛ ਲੈ, ਕੀਰਤੀਆ ਆਪਣੇ ਬਾਪੂ ਨੂੰ।

ਕਹਿਣ ਲੱਗਿਆ, ਪਿਤਾ ਜੀ! ਤੁਸੀਂ ਤਾਂ ਬੜੀ ਸੇਵਾ ਕਰਦੇ ਸੀ, ਇਹ ਕੀ ਭਾਣਾ ਵਰਤਿਆ।

ਕਹਿੰਦੇ, ਪੁੱਤਰਾ! ਸੇਵਾ ਤਾਂ ਮੈਂ ਕਰਦਾ ਸੀ, ਪਰ ਸਿੱਖੀ ਨੂੰ ਮੈਂ ਸੂਖਮ ਤੌਰ 'ਤੇ ਨਹੀਂ ਸੀ ਵਿਚਾਰਿਆ ਤੇ ਇਕ ਦਿਨ ਐਸਾ ਵਾਪਰਿਆ ਕਿ ਗੁਰੂ ਨੌਵੇਂ ਪਾਤਸ਼ਾਹ ਦੇ ਦਰਬਾਰ ਦੇ ਅੰਦਰ ਮੈਂ ਪ੍ਰਸ਼ਾਦ ਵਰਤਾ ਰਿਹਾ ਸੀ। ਇਕ ਗੁਰਸਿੱਖ ਆਇਆ ਜਿਸ ਦਾ ਨਾਂ ਭਾਈ ਧੰਨਾ ਸੀ, ਬੀਤਰਾਗ ਅਵਸਥਾ ਦਾ। ਬ੍ਰਹਮਗਿਆਨ ਦਾ, ਅਭੇਦ ਅਵਸਥਾ ਦਾ ਗੁਰਸਿੱਖ ਸੀ। ਉਹ ਗੱਡਾ ਲੈ ਕੇ ਆਇਆ ਸੀ ਦਸਵੰਧ ਦੇਣ ਵਾਸਤੇ ਤੇ ਧੂੜ ਐਨੀ ਪਈ ਹੋਈ ਉਹਦਾ ਦਾਹੜਾ ਵੀ ਭਰਿਆ ਹੋਇਆ, ਪਛਾਣਿਆ ਨਾ ਜਾਵੇ। ਮੂੰਹ, ਕੱਪੜੇ ਲੀੜੇ, ਸਾਰੇ ਕਿਤੇ ਧੂੜ ਨਾਲ ਲੱਥਪੱਥ ਹੋਏ-ਹੋਏ ਸੀ। ਉਹ ਆਇਆ ਸੀ ਮੇਰੇ ਕੋਲ ਪ੍ਰਸ਼ਾਦ ਲੈਣ ਵਾਸਤੇ, ਗੱਡਾ ਖੜ੍ਹਾ ਆਇਆ, ਸਿੱਧਾ ਹੀ ਮੇਰੇ ਵਲ ਨੂੰ ਆ ਕੇ ਮੂਹਰੇ ਬੈਠ ਗਿਆ। ਮੈਂ ਕਿਹਾ, ਲੈ ਹੁਣੇ ਆਇਆ, ਹੁਣੇ ਆ ਕੇ ਮੰਗਣ ਲਗ ਗਿਆ ਪ੍ਰਸ਼ਾਦ। ਪ੍ਰਾਣੀ ਕੱਛ 'ਚ ਲਈ ਹੋਈ ਹੈ ਸੋਟੀ ਤੇ ਹੱਥ ਕਰੀ ਜਾਂਦੈ ਅੱਗੇ। ਕਹਿੰਦਾ, ਮੈਂ ਦੂਜੇ ਪਾਸੇ ਹੋ ਗਿਆ।

ਓਧਰ ਉਹਨੇ ਦੇਖਿਆ ਕਿ ਗੱਡਾ ਤੁਰ ਪਿਆ ਤੇ ਉਹ ਉੱਠ ਕੇ ਫੇਰ ਮੇਰੇ ਵਲ ਆਇਆ। ਮੈਨੂੰ ਕਹਿਣ ਲੱਗਿਆ ਭਾਈ ਸਾਹਿਬ! ਮੈਨੂੰ ਪ੍ਰਸ਼ਾਦ ਦੇ ਦਿਓ, ਮੇਰਾ ਗੱਡਾ ਤੁਰ ਪਿਆ। ਮੈਂ ਕਿਹਾ, ਓ ਰਿੱਛ ਜਿਹਾ, ਕਦੇ ਉਥੇ-ਕਦੇ ਉਥੇ, ਸ਼ਕਲ ਤਾਂ ਦੇਖ ਆਪ ਦੀ।

ਸਹਿਜ ਸੁਭਾਅ ਬੋਲਦੇ ਨੇ ਸੰਤਾਂ ਕੋਲ ਰਹਿ ਕੇ ਵੀ ਬੰਦੇ। ਇਸ ਤਰ੍ਹਾਂ ਦੀ ਗੱਲ ਸਮਝਦੇ ਨਹੀਂ ਹੈਗੇ।

ਕਹਿੰਦਾ, ਉਨ੍ਹਾਂ ਨੇ ਸਹਿਜ ਸੁਭਾਅ ਕਹਿ ਦਿਤਾ ਕਿ ਪਿਆਰਿਆ!

ਮੈਂ ਤਾਂ ਰਿੱਛ ਨਹੀਂ ਹਾਂ ਪਰ ਤੂੰ ਜ਼ਰੂਰ ਬਣੇਂਗਾ। ਤੇ ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਇਹ ਭਾਈ ਧੰਨਾ ਹੈ। ਉਹਨੇ ਨੀਚੇ ਗਿਰਿਆ ਇਕ ਕਿਣਕਾ ਚੁਕਿਆ ਗੁਰੂ ਕੇ ਪ੍ਰਸ਼ਾਦ ਦਾ, ਮੂੰਹ ਵਿਚ ਪਾਇਆ ਤੇ ਚੁੱਪ ਕਰਕੇ ਚਲਿਆ ਗਿਆ।

ਗੁਰੂ ਨੌਵੇਂ ਪਾਤਸ਼ਾਹ ਨੂੰ ਮੈਂ ਬੇਨਤੀ ਕਰੀ ਕਿ ਪਾਤਸ਼ਾਹ! ਭਗਤ ਧੰਨਾ ਮੈਨੂੰ ਇਸ ਤਰ੍ਹਾਂ ਕਹਿ ਗਿਆ। ਮਹਾਰਾਜ ਨੇ ਕਿਹਾ, ਇਹ ਤਾਂ ਨਹੀਂ ਟਲਣਾ ਤੇਰਾ। ਤੈਨੂੰ ਰਿੱਛ ਬਣਨਾ ਪੈਣੈ।

ਸੱਚੇ ਪਾਤਸ਼ਾਹ! ਮੇਰਾ ਉਧਾਰ ਕਿਵੇਂ ਹੋਏਗਾ, ਮੈਂ ਤਾਂ ਸਾਰੀ ਜ਼ਿੰਦਗੀ ਤੁਹਾਡੀ ਸੇਵਾ ਕਰੀ ਹੈ?

ਕਹਿੰਦੇ, ਦਸਵੇਂ ਜਾਮੇ 'ਚ ਅਸੀਂ ਆਪਣੇ ਹੱਥਾਂ ਨਾਲ ਆਪ ਤੇਰਾ ਉਧਾਰ ਕਰਾਂਗੇ। ਸੇਵਾ ਤੇਰੀ ਨਹੀਂ ਜਾਂਦੀ ਕਿਤੇ। ਪਰ ਸਿੱਖ ਦਾ ਬਚਨ ਮੋੜ ਨਹੀਂ ਸਕਦੇ। ਕਿਉਂਕਿ ਬਾਣੀ ਦੇ ਅੰਦਰ ਐਸਾ ਫੁਰਮਾਨ ਹੈ –

***ਧਾਰਨਾ – ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ।***

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥***
***ਗਿਰਿ ਬਸੁਧਾ ਜਲ ਪਵਨ ਜਾਇਗੋ***
***ਇਕਿ ਸਾਧ ਬਚਨ ਅਟਲਾਧਾ ॥*** ***ਅੰਗ- 1204***

'ਨਿਸਿ' ਦਿਨ ਨੂੰ ਕਹਿੰਦੇ ਨੇ 'ਬਾਸੁਰ' ਰਾਤ ਨੂੰ ਕਹਿੰਦੇ ਨੇ, 'ਨਖਿਅਤ੍ਰ' ਤਾਰੇ, ਸੂਰਜ ਵੀ ਤੇ ਚੰਦਰਮਾ ਵੀ ਇਹਦਾ ਨਾਸ਼ ਹੋ ਜਾਵੇ। ਸਾਧੂ ਦਾ ਕੀਤਾ ਬਚਨ ਟਲਦਾ ਨਹੀਂ ਹੈ। ਸਹਿਜ ਸੁਭਾਅ ਬੋਲ ਪਵੇ, ਜ਼ਾਇਆ ਨਹੀਂ ਕਰਦਾ।

ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ ਭਾਈ ਗਉਰਾ ਹੋਏ ਨੇ, ਭਾਈ ਭਗਤੂ ਦਾ ਵੱਡਾ ਪੁੱਤਰ। ਆਪ ਦੀ ਸੇਵਾ ਦੇ ਵਿਚ ਇਕ ਗੁਰਸਿੱਖ ਸੀ, ਜਿਸ ਨੂੰ ਭਾਈ ਗੋਦੜੀਆ ਕਹਿੰਦੇ ਹੁੰਦੇ। ਇਕ ਦਿਨ ਭਾਈ ਗਉਰਾ ਕਿਸੇ ਨੂੰ ਕੁੱਟਣ ਲਗ ਗਿਆ, ਕਿਸੇ ਨੌਕਰ ਤੋਂ ਗਲਤੀ ਹੋ ਗਈ। ਆਪ ਕਹਿਣ ਲੱਗੇ, ਭਾਈ ਗਉਰਾ ਕਿਉਂ ਮਾਰਦੈਂ ਤੂੰ ਇਹਨੂੰ? ਕਹਿਣ ਲੱਗਿਆ, ਤੂੰ ਚੁੱਪ ਕਰਕੇ ਬੈਠਾ ਰਹਿ, ਤੈਨੂੰ ਕੀ ਪਤਾ ਰਾਜ ਭਾਗ ਕੀ ਹੁੰਦੈ?

ਕਹਿਣ ਲੱਗੇ, ਬੜਾ ਆਫਰਿਆ ਹੋਇਐਂ?

ਆਫਰਿਆ ਹੋਇਆ ਕਹਿਣ ਦੀ ਦੇਰ ਸੀ, ਉਸੇ ਵੇਲੇ ਅਫਾਰਾ ਹੋ ਗਿਆ, ਲਿਟਣ ਲਗ ਗਿਆ ਧਰਤੀ 'ਤੇ। ਹਕੀਮ ਬੁਲਾ ਲਏ। ਉਹ ਕਹਿਣ ਲੱਗੇ, ਸਰਦਾਰ ਜੀ! ਅਫਾਰਾ ਜਿਹੜਾ ਹੈ ਉਹ ਬਹੁਤ ਬੁਰੀ ਤਰ੍ਹਾਂ

ਦਾ ਹੈ। ਕੀ ਖਾ ਲਿਆ? ਕਹਿੰਦਾ, ਕੁਛ ਨਹੀਂ ਖਾਧਾ। ਕਹਿੰਦਾ, ਓ ਭਾਈ ਗੋਦੜੀਆ ਜੋ ਹੈ, ਉਹਨੇ ਮੈਨੂੰ ਕਹਿ ਦਿਤਾ, ਬਹੁਤ ਆਫਰਿਆ ਹੋਇਐਂ, ਉਦੋਂ ਦਾ ਹੀ ਆਫਰ ਗਿਆ ਮੈਂ। ਉਹਦੇ ਕੋਲ ਗਏ। ਉਹਨੇ ਪੈਰਾਂ ਦੇ ਕੋਲ ਮਿੱਟੀ ਲੱਗੀ ਹੋਈ ਸੀ, ਕਹਿੰਦੇ ਆਹ ਲੈ, ਆਹ ਲਾ ਦਿਓ। ਲਾ ਦਿਤੀ, ਠੀਕ ਹੋ ਗਿਆ। ਡਰ ਗਿਆ ਭਾਈ ਗਉਰਾ। ਕਹਿਣ ਲੱਗਿਆ, ਭਾਈ ਗੋਦੜੀਆ! ਤੇਰੀ ਸੇਵਾ ਤਾਂ ਥਾਂ ਪਈ। ਹੁਣ ਤੂੰ ਘਰ ਨੂੰ ਜਾਹ।

ਘਰ ਚਲੇ ਗਏ, ਘਰਦਿਆਂ ਨੇ ਦੇਖ ਲਿਆ ਕਿ ਬਿਰਧ ਮੁੜ ਆਇਆ। ਠੀਕ ਹੈ, ਕੰਮ ਕਾਰ ਲਓ ਇਸ ਤੋਂ ਜਿੰਨਾਂ ਲੈਣੈ। ਜਿਹੜਾ ਕੰਮ ਕਹਿਣ ਕਰੀ ਜਾਣ। ਆਪ ਤਾਂ ਮਸਤ ਰਹਿੰਦੇ ਸੀ ਹਰ ਵਕਤ ਨਾਮ 'ਚ।

ਗੁਰੂ ਦਸਵੇਂ ਪਾਤਸ਼ਾਹ ਨੂੰ ਜਦੋਂ ਭਾਈ ਗੋਦੜੀਆ ਮਿਲੇ। ਗੁਰੂ ਦਸਵੇਂ ਪਾਤਸ਼ਾਹ ਨੇ ਫੁਰਮਾਨ ਕਰਿਆ, ਇਹ ਸਿੱਖ ਸਾਰੇ ਮਾਲਵੇ ਨੂੰ ਤਾਰਨ ਦੀ ਸੱਤਾ ਰਖਦੈ। ਸਾਰਾ ਮਾਲਵਾ ਤਰ ਸਕਦੈ ਇਸ ਗੁਰਸਿੱਖ ਨਾਲ, ਐਸਾ ਉੱਚਾ ਗੁਰਸਿੱਖ ਹੈ। ਇੱਕ ਦਿਨ ਲਾ ਦਿਤਾ ਘਰਦਿਆਂ ਨੇ ਸਰ੍ਹੋਂ ਪੁੱਟਣ, ਚੇਤ ਦਾ ਮਹੀਨਾ ਸੀ, ਰੇਤੇ ਦਾ ਖੇਤ ਸੀ। ਪਰ ਸਰ੍ਹੋਂ ਪੱਕੀ ਹੋਈ ਸੀ ਤੇ ਉਹ ਜੜ੍ਹੋਂ ਹੀ ਪੁੱਟ-ਪੁੱਟ ਢੇਰ ਲਾਈ ਜਾਂਦਾ ਸੀ। ਐਨੇ ਨੂੰ ਕੋਈ ਮਿਲਣ ਵਾਲਾ ਆ ਗਿਆ, ਕਹਿਣ ਲੱਗਿਆ, ਭਾਈ ਗੋਦੜੀਆ! ਕੀ ਕਰਨ ਲੱਗਿਐਂ? ਹਾਲਾਂਕਿ ਆਪਾਂ ਦੇਖਦੇ ਹੁੰਦੇ ਹਾਂ, ਫੇਰ ਪੁੱਛ ਲੈਂਦੇ ਹਾਂ ਕਿ ਕੀ ਕਰਨ ਲੱਗਿਐਂ? ਕਹਿਣ ਲੱਗਿਆ ਕਿ ਮੈਂ ਸਰ੍ਹੋਂ ਦੀਆਂ ਜੜ੍ਹਾਂ ਪੁੱਟਦਾਂ, ਕਹਿ ਹੋ ਗਿਆ, ਟੱਬਰ ਦੀਆਂ ਜੜ੍ਹਾਂ ਪੁਟਦਾਂ।

ਸੱਤਾਂ ਦਿਨਾਂ ਦੇ ਅੰਦਰ ਸਾਰੇ ਪੁੱਤਰ, ਪੋਤਰੇ, ਨੂੰਹਾਂ, ਬੱਚੇ ਸਾਰੇ ਟੱਬਰ ਦਾ ਖਾਤਮਾ ਹੋ ਗਿਆ। ਇਕ ਵੀ ਨਾ ਬਚਿਆ। ਕੋਈ ਰੰਜ ਨਹੀਂ ਹੈ, ਕੋਈ ਅਫਸੋਸ ਨਹੀਂ। ਕਿਉਂਕਿ ਜੀਵਨ ਮੁਕਤ ਅਵਸਥਾ ਦਾ ਗੁਰਸਿੱਖ ਸੀ। ਸੋ ਉਸ ਤੋਂ ਬਾਅਦ ਉਹ ਫਿਰਨ ਤੁਰਨ ਲਗ ਗਏ। ਇਕ ਦਿਨ ਜਾ ਰਹੇ ਨੇ ਜਿਸ ਤਰ੍ਹਾਂ ਆਪਣਾ ਗੁਰਦੁਆਰਾ ਹੈ ਇਸ ਤਰ੍ਹਾਂ ਆ ਗਏ। ਸਾਮ੍ਹਣੇ ਤੋਂ ਇਕ ਮਾਈ ਆਈ, ਕਹਿਣ ਲੱਗੀ, ਭਾਈ ਸਾਹਿਬ! ਤੁਸੀਂ ਆ ਗਏ, ਮਹਾਂਪੁਰਸ਼ੋ। ਮੈਂ ਤੁਹਾਨੂੰ ਛਕਣ ਵਾਸਤੇ ਦਹੀਂ ਲੈ ਆਉਂਨੀ ਹਾਂ। ਛਕ ਲਓਂਗੇ? ਕਹਿੰਦੇ ਹਾਂ।

ਘਰ ਗਈ, ਦਹੀਂ ਬਹੁਤਾ ਨਹੀਂ ਸੀ, ਥੋੜ੍ਹਾ ਸੀ। ਉਹਨੇ ਕਿਹਾ ਕਿ ਮਿਰਚਾਂ ਪਾ ਦਿਓ। ਉਹਨੇ ਮਿਰਚਾਂ ਪਾ ਦਿਤੀਆਂ। ਜਦੋਂ ਬਰਤਨ ਲੈਣ ਆਈ ਦੁਬਾਰਾ, ਕਹਿੰਦੀ ਬਾਬਾ ਜੀ! ਦਹੀਂ ਕਿਹੋ ਜਿਹਾ ਸੀ? ਕਹਿੰਦੇ,

ਸੱਪ ਲੜਨੀਏ! ਦਹੀਂ ਤਾਂ ਬਹੁਤ ਵਧੀਆ ਸੀ ਤੂੰ ਮਿਰਚਾਂ ਜ਼ਿਆਦਾ ਪਾ ਦਿਤੀਆਂ। ਉਹ ਘਰ ਵਾਪਸ ਆਈ, ਆਉਂਦੀ ਹੋਈ ਪਾਥੀਆਂ ਕੱਢਣ ਲੱਗੀ, ਉਥੇ ਹੀ ਸੱਪ ਲੜ ਗਿਆ। ਬਚਨ ਨਹੀਂ ਟਲਿਆ ਕਰਦਾ, ਬਹੁਤ ਸੋਚ ਕੇ ਮਹਾਤਮਾ ਨੂੰ ਬੋਲਣਾ ਪੈਂਦੈ। ਕਿਸੇ ਨੂੰ ਨਹੀਂ ਕਹਿੰਦੇ ਉਹ ਕਿ ਤੂੰ ਮਰ ਜਾ, ਤੇਰਾ ਬੁਰਾ ਹੋ ਜਾਏ। ਕਹਿੰਦੇ ਹੀ ਨਹੀਂ। ਕਿਉਂਕਿ ਬਚਨ ਦੇ ਉਤੇ ਪਹਿਰਾ ਦਿਤਾ ਹੁੰਦੈ ਉਨ੍ਹਾਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਬਹੁਤ ਮਹਾਤਮਾ ਐਸੇ ਹੋਏ ਨੇ। ਅਭੇਦ ਅਵਸਥਾ ਦੇ ਹੋਇਆ ਕਰਦੇ ਨੇ। ਜੀਵਨ ਮੁਕਤ ਹੁੰਦੇ ਨੇ –

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ- 275*

ਉਹ ਹਰ ਵਕਤ ਵਾਹਿਗੁਰੂ ਦੇ ਨਾਲ ਜੁੜੇ ਹੋਣ ਕਰਕੇ, ਹਰ ਵਕਤ ਉਨ੍ਹਾਂ ਦੇ ਅੰਦਰ ਪ੍ਰਮੇਸ਼ਰ ਤੇ ਗੁਰੂ ਦਾ ਪਿਆਰ ਐਉਂ ਰਹਿੰਦੈ ਜਿਵੇਂ ਆਹਮੋ-ਸਾਹਮਣੇ ਹੋਈਏ ਤੇ ਨਾਮ ਉਨ੍ਹਾਂ ਦੀ ਰਸਨਾ ਤੋਂ ਵਿਸਰਦਾ ਹੀ ਨਹੀਂ ਕਦੇ। ਹੁਣ ਜਦੋਂ ਨਾਮ ਰਸਨਾ 'ਤੇ ਰਹਿੰਦੈ, ਮਹਾਰਾਜ ਕਹਿੰਦੇ, ਫੇਰ ਵਾਹਿਗੁਰੂ ਵੀ ਉਹਦੀ ਰਸਨਾ 'ਤੇ ਰਹਿੰਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਪ੍ਰਭ ਜੀ ਦਾ ਵਾਸਾ ਹੈ, ਸੰਤਾਂ ਦੀ ਰਸਨਾ ਉਤੇ।*

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਘੋੜੀ ਲੈ ਕੇ ਆਏ ਨਵੀਂ। ਖੇਤਾਂ ਵਿਚ ਜਾ ਰਹੇ ਨੇ ਤੇ ਘੋੜੀ ਨੇ ਬੱਕ ਮਾਰਿਆ। ਅਚਾਨਕ ਇਉਂ ਖੜ੍ਹਾ ਹੋ ਜਾਣਾ, ਪਿਛਲਾ ਪਾਸਾ ਉੱਚਾ ਕਰ ਦਿਤਾ ਤੇ ਬਾਬਾ ਜੀ ਥੱਲੇ ਗਿਰ ਗਏ। ਮਨ ਵਿਚ ਖਿਆਲ ਆਇਆ ਕਿ ਰੋਜ਼ ਇਸ ਘੋੜੀ ਨੂੰ ਪਾਲਦੇ ਹਾਂ, ਪਲੋਸਦੇ ਹਾਂ, ਮਾਲਿਸ਼ ਕਰਦੇ ਹਾਂ, ਫੇਰ ਵੀ ਇਸ ਤਰ੍ਹਾਂ ਦਾ ਕੰਮ ਕਰਦੀ ਹੈ। ਉਨ੍ਹਾਂ ਨੇ ਚੁੱਕ ਕੇ ਡਲ੍ਹਾ ਮਾਰਿਆ, ਨਾਲ

ਕਹਿ ਦਿਤਾ ਚੋਰਾਂ ਦੇ ਜਾਣੀ, ਅਜੇ ਵੀ ਸਵਾਰੀ ਠੀਕ ਤਰ੍ਹਾਂ ਨਹੀਂ ਦਿੰਦੀ।

ਸਵੇਰੇ ਜਦੋਂ ਅੰਮ੍ਰਿਤ ਵੇਲੇ ਉਠੇ, ਸੇਵਾਦਾਰ ਆਏ ਕਹਿਣ ਲੱਗੇ, ਬਾਬਾ ਜੀ! ਘੋੜੀ ਤਾਂ ਹੈ ਨਹੀਂ, ਕੋਈ ਚੋਰ ਲੈ ਗਏ।

ਕਹਿੰਦੇ ਕੋਈ ਨਾ, ਫਿਕਰ ਨਾ ਕਰੋ। ਸਾਡੇ ਤੋਂ ਹੀ ਕਲ੍ਹ ਕਹਿ ਹੋ ਗਿਆ ਸੀ ਚੋਰਾਂ ਦੇ ਜਾਣੀ। ਬਚਨ ਕਰਿਆ ਨੀ ਤੇ ਪੂਰਾ ਹੋ ਜਾਇਆ ਕਰਦੈ, ਮਹਾਤਮਾ ਦਾ।

ਸੋ ਇਸ ਤਰ੍ਹਾਂ ਭਾਈ ਲੱਖੂ ਦਾ ਨਿਰਾਦਰ ਹੋਇਆ। ਫਿੱਕੇ ਬੋਲ ਬੋਲਿਆ। ਉਸ ਵੇਲੇ ਅੰਦਰ ਅਰਦਾਸ ਹੋ ਰਹੀ ਹੈ ਕਿ ਪਾਤਸ਼ਾਹ! ਗੁਰਸਿੱਖ ਨੇ ਬੜੀ ਸੇਵਾ ਕਰੀ ਹੈ, ਤੁਸੀਂ ਸੰਗਤ ਦੇ ਵਿਚ ਵਸਦੇ ਹੋਂ ਤੇ ਇਹ ਜੋ ਭਾਈ ਬੁੱਧੂ ਜੀ ਨੇ ਆਵਾ ਪਾਇਆ ਹੈ, ਉਹ ਪੱਕ ਜਾਵੇ, ਪੂਰੀਆਂ ਇੱਟਾਂ ਨਿਕਲਣ। ਐਨੀ ਜਦੋਂ ਅੰਦਰ ਅਰਦਾਸ ਹੋਈ ਤਾਂ ਉਸ ਵੇਲੇ ਉੱਚੀ ਦੇ ਕੇ ਕਹਿ ਦਿਤਾ ਪੱਕਦਾ ਨਹੀਂ ਆਵਾ, ਕੱਚਾ ਰਹੇਗਾ-ਕੱਚਾ ਰਹੇਗਾ। ਤਿੰਨ ਵਾਰੀ ਕਹਿ ਦਿਤਾ।

ਉਸ ਵੇਲੇ ਭਾਈ ਬੁੱਧੂ ਕਹਿਣ ਲੱਗਿਆ, ਕੱਚਾ ਕਿਵੇਂ ਰਹੇਗਾ, ਮੈਂ ਤਾਂ ਖੋਲ੍ਹ ਕੇ ਪਹਿਲਾਂ ਦੇਖ ਆਇਆ, ਪ੍ਰਸ਼ਾਦਾ ਪਿੱਛੋਂ ਛਕਾਇਆ। ਇੱਟਾਂ ਪੱਕੀਆਂ ਨਿਕਲੀਆਂ ਨੇ। ਕਹਿੰਦੇ, ਜਾਹ, ਕੱਚੀਆਂ ਬਣ ਗਈਆਂ ਪੱਕੀਆਂ ਦੀਆਂ। ਉਸ ਵੇਲੇ ਜਾ ਕੇ ਜਦੋਂ ਫੇਰ ਮੋਰੀ ਕਰਕੇ ਦੇਖਿਆ, ਹੈਰਾਨ ਹੋ ਗਿਆ ਕਿ ਸਾਰਾ ਆਵਾ ਹੀ ਮਿੱਟੀ ਦੀ ਮਿੱਟੀ ਬਣ ਗਿਆ। ਅਫਸੋਸ 'ਚ ਆ ਗਿਆ ਤੇ ਕੁਛ ਨਹੀਂ ਬਣਦਾ। ਹੈਰਾਨ ਹੁੰਦੈ ਕਿ ਗੁਰੂ ਸਾਹਿਬ ਨੇ ਬਚਨ ਕਰਿਐ ਤੇ ਗੁਰੂ ਦਾ ਬਚਨ ਨਾ ਲੱਗੇ? ਉਸ ਵੇਲੇ ਅੰਮ੍ਰਿਤਸਰ ਗੁਰੂ ਮਹਾਰਾਜ ਕੋਲ ਆਇਆ, ਬੜਾ ਅਫਸੋਸ ਉਹਦੇ ਮਨ ਦੇ ਅੰਦਰ ਸੀ। ਗੁਰੂ ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਸੰਗਤ ਨੂੰ ਵੀ ਪ੍ਰਸ਼ਾਦਾ ਛਕਾ ਦਿਤਾ। ਤੁਸੀਂ ਵੀ ਮੈਨੂੰ ਕਿਹਾ ਸੀ ਕਿ ਇੱਟਾਂ ਤੇਰੀਆਂ ਪੱਕੀਆਂ ਨਿਕਲਣਗੀਆਂ। ਕੀ ਗੱਲ ਹੋ ਗਈ ਪਾਤਸ਼ਾਹ! ਮੇਰੀ ਤਾਂ ਸਾਰੀ ਦੌਲਤ ਜਿਹੜੀ ਸੀ ਉਹ ਮਿੱਟੀ ਬਣ ਗਈ। ਮੈਂ ਤਾਂ ਕਾਸੇ ਜੋਗਾ ਨਾ ਰਿਹਾ। ਉਹ ਤਾਂ ਕੱਚੀਆਂ ਪਈਆਂ ਨੇ ਇੱਟਾਂ, ਪਿੱਲੀਆਂ ਪਈਆਂ ਨੇ, ਕਿਸੇ ਨੇ ਖਰੀਦਣੀਆਂ ਨਹੀਂ ਪਾਤਸ਼ਾਹ! ਮੈਂ ਤਾਂ ਮਾਰਿਆ ਗਿਆ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਬੁੱਧੂ ਅਸੀਂ ਜੋ ਤੈਨੂੰ ਬਚਨ ਕਰਿਆ ਸੀ ਕਿ ਗੁਰਸਿੱਖਾਂ ਨੂੰ ਤੂੰ ਪ੍ਰਸ਼ਾਦਾ ਛਕਾ। ਉਹ ਤੂੰ ਛਕਾ ਦਿਤਾ? ਕਹਿੰਦਾ, ਹਾਂ ਮਹਾਰਾਜ! ਅਰਦਾਸ ਕਰ ਦਿਤੀ? ਕਹਿੰਦੇ, ਤੇਰੇ ਦਾਨ ਦੇ ਅੰਦਰ, ਤੇਰੀ ਸੇਵਾ ਦੇ ਅੰਦਰ ਭੰਗਣਾ ਪੈ ਗਈ, ਇਸ ਤਰ੍ਹਾਂ ਫੁਰਮਾਨ

ਕਰਦੇ ਨੇ –

*ਧਾਰਨਾ – ਪੈ ਗਈ ਭੰਗਣਾ ਬੁੱਧੂ ਕੋਈ ਭਾਰੀ,*
*ਸਿੱਖ ਕੋਈ ਭੁੱਖਾ ਰਹਿ ਗਿਆ।*

ਕਹਿਣ ਲੱਗੇ, ਬੁੱਧੂ ਠੀਕ ਹੈ ਤੂੰ ਪਿਆਰ ਨਾਲ ਸੇਵਾ ਕਰੀ ਹੈ। ਪਰ ਸਾਨੂੰ ਐਉਂ ਲਗਦੈ ਕੋਈ ਗੁਰਸਿੱਖ, ਮੇਰਾ ਪਿਆਰਾ ਭੁੱਖਾ ਚਲਿਆ ਗਿਆ।

*ਸਤਿਗੁਰ ਕਹਯੋ 'ਜੁ ਸੰਗਤਿ ਭੋਜਨ।*
*ਬਿਰਥਾ ਗਯੋ ਤਹਾਂ ਤੇ ਕੋ ਜਨ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1837*

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਗੱਲ ਤਾਂ ਜ਼ਰੂਰ ਹੋਈ ਹੈ। ਕਹਿੰਦੇ, ਵਿਚਾਰ ਕਰ।

*ਭਯੋ ਦੋਸ਼ ਕੁਛ ਲੇਹੁ ਬਿਚਾਰੀ।*
*ਸੁਨਿ ਬੁੱਧੂ ਕਰ ਜੋਰਿ ਉਚਾਰੀ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1837*

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਥੇ ਇਕ ਮਸਤਾਨਾ ਜਿਹਾ ਤੁਰਿਆ ਫਿਰਦਾ ਹੁੰਦੈ। ਪਹਿਲਾਂ ਉਹ ਧਾੜਵੀ ਸੀ ਤੇ ਭਾਈ ਪ੍ਰਾਣੇ ਨੇ ਉਹਨੂੰ ਸਿੱਖ ਬਣਾਇਆ, ਸੱਚੇ ਪਾਤਸ਼ਾਹ! ਉਹ ਇਸ ਤਰ੍ਹਾਂ ਹੀ ਲੋਕਾਂ ਨਾਲ ਲੜਦਾ ਰਹਿੰਦੈ। ਲੱਗ ਗਿਆ ਆਪਣੇ ਵਲੋਂ ਸਫਾਈ ਦੇਣ। ਪਾਤਸ਼ਾਹ! ਅਰਦਾਸ ਹੋਣੀ ਸੀ ਆ ਕੇ ਪਿੱਛੋਂ ਕਹੇ ਕਿ ਮੈਨੂੰ ਪ੍ਰਸ਼ਾਦਾ ਛਕਾ ਤੇ ਮੈਂ ਫੇਰ ਉਸ ਨੂੰ ਪ੍ਰਸ਼ਾਦਾ ਛਕਾਇਆ ਨਹੀਂ।

ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਬੁੱਧੂ, ਤੂੰ ਤਾਂ ਗੱਲ ਸਾਰੀ ਹੀ ਵਿਗਾੜ ਦਿਤੀ। ਜਿਸ ਲੱਖੂ ਨੂੰ ਤੂੰ ਕਹਿੰਦੈ ਕਿ ਐਵੇਂ ਤੁਰਿਆ ਫਿਰਦੈ, ਉਹ ਤਾਂ ਮੇਰੇ ਵਿਚ ਰਹਿੰਦੈ ਹਰ ਵਕਤ ਤੇ ਮੈਂ ਉਹਦੇ ਵਿਚ ਰਹਿੰਦਾ ਹਾਂ। ਉਹ ਮੇਰਾ ਪਿਆਰਾ ਸਿੱਖ ਹੈ –

*ਦਾਸ ਅਨਿੰਨ ਮੇਰੋ ਨਿਜ ਰੂਪ ॥*
*ਦਰਸਨ ਨਿਮਖ ਤਾਪ ਤ੍ਰਈ ਮੋਚਨ*
*ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥* *ਅੰਗ– 1252*

ਕਹਿੰਦੇ, ਉਹ ਤਾਂ ਮੇਰਾ ਸਿੱਖ ਹੈ, ਹਰ ਵਕਤ ਮੇਰੇ ਵਿਚ ਰਹਿੰਦੈ।

ਗੁਰੂ ਪਾਤਸ਼ਾਹ ਫੁਰਮਾਨ ਕਰਦੇ ਨੇ ਕਿ ਮੇਰੇ ਸਿੱਖਾਂ ਦੀ ਕੀਤੀ ਹੋਈ ਸੇਵਾ ਮੈਨੂੰ ਚੰਗੀ ਲਗਦੀ ਹੈ–

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ।*

*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ।*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ ਅਉਰ ਦਯੋ ਸਭ ਫੀਕੋ।*
*ਮੋ ਗ੍ਰਹਿ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭਹੀ ਇਨਹੀ ਕੋ।*

*(ਗਿਆਨ ਪ੍ਰਬੋਧ ਪਾ: 10)*

ਐ ਗੁਰਸਿੱਖਾਂ ਦਾ ਹੀ ਹੈ ਮੇਰੇ ਕੋਲ ਸਾਰਾ ਕੁਛ।

*ਜੁਧ ਜਿਤੇ ਇਨ ਹੀ ਕੇ ਪ੍ਰਸਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨਹੀ ਕ੍ਰਿਪਾ ਫੁਨ ਧਾਮ ਭਰੇ।*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀਂ ਮੋ ਸੇ ਗਰੀਬ ਕਰੋਰ ਪਰੇ॥ (ਗਿਆਨ ਪ੍ਰਬੋਧ ਪਾ: 10)*

ਕਹਿੰਦੇ, ਮੇਰੇ ਵਰਗੇ ਤਾਂ ਹਜ਼ਾਰਾਂ ਗਰੀਬ ਤੁਰੇ ਫਿਰਦੇ ਨੇ, ਮੈਂ ਤਾਂ ਆਪਣੇ ਗੁਰਸਿੱਖਾਂ ਦੀ ਕ੍ਰਿਪਾ ਨਾਲ ਹੀ ਤੁਹਾਨੂੰ ਨਜ਼ਰ ਆਉਂਦਾ ਹਾਂ। ਇਹ ਤਾਂ ਮੇਰਾ ਜੀਵਨ ਨੇ –

*ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥*

*ਅੰਗ – 1253*

ਮੇਰਾ ਜੀਵਨ ਤਾਂ ਮੇਰੇ ਪਿਆਰੇ ਨੇ ਤੇ ਇਹ ਮੇਰਾ ਸਿੱਖ ਜਿਹੜਾ ਹੈ, ਮੈਨੂੰ ਸਿੱਖਾਂ ਦੀ ਕੀਤੀ ਹੋਈ ਸੇਵਾ ਭਾਉਂਦੀ ਹੈ। ਮੇਰੇ ਸਿੱਖ ਨੂੰ ਪ੍ਰਸੰਨ ਕਰ ਲਓ, ਮੈਂ ਪ੍ਰਸੰਨ ਹੋ ਜਾਇਆ ਕਰਦਾ ਹਾਂ। ਕਿਉਂਕਿ ਮੇਰੇ ਸਿੱਖ ਮੇਰੇ ਪਿਆਰੇ ਨੇ, ਅਰ ਮੇਰਾ ਰੂਪ ਨੇ। ਇਸ ਤਰ੍ਹਾਂ ਨਾਲ ਪੜ੍ਹ ਲਓ–

*ਧਾਰਨਾ – ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।*

ਕਹਿਣ ਲੱਗੇ, ਭਾਈ ਬੁੱਧੂ! ਮੇਰੇ ਵਿਚ ਤੇ ਮੇਰੇ ਗੁਰਸਿੱਖਾਂ ਵਿਚ ਕੋਈ ਫਰਕ ਨਹੀਂ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌ ਕਰੌ ਨਿਵਾਸ॥ ਸਰਬ ਲੋਅ ਗ੍ਰੰਥ 'ਚੋਂ*

ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਜਿਹੜੇ ਖਾਲਸਾ ਪਦ ਦੇ ਗੁਰਸਿੱਖ ਨੇ, ਉਹ ਮੇਰਾ ਰੂਪ ਨੇ ਤੇ ਮੈਂ ਉਨ੍ਹਾਂ 'ਚ ਨਿਵਾਸ ਰਖਦਾ ਹਾਂ। ਖਾਲਸਾ ਕੌਣ ਹੈ?

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ, ਮੋ ਮਹਿ, ਰੰਚਕ ਨਾਹਨ ਭੇਵ।*

ਮੇਰੇ ਵਿਚ ਤੇ ਉਹਦੇ ਵਿਚ ਤੇ ਵਾਹਿਗੁਰੂ ਵਿਚ ਕੋਈ ਭੇਦ ਨਾ ਜਾਣਿਓ। ਕਿਉਂਕਿ ਉਨ੍ਹਾਂ ਦੇ ਅੰਦਰ ਮੈਂ ਵਸਦਾਂ-

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ*
*ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਅੰਗ- 317*

ਜਿਹੜਾ ਮੇਰੇ ਸਿੱਖਾਂ ਨੂੰ ਲੋਚਦੈ ਉਨ੍ਹਾਂ ਉਤੇ ਮੈਂ ਖੁਸ਼ ਹੋ ਜਾਂਦਾ ਹਾਂ ਤੇ ਹੁਣ ਤੂੰ ਦੱਸ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸੰਗਤ ਤਾਂ ਸਾਰੀ ਪ੍ਰਸੰਨ ਗਈ ਹੈ -

*ਸਭਿ ਪ੍ਰਸੰਨ ਹੋਏ ਜਬਿ ਖਾਂਇ।*
*ਏਕ ਸਿੱਖ ਤਬਿ ਜਾਚਯੋ ਆਇ।*
*ਤਿਸ ਕੋ ਨਹਿੰ ਅਹਾਰ ਮੈਂ ਦੀਨਾ।*
*ਕਾਚੋ ਰਹੈ-ਤਾਂਹਿ ਬਚਕੀਨਾ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1837*

ਉਹਨੂੰ ਮੈਂ ਪ੍ਰਸ਼ਾਦਾ ਨਹੀਂ ਛਕਾਇਆ ਉਹਨੇ ਕਹਿ ਦਿਤਾ ਆਵਾ ਕੱਚਾ ਰਹੇਗਾ। ਸੱਚੇ ਪਾਤਸ਼ਾਹ! ਉਹਨੂੰ ਮੈਂ ਪਲਟ ਕੇ ਇਹ ਵੀ ਗੱਲ ਕਹੀ -

*ਮੈਂ ਭਾਖਯੋ ਐਸੋ ਨਹਿੰ ਕੋਇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1837*

ਸੰਸਾਰ ਦੇ ਅੰਦਰ ਕੀ, ਸਾਰੇ ਬ੍ਰਹਿਮੰਡ ਦੇ ਅੰਦਰ ਕੋਈ ਐਸਾ ਨਹੀਂ ਹੈ -

*ਮੈਂ ਭਾਖਯੋ-ਐਸੋ ਨਹਿੰ ਕੋਇ।*
*ਸਤਿਗੁਰ ਬਾਕ ਮਿਟਾਵੈ ਜੋਇ॥*
*ਤੁਮਰੋ ਵਾਕ ਨਿਫਲ ਕਰਿ ਦਯੋ।*
*ਤਿਸ ਕੋ ਕਹਯੋ ਸਾਚ ਸਭਿ ਭਯੋ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1837*

ਸੱਚੇ ਪਾਤਸ਼ਾਹ! ਹੁਣ ਮੈਂ ਕੀ ਕਹਿ ਸਕਦਾ ਹਾਂ, ਤੁਹਾਡਾ ਕਿਹਾ ਹੋਇਆ ਤਾਂ ਨਿਹਫਲ ਹੋ ਗਿਆ ਤੇ ਸਿੱਖ ਦਾ ਕਿਹਾ ਹੋਇਆ ਸਫਲ ਹੋ ਗਿਆ। ਮੈਂ ਉਹਨੂੰ ਕਿਹਾ ਕਿਉਂ ਝੂਠ ਬੋਲਦੈਂ, ਗੁਰਾਂ ਦਾ ਵਾਕ ਨਿਹਫਲ ਨਹੀਂ ਹੋ ਸਕਦਾ -

*ਧਾਰਨਾ - ਵਾਕ ਗੁਰਾਂ ਦਾ ਨਾ ਕਦੇ ਨਿਹਫਲ ਹੋਵੇ,*
*ਸਿੱਖਾ ਕਾਹਤੋਂ ਝੂਠ ਬੋਲਦੈਂ।*

ਪਾਤਸ਼ਾਹ! ਇਕ ਪਾਸੇ ਆਪ ਦਾ ਬਚਨ, ਇਕ ਪਾਸੇ ਸੰਗਤ ਦੀ ਅਰਦਾਸ ਤੇ ਇਕ ਪਾਸੇ ਉਹ ਲਟਬੌਰਾ ਜਿਹਾ ਸਿੱਖ। ਮੈਂ ਕਿਹਾ, ਸਿੱਖਾ! ਕਿਉਂ ਝੂਠ ਬੋਲਦੈਂ, ਗੁਰੂ ਨੇ ਕਹਿ ਦਿਤਾ ਪੱਕਾ, ਸੰਗਤ ਨੇ ਅਰਦਾਸ ਕਰ

ਦਿਤੀ ਕਿ ਪੱਕਾ। ਕਹਿੰਦਾ, ਮੇਰੀ ਜ਼ੁਬਾਨ 'ਤੇ ਵੀ ਤਾਂ ਗੁਰੂ ਹੀ ਬੋਲਦੈ ਪਿਆਰਿਆ।

ਸੱਚੇ ਪਾਤਸ਼ਾਹ! ਇਹ ਕੀ ਮਾਮਲਾ ਹੋਇਆ? ਕ੍ਰਿਪਾ ਕਰਕੇ ਮੈਨੂੰ ਦੱਸੋ, ਮੈਂ ਤਾਂ ਸ਼ਸੋਪੰਜ 'ਚ ਪੈ ਗਿਆ ਕਿ ਤੁਹਾਡਾ ਬਚਨ ਬਦਲ ਦੇਵੇ ਸਿੱਖ?

***ਕਿਤਿਕ ਕਾਲ ਜਬਿ ਬੈਠਯੋ ਰਹਯੋ।***
***ਕਰੁਨਾ ਕਰੀ ਗੁਰੂ ਪੁਨ ਲਹਯੋ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838***

ਜਦੋਂ ਕਾਫੀ ਦੇਰ ਬੈਠੇ ਨੂੰ ਹੋ ਗਏ, ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਕਿ ਭਾਈ ਬੁੱਧੂ! ਮੇਰਾ ਬਚਨ ਬਦਲਣ ਦੀ ਸਮਰੱਥਾ ਸਿੱਖ ਵਿਚ ਤਾਂ ਹੈਗੀ ਤੇ ਮੈਂ ਸਿੱਖ ਦਾ ਬਚਨ ਨਹੀਂ ਬਦਲ ਸਕਦਾ। ਕਦੇ ਵੀ ਨਿਹਫਲ ਨਹੀਂ ਹੋਣ ਦਿੰਦਾ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ।***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ- 1253***

ਕਿਉਂ ਨਹੀਂ ਗੁਰੂ ਬਦਲਾ ਦਿੰਦਾ ਸਿੱਖਾਂ ਦਾ ਕਿਹਾ ਹੋਇਆ? ਕਹਿੰਦੇ, ਸਿੱਖ ਦਾ ਵਾਕ ਨਹੀਂ ਮੈਂ ਨਿਹਫਲ ਕਰ ਸਕਦਾ, ਆਪਣਾ ਨਿਹਫਲ ਕਰਾ ਲੈਂਨਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜਮੁਨਾ ਦੇ ਕੰਢੇ ਜਿੱਥੇ ਮਜਨੂੰ ਕਾ ਟਿੱਲਾ ਗੁਰਦੁਆਰਾ ਹੈ, ਉਸ ਥਾਂ ਦੇ ਉਤੇ ਆਪ ਸਮਾਧੀ ਸਥਿਤ ਨੇ, ਕੋਲ ਨੇੜੇ ਹੀ ਹਾਥੀ ਖਾਨਾ ਸੀ, ਉਹ ਹਾਥੀ ਮਰ ਗਿਆ ਅੰਮ੍ਰਿਤ ਵੇਲੇ ਤੇ ਮਹਾਵਤ ਜਿਹੜੇ ਸੀ, ਉਹ ਰੋਣ ਲੱਗ ਗਏ ਉੱਚੀ-ਉੱਚੀ।

ਮਹਾਰਾਜ ਜੀ ਕਹਿਣ ਲੱਗੇ, ਭਾਈ ਮਰਦਾਨਾ! ਇਹ ਕਾਹਦਾ ਰੌਲਾ-ਰੱਪਾ ਹੋ ਰਿਹੈ? ਪਤਾ ਕਰਕੇ ਆ।

ਪਤਾ ਕਰਕੇ ਆ ਗਿਆ, ਆ ਕੇ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਹਾਥੀ ਮਰ ਗਿਆ, ਉਹ ਰੋਂਦੇ ਨੇ ਕਿ ਅਸੀਂ ਬੇਰੁਜ਼ਗਾਰ ਹੋ ਗਏ ਤੇ ਹੁਣ ਸਾਨੂੰ ਕੋਈ ਨੌਕਰੀ ਨਹੀਂ ਮਿਲਣੀ।

ਕਹਿੰਦੇ, ਉਨ੍ਹਾਂ ਨੂੰ ਕਹਿ ਆ ਕਿ ਉਹ ਮਰਿਆ ਨਹੀਂ ਹੈ, ਉਠਾਲ ਲਿਓ ਇਹਨੂੰ। ਉਹ ਗਿਆ ਜਾ ਕੇ ਕਹਿੰਦਾ ਕਿ ਤੁਸੀਂ ਕਿਉਂ ਰੌਲਾ ਪਾਇਐ, ਹਾਥੀ ਤਾਂ ਮਰਿਆ ਹੀ ਨਹੀਂ ਹੈ। ਚੰਗੇ ਸਿਆਣੇ ਸੀ। ਹੋਰ ਅਣਜਾਣ ਹੁੰਦੇ, ਕਹਿ ਦਿੰਦੇ ਕਿ ਇਹ ਤਾਂ ਮਰਿਆ ਹੋਇਐ। ਕਹਿੰਦੇ,

ਸੰਤ ਨੇ ਕਹਿ ਦਿਤਾ ਕਿ ਮਰਿਆ ਨਹੀਂ ਹੈ, ਉਠਾਲੋ ਇਹਨੂੰ ਕਿਉਂਕਿ ਸ਼ਰਧਾ ਰਖਦੇ ਸੀ ਪੀਰਾਂ-ਫਕੀਰਾਂ 'ਤੇ। ਜਦੋਂ ਉਠਾਲਿਆ ਹਾਥੀ ਉਠ ਕੇ ਖੜ੍ਹਾ ਹੋ ਗਿਆ। ਸ਼ਹਿਰ 'ਚ ਗੱਲ ਚਲੀ ਗਈ, ਰਾਜੇ ਤਕ ਪਹੁੰਚ ਗਈ। ਦੂਸਰੇ ਦਿਨ ਬਾਦਸ਼ਾਹ ਆ ਜਾਂਦੈ। ਦਰਸ਼ਨ ਕਰੇ ਗੁਰੂ ਨਾਨਕ ਪਾਤਸ਼ਾਹ ਦੇ। ਕਹਿਣ ਲੱਗਿਆ, ਪੀਰ ਜੀ! ਇਹ ਤੁਸੀਂ ਹਾਥੀ ਮਰਿਆ ਹੋਇਆ ਜਿਉਂਦਾ ਕਰਿਐ?

ਮਹਾਰਾਜ ਕਹਿੰਦੇ, ਭਾਈ! ਮਾਰਨਾ, ਜੀਵਾਲਣਾ ਤਾਂ ਪ੍ਰਮੇਸ਼ਰ ਦੇ ਹੱਥ ਵਿਚ ਹੁੰਦੈ।

ਕਹਿੰਦਾ, ਫੇਰ ਮਾਰੋ ਤਾਂ ਹੁਣ। ਮਹਾਰਾਜ ਕਹਿੰਦੇ, ਇਹ ਤਾਂ ਪਹਿਲਾਂ ਹੀ ਮਰਿਆ ਹੋਇਐ, ਇਹਨੇ ਕੀ ਮਰਨੈ। ਉਸ ਵੇਲੇ ਹਾਥੀ ਗਿਰ ਗਿਆ। ਕਹਿੰਦੇ, ਹੁਣ ਜਿਉਂਦਾ ਕਰੋ।

ਮਹਾਰਾਜ ਕਹਿੰਦੇ, ਹੁਣ ਨਹੀਂ ਹੁੰਦਾ ਜਿਉਂਦਾ। ਹੁਣ ਇਹਨੂੰ ਕੋਈ ਵੀ ਨਹੀਂ ਜਿਉਂਦਾ ਕਰ ਸਕਦਾ। ਪਰਮੇਸ਼ਰ ਵੀ ਨਹੀਂ ਕਰ ਸਕਦਾ।

ਕਹਿੰਦੇ, ਕਿਉਂ?

ਕਹਿੰਦੇ, ਦੇਖੋ ਰੱਬ ਦੀ ਮਾਰੀ ਹੋਈ ਨੂੰ ਫਕੀਰ ਚੁੱਕ ਲਿਆ ਕਰਦੇ ਨੇ। ਫਕੀਰਾਂ ਦੀ ਮਾਰੀ ਹੋਈ ਨੂੰ ਰੱਬ ਨਹੀਂ ਚੁੱਕਿਆ ਕਰਦਾ। ਮਿਸਾਲ ਤੁਹਾਨੂੰ ਦੇ ਕੇ ਦਸਦੇ ਹਾਂ ਕਿ ਅੱਗ ਦੇ ਵਿਚੋਂ ਕੋਲਾ ਕੱਢ ਲਓ। ਉਹ ਸਕਿੰਟ, ਦੋ ਸਕਿੰਟ, ਹੱਥ ਦੇ ਉਤੇ ਅਸੀਂ ਘੁੰਮਾ ਸਕਦੇ ਹਾਂ। ਲੇਕਿਨ ਜਿਹੜਾ ਲੋਹਾ ਅੱਗ ਦੇ ਵਿਚ ਪਾਇਆ ਹੋਇਆ ਹੈ, ਲਾਲ ਹੋਇਆ ਹੋਇਐ, ਉਹਨੂੰ ਹੱਥ ਲਾਓ ਤਾਂ ਉਹ ਜਦੇ ਹੱਥ ਨੂੰ ਜਾਲ ਦਊ। ਕਹਿੰਦੇ, ਜਿਹੜੇ ਸਾਧੂ ਹੁੰਦੇ ਨੇ ਉਹ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਹੋ ਕੇ ਲਾਲ ਹੋਏ ਹੁੰਦੇ ਨੇ। ਉਹ ਉਹਦੇ ਰੰਗ ਵਿਚ ਰਹਿੰਦੇ ਨੇ -

*ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥*
*ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥*

*ਅੰਗ- 530*

ਕਹਿੰਦੇ, ਜਿਸ ਤਰ੍ਹਾਂ ਲੋਹਾ ਲਾਲ ਹੁੰਦੈ, ਨਹੀਂ ਹੱਥ ਲਗ ਸਕਦਾ, ਇਸੇ ਤਰ੍ਹਾਂ ਦੇ ਨਾਲ ਰੱਬ ਦੀ ਕੀਤੀ ਹੋਈ ਨੂੰ ਤਾਂ ਸੰਤ ਚੁੱਕ ਲਿਆ ਕਰਦੇ ਨੇ, ਅਭੇਦ ਅਵਸਥਾ ਵਾਲੇ।

ਇਕ ਵਾਰੀ ਇਕ ਨਵਾਬ ਸੀ ਮੁਲਤਾਨ ਦਾ, ਉਹਦਾ ਲੜਕਾ ਬੀਮਾਰ ਹੋ ਗਿਆ। ਉਹਨੇ ਸਾਰੇ ਮੁੱਲਾਂ ਮੁਲਾਣੇ ਫੜ ਕੇ ਜੇਲ੍ਹ ਵਿਚ ਦੇ ਦਿਤੇ। ਕਹਿਣ ਲੱਗਿਆ ਕਿ ਜੇ ਇਹ ਮਰ ਗਿਆ ਤੁਹਾਨੂੰ ਸਾਰਿਆਂ ਨੂੰ ਨਾਲ ਮਾਰ ਦੂੰ, ਇਹਨੂੰ ਰਾਜ਼ੀ ਕਰੋ।

ਉਹ ਕਹਿਣ ਲੱਗੇ, ਹਜ਼ੂਰ! ਇਕ ਸਾਡੇ ਨਾਲ ਦਾ ਬਾਹਰ ਹੈ। ਉਹਨੂੰ ਫੜ ਲਿਆਓ ਤਾਂ ਫਿਰ ਜਿਉਂਦਾ ਹੋ ਜਾਏਗਾ, ਉਂਞ ਉਹਦੇ ਨਾਲ ਖਾਰ ਖਾਂਦੇ ਸੀ ਸਾਰੇ।

ਨਾਉਂ ਕੀ ਹੈ?

ਕਹਿੰਦੇ, ਸ਼ਮਸਤਬਰੇਜ਼। ਫਕੀਰ ਹੈ, ਬੇਨੁਮਾ, ਚੌਥੇ ਪਦ 'ਚ ਖੇਲ੍ਹਦੈ।

ਲੈ ਆਂਦਾ ਤੇ ਲਿਆ ਕੇ ਜਦੋਂ ਜੇਲ੍ਹ 'ਚ ਬੰਦ ਕਰਕੇ ਨਵਾਬ ਨੇ ਹੁਕਮ ਸੁਣਾਇਆ ਕਿ ਦੇਖੋ ਮੇਰਾ ਲੜਕਾ ਬੀਮਾਰ ਹੈ, ਜਾਂ ਤਾਂ ਉਹਨੂੰ ਜਿਉਂਦਾ ਕਰ ਦਿਓ ਨਹੀਂ ਤਾਂ ਉਹਦੇ ਨਾਲ ਹੀ ਮਾਰ ਦੇਣਾ।

ਕਹਿਣ ਲੱਗੇ, ਨਵਾਬ ਸਾਹਿਬ! ਜੇ ਪਹਿਲਾਂ ਹੀ ਮਾਰ ਦਿਓ ਤਾਂ ਵੀ ਚੰਗਾ ਹੈ।

ਫਕੀਰ ਤਾਂ ਮਰਿਆ ਹੋਇਆ ਹੀ ਹੁੰਦੈ, ਸਰੀਰ ਵਿਚ ਵੈਸੇ ਹੀ ਹੁੰਦੈ। ਸਰੀਰ ਤੁਰਦੈ। ਫਕੀਰ ਨੂੰ ਕੋਈ ਨਹੀਂ ਮਾਰ ਸਕਦਾ, ਫਕੀਰ ਨੂੰ ਸਮਝਣਾ ਅਉਖੈ। ਹਾਂ ਸਰੀਰ ਹੈ, ਇਹ ਵਾਧੂ ਦੀ ਬਿਆਧੀ ਹੈ ਸਾਡੇ ਕੋਲ, ਮਾਰ ਦੇ।

ਨਵਾਬ ਚਲਿਆ ਗਿਆ ਤੇ ਇਹਨਾਂ ਨੇ ਚਰਨ ਫੜ ਲਏ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਗਏ। ਪੀਰ ਜੀ, ਤੁਹਾਨੂੰ ਤਾਂ ਰੋਣ ਵਾਲਾ ਕੋਈ ਨਹੀਂ, ਸਾਡੇ ਤਾਂ ਬਾਲ-ਬੱਚੇ ਛੋਟੇ-ਛੋਟੇ ਨੇ। ਕ੍ਰਿਪਾ ਕਰੋ ਸਾਡੇ 'ਤੇ। ਸਾਰੇ ਕਾਜ਼ੀ, ਸਾਰੇ ਮੁਲਾਣੇ। ਕਹਿੰਦੇ, ਕ੍ਰਿਪਾ ਤਾਂ ਮੈਂ ਕਰ ਦੂੰ, ਪਰ ਤੁਸੀਂ ਸਾਰਿਆਂ ਨੇ ਹੀ ਮੇਰੇ ਖਿਲਾਫ ਹੋ ਜਾਣੈ।

ਕਹਿੰਦੇ, ਅਸੀਂ ਕਿਵੇਂ ਖਿਲਾਫ ਹੋ ਜਾਵਾਂਗੇ।

ਐਨੇ ਨੂੰ ਨਵਾਬ ਦਾ ਲੜਕਾ ਮਰ ਗਿਆ। ਚੁੱਕ ਕੇ ਉਥੇ ਲਿਆ ਕੇ ਜੇਲ੍ਹ ਦੇ ਸਾਮ੍ਹਣੇ ਰੱਖ ਦਿਤਾ। ਕਹਿੰਦੇ, ਦੇਖੋ, ਨਹੀਂ ਤਾਂ ਜਿਉਂਦਾ ਕਰ ਦਿਓ। ਨਹੀਂ ਤਾ ਤੁਹਾਨੂੰ ਹੁਣੇ ਕਤਲ ਕਰਨਾ ਸ਼ੁਰੂ ਕਰ ਦੇਣੈ। ਉਹ ਪੈਰ ਫੜ ਰਹੇ ਨੇ, ਕਹਿੰਦੇ ਪੀਰ ਜੀ ਹੁਣ ਬਹੁੜੋ ਤੁਸੀਂ।

ਕਹਿੰਦੇ, ਤੁਸੀਂ ਕਰੋ?

ਕਹਿੰਦੇ, ਸਾਡੇ ਤੋਂ ਕਿੱਥੇ ਹੁੰਦੈ? ਕਹਿੰਦੇ, ਜੇ ਲੜਕਾ ਜਿਉਂਦਾ ਹੋ ਗਿਆ, ਤੁਸੀਂ ਮੇਰੇ ਖਿਲਾਫ ਹੋ ਜਾਣੈ ਸਾਰਿਆਂ ਨੇ। ਨਵਾਬ ਵੀ ਆ ਗਿਆ। ਕਹਿੰਦੇ, ਨਵਾਬ! ਤੇਰਾ ਲੜਕਾ ਜਿਉਂਦਾ ਹੋ ਜਾਣੈ। ਤੂੰ ਵੀ ਮੇਰੇ ਖਿਲਾਫ ਹੋ ਜਾਣੈ। ਬਹੁਤ ਮਿੰਨਤ ਖੁਸ਼ਾਮਦ ਕਰੀ, ਅਖ਼ੀਰ ਮੰਨ ਗਏ ਸ਼ਮਸ਼ਤਬਰੇਜ਼।

ਬਾਹਰ ਆ ਗਏ ਅਰਥੀ ਦੇ ਪਾਸ।

ਕਹਿੰਦੇ, ਓ ਲੜਕੇ ਖ਼ੁਦਾ ਕੇ ਹੁਕਮ ਸੇ ਜਿਉਂਦਾ ਹੋ ਜਾ।

ਕੁਛ ਨਾ ਹੋਇਆ।

ਥੋੜ੍ਹੀ ਦੇਰ ਬਾਅਦ, ਫੇਰ ਆਏ ਕਹਿਣ ਲੱਗੇ, ਓ ਲੜਕੇ! ਖ਼ੁਦਾ ਕੇ ਹੁਕਮ ਸੇ ਜਿਉਂਦਾ ਹੋ ਜਾ।

ਫੇਰ ਨਾ ਹੋਇਆ।

ਤੀਸਰੀ ਵਾਰੀ ਆਏ, ਫੇਰ ਕਿਹਾ, ਫੇਰ ਨਾ ਹੋਇਆ।

ਕਹਿੰਦੇ, ਲੈ ਬਈ, ਇਹ ਖ਼ੁਦਾ ਦਾ ਹੁਕਮ ਤਾਂ ਮੰਨਦਾ ਨਹੀਂ, ਹੁਣ ਫੱਕਰਾਂ ਨੇ ਹੁਕਮ ਦੇਣੈ।

ਕਹਿੰਦੇ, ਓ ਲੜਕੇ! ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਸੇ ਵੇਲੇ ਲੜਕਾ ਉਠ ਕੇ ਬਹਿ ਗਿਆ। ਬੜੀਆਂ ਖੁਸ਼ੀਆਂ ਹੋਈਆਂ, ਸਭ ਛੱਡ ਦਿਤੇ।

ਜਦੋਂ ਘਰੀਂ ਗਏ, ਪੜ੍ਹਨ ਲੱਗੇ ਕੁਰਾਨ ਸ਼ਰੀਫ ਕਹਿੰਦੇ, ਉਹ ਤਾਂ ਰੱਬ ਦਾ ਸ਼ਰੀਕ ਬਣ ਗਿਆ। ਬੜਾ ਮਾੜਾ ਕੰਮ ਹੋਇਆ, ਸ਼ਰ੍ਹਾ ਤੋਂ ਉਲਟ ਕਰ ਦਿਤੀ ਉਹਨੇ ਤਾਂ ਗੱਲ। ਇਕ ਦਿਨ, ਦੋ ਦਿਨ, ਪੰਜ ਸੱਤ ਦਿਨ ਤੋਂ ਬਾਅਦ ਭੁੱਲ ਗਏ ਉਹਦੀ ਨੇਕੀ, ਮੁਕਦਮਾ ਦਾਇਰ ਕਰ ਦਿਤਾ, ਕਾਜ਼ੀ ਕੋਲ। ਕਾਜ਼ੀ ਕਹਿੰਦਾ, ਛੁਡਾਇਐ ਇਹਨੇ ਸਭ ਨੂੰ।

ਕਹਿੰਦੇ, ਕਾਨੂੰਨ ਦੇਖ ਕੀ ਹੈ? ਕਹਿੰਦੇ, ਕਾਨੂੰਨ ਤਾ ਇਹ ਕਹਿੰਦੈ ਕਿ ਇਹਦੀ ਜਿਉਂਦੇ ਦੀ ਖੱਲ੍ਹ ਲਾਹ ਦਿਓ। ਫੜ ਲਿਆਂਦਾ। ਕਹਿੰਦਾ, ਮੈਂ ਕਿਹਾ ਸੀ ਨਾ ਕਿ ਤੁਸੀਂ ਸਾਰੇ ਮੇਰੇ ਖਿਲਾਫ ਹੋ ਜਾਓਂਗੇ। ਤੁਸੀਂ ਫੱਕਰਾਂ ਦੀ ਰਮਜ਼ ਨਹੀਂ ਜਾਣਦੇ। ਸ਼ਰ੍ਹਾ ਦੇ ਸੰਗਲਾਂ ਦੇ ਵਿਚ ਕੈਦ ਓ, ਹਨ੍ਹੇਰੇ ਵਿਚ, ਕਰ ਲਓ ਜਿਹੜਾ ਕੁਛ ਕਰਨੈ। ਉਹ ਖਲ੍ਹ ਲਾਹੁੰਦੇ ਨੇ, ਲਹਿੰਦੀ ਹੀ ਨਹੀਂ। ਸਾਰਾ ਜ਼ੋਰ ਲਾ ਲਿਆ।

ਅਖੀਰ ਕਹਿਣ ਲੱਗੇ, ਕਿ ਤੁਹਾਨੂੰ ਇਹ ਚਮੜਾ ਹੀ ਚਾਹੀਦੈ, ਲਿਆ ਅਸੀਂਓ ਲਾਹ ਦਿੰਦੇ ਹਾਂ।

ਆਪਣੇ ਹੱਥ ਨਾਲ ਹੀ ਸਾਰੀ ਖੱਲ੍ਹ ਲਾਹ ਕੇ ਵਗਾਹ ਕੇ, ਕਾਜ਼ੀ ਦੇ ਮੱਥੇ 'ਚ ਮਾਰੀ, ਕਹਿੰਦੇ ਚੁੱਕ ਖੱਲ੍ਹ।

ਸੋ ਇਹ ਅਭੇਦ ਅਵਸਥਾ ਦੇ ਮਹਾਂਪੁਰਸ਼ਾਂ ਦੀ, ਚਾਹੇ ਉਹ ਹਿੰਦੂਆਂ 'ਚ, ਚਾਹੇ ਮੁਸਲਮਾਨਾਂ 'ਚ, ਚਾਹੇ ਸਿੱਖਾਂ 'ਚ, ਇਹਨਾਂ ਗੱਲਾਂ 'ਚ ਵਾਹਿਗੁਰੂ ਜੀ ਨਹੀਂ ਆਉਂਦੇ। ਜਾਤਾਂ-ਪਾਤਾਂ ਮਨੁੱਖ ਦੀ ਰਚਨਾ ਹੈ, ਵਾਹਿਗੁਰੂ ਪਿਆਰ ਦਾ ਬੰਨ੍ਹਿਆ ਹੋਇਐ –

***ਸਾਚੁ ਕਹੋਂ ਸੁਨ ਲੇਹੁੰ ਸਭੈ ਜਿਨ ਪ੍ਰੇਮ ਕੀਓ,***

***ਤਿਨ ਹੀ ਪ੍ਰਭ ਪਾਇਓ।***

ਸੋ ਮਹਾਰਾਜ ਕਹਿੰਦੇ, ਪਿਆਰਿਆ! ਮੈਂ ਸਿੱਖ ਦਾ ਬਚਨ ਨਹੀਂ ਬਦਲ ਸਕਦਾ –

***ਗੁਰਸਿੱਖਯਨ ਕੇ ਬਾਕ ਅਚਲ ਹੈਂ।***
***ਕਰੌਂ ਹਟਾਵਨਿ ਨਹਿਂ ਮਮ ਬਲ ਹੈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838***

ਸੱਚੇ ਪਾਤਸ਼ਾਹ! ਹੁਣ ਕ੍ਰਿਪਾ ਕਰੋ।

ਆਪ ਨੇ ਕਿਹਾ ਕਿ ਤੂੰ ਬਹੁਤ ਵੱਡੀ ਗਲਤੀ ਕਰੀ ਹੈ, ਤੂੰ ਸਿੱਖ ਦਾ ਨਿਰਾਦਰ ਕਰਿਆ ਹੈ।

ਕਹਿੰਦਾ, ਸੱਚੇ ਪਾਤਸ਼ਾਹ! ਹੁਣ ਤਾਂ ਮੇਰੀ ਹੋ ਗਈ ਭੁੱਲ, ਹੁਣ ਕ੍ਰਿਪਾ ਕਰੋ –

***ਕਹਤਿ ਭਏ ਤੈਂ ਨੀਕਨ ਠਾਨਯੋ।***
***ਸਿੱਖ ਅਤਿਥਿ ਕੋ ਛੁਧਿਤ ਨ ਜਾਨਯੋ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838***

ਕਹਿੰਦੇ, ਉਹਦੇ ਬਾਰੇ ਤੂੰ ਜਾਣਿਆ ਨਾ, ਭੁੱਖਾ ਸੀਗਾ ਉਹ, ਤੂੰ ਉਹਦਾ ਨਿਰਾਦਰ ਕਰਿਆ। ਇਹ ਗੱਲ ਤੂੰ ਚੰਗੀ ਨਹੀਂ ਕਰੀ। ਚੰਗਾ, ਤੂੰ ਹੁਣ ਇਸ ਤਰ੍ਹਾਂ ਕਰ, ਤੇਰਾ ਵੀ ਕੀਤਾ ਹੋਇਆ ਅਸੀਂ ਨਿਹਫਲ ਨਹੀਂ ਜਾਣ ਦਿੰਦੇ। ਸਿੱਖ ਦਾ ਵੀ ਬਚਨ ਨਹੀਂ ਬਦਲ ਸਕਦੇ। ਜਾਹ, ਅਸੀਂ ਬਚਨ ਕਰਦੇ ਹਾਂ ਕਿ ਇੱਟਾਂ ਤਾਂ ਤੇਰੀਆਂ ਕੱਚੀਆਂ ਹੀ ਰਹਿਣਗੀਆਂ। ਲੇਕਿਨ ਪੱਕੀਆਂ ਤੋਂ ਵੀ ਵੱਧ ਤੈਨੂੰ ਮੁਨਾਫਾ ਮਿਲੇਗਾ।

***ਧਾਰਨਾ – ਕੱਚੇ ਰਹਿਣਗੇ ਬੁੱਧੂ ਤੇਰੇ ਆਵੇ***
***ਪੱਕਿਆਂ ਦੇ ਭਾਅ ਵਿਕਣਗੇ।***

ਕਹਿਣ ਲੱਗੇ ਗੁਰੂ ਮਹਾਰਾਜ ਕਿ ਦੇਖ, ਤੇਰੀ ਸੇਵਾ ਕੀਤੀ ਹੋਈ ਵੀ ਅਸੀਂ ਨਿਹਫਲ ਨਹੀਂ ਜਾਣ ਦੇਣੀ, ਲੇਕਿਨ ਅੱਗੇ ਵਾਸਤੇ ਇਹੋ ਜਿਹਾ ਕੰਮ ਨਹੀਂ ਕਰਨਾ ਭੁੱਲ ਕੇ ਵੀ –

***ਸਿੱਖ ਬਚਨ ਕੋ ਜਾਨਹਿਂ ਮੀਠੇ।***
***ਸਨਮੁਖ ਮਿਲਹਿਂ, ਲਹਹਿਂ ਚਿਤ ਈਠੇ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838***

ਚੰਗਾ, ਤੇ ਹੁਣ ਇਸ ਤਰ੍ਹਾਂ ਦੇ ਨਾਲ –

***ਬਹੁਰਿ ਨ ਕਰਹੁ ਕਬਹੁ ਅਸ ਬਾਤਿ।***
***ਸਿੱਖ ਅਨਾਦਰ ਹੈ ਦੁਖਦਾਤਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838***

ਮੈਨੂੰ ਭਾਉਂਦਾ ਨਹੀਂ ਹੈ ਸਿੱਖ ਦਾ ਅਨਾਦਰ ਕੀਤਾ ਹੋਇਆ –

*ਕਾਚੀ ਈਂਟ ਪਚਾਵੇ ਜੋਇ।*
*ਬਿਕਹਿਂ ਮੋਲ ਪਾਕੀ ਕੋ ਸੋਇ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838*

*ਸਿਖ ਕੋ ਬਾਕ ਨ ਗੁਰੂ ਮਿਟਾਯੋ।*
*ਅਪਨੋ ਕਹਯੋ ਪ੍ਰਥਮ ਨਿਫਲਾਯੋ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1838*

ਸਿੱਖ ਨਾਲ ਐਨਾ ਵਾਕ ਕਿ ਉਹਦਾ ਵਾਕ ਨਹੀਂ ਨਿਹਫਲ ਕਰਿਆ, ਇਹ ਨਹੀਂ ਕਿ ਗੁਰੂ ਮਹਾਰਾਜ 'ਚ ਤਾਕਤ ਨਹੀਂ ਸੀ। ਜਦੋਂ ਤੋਂ ਸੰਸਾਰ ਬਣਿਐ, ਭਗਤਾਂ ਦੀ ਕਦੇ ਵੀ ਕੀਤੀ ਹੋਈ ਪ੍ਰਮੇਸ਼ਰ ਨੇ ਮੋੜੀ ਨਹੀਂ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓ*
*ਇ ਰਾਮ ਨਾਮ ਰੰਗਿ ਰਾਤੇ ॥* *ਅੰਗ- 748*

ਜਿਹੜੇ ਰੰਗ ਦੇ ਵਿਚ ਰੱਤੇ ਹੋਏ ਨੇ ਪ੍ਰਮੇਸ਼ਰ ਦੇ ਨਾਮ ਦੇ, ਉਹ ਜੋ ਕੁਛ ਕਰ ਦੇਣ ਉਹ ਮੰਨਣਾ ਹੀ ਪੈਂਦੈ।

ਮਹਾਰਾਜਾ ਰਣਜੀਤ ਸਿੰਘ ਫੌਜ ਲੈ ਕੇ ਜਾ ਰਿਹੈ। ਖਬਰ ਆ ਗਈ। ਸਰਦਾਰ ਮਹਾਂ ਸਿੰਘ ਨੇ ਚਿੱਠੀ ਲਿਖੀ ਕਿ ਹਰੀ ਸਿੰਘ ਨਲੂਆ ਸ਼ਹੀਦ ਹੋ ਗਿਆ ਤੇ ਜੇ ਪਤਾ ਲੱਗ ਗਿਆ ਤਾਂ ਇਹ ਲੋਕ, ਲਾਹੌਰ ਤੋਂ ਉਰ੍ਹੇ ਨਹੀਂ ਖੜ੍ਹਨਗੇ, ਬਹੁਤ ਮੁਲਖਈਆ ਇਕੱਠਾ ਹੋਇਆ-ਹੋਇਆ ਹੈ। ਉਸ ਵੇਲੇ ਫੌਜਾਂ ਲੈ ਕੇ ਜਿਸ ਵਕਤ ਆਪ ਜਾ ਰਹੇ ਨੇ ਤਾਂ ਅਟਕ ਚੜ੍ਹਿਆ ਹੋਇਐ।

ਬਾਬਾ ਬੀਰ ਸਿੰਘ ਜੀ ਨਾਲ ਸੀ, ਕਹਿਣ ਲੱਗੇ, ਬਾਬਾ ਜੀ! ਇਸ ਵੇਲੇ ਪਰਉਪਕਾਰ ਦਾ ਕੰਮ ਹੈ ਤੇ ਪੰਜਾਬ ਦੀ ਇੱਜ਼ਤ ਦਾ ਸਵਾਲ ਹੈ। ਇਹ ਕਬਾਇਲੀਆਂ ਨੇ ਲੁੱਟ ਲੈਣੈ। ਇੱਜ਼ਤ ਪੰਜਾਬ ਦੀ ਰੋਲ ਦੇਣੀ ਹੈ ਮਿੱਟੀ ਦੇ ਅੰਦਰ। ਬੱਚੀਆਂ ਨੂੰ ਫੜ ਲੈਣੈ, ਗੁਲਾਮ ਫੜ ਲੈਣੇ ਨੇ ਨੌਜਵਾਨ ਤੇ ਟਕੇ-ਟਕੇ ਨੂੰ ਵਿਕਣੇ ਨੇ ਇਨ੍ਹਾਂ ਦੇ ਦੇਸ਼ ਆ ਕੇ, ਕ੍ਰਿਪਾ ਕਰੋ ਇਸ ਵੇਲੇ।

ਉਸ ਵੇਲੇ ਬਾਬਾ ਜੀ, ਦਰਿਆ ਦੇ ਕੰਢੇ ਹੋ ਕੇ ਕਹਿਣ ਲੱਗੇ, ਦੇਖ ਬਈ, ਅਸੀਂ ਸੁਖਮਨੀ ਸਾਹਿਬ ਪੜ੍ਹਨੈ, ਓਨੀਂ ਦੇਰ ਤੱਕ ਤੂੰ ਆਪਣਾ ਵਹਿਣ ਰੋਕ ਦੇ। ਹਾਥੀ 'ਤੇ ਚੜ੍ਹੇ ਹੋਏ ਨੇ, ਵਿਚ ਚਲੇ ਗਏ ਤੇ ਜਾ ਕੇ ਵਿਚਾਲੇ ਖੜ੍ਹ ਕੇ ਸੁਖਮਨੀ ਸਾਹਿਬ ਪੜ੍ਹਨ ਲਗ ਗਏ। ਮਹਾਰਾਜੇ ਨੂੰ ਕਿਹਾ ਕਿ ਤੁਸੀਂ ਫੌਜਾਂ ਲੰਘਾ ਲਓ ਫਟਾਫਟ। ਫੌਜਾਂ ਲੰਘਣੀਆਂ ਸ਼ੁਰੂ ਹੋ ਗਈਆਂ। ਇਕ ਕੰਪਨੀ ਨਾਸਤਕ ਸੀ ਉਨ੍ਹਾਂ ਵਿਚ, ਕਹਿਣ ਲੱਗੇ ਪਾਣੀ ਵੀ ਕਦੇ ਬਾਬੇ ਦੇ ਕਹੇ 'ਤੇ ਉਤਰਦੈ। ਆਪੇ ਹੀ ਉਤਰਿਐ ਤੇ ਸਨਮਾਨ ਲੈ ਰਿਹੈ ਬਾਬਾ। ਜਦੋਂ ਬਾਬਾ ਬਾਹਰ ਨਿਕਲ ਜਾਊ ਫੇਰ ਵੜ੍ਹਾਂਗੇ ਇਹਦੇ ਵਿਚ। ਉਧਰੋਂ ਬਾਰ-ਬਾਰ ਸੁਨੇਹਾ ਆਉਂਦੈ ਕਿ ਛੇਤੀ ਕਰੋ। ਐਨੇ ਨੂੰ ਇਕ

ਅਸਟਪਦੀ ਰਹਿ ਗਈ ਬਾਬਾ ਜੀ ਨੇ ਝੰਡੀ ਖੜ੍ਹੀ ਕਰੀ ਤੇ ਇਸ਼ਾਰਾ ਕਰਿਆ ਕਿ ਨਿਕਲ ਆਓ ਬਾਹਰ, ਦਰਿਆ ਨੇ ਆ ਜਾਣੈ। ਉਸ ਵੇਲੇ ਇਹ ਕੰਪਨੀ ਦਰਿਆ 'ਚ ਦਾਖਲ ਹੁੰਦੀ ਹੈ, ਬਾਬਾ ਜੀ ਪਰ੍ਹੇ ਨੂੰ ਤੁਰ ਪਏ ਤੇ ਜਦੋਂ ਬਾਬਾ ਜੀ ਬਰੇਤੀ 'ਤੇ ਉਚੇ ਥਾਂ ਚਲੇ ਗਏ, ਉਧਰੋਂ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪੈ ਗਿਆ ਤੇ ਉਧਰੋਂ ਕੰਢਿਆਂ ਦੇ ਉਪਰ ਦੀ ਹੋ ਕੇ ਅਟਕ ਵਗਣ ਲਗ ਗਿਆ। 80 ਬੰਦ ਰੁੜ੍ਹ ਗਏ। ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ, ਬਾਬਾ ਜੀ! ਇਕ ਕੰਪਨੀ ਰੁੜ੍ਹ ਗਈ।

ਬਾਬਾ ਜੀ ਨੇ ਕਿਹਾ, ਭਾਈ ਨਾਸਤਕ ਸੀਗੀ। ਹੱਸ ਕੇ ਕਹਿਣ ਲੱਗੇ, ਖਵਾਜਾ ਖਿਜਰ ਨੇ ਬਲੀ ਵੀ ਲੈਣੀ ਸੀ।

ਹੁਣ ਗੁਰੂ ਮਹਾਰਾਜ ਜੀ ਕਹਿ ਰਹੇ ਨੇ - ***'ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥'*** ਦਰਿਆ ਵੀ ਰੁਕਦੇ ਹੁੰਦੇ ਨੇ ਕਦੇ। ਵਿਗਿਆਨੀਆਂ ਨੂੰ ਪੁਛ ਲਓ, ਇੰਜਨੀਅਰਾਂ ਨੂੰ ਪੁੱਛ ਲਓ ਕਿ ਦਰਿਆ ਕਿਵੇਂ ਰੁਕ ਗਿਆ, ਐਨਾ ਪਾਣੀ ਦਾ ਵਹਾਅ ਆ ਰਿਹਾ ਹੈ। ਉਹ ਕਿਸ ਤਰ੍ਹਾਂ ਲਹਿ ਗਿਆ? ਉਹ ਜਿਥੇ ਤਕ ਪਾਣੀ ਸੀ ਸਾਰਾ ਜਾਮ ਹੋ ਗਿਆ, ਖੜ੍ਹ ਗਿਆ, ਹੁਕਮ ਮੰਨ ਲਿਆ।

ਮੂਸਾ ਜੀ ਜਦੋਂ ਮਿਸਰ ਤੋਂ ਇਸਾਈ ਕੌਮ ਨੂੰ ਲੈ ਕੇ ਜਾਂਦੇ ਨੇ ਤਾਂ ਉਥੋਂ ਦਾ ਬਾਦਸ਼ਾਹ ਫਾਰੂਨ 3300 ਸਾਲ ਦੀ ਗੱਲ ਹੈ ਇਹ, ਉਥੇ ਰਾਤ ਪਾ ਦਿਤੀ ਪ੍ਰਮੇਸ਼ਰ ਨੇ, ਅਕਾਸ਼ ਬਾਣੀ ਹੋਈ ਕਿ ਨਿਕਲ ਜਾਓ ਤੁਸੀਂ। ਉਹ ਸਾਰੇ ਨਿਕਲ ਆਏ ਤੇ ਜਿਸ ਵਕਤ ਅੱਗੇ ਸਮੁੰਦਰ ਦੇ ਕੰਢੇ ਜਾਂਦੇ ਨੇ, Red sea ਜਿਸਨੂੰ ਆਖਦੇ ਨੇ। ਉਸ ਥਾਂ ਉਤੇ ਪਿੱਛੋਂ ਪਤਾ ਲੱਗਿਆ ਕਿ ਫੌਜਾਂ ਚੜ੍ਹੀਆਂ ਆ ਰਹੀਆਂ ਨੇ, ਘੋੜ ਸਵਾਰ ਨੇ ਆ ਕੇ ਦੱਸਿਆ ਕਿ ਫ਼ਿਕਰ ਕਰੋ, ਫੌਜਾਂ ਤਾਂ ਬਹੁਤ ਨੇੜੇ ਆ ਗਈਆਂ। ਮੂਸਾ ਜੀ ਨੇ ਪ੍ਰਾਥਨਾ ਕਰੀ ਕਿ ਹੇ ਅੱਲਾਹ ਤਾਲਾ! ਤੂੰ ਸਾਨੂੰ ਕੱਢਿਆ ਵੀ ਉਥੋਂ, ਤੇ ਅਸੀਂ ਤਾਂ ਇੱਥੇ ਮਰ ਜਾਵਾਂਗੇ। ਆਵਾਜ਼ ਆਈ ਕਿ ਸਮੁੰਦਰ ਦੇ ਡੰਡਾ ਮਾਰ ਕੇ ਰਾਹ ਲੈ ਲਓ। ਉਸ ਨੇ ਡੰਡਾ ਮਾਰਿਆ, ਸਮੁੰਦਰ ਨੂੰ ਕਿਹਾ, ਰਾਹ ਦੇ-ਦੇ। ਜਿੰਨੇ ਵੀ ਯਹੂਦੀ ਸੀ ਸਾਰਿਆਂ ਨੂੰ ਪਰਲੇ ਪਾਸੇ ਕੱਢ ਲਿਆ ਤੇ ਰਸਤਾ ਖੁਲ੍ਹਾ ਹੈ ਤੇ ਫਾਰੂਨ ਦੀਆਂ ਫੌਜਾਂ ਸਾਰੀਆਂ ਹੀ ਵਿਚ ਵੜ ਗਈਆਂ, ਜਿਸ ਵਕਤ ਸਮੁੰਦਰ ਦੇ ਵਿਚ ਗਈਆਂ ਪਾਣੀ ਨਾਲ ਪਾਣੀ ਮਿਲ ਗਿਆ। ਉਸ ਦਿਨ ਤੋਂ ਉਹਦਾ ਨਾਉਂ red sea ਪੈ ਗਿਆ, ਲਾਲ ਸਾਗਰ ਕਹਿੰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਸੇਵਾ ਕੀਤੀ ਉਸ ਨੇ, ਸੇਵਾ ਥਾਂ ਪਈ, ਲੇਕਿਨ ਸੇਵਾ ਦੇ ਵਿਚ ਭੰਗਣਾ ਦਾ ਮੈਂ ਜ਼ਿਕਰ ਕਰਿਐ ਕਿ ਅਸੀਂ ਸੇਵਾ ਕਰਕੇ ਭੰਗਣਾ ਪਾ ਲੈਨੇ ਆਂ। ਫੇਰ ਕਹਿੰਦੇ ਹਾਂ ਕਿ ਸਾਡਾ ਜੀ, ਕੰਮ ਨਹੀਂ ਬਣਿਆ। ਮਹਾਰਾਜ ਕਹਿੰਦੇ ਨੇ ਕਿ -

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥*

*ਅੰਗ - 1384*

ਜੇ ਤੂੰ ਸੇਵਾ ਦਾ ਫਲ ਲੈਣੈ ਤਾਂ ਕਿਸੇ ਦਾ ਦਿਲ ਨਾ ਤੋੜੀਂ। ਸਾਰਿਆਂ ਨਾਲ ਮਿੱਠਾ ਬੋਲ, ਗੁਰਸਿੱਖੀ ਧਾਰਨ ਕਰ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਉਹਦੇ ਮੁਤਾਬਿਕ ਆਪਣਾ ਜੀਵਨ ਬਤੀਤ ਕਰੋ। ਸੋ ਇਸ ਤਰ੍ਹਾਂ ਦੇ ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦੈ, ਸੇਵਾ ਕਰਨ ਦੇ ਨਾਲ ਇਥੇ ਵੀ ਸਭ ਕੁਛ ਪ੍ਰਾਪਤ ਹੁੰਦੈ-

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*

*ਅੰਗ- 314*

ਸਾਰੇ ਪਾਪਾਂ ਦਾ ਨਾਸ਼ ਹੋ ਜਾਂਦੈ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- 26*

ਜਿਹਨੇ ਵੀ ਦੁਨੀਆਂ ਵਿਚ ਸੇਵਾ ਕਰੀ ਹੈ, ਉਹਦਾ ਦਰਗਾਹ ਵਿਚ ਨਾਲ ਦੀ ਨਾਲ ਬਣਨਾ ਸ਼ੁਰੂ ਹੋ ਜਾਂਦੈ। ਕਿਉਂਕਿ ਪ੍ਰਮੇਸ਼ਰ ਦੁਨੀਆਂ 'ਚ ਵਸਦੈ, ਉਹਦੀ ਸੇਵਾ ਕਰਦੇ ਹਾਂ, ਗੁਰੂ ਦੀ ਸੇਵਾ ਕਰਦੇ ਹਾਂ। ਵਾਹਿਗੁਰੂ ਦੀ ਸੇਵਾ ਕਰਦੇ ਹਾਂ, ਸੰਸਾਰ ਦੀ ਸੇਵਾ ਕਰਦੇ ਹਾਂ। ਸੇਵਾ ਕੋਈ ਕਰ ਲਓ, ਸੇਵਾ ਥਾਂ ਪੈਂਦੀ ਹੈ, ਫਲ ਦਿੰਦੀ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰੂਹਾਨੀਅਤ ਦੀਰਘ ਪੁਰਸ਼, ਰਤਵਾੜਾ ਸਾਹਿਬ
ਮਾਤ ਲੋਕ ਜਾਣਾ
(17.06.1918 ਤੋਂ 31 ਅਕਤੂਬਰ 2001)

'ਅੰਮ੍ਰਿਤ ਦੇ ਛਿੱਟੇ' ਪੁਸਤਕ ਬਣ ਕੇ ਤਿਆਰ ਹੋਈ ਹੈ। ਜਿਸ ਵਿੱਚ ਨਿਰਾ ਅੰਮ੍ਰਿਤ ਹੀ ਅੰਮ੍ਰਿਤ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਨੇਤਰਾਂ ਵਿਚੋਂ, ਉਨ੍ਹਾਂ ਦੇ ਮੁੱਖ ਵਿਚੋਂ, ਉਨ੍ਹਾਂ ਦੇ ਹੱਥ ਦੀ ਹਥੇਲੀ ਵਿਚੋਂ ਉਨ੍ਹਾਂ ਦੇ ਚਰਨਾਂ ਦੀ ਤਲੀ ਵਿਚੋਂ ਅੰਮ੍ਰਿਤ ਝਰਦਾ ਹੈ। ਸੰਤ ਮਹਾਰਾਜ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਅਤੇ ਮੁੱਖ ਤੋਂ ਜੋ ਅੰਮ੍ਰਿਤ ਰੂਪ ਪ੍ਰਵਚਨ ਆਏ ਉਹ ਕਲਯੁਗੀ ਜੀਵਾਂ ਦੇ ਉਧਾਰ ਵਾਸਤੇ ਆਏ ਹਨ। ਜਿਹੜਾ ਵੀ ਜਗਿਆਸੂ ਇਸ ਪੁਸਤਕ 'ਅੰਮ੍ਰਿਤ ਦੇ ਛਿੱਟੇ' ਨੂੰ ਪੜ੍ਹੇਗਾ ਉਸ ਦਾ ਉਧਾਰ ਹੋਣਾ ਸੁਨਿਸ਼ਚਿਤ ਹੈ। ਮਹਾਂਪੁਰਖਾਂ ਨੇ ਆਪਣੇ ਡੂੰਘੇ ਅਨੁਭਵ ਵਿਚੋਂ ਇਤਿਹਾਸ ਦੀ ਪੜਚੋਲ ਕਰਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਾਈਟ ਵਿਚ, ਗੁਰਮਤਿ ਦੇ ਦਾਇਰੇ ਵਿਚ ਰਹਿ ਕੇ ਇਹ ਅੰਮ੍ਰਿਤ ਰੂਪੀ ਪ੍ਰਵਚਨ ਬਖਸ਼ਿਸ਼ ਕੀਤੇ ਹਨ। ਜਦੋਂ ਵੀ ਆਪ ਜੀ ਦੀਵਾਨ ਲਗਾਉਂਦੇ ਇਕ ਵਾਰ ਆਪਣੇ ਪਵਿੱਤਰ ਹੱਥਾਂ ਦੀਆਂ ਉਂਗਲਾਂ ਹਾਰਮੋਨੀਅਮ ਦੀਆਂ ਸੁਰਾਂ ਤੇ ਰੱਖਦੇ ਇਕ ਦਮ ਸਮਾਧੀ ਦੇ ਅੰਦਰ ਕਿਸੇ ਅਕਿਹ ਆਤਮਿਕ ਸ਼ਕਤੀ ਨਾਲ ਜੁੜ ਜਾਂਦੇ ਫੇਰ ਨਾਂ ਤਾਂ ਸਰੋਤੇ 3-3 4-4 ਘੰਟੇ ਅੱਖ ਝਪਕਦੇ ਨਾ ਆਪ ਜੀ, ਨੇਤਰ ਬੰਦ ਕਰਕੇ ਆਪਣੇ ਹਿਰਦੇ ਦੇ ਡੂੰਘੇ ਅੰਮ੍ਰਿਤ ਸਰੋਵਰ ਵਿਚੋਂ ਲਗਾਤਾਰ ਕਿਸੇ ਝਰਨੇ ਦੀ ਤਰ੍ਹਾਂ ਪ੍ਰਵਚਨ ਚਲਦੇ ਰਹਿੰਦੇ। ਉਹ ਪ੍ਰਵਚਨ ਆਪ ਜੀ ਨੇ 1980-82 ਤੋਂ ਆਪਣੀ ਦੇਖ-ਰੇਖ ਅੰਦਰ ਰਿਕਾਰਡ ਕਰਵਾ ਦਿੱਤੇ। ਜਿਹੜੇ ਅੱਜ ਇਲੈਕਟ੍ਰੋਨਿਕਸ ਮੀਡੀਏ ਦੇ ਯੁਗ ਅੰਦਰ ਪੂਰੇ ਸੰਸਾਰ ਵਿੱਚ ਬੈਠੇ ਜਗਿਆਸੂਆਂ ਤੱਕ ਪਹੁੰਚ ਰਹੇ ਹਨ। ਆਪ ਜੀ ਵਲੋਂ ਰੂਹਾਨੀ ਪਤ੍ਰਿਕਾ ਪ੍ਰਕਾਸ਼ਿਤ 'ਆਤਮ ਮਾਰਗ' ਆਪਣਾ ਰੂਹਾਨੀ ਸਫਰ ਤਹਿ ਕਰਦਾ ਹੋਇਆ 28 ਸਾਲ ਪੂਰੇ ਕਰ ਚੁੱਕਾ ਹੈ। ਜਿਸ ਵਿੱਚ ਨਿਰੰਤਰ ਰੂਹਾਨੀ ਸੂਝ ਨਾਲ ਭਰਪੂਰ ਸੁਲਝੇ ਹੋਏ ਮਹਾਂਪੁਰਖਾਂ ਦੇ ਪ੍ਰਵਚਨ ਛਪ ਕੇ ਪੂਰੇ ਸੰਸਾਰ ਅੰਦਰ ਨਿਰੰਤਰ ਪਹੁੰਚ ਰਹੇ ਹਨ। ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਅੰਦਰ ਜਿਹੜੇ ਪ੍ਰਵਚਨ ਮਹਾਂਪੁਰਖ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਹੁੰਦੇ ਹਨ। ਉਨ੍ਹਾਂ ਦੀ ਪੁਸਤਕ ਤਿਆਰ ਕਰਕੇ ਜਗਿਆਸੂਆਂ ਤੱਕ ਪਹੁੰਚਾ ਦਿੱਤੀ ਜਾਂਦੀ ਹੈ। ਇਹ ਪੁਸਤਕ 'ਅੰਮ੍ਰਿਤ ਦੇ ਛਿੱਟੇ' ਬਣ ਕੇ ਤਿਆਰ ਹੋ ਚੁਕੀ ਹੈ ਜਿਸ ਦੇ ਹਰ ਲੇਖ ਨੂੰ ਗਹੁ ਨਾਲ ਪੜ੍ਹ ਕੇ ਉਸ ਦਾ ਤੱਤ ਨਿਚੋੜ ਹੇਠ ਲਿਖੇ ਪਹਿਰਿਆਂ ਦੇ ਅੰਦਰ ਅੰਕਿਤ ਕਰਨ ਦੀ ਕੋਸ਼ਿਸ਼ ਦਾਸ ਵਲੋਂ ਕੀਤੀ ਹੈ ਤਾਂ ਜੋ ਦੋ ਸ਼ਬਦ ਪੜ੍ਹਨ ਵਾਲੇ ਜਗਿਆਸੂ ਨੂੰ ਥੋੜਾ ਸਮਝ ਆ ਸਕੇ ਕਿ ਇਸ ਪੁਸਤਕ ਦੇ ਸਾਰੇ ਲੇਖਾਂ ਦੇ ਅੰਦਰ ਮਹਾਂਪੁਰਖਾਂ ਨੇ ਕਿਹੜੇ ਗੁਰਮਤਿ ਦੇ ਸਿਧਾਂਤ ਦਰਸਾਏ ਹਨ।

ਗੁਰਿੰਦਰ ਸਿੰਘ, ਸੇਵਾਦਾਰ 'ਆਤਮ ਮਾਰਗ'